सत्यार्थप्रकाश दा पंजाबीअनुवाद

ਓ੩ਮ੍

# ਸਤਜਾਰਥਪ੍ਰਕਾਸ਼

ਕ੍ਰਿਤ

## ਮਹਾਂ ਰਿਖੀ ਸ੍ਵਾਮੀ ਦਯਾਨੰਦ ਸਰਸ੍ਵਤੀ ਜੀ ਮਹਾਂਰਾਜ

ਜਿਸਦਾ

# ਪੰਜਾਬੀਅਨੁਵਾਦ

ਸ਼੍ਰੀਮਾਨ ਲਾਲਾਆਤਮਾ ਰਾਮ ਜੀ
ਪੂਰਬ ਮੰਤ੍ਰੀ ਤਥਾ ਉਪਦੇਸ਼ਕ
ਸ਼੍ਰੀ ਮਤੀ ਆਰਯਾ ਪ੍ਰਤੀ ਨਿਧੀ ਸਭਾ ਪੰਜਾਬ
ਨੇ ਤਿਆਰ ਕੀਤਾ

ਵਜ਼ੀਰਹਿੰਦ ਪ੍ਰੇਸ ਅੰਮ੍ਰਿਤਸਰ ਵਿਚ
ਜਗਨਨਾਥ ਪ੍ਰਿੰਟਰ ਦੇ ਯਤਨ ਨਾਲ ਛਪਿਆ।

ਸੰਮਤ ੧੯੯੬ ਬਿਕ੍ਰਮੀ

੨੦੦੦ ਕਾਪੀ ਮੁੱਲ ੨)

सत्यार्थप्रकाश दा पंजाबीअनुवाद

ਓ੩ਮ੍

# ਸਤਯਾਰਥਪ੍ਰਕਾਸ਼

ਕ੍ਰਿਤ

## ਮਹਾਂ ਰਿਖੀ ਸ੍ਵਾਮੀ ਦਯਾਨੰਦ ਸਰਸ੍ਵਤੀ ਜੀ ਮਹਾਂਰਾਜ

ਜਿਸਦਾ

# ਪੰਜਾਬੀ ਅਨੁਵਾਦ


ਸ਼੍ਰੀਮਾਨ ਲਾਲਾ ਆਤਮਾ ਰਾਮ ਜੀ
ਪੂਰਬ ਮੰਤ੍ਰੀ ਤਥਾ ਉਪਦੇਸ਼ਕ
ਸ਼੍ਰੀ ਮਤੀ ਆਰਯਾ ਪ੍ਰਤੀ ਨਿਧੀ ਸਭਾ ਪੰਜਾਬ
ਨੇ ਤਿਆਰ ਕੀਤਾ



ਵਜ਼ੀਰਹਿੰਦ ਪ੍ਰੈਸ ਅੰਮ੍ਰਿਤਸਰ ਵਿਚ
ਜਗਨਨਾਥ ਪ੍ਰਿੰਟਰ ਦੇ ਯਤਨ ਨਾਲ ਛਪਿਆ।
ਸੰਮਤ ੧੯੫੬ ਬਿਕ੍ਰਮੀ

੨੦੦੦ ਕਾਪੀ ਰਜਿਸ਼ਟਰੀ ਕਰਾਈ ਗਈ ਮੂਲ ੩) ਰੁਪੱਯੇ

ਓ੩ਮ

# ਆਰਯ ਸਮਾਜ ਦੇ ਦਸ ਨਿਯੱਮ ॥

੧—ਸਭ ਸਤ ਵਿਦਿਆ ਅਰ ਵਿਦਿਆ ਥੀਂ ਜੋ ਪਦਾਰਥ ਜਾਣੇ ਜਾਂਦੇ ਹਨ ਉਨ੍ਹਾਂ ਸਭਨਾ ਦਾ ਅ ਦੀ ਮੂਲ ਪਰਮੇਸ਼੍ਵਰ ਹੈ।

੨—ਪਰਮੇਸ਼੍ਵਰ ਸੱਚਿਦਾ ਨੰਦ ਸਰੂਪ, ਨਿਰਾਕਾਰ, ਸਰਬ ਸ਼ਕਤੀਮਾਨ, ਨਿਆਕਾਰੀ ਦਇਆਲੂ, ਅਜਨਮਾ, ਅਨੰਤ, ਨਿਰਬਿਕਾਰ, ਅਨਾਦੀ, ਅਨੂਪਮ, ਸਰਬਾਧਾਰ, ਸਰਬ ਈਸ਼੍ਵਰਜ, ਸਰਬ ਬਿਆਪਕ, ਸਰਬ ਅੰਤ੍ਰਜਾਮੀ, ਅਜਰ, ਅਮਰ, ਅਭੈ, ਨਿਤ, ਪਵਿਤ੍ਰ, ਅਰ ਸ੍ਰਿਸ਼ਟੀ ਦਾ ਕਰਤਾ ਹੈ ਉਸੇ ਦੀ ਉਪਾਸਨਾ ਕਰਨੀ ਜੋਗ ਹੈ ॥

੩—ਵੇਦ ਸਭ ਵਿਦਿਆਂ ਦਾ ਪੁਸਤਕ ਹੈ, ਵੇਦ ਦਾ ਪੜ੍ਹਨਾ, ਪੜ੍ਹਾਨਾ ਅਰ ਸੁਣਨਾ, ਸੁਣਾਨਾ, ਸਭ ਆਰਯਾਂ ਦਾ ਪਰਮ ਧਰਮ ਹੈ ॥

੪—ਸਚ ਦ ਗ੍ਰਹਣ ਕਰਨੇ ਅਰ ਝੂਠ ਦੇ ਤਿਆਗਨ ਵਿਚ ਸਦਾ ਤਿਆਰ ਰਹਣਾ ਚਾਹੀਏ ॥

੫—ਸਭ ਕੰਮ ਧਰਮ ਦੇ ਅਨੁਸਾਰ ਅਰਥਾਤ ਸਚ ਅਰ ਝੂਠ ਨੂੰ ਬਿਚਾਰ ਕਰਕੇ ਕਰਨੇ ਚਾਹੀਦੇ ਹਨ ॥

੬—ਸੰਸਾਰ ਦਾ ਉਪਕਾਰ ਕਰਨਾ ਏਸ ਸਮਾਜ ਦਾ ਮੁਖ ਉੱਦੇਸ ਹੈ ਅਰਥਾਤ ਸ਼ਰੀਰ, ਆਤਮਾ ਅਤੇ ਸਮਾਜ ਸਬੰਧੀ ਉਨੱਤੀ ਕਰਨਾ ॥

੭—ਸਭ ਨਾਲ ਪ੍ਰੇਮ ਪੂਰਬਕ ਧਰਮ ਦੇ ਅਨੁਸਾਰ ਜਥਾ ਜੋਗ ਵਰਤਣਾ ਚਾਹੀਏ ॥

੮—ਅਵਿਦਿਆ ਦਾ ਨਾਸ਼ ਅਰ ਅਰ ਵਿਦਿਆ ਦੀ ਬ੍ਰਿਧੀ ਕਰਨੀ ਚਾਹੀਏ॥

੯—ਪ੍ਰਤਜੇਕ ਮਨੁੱਖ ਨੂੰ ਅਪਣੀ ਹੀ ਉੱਨਤੀ ਵਿਚ ਸੰਤੋਖ਼ੀ ਨਾ ਰਹਣਾ ਚਾਹੀਏ ਕਿੰਤੂ ਸਭ ਦੀ ਉਨੱਤੀ ਵਿਚ ਅਪਣੀ ਉਨੱਤੀ ਸਮਝਣੀ ਚਾਹੀਏ॥

—ਸਭ ਮਨੁੱਖਾਂ ਨੂੰ ਸਰਬਥਾ ਵਿਰੋਧ ਛਡਕ ਸਮਾਜ ਸਬੰਧੀ ਸਰਬ ਹਿਤਕਾਰੀ ਨਿਯੱਮ ਪਾਲਣ ਵਿਚ ਪਰਤੰਤ੍ਰ ਰਹਿਣਾ ਚਾਹੀਏ। ਅਰ ਨਿਜ ਸਬੰਧੀ ਨਿਯੱਮ ਪਾਲਣ ਵਿਚ ਸਭ ਸ੍ਵਤੰਤ੍ਰ ਰਹਿਨ ॥

—:—:○:—:—

ਚਨਾ) ਪੁਰਸ਼ ਇਸਤ੍ਰੀ ਸਭਨਾ ਦੇ ਵਾਸਤੇ ਇਹ ਨਿਯੱਮ ਇਕੋ ਜਿਹੇ ਹਨ ॥

| ਨੰਬ੍ਰ | ਸਤ੍ਯਾਰਥ ਪ੍ਰਕਾਸ਼ ਦਾ ਸੂਚੀ ਪਤ੍ਰ ਸਮੁਲਾਸ ਵਾਰ ॥ | ਪਤ੍ਰੇ ਥੀਂ | ਪਤ੍ਰੇ ਤਿਕ |
|---|---|---|---|
| ੧ | ਅਨੁਭੂਮਕਾ ਸ੍ਵਾਮੀ ਦਯਾਨੰਦ ਮਹਾਂਰਾਜ ਜੀ ਦੀ । | ੧ | ੮ |
| ੨ | ਪਹਿਲਾ ਸਮੁਲਾਸ ਈਸ਼੍ਵਰ ਦੇ ਨਾਮਾਂ ਦੀ ਵਿਆਖਿਆ ॥ | ੯ | ੩੪ |
| ੩ | ਦੂਜਾ ਸਮੁਲਾਸ ਸੰਤਾਨਾਂ ਦੀ ਸਿਖਿਆ ਦੇ ਵਿਸ਼ੇ ਵਿਚ | ੩੪ | ੪੯ |
| ੪ | ਤੀਜਾ ਸਮੁਲਾਸ ਬ੍ਰਹਮਚਰਜ, ਪੜ੍ਹਨੇ ਪੜ੍ਹਾਨੇ ਦੀ ਵਿਧੀ, ਸੱਚੇ ਝੂਠੇ ਗ੍ਰੰਥਾਂ ਦੇ ਨਾਮ ਅਰ ਪੜ੍ਹਨ ਦੇ ਪ੍ਰਕਾਰ ਦੇ ਵਿਸ਼ੇ ਵਿਚ ॥ | ੪੫ | ੯੦ |
| ੫ | ਚੌਥਾ ਸਮੁਲਾਸ ਵਿਆਹ ਅਰ ਗ੍ਰਹਸਥ ਆਸ਼੍ਰਮ ਦੇ ਵਿਹਾਰ ਦੇ ਵਿਸ਼ੇ ਵਿਚ ॥ | ੯੧ | ੧੪੬ |
| ੬ | ਪੰਜਵਾਂ ਸਮੁਲਾਸ ਬਾਨਪ੍ਰਸਥ ਅਰ ਸੰਨਿਆਸ ਆਸ਼੍ਰਮ ਦੇ ਵਿਸ਼ੇ ਵਿਚ ॥ | ੧੪੭ | ੧੬੮ |
| ੭ | ਛੀਵਾਂ ਸਮੁਲਾਸ ਰਾਜ ਧਰਮ ਦੇ ਵਿਸ਼ੇ ਵਿਚ ॥ | ੧੬੯ | ੨੦੭ |
| ੮ | ਸਤਵਾਂ ਸਮੁਲਾਸ ਵੇਦ, ਈਸ਼੍ਵਰ ਦੇ ਵਿਸ਼ੇ ਵਿਚ ॥ | ੨੦੮ | ੨੪੧ |
| ੯ | ਅਠਵਾਂ ਸਮੁਲਾਸ ਸ੍ਰਿਸ਼ਟੀ ਦੀ ਉਤਪੱਤੀ, ਇਸਥਿਤੀ ਅਰ ਪ੍ਰਲੈ ਦੇ ਵਿਸ਼ੇ ਵਿਚ ॥ | ੨੪੨ | ੨੭੮ |
| ੧੦ | ਨਾਵਾਂ ਸਮੁਲਾਸ ਵਿਦਿਆ, ਅਵਿਦਿਆ, ਬੰਧ, ਮੁਕਤੀ ਦੇ ਵਿਸ਼ੇ ਵਿਚ ॥ | ੨੭੯ | ੩੦੩ |
| ੧੧ | ਦਸਵਾਂ ਸਮੁਲਾਸ ਆਚਾਰ, ਅਨਾਚਾਰ ਅਤੇ ਭਖ, ਅਭਖ ਦੇ ਵਿਸ਼ੇ ਵਿਚ ॥ | ੩੦੪ | ੩੨੧ |
| ੧੨ | ਯਾਰੁਵਾਂ ਸਮੁਲਾਸ ਆਰਯਾਵਰਤ ਦੇ ਭਿੰਨ ੨ ਮੱਤਾਂ ਦੇ ਖੰਡਨ ਮੰਡਨ ਦੇ ਵਿਸ਼ੇ ਵਿਚ ॥ | ੩੨੨ | ੩੯੨ |
| ੧੩ | ਬਾਰੁਵਾਂ ਸਮੁਲਾਸ ਚਾਰਵਾਕ, ਬੁਧ, ਅਤੇ ਜੈਨ ਮਤ ਦੇ ਵਿਸ਼ੇ ਵਿਚ ॥ | ੪੯੩ | ੫੬੯ |
| ੧੪ | ਤੇਰੁਵਾਂ ਸਮੁਲਾਸ ਈਸਾਈ ਮਤ ਦੇ ਵਿਸ਼ੇ ਵਿਚ ॥ | ੫੭੦ | ੬੩੯ |
| ੧੫ | ਚੌਦਵਾਂ ਸਮੁਲਾਸ ਮੁਸਲਮਾਨਾਂ ਦੇ ਮਤ ਦੇ ਵਿਸ਼ੇ ਵਿਚ ॥ | ੬੪੦ | ੭੨੦ |
| ੧੬ | ਅੰਤ ਵਿਚ ਅਪਣਾ ਮੰਤਵ, ਅਮੰਤਵ ਅਰਥਾਤ ਸਨਾਤਨ ਵੈਦਕ ਧਰਮ ਦੀ ਵਿਆਖਿਆ ॥ | [illegible] | [illegible] |

ओ३म्

सच्चिदानन्देश्वरायनमोनमः॥

# ਓਮ ਸੱਚਿਦਾਨੰਦ ਈਸ਼੍ਵਰ ਨੂੰ ਬਾਰੰਬਾਰ ਨਮਸਕਾਰ ਹੈ ॥

## ( ਭੂਮਕਾ )

ਜਿਸ ਵੇਲੇ ਮੈਂਨੇ ਏਹ ਗ੍ਰੰਥ "ਸਤ੍ਯਾਰਥ ਪ੍ਰਕਾਸ਼" ਬਣਾਇਆ ਸੀ ਓਸ ਵੇਲੇ ਅਰ ਓਸ ਤੋਂ ਪਹਿਲੇ ਸੰਸਕ੍ਰਿਤ ਵਿੱਚ ਗੱਲ ਬਾਤ ਕਰਨੇ ਪਠਨ ਪਾਠਨ ਵਿੱਚ ਸੰਸਕ੍ਰਿਤ ਹੀ ਬੋਲਣੇ ਅਰ ਜਨਮ ਭੂਮੀ ਦੀ ਭਾਖਾ ਗੁਜਰਾਤੀ ਹੋਣ ਦੇ ਕਾਰਣ ਮੈਨੂੰ ਏਸ ਭਾਖਾ ਦਾ ਚੰਗੀ ਤਰ੍ਹਾਂ ਨਾਲ ਗਿਆਨ ਨਾ ਸੀ, ਏਸ ਕਾਰਣ ਭਾਖਾ ਅਸ਼ੁਧ ਬਣ ਗਈ ਸੀ। ਹੁਣ ਭਾਖਾ ਬੋਲਣ ਅਤੇ ਲਿਖੱਣ ਦਾ ਅਭਿਆਸ ਹੋਂ ਗਿਆ ਹੈ। ਏਸ ਲਈ ਏਸ ਗ੍ਰੰਥ ਦੀ ਭਾਖਾ ਵਿਆਕਰਣ ਦੇ ਅਨੁਸਾਰ ਸ਼ੁਧ ਕਰਕੇ ਦੂਜੀ ਵਾਰ ਛਪਵਾਇਆ ਹੈ। ਕਿਦੇ ਕਿਦੇ ਸ਼ਬਦ ਵਾਕ ਰਚਨਾਂ ਦਾ ਭੇਦ ਹੋਇਆ ਹੈ, ਸੋ ਕਰਨਾਂ ਉਚਿੱਤ ਸੀ, ਕਿਉਂਕਿ ਏਸਦੇ ਭੇਦ ਕੀਤੇ ਬਿਨਾਂ ਭਾਖਾ ਦੀ ਪਰੀ ਪਾਟੀ ਸੁਧਰਨੀ ਕਠਨ ਸੀ, ਪਰੰਤੂ ਅਰਥ ਦਾ ਭੇਦ ਨਹੀਂ ਕੀਤਾ ਗਿਆ ਹੈ, ਪ੍ਰਤ੍ਯੁਤ ਵਿਸ਼ੇਸ਼ ਤਾਂ ਲਿਖਿਆ ਗਿਆ ਹੈ, ਹਾਂ ਜੋ ਪਹਿਲੇ ਛਾਪੇ ਵਿਚ ਕਿਦੇ ਕਿਦੇ ਭੁਲ ਰਹੀ ਸੀ ਉਹ ਕਢਕੇ ਸ਼ੁਧ ਕਰ ਠੀਕ ਠੀਕ ਕਰ ਦਿੱਤੀ ਗਈ ਹੈ ॥

ਇਹ ਗ੍ਰੰਥ ਚੌਦਾਂ (੧੪) ਸਮੁਲੱਾਸ ਅਰਥਾਤ ਚੌਦਾਂ ਭਾਗਾਂ ਵਿੱਚ ਰਚਿਆ ਗਿਆ ਹੈ, ਏਸ ਵਿੱਚ ਦਸ ਸਮੁਲੱਾਸ ਪੂਰਬਾਰਧ ਅਰ ਚਾਰ ਉਤ੍ਰਾਰਧ ਵਿੱਚ ਬਣੇ ਹਨ, ਪ੍ਰੰਤੂ ਅੰਤ ਦੇ ਦੋ ਸਮੁਲੱਾਸ ਅਰ ਪਸਚਾਤ੍ ਅਪਨੇ ਸਿੱਧਾਂਤ ਕਿਸੇ ਕਾਰਣ ਕਰਕੇ ਨਹੀਂ ਛਪ ਸਕੇ ਸਨ, ਹੁਣ ਓਹ ਭੀ ਛਪਵਾ ਦਿੱਤੇ ਹਨ ॥

(੧) ਪਹਿਲੇ ਸਮੁਲੱਾਸ ਵਿੱਚ ਈਸ਼੍ਵਰ ਦੇ ਓਅੰਕਾਰ ਆਦੀ ਨਾਮਾਂ ਦੀ ਵ੍ਯਾਖਿਆ ॥

(੨) ਦੂਜੇ ਸਮੁਲਾਂਸ ਵਿੱਚ ਸੰਤਾਨਾਂ ਦੀ ਸਿਖਿਆ॥

(੩) ਤੀਜੇ ਸਮੁਲਾਂਸ ਵਿੱਚ ਬ੍ਰਹਮਚਰਜ, ਪਠਨ ਪਾਠਨ ਬਵਸਥਾ, ਸਤ ਅਸਤ ਗ੍ਰੰਥਾਂ ਦੇ ਨਾਉਂ ਅਰ ਪੜਨ ਦੀ ਰੀਤੀ ॥

(੪) ਚੌਥੇ ਸਮੁਲਾਂਸ ਵਿੱਚ ਵਿਆਹ ਅਤ ਗ੍ਰਿਹਸਤ ਆਸ਼੍ਰਮ ਦਾ ਵਿਹਾਰ॥

(੫) ਪੰਜਵੇਂ ਸਮੁਲਾਂਸ ਵਿੱਚ ਬਾਣ ਪ੍ਰਸਥ ਅਰ ਸੰਨਿਆਸ ਆਸ਼੍ਰਮਦੀ ਵਿਧੀ।

(੬) ਛੀਵੇਂ ਸਮੁਲਾਂਸ ਵਿੱਚ ਰਾਜ ਧਰਮ ॥

(੭) ਸਤਵੇਂ ਸਮੁਲਾਂਸ ਵਿੱਚ ਵੇਦ ਈਸ਼੍ਵਰ ਦਾ ਵਿਸ਼ਾ ॥

(੮) ਅੱਠਵੇਂ ਸਮੁਲਾਂਸ ਵਿੱਚ ਜਗਤ ਦੀ ਉਤਪੱਤੀ ਸਥਿੱਤੀ, ਅਰਪਰਲੋ ॥

(੯) ਨੌਵੇਂ ਸਮੁਲਾਂਸ ਵਿੱਚ ਵਿਦਿਆ, ਅਵਿਦਿਆ, ਬੰਧ, ਅਰ ਮੁਕਤੀ ਦੀ ਵਿਆਖਿਆ ॥

(੧੦) ਦਸਵੇਂ ਸਮੁਲਾਂਸ ਵਿੱਚ ਆਚਾਰ, ਅਨਾਚਾਰ, ਅਰ ਭਖ, ਅਭਖ ਵਿਸ਼ਾ ॥

(੧੧) ਯਾਰਵੇਂ ਸਮੁਲਾਂਸ ਵਿਚ ਆਰਯਾ ਵਰਤੀ ਮਤ ਮਤਾਂਤ੍ਰਾਂ ਦਾ ਖੰਡਨ, ਮੰਡਨ ਵਿਸ਼ਾ ॥

(੧੨) ਬਾਹਰਵੇਂ ਸਮੁਲਾਂਸ ਵਿਚ ਚਾਰ ਵਾਕ, ਬੋਧ, ਅਰ ਜੈਨ ਮਤਦਾ ਵਿਸ਼ਾ

(੧੩) ਤੇਰਵੇਂ ਸਮੁਲਾਂਸ ਵਿਚ ਈਸਾਈ ਮਤਦਾ ਵਿਸਾ ॥

(੧੪) ਚੌਦਵੇਂ ਸਮੁਲਾਂਸ ਵਿਚ ਮੁਸਲਮਾਨਾਂ ਦੇ ਮਤ ਦਾ ਵਿਸ਼ਾ ॥

ਅਰ ਚੌਦਵੇਂ ਸਮੁਲਾਂਸ ਦੇ ਅੰਤ ਵਿਚ ਆਰੀਯਾਂ ਦੇ ਸਨਾਤਨ ਵੇਦ ਵਿਹਤ ਮਤ ਦੀ ਵਿਸ਼ੇਸ਼ ਵਿਆਖਿਆ ਲਿਖੀ ਹੈ ਜਿਸਨੂੰ ਮੈਂ ਬੀ ਜਥਾਵਤ ਮੰਨ ਦਾ ਹਾਂ ॥

ਮੇਰਾ ਏਸ ਗ੍ਰੰਥ ਦੇ ਬਣਾਨ ਦਾ ਮੁਖ ਪ੍ਰਯੋਜਨ ਸੁਤ ਸਤ ਅਰਥ ਦਾ ਪ੍ਰਕਾਸ਼ ਕਰਨਾ ਹੈ। ਅਰਥਾਤ ਜੋ ਸਤ ਹੈ ਓਸਨੂੰ ਸਤ ਅਰ ਜੋ ਮਿਥਿਆ ਹੈ ਓਸਨੂੰ ਮਿਥਿਆ ਹੀ ਪ੍ਰਤੀ ਪਾਦਨ ਕਰਨਾ ਸਤ ਅਰਥ ਦਾ ਪ੍ਰਕਾਸ਼ ਸਮਝਿਆ ਹੈ, ਉਹ ਸਤ ਨਹੀਂ ਕਹਾਉਂਦਾ ਜੋ ਸਤ ਦੀ ਥਾਂ ਅਸਤ, ਅਰ ਅਸਤ ਦੀ ਥਾਂ ਸਤ ਦਾ ਪ੍ਰਕਾਸ਼ ਕੀਤਾ ਜਾਵੇ, ਕਿੰਤੂ ਜੋ ਪਦਾਰਥ ਜੇਹਾ ਹੈ ਓਸਨੂੰ ਤੇਹਾ ਹੀ ਕਹਿਣਾਂ ਲਿਖਣਾ ਅਰ ਮਨਣਾ ਸਤ ਕਹਾਂਵਦਾ ਹੈ, ਜੋ ਮਨੁਖ ਪਖਪਾਤੀ ਹੁੰਦਾ ਹੈ ਉਹ ਅਪਣੇ ਅਸਤ ਨੂੰ ਬੀ ਸਤ, ਅਰ ਦੂਜੇ ਵਿਰੋਧੀ ਮਤ ਵਾਲੇ ਦੇ ਸਤ ਨੂੰ ਬੀ ਅਸਤ ਸਿਧ ਕਰਨ ਵਿਚ ਪਰਵਿਰਤ ਹੁੰਦਾ ਹੈ, ਏਸਲਈ ਉਹ ਸਤ ਮਤ ਨੂੰ ਪ੍ਰਾਪਤ ਨਹੀਂ ਹੋਸਕਦਾ, ਏਸਲਈ ਵਿਦਵਾਂਨ ਆਪਤਾਂ ਦਾ ਏਹੋ ਮੁਖ ਕੰਮ ਹੈ, ਕਿ ਉਪਦੇਸ ਵਾ ਲੇਖ ਦੁਆਰਾ ਸਭ ਮਨੁਖਾਂ ਦੇ ਸਾਂਮਣੇ ਸਤ ਅਸਤ ਦਾ ਸਰੂਪ ਸਮਰਪਤ ਕਰ ਦੇਨ, ਪਿਛੋਂ ਉਹ ਆਪੇ ਆਪਣਾਂ ਹਿਤ ਅਹਿਤ ਸਮਝਕੇ ਸਤਯਾਰਥ ਦਾ ਗ੍ਰਹਣ, ਅਰ ਮਿਥਿਆ ਅਰਥ ਦਾ ਤਿਆਗ

ਹੈ, ਏਹ ਲੋਕ ਕੁਰਾਂਨ ਨੂੰ ਅਪਣੇ ਮਤ ਦਾ ਮੂਲ ਪੁਸਤਕ ਮੰਨਦੇ ਹਨ, ਇਨ੍ਹਾਂ ਦੀ ਬੀ ਵਿਸ਼ੇਸ਼ ਗਲ ਬਾਤ ਚੌਦਵੇਂ ਸਮੁਲਾਸ ਵਿਚ ਦੇਖੋ ॥

ਏਸਤੋਂ ਅਗੋਂ ਵੈਦਕ ਮਤ ਦੇ ਵਿਸ਼ੇ ਵਿਚ ਲਿਖਿਆ ਹੈ, ਜੋ ਕੋਈ ਏਸ ਗ੍ਰੰਥ ਕਰਤਾ ਦੇ ਤਾਤ ਪਰਜ ਥੀਂ ਵਿਰੁਧ ਮਨਸ਼ਾ ਨਾਲ ਦੇਖੇਗਾ, ਓਸਨੂੰ ਕੁਝ ਬੀ ਅਭਿਪ੍ਰਾ ਮਲੂੰਮ ਨਾਂ ਹੋਵੇਗਾ, ਕਿਉਂਕਿ ਵਾਕ ਦੇ ਅਰਥ ਨੂੰ ਜਾਂਣਨ ਵਿਚ ਚਾਰ ਕਾਰਣ ਹੁੰਦੇ ਹਨ ॥

(੧)ਅਕਾਂਖਿਆ (੨) ਯੋਗਤਾ (੩) ਆਸਿੱਤੀ (੪) ਤਾਤ ਪਰਜ,ਜਦ ਇਨ੍ਹਾਂ ਚਹੁੰ ਬਾਤਾਂ ਉਤੇ ਧਿਆਂਨ ਦੇਕੇ ਜੋ ਪੁਰਖ ਗ੍ਰੰਥ ਨੂੰ ਦੇਖਦਾ ਹੈ, ਤਦ ਓਸਨੂੰ ਗ੍ਰੰਥ ਦਾ ਅਭਿਪ੍ਰਾ ਜਥਾ ਜੋਗ ਮਲੂੰਮ ਹੁੰਦਾ ਹੈ, ਅਕਾਂਖਿਆ ਕਿਸ ਵਿਸ਼ੇ ਉੱਤੇ ਵਕਤਾਦੀ, ਅਰ ਵਾਕ ਦੇ ਪਦਾਂ ਦੀ ਅਕਾਂਖਿਆ, ਪਰਸਪਰ ਹੁੰਦੀ ਹੈ, ਯੋਗਤਾ ਉਹ ਕਹਾਂਦੀ ਹੈ ਕਿ ਜਿਸ ਕਰਕੇ ਜੋ ਹੋ ਸਕੇ ਜਿਸਤਰ੍ਹਾਂ ਪਾਣੀ ਨਾਲ ਸਿੰਚਣਾ, ਆਸੱਤੀ ਜਿਸ ਪਦ ਦੇ ਨਾਲ ਜਿਸਦਾ ਸਬੰਧ ਹੋਵੇ ਉਸੇ ਦੇ ਸਮੀਪ ਪਦ ਨੂੰ ਬੋਲਣਾਂ ਵਾ ਲਿਖਣਾਂ, ਤਾਤ ਪਰਜ ਜਿਸਦੇ ਵਾਸਤੇ ਵਕਤਾਨੇ ਸਬਦ ਉੱਚਾਰਣ ਵਾ ਲੇਖਕੀਤਾ ਹੋਵੇ ਉਸੇ ਦੇ ਨਾਲ ਓਸ ਬਚਨ ਵਾ ਲੇਖ ਨੂੰ ਜੁਕਤਕਰਨਾ, ਬਹੁਤ ਸਾਰੇ ਹੱਠੀ ਜਿੱਦੀ ਮਨੁਖ ਹੁੰਦੇ ਹਨ ਕਿ ਜੋ ਵਕਤਾ ਦੇ ਅਭਿਪ੍ਰਾ ਤੋਂ ਵਿਰੁਧ ਕਲਪਣਾਂ ਕੀਤਾ ਕਰਦੇ ਹਨ, ਵਿਸ਼ੇਸ਼ ਕਰ ਮਤਵਾਲੇ ਲੋਕ, ਕਿਉਂਕਿ ਮਤ ਦੇ ਆਗ੍ਰਹ (ਜਿਦ) ਨਾਲ ਉਨ੍ਹਾਂ ਦੀ ਬੁਧ ਅੰਧਕਾਰ ਵਿਚ ਫਸਕੇ ਨਸ਼ਟ ਹੋ ਜਾਂਦੀ ਹੈ, ਏਸ ਲਈ ਜਿਸਤਰ੍ਹਾਂ ਮੈਂ ਪੁਰਾਂਣ, ਜੈਨੀਆਂ ਦੇ ਗ੍ਰੰਥ, ਬਾਇਬਲ, ਅਰ ਕੁਰਾਂਨ,ਨੂੰ ਪਹਲੋਂ ਹੀ ਬੁਰੀ ਦ੍ਰਿਸਟੀ ਨਾਲ ਨਾਂ ਦੇਖਕੇ ਉਨ੍ਹਾਂ ਵਿਚੋਂ ਗੁਣਾਂ ਦਾ ਗ੍ਰਹਣ ਅਰ ਦੋਸ਼ਾਂ ਦਾ ਤਿਆਗ ਤਥਾ ਹੋਰ ਸਭ ਮਨੁਖ ਜਾਤੀ ਦੀ ਉੱਨਤੀ ਦੇ ਵਾਸਤੇ ਪ੍ਰਜਤਨ ਕਰਦਾ ਹਾਂ, ਉਸੇ ਤਰ੍ਹਾਂ ਸਬ ਨੂੰ ਕਰਨਾਂ ਜੋਗ ਹੈ ॥

ਇਨ੍ਹਾਂ ਮੱਤਾਂ ਦੇ ਥੋੜੇ ਥੋੜੇ ਹੀ ਦੋਸ ਪ੍ਰਕਾਸ਼ਤ ਕੀਤੇ ਹਨ, ਜਿਨ੍ਹਾਂ ਨੂੰ ਦੇਖਕੇ ਮਨੁਖ ਲੋਗ ਸਤ ਅਸਤ ਮੱਤ ਦਾ ਨਿਰਣਾ ਕਰ ਸਕਨ, ਅਰ ਸਤ ਦਾ ਗ੍ਰਹਣ ਤਥਾ ਅਸਤ ਦਾ ਤਿਆਗ ਕਰਨ ਕਰਾਣ ਵਿਚ ਸਮ੍ਰਥ ਹੋਂਨ, ਕਿਉਂਕਿ ਇਕ ਮਨੁਖ ਜਾਤੀ ਵਿਚ ਬਕਾਕੇ ਵਿਰੋਧ ਬੁਧੀ ਕਰਾਕੇ ਇਕ ਦੂਜੇ ਨੂੰ ਵੈਰੀ ਬਣਾ ਲੜਾ ਮਾਰਨਾਂ ਵਿਦਵਾਨਾਂ ਦੇ ਸੁਭਾਵ ਤੋਂ ਬਾਹਿਰ ਹੈ।

ਯਦੱਪਿ ਏਸ ਗ੍ਰੰਥ ਨੂੰ ਦੇਖਕੇ ਅਵਿਦਵਾਂਨ ਲੋਗ ਉਲਟਾ ਹੀ ਵਿਚਾਰ ਕਰਨਗੇ, ਤਥਾਪੀ ਬੁਧਵਾਂਨ ਲੋਗ ਜਥਾ ਜੋਗ ਏਹਦਾ ਅਭਿਪ੍ਰਾ ਸਮਝਨਗੇ, ਏਸ ਲਈ ਮੈਂ ਅਪਣੇ ਪਰੀਸ੍ਰਮ ਨੂੰ ਸਫਲ ਸਮਝਦਾ ਅਰ ਅਪਣਾ ਅਭਿਪ੍ਰਾ ਸਭ ਸਜਣਾਂ ਦੇ ਸਾਮਣੇ ਧਰਦਾ ਹਾਂ ਏਸਨੂੰ ਦੇਖ ਦਿਖਾਕੇ ਮੇਰੀ ਮੇਹਨਤ ਨੂੰ ਸਫਲ ਕਰਨ, ਅਰ ਇਸੇ ਪ੍ਰਕਾਰ ਪਖਪਾਤ ਨਾਂ ਕਰਕੇ ਸਤ ਅਰਥ ਦਾ

ਪ੍ਰਕਾਸ਼ ਕਰਕੇ ਮੇਰਾ ਵਾ ਸਭ ਮਹਾਸ਼ਿਆਂ ਦਾਮੁਖ ਕਰਤਵਕਰਮਹੈ,ਸਰਬਾਤਮਾਂ, ਸਰਬ ਅੰਤ੍ਰਜਾਮੀ, ਸਚਿੱਦਾਨੰਦ ਪ੍ਰਮਾਤਮਾਂ ਅਪਣੀ ਕ੍ਰਿਪਾ ਨਾਲ ਏਸ ਆਸ਼ਾ ਨੂੰ ਫਲਾਵੇ ਅਰ ਚਿਰ ਸਥਾਈ ਕਰੇ ॥

॥ अलमतिविस्तरेण बुद्धिमद्वर शिरोमणिषु ॥

॥ इति भूमिका ॥

स्थान महाराणा जी का उदयपुर,भाद्रपद शुकल पक्ष संवत् १९३९ — (स्वामी) दयानन्द सरस्वती

ਸਥਾਨ ਮਹਾਂਰਾਣਾ ਜੀ ਦਾਉਦੇਪੁਰ, ਭਾਦ੍ਰਪਦ ਸੁਕਲਪਖ ਸੰਵਤ੧੯੩੯ — (ਸ੍ਵਾਮੀ) ਦਇਆਨੰਦ ਸਰਸ੍ਵਤੀ

ਕਰਕੇ ਸਦਾ ਅਨੰਦ ਵਿਚ ਰਹਨ ॥

ਮਨੁਖ ਦਾ ਆਤਮਾਂ ਸਤ ਅਸਤ ਦਾ ਜਾਂਣਨ ਵਾਲਾ ਹੈ, ਤਥਾ ਪੀ ਅਪਣੇ ਪ੍ਰਯੋਜਨ ਦੀ ਸਿੱਧੀ, ਹਠ ਦੁਰਾਗ੍ਰਿਹ, ਅਰ ਅਵਿਦਿਆ ਆਦੀ ਦੋਸ਼ਾਂ ਕਰਕੇ ਸਤ ਨੂੰ ਛਡ ਅਸਤ ਵਿਚ ਝੁਕ ਜਾਂਦਾ ਹੈ,ਪ੍ਰੰਤੂ ਏਸ ਗ੍ਰੰਥ ਵਿਚ ਅਜੇਹੀ ਬਾਤ ਨਹੀ ਰਖੀ ਹੈ, ਅਰ ਨਾਂ ਕਿਸੇ ਦਾ ਮਨ ਦੁਖਾਣਾਂ ਵਾ ਕਿਸੇ ਦੀ ਹਾਨੀ ਕਰਨਾਂ ਤਾਤ ਪਰਜ ਹੈ, ਕਿੰਤੂ ਜਿਸ ਕਰਕੇ ਮਨੁਖ ਜਾਤੀ ਦੀ ਉੱਨਤੀ ਅਰ ਉਪਕਾਰ ਹੋਵੇ, ਸਤ ਅਸਤ ਨੂੰ ਮਨੁਖ ਲੋਗ ਜਾਂਣਕੇ ਸਤ ਦਾ ਗ੍ਰਹਣ ਅਰ ਅਸਤ ਦਾ ਤਿਆਗ ਕਰਨ, ਕਿਉਂਕਿ ਸਤ ਉਪਦੇਸ਼ ਦੇ ਬਿਨਾ ਹੋਰ ਕੋਈ ਬੀ ਮਨੁਖ ਜਾਤੀ ਦੀ ਉਨੱਤੀ ਦਾ ਕਾਰਣ ਨਹੀ ਹੈ ।

ਏਸ ਗ੍ਰੰਥ ਵਿਚ ਜੋ ਕਿਦੇ ਕਿਦੇ ਭੁਲ ਚੁਕ ਨਾਲ ਅਥਵਾ ਸ਼ੋਧਣੇ ਤਥਾ ਛਾਪਣ ਵਿਚ ਭੁਲ ਚੁਕ ਰਹ ਜਾਏ ਓਸਨੂੰ ਜਾਂਣਨੇ ਜਣਾਨੇ ਪਰ ਜਿਸਤਰਾਂ ਉਹ ਸਤ ਹੋਵੇਗਾ ਉਸੇ ਤਰ੍ਹਾਂ ਹੀ ਕਰ ਦਿਤਾਂ ਜਾਵੇਗਾ, ਅਰ ਜੋ ਕੋਈ ਪਖ ਪਾਤ ਨਾਲ ਉਲਟੀ ਸ਼ੰਕਾ ਵਾ ਖੰਡਨ ਮੰਡਨ ਕਰੇਗਾ ਓਸ ਉੱਤੇ ਧਿਆਂਨ ਨਾਂ ਦਿੱਤਾ ਜਾਵੇਗਾ, ਹਾਂ ਜੋ ਮਨੁਖ ਮਾਤ੍ਰ ਦਾ ਹਿਤੈਸ਼ੀ ਹੋਕੇ ਕੁਝ ਜਣਾਵੇਗਾ ਓਸਨੂੰ ਸਤ ਸਤ ਸਮਝਣੇ ਪਰ ਓਸਦਾ ਮਤ ਗ੍ਰਹਣ ਕੀਤਾ ਜਾਵੇਗਾ, ਯਦੱਪੀ ਅਜ ਕਲ ਬਹੁਤ ਸਾਰੇ ਵਿਦਵਾਂਨ ਪ੍ਰਤਯੇਕ ਮਤੋਂ ਵਿਚ ਹਨ ਉਹ ਪਖਪਾਤ ਛਡ ਸਰਬ ਤੰਤ੍ਰ ਸਿੱਧਾਂਤ ਅਰਥਾਤ ਜੋ ਜੋ ਬਾਤਾਂ ਸਬ ਦੇ ਅਨਕੂਲ ਸਭ ਵਿਚ ਸਤ ਹਨ ਉਨ੍ਹਾਂ ਦਾ ਗ੍ਰਹਣ, ਅਰ ਜੋ ਇਕ ਦੂਜੇ ਥੀਂ ਵਿਰੁਧ ਬਾਤਾਂ ਹਨ, ਉਨ੍ਹਾਂ ਦਾ ਤਿਆਗ ਕਰ ਇਕ ਦੂਜੇ ਨਾਲ ਪ੍ਰੀਤ ਨਾਲ ਵਰਤਨ ਵਰਤਾਂਨ ਤਾਂ ਜਗਤ ਦਾ ਪੂਰਣ ਹਿਤ ਹੋਵੇ, ਕਿਉਂਕਿ ਵਿਦਵਾਨਾਂ ਦੇ ਵਿਰੋਧ ਥੀਂ ਅਵਿਦਵਾਨਾਂ ਵਿਚ ਵਿਰੋਧ ਵਧਕੇ ਅਨੇਕ ਪ੍ਰਕਾਰ ਦੁਖਦੀ ਬ੍ਰਿੱਧੀ ਅਰ ਸੁਖ ਦੀ ਹਾਂਨੀ ਹੁੰਦੀ ਹੈ, ਏਸ ਹਾਨੀ ਨੇ ਜੋ ਕਿ ਸ੍ਵਾਰਥੀ ਮਨੁਖੋਂ ਨੂੰ ਪਿਆਰੀ ਹੈ ਸਭ ਮਨੁਖੋਂ ਨੂੰ ਦੁਖ ਸਾਗਰ ਵਿਚ ਡੁਬਾ ਦਿੱਤਾ ਹੈ, ਇਨ੍ਹਾਂ ਵਿਚੋਂ ਜੇਹਿੜਾ ਸਰਬ ਜਨਕ ਹਿਤ ਲਖ ਵਿਚ ਪਰੈਵਿਰਤ ਹੁੰਦਾ ਹੈ ਓਸ ਨਾਲ ਸ੍ਵਾਰਥੀ ਲੋਗ ਵਿਰੋਧ ਕਰਨ ਵਿਚ ਤਤ ਪਰ ਹੋਕੇ ਅਨੇਕ ਪ੍ਰਕਾਰ ਬਿਘਨ ਕਰਦੇ ਹਨ, ਪ੍ਰੰਤੂ

सत्यमेव जयति नानृतं सत्येन पन्था वित तो देव यान: ॥

ਅਰਥਾਤ ਸਦਾ ਸਤ ਦੀ ਜਿਤ ਅਰ ਅਸਤ ਦੀ ਹਾਰ ਹੁੰਦੀ ਅਰ ਸਤ ਕਰਕੇ ਹੀ ਵਿਦਵਾਨਾਂ ਦਾ ਮਾਰਗ ਬਿਸਤਾਰ ਨੂੰ ਪ੍ਰਾਪਤ ਹੁੰਦਾ ਹੈ, ਏਸ ਦ੍ਰਿੜ ਨਿਸਚੇ ਨੂੰ ਪਕੜ ਕੇ ਆਪਤ ਲੋਗ ਪਰ ਉਪਕਾਰ ਕਰਨ ਤੋਂ ਉਦਾਸੀਨ ਹੋਕੇ ਕਦੀ ਸਤ ਦੇ ਅਰਥ ਦਾ ਪ੍ਰਕਾਸ਼ ਕਰਨ ਥੀਂ ਨਹੀਂ ਹਟਦੇ, ਏਹ ਪੂਰਾ ਦ੍ਰਿੜ ਨਿਸਚੇ ਹੈ ਕਿ

यत्तदग्रे विषमिव परिणामेऽमृतोपमम् ॥

ਏਹ ਗੀਤਾ ਦਾ ਬਚਨ ਹੈ, ਏਸਦਾ ਮਤਲਬ ਏਹ ਹੈ, ਕਿ ਜੋ ਜੋ ਵਿਦਿਆ ਅਰ ਧਰਮ ਪ੍ਰਾਪਤੀ ਦੇ ਕਰਮ ਹਨ ਉਹ ਪਹਿਲੋਂ ਕਰਨ ਵਿਚ ਖਿਖਦੇ ਤੁਲ ਅਰ ਪਿਛੋਂ ਅੰਮ੍ਰਿਤ ਵਰਗੇ ਹੁੰਦੇ ਹਨ, ਅਜੇਹੀਆਂ ਬਾਤਾਂ ਨੂੰ ਚਿਤ ਵਿਚ ਰਖਕੇ ਮੈਂਨੇ ਏਸ ਗ੍ਰੰਥ ਨੂੰ ਰਚਿਆ ਹੈ, ਸੁਣਨ ਵਾ ਪੜ੍ਹਨ ਵਾਲੇ ਬੀ ਪਹਿਲੋਂ ਪ੍ਰੀਤ ਨਾਲ ਦੇਖਕੇ ਏਸ ਗ੍ਰੰਥ ਦਾ ਸੱਤ ਸੱਤ ਤਾਤ ਪਰਜ ਜਾਂਣਕੇ ਇਛਿਆ ਦੇ ਅਨੁਸਾਰ ਕਰਨ, ਏਸ ਵਿਚ ਏਹ ਅਭਿਪ੍ਰਾ ਰਖਿਆ ਗਿਆ ਹੈ ਕਿ ਜੋ ਜੋ ਸਭ ਮਤੋਂ ਵਿਚ ਸੱਤ ਸੱਤ ਬਾਤਾਂ ਹਨ ਉਹ ਉਹ ਸਭ ਵਿਚ ਅਵਿਰੁਧ ਹੋਣ ਕਰਕੇ ਉਨ੍ਹਾਂ ਦਾ ਸ੍ਵੀਕਾਰ ਕਰਕੇ ਜੋ ਜੋ ਮੱਤ ਮਤੋਂਤ੍ਰਾਂ ਵਿਚ ਮਿਥਿਆ ਬਾਤਾਂ ਹਨ ਉਨ੍ਹਾਂ ਉਨ੍ਹਾਂ ਦਾ ਖੰਡਨ ਕੀਤਾ ਹੈ, ਏਸ ਵਿਚ ਏਹ ਬੀ ਅਭਿਪ੍ਰਾ ਰਖਿਆ ਹੈ ਕਿ ਜਦ ਮੱਤ ਮਤਾਂਤ੍ਰਾਂ ਦੀਆਂ ਗੁਪਤ ਵਾ ਪ੍ਰਗਟ ਬੁਰੀਆਂ ਬਾਤਾਂ ਦਾ ਪ੍ਰਕਾਸ਼ ਕਰ ਵਿਦਵਾਂਨ ਅਵਿਦਵਾਂਨ ਸਭ ਸਧਾਰਣ ਮਨੁੱਖਾਂ ਦੇ ਸਾਮਣੇ ਰਖਿਆ ਹੈ, ਜਿਸ ਕਰਕੇ ਸਭ ਨਾਲ ਸਭ ਦਾ ਵਿਚਾਰ ਹੋਕੇ ਪਰਸ ਪਰ ਪ੍ਰੇਮੀ ਹੋਕੇ ਇਕ ਸਤ ਮਤ ਵਿਚ ਹੋਨ ਯਦੱਪੀ ਮੈਂ ਆਰਯਾ ਵਰਤ ਦੇਸ ਵਿਚ ਜੰਮਿਆਂ ਅਰ ਰਹਨਾਂ ਹਾਂ ਤਥਾਪੀ ਜਿਹਾ ਏਸ ਦੇਸ ਦੇ ਮੱਤਮਤਾਂਤ੍ਰਾਂ ਦੀ ਝੂਠੀ ਬਾਤਾਂ ਦਾ ਪਖਪਾਤ ਨਾਂ ਕਰਕੇ ਠੀਕ ਠੀਕ ਪ੍ਰਕਾਸ਼ ਕਰਦਾ ਹਾਂ, ਤਿਹਾ ਦੂਜੇ ਦੇਸ ਵਾਲੇ ਵਾ ਮਤ ਉੱਨਤੀ ਕਰਨ ਵਾਲਿਆ ਦੇ ਨਾਲ ਬੀ ਵਰਤਨਾਂ ਹਾਂ, ਜੇਹਾ ਸ੍ਵਦੇਸ ਵਾਲਿਆਂ ਦੇ ਨਾਲ ਮਨੁਖ ਉੱਨਤੀ ਦੇ ਵਿਸ਼ੇ ਵਿਚ ਵਰਤਨਾਂ ਹਾਂ ਤੇਹਾ ਬਦੇਸੀਆਂ ਦੇ ਨਾਲ ਬੀ ਤਥਾ ਸਭ ਸਜਨਾਂ ਨੂੰ ਵਰਤਣਾਂ ਜੋਗ ਹੈ।

ਕਿਉਂਕਿ ਮੈਂ ਬੀ ਜੇ ਕਿਸੇ ਇਕ ਦਾ ਪਖ ਪਾਤੀ ਹੁੰਦਾ ਤਾਂ ਜਿਸਤਰਾਂ ਅਜ ਕਲ ਅਪਣੇ ਮਤ ਦੀ ਉਸਤਤ ਮੰਡਨ ਅਰ ਪ੍ਰਚਾਰ ਕਰਦੇ ਅਰ ਦੂਜੇ ਮਤ ਦੀ ਨਿੰਦਿਆ, ਹਾਨੀ ਅਰ ਬੰਧ ਕਰਨ ਵਿਚ ਤਤਪਰ ਹੁੰਦੇ ਹਨ, ਉਸੇਤਰ੍ਹਾਂ ਮੈਂ ਬੀ ਹੁੰਦਾ, ਪ੍ਰੰਤੂ ਅਜੇਹੀਆਂ ਬਾਤਾਂ ਮਨੁਖਾਪਨ ਤੋਂ ਬਾਹਿਰ ਹਨਕਿਉਂਕਿ ਜਿਸਤਰ੍ਹਾਂ ਪਸ਼ੂ ਬਲਵਾਂਨ ਹੋਕੇ ਨਿਰਬਲਾਂ ਨੂੰ ਦੁਖ ਦੇਂਦੇ ਅਰ ਮਾਰ ਬੀ ਸੁਟਦੇ ਹਨ, ਜਦ ਮਨੁਖ ਸ੍ਰੀਰਪਾਕੇ ਉਹੋ ਜੇਹੇ ਹੀ ਕਰਮ ਕਰਦੇ ਹਨ, ਤਾਂ ਉਹ ਮਨੁਖ ਸੁਭਾਵ ਵਾਲੇ ਨਹੀਂ ਕਿੰਤੂ ਪਸ਼ੂ ਦੀ ਨਿਆਂਈ ਹਨ, ਅਰ ਜੋ ਬਲਵਾਂਨ ਹੋਕੇ ਨਿਰਬਲਾਂ ਦੀ ਰਖਿਆ ਕਰਦਾ ਹੈ ਉਹੋ ਮਨੁਖ ਕਹਾਂਵਦਾ ਹੈ, ਅਰ ਜੋ ਸ੍ਵਾਰਥ ਬਸ ਹੋਕੇ ਪ੍ਰਾਈ ਹਾਂਨੀ ਹੀ ਕਰਦਾ ਰੈਹਦਾ ਹੈ ਉਹ ਜਾਣੋਂ ਪਸ਼ੂਆਂ ਦਾ ਬੀ ਵੱਡਾ ਭ੍ਰਾ ਹੈ।

ਆਰਯਾ ਵਰਤੀਆਂ ਦੇ ਵਿਸ਼ੇ ਵਿਚ ਵਿਸ਼ੇਸ਼ਕਰ ਯਾਰਾਂ ੧੧ ਸਮੁੱਲਾਸਾਂ ਤਿਕ ਲਿਖਿਆ ਹੈ, ਇਨ੍ਹਾਂ ਸਮੁੱਲਾਸਾਂ ਵਿਚ ਸਤ ਮੱਤ ਪ੍ਰਕਾਸ਼ਤ ਕੀਤਾ ਹੈ ਉਹ ਵੇਦ ਦੇ ਅਨੁਕੂਲ ਹੋਣ ਕਰਕੇ ਮੈਂਨੂੰ ਬੀ ਸਰਬ ਥਾ ਮੰਤਵਜ ਹੈ, ਅਰ ਜੋ ਨਵੀਂਨ

ਪੁਰਾਂਣ ਤੰਤ੍ਰ ਆਦੀ ਗ੍ਰੰਥਾਂ ਦੀਆਂ ਆਖੀਆਂ ਹੋਈਆਂ ਬਾਤਾਂ ਦਾ ਖੰਡਨ ਕੀਤਾ ਹੈ ਉਹ ਤਿਆਗਣ ਦੇ ਜੋਗ ਹੈ, ਜੋ ਬਾਹਰਵੇਂ ਸਮੁਲਾਂਸ ਵਿਚ ਚਾਰ ਵਾਕ ਦਾ ਮਤ ਏਸ ਸਮੇਂ ਡੁਬ ਰਹਿਆ ਹੈ,ਅਰ ਏਹ ਚਾਰ ਵਾਕ ਬੁਧ ਜੈਨ ਨਾਲ ਬਹੁਤ ਸਬੰਧ ਅਨੀਸ਼੍ਵਰ ਬਾਦ ਆਦੀ ਵਿਚ ਰਖਦਾ ਹੈ, ਏਹ ਚਾਰ ਵਾਕ ਸਭ ਥੀਂ ਵਡਾ ਨਾਸਤਕ ਹੈ, ਓਸਦੀ ਚੇਸਟਾ ਦਾ ਰੋਕਣਾਂ ਅਵਸ ਹੈ, ਕਿਉਂਕਿ ਜੋ ਝੂਠੀ ਬਾਤ ਨਾਂ ਰੋਕੀ ਜਾਵੇ ਤਾਂ ਸੰਸਾਰ ਵਿਚ ਬਹੁਤ ਸਾਰੇ ਅਨਰਥ ਚਲਜਾਂਨ, ਚਾਰ ਵਾਕ ਦਾ ਜੋ ਮਤ ਹੈ ਉਹ ਬੁਧ ਅਰ ਜੈਨ ਦਾ ਮਤ ਹੈ, ਉਹ ਬੀ ਬਾਹਰਵੇਂ ਸਮੁਲਾਂਸ ਵਿਚ ਸੰਖੇਪ ਨਾਲ ਲਿਖਿਆ ਗਿਆ ਹੈ,ਅਰ ਬੋਧਾਂ ਤਥਾ ਜੈਨੀਆਂ ਦਾ ਬੀ ਚਾਰ ਵਾਕ ਦੇ ਮਤ ਦੇ ਨਾਲ ਮੇਲ ਹੈ,ਅਰ ਕੁਝ ਥੋੜਾ ਜੇਹਾ ਵਿਰੋਧ ਬੀ ਹੈ, ਅਰ ਜੈਨ ਬੀ ਬਹੁਤ ਸਾਰੇ ਅੰਸ਼ਾਂ ਵਿਚ ਚਾਰਵਾਕ ਅਰ ਬੋਧਾਂ ਦੇ ਨਾਲ ਮੇਲ ਰਖਦਾ ਹੈ, ਅਰ ਥੋੜੀਆਂ ਬਾਤਾਂ ਵਿਚ ਭੇਦ ਹੈ, ਏਸ ਲਈ ਜੈਨੀਆਂ ਦੀ ਭਿਨਸ਼ਾਖਾ ਗਿਣੀ ਜਾਂਦੀ ਹੈ, ਉਹ ਭੇਦ ਬਾਹਰਵੇਂ ਸਮੁਲਾਂਸ ਵਿਚ ਲਿਖ ਦਿਤਾ ਹੈ ਜਥਾ ਜੋਗ ਓਥੇ ਹੀ ਸਮਝ ਲੈਣਾਂ, ਜੋ ਏਸਦਾ ਭੇਦ ਹੈ, ਸੋ ਬਾਹਰਵੇਂ ਸਮੁਲਾਂਸ ਵਿਚ ਦਿਖਾਇਆ ਹੈ,ਬੋਧ ਅਰ ਜੈਨਮਤ ਦਾ ਵਿਸ਼ਾ ਬੀ ਲਿਖਿਆ ਹੈ।

ਇਨ੍ਹਾਂ ਵਿਚੋਂ ਬੋਧਾਂ ਦੇ ਦੀਪ ਬੰਸ ਆਦੀ ਪ੍ਰਾਚੀਨ ਗ੍ਰੰਥਾਂ ਵਿਚ ਬੋਧ-ਮਤ ਸੰਗ੍ਰਹ, ਸਰਬ ਦਰਸ਼ਨ ਸੰਗ੍ਰਹ, ਵਿਚ ਦਿਖਾਇਆ ਹੈ, ਉਧੇ ਵਿਚੋਂ ਏਥੇ ਲਿਖਿਆ ਹੈ, ਅਰ ਜੈਨੀਆਂ ਦੇ ਨਿਮਨ ਲਿਖਤ ਸਿਧਾਂਤਾਂ ਦੇ ਗ੍ਰੰਥ ਹਨ, ਉਨ੍ਹਾਂ ਵਿਚੋਂ ੪ ਚਾਰ ਮੂਲ ਸੂਤ੍ਰ ਜਿਸਤਰ੍ਹਾਂ (੧) ਆਵਸ਼ਕ ਸੂਤ੍ਰ (੨) ਵਿਸ਼ੇਸ਼ ਆਵਸ਼ਕਸੂਤ੍ਰ (੩)ਦਸਵੈਕਾਲਕਸੂਤ੍ਰ ਅਰ (੪) ਪਾਖਿਕ ਸੂਤ੍ਰ।

੧੧ ਯਾਰਾਂ ਅੰਗ ਹਨ ਜਿਸਤਰ੍ਹਾਂ (੧) ਆਚਾਰੰਗ ਸੂਤ੍ਰ (੨) ਭੁਗਡਾਂਗ ਸੂਤ੍ਰ (੩) ਥਾਣਾਂਗ ਸੂਤ੍ਰ (੪) ਸਮਵਾਯਾਗਸੂਤ੍ਰ (੫) ਭਗਵਤੀ ਸੂਤ੍ਰ (੬) ਗਿਆਤਾ ਧਰਮ ਕਥਾ ਸੂਤ੍ਰ (੭) ਉਪਾਸ਼ਕਦਸ਼ਾ ਸੂਤ੍ਰ (੮) ਅੰਤ ਗਡ਼ਦਸ਼ ਸੂਤ੍ਰ (੯) ਅਨੁਤੱਰੋ ਵਵਾਈ ਸੂਤ੍ਰ (੧੦) ਵਿਪਾਕ ਸੂਤ੍ਰ ਅਰ (੧੧) ਪ੍ਰਸ੍ਨ ਵਿਆ ਕਰਣ ਸੂਤ੍ਰ॥

੧੨ ਬਾਹਰਾਂ ਉਪਾਂਗ ਹਨ, ਜਿਸਤਰਾਂ (੧) ਉਪਵਾਈ ਸੂਤ੍ਰ (੨) ਰਾਯਪਸੇਨੀ ਸੂਤ੍ਰ (੩) ਜੀਵਾ ਭੀਗੰਮਸੂਤ੍ਰ (੪) ਪਨੱਵਣਾਂ ਸੂਤ੍ਰ (੫) ਜੰਬੂਦੀਪ ਪਨੱਤੀ ਸੂਤ੍ਰ (੬) ਚੰਦਪਨੱਤੀ ਸੂਤ੍ਰ (੭) ਸੂਰਪਨੱਤੀ ਸੂਤ੍ਰ (੮) ਨਿਰੀਯਾਵਲੀ ਸੂਤ੍ਰ [੯] ਕਪਜੇਯਾ ਸੂਤ੍ਰ (੧੦) ਕਪਬੜੀਸਯਾ ਸੂਤ੍ਰ (੧੧) ਪੁੱਪੀਯਾ ਸੂਤ੍ਰ ਅਰ (੧੨) ਪੁਪਚੂਲੀਆ ਸੂਤ੍ਰ।

ਪੰਜ ਕਲਪਸੂਤ੍ਰ ਹਨ, ਜਿਸਤਰਾਂ [੧] ਉੱਤਰਾ ਧੈਨ ਸੂਤ੍ਰ (੨)ਨਿਸੀਥ ਸੂਤ੍ਰ (੩) ਕਲਪ ਸੂਤ੍ਰ (੪) ਵਿਵਹਾਰ ਸੂਤ੍ਰ (੫) ਜੀਤ੍ਰਕਲਪ ਸੂਤ੍ਰ॥

੬ ਛੀ ਛੇਦ ਹਨ ਜਿਸਤਰਾਂ (੧) ਮਹਾ ਨਿਸੀਥ ਬ੍ਰਿਹਦਵਚਨਾਂ ਸੂਤ੍ਰ

(੨) ਮਹਾਂਨਿਸੀਥ ਲਘੁਬਾਚਨਾਂ ਸੂਤ੍ਰ (੩) ਮਧੱਮਵਾਚਨਾਂ ਸੂਤ੍ਰ (੪) ਪਿੰਡ-ਨਿਰੁਕਤੀ ਸੂਤ੍ਰ (੫) ਓਘ ਨਿਰੁਕਤੀ ਸੂਤ੍ਰ (੬) ਪਰਯੂਖਣਾਂ ਸੂਤ੍ਰ ॥

ਦਸ ਪਯਨਾ ਸੂਤ੍ਰ ਹਨ, ਜਿਸਤਰਾਂ (੧) ਚਤੁਸੱਰਣ ਸੂਤ੍ਰ (੨) ਪੱਚਖਾਂਣ ਸੂਤ੍ਰ (੩) ਤਦੁਲਵੈਯਾਲਕ ਸੂਤ੍ਰ, (੪) ਭਗਤੀ ਪਰੀ ਗਿਆਨ ਸੂਤ੍ਰ [੫] ਮਹਾ ਪ੍ਰਤਯਾਖਿਆਨ ਸੂਤ੍ਰ [੬] ਚੰਦਾਵਿਜਯ ਸੂਤ੍ਰ [੭] ਗਣੀ ਵਿਜੈ ਸੂਤ੍ਰ [੮] ਮਰਣ ਸਮਾਧੀ ਸੂਤ੍ਰ [੯] ਦੇਵੇਂਦ੍ਰਸ੍ਤਵਨ ਸੂਤ੍ਰ [੧੦] ਸੰਸਾਰ ਸੂਤ੍ਰ ਤਥਾਨੰਦੀ ਸੂਤ੍ਰ, ਯੋਗ ਉਧੱਾਰ ਸੂਤ੍ਰ ਬੀ ਪ੍ਰਮਾਣਿਕ ਮਨਦੇ ਹਨ ॥

ਪੰਜਾਂਗ ਹਨ [੧] ਪੂਰਬ ਸਭ ਗ੍ਰੰਥਾਂ ਦੀ ਟੀਕਾ [੨] ਨਿਰੁਕਤੀ [੩] ਚਰਣੀ [੪] ਭਾਸ਼ ਏਹ ਚਾਰ ਅਵੈਵ ਅਰ ਸਭ ਮੂਲ ਮਿਲਕੇ ਪੰਜਾਂਗ ਕਹਾਂਦੇ ਹਨ ॥

ਇਨਾਂ ਵਿਚੋਂ ਢੂੰਢੀਏ ਅਵੈਵਾਂ ਨੂੰ ਨਹੀਂ ਮੰਨਦੇ, ਅਰ ਇਨਾਂ ਤੋਂ ਭਿੰਨ ਬੀ ਅਨੇਕ ਗ੍ਰੰਥ ਹਨ ਕਿ ਜਿਨਾਂ ਨੂੰ ਜੈਨੀ ਲੋਗ ਮੰਨਦੇ ਹਨ, ਇਨਾਂ ਦੇ ਮਤ ਦਾ ਵਿਸ਼ੇਸ਼ ਵਿਚਾਰ ਬਾਹਰਵੇਂ ਸਮੁਲੱਾਸ ਵਿਚ ਦੇਖ ਲੌ, ਜੈਨੀਆਂ ਦੇ ਗ੍ਰੰਥਾਂ ਵਿਚ ਲੱਖਾਂ ਪੁਨਰੁਕਤੀ ਦੋਸ ਹਨ, ਅਰ ਇਨਾਂ ਦਾ ਏਹ ਬੀ ਸੁਭਾਵ ਹੈ ਕਿ ਜੋ ਅਪਣਾ ਗ੍ਰੰਥ ਦੂਜੇ ਮਤਵਾਲੇ ਦੇ ਹਥ ਵਿਚ ਹੋਵੇ ਵਾ ਛਾਪੇ ਵਿਚ ਛਪਿਆ ਹੋਵੇ ਤਾਂ ਕੋਈ ਕੋਈ ਓਸ ਗ੍ਰੰਥ ਨੂੰ ਅਪ੍ਰਮਾਂਣ ਕਹਿੰਦੇ ਹਨ, ਏਹ ਬਾਤ ਉਨਾਂ ਦੀ ਝੂਠੀ ਹੈ, ਕਿਉਂਕਿ ਜਿਸਨੂੰ ਕੋਈ ਮੰਨੇ ਕੋਈ ਨਾਂ ਮੰਨੇ ਏਸ ਕਰਕੇ ਉਹ ਗ੍ਰੰਥ ਜੈਨਮਤ ਦੇ ਬਾਹਿਰ ਨਹੀਂ ਹੋਸਕਦਾ, ਹਾਂ ਜਿਸਨੂੰ ਕੋਈ ਨਾਂ ਮੰਨੇ ਅਰ ਨਾਂ ਕਦੀ ਕਿਸੇ ਜੈਨੀ ਨੇ ਮੰਨਿਆ ਹੋਵੇ ਤਦ ਤਾਂ ਜਿਦ ਹੋਸਕਦੀ ਹੈ, ਪ੍ਰੰਤੂ ਅਜੇਹਾ ਕੋਈ ਗ੍ਰੰਥ ਨਹੀਂ ਹੈ ਕਿ ਜਿਸ ਨੂੰ ਕੋਈ ਬੀ ਜੈਨੀ ਨਾਂ ਮਨਦਾ ਹੋਵੇ, ਏਸ ਲਈ ਜੋ ਜਿਸ ਗ੍ਰੰਥ ਨੂੰ ਮਨਦਾ ਹੋਵੇਗਾ ਓਸ ਗ੍ਰੰਥ ਸਬੰਧੀ ਖੰਡਨ ਮੰਡਨ ਬੀ ਓਸਦੇ ਵਾਸਤੇ ਸਮਝਿਆ ਜਾਂਦਾ ਹੈ, ਪ੍ਰੰਤੂ ਕਿਨੇ ਅਜੇਹੇ ਬੀ ਹਨ ਕਿ ਓਸ ਗ੍ਰੰਥ ਨੂੰ ਮੰਨਦੇ ਜਾਂਣਦੇ ਹੋਂਨ ਤਾਂ ਬੀ ਸਭਾ ਵਾ ਸੰਬਾਦ ਵਿਚ ਮੁਕੱਰ ਜਾਂਦੇ ਹਨ, ਏਸ ਕਰਕੇ ਜੈਨ ਲੋਕ ਅਪਣੇ ਗ੍ਰੰਥਾਂ ਨੂੰ ਛਪਾ ਰਖਦੇ ਹਨ, ਦੂਜੇ ਮਤ ਵਾਲਿਆਂ ਨੂੰ ਨਾ ਦੇਂਦੇ ਨਾਂ ਸੁਣਾਂਦੇ ਅਰ ਨਾਂ ਪੜ੍ਹਾਂਦੇ, ਏਸ ਵਾਸਤੇ ਕਿ ਉਂਨਾਂ ਵਿਚ ਅਜੇਹੀਆਂ ਅਜੇਹੀਆਂ ਅਣ ਹੋਣ ਵਾਲੀਆਂ ਗੱਲਾਂ ਭਰੀਆਂ ਪਈਆਂ ਹਨ, ਜਿਨ੍ਹਾਂ ਦਾ ਕੋਈ ਬੀ ਉਤ੍ਰ ਜੈਨੀਆਂ ਵਿਚੋਂ ਨਹੀਂ ਦੇ ਸਕਦਾ, ਝੂਠ ਬਾਤ ਨੂੰ ਛਡ ਦੇਣਾਂ ਹੀ ਉਤ੍ਰ ਹੈ।

ਤੇਰਹਵੇਂ ਸਮੁਲੱਾਸ ਵਿਚ ਈਸਾਈਆਂ ਦਾ ਮਤ ਲਿਖਿਆ ਹੈ, ਏਹ ਲੋਕ ਬਾਇਬਲ ਨੂੰ ਆਪਣਾ ਧਰਮ ਪੁਸਤਕ ਮੰਨਦੇ ਹਨ, ਇਨ੍ਹਾਂ ਦੀ ਵਿਸ਼ੇਸ਼ ਗਲ ਬਾਤ ਉਸੇ ਤੇਰਹਵੇਂ ਸਮੁਲੱਾਸ ਵਿਚ ਦੇਖੋ।

ਚੌਦਵੇਂ ਸਮੁਲੱਾਸ ਵਿਚ ਮੁਸਲਮਾਂਨਾ ਦੇ ਮਤ ਵਿਸ਼ੇ ਵਿਚ ਲਿਖਿਆ

ओ३म्

सच्चिदानन्देश्वराय नमो नमः

अथ सत्यार्थप्रकाशः

ੳਮ

# ਸਤਯਾਰਥ ਪ੍ਰਕਾਸ਼

ओ३म् शन्नो मित्रः शं वरुणः शन्नो भवत्वर्यमा। शन्न इन्द्रो बृहस्पतिः शन्नो विष्णुरुरुक्रमः॥ नमो ब्रह्मणे नमस्ते वायो त्वमेव प्रत्यक्षं ब्रह्मासि। त्वामेव प्रत्यक्षं ब्रह्म वदिष्यामि ऋतं वदिष्यामि सत्यं वदिष्यामि तन्मामवतु तद्वक्तारमवतु। अवतु मामवतु वक्तारम्। ओं शान्तिश्शान्तिश्शान्तिः॥ १॥

ਅਰਥ ( ਓ੩ਮ੍ ) ਏਹ ਓਂਕਾਰ ਸ਼ਬਦ ਪ੍ਰਮੇਸ਼੍ਵਰ ਦਾ ਸਰਬ ਉਤਮ ਨਾਮ ਹੈ, ਕਿਉਂ ਜੋ ਏਸ ਵਿਚ ਅ ( अ ) ਉ ( उ ) ਅਰ ਮ ( म् ) ਤਿੰਨ ਅੱਖਰ ਮਿਲਕੇ ਇਕ ਓਂਮ੍ ਸਮੁਦਾ ਹੋਇਆ ਹੈ,ਏਸ ਇਕ ਨਾਮ ਥੀਂ ਪ੍ਰਮੇਸ਼੍ਵਰ ਦੇ ਬਹੁਤ ਨਾਮ ਆਉਂਦੇ ਹਨ, ਜਿਸਤਰਾਂ ਅਕਾਰਥੀਂ ਵਿਰਾਟ, ਅਗਨੀ, ਅਰ ਵਿਸ਼੍ਵ, ਆਦੀ, ਉਕਾਰ ਥੀਂ ਹਿਰਨੱਯਗਰਭ, ਵਾਯੂ, ਅਰਤੇਜਸ,ਆਦੀ, ਮਕਾਰ ਥੀਂ ਈਸ਼੍ਵਰ, ਆਦਿਤਯ, ਅਰ ਪ੍ਰਾਗਯ, ਆਦੀ ਨਾਮਾਂ ਦਾ ਵਾਚਕ ਅਰ ਗ੍ਰਾਹਕ ਹੈ, ਓਸਦਾ ਅਜੇਹਾ ਹੀ ਵੇਦ ਆਦੀ ਸਤ ਸ਼ਾਸਤ੍ਰਾਂ ਵਿਚ ਸਪਸ਼ਟ ਵਿਆਖਿਆਂਨ ਕੀਤਾ ਹੈ, ਕਿ ਪ੍ਰਕਰਣ ਦੇ ਅਨੁਸਾਰ ਏਹ ਸਭ ਨਾਮ ਪ੍ਰਮੇਸ਼੍ਵਰ ਹੀ ਦੇ ਹਨ. ( ਪ੍ਰਸ਼ਨ ) ਪ੍ਰਮੇਸ਼੍ਵਰ ਥੀਂ ਭਿੰਨ ਅਰਥਾਂ ਦੇ ਵਾਚਕ ਵਿਰਾਟ ਆਦੀ ਨਾਮ ਕਿਉਂ ਨਹੀਂ, ਬ੍ਰਹਮਾਂਡ, ਪ੍ਰਿਥਵੀ, ਆਦੀ ਭੂਤ ਇੰਦ੍ਰ ਆਦੀ ਦੇਵਤਾ, ਅਰ ਵੈਦਕ ਸ਼ਾਸਤ੍ਰ ਵਿਚ ਸੂੰਢ ਆਦੀ ਦਵਾਈਆਂ ਦੇ ਬੀ ਏਹ ਨਾਮ ਹਨ ਵਾ ਨਹੀਂ, ( ਉਤ੍ਰ ) ਹਨ, ਪਰੰਤੂ ਪਰਮਾਤਮਾ ਦੇ ਬੀ ਹਨ,( ਪ੍ਰਸਨ ) ਕੇਵਲ ਦੇਵਾਂ ਦਾ ਗ੍ਰਹਣ ਇਨਾਂ ਨਾਮਾਂ ਕਰਕੇ ਕਰਦੇ ਹੋਵੇ ਨਹੀਂ, ( ਉਤ੍ਰ ) ਤੁਹਾਡੇ ਗ੍ਰਹਣ ਕਰਨ ਵਿਚ ਕੀ ਪ੍ਰਮਾਂਣ ਹੈ, ( ਪ੍ਰਸਨ ) ਦੇਵ ਸਭ ਪ੍ਰਸਿੱਧ ਅਰ ਉਹ ਉੱਤਮ ਬੀ ਹਨ, ਏਸ ਲਈ ਮੈਂ ਉਨਾਂ ਦਾ ਗ੍ਰਹਣ ਕਰਦਾ ਹਾਂ,

( ਉਤ੍ਰ ) ਕੀ ਪ੍ਰਮੇਸ੍ਵਰ ਅਪ੍ਰਸਿੱਧ ਅਰ ਓਸਥੀਂ ਕੋਈ ਉੱਤਮ ਬੀ ਹੈ, ਫੇਰ ਏਹ ਨਾਮ ਪ੍ਰਮੇਸ੍ਵਰ ਦੇ ਬੀ ਕਿਉਂ ਨਹੀਂ ਮਨਦੇ, ਜਦ ਪ੍ਰਮੇਸ਼੍ਵਰ ਅਪ੍ਰਸਿੱਧ ਅਰ ਓਸਦੇ ਤੁੱਲ ਬੀ ਕੋਈ ਨਹੀਂ ਤਾਂ ਓਸਥੀਂ ਉੱਤਮ ਕੋਈ ਕਿਉਂ ਕਰ ਹੋਸਕੇਗਾ, ਏਸ ਲਈ ਤੁਹਾਡਾ ਏਹ ਕਹਣਾ ਸੱਤ ਨਹੀਂ,
ਕਿਉਂ ਜੋਤੁਹਾਡੇ ਏਸ ਕਹਣ ਵਿਚਬਹੁਤ ਸਾਰੇ ਦੋਸ਼ ਬੀ ਆਉਂਦੇ ਹੈਨ ਜਿਸਤਰਾਂ

'उपस्थितं परित्यज्यानुपस्थितं याचत इति वाधित न्याय: ॥'

ਜਿਸਤਰਾਂ ਕਿਸੇ ਨੈ ਕਿਸੀ ਦੇ ਵਾਸਤੇ ਭੋਜਨ ਦਾ ਪਦਾਰਥ ਰਖਕੇ ਕਿਹਾ ਕਿ ਤੁਸੀ ਭੋਜਨ ਕਰੋ ਅਰ ਉਹ ਜੋ ਓਸ ਨੂੰ ਛਡਕੇ ਅਪ੍ਰਾਪਤ ਭੋਜਨ ਦੇ ਵਾਸਤੇ ਇਧਰ ਉਧਰ ਭੌਂਦਾ ਫਿਰੇ ਓਸ ਨੂੰ ਬੁਧਵਾਂਨ ਨਾਂ ਜਾਣਨਾ ਚਾਹੀਏ, ਕਿਉਂ ਜੋ ਉਪਸਥਿਤ ਨਾਮ ਕੋਲ ਪ੍ਰਾਪਤ ਹੋਏ ਪਦਾਰਥ ਨੂੰ ਛਡਕੇ ਅਨ ਉਪਸਥਿਤ ਅਰਥਾਤ ਅਪ੍ਰਾਪਤ ਪਦਾਰਥ ਦੀ ਪ੍ਰਾਪਤੀ ਦੇ ਵਾਸਤੇ ਮੇਹਨਤ ਕਰਦਾ ਹੈ,ਏਸ ਲਈ ਜਿਸ ਤਰਾਂ ਉਹ ਪੁਰਖ ਬੁਧਵਾਂਨ ਨਹੀ ਉਸੇ ਤਰਾਂ ਤੁਹਾਡਾ ਕਥਨ ਹੋਇਆ, ਕਿਉਂ ਜੋ ਤੁਸੀ ਉਨਾਂ ਵਿਰਾਟ ਆਦੀ ਨਾਮਾਂ ਦੇ ਜੋ ਪ੍ਰਸਿਧ ਪ੍ਰਮਾਂਣ ਸਿਧ ਪ੍ਰਮੇਸ੍ਵਰ ਅਰ ਬ੍ਰਹਮਾਂਡਆਂਦੀ ਉਪ ਸਥਿਤ ਅਰਥਾਂ ਦਾ ਤਿਆਗਨ ਕਰਕੇ ਅਣ ਹੋਣੇ ਅਰ ਅਨ ਉਪਸਥਿਤ ਦੇਵਆ ਦੀ ਦੇ ਗ੍ਰਹਣ ਵਿਚ ਮੇਹਨਤ ਕਰਦੇ ਹੋ, ਏਸ ਵਿਚ ਕੋਈ ਬੀ ਪ੍ਰਮਾਂਣ ਵਾ ਜੁਗਤੀ ਨਹੀ, ਜੇ ਤੁਸੀ ਏਹ ਕਹੋ ਕਿ ਜਿੱਥੇ ਜਿਸਦਾ ਪ੍ਰਕਰਣ ਹੈ ਉੱਥੇ ਉਸੇ ਦਾ ਗ੍ਰਹਣ ਕਰਨਾ ਜੋਗ ਹੈ, ਜਿਸਤਰਾਂ

ਕਿਸੇ ਨੈ ਕਿਸੇ ਨੂੰ ਆਖਿਆ ਕਿ

हे भृत्यत्वं सैंधव मानय ॥

ਅਰਥਾਤ ਤੂੰ ਸੇਂਧਵ ਨੂੰ ਲੇਆ, ਤਦ ਓਸ ਨੂੰ ਸਮੇ ਅਰਥਾਤ ਪ੍ਰਕਰਣ ਦਾ ਵਿਚਾਰ ਕਰਨਾ ਜਰੂਰੀ ਹੈ, ਕਿਉਂ ਜੋ ਸੇਂਧਵ ਨਾਮ ਦੁਹਾਂ ਪਦਾਰਥਾਂ ਦਾ ਹੈ, ਇਕ ਘੋੜੇ ਦਾ ਦੂਜਾ ਲੂਣ ਦਾ, ਜੇ ਅਪਣੇ ਮਾਲਕ ਦਾ ਜਾਣਦਾ ਵੇਲਾ ਹੋਵੇ ਤਾਂ ਘੋੜੇ ਅਰ ਭੋਜਨ ਦਾ ਵੇਲਾ ਹੋਵੇ ਤਾਂ ਲੂਣ ਨੂੰ ਲਿਆਉਣਾ ਉਚਿੱਤ ਹੈ, ਅਰ ਜੋ ਚਲੱਣ ਦੇ ਸਮੇਂ ਲੂੰਣ ਅਰ ਭੋਜਨ ਦੇ ਸਮੇਂ ਘੋੜੇ ਨੂੰ ਲੈ ਆਵੇ ਤਾਂ ਓਸ ਦਾ ਮਾਲਕ ਓਸ ਉੱਤੇ ਗੁੱਸਾ ਕਰਕੇ ਕਹਵੇ ਗਾ, ਕਿ ਤੂੰ ਨਿਰਬੁਧ ਪੁਰਖ ਹੈਂ, ਚਲੱਣ ਦੇ ਸਮੇਂ ਲੂੰਣ ਅਰ ਭੋਜਨ ਦੇ ਸਮੇਂ ਘੋੜੇ ਦੇ ਲਿਆਵਣ ਦਾ ਕੀ ਪ੍ਰਯੋਜਨ ਸੀ, ਤੂੰ ਪ੍ਰਕਰਣ ਦੇ ਜਾਣਨ ਵਾਲਾ ਨਹੀਂ ਹੈ ਨਹੀ ਤਾਂ ਜਿਸ ਸਮੇਂ ਜਿਸ ਨੂੰ ਲਿਆਵਣਾਂ ਚਾਹੀਦਾ ਸੀ ਉਸੇ ਨੂੰ ਲਿਆਉਂਦਾ, ਜੋ ਤੈਨੂੰ ਪ੍ਰਕਰਣ ਦਾ ਵਿਚਾਰ ਕਰਨਾ ਜਰੂਰੀ ਸੀ ਉਹ ਤੂੰ ਨੇ ਨਹੀ ਕੀਤਾ ਏਸ ਲਈ ਤੂੰ ਮੂਰਖ ਹੈਂ ਮੇਰੇ ਕੋਲੋਂ ਚਲਿਆ ਜਾ ਏਸ ਥੀਂ ਕੀ ਸਿਧ ਹੋਇਆ ਕਿ ਜਿਥੇ ਜਿਸਦਾ ਗ੍ਰਹਣ ਕਰਨਾ ਉਚੱਤ ਹੋਵੇ ਉੱਥੇ ਉਸੇ ਅਰਥ ਦਾ ਗ੍ਰਹਣ ਕਰਨਾਂ ਚਾਹੀਏ' ਇਸੇ ਤਰਾਂ ਨਾਲ ਸਾਨੂੰ ਅਰ ਤੁਹਾਨੂੰ ਸਭ ਲੋਕਾਂ ਨੂੰ ਮਨਣਾਂ ਅਰ ਕਰਨਾ ਬੀ ਚਾਹੀਏ ॥

## ਮੰਤ੍ਰ ਦਾ ਅਰਥ

ओ३म् खम्ब्रह्म ॥ १ ॥ यजुः० अ० ४० । मं० १७ ॥

ਵੇਖੋ ਵੇਦਾਂ ਵਿਚ ਅਜਹੇ ੨ ਪ੍ਰਕਰਣਾਂ ਵਿਚ ਓਮ੍ ਆਦੀ ਪ੍ਰਮੇਸੁਰ ਦੇ ਨਾਮ ਹਨ ॥

ओमित्येतदक्षरमुद्गीथमुपासीत ॥ २ ॥ छान्दोग्य उप० मं० १ ॥

ओमित्येतदक्षरमिदꣳ सर्वं तस्योपव्याख्यानम् ॥ ३ ॥
माण्डूक्य० मं० १ ॥
सर्वे वेदा यत्पदमामनन्ति तपाꣳसि सर्वाणि च यद्वदन्ति ।
यदिच्छन्तो ब्रह्मचर्य्यं चरन्ति तत्ते पदं सङ्ग्रहेण ब्रवीम्योमित्येतत् ॥ ४ ॥ कठोपनिषत् । वल्ली २ मं० १५ ॥
प्रशासितारं सर्वेषामणीयांसमणोरपि ।

रुक्माभं स्वप्नधीगम्यं विद्यात्तं पुरुषं परम् ॥ ५ ॥

एतमेके वदन्त्यग्निं मनुमन्ये प्रजापतिम् ।

इन्द्रमेके परे प्राणमपरे ब्रह्म शाश्वतम् ॥ ६ ॥ मनु० अ० १२ । श्लो० १२२ । १२३ ।

स ब्रह्मा स विष्णुः स रुद्रस्स शिवस्सोऽक्षरस्स परमः स्वराट् ।

स इन्द्रस्स कालाग्निस्सचन्द्रमाः ॥ ७ ॥ कैवल्य उपनिषत् ॥

इन्द्रं मित्रं वरुणमग्निमाहुरथो दिव्यस्स सुपर्णो गरुत्मान् । एकं सद्विप्रा बहुधा

यदग्न्यग्निं यमं मातरिश्वानमाहुः ॥ ८ ॥ ऋ० मंत्र० १ । अनु० २२ । सू० १६४ । मं० ४६ ॥

भूरसि भूमिरस्यदितिरसि विश्वधाया विश्वस्य भुवनस्य धर्त्री । पृथिवीं यच्छ पृथिवीं दृꣳह पृथिवीं मा हिꣳसीः ॥ ९ ॥ यजु० अ० १३ । मं १८ ॥

इन्द्रो मह्ना रोदसी पप्रथच्छव इन्द्रः सूर्यमरोचयत् । इन्द्रे ह विश्वा भुवनानि येमिर इन्द्रे स्वानास इन्द्रः ॥ १० ॥
सामवे० ७ प्र० ३ अ० ८ सू० । १६ अ० २ खं० ३ सू० २ मं० ॥

प्राणाय नमो यस्य सर्वमिदं वशे ।

यो भूतः सर्वस्येश्वरो यस्मिन्त्सर्वं प्रतिष्ठितम् ॥ ११ ॥

अथर्ववेदे काण्ड ११ । अ० २ । सू० ४ । मं० १ ॥

ਅਰਥ—ਏਥੇ ਇਨਾਂ ਪ੍ਰਮਾਣਾਂ ਦੇ ਲਿੱਖਣ ਵਿਚ ਤਾਤ ਪਰਜ ਇਹੋ ਹੈ ਕਿ ਜੋ ਅਜੇਹੇ ਅਜੇਹੇ ਪ੍ਰਮਾਣਾਂ ਵਿਚ ਓਂਕਾਰ ਆਦੀ ਨਾਮਾਥੀਂ ਪ੍ਰਮੇਸ਼੍ਵਰਦਾ ਗ੍ਰਹਣ ਹੁੰਦਾ ਹੈ ਇਹ ਲਿਖ ਆਏ ਤਥਾ ਪ੍ਰਮੇਸ੍ਵਰ ਦਾ ਕੋਈ ਬੀ ਨਾਮ ਅਨਰਥਕ ਨਹੀਂ ਜਿਸਤਰਾਂ ਲੋਕ ਵਿਚ ਗਰੀਬ ਆਦੀ ਦੇ ਧੰਨਪਤੀ ਆਦੀ ਨਾਮ ਹੁੰਦੇ ਹਨ ਏਸਤੋਂ ਏਹ ਸਿਧ ਹੋਇਆ ਕਿ ਕਿਦੇ ਗੁਣ ਵਾਲੇ, ਕਿਦੇ ਕਰਮ ਵਾਲੇ, ਅਰ ਕਿਦੇ ਸੁਭਾਵ ਵਾਲੇ ਅਰਥਾਂ ਦੇ ਵਾਚਕ ਹਨ॥

ਓਮ੍ ਆਦੀ ਨਾਮ ਸਾਰਥਕ ਹਨ, ਜਿਸਤਰਾਂ

(ओ३म् खं०) "अव तीत्यो म् आकाशमिव व्याप कत्वात्
खम्सर्वे भ्यो बृहत्वाद् ब्रह्म"

ਰਖਿਆ ਕਰਨ ਕਰਕੇ ਓਮ੍ ਅਕਾਸ਼ ਦੀ ਨਿਆਂਈ ਵਿਆਪਕ ਹੋਣ ਕਰਕੇ ( ਖੰ ) ਅਰ ਸਭ ਥੀਂ ਵਡਾ ਹੋਣ ਕਰਕੇ ( ਬ੍ਰਹਮ ) ਈਸ਼੍ਵਰ ਦਾ ਨਾਮ ਹੈ ॥ ੧ ॥ ਓਮ੍ ਜਿਸਦਾ ਨਾਮ ਹੈ ਅਰ ਜੋ ਕਦੇ ਨਸ਼ਟ ਨਹੀਂ ਹੁੰਦਾ, ਉਸੇ ਦੀ ਉਪਾਸ਼ਨਾ ਕਰਨੀ ਜੋਗ ਹੈ ਹੋਰ ਦੀ ਨਹੀਂ ॥ ੨ ॥ ( ओमित्येत० ) ਸਭ ਵੇਦ ਆਦੀ ਸ਼ਾਸਤ੍ਰਾਂ ਵਿਚ ਪ੍ਰਮੇਸ਼੍ਵਰ ਦਾ ਪ੍ਰਧਾਨ ਅਰ ਨਿਜ ਨਾਮ ਓਮ੍ ਨੂੰ ਕਿਹਾ ਹੈ, ਹੋਰ ਸਭ ਨਾਮ ਗਉਣਿਕ ਹਨ ॥ ੩ ॥ ( सर्वेवेदा ) ਕਿਉਂ ਜੋ ਸਭ ਵੇਦ ਸਭ ਧਰਮ ਅਨੁਸਠਾਂਨ ਰੂਪੀ ਤਪਸਿਆ ਜਿਸਦਾ ਕਥਨ ਅਰ ਮਾਂਨ ਕਰਦੇ ਅਰ ਜਿਸਦੀ ਪ੍ਰਾਪਤੀ ਦੀ ਇਛਆ ਕਰਕੇ ਬ੍ਰਹਮ ਚਰਜ ਆਸ੍ਰਮ ਕਰਦੇ ਹਨਓਸਦਾ ਨਾਮ "ਓਮ੍" ਹੈ ॥ ੪ ॥ ( प्रशासिता० ) ਜੋ ਸਭ ਨੂੰ ਸਿਖਆ ਦੇਣੇ ਹਾਰਾ ਸੂਖਮ ਥੀਂ ਸੂਖਮ ਸ੍ਵ ਪ੍ਰਕਾਸ਼ ਸਰੂਪ ਸਮਾਧੀ ਵਿਚ ਲਗੀ ਹੋਈ ਬੁਧ ਨਾਲ ਜਾਣਨ ਦੇ ਜੋਗ ਹੈ' ਓਸ ਨੂੰ ਪਰਮ ਪੁਰਸ਼ ਜਾਣਨਾ ਚਾਹੀਏ' ॥ ੫ ॥ ਅਰ ਸ੍ਵ ਪ੍ਰਕਾਸ ਹੋਣ ਕਰਕੇ 'ਅਗਨੀ' ਵਿਗਿਆਂਨ ਸਰੂਪ ਹੋਣੇ ਕਰਕੇ 'ਮਨੂ'

ਸਭ ਦਾ ਪਾਲਣ ਕਰਨੇ ਅਰ ਪਰਮਈ ਸ੍ਰ ਜਵਾਂਨ ਹੋਣਕਰਕੇ " ਇੰਦ੍ " ਸਭ ਦਾ ਜੀਵਨ ਮੂਲ ਹੋਣ ਕਰਕੇ " ਪ੍ਰਾਣ " ਅਰ ਨਿਰੰਤ੍ਰ ਬਿਆਪਕ ਹੋਣ ਕਰਕੇ ਪ੍ਰਮੇਸ੍ਵਰਦਾ ਨਾਮ " ਬ੍ਰਹਮ " ॥੬॥ (सब्रह्मा स वि०) ਸਬ ਜਗਤ ਦੇ ਬਣਾ-ਨ ਕਰਕੇ " ਬ੍ਰਹਮਾਂ " ਸਭ ਥਾਂ ਵਿਆਪਕ ਹੋਣ ਕਰਕੇ " ਵਿਸਨੂੰ " ਦੁਸਟਾਂ ਨੂੰ ਦੰਡ ਦੇਕੇ ਰੁਲਾਣ ਕਰਕੇ ' ਰੁਦ੍ਰ ' ਮੰਗਲ ਮੈ ਅਰ ਸਭਦਾ ਕਲਿਆਣ ਕਰਤਾ ਹੋਣ ਕਰਕੇ " ਸ਼ਿਵ "

"यः सर्वमश्नुते नक्षरति न विनश्यपति तदक्षरम्"

"यः स्वयंराजते सस्वराट् यो ग्निरिवकाल:
कलयिता प्रलयकर्ता सकालाग्निरीश्वर:"

( अक्षर )ਜੋ ਸਭ ਥਾਂ ਬਿਆਪਕ ਅਬਨਾਸ਼ੀ ( स्वराट् ) ਸਜ਼ੰ ਪ੍ਰਕਾਸ਼ ਸਰੂਪ ਅਰ ( कालाग्नि ) ਪ੍ਰਲੇ ਵਿਚ ਸਭਦਾ ਕਾਲ ਅਰ ਕਾਲਦਾ ਬੀ ਕਾਲ ਹੈ, ਏਸ ਲਈ ਪ੍ਰਮੇਸ੍ਵਰ ਦਾ ਨਾਮ ਕਾਲ ਅਗਨੀ ਹੈ ॥ ੭ ॥ (इन्द्रमध) ਜੋ ਇਕ ਅ-ਦੁਤੀ ਸਤ ਬ੍ਰਹਮ ਬਸਤੂ ਹੈ ਉਸ ਦੇ ਇੰਦ੍ਰ ਆਦੀ ਸਭ ਨਾਮਹਨ ॥

"दिषु शुद्देषु पदार्थेषु भवो दिव्य:" शोभनानि पर्णानि पालानि पूर्णानि कर्माणि वायस्य स:" यो गुर्वात्मा स गुरुत्मान्" यो मात रिश्वा वायुरिव बलवान् स मारिश्वा'

( दिव्य ) ਜੋ ਪ੍ਰਕ੍ਰਿਤੀ ਆਦੀ ਦਿਬੱ ਪਦਾਰਥਾਂ ਵਿਚ ਵਿਆਪਕ (सुपर्ण) ਜਿਸਦੇ ਉਤੱਮ ਪਾਲਣ ਅਰ ਪੂਰਣ ਕਰਮ ਹਨ, (गरुत्मान्) ਜਿਸਦਾ ਆਤਮਾ ਅਰਥਾਤ ਸਰੂਪ ਮਹਾਂਨ ਹੈ, ਜੋ ਹਵਾ ਦੀ ਨਿਆਈ ਅਨੰਤ ਬਲਵਾਂਨ ਹੈ, ਏਸ ਲਈ ਪ੍ਰਮਾਤਮਾ ਦੇ ਦਿਬੱ 'ਸੁਪਰਣ, ਗਰੁਤਮਾਨ, ਅਰ ਮਾਤਰਿਸ੍ਵਾ'ਏਹ ਨਾਂਮ ਹਨ। ਬਾਕੀ ਨਾਮਾਂ ਦੇ ਅਰਥ ਅਗੇਂ ਲਿਖਾਂਗੇ ॥ ੮ ॥ (भूमिरसि)

"भवन्ति भूतानि यस्यां सा भूमि"

ਜਿਸ ਵਿਚ ਸਭ ਭੂਤ ਪ੍ਰਾਣੀ ਹੁੰਦੇ ਹਨ ਏਸ ਲਈ ਈਸ਼੍ਵਰ ਦਾ ਨਾਮ 'ਭੂਮੀ' ਹੈ। ਬਾਕੀ ਨਾਮਾ ਦਾ ਅਰਥ ਅਗੇ ਲਿੱਖਾਂ ਗੇ ॥੯॥ (इन्द्रोमज्ञा०) ਏਸ ਮੰਤ੍ਰ ਵਿਚ ਇੰਦ ਪ੍ਰਮੇਸ੍ਵਰ ਹੀ ਦਾ ਨਾਮ ਹੈ ਏਸ ਲਈ ਏਹ ਪ੍ਰਮਾਣ ਲਿਖ-ਆ ਹੈ॥੧੦॥(प्राणाय०) ਜਿਸ ਤਰਾਂ ਪ੍ਰਾਣ ਦੇ ਵਸ ਸਭ ਸ਼ਰੀਰ ਇੰਦ੍ਰੀਆਂ ਹੁੰਦੀਆਂ ਹਨ ਉਸੇ ਤਰਾਂ ਪਰਮੇਸ੍ਵਰ ਦੇ ਵਸ ਵਿਚ ਸਭ ਜਗਤ ਰਹਿੰਦਾ ਹੈ॥੧੧॥

ਇਤਆਦੀ ਪ੍ਰਮਾਣਾਂ ਦੇ ਠੀਕ ਠੀਕ ਅਰਥਾਂਦੇ ਜਾਣਨ ਥੀਂ ਇਨਾਂ ਨਾਮਾਂ ਕਰਕੇ ਪ੍ਰਮੇਸ੍ਵਰ ਹੀ ਦਾ ਗ੍ਰਹਣ ਹੁੰਦਾ ਹੈ ਕਿਉਂ ਜੋ ਓਮ੍ਰਅਰ ਅਗਨੀ ਆਦੀਨਾਮਾਂ ਦੇ ਮੁਖ ਅਰਥ ਥੀਂ ਪ੍ਰਮੇਸ੍ਵਰ ਹੀ ਕਾ ਗ੍ਰਹਣ ਹੁੰਦਾ ਹੈ'ਜਿਸਤਰਾਂ ਕਿ ਵਿਆ ਕ-ਰਣ' ਨਿਰੁਕਤ' ਬ੍ਰਾਹਮਣ' ਸੂਤ੍ਰ ਆਦੀ ਰਿਸੀਆਂ ਮੁਨੀਆਂ ਦੇ ਵਿਆਖਿਆਨਾ ਥੀਂ ਪ੍ਰਮੇਸ਼੍ਵਰ ਦਾ ਗ੍ਰਹਣ ਵੇਖਣ ਵਿਚ ਆਂਉਦਾ ਹੈ ਉਸੇ ਤਰਾਂ ਨਾਲ ਗ੍ਰਹਣ

ਕਰਨਾ ਸਭ ਨੂੰ ਜੋਗ ਹੈ,ਪ੍ਰੰਤੂ" ਓਮ" ਏਹ ਤਾਂ ਨਿਰਾ ਪ੍ਰਮਾਤਮਾ ਹੀ ਦਾ ਨਾਮ ਹੈ ਅਰ ਅਗਨੀ ਆਦੀ ਨਾਮਾ ਥੀਂ ਪ੍ਰਮੇਸ੍ਰ ਦੇ ਗ੍ਰਹਣ ਵਿਚ ਪ੍ਰਕਰਣ ਅਰ ਵਸ਼ੇਸ਼ ਨਿਯੱਮ ਕਾਰਕ ਹੈ । ਇਸ ਤੋਂ ਕੀ ਸਿਧ ਹੋਇਆ ਕਿ ਜਿੱਥੇ ਜਿੱਥੇ ਸਤੁੱਤੀ' ਪ੍ਰਾਰ ਥਨਾ 'ਉਪਾਸਨਾ' ਸਰਬਗ' ਵਿਆਪਕ' ਸ਼ੁਧ' ਸਨਾਤਨ' ਅਰ ਸ੍ਰਿਸਟੀ ਕਰਤਾ' ਆਦੀ ਵਿਸ਼ੇਸ਼ਣ ਲਿਖੇ ਹਨ ਉਥੇ ਉਨਾਂ ਨਾਮਾ ਥੀਂ ਪ੍ਰਮੇਸ਼੍ਰਰਦਾ ਗ੍ਰਹਣ ਹੁੰਦਾ ਹੈ' ਅਰਜਿਥੇ ਜਿਥੇ ਅਜਹੇ ਪ੍ਰਕਰਣਹਨ ਕਿ:—

ततो विराडजायत विराजो अधिपूरुषः।

श्रोत्राद्वायुश्च प्राणश्च मुखादग्निरजायत।

तेन देवा अयजन्त।

पद्भ्यां भूमिमथो पुरः यजु: १० अ० ३१।

तस्माद्वा एतस्मादातमन आकाशः सम्भूत:। आकाशाद्वायु:।

वायोरग्नि:। अग्नेराप:। अद्भ्यः पृथिवी।

पृथिव्या ओषधय:। ओषधिभ्योऽन्नम्। अन्नाद्रेत:। रेतसः

पुरुषः। स वा एष पुरुषोऽन्नरसमयः॥

तैत्तिरीयोपनिषद् ब्रह्मानंद वल्ली प्रथमानुवाक

ਏਹ ਤੈਤ ਰੀਯ ਉਪਨਿਸਦ ਦਾ ਬਚਨ ਹੈ ਅਜਹੇ ਪ੍ਰਮਾਂਣਾ ਵਿਚ ਵਿਰਾਟ, ਪੁਰਸ, ਦੇਵ, ਅਕਾਸ਼, ਵਾਯੂ, ਅਗਨੀ, ਜਲ, ਭੂਮੀ, ਆਦੀ ਨਾਮ ਲੌਕਿਕ ਪਦਾਰਥਾਂ ਦੇ ਹੁੰਦੇ ਹਨ । ਕਿਂਉ ਜੋ ਜਿਥੇ ਜਿਥੇ ਉਤਪਤੀ' ਸਥਿਤੀ' ਪ੍ਰਲੇ, ਅਲਪਗ, ਜੜ, ਦ੍ਰਿਸ, ਆਦੀ ਵਸ਼ੇਸ਼ਣ ਬੀ ਲਿਖੇ ਹੋਨ ਉਥੇ ਉਥੇ ਪ੍ਰ-ਮੇਸ੍ਰ ਦਾ ਗ੍ਰਹਣ ਨਹੀ ਹੁੰਦਾ ਉਹ ਉਤ ਪੱਤੀ ਆਦੀ ਵਿਹਾਰਾਂ ਥੀਂ ਪ੍ਰਥਕ ਹੈ ਅਰ ਉਪਰ ਲਿਖੇ ਹੋਏ ਮੰਤ੍ਰਾਂ ਵਿਚ ਉਤਪੱਤੀ ਆਦੀ ਵਿਹਾਰ ਹਨ ਏਸ ਲਈ ਏਥੇ ਵਿਰਾਟ ਆਦੀ ਨਾਮਾਂ ਥੀਂ ਪ੍ਰਮਾਤਮਾਂ ਦਾ ਗ੍ਰਹਣ ਨਾ ਹੋਕੇ ਸੰਸਾਰ ਦੇ ਪਦਾਰ ਥਾਂ ਦਾ ਗ੍ਰਹਣ ਹੁੰਦਾ ਹੈ ਕਿੰਤੂ ਜਿਥੇ ੨ ਸਰਬਗੱ ਆਦੀ ਵਸੇਸਣ ਹੋਨ ਉੱਥੇ੨ ਪ੍ਰਮਾਤਮਾ ਅਰ ਜਿਥੇੱ ੨ ਇਛਿਆ, ਦ੍ਵੈਸ' ਪ੍ਰਜਤਨ,ਸੁਖ,ਦੁਖ,ਅਰਅਲਪਗੱ ਆਦੀ ਵਸੇਸਣ ਹੋਨ ਉਥੇ ੨ ਜੀਵ ਦਾ ਗ੍ਰਹਣ ਹੁੰਦਾ ਹੈ ਏਸ ਤਰਾਂ ਸਭ ਥਾਂ ਸਮਝਣਾ ਚਾਹੀਏ ਕਿਉਂ ਜੋ ਪ੍ਰਮੇਸ੍ਰ ਦਾ ਜਨਮ ਮਰਣ ਕਦੀ ਨਹੀਂ ਹੁੰਦਾ ਏਸ ਲਈ ਵਿਰਾਟ ਆਦੀ ਨਾਮ ਅਰ ਜਨਮ ਆਦੀ ਵਸ਼ੇਸ਼ਣਾਂ ਥੀਂ ਜਗਤ ਦੇ ਜੜ ਅਰ ਜੀਵ ਆਦੀ ਪਦਾਰਥਾਂ ਦਾ ਗ੍ਰਹਣ ਕਰਨਾ ਉਚਿਤ ਹੈ ਪ੍ਰਮੇਸ਼੍ਰਰਦਾਨਹੀ।

ਹੁਣ ਜਿਸ ਪ੍ਰਕਾਰ ਵਿਰਾਟ ਆਦੀ ਨਾਮਾ ਥੀਂ ਪ੍ਰਮੇਸ਼੍ਰਰ ਦਾ ਗ੍ਰਹਣ ਹੁੰਦਾ ਹੈ ਉਹ ਪ੍ਰਕਾਰ ਹੇਠਾਂ ਲਿਖੇ ਪ੍ਰਮਾਣ ਜਾਣੋ ।

अथ थीं कारार्थः।

(वि) ਉਪਸਰਗ ਪੂਰਬਕ (राजृदीप्तौ) ਏਸ ਧਾਤੂ ਥੀਂ ਕ੍ਵਿਪ੍ ਪ੍ਰਤੈ ਕਰਨ ਨਾਲ ਵਿਰਾਟ ਸਬਦ ਸਿਧ ਹੁੰਦਾ ਹੈ।

"यो विविधं नाम चराऽचरं जगद्राजयति प्रकाशयति स विराट्"

ਜੋ ਬਹੁਤ ਪ੍ਰਕਾਰ ਦੇ ਜਗਤ ਨੂੰ ਪ੍ਰਕਾਸਤ ਕਰੇ ਏਸ ਲਈ ਵਿਰਾਟ ਨਾਮ ਥੀਂ ਪ੍ਰਮੇਸਰ ਦਾ ਗ੍ਰਹਣ ਹੁੰਦਾ ਹੈ। (अञ्चु गति पूजनयो:) 'ਅਗ' 'ਅਗੀ' 'ਇਣ' ਗਤੀ ਅਰਥ ਵਿਚ ਧਾਤੂ ਹਨ ਇਨਾਂ ਥੀਂ 'ਅਗਨੀ' ਸਬਦ ਸਿਧ ਹੁੰਦਾ ਹੈ।

"गतेस्त्रयोऽर्था:" ज्ञानं गमनं प्राप्ति श्चेति" पूजनं नाम सतकार:

"योऽञ्चति अच्यतेऽगत्यङ्ग गत्येति सोऽयमग्नि:"

ਜੋ ਗਿਆਂਨ ਸਰੂਪ, ਸਰਬਗੱ, ਜਾਣਨੇ, ਪ੍ਰਾਪਤ ਹੋਣੇ ਅਰ ਪੂਜਾ ਕਰਨੇ ਜੋਗ ਹੈ ਏਸ ਲਈ ਓਸ ਪ੍ਰਮੇਸਵਰ ਦਾ ਨਾਂਮ 'ਅਗਨੀ' ਹੈ (विश्प्रावेशने) ਏਸ ਧਾਤੂ ਥੀਂ 'ਵਿਸ਼੍ਰ' ਸਬਦ ਸਿਧ ਹੁੰਦਾ ਹੈ।

"विशन्ति प्रविष्टानि सर्वाण्याकाशादीनि भूतानि यस्मिन् योवाऽऽकाशादिषु सर्वेषु भूतेषु प्रविष्ट: सविश्व ईश्वर:

ਜਿਸ ਵਿਚ ਅਕਾਸ ਆਦੀ ਭੂਤ ਪ੍ਰਵੇਸ ਕਰ ਰਹੇ ਹਨ ਅਥਵਾ ਜੋ ਇਨ੍ਹਾਂ ਵਿਚ ਬਿਆਪਕ ਹੋਕੇ ਪ੍ਰਵਿਸ਼੍ਰ ਹੋ ਰਹਿਆ ਹੈ ਏਸ ਲਈ ਓਸ ਪ੍ਰ-ਮੇਸ੍ਵਰ ਦਾ ਨਾਮ ਵਿਸ਼੍ਰ ਹੈ ਇਤ ਆਦੀ ਨਾਮਾਂ ਦਾ ਗ੍ਰਹਣ ਅਕਾਰ ਮਾਤ੍ਰਾ ਥੀਂ ਹੁੰਦਾ ਹੈ।

"ज्योतिर्वै हिरण्यं तेजो वै हिरण्य मित्यैतरेये शतपथे च ब्राह्मणे"

यो हिरण्यानां सूर्यादीनां तेजसांगर्भउत्पत्तिनिमित्तधिकरणं स हिरण्यगर्भ:"

ਜਿਸ ਵਿਚ ਸੂਰਜ ਆਦੀ ਤੇਜ ਵਾਲੇ ਲੋਕ ਉਤਪੰਨ ਹੋਕੇ ਜਿਸਦੇ ਅਧਾਰ ਰੇਂਹਦੇ ਹਨ ਅਥਵਾ ਜੋ ਸੂਰਜ ਆਦੀ ਤੇਜ ਸਰੂਪ ਪਦਾਰਥਾਂ ਦਾ ਗਰਭ ਨਾਮ ਅਰ ਠਹਰਨ ਦੀ ਜਗਹਿਹੈ ਏਸਲਈ ਓਸ ਪ੍ਰਮੇਸ੍ਵਰ ਦਾ ਨਾਮ 'ਹਿਰਨਯਗਰਭ' ਏਸ ਵਿਚ ਜੁਰਵੇਦ ਦੇ ਮੰਤ੍ਰ ਦਾ ਪ੍ਰਮਾਣ ਹੈ:-

हिरण्यगर्भ: समवर्त्तताग्रे भूतस्य जात: पतिरेक आसीत।

स दाधार पृथिवीं द्यामतेमां कस्मै देवाय हविषा विधेम ॥

यजु: ० अ १३। सं ० ४॥

ਇਤ ਆਦੀ ਜਗਾਂਹ ਵਿਚ 'ਹਿਰਨੱਜ ਗਰਭ' ਥੀਂ ਪ੍ਰਮੇਸ੍ਵਰ ਹੀ ਦਾ ਗ੍ਰਹਣ ਹੁੰਦਾ ਹੈ। (वागत्ति गन्धनयो:) ਏਸ ਧਾਤੂ ਥੀਂ 'ਵਾਯੂ' ਸਬਦ ਸਿਧ ਹੁੰਦਾ ਹੈ

( गन्धनंहिंसनम् )"यो वाति चराऽचरं जगद्धरति बलिनां बलिष्ठः॥ स वायु"
ਜੋ ਚਰਾ ਚਰ ਜਗਤ ਦਾ ਧਾਰਣ ਜੀਵਣ ਅਰ ਪ੍ਰਲੈ ਕਰਨ ਵਾਲਾ ਅਰ ਸਭ ਬੱਲਵਾਂਨਾਂ ਥੀਂ ਬਲਵਾਂਨ ਹੈ ਏਸ ਲਈ ਓਸ ਈਸ੍ਵਰ ਦਾ ਨਾਮ 'ਵਾਯੂ' ਹੈ। (तिजनिशाने)ਏਸ ਧਾਤੂਥੀਂ ਤੇਜਃ ਅਰ ਏਸ ਥੀਂ ਤਦਿੱਧਤ ਕਰਨ ਕਰਕੇ 'ਤੈਜਸ' ਸ਼ਬਦ ਸਿਧ ਹੁੰਦਾ ਹੈ ਜੋ ਆਪ ਸ੍ਵੰਯੰ ਪ੍ਰਕਾਸ ਅਰ ਸੂਰਜ ਆਦੀ ਤੇਜਸ੍ਵੀ ਲੋਕਾਂ ਦਾ ਪ੍ਰਕਾਸ ਕਰਨ ਵਾਲਾ ਹੈ । ਏਸ ਥੀਂ ਓਸ ਈਸਵਰ ਦਾ ਨਾਂਮਾ ,ਤੈਜਸ' ਹੈ। ਇਤਆਦੀ ਨਾਂਮ ਅਰਥ ਉਕਾਰ ਮਾਤ੍ਰਾ ਥੀਂ ਗ੍ਰਹਣ ਹੁੰਦੇ ਹਨ। ( ईशऐश्वर्ये )ਏਸ ਧਾਤੂ ਥੀਂ 'ਈਸ੍ਵਰ' ਸਬਦ ਸਿਧ ਹੁੰਦਾ ਹੈ

"य ईष्टे सर्वैश्वर्यवान् वर्त्तते स ईश्वरः'

ਜਿਸਦਾ ਸਤ ਵਿਚਾਰ ਸੀਲ ਗਿਆਨ ਅਰ ਅਨੰਤ ਈਸ੍ਵਰਜ ਹੈ ਏਸ ਲਈ ਓਸ ਪ੍ਰਮਾਤਮਾ ਦਾ ਨਾਮ ਈਸ੍ਵਰ ਹੈ ।

(दो अवखण्डने) ਏਸ ਧਾਤੂ ਥੀਂ 'ਅਦਿਤੀ'ਅਰ ਏਸ ਥੀਂ ਤਦਧਿਤ ਕਰਨ ਥੀਂ 'ਆਦਤਜ'ਸਬਦ ਸਿਧ ਹੁੰਦਾ ਹੈ

"न विद्यते विनाशोयस्यांसोऽयमदितिः अदितिरेवआदित्यः"

ਜਿਸਦਾ ਬਿਨਾਸ ਕਦੀ ਨਾ ਹੋਵੇ ਓਸ ਈਸ੍ਵਰ ਦਾ 'ਆਦਿਤਜਾ' ਨਾਮਹੈ। ( ज्ञाअवबोधने ) 'ਪ੍ਰ' ਪੂਰਬਕ ਏਸਧਾਤੂ ਥੀਂ 'ਪ੍ਰਗਿਆ' ਅਰ ਏਸ ਥੀਂ ਤਦਧਿਤ ਕਰਨ ਨਾਲ' ਪ੍ਰਾਗ'ਸਬਦ ਸਿਧ ਹੁੰਦਾ ਹੈ।

"यःपकृष्टतया चराऽचरस्य जगतो व्यवहारं जानाति प्रज्ञाः+प्रज्ञ । एवप्राज्ञः"

ਜੋ ਨਿਰ ਭ੍ਰਾਂਤ ਗਿਆਨ ਜੁਕਤ ਸਭ ਚਰਾਚਰ ਜਗਤ ਦੇ ਵਿਹਾਰ ਨੂੰ ਜਥਾਵਤਜਾਣਦਾਹੈ ਏਸ ਲਈ ਓਸ ਈਸ੍ਵਰ ਦਾ ਨਾਮ 'ਪ੍ਰਾਗ' ਹੈ। ਇਤਆਦੀ ਨਾਮ ਅਰਥ ਮਕਾਰ ਥੀਂ ਗ੍ਰਹਣ ਹੁੰਦੇ ਹਨ ।

ਜਿਸਤਰਾਂ ਇਕ ੨ ਮਾਤ੍ਰਾਂ ਥੀ ਤਿਨ ੨ ਅਰਥਾਂ ਦਾ ਏਥੇ ਵਿਆਖਜਾਨ ਕੀਤਾ ਹੈ' ਉਸੇ ਤਰਾਂ ਹੋਰ ਨਾਂਮ ਅਰਥ ਬੀ ਓੰਕਾਰ ਥੀਂ ਜਾਣੇ ਜਾਂਦੇ ਹਨ। ਜੋ (शन्नोमित्रःशंव०)ਏਸਮੰਤ੍ਰਵਿਚਮਿਤ੍ਰਆਦੀ ਨਾਮਹਨਉਹਬੀਪਰਮੇਸਰਦੇਹਨ ਕਿਉਂਕਿ 'ਸਤੁਤੀ' ਪ੍ਰਾਰਥਨਾ, ਉਪਾਸਨਾਂ, ਸ੍ਰੇਸ੍ਰ ਹੀ ਦੀ ਕੀਤੀ ਜਾਂਦੀ ਹੈ ਸ੍ਰੇਸਟ ਓਸਨੂੰ ਕੰਹਦੇ ਹੰਨ ਜੋ 'ਗੁਣ' ਕਰਮ, 'ਸੁਭਾਵ' ਅਰਸਤ ਸਤ ਵਿਹਾਰਾਂ ਵਿਚ ਸਭ ਤੋਂ ਵਧੀਕ ਹੋਵੇ ਉਨ੍ਹਾਂ ਸਭ ਸ੍ਰੇਸਟਾਂ ਵਿਚ ਬੀ ਜੋ ਅਤਜੰਤ ਸ੍ਰੇਸਟ ਓਸਨੂੰ ਪ੍ਰਮੇਸ੍ਵਰ ਕੰਹਦੇ ਹੰਨ ਜਿਸਦੇ ਤੁਲ ਕੋਈ ਨਾਂ ਹੋਇਆ ਨਾਂ ਹੈ ਅਰ ਨਾਂ ਹੋਸੀ। ਜਦ ਤੁਲ ਨਹੀਂ ਤਾਂ ਓਸ ਥੀਂ ਵਧੀਕ ਕਿੰਉਕਰ ਹੋ ਸਕਦਾ ਹੈ । ਜਿਸਤਰਾਂ ਪ੍ਰਮੇਸ੍ਵਰ ਦੇ ਸਤ ਨਿਆਂ ਦਇਆ ਸਰਬ ਸਾਮ੍ਰਥ ਅਰਸਰਬਗ ਪਣ ਆਦੀ ਅੰਨੰਤ ਗੁਣ ਹੰਨ ਓਸਤਰਾਂ ਹੋਰ ਕਿਸੇ ਜੜ ਪਦਾਰਥ ਵਾ ਜੀਵ ਦੇ ਨਹੀਂ ਜੋ

ਪਦਾਰਥ ਸਤ ਹੈ ਓਸਦੇ ਗੁਣ, ਕਰਮ, ਸੁਭਾਵ, ਥੀ ਸਤ ਹੁੰਦੇ ਹਨ ਏਸ ਲਈ ਮਨੁਖਾਂ ਨੂੰ ਜੋਗ ਹੈ ਕਿ ਪ੍ਰਮੇਸ਼ੂਰ ਹੀ ਦੀ ਉਸਤਤੀ, ਪ੍ਰਾਰਥਨਾ, ਅਰ ਉਪਾਸ਼ਨਾ ਕਰਨ। ਓਸ ਥੀਂ ਭਿਨਦੀ ਕਦੀ ਨਾ ਕਰਨ ਕਿਉਂ ਜੋ ਬ੍ਰਹਮਾਂ, ਵਿਸ਼ਨੂ, ਮਹਾਂਦੇਵ ਨਾਂਮ ਵਾਲੇ ਪਹਿਲੇ ਮਹਾਂਸ਼ੇ ਵਿਦਵਾਂਨ, ਦੈਤ, ਦਾਨਵ ਆਦੀ ਨਕ੍ਰਿਸ਼ਟ ਮਨੁਖ ਅਰ ਅੱਨਜ ਸਧਾਰਣ ਮਨੁੱਖਾਂ ਨੈ ਥੀ ਪਰਮੇਸ਼ੂਰ ਵਿਚ ਹੀ ਵਿਸ਼੍ਵਾਸ ਕਰਕੇ ਉਸੇ ਦੀ ਉਸਤਤੀ, ਪ੍ਰਾਰਥਨਾ, ਅਰ ਉਪਾਸ਼ਨਾਂ ਕੀਤੀ ਓਸ ਥੀਂ ਭਿਨ ਦੀ ਨਹੀਂ ਕੀਤੀ ਉਸੇ ਤਰਾਂ ਸਾਨੂੰ ਸਭਣਾਂ ਨੂੰ ਕਰਨੀ ਜੋਗ ਹੈ ਏਸ ਦਾ ਵਸ਼ੇਸ਼ ਵਿਚਾਰ ਮੁਕਤੀ ਅਰ ਉਪਾਸ਼ਨਾ ਵਿਸ਼ੇ ਵਿਚ ਕੀਤਾ ਜਾਵੇਗਾ।

( ਪ੍ਰਸ਼ਨ ) ਮਿਤ੍ਰ ਆਦੀ ਨਾਮਾ ਥੀਂ ਸਖਾ, ਅਰ ਇੰਦ੍ਰ ਆਦੀ ਦੇਵਾਂ ਦੇ ਪ੍ਰਸਿਧ ਵਿਹਾਰ ਵੇਖਣ ਥੀਂ ਉਨਾਂ ਦਾ ਹੀ ਗ੍ਰਹਣ ਕਰਨਾ ਚਾਹੀਏ। ( ਉਤ੍ਰ ) ਏਥੇ ਉਨਾਂ ਦਾ ਗ੍ਰਹਣ ਕਰਨਾਂ ਜੋਗ ਨਹੀਂ ਕਿਉਂ ਜੋ ਮਨੁਖ ਕਿਸੇ ਦਾ ਮਿਤ੍ਰ ਹੈ ਉਹੀ ਹੋਰਦਾ ਵੈਰੀ ਅਰ ਕਿਸੇ ਨਾਲ ਉਦਾਸੀਨ ਥੀ ਵੇਖਣ ਵਿਚ ਆਉਂਦਾ ਹੈ ਏਸ ਲਈ ਮੁਖ ਅਰਥ ਵਿਚ ਸਖਾ ਆਦੀ ਦਾ ਗ੍ਰਹਣ ਨਹੀ ਹੋ ਸਕਦਾ ਕਿੰਤੂ ਜਿਸਤਰਾਂ ਪਰਮੇਸ਼ੂਰ ਸਭ ਜਗਤ ਦਾ ਨਿਸ ਚਿਤ ਮਿਤ੍ਰ ਨਾ ਕਿਸੇ ਦਾ ਸਤ੍ਰੂ ਅਰ ਨਾ ਕਿਸੇ ਤੋਂ ਉਦਾਸੀਨ ਹੈ ਏਸਤੋਂ ਭਿੰਨ ਕੋਈ ਥੀ ਜੀਵ ਏਸ ਪ੍ਰਕਾਰ ਦਾ ਕਦੀ ਨਹੀ ਹੋ ਸਕਦਾ ਏਸ ਲਈ ਪਰਮਾਤਮਾ ਦਾ ਹੀ ਗ੍ਰਹਣ ਏਥੇ ਹੁੰਦਾ ਹੈ ਹਾਂ ਗਉਣ ਅਰਥ ਵਿਚ ਮਿਤ੍ਰ ਆਦੀ ਸ਼ਬਦ ਥੀਂ ਚੰਗੇ ਮਨੁਖਾਂ ਦਾ ਗ੍ਰਹਣ ਹੁੰਦਾ ਹੈ।
(ञिमिदा सनेहने)ਏਸ ਧਾਤੂ ਥੀਂ ਔਣਾਦਿਕ 'ਕ੍ਰ' ਪ੍ਰਤੈ ਦੈ ਹੋਣਥੀਂ "ਮਿਤ੍ਰ" ਸ਼ਬਦ ਸਿਧ ਹੁੰਦਾ ਹੈ

"मेद्यति स्नह्यति स्निह्यते वास मित्रः"

ਜੋ ਸਭ ਨੂੰ ਸਨੇਹ ਕਰਕੇ ਅਰ ਸਭਨੂੰ ਪ੍ਰੀਤੀ ਕਰਨੇ ਜੋਗ ਹੈ ਏਸ ਲਈ ਓਸ ਪਰਮੇਸ਼ੂਰ ਦਾਨਾਂਮ ਮਿਤ੍ਰ ਹੈ ॥
,( वृञ् वरणे वरईप्सायाम् ) ਇਨਾਂ ਧਾਤੂਆਂ ਥੀਂ ਉਣਾਦੀ 'ਉਨਨ' ਪ੍ਰਤੈ ਹੋਣਥੀਂ 'ਵਰੁਣ' ਸ਼ਬਦ ਸਿਧ ਹੁੰਦਾ ਹੈ
यः सर्वान् शिष्टान् मुमुक्षुन्धर्मात्मनो वृणोत्यथवाऽयः शिष्टै र्मुमुक्षु भिर्धर्मात्मभिर्व्रियतेव र्य्यते वा स वरुणः परमेश्वरः'
ਜੋ ਆਤਮ ਯੋਗੀ, ਵਿਦਵਾਂਨ, ਚੰਗੇ, ਮਮੁਖੂ, ਮੁਕਤ, ਅਰ ਧਰਮਾਤਮਾਓਂ ਥੀਂ ਗ੍ਰਹਣਕੀਤਾ ਜਾਂਦਾ ਹੈ ਉਹ ਈਸ਼ੂਰ 'ਵਰੁਣ' ਨਾਮ ਵਾਲਾ ਹੈ। ਅਥਵਾ

'वरुणो नाम वरः श्रेष्ठः'

ਜਿਸ ਲਈ ਪਰਮੇਸ਼ੂਰ ਸ਼ਬਦ ਥੀਂ ਸ੍ਰੇਸ਼ਟ ਹੈ ਏਸ ਲਈ ਓਸਦਾ ਨਾਮ 'ਵਰੁਣ' ਹੈ

( ऋगति प्रापण योः )

ਇਸ ਧਾਤੂ ਥੀਂ 'ਯਤ' ਪ੍ਰਤੇ ਕਰਨੇ ਥੀਂ 'ਅਰਯ' ਸ਼ਬਦ ਸਿਧ ਹੁੰਦਾ ਹੈ ਅਰ 'ਅਰਯ' ਪੂਰਬਕ( माङ माने ) ਇਸ ਧਾਤੂ ਥੀਂ ਕਨਨ ਪ੍ਰਤੇ ਹੋਣ ਥੀਂ 'ਅਰ-ਯਮਾ' ਸ਼ਬਦ ਸਿਧ ਹੁੰਦਾ ਹੈ ॥

'यो ऽर्यान् स्वामिनो न्याया धी शान् मिमीते मा न्यान् करोति सो ऽर्यम'

ਜੋ ਸਤ ਨਿਆਂ ਦੇ ਕਰਨ ਵਾਲੇ ਮਨੁਖੱਾਂ ਦਾ ਮਾਨ, ਅਰ ਪਾਪ ਤਥਾ ਪੁੰਨ ਕਰਨ ਵਾਲਿਆਂ ਨੂੰ ਪਾਪ ਅਰ ਪੁੰਨ ਦੇ ਫਲਾਂ ਨੂੰ ਜਥਾਵਤ ਸਤ ਸਤ ਨਿਯੱਮ ਕਰਤਾ ਹੈ ਇਸ ਲਈ ਉਸ ਪਰਮੇਸ਼੍ਵਰ ਦਾ ਨਾਮ 'ਅਰਯਮਾ' ਹੈ। (इदि परमैश्वर्यें ) ਇਸ ਧਾਤੂ ਥੀਂ 'ਰਨ' ਪ੍ਰਤੇ ਕਰਨ ਨਾਲ 'ਇੰਦ੍ਰ' ਸ਼ਬਦ ਸਿਧ ਹੁੰਦਾ ਹੈ।

'यइन्दति परमैश्वर्यं वान्भवति स इन्द्रः परमेश्वरः'

ਜੋ ਸੰਪੂਰਣ ਈਸ਼੍ਵਰਜ ਜੁਕਤ ਹੈ ਇਸ ਲਈ ਉਸ ਪਰਮਾਤਮਾਂ ਦਾ ਨਾਮ 'ਇੰਦ੍ਰ' ਹੈ।

'ਬ੍ਰਿਹਤ' ਸ਼ਬਦ ਪੂਰਬਕ ( पारक्षणे ) ਇਸ ਧਾਤੂ ਥੀਂ 'ਡਤੀ' ਪ੍ਰਤੇ 'ਬ੍ਰਿਹਤ' ਦੇ ਤਕਾਰ ਦਾ ਲੋਪ ਅਰ ਸੁਡਾਗਮ ਹੋਣ ਕਰਕੇ 'ਬ੍ਰਿਹਸਪਤੀ' ਸ਼ਬਦ ਸਿਧ ਹੁੰਦਾ ਹੈ

'योबृहता मा का शादि नां पतिः स्वमि पालयिता स बृहस्पतिः'

ਜੋ ਵਡਿਆਂ ਤੋਂ ਬੀ ਵਡਾ ਅਰ ਵਡੇ ਅਕਾਸ਼ਾਦੀ ਬ੍ਰਹਮਾਂਡਾਂ, ਦਾ ਸੁਾਮੀ ਹੈ ਇਸ ਲਈ ਉਸ ਪ੍ਰਮਾਤਮਾ ਦਾ ਨਾਮ 'ਬ੍ਰਿਹਸਪਤੀ' ਹੈ। (विषलृव्याप्तौ) ਇਸ ਧਾਤੂ ਥੀਂ 'ਨੂ' ਪ੍ਰਤੇ ਹੋਕੇ 'ਵਿਸ਼ਨੂੰ' ਸ਼ਬਦ ਸਿਧ ਹੋਇਆ ਹੈ

'वेवेष्टि व्याप्नोति चरा ऽचरं जगत् सविष्णुः'

ਚਰ ਅਰ ਅਚਰ ਰੂਪ ਜਗਤ ਵਿਚ ਵਿਆਪਕ ਹੋਣ ਕਰਕੇ ਪ੍ਰਮਾਤਮਾ ਦਾ ਨਾਮ 'ਵਿਸ਼ਨੂੰ' ਹੈ।

'उरुमंहान् क्रमः पराक्रमो यस्यसः उरु क्रमः'

ਅਨੰਤ ਪ੍ਰਾਕ੍ਰਮ ਯੁਕਤ ਹੋਣ ਕਰਕੇ ਪਰਮਾਤਮਾ ਦਾਨਾਉਂ "ਉਰੂ ਕ੍ਰਮ" ਹੈ। ਪਰਮਾਤਮਾ (उरु क्रमः) ਮਹਾਂ ਪ੍ਰਾਕ੍ਰਮ ਜੁਕਤ (ਮਿਤ੍ਰ) ਸਭਦਾ ਸੁਹ੍ਰਿਦ ਅਵਿਰੋਧੀ ਹੈ (शम्) ਸੁਖ ਕਾਰਕ ਉਹ [वरुणः] ਸਰਬ ਉਤਮ ਉਹ [शम्] ਸੁਖ ਸਰੂਪ ਉਹ (अर्यमा) ਨਿਆਧੀਸ਼ (शम्) ਸੁਖ ਪ੍ਰਚਾਰਕ ਉਹ (इन्द्रः) ਜੋ ਸਕਲ ਈਸ਼੍ਵਰਜ ਵਾਂਨ ਅਰ (शम्) ਸਕਲ ਈਸ਼੍ਵਰਜ ਦਾਇਕ ਉਹ (बृहस्पतिः) ਸਭ ਦਾ ਅਧਿਸ਼ਟਾਤਾ ਉਹ (शम्) ਵਿਦਿਆ ਦਾਤਾ ਅਰ (विष्णु) ਜੋ ਸਭ ਵਿਚ ਬਿਆਪਕ ਪਰਮੇਸ਼੍ਵਰ ਹੈ ਉਹ (नः) ਸਾਡਾ ਕਲਿਆਣ ਕਰਨ ਵਾਲਾ (भव) ਹੋਵੇ।

(वायोते ब्रह्मणे नमो ऽस्तु) (बृह बृहि बृद्धौ) ਇਨਾਂ ਧਾਤੂਆਂ ਥੀਂ "ਬ੍ਰਹਮ" ਸ਼ਬਦ ਸਿਧ ਹੁੰਦਾ ਹੈ। ਜੋ ਸਭਦੇ ਉਪਰ ਵਿਰਾਜਮਾਂਨ ਸਭਥੀਂ ਵੱਡਾ ਅਨੰਤ ਬਲ ਜੁਕਤ ਪਰਮਾਤਮਾ ਹੈ ਓਸ ਬ੍ਰਹਮ ਨੂੰ ਅਸੀ ਨਮਸਕਾਰ ਕਰਦੇ ਹਾਂ ਹੇ ਪਰਮੇਸ੍ਰਰ (त्वमेव प्रत्यक्षं ब्रह्मासि) ਤੁਸੀਹੀ ਅੰਤ੍ਰਜਾਮੀ ਰੂਪ ਥੀਂ ਪ੍ਰਤਖ ਬ੍ਰਹਮ ਹੋ (त्वामेवप्रत्यक्षं ब्रह्म वदिष्यामि) ਮੈਂ ਤੁਹਾਨੂੰ ਹੀ ਪ੍ਰਤੱਖ ਬ੍ਰਹਮ ਕਹਵਾਂਗਾ ਕਿਉਂਕਿ ਤੁਸੀ ਸਭ ਥਾਂ ਵਿਚ ਬਿਆਪਕ ਹੋਕੇ ਸਭ ਨੂੰ ਨਿਤ ਹੀ ਪ੍ਰਪਤ ਹੋ (ऋतंवदिष्यामि) ਜੋ ਤੁਹਾਡੀ ਵੇਦ ਵਿਚ ਕਹੀ ਜਥਾਰਥ ਆਗਿਆ ਹੈ ਉਸੇ ਦਾ ਮੈਂ ਸਭ ਦੇ ਲਈ ਉਪਦੇਸ਼ ਅਰ ਆਚਰਣ ਬੀ ਕਰਾਂਗਾ (सत्यं वदिष्यामि) ਸਚ ਬੋਲਾਂ, ਸਚ ਮੱਨਾ, ਅਰ ਸਚ ਹੀ ਕਰਾਂਗਾ (तन्मामवतु) ਸੋ ਤੁਸੀ ਮੇਰੀ ਰਖਿਆ ਕਰੋ (तद्वक्तारमवतु) ਸੋ ਤੁਸੀ ਮੇਰੀ ਆਪਤ ਸਚ ਵਕਤਾ ਦੀ ਰਖਿਆ ਕਰੋ ਕਿ ਜਿਸ ਥੀਂ ਤੁਹਾਡੀ ਆਗਿਆ ਵਿਚ ਮੇਰੀ ਬੁੱਧੀ ਸਥਿਰ ਹੋਕੇ ਵਿਰੁਧ ਕਦੀ ਨਾ ਹੋਵੇ ਕਿਉਂਕਿ ਜੋ ਤੁਹਾਡੀ ਆਗਿਆ ਹੈ ਉਹੋ ਧਰਮ, ਅਰ ਜੋ ਓਸ ਥੀਂ ਵਿਰੁਧ ਉਹੋ ਅਧਰਮ ਹੈ

'अवतु मामवतु वक्तारम्'

ਏਹ ਦੂਜੀ ਵਾਰ ਪਾਠ ਵਧੀਕ ਅਰਥ ਦੇ ਲਈ ਹੈ ਜਿਸ ਤਰਾਂ

'कश्चित् कञ्चित् प्रति वदति त्वं ग्रामं गच्छ'

ਏਸ ਵਿਚ ਦੋ ਵਾਰੀ ਕ੍ਰਿਆਂ ਦੇ ਉਚਾਰਣ ਕਰਨ ਨਾਲ ਤੂੰ ਸ਼ਬਦੇ ਹੀ ਪਿੰਡ ਨੂੰ ਜਾ ਅਜੇਹਾ ਸਿਧ ਹੁੰਦਾ ਹੈ ਇਸੇ ਤਰਾਂ ਏਥੇ ਕਿ ਤੁਸੀ ਮੇਰੀ ਜਰੂਰ ਰਖਿਆ ਕਰੋ ਅਰਥਾਤ ਧਰਮ ਥੀਂ ਸੁਨਿਸਚਿਤ, ਅਰ ਅਧਰਮ ਥੀਂ ਘਿਰਣਾਂ ਸਦਾ ਕਰਾਂ ਅਜੇਹੀ ਕ੍ਰਿਪਾ ਮੇਰੇ ਉੱਤੇ ਕਰੋ ਮੈਂ ਤੁਹਾਡਾ ਬਹੁਤ ਉਪਕਾਰ ਮੰਨੱਾਂਗਾ

'ओम् शान्तिः शान्तिः शान्तिः'

ਏਸ ਵਿਚ ਤਿਨ ਵਾਰ ਸ਼ਾਂਤੀ ਪਾਠ ਦਾ ਏਹ ਪ੍ਰਜੋਜਨ ਹੈ, ਕਿ ਤਿਨ ਪ੍ਰਕਾਰ ਦੇ ਤਾਪ ਅਰਥਾਤ ਏਸ ਸੰਸਾਰ ਵਿਚ ਤਿਨ ਪ੍ਰਕਾਰ ਦੇ ਦੁਖ ਹੰਨ ਇਕ 'ਅਧਿਆਮਕ' ਜੋ ਆਤਮਾਂ ਸ਼੍ਰੀਰਵਿਚ ਅਵਿਦਿਆ, ਰਾਗ, ਦ੍ਵੈਸ਼, ਮੂਰਖਤਾ, ਅਰ ਬੁਖਾਰ, ਪੀੜਾ ਆਦੀ ਹੁੰਦੇ ਹੰਨ। ਦੂਜਾ 'ਅਧੀਭੂਤਿਕ' ਜੋ ਵੈਰੀ, ਬਘਿਆੜ, ਅਰ ਸਪ, ਆਦੀ ਥੀਂ ਪ੍ਰਾਪਤ ਹੁੰਦਾ ਹੈ। ਤੀਜਾ 'ਅਧੀ ਦੈਵਕ' ਅਰਥਾਤ ਜੋ ਅਤੀ ਬਰਖਾ, ਅਤੀ ਸਰਦੀ, ਅਤੀ ਗਰਮੀ, ਮਨ, ਅਰ ਇੰਦ੍ਰੀਆਂ ਦੀ ਅਸ਼ਾਂਤੀ ਕਰਕੇ ਹੁੰਦਾ ਹੈ। ਇਨਾਂ ਤਿਨੱਾਂ ਪ੍ਰਕਾਰਾਂ ਦੇ ਕਲੇਸ਼ਾਂ ਥੀਂ ਤੁਸੀ ਸਾਨੂੰ ਦੂਰ ਕਰਕੇ ਕਲਿਆਂਣ ਕਾਰਕ ਕਰਮਾਂ ਵਿਚ ਸਦਾ ਪ੍ਰਵਿਰਤ ਰਖੋ ਕਿਉ ਜੋ ਤੁਸੀ ਹੀ ਕਲਿਆਂਣ ਸਰੂਪ, ਸਭ ਸੰਸਾਰ ਦੇ ਕਲਿਆਂਣ ਕਰਤਾ, ਅਰ ਧਰਮ ਉੱਤੇ ਚਲੱਣ ਵਾਲੇ ਮੁਕਤੀ ਦੀ ਇਛਿਆ ਕਰਨ ਵਾਲਿਆਂ ਨੂੰ ਕਲਿਆਂਣ ਦੇ ਦਾਤਾ ਹੋ। ਏਸ ਲਈ ਤੁਸੀ ਆਪ ਅਪਣੀ ਕ੍ਰਿਪਾ ਨਾਲ ਸਭ ਜੀਵਾਂ ਦੇ ਹਿਰਦੇ ਵਿਚ ਪ੍ਰਕਾਸ਼ਮਾਂਨ ਹੋਵੋ ਕਿ ਜਿਸ ਥੀਂ ਸਭ ਜੀਵ ਧਰਮ ਦਾ ਆਚਰਣ, ਅਰ ਅਧਰਮ

ਨੂੰ ਛਡਕੇ ਪਰਮਾਂਨੰਦ ਨੂੰ ਪ੍ਰਾਪਤ ਹੋਂਨ ਅਰ ਦੁਖੱਾਂ ਥੀਂ ਪਰੇ ਰਹਨਾ।

'सूर्य आत्मा जगतस्तस्थुषश्च'

ਏਸਯਜੁਰ ਵੇਦ ਦੇ ਬਚਨ ਥੀਂ ਜੋ ਜਗਤ ਨਾਂਮ ਪ੍ਰਾਣੀ ਚੇਤਨ ਅਰ ਜੰਗਮ ਅਰਥਾਤ ਜੋ ਚਲਦੇ ਫਿਰਦੇ ਹੈਨ 'ਤਸਤੁਸ਼:' ਅਪ੍ਰਾਂਣੀ ਅਰਥਾਤ ਸਥਾਵਰ ਜੜ ਪਦਾਰਥ ਪ੍ਰਿਥ੍ਵੀ ਆਦੀ ਹਨ, ਉਨ੍ਹਾਂ ਸਭਣਾਂ ਦੇ ਆਤਮਾਂ ਹੋਣ ਕਰਕੇ, ਅਰ ਸੁਪ੍ਰਕਾਸ਼ ਰੂਪ ਸਭਦੇ ਪ੍ਰਕਾਸ਼ ਕਰਨ ਥੀਂ ਪਰਮੇਸ਼ੂਰ ਦਾ ਨਾਂਉ ਸੂਰਜ ਹੈ।(अतसा तत्यगमने) ਏਸ ਧਾਤੂ ਥੀਂ 'ਆਤਮਾਂ' ਸ਼ਬਦ ਸਿਧ ਹੁੰਦਾ ਹੈ।

'योऽतति व्याप्नोति स आत्मा'

ਜੋ ਸਭ ਜੀਵ ਆਦੀ ਜਗਤ ਵਿਚ ਨਿਰੰਤ੍ਰ ਬਿਆਪਕ ਹੋ ਰਿਹਾ ਹੈ।

'परश्चा सावात्मा च य आत्म भ्योजीवेभ्यः सूक्ष्मेभ्यःपरोऽति सूक्ष्मः सा परमात्मा'

ਜੋ ਸਭ ਜੀਵ ਆਦੀ ਥੀਂ ਉੱਤਮ ਅਰ ਜੀਵ ਪ੍ਰਕ੍ਰਿਤੀ, ਤਥਾ ਆਕਾਸ਼, ਥੀਂ ਬੀ ਅਤੀ ਸੂਖਮ ਅਰ ਸਭ ਜੀਵਾਂ ਦਾ ਅੰਤ੍ਰਜਾਂਮੀ ਆਤਮਾਂ ਹੈ ਏਸ ਲਈ ਈਸ਼ੂਰ ਦਾ ਨਾਂਮ 'ਪਰਮਾਤਮਾਂ' ਹੈ। ਸਮ੍ਰਥੱਾਂ ਵਾਲੇ ਦਾ ਨਾਂਮ ਈਸ਼ੂਰ ਹੈ।

'य ईश्वरेषु समर्थेषु परमः श्रेष्ठः स परमेश्वरः'

ਜੋ ਈਸ਼ੂਰਾਂ ਅਰਥਾਤ ਸਮਰਥੱਾਂ ਵਿਚ ਸਮਰਥ ਜਿਸਦੇ ਤੁਲ ਕੋਈ ਬੀ ਨਾ ਹੋਵੇ ਉਸਦਾ ਨਾਂਉ 'ਪਰਮੇਸ਼ੂਰ' ਹੈ॥ ( षुञ् अभिवेषूङ् प्राणि गर्भ विमोचने ) ਇਨਾਂ ਧਾਤੂਆਂ ਥੀਂ 'ਸਵਿਤਾ' ਸ਼ਬਦ ਸਿਧ ਹੁੰਦਾ ਹੈ।

'अभिषवः प्राणि गर्भ विमोचनं चोत्पादनं यश्चराचरं जगत् सुनोति सूतेवोत्पादयति स सविता परमेश्वरः'

ਜੋ ਸਭ ਜਗਤ ਦੀ ਉਤਪੱਤੀ ਕਰਦਾ ਹੈ ਏਸ ਲਈ ਪ੍ਰਮੇਸੂਰ ਦਾ ਨਾਮ 'ਸਵੀਤਾ' ਹੈ।

'दिवु क्रीड़ा विजि गीषा व्यवहारद्युति स्तुति मोद मद स्वप्न कान्तिगतिषु'

ਏਸ ਧਾਤੂ ਥੀਂ 'ਦੇਵ' ਸ਼ਬਦ ਸਿਧ ਹੁੰਦਾ ਹੈ ( क्रीड़ा ) ਜੋ ਸਭ ਜਗਤ ਨੂੰ ਕ੍ਰੀੜਾ ਕਰਾਣੇ ( विजिगीषा ) ਧਰਮ ਉੱਤੇ ਚੱਲਣ ਵਾਲਿਆਂ ਨੂੰ ਜਿਤਾਣੇ ਦੀ ਇੱਛਿਆ ਕਰਕੇ ਜੁਕਤ ( व्यवहार ) ਸਾਰਿਆਂ ਨੂੰ ਚੇਸ਼ਟਾ ਦੇ ਸਾਧਨ ਉਪਸਾਧਨਾਂ ਦਾ ਦੇਣ ਵਾਲਾ (द्युति) ਆਪ ਪ੍ਰਕਾਸ਼ ਸਰੂਪ ਸਾਰਿਆਂ ਦਾ ਪ੍ਰਕਾਸ਼ ਕਰਨ ਵਾਲਾ (स्तुति) ਉਸਤਤੀ ਦੇ ਜੋਗ ( मोद ) ਆਪ ਅਨੰਦ ਸਰੂਪ ਅਰ ਦੂਜਿਆਂ ਨੂੰ ਅਨੰਦ ਦੇਣ ਵਾਲਾ (मद )ਮਦ ਦੇ ਮਤਵਾਲਿਆਂ ਦਾ ਤਾੜਨੇ ਵਾਲਾ( स्वप्न)ਸਭ ਦੇ ਸੌਣ ਦੇ ਵਾਸਤੇ ਰਾਤ ਅਰ ਪਰਲੈ ਦਾ ਕਰਨ ਹਾਰਾ (कान्ति)ਕਾਮਨਾਂ ਦੇ ਜੋਗ ਅਰ(गति) ਗਿਆਂਨ ਸਰੂਪ ਹੈ ਏਸ ਲਈ ਉਸ ਪਰਮੇਸੂਰ ਦਾ ਨਾਮ 'ਦੇਵ' ਹੈ। ਅਥਵਾ

'यो दीव्यति क्रीड़ति सदेव:'

ਜੋ ਅਪਣੇ ਸਰੂਪ ਵਿਚ ਅਨੰਦ ਨਾਲ ਆਪ ਹੀ ਕ੍ਰੀੜਾ ਕਰੇ ਅਥਵਾ ਕਿਸੇ ਦੀ ਸਹਾਇਤਾ ਦੇ ਬਗੈਰ ਕ੍ਰੀੜਾ ਦੀ ਨਿਆਂਈ ਸਹਜ ਸੁਭਾਓ ਨਾਲ ਸਭ ਜਗਤ ਨੂੰ ਬਣਾਂਦਾ ਵਾ ਸਭ ਕ੍ਰੀੜਾਂ ਦਾ ਅਧਾਰ ਹੈ।

'विजि गीषते स देव:'

ਜੋ ਸਭ ਦਾ ਜਿੱਤਣ ਵਾਲਾ ਆਪ ਅਜਿਤ ਅਰਥਾਤ ਜਿਸਨੂੰ ਕੋਈ ਵੀ ਨਾਂ ਜਿਤ ਸਕੇ।

'व्यव हारयति सदेव:'

ਜੋ ਨਿਆਂ, ਅਰ ਅਨਿਆਂ ਰੂਪ ਵਿਹਾਰਾਂ ਦਾ ਜਾਂਣਨੇ ਵਾਲਾ ਅਰ ਉਪਦੇਸ਼ ਕਰਨ ਵਾਲਾ।

'यश्वरा चरं जम द्द्योतयति

ਜੋ ਸਾਰਿਆਂ ਦਾ ਪ੍ਰਕਾਸ਼ਕ

'य: स्तुयते सदेव:'

ਜੋ ਸਭ ਮਨੁਖੱਾਂ ਨੂੰ ਉਸਤੁਤ ਦੇ ਜੋਗ ਅਰ ਨਿੰਦਿਆ ਦੇ ਜੋਗ ਨਾਂ ਹੋਵੇ।

'यो मो दयति सदेव:'

ਜੋ ਆਪ ਅਨੰਦ ਸਰੂਪ ਅਰ ਦੂਜਿਆਂ ਨੂੰ ਅਨੰਦ ਕਰਾਂਦਾ ਜਿਸਨੂੰ ਦੁਖ ਦਾ ਲੇਸ਼ ਬੀ ਨਾਂ ਹੋਵੇ।

'यो मादयति स देव:'

ਜੋ ਸਦਾ ਪ੍ਰਸੰਨ ਸੋਗ ਤੋਂ ਰਹਿਤ ਅਰ ਦੂਜਿਆਂ ਨੂੰ ਪ੍ਰਸਨ ਕਰਨੇ ਅਰ ਦੁੱਖਾਂ ਥੀਂ ਵਖਰਾ ਰਖੱਣ ਵਾਲਾ।

'य: स्वापयति स देव:'

ਜੋ ਪਰਲੈ ਦੇ ਸਮੇ ਪ੍ਰਕ੍ਰਿਤੀ ਵਿਚ ਸਾਰਿਆਂ ਜੀਵਾਂ ਨੂੰ ਸੁਆਂਦਾ

य: कामयते काम्यतेवा स देव:

ਜਿਸਦੇ ਸਭ ਸਤ ਕਾਂਮ, ਅਰ ਜਿਸਦੀ ਪ੍ਰਾਪਤੀ ਦੀ ਕਾਂਮਨਾਂ ਚੰਗੇ ਮਨੁਖੱ ਕਰਦੇ ਹਨ ਤਥਾ:–

'यो गच्छति गम्यतेवा स देव:'

ਜੋ ਸਭ ਵਿਚ ਵਿਆਪਕ ਅਰ ਜਾਂਣਨ ਦੇ ਜੋਗ ਹੈ ਏਸ ਲਈ ਓਸ ਪਰਮੇਸ਼ੂਰ ਦਾ ਨਾਂਮ 'ਦੇਵ' ਹੈ। [ कुविश्राच्छादने ] ਏਸ ਧਾਤੂ ਥੀਂ 'ਕੁਵੇਰ' ਸ਼ਬਦ ਸਿਧ ਹੁੰਦਾ ਹੈ।

'य:सर्वं कुवतिस्वव्याप्त्यच्छा दयति स कुवेरो जगदीश्वरा:'

ਜੋ ਅਪਣੀ ਵਿਆਪਤੀ ਨਾਲ ਸਭਨੂੰ ਢਕੇ ਏਸ ਲਈ ਓਸ ਪਰਮੇਸ਼ੂਰ ਦਾ ਨਾਂਮ 'ਕੁਵੇਰ' ਹੈ (प्रथ विस्तारे) ਏਸ ਧਾਤੂ ਥੀਂ ਪ੍ਰਿਥਵੀ ਸ਼ਬਦ ਸਿਧ ਹੁੰਦਾ ਹੈ।

'य: प्रथते सर्वंजगद्विस्तृणाति स पृथिवी'

ਜੋ ਸਭ ਫੈਲੇ ਹੋਏ ਜਗਤ ਨੂੰ ਫਲਾਂਣ ਵਾਲਾ ਹੈ ਏਸ ਲਈ ਓਸ

ਪਰਮੇਸ਼੍ਵਰ ਦਾ ਨਾਂਮ 'ਪ੍ਰਿਥਵੀ' ਹੈ। ( जल घातने ) ਏਸ ਧਾਤੂ ਥੀਂ 'ਜਲ' ਸ਼ਬਦ ਸਿਧ ਹੁੰਦਾ ਹੈ।

'जलति घातयतिदुष्टांन् संघातयति
अव्यक्त परमा परमाणु वा दीन् तद् ब्रह्म जलम्'

ਜੋਦੁਸ਼ਟਾਂ ਦਾ ਤਾੜਨ ਅਰ ਪ੍ਰਕ੍ਰਿਤੀ ਤਥਾ ਪਰਮਾਣੂਆਂ ਦਾ ਇਕ ਦੂਜੇ ਨਾਲ ਸੰਜੋਗ ਵਾ ਵਿੰਜੋਗ ਕਰਦਾ ਹੈ ਉਹ ਪਰਮਾਤਮਾ ਜਲ ਨਾਂਮ ਵਾਲਾ ਕਹਾਂਦਾ ਹੈ। [काशृदीप्तौ ] ਏਸ ਧਾਤੂ ਥੀਂ"ਅਕਾਸ਼'ਸ਼ਬਦ ਸਿਧ ਹੁੰਦਾ ਹੈ।

'यः सर्वतः सर्वंजगत् प्रकाशयति स आकाशः'

ਜੋ ਸਾਰਿਆਂ ਪਾਸਿਆਂ ਵਲੋਂ ਜਗਤ ਦਾ ਪ੍ਰਕਾਸ਼ਕ ਹੈ ਏਸ ਲਈ ਓਸ ਪਰਮਾਤਮਾਂ ਦਾ ਨਾਮ ' ਅਕਾਸ਼'ਹੈ। [ अद भक्षणे ] ਏਸ ਧਾਤੂ ਥੀਂ ' ਅੱਨ ' ਸ਼ਬਦ ਸਿਧ ਹੁੰਦਾ ਹੈ।

अद्यते ऽत्ति च भूतानि तस्मादन्नं तदुच्यते ॥१॥ अह मन्नमहमन्नमहमन्नम्। अहमन्नादो हमन्नादोहमन्नादः ॥२॥ तैत्ति० उपनि०। अनुवाक २। १०॥ अत्ता चराचर ग्रहणात्॥ वेदान्तदर्शने। अ० १। पा०२। सू० ९॥

ਏਹ ਬਿਆਸ ਮੁਨੀ ਕ੍ਰਿਤ ਸ਼ਾਰੀਰਕ ਸੂਤ੍ਰ ਹੈ, ਜੋ ਸਭ ਨੂੰ ਅੰਦਰ ਰਖਣੇ ਸਭ ਨੂੰ ਗ੍ਰਹਣ ਕਰਨੇ ਜੋਗ ਚਰਾਚਰ ਜਗਤ ਦ ਗ੍ਰਹਣ ਕਰਨੇ ਵਾਲਾ ਹੈ ਏਸ ਲਈ ਓਸ ਈਸ਼੍ਵਰ ਦੇ ' ਅੱਨ ' ' ਅਨੱਦ ' ਅਰ ' ਅੱਤਾ' ਨਾਮ ਹਨ। ਅਰ ਜੋ ਏਸ ਵਿਚ ਤਿਨ ਵਾਰ ਪਾਠ ਹੈ ਸੋ ਆਦਰ ਦੇ ਵਾਸਤੇ ਹੈ ਜੀਕਣ ਗੁਲੱਰ ਦੇ ਫਲ ਵਿਚ ਕੀੜੇ ਉਤਪੰਨ ਹੋਕੇ ਉਸੇ ਵਿਚ ਰੰਹਦੇ ਅਰ ਨਸ਼ਟ ਹੋ ਜਾਂਦੇ ਹਨ ਉਕਣ ਪਰਮੇਸ਼੍ਵਰ ਦੇ ਵਿਚ ਸਭ ਜਗਤ ਦੀ ਅਵਸਥਾ ਹੈ। [वस निवासे ]ਏਸ ਧਾਤੂ ਥੀਂ ' ਵਸੂ ' ਸ਼ਬਦ ਸਿਧ ਹੋਇਆ ਹੈ।

'वसन्ति भूतानि यस्मिन्नथवा यः सर्वेषु वसति स वसुरीश्वरः'

ਜਿਸ ਵਿਚ ਸਭ ਅਕਾਸ਼ ਆਦੀ ਭੂਤ ਵਸਦੇ ਹਨ ਅਰਜੋ ਸਭ ਵਿਚ ਬਾਸ ਕਰ ਰਹਿਆ ਹੈ ਏਸ ਲਈਓਸ ਪ੍ਰਮੇਸਰ ਦਾ ਨਾਮ 'ਵਸੂ' ਹੈ(रुदिर अश्रु विमोचने) ਏਸ ਧਾਤੂ ਥੀਂ" ਣਿਚ ' ਪ੍ਰਤੇ ਹੋਣ ਥੀਂ 'रुद्र' ਸ਼ਬਦ ਸਿਧ ਹੁੰਦਾ ਹੈ।

'यो रोदय त्यन्यायकारिणो जनानस रुद्रः'

ਜੋ ਦੁਸ਼ਟ ਕਰਮ ਕਰਨ ਹਾਰਿਆਂ ਨੂੰ ਰੁਆਂਦਾ ਹੈ ਏਸ ਲਈ ਓਸ ਪਰਮੇਸ਼੍ਵਰ ਨਾਂਮ ' ਰੁਦ੍ਰ ' ਹੈ

'यन्मनसा ध्यायति तद्वाचावदति यद्वाचावदति तत् कर्मणा करोति
तदभिसम्पद्यते ॥'

ਏਹ ਯਜੁਰ ਵੇਦ ਦੇ ਬ੍ਰਾਹਮਣ ਦਾ ਬਚਨ ਹੈ ਜੀਵ ਜਿਸਦਾ ਮਨ ਨਾਲ ਧਿਆਂਨ ਕਰਦਾ, ਓਸਨੂੰ ਬਾਣੀ ਨਾਲ ਬੋਲਦਾ, ਓਸਨੂੰ ਕਰਮ ਨਾਲ ਕਰਦਾ ਜਿਸਨੂੰ ਕਰਮ ਨਾਲ ਕਰਦਾ ਉਸੇ ਨੂੰ ਪ੍ਰਾਪਤ ਹੁੰਦਾ ਹੈ ਏਸ ਥੀਂ ਕੀ ਸਿਧ ਹੋਇਆ ਕਿ ਜੋ ਜੀਵ ਜੀਕਣ ਕਰਮ ਕਰਦਾ ਹੈ ਉਕਣ ਹੀ ਫਲ ਪਾਂਦਾ ਹੈ ਜੋ

ਦੁਸ਼ਟ ਕਰਮ ਕਰਨੇ ਵਾਲੇ ਜੀਵ ਈਸ਼੍ਵਰ ਦੇ ਨਿਆਂ ਰੂਪ ਬਵਸਥਾ ਥੀਂ ਦੁਖ ਰੂਪ ਫਲ ਪਾਂਦੇ ਤਦ ਰੋਂਦੇ ਹਨ ਅਰ ਇਸੇ ਪ੍ਰਕਾਰ ਈਸ਼੍ਵਰ ਉਨ੍ਹਾਂ ਨੂੰ ਰੁਆਂਦਾ ਹੈ। ਏਸ ਲਈ ਪਰਮੇਸ਼੍ਵਰ ਦਾ ਨਾਮ 'ਰੁਦ੍ਰ' ਹੈ।

आपो नारा इतिप्रक्ता आपो वै नरसूनवः। ता यदस्यायनं
पूर्वं तेन नारायणः स्मृतः॥ मनु०॥ अ०१। श्लोक० १०॥

ਜਲ ਤੇ ਰ ਜੀਵਾਂ ਦਾ ਨਾਮ ਨਾਰਾ ਹੈ ਉਹ ਐਨ ਅਰਥਾਤ ਨਿਵਾਸ ਅਸਥਾਨ ਹਨ ਜਿਸਦੇ, ਏਸ ਲਈ ਸਭ ਜੀਵਾਂ ਵਿਚ ਵਿਆਪਕ ਪਰਮੇਸ਼੍ਵਰ ਦਾ ਨਾਮ 'ਨਾਰਾਇਣ' ਹੈ। ( चदि आह्लादे ) ਏਸ ਧਾਤੂ ਥੀਂ 'ਚੰਦ੍ਰ' ਸ਼ਬਦ ਸਿਧ ਹੁੰਦਾ ਹੈ।

'यश्चन्दति चन्दयति वा स चंद्रः

ਜੋ ਅਨੰਦ ਸਰੂਪ ਅਰ ਸਭਨੂੰ ਅਨੰਦ ਦੇਨ ਵਾਲਾ ਹੈ ਏਸ ਲਈ ਈਸ਼੍ਵਰ ਦਾ ਨਾਮ 'ਚੰਦ੍ਰ' ਹੈ ( मगि गत्यर्थं क ) ਧਾਤੂ ਥੀਂ 'मङ्गे रलच्' ਏਸ ਥੀਂ 'मङ्गल' ਸ਼ਬਦ ਸਿਧ ਹੁੰਦਾ ਹੈ।

'यो मङ्गति मङ्गयति वा स मङ्गलः'

ਜੋ ਆਪ ਮੰਗਲ ਸਰੂਪ ਅਰ ਸਭ ਜੀਵਾਂ ਦੇ ਮੰਗਲ ਦਾ ਕਾਰਣ ਹੈ ਏਸ ਲਈ ਓਸ ਪਰਮੇਸ਼੍ਵਰ ਦਾ ਨਾਮ 'ਮੰਗਲ' ਹੈ।

[बुध अव गमने]ਏਸ ਧਾਤੂ ਥੀਂ 'ਬੁਧ' ਸ਼ਬਦ ਸਿਧ ਹੁੰਦਾ ਹੈ

'यो बुध्य तें बोधयतिवा स बुधः'

ਜੋ ਆਪ ਬੋਧ ਸਰੂਪ ਅਰ ਸਭ ਜੀਵਾਂ ਦੇ ਬੋਧ ਦਾ ਕਾਰਨ ਹੈ ਏਸ ਲਈ ਓਸ ਪਰਮੇਸ਼੍ਵਰ ਦਾ ਨਾਮ 'ਬੁਧ' ਹੈ। 'ਬ੍ਰਿਹਸਪਤੀ' ਸ਼ਬਦ ਦਾ ਅਰਥ ਕਹਿ ਦਿੱਤਾ। ईशुचिर् पूतीभावे) ਏਸ ਧਾਤੂ ਥੀਂ 'ਸ਼ੁਕ੍ਰ' ਸ਼ਬਦ ਸਿਧ ਹੋਇਆ ਹੈ

'यः शुच्यति शोचयति वा स शुक्रः'

ਜੋ ਅਤਯੰਤ ਪਵਿਤ੍ਰ ਅਰ ਜਿਸਦੇ ਸੰਗ ਨਾਲ ਜੀਵ ਥੀ ਪਵਿਤ੍ਰ ਹੋ ਜਾਂਦਾ ਹੈ ਏਸ ਲਈ ਈਸ਼੍ਵਰ ਦਾ ਨਾਮ 'ਸ਼ੁਕ੍ਰ' ਹੈ। (चर गति भक्षणो योः) ਏਸ ਧਾਤੂ ਥੀਂ 'ਸ਼ਨੈਸ' ਅਵੈ ਉਪ ਪਦ ਹੋਣ ਥੀਂ 'ਸ਼ਨੈਸਚਰ' ਸ਼ਬਦ ਸਿਧ ਹੋਇਆ ਹੈ।

'यः शनैश्चरति स शनैश्चरः'

ਜੋ ਸਭ ਵਿਚ ਸਹਜ ਨਾਲ ਪ੍ਰਾਪਤ ਧੀਰਜਵਾਂਨ ਹੈ ਏਸ ਲਈ ਓਸ ਪਰਮੇਸ਼੍ਵਰ ਦਾ ਨਾਮ 'ਸ਼ਨੈਚਰ' ਹੈ। (रहत्यागे) ਏਸ ਧਾਤੂ ਥੀਂ 'ਰਾਹੂ' ਸ਼ਬਦ ਸਿਧ ਹੁੰਦਾ ਹੈ।

'यो रहति परित्यजति दुष्टांन राहयति त्याजयति वा सराहुरीश्वरः'

ਜੋ ਏਕਾਂਤ ਸਰੂਪ ਜਿਸਦੇ ਸਰੂਪ ਵਿਚ ਦੂਜਾ ਪਦਾਰਥ ਸੰਜੁਕਤ ਨਹੀਂ

ਜੋ ਦੁਸ਼ਟਾਂ ਨੂੰ ਛੱਡਣ ਅਰ ਹੋਰਨਾਂ ਨੂੰ ਛੁਡਾਣ ਹਾਰਾ ਹੈ ਏਸ ਲਈ ਪਰਮੇਸ਼ੂਰ ਦਾ ਨਾਂਮ 'ਰਾਹੂ' ਹੈ ।(कित निवासे रोगा. पनयनेच, ਏਸ ਧਾਤੂ ਥੀਂ 'ਕੇਤੂ' ਸ਼ਬਦ ਸਿਧ ਹੁੰਦਾ ਹੈ।

'यः केतयति चिकित्सति वा सकेतु रीश्वरः'

ਜੋ ਸਭ ਜਗਤ ਦਾ ਨਿਵਾਸ ਅਸਥਾਂਨ ਸਭ ਰੋਗਾਂ ਥੀਂ ਰਹਿਤ ਅਰ ਮੁਕਤੀ ਦੀ ਇਛਿਆ ਕਰਨ ਵਾਲਿਆਂ ਨੂੰ ਮੁਕਤੀ ਸਮੇਂ ਵਿਚ ਸਭ ਰੋਗਾਂ ਥੀਂ ਛੁਡਾਂਦਾ ਹ ਏਸ ਲਈ ਓਸ ਪਰਮਾਤਮਾਂ ਦਾ ਨਾਂਮਾ 'ਕੇਤੂ' ਹੈ।

(यज देव पूजा सङ्गति करण दानेषु)

ਏਸ ਧਾਤੂ ਥੀਂ 'ਯਗਯ' ਸ਼ਬਦ ਸਿੱਧ ਹੁੰਦਾ ਹੈ।

'यज्ञो वै विष्णु'

ਏਹ ਬ੍ਰਾਹਮਣ ਗ੍ਰੰਥ ਦਾ ਬਚਨ ਹੈ।

'यो यजति विद्वद्भिरिज्यते वा स यज्ञः'

ਜੋ ਸਭ ਜਗਤ ਦੇ ਪਦਾਰਥਾਂ ਨੂੰ ਸੰਯੁਕਤ ਕਰਦਾ ਅਰ ਸਭ ਵਿਦਿ-ਵਾਨਾਂ ਦਾ ਪੂਜ ਹੈ ਅਰ ਬ੍ਰਹਮਾਂ ਥੀਂ ਲੈਕੇ ਸਭਰਿਸ਼ੀ ਮੁਨੀਆਂ ਦਾ ਪੂਜ,ਨੀਯ ਹੈ, ਅਰ ਹੋਵੇਗਾ,ਏਸ ਲਈ ਓਸ ਪਰਮੇਸ਼ੂਰ ਦਾ ਨਾਮ 'ਯਗ੍ਯ' ਹੈ ਕਿਉਂ ਜੋ ਉਹ ਸਭ ਥਾਂ ਵਿਆਪਕ ਹੈ।

(हुदानादनयोः आदाने चेत्येके)

ਏਸ ਧਾਤੂ ਥੀਂ 'ਹੋਤਾ'ਸ਼ਬਦ ਸਿੱਧ ਹੋਇਆ ਹੈ।

'यो जुहोति स होता'

ਜੋ ਜੀਵਾਂ ਨੂੰ ਦੇਣੇ ਜੋਗ ਪਦਾਰਥਾਂ ਦਾ ਦੇਣ ਵਾਲਾ ਅਰ ਗ੍ਰਹਣ ਕਰਨੇ ਜੋਗਾਂ ਦਾ ਗ੍ਰਹਣ ਕਰਨ ਵਾਲਾ ਹੈ ਏਸ ਥੀਂ ਓਸ ਪਰਮੇਸ਼ੂਰ ਦਾ ਨਾਮ 'ਹੋਤਾ' ਹੈ। (बन्धबन्धने) ਏਸ ਥੀਂ 'ਬੰਧੂ' ਸ਼ਬਦ ਸਿਧ ਹੁੰਦਾ ਹੈ।

'यः स्वस्मिन् चरः चरं जगद् बध्नातिबंधवद् धर्मात्मानं सुखायसहायोवावर्ततेसबन्धुः'

ਜਿਸ ਨੇ ਆਪਣੇ ਵਿਚ ਸਭ ਲੋਕਾਂ ਲੋਕਾਂਤ੍ਰ ਨਿਯੱਮਾਂ ਨਾਲ ਬੱਨ੍ਹ ਰਖੇ ਅਰ ਸੱਕੇ ਭ੍ਰਾ ਦੀ ਨਿਆਂਈਂ ਸਹਾਇਕ ਹੈ ਇੱਸੇ ਕਰਕੇ ਅਪਣੀ ਅਪਣੀ ਪਰੀਧੀ ਵਾ ਨਿਯੱਮ ਦਾ ਉਲੰਘਨ ਨਹੀਂ ਕਰ ਸਕਦੇ। ਜੀਕਣ ਭ੍ਰਾ ਭ੍ਰਾਵਾਂ ਦਾ ਸਹਕਾਰੀ ਹੁੰਦਾ ਹੈ ਤੀਕਣ ਪਰਮੇਸ਼ੂਰ ਬੀ ਪ੍ਰਿਥਵੀ ਆਦੀ ਲੋਕਾਂ ਦੇ ਧਾਰਣ,ਰਖੱਣ,ਅਰ ਸੁਖ ਦੇਣ ਕਰਕੇ 'ਬੰਧੂ' ਨਾਮ ਵਾਲਾ ਹੈ।

(पा रक्षणे) ਏਸ ਧਾਤੂ ਥੀਂ ਪਿਤਾ ਸ਼ਬਦ ਸਿਧ ਹੋਇਆ ਹੈ।

'यः पातिसर्वान् सपिता'

ਜੋ ਸਭ ਦੀ ਰਖਿਆ ਕਰਨ ਵਾਲਾ, ਜੀਕਣ ਪਿਉ ਅਪਨੀ ਉਲਾਦ

ਉੱਤੇ ਸਦਾ ਕ੍ਰਿਪਾਲੂ ਹੋਕੇ ਉਨਾਂ ਦੀ ਉਨੱਤੀ ਚਾਂਹਦਾ ਹੈ ਉਕਣ ਹੀ ਪਰਮੇਸ਼ੂਰ ਸਭ ਜੀਵਾਂ ਦੀ ਉਨੱਤੀ ਚਾਂਹਦਾ ਹੈ ਏਸ ਲਈ ਓਸ ਦਾ ਨਾਮ 'ਪਿਤਾ' ਹੈ

'यः पितृणां पिता स पिता मह:'

ਜੋ ਪਿਵਾਂ ਦਾ ਬੀ ਪਿਉ ਹੈ ਏਸ ਲਈ ਓਸ ਪਰਮੇਸ਼ੂਰਦਾ ਨਾਮ 'ਪਿਤਾਮਹ' ਹੈ

'यः पितामहानां पिता स प्रपितामह:'

ਜੋ ਪਿਉਆਂ ਦੇ ਵਡਿਆਂ ਦਾ ਪਿਉ ਹੈ ਏਸ ਲਈ ਪਰਮੇਸ਼ੂਰ ਦਾ ਨਾਮ 'ਪ੍ਰਪਿਤਾਮਹ' ਹੈ

'यो मिमीते मानयति सर्वा ञ्जीवान समाता'

ਜੀਕਣ ਪੂਰਣ ਕ੍ਰਿਪਾ ਵਾਲੀ ਜਨਣੀ ਅਪਣੀ ਅਉਲਾਦ ਦਾ ਸੁਖ, ਅਰ ਉਨੱਤੀ ਚਾਂਹਦੀ ਹੈ ਉਕਣ ਪਰਮੇਸ਼ੂਰ ਬੀ ਸਭ ਜੀਵਾਂ ਦਾ ਵਾਧਾ ਚਾਂਹਦਾ ਹੈ ਏਸ ਲਈ ਪਰਮੇਸ਼ੂਰ ਦਾ ਨਾਮ 'ਮਾਤਾ' ਹੈ ।

( चरगति भक्षणयोः ) ਆਙ ਪੂਰਬਕ ਏਸ ਧਾਤੂ ਥੀਂ 'ਆਚਾਰਯ' ਸ਼ਬਦ ਸਿਧ ਹੁੰਦਾ ਹੈ ।

'य आचारं ग्राहयति सर्वा विद्या वा बोधयति स आचार्य ईश्वरः'

ਜੋ ਸਤ ਆਚਾਰ ਦਾ ਗ੍ਰਹਣ ਕਰਾਣੇ ਹਾਰਾ, ਅਰ ਸਭ ਵਿਦਿਆ ਦੀ ਪ੍ਰਾਪਤੀ ਦਾ ਹੇਤੂ ਹੋਕੇ ਸਭ ਵਿਦਿਆ ਪ੍ਰਾਪਤ ਕਰਾਂਦਾ ਹੈ ਏਸ ਲਈ ਪ੍ਰਮੇਸ਼ੂਰ ਦਾ ਨਾਮ 'ਆਚਾਰਯ' ਹੈ । ( गृशब्दे ) ਏਸ ਧਾਤੂ ਥੀਂ 'ਗੁਰੂ' ਸ਼ਬਦ ਬਣਿਆ ਹੈ ।

'यो धर्म्यान् शब्दान गृणात्युपदिशति स गुरुः'

स पूर्वेषामपि गुरुः कालेनानवच्छेदात् ॥ योगसू० समाधिपादे सू० २६ ।

ਜੋ ਸਤ ਧਰਮ ਪ੍ਰਤੀਪਾਦਕ, ਸਕਲ ਵਿਦਿਆ ਜੁਕਤ, ਵੇਦਾਂ ਦੀ ਉਪਦੇਸ਼ ਕਰਨੇ ਵਾਲਾ ਸ੍ਰਿਸ਼ਟੀ ਦੇ ਆਦ ਵਿਚ ਅਗਨੀ, ਵਾਯੂ, ਆਦਿਤ, ਅੰਗਿਰਾ, ਅਰ ਬ੍ਰਹਮਾ ਆਦੀ ਗੁਰੂਆਂ ਦਾ ਬੀ ਗੁਰੂ, ਅਰ ਜਿਸਦਾ ਨਾਸ਼ ਕਦੀ ਨਹੀਂ ਹੁੰਦਾ ਏਸ ਲਈ ਓਸ ਪਰਮੇਸ਼ੂਰ ਦਾ ਨਾਮ 'ਗੁਰੂ' ਹੈ ( अज गति क्षेपणयोः जनी प्रादुर्भावे )ਇਨ੍ਹਾਂ ਧਾਤੂਆਂ ਥੀਂ 'ਅਜ' ਸ਼ਬਦ ਬਣਦਾ ਹੈ ।

'योऽजति सृष्टिंप्रति सर्वान् प्रकृत्यादीन् पदार्थान् प्रक्षिपति जानाति वा 'कदाचित् न जायते सोऽजः'

ਜੋ ਸਭ ਪ੍ਰਕ੍ਰਿਤੀ ਦੇ ਅਵੈਵ ਅਕਾਸ਼ ਆਦੀ ਭੂਤ ਪਰਮਾਣੂਆਂ ਨੂੰ ਜਥਾ ਜੋਗ ਮਿਲਾਂਦਾ ਸ਼ਰੀਰ ਦੇ ਨਾਲ ਜੀਵਾਂ ਦਾ ਮੇਲ ਕਰਕੇ ਜਨਮ ਦੇਂਦਾ ਅਰ ਆਪ ਕਦੀ ਜਨਮ ਨਹੀਂ ਲੈਂਦਾ ਏਸ ਲਈ ਓਸ ਈਸ਼ੂਰ ਦਾ ਨਾਮ 'ਅਜ' ਹੈ । ( वृंहि (वृद्धौ)ਏਸ ਧਾਤੂ ਥੀਂ 'ਬ੍ਰਹਮਾ' ਸ਼ਬਦ ਸਿੱਧ ਹੁੰਦਾ ਹੈ ।

'योऽखिलं जगन्निर्माणेन बृंहति वर्द्धयति स ब्रह्मा

ਜੋ ਸੰਪੂਰਣ ਜਗਤ ਨੂੰ ਰਚਕੇ ਉਸਦਾ ਵਾਧਾ ਕਰਦਾ ਹੈ ਏਸ ਲਈ ਓਸ ਪਰਮੇਸ਼੍ਵਰ ਦਾ ਨਾਮ ਬ੍ਰਹਮਾ ਹੈ।

'सत्यं ज्ञानमनन्तं ब्रह्म'

ਏਹ ਤੈਤਰੀ ਉਪਨਿਸ਼ਦ ਦਾ ਵਚਨ ਹੈ

'सन्तीति सन्तस्तेषु सत्सु साधु सत्यं यज्जानाति चराऽचरं जगत्तज्ज्ञानम्।
न विद्यतेऽन्तोऽवधिर्मर्यादा यस्य तदनन्तम्। सर्वेभ्यो बृहत् त्वाद् ब्रह्म'

ਜੋ ਪਦਾਰਥ ਹੋਨ ਉਨਾਂ ਨੂੰ ਸ਼ਤ ਕਹਿਦੇ ਹਨ ਉਨਾਂ ਵਿਚ ਸਾਧੂ ਹੋਣ ਕਰਕੇ ਪਰਮੇਸ਼੍ਵਰ ਦਾ ਨਾਮ ਸਤ ਹੈ। ਜੋ ਜਾਣਨੇ ਵਾਲਾ ਹੈ ਏਸ ਲਈ ਪਰਮੇਸ਼੍ਵਰ ਦਾ ਨਾਮ 'ਗਿਆਨ' ਹੈ ਜਿਸਦਾ ਅੰਤ ਅਵਧੀ ਮ੍ਰਿਜਾਦਾ ਅਰਥਾਤ ਇੱਨਾਂ ਲੰਬਾ, ਚੌੜਾ, ਛੋਟਾ, ਵੱਡਾ, ਹੈ ਅਜੇਹਾ ਨਾਪ ਨਹੀ ਹੈ ਏਸ ਲਈ ਪਰਮੇਸ਼੍ਵਰ ਦਾ ਨਾਮ 'ਸਤ ਗਿਆਨ ਅਰ ਅਨੰਤ' ਹਨ। ( डुदाञदाने ) ਆਙ੍ ਪੂਰਬਕ ਏਸ ਧਾਤੂ ਥੀਂ 'ਆਦੀ' ਸ਼ਬਦ ਅਰ ਨਞ ਪੂਰਬਕ 'ਅਨਾਦੀ' ਸ਼ਬਦ ਸਿਧ ਹੁੰਦਾ ਹੈ।

'यस्मात् पूर्वं नास्ति परं चास्ति स आदिरित्युच्यते नविद्यते आदिः कारणं यस्य सोऽनादिरीश्वरः'

ਜਿਸ ਦੇ ਪੂਰਬ ਕੁਝ ਨਹੀਂ ਅਰ ਪਰੇ ਹੋਰ ਓਸ ਨੂੰ ਆਦੀ ਕਹਦੇ ਹਨ ਜਿਸਦਾ ਆਦੀ ਕਾਰਣ ਕੋਈ ਬੀ ਨਹੀ ਹੈ ਏਸ ਲਈ ਪਰਮੇਸ਼੍ਵਰ ਦਾ ਨਾਂਮ ਅਨਾਦੀ ਹੈ। ( टुनदि समृद्धौ ) ਆਙ੍ ਪੂਰਬਕ ਏਸ ਧਾਤੂ ਥੀਂ 'ਆਨੰਦ' ਸ਼ਬਦ ਬਣਦਾ ਹੈ।

'आनन्दन्ति सर्वे मुक्ता यस्मिन् यद्वा यः सर्वाञ्जीवानानन्दयति स आनन्दः'

ਜੋ ਆਨੰਦ ਸਰੂਪ ਜਿਸ ਵਿਚ ਸਭ ਮੁਕਤ ਜੀਵ ਪ੍ਰਾਪਤ ਹੁੰਦੇ ਅਰ ਜੋ ਸਭ ਪਰਮਾਤਮਾ ਜੀਵਾਂ ਨੂੰ ਅਨੰਦ ਜੁਕਤ ਕਰਦਾ ਹੈ ਏਸ ਲਈ ਈਸ਼੍ਵਰ ਦਾ ਨਾਮ 'ਆਨੰਦ' ਹੈ (असभुवि) ਏਸ ਧਾਤੂ ਥੀਂ 'ਸਤ' ਸ਼ਬਦ ਸਿਧ ਹੁੰਦਾ ਹੈ।

'यदस्ति त्रिषु कालेषु न बाध्यते तत्सद् ब्रह्म'

ਜੋ ਸਦਾ ਬਣਿਆ ਰਹਵੇ ਅਰਥਾਤ ਭੂਤ, ਭਵਿਸ਼ਤ, ਵਰਤਮਾਨ ਅਰਥਾਤ ਤਿੰਨੋਂ ਕਾਲਾਂ ਵਿਚ ਜਿਸਦਾ ਬਾਧਨਾ ਹੋਵੇ ਓਸ ਪਰਮੇਸ਼੍ਵਰ ਨੂੰ 'ਸਤ' ਕਹਿੰਦੇ ਹਨ। (चिती संज्ञाने) ਏਸ ਧਾਤੂ ਥੀਂ 'ਚਿਤ' ਸ਼ਬਦ ਸਿਧ ਹੁੰਦਾ ਹੈ।

'यश्चेतति चेतयति संज्ञापयति सर्वान् सज्जनान् योगिनस्तच्चित्परं ब्रह्म,

ਜੋ ਚੇਤਨ ਸਰੂਪ ਸਭ ਜੀਵਾਂ ਨੂੰ ਚਿਤਾਨੇ, ਅਰ ਸੱਤ ਅਸੱਤ ਦਾ ਜਾਣਨਹਾਰਾ ਹੈ ਏਸ ਲਈ ਓਸ ਪਰਮੇਸ਼੍ਵਰ ਦਾ ਨਾਮ 'ਚਿਤ' ਹੈ। ਇਨ੍ਹਾਂ ਤਿਨੋਂ ਸ਼ਬਦਾਂ ਦੇ ਵਿਸ਼ੇਸ਼ਣ ਹੋਣ ਕਰਕੇ ਪਰਮੇਸ਼੍ਵਰ ਨੂੰ 'ਸਚਿੱਦਾਨੰਦ, ਸਰੂਪ ਕਹਿੰਦੇ ਹਨ

'यो नित्यध्रुवोऽचलोऽविनाशी स नित्यः'

ਜੋ ਨਿਸ਼ਚਲ ਅਬਨਾਸ਼ੀ ਹੈ ਸੋ ਨਿਤ ਸ਼ਬਦ ਵਾਰੀ ਈਸ਼੍ਵਰ ਹੈ।

( शुंध शुद्धौ ) ਏਸ ਥੀਂ 'ਸ਼ੁਧ, ਸ਼ਬਦ ਸਿਧ ਹੁੰਦਾ ਹੈ।

'यः शुन्धति सर्वान् शोध्यति वा स शुद्धईश्वरः'

ਜੋ ਅਪ ਪਵਿਤ੍ਰ ਸਭ ਅਸ਼ੁਧੀਆਂ ਥੀਂ ਵਖਰਾ ਅਰ ਸਭ ਨੂੰ ਸ਼ੁਧ ਕਰਨ ਵਾਲਾ ਹੈ ਏਸ ਲਈ ਓਸ ਈਸ਼੍ਵਰ ਦਾ ਨਾਮ 'ਸ਼ੁਧ,ਹੈ।

(बुध अवगमने) ਏਸ ਧਾਤੂ ਥੀਂ 'ਕ੍ਤ' ਪ੍ਰਤੇ ਹੋਣੇ ਕਰਕੇ 'ਬੁਧ' ਸ਼ਬਦ ਸਿਧ ਹੁੰਦਾ ਹੈ।

'यो बुद्धवान् सदैव ज्ञाता ऽस्ति स बुद्धोजगदीश्वरः'

ਜੋ ਸਦਾ ਸਭਨੂੰ ਜਾਂਣਨ ਹਾਰਾ ਹੈ ਏਸ ਲਈ ਈਸ਼੍ਵਰ ਦਾ ਨਾਂਮ ਬੁਧ ਹੈ। (मुच् लृमोचने) ਏਸ ਧਾਤੂ ਥੀਂ 'ਮੁਕਤ' ਸ਼ਬਦ ਸਿਧ ਹੁੰਦਾ ਹੈ।

'यो मुञ्चति मोचयति वा मुमुक्षून् स मुक्तो जगदीश्वरः

ਜੋ ਸਦਾ ਅਸ਼ੁਧੀਆਂ ਥੀਂ ਅਲਗ ਅਰ ਸਭਣਾਂ ਮੁਕਤੀ ਦੀ ਇਛਿਆ ਕਰਨ ਵਾਲਿਆਂ ਨੂੰ ਕਲੇਸ਼ ਥੀਂ ਛੁਡਾ ਦੇਂਦਾ ਹੈ ਏਸ ਲਈ ਪਰਮੇਸ਼੍ਵਰ ਦਾ ਨਾਂਮ 'ਮੁਕਤ' ਹੈ।

'अत एव नित्य शुद्ध बुद्ध मुक्त स्वभावो जगदीश्वरः'

ਇਸੇ ਕਾਰਣ ਥੀਂ ਪਰਮੇਸ਼੍ਵਰ ਦਾ ਸੁਭਾਵ ਨਿਤ, ਸ਼ੁਧ, ਮੁਕਤ,ਹੈ। ਨਿਰ ਅਰ ਆਙ ਪੂਰਬਕ (डुकृञ् करणे) ਏਸ ਧਾਤੂ ਥੀਂ 'ਨਿਰਾਕਾਰ' ਸ਼ਬਦ ਸਿਧ ਹੁੰਦਾ ਹੈ।

'निर्गत आकारात्सनिरा कारः'

ਜਿਸਦੀ ਸ਼ਕਲ ਕੋਈ ਬੀ ਨਹੀਂ ਅਰ ਨਾਂ ਕਦੀ ਸਰੀਰ ਧਾਰਣ ਕਰਦਾ ਹੈ ਏਸਲਈ ਪਰਮੇਸ਼ਰ ਦਾ ਨਾਂਮ'ਨਿਰਾਕਾਰ ਹੈ'। (अञ्जू व्यक्ति म्रक्षण कान्ति गतिषु) ਏਸ ਧਾਤੂ ਥੀਂ 'ਅੰਜਨ' ਸ਼ਬਦ ਅਰ ਨਿਰ ਉਪਸਰਗ ਦੇ ਜੋਗ ਨਾਲ 'ਨਿਰੰਜਨ' ਸ਼ਬਦ ਸਿਧ ਹੁੰਦਾ ਹੈ।

'अञ्जनं व्यक्ति म्र्क्षणं कुकामइन्द्रियैः प्राप्तिश्चेत्यस्माद्यो निर्गतःपृथग्भूतःस निरञ्जनः

ਜੋ ਵਿਅਕ੍ਤੀ ਅਰਥਾਤ ਆਕ੍ਰਿਤੀ, ਮਲੇਛਾਚਾਰ, ਦੁਸ਼ਟ ਕਾਂਮਨਾਂ, ਅਰ ਚਖੂ ਆਦੀ ਇੰਦ੍ਰੀਆਂ ਦੇ ਵਿਸ਼ਿਆਂ ਦੇ ਪਥ ਥੀਂ ਪ੍ਰਿਥਕ ਹੈ ਏਸ ਲਈ ਈਸ਼੍ਵਰ ਦਾ ਨਾਂਮ 'ਨਿਰੰਜਨ' ਹੈ। (गण संख्याने) ਏਸ ਧਾਤੂ ਥੀਂ 'ਗਣੇਸ਼' ਸ਼ਬਦ ਸਿਧ ਹੁੰਦਾ ਹੈ ਏਹ ਦੇ ਅਗੇ 'ਈਸ਼' ਵਾ 'ਪਤੀ' ਸ਼ਬਦ ਰਖੱਣ ਨਾਲ 'ਗਣੇਸ਼' ਅਰ 'ਗਣਪਤੀ' ਸ਼ਬਦ ਸਿਧ ਹੁੰਦੇ ਹਨ।

'येप्रकृत्यादयो जड़ाःजीवाश्चगण्यन्ते संख्या यन्ते तेषा मीशः स्वामी पतिः पालकोवा'

ਜੋ ਪ੍ਰਕ੍ਰਿਤੀ ਆਦੀ ਜੜ ਅਰ ਸਭ ਜੀਵ ਪ੍ਰਸਿਧ ਪਦਾਰਥਾਂ ਦਾ ਸੁਆਮੀ ਵਾ ਪਾਲਣ ਕਰਨ ਹਾਰਾ ਹੈ ਏਸ ਲਈ ਓਸ ਈਸ਼੍ਵਰ ਦਾ ਨਾਂਮ 'ਗਣੇਸ਼' ਜਾਂ 'ਗਣਪਤੀ' ਹੈ।

'यो विश्वमीष्टे स विश्वेश्वरः'

'ਜੋ ਸੰਸਾਰ ਦਾ ਮਾਲਕ ਹੈ ਇਸ ਲਈ ਉਸ ਪਰਮੇਸ਼ੁਰ ਦਾ ਨਾਂਮ ਵਿਸ਼ੇਸ਼ੁਰ ਹੈ।

'यः कूटेऽनेक विधव्यवहारे स्वस्वरूपेणैवतिष्ठति स कूटस्थः परमेश्वरः'

ਜੋ ਸਭ ਵਿਹਾਰਾਂ ਵਿਚ ਵਿਆਪਕ, ਅਰ ਸਭ ਵਿਹਾਰਾਂ ਦਾ ਅਧਾਰ ਹੋਕੇ ਬੀ ਕਿਸੇ ਵਿਹਾਰ ਵਿਚ ਅਪਣੇ ਸਰੂਪ ਨੂੰ ਨਹੀ ਬਦਲਦਾ ਇਸ ਲਈ ਪਰਮੇਸ਼ੁਰ ਦਾ ਨਾਂਮ 'ਕੂਟਸਤ' ਹੈ। ਜਿੰਨੇ ਦੇਵ ਸ਼ਬਦ ਦੇ ਅਰਥ ਲਿਖੇ ਹੈਨ ਉਨੇ ਹੀ 'ਦੇਵੀ' ਸ਼ਬਦ ਦੇ ਬੀ ਹੈਨ ਪਰਮੇਸ਼ੁਰ ਦੇ ਤਿਨਾਂ ਲਿੰਗਾਂ ਵਿਚ ਨਾਂਮ ਹਨ ਜੀਕਣ

'ब्रह्मचिति रीश्वरश्चेति'

ਜਦ ਈਸ਼ੁਰ ਦਾ ਵਸ਼ੇਸ਼ਣ ਹੋਵੇਗਾ ਤਦ 'ਦੇਵ' ਜਦ ਚਿਤੀ ਦਾ ਹੋਵੇਗਾ ਤਦ 'ਦੇਵੀ' ਇਸ ਲਈ ਈਸ਼ੁਰ ਦਾ ਨਾਂਮ 'ਦੇਵੀ' ਹੈ। (शक्लृ शक्तौ) ਇਸ ਧਾਤੂ ਥੀਂ 'ਸ਼ਕਤੀ' ਸ਼ਬਦ ਬਣਦਾ ਹੈ।

'यः सर्वंजगत् कर्तुं शक्नोति स शक्तिः'

ਜੋ ਸਭ ਜਗਤ ਦੇ ਬਣਾਣ ਵਿਚ ਸਮ੍ਰਥ ਹੈ ਇਸ ਲਈ ਉਸ ਪਰਮੇਸ਼ੁਰ ਦਾ ਨਾਂਮ 'ਸ਼ਕਤੀ' ਹੈ। (श्रिञ् सेवायाम्) ਇਸ ਧਾਤੂ ਥੀਂ 'ਸ੍ਰੀ' ਸ਼ਬਦ ਸਿਧ ਹੁੰਦਾ ਹੈ।

'यः श्रीयतेसेव्यते सर्वेण जगता विद्वद्भिर्योगिभिश्च स श्री रीश्वरः'

ਜਿਸਦਾ ਸੇਵਣ ਸਭ ਜਗਤ ਵਿਦਵਾਂਨ ਅਰ ਜੋਗੀ ਜਨ ਕਰਦੇ ਹਨ ਇਸ ਥੀਂ ਪਰਮੇਸ਼ਰ ਦਾ ਨਾਂਮ 'ਸ੍ਰੀ' ਹੈ। (लक्ष दर्शनाङ्कनयोः) ਇਸ ਧਾਤੂ ਥੀਂ 'ਲਖ਼ਮੀ' ਸ਼ਬਦ ਸਿਧ ਹੁੰਦਾ ਹੈ।

'यो लक्षयति पश्यत्यङ्कतिचिह्नयति चराचरं जगद् थवा
वेदैराप्तैर्योगि भिश्च योलक्ष्यते स लक्ष्मीः सर्व प्रियेश्वरः'

ਜੋ ਸਭ ਚਰਾਚਰ ਜਗਤ ਨੂੰ ਵੇਖਦਾ ਚਿਹ੍ਨ ਵਾਲਾ, ਅਰਥਾਤ ਦ੍ਰਿਸ਼ ਬਣਾਂਦਾ ਜੀਕਣ ਸ਼ਰੀਰ ਦੀਆਂ ਅਖਾਂ, ਨੱਕ, ਅਰ ਦ੍ਰਖਤ ਦੇ ਪਤ੍ਰ, ਫੁਲ, ਫਲ ਜੜ, ਪ੍ਰਿਥਵੀ, ਪਾਣੀ ਦੇ ਕਾਲਾ, ਲਾਲ, ਚਿੱਟਾ, ਮਿੱਟੀ, ਪੱਥਰ, ਚੰਦ੍ਰਮਾਂ, ਸੂਰਜ ਆਦੀ ਚਿਹ੍ਨ ਬਣਾਂਦਾ ਤਥਾ ਸਭ ਨੂੰ ਵੇਖਦਾ ਸਭ ਸੋਭਾ ਦੀ ਸ਼ੋਭਾ ਅਰ ਜੋ ਵੇਦ ਆਦੀ ਸ਼ਾਸਤ੍ਰ ਵਾ ਧਰਮ ਉੱਤੇ ਚਲੱਣ ਵਾਲੇ ਵਿਦਵਾਂਨ ਜੋਗੀਆਂ ਦਾ ਲਖ ਅਰਥਾਤ ਵੇਖਣ ਜੋਗ ਹੈ ਇਸ ਲਈ ਉਸ ਪਰਮੇਸ਼ੁਰ ਦਾ ਨਾਂਮ 'ਲਖਮੀ' ਹੈ (सृगतौ) ਇਸ ਧਾਤੂ ਥੀਂ 'ਸਰਸ' ਉਸ ਥੀਂ 'ਮਤੁਪ, ਅਰ 'ਙੀਪ' ਪ੍ਰਤੇ ਹੋਣੇ ਕਰਕੇ (सरस्वती) ਸ਼ਬਦ ਸਿਧ ਹੁੰਦਾ ਹੈ।

'सरोविविधं ज्ञानं विद्यते यस्यां चितौ सा सरस्वती'

ਜਿਸਨੂੰ ਅਨੇਕ ਪ੍ਰਕਾਰ ਦਾ ਗਿਆਂਨ ਅਰਥਾਤ ਸ਼ਬਦ ਅਰਥ ਸੰਬੰਧ ਪ੍ਰਜੋਗ ਦਾ ਗਿਆਂਨ ਜਥਾਵਤ ਹੋਵੇ ਇਸ ਥੀਂ ਉਸ ਪਰਮੇਸ਼ੁਰ ਦਾ ਨਾਂਮ

'ਸਰਸ੍ਵਤੀ, ਹੈ।

'सर्वाःशक्तयो विद्यन्ते यस्मिन् स सर्व शक्तिमानीश्वरः'

ਜੋ ਅਪਣੇ ਕਾਰਜ ਕਰਨ ਵਿਚ ਕਿਸੇ ਹੋਰ ਦੀ ਸਹਾਇਤਾ ਦੀ ਇਛਿਆ ਨਹੀਂ ਕਰਦਾ ਅਪਣੇ ਹੀ ਸਮ੍ਰਥ ਨਾਲ ਅਪਣੇ ਸਭ ਕੰਮ ਪੂਰੇ ਕਰਦਾ ਹੈ ਏਸ ਲਈ ਓਸ ਪਰਮੇਸ੍ਵਰ ਦਾ ਨਾਂਮ 'ਸਰਬ ਸ਼ਕਤੀਮਾਨ, ਹੈ (णीञ्प्रापणे) ਏਸ ਧਾਤੂ ਥੀਂ 'ਨਿਆਇ, ਸ਼ਬਦ ਸਿਧ ਹੁੰਦਾ ਹੈ।

'प्रमाणैरर्थपरीक्षणंन्यायः'

ਏਹ ਬਚਨ ਨਿਆਇ ਸੂਤ੍ਰਾਂ ਉੱਤੇ ਵਾਤਸਾਇਣ ਮੁਨੀ ਕ੍ਰਿਤ ਭਾਸ਼ਦਾ ਹੈ

'पक्षपात राहित्याचरणंन्यायः'

ਜੋ ਪ੍ਰਤਖ ਆਦੀ ਪ੍ਰਮਾਣਾਂ ਦੀ ਪ੍ਰੀਖਿਆ ਥੀਂ ਸਤ ਸਤ ਸਿਧ ਹੋਵੇ ਤਥਾ ਪਖ੍ਯਪਾਤ ਰਹਿਤ ਧਰਮ ਰੂਪੀ ਆਚਰਣ ਹੈ ਓਹ ਨਿਆਇ ਕਹਾਂਦਾ ਹੈ।

'न्यायं कर्तुं शीलमस्य स न्यायकारीश्वरः'

ਜਿਸਦਾ ਨਿਆਂ ਅਰਥਾਤ ਪਖਪਾਤ ਰਹਿਤ ਧਰਮ ਕਰਨ ਦਾ ਹੀ ਸੁਭਾਵ ਹੈ ਏਸ ਲਈ ਓਸ ਈਸ਼੍ਵਰ ਦਾ ਨਾਮ 'ਨਿਆਇਕਾਰੀ, ਹੈ। (दयदान गतिरक्षणहिंसादानेषु)ਏਸ ਧਾਤੂ ਥੀਂ 'ਦਇਆ, ਸ਼ਬਦ ਸਿਧ ਹੁੰਦਾ ਹੈ।

'दयते ददाति जानाति गच्छति रक्षतिहि नस्तियया सादया

बह्वीदया विद्यते यस्य सदयालुः परमेश्वरः'

ਜੋ ਅਭੈ ਦਾ ਦਾਤਾ ਸਤ ਅਸਤ ਸਰਬ ਵਿਦਿਆਂ ਦੇ ਜਾਣਨੇ ਸਭ ਸਜਣਾਂ ਦੀ ਰਖਿਆ ਕਰਨੇ ਅਰ ਦੁਸ਼ਟਾਂ ਨੂੰ ਜਥਾ ਜੋਗ ਡੰਡ ਦੇਣ ਵਾਲਾ ਹੈ ਏਸ ਲਈ ਪਰਮੇਸ੍ਵਰ ਦਾ ਨਾਂਮ 'ਦਇਆਲੂ' ਹੈ।

'द्वयोर्भावो द्विता द्वाभ्यामितं द्वीतं वासैव तदेव वाद्वैतम्

नविद्यतेद्वैतं द्वितीयेश्वर भावो यस्मिंस्तद द्वैतम्'। ਅਰਥਾਤ

'सजातीय विजातीय स्वगत भेद शून्यं ब्रह्म'

ਦੋਦਾ ਹੋਣਾਂ ਵਾ ਦੋਹਾਂ ਥੀਂ ਜੁਕਤ ਹੋਣਾਂ ਉਹ ਦ੍ਵਿਤਾ ਵਾ ਦ੍ਵੀਤ ਅਥਵਾ ਦ੍ਵੈਤ ਏਸ ਥੀਂ ਜੋ ਰਹਿਤ ਹੈ ਸਜਾਤੀਜ, ਜੀਕਣ ਮਨੁਖਦਾ ਸਜਾਤੀ ਦੂਜਾ ਮਨੁਖ ਹੁੰਦਾ ਹੈ। ਵਿਜਾਤੀ ਜੀਕਣ ਮਨੁਖ ਥੀਂ ਭਿੰਨ ਜਾਤੀ ਵਾਲਾ ਬ੍ਰਿਖਤ ਪਥੱਰ ਆਦੀ ਸ੍ਵਗਤ ਅਰਥਾਤ ਸ੍ਰੀਰ ਵਿਚ ਜੀਕਣ ਅਖ,ਨੱਕ,ਕੰਨ,ਆਦੀ ਅਵੈਵਾਂਦਾ ਭੇਦ ਹੈ ਉਕਣ ਦੂਜੇ ਸਜਾਤੀ ਈਸ੍ਵਰ,ਵਿਜਾਤੀ ਈਸ੍ਵਰ ਦਾ ਅਪਣੇ ਆਤਮਾਂ ਵਿਚ ਤੱਤ੍ਵਾਂਤਰ ਵਸਤੂਆਂ ਥੀਂ ਰਹਿਤ ਇਕ ਪਰਮੇਸ੍ਵਰ ਹੈ ਏਸ ਲਈ ਪਰਮੇਸ਼੍ਵਰ ਦਾ ਨਾਂਮ ਅਦ੍ਵੈਤ ਹੈ

'गण्यन्ते येते गुणा वा यैर्गणयन्ति ते गुणाः'

यो गुणेभ्यो निर्गतः स निर्गुण ईश्वरः'

ਜਿੱਨੇ, ਸਤ, ਰਜ, ਤਮ, ਰੂਪ, ਰਸ, ਸਪਰਸ, ਗੰਧ, ਆਦੀ, ਜੜ੍ਹ ਦੇ ਗੁਣ, ਅਵਿਦਆ, ਅਲਪਗੱਤਾ, ਰਾਗ, ਦ੍ਵੈਸ,ਅਰ ਅਵਿਦਿਆ ਆਦੀ ਕਲੇਸ਼ ਜੀਵ ਦੇ ਗੁਣ ਹਨ ਉਨਾਂ ਥੀਂ ਜੋ ਪਰੇ ਹੈ ਏਸ ਵਿਚ

'अशब्द मस्पर्शं मरूप मव्ययम्'

ਇਤ੍ਯਾਦੀ ਉਪਨਿਸ਼ਦਾਂ ਦਾ ਪ੍ਰਮਾਂਣ ਹੈ ਜੋ ਸ਼ਬਦ, ਸਪਰਸ਼, ਰੂਪ, ਆਦੀ ਗੁਣ ਰਹਿਤ ਹੈ ਏਸ ਲਈ ਪਰਮੇਸ਼ਰ ਦਾ ਨਾਂਮ ਨਿਰਗੁਣ ਹੈ।

'यो गुणैः सहवर्तते स सगुणः'

ਜੋ ਸਭ ਦਾ ਗਿਆਂਨ ਸਰਬ ਸੁਖ ਪਵਿਤ੍ਰਤਾ ਅਨੰਤ ਬਲ ਆਦੀ ਗੁਣਾਂ ਥੀਂ ਜੁਕਤ ਹੈ ਏਸ ਲਈ ਪਰਮੇਸ਼੍ਵਰ ਦਾ ਨਾਂਮ ਸਗੁਣ, ਹੈ। ਜੀਕਣ ਪ੍ਰਿਥਵੀ ਗੰਧਆਦੀ ਗੁਣਾਂ ਥੀਂ ਸਗੁਣ, ਅਰ ਇਛਿਆ ਆਦੀ ਗੁਣਾਂ ਥੀਂ ਰ-ਹਿਤ ਹੋਣ ਕਰਕੇ ਨਿਰਗੁਣ ਹੈ ਉਕਣ ਜਗਤ ਅਰ ਜੀਵ ਦੇ ਗੁਣਾਂ ਥੀਂ ਪਰੇ ਹੋਣ ਕਰਕੇ ਪਰਮੇਸ਼ਰ 'ਨਿਰਗੁਣ' ਅਰ ਸਰਬੱਗ ਆਦੀ ਗੁਣਾਂ ਥੀਂ ਸਹਿਤ ਹੋਣ ਕਰਕੇ 'ਸਗੁਣ' ਹੈ। ਅਰਥਾਤ ਅਜੇਹਾ ਕੋਈ ਬੀ ਪਦਾਰਥ ਨਹੀਂ ਹੈ ਜੋ ਸਗੁਣਤਾ ਅਰ ਨਿਰ ਗੁਣਤਾ ਤੋਂ ਵਖਰਾ ਹੋਵੇ ਜੀਕਣ ਚੇਤਨ ਦੇ ਗੁਣਾਂ ਥੀਂ ਖਰਾ ਹੋਣ ਕਰਕੇ ਜੜ ਪਦਾਰਥ ਨਿਰਗੁਣ, ਅਰ ਅਪਣੇ ਗੁਣਾਂ ਦੇ ਹੋਣ ਕਰਕੇ ਸਗੁਣ, ਉਕਣ ਜੜ ਦੇ ਗੁਣਾਂ ਥੀਂ ਰਹਿਤ ਹੋਣ ਕਰਕੇ ਜੀਵ ਨਿਰ-ਗੁਣ ਅਰ ਇਛਿਆ ਆਦੀ ਅਪਣੇ ਗੁਣਾਂ ਦੇ ਹੋਣ ਕਰਕੇ ਸਗੁਣ, ਈਕਣ ਹੀ ਪਰਮੇਸ਼੍ਵਰ ਵਿਚ ਬੀ ਸਮਝਨਾ ਚਾਹੀਏ।

'अन्तर्यन्तु शीलं यस्य सो ऽयमन्तर्यामी'

ਜੋ ਸਭ ਪ੍ਰਾਣੀ ਅਰ ਅਪ੍ਰਾਣੀ ਰੂਪ ਜਗਤ ਦੇ ਅੰਦਰ ਵਿਆਪਕ ਹੋਕੇ ਸਭ ਦਾ ਨਿਯੱਮ ਕਰਦਾ ਹੈ ਏਸ ਲਈ ਓਸ ਪਰਮੇਸ਼੍ਵਰ ਦਾ ਨਾਂਮ 'ਅੰਤ੍ਰਜਾਂਮੀ ਹੈ।

'यो धर्मेराजते स धर्म राजः'

ਜੋ ਧਰਮ ਹੀ ਵਿਚ ਪ੍ਰਕਾਸ਼ ਮਾਨ ਅਰ ਅਧਰਮ ਥੀਂ ਰਹਿਤ ਧਰਮ ਦਾ ਹੀ ਪ੍ਰਕਾਸ਼ ਕਰਦਾ ਹੈ ਏਸ ਲਈ ਓਸ ਪ੍ਰਮੇਸ਼੍ਵਰ ਦਾ ਨਾਂਮ 'ਧਰਮਰਾਜ' ਹੈ। (यमुउपरमे) ਏਸ ਧਾਤੂ ਥੀਂ 'ਯਮ' ਸ਼ਬਦ ਸਿਧ ਹੁੰਦਾ ਹੈ।

'यः सर्वान् प्राणिनो नियच्छति स यमः'

ਜੋ ਸਭ ਪ੍ਰਾਣੀਆਂ ਦੇ ਕਰਮ ਫਲ ਦੇਣ ਦੀ ਬਿਵਸਥਾ ਕਰਦਾ, ਅਰ ਸਭ ਅਨਿੱਆਂ ਦੇ ਕੰਮੱਾਂ ਥੀਂ ਪਰੇ ਰੇਹਦਾ ਹੈ ਏਸ ਲਈ ਪਰਮੇਸ਼੍ਵਰ ਦਾ ਨਾਮ 'ਯਮ' ਹੈ। (भज सेवायाम्) ਏਸ ਧਾਤੂ ਥੀਂ 'ਭਗ' ਏਸ ਥੀਂ 'ਮਤੁਪ' ਹੋਣ ਕਰਕੇ 'ਭਗਵਾਂਨ ਸ਼ਬਦ ਸਿਧ ਹੁੰਦਾ ਹੈ।

'भगः सकलैश्वर्यं सेवनं वा विद्यते यस्य स भगवान्'

ਜੋ ਸੰਪੂਰਣ ਏਸ਼੍ਵਰਜ ਕਰਕੇ ਜੁਕਤ ਭਜਣੇ ਦੇ ਜੋਗ ਹੈ ਏਸ ਲਈ ਓਸ ਈਸ਼੍ਵਰ ਦਾ ਨਾਂਮ 'ਭਗਵਾਂਨ' ਹੈ। (मन ज्ञाने) ਧਾਤੂ ਥੀਂ 'ਮਨੂੰ' ਸ਼ਬਦ ਬਣਦਾ ਹੈ।

'यो न्यते स मनुः'

ਜੋ ਮਨੂੰ ਅਰਥਾਤ ਬਿਗਿਆਂਨ ਸ਼ੀਲ ਅਰ ਮੱਨਣੇ ਜੋਗ ਹੈ ਏਸ ਲਈ

ਉਸ ਪਰਮੇਸ਼ੁਰ ਦਾ ਨਾਮ 'ਮਨੂੰ' ਹੈ । (पृपालन पूरणयोः) ਏਸ ਧਾਤੂ ਥੀਂ ਪੁਰਸ਼ ਸ਼ਬਦ ਸਿਧ ਹੋਇਆ ਹੈ।

'यः स्वव्याप्त्या चराचरं जगत् पृणाति पूरयति वा स पुरुषः'

ਜੋ ਸਭ ਜਗਤ ਵਿਚ ਪੂਰਣ ਹੋਰਹਿਆਹੈ ਏਸ ਲਈ ਉਸ ਪਰਮੇਸ਼ੁਰ ਦਾ ਨਾਂਮ 'ਪੁਰਸ਼ ਹੈ' [डुभृञ् धारणपोषणयोः]' ਵਿਸ਼੍ਵ ' ਪੂਰਬਕ ਏਸ ਧਾਤੂ ਥੀਂ ਵਿਸ਼੍ਵੰਭਰ ਸ਼ਬਦ ਸਿਧ ਹੁੰਦਾ ਹੈ।

'यो विश्वं बिभर्ति धरति पुष्णाति वा स विश्वम्भरो जगदीश्वरः'

ਜੋ ਜਗਤ ਦਾ ਧਾਰਣ ਅਰ ਪਾਲਣ ਕਰਦਾ ਹੈ ਏਸ ਲਈ ਉਸ ਪਰ- ਮੇਸ਼ੁਰ ਦਾ ਨਾਂਮ 'ਵਿਸ਼੍ਵੰਭਰ' ਹੈ। (कल संख्याने) ਏਸ ਧਾਤੂ ਥੀਂ 'ਕਾਲ, ਸ਼ਬਦ ਬਣਿਆ ਹੈ।

'कलयति संख्याति सर्वान् पदार्थान् स कालः'

ਜੋ ਜਗਤ ਦੇ ਸਭ ਪਦਾਰਥ ਅਰ ਜੀਵਾਂ ਦੀ ਸੰਖਿਆ ਕਰਦਾ ਹੈ ਏਸ ਲਈ ਉਸ ਪਰਮੇਸਰ ਦਾ ਨਾਂਮ 'ਕਾਲ' ਹੈ। (शिष्लृविशेषणे)

ਏਸ ਧਾਤੂ ਥੀਂ 'ਸ਼ੇਸ਼, ਸ਼ਬਦ ਸਿਧ ਹੁੰਦਾ ਹੈ ।

'यः शिष्यते स शेषः'

ਜੋ ਉਤਪੱਤੀ ਅਰ ਪਰਲੈ ਥੀਂ ਸ਼ੇਸ਼ ਅਰਥਾਤ ਬਚ ਰਹਿਆ ਹੈ ਏਸ ਲਈ ਉਸ ਪਰਮੇਸ਼ਰ ਦਾ ਨਾਮ 'ਸ਼ੇਸ਼ ਹੈ। (आप्लृ व्याप्तौ) ਏਸ ਧਾਂਤੂ ਥੀਂ ਆਪਤ ਸ਼ਬਦ ਸਿਧ ਹੁੰਦਾ ਹੈ।

'यः सर्वान् धर्मात्मन आप्नोति वा सर्वैर्धर्मात्मभि राप्यते छलादि रहितः स आप्तः'

ਜੋ ਸਤ ਉਪਦੇਸ਼ਕ ਸਕਲ ਵਿਦਿਆ ਜੁਕਤ, ਸਭ ਧਰਮਾਤਮਾਂ ਮਨੁਖਾਂ ਨੂੰ ਪ੍ਰਾਪਤ ਹੁੰਦਾ, ਅਰ ਧਰਮਾਤਮਾਂ ਲੋਕਾਂ ਥੀਂ ਪ੍ਰਾਪਤ ਹੋਣ ਜੋਗ ਛਲ ਕਪਟ, ਆਦੀ ਥੀਂ ਰਹਿਤ ਹੈ ਏਸ ਲਈ ਉਸ ਪ੍ਰਮਾਤਮਾ ਦਾ ਨਾਮ 'ਆਪਤ ਹੈ। [डुकृञ् करणे]' ਸਮ ' ਪੂਰਬਕ ਏਸ ਧਾਤੂ ਥੀਂ ' ਸ਼ੰਕਰ ' ਸ਼ਬਦ ਸਿਧ ਹੋਇਆ ਹੈ।

'यः शङ्कल्याणं सुखं करोति स शंकरः'

ਜੋ ਕਲਿਆਣ ਅਰਥਾਤ ਸੁਖਦਾ ਕਰਨ ਹਾਰਾ ਹੈ ਏਸ ਲਈ ਉਸ ਈਸ਼ੁਰ ਦਾ ਨਾਂਮ 'ਸ਼ੰਕਰ' ਹੈ 'ਮਹਤ' ਸ਼ਬਦ ਪੂਰਬਕ 'ਦੇਵ' ਸ਼ਬਦ ਥੀਂ 'ਮਹਾਂਦੇਵ ਸਿਧ ਹੁੰਦਾ ਹੈ।

'यो महतां देवः स महा देवः'

ਜੋ ਮਹਾਂਨਦੇਵਾਂ ਦਾ ਦੇਵ ਅਰਥਾਤ ਵਿਦਵਾਨਾਂ ਦਾ ਬੀ ਵਿਦਵਾਂਨ ਸੂਰਜ ਆਦੀ ਪਦਾਰਥਾਂ ਦਾ ਪ੍ਰਕਾਸ਼ਕ ਹੈ ਏਸ ਲਈ ਉਸ ਪਰਮੇਸ਼ਰ ਦਾ ਨਾਂਮ 'ਮਹਾਂ ਦੇਵ ' ਹੈ। (प्रीञ् तर्पणेकान्तौच) ਏਸ ਧਾਤੂ ਥੀਂ ' ਪ੍ਰਿ ' ਸ਼ਬਦ ਸਿਧ ਹੁੰਦਾ ਹੈ

'यः पृणाति प्रीयते वा स प्रियः'

ਜੋ ਸਭ ਧਰਮਾਤਮਾਂ ਮੁਕਤੀ ਦੀ ਇਛਿਆ ਕਰਨ ਵਾਲਿਆਂ ਅਰ ਸ਼੍ਰਿਸ਼ਟ ਜਨਾਂ ਨੂੰ ਪ੍ਰਸੰਨ ਕਰਦਾ ਅਰ ਸਭ ਨੂੰ ਕਾਂਮਨਾਂ ਦੇ ਜੋਗ ਹੈ ਏਸ ਲਈ

ਉਸ ਈਸ਼੍ਵਰ ਦਾ ਨਾਮ 'ਪ੍ਰੇਜ' ਹੈ। (भू सत्तायाम्) 'ਸ੍ਵਯੰ' ਪੂਰਬਕ ਏਸ ਧਾਤੂ ਥੀਂ ਸ੍ਵੰਯੰ ਭਵ ਸ਼ਬਦ ਸਿਧ ਹੁੰਦਾ ਹੈ।

'यः स्वयं भवति स स्वम्भूरीश्वरः'

ਜੋ ਅਪਣੇ ਆਪਹੀ ਹੈ ਕਿਸੇ ਥੀਂ ਕਦੀ ਉਤਪੰਨ ਨਹੀਂ ਹੋਇਆ ਹੈ ਏਸ ਲਈ ਉਸ ਪਰਮਾਤਮਾਂ ਦਾ ਨਾਂਮ 'ਸੁਯੰਭੂ' ਹੈ। (कुशब्दे) ਏਸ ਧਾਤੂ ਥੀਂ 'ਕਵੀ' ਸ਼ਬਦ ਸਿਧ ਹੁੰਦਾ ਹੈ।

'यः कौति शब्दयति सर्वा विद्याः स कविरीश्वरः'

ਜੋ ਵੇਦ ਦੁਆਰਾ ਸਭ ਵਿਦਿਆਂ ਦਾ ਉਪਦੇਸ਼ ਕਰਨ ਹਾਰਾ ਅਰ ਵੇਤਾ ਹੈ ਏਸ ਲਏ ਉਸ ਪਰਮੇਸ਼ਰ ਦਾ ਨਾਮ 'ਕਵੀ' ਹੈ। (शिवु कल्याणे) ਏਸ ਧਾਤੂ ਥੀਂ ਸ਼ਿਵ ਸ਼ਬਦ ਸਿਧ ਹੁੰਦਾ ਹੈ।

'बहुल मे तन्निदर्शनम्'

ਏਸ ਥੀਂ ਸ਼ਿਤ ਸਾਧੂ ਮਨਿਆਂ ਜਾਂਦਾ ਹੈ ਜੋ ਕਲਿਆਂਣ ਸਰੂਪ ਅਰ ਕਲਿਆਂਣ ਦਾ ਕਰਨ ਹਾਰਾ ਹੈ ਏਸ ਲਈ ਉਸ ਪ੍ਰਮੇਸ਼੍ਰ ਦਾ ਨਾਮ 'ਸ਼ਿਵ' ਹੈ।

ਏਹ ੧੦੦ ਸੌ ਨਾਂਮ ਪਰਮੇਸ਼੍ਰ ਦੇ ਲਿਖੇ ਹਨ ਪ੍ਰੰਤੂ ਇਨਾਂ ਤੋਂ ਭਿੰਨ ਪਰਮੇਸ਼੍ਰ ਦੇ ਅਸੰਖ ਨਾਂਮ ਹਨ ਕਿਉਂਕਿ ਜੀਕਣ ਪਰਮੇਸ਼੍ਰ ਦੇ ਅਨੰਤ ਗੁਣ, ਕਰਮ, ਸੁਭਾਵ, ਹਨ ਉਕਣ ਉਸਦੇ ਅਨੰਤ ਨਾਂਮ ਬੀ ਹਨ। ਉਨਾਂ ਵਿਚੋਂ ਪ੍ਰਤ੍ਯੇਕ ਗੁਣ, ਕਰਮ, ਅਰ ਸੁਭਾਵ, ਦਾ ਇਕ ਇਕ ਨਾਂਮ ਹੈ ਏਸ ਲਈ ਏਹ ਮੇਰੇ ਲਿਖੇ ਹੋਏ ਨਾਂਮ ਸਮੁੰਦ੍ਰ ਦੇ ਸਾਂਮਣੇ ਬੂੰਦ ਦੀ ਨਿਆਂਈ ਹਨ ਕਿਉਂ ਜੋ ਵੇਦ ਆਦੀ ਸ਼ਾਸਤ੍ਰਾਂ ਵਿਚ ਪ੍ਰਮਾਤਮਾਂ ਦੇ ਅਸੰਖ ਗੁਣ, ਕਰਮ, ਸੁਭਾਵ, ਬਿਖਿਆਤ ਕੀਤੇ ਹਨ ਉਨ੍ਹਾਂ ਦੇ ਪੜ੍ਹਨ ਪੜ੍ਹਾਨ ਨਾਲ ਬੋਧ ਹੋਸਕਦਾ ਹੈ ਅਰ ਹੋਰ ਪਦਾਰਥਾਂ ਦਾ ਗਿਆਂਨ ਬੀ ਉਨ੍ਹਾਂ ਨੂੰ ਪੂਰਾ ਪੂਰਾ ਹੋ ਸਕਦਾ ਹੈ। ਜੋ ਵੇਦ ਆਦੀ ਸ਼ਾਸਤ੍ਰਾਂ ਨੂੰ ਪੜ੍ਹਦੇ ਹਨ।

(ਪ੍ਰਸ਼ਨ) ਜੀਕਣ ਹੋਰ ਗ੍ਰੰਥ ਬਣਾਣ ਵਾਲੇ ਆਦ, ਮਧ, ਅਰ ਅੰਤ, ਵਿਚ ਮੰਗਲਾਚਰਣ ਕਰਦੇ ਹਨ ਉਕਣ ਤੁਸਾਂ ਨੇ ਕੁਝ ਬੀ ਨਾਂ ਲਿਖਿਆ ਨਾ ਕੀਤਾ। (ਉਤ੍ਰ) ਈਕਣ ਸਾਨੂੰ ਕਰਨਾ ਜੋਗ ਨਹੀਂ ਕਿਉਂਕਿ ਜੋ ਆਦ ਮਧ੍ਯ ਅਰ ਅੰਤ ਵਿਚ ਮੰਗਲ ਕਰੇਗਾ ਤਾਂ ਉਸਦੇ ਗ੍ਰੰਥ ਵਿਚ ਆਦ ਮਧੱ ਤਥਾ ਅੰਤ ਦੇ ਵਿਚਕਾਰ ਜੋ ਕੁਝ ਲੇਖ ਹੋਵੇਗਾ ਉਹ ਅਮੰਗਲ ਹੀ ਰਹਵੇਗਾ ਏਸ ਲਈ

'मङ्गलाचरणंशिष्टाचारात् फलदर्शनाच्छ्रुतितश्चेति'

ਏਹ ਸਾਂਖ ਸ਼ਾਸਤ੍ਰ ਦਾ ਸੂਤ੍ਰ ਹੈ ਏਸਦਾ ਏਹ ਅਭਿਪ੍ਰਾਇ ਹੈ ਕਿ ਜੋ ਨਿਆਂਇ ਪਖ ਪਾਤ ਰਹਿਤ, ਸਤ ਵੇਦ ਵਿਚ ਕਹੇ ਹੋਏ ਈਸ਼੍ਵਰ ਦੀ ਆਗਿਆ ਹੈ ਉਸੇ ਦਾ ਜਥਾਵਤ ਸਭ ਥਾਂ ਅਰ ਸਦਾ ਆਚਰਣ ਕਰਨਾਂ ਮੰਗਲਾਚਰਣ ਕਹਾਂਦਾ ਹੈ। ਗ੍ਰੰਥ ਦੇ ਅਰੰਭ ਥੀਂ ਲੈਕੇ ਸਮਾਪਤੀ ਤਿਕ ਸਤ੍ਯਾਚਾਰ ਦਾ ਕਰਨਾ ਹੀ ਮੰਗਲਾਂਚਰਣ ਹੈ। ਨਾਂਕਿ ਕਿਦੇ ਮੰਗਲ ਅਰ ਕਿਦੇ ਅਮੰਗਲ ਲਿਖਣਾ ਵੇਖੋ ਮਹਾਸ਼ੇ ਮਹਾਰਿਸ਼ੀਆਂ ਦੇ ਲੇਖ ਨੂੰ:—

यान्यन वद्यानि कर्माणि तानि सेवतव्यानि नो इतराणि।

तैत्तिरी यो पनिषद् प्रपाठक ७ अनु० ११

ਏਹ ਤੈਤ੍ਰੀ ਉਪਨਿਸ਼ਦ ਦਾ ਬਚਨ ਹੈ ਹੇ ਸੰਤਾਨੋ ਜੋ ਅਨੰਦਨੀ ਅਰਥਾਤ ਧਰਮ ਜੁਕਤ ਕਰਮ ਹੈਨ ਉਹੋ ਹੀ ਤੁਹਾਨੂੰ ਕਰਨੇ ਜੋਗ ਹੈਨ ਅਧਰਮ ਜੁਕਤ ਨਹੀਂ ਇਸ ਲਈ ਜੋ ਨਵਿਆਂ ਗ੍ਰੰਥਾਂ ਵਿਚ 'ਸ੍ਰੀ ਗਣੇਸ਼ਾਯ ਨਮः' 'ਸੀਤਾਰਾਮਾ ਭਿਆਂਨਮः' 'ਰਾਧਾ ਕ੍ਰਿਸ੍ਣਾਭਜਾਂਨਮः' 'ਸ੍ਰੀ ਗੁਰੂ ਚਰਣਾਰ ਵਿੰਦਾ ਭਜਾਂ ਨਮਃ' 'ਹਨੂ ਮਤੇ ਨਮः' 'ਦੁਰਗਾਯੈ ਨਮः' 'ਵਟੁਕਾਯ ਨਮः' 'ਭੈਰਵਾਯ ਨਮਃ' 'ਸ਼ਿਵਾ ਯਨਮਃ' 'ਸਰਸ੍ਵਤ੍ਯੈ ਨਮਃ' 'ਨਾਰਾਯਣਾਯ ਨਮਃ' 'ਇਤਆਦੀ ਲੇਖ ਵੇਖਣ ਵਿਚਆਉਂਦੇ ਹੈਨ ਉਹਨਾ ਨੂੰ ਬੁਧਮਾਨ ਲੋਗ ਵੇਦ ਅਰ ਸ਼ਾਸਤ੍ਰਾਂ ਥੀਂਵਿਰੁਧ ਹੋਣ ਕਰਕੇ ਮਿਥਿਆ ਹੀ ਸਮਝਦੇ ਹੈਨ ਕਿਉਂ ਕਿ ਵੇਦਅਰਰਿਸ਼ੀਆਂ ਦੇ ਗ੍ਰੰਥਾਂ ਵਿਚ ਕਿਦੇਅਜੇਹਾ ਮੰਗਲਾ ਚਰਣ ਵੇਖਣ ਵਿਚਨਹੀਂ ਆਉਂਦਾ ਅਰ ਆਰਸ਼ ਗ੍ਰੰਥਾਂ ਵਿਚ 'ਓਮ''ਤਥਾ' 'ਅਥ' ਸ਼ਬਦ ਤਾਂ ਵੇਖਣ ਵਿਚ ਆਉਂਦੇ ਹਨ। ਵੇਖੋਃ—

अथशब्दानुशासन म् अथे त्ययं शब्दो ऽधिकारार्थः प्रयुज्यते।

इति व्याकरण महाभाष्ये।

'अथातो धर्म जिज्ञासा' अथेत्या नन्तर्यवेदाध्ययना नन्तरम्।

इति पूर्वमीमां सायाम्।

'अथतोधर्म व्याख्यास्याम: अथेति धर्म कथनानन्तरं

धर्म लक्षणं विशेषेण व्याख्यास्याम: वैशेषिकदर्शने'॥

'अथ योगानुशासनम्' अथेत्ययमधिकारार्थः।योग शास्त्रे।

'अथ त्रिविधदु:खात्यन्त निवृत्तिरत्य न्तपुरुषार्थ': ।'सां सारि-

कविषय भोगानन्तरं त्रिविधदु: खात्यन्तनिवृत्त्यर्थ: प्रयत्न: कर्तव्य:। सांख्य शास्त्रे

'अथातोब्रह्मजिज्ञासा' इदं वेदान्त सूत्रम्।

'ओमित्ये तदक्षर मुद्गीथ मुपासीत्' इदं छान्दोग्योपनिषद्वचनम्।

'ओ मित्ये तदक्षमिदं्सर्वं तस्योपव्याख्यानम्' इदंचमाण्डूक्योप

निषद्वचनम्॥

ਈਕਣ ਹੀ ਹੋਰ ਰਿਖੀ ਮੁਨੀਆਂ ਦੇ ਗ੍ਰੰਥਾਂ ਵਿਚ, 'ਓਮ' ਅਰ 'ਅਥ' ਸ਼ਬਦਲਿਖੇ ਹਨ ਉਕਣ ਹੀ (अग्नि इट अग्नये विषमा:परियन्ति)ਏਹ ਸ਼ਬਦਚਹੁੰ ਵੇਦਾਂ ਦੇ ਆਦ ਵਿਚ ਲਿਖੇ ਹਨ.' ਸ਼੍ਰੀ ਗਣੇਸ਼ਾਯਨਮਃ' ਇਤਆਦੀ ਸ਼ਬਦ ਕਿਦੇ ਨਹੀਂ ਅਰ ਜੋ ਵੈਦਕ ਲੋਕ ਵੇਦ ਦੇ ਅਰੰਭ ਵਿਚ 'ਹਰੀਓਮ' ਲਿਖਦੇ ਅਰ ਪੜ੍ਹਦੇ ਹਨ ਏਹ ਪੁਰਾਣਕ ਅਰ ਤਾਂਤ੍ਰਿਕ ਲੋਕਾਂ ਦੀ ਮਿਥਿਆ ਕਲਪਣਾਂ ਤੋਂ ਸਿਖੇ ਹਨ ਵੇਦ ਆਦੀ ਸ਼ਾਸ਼ਤ੍ਰਾਂ ਵਿਚ 'ਹਰੀ' ਸ਼ਬਦ ਆਦ ਵਿਚ ਕਿਦੇ ਨਹੀ। ਏਸ ਲਈ 'ਓਮ' ਵਾ 'ਅਥ' ਸ਼ਬਦ ਹੀ ਗ੍ਰੰਥ ਦੇ ਆਦ ਵਿਚ

ਲਿਖਣਾ ਚਾਹੀਏ । ਏਹ ਕਿੰਚਿਤ ਮਾਤ੍ਰ ਈਸ਼ਰ ਦੇ ਵਿਸ਼ੇ ਵਿਚ ਲਿਖਿਆ ਏਸ ਤੋਂ ਅਗੇ ਸਿਖਿਆ ਦੇ ਵਿਸ਼ੇ ਵਿਚ ਲਿਖਿਆ ਜਾਵੇਗਾ ।

इति श्री मद्दयानन्द सरस्वती स्वामिकृते सत्यार्थप्रकाशे
सुभाषाविभूषिते ईश्वरनामविषये प्रथमः समुल्लासः सम्पूर्णः ॥

# ਦੂਜਾ ਸਮੁਲੱਾਸ

[illegible]

[illegible]

मातृ मान् पितृमानाचार्यवान् पुरुषो वेद

ਇਹ ਸ਼ਤਪਥ ਬ੍ਰਾਹਮਣ ਗ੍ਰੰਥ ਦਾ ਬਚਨ ਹੈ, ਸਚ ਮੁਚ ਜਦ ਤਿੰਨ ਉੱਤਮ ਸਿਖਯਾ ਦੇਣ ਵਾਲੇ ਅਰਥਾਤ ਇਕ ਮਾਂ ਦੂਜਾ ਪਿਉ ਤੇ ਤੀਜਾ ਗੁਰੂ ਹੋਵੇ ਤਦਹੀ ਮਨੁਖ ਗਯਾਨ ਵਾਨ ਹੁੰਦਾ ਹੈ ਉਹ ਕੁਲ ਧਨ ਉਹ ਸੰਤਾਨ ਵਡੀ ਭਾਗਵਾਨ ਹੈ ਜਿਹਦੇ ਮਾਤਾ ਪਿਤਾ ਧਰਮ ਤੇ ਚਲਨ ਵਾਲੇ ਅਰ ਵਿਦਯਾਵਾਨ ਹੋਂਨ ਸੰਤਾਂਨ ਨੂੰ ਜਿੱਨਾਂ ਮਾਂ ਕੋਲੋਂ ਉਪਦੇਸ਼ ਅਰ ਉਪਕਾਰ ਪਹੁੰਚਦਾ ਹੈ ਓਨਾਂ ਹੋਰ ਕਿਸੇ ਕੋਲੋਂ ਨਹੀਂ ਪਹੁੰਚਦਾ, ਜਿੱਨਾਂ ਮਾਂ ਬਾਲ ਬਚਿਆਂ ਨੂੰ ਪ੍ਰੇਮ ਕਰਦੀ ਅਰ ਉਨਾਂ ਦਾ ਹਿਤ ਕਰਨਾ ਚਾਹੁੰਦੀ ਹੈ ਓਨਾਂ ਹੋਰ ਕੋਈ ਨਹੀਂ ਚਾਹੁੰਦਾ ਇਸੇ ਗੱਲ ਕਰਕੇ ਉਪਰਲੇ ਬਚਨ ਵਿਚ ਮਾਤ੍ਰੀ ਮਾਨ ਲਿਖਯਾ ਹੈ ਜਿਹਦਾ ਅਰਥ ਇਹਹੈ ਕਿ ਜਿਹਦੀ ਧਰਮ ਤੇ ਚਲਣ ਵਾਲੀ ਅਤੇ ਚੰਗੇ ਕੰਮ ਕਰਨ ਵਾਲੀ ਮਾਂ ਹੋਵੇ ਉਹ ਨੂੰ ਮਾਤ੍ਰੀ ਮਾਂਨ ਕਹਿੰਦੇ ਹਨ, ਧੰਨ ਉਹ ਮਾਂ ਹੈ ਜਿਹੜੀ ਗਰਭਾ ਧਾਂਨ ਦੇ ਵੇਲੇ ਤੋਂ ਲੈਕੇ ਜਦ ਤੀਕਣ ਪੂਰੀ ਵਿਦਯਾ ਨਾ ਹੋਵੇ ਤਦ ਤੀਕਣ ਉਹ ਚੰਗੇ ਸੁਭਾਉ ਦਾ ਉਪਦੇਸ਼ ਕਰੇ ।

ਮਾਂ ਪਿਉ ਨੂੰ ਅਤਿ ਉਚਿੱਤ ਹੈ ਕਿ ਗਰਭ ਹੋਣ ਤੋਂ ਪਹਲੇ ਗਰਭ ਦੇ ਦਿਨਾਂ ਵਿੱਚ ਤੇ ਉਸਤੋਂ ਪਿਛੇ ਨਸ਼ੇ ਵਾਲੀਆਂ ਅਤੇ ਸ਼ਰਾਬ ਅਤੇ ਬਦਬੋ ਵਾਲੀਆਂ ਅਤੇ ਰੁੱਖੀਆਂ ਅਤੇ ਬੁਧ ਦੇ ਨਸ਼੍ਟ ਕਰਨ ਵਾਲੀਆਂ ਚੀਜਾਂ ਨੂੰ ਛੱਡਕੇ ਸ਼ਾਂਤੀ ਦੇ ਦੇਣ ਵਾਲੀਆਂ ਦੇਹ ਨੂੰ ਅਰੋਗ ਰੱਖਣ ਵਾਲੀਆਂ ਅਰ ਬਲ ਬੁਧਿ ਜੋਰ ਦੇ ਵਧਾਂਨ ਵਾਲੀਆਂ ਚੀਜਾਂ ਜਿਨਾਂ ਦੇ ਖਾਂਣ ਨਾਲ ਮਨੁਖ ਚੰਗੇ ਸੁਭਾਉ ਵਾਲਾ ਹੋਕੇ ਸਭਤਾ ਵਾਲਾ ਹੁੰਦਾ ਹੈ ਉਹ ਚੀਜਾਂ ਅਰਥਾਤ ਘਿਉ, ਦੁਧ, ਮਿੱਠਾ ਅੱਨ, ਅੰਨਾਜ ਆਦੀ ਉੱਤਮ ਚੀਜਾਂ ਨੂੰ ਖਾਂਦੇ ਪੀਂਦੇ ਰਹਨ ਜਿਸ ਕਰਕੇ ਰਜਸ,

ਬੀਰਜ, ਸਭਨਾ ਦੋਸ਼ਾਂ ਤੋਂ ਰਹਿਤ ਹੋਕੇ ਅਤੀ ਉੱਤਮ ਗੁਣ ਵਾਲਾ ਹੋਵੇ ਰਿਤੂ ਗਮਨ ਦੀ ਇਸ ਬਿਧੀ ਤੇ ਚਲਨ ਅਰਥਾਤ ਰਜੋ ਦਰਸ਼ਨ ਦੇ ਪੰਜਵੇਂ ਦਿਨ ਥੀਂ ਸੋਲਵੇਂ ਦਿਨ ਤਾੜੀ ਰਿਤੂ ਦਾਨ ਦੇਣਦਾ ਸਮਾ ਹੈ ਉਨਾਂ ਦਿਨਾਂ ਵਿਚੋਂ ਪਹਲੇ ਚਾਰ ਦਿਨ ਛਡ ਦੇਣੇ ਚਾਹੀਏ ਬਾਕੀ ਰਹੇ ਬਾਰਾਂ ਦਿਨ, ਉਨਾਂ ਵਿਚੋਂ ਇਕਾਦਸ਼ੀ ( ਯਾਹਰਵੀਂ ) ਤ੍ਰਿਯੋਦਸੀ ( ਤੇਰਵੀਂ ) ਰਾਤ ਨੂੰ ਬੀ ਛਡ ਦੇਵੇ, ਬਾਕੀ ਰਹ ਗਈਆਂ ਦਸ ਰਾਤਾਂ, ਉਨਾਂ ਵਿਚ ਗਰਭਾ ਧਾਂਨ ਕਰਨਾ ਉੱਤਮ ਹੈ ਰਜੋ ਦਰਸ਼ਨ ਦੇ ਦਿਨ ਥੀਂ ਸੋਲਵੀਂ ਰਾਤ ਦੇ ਪਿਛੋਂ ਸਮਾਗਮ ਨਹੀਂ ਕਰਨਾਂ ਇਸੇ ਤਰ੍ਹਾਂ ਨਾਲ ਜਦ ਤੀਕਨ ਫੇਰ ਰਿਤੂ ਦਾਨ ਦਾ ਸਮਾ ਨ ਆਵੇ ਤਦ ਤੀਕਨ ਅਰ ਗਰਭ ਠਹਿਰ ਜਾਣਦੇ ਪਿਛੋਂ ਇਕ ਵਰਹੇ ਤਾਂਈਂ ਜਾਂ ਜਦ ਤੀਕਰ ਦੋਹਾਂ ਦਾ ਸ਼ਰੀਰ ਅਰੋਗ ਅਰ ਇਕ ਦੂਜੇ ਦੀ ਪ੍ਰਸੰਨਤਾ ਅਰ ਕਿਸੇ ਤਰ੍ਹਾਂ ਦੀ ਚਿੰਤਾ ਨ ਹੋਵੇ ਤਦ ਤੋੜੀ ਸਮਾਗਮ ਨਹੀਂ ਕਰਨਾ ਚਾਹੀਦਾ ਜਿਸ ਤਰ੍ਹਾਂ ਚਰਕ ਸੁਸ਼ਰਿਤ ਗ੍ਰੰਥਾਂ ਵਿੱਚ ਭੋਜਨ ਛਾਦਨ ਦੀ ਬਿਧਿ ਲਿਖੀ ਹੈ ਅਰ ‘ ਮਨੂ ਸਿਮ੍ਰਤੀ ’ ਗ੍ਰੰਥ ਵਿੱਚ ਇਸਤ੍ਰੀ ਪੁਰਸ਼ ਦੇ ਪ੍ਰਸਨਤਾ ਦੀ ਰੀਤੀ ਲਿਖੀ ਹੈ ਉਸੇਤ੍ਰਾਂ ਨਾਲ ਕਰਨ ਅਰ ਵਰਤਨ, ਗਰਭ ਠਹਿਰ ਜਾਨਤੋਂ ਪਿਛੋਂ ਇਸਤ੍ਰੀਨੂੰ ਵਡੀ ਸਾਵਧਾਨੀ ਨਾਲ ਭੋਜਨ ਛਾਦਨ ਕਰਨਾ ਚਾਹੀਦਾ ਹੈ ( ਅਰ ਇਹ ਗਲ ਯਾਦ ਰਖੱਨ ਕਿ ਗਰਭ ਠਹਿਰਨ ਤੇ ਇਕ ਵਰਹਾ ਪਿੱਛੇ ਇਸਤ੍ਰੀ ਪੁਰਖ ਸੰਗ ਨ ਕਰਨ. ਬੁਧਿ ਬਲ ਰੂਪ ਅਰੋਗਤਾ, ਪ੍ਰਾਕ੍ਰਮ, ਸ਼ਾਂਤੀ ਆਦੀ ਦੇ ਦੇਣ ਵਾਲੇ ਪਦਾਰਥਾਂ ਨੂੰ ਇਸਤ੍ਰੀ ਖਾਂਦੀ ਪੀਂਦੀ ਰਹੇ ਜਦ ਤੀਕਣ ਬਚੇ ਦਾ ਜਨਮ ਨਾ ਹੋਵੇ ।

ਜਦ ਬਚਾ ਜੱਮੇਂ ਤਦ ਚੰਗੇ ਸੁਗੰਧੀ ਵਾਲੇ ਪਾਣੀ ਨਾਲ ਬਾਲਕ ਨੂੰ ਸਨਾਨ ਕਰਾਨ ਅਰ ਨਾੜੂ ਕਟੱਨ ਤੋਂ ਪਿੱਛੇ ਸੁਗੰਧੀ ਵਾਲੇ ਘਿਉ ਆਦੀ ਦਾ ਹੋਮ ਕਰਨ, ਅਰ ਪ੍ਰਸੂਤਾ ਦੇ ਸਨਾਨ ਅਰ ਭੋਜਨ ਦਾ ਬੀ ਜੇਹਾ ਚਾਹਿਦਾ ਹੈ ਤੇਹਾ ਪ੍ਰਬੰਧ ਕਰਨ, ਜਿਸ ਕਰਕੇ ਬਾਲਕ ਅਰ ਪ੍ਰਸੂਤਾ ਦਾ ਸ਼ਰੀਰ ਹੌਲੀ ੨ ਅਰੋਗ ਅਰ ਪੁਸ਼੍ਰ ਹੁੰਦਾ ਜਾਏ, ਅਜੇਹੇ ਪਦਾਰਥ ਉਹਦੀ ਮਾਂ ਜਾਂ ਦਾਈ ਖਾਵੇ ਜਿਸ ਕਰਕੇ ਦੁੱਧ ਵਿਚ ਬੀ ਉੱਤਮ ਗੁਣ ਆ ਜਾਨ । ਪ੍ਰਸੂਤਾ ਦਾ ਦੁਧੱ ਛੀ ਦਿਨ ਤਾਈਂ ਬਾਲ ਨੂੰ ਪਿਲਾਨ, ਫੇਰ ਦਾਈ ਪਿਆਇਆ ਕਰੇ ਪਰ ਦਾਈ ਨੂੰ ਉੱਤਮ ਪਦਾਰਥ ਬਾਲਕ ਦੇ ਮਾਂ ਪਿਉ ਖਵਾਂਦੇ ਰਹਿਨ, ਜਿਹੜਾ ਗ੍ਰੀਬੀ ਕਰਕੇ ਦਾਈ ਨੂੰ ਨ ਰਖ ਸੱਕੇ ਉਹ ਗਊ ਜਾਂ ਬੱਕਰੀ ਦੇ ਦੁਧ ਵਿਚ ਉੱਤਮ ਦਵਾਈ-ਆਂ ਜਿਹੜੀਆਂ ਬੁਧਿੱ ਬਲ ਦੇਨ ਵਾਲੀਆਂ ਤੇ ਅਰੋਗ ਦੇ ਕਰਨ ਵਾਲੀਆਂ ਹੋਂਨ ਉਨ੍ਹਾਂ ਨੂੰ ਸ਼ੁਧੱ ਪਾਣੀ ਵਿਚ ਭਿਂਉਂ ਕੇ ਉਬਾਲਾ ਦੇਕੇ ਦੁਧੱ ਜਿਨੱਾ ਪਾਣੀ ਪਾਕੇ ਬਾਲਕ ਨੂੰ ਪਿਵਾਂਨ ਬਾਲ ਦੇ ਜਨਮ ਤੋਂ ਪਿਛੇ ਬਾਲ ਤੇ ਉਹਦੀ ਮਾਂ ਨੂੰ ਦੂਜੀ ਜਗਾ ਵਿਚ ਜਿਥੋਂਦੀ ਹਵਾ ਸ਼ੁਧ ਹੋਵੇ ਓਥੇ ਰਖੱਨ, ਸੁਗੰਧ ਦੇ ਦੇਣ ਵਾਲੀ-ਆਂ ਤਥਾ ਸੋਹਣੀਆਂ ੨ ਚੀਜਾਂ ਬੀ ਰਖੱਨ ਓਸ ਜਗਾ ਵਿਚ ਫਿਰਨਾ ਚਾਹੀਦਾ ਹੈ ਕਿ

ਜਿੱਥੋਂ ਦੀ ਹਵਾ ਸ਼ੁੱਧ ਹੋਵੇ, ਜਿੱਥੇ ਦਾਈ, ਗਊ, ਬੱਕਰੀ ਆਦੀ ਦਾ ਦੁਧੱ ਨਾ ਮਿਲ ਸੱਕੇ ਓਥੇ ਜੇਹਾ ਉਚਿੱਤ ਸਮਝਨ ਉਹ ਕਰਨ, ਕਿਉਂ ਜੋ ਪ੍ਰਸੂਤਾ ਇਸਤ੍ਰੀ ਦੇ ਸ਼ਰੀਰ ਦੇ ਅੰਸ਼ ਤੋਂ ਬਾਲਕ ਦਾ ਸ਼ਰੀਰ ਹੁੰਦਾ ਹੈ ਇਸੇ ਕਰਕੇ ਇਸਤ੍ਰੀ ਪ੍ਰਸੂਤ ਹੋਣ ਵੇਲੇ ਨਿਰਬਲ ਹੋ ਜਾਂਦੀ ਹੈ ਏਸ ਵਾਸਤੇ ਪ੍ਰਸੂਤਾ ਇਸਤ੍ਰੀ ਦੁਧੱ ਨ ਪਿਆਵੇ ਦੁਧੱ ਬੰਦ ਕਰਨ ਦੇ ਵਾਸਤੇ ਥਣ ਦੇ ਮੂੰਹ ਉੱਤੇ ਓਸ ਦੁਆਈ ਨੂੰ ਲਗਾਂਨ ਜਿਸ ਕਰਕੇ ਦੁਧੱ ਨ ਨਿਕਲੇ ਏਸ ਤਰਾਂ ਕਰਨ ਨਾਲ ਦੂਜੇ ਮਹੀਨੇ ਵਿਚ ਇਸਤ੍ਰੀ ਮੁੜਕੇ ਜੁਆਂਨ ਹੋਜਾਂਦੀ ਹੈ ਤਦ ਤੋੜੀ ਪੁਰਸ਼ ਬ੍ਰਹਮਚਰਜ ਰਖ ਕੇ ਬੀਰਜ ਨੂੰ ਕਾਬੂ ਰੱਖੇ ਏਸ ਬਿੱਧੀ ਤੇ ਜਿਹੜੇ ਇਸਤ੍ਰੀ ਪੁਰਸ਼ ਚਲਨਗੇ ਉਨ੍ਹਾਂ ਦੇ ਘਰ ਉੱਤਮ ਸੰਤਾਨ ਹੋਵੇਗੀ ਅਰ ਉਨ੍ਹਾਂ ਦੀ ਉਮਰ, ਬਲ, ਪ੍ਰਾਕ੍ਰਮ ਵਧਦਾ ਹੀ ਰਹੇਗਾ ਜਿਸ ਕਰਕੇ ਉਨ੍ਹਾਂ ਦੀ ਹੋਣ ਵਾਲੀ ਸੰਤਾਨ ਉੱਤਮ ਬਲ, ਪ੍ਰਾਕ੍ਰਮ ਵਾਲੀ ਹੋਵੇਗੀ ਅਰ ਵੱਡੀ ਉਮਰ ਵਾਲੀ ਤੇ ਧਰਮ ਤੇ ਚਲੱਣ ਵਾਲੀ ਹੋਵੇਗੀ, ਇਸਤ੍ਰੀ ਯੋਨੀ ਸੰਕੋਚ ਸ਼ੋਧਨ, ਅਰ ਪੁਰਖ ਬੀਰਜ ਨੂੰ ਕਾਬੂ ਰੱਖੇ ( ਅਰਥਾਤ ਦੋਨੋਂ ਬ੍ਰਹਮ ਚਾਰੀ ਰਹਨ ) ਤਾਂ ਫੇਰ ਜਿੱਨੀ ਸੰਤਾਨ ਉਨ੍ਹਾਂ ਦੇ ਘਰ ਹੋਵੇਗੀ ਉਹ ਸਭ ਉੱਤਮ ਹੋਵੇਗੀ।

ਬਾਲਕਾਂ ਨੂੰ ਮਾਂ ਸਦਾ ਉੱਤਮ ਸਿਖੱ ਮਤੱ ਦਿੰਦੀ ਰਹੇ ਜਿਸ ਕਰਕੇ ਸੰਤਾਨ ਸਭਤਾ ਵਾਲੇ ਹੋਨ ਅਰ ਕਿਸੇ ਅੰਗ ਨਾਲ ਭੈੜਾ ਕੰਮ ਨਾ ਕਰ ਸਕੱਨ ਜਦ ਬਾਲਕ ਬੋਲਣ ਲੱਗੇ ਤਦ ਉਹਦੀ ਮਾਂ ਅਜੇਹਾ ਉਪਾ ਕਰੇ ਜਿਸ ਕਰਕੇ ਉਹਦੀਜੁਬਾਨ ਕੋਮਲ ਸਾਫ਼ ੨ ਬੋਲ ਸੱਕੇ ਜਿਸ ਵਰਨ( ਅਖਰ) ਦਾ ਜੋ ਸਥਾਨ ਅਰ ਪ੍ਰਜਤਨ ਹੋਵੇ ਉਹਦਾ ਖਯਾਲ ਰਖਨ ਜਿਸ ਤਰਾਂ 'ਪ' ਇਹਦਾ ਹੋਠਸਥਾਨ ਅਰ ਸਪਸ਼੍ਟ ਪ੍ਰਜਤਨ ਹੈ ਦੋਹਾਂ ਹੋਠਾਂ ਨੂੰ ਮੇਲਕੇ ਬੋਲਣਾ ਹੁੰਦਾ ਹੈ ਹ੍ਰਸ੍ਵ,ਦੀਰਘ, ਪਲੁਤ, ਅਖਰਾਂ ਦਾ ਠੀਕ੨ ਬੋਲਣਾਂ ਸਿਖਾਂਨ ਮਧੁਰ, ਗੰਭੀਰ, ਸੁੰਦਰ ਸੁਰ, ਅੱਖਰ, ਮਾਤ੍ਰਾ, ਵਾਕਯ, ਸੰਘਤਾ, ਅਵਸਾਂਨ, ਭਿਨ ੨ ਸੁਣਨ ਵਿੱਚ ਆਵਨ, ਜਦ ਬਾਲਕ ਕੁਝ ਕੁਝ ਬੋਲਣ ਅਤੇ ਸਮਝਨ ਲੱਗੇ ਤਦ ਸੁੰਦ੍ਰ ਬਾਣੀ ਅਤੇ ਵਡੇ ਛੋਟੇ ਮਾਨਦੇ ਜੋਗ ਪਿਉ, ਮਾਂ, ਰਾਜਾ, ਵਿਦਵਾਂਨ ਆਦੀ ਨਾਲ ਗਲ ਬਾਤ ਕਰਨੀ ਅਤੇ ਵਰਤਣਾਅਰ ਉਨਾਂਦੇ ਪਾਸ ਬੈਠਣਉਠੱਣ ਦੀ ਬੀ ਸਿਖਯਾ ਕਰਨ, ਜਿਸ ਕਰਕੇ ਕਦੇ ਬੀ ਉਹ ਅਜੋਗ ਵਰਤਾਰਾ ਨ ਕਰਨ, ਅਰ ਸਭਥਾਂ ਉਨਾਂ ਦੀ ਇੱਜਤ ਹੋਵੇ, ਜਿਸਤਰਾਂ ਸੰਤਾਨ ਇੰਦ੍ਰੀਯਾਂ ਨੂੰ ਜਿਤ ਸੱਕੇ ਵਿਦਯਾ ਨੂੰ ਪਿਆਰ ਕਰੇ, ਅਰ ਸਤ ਸੰਗ ਵਿੱਚ ਰੁੱਚੀ ਕਰੇ, ਅਜੇਹਾ ਜਤਨ ਕਰਦੇ ਰਹਨ, ਵਿ-ਅਰਥ ਖੇਡਣਾ, ਰੋਣਾ, ਹਸਣਾ, ਲੜਨਾ, ਹਰਖ, ਸੋਗ, ਕਿਸੇ ਚੀਜ ਵਿੱਚ ਮਮਤਾ ਰਖਣੀ, ਅਤੇ ਈਰਖਾ, ਦ੍ਵੈਸ਼ ਨ ਕਰਨ, ਪਸ਼ਾਬ ਵਾਲੀ ਇੰਦ੍ਰੀ ਨੂੰ ਹਥ ਦੇ ਛੂਹਣ ਨਾਲ ਅਤੇ ਮੱਲਣ ਨਾਲ ਬੀਰਜ ਛਿਨਦਾ ਹੈ ਮਨੁਖੱ ਨਮਰਦ ਹੋ ਜਾਂਦਾ, ਅਤੇ ਹੱਥ ਵਿਚ ਬਦ ਬੋ ਪੈ ਜਾਂਦੀ ਹੈ ਇਸ ਕਰਕੇ ਓਸ ਇੰਦ੍ਰੀ ਨੂੰ ਨ

ਹੱਥ ਲਾਂਨ।

ਸਦਾ ਸੱਚ ਬੋਲਣਾ, ਸੂਰ ਬੀਰਤਾ, ਅਤੇ ਧੀਰਜ ਕਰਨਾ, ਹਸ ਮੁਖ ਰ-ਹਣਾ, ਇਨਾਂ ਗੁਣਾਂ ਦੀ ਪ੍ਰਾਪਤੀ ਜਿਸ ਪ੍ਰਕਾਰ ਹੋਵੇ ਕਰਾਂਦੇ ਰਹਨ ਜਦ ਪੰਜਾਂ ਵਰ੍ਹਿਆਂ ਦਾ ਮੁੰਡਾ, ਕੁੜੀ ਹੋਵੇ ਤਦ ਦੇਉ ਨਾਗਰੀ ਅਖਰਾਂ ਦਾ ਅਭ੍ਯਾਸ ਕਰਾਉਨ, ਅਤੇ ਹੋਰਨਾਂ ਦੇਸ਼ਾਂ ਦੀ ਭਾਖਾ ਦੇ ਅਖਰਾਂ ਦਾ ਬੀ, ਓਸਤੋਂ ਪਿਛੇ ਓਹ ਮੰਤ੍ਰ, ਸ਼ਲੋਕ, ਸੂਤ੍ਰ ਗੱਦ ਪਦ ਬੀ ਅਰਥਾਂ ਨਾਲ ਕੰਠ ਕਰਾਉਨ, ਜਿਨਾਂ ਵਿਚ ਅੱਛੀ ਸਿਖ੍ਯਾ ਹੋਵੇ, ਅਤੇ ਵਿਦ੍ਯਾ, ਧਰਮ, ਪ੍ਰਮੇਸ੍ਵਰ, ਮਾਂ, ਪਿਉ, ਗੁਰੂ ਵਿਦਵਾਂਨ ਅਤਿਥੀ, ਰਾਜਾ, ਪਰਜਾ, ਕੁਟੰਬ, ਭ੍ਰਾ; ਭੈਣ, ਨੌਕਰ, ਚਾਕਰ ਦੇ ਨਾਲ ਵਰਤਾਰਾ ਕਰਨ ਦੀ ਬਿਧੀ ਹੋਵੇ, ਜਿਸ ਕਰਕੇ ਸੰਤਾਨ ਕਿਸੀ ਠੱਗ ਦੇ ਬਕਾਂਣ ਵਿੱਚ ਨ ਆਵੇ, ਅਤੇ ਜੋ ਜੋ ਵਿਦ੍ਯਾ ਧਰਮ ਦੇ ਵਿਰੁਧ ਭਰਮ ਜਾਲ ਵਿਚ ਫਸਾਣ ਵਾਲੀਆਂ ਗੱਲਾਂ ਹੋਨ ਉਨਾਂ ਦਾ ਬੀ ਉੁਪਦੇਸ਼ ਕਰਨ, ਜਿਸ ਕਰਕੇ ਭੂਤ, ਪ੍ਰੇਤ ਆਦੀ ਝੂਠੀਆਂ ਬਾਤਾਂ ਨੂੰ ਨ ਮਨੱਨ।

गुरोः प्रेतस्य शिष्यस्तु पितृमेधं समाचरन्।
प्रेतहारैः समं तत्र दशरात्रेण शुध्यति॥ मनु० अ० ५।६५॥

(ਅਰਥਾਤ) ਜਦ ਗੁਰੂ ਮਰ ਜਾਵੇ ਤਦ ਮੁਈ ਹੋਈ ਦੇਹ ਜਿਹਦਾ ਨਾਉਂ ਪ੍ਰੇਤ ਹੈ ਉਹਨੂੰ ਦਾਹ ਕਰਨ ਵਾਲਾ ਸ਼ਿਸ਼ ਪ੍ਰੇਤਾ ਹਾਰ ਅਰਥਾਤ ਮੁਰਦੇ ਨੂੰ ਉਠਾਣ ਵਾਲਿਆਂ ਦੇ ਨਾਲ ਦਸਵੇਂ ਦਿਨ ਸ਼ੁਧ ਹੁੰਦਾ ਹੈ ਜਦ ਓਸ ਸ਼ਰੀਰ ਦਾ ਦਾਹ ਹੋ ਚੁੱਕਿਆ ਤਦ ਓਸਦਾ ਨਾਉਂ ਭੂਤ ਹੁੰਦਾ ਹੈ, ਅਰਥਾਤ ਉਹ ਅਮਕੇ ਨਾਉਂ ਵਾਲਾ ਪੁਰਸ਼ ਸੀਗਾ ਜਿਨਿਆਂ ਨੇ ਜਨਮ ਪਾਇਆ ਅਤੇ ਹੁਣ ਨਹੀਂ ਰਹੇ ਉਹ ਸਾਰੇ ਭੂਤਸਞ ਹੈਗੇ ਨੇ, ਇਸੇ ਕਰਕੇ ਉਨ੍ਹਾਂ ਦਾ ਨਾਂਉ ਭੂਤ ਹੈ ਏਸਤਰ੍ਹਾਂ ਦਾ ਬ੍ਰਹਮਾਂ ਤੋਂ ਲੈਕੇ ਅਜ ਤੀਕਣ ਦੇ ਵਿਦੱਵਾਨਾਂ ਦਾ ਸਿਧਾਂਤ ਹੈ ਪਰ ਜਿਹਨੂੰ ਸ਼ੰਕਾ, ਕੁਸੰਗ ਅਤੇ ਖੋਟੇ ਸੰਸਕਾਰ ਲਗੇ ਹੋਏ ਨੇ ਉਹਨੂੰ ਡਰ ਅਤੇ ਸ਼ੰਕਾ ਰੂਪੀ ਭੂਤ ਪ੍ਰੇਤ, ਸ਼ਾਕਨੀ, ਡਾਕਨੀ ਆਦੀ ਬਥੇਰੇ ਭਰਮ ਦੁਖ ਦਿੰਦੇ ਰਹਿੰਦੇ ਹਨ, ਵਿਚਾਰ ਕੇ ਵੇਖ ਲਓ ਕਿ ਜਦ ਕੋਈ ਪਰਾਣੀ ਮਰਜਾਂਦਾ ਹੈ ਤਦ ਉਹਦਾ ਜੀਵ ਪਾਪ ਪੁੰਨ ਦੇ ਬਸ ਹੋਕੇ ਪਰਮੇਸ਼੍ਵਰ ਦੀ ਬਵਸਥਾ ਥੀਂ ਸੁਖ ਦੁਖ ਦੇ ਫਲ ਭੋਗਣ ਦੇ ਅਰਥ ਹੋਰ ਜਨਮ ਧਾਰਨ ਕਰਦਾ ਹੈ. ਭਲਾ ਕੋਈ ਬੀ ਏਸ ਅਬਨਾਸ਼ੀ ਪਰਮੇਸ਼੍ਵਰ ਦੀ ਬਵਸਥਾ ਨੂੰ ਮਿਟਾ ਸਕਦਾ ਹੈ? ਅਗਜਾਨੀ ਲੋਗ ਵੈਦਕ ਸ਼ਾਸਤ੍ਰ ਜਾਂ ਪਦਾਰਥ ਵਿਦੱਯਾ ਦੇ ਪੜ੍ਹਨ ਸੁਨਣ ਅਤੇ ਵਿਚਾਰ ਥੀਂ ਰਹਿਤ ਹੋਣ ਦੇ ਕਾਰਣ ਸਰਸਾਮ, ਬੁਖਾਰ ਆਦੀ ਸ਼ਰੀਰ ਦੇ ਅਤੇ ਪਾਗਲਪਨ ਆਦੀ ਮਨ ਦੇ ਰੋਗਾਂ ਦਾ ਨਾਉਂ ਭੂਤ ਪ੍ਰੇਤਆਦੀ ਰਖ ਲੈਂਦੇ ਹਨ

ਦੁਆ ਦਾਰੂ ਦਾ ਖਾਣਾ ਅਰ ਪਥ ਆਦੀ ਉਚਿੱਤ ਵਿਹਾਰ ਨੂੰ ਛਡਕੇ ਉਹ ਠਗੱ, ਪਖੰਡੀ, ਮਹਾਂ ਮੂਰਖ, ਖੋਟੇ ਕਰਮਾਂਦੇ ਕਰਨ ਵਾਲੇ, ਸ੍ਵਾਰਥੀ, ਭੰਗੀ

ਚਮਾਰ, ਸ਼ੂਦਰ, ਮਲੇਛ ਆਦੀ ਤੇ ਬੀ ਵਸਾਹੁ ਕਰਕੇ ਅਨੇਕ ਪ੍ਰਕਾਰ ਦੇ ਢੌਂਗ, ਛਲ, ਕਪਟ ਵਿਚੋਂ ਫਸਦੇ ਜੂਠ ਖਾਂਦੇ, ਡੋਰਾ ਧਾਗਾ, ਆਦੀ ਝੂਠੇ ਮੰਤ੍ਰ ਜੰਤ੍ਰ ਬੰਨ੍ਹਦੇ ਬੰਨ੍ਹਵਾਂਦੇ ਫਿਰਦੇ ਆਪਣੇ ਧਨ ਦਾ ਨਾਸ਼ ਸੰਤਾਨ ਦੀ ਦੁਰਦਸ਼ਾ ਅਰ ਰੋਗਾਂ ਨੂੰ ਵਧਾਕੇ ਦੁਖ ਪਾਂਦੇ ਹਨ, ਜਦ ਅਕਲ ਦੇ ਅੰਨ੍ਹੇ ਅਤੇ ਗੰਢਦੇ ਪੂਰੇ ਉਨਾ ਭੈੜੀ ਬੁਧ ਵਾਲਿਆਂ ਪਾਪੀਆਂ ਅਤੇ ਸੁਆਰਥੀਆਂ ਕੋਲ ਜਾਕੇ ਪੁਛਦੇ ਨੇ ਕਿ ਮਹਾਰਾਜ ਏਸ ਮੁੰਡੇ ਕੁੜੀ, ਇਸਤ੍ਰੀ ਅਰ ਪੁਰਸ਼ ਨੂੰ ਨ ਜਾਣੀਏ ਕੀ ਹੋਗਿਆ ਹੈ? ਤਦ ਉਹ ਬੋਲਦੇ ਹਨ ਕਿ ਇਹਦੇ ਸ਼ਰੀਰ ਵਿਚ ਵਡਾ ਭੂਤ, ਪ੍ਰੇਤ, ਭੈਰੋ, ਸੀਤਲਾ ਆਦੀ ਦੇਵੀ ਆਗਈ ਹੈ, ਜਦ ਤੀਕਣ ਤੁਸੀ ਇਹਦਾ ਉਪਾ ਨ ਕਰੋਗੇ। ਤਦ ਤੀਕਣ ਇਹ ਨਹੀ ਹਟਨਗੇ ਅਤੇ ਪ੍ਰਾਂਣ ਬੀ ਲੈ ਲੈਨਗੇ ਜੇ ਤੁਸੀ ਮਲੀਦਾ ਜਾਂ ਐਨੀ ਭੇਟ ਦਿਓ ਤਦ ਅਸੀਂ ਮੰਤ੍ਰ ਜਪ ਪੁਰਸਚਰਣ, ਨਾਲ ਝਾੜਕੇ ਇਨਾਂ ਨੂੰ ਕਢ ਦੇਈਏ ਤਦ, ਉਹ ਅੰਨ੍ਹੇ ਅਰ ਉਨ੍ਹਾਂ ਦੇ ਸਰਬੰਧੀ ਬੋਲਦੇ ਨੇ ਮਹਾਰਾਜ, ਭਾਵੇਂ ਸਾਡਾ ਸਭ ਕੁਝ ਚਲਿਆ ਜਾਵੇ ਪਰ ਇਹਨੂੰ ਚੰਗਾ ਕਰ ਦਿਓ, ਤਦ ਤਾਂ ਉਨਾਂ ਦੀ ਗਲ ਬਣ ਪੈਂਦੀ ਹੈ ਉਹ ਠੱਗ ਕਹਿੰਦੇ ਨੇ, ਚੰਗੀ ਗਲ ਲਿਆਓ ਤਾਂ ਐਨੀ ਸਮੱਗ੍ਰੀ, ਐਨੀ ਦੱਖਣਾ, ਦਿਓਤੇ ਦੀ ਭੇਟ, ਅਤੇ ਗ੍ਰਹ ਦਾਨ ਕਰਾਓ, ਛੈਣੇ, ਮਿਰਦੰਗ, ਢੋਲ, ਥਾਲੀ, ਲੈਕੇ ਉਹਦੇ ਸਾਮਣੇ ਬਜਾਉਂਦੇ ਗਾਉਂਦੇ ਨੇ, ਅਤੇ ਉਨਾਂ ਵਿਚੋਂ ਇਕ ਪਖੰਡੀ ਸੁਦਾਈ ਬਣਕੇ ਨਚਦਾ ਕੁਦਦਾ ਹੋਇਆ ਕਹਿੰਦਾ ਹੈ 'ਮੈਂ ਤਾਂ ਇਹਦਾ ਪ੍ਰਾਣ ਹੀ ਲੈ ਲਾਂਗਾ' ਤਦ ਉਹ ਅੰਨ੍ਹੇ ਉਸ ਭੰਗੀ ਚੁਮਾਰ ਆਦੀ ਨੀਚ ਦੇ ਪੈਰਾਂ ਵਿਚ ਡਿਗ ਕੇ ਕਹਿੰਦੇ ਹਨ, ਤੁਸੀ ਜੋ ਮਰਜੀ ਚਾਹੋ ਲੈ ਲਓ ਪਰ ਇਨ੍ਹੂੰ ਬਚਾਓ ਤਦ ਤਾਂ ਉਹ ਠਗ ਕਹਿੰਦਾ ਹੈ ਮੈਂ ਤਾਂ ਹਨੂੰਮਾਨ ਹਾਂ ਲਿਆਓ ਪੱਕੀ ਮਠਿਆਈ, ਤੇਲ, ਸੰਧੂਰ, ਸਵਾ ਮਣਦਾ ਰੋਟ ਅਤੇ ਲਾਲ ਲੰਗੋਟ, ਮੈਂ ਤਾਂ ਦੇਵੀ ਹਾਂ, ਮੈਂ ਤਾਂ ਭੈਰੋ ਹਾਂ ਲਿਆਓ ਪੰਜ ਬੋਤਲਾਂ ਸ਼ਰਾਬ ਦੀਆਂ, ਨਾਲੇ ਵੀਹ ਮੁਰਗੀਆਂ, ਪੰਜ ਬੱਕਰੇ ਮਠਿਆਈ ਅਤੇ ਕਪੜੇ, ਜਦ ਓਹ ਕਹਿੰਦੇ ਹਨ ਕਿ ਭਾਵੇਂ ਕੁਝ ਲੈ ਲਓ, ਤਦ ਤਾਂ ਉਹ ਪਾਗਲ ਬਹੁਤ ਨਚਣ ਕੁਦਣ ਲਗਦਾ ਹੈ, ਪਰ ਜੋ ਕੋਈ ਬੁਧਵਾਨ ਹੁੰਦਾ ਹੈ ਉਹ ਉਨਾਂ ਨੂ ਭੇਟ ਦੀ ਥਾਂ 'ਪੰਜ ਛਿਤ੍ਰ' ਡਾਂਗਾਂ ਚਪੇੜਾਂ ਅਤੇ ਲੱਤਾਂ ਠੋਕਦਾ ਹੈ, ਫੇਰ ਤਾਂ ਉਨ ਦੇ ਹਨੂਮਾਨ, ਦੇਵੀ ਅਤੇ ਭੈਰੋਂ ਤੁਰਤ ਹੀ ਰਾਜੀ ਹੋਕੇ ਨੱਠ ਜ ਦੇ ਹਨ ਕਿਉਂ ਜੋ ਇਹ ਤਾਂ ਉਨ ਨੇ ਨਿਰੀ ਪੁਰੀ ਲੁਟੱਣ ਦੇ ਵਾਸਤੇ ਠਗੀ ਕੀਤੀ ਸੀ।

ਜਦ ਕਿਸ ਗ੍ਰਹੁ ਦ ਮਾਰੇ ਹੋਏ ਗ੍ਰਹੁ ਦੇ ਰੂਪ ਝੂਠੇ ਜੋਤਸ਼ੀ ਦੇ ਪਾਸ ਜਾਕੇ ਕਹਿੰਦੇ ਹਨ ਹੇ ਮਹਾਰਾਜ! ਇਹਨੂੰ ਕੀ ਹੈ? ਤਦ ਉਹ ਕਹਿੰਦ ਹਨ, ਇਹਦੇ ਉੱਤੇ ਤਾਂ ਸੂਰਜ ਆਦੀ ਕ੍ਰੂਰ ਗ੍ਰਹੁ ਚੜ੍ਹੇ ਹੋਏ ਹਨ, ਜੇ ਤੁਸੀਂ ਇਹਦੇ ਵਾਸਤੇ ਪਾਠ, ਪੂਜਾ, ਦਾਨ ਕਰਾਓ ਤਾਂ ਇਹਨੂੰ ਸੁਖ ਹੋਜਾਵੇ, ਨਹੀਂ ਤਾਂ ਵਡੀ ਪੀੜਾ

ਪਾਕੇ ਮਰ ਬੀ ਜਾਏ ਤਾਂ ਬੀ ਅਚਰਜ ਨਹੀਂ

(ਉਤ੍ਰ) ਭਲਾ ਜੋਤਸ਼ੀ ਜੀ ਦਸੋ ਤਾਂ, ਜੇਹੀ ਇਹ ਜ਼ਮੀਨ ਜੜ ਹੈ ਓਹੋ ਜੇਹੇ ਹੀ ਸੂਰਜ ਆਦੀ ਲੋਕ ਹੈਂ ਨਕਿ ਨਹੀਂ? ਉਹ ਗਰਮੀ ਅਤੇ ਚਾਨਣਾ ਦੇਣ ਥੋਂ ਵਧੀਕ ਕੁਝ ਕਰ ਸਕਦੇ ਹਨ? ਇਹ ਚੇਤਨ ਤਾਂ ਨਹੀ ਹਨ ਕਿ ਗੁੱਸੇ ਹੋਕੇ ਦੁੱਖ ਅਤੇ ਪ੍ਰਸੰਨ ਹੋਕੇ ਸੁਖ ਦੇ ਸੱਕਨ।

(ਪ੍ਰਸ਼ਨ) ਇਹ ਜਿਹੜੇ ਸੰਸਾਰ ਵਿਚ ਰਾਜਾ ਪ੍ਰਜਾ ਸੁਖੀ ਦੁਖੀ ਹੋ ਰਹੇ ਹਨ ਇਹ ਬੀ ਗ੍ਰਹੁਆਂ ਦਾ ਫਲ ਨਹੀ ਹੈ?

(ਉਤ੍ਰ) ਨਹੀਂ, ਇਹ ਤਾਂ ਸਭ ਪਾਪਾਂ ਪੁੰਨਾਂ ਦਾ ਫਲ ਹੈ।

(ਪ੍ਰਸ਼ਨ) ਤਾਂ ਫੇਰ ਜੋਤਸ਼ ਸ਼ਾਸਤ੍ਰ ਝੂਠਾ ਹੋਇਆ ਜਾਂ ਨਾ?

(ਉਤ੍ਰ) ਨਹੀਂ ਜੋ ਉਹਦੇ ਵਿਚ ਅੰਕ, ਬੀਜ, ਰੇਖਾ, ਗਣਿਤ ਵਿਦਯਾ ਹੈ ਉਹ ਸਭ ਸੱਚੀ, ਬਾਕੀ ਜਿਹੜੀ ਫਲ ਦੀ ਲੀਲਾ ਹੈ ਉਹ ਸਾਰੀ ਝੂਠੀ।

(ਪ੍ਰਸ਼ਨ) ਅੱਛਾ ਇਹ ਜਿਹੜੀ ਜਨਮ ਪੱਤ੍ਰੀ ਹੈ ਇਹ ਬੀ ਨਿਸ਼ਫਲ ਹੈ?

(ਉਤ੍ਰ) ਆਹੋ ਇਹ ਜਨਮ ਪਤ੍ਰੀ ਨਹੀਂ ਇਹਦਾ ਨਾਉਂ ਤਾਂ ਸੋਗ ਪਤ੍ਰੀ ਰਖਣਾ ਚਾਹੀਦਾ ਹੈ ਕਿਂਉ ਜੋ ਜਦ ਸੰਤਾਨ ਦਾ ਜਨਮ ਹੁੰਦਾ ਹੈ ਤਦ ਸਭ ਕਿਸੇ ਨੂੰ ਅਨੰਦ ਹੁੰਦਾ ਹੈ ਪਰ ਉਹ ਅਨੰਦ ਓਨੀ ਦੇਰ ਤੀਕਣ ਹੀ ਰਹਿੰਦਾ ਹੈ ਜਦ ਤੀਕਣ ਜਨਮ ਪਤ੍ਰੀ ਬਣਕੇ ਨ ਆਵੇ ਅਤੇ ਗ੍ਰਹੁਆਂ ਦਾ ਫਲ ਨਾ ਸੁਣਿਆ ਜਾਵੇ, ਜਦ ਪ੍ਰੋਹਤ ਜਨਮ ਪੱਤ੍ਰੀ ਬਣਾਣ ਨੂੰ ਕਹਿੰਦਾ ਹੈ ਤਦ ਉਹਦੇ ਮਾਂ ਪਿਉ ਪ੍ਰੋਹਤ ਨੂੰ ਕਹਿੰਦੇ ਹਨ ਮਹਾਰਾਜ ਤੁਸਾਂ ਨੇ ਵਡੀ ਚੰਗੀ ਜਨਮ ਪੱਤ੍ਰੀ ਬਣਾਣੀ ਜੇ ਉਹ ਦੌਲਤ ਵਾਲਾ ਹੁਦਾ ਹੈ ਤਦ ਤਾਂ ਬਹੁਤ ਸਾਰੀਆਂ ਲਾਲ ਪੀਲੀਆਂ ਲੀਕਾਂ ਪਾਕੇ ਚਿੱਤ੍ਰ ਮਿੱਤ੍ਰ ਕਰ ਲਿਆਉਂਦਾ ਹੈ, ਜੇ ਵਿਚਾਰਾ ਗ੍ਰੀਬ ਹੋਵੇ ਤਾਂ ਸਿੱਧੀ ਸਾਧੀ ਜਨਮ ਪੱਤ੍ਰੀ ਬਣਾਕੇ ਸੁਣਾਨ ਨੂੰ ਆ ਜਾਂਦਾ ਹੈ, ਤਦ ਬਾਲਕ ਦੇ ਮਾਂ, ਪਿਉ ਜੋਤਸ਼ੀ ਹੋਰਾਂ ਦੇ ਸਾਮਣੇ ਬੈਹਕੇ ਕਹਿੰਦੇ ਹਨ, ਇਹਦੀ ਜਨਮ ਪੱਤ੍ਰੀ ਚੰਗੀ ਤਾਂ ਹੈ? ਜੋਤਸ਼ੀ ਕਹਿੰਦਾ ਹੈ ਜੇਹੀ ਹੈ ਤੇਹੀ ਸੁਣਾ ਦੇਨਾ, ਇਹਦੇ ਜਨਮ ਗ੍ਰਹੁ ਤਾਂ ਬਹੁਤ ਚੰਗੇ ਅਤੇ ਮਿਤ੍ਰ ਗ੍ਰਹੁ ਬੀ ਬਹੁਤ ਚੰਗੇ ਹਨ। ਅਰ ਇਨਾਂ ਦਾ ਫਲ ਇਹ ਹੈ ਕਿ ਇਹ ਧੰਨ ਵਾਲਾ ਅਤੇ ਇਜੱਤ ਅਬਰੋ ਵਾਲਾ ਹੋਵੇਗਾ, ਜਿਹੜੀ ਸਭਾ ਵਿਚ ਜਾਕੇ ਬੈਠੇਗਾ ਸਭਦੇ ਉਪਰ ਇਸਦਾ ਤੇਜ ਪਵੇਗਾ, ਸ਼ਰੀਰ ਥੀਂ ਅਰੋਗ, ਅਤੇ ਰਾਜ ਦਰਬਾਰੋਂ ਮਾਂਨ ਪਾਵੇਗਾ' ਏਹੋ ਜੇਹੀਆਂ ਗੱਲਾਂ ਸੁਣਾਕੇ ਉਹਦੇ ਮਾਂ ਪਿਉ ਆਦੀ ਕਹਿੰਦੇ ਹਨ ਵਾਹ ਵਾਹ ਜੋਤਸ਼ੀ ਜੀ ਤੁਸੀਂ ਵਡੇ ਚੰਗੇ ਹੋ, ਜੋਤਸ਼ੀ ਜੀ ਸਮਝਦੇ ਹਨ ਇਨਾਂ ਗੱਲਾਂ ਨਾਲ ਤੇ ਕੰਮ ਸਿੱਧ ਨਹੀਂ ਹੁੰਦਾ, ਤਦ ਜੋਤਸ਼ੀ ਕਹਿੰਦਾ ਹੈ ਕਿ ਇਹ ਗ੍ਰਹੁ ਤਾਂ ਬਹੁਤ ਚੰਗੇ ਹੈਨ ਪਰ ਏਹ ਗ੍ਰਹੁ ਕ੍ਰੂਰ ਅਰਥਾਤ ਫਲਾਣੇ ੨ ਗ੍ਰਹੁ ਦੇ ਯੋਗ ਨਾਲ ਅੱਠਾਂ ਵਰਿਆਂ ਵਿਚ ਇਹਦਾ ਮ੍ਰਿਤ੍ਯੂ ਯੋਗ ਹੈ, ਏਸ ਨੂੰ ਸੁਣਦੇ ਹੀ ਮਾਂ, ਪਿਉ ਆਦੀ ਪੁਤ੍ਰ ਦੇ ਜਨਮ ਦੇ ਅ-

ਨੰਦਨੂੰ ਛੱਡਕੇ ਸੋਗ ਦੇ ਸਾਗਰ ਵਿੱਚ ਡੁਬਕੇ ਜੋਤਸ਼ੀ ਜੀ ਨੂੰ ਕਹਿੰਦੇ ਹਨ ਕਿ ਮਹਾਰਾਜ ਜੀ ਹੁਣ ਅਸੀਂ ਕੀ ਕਰੀਏ? ਤਦ ਜੋਤਸ਼ੀਜੀ ਕਹਿੰਦੇ ਹਨ ਉਪਾ ਕਰੋ ਗ੍ਰਹਸਤੀ ਪੁਛਦੇ ਹਨ ਕੀ ਉਪਾ ਕਰੀਏ, ਜੋਤਸ਼ੀ ਜੀ ਲੰਬੀਆਂ ਚੌੜੀਆਂ ਬਾਤਾਂ ਬਣਾਕੇ ਕਹਿੰਦੇ ਹਨ ਕਿ ਇਹ ਇਹ ਦਾਨ ਕਰੋ ਗ੍ਰਹੁ ਦੇ ਮੰਤ੍ਰ ਦਾ ਜਪਕਰਾਓ, ਅਤੇ ਨਿਤ ਬ੍ਰਾਹਮਣਾਂ ਨੂੰ ਭੋਜਨ ਕਰਾਓਗੇ ਤਾਂ ਅਨੁਮਾਨ ਹੈਕਿ ਨਵਾਂ ਗ੍ਰਹੁਆਂ ਦੇ ਬਿਘਨ ਹਟ ਜਾਨਗੇ, ਅਨੁਮਾਨ ਦਾ ਸ਼ਬਦ ਏਸ ਲਈ ਕਹ ਦਿਤਾ ਕਿ ਜੇ ਮਰ ਜਾਵੇਗਾ ਤਾਂ ਕਹਵਾਂਗੇ, ਅਸੀਂ ਕੀ ਕਰ ਸਕਨੇ ਹਾਂ, ਪ੍ਰਮੇਸ਼੍ਵਰ ਉਪਰ ਤਾਂ ਕੋਈ ਨਹੀਂ, ਅਸਾਂ ਨੇ ਬਹੁਤ ਸਾਰਾ ਜਤਨ ਕੀਤਾ ਅਤੇ ਤੁਸਾਂ ਨੇ ਕਰਾਇਆ, ਉਹਦੇ ਕਰਮ ਹੀ ਏਹੋਜੇਹੇ ਸੀਗੇ, ਅਰ ਜੇ ਬਚ ਜਾਏ ਤਾਂ ਕਹਿੰਦੇ ਹਨ ਡਿਠੇ ਸਾਡੇ ਮੰਤ੍ਰ ਦੇਉਤਾ, ਅਤੇ ਬਾਹਮਨਾ ਦੀ ਸ਼ਕਤੀ, ਤੁਹਾਡੇ ਪੁਤ੍ਰ ਨੂੰ ਬਚਾ ਦਿੱਤਾ, ਏਥੇ ਇਹ ਗਲ ਕਰਨੀ ਚਾਹੀਦੀ ਹੈ ਕਿ ਜੇ ਇਨਾਂ ਦੇ ਜਪ ਪਾਠ ਕੀਤਿਆਂ ਕੁਝ ਨਾ ਹੋਵੇ ਤਾਂ ਦੂਣੇ ਤਿਉਣੇ ਰੁਪਏ ਉਨਾਂ ਠੱਗਾਂ ਤੋਂ ਲੈ ਲੈਣੇ ਚਾਹੀਦੇ ਹਨ, ਅਰ ਬਚ ਜਾਏ ਤਾਂ ਬੀ ਲੈ ਲੈਣੇ ਚਾਹੀਦੇ ਹਨ. ਕਿਉਂ ਜੋ ਜੀਕਣ ਜੋਤਸ਼ੀਆਂ ਨੇ ਕਹਿਆ ਸੀ ਕਿ ਇਹਦੇ ਕਰਮ ਅਤੇ ਪ੍ਰਮੇਸ਼੍ਵਰ ਦੇ ਨੇਮ ਤੋੜਨ ਦਾ ਸਮਰਥ ਕਿਸੇ ਨੂੰ ਨਹੀ, ਉਕਣ ਗ੍ਰਿਸਤੀ ਬੀ ਆਖਨ ਕਿ ਇਹ ਅਪਣੇ ਕਰਮ ਅਤੇ ਪ੍ਰਮੇਸ਼੍ਵਰ ਦੇ ਨੇਮ ਨਾਲ ਬਚਿਆ ਹੈ ਤੁਹਾਡੇ ਕਰਨ ਨਾਲ ਨਹੀਂ, ਅਰ ਤੀਜੇ ਜਿਹੜੇ ਗੁਰੂ ਆਦੀ ਬੀ ਪੁੰਨ ਦਾਨ ਕਰਾਕੇ ਆਪ ਲੈ ਲੈਂਦੇ ਹਨ ਉਨਾਂ ਨੂੰ ਬੀ ਓਹੋ ਉੱਤਰ ਦੇਣਾ ਜਿਹੜਾ ਜੋਤਸ਼ੀਆਂ ਨੂੰ ਦਿੱਤਾ ਸੀ।

ਹੁਣ ਰਹਗਈ ਸੀਤਲਾ. ਅਤੇ ਮੰਤ੍ਰ ਤੰਤ੍ਰ ਜੰਤ੍ਰ ਆਦੀ ਇਹ ਬੀ ਅਜੇਹੀ ਠੱਗ ਲੀਲਾ ਹੈ. ਕੋਈ ਕਹਿੰਦਾ ਹੈ ਜੇ ਮੰਤ੍ਰ ਪੜ੍ਹਕੇ ਡੋਰਾ ਜਾਂ ਜੰਤ੍ਰ ਬਨਾ ਦੇਈਏ ਤਾਂ ਸਾਡੇ ਦੇਉਤਾ ਅਰ ਪੀਰ ਓਸ ਮੰਤ੍ਰ ਜੰਤ੍ਰ ਦੇ ਪ੍ਰਤਾਪ ਨਾਲ ਉਹਨੂੰ ਕੋਈ ਬਿਘਨ ਹੋਣ ਨਹੀਂ ਦਿੰਦੇ ਉਨਾਂ ਨੂ ਬੀ ਓਹੋ ਉਤ੍ਰ ਦੇਣਾ ਚਾਹੀਦਾ ਹੈ ਕਿ ਕੀ ਤੁਸੀ ਮੌਤ ਪ੍ਰਮੇਸ਼੍ਵਰ ਦੇ ਨੇਮ ਅਤੇ ਕਰਮਾਂਦੇ ਫਲ ਥੀਂ ਬੀ ਬਚਾ ਸਕਦੇ ਓ? ਤੁਹਾਡੇ ਏਸ ਤਰਾਂ ਨਾਲ ਕਰਨ ਥੋਂ ਬੀ ਕਿੱਨੇ ਹੀ ਬਾਲ ਮਰ ਜਾਂਦੇ ਹਨ, ਤੁਹਾਡੇ ਘਰਦੇ ਬੀ ਮਰਜਾਂਦੇ ਹਨ ਅਤੇ ਕੀ ਤੁਸੀਂ ਮਰਨ ਥੋਂ ਬਚਾ ਲਓ ਗੇ ? ਤਦ ਉਹ ਕੁਝਬੀ ਨਹੀਂ ਕਹਿ ਸਕਦੇ ਅਰ ਉਹ ਧੂਰਤ ਜਾਣ ਲੈਂਦੇ ਹਨ ਕਿ ਐਥੇ ਸਾਡੀ ਦਾਲ ਗਲ ਚੁੱਕੀ, ਏਸ ਕਰਕੇ ਇਨਾਂ ਸਭ ਝੂਠੇ ਵਿਹਾਰਾਂ ਨੂੰ ਛਡਕੇ ਧਰਮ ਤੇ ਚਲੱਣ ਵਾਲੇ ਸਾਰੇ ਦੇਸ਼ ਦਾ ਉਪਕਾਰ ਕਰਨ ਵਾਲੇ ਕਪਟ ਨੂੰ ਛਡ-ਕੇ ਸਾਰਿਆਂ ਨੂੰ ਵਿਦਯਾ ਪੜਾਉਣ ਵਾਲੇ ਉੱਤਮ ਵਿਦਵਾਂਨ ਲੋਕਾਂ ਦਾ ਪਰਤ ਕੇ ਉਪਕਾਰ ਕਰਨਾ ਓਸ ਤਰਾਂ ਨਾਲ ਜਿਸ ਤਰਾਂ ਉਹ ਜਗਤ ਦਾ ਉਪਕਾਰ ਕ-ਰਦੇ ਹਨ, ਏਸ ਕੰਮ ਨੂੰ ਕਦੇ ਬੀ ਨਹੀਂ ਛਡਣਾ ਚਾਹੀਏ. ਅਰ ਜਿੱਨੀ ਲੀਲਾ ਰਸੈਣ ਬਣਾਣ ਦੀ, ਮਾਰ ਸੁਟੱਣ ਦੀ, ਮੋਹ ਲੈਣ ਦੀ, ਉਜਾੜ ਦੇਣਦੀ, ਵਸ ਵਿਚ

ਕਰਨ ਦੀ ਹੈਗੀਏ, ਉਨਾਂਨੂੰ ਬੀ ਠਗ ਬਾਜੀ ਸਮਝਣਾ ਚਾਹੀਦਾ ਹੈ,ਏਹੋ ਜਹੀਆਂ ਝੂਠੀਆਂ ਗਲਾਂ ਦਾ ਉਪਦੇਸ਼ਬਾਲ ਅਵਸਥਾ ਵਿਚ ਸੰਤਾਂਨ ਦੇ ਹ੍ਰਿਦੇ ਵਿਚ ਪਾਂਨ ਕਿ ਜਿਸਕਰਕੇ ਅਪਣੀਸੰਤਾਨ ਕਿਸੇ ਦੇ ਬਕਾਂਣ ਨਾਲ ਦੁਖ ਨਾ ਪਾਵੇ,ਅਰ ਇਹ ਬੀਸਮਝਾਦੇਣਾ ਚਾਹੀਦਾਹੈਕਿ ਬੀਰਜ ਦੀ ਰਖਯਾ ਕਰਨ ਵਿਚ ਆਨੰਦ,ਅਤੇ ਨਾਸ਼ ਕਰਨ ਵਿਚ ਦੁਖ ਹੁੰਦਾ ਹੈ,ਏਸ ਤਰਾਂ ਨਾਲ ਸਮਝਾਨ ਕਿ'ਭਈ! ਵੇਖੋ ਤਾਂ ਜਿਹਦੇ ਸ਼ਰੀਰ ਵਿਚ ਬੀਰਜ ਚੰਗੀਤਰਾਂ ਨਾਲ ਟਿਕਿਆ ਰਹਿੰਦਾ ਹੈ,ਉਹਦੀ ਦੇਹ ਅਰੋਗ ਰਹਿੰਦੀ ਅਤੇ ਬੁਧ ਬਲ ਪ੍ਰਾਕ੍ਰਮ,ਵੱਧਣ ਨਾਲ ਵਡਾ ਸੁਖ ਹੁੰਦਾ ਹੈ,ਬੀਰਜ ਦੀ ਰਖਯਾ ਕਰਨ ਦੀ ਇਹ ਰੀਤੀ ਹੈ, ਕਿ ਇਸ਼ਕ ਮੁਸ਼ਕ ਦੀਆਂ ਗੱਲਾਂ'ਬਾਤਾਂ ਨਾ ਸੁਣਨ, ਭੈੜੇ ਮਨੁੱਖਾਂ ਦਾ ਸੰਗ ਨ ਕਰਨ ਗੰਦੀਆਂ ਗਲਾਂ ਵੱਲ ਮਨ ਨ ਦੇਨ, ਜਨਾਨੀਆਂ ਨੂੰ ਨਾ ਤਾੜਨ, ਕਿਸੇ ● ਜਨਾਨੀ ਕੋਲ ਅਕਲਿਆਂ ਨਾਂ ਬੈਠਨ,ਉਹਦੇ ਨਾਲ ਗੱਲਾਂ ਨ ਕਰਨ,ਉਹ ਨੂੰ ਜਫੀਆਂ ਨ ਪਾਂਨ,ਏਹੋ ਜਹੀਆਂ ਬੁਰੀਆਂ ਗੱਲਾਂ ਨੂੰ ਛੱਡਕੇ ਬ੍ਰਹਮ ਚਾਰੀ ਲੋਗ ਚੰਗੀ ਸਿਖਯਾ ਅਤੇ ਪੂਰੀਵਿੱਦਯਾ ਨੂੰ ਪ੍ਰਾਪਤ ਹੋਂਨ, (ਵਿਚਾਰ ਕੇ ਵੇਖ ਲਓ) ਕਿ ਜਿਹਦੇ ਸ਼ਰੀਰ ਵਿੱਚ ਬੀਰਜ ਨਹੀਂ ਹੁੰਦਾ ਉਹ ਹਿਜੜਾ ਅਤੇ ਭੈੜੇ ਲੱਛਣਾਂ ਵਾਲਾ ਹੁੰਦਾ ਹੈ, ਅਰ ਜਿਹ ਨੂੰ ਧਾਤ ਦੇ ਡਿਗੱਣ ਦਾ ਰੋਗ ਹੋ ਜਾਂਦਾ ਹੈ, ਉਹਦੇ ਸ਼ਰੀਰ ਦੀਆਂ ਭਾਵੇਂ ਹੱਡੀਆਂ ਗਿਣ ਲਓ, ਤੇਜ ਦਾ ਨਾਉਂ ਨਹੀਂ ਰਹਿੰਦਾ, ਬੁੱਧ ਮਾਰੀ ਜਾਂਦੀ ਹੈ, ਦਿਲ ਡਿਗ ਜਾਂਦਾ ਹੈ ਹੌਂਸਲਾ ਨਹੀਂ ਰਹਿੰਦਾ, ਧੀਰਜ, ਬਲ ਪ੍ਰਾਕ੍ਰਮ ਆਦੀ ਗੁਣਾਂ ਦੇ ਨਸ਼੍ਟ ਹੋਣ ਨਾਲ ਮਨੁਸ਼ ਹੀ ਨਸ਼੍ਟ ਹੋ ਜਾਂਦਾ ਹੈ, ਜੇ ਤੁਸੀਂ ਸਿਖਯਾ ਦੇ ਲੈਣ ਅਤੇ ਵਿੱਦਯਾ ਦੇ ਪੜਨ ਅਰ ਬੀਰਜ ਦੀ ਰਖਯਾ ਕਰਨ ਵਿੱਚ ਏਸ ਵੇਲੇ ਭੁੱਲੋਗੇ ਤਾਂ ਫੇਰ ਏਸ ਜਨਮ ਵਿੱਚ ਤੁਹਾਨੂੰ ਇਹ ਅਮੋਲ ਸਮਾ ਨਹੀਂ ਲੱਭੇਗਾ, ਜਦ ਤਿਕ ਅਸੀਂ ਲੋਗ ਘਰ ਦੇ ਕੰਮਾਂ ਦੇ ਕਰਨ ਵਾਲੇ ਜੀਉਨੇ ਹਾਂ, ਤਦ ਤਿਕ ਤੁਹਾਨੂੰ ਚਾਹੀਏ ਕਿ ਵਿਦੱਯਾ ਪੜ੍ਹਦੇ ਅਤੇ ਸ਼ਰੀਰ ਦਾ ਬਲ ਵਧਾਂਦੇ ਰਹੋ, ਏਹੋ ਜੇਹੀਆਂ ਹੋਰ ੨ ਸਿਖਿਆ ਬੀ ਮਾਂ ਪਿਉ ਕਰਨ ਏਸ ਕਰਕੇ ਹੀ 'ਮਾਤ੍ਰੀ ਮਾਨ ਪਿਤ੍ਰੀ ਮਾਨ' ਉਪਰਲੇ ਬਚਨ ਵਿੱਚ ਲਿਖਿਯਾ ਹੈ, ਅਰਥਾਤ ਜਨਮ ਤੋਂ ਪੰਜਵੇਂ ਵਰ੍ਹੇ ਤਿੱਕ ਬਾਲਕਾਂ ਨੂੰ ਮਾਂ, ਛੇਵੇ ਵਰ੍ਹੇ ਤੋਂ ਲੈਕੇ ਅੱਠਵੇਂ ਵਰ੍ਹੇ ਤਿੱਕ ਪਿਉ ਸਿਖਯਾ ਦੇਵੇ, ਅਰ ਨੌਵੇਂ ਵਰ੍ਹੇ ਦੇ ਮੁੱਢ ਵਿੱਚ ਦ੍ਵਿਜ ਅਪਣੀ ਸੰਤਾਨਾਂ ਦਾ ਉਪਨੈਨ ਕਰਕੇ ਆਰੀਆ ਕੁਲ ਵਿੱਚ ਅਰਥਾਤ ਜਿੱਥੇ ਪੂਰਾ ਵਿਦਯਾਵਾਂਨ ਅਰ ਪੂਰੀ ਵਿਦਯਾ ਵਾਲੀਆਂ ਇਸਤ੍ਰੀ ਸਿੱਖਯਾ ਅਤੇ ਵਿਦੱਯਾ ਦਾਂਨ ਕਰਨ ਵਾਲੇ ਹੋਂਨ ਓਥੇ ਮੁੰਡੇ ਅਰ ਕੁੜੀਆਂ ਨੂੰ ਭੇਜਦੇਨ,ਅਰ ਸ਼ੂਦਰ ਆਦੀ ਵਰਨ ਉਪਨੈਨ ਦੇ ਕਰਨ ਤੋਂ ਬਗੈਰ ਹੀ ਵਿਦੱਯਾ ਪੜ੍ਹਾਉਨ ਦੇ ਲਈ ਗੁਰੂ ਕੁਲ ਵਿੱਚ ਭੇਜ ਦੇਨ, ਉਨ੍ਹਾਂ ਦੀ ਸੰਤਾਂਨ ਵਿਦ੍ਵਾਂਨ ਸਭੱਤਾ ਵਾਲੀ ਅਤੇ ਸਿਖਯਾ ਵਾਲੀ ਹੁੰਦੀ ਹੈ, ਜੇਹੜੇ ਪੜ੍ਹਾਉਨ ਵਿੱਚ ਸੰਤਾਂਨਾਂ ਨੂੰ ਲਾਡ ਕਦੇ ਨਹੀਂ ਕਰਦੇ, ਕਿੰਤੂ ਤਾੜਨਾ ਈ

ਕਰਦੇ ਰਹਿੰਦੇ ਹਨ, ਏਸ ਬਾਤ ਵਿਚ ਵਯਾਕਰਨ ਮਹਾਂ ਭਾਸ਼ ਦਾ ਪ੍ਰਮਾਣ ਹੈ,

सामृतैः पाणिभिर्घ्नन्ति गुरवो न विषोक्षितैः ।
लालनाश्रयिणो दोषास्ताडनाश्रयिणो गुणाः ॥ अ० ८।१।८ ॥

(ਅਰਥ) ਜਿਹੜੇ ਮਾਂ ਪਿਉ ਅਤੇ ਗੁਰੂ ਸੰਤਾਨ ਅਤੇ ਸ਼ਿਸ਼ਾਂ ਨੂੰ ਤਾੜਨ ਕਰਦੇ ਰਹਿੰਦੇ ਹਨ ਉਹ ਤਾਂ ਸਚ ਮੁਚ ਅਪਣੀ ਸੰਤਾਨ ਅਤੇ ਸ਼ਿਸ਼ਾਂ ਨੂੰ ਅਪਨੀ ਹੱਥੀਂ ਅੰਮ੍ਰਿਤ ਪਲਾਂਦੇ ਹਨ ਅਰ ਜਿਹੜੇ ਸੰਤਾਨ ਅਤੇ ਸ਼ਿਸ਼ਾਂ ਨੂੰ ਲਾਡ ਕਰਦੇ ਹਨ ਉਹ ਅਪਣੀ ਸੰਤਾਨ ਅਤੇ ਸ਼ਿਸਾਂ ਨੂੰ ਜਹਰ ਪਲਾਕੇ ਉਨ੍ਹਾਂ ਦਾ ਨਸ਼ ਭ੍ਰਸ਼ਟ ਕਰਦੇ ਹਨ, ਕਿਉਂ ਜੋ ਲਾਡ ਕਰਨ ਨਾਲ ਸੰਤਾਨ ਅਤੇ ਸ਼ਿਸ਼ ਮੱਛਰਦੇ ਤਥਾ ਤਾੜਨ ਨਾਲ ਗੁਣ ਵਾਲੇ ਹੁੰਦੇ ਹਨ, ਸੰਤਾਨ ਅਰ ਸ਼ਿਸ਼ ਲੋਗ ਬੀ ਤਾੜਨ ਤੋਂ ਪ੍ਰਸੰਨ ਅਤੇ ਲਾਡ ਤੋਂ ਅਪ੍ਰਸੰਨ ਸਦਾ ਰਹਿਆ ਕਰਨ, ਪ੍ਰੰਤੂ ਮਾਂ, ਪਿਉ, ਤਥਾ ਗੁਰੂ ਲੋਗ ਈਰਖਾ ਦ੍ਵੈਸ਼ ਨਾਲ ਤਾੜਨਾ ਨ ਕਰਨ ਕਿੰਤੂ ਉਪਰੋਂ ਡਰਾਉਨ ਅਰ ਅੰਦ੍ਰੋਂ ਕ੍ਰਿਪਾ ਦੀ ਦ੍ਰਿਸ਼ਟੀ ਰਖਨ, ਜਿਸਤ੍ਰਾਂ ਹੋਰ ਗੱਲਾਂ ਦੀ ਸਿੱਖ ਮਤ ਕੀਤੀ ਉਸੇ ਤ੍ਰਾਂ ਚੋਰੀ, ਜਾਰੀ, ਆਲਸ, ਪਰਮਾਦ, ਨਸ਼ਾ, ਝੂਠ ਬੋਲਨਾ, ਹਿੰਸਾ, ਕ੍ਰੂਰਤਾ, ਈਰਖਾ, ਦ੍ਵੈਸ਼, ਮੋਹ ਆਦੀ ਦੋਸ਼ਾਂ ਦੇ ਛਡੱਨ ਅਤੇ ਸਤਿਆਚਾਰ ਦੇ ਗ੍ਰੈਹਣ ਕਰਨ ਦੀ ਸਿਖਯਾ ਕਰਨ, ਕਿਉਂ ਜੋ ਜਿਹੜੇ ਪੁਰਸ਼ ਦੇ ਸਾਮਣੇ ਇਕਵਾਰ ਚੋਰੀ, ਜਾਰੀ, ਝੂਠ ਬੋਲਣਾ ਆਦੀ ਕਰਮ ਕੀਤਾ ਉਹਦਾ ਮਾਂਨ ਉਹਦੇ ਸਾਮਣੇ ਮਰਦੇ ਦਮ ਤੀਕਣ ਨਹੀਂ ਹੁੰਦਾ, ਝੂਠੀ ਪ੍ਰਤੱਗਯਾ ਕਰਨ ਵਾਲੇ ਦੀ ਜੇਹੀਹਾਨੀ ਹੁੰਦੀ ਹੈ ਓਹੋ ਜੇਹੀ ਹੋਰ ਕਿਸੇ ਦੀ ਨਹੀਂ ਹੁੰਦੀ, ਏਸ ਕਰਕੇ ਜਿਹਦੇ ਨਾਲ ਜਹੀ ਪ੍ਰਤਗੱਯਾ ਕਰਨੀ ਉਹਦੇ ਨਾਲ ਤੇਹੀ ਪੂਰੀ ਕਰਨੀ ਚਾਹੀਦੀ ਏ, ਅਰਥਾਤ ਕਿਸੇ ਨੇ ਕਿਸੇ ਨੂੰ ਕਹਯਾ ਕਿ 'ਮੈਂ ਤੁਹਾਨੂੰ ਫਲਾਣੇ ਵੇਲੇ ਮਿੱਲਾਂ ਗਾ ਜਾਂ ਤੁਸੀ ਮੈਨੂੰ ਫਲਾਣੇ ਵੇਲੇ ਮਿਲਣਾ ਅਥਵਾ ਫਲਾਣੀ ਚੀਜ ਫਲਾਣੇ ਵੇਲੇ ਮੈਂ ਤੁਹਾਨੂੰ ਦਿਆਂ ਗਾ' ਏਸਨੂੰ ਜੇਹਾਕੁ ਹੈ ਤੇਹਾ ਪੂਰਾ ਕਰੇ ਨਹੀਂ ਤਾਂ ਓਸਦੀ ਪ੍ਰਤੀਤ ਕੋਈ ਬੀ ਨਾ ਕਰੇ ਗਾ, ਏਸ ਲਈ ਸਦਾ ਸੱਚ ਬੋਲੇ ਅਤੇ ਸਚੀ ਪ੍ਰਤਗੱਯਾ ਕਰਨ ਵਾਲਾ ਸਭਨੂੰ ਹੋਣਾ ਚਾਹੀਦਾ ਹੈ, ਕਿਸੇਨੂੰ ਘਮੰਡ ਨਾ ਕਰਨਾ ਚਾਹੀਏ, ਛੱਲ, ਕਪਟ, ਵਾ ਕਿਰਤਘਨਤਾ ਤੇ ਆਪਣਾ ਜੀ ਦੁਖ ਮੰਨਦਾ ਹੈ ਤਾਂ ਫੇਰ ਦੂਜੇ ਦੇ ਮਨ ਦੀ ਕੀ ਕਹੀ ਜਾਵੇ, ਛੱਲ ਅਤੇ ਕਪਟ ਉਹਨੂੰ ਕਹਿੰਦੇ ਹਨ ਜੋ ਅੰਦਰ ਹੋਰ ਬਾਹਰ ਹੋਰ ਰਖਕੇ ਦੂਜੇ ਨੂੰ ਮੋਹ ਵਿੱਚ ਪਾਕੇ ਅਰ ਦੂਜੇ ਦੀ ਹਾਨੀ ਦਾ ਖ਼ਯਾਲ ਨ ਕਰਕੇ ਅਪਨੇ ਮਤਬਲ ਨੂੰ ਸਿੱਧ ਕਰ ਲਵੇ, ਕਿਰਤਘਨਤਾ ਉਹਨੂੰ ਕਹਿੰਦੇ ਹਨ ਜੋ ਕਿਸੇ ਦੇ ਕੀਤੇ ਹੋਏ ਉਪਕਾਰ ਨੂੰ ਨ ਮੰਨਣਾ, ਕ੍ਰੋਧ ਆਦੀ ਦੋਸ਼ਾਂ ਅਤੇ ਕੌੜੇ ਬੋਲ ਨੂੰ ਛੱਡਕੇ ਸ਼ਾਂਤ ਅਤੇ ਮਿੱਠਾ ਬਚਨ ਹੀ ਬੋਲਣਾ ਅਰ ਬਹੁਤ ਬਕਵਾਦ ਨਹੀਂ ਕਰਨਾ ਚਾਹੀਏ, ਜਿੱਨਾ ਬੋਲਣਾ ਚਾਹੀਦਾ ਹੈ, ਓਸ ਤੋਂ

ਘੱਟ ਵੱਧ ਨ ਬੋਲੇ,ਵਡਿਆਂ ਦਾ ਮਾਨ ਕਰੇ, ਉਨ੍ਹਾਂ ਦੇ ਸਾਮਣੇ ਉਠ ਖੜਾ ਹੋਵੇ, ਜਾਕੇ ਉੱਚੇ ਆਸਣ ਤੇ ਬਠਾਵੇ, ਪਹਲੇ ਨਮਸਤੇ ਕਰੇ, ਉਨਾਂ ਦੇ ਸਾਮਣੇ ਉੱਚੇ ਆਸਣ ਉੱਤੇ ਨ ਬੈਠੇ, ਸਭਾ ਵਿੱਚ ਜਾਕੇ ਅਜੇਹੇ ਥਾਂ ਉੱਤੇ ਬੈਠੇ ਜਿੱਥੇ ਅਪਣੀ ਜੋਗਤਾ ਹੋਵੇ ਅਰ ਦੂਜਾ ਕੋਈ ਨ ਉਠਾਵੇ, ਵੈਰ ਕਿਸੇ ਨਾਲ ਨ ਕਰੇ, ਵਡਿਆਈ ਪਾਂਦਾ ਹੋਇਆ ਬੀ ਗੁਣਾਂ ਨੂੰ ਗ੍ਰਹਣ ਅਤੇ ਦੋਸ਼ਾ ਨੂੰ ਤਿਆਗ ਕਰਦਾ ਜਾਵੇ, ਸਜੱਨਾਂ ਦਾ ਸੰਗ ਅਤੇ ਦੁਸ਼ਟਾਂ ਦਾ ਤਿਆਗ, ਆਪਣੇ ਮਾਂ, ਪਿਉ, ਅਤੇ ਗੁਰੂ ਦੀ ਤਨ ਮਨ ਅਰ ਧਨ ਆਦੀ ਉਤਮ੨ ਪਦਾਰਥਾਂ ਅਤੇ ਪ੍ਰੇਮ ਨਾਲ ਸੇਵਾ ਕਰੇ ।

**यान्यस्माकꣳ सुचरितानि तानि त्वयोपास्यानि नो इतराणि ॥**

**तैत्ति० प्रपा० ७ अनु० ११ ॥**

ਏਸ ਬਚਨ ਦਾ ਏਹ ਮਤਬਲ ਹੈ ਕਿ ਮਾਂ ਪਿਉ ਅਰ ਗੁਰੂ ਅਪਣੀ ਸੰਤਾਂਨ ਅਰ ਸ਼ਿਸ਼ੱਾਂਨੂੰ ਸਦਾ ਸੱਚਾ ਉਪਦੇਸ਼ ਕਰਨ ਅਰ ਏਹ ਬੀ ਕਹ ਦੇਨ ਕਿ ਜਿਹੜੇ ੨ ਸਾਡੇ ਧਰਮ ਦੇ ਕੰਮ ਹਨ ਉਨ੍ਹਾਂ੨ ਦਾ ਗ੍ਰਹਣ ਕਰੋ,ਅਰ ਜਿਹੜੇ ਕਿ ਸਾਡੇ ਖੋਟੇ ਕੰਮ ਹੋਂਨ ਉਨਾਂ ਦਾ ਤਿਆਗ ਕਰ ਦਿਤੱਾ ਕਰੋ,ਜਿਹੜੀਆਂ ੨ ਗਲੱਾਂ ਸੱਚੀਆਂ ਜਾਣਨ ਉਨਾਂ੨ ਦਾ ਪ੍ਰਕਾਸ਼ ਅਤੇ ਪ੍ਰਚਾਰ ਕਰਨ, ਕਿਸੇ ਪਖੰਡੀ ਦੁਸ਼੍ ਅਚਾਰੀ ਮਨੁੱਖ ਦਾ ਵਸਾਹ ਨ ਕਰਨ,ਅਰ ਜਿਹੜੇ੨ਉਤੱਮ ਕਰਮ ਲਈ ਮਾਂ,ਪਿਉ,ਅਰ ਗੁਰੂਆ-ਗਿਆ ਦੇਨ ਓਸ੨ ਦਾ ਜੇਹਾ ਚਾਹੀਏ ਤੇਹਾ ਪਾਲਣ ਕਰਨ,ਮਾਂ ਪਿਉ ਨੈ ਜੇਹੜੇ ਧਰਮ ਵਿਦਿਆ, ਚੰਗੇ ਅਚਰਨ ਦੇ ਸ਼ਲੋਕ, ਨਿਘੰਟੂ, ਨਿਰੁਕਤ ਅਸ਼੍ਰਾਧਯਾਈ ਅਥਵਾ ਹੋਰ੨ ਸੂਤ੍ਰ ਜਾਂ ਵੇਦ ਮੰਤ੍ਰ ਕੰਠ ਕਰਾਏ ਹੋਂਨ ਉਨਾਂ੨ ਦਾ ਫੇਰ ਅਰਥ ਵਿਦਯਾਰਥੀਆਂ ਨੂੰ ਸਮਝਾ ਦੇਨ, ਜਿਸਤਰਾਂ ਨਾਲ ਪ੍ਰਿਥੱਮ ਸਮੁੱਲਾਸ ਵਿੱਚ ਪਰਮੇਸ਼੍ਵਰ ਦਾ ਵਖਯਾਨ ਕੀਤਾ ਹੈ ਓਸ ਨੂੰ ਮਨਕੇ ਪਰਮੇਸ਼੍ਵਰ ਦੀ ਉਪਾਸਨਾਂ ਕਰਨ, ਜਿਸ ਪ੍ਰਕਾਰ ਦੇਹ ਅਰੋਗ ਰਹ੍ਵੇ, ਵਿਦਯਾ, ਅਰ ਬਲਦੀ ਪ੍ਰਾਪਤੀ ਹੋਵੇ, ਉਸੇ ਪ੍ਰਕਾਰ ਭੋਜਨ ਛਾਦਨ ਅਰ ਵਿਹਾਰ ਕਰਨ ਕਰਾਨ,ਅਰਥਾਤ ਜਿੱਨੀ ਭੁਖ ਹੋਵੇ ਉਸਤੋਂ ਕੁਝ ਘੱਟ ਖਾਂਨ, ਸ਼ਰਾਬ, ਮਾਸ, ਆਦੀ ਪੀਨ ਖਾਂਨ ਤੋਂ ਵਰਜੇ ਰਹਨ, ਅਗਿਆਤ ਡੂੰਘੇ ਪਾਣੀ ਵਿੱਚ ਨ ਜਾਨ,ਕਿੰਉ ਜੋ ਜਲਦੇ ਜਨਉਰ ਜਾਂ ਹੋਰ ਕਿਸੇ ਪਦਾਰਥ ਥੀਂ ਦੁਖ ਅਰ ਜੇ ਤਰਨਾ ਨ ਜਾਨਦਾ ਹੋਵੇ ਤਦ ਡੁਬ ਹੀ ਜਾ ਸਕਦਾ ਹੈ ।

**"नाविज्ञाते जलाशये"**

ਏਹ ਮਨੂਜੀ ਮਹਾਰਾਜ ਦਾ ਬਚਨ ਹੈ, ਨ ਡਿੱਠੇ ਹੋਏ ਪਾਣੀ ਵਿਚ ਵੜਕੇ ਸਨਾਨ ਆਦੀ ਨ ਕਰਨ ।

दृष्टिपूतं न्यसेत्पादं वस्त्रपूतं जलं पिबेत्।
सत्यपूतां वदेद्वाचं मनःपूतं समाचरेत्॥ मनु० अ० ६। ४६॥

ਅਰਥ ਹਿਠਾਂ ਨਜਰ ਕਰਕੇ ਉੱਚੇ ਨੀਂਵੇ ਥਾਂ ਨੂੰ ਵੇਖਕੇ ਚੱਲੇ, ਕਪੱੜੇ ਨਾਲ ਛਾਣਕੇ ਪਾਂਣੀ ਪੀਵੇ,ਸੱਚ ਨਾਲ ਪਵਿਤ੍ਰ ਕਰਕੇ ਬਚਨ ਬੋਲੇ,ਮਨ ਨਾਲ ਵਿਚਾਰ ਕੇ ਕੰਮ ਕਰੇ।

माता शत्रुः पिता वैरी येन बालो नपाठितः।
न शोभते सभामध्ये हंसमध्ये वको यथा॥
चाणक्यनीति अध्या० २। श्लो० ११॥

ਇਹ ਕਿਸੇ ਕਵੀ ਦਾ ਬਚਨ ਹੈ, ਉਹ ਮਾਂ ਪਿਉ ਆਪਣੀ ਸੰਤਾਨਾਂ ਦੇ ਪੂਰੇ ਵੈਰੀ ਹਨ ਜਿਨਾਂ ਨੈ ਉਨਾਂ ਨੂੰ ਵਿਦਯਾ ਦੀ ਪ੍ਰਾਪਤੀ ਨ ਕਰਾਈ, ਅਰ ਵਿਦਵਾਨਾਂ ਦੀ ਸਭਾ ਵਿੱਚ ਨਿਰਾਦਰੀ ਅਤੇ ਕਸੋਭਾ ਪਾਂਦੇ ਹਨ, ਜੇਹੀ ਬਗਲਾ ਹੰਸਾਂ ਦੇ ਵਿੱਚ ਪਾਉਂਦਾ ਹੈ, ਏਹੋ ਮਾਂ ਪਿਉ ਦਾ ਕਰਨ ਜੋਗ ਪਰਮ ਧਰਮ ਅਤੇ ਕੀਰਤੀ ਦਾ ਕੰਮ ਹੈ, ਕਿ ਆਪਣੀ ਸੰਤਾਨਾਂ ਨੂੰ ਤਨ ਮਨ ਧਨ ਨਾਲ ਵਿਦੱਯਾ ਧਰਮ ਸਭੱਤਾ ਦੇਣੀ ਅਰ ਉੱਤਮ ਸਿਖਯਾ ਵਾਲਾ ਕਰਨਾ।

ਏਹ ਬਾਲ ਸਿਖਯਾ ਵਿੱਚ ਥੋੜਾ ਜਿਹਾ ਲਿਖਿਆ ਹੈ,ਇੱਨੇ ਨਾਲ ਹੀ ਬੁਧਵਾਂਨ ਲੋਗ ਬਹੁਤ ਸਮਝ ਲੈਨਗੇ।

इति श्रीमद्दयानन्दसरस्वतीस्वामिकृते सत्यार्थप्रकाशे
सुभाषाविभूषिते बालशिक्षाविषये द्वितीयः
समुल्लासः सम्पूर्णः॥ २॥

# ਤੀਜਾ ਸਮੁਲੱਾਸ

ਹੁਣ ਤੀਜੇ ਸਮੁਲੱਾਸ ਵਿਚ ਪੜ੍ਹਨ ਪੜ੍ਹਾਣ ਦਾ ਪ੍ਰਕਾਰ ਲਿਖਦੇ ਹਾਂ ਸੰਤਾਂਨ ਨੂੰ ਉੱਤਮ ਵਿਦਯਾ, ਉੱਤਮ ਸਿਖਯਾ, ਉੱਤਮ ਗੁਣ, ਉੱਤਮ ਕਰਮ ਅਰ ਉੱਤਮ ਸੁਭਾਉ ਰੂਪੀ ਗਹਿਣੇ ਪਾਣੇ ਮਾਂ ਪਿਉ ਗੁਰੂ ਅਰ ਸਰਬੰਧੀਆਂ ਦਾ ਮੁਖ ਕਰਮ ਹੈ। ਸੋਨੇ ਚਾਂਦੀ, ਮਾਨਕ, ਮੋਤੀ, ਮੂੰਗਾ, ਆਦੀ ਰਤਨਾਂ ਨਾਲ ਜੜ੍ਹੇ ਹੋਏ ਗਹਿਣੇ ਪਾਣ ਨਾਲ ਮਨੁੱਖ ਦਾ ਆਤਮਾ ਕਦੀ ਨਹੀਂ ਸਜਦਾ ਕਿਉਂਕਿ ਗਹਿਣੇ ਪਾਂਣੇ ਕਰਕੇ ਨਿਰਾ ਦੇਹ ਦਾ ਅਭਿਮਾਨ ਵਿਖੇ ਆਸਕਤੀ ਅਰ ਚੋਰ ਆਦੀ ਤਥਾ ਮੌਤ ਦਾ ਡਰ ਹੁੰਦਾ ਹੈ, ਦੁਨੀਆਂ ਵਿਚ ਡਿੱਠਾ ਜਾਂਦਾ ਹੈ ਕਿ ਗਹਿਣਿਆਂ ਕਰਕੇ ਬਾਲਕਾਂ ਦੀ ਮੌਤ ਦੁਸ਼ਟਾਂ ਦੇ ਹੱਥੋਂ ਹੁੰਦੀ ਹੈ॥

विद्याविलासमनसो धृतशीलशिक्षाः।
सत्यव्रता रहितमानमलापहाराः।
संसारदुःखदलनेन सुभूषिता ये
धन्या नरा विहितकर्मपरोपकाराः॥

ਜਿਨਾਂਦਾ ਮਨ ਵਿਦਯਾ ਦੇ ਬਿਲਾਸ ਵਿਚਲਗਯਾ ਰਹਿੰਦਾ ਅਰ ਸੁੰਦਰਸ਼ੀਲ, ਸੁਭਾਉ ਵਾਲਾ, ਸਤ ਭਾਖਣ ਆਦੀ ਨਿਯੱਮ ਪਾਲਨ ਵਾਲਾ, ਅਰਜੇਹੜੇ ਅਭਿਮਾਂਨ, ਅਪਵਿੱਤ੍ਰਤਾ ਥੀਂ ਰਹਿਤ, ਹੋਰਨਾ ਦੀ ਮਲੀਨਤਾ ਨਾਸ਼ ਕਰਨ ਵਾਲੇ ਸੱਚੇਉਪਦੇਸ਼ ਅਰ ਵਿਦਯਾ ਦਾਂਨ ਥੀਂ ਸੰਸਾਰੀ ਲੋਕਾਂ ਦੇ ਦੁੱਖਾਂ ਨੂੰ ਦੂਰਕਰਨ ਕਰਕੇ ਸੁਭੂਖਤ ਹੈਂਨ ਵੇਦ ਉਕਤ ਕਰਮਾਂ ਕਰਕੇ ਪਰਾਏ ਉਪਕਾਰ ਵਿਚ ਰਹਿੰਦੇ ਹੈਂਨ ਅਜੇਹੇ ਨਰ ਅਰ ਨਾਰੀ ਧੰਨ ਹੈਂਨ। ਜਦ ਸੰਤਾਂਨ ਅੱਠਾਂ ਵਰੇਹਾਂ ਦੀ ਹੋਵੇ ਤਦ ਮੁੰਡਿਆਂ ਨੂੰ ਮੁੰਡਿਆਂ ਦੀ ਅਰ ਕੁੜੀਆਂ ਨੂੰ ਕੁੜੀਆਂ ਦੀ ਪਾਠਸ਼ਾਲਾ ਵਿਚ ਭੇਜਦੇਂਨ, ਜੇਹੜੇ ਪੜ੍ਹਾਣ ਵਾਲੇ ਅਰ ਪੜ੍ਹਾਨ ਵਾਲੀਆਂ ਦੁਸ਼ਟਾ ਚਾਰੀ ਹੋਂਨ ਉਨਾਂ ਥੀਂ ਸਿਖਯਾ ਨਾਂ ਕਰਾਂਨ ਕਿੰਤੂ ਜੇਹੜੇ ਪੂਰੀ ਵਿਦਿਆ ਵਾਲੇ ਧਾਰਮਿਕ ਹੋਂਨ ਉਹੋ ਹੀ ਪੜ੍ਹਾਂਨ ਅਤੇ ਸਿਖਿਆ ਦੇਨ ਦੇ ਜੋਗ ਹੈਂਨ। ਦ੍ਵਿਜ ਅਪਣੇ ਘਰ ਵਿਚ ਲ-

ਕਿਆਂ ਦਾ ਯਗਗੋਪਵੀਤ (ਜਨੇਊ) ਲੜਕੀਆਂ ਦਾ ਬੀ ਯਥਾ ਯੋਗ ਸੰਸਕਾਰ ਕਰਕੇ ਜਥੋਕਤ ਆਚਾਰਯ ਕੁਲ ਅਰਥਾਤ ਅਪਣੀ ਅਪਣੀ ਪਾਠਸ਼ਾਲਾ ਵਿਚ ਭੇਜ ਦੇਨ ਵਿਦ੍ਯਾ ਪੜ੍ਹਾਨੇ ਦੀ ਜਗਹ ਅਕੱਲੀ ਥਾਂ ਵਿਚ ਹੋਣੀ ਚਾਹੀਏ ਅਰ ਉਹ ਲੜਕੇ ਅਰ ਲੜਕੀਆਂ ਦੀ ਪਾਠਸ਼ਾਲਾ ਦੋ ਕੋਹ ਇਕ ਦੂਜੇ ਥੀਂ ਦੂਰ ਹੋਣੀ ਚਾਹੀਏ। ਜਿਹੜੇ ਉੱਥੇ ਪੜ੍ਹਾਂਣ ਵਾਲੀਆਂ ਅਤੇ ਪੜ੍ਹਾਂਣ ਵਾਲੇ ਅਰ ਨੌਕਰ ਚਾਕਰ ਹੋਂਨ ਉਹ ਲੜਕੀਆਂ ਦੀ ਪਾਠ ਸ਼ਾਲਾ ਵਿਚ ਸਭ ਇਸਤ੍ਰੀਆਂ ਅਰਲੜਕਿਆਂ ਦੀ ਪਾਠ ਸ਼ਾਲਾ ਵਿਚ ਸਭ ਪੁਰਖ ਹੋਂਨ। ਇਸਤ੍ਰੀਆਂ ਦੀ ਪਾਠ ਸ਼ਾਲਾ ਵਿੱਚ ਪੰਜਾਂ ਵਰੇਹਾਂ ਦਾ ਲੜਕਾ ਅਰ ਲੜਕਿਆਂ ਦੀ ਪਾਠਸ਼ਾਲਾ ਵਿਚ ਪੰਜਾਂ ਵਰੇਹਾਂ ਦੀ ਲੜਕੀ ਬੀ ਨਾ ਜਾਣੇ ਪਾਵੇ। ਅਰਥਾਤ ਜਦ ਤੀਕ ਉਹ ਬ੍ਰਹਮ ਚਾਰੀ ਜਾਂ ਬ੍ਰਹਮ ਚਾਰਨੀ ਰਹਨ ਤਦ ਤੀਕਨ ਇਸਤ੍ਰੀ ਜਾਂ ਪੁਰਖ ਦਾ ਦਰਸ਼ਨ ਕਰਨਾ, ਇਕ ਦੂਜੇ ਨਾਲ ਪਿੰਡਾ ਛੁਹਾਣਾ, ਦੁਹਾਂ ਦਾ ਇਕੱਲੀ ਜਗਹਿ ਵਿਚ ਬੈਠਣਾ, ਗਲ ਬਾਤ ਕਰਨੀ, ਇਸ਼ਕ, ਮੁਸ਼ਕ, ਦੇ ਕਿਸੇ ਕਹਾਣੀਆਂ ਪੜ੍ਹਨਾਂ, ਇਕ ਦੂਜੇ ਨਾਲ ਖੇਡ ਕਰਨਾ, ਵਿਖੇ ਦਾ ਧਿਆਂਨ ਅਰ ਸੰਗ ਕਰਨਾ, ਇਨਾਂ ਅੱਠਾਂ ਪ੍ਰਕਾਰਾਂ ਦੇ ਮੈਥਨਾਂ ਥੀਂ ਬੱਚੇ ਰਹਿਨ, ਅਰ ਅਧਿਆਪਕ ਲੋਗ ਉਨਾਂ ਨੂੰ ਇਨਾਂ ਬਾਤਾਂ ਤੋਂ ਬਚਾਨ ਜਿਸ ਕਰਕੇ ਉੱਤਮ ਵਿਦ੍ਯਾ, ਸਿਖ੍ਯਾ, ਸ਼ੀਲ ਉਭਾਉ, ਸ਼ਰੀਰ ਅਰ ਆਤਮਾ ਦੇ ਬਲ ਵਾਲੇ ਹੋਕੇ ਅਨੰਦ ਨੂੰ ਨਿਤ ਵਧਾ ਸਕੱਨ ਦੋਹਾਂ ਪਾਠਸ਼ਾਲਾਂ ਥੀਂ ਇਕ ਯੋਜਨ ਅਰਥਾਤ ਚਾਰ ਕੋਹ ਦੂਰ ਪਿੰਡ ਜਾਂ ਨਗੱਰ ਰਹਵੇ ਸਭਣਾਂ ਨੂੰ ਇੱਕੋ ਜੇਹੇ ਕਪੜੇ, ਖਾਂਨ ਪੀਨ ਦੀ ਚੀਜਾਂ, ਆਸਣ ਦਿੱਤੇ ਜਾਂਨ ਭਾਵੇਂ ਉਹ ਰਾਜ ਕੁਮਾਰ ਜਾਂ ਰਾਜ ਕੁਮਾਰੀ ਹੋਵੇ, ਭਾਵੇਂ ਗਰੀਬ ਦੀ ਸੰਤਾਂਨ ਹੋਵੇ ਸਭਨੂੰ ਤਪਸੱਯਾ ਵਾਂਨ ਹੋਣਾ ਚਾਹੀਏ ਉਨਾਂ ਦੇ ਮਾਂ, ਪਿਉ, ਅਪਣੀਆਂ ਸੰਤਾਨਾਂ ਨੂੰ ਜਾਂ ਸੰਤਾਂਨ ਅਪਣੇ ਮਾਂ ਪਿਉ ਨੂੰ ਨਾ ਮਿਲ ਸਕੱਨ ਅਰ ਨਾ ਕਿਸੇ ਪ੍ਰਕਾਰ ਦੀ ਚਿੱਠੀ ਪਤ੍ਰੀ ਇਕ ਦੂਜੇ ਨਾਲ ਕਰ ਸੱਕਨ, ਜਿਸ ਕਾਰਨ ਸੰਸਾਰ ਦੀ ਚਿੰਤਾ ਥੀਂ ਰਹਿਤ ਹੋਕੇ ਨਿਰੀ ਪੁਰੀ ਵਿਦ੍ਯਾ ਵਧਾਂਣ ਦੀ ਚਿੰਤਾ ਰਖੱਨ ਜਦ ਟੁਰਨ ਫਿਰਨ ਜਾਂਨ ਤਦ ਉਨਾਂ ਦੇ ਨਾਲ ਪੜ੍ਹਾਂਣ ਵਾਲੇ ਰਹਿਨ ਜਿਸ ਕਰਕੇ ਕਿਸੇ ਪ੍ਰਕਾਰ ਦੀ ਕੁਚੇਸ਼ਟਾ ਨਾ ਕਰ ਸਕੱਨ ਅਰ ਆਲਸ ਨਾ ਪ੍ਰਮਾਦ ਕਰਨ ॥

कन्यानां सम्प्रदानं च कुमाराणां च रक्षणम् ॥

ਮਨੁ॰ ਅ॰ ੭ । ਸ਼੍ਲੋਕ ੧੫੨ ॥

ਇਸਦਾ ਅਭਿਪ੍ਰਾ ਏਹ ਹੈ ਕਿ ਏਸ ਵਿਚ ਰਾਜ ਅਤੇ ਜਾਤੀ ਦਾ ਨਿਯੱਮ ਹੋਣਾ ਚਾਹੀਏ ਕਿ ਪੰਜਵੇਂ ਜਾਂ ਅਠਵੇਂ ਵਰਹੇ ਥੀਂ ਅੱਗੇ ਕੋਈ ਆਪਣੇ ਲੜਕੇ ਅਰ ਲੜਕੀਆਂ ਨੂੰ ਘਰ ਵਿਚ ਨਾਂ ਰਖ ਸੱਕੇ, ਪਾਠਸ਼ਾਲਾ ਵਿਚ ਜਰੂਰ ਭੇਜ

ਦੇਨ,ਜੇਹੜੇ ਨਾ ਭੋਜਨ ਉਹ ਡੰਡ ਦੇ ਭਾਗੀ ਹੋਂਨ ਪਹਿਲੇ ਲੜਕਿਆਂ ਦਾ ਜਨੇਉ ਘਰ ਵਿਚ ਹੋਵੇ, ਅਰ ਦੂਜਾ ਪਾਠਸ਼ਾਲਾ ਵਿਚ ਆਚਾਰਜ ਕੁਲ ਵਿਚ ਜਾਕੇ ਹੋਵੇ ਪਿਉ ਮਾਂ ਜਾਂ ਗੁਰੂ ਅਪਣੇ ਲੜਕੇ ਲੜਕੀਆਂ ਨੂੰ ਅਰਥ ਸਮੇਤ ਗਾਯਤ੍ਰੀ ਮੰਤ੍ਰ ਦਾ ਉਪਦੇਸ਼ ਕਰਦੇਨ ਉਹ ਮੰਤ੍ਰ ਏਹ ਹੈ।

**ओ३म् भूर्भुवः स्वः। तत्सवितुर्वरेण्यं भर्गो देवस्य धीमहि। धियो यो नः प्रचोदयात्॥ यजु० अ० ३६। मं० ३॥**

ਏਸ ਮੰਤ੍ਰ ਵਿਚ ਜੇਹੜਾ ਪਹਿਲੇ (ਓਮ) ਹੈ ਉਸਦਾ ਅਰਥ ਪਹਿਲੇ ਸਮੁਲਾਸ ਵਿਚ ਕਰ ਦਿੱਤਾ ਹੈ ਉੱਥੋਂ ਜਾਂਣ ਲੈਣਾ। ਹੁਣ ਤਿਨ ਮਹਾਂ ਵਿਜਾ-ਹ੍ਰਿਤੀਆਂ ਦੇ ਅਰਥ ਸੰਖੇਪ ਨਾਲ ਲਿਖਦੇ ਹਾਂ ਜੋ ਸਕਲ ਜਗਤ ਦੇ ਜੀਵਣ ਦਾ ਆਧਾਰ ਪ੍ਰਾਣ ਥੀਂ ਬੀ ਪਿਆਰਾ ਅਰ ਸ੍ਵੈਭੂ ਹੈ ਓਸਨੂੰ ਭੂ ਕਹਿਦੇ ਹੈਂਨ ਜੋ ਸਕਲ ਦੁੱਖਾਂ ਥੀਂ ਰਹਿਤ ਜਿਸਦੇ ਸੰਗ ਥੀਂ ਜੀਵ ਸਭ ਦੁੱਖ ਥੀਂ ਛੁਟਜਾਂਦੇ ਹੈਂਨ ਏਸ ਲਈ ਓਸ ਪ੍ਰਮੇਸ਼੍ਵਰ ਦਾ ਨਾਉ ਭੁਵਹ ਹੈ। ਜੋ ਅਨੇਕ ਪ੍ਰਕਾਰ ਦੇ ਜਗਤ ਵਿਚੋਂ ਵਿਆਪਕ ਹੋਕੇ ਸਭ ਦਾ ਧਾਰਨ ਕਰਦਾ ਹੈ ਏਸ ਥੀਂ ਓਸ ਪ੍ਰਮੇ-ਸ਼੍ਵਰ ਦਾ ਨਾਂਉ ਸੁਆਹ ਹੈ। ਜੋ ਸਭ ਜਗਤ ਦਾ ਉਤਪਾਦਕ ਅਰ ਸਭ ਈਸ਼੍ਵਰਜ ਦਾ ਦਾਤਾ ਹੈ (ਦੇਵਸਜ) ਜੋ ਸਰਬ ਸੁੱਖਾਂ ਦਾ ਦੇਨ ਹਾਰਾ ਅਰ ਜਿਸਦੀ ਪ੍ਰਾਪਤੀ ਦੀ ਕਾਂਮਣਾ ਸਭ ਕਰਦੇ ਹੈਂਨ ਓਸ ਪ੍ਰਮੇਸ਼੍ਵਰ ਦਾ ਜੇਹੜਾ (ਵਰੇਨਜਮ) ਗ੍ਰਹਣ ਕਰਨ ਦੇ ਯੋਗ ਅਤੀ ਸ੍ਰੇਸ਼ਟ (ਭਰਗ) ਸੁਧ ਸ੍ਵਰੂਪ ਅਰ ਪਵਿਤ੍ਰ ਕਰਨੇ ਵਾਲਾ ਚੈਤਨ ਬ੍ਰਹਮ ਸ੍ਵਰੂਪ ਹੈ (ਤਤ) ਉਸੇ ਪ੍ਰਮੇਸ਼੍ਵਰ ਦੇ ਸਰੂਪ ਨੂੰ ਅਸੀ ਲੋਗ (ਧੀਮਹੀ) ਧਾਰਣ ਕਰੀਏ। ਕਿਸ ਪ੍ਰਯੋਜਨ ਦੇ ਲਈ ਕਿ (ਯਹ) ਜੇਹੜਾ ਸਵਿਤਾ ਦੇਵ ਪ੍ਰਮੇਸ਼੍ਵਰ ਹੈ ਉਹ (ਨਾਹ) ਸਾਡੀਆਂ (ਧੀਆ) ਬੁਧੀਆਂ ਨੂੰ (ਪ੍ਰਚੋ-ਦਜਾਤ)ਪ੍ਰੇਰੇ ਅਰਥਾ ਖੋਟਿਆ ਕੰਮਾਂ ਥੀਂ ਛੁਡਾਕੇ ਅਛਿਆਂ ਕੰਮਾਂ ਵਿੱਚ ਲਗਾਵੇ। ਹੇ ਮਨੁੱਖ ਲੋਗੋ ਜੋ ਸਭ ਸਮ੍ਰੱਥਾਂ ਵਿਚ ਸਮ੍ਰਥ ਸੱਚਿਦਾਨੰਦ, ਅਨੰਤਸਰੂਪ ਨਿਤਸੁਧ, ਨਿਤ ਬੁਧ, ਨਿਤ ਮੁਕਤ ਸੁਭਾਉ ਵਾਲਾ ਕ੍ਰਿਪਾ ਸਾਗਰ, ਠੀਕ ਠੀਕ ਨਿਆਂ ਦਾ ਕਰਨਹਾਰ ।, ਜਨਮ ਮਰਣ ਆਦੀ ਕਲੇਸ਼ ਰਹਿਤ,ਆਕਾਰ ਰਹਿਤ ਸਭ ਦੇ ਘਟ ਘਟ ਦੀ ਜਾਣਨ ਵਾਲਾ, ਸਭ ਦਾ ਧਰਤਾ, ਪਿਤਾ ਉਤਪਾਦਕ, ਅਨੱਆਦੀ ਨਾਲ ਸਾਰੇ ਜਹਾਂਨ ਦੀ ਪਾਲਣਾ ਕਰਨ ਵਾਲਾ, ਸਕਲ ਈਸ਼੍ਵਰਜ ਵਾਲਾ ਜਗਤ ਦਾ ਬਾਣਾਂਣ ਵਾਲਾ, ਸੁਧਸਰੂਪ ਅਰ ਜੇਹੜਾ ਪ੍ਰਾਪਤੀ ਦੀ ਕਾਂਮਨਾ ਕਰਨ ਦੇ ਯੋਗ ਹੈ ਓਸ ਪਰਮੇਸ਼੍ਵਰ ਦਾ ਜੋ ਸੁਧ ਚੇਤਨ ਸਰੂਪ ਹੈ ਉਸੇ ਨੂੰ ਅਸੀ ਧਾਰਨ ਕਰੀਏ ਏਸ ਪ੍ਰਜੋਜਨ ਦੇ ਲਈ ਕਿ ਉਹ ਪ੍ਰਮੇਸ਼੍ਵਰ ਸਾਡੇ ਆਤਮਾਂ ਅਰ ਬੁੱਧਾਂ ਦਾ ਅੰਤ੍ਰਜਾਮੀ ਸਰੂਪ, ਸਾਨੂੰ ਖੋਟੇ ਕੰਮੋਂ ਅਤੇ ਅਧਰਮ

ਮਾਰਗ ਥੀਂ ਹਟਾਕੇ ਚੰਗੇ ਕੰਮਾਂ ਅਤੇ ਸਤ ਮਾਰਗ ਵਿਚ ਚਲਾਵੇ ਓਸਨੂੰ ਛ-ਡਕੇ ਦੂਜੀ ਕਿਸੇ ਵਸਤੂ ਦਾ ਅਸੀ ਲੋਗ ਧਿਆਂਨ ਨਾ ਕਰੀਏ ਕਿਉਂਕਿ, ਨਾਂ ਕੋਈ ਓਸਦੇ ਤੁਲ ਅਰ ਨਾ ਉਸਤੋਂ ਵਧੀਕ ਹੈ ਉਹੋ ਸਾਡਾ ਪਿਤਾ, ਰਾਜਾ, ਨਿਆਇ ਕਾਰੀ, ਅਰ ਸਭ ਸੁੱਖਾਂ ਦਾ ਦੇਣ ਹਾਰਾ ਹੈ। ਏਸ ਪ੍ਰਕਾਰ ਗਾਯਤ੍ਰੀ ਮੰਤ੍ਰ ਦਾ ਉਪਦੇਸ਼ ਕਰਕੇ ਸੰਧਜਾਉਪਾਸਨਾਂ ਆਦੀ ਇਸ਼ਨਾਨ, ਆਚਮਨ, ਪ੍ਰਣਾਂਯਾਂਮ ਆਦੀ ਕ੍ਰਿਆ ਹੈਂਨ ਸਿਖਾ ਦੇਨ, ਪਹਿਲੇ ਇਸ਼ਨਾਨ ਇਸ ਵਾਸਤੇ ਹੈ ਕਿ ਏਸ ਕਰਕੇ ਸ਼ਰੀਰ ਦੇ ਬਾਹਿਰ ਦੇ ਅੰਗਾਂ ਦੀ ਸ਼ੁੱਧੀ ਅਰ ਅਰੋਗਤਾ ਆਦੀ ਹੋਂਦੀ ਹੈ ਏਸ ਵਿਚ ਪ੍ਰਮਾਂਣ ਹੈ।

अद्भिर्गात्राणि शुध्यन्ति मनः सत्येन शुध्यति।
विद्या तपोभ्यां भूतात्मा बुद्धिर्ज्ञानेन शुध्यति॥
मनु० अ० ५। श्लो० १०९॥

ਇਹ ਮਨੂੰ ਸਿਮ੍ਰਤੀ ਦਾ ਸ਼ਲੋਕ ਹੈ ਜਲ ਕਰ ਕਰਕੇ ਸ਼ਰੀਰ ਦੇ ਬਾਹਰਲੇ ਅਵੈਵ, ਸਤੱਜ ਆਚਰਣ ਕਰਕੇ ਮਨ, ਵਿਦਜਾ ਅਰ ਤਪ, ਅਰਥਾਤ ਸਭ ਪ੍ਰਕਾਰ ਦੇ ਕਸ਼ਟ ਥੀ ਸਹਿਕੇ ਧਰਮ ਦੇ ਹੀ ਕਰਨ ਨਾਲ ਜੀਵਾਤਮਾ, ਗਿਆਂਨ ਅਰਥਾਤ ਪ੍ਰਿਥਵੀ ਥੀਂ ਲੈਕੇ ਪ੍ਰਮੇਸ਼ੁਰ ਪ੍ਰਜੰਤ ਪਦਾਰਥਾਂ ਦੇ ਬਬੇਕ ਨਾਲ ਬੁੱਧੀ ਦ੍ਰਿੜ ਨਿਸਚੇ ਪਵਿਤ੍ਰ ਹੋਂਦੀ ਹੈ ਏਸ ਲਈ ਇਸ਼ਨਾਂਨ ਭੋਜਨ ਤੋਂ ਪਹਿਲੇ ਜਰੂਰ ਕਰਨਾਂ, ਦੂਜਾ ਪ੍ਰਾਣਾਯਾਮ ਏਸ ਵਿਚ ਪ੍ਰਮਾਂਣ॥

योगाङ्गानुष्ठानादशुद्धिक्षये ज्ञानदीप्तिराविवेकख्यातेः॥ योग० साधनपादे सू० २८॥

ਏਹ ਯੋਗ ਸ਼ਾਸਤ੍ਰ ਦਾ ਸੂਤ੍ਰ ਹੈ ਜਦ ਮਨੁੱਖ ਪ੍ਰਾਣਾਂਯਾਂਮ ਕਰਦਾ ਹੈ ਤਦ ਛਿਨ ਛਿਨ ਵਿਚ ਹੌਲੀ ਹੌਲੀ ਅਸ਼ੁਧੀ ਦਾ ਨਾਸ਼ ਅਰ ਗਿਆਂਨ ਦਾ ਪ੍ਰਕਾਸ਼ ਹੁੰਦਾ ਜਾਂਦਾ ਹੈ ਜਦ ਤੀਕਣ ਮੁਕਤੀ ਨਾ ਹੋਵੇ ਤਦ ਤੀਕਣ ਉਸਦੇ ਆਤਮਾਂ ਦਾ ਗਿਆਨ ਬਰਾਬਰ ਵਧਦਾ ਜਾਂਦਾ ਹੈ॥

दह्यन्ते ध्मायमानानां धातूनां हि यथा मलाः। तथेन्द्रियाणां दह्यन्ते दोषाः प्राणस्य निग्रहात्॥ मनु० अ० ६। ७१॥

ਏਹ ਮਨੂੰ ਸਿੰਮ੍ਰਤੀ ਦਾ ਸ਼ਲੋਕ ਹੈ ਜਿਸਤਰਾਂ ਨਾਲ ਅਗੱ ਵਿਚ ਤਪਾਂਣ ਕਰਕੇ ਸੋਨੇ ਆਦੀ ਧਾਤੂ, ਮੈਲ ਨਸ਼ਟ ਹੋਕੇ ਸ਼ੁਧ ਹੁੰਦੇ ਹੈਂਨ ਉਸੇ ਤਰਾਂ ਪ੍ਰਾਣਾਂਯਾਂਮ ਕਰਕੇ ਮਨ ਆਦੀ ਇੰਦ੍ਰਿਯਾਂ ਦੇ ਦੋਸ਼ ਖੀਣ ਹੋਕੇ ਨਿਰਮਲ ਹੋ ਜਾਂਦੇ ਹੈਂਨ ਪ੍ਰਾਣਾਂਯਾਂਮ ਦੀ ਵਿੱਧੀ॥

**प्रच्छर्दनविधारणाभ्यां वा प्राणस्य ॥ योग० समाधिपादे सू० ३४ ॥**

ਏਹ ਯੋਗ ਸੂਤ੍ਰ ਹੈ ਜਿਸਤਰਾਂ ਬੜੇ ਜੋਰਨਾਲ ਉੱਤੋਂ ਆਵਣ ਨਾਲ ਅੱਨ, ਜਲ, ਬਾਹਿਰ ਨਿਕਲ ਜਾਂਦਾ ਹੈ ਉਸੇ ਤਰਾਂ ਪ੍ਰਾਣ ਨੂੰ ਜੋਰ ਨਾਲ ਬਾ-ਹਿਰ ਕਢਕੇ ਬਾਹਿਰ ਹੀ ਜਥਾ ਸ਼ਕਤੀ ਰੋਕ ਦੇਵੇ, ਜਦ ਬਾਹਿਰ ਕਢੱਣਾ ਚਾਹ੍ਰੇ ਤਦ ਮੂਲ ਇੰਦ੍ਰੇ (ਗੁਦਾ) ਨੂੰ ਉੱਪਰ ਛਿਕ ਕੇ ਰੱਖੇ ਤਦ ਤੀਕਣ ਪ੍ਰਾਨ ਬਾਹਿਰ ਰਹਿੰਦਾ ਹੈ, ਇਸੇ ਪ੍ਰਕਾਰ ਪ੍ਰਾਂਣ ਬਾਹਿਰ ਵਧੀਕ ਠੈਹ੍ਰ ਸਕਦਾ ਹੈ, ਜਦ ਘਬਰਾਣ ਲੱਗੇ ਤਦ ਹੌਲੀ ਹੌਲੀ ਅੰਦ੍ਰ ਹਵਾ ਨੂੰ ਲੈਕੇ ਫੇਰ ਬੀ ਉਸੇ ਤਰਾਂ ਹੀ ਕਰਦਾ ਜਾਵੇ ਜਿੱਨੀ ਸਮ੍ਰਥਾ ਅਰ ਇਛਿਆ ਹੋਵੇ,ਅਰ ਮਨ ਵਿਚ (ਓਮ) ਏਸਦਾ ਜਪ ਕਰਦਾ ਜਾਵੇ, ਏਸ ਪ੍ਰਕਾਰ ਕਰਨ ਨਾਲ ਆਤਮਾਂ ਅਰ ਮਨ ਪਿਵਿਤ੍ਰ ਅਰ ਸਥਿਰ ਹੁੰਦੇ ਹੈਨ, ਇਕ 'ਵਾਹਜ ਵਿਖੇ' ਹੈ ਅਰਥਾਤ ਬਾਹਿਰ ਹੀ ਵਧੀਕ ਰੋਕਣਾਂ, ਦੂਜਾ 'ਅਭਿਜੰਤ੍ਰ' ਅਰਥਾਤ ਅੰਦਰ ਜਿੱਨਾ ਪ੍ਰਾਂਣ ਰੋਕਿਆ ਜਾਵੇ ਉਨੱਾਂ ਰੋਕੇ, ਤੀਜਾ-'ਸਤੰਭ ਬ੍ਰਿਤੀ' ਅਰਥਾਤ ਇੱਕੋਹੀ ਵਾਰ ਜਿੱਥੇ ਦਾ ਤਿੱਥੇ ਪ੍ਰਾਨਨੂੰ ਜਥਾ ਸ਼ਕਤੀ ਰੋਕਦੇਣਾ, ਚੌਥਾ 'ਵਾਹਜਭੰਤ੍ਰਾਂ ਖੇਪੀ' ਅਰਥਾਤ ਜਦ ਪ੍ਰਾਂਣ ਅੰਦਰ ਨੂੰ ਬਾਹਿਰ ਨਿਕਲਨ ਲਗੇ ਤਦ ਓਸਦੇ ਵਿਰੁੱਧ ਨੂੰ ਨਿਕਲਣ ਨਾਂ ਦੇਣ ਦੇਵਾਸਤੇ ਬਾਹਿਰ ਥੀਂ ਅੰਦਰ ਲਵੇ,ਅਰ ਜਦ ਬਾਹਿਰ ਥੀਂ ਅੰਦਰ ਆਵਣ ਲੱਗੇ,ਤਦ ਅੰਦਰ ਥੀਂ ਬਾਹਿਰਦੇ ਵਲ ਪ੍ਰਾਂਣਨੂੰ ਧਕੱਾਦੇਕੇ ਰੋ-ਕਦਾ ਜਾਵੇ,ਇਸੇ ਤਰਾਂ ਇਕਦੂਜੇ ਦੇਵਿਰੁੱਧ ਕ੍ਰਿਆ ਕਰਨ ਤਾਂ ਦੋਹਾਂ ਦੀ ਗਤੀ ਰੁਕ ਕੇਪ੍ਰਾਂਣ ਆਪਣੇ ਬਸ ਵਿਚ ਹੋਣ ਕਰਕੇ ਮਨ ਅਰ ਇੰਦ੍ਰੇ ਬੀ ਆਪਣੇ ਅਧੀਨ ਹੋ ਜਾਂਦੇਹੈਂਨ ਪੁਰਖਾਰਥ ਵਧੱਣ ਨਾਲ ਬੁੱਧਤੀਬ੍ਰੂਖਮ ਰੂਪ ਹੋਜਾਂਦੀ ਹੈ ਕਿ ਜਿਹੜੀ ਬਹੁਤ ਕਠਨ ਅਰ ਸੂਖਮ ਵਿਖੇ ਨੂੰ ਬੀ ਜਲਦੀ ਗ੍ਰਹਣ ਕਰ ਲੈਂਦੀ ਹੈ,ਏਸ ਦੇ ਕਰਨ ਨਾਲ ਮਨੁਖੱ ਦੇ ਸ਼ਰੀਰ ਵਿਚ ਬੀਰਜ ਬ੍ਰਿੱਧੀ ਨੂੰ ਪ੍ਰਾਪਤ ਹੋਕੇ ਸਥਿਰਬਲ ਪ੍ਰਾਕ੍ਰਮ ਵਧੇੱਗਾ । ਜਿਤਿੰ ਦ੍ਰਿਤਾ ਹੋਵੇਗੀ ਸਭ ਸ਼ਾਸਤ੍ਰਾਂ ਨੂੰ ਥੋੜੇ ਕਾਲ ਵਿਚ ਹੀ ਸਮਝਕੇ ਉਪਸਥਿਤ ਕਰ ਲਵੇਗਾ,ਇਸਤ੍ਰੀ ਬੀਇਸੇ ਪ੍ਰਕਾਰ ਯੋਗਾ ਅਭਿਆਸ ਕਰੇ,ਭੋਜਨ ਛਾਦਨ,ਬੈਠਣੇ,ਉਠਣੇ,ਬੋਲਨੇ,ਚਾਲਣੇ ਵਡੇ ਛੋਟੇ ਨਾਲ ਜਥਾ ਜੋਗ ਵਿਹਾਰ ਕਰਨ ਦਾਉਪਦੇਸ਼ ਕਰਨ,ਸੰਧਿਆ ਉਪਾਸਨਾਂ ਨੂੰ ਬ੍ਰਹਮ ਯਗ ਬੀ ਕਹਿੰਦੇ ਹੈਂਨ(ਆਚਮਨ)ਪਾਣੀ ਨੂੰ ਤਲੀ ਵਿਚ ਲੈਕ ਓਸਦੇ ਮੂਲ ਅਰ ਵਿਚਕਾਰ ਹੋਠੱ ਲਾਕੇ ਆਚਮਨ ਕਰੇ ਕਿ ਉਹ ਜਲ ਸੰਘਦੇ ਹੇਠਾਂ ਹਿਰਦੇ ਤੀਕਣ ਪੁਜੇੱ, ਓਸਤੋਂ ਘਟ ਵਧ ਨਹੀਂ । ਆਚਮਨ ਦੇ ਕਰਨ ਨਾਲ ਸੰਘਦੀ ਕਫ, ਅਰ ਪਿਤ ਥੋੜੀ ਜਹੀ ਦੂਰ ਹੋਂਦੀ ਹੈ, ਫੇਰ 'ਮਾਰਜਨ' ਅਰਥਾਤ ਗਭਲੀ ਅਤੇ ਉਧੇ ਨਾਲਦੀ ਉਂਗਲ ਦੇ ਅਗਲੇ ਪਾਸੇ ਵੱਲੋਂ ਅੱਖਾਂ ਆਦੀ ਅੰਗਾਂ


ਉੱਤੇ ਜਲਦੇ ਛਿਟੇ ਦੇਵੇ, ਏਸਦੇ ਕਰਨ ਨਾਲ ਆਲਸ ਦੂਰ ਹੁੰਦਾ ਹੈ, ਜੇ ਆਲਸ ਨਾਂ ਹੋਵੇ ਅਰ ਜਲ ਬੀ ਨਾ ਮਿਲੇ ਤਾਂ ਨਾ ਕਰੇ, ਫੇਰ ਸਮੰਤ੍ਰਕ ਪ੍ਰਾਣਾਯਾਮ, ਮਨਸਾ ਪਰੀਕ੍ਰਮਨ, ਉਪਸਥਾਂਨ, ਓਸਤੋਂ ਪਿੱਛੇ ਪਰਮੇਸ਼੍ਵਰ ਦੀ ਉਸਤਤਿ, ਪਰਾਰਥਨਾ, ਅਰ ਉਪਾਸ਼ਨਾ ਦੀ ਰੀਤੀ ਸਿਖਾਂਨ, ਫੇਰ ਅਘਮਰਖਣ ਅਰਥਾਤ ਪਾਪਕਰਨ ਦੀ ਇੱਛਿਆ ਬੀ ਕਦੀ ਨਾ ਕਰੇ। ਏਹ ਸੰਧਿਆ ਉਪਾਸਨਾ ਅਕੱਲੀ ਜਗਹਿ ਵਿਚ ਇਕਾਗਰ ਚਿਤਨਾਲ ਕਰੇ ।

अपां समीपे नियतो नैत्यकं विधिमास्थितः। सावित्रीमप्यधीयति गत्वाऽरण्यं समाहितः ॥ मनु० अ० २ । १०४ ॥

ਏਹ ਮਨੂੰ ਸਿਮ੍ਰਤੀ ਦਾ ਬਚਨ ਹੈ ਜੰਗਲ ਵਿਚ ਅਰਥਾਤ ਅਕੱਲੀ ਜਗਹਿ ਵਿਚ ਜਾਕੇ ਸਵਾਧਾਨ ਹੋਕੇ ਜਲਦੇ ਨੇੜੇ ਬੈਠਕੇ ਨਿਤ ਕਰਮਨੂੰ ਕਰਦਾ ਹੋਇਆ ਸਾਵਿਤ੍ਰੀ ਅਰਥਾਤ ਗਾਯਤ੍ਰੀ ਮੰਤ੍ਰਦਾ ਉਚਾਰਣ ਅਰਥ ਗਿਆਂਨ ਅਰ ਓਸਦੇ ਅਨੁਸਾਰ ਅਪਣੇ ਚਾਲਚਲਨ ਨੂੰ ਕਰੇ, ਪ੍ਰੰਤੂ ਏਹ ਛੋਟੇ ਹੋਂਦਿਆਂ ਤੋਂ ਹੀ ਕਰਨਾ ਉੱਤਮ ਹੈ, ਦੂਜਾ 'ਦੇਵਯੱਗ' ਜੇਹੜਾ ਅਗਨੀ ਹੋਤ੍ਰ ਅਰ ਵਿਦ੍ਵਾਨਾਂ ਦੇ ਸੰਗਸੇਵਾ ਆਦੀ ਕਰਨ ਨਾਲ ਹੁੰਦਾ ਹੈ, ਸੰਧਿਆ ਅਰ ਅਗਨੀ ਹੋਤ੍ਰ ਸਾਂਝ ਸਵੇਰੇ ਦੋਹੀਂ ਵੇਲਿਆਂ ਵਿਚ ਕਰੇ, ਦਿਨ ਰਾਤ ਦੇ ਦੋ ਹੀ ਸੰਧੀਵੇਲੇ ਹੈਂਨ ਹੋਰ ਨਹੀਂ, ਘੱਟੋਂ ਘਟ ਇੱਕ ਘੰਟਾ ਧਿਆਂਨ ਜ਼ਰੂਰ ਕਰੇ, ਜਿਸਤਰਾਂ ਸਮਾਧੀ ਲਗਾਕੇ ਜੋਗੀ ਲੋਗ, ਪ੍ਰਮੇਸ਼੍ਵਰ ਦਾ ਧਿਆਨ ਕਰਦੇ ਹੈਨ ਉਸੇ ਤਰਾਂ ਸੰਧਿਆ ਉਪਾਸ਼ਨਾ ਬੀ ਕੀਤਾ ਕਰੇ ॥

ਤਥਾ ਸੂਰਜ ਚੜ੍ਹਨ ਥੀਂ ਪਿਛੋਂ ਅਰ ਸੂਰਜ ਡੁਬੱਣ ਤੋਂ ਪਹਿਲੋਂ ਅਗਨੀ ਹੋਤ੍ਰ ਕਰਨ ਦਾ ਬੀ ਸਮਾ ਹੈ, ਏਸਵਾਸਤੇ ਕਿਸੇ ਧਾਂਤ ਜਾਂ ਮਿੱਟੀ ਦਾ ਇਕ ਕੁੰਡ ਜੇਹੜਾ ਉਪਰ ਵਲ ਬਾਰਾਂ ਜਾਂ ਸੋਲਾਂ ਉਂਗਲ ਚੌਰਸ ਉਨੱਾ ਹੀ ਡੂੰਹਗਾ ਅਰ ਹੇਠਾਂ ਤਿਨ ਜਾਂ ਚਾਰ ਅੰਗੁਲ ਅੰਦਾਜ ਦਾ ਹੋਵੇ ਏਸ ਪ੍ਰਕਾਰ ਬਣਾਵੇ ॥ (੧)

ਅਰਥਾਤ ਉਪੱਰ ਜਿਨੱਾ ਚੌੜਾ ਹੋਵੇ ਓਸ ਦਾ ਚੌਥਾ ਹਿੱਸਾ ਹੇਠਾਂ ਚੌੜਾ ਰਹਵੇ ਉਸ ਵਿਚ ਚੰਨਣ, ਛਿਛਰੇ ਜਾਂ ਅੰਬ ਆਦੀ ਦੀ ਚੰਗੀਆਂ ਲਕੜੀਆਂ ਦੇ ਛੋਡੇ ਏਸ ਕੁੰਡ ਦੇ ਅੰਦਾਜ ਵੱਡੇ ਛੋਟੇ ਕਰਕੇ ਓਸ ਵਿਚ ਰੱਖੇ ਓਸਦੇ ਵਿਚਘਾਰ ਅਗੱਰਖਕੇ ਫੇਰ ਓਸ ਉਤੇਂ ਸਮਿਧਾ ਅਰਥਾਤ ਉਹ ਇੰਧਨ ਰਖ ਦੇਵੇ, ਇਕ ਪ੍ਰੋਖਣੀ ਪਾਤ੍ਰ (੨) ਅਜੇਹਾ ਅਰ ਤੀਜਾ ਪ੍ਰਣੀਤਾ ਪਾਤ੍ਰ (੩) ਏਸ ਪ੍ਰਕਾਰ ਦਾ ਅਰ ਇਕ ਏਸ (੪) ਪ੍ਰਕਾਰ ਦੀ ਆਜਯਸਥਾਲੀ ਅਰਥਾਤ ਘਿਉ ਰਖੱਣ ਦੀ ਥਾਲੀ ਅਰ ਚਮਚਾ (੫) ਅਜੇਹਾ ਸੋਨੇ ਚਾਂਦੀ, ਜਾਂ ਕਾਠ


ਤੋਂ
ਹੋਮਕਰਨਦਾ ਕੁੰਡ
ਪ੍ਰੋਖਣੀ-ਜਲ ਪੌਣਦਾਪਾਤ੍ਰ
ਪ੍ਰਣੀਤਾ
ਜਲਰਖਣਦਾ ਪਾਤ੍ਰ
ਚਮਚਾ ਹੂਤੀਦੇਣ ਵਾਲਾ

ਦਾ ਬਣਵਾ ਲਵੇ । ਪ੍ਰਣੀਤਾ, ਅਰ ਪ੍ਰੋਖਣੀ, ਵਿਚ ਜਲ, ਤਥਾ ਘਿਉ ਦੇ ਪਾਤ੍ਰ ਵਿਚ ਘਿਉ ਰਖਕੇ ਘਿਉ ਨੂੰ ਤਪਾ ਲਵੇ, ਪ੍ਰਣੀਤਾ ਜਲ ਰਖਣੇ ਵਾਸਤੇ ਅਰ ਪ੍ਰੋਖਣੀ ਏਸਵਾਸਤੇ ਹੈ ਕਿ ਓਸ ਨਾਲ ਹਥ ਧੋਣ ਵਾਸਤੇ ਪਾਂਣੀ ਲੈਣ ਵਿਚ ਅਰਾਂਮ ਰੈਹਿਦਾ ਹੈ । ਫੇਰ ਓਸ ਘਿਉ ਨੂੰ ਚੰਗੀ ਤਰਾਂ ਨਾਲ ਵੇਖ ਲਵੇ ਫੇਰ ਮੰਤ੍ਰ ਪੜ੍ਹਕੇ ਹੋਮ ਕਰੇ ॥

**ओं भूरग्नये प्राणाय स्वाहा । भुवर्वायवेऽपानाय स्वाहा ।**
**स्वरादित्याय व्यानाय स्वाहा । भूर्भुवः स्वरग्निवाय्वादित्ये**
**भ्यः प्राणापानव्यानेभ्यः स्वाहा ॥**

ਇਤਆਦੀ ਦੀ ਅਗਨੀ ਹੋਤ੍ਰ ਦੇ ਇਕ ਇਕ ਮੰਤ੍ਰ ਨੂੰ ਪੜ੍ਹਕੇ ਇਕ ਇਕ ਅਹੁਤੀ ਦੇਵੇ, ਅਰ ਜੇ ਵਧੀਕ ਅਹੁਤੀ ਦੇਣੀ ਹੋਵੇ ਤਾਂ

**विश्वानि देव सवितर्दुरितानि परा सुव । यद्भद्रं तन्न**
**आसुव ॥ यजु० अ० ३० । ३ ॥**

ਏਸ ਮੰਤ੍ਰ ਅਰ ਉੱਪਰ ਲਿਖੇ ਗਾਯਤ੍ਰੀ ਮੰਤ੍ਰ ਨਾਲ ਅਹੁਤੀ ਦੇਵੇ, ਓਮਭੂः ਅਰ ਪ੍ਰਾਣਹ ਆਦੀ ਏਹ ਸਭ ਨਾਂਉ ਪਰਮੇਸ਼੍ਵਰ ਦੇ ਹੈਂਨ ਇਨੑਾਂ ਦੇ ਅਰਥ ਕਰ ਚੁਕੇ ਹਾਂ "ਸ੍ਵਾਹਾ" ਸ਼ਬਦ ਦਾ ਅਰਥ ਏਹ ਹੈ ਕਿ ਜਿਹਾ ਗਿਆਨ ਆਤਮਾਂ ਵਿਚ ਹੋਵੇ ਉਹੋ ਜੇਹਾ ਹੀ ਜਬਾਂਨ ਨਾਲ ਬੋਲੇ ਓਸ ਤੋਂ ਉਲਟਾ ਨਹੀਂ, ਅਰ ਜਿਸ ਤਰਾਂ ਪਰਮੇਸ਼੍ਵਰ ਨੇ ਸਭ ਪ੍ਰਾਣੀਆਂ ਦੇ ਸੁਖ ਦੇ ਵਾਸਤੇ ਏਸ ਸਭ ਜਗਤ ਦੇ ਪਦਾਰਥ ਰਚੇ ਹੈਂਨ ਉਸੇ ਤਰਾਂ ਮਨੁਖੱਾਂ ਨੂੰ ਬੀ ਪਰਉਪਕਾਰ ਕਰਨਾ ਚਾਹੀਏ।

(ਪ੍ਰਸ਼ਨ) ਹੋਮ ਦੇ ਕਰਨ ਨਾਲ ਕੀ ਉਪਕਾਰ ਹੁੰਦਾ ਹੈ ?

(ਉਤ੍ਰ) ਸਭ ਲੋਗ ਜਾਣਦੇ ਹੈਂਨ ਕਿ ਦੁਰਗੰਧ ਵਾਲੀ ਹਵਾ ਅਤੇ ਜਲ ਥੀਂ ਰੋਗ, ਰੋਗ ਥੀਂ ਪ੍ਰਾਣੀਆਂ ਨੂੰ ਦੁਖ, ਅਰ ਸੁਗੰਧੀ ਵਾਲੀ ਹਵਾ ਤਥਾ ਜਲ ਥੀਂ ਅਰੋਗਤਾ, ਅਰ ਰੋਗ ਦੇ ਨਸ਼ਟ ਹੋਣ ਥੀਂ ਸੁਖ ਪ੍ਰਾਪਤ ਹੁੰਦਾ ਹੈ ॥

(ਪ੍ਰਸ਼ਨ) ਚਨੱਣ ਆਦੀ ਰਗੜਕੇ ਕਿਸੇ ਨੂੰ ਲਗਾਵੇ ਜਾਂ ਘਿਉ ਆਦੀ ਖਾਂਣ ਨੂੰ ਦੇਵੇ ਤਾਂ ਬਹੁਤ ਉਪਕਾਰ ਹੋਵੇ, ਅਗ ਵਿਚ ਪਾਕੇ ਐਂਵੇ ਨਸ਼ਟ ਕਰਨਾ ਬੁਧਵਾਨਾਂ ਦਾ ਕੰਮ ਨਹੀਂ ॥

(ਉਤ੍ਰ) ਜੇ ਤੁਸੀ ਪਦਾਰਥ ਵਿਦ੍ਯਾ ਜਾਂਣਦੇ ਤਾਂ ਕਦੀ ਅਜੇਹੀ ਗਲ ਨਾ ਕਰਦੇ, ਕਿਉਕਿ ਕਿਸੇ ਦ੍ਰੱਬ ਦਾ ਅਭਾਉ ਨਹੀਂ ਹੁੰਦਾ, ਵੇਖੋ ! ਜਿਸਥਾਂ ਹੋਮ ਹੁੰਦਾ ਹੈ ਓਸ ਥਾਂ ਤੋਂ ਦੂਰ ਜਗਹਿ ਵਿਚ ਬੈਠੇ ਹੋਏ ਪੁਰਖ ਦਾ ਨਕ, ਸੁਗੰਧੀ

ਦਾ ਗ੍ਰਹਣ ਕਰਦਾ ਹੈ ਇਸੇ ਤਰਾਂ ਦੁਰਗੰਧ ਦਾ ਬੀ। ਇਨੀ ਬਾਤ ਤੋਂ ਹੀ ਸਮਝਲੋ ਕਿ ਅੱਗ ਵਿਚ ਪਾਇਆ ਹੋਇਆ ਪਦਾਰਥ ਸੂਖਸਮ ਹੋਕੇ ਖਿੰਡਣ ਕਢਕੇ ਹਵਾ ਦੇ ਨਾਲ ਦੂਰ ਦੇਸ਼ ਵਿਚ ਜਾਕੇ ਦੁਰਗੰਧ ਨੂੰ ਹਟਾਂਦਾ ਹੈ।

(ਪ੍ਰਸ਼ਨ)ਜਦ ਏਹੋ ਹੀ ਗਲ ਹੈ ਤਾਂ ਕੇਸਰ ਕਸਤੂਰੀ ਸੁਗੰਧਵਾਲੇ ਫੁਲ ਅਰ ਅਤੱਰ ਆਦੀ ਦੇ ਘਰ ਵਿਚ ਰਖੱਣ ਨਾਲ ਹਵਾ ਖਸ਼ਬੋਦਾਰ ਹੋਕੇ ਸੁਖ ਦੇ ਦੇਣ ਵਾਲੀ ਹੋਵੇਗੀ ॥

(ਉਤ੍ਰ) ਉਸ ਖਸ਼ਬੋ ਦੀ ਉਹ ਸਮਰੱਥਾ ਨਹੀਂ ਹੈ ਕਿ ਘਰਦੀ ਹਵਾ ਨੂੰ ਬਾਹਰ ਕਢਕੇ ਸ਼ੁੱਧ ਹਵਾ ਨੂੰ ਅੰਦਰ ਵਾੜ ਸੱਕੇ, ਕਿਉਂਕਿ ਓਸ ਵਿਚ ਛਿਨ ਭਿਨ ਕਰਨ ਦੀ ਸ਼ਕਤੀ ਨਹੀ ਹੈ, ਅਰ ਏਹ ਤਾਂ ਅੱਗ ਦੀ ਹੀ ਸਮ੍ਰਥਾ ਹੈ ਕਿ ਓਸ ਹਵਾ ਅਰ ਦੁਰਗੰਧ ਵਾਲੇ ਪਦਾਰਥਾਂ ਨੂੰ ਛਿਨ ਭਿੰਨ ਅਰ ਹਲਕਾ ਕਰਕੇ ਬਾਹਿਰ ਕਢਕੇ ਪਵਿਤ੍ਰ ਹਵਾ ਨੂੰ ਵਾੜ ਦੇਂਦੀ ਹੈ ॥

(ਪ੍ਰਸ਼ਨ) ਤਾਂ ਮੰਤ੍ਰ ਪੜ੍ਹਕੇ ਹੋਮ ਕਰਨ ਦਾ ਕੀ ਪ੍ਰਯੋਜਨ ਹੈ?

(ਉਤ੍ਰ) ਮੰਤ੍ਰਾਂ ਵਿਚ ਉਹ ਵਖਿਆਂਨ ਹੈਨ ਕਿ ਜਿਸ ਕਰਕੇ ਹੋਂਮ ਕਰਨ ਦੇ ਲਾਭ ਮਲੂਮ ਹੋ ਜਾਂਨ ਅਰ ਮੰਤ੍ਰਾਂ ਦੇ ਬਾਰ ਬਾਰ ਪੜ੍ਹਨ ਨਾਲ ਕੰਠ ਰਹਿਨ, ਵੇਦ ਪੁਸਤਕਾਂ ਦਾ ਪਠਨ ਪਾਠਨ ਅਰ ਰਖਿਆ ਬੀ ਹੋਵੇ ॥

(ਪ੍ਰਸ਼ਨ) ਕੀ ਏਸ ਹੋਂਮ ਕਰਨਦੇ ਬਿਨਾਂ ਪਾਪ ਹੁੰਦਾ ਹੈ ?

(ਉਤ੍ਰ) ਆਹੋ ਕਿਉਂਕਿ ਜਿਸ ਮਨੁੱਖ ਦੇ ਸ਼ਰੀਰ ਥੀਂ ਜਿੰਨੀ ਦੁਰਗੰਧ ਉਤਪੰਨ ਹੋਕੇ ਹਵਾ ਅਰ ਜਲ ਨੂੰ ਵਿਗਾੜ ਕੇ ਰੋਗ ਉਤਪੱਤੀ ਦਾ ਕਾਰਣ ਹੋਣ ਥੀਂ ਪ੍ਰਾਂਣੀਆਂ ਨੂੰ ਦੁਖ ਪ੍ਰਾਪਤ ਕਰਦੀ ਹੈ, ਉਨਾਂਹੀ ਪਾਪ ਓਸ ਮਨੁੱਖ ਨੂੰ ਹੁੰਦਾ ਹੈ। ਏਸ ਲਈ ਓਸ ਪਾਪ ਦੇ ਹਟਾਂਣ ਵਾਸਤੇ ਉੱਨੀ ਸੁਗੰਧ ਜਾਂ ਓਸ ਤੋਂ ਵਧੀਕ ਹਵਾ ਅਰ ਜਲ ਵਿਚ ਪਹੁਚਾਣੀ ਚਾਹੀਏ, ਅਰ ਖੁਆਂਣ ਪਿਆਂਣ ਥੀਂ ਉਸੇ ਇਕੋ ਸ਼ਰੀਰ ਨੂੰ ਵਧੀਕ ਸੁਖ ਹੁੰਦਾ ਹੈ। ਜਿਨਾਂ ਘਿਉ ਅਰ ਸੁਗੰਧ ਆਦੀ ਪਦਾਰਥ ਇਕ ਮਨੁੱਖ ਖਾਂਦਾ ਹੈ ਉਨੇਂ ਪਦਾਰਥ ਦੇ ਹੋਮ ਥੀਂ ਲਖਾਂ ਮਨੁਖਾਂ ਦਾ ਉਪਕਾਰ ਹੁੰਦਾ ਹੈ, ਪ੍ਰੰਤੂ ਜੇ ਮਨੁਖ ਲੋਗ ਘਿਉ ਆਦੀ ਚੰਗੇ ਪਦਾਰਥ ਨਾਂ ਖਾਂਨ, ਤਾਂ ਉਨਾਂ ਦੇ ਸ਼ਰੀਰ ਅਰ ਆਤਮਾਂ ਦੇ ਬਲ ਦੀ ਉਨੱਤੀ ਨ ਹੋਸਕੇ, ਏਸ ਲਈ ਚੰਗੇ ਪਦਾਰਥ ਖਵਾਂਣੇ ਪਿਆਣੇ ਬੀ ਚਾਹੀਦੇ ਹੈਨ ਪ੍ਰੰਤੂ ਓਸ ਤੋਂ ਹੋਮ ਵਧੀਕ ਕਰਨਾ ਉਚਿਤ ਹੈ, ਏਸ ਲਈ ਹੋਂਮ ਕਰਨਾਂ ਜਰੂਰੀ ਹੈ।

(ਪ੍ਰਸ਼ਨ) ਇਕ ਇਕ ਮਨੁਖੱ ਨੂੰ ਕਿੰਨੀਆਂ ੨ ਅਹੂਤੀਆਂ ਕਰਨੀਆਂ ਚਾਹੀਦੀਆਂ ਹੈਨ, ਅਰ ਇਕ ਇਕ ਅਹੁਤੀ ਦਾ ਕਿਨਾਂ ਕਿਨਾਂ ਅੰਦਾਜ ਹੈ ?

(ਉਤ੍ਰ) ਇਕ ਇਕ ਮਨੁਖੱ ਨੂੰ ਸੋਲਾਂ ਅਹੁਤੀਆਂ, ਅਰ ਛੀ ਛੀ ਮਾਸੇ

ਘਿਉ ਆਦੀ ਦੀ ਇਕ ਇਕ ਅਹੁਤੀ ਦਾ ਅੰਦਾਜ ਘੱਟੋਂ ਘਟ ਚਾਹੀਏ ਅਰ ਜੇਹੜਾ ਏਸ ਤੋਂ ਵਧੀਕ ਕਰੇ ਤਾਂ ਬਹੁਤ ਅਛਾ ਹੈ ਇਸੇ ਕਰਕੇ ਆਰਯਾਵਰ ਸ਼ਿਰੋਮਣੀ ਮਹਾਸ਼ੇਰਿਖੀ. ਮਹਾਂਰਿਖੀ, ਰਾਜੇ, ਮਹਾਂਰਾਜੇ ਲੋਗ ਬਹੁਤ ਹੋਮ ਕਰਦੇ ਅਰ ਕਰਾਂਦੇ ਸਨ.ਜਦ ਤੀਕਣ ਹੋਮ ਕਰਨ ਦਾ ਪਰਚਾਰ ਰਹਿਆ ਤਦ ਤੀਕਣ ਆਰਯਾ ਵਰਤ ਦੇਸ਼ ਰੋਗਾਂ ਤੋਂ ਰਹਿਤ ਅਰ ਸੁਖਾਂ ਨਾਲ ਭਰਪੂਰ ਸੀ, ਹੁਣ ਬੀ ਪਰਚਾਰ ਹੋਵੇ ਤਾਂ ਉੱਸੇ ਤਰਾਂ ਹੋਜਾਵੇ ਏਹ ਦੋ "ਯਗੱ" ਹੈਂਨ ਇਕ "ਬ੍ਰਹਮ ਯੱਗ" ਜਿਸ ਵਿਚ ਪੜ੍ਹਨਾਂ ਪੜ੍ਹਾਨਾਂ, ਸੰਧਿਜਾ ਉਪਾਸਨਾ, ਈਸ਼੍ਵਰ ਦੀ ਉਸਤਤਿ, ਪ੍ਰਾਰਥਨਾ. ਅਰ ਉਪਾਸਨਾਂ ਕਰਨੀ ਹੈ, ਦੂਜਾ–"ਦੇਵ ਯਗ" ਜਿਸ ਵਿਚ ਅਗਨੀਹੋਤ੍ਰ ਤੋਂ ਲੈਕੇ ਅਸ਼੍ਵੱਮੇਧ ਤੀਕਣ ਯੱਗ ਕਰਨੇ ਅਰ ਵਿਦਵਾਨਾਂ ਦੀ ਸੇਵਾ ਅਰ ਉਨਾਂ ਦਾ ਸੰਗ ਕਰਨਾਂ ਹੈ,ਬ੍ਰਹਮ ਚਰਜ ਆਸ਼੍ਰਮ ਵਿਚ ਇਕਤਾਂ "ਬ੍ਰਹਮਯਗ" ਅਰ ਦੂਜਾ ਅਗਨੀਹੋਤ੍ਰ ਦਾ ਹੀ ਕਰਨਾ ਹੋਂਦਾ ਹੈ ॥

**ब्राह्मणस्त्रयाणां वर्णानामुपनयनं कर्तुमर्हति राजन्यो द्वयस्य वैश्यो वैश्यस्यै वेति। शूद्रमपि कुलगुणसम्पन्नं मन्त्रवर्जमनुपनीत मध्यापयेदित्येके।**

ਏਹ ਸੁਸ੍ਰੁਤ ਗ੍ਰੰਥ ਦੇ ਸੂਤ੍ਰ ਅਸਥਾਨ ਦੇ ਦੂਜੇ ਅਧਯਾਇ ਦਾ ਬਚਨ ਹੈ, ਬ੍ਰਾਹਮਣ ਤਿੰਨਾਂ ਵਰਣਾ ਅਰਥਾਤ ਬ੍ਰਾਹਮਣ, ਖਤ੍ਰੀ, ਅਰ ਵੈਸ਼ਦਾ, ਖਤ੍ਰੀ(ਦੁਹਾਂ ਵਰਣਾ)ਅਰਥਾਤ ਖਤੀ ਅਰਵੈਸ਼ਦਾ,ਅਰ ਵੈਸ਼(ਇੱਕੋ ਵਰਣ)ਅਰਥਾਤ ਵੈਸਦਾ ਜਨੇਊ ਕਰਾਕੇ ਪੜ੍ਹਾ ਸਕਦਾ ਹੈ। ਅਰ ਜੇਹੜਾ ਕੁਲੀਨ, ਚੰਗੇ ਲਖੱਣਾਂ ਵਾਲਾ ਸ਼ੂਦਰ ਹੋਵੇ ਤਾਂ ਓਸ ਨੂੰ ਮੰਤ੍ਰਸੰਹਿਤਾ ਛਡਕੇ ਸਭ ਸ਼ਾਸਤ੍ਰ ਪੜ੍ਹਾਵੇ ਸ਼ੂਦ੍ਰ ਪੜ੍ਹੇ ਪ੍ਰੰਤੂ ਓਸਦਾ ਜਨੇਊ ਨਾ ਕਰੇ,ਏਹ ਮਤ ਅਨੇਕ ਅਚਾਰਜਾਂ ਦਾ ਹੈ,ਫੇਰ ਪੰਜਵੇਂ ਜਾਂ ਅਠਵੇਂ ਵਰਹੇ ਥੀਂ ਮੁੰਡਿਆਂ ਨੂੰ ਮੁੰਡਿਆਂ ਦੀ ਅਰ ਕੁੜੀਆਂ ਨੂੰ ਕੁੜੀਆਂ ਦੀ ਪਾਠ ਸ਼ਾਲਾ ਵਿਚ ਭੇਜ ਦੇਨ,ਅਰ ਹੇਠਾਂ ਲਿਖੇ ਨਿਯਮ ਦੇ ਅਨੁਸਾਰ ਪੜ੍ਹਨਾ ਅਰੰਭ ਕਰ ਦੇਨ।

**षट्त्रिंशदाब्दिकं चर्य्यं गुरौ त्रैवेदिकं व्रतम्। तदर्धिकं पादिकं वा ग्रहणान्तिकमेव वा। मनु० अ० ३। १॥**

(ਅਰਥ) ਅਠਵੇਂ ਵਰਹੇ ਤੋਂ ਅੱਗੇ ਛੱਤੀਹੂੰ ਵਰਹੇ ਤੀਕਣ ਅਰਥਾਤ ਇਕ ਇਕ ਵੇਦ ਦੇ ਸਾਂਗੋ ਪਾਂਗ ਪੜ੍ਹਨ ਵਿਚ ਬਾਰਾਂ ਬਾਰਾਂ ਵਰਹੇ ਮਿਲਾਕੇ ੩੬ ਛੱਤੀ,ਅਰ ਅਠੱ ਮਿਲਾਕੇ ੪੪ ਚੁਤਾਲੀ ਵਰਹੇ ਹੁੰਦੇ ਹੈਨ ਤਦ ਤੀਕਣ, ਅਥਵਾ ੧੮ ਅਠਾਰਾਂ ਵਰੇਹਾਂ ਦਾ ਬ੍ਰਹਮ ਚਰਜ ਕਰੇ, ਅਰ ਅੱਠ ਪਹਲੇ ਮਿਲਾਕੇ੨੬

ਛੱਬੀ (ਵਰਹੇ ਹੁੰਦੇ ਹੈਨ ਤਦ ਤੀਕਣ)ਜਾਂ ਘੱਟੋ ਘਟ ਨੌਂ ਵਰੇਹਾਂ ਦਾ ਅਰ ਅੱਠ ਪਹਿਲੇ ਮਿਲਾਕੇ ਸਤਾਰਾਂ ਵਰਿਹਾਂ ਤੀਕਣ, ਤਥਾ ਜਦ ਤੀਕਣ ਪੂਰੀ ਵਿਦ੍ਯਾ ਗ੍ਰਹਣ ਨਾ ਕਰ ਸੱਕੇ ਤਦ ਤੀਕਣ ਬ੍ਰਹਮ ਚਰਜ ਰੱਖੇ।

पुरुषो वाव यज्ञस्तस्य यानि चतुर्विंᳫशतिवर्षाणि तत्प्रातः सवनं।
चतुर्विंᳫशत्यक्षरा गायत्री गायत्रं प्रातः सवनं तदस्य वसवोऽन्वा-
यत्ताः प्राणा वाव वसव एते हीदᳫसर्वं वासयन्ति ॥ १ ॥
तञ्चेदेतस्मिन् वयसि किञ्चिदुपतपेत्स ब्रूयात्प्राणा वसव इदं मे
प्रातःसवनं माध्यंदिनᳫसवनमनुसंतनुतेति माहंप्राणानां वसूनां
मध्ये यज्ञो विलोप्सीयेत्युद्धैव तत एत्यगदो ह भवति ॥ २ ॥
अथ यानि चतुश्चत्वारिᳫशद्वर्षाणि तन्माध्यंदिनᳫसवनं चतुश्च-
त्वारिᳫशदक्षरा त्रिष्टुप् त्रैष्टुभं माध्यंदिनᳫसवनं तदस्य रुद्रा
अन्वायत्ताः प्राणा वाव रुद्रा एते हीदᳫसर्वᳫरोदयन्ति ॥ ३ ॥
तंचेदेतस्मिन्वयसि किञ्चिदुपतपेत्स ब्रूयात्प्राणा रुद्रा इदं मे
माध्यंदिनᳫसवनं तृतीयसवनमनु सन्तनुतेति माहं प्राणानाᳫ
रुद्राणां मध्ये यज्ञो विलोप्सीयेत्युद्धैव तत एत्यगदो ह भवति
॥ ४ ॥ अथ यान्यष्टाचत्वारिᳫशद्वर्षाणि तत्तृतीयसवनमष्टाच-
त्वारिᳫशदक्षरा जगती जागतं तृतीय सवनं तदस्यादित्यान्वा-
यत्ताः प्राणा वावादित्या एते हीदᳫसर्वमाददते ॥ ५ ॥
तं चेदेतस्मिन् वयसि किञ्चिदुपतपेत्स ब्रूयात् प्राणा आदित्या।
इदं मे तृतीय सवनमायुरनुसं तनुतेति माहं प्राणानामादित्यानां,
मध्ये यज्ञो विलोप्सीयेत्युद्धैव तत एत्यगदो हैव भवति ॥ ६ ॥,

छान्दोग्योपनिषद् प्रपाठक ३ खण्ड १६

ਏਹ ਛਾਂਦੋਗ ਉਪਨਿਖਦ ਦਾ ਬਚਨ ਹੈ ਬ੍ਰਹਮਚਰਜ ਤਿੱਨਾਂ ਪ੍ਰਕਾਰਾਂ ਦਾ ਹੋਂਦਾ ਹੈ(ਪਹਿਲਾ)ਕਨਿਸ਼ਟ ਜੇਹਿੜਾ ਪੁਰਖ ਅੰਨ,ਰਸ,ਥੀਂ ਬਣੀ ਹੋਈ ਦੇਹਾਂ ਅਰ ਓਸ ਵਿਚ ਰਹਿਣ ਵਾਲੇ ਜੀਵ ਨੂੰ ਡਾਢੇ ਚੰਗੇ ਗੁਣਾਂ ਥੀਂ ਜੁਗਤਿ ਕਰਨ

ਚਾਹਿੰਦਾ ਹੈ ਓਸ ਨੂੰ ਜਰੂਰ ਚਾਹੀਏ ਕਿ ੨੪ ਚਵੀਆਂ ਵਰੇਹਾਂ ਤੀਕਣ ਜਿ ਤੇਂਦ੍ਰੀ ਅਰਥਾਤ ਬ੍ਰਹਮਚਰਜ ਰੱਖਕੇ ਵੇਦ ਵਿਦ੍ਯਾ ਅਰ ਸੁ ਸ਼ਿਖ੍ਯਾ ਦਾ ਗ੍ਰਹਣ ਕਰੇ,ਅਰ ਵਿਆਹ ਹੋਜਾਣ ਤੋਂ ਪਿੱਛੋ ਬੀ ਲੰਪਟਨਾ ਹੋਜਾਵੇ, ਤਾਂ ਉਸਦੇ ਸ਼ਰੀਰ ਵਿਚ ਪ੍ਰਾਂਣ ਬਲਵਾਂਨ ਹੋਕੇ ਸਭ ਸੁਭ ਗੁਣਾਂ ਦੇ ਬਾਸ ਕਰਾਂਨ ਵਾਲੇ ਹੁੰਦੇ ਹੈਨ, ਏਸ ਪਹਲੀ ਉਮਰ ਨੂੰ ਵਿਦ੍ਯਾ ਦੇ ਪੜ੍ਹਨ ਵਿਚ ਲਗਾਣਾ ਚਾਹੀਏ, ਅਰ ਏਹੋ ਹੀ ਗੁਰੂ ਉਪਦੇਸ਼ ਕੀਤਾ ਕਰੇ, ਬ੍ਰਹਮ ਚਾਰੀ ਏਹ ਨਿਸਚੇ ਰੱਖੇ ਕਿ ਜੇ ਮੈਂ ਪਹਿਲੀ ਉਮਰ ਵਿਚ ਠੀਕ ਠੀਕ ਤਰਾਂ ਨਾਲ ਬ੍ਰਹਮਚਰਜ ਰਖਾਂਗਾ ਤਾਂ ਮਰਾ ਸ਼ਰੀਰ, ਅਰ ਆਤਮਾ, ਅਰੋਗ ਅਤੇ ਬਲਵਾਂਨ ਹੋਵੇਗਾ, ਅਰ ਸੁਭ ਗੁਣਾਂ ਦੇ ਬਸਾਣ ਵਾਲੇ ਮੇਰੇ ਪ੍ਰਾਂਣ ਹੋਂਨਗੇ। ਹੇ ਮਨੁੱਖ ਲੋਗੋ ! ਤੁਸੀ ਏਸਤਰਾਂ ਨਾਲ ਸੁੱਖਾਂਦਾ ਵਿਸਤਾਰ ਕਰੋ, ਜੇ ਮੈਂ ਬ੍ਰਹਮਚਰਜ ਦਾ ਲੋਪ ਨਾ ਕਰਾਂਗਾ ਅਰ ਚਵ੍ਹੀ ਵਰਿਹਾਂ ਤੇ ਪਿਛੋਂ ਗ੍ਰਹਸਤ ਆਸ਼੍ਰਮ ਕਰਾਂਗਾ ਤਾਂ ਸਿੱਧੀ ਗਲ ਹੈ ਕਿ ਰੋਗਾਂ ਤੇ ਬਚਿਆ ਰਹ੍ਹਾਂਗਾ, ਅਰ ਉਮਰ ਬੀ ਮੇਰੀ ਸਤੱਰ ਜਾਂ ਅੱਸੀ ਵਰਿਹਾਂ ਦੀ ਹੋਵੇਗੀ (ਦੂਜਾ ਮਧੱਮ ਬ੍ਰਹਮਚਰਜ) ਜੇਹੜਾ ਮਨੁੱਖ ਚੁਤਾਲੀਆਂ ਵਰਿਹਾਂ ਤੀਕਣ ਬ੍ਰਹਮਚਾਰੀ ਰਹਿਕੇ ਵੇਦ ਦਾ ਅਭਿਆਸ ਕਰਦਾ ਹੈ ਓਸਦੇ ਪ੍ਰਾਂਣ, ਇੰਦ੍ਰੀਆਂ, ਅੰਤਹਿ ਕਰਣ, ਅਰ ਆਤਮਾ, ਬਲ ਜੁਕਤ ਹੋਕੇ ਸਭ ਦੁਸ਼ਟਾਂ ਨੂੰ ਰੁਆਣ ਵਾਲੇ, ਅਰ ਚੰਗੇ ਮਨੁੱਖਾਂ ਦਾ ਪਾਲਣ ਕਰਨ ਵਾਲੇ ਹੁੰਦੇ ਹੈਂਨ, ਜੇ ਮੈਂ ਏਸ ਪਹਿਲੀ ਉਮਰ ਵਿਚ ਜਿਸਤਰਾਂ ਨਾਲ ਆਪ ਕਹਿੰਦੇ ਹੋ ਕੁਝ ਤਪਸੱਯਾ ਕਰਾਂਗਾ ਤਾਂ ਮੇਰਾ ਰੁੱਦ੍ਰ ਰੂਪੀ ਪ੍ਰਾਂਣ ਯੁਕਤ ਏਹ ਮਧੱਮ ਬ੍ਰਹਮ ਚਰਜ ਪੂਰਾ ਹੋ ਸੱਕੇਗਾ। ਹੇ ਬ੍ਰਹਮ ਚਾਰੀ ਲੋਗੋ ! ਤੁਸੀ ਏਸ ਬ੍ਰਹਮਚਰਜ ਨੂੰ ਵਧਾਂਦੇ ਜਾਓ, ਜਿਸਤਰਾਂ ਨਾਲ ਮੈਂ ਏਸ ਬ੍ਰਹਮਚਰਜ ਦਾ ਲੋਪਨਾ ਕਰਕੇ ਯੱਗਸਰੂਪ ਹੋਂਦਾ ਹੋਇਆ ਗੁਰੂ ਕੁਲ ਥੀਂ ਰੋਗ ਰਹਿਤ ਮੁੜਕੇ ਅਉਨਾਂ ਹਾਂ, ਅਰ ਜਿਸਤਰਾਂ ਨਾਲ ਏਹ ਬ੍ਰਹਮਚਾਰੀ ਚੰਗਾ ਕੰਮ ਕਰਦਾ ਹੈ ਉਸੇਤਰਾਂ ਤੁਸੀ ਬੀ ਕੀਤਾ ਕਰੋ ॥

(ਤੀਜਾਉੱਤਮ ਬ੍ਰਹਮਚਰਜ) ਏਹ ੪੮ ਅਠਤਾਲੀ ਵਰੇਹਾਂ ਦਾ ਤੀਜੇ ਪ੍ਰਕਾਰ ਦਾ ਬ੍ਰਹਮ ਚਰਜ ਹੈ,ਜਿਸਤਰਾਂ ਨਾਲ ਜਗਤੀ ਛੰਦ ਵਿਚ ਅਠਤਾਲੀ ਅਖੱਰ ਹੈਂਨ ਉਸੇ ਤਰਾਂ ਏਸ ਵਿਚ ਅਠਤਾਂਲੀ ਵਰ੍ਹੇ ਹੈਂਨ, ਜੇਹੜਾ ਏਸ ਸਮੇਤੀ ਕਣ ਜਥਾਵਤ ਬ੍ਰਹਮਚਰਜ ਕਰਦਾ ਹੈ ਓਸਦੇ ਪ੍ਰਾਂਣ ਓਸਦੇ ਅਨੁਕੂਲ ਹੋਕੇ ਸਕਲ ਵਿਦ੍ਯਾ ਦਾ ਗ੍ਰਹਣ ਕਰਦੇ ਹੈਂਨ। ਗੁਰੂ ਅਰ ਮਾਂ ਪਿਉ ਆਪਣੀ ਸੰਤਾਂਨ ਨੂੰ ਪਹਿਲੀ ਉਮੱਰ ਵਿਚ ਵਿਦ੍ਯਾ ਅਰ ਗੁਣ ਗ੍ਰਹਣ ਦੇ ਵਾਸਤੇ ਤਪੱਸੀ ਬਣਾਂਦੇ ਹੋਏ ਉਸੇ ਗਲਦਾ ਉਪਦੇਸ਼ ਕਰਦੇ ਰਹਿਨ ਕਿ ਜਿਸਤਰਾਂ ਬ੍ਰਮਚਾਰੀ ਅਪਣੇ ਆਪ ਅਖੰਡਤ ਬ੍ਰਹਮਚਰਜ ਦੇ ਸੇਵਨ ਦੁਆਰਾ ਪੂਰੇ

ਅਰਥਾਤ ੪੦੦ ਚਾਰ ਸੌ ਵਰਿਹਾਂ ਤੀਕਣ ਉਮੱਰ ਨੂੰ ਵਧਾਂਦੇ ਹੈਨ, ਉਸੇ ਤਰਾਂ ਤੁਸੀ ਬੀ ਵਧਾਓ, ਕਿਉਂਕਿ ਜਿਹੜੇ ਮਨੁੱਖ ਏਸ ਬ੍ਰਹਮਚਰਜ ਨੂੰ ਪ੍ਰਾਪਤ ਹੋਕੇ ਲੋਪ ਨਹੀਂ ਕਰਦੇ ਉਹ ਸਭ ਪ੍ਰਕਾਰ ਦੇ ਰੋਗਾਂ ਥੀਂ ਰਹਿਤ ਹੋਕੇ ਧਰਮ, ਅਰਥ,ਕਾਂਮ,ਅਤੇ ਮੁਕਤੀ ਨੂੰ ਪ੍ਰਾਪਤ ਹੁੰਦੇ ਹੈਂਨ।

**चतस्रोऽवस्थाः शरीरस्य वृद्धिर्यौवनं सम्पूर्णता किञ्चित्परिहाणिश्चेति। आषोडशाद्वृद्धिः। आपञ्चविंशतेर्यौवनम्। आचत्वारिंशतः सम्पूर्णता। ततः किञ्चित्परिहाणिश्चेति। पञ्चविंशे ततो वर्षे पुमान् नारी तु षोडशे। समत्वागतवीर्यौ तौ जानीयात्कुशलो भिषक्॥ सुश्रुत सूत्रस्थान ३५ अध्याय**

ਏਹ ਸੁਸ਼੍ਰਤ ਗ੍ਰੰਥ ਦੇ ਸੂਤ੍ਰਸਥਾਨ ੩੫ ਅਧਆਇਦਾ ਬਚਨ ਹੈ, ਏਸ ਸ਼ਰੀਰ ਦੀਆਂ ਚਾਰ ਅਵਸਥਾ ਹੈਂਨ ਇਕ (ਬ੍ਰਿੱਧੀ) ਜੇਹੜੀ ਸੋਹਲਵੇਂ ਵਰਹੇ ਥੀਂ ਲੈਕੇ ਪੰਜੀਹ੍ਹੇਂ ਵਰਹੇ ਤੀਕਣ ਦੀ ਅਵਸਥਾ ਹੈ ਏਸ ਵਿਚ ਸਭ ਧਾਤੂ ਸ਼ਰੀਰ ਦੇ ਵਧਦੇ ਹੈਂਨ। ਦੂਜੀ(ਜੋਬਨ) ਜੇਹੜੀ ਪੰਜੀਹ੍ਹੇ ਵਰਹੇ ਦੇ ਅੰਤ, ਅਰ ਛਬੀਵੇਂ ਵਰਹੇ ਦੇ ਅਰੰਭ ਵਿਚ ਜੋਬਨ ਅਵਸਥਾ ਦਾ ਅਰੰਭ ਹੁੰਦਾ ਹੈ।

(ਤੀਜੀ ਸੰਪੂਰਣਤਾ) ਜੇਹੜੀ ਪੰਜੀਹਵੇਂ ਵਰਹੇ ਤੋਂ ਲੈਕੇ ਚਾਲੀਹਵੇਂ ਵਰਹੇ ਤੀਕਣ ਸਭ ਧਾਤੂਆਂ ਦੀ ਪੁਸ਼ਟੀ ਹੁੰਦੀ ਹੈ (ਚੌਥੀ ਕਿੰਚਿਤਪਰੀਰਾਨੀ) ਜਦ ਸਾਰੇ ਸ਼ਰੀਰ ਦੇ ਸਕਲ ਧਾਤੂ ਪੁਸ਼ਟ ਹੋਕੇ ਪੂਰਣਤਾ ਨੂੰ ਪ੍ਰਾਪਤ ਹੁੰਦੇ ਹੈਂਨ ਉਸਤੋਂ ਪਿੱਛੋਂ ਜੇਹੜਾ ਧਾਤੂ ਵਧਦਾ ਹੈ ਉਹ ਸਰੀਰ ਵਿਚ ਨਹੀਂ ਰਹਿੰਦਾ ਕਿੰਤੂ ਸੁਪਨੇ ਅਰ ਪਰਸੇ ਦੁਆਰਾ ਬਾਹਿਰਨਿਕਲ ਜਾਂਦਾ ਹੈ, ਉਹੋ ਹੀ ਚਾਹਲੀਵਾਂ ਵਰਹਾ ਉੱਤਮ ਸਮਾ ਵਿਆਹਦਾ ਹੈ, ਪ੍ਰੰਤੂ ਸਭ ਤੋਂ ਉੱਤਮ ਤਾਂ ਅਠਤਾਲੀਵੇਂ ਵਰਹੇ ਵਿਚ ਵਿਆਹ ਕਰਨਾ ਹੈ।

(ਪ੍ਰਸ਼ਨ) ਕੀ ਏਹ ਬ੍ਰਹਮਚਰਜ ਦਾ ਨਿਯੰਮ ਇਸਤ੍ਰੀ ਅਰ ਪੁਰਖ ਦੁਹਾਂ ਲਈ ਇੱਕੋ ਜੇਹਾ ਹੀ ਹੈ?

(ਉਤ੍ਰ) ਨਹੀਂ ਜੇ ਪੰਜੀ ਵਰਹੇ ਤੀਕਣ ਪੁਰਖ ਬ੍ਰਹਮ ਚਰਜ ਕਰੇ ਤਾਂ ਸੋਲਾਂ ਵਰਿਹਾਂ ਤੀਕਣ ਕਨਿਆਂ, ਜੇ ਪੁਰਖ ਤੀਹਾਂ ਵਰਿਹਾਂ ਤੀਕਣ ਬ੍ਰਹਮਚਾਰੀ ਰਹੇ ਤਾਂ ਇਸ਼ਤ੍ਰੀ ਸਤਾਰਾਂ ਵਰਿਹਾਂ ਤੀਕਣ, ਜੇ ਮਰਦ ਛੱਤੀ ਵਰਿਹਾਂ ਤੀਕਣ ਬ੍ਰਹਮਚਾਰੀ ਰਹੇ, ਤਾਂ ਇਸਤ੍ਰੀ ਅਠਾਰਾਂ ਵਰਿਹਾਂ ਤੀਕਣ, ਜੇ ਮਰਦ ਚਾਲੀ ਵਰਿਹਾਂ ਤੀਕਣ ਬ੍ਰਹਮਚਾਰੀ ਰਹੇ, ਤਾਂ ਇਸਤ੍ਰੀ ਵੀਹਾਂ ਵਰਿਹਾਂ ਤੀਕਣ, ਜੇ

ਮਰਦ ਚੁਤਾਲੀ ਵਰਿਹਾਂ ਤੀਕਣ ਬ੍ਰਹਮ ਚਾਰੀ ਰਹੇ, ਤਾਂ ਇਸਤ੍ਰੀ ਬਾਈਆਂ ਵਰਿਹਾਂ ਤੀਕਣ, ਜੇ ਮਰਦ ਅਠਤਾਲੀ ਵਰਿਹਾਂ ਤੀਕਣ ਬ੍ਰਹਮ ਚਰਜ ਕਰੇ ਤਾਂ ਇਸਤ੍ਰੀ ਚਹ੍ਹੀਆਂ ਵਰਿਹਾਂ ਤੀਕਣ ਬ੍ਰਹਮ ਚਰਜ ਰੱਖੇ, ਅਠਤਾਲੀਵੇਂ ਵਰਿਹੇ ਥੀਂ ਅੱਗੇ ਮਰਦ ਨੂੰ, ਅਰ ਚਹ੍ਹੀ ਵਰਿਹੇ ਤੋਂ ਅੱਗੇ ਇਸਤ੍ਰੀ ਨੂੰ ਬ੍ਰਹਮ ਚਰਜ ਨਾਂ ਰਖਣਾ ਚਾਹੀਏ, ਪ੍ਰੰਤੂ ਏਹ ਨਿਯੱਮ ਵਿਆਹ ਕਰਨ ਵਾਲੇ ਪੁਰਖ ਅਰ ਇਸਤ੍ਰੀ ਦਾ ਹੈ, ਅਰ ਜੇਹਿੜੇ ਵਿਆਹ ਕਰਨਾ ਹੀ ਨਹੀਂ ਚਾਹੁੰਦੇ ਉਹ ਮਰਨ ਤੀਕਣ ਬ੍ਰਹਮ ਚਾਰੀ ਰਹਿਨ ਤਾਂ ਵਡੀ ਚੰਗੀ ਬਾਤ ਹੈ, ਪ੍ਰੰਤੂ ਏਹ ਕੰਮ ਪੂਰਣ ਵਿਦ੍ਯਾ ਵਾਲੇ, ਜਿਤਿੰਦ੍ਰੀ, ਅਰ ਨਿਰਦੋਖ ਯੋਗੀ ਇਸਤ੍ਰੀ ਅਰ ਪੁਰਖ ਦਾ ਹੈ, ਏਹ ਵਡਾ ਅਉਖਾ ਕੰਮ ਹੈ ਕਿ ਕਾਂਮ ਦੇ ਵੇਗ ਨੂੰ ਰੋਕ ਕੇ ਇੰਦ੍ਰੀਆਂ ਨੂੰ ਵਸ ਵਿਚ ਰਖਣਾ ॥

ऋतं च स्वाध्यायप्रवचने च। सत्यं च स्वाध्यायप्रवचने च।
तपश्च स्वाध्यायप्रवचने च। दमश्च स्वाध्यायप्रवचने च।
शमश्च स्वाध्यायप्रवचने च। अग्नयश्च स्वाध्यायप्रवचने च।
अग्निहोत्रञ्च स्वाध्यायप्रवचनेच। अतिथयश्च स्वाध्यायप्रवचनेच।
मानुषं च स्वाध्यायप्रवचने च। प्रजा च स्वाध्यायप्रवचने च
प्रजनश्च स्वाध्याप्रवचने च। प्रजातिश्च स्वाध्यायप्रवचनेच॥
तैत्तिरीयोपनिषद् प्रपा० ७। अनु० ९।

ਏਹ ਤੈ ਤਰੀ ਉਪ ਨਿਖਦ ਦੇ ਬਚਨ ਹਨ, ਏਹ ਪੜ੍ਹਨ ਪੜ੍ਹਾਨ ਵਾਲਿਆਂ ਦੇ ਨਿਯੱਮ ਹੈਨ, ਜਥਾਰਥ ਆਚਰਣ ਕਰਦੇ ਹੋਏ ਪੜ੍ਹਨ ਅਰ ਪੜ੍ਹਾਨ, ਸਤ ਅਚਾਰ ਦੁਆਰਾ ਸਤ ਵਿਦ੍ਯਾ ਨੂੰ ਪੜ੍ਹਨ, ਪੜ੍ਹਾਨ, ਤਪੱਸੀ ਅਰਥਾਤ ਧਰਮ ਦੇ ਕੰਮ ਕਰਦੇ ਹੋਏ ਵੇਦ ਆਦੀ ਸਾਸਤ੍ਰਾਂ ਨੂੰ ਪੜ੍ਹਨ ਅਰ ਪੜ੍ਹਾਂਨ, ਵਾਹਜ ਇੰਦ੍ਰੀਆਂ ਨੂੰ ਬੁਰੇ ਅਚਰਣਾ ਥੀਂ ਰੋਕ ਕੇ ਪੜ੍ਹਨ, ਅਰ ਪੜ੍ਹਾਂਦੇ ਜਾਂਨ, ਮਨ ਦੀ ਬ੍ਰਿੱਤੀ ਨੂੰ ਸਭ ਪ੍ਰਕਾਰ ਦੋਖਾਂ ਥੀਂ ਹਟਾਕੇ ਪੜ੍ਹ ਦੇ ਅਰ ਪੜ੍ਹਦੇ ਜਾਂਨ, ਅਗਨੀ ਅਰ ਬਿਜਲੀ ਦੀ ਵਿਦ੍ਯਾਂ ਨੂੰ ਜਾਂਣਦੇ ਹੋਏ ਪੜ੍ਹਦੇ ਪੜ੍ਹਾਂਦੇ ਜਾਂਨ, ਅਗਨੀ ਹੋਤ੍ਰ ਕਰਦੇ ਹੋਏ ਪੜ੍ਹਨ ਅਰ ਪੜ੍ਹਾਨ, ਅਤਿਥੀਆਂ ਦੀ ਸੇਵਾ ਕਰਦੇ ਹੋਏ ਪੜ੍ਹਨ, ਅਰ ਪੜ੍ਹਾਨ, ਮਨੁੱਖ ਸਰਬੰਧੀ ਵਿਹਾਰਾਂ ਨੂੰ ਜਥਾ ਯੋਗ ਕਰਦੇ ਹੋਏ ਪੜ੍ਹਦੇ ਅਰ ਪੜ੍ਹਾਂਦੇ ਰਹਿਨ, ਸੰਤਾਂਨ ਅਰ ਰਾਜ ਦਾ ਪਾਲਣ ਕਰਦੇ ਹੋਏ ਪੜ੍ਹਦੇ ਪੜ੍ਹਾਂਦੇ ਜਾਂਨ, ਬੀਰਜ ਦੀ ਰਖਿਆ ਅਰ ਬ੍ਰਿੱਧੀ ਕਰਦੇ ਹੋਏ ਪੜ੍ਹਦੇ ਪੜ੍ਹਾਂਦੇ

ਰਹਿਨ,ਅਪਣੀ ਸੰਤਾਨ ਅਰ ਸਿਖਦਾ ਪਾਲਨ ਕਰਦੇਹੋਏ ਪੜ੍ਹਦੇ ਪੜ੍ਹਾਂਦੇਰਹਿਨ

यमान् सेवेत सततं न नियमान् केवलान् बुध: । यमान्पतत्य-
कुर्वाणो नियमान् केवलान्भजन् । मनु० अ० ४ । २०४ ॥

ਯਮ ਪੰਜ ਪ੍ਰਕਾਰ ਦੇ ਹੈਨ ॥

तत्राहिंसासत्यास्तेयब्रह्मचर्यापरिग्रहा यमाः ॥
योग० साधन पादे सूत्र ३० ॥

(ਅਹਿੰਸਾ) ਵੈਰਦਾ ਤਿਆਗ (ਸਤ) ਸਤਮਨਣਾਂ,ਸਤ ਬੋਲਣਾਂ, ਅਰ ਸਤ ਹੀ ਕਰਨਾ ॥ (ਆਸਤੇਯ) ਮਨ, ਬਚਨ ਅਰ ਕਰਮ ਥੀਂ ਚੋਰੀ ਦਾ ਤਿ-ਆਗ(ਬ੍ਰਹਮਚਰਜ ਉਪਸਤ ਇੰਦ੍ਰੀ ਦਾ ਸੰਜਮ ਕਰਨਾ,(ਅਪਰੀਗ੍ਰਹ) ਅਤਜੰਤ ਲਾਲਚ ਨੂੰ ਛਡ ਕੇ ਮਤਤਾ ਤੋਂ ਰਹਿਤ ਹੋਣਾਂ ਇਨਾਂ ਪੰਜਾਂ ਨਿਯਮਾਂ ਦਾ ਪਾਲਨ ਸਦਾ ਕਰਨ,ਅਕੱਲੇ ਨਿਯਮਾਂ ਦਾ ਪਾਲਣ ਨਾਂ ਕਰਨ।

शौचसन्तोष तपः स्वाध्यायेश्वरप्रणिधानानि नियमाः ।
योग० साधनपादे सू० ३२ ॥

(ਸ਼ਉਚ) ਇਸ਼ਨਾਨ ਆਦੀ ਦ੍ਵਾਰਾ ਪਵਿਤ੍ਰਤਾ ॥ (ਸੰਤੋਖ) ਚੰਗੀ ਤਰਾਂ ਪ੍ਰਸੰਨ ਹੋਕੇ ਉੱਦਮ ਨਾ ਕਰਨਾਂ ਸੰਤੋਖ ਨਹੀਂ ਕਿੰਤੂ ਪੁਰਖਾਰਥ ਜਿੱਨਾ ਹੋ ਸੱਕੇ ਉਨਾੱ ਕਰਨਾਂ, ਹਾਨੀ ਲਾਭ ਵਿਚ ਹਰਖ ਜ ਸੋਗ ਨਾ ਕਰਨਾ (ਤਪ) ਕਸ਼ਟ ਪਾਕੇ ਬੀ ਧਰਮ ਜੁਕਤ ਕਮੱਾਂ ਨੂੰ ਕਰਦਿਆਂ ਜਾਂਣਾ। (ਸ੍ਵਾਧਿਆਇ) ਪੜ੍ਹਨਾ, ਪੜ੍ਹਾਨਾ (ਈਸ਼੍ਵਰ ਪ੍ਰਣੀਧਾਂਨ) ਈਸ਼੍ਵਰ ਦੀ ਭਗਤੀ ਵਸ਼ੇਸ ਥੀਂ ਆਤਮਾ ਨੂੰ ਅਰਪਣਕਰਖਣਾ, ਏਹ ਪੰਜ ਨਿਯੱਮ ਕਹਾਂਵਦੇ ਹੈਨ, ਯਮਾਂ ਦੇ ਬਗੈਰ ਇਕਲਿ-ਆਂ ਇਨਾਂ ਨਿਯੱਮਾਂ ਦਾ ਸੇਵਨ ਨਾ ਕਰੇ ਕਿੰਤੂ ਇੰਨਾਂ ਦੁਹਾਂ ਦਾ ਸੇਵਨ ਕੀਤਾ ਕਰੇ ! ਜੋ ਯਮਾਂ ਦੀ ਪਾਲਣਾਂ ਛਡ ਕੇ ਕੇਵਲ ਨਿਯਮਾਂ ਦਾ ਪਾਲਣ ਕਰਦਾ ਹੈ ਉਹ ਉਨੱਤੀ ਨੂੰ ਪ੍ਰਾਪਤ ਨਹੀਂ ਹੁੰਦਾ ਕਿੰਤੂ ਅਧੋਗਤੀ ਨੂੰ ਪ੍ਰਾਪਤ ਹੁੰਦਾ ਹੈ, ਅਰਥਾਤ ਸੰਸਾਰ ਵਿਚ ਡਿਗਿਆ ਰਹਿੰਦਾ ਹੈ ॥

कामात्मता न प्रशस्ता न चैवेहास्त्यकामता । काम्यो हि
वेदाधिगमः कर्मयोगश्च वैदिकः ॥ मनु० अ० २ । २ ॥

(ਅਰਥ) ਅਤੱਜੰਤ ਕਾਂਮਨਾ ਅਰ ਨਿਸ਼ਕਾਮਨਾ ਕਿਸੇ ਦੇ ਲਈ ਬੀ ਚੰਗੀ ਨਹੀਂ ਕਿਂਉਕਿ ਜੇ ਕਾਮਨਾ ਨਾ ਕਰੇ ਤਾਂ ਵੇਦਾਂ ਦਾ ਗਿਆਂਨ, ਅਰ ਵੇਦ-ਉਕਤ ਕਰਮ ਆਦੀ ਉਤੱਮ ਕਰਮ ਕਿਸੇ ਕੋਲੋਂ ਨਾ ਹੋ ਸਕੱਨ ॥

स्वाध्यायेन व्रतैर्होमैस्त्रैविद्येनेज्यया सुतैः । महायज्ञैश्च
यज्ञैश्च ब्राह्मीयं क्रियते तनुः ॥ मनु० अ० २ । २८ ॥

(ਅਰਥ) ਸਕਲ ਵਿਦਜਾ ਦੇ ਪੜ੍ਹਨੇ ਪੜ੍ਹਾਣੇ, ਬ੍ਰਹਮ ਚਰਜ, ਸਤ ਭਾਖਣ ਆਦੀ ਨਿਯੱਮ ਪਾਲਣੇ, ਅਗਨੀ ਹੋਤ੍ਰ ਆਦੀ ਹੋਂਮ, ਸਤ ਦਾ ਗ੍ਰਹਣ ਅਸਤ ਦਾ ਤਿਆਗ, ਅਰ ਸਤ ਵਿਦਜਾ ਦਾ ਦਾਂਨ ਦੇਣੇ, ਵੇਦ ਵਿਖੇ ਲਿੱਖੇ ਹੋਏ ਕਰਮ, ਉਪਾਸਨਾਂ, ਗਿਆਂਨ, ਵਿਦਜਾ ਦੇ ਗ੍ਰਹਣ ਕਰਨੇ, ਉਮਾਵ-ਸਆ ਅਰ ਪੂਰਣ ਮਾਸ਼ੀ ਵਿਚ ਯੱਗ ਕਰਨੇ, ਚੰਗੀ ਸੰਤਾਂਨ ਉਤਪੰਨ ਕਰਨੇ, ਬ੍ਰਹਮ, ਦੇਵ, ਪਿਤ੍ਰੀ, ਵੈਸ਼੍ਵਦੇਵ ਅਰ ਅਤਿਥੀਆਂ ਦੀ ਸੇਵਾ ਰੂਪੀ ਪੰਚ ਮਹਾਂ ਯਗ ਕਰਨੇ, ਅਰ ਅਗਨਿਸ਼੍ਟੋਮ ਆਦੀ ਤਥਾ ਸਿਲਪਵਿਦਜਾ ਵਿਗਿਆਂਨ ਆਦੀ ਯੱਗਾਂ ਦੇ ਕਰਨ ਥੀਂ ਏਹ ਸ਼ਰੀਰ ਬ੍ਰਾਹਮੀ ਅਰਥਾਤ ਵੇਦ ਅਰ ਪ੍ਰਮੇਸ਼੍ਵਰ ਦੀ ਭਗਤੀ ਦਾ ਅਧਾਰ ਰੂਪ ਬ੍ਰਾਹਮਣਦਾ ਸ੍ਰੀਰ ਬਣਦਾ ਹੈ, ਇੱਨੇ ਸਾਧਨਾ ਦੇ ਬਗੇਰਬ੍ਰਾਹਮਣ ਸ਼ਰੀਰ ਨਹੀ ਬਣ ਸਕਦਾ ॥

इन्द्रियाणां विचरतां विषयेष्वपहारिषु । संयमे यत्नमातिष्ठेद्विद्वान्
यन्तेव वाजिनाम् ॥ मनु० २ । ८८ ॥

(ਅਰਥ) ਜਿਸਤਰਾਂ ਵਿਦਵਾਂਨਸਾਰਥੀ ਘੋੜਿਆਂ ਨੂੰ ਨਿਯੱਮ ਵਿਚ ਰਖਦਾ ਹੈ, ਉਸੇ ਤਰਾਂ ਮਨ ਅਰ ਆਤਮਾਂ ਨੂੰ ਖੋਟਿਆਂ ਕੱਮਾਂ ਵਿਚ ਅਰਥਾਤ ਖਿੱਚਣ ਵਾਲੇ ਵਿਖਿਆਂ ਵਿਚ ਲਜਾਂਣ ਵਾਲੀ ਇੰਦ੍ਰੀਆਂ ਦੇ ਰੋਕਨ ਦਾ ਸਭ ਪ੍ਰਕਾਰ ਨਾਲ ਜਤਨ ਕਰੇ, ਕਿਉਂਕਿ

इन्द्रियाणां प्रसङ्गेन दोषमृच्छत्यसंशयम् । सन्नियम्य
तु तान्येव ततः सिद्धिं नियच्छति ॥ मनु० २ । ९३ ॥

(ਅਰਥ) ਜੀਵਾਤਮਾਂ ਇੰਦ੍ਰੀਆਂ ਦੇ ਵਸ ਹੋਕੇ ਨਿਸਚੇ ਕਰਕੇ ਵੱਡੇ ਵੱਡੇ ਦੋਖਾਂ ਨੂੰ ਪ੍ਰਾਪਤ ਹੁੰਦਾ ਹੈ, ਅਰ ਜਦ ਇੰਦ੍ਰੀਆਂ ਨੂੰ ਅਪਣੇ ਵਸ ਵਿਚ ਕਰਦਾ ਹੈ ਤਦੇ ਹੀ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ ॥

वेदास्त्यागश्च यज्ञाश्च नियमाश्च तपांसि च । न विप्रदुष्टभावस्य
सिद्धिं गच्छन्ति कर्हिचित् ॥ मनु० २ । ९७ ॥

ਜੇਹੜਾ ਖੋਟੇ ਕਰਮਾਂ ਵਾਲਾ ਇੰਦ੍ਰੀਆਂ ਦਾ ਦਾਸ ਹੈ ਓਸਨੂੰ ਵੇਦ, ਤਿ-ਆਗ, ਜਤਨ, ਨੇਮ, ਅਰਤਪ, ਤਥਾ ਹੋਰ ਚੰਗੇ ਕੰਮ ਕਦੀ ਸਿੱਧੀ ਨੂੰ ਪ੍ਰਾਪਤ ਨਹੀਂ ਹੋਣ ਦੇਂਦੇ ॥

वेदोपकरणे चैव स्वाध्याये चैव नैत्यके । नानुरोधोऽस्त्यनध्याये होममन्त्रेषु
चैव हि ॥ १ ॥ नैत्यिके नास्त्यनध्यायो ब्रह्मसत्रं हि तत्स्मृतम् । ब्रह्मा-

हुतिहुतं पु मनध्यायवषट्कृतम् ॥२॥ मनु॰ २।१०५।१०६॥

ਵੇਦ ਦੇ ਪੜ੍ਹਨੇ ਪੜ੍ਹਾਣੇ, ਸੰਧਿਆ ਉਪਾਸਨਾ ਆਦੀ ਪੰਜ ਮਹਾਂ ਜਗੱਾਂ ਦੇ ਕਰਨੇ, ਅਰ ਹੋਮ ਮੰਤ੍ਰਾਂ ਦੇ ਪੜ੍ਹਨ ਵਿੱਚ ਕਦੀ ਨਾਗਾ ਨਹੀਂ ਚਾਹੀਏ, ਕਿਉਂਕਿ ਨਿਤ ਕਰਮ ਵਿਚ ਨਾਗਾ ਨਹੀਂ ਹੁੰਦਾ, ਜਿਸਤਰਾਂ ਦਮ ਸਦਾ ਲਿਆ ਜਾਂਦਾ ਹੈ ਕਦੀ ਰੁਕਦਾ ਨਹੀਂ ਇਸੇ ਤਰਾਂ ਨਿਤ ਕਰਮ ਰੋਜ ਰੋਜ ਕਰਨੇ ਚਾਹੀਏ, ਕਿਸੇ ਦਿਨ ਬੀ ਛਡਣੇ ਨਹੀਂ, ਕਿਉਂਕਿ ਨਾਗੇ ਵਾਲੇ ਦਿਨ ਬੀ ਅਗਨੀ ਹੋਤ੍ਰ ਆਦੀ ਉ ।ਕਰਮ ਕੀਤੇ ਹੋਏ ਪੁੰਨ ਰੂਪ ਹੁੰਦੇ ਹਨ, ਜਿਸਤਰਾਂ ਝੂਠ ਬੋਲਣ ਵਿਚ ਸਦਾ ਪਾਪ ਅਰ ਸਤ ਬੋਲਣ ਵਿਚ ਸਦਾ ਪੁਨ ਹੁੰਦਾ ਹੈ, ਉਸੇ ਤਰਾਂ ਖੋਟੇ ਕੰਮ ਕਰਨ ਵਿਚ ਸਦਾ ਅਨਧਿਆ (ਨਾਗਾ) ਅਰ ਚੰਗੇ ਕਰਮ ਕਰਨ ਵਿਚ ਸਦਾ (ਸ੍ਵਾ ਧਿਆਇ) ਹੁੰਦਾ ਹੈ।

अभिवादनशीलस्य नित्यं वृद्धोपसेविनः। चत्वारितस्य वर्धन्त आयुर्विद्यायशोबलम् ॥ मनु॰ २।१२१ ॥

ਜੇਹੜਾ ਸਦਾ ਨਿਮ੍ਰਤਾਵਾਂਨ, ਚੰਗੇ ਸੁਭਾ ਵਾਲਾ ਵਿਦਵਾਂਨ, ਅਰ ਵਡਿਆਂ ਦੀ ਸੇਵਾ ਕਰਦਾ ਹੈ, ਓਸਦੀ ਆਯੂ, ਵਿਦਯਾ, ਕੀਰਤਿ, ਅਰ ਬਲ, ਏਹ ਚਾਰ ਸਦਾ ਵਧਦੇ ਹੈਨ, ਅਰ ਜੇਹੜੇ ਅਜੇਹਾ ਨਹੀਂ ਕਰਦੇ ਉਨਾਂ ਦੀ ਆਯੂ ਆਦੀ ਚਾਂਰਨ ਹੀ ਵਧਦੇ ॥

अहिंसयैव भूतानां कार्यं श्रेयोऽनुशासनम्। वाक् चैवमधुरा श्लक्ष्णा प्रयोज्या धर्ममिच्छता ॥१॥ यस्यवाङ्मनसे शुद्धे सम्यग् गुप्ते च सर्वदा। स वै सर्वमवाप्नोति वेदान्तोपगतं फलम् ॥ २॥ मनु॰ २।१५९।१६०॥

ਵਿਦਵਾਂਨ, ਅਰ ਵਿਦਯਾਰਥੀਆਂ ਨੂੰ ਜੋਗ ਹੈ ਕਿ ਵੈਰ ਬੁਧ ਛਡਕੇ ਸਭ ਮਨੁੱਖਾਂ ਦੇ ਕਲਿਆਂਣ ਦੇ ਮਾਰਗ ਦਾ ਉਪਦੇਸ਼ ਕਰਨ, ਅਰ ਉਪਦੇਸ਼ ਦੇਣ ਵਾਲੇ ਸਦਾ ਮਿੱਠੀ, ਸੁਸ਼ੀਲਤਾ ਵਾਲੀ ਬਾਂਣੀ ਬੋਲਨ, ਜੇਹੜਾ ਧਰਮ ਦੀ ਉਨੱਤੀ ਚਾਹਵੇ ਉਹ ਸਦਾ ਸਚੇ ਮਾਰਗ ਵਿੱਚ ਚੱਲੇ, ਅਰ ਸੱਚਦਾ ਹੀ ਉਪਦੇਸ਼ ਕਰੇ। ਜਿਸ ਮਨੁਖ ਦੀ ਬਾਂਣੀ ਅਰ ਮਨ ਸ਼ੁਧ ਤਥਾ ਸਦਾ ਕਾਬੂ ਰਹਿੰਦੇ ਹੈਨ ਉਹ ਸਭ ਵੇਦਾਂਤ ਅਰਥਾਤ ਸਭ ਵੇਦਾਂ ਦੇ ਸਿਧੱਾਂਤ ਰੂਪੀ ਫਲ ਨੂੰ ਪ੍ਰਾਪਤ ਹੁੰਦਾ ਹੈ ॥

संमानाद्ब्राह्मणो नित्यमुद्विजेत विषादिव। अमृतस्येव चाकाङ्क्षेदवमानस्य सर्वदा ॥ मनु॰ २।१६२॥

ਉਹੋ ਬ੍ਰਾਹਮਣ ਸੰਪੂਰਣ ਵੇਦ, ਅਰ ਪ੍ਰਮੇਸ਼੍ਵਰ ਨੂੰ ਜਾਂਣਦਾ ਹੈ ਜੋ ਮਾਨ ਤੋ ਜ਼ੈਹਰ ਦੀ ਨਿਆਂਈ ਸਦਾ ਡਰਦਾ ਹੈ, ਅਰ ਅਪਮਾਂਨ ਨੂੰ ਅਮ੍ਰਤ ਵਾਂਙਣ ਸਦਾ ਸਮਝਦਾ ਹੈ ॥

अनेन क्रमयोगेन संस्कृतात्मा द्विजः शनैः। गुरौ वसन्
सञ्चिनुयाद् ब्रह्माधिगमिकं तपः॥ मनु० २। १६८॥

ਏਸ ਪ੍ਰਕਾਰ ਜੰਞੂ ਪਾਇਆ ਹੋਇਆ ਦ੍ਵਿਜ ਬ੍ਰਹਮਚਾਰੀ ਕੁਆਰਾ, ਅਰ ਬ੍ਰਹਮ ਚਾਰਣੀ ਕਨਿਆਂ, ਸਹਿਜ ਸਹਿਜ ਨਾਲ ਵੇਦ ਅਰਥ ਦੇ ਗਿਆਨ ਰੂਪੀ ਉੱਤਮ ਤਪ ਨੂੰ ਵਧਾਂਦੇ ਜਾਂਨ ॥

योऽनधीत्य द्विजो वेदमन्यत्र कुरुते श्रमम्। स जीवन्नेव शूद्रत्वमाशु
गच्छति सान्वयः॥ मनु० २। १६८॥

ਜੇਹੜਾ ਵੇਦ ਨੂੰ ਨ ਪੜ੍ਹਕੇ ਹੋਰਨਾਂ ਗ੍ਰੰਥਾਂ ਦੇ ਪੜ੍ਹਨ ਵਿੱਚ ਲਗਾ ਰਹਿੰਦਾ ਹੈ ਉਹ ਅਪਣੇ ਪੁਤ ਪੋਤੇ ਸਮੇਤ ਸੂਦ੍ਰ ਭਾਉ ਨੂੰ ਛੇਤੀ ਨਾਲ ਪ੍ਰਾਪਤ ਹੋ ਜਾਂਦਾ ਹੈ।

वर्जयेन्मधु मांसञ्च गन्धं माल्यं रसान् स्त्रियः। शुक्तानि यानि सर्वाणि
प्राणिनां चैव हिंसनम्॥ १। अभ्यङ्गमञ्जनं चाक्ष्णोरुपानच्छत्रधारणम्।
कामं क्रोधं च लोभं च नर्तनं गीतवादनम्॥२॥ द्यूतं च जनवादं च परिवादं
तथाऽनृतम्। स्त्रीणां च प्रेक्षणालम्भमुपघातं परस्य च॥३॥ एकः शयीत
सर्वत्र न रेतः स्कन्दयेत्क्वचित्। कामाद्धि स्कन्दयन् रेतो हिनस्ति
व्रतमात्मनः॥ ४॥ मनु० २। १७७। १८०॥

ਬ੍ਰਹਮ ਚਾਰੀ ਅਰ ਬ੍ਰਹਮ ਚਾਰਣੀ, ਸ਼ਰਾਬ, ਮਾਸ, ਖੁਸ਼ਬੋ, ਫੁਲਾਂ ਦੀਆਂ ਮਾਲਾਂ, ਸ੍ਵਾਦੂ ਚੀਜਾਂ, ਇਸਤ੍ਰੀ ਅਰ ਪੁਰਖ ਦਾ ਸੰਗ, ਸਭ ਪ੍ਰਕਾਰ ਦੀ ਖਟਿਆਈ, ਪ੍ਰਣੀਆਂ ਦੀ ਹਿੰਸਾਂ, ਅੰਗਾਂ ਦਾ ਮਲਣਾਂ, ਜਰੂਰਤ ਤੋਂ ਵਗੈਰ ਪਸ਼ਾਬ ਵਾਲੀ ਥਾਂਓ ਨੂੰ ਹਥ ਲਾਣਾਂ, ਅੱਖਾਂ ਵਿਚ ਸੁਰਮਾ ਪਾਣਾਂ, ਜੁੱਤੀ ਪਾਣੀ ਅਰ ਛਤ੍ਰੀ ਲਗਾਂਣੀ, ਕਾਂਮ, ਕ੍ਰੋਧ, ਲੋਭ, ਮੋਹ, ਭੈ, ਸੋਗ, ਈਰਖਾ, ਦ੍ਵੈਸ਼, ਨਚਣਾ, ਗਾਂਉਣਾਂ, ਅਰ ਬਾਜਾ ਸਾਜ ਬਜਾਣਾਂ, ਜੂਆ ਖੇਲਣਾਂ, ਐਵੇਂ ਲੋਕਾਂ ਦੀਆਂ ਗਲਾਂ ਕਰਨੀਆਂ, ਨਿੰਦਿਆ, ਝੂਠ ਬੋਲਣਾਂ, ਇਸਤ੍ਰੀਆਂ ਦਾ ਦਰਸ਼ਨ, ਸਪਰਸ਼ਨ, ਦੂਜੇ ਦੀ ਹਾਨੀ ਕਰਨੀ, ਏਹੋ ਜੇਹੇ ਕੁਕਰਮਾਂ ਨੂੰ ਸਦਾ ਛਡ ਦੇਣ, ਸਦਾ ਇਕੱਲੇ ਸੌਨ, ਬੀਰਜ ਨੂੰ ਕਦੀ ਨਾ ਡਿਗਣ ਦੇਨ। ਜੇਹੜਾ ਕਾਂਮਣਾ ਕਰਕੇ ਬੀਰਜ ਨੂੰ ਵਗਾਂਦਾ ਹੈ ਓਸਨੂੰ ਜਾਣੋ ਕਿ ਓਸਨੈ ਅਪਣੇ ਬ੍ਰਹਮਚਰਜ ਬ੍ਰਤ ਦਾ ਨਾਸ਼ ਕਰ ਦਿੱਤਾ।

वेदमनूच्याचार्योऽन्तेवासिनमनुशास्ति। सत्यं वद। धर्मं चर।
स्वाध्यायान्मा प्रमदः। आचार्याय प्रियं धनमाहृत्य प्रजा-
तन्तुं मा व्यवच्छेत्सीः। सत्यान्न प्रमदितव्यम्। धर्मान्न प्रमदि
तव्यम्। कुशलान्न प्रमदितव्यम्। भूत्यै न प्रमदितव्यम्। स्वाध्यायप्र-

वचनाभ्यां न प्रमदितव्यम्। देवपितृकार्याभ्यां न प्रमदितव्यम्। मातृदेवो भव। पितृदेवो भव। आचार्यदेवो भव। अतिथिदेवो भव। यान्यनवद्यानि कर्माणि तानि सेवितव्यानि नो इतराणि। यान्यस्माकं सुचरितानि तानि त्वयोपास्यानि नो इतराणि। ये केचास्मच्छ्रेयांसो ब्राह्मणास्तेषां त्वयासनेन प्रश्वसितव्यम्। श्रद्धया देयम्। अश्रद्धयादेयम्। श्रियादेयम्। ह्रियादेयम् भियादेयम्। संविदादेयम्। अथ यदि ते कर्मविचिकित्सा वा वृत्तविचिकित्सा वा स्यात। ये तत्र ब्राह्मणाः सम्मर्शिनो युक्ता अयुक्ता अलूक्षा धर्मकामाः स्युर्यथा ते तत्र वर्तेरन्। तथा तत्र वर्तेथाः। एष आदेश एष उपदेश एषा वेदोपनिषत् एतदनुशासनम्। एवमुपासितव्यम्। एवमु चैतदुपास्यम् ॥

तैत्तिरीय० प्रपा० ७ अनु० ११। कं० १।२।३।४॥

ਗੁਰੂ ਅਪਣੇ ਸਿਖ,ਅਰ ਸਿਖਣੀਆਂ ਨੂੰ ਇਸ ਪ੍ਰਕਾਰ ਦਾ ਉਪਦੇਸ਼ ਕਰੇ ਕਿ ਤੂੰ ਸਦਾ ਸਚ ਬੋਲ,ਧਰਮ ਤੇ ਚਲ,ਆਲਸ ਨੂੰ ਛਡਕੇ ਪੜ੍ਹ ਪੜ੍ਹਾ, ਪੂਰਾਬ੍ਰਹਮਚਰਜ ਰੱਖਕੇ ਸਭ ਪ੍ਰਕਾਰ ਦੀ ਵਿਦ੍ਯਾ ਨੂੰ ਗ੍ਰਹਿਣ ਕਰ,ਅਰ ਗੁਰੂ ਨੂੰ ਪਿਆਰਾ ਧੰਨ ਦੇਕੇ ਫਿਰ ਵਿਆਹ ਕਰਕੇ ਸੰਤਾਂਨਉਤਪੱਤੀ ਕਰ,ਆਲਸ ਕਰਕੇ ਸੱਚ ਨੂੰ ਕਦੀ ਨਾਂ ਛਡ, ਆਲਸ ਕਰਕੇ ਧਰਮ ਦਾ ਤਿਆਗਨਾ ਕਰ, ਆਲਸ ਕਰਕੇ ਦੇਹ ਦੀ ਅਰੋਗਤਾ ਅਰ ਚਤੁਰਾਈ ਨੂੰ ਨਾ ਛਡ, ਆਲਸ ਵਿਚ ਪੈਕੇ ਪੜ੍ਹਨ, ਪੜ੍ਹਾਨ,ਦੇਵ,ਵਿਦਵਾਂਨ, ਅਰ ਮਾਂ,ਪਿਉ,ਆਦੀ ਦੀ ਸੇਵਾ ਵਿੱਚ ਆਲਸ ਨਹੀਂ ਕਰਨਾ, ਜਿਸਤਰਾਂ ਵਿਦਵਾਂਨ ਦਾ ਸਤਕਾਰ ਕਰੇਂ ਉਸੇ ਤਰਾਂ ਮਾਂ, ਪਿਉ, ਗੁਰੂ, ਅਰ ਅਤਿਥੀ ਦੀ ਸੇਵਾ ਸਦਾ ਕੀਤਾ ਕਰ, ਜੇਹੜੇ ਨਿੰਦ੍ਯਾ ਤੋਂਰ ਹਿਤ ਧਰਮ ਦੇ ਕੰਮ, ਸਤ ਭਾਖਣ ਆਦੀ ਹੈਨ ਉਨਾਂ ਨੂੰ ਕੀਤਾ ਕਰ, ਉਨਾਂ ਨੂੰ ਛਡਕੇ ਝੂਠ ਕਦੀ ਨਾ ਬੋਲਿਆ ਕਰ, ਜੇਹੜੇ ਸਾਡੇ ਧਰਮ ਦੇ ਕੰਮ ਹੈਨ ਉਨਾਂ ਦਾ ਗ੍ਰਹਣ ਕਰ,ਅਰ ਜੇਹੜੇ ਸਾਡੇ ਪਾਪ ਦੇ ਕਰਮ ਹੈਨ ਉਨਾਂ ਨੂੰ ਕਦੀ ਨਾ ਕਰੀਂ, ਜੇਹੜੇ ਸਾਡੇ ਵਿਚ ਉੱਤਮ ਵਿਦ੍ਯਾ ਵਾਲੇ ਧਰਮਾਤਮਾ ਬ੍ਰਾਹਮਣ ਹੈਨ ਉਨਾ ਦੀ ਸੰਗਤ ਵਿਚੱ ਬੈਠ, ਅਰ ਉਨਾਂ ਦਾ ਵਿਸਾਹ ਕੀਤਾ ਕਰ, ਸ਼ਰਧਾ ਨਾਲ ਦੇਣਾ ਸ਼੍ਰਧਾ ਨਾ ਹੋਇ ਤਾਂ ਬੀ ਦੇਣਾ, ਸੋਭਾ ਦੇ ਵਾਸਤੇ ਦੇਣਾ, ਲਜਿਆ, ਦੇ ਮਾਰੇ ਦੇਣਾ, ਭੈਕਰਕੇਦੇਣਾ, ਅਰ ਪ੍ਰਤਿਗਿਆ ਕਰਕੇ ਦੇਣਾ ਚਾਹੀਏ

ਜਦ ਕਦੀ ਤੈਨੂੰ ਕਰਮ, ਜਾਂ ਸੀਲ, ਤਥਾ ਉਪਾਸਨਾ, ਗਿਆਨ, ਵਿੱਚ ਕਿਸੇ ਪ੍ਰਕਾਰ ਦਾ ਸ਼ੰਸਾ ਉਤਪੰਨ ਹੋਵੈ ਤਾਂ ਜਿਹੜੇ ਵਿਚਾਰ, ਸ਼ੀਲ, ਪਖਪਾਤ ਤੋਂ ਰਹਤ, ਜੋਗੀ, ਅਜੋਗੀ, ਸਵਾ ਦਿਲ ਵਾਲੇ, ਧਰਮ ਦੀ ਕਾਮਣਾ ਕਰਨਵਾਲੇ ਧਰਮਾਤਮਾ ਜਨ ਹੋਂਨ, ਉਹ ਜਿਸ ਪ੍ਰਕਾਰ ਧਰਮ ਮਾਰਗ ਵਿੱਚ ਵਰਤਨ ਉਸੇ ਤਰਾਂ ਤੂ ਬੀ ਓਸ ਮਾਰਗ ਵਿੱਚ ਵਰਤਿਆ ਕਰ, ਏਹੋ ਆਦੇਸ਼ ਆਗਿਆ, ਏਹੀ ਉਪਦੇਸ਼ ਏਹੀ ਵੇਦ ਦੀ ਗੂੜ੍ਹੀ ਗਲ, ਅਰ ਏਹੀ ਸਿਖਿਆ ਹੈ, ਏਸ ਪ੍ਰਕਾਰ ਵਰਤਣਾਂ, ਅਰ ਆਪਣੇ ਚਾਲ ਚਲਨ ਨੂੰ ਸੁਧਾਰਨਾ ਚਾਹੀਏ !।

अकामस्य क्रिया काचिद्दृश्यतेनेह कर्हिचित्। यद्यद्धि
कुरुते किञ्चित् तत्तत्कामस्य चेष्टितम्॥ मनु॰ २।४॥

ਮਨੁਖਾਂ ਨੂੰ ਨਿਸਚਾ ਕਰਨਾ ਚਾਹੀਏ ਕਿ ਨਿਸ਼ਕਾਂਮ ਮਨੁਖ ਵਿੱਚ ਅਖ ਦਾ ਖੋਲਣਾ ਮੀਟਣਾ ਬੀ ਕਦੀ ਹੋ ਨਹੀਂ ਸਕਦਾ, ਏਸ ਤੋਂ ਏਹ ਸਿਧ ਹੋਂਦਾ ਹੈ ਕਿ ਮਨੁਖ ਜੋ ਜੋ ਕੁਝ ਬੀ ਕਰਦਾ ਹੈ ਉਹ ਉਹ ਚੇਸ਼ਟਾਕਾਂਮਣਾ ਦੇ ਬਗੈਰ ਨਹੀਂ ਹੈ॥

आचारः परमो धर्मः श्रुत्युक्तः स्मार्त एव च। तस्मादस्मिन्सदा
युक्तो नित्यं स्यादात्मवान् द्विजः॥१॥ आचाराद्विच्युतो विप्रो
न वेदफलमश्नुते। आचारेण तु संयुक्तः सम्पूर्णफलभाग्भ-
वेत्॥२॥ मनु॰ १।१०८।१०९॥

ਕਹਿਣ, ਸੁਣਨ, ਸੁਣਾਨ, ਪੜ੍ਹਨ, ਪੜ੍ਹਾਣ ਦਾ ਫਲ ਏਹੋ ਹੈ ਕਿ ਜੋ ਵੇਦ, ਅਰ ਵੇਦ ਦੇ ਅਨਕੂਲ ਸਿਮ੍ਰਤੀ ਗ੍ਰੰਥਾਂ ਵਿਚ ਧਰਮ ਦਾ ਆਚਰਣ ਕਰਨਾ ਲਿਖਿਆ ਹੈ ਓਸ ਧਰਮਾਚਾਰ ਵਿਚ ਸਦਾ ਜੁਕਤ ਰਹੇ, ਕਿਉਂਕਿ ਜੇਹੜਾ ਧਰਮ ਦੇ ਆਚਰਣ ਥੀਂ ਰਹਿਤ ਹੈ ਉਹ ਵੇਦ ਵਿਚ ਕਹੇ ਹੋਏ ਧਰਮ ਤੋਂ ਹੋਣ ਵਾਲੇ ਸੁਖ ਰੂਪੀ ਫਲ ਨੂੰ ਪ੍ਰਾਪਤ ਨਹੀਂ ਹੋ ਸਕਦਾ। ਅਰ ਜੇਹੜਾ ਵਿਦਜਾ ਪੜ੍ਹਕੇ ਧਰਮ ਦਾ ਆਚਰਣ ਕਰਦਾ ਹੈ ਉਹੋ ਸੰਪੂਰਣ ਸੁਖ ਨੂੰ ਪ੍ਰਾਪਤ ਹੁੰਦਾ ਹੈ॥

योऽवमन्येत ते मूले हेतुशास्त्राश्रयाद् द्विजः। स साधुभिर्ब-
हिष्कार्यो नास्तिको वेदनिन्दकः॥ मनु॰ २।११॥

ਜੇਹੜਾ ਵੇਦ ਅਰ ਵੇਦ ਅਨਕੂਲ ਆਪਤ ਪੁਰਖਾਂ ਦੇ ਬਣਾਏ ਹੋਏ ਸ਼ਾਸਤ੍ਰਾਂ ਦਾ ਅਪਮਾਨ ਕਰਦਾ ਹੈ, ਓਸ ਵੇਦ ਨਿੰਦਕ ਨਾਸਕਤ ਨੂੰ ਜਾਤ ਪੰਕਤ ਅਰ ਦੇਸ ਥੀਂ ਬਾਹਿਰ ਕਰਦੇਣਾ ਚਾਹੀਏ॥

वेदः स्मृतिः सदाचारः स्वस्य च प्रियमात्मनः एतच्चतुर्विधं प्राहुः साक्षाद्धर्मस्य लक्षणम् ॥ मनु० २ । १२ ॥

ਵੇਦ ਅਰ ਸਿਮ੍ਰਿਤੀ ਅਰਥਾਤ ਵੇਦ ਅਨਕੂਲ ਆਪਤ ਵਾਕ, ਮਨੂੰ ਸਿਮ੍ਰਿਤੀ ਆਦੀ ਸ਼ਾਸਤ੍ਰ, ਸਤ ਪੁਰਖਾਂ ਦਾ ਆਚਾਰ ਸਨਾਤਨ, (ਅਰਥਾਤ ਵੇਦ ਦ੍ਵਾਰਾ ਪਰਮੇਸ਼੍ਵਰ ਪ੍ਰਤਿਪਾਦਿਤ) ਕਰਮ ਅਰ ਅਪਣੇ ਆਤਮਾ ਨੂੰ ਪਿਆਰਾ ਅਰਥਾਤ ਜਿਸਨੂੰ ਆਤਮਾਂ ਚਾਹੰਦਾ ਹੈ ਜਿਸਤਰਾਂ ਨਾਲ ਕਿਸਤ ਭਾਖਣ ਹੈ, ਏਹ ਚਾਰ ਧਰਮ ਦੇ ਲੱਖਣ ਹਨ, ਅਰਥਾਤ ਇਨਾਂ ਕਰਕੇ ਧਰਮ ਅਧਰਮ ਦਾ ਨਿਸਚਾ ਹੁੰਦਾ ਹੈ। ਜੋ ਪਖਪਾਤ ਤੋਂ ਰਹਿਤ ਨਿਆਂ ਅਤੇ ਸਤ ਦਾ ਗ੍ਰਹਣ, ਅਰ ਅਸਤ ਦਾ ਸਰਬ ਥਾ ਪਰੀ ਤਿਆਗ ਰੂਪੀ ਆਚਰਨ ਹੈ ਓਸਦਾ ਨਾਉਂ ਧਰਮ, ਅਰ ਏਸ ਥੀਂ ਉਲਟ ਜੋ ਪਖਪਾਤ ਸਹਿਤ ਅਨਿਆਂਇਚਰਣ, ਸਤ ਦਾ ਤ੍ਰਿਆਗ, ਅਰ ਅਸਤ ਦਾ ਗ੍ਰਹਣਰੂਪੀਕਰਮ ਹੈ ਉਸੇ ਨੂੰ ਅਧਰਮ ਕਹਿੰਦੇ ਹਨ॥

अर्थकामेष्वसक्तानां धर्मज्ञानं विधीयते । धर्मं जिज्ञासमानानां प्रमाणं परमं श्रुतिः ॥ मनु० २ । १३ ॥

ਜੇਹੜੇ ਪੁਰਖ (ਅਰਥ) ਸ੍ਵਰਨ ਆਦੀ ਰਤਨ ਅਰ (ਕਾਂਮ) ਇਸਤ੍ਰੀ ਸੇਵਨ ਆਦੀ ਵਿੱਚ ਨਹੀਂ ਫਸਦ ਹਨ, ਉਨਾਂ ਨੂੰ ਹੀ ਧਰਮ ਦਾ ਗਿਆਨ ਪ੍ਰਾਪਤ ਹੁੰਦਾ ਹੈ। ਜੇਹਿੜੇ ਧਰਮ ਦੇ ਗਿਆਂਨ ਦੀ ਇਛਾਂ ਕਰਨ ਉਹ ਵੇਦ ਦ੍ਵਾਰਾ ਧਰਮ ਦਾ ਨਿਸਚਾ ਕਰਨ ਕਿਉਂਕਿ ਧਰਮ ਅਧਰਮ ਦਾਨਿਸਚਾ ਬਗੈਰ ਵੇਦਦੇ ਠੀਕ ਠੀਕ ਨਹੀਂ ਹੁੰਦਾ, ਏਸ ਪ੍ਰਕਾਰ ਗੁਰੂ ਅਪਣੇ ਸਿਖਨੂੰ ਉਪਦੇਸ਼ਕਰੇ, ਅਰ ਵਸ਼ੇਸ਼ ਕਰਕੇ ਰਾਜਾ ਹੋਰ ਖਤ੍ਰੀ, ਵੈਸ਼ ਅਤੇ ਉੱਤਮ ਸੂਦ੍ਰਾਂ ਨੂੰ ਬੀ ਵਿਦ੍ਯਾ ਦਾ ਅਭਿਆਸ ਜਰੂਰ ਕਰਾਂਨ, ਕਿਉਂਕਿ ਜੇਹਿੜੇ ਬ੍ਰਾਹਮਣ ਹਨ ਉਹੋਹੀ ਕੇਵਲ ਵਿਦ੍ਯਾ ਦਾ ਅਭਿਆਸ ਕਰਨ, ਅਰ ਖਤ੍ਰੀ ਆਦੀ ਨਾਂ ਕਰਨ ਤਾਂ ਵਿਦ੍ਯਾ, ਧਰਮ, ਰਾਜ, ਅਰ ਧੰਨ ਆਦੀ ਦਾ ਬ੍ਰਿੱਧੀ ਕਦੀ ਨਹੀਂ ਹੋ ਸਕਦੀ, ਬ੍ਰਾਹਮਣ ਤਾਂ ਕੇਵਲ ਪੜ੍ਹਨ ਪੜ੍ਹਾਂਨ ਨਾਲ ਖਤ੍ਰੀ ਆਦੀ ਦੀ ਜੀਵਕਾਂ ਨੂੰ ਪ੍ਰਾਪਤ ਹੋਕੇ ਜੀਵਣ ਧਾਰਣ ਕਰ ਸਕਦੇ ਹਨ, ਉਨਾਂ ਦੇ ਏਸ ਪ੍ਰਕਾਰ ਜੀਵਕਾਂ ਦੇ ਅਧੀਂਨ ਹੋਕੇ ਆਗਿਆ ਦਾਤਾ ਹੋਣੇ, ਅਰ ਖਤ੍ਰੀਆਂ ਦੇ ਜਹਾ ਚਾਹੀਏ ਪ੍ਰੀਖਿਆ ਕਰਨਵਾਲਾ, ਅਰ ਡੰਡ ਦੇਣ ਵਾਲਾ ਨਾ ਹੋਣ ਥੀਂ ਬ੍ਰਾਹਮਣ ਆਦੀ ਸਭ ਵਰਣ ਪਖੰਡ ਵਿੱਚ ਹੀ ਫਸ ਜਾਂਦੇ ਹੰਨ, ਜਦ ਖਤ੍ਰੀ ਆਦੀ ਵਿਦਵਾਂਨ ਹੁੰਦੇ ਹੈਨ ਤਦ ਬ੍ਰਾਹਮਣ ਆਦੀ ਵਧੀਕ ਵਿਦਿਆ ਦਾ ਅਭਿਆਸ ਕਰਦੇ, ਅਰ ਧਰਮ ਪੰਥ ਵਿਚ ਚਲਦੇ ਹੈਨ, ਅਰ ਉਨਾਂ ਖਤ੍ਰੀ ਆਦੀ ਵਿਦਵਾਨਾਂ ਦੇ ਸਾਮਣੇ ਪਖੰਡ ਅਰ ਝੂਠਾ ਵਿਵਹਾਰ

ਬੀ ਨਹੀਂ ਕਰ ਸਕਦੇ, ਅਰ ਜਦ ਖਤ੍ਰੀ ਆਦੀ ਅਵਿਦਵਾਂਨ ਹੁੰਦੇ ਹਨ ਤਾਂ ਉਹ ਜੇਹਾ ਆਪਣੇ ਮਨ ਵਿਚ ਆਉਂਦਾ ਹੈ ਉਹੋ ਜੇਹਾ ਹੀ ਕਰਦੇ ਕਰਾਂਦੇ ਹੈਨ, ਇਸ ਲਈ ਬ੍ਰਾਹਮਣ ਬੀ ਅਪਣਾ ਕਲਿਆਨ ਚਾਹਨ ਤਾਂ ਖਤ੍ਰੀ ਆਦੀਨੂੰ ਵੇਦ ਆਦੀ ਸਤ ਸ਼ਾਸਤ੍ਰਾਂ ਦਾ ਅਭਿਆਸ ਵਧੀਕ ਜਤਨ ਨਾਲ ਕਰਾਂਨ, ਕਿਉਂਕਿ ਖਤ੍ਰੀ ਆਦੀ ਹੀ ਵਿਦਜਾ, ਧਰਮ, ਰਾਜ, ਅਰ ਧੰਨ ਦੀ ਬ੍ਰਿੱਧੀ ਕਰਨ ਹਾਰੇ ਹੈਨ, ਉਹ ਕਦੀ ਭਿਖਿਆ ਮੰਗਕੇ ਨਹੀਂ ਖਾਂਦੇ ਇਸ ਵਾਸਤੇ ਵਿਦਜਾ ਵਿਹਾਰ ਵਿਚ ਪਖਪਾਤੀ ਬੀ ਨਹੀਂ ਹੋ ਸਕਦੇ। ਜਦ ਸਭਣਾ ਵਰਣਾਂ ਵਿਚੱ ਵਿਦਜਾ ਸੁਸ਼ਿਖਿਆ ਹੁੰਦੀ ਹੈ ਤਦ ਕੋਈ ਬੀ ਪਖੰਡ ਰੂਪੀ ਅਧਰਮ ਜੁਕਤਿ ਮਿਥਿਆ ਵਿਹਾਰ ਨੂੰ ਨਹੀਂ ਚਲਾ ਸਕਦਾ, ਇਸ ਤੋਂਕੀ ਸਿਧ ਹੋਇਆ ਕਿ ਖਤ੍ਰ ਆਦੀ ਨੂੰ ਨਿਯੱਮ ਵਿਚੱ ਚਲ ਣ ਵਾਲੇ ਬ੍ਰਾਹਮਣ, ਅਰ ਸਨਿਆਸੀ, ਤਥਾ ਬ੍ਰਾਮਣ ਅਰ ਸਨਿਆਸੀ ਨੂੰ ਚੰਗੀ ਤਰਾਂ ਨਿਯੱਮ ਵਿਚ ਚਲਾਂਣ ਵਾਲੇ ਖਤ੍ਰੀ ਆਦੀ ਹੁੰਦੇ ਹਨ, ਇਸ ਲਈ ਸਭ ਵਰਣਾਂ ਦੇ ਇਸਤ੍ਰੀ ਪੁਰਖਾਂ ਵਿਚ ਵਿਦਿਆ ਅਤੇ ਧਰਮ ਦਾ ਪਰਚਾਰ ਜਰੂਰ ਹੋਣਾ ਚਾਹੀਏ, ਜੋ ਜੋ ਪੜ੍ਹਨਾ ਪੜ੍ਹਾਣਾ ਹੋਵੇ ਓਸ ਓਸ ਦੀ ਚੰਗੀ ਤਰਾਂ ਨਾਲ ਪਰੀਖਿਆ ਹੋਣੀ ਜੋਗ ਹੈ।

ਪਰੀਖਿਆ ਪੰਜ ਪ੍ਰਕਾਰ ਨਾਲ ਹੁੰਦੀ ਹੈ ਪਹਲੀ ਜੋ ਜੋ ਈਸ਼੍ਵਰ ਦੇ ਗੁਣ, ਕਰਮ ਸੁਭਾਉ, ਅਰ ਵੇਦਾਂ ਦੇ ਅਨਕੂਲ ਹੋਵੇ ਉਹ ਉਹ ਸਤ, ਅਰ ਓਸ ਤੋਂ ਵਿਰੁਧ ਅਸਤ ਹੈ। ਦੂਜੀ ਜੋ ਜੋ ਸ੍ਰਿਸ਼ਟੀ ਕ੍ਰਮ ਦੇ ਅਨਕੂਲ, ਉਹ ਉਹ ਸਤ, ਅਰ ਜੋ ਜੋ ਸ੍ਰਿਸ਼ਟੀ ਕ੍ਰਮ ਥੀਂ ਵਿਰੁਧ ਹੈ ਉਹ ਸਭ ਅਸਤ ਹੈ, ਜਿਸਤਰਾਂ ਨਾਲ ਕੋਈ ਕਹੇ ਕਿ ਬਗੈਰ ਮਾਂ, ਪਿਉਦੇ ਮੇਲਦੇ, ਮੁੰਡਾ ਉਤ ਪੰਨ ਹੋਇਆ, ਅਜੇਹਾ ਕਥਨ ਸ੍ਰਿਸਟੀ ਕ੍ਰਮ ਦੇ ਵਿਰੁਧ ਹੋਣ ਕਰਕੇ ਅਸਤ ਹੈ, ਤੀਜੀ ਆਪਤ ਅਰਥਾਤ ਜੇਹੜੇ ਧਰਮ ਤੇ ਚੱਲਣ ਵਾਲੇ ਵਿਦਵਾਂਨ, ਸਤਬਾਦੀ, ਨਿਸ਼ਕ ਪਟੀਆਂ ਦੇ ਕਰਤੱਬ ਉਪਦੇਸ਼ ਦੇ ਅਨਕੂਲ ਹਨ ਉਹ ਉਹ ਮਨਣੇ ਜੋਗ, ਅਰ ਜੋ ਜੋ ਵਿਰੁਧ ਹੈ ਸੋ ਸੋ ਮਨਣੇ ਦੇ ਜੋਗ ਨਹੀ। ਚੌਥੀ ਅਪਣੇ ਆਤਮਾ ਦੀ ਪਵਿਤ੍ਰਤਾ ਵਿਦਜਾ ਦੇ ਅਨਕੂਲ, ਅਰਥਾਤ ਜੇਹਾ ਆਪਣੇ ਨੂੰ ਸੁਖ ਪਿਆਰਾ ਅਰ ਦੁਖ ਪਿਆਰਾ ਨਹੀ ਏਹੋ ਜੇਹਾ ਸਭ ਵਾਸਤੇ ਸਮਝ ਲੈਣਾਂ ਕਿ ਮੈਂ ਬੀ ਕਿਸੇ ਨੂੰ ਦੁਖ ਜਾਂ ਸੁਖ ਦੇਵਾਂਗਾ ਤਾਂ ਉਹ ਬੀ ਅਪ੍ਰਸੰਨ ਅਤੇ ਪ੍ਰਸੰਨ ਹੋਵੇਗਾ। ਅਰ ਪੰਜ ਵੀਂ ਅਠ ਪ੍ਰਮਾਂਣ, ਅਰਥਾਤ ਪ੍ਰਤਖ, ਅਨੁਮਾਂਨ, ਉਪਮਾਂਨ ਸ਼ਬਦ, ਐਤਿਹਜ, ਅਰਥਾਪਤੀ, ਸੰਭਵ ਅਰ ਅਭਾਵ, ਇਨ੍ਹਾਂ ਵਿਚੋਂ ਪ੍ਰਤਖ ਦੇ ਲਖੱਣ ਆਦੀ ਵਿੱਚ ਜੋ ਜੋ ਸੂਤ੍ਰ ਹੇਠਾਂ ਲਿਖਾਂਗੇ ਉਹ ਉਹ ਸਭਨਿਆਂ ਸ਼ਾਸਤ੍ਰ ਦੇ ਪਹਿਲੇ ਅਰ ਦੂਜੇ ਅਧਿਆਇ ਦੇ ਜਾਂਣੋ ॥

इन्द्रियार्थसन्निकर्षोत्पन्नं ज्ञानमव्यपदेश्यमव्यभिचारि व्यवसायात्मकम्प्रत्यक्षम् ॥
न्याय० ॥ अध्याय १ । आह्निक १ । सूत्र ४ ॥

ਜੋ ਸ਼ਰੋਤ੍ਰ, ਤ੍ਵਚਾ, ਚਖ੍ਹ, ਜਿਹਬਾ, ਅਰ ਘ੍ਰਾਂਣ ਦਾ ਸ਼ਬਦ, ਸਪਰਸ਼, ਰੂਪ, ਰਸ, ਅਰ ਗੰਧ ਦੇ ਨਾਲ ਬਗੈਰ ਰੋਕ ਟੋਕ ਦੇ ਸਬੰਧ ਹੁੰਦਾ ਹੈ, ਅਰ ਇੰਦ੍ਰੀਆਂ ਦੇ ਨਾਲ ਮਨ ਦਾ, ਅਰ ਮਨ ਦੇ ਨਾਲ ਆਤਮਾਂ ਦੇ ਸੰਜੋਗ ਕਰਕੇ ਜੋ ਗਿਆਂਨ ਉਤਪੰਨ ਹੁੰਦਾ ਹੈ ਓਸਨੂੰ ਪ੍ਰਤਖ ਕਹਿੰਦੇ ਹਨ, ਪ੍ਰੰਤੂ ਜੋ ਨਾਮ ਨਾਮੀ ਦੇਸਬੰਧ ਥੀਂ ਉਤਪੰਨ ਹੁੰਦਾ ਹੈ ਉਹ ਉਹ ਪ੍ਰਤਖ੍ਯ ਗਿਆਂਨ ਨਹੀਂ, ਜਿਸ ਤਰ੍ਹਾਂ ਕਿਸੇ ਨੈ ਕਿਸੇ ਨੂੰ ਕਿਹਾ ਕਿ ਤੂੰ ਜਲ ਲਿਆ, ਉਹ ਲਿਆਇ ਕੇ ਓਸਦੇ ਕੋਲ ਰਖਕੇ ਬੋਲਿਆ ਕਿ ਏਹ ਜਲ ਹੈ, ਪ੍ਰੰਤੂ ਉਥੇ 'ਜਲ' ਇਨਾਂ ਦੋ ਅਖਰਾਂ ਦਾ ਨਾਂਉ ਕਰਕੇ ਲਿਆਵਣ ਜਾਂ ਮਗਾਂਣ ਵਾਲਾ ਨਹੀਂ ਵੇਖ ਸਕਦਾ ਹੈ, ਕਿੰਤੂ ਜਿਸ ਪਦਾਰਥ ਦਾ ਨਾਂਉ ਜਲ ਹੈ ਉਹੋ ਹੀ ਪ੍ਰਤਖ ਹੁੰਦਾ ਹੈ, ਅਰ ਜੋ ਸ਼ਬਦ ਥੀਂ ਗਿਆਂਨ ਉਤਪੰਨ ਹੁੰਦਾ ਹੈ ਉਹ ਸ਼ਬਦ ਪ੍ਰਮਾਂਣ ਦਾ ਵਿਖੇ ਹੈ। 'ਅਵ੍ਯਭਚਾਰੀ' ਜਿਸ਼ਤਰਾਂ ਕਿਸੇ ਨੈ ਰਾਤ ਵਿਚ ਥੰਮ ਨੂੰ ਵੇਖਕੇ ਮਨੁੱਖ ਦਾ ਨਿਸਚਾ ਕਰ ਲੀਤਾ, ਜਦ ਦਿਨ ਵਿਚ ਓਸਨੂੰ ਡਿਠਾ ਤਾਂ ਰਾਤ ਦਾ ਪੁਰਖ ਗਿਆਂਨ ਨਸ਼ਟ ਹੋਕੇ ਥੰਮ ਗਿਆਂਨ ਰਹਿਆ। ਏਹੋ ਜੇਹੇ ਵਿਨਾਸ਼ੀ ਗਿਆਂਨ ਦਾ ਨਾਂਉ ਵ੍ਯਭਚਾਰੀ ਹੈ, ਸੋ ਪ੍ਰਤਖ ਨਹੀਂ ਕਹਾਂਵਦਾ। 'ਵ੍ਯਵਸਾਯਾਤਮਕ' ਕਿਸੇ ਨੈ ਦੂਰ ਥੀਂ ਨਦੀ ਦੀ ਰੇਤ ਨੂੰ ਵੇਖਕੇ ਕਹਿਆ ਕਿ ਉਥੇ ਕਪੜੇ ਸੂਕ ਰਹੇ ਹਨ, ਜਲ ਹੈ ਜਾਂ ਹੋਰ ਕੁਝ ਹੈ, ਉਹ ਦੇਵਦਤ ਖਲੋਤਾ ਹੈ ਜਾਂ ਯਗਦੱਤ, ਜਦ ਤੀਕਣ ਇਕ ਨਿਸਚਾ ਨਾ ਹੋਵੈ ਤਦ ਤੀਕਣ ਉਹ ਪ੍ਰਤਖ ਗਿਆਂਨ ਨਹੀ ਹੈ, ਕਿੰਤੂ ਜੇਹਿੜਾ ਅਵ੍ਯਪਦੇਸ਼੍ਯ, ਅਵ੍ਯਭਚਾਰੀ, ਅਰ ਨਿਸ਼ਚੇ ਆਤਮਕ, ਗਿਆਂਨ ਹੈ ਓਸੇ ਨੂੰ ਪ੍ਰਤਖ ਕਹਿੰਦੇ ਹਨ। ਦੂਜਾ ਅਨੁਮਾਂਨ।

अथ तत्पूर्वकं त्रिविधमनुमानं पूर्ववच्छेषवत्सामान्यतो

दृष्टञ्च ॥ न्याय० अ० १ । आ० १ । सू० ५ ॥

ਜੋ ਪ੍ਰਤਖ ਪੂਰਬਕ ਗਿਆਂਨ ਹੋਵੇ ਉਹ ਅਨੁਮਾਂਨ ਕਹਾਂਦਾ ਹੈ, ਅਰਥਾਤ ਕਿਸੇ ਅਸਥਾਂਨ ਅਰ ਕਾਲ ਵਿਚ ਕੋਈ ਸੰਪੂਰਣ ਪਦਾਰਥ ਜਾਂ ਓਸਦਾ ਕੋਈ ਇਕ ਦੇਸ਼ ਪ੍ਰਤਖ ਹੋਇਆ ਅਰ ਫਿਰ ਹੋਰ ਦੇਸ਼ ਵਿਚ ਓਸਦੇ ਕਿਸੇ ਸਹਚਾਰੀ ਇਕ ਦੇਸ਼ ਦੇ ਪ੍ਰਤਖ ਹੋਣ ਕਰਕੇ ਅਦ੍ਰਿਸ਼ਟ ਅਵੈਵੀ ਦੇ ਗਯਾਂਨ ਹੋਣ ਦਾ ਨਾਂਉ ਅਨੁਮਾਨ ਹੈ, ਜਿਸਤਰਾਂ ਪੁਤ੍ਰ ਨੂੰ ਵੇਖਕੇ ਪੀਊਦਾ, ਪਰਬਤ ਆਦੀ ਵਿਚ ਧੂੰਏ ਨੂੰ ਵੇਖਕੇ ਅਗਦਾ, ਜਗਤ ਵਿਚ ਸੁਖ ਦੁਖ ਵੇਖਕੇ ਪੂਰਬ ਜਨਮ ਦਾ ਗਿਆਨ ਹੁੰਦਾ ਹੈ, ਏਹ ਅਨੁਮਾਨ ਤਿਨ ਪ੍ਰਕਾਰਦਾ ਹੈ, ਇਕ ਪੂਰਬ ਵਤ, ਜਿਸਤਰਾਂ ਬਦਲਾਂ ਨੂੰ ਵੇਖਕੇ ਬਰਖਾ, ਵਿਆਹ ਨੂੰ ਵੇਖਕੇ ਸੰਤਾਂਨ ਉਤਪੱਤੀ, ਪੜ੍ਹੇ ਹੋਏ ਵਿਦ੍ਯਾਰਥੀਆਂ ਨੂੰ ਵਿਖਕੇ ਵਿਦ੍ਯਾ ਹੋਣ ਦਾ ਨਿਸਚਾ ਹੁੰਦਾ ਹੈ, ਇਤ ਆਦੀ ਜਿੱਥੇ ਜਿੱਥੇ ਕਾਰਣ ਨੂੰ ਵੇਖਕੇ ਕਾਰਜ ਦਾ

ਦਾ ਗਿਆਂਨ ਹੋਵੇ ਉਹ ਪੂਰਬਵਤ, ਦੂਜਾ ਸ਼ੇਸ਼ਵਤ, ਅਰਥਾਤ ਜਿੱਥੇ ਕਾਰਜ ਨੂੰ ਵੇਖਕੇ ਕਾਰਣ ਦਾ ਗਿਆਂਨ ਹੋਵੇ,ਜਿਸਤਰਾਂ ਨਦੀ ਦੇ ਪ੍ਰਵਾਹ ਦਾ ਵਾਧਾ ਵੇਖਕੇ ਉਪਰ ਹੋਈ ਬਰਖਾ ਦਾ, ਪੁਤ੍ਰ ਨੂੰ ਵੇਖਕੇ ਪਿਉ ਦਾ,ਸ੍ਰਿਸ਼ਟੀ ਨੂੰ ਵੇਖਕੇ ਅਨਾਦੀ ਕਾਰਣ ਦਾ, ਤਥਾ ਕਰਤਾ ਈਸ਼੍ਵਰ ਦਾ, ਅਰ ਪਾਪ ਪੁੰਨ ਦੇ ਆਚਰਣ ਨੂੰ ਵੇਖ ਕੇ ਸੁਖ ਦੁਖ ਦਾ ਗਿਆਂਨ ਹੁੰਦਾ ਹੈ, ਇਸੇ ਨੂੰ ਸ਼ੇਸ਼ਵਤ ਕਹਿੰਦੇ ਹੈਂਨ ।

ਤੀਜਾ—'ਸਾਮਾਨਯ ਤੋ ਦ੍ਰਿਸ਼੍ਟ' ਜੋ ਕੋਈ ਕਿਸੇ ਦਾ ਕਾਰਜ ਕਾਰਣ ਨਾ ਹੋਵੇ, ਪ੍ਰੰਤੂ ਕਿਸੇ ਪ੍ਰਕਾਰ ਦਾ ਸਾਧਰਮ, ਇਕ ਦੂਜੇ ਨਾਲ ਰੱਖੇ. ਜਿਸਤਰਾਂ ਕੋਈ ਬੀ ਚਲੇ ਬਗੈਰ ਦੂਜੇ ਇਸਥਾਂਨ ਨੂੰ ਨਹੀਂ ਜਾ ਸਕਦਾ,ਉਸੇਤਰਾਂ ਦੂਜਿਆਂ ਦਾ ਬੀ ਹੋਰ ਜਗਹਿ ਵਿੱਚ ਜਾਂਣਾ ਬਗੈਰ ਚਲੱਣ ਦੇ ਕਦੀ ਨਹੀ ਹੋ ਸਕਦਾ। ਅਨੂੰਮਾਂਨ ਸ਼ਬਦ ਦਾ ਅਰਥ ਏਹੁ ਹੈ ਕਿ ਅਨੂੰ ਅਰਥਾਤ

प्रत्यक्षस्य पश्चान्मीयते जायते येन तदनुमानम्,

ਜੋ ਪ੍ਰਤੱਖ ਦੇ ਪਸਚਾਤ ਉਤਪੰਨ ਹੋਵੇ, ਜਿਸਤਰਾਂ ਧੂਏ ਦੇ ਪ੍ਰਤੱਖ ਵੇਖੇ ਬਗੈਰ ਅਦ੍ਰਿਸ਼ਟ ਅੱਗ ਦਾ ਗਿਆਂਨ ਕਦੀ ਨਹੀਂ ਹੋ ਸਕਦਾ। ਤੀਜਾ—'ਉਪਮਾਂਨ'

प्रसिद्धसाधर्म्यात्साध्यसाधनमुपमानम् ॥ न्याय० ॥ अ० १ ॥ आ०१ ॥ सू०६ ॥

ਜੋ ਪ੍ਰਸਿਧ ਵਾ ਪ੍ਰਤੱਖਸਾ ਧਰਮ ਕਰਕੇ'ਸਾਧਯ'(ਅਰਥਾਤ ਸਿਧ ਕਰਨੇ ਜੋਗ) ਗਿਆਂਨ ਦੀ ਸਿੱਧੀ ਕਰਨ ਦਾ ਸਾਧਨ ਹੋਵੇ ਓਸਨੂੰ ਉਪਮਾਂਨ ਕਹਿੰਦੇ ਹਨ॥

'उपमीयते येन तदुप मानम्'

ਜਿਸਤਰਾਂ ਕਿਸੇ ਨੇ ਕਿਸੇ ਨੌਕਰ ਨੂੰ ਕਿਹਾ ਕਿ ਤੂੰ ਦੇਵਦੱਤ ਜੇਹੇ ਵਿਸ਼ਨੂੰ ਮਿਤ੍ਰ ਨੂੰ ਬੁਲਾਲਿਆ,ਉਹ ਬੋਲਿਆ ਕਿ 'ਮੈਂ ਤਾਂ ਓਸਨੂੰ ਕਦੀ ਨਹੀਂ ਡਿਠੱਾ, ਓਸਨੂੰ ਮਾਲਕ ਨੈਂ ਕਿਹਾ ਕਿ ਜਿਸਤਰਾਂ ਦਾ ਏਹ ਦੇਵਦੱਤ ਹੈ ਉਹੋ ਜੇਹਾ ਹੀ ਉਹ ਵਿਸ਼ਨੂੰ ਮਿਤ੍ਰ ਹੈ.ਜਾਂ ਜਿਸਤਰਾਂ ਦੀ ਏਹ ਗਊ ਹੈ ਉਸੇ ਤਰਾਂ ਦੀ ਨੀਲ ਗਊ ਹੁੰਦੀ ਹੈ;ਜਦ ਉਹ ਉਥੇ ਗਿਆ ਅਰ ਦੇਵ ਦੱਤ ਵਰਗਾ ਓਸਨੂੰ ਵੇਖ ਨਿਸਚੇ ਕਰ ਲੀਤਾ ਕਿ ਏਹ ਵਿਸ਼ਨੂੰ ਮਿਤ੍ਰ ਹੈ ਓਸਨੂੰ ਲੇ ਆਇਆ, ਅਥਵਾ ਕਿਸੇ ਜੰਗਲ ਵਿੱਚ ਜਿਸ ਪਸ਼ੂ ਨੂੰ ਗਊ ਦੇ ਤੁਲ ਡਿਠੱਾ ਓਸਦਾ ਨਿਸਚਾ ਕਰ ਲੀਤਾ ਕਿ ਇਸੇ ਦਾ ਨਾਂਉ ਨੀਲ ਗਊ ਹੈ॥ ਚੌਥਾ ਸਬਦ ਪ੍ਰਮਾਂਣ

आप्तोपदेशः शब्द ॥ न्या० ॥ अ० १ । आ० १ । सू० ७ ॥

ਜੋ ਆਪਤ ਅਰਥਾਤ ਪੂਰਣ ਵਿਦਵਾਂਨ,ਧਰਮਾਤਮਾਂ; ਪਰ ਉਪਕਾਰ ਦਾ ਪਿਆਰਾ, ਸਤਵਾਦੀ, ਪੁਰਖਾਰਥੀ. ਜਿਤਿੰਦ੍ਰੀ ਪੁਰਖ ਜਿਸਤਰਾਂ ਅਪਣੇ ਆਤਮਾਂ ਵਿਚ ਜਾਂਣਦਾ ਹੋਵੇ, ਅਰ ਜਿਸ ਕਰਕੇ ਸੁਖ ਪਾਇਆ ਹੋਵੇ ਉਸੇ ਕਥਨਦੀ

ਇਛਿਆ ਤੋਂ ਪ੍ਰੇਰਿਆ ਹੋਇਆ ਸਭ ਮਨੁਖਾਂ ਦੇ ਕਲਿਆਂਣ ਦੇ ਅਰਥ ਉਪ-ਦੇਸ਼ ਕਰਨ ਵਾਲਾ ਹੋਵੇ, ਅਰਥਾਤ ਜਿਨੇ ਪ੍ਰਿਥਵੀ ਤੋਂ ਲੈਕੇ ਪ੍ਰਮੇਸ਼ੂਰ ਪ੍ਰਯੰਤ ਪਦਾਰਥ ਹੈਨ ਉਨਾਂ ਦੇ ਗਿਆਂਨ ਨੂੰ ਪ੍ਰਾਪਤ ਹੋਕੇ ਉਪਦੇਸ਼ ਕਰਨ ਵਾਲਾ ਹੋਵੇ, ਜੋ ਅਜੇਹੇ ਪੁਰਖ ਅਰ ਪੂਰਣ ਆਪਤ ਪਰਮੇਸ਼ੂਰ ਦੇ ਉਪਦੇਸ਼ ਵੇਦ ਹੈਨ ਉਨਾਂ ਨੂੰ ਸ਼ਬਦ ਪ੍ਰਮਾਂਣ ਜਾਂਣੋ। ਪੰਜਵਾਂ ਐਤਿਹਯ:— ॥

न चतुष्ट्वमैतिह्यार्थापत्तिसम्भवाभावप्रमाण्यात् ॥ न्याय० ॥ अ० २ । आ० २ । सू० १

ਜੋਇਤਿਹ ਅਰਥਾਤ ਏਸ ਪ੍ਰਕਾਰ ਦਾਸੀ, ਓਸਨੈ ਏਸ ਪ੍ਰਕਾਰ ਕੀਤਾ, ਅਰਥਾਤ ਕਿਸੇ ਦੇ ਜੀਵਣ ਚਿਰਿਤ੍ਰ ਦਾ ਨਾਂਉ ਐਤਿਹਯ ਹੈ ॥ ਛੀਵਾਂ—ਅਰਥਾ ਪਤੀ:—

'अर्थादापद्यते सा अर्थापत्तिः' केनचिदुच्यते 'सत्सु, घनेषु वृष्टिः सति कारणे कार्यं भवतीति' किमत्र प्रसज्यते, असत्सु, घनेषु वृष्टिरसति कारणे च कार्यं न भवति'

ਜਿਸਤਰਾਂ ਕਿਸੇ ਨੈ ਕਿਸੇ ਨੂੰ ਕਹਿਆ ਕਿ ਬਦਲਾਂ ਦੇ ਹੋਂਣ ਥੀਂ ਬਰ ਖਾ ਅਰ ਕਾਰਣ ਦੇ ਹੋਣ ਥੀਂ, ਕਾਰਜ ਉਤਪੰਨ ਹੁੰਦਾ ਹੈਂ, ਏਸ ਤੋਂ ਬਗੈਰ ਕਹੇਏਹ ਦੂਜੀ ਬਾਤ ਸਿਧ ਹੁੰਦੀ ਹੈ ਕਿ ਬਗੈਰ ਬਦਲਾਂ ਦੇ ਬਰਖਾ, ਅਰ ਬਗੈਰ ਕਾਰਣ ਦੇ ਕਾਰਜ ਕਦੀ ਨਹੀਂ ਹੋ ਸਕਦਾ, ਸਤਵਾਂ ਸੰਭਵ 'सम्भवति यस्मिन् स सम्भवः' ਕੋਈ ਕਹੇ ਕਿ ਮਾਂ ਪਿਉ ਦੇ ਬਗੈਰ ਸੰਤਾਂਨ ਉਤਪਤ ਹੋਈ, ਕਿਸੇ ਨੇ ਮੁਰਦੇ ਜਵਾਏ, ਪਹਾੜ ਉਠਾਏ, ਸਮੁੰਦ੍ਰ ਵਿਚੱ ਪਥੱਰ ਤਰਾਏ, ਚੰਦ੍ਰਮਾਂ ਦੇ ਟੋਟੇ ਕੀਤੇ, ਪ੍ਰਮੇਸ਼ੂਰ ਦਾ ਅਉਤਾਰ ਹੋਇਆ, ਮਨੁਖੱ ਦੇ ਸਿੰਗ ਲੱਗੇ, ਅਰ ਸੰਢ ਦੇ ਪੁਤ੍ਰ ਅਰ ਪੁਤ੍ਰੀ. ਦਾ ਵਿਆਹ ਕੀਤਾ, ਏਸ ਤਰਾਂ ਦੀਆਂ ਗੱਲਾਂ ਸਭ ਅਸਭੰਵ ਹਨ (ਅਰਥਾਤ ਜੇਹਿੜੀਆਂ ਹੋ ਨਾ ਸਕੱਣ) ਕਿਂਉਕਿ ਏਹ ਸਭ ਬਾਤਾਂ ਸ੍ਰਿਸ਼ਟੀ ਕ੍ਰਮ ਥੀਂ ਵਿਰੁਧ ਹਨ, ਜੇਹੜੀ ਬਾਤ ਸ੍ਰਿਸ਼ਟੀ ਕ੍ਰਮ ਦੇ ਅਨਕੂਲ ਹੋਵੇ ਉਹ ਸੰਭਵ ਹੈ। ਅਠਵਾਂ ਅਭਾਉ:-

'भवन्ति यस्मिन् सोऽभावः'

ਜਿਸਤਰਾਂ ਕਿਸੇ ਨੈ ਕਿਸੇ ਨੂੰ ਕਿਹਾ ਕਿ ਹਾਥੀ ਲਿਆ, ਓਸਨੈ ਉਥੇਂ ਹਾਥੀ ਦਾ ਅਭਾਵ ਵੇਖਕੇ ਜਿੱਥੇ ਹਾਥੀ ਸੀ ਉੱਥੋਂ ਲੈ ਆਇਆ, ਏਹ ਅਠ ਪ੍ਰਮਾਂਣ ਹਨ। ਇਨਾਂ ਵਿੱਚੋਂ ਜੋ ਸ਼ਬਦ ਵਿੱਚ ਏਤਿਹਜ, ਅਰ ਅਨੂੰਮਾਂਨ ਵਿੱਚ ਅਰਥਾਪੱਤੀ, ਸੰਭਵ ਵਿਚੱ ਅਭਾਉ ਦੀ ਗੇਂਤ੍ਰੀ ਕਰੀਏ ਤਾਂ ਚਾਰ ਪ੍ਰਮਾਂਣ ਰਹਿ ਜਾਂਦੇ ਹਨ, ਇਨਾਂ ਪੰਜਾਂ ਪ੍ਰਕਾਰਾਂ ਦੀ ਪ੍ਰੀਖਿਆ ਨਾਲ ਮਨੁਖੱ ਸਤ ਅ-ਸਤ ਦਾ ਨਿਸਚਾ ਕਰ ਸਕਦਾ ਹੈ। ਐਵੇਂ ਨਹੀਂ।

धर्मविशेषप्रसूताद्द्रव्यगुणकर्मसामान्यविशेषसमवायानां पदार्थानां साधर्म्य वैधर्म्याभ्यां तत्वज्ञाना निःश्रेयसम् ॥ वै० ॥ अ० १ । आ० १ । सू० ४ ॥

ਜਦ ਮਨੁੱਖ ਧਰਮ ਦੇ ਯਥਾ ਜੋਗ ਕਰਮ ਕਰਨ ਨਾਲ ਪਵਿਤ੍ਰ ਹੋਕੇ 'ਸਾਧਰਮਜ' ਅਰਥਾਤ ਜੇਹਿੜੇ ਤੁਲ ਧਰਮ ਹੈਨ ਜਿਸਤਰਾਂ ਪ੍ਰਿਥਵੀ ਜੜ੍ਹ, ਅਰ ਜਲ ਬੀ ਜੜ੍ਹ, 'ਵੈਧਰਮਜ' ਅਰਥਾਤ ਪ੍ਰਿਥਵੀ ਨਿਗੋਰ, ਅਰ ਜਲ ਕੋਮਲ, ਇਸੇ ਪ੍ਰਕਾਰ ਦ੍ਰਬ, ਗੁਣ, ਕਰਮ, ਸਾਮਾਨਜ, ਵਸ਼ੇਸ਼ ਅਰਸਮਵਾਇ, ਇਨਾਂ ਛਿਆਂ ਪਦਾਰਥਾਂ ਦੇ ਤਤਗਿਆਂਨ ਅਰਥਾਤ ਸਰੂਪ ਗਿਆਂਨ ਨੂੰ ਪ੍ਰਾਪਤ ਹੁੰਦਾ ਹੈ ਤਦ ਓਸ ਕਰਕੇ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ।

पृथिव्यापस्तेजोवायुराकाशं कालोदिगात्मा मनइति द्रव्याणि ॥ वै० ॥ अ० १ । आ० १ । सू० ५ ॥

ਪ੍ਰਿਥ੍ਵੀ, ਜਲ, ਤੇਜ, ਵਾਯੂ, ਅਕਾਸ, ਕਾਲ, ਦਿਸ਼ਾ, ਆਤਮਾ, ਅਰਮਨ, ਏਹ ਨੌਂ ਦ੍ਰਬ ਹਨ।

क्रियागुणवत्समवायिकारणमिति द्रव्य लक्षणम् ॥ वै० ॥ अ० १ । आ० १ । सू० १५ ॥ 'क्रियाश्च गुणाश्च विद्यन्ते यस्मिंस्तत् क्रियागुणवत्'

ਜਿਸ ਵਿਚ ਕ੍ਰਿਆ, ਗੁਣ, ਅਰ ਕੇਵਲ ਗੁਣਬੀ ਰਹਨ, ਓਸ ਨੂੰ ਦ੍ਰਬ ਕਹਿੰਦੇ ਹਨ। ਉਨਾਂ ਵਿੱਚੋਂ ਪ੍ਰਿਥਵੀ, ਜਲ, ਤੇਜ, ਵਾਯੂ, ਮਨ, ਅਰ ਆਤਮਾ, ਏਹ ਛੀ ਦ੍ਰਬਕ੍ਰਿਆ ਅਰ ਗੁਣ ਵਾਲੇ ਹਨ, ਤਥਾ ਅਕਾਸ਼, ਕਾਲ, ਅਰਦਿਸ਼ਾ, ਏਹ ਤਿਨ ਕ੍ਰਿਆ ਰਹਿਤ ਗੁਣ ਵਾਲੇ ਹਨ। (ਸਮਵਾਇ)

समवेतुं शीलं यस्य तत्त्वं समवायि, प्राग्वृतित्त्वं कारणं समवायि च तत्कारणं च समवायिकारणम्' लक्ष्यते येन तल्लक्षणम्'

ਜੋ ਮਿਲਣੇ ਦੇ ਸੁਭਾਉ ਜੁਕਤ, ਕਾਰਜ ਤੋਂ ਪਹਿਲੇ ਕਾਲ ਵਾਲਾ ਜੋ ਕਾਰਣ ਹੋਵੇ ਓਸ ਨੂੰ ਦ੍ਰਬ ਕਹਿੰਦੇ ਹਨ, ਜਿਸ ਥੀਂ ਲਖੱ ਜਾਂਣਿਆਂ ਜਾਵੇ ਉਹੋ ਹੀ ਲਖਣ ਹੈ, ਜਿਸਤਰਾਂ ਅੱਖ ਥੀਂ ਰੂਪ ਜਾਣਿਆਂ ਜਾਂਦਾ ਹੈ।

रूपरसगन्धस्पर्शवती पृथवी ॥ वै० ॥ अ० २ । आ० १ ॥ सू० १ ॥

ਰੂਪ, ਰਸ, ਗੰਧ, ਸਪਰਸ਼, ਵਾਲੀ ਪ੍ਰਿਥਵੀ ਹੈ, ਓਸ ਵਿਚ ਰੂਪ, ਰਸ, ਅਰ ਸਪਰਸ਼, ਅਗਨੀ, ਜਲ, ਅਰਵਾਯੂ, ਦੇ ਯੋਗ ਕਰਕੇ ਹਨ।

व्यवस्थितः पृथिव्यां गन्धः ॥ वै० ॥ अ० २ ॥ आ० २ ॥ सू० २ ॥

ਪ੍ਰਿਥਵੀ ਵਿਚ ਗੰਧ ਗੁਣ ਸੁਭਾਵਕ ਹੈ, ਏਸੇ ਤਰਾਂ ਜਲ ਵਿਚ ਰਸ, ਅਗਨੀ ਵਿਚ ਰੂਪ, ਵਾਯੂ ਵਿਚੱ ਸਪਰਸ਼, ਅਰ ਅਕਾਸ਼ ਵਿਚ ਸ਼ਬਦ ਸੁਭਾਵਕ ਹੈ।

रूपरसस्पर्शवत्य आपो द्रवाः स्निग्धाः वै० ॥ अ० २ आ० १ ॥ सू० २ ॥

ਰੂਪ, ਰਸ, ਅਰਸ ਪਰਸ਼ਵਾਂਨ ਦ੍ਰਵੀ ਭੂਤ ਅਰ ਕੋਮਲ ਜਲ ਕਹਾਂਦਾ

ਹੈ, ਪ੍ਰੰਤੂ ਇਨਾਂ ਵਿਚੱ ਜਲਦਾ ਸੁਭਾਵਕ ਗੁਣ ਰਸ ਹੈ, ਤਥਾ ਰੂਪ, ਸਪਰਸ਼, ਅਗਨੀ ਅਰਵਾਯੂ ਦੇ ਯੋਗ ਕਰਕੇ ਹਨ।

अप्सु शीतता ॥ वै० ॥ अ० २ ॥ आ० २ ॥ सू० ५ ॥

ਅਰ ਜਲ ਵਿਚੱ ਸੀਤਲ ਤਾ ਗੁਣ ਬੀ ਸੁਭਾਵਕ ਹੈ।

तेजो रूपस्पर्शवत् ॥ वै० ॥ अ० २ ॥ आ० १ ॥ सू० ३ ॥

ਜੋ ਰੂਪ ਅਰਸ ਪਰਸ਼ ਵਾਲਾ ਹੈ ਉਹ ਤੇਜ ਹੈ, ਪ੍ਰੰਤੂ ਏਸ ਵਿਚ ਰੂਪ, ਸੁਭਾਵਕ, ਅਰ ਸਪਰਸ਼, ਵਾਯੂ ਦੇ ਯੋਗ ਕਰਕੇ ਹੈ।

स्पर्शवान् वायुः ॥ वै० ॥ अ० २ ॥ आ० १ ॥ सू० ४ ॥

ਸਪਰਸ਼ ਗੁਣ ਵਾਲਾ ਵਾਯੂ ਹੈ, ਪ੍ਰੰਤੂ ਏਸ ਵਿਚ ਬੀ ਗਰਮੀ, ਸਰਦੀ, ਤੇਜ ਅਰਜਲ ਕਰਕੇ ਰਹਿੰਦੀ ਹੈ।

त आकाशे न विद्यन्ते ॥ वै० ॥ अ० २ । आ० १ । सू० १ । ५ ॥

ਰੂਪ, ਰਸ, ਗੰਧ, ਅਰ ਸਪਰਸ਼, ਅਕਾਸ਼ ਵਿਚ ਨਹੀ ਹਨ ਕਿੰਤੂ ਸਬਦ ਹੀ ਅਕਾਸ਼ ਦਾ ਗੁਣ ਹੈ।

निष्क्रमणं प्रवेशनमित्याकाशस्य लिङ्गम् ॥ वै० ॥ अ० २। आ० १ । सू० २० ॥

ਜਿਸ ਵਿਚ ਪ੍ਰਵੇਸ਼ ਅਰ ਨਿਕਲਨਾ ਹੁੰਦਾ ਹੈ ਉਹ ਅਕਾਸ ਦਾ ਲਿੰਗ ਹੈ

कार्यान्तराप्रादुर्भावाच्च शब्दः स्पर्शवतामगुणः ॥ वै० ॥ अ० ॥ २ । आ० १ । सू० २५

ਹੋਰ ਪ੍ਰਿਥ੍ਵੀ ਆਦੀ ਕਾਰਜਾਂ ਤੋਂ ਪ੍ਰਗਟ ਨਹੀ ਹੁੰਦਾ.ਏਸ ਲਈ ਸ਼ਬਦ, ਸਪਰਸ਼, ਗੁਣ ਵਾਲੀ ਭੂਮੀ ਆਦੀ ਦਾ ਗੁਣ ਨਹੀਂ ਹੈ, ਕਿੰਤੂ ਸ਼ਬਦ ਅਕਾਸ਼ ਦਾ ਹੀ ਗੁਣ ਹੈ।

अपरस्मिन्नपरं युगपच्चिरं क्षिप्रमिति काललिङ्गानि ॥ वै० ॥ अ० ॥ २ । आ० ॥ २ । सू० ६ ॥

ਜਿਸ ਵਿਚ ਅਪਰ ਪਰ (ਯੁਗਪਤ) ਇਕਵਾਰ (ਚਿਰਮ) ਦੇਰੀ, ਜਲਦੀ ਇਤਆਦੀ ਪ੍ਰਜੋਗ ਹੁੰਦੇ ਹਨ ਓਸ ਨੂੰ ਕਾਲ ਕਹਿੰਦੇ ਹਨ।

नित्येष्वभावादनित्येषु भावात्कारणे कालाख्येति ॥ वै० ॥ अ० २ । आ० २ सू० ९ ॥

ਜੋ ਨਿਤ ਪਦਾਰਥਾਂ ਵਿਚ ਨਾ ਹੋਵੇ ਅਰ ਅਨਿਤਯ ਪਦਾਰਥਾਂ ਵਿਚ ਹੋਵੇ, ਏਸ ਥੀਂ ਕਾਰਨ ਵਿਚ ਹੀ ਕਾਲ ਸੰਗਿਆ ਹੈ।

इत इदमिति यतस्तद्दिश्यं लिङ्गम् ॥ वै० ॥ अ० ॥ २ । आ० २ । सू० १० ॥

ਏਥੋਂ ਏਹੁ ਪੂਰਬ, ਦਖੱਣ, ਪਛੱਮ, ਉਤ੍ਰੱ, ਉਪੱਰ, ਹੇਠਾਂ, ਜਿਸਦੇ ਵਿਚ ਏਹ ਵਿਹਾਰ ਹੁੰਦਾ ਹੈ ਓਸਨੂੰ ਦਿਸ਼ਾ ਕਹਿੰਦੇ ਹਨ।

आदित्यसंयोगाद् भूतपूर्वाद् भविष्यतो भूताच्च प्राची ॥ वै० ॥ अ० २ । आ०२। सू० १४

ਜਿਸ ਪਾਸੇ ਵਲ ਸੂਰਜ ਦਾ ਸੰਜੋਗ ਹੋਇਆ ਹੈ, ਹੋਵੇ, ਉਸ ਨੂੰ ਪੂਰਬ ਦਿਸ਼ਾ ਕਹਿੰਦੇ ਹਨ, ਅਰ ਜਿਥੇ ਅਸ਼ਤ ਹੋਵੇ ਉਸਨੂੰ ਪਛੱਮ ਕਹਿੰਦੇ ਹਨ, ਪੂਰਬ ਵਲ ਮੂੰਹ ਕੀਤੇ ਹੋਏ ਮਨੁਖੱ ਦੇ ਸੱਜੇ ਪਾਸੇ ਦਖੱਣ ਅਰ ਖੱਬੇ ਪਾਸੇ ਉਤ੍ਰ ਦਿਸ਼ਾ ਕਹਾਂਵਦੀ ਹੈ।

एतेन दिगन्तरालानि व्याख्यातानि ॥ वै० अ० २ । आ० २ । सू० १६ ॥

ਪੂਰਬ ਦਖੱਣ ਦੀ ਵਿੱਚਲੀ ਦਿਸ਼ਾ ਨੂੰ ਆਗਨੇਯੀ, ਦਖੱਣ ਪਛੱਮ ਦੀ ਵਿੱਚਲੀ ਨੂੰ ਨੈਰਤਿ, ਪਛੱਮ ਉਤ੍ਰ ਦੀ ਵਿਚਲੀ ਨੂੰ ਵਾਯਵੀ, ਅਰ ਉਤ੍ਰ ਪੂਰਬ ਦੀ ਵਿਚਲੀ ਨੂੰ ਐਸ਼ਾਨੀ ਦਿਸ਼ਾ* ਕਹਿੰਦੇ ਹੈਨ ॥

इच्छाद्वेषप्रयत्नसुखदुःख ज्ञानान्यात्मनो लिङ्गमिति ॥ न्याय० अ०१ ॥ सू० १० ॥


ਜਿਸ ਵਿੱਚ ਇਛੱਾ, ਦ੍ਵੈਸ਼, ਪੁਰਖਾਰਥ, ਸੁਖ, ਦੁਖ, ਗਿਆਂਨ ਗੁਣਹੋਨ ਉਹ ਜੀਵਾਤਮਾ ਕਹਾਂਵਦਾ ਹੈ "ਵੈਸ਼ੇਸ਼ਕ" ਦਰਸ਼ਨ ਵਿੱਚ ਇਨੱਾ ਵਸ਼ੇਸ਼ ਹੈ

प्राणाऽपाननिमेषोन्मेषजीवनमनोगतीन्द्रियान्तर्विकाराः सुखदुःखेच्छाद्वेषप्रयत्नाश्चात्मनो लिङ्गानि ॥ वै० ॥ अ०३ । आ०२ । सू० ४ ॥

(ਪ੍ਰਾਣ) ਬਾਹਿਰੋਂ ਹਵਾ ਨੂੰ ਅੰਦਰ ਲੈਂਣਾ ॥ (ਅਪਾਂਨ) ਅੰਦ੍ਰੋਂ ਹਵਾ ਨੂੰ ਬਾਹਿਰ ਕਢਣਾਂ ॥ (ਨਿਮੇਖ) ਅਖਨੂੰ ਮੀਟਣਾਂ ॥ (ਉਨਮੇਖ) ਅਖਨੂੰ ਖੋਲਣਾਂ (ਜੀਵਣ) ਪ੍ਰਾਣ ਦਾ ਧਾਰਣ ਕਰਨਾ, (ਮਨਃ) ਮਨਨ ਬਿਚਾਰ ਅਰਥਾਤ ਗਿਆਂਨ। (ਗਤੀ) ਇਛੱਾ ਪੂਰਬਕ ਗਮਨ ਕਰਨਾਂ, ਚਲਨਾ ਫਿਰਨਾਂ, (ਇੰਦ੍ਰਯ) ਇੰਦ੍ਰੀਆਂ ਨੂੰ ਵਿਖਿਆ ਵਿੱਚ ਚਲਾਣਾ, ਉਨ੍ਹਾਂ ਦ੍ਵਾਰਾ ਵਿਖਿਆਂ ਦਾ ਗ੍ਰਹਣ ਕਰਨਾਂ, (ਅੰਤ੍ਰਵਿਕਾਰ) ਭੁਖ, ਤੇਹ, ਬੁਖਾਰ, ਪੀੜਆਦੀ ਵਿਕਾਰਾਂ ਦਾ ਹੋਣਾ, ਸੁਖ, ਦੁਖ, ਇਛਾ, ਦ੍ਵੇਖ, ਅਰ (ਪ੍ਰਯਤਨ) ਪੁਰਖਾਰਥ ਏਹ ਸਭ ਆਤਮਾ ਦੇ ਲਿੰਗ ਅਰਥਾਤ ਕਰਮ ਅਰ ਗੁਣ ਹੈਨ ॥

युगपज्ज्ञानानुत्पत्तिर्मनसो लिङ्गम् ॥ न्याय० अ०१ । आ०१ । सू० १६ ॥

---



ਜਿਸ ਕਰਕੇ ਇਕ ਕਾਲ ਵਿੱਚ ਦੋ ਪਦਾਰਥਾਂ ਦਾ ਗ੍ਰਹਣ ਗਿਆਨ ਨਹੀਂ ਹੁੰਦਾ ਓਸਨੂੰ ਮਨ ਕਹਿੰਦੇ ਹੈਨ. ਏਹ ਦ੍ਰਬ ਦਾ ਸਰੂਪ, ਅਰ ਲਖਣ ਕਹਿਆ, ਹੁਣ ਗੁਣ ਦਾ ਕਥਨ ਕਰਨੇ ਹਾਂ ॥

रूपरसगन्धस्पर्शाः संख्यापरिमाणानि पृथक्त्वं संयोगविभागौ परत्वाऽपरत्वे-
बुद्धयःसुखदुःखेच्छाद्वेषौ प्रयत्नाश्च गुणाः॥ वै० ॥ अ० १ । आ० १ । सू० ६ ॥

ਰੂਪ, ਰਸਗੰਧ, ਸਪਰਸ, ਸੰਖਿਆ, (ਗੇਂਤ੍ਰੀ) ਪਰੀਮਾਣ, (ਅੰਦਾਜ਼) ਪ੍ਰਥਕਤਵ' ਵਖਰਾ ਰਹਿਣਾ, 'ਸੰਜੋਗ' ਵਿਭਾਗ' (ਮਿਲਿਆ ਹੋਇਆ ਨਾ ਹੋਣਾ)। ਪਰਤ੍ਵ (ਪਰੇਹੋਣਾ) ਅਪਰਤ੍ਵ (ਉਰੇ ਹੋਣਾ)। ਬੁਧੀ (ਗਿਆਨ) ਸੁਖ, ਦੁਖ, ਇਛਿਆ, ਦ੍ਵੇਸ, ਪ੍ਰਜਤਨ, (ਪੁਰਖਾਰਥ) ਗੁਰੁਤ੍ਵ (ਭਾਰੀਪਨ) ਦ੍ਰਵਤ੍ਵ (ਪਿਘਲਨਾ) ਸਨੇਹ, ਸੰਸਕਾਰ, ਧਰਮ, ਅਧਰਮ, ਅਰ ਸ਼ਬਦ ਏਹ ੨੪ ਚਹੁੰ ਗੁਣ ਕਹਾਂਦੇ ਹੈਨ।

द्रव्याश्रय्यगुणवान् संयोगविभागेष्वकारणमनपेक्ष इति
गुणलक्षणम् ॥ वै० ॥ अ० १ । आ० २ । सू० १६ ॥

ਗੁਣ ਓਸਨੂੰ ਕਹਿੰਦੇ ਹਨ ਕਿ ਜੋ ਦ੍ਰਬੱਦੇ ਆਸ਼ਰੇ ਰਹੇ, ਹੋਰ ਗੁਣਦਾ ਧਾਰਣ ਨਾ ਕਰੇ, ਸੰਜੋਗ ਅਰਵਿਭਾਗ ਵਿਚ ਕਾਰਣ ਨ ਹੋਵੇ। ਅਨਪੇਖਯ ਅਰਥਾਤ ਕਿਸੇ ਦੂਜੇ ਦੀ ਮੁਥਾਜੀ ਨਾ ਕਰੇ।

श्रोत्रोपलब्धिर्बुद्धिनिर्ग्राह्यः प्रयोगेणाऽभिज्वलित आकाशदेशः शब्दः ॥ महाभाष्ये ॥

ਜਿਸਦੀ ਕੰਨਾ ਕਰਕੇ ਪ੍ਰਾਪਤੀ ਹੁੰਦੀ, ਜੋ ਬੁੱਧੀ ਦ੍ਵਾਰਾ ਗ੍ਰਹਣ ਕਰਨੇ ਜੋਗ, ਅਰ ਬੋਲਣ ਕਰਕੇ ਪ੍ਰਗਟ ਹੁੰਦਾ, ਤਥਾ ਅਕਾਸ਼ ਜਿਸਦਾ ਦੇਸ਼ ਹੈ, ਉਹ ਸ਼ਬਦ ਕਹਾਂ ਦਾ ਹੈ। ਨੇਤ੍ਰ ਕਰਕੇ ਜਿਸਦਾ ਗ੍ਰਹਣ ਹੋਵੇ, ਉਹ ਰੂਪ, ਜ਼ਬਾਨ ਕਰਕੇ ਜਿਸਦਾ ਗ੍ਰਹਣ ਹੋਵੇ, ਜਿਸਤਰਾਂ (ਮਿਠਾਸਆਦੀ) ਉਹਰਸ, ਨਕੱਕਰਕੇ ਜਿਸਦਾ ਗ੍ਰਹਣ ਹੋਵੇ ਉਹ ਗੰਧ, ਤੁਚਾ ਕਰਕੇ ਜਿਸਦਾ ਗ੍ਰਹਣ ਹੋਵੇ ਉਹ ਸਪਰਸ਼, ਇਕ ਦੋ ਇਤਆਦੀ ਗੇਂਤ੍ਰੀ ਜਿਸ ਕਰਕੇ ਹੁੰਦੀ ਹੈ ਉਹ ਸੰਖਿਆ, ਜਿਸ ਕਰਕੇ ਤੋਲ ਅਰਥਾਤ ਹਲਕਾ ਭਾਰੀ ਮਲੂਮ ਹੁੰਦਾ ਹੈ ਉਹ ਪਰੀਮਾਣ, ਇਕ ਦੂਜੇ ਤੋਂ ਵਖ੍ਰਾ ਹੋਣਾ ਪ੍ਰਥਕਤ੍ਵ ਹੈ, ਇਕ ਦੂਜੇ ਦੇ ਨਾਲ ਮਿਲਣਾ ਸੰਜੋਗ ਹੈ, ਆਪਸ ਵਿਚ ਮਿਲੇ ਹੋਏ ਦੇ ਅਨੇਕ ਟੁਕੜੇ ਹੋਣਾ ਵਿਭਾਗ ਹੈ, ਏਸ ਤੋਂ ਏਹ ਪਰੇ ਹੈ ਉਹ ਪਰ, ਓਸਤੋ ਏਹ ਉਰੇ ਹੈ ਉਹ ਅਪਰ, ਜਿਸ ਕਰਕੇ ਅਛੇ ਬੁਰੇ ਦਾ ਗਿਅਨ ਹੁੰਦਾ ਹੈ ਉਹ ਬੁੱਧੀ, ਅਨੰਦ ਦਾ ਨਾਉਂ ਸੁਖ, ਕਲੇਸ਼ ਦਾ ਨਾਉਂ ਦੁਖ, ਇਛਿਆ ਦਾ ਨਾਉਂ ਰਾਗ, ਵਿਰੋਧ ਦਾ ਨਾਮ ਦ੍ਵੇਸ਼. ਅਨੇਕ ਪ੍ਰਕਾਰ ਦੇ ਬਲ ਪੁਰਖਾਰਥ ਦਾ ਨਾਂਉ ਪ੍ਰਜਤਨ, ਭਾਰੀ ਪਨ ਦਾ ਨਾਉਂ ਗੁਰੁਤ੍ਵ, ਪਘਰ ਜਾਣ ਦਾ ਨਾਉਂ ਦ੍ਰਵਤ੍ਵ ਪ੍ਰੀਤੀ ਅਰ ਚਿਕਨੇ ਪਨ

ਦਾ ਨਾਂਉ ਸਨੇਹ, ਦੂਜੇ ਦੇ ਜੋਗਕਰਕੇ ਵਾਸ਼ਨਾ ਦੇ ਹੋਣ ਦਾ ਨਾਉਂ ਸੰਸਕਾਰ, ਨਿਆਂਦੇ ਆਚਰਣ ਅਰ ਕਠਨ ਤਾ ਆਦੀ ਦਾ ਨਾਂਉ ਧਰਮ,ਅਨਿਆਂਦੇ ਆਚ-ਰਣ ਅਰ ਕਠਨਤਾ ਦੇ ਵਿਰੁਧ ਕੋਮਲਤਾ ਦਾ ਨਾਉਂ ਅਧਰਮ ਹੈ, ਏਹ ੨੪ ਚਵ੍ਹੀਗੁਣ ਹਨ ॥

उत्क्षेपणमवक्षेपणमाकुञ्चनं प्रसारणं गमनमितिकर्माणि । वै० ॥ अ०१ । आ० १ । सू० ७ ।

(ਉਤਖੇਪਣ) ਉਪਰਨੂੰ ਚੇਸ਼ਟਾ ਕਰਨਾ, (ਅਵਖੇਪਣ) ਹੇਠਾਂ ਨੂੰ ਚੇਸ਼ਟਾ ਕਰਨਾ, (ਆਕੁੰਚਨ) ਸੰਕੋਚ ਕਰਨਾ, (ਪ੍ਰਸਾਰਣ) ਫਲਾਣਾ, (ਗਮਨ) ਆਉਣਾ ਜਾਣਾ, ਭਉਣਾ ਆਦਿ ਇਨਾਂ ਨੂੰ ਕਰਮ ਕਹਿੰਦੇ ਹੈਨ। ਹੁਣ ਕਰਮ ਦਾ ਲਖੱਣ ਲਿਖਨੇ ਹਾਂ।

एकद्रव्यमगुणं संयोगविभागेष्वनपेक्षकारणमिति कर्मलक्षणम् ॥ वै० ॥अ०१। आ० १ । सू० १७ ॥

'एकन्द्रव्यमाश्रय आधारो यस्य तदेकद्रव्यं न विद्यते गुणोयस्य यस्मिन् वा तद्गुणं संयोगेषु विभगेषु चाऽपेक्षारहितं कारणंतत्कर्मलक्षणम्' 'अथवा यत् क्रियते तत्कर्म, लक्ष्यते येन तल्लक्षणम्, कर्मणो लक्षणं कर्मलक्षणम्'

ਦ੍ਰਬ ਦੇ ਆਸਰੇ ਗੁਣਾਂ ਤੋਂ ਰਹਿਤ, ਸੰਜੋਗ ਅਰ ਵਿਭਾਗ ਹੋਣ ਵਿਚ ਅਪੇਖਿਆ ਰਹਿਤ ਜੋ ਕਾਰਣ ਹੋਵੇ ਓਸਨੂੰ ਕਰਮ ਕਹੰਦੇ ਹੈਨ।

द्रव्यगुणकर्मणां द्रव्यंकारणं सामान्यम् ॥ वै० ॥ अ० १ । आ०१ । सू०१८॥

ਕਾਰਜ ਰੂਪੀ ਦ੍ਰਬ ਅਰ ਓਸਦੇ ਗੁਣ ਕਰਮਦਾ ਜੋ ਕਾਰਣ ਰੂਪੀਦ੍ਰੱਬ ਹੈ ਉਹ ਸਾਮਾਨਜ ਕਾਰਣ ਕਹਾਂਦਾ ਹੈ।

द्रव्याणां द्रव्यं कार्यं सामान्यम् ॥ वै० ॥ अ० १ । आ० १ । सू० २३ ॥

ਦ੍ਰਬਾਂ ਦਾ ਜ ਕਾਰਜ ਰੂਪੀ ਦ੍ਰਬੱ ਹੈ ਉਹ ਕਾਰਜ ਪਨਕਰਕੇ ਸਭ ਕਾਰਜ ਵਿਚ ਸਾਮਾਨਜ ਕਾਰਜ ਹੈ।

द्रव्यत्वं गुणत्वं कर्मत्वञ्च सामान्यानि विशेषाश्च ॥ वै० अ०१। आ२। सू० ५ ॥

ਦ੍ਰੱਬਾਂ ਵਿਚੱ ਦ੍ਰਬੱਪਨ, ਗੁਣਾਂ ਵਿਚ ਗੁਣਪਨ, ਕਰਮਾ ਵਿਚੱ ਕਰਮ ਪਨ, ਏਹ ਸਭ ਸਾਮਾਨਜ ਅਰਵਸ਼ੇਸ਼ ਕਹਾਂਦੇ ਹਨ, ਕਿਉਂਕਿ ਦ੍ਰੱਬਾਂ ਵਿਚੱ ਦ੍ਰਬਪਨ ਸਾਮਾਨ , ਅਰ ਗੁਣਪਨ, ਕਰਮਪਨ,ਥੀਂ ਦ੍ਰਬਪਨ ਵਸ਼ੇਸ਼ ਹੈ, ਇਸੇਤਰਾਂ ਸਰਬਤ੍ਰ ਸਮਝੋ।

सामान्यं विशेष इति बुद्ध्यपेक्षम् ॥ अ०१ । आ०२ । सू० ३ ॥

ਸਾਮਾਨਜ ਅਤ ਵਸ਼ੇਸ਼ ਬੁੱਧੀ ਦੀ ਅਪੇਖਿਆ ਕਰਕੇ ਸਿਧ ਹੁੰਦੇ ਹੈਨ ਜਿਸਤਰਾਂ ਮਨੁੱਖ ਵਜਕਤੀਆਂ ਵਿਚ ਮਨੁੱਖਪਨ ਸਾਮਾਨਜ, ਅਰਪਸ਼ੂਪਣ ਥੀਂ ਵਸ਼ੇਸ਼ ਹੈ, ਤਥਾ ਇਸਤ੍ਰੀ ਪਨ, ਅਤ ਪੁਰਸ਼ ਪਨ, ਇਨਾਂ ਵਿੱਚ ਬ੍ਰਾਹਮਣ ਪਨ, ਖਤ੍ਰੀਪਨ, ਵੈਸਪਨ, ਸ਼ੂਦਰਪਨ, ਥੀਂ ਵਸ਼ੇਸ਼ ਹੈਨ । ਬ੍ਰਾਹਮਣ ਵਜਕਤੀਆਂ ਵਿੱਚ ਬ੍ਰਾਹਮਣ ਪਨ ਸਾਮਾਨਜ, ਅਰ ਖਤ੍ਰੀ ਆਦੀ ਥੀਂ ਵਸ਼ੇਸ਼ ਹੈ । ਇਸੇਤਰਾਂ ਸਰਬਤ੍ਰ ਸਮਝੋ ।

इहेदमिति यतः कार्यकारणयोः स समवायः ॥ वै० ॥ अ० ७ । आ० २ । सू० २६ ॥

ਕਾਰਣ ਅਰਥਾਤ ਅਵੈਵਾਂ ਵਿੱਚ ਅਵੈਵੀ, ਕਾਰਜਾਂ ਵਿੱਚ ਕ੍ਰਿਆ ਕ੍ਰਿਆਵਾਂਨ, ਗੁਣ, ਗੁਣੀ, ਜਾਤੀ, ਵਜਕਤੀ, ਕਾਰਜ, ਕਾਰਣ, ਅਵੈਵ, ਅ-ਵੈਵੀ, ਇਨਾਂ ਦਾ ਨਿਤ ਸਬੰਧ ਹੋਣ ਕਰਕੇ ਸਮਵਾਇ ਸਬੰਧ ਕਹਾਂਦਾ ਹੈ । ਅਰ ਜੇਹੜਾ ਦੂਜੇ ਦ੍ਰੱਬਾਂ ਦਾ ਇਕ ਦੂਜੇ ਨਾਲ ਸਬੰਧ ਹੁੰਦਾ ਹੈ ਉਹ ਸੰਜੋਗ ਅਰ-ਥਾਤ ਅਨਿਤ ਸੰਬੰਧ ਹੈ ।

द्रव्यगुणयोः सजातीयारम्भकत्वं साधर्म्यम् ॥ वै० ॥ अ० १ । आ० १ । सू० ८ ॥

ਜੋ ਦ੍ਰੱਬ ਅਰ ਗੁਣ ਦੇਸਜਾਤੀ ਕਾਰਜ ਦਾ, ਅਰੰਭ ਹੁੰਦਾ ਹੈ ਓਸਨੂੰ ਸਾਧਰਮਜ਼, ਕਹੰਦੇ ਹਨ, ਜਿਸਤਰਾਂ ਪ੍ਰਿਥਵੀ ਵਿੱਚ ਜੜ ਪਨ ਧਰਮ ਘੜੇ ਆਦੀ ਕਾਰਜ ਵਿੱਚ ਥੀ ਹੁੰਦੇ ਹਨ; ਉਸੇਤਰਾਂ ਜਲਦਾ ਜੜਪਨ ਬਰਫ ਆਦੀ ਵਿੱਚ ਥੀ ਹੈ, ਇਸੇ ਪ੍ਰਕਾਰ ਪ੍ਰਿਥਵੀ ਜਲਦਾ ਜੜ ਪਨ ਹੋਣਾਂ ਸਾਧਰਮਤਾ ਹੈ

'द्रव्यगुणयोर्विजातीयारम्भकत्वं वैधर्म्यम्'

ਏਸ ਤੋਂ ਏਹ ਥੀ ਸਿਧ ਹੋਇਆ ਕਿ ਜੋ ਦ੍ਰੱਬ ਅਰ ਗੁਣ ਦਾ ਵਿਰੁਧ ਧਰਮ ਅਰ ਕਾਰਜ ਦਾ ਅਰੰਭ ਹੈ ਓਸਨੂੰ ਵੈ ਧਰਮ ਕਹਿੰਦੇ ਹੈਨ, ਜਿਸਤਰਾਂ ਪ੍ਰਿਥਵੀ ਵਿੱਚ ਨਿਗੱਰ ਪਨ, ਰੁਖੱਪਨ, ਗੰਧਪਨ, ਧਰਮ ਜਲ ਦੇ ਵਿਰੁਧ, ਅਰ ਜਲ ਦਾ ਵਗਣਾ, ਕੋਮਲਤਾ, ਅਰ ਰਸ ਗੁਣ, ਪ੍ਰਿਥਵੀ ਦੇ ਵਿਰੁਧ ਹੈ ।

कारणभावात्कार्यभावः ॥ वै० ॥ अ० ४ । आ० १ । सू० ३ ॥

ਕਾਰਣ ਦੇ ਹੋਣ ਕਰਕੇ ਹੀ ਕਾਰਜ ਹੁੰਦਾ ਹੈ ।

न तु कार्याभावात्कारणाभावः ॥ वै० ॥ अ० १ । आ२ । सू० २ ॥

ਕਾਰਜ ਦੇ ਅਭਾਉ ਥੀਂ ਕਾਰਣ ਦਾ ਅਭਾਉ ਨਹੀਂ ਹੁੰਦਾ ।

कारणाऽभावात्कार्याऽभावः ॥ वै० ॥ अ० १ । आ० २ । सू० १ ॥

ਕਾਰਣ ਦੇ ਨਾ ਹੋਣ ਕਰਕੇ ਕਾਰਜ ਕਦੀ ਨਹੀਂ ਹੁੰਦਾ ।

कारणगुणपूर्वकः कार्यगुणो दृष्टः ॥ वै० ॥ अ० २ । आ० १ । सू० २४ ॥

ਜਿਸਤਰਾਂ ਦੇ ਕਾਰਣ ਵਿੱਚ ਗੁਣ ਹੁੰਦੇ ਹੈਨ, ਉਹੋ ਜਹੇ ਹੀ ਕਾਰਜ ਵਿੱਚ ਹੁੰਦੇ ਹੈਨ । ਪਰੀਮਾਂਣ ਦੋ ਪ੍ਰਕਾਰ ਦਾ ਹੈ: —

अणुमहदिति तस्मिन्विशेषभावाद्विशेषाभावाच्च ॥ वै० ॥ अ०७ । आ०१ । सू०११

(ਅਣੂ) ਸੂਖਮ। (ਮਹਤ) ਵਡਾ। ਜਿਸਤਰਾਂ ਤ੍ਰਿਸਰੇਣੂ ਲੀਖ ਤੋਂ ਛੋਟਾ ਅਰ ਦ੍ਵਿਣ ਕਥੀਂ ਵਡਾ ਹੈ, ਤਥਾ ਪਹਾੜ ਪ੍ਰਿਥਵੀ ਤੋਂ ਛੋਟੇ ਅਰ ਦ੍ਰਖਤਾਂ ਕੋਲੋਂ ਵਡੇ ਹੈਨ।

सदिति यतो द्रव्यगुणकर्मसु सा सत्ता ॥ वै० ॥ अ०१ । आ०२ । सू०७ ॥

ਸਤ ਸ਼ਬਦ, ਦਾ ਜੋਗ ਦ੍ਰੱਬ, ਗੁਣ, ਅਰ ਕਰਮ, ਇੱਨਾਂ ਦੇ ਵਾਸਤੇ ਹੁੰਦਾ ਹੈ। ਜਿਸਤਰਾਂ ਸਤ ਦ੍ਰਬ (ਦ੍ਰਬਹੈ) ਸਤਗੁਣ (ਗੁਣਹੈ) ਸਤ ਕਰਮ (ਕਰਮ ਹੈ)ਅਰਥਾਤ ਵਰਤਮਾਨ ਕਾਲਵਾਚੀ ਸ਼ਬਦ ਦਾ ਜੋਗ, ਸਬਦੇ ਨਾਲ ਹੁੰਦਾ ਹੈ।

भावोऽनुवृत्तेरेव हेतुत्वात्सामान्यमेव ॥ वै० ॥ अ०१ । आ०२ । सू० ४ ॥

ਜੋ ਸਬਦੇ ਨਾਲ ਅਣੁਵਰਤਮਾਨ ਹੋਣ ਕਰਕੇ ਸਤਾਂ ਰੂਪ ਭਾਉ ਹੈ ਸੋ ਮਹਾਂ ਸਮਾਨਜ ਕਹਾਂਦਾ ਹੈ। ਏਹ ਕ੍ਰਮ ਭਾਵ ਰੂਪ ਦ੍ਰਬੱਾਂਦਾ ਹੈ। ਅਰ ਜੋ ਅਭਾਵ ਹੈ ਉਹ ਪੰਜ ਪ੍ਰਕਾਰ ਦਾ ਹੁੰਦਾ ਹੈ।

क्रियागुणव्यपदेशाभावात्प्रागसत् ॥ अ०९ । आ०१ सू०१ ॥

ਕ੍ਰਿਆ ਅਰ ਗੁਣ ਦੇ ਵਸ਼ੇਸ਼ਨ ਮਿਤ ਤੋਂ ਪਹਿਲੇ ਨਾਸੀ ਜਿਸਤਰਾਂ ਘੜਾ, ਕਪੜਾ, ਆਦੀ ਉਤਪੱਤੀ ਦੇ ਪਹਿਲੇ ਨਾਂ ਸੈਨ ਏਸ ਦਾ ਨਾਉਂ ਪ੍ਰਾਕ ਭਾਵ॥ ਦੂਜਾ—

सदसत् ॥ वै० ॥ अ०९ । आ०१ सू० २ ॥

ਜੋ ਹੋਕੇ ਨਾ ਰਹੇ, ਜਿਸਤਰਾਂ ਘੜਾ ਉਤਪੰਨ ਹੋਕੇ ਨਸ਼ਟ ਹੋਜਾਵੇ ਏਹ ਪ੍ਰਧ੍ਵੰਸਾ ਭਾਵ ਕਹਾਂਦਾ ਹੈ॥ ਤੀਜਾ:—

सच्चासत् ॥ वै० । अ०९ । आ० १ । सू० ४ ।

ਜੇਹੜਾ ਹੋਵੇ ਅਰ ਨਾ ਹੋਵੇ, ਜਿਸਤਰਾਂ ਏਹ ਘੋੜਾ ਗਊ ਨਹੀਂ, ਅਰ ਗਊ ਘੋੜਾ ਨਹੀਂ, ਅਰਥਾਤ ਘੋੜੇ ਵਿਚ ਗਊਦਾ, ਅਰ ਗਊ ਵਿਚ ਘੋੜੇ ਦਾ ਅਭਾਵ ਅਰ ਗਊ ਵਿਚ ਗਊ, ਘੋੜੇ ਵਿਚ ਘੋੜੇ ਦਾ ਭਾਵ ਹੈ ਇਹ ਅਨਜੋਅਨਜਾ ਭਾਵ ਕਹਾਂਦਾ ਹੈ। ਚੌਥਾ:—

यच्चान्यदसदतस्तदसत् ॥ वै० ॥ अ० ९ । । आ० १ । सू० ५ ॥

ਜੇਹੜਾ ਉਪਰ ਕਹੇ ਤਿਨੱਾਂ ਅਭਾਵਾਂ ਥੀ ਭਿੰਨ ਹੈ ਓਸ ਨੂੰ ਅਤੱਯੰਤ ਭਾਵ ਕਹਿੰਦੇ ਹਨ, ਜਿਸਤਰਾਂ ਮਨੁੱਖ ਦੇ ਸਿੰਗ, ਅਕਾਸ਼ ਦੇ ਫੁਲ, ਅਰ ਸੰਢ ਇਸਤ੍ਰੀ ਦਾ ਪੁਤ੍ਰ, ਇਤਆਦੀ॥ ਪੰਜਵਾਂ:—

नास्ति घटो गेहे इति सतो घटस्य गेहसंसर्गप्रतिषेधः । वै० । अ०९ । आ० १ । सू०१०

ਘਰ ਵਿਚ ਘੜਾ ਨਹੀਂ ਅਰਥਾਤ ਹੋਰ ਜਗਹਿ ਹੈ, ਘਰ ਦੇ ਨਾਲ ਘੜੇ ਦਾ ਸੰਬੰਧ ਨਹੀ ਹੈ, ਏਹ ਪੰਜ ਅਭਾਉ ਕਹਾਂਦੇ ਹਨ:—

इन्द्रियदोषात्संस्कारदोषाच्चाविद्या । वै० । अ०९ । आ०२ । सू०११॥

ਇੰਦ੍ਰੀਆਂ ਅਰ ਸੰਸਕਾਰ ਦੇ ਦੋਸ਼ ਥੀਂ ਅਵਿਦਯਾ ਉਤਪੰਨ ਹੁੰਦੀ ਹੈ ॥

तद्दुष्टज्ञानम् । वै० अ०९ ॥ आ०२ ॥ सू० ११ ॥

ਜੋ ਦੁਸ਼ਟ ਅਰਥਾਤ ਉਲਟਾ ਗਿਆਂਨ ਹੈ ਓਸਨੂੰ ਅਵਿਦਯਾ ਕਹਿੰਦੇ ਹਨ

अदुष्टं विद्या ॥ वै० । अ० ९ आ० २ सू० १२

ਜੋ ਅਦੁਸ਼ਟ ਅਰਥਾਤ ਜਥਾਰਥ ਗਿਆਨ ਹੈ ਓਸਨੂੰ ਵਿਦਯਾ ਕਹਿੰਦੇਹਨ

पृ । रूपरसगन्धस्पर्शा द्रव्यानित्यत्वादनित्याश्च ॥ वै०अ० ७ आ०१ सू० २

एतेन नित्येषु नित्यत्वमुक्तम् वै० अ० ७ आ० १ सू० ३

ਜੋ ਕਾਰਜ ਰੂਪੀ ਪ੍ਰਿਥ੍ਵੀ ਆਦੀ ਪਦਾਰਥ ਅਰ ਉਨ੍ਹਾਂ ਦੇ ਰੂਪ, ਰਸ, ਗੰਧ, ਸਪਰਸ਼ ਗੁਣ ਹਨ ਏਹ ਸਭ ਦ੍ਰੱਬਾਂ ਦੇ ਅਨਿਤੱ ਹੋਣ ਕਰਕੇ ਅਨਿਤੱ ਹਨ, ਅਰ ਜੋ ਕਾਰਨ ਰੂਪੀ ਪ੍ਰਿਥ੍ਵੀ ਆਦੀ ਨਿਤੱ ਦ੍ਰੱਬਾਂ ਵਿਚ ਗੰਧ ਆਦੀ ਗੁਣ ਹਨ ਉਹ ਨਿੱਤ ਹਨ ॥

सदकारणवन्नित्यम् ॥ वै० ॥ अ० ४ आ० १ सू० १

ਜੋ ਵਿਦਮਾਨ ਹੋਵੇ ਅਰ ਜਿਸਦਾ ਕਾਰਣ ਕੋਈ ਥੀ ਨਾਂ ਹੋਵੇ ਉਹ ਨਿਤ੍ਯ ਹੈ ॥ ਅਰਥਾਤ

'सत्कारणवदनित्यम्'

ਜੋ ਕਾਰਣ ਵਾਲੇ ਕਾਰਜ ਰੂਪੀ ਗੁਣ ਹਨ ਉਹ ਨਿਤ ਕਹਾਂਦੇ ਹਨ ॥

अस्येदं कार्यं कारणं संयोगि विरोधि समवायि चेति लैङ्गिकम् ॥ वै० ॥ अ० ९ । आ०२ । सू० १॥

ਏਸਦਾ ਏਹ ਕਾਰਜ ਜਾਂ ਕਾਰਣ ਹੈ, ਇਤਆਦੀ ਸਮਵਾਇ, ਸੰਜੋਗੀ, ਏਕਾਰਥਸਮਵਾਇ, ਅਰ ਵਿਰੋਧੀ, ਏਹ ਚਾਰ ਪ੍ਰਕਾਰ ਦਾ ਲਿੰਗਕ, ਅਰਥਾਤ ਲਿੰਗ ਲਿੰਗੀ ਦੇ ਸੰਬੰਧ ਥੀਂ ਗਿਆਂਨ ਹੁੰਦਾ ਹੈ। ਸਮਵਾਇ ਜਿਸਤਰਾਂ ਅਕਾਸ਼ ਪਰੀਮਾਣ ਵਾਲਾ ਹੈ। 'ਸੰਜੋਗੀ' ਜਿਸਤਰਾਂ ਸ਼ਰੀਰ ਤੁਚਾ ਵਾਲਾ ਹੈ,ਇਤਆਦੀ ਦਾ ਨਿਤੱ ਸੰਜੋਗ ਹੈ ॥ 'ਏਕਾਰਥ ਸਮਵਾਇ' ਇਕ ਅਰਥ ਵਿਚ ਦੁਹਾਂ ਦਾ ਰਹਿਣਾਂ,ਜਿਸਤਰਾਂ ਕਾਰਜ ਰੂਪੀ ਸਪਰਸ਼ ਕਾਰਜ ਦਾ ਲਿੰਗ ਅਰਥਾਤ ਦਸਾਣ ਵਾਲਾ ਹੈ, 'ਵਿਰੋਧ' ਜਿਸਤਰਾਂ ਹੋਈ ਬ੍ਰਿਸ਼ਟੀ ਹੋਣ ਵਾਲੀ ਬ੍ਰਿਸ਼ਟੀ ਦਾ ਵਰੋਧੀ ਲਿੰਗ ਹੈ 'ਵਿਜਾਪਤੀ':—

नियतधर्मसाहित्यमुभयोरेकतरस्य वा व्याप्तिः ॥ निजशक्त्युद्भवमित्याचार्याः ॥
आधेयशक्तियोग इति पञ्चशिखः ॥ सांख्य० ॥ अ० ५ । सू० २९ । ३१ । ३२ ॥

ਜੋ ਦੋਨੋਂ ਸਾਧਯ, ਸਾਧਨ, ਅਰਥਾਤ ਸਿਧ ਕਰਨੇ ਜੋਗ, ਅਰ ਜਿਸ ਥੀਂ ਸਿਧ ਕੀਤਾ ਜਾਵੇ ਉਨਾਂ ਦੁਹਾਂ ਅਥਵਾ ਇਕ ਸਾਧਨ ਮਾਤ੍ਰ ਦੇ ਨਿਸਚਿਤ ਧਰਮ ਦਾ ਜੋ ਸਹਿਚਾਰੀ ਹੈ, ਉਸੇ ਨੂੰ ਵਿਆਪਤੀ ਕਹਿੰਦੇ ਹੈਂਨ, ਜਸ ਤਰਾਂ ਧੂਆਂ ਅਰ ਅਗ ਸਹਿਚਾਰੀ ਹੈਂਨ, ਤਥਾ 'ਵਯਾਪਯ' ਜੋ ਧੂਆਂ ਹੈ ਉਹ ਅਗਦੀ ਨਿਜ ਸ਼ਕਤੀ ਥੀਂ ਉਤਪੰਨ ਹੁੰਦਾ ਹੈ ਅਰ ਜਦ ਉਹ ਦੇਸ਼ਾਂਤ੍ਰ ਵਿਚ ਦੂਰ ਚਲਿਆ ਜਾਂਦਾ ਹੈ ਤਾਂ ਉੱਥੇ ਬਗੈਰ ਅਗਦੇ ਯੋਗਦੇ ਬੀ ਆਪ ਰਹਿੰਦਾ ਹੈ, ਇਸੇ ਦਾ ਨਾਉਂ ਵਯਾਪਤੀ ਹੈ. ਅਰਥਾਤ ਅਗੱਦੇ ਛੇਦਨ, ਭੇਦਨ, ਸਮ੍ਰਥਾ ਕਰਕੇ ਜਲ ਆਦੀ ਪਦਾਰਥ ਧੂੰਮ ਰੂਪ ਪ੍ਰਗਟ ਹੁੰਦੇ ਹੈਂਨ. ਜਿਸਤਰਾਂ ਮਹਿਤਤ ਆਦੀ ਵਿਚ ਪ੍ਰਕ੍ਰਿਤਿਆਦੀ ਦੀ ਵਯਾਪਕਤਾ ਬੁਧੀ ਆਦੀ ਵਿਚ ਵਿਆਪਤਾ ਧਰਮ ਦੇ ਸੰਬੰਧ ਦਾ ਨਾਉਂ ਵਿਆਪਤੀ ਹੈ. ਜਿਸਤਰਾਂ ਸ਼ਕਤੀ ਅਧੇਯ ਰੂਪ, ਅਰ ਸ਼ਕਤੀਮਾਂਨ ਅਧਾਰ ਰੂਪ ਦਾ ਸਬੰਧ ਹੈ, ਇਤਆਦੀ ਸਾਸਤ੍ਰਾਂ ਦੇ ਪ੍ਰਮਾਂਣ ਆਦੀ ਦ੍ਵਾਰਾ ਪ੍ਰੀਖਿਆ ਕਰਕੇ ਪੜ੍ਹਨ ਅਰ ਪੜ੍ਹਾਂਨ, ਨਹੀਂ ਤਾਂ ਵਿਦਿਆਰਥੀਆਂ ਨੂੰ ਸਚੱਾ ਬੋਧ ਕਦੀ ਨਹੀਂ ਹੋ ਸਕਦਾ, ਜਿਸ ਜਿਸ ਗ੍ਰੰਥ ਨੂੰ ਪੜ੍ਹਾਨ ਓਸ ਓਸਦੀ ਉਪੱਰ ਲਿਖੀ ਰੀਤ ਨਾਲ ਪ੍ਰੀਖਿਆ ਕਰ ਲੈਂਨ. ਜੋ ਸਚੇ ਨਿਕਲਨ ਉਹ ਉਹ ਗ੍ਰੰਥ ਪੜ੍ਹਾਂਨ. ਜੋ ਜੋ ਗ੍ਰੰਥ ਇਨਾਂ ਪ੍ਰੀਖਿਆਂ ਤੋਂ ਵਿਰੁਧ ਹੋਂਨ ਉਨਾਂ ਉਨਾਂ ਗ੍ਰੰਥਾਂ ਨੂੰ ਨਾ ਪੜ੍ਹਨ ਨਾ ਪੜ੍ਹਾਂਨ ਕਿਉਂਕਿ:—

'लक्षणप्रमाणाभ्यां वस्तुसिद्धिः'

ਜਿਸਤਰਾਂ ਨਾਲ ਕਿ 'ਗੰਧਵਤੀ ਪ੍ਰਿਥਵੀ' ਜੋ ਪ੍ਰਿਥਵੀ ਹੈ ਉਹ ਗੰਧ ਵਾਲੀ ਹੈ, ਅਜਹੇ ਲਖੱਣ ਅਰ ਪ੍ਰਤਖ ਆਦੀ ਪ੍ਰਮਾਂਣ ਇਨ੍ਹਾਂ ਕਰਕੇ ਸਭ ਸਤ ਅਸਤ ਅਰ ਪਦਾਰਥਾਂ ਦਾ ਨਿਰਣੇ ਹੋ ਜਾਂਦਾ ਹੈ ਏਸਦੇ ਬਗੈਰ ਕੁਝ ਬੀ ਨਹੀਂ ਹੁੰਦਾ ॥

## ਪਠਨ ਪਾਠਨ ਵਿਧੀ

ਸਭ ਤੋਂ ਪਹਲੋਂ ਪਾਣਿਨੀ ਮੁਨੀ ਕ੍ਰਿਤ ਸਿਖਿਆ ਜੋ ਸੂਤ੍ਰ ਰੂਪ ਹੈ. ਓਸ ਦੀ ਰੀਤ ਸਿਖਾਂਨ ਅਰਥਾਤ ਏਸ ਅਖੱਰਦਾ ਏਹ ਸਥਾਂਨ, ਏਹ ਪ੍ਰਜਤਨ. ਅਰ ਏਹ ਕਾਰਨ ਹੈ ਜੀਕਣ 'ਧ'(ਪ)ਦਾ ਹੋਠ ਸਥਾਨ, ਸ਼ਿਪ੍ਰਿਸ਼ਟ. ਪ੍ਰਜਤਨ, ਅਰ ਪ੍ਰਾਂਣ ਤਥਾ ਜਬਾਂਨ ਦੀ ਕ੍ਰਿਆ ਕਰਨੀ ਕਰਣ ਕਹਾਂਦਾ ਹੈ, ਇਸ ਪ੍ਰਕਾਰ ਜਥਾ ਜੋਗ ਸਭ ਅਖਰਾਂ ਦਾ ਉਚਾਰਣ ਮਾਂ. ਪਿਉ, ਅਰ ਗੁਰ, ਸਿਖਾਂਨ, ਏਸ ਤੋਂ ਪਿਛੋਂ ਵਿਆਕਰਣ ਪੜ੍ਹਾਨ ਅਰਥਾਤ ਪਹਲੋਂ ਅਸ਼ਟਾ ਧਿਆਈ ਦੇ ਸੂਤ੍ਰਾਂ ਦਾ ਪਾਠ ਜੀਕਣ:– 'वृद्धिरादैच्' ਫੇਰ ਪਦ ਛੇਦ ਜੀਕਣ ਬ੍ਰਿੱਧੀ ਆਤ,

ਅਈਚ, ਵਾ ਆਦਈਚ, ਫੇਰ ਸਮਾਸ 'ਆਚ, ਅਈਚ' ਆਦਈਚ ਅਰ ਅਰਥ ਜੀਕਣ:-

'आदैचांबृद्धिसंज्ञाक्रियते'

ਅਰਥਾਤ, ਆ,ਏ,ਔ, ਦੀ ਬ੍ਰਿੱਧੀ ਸੰਗਿਆ ਹੈ।

'तः परीयस्मात्सतपरस्तादपिपरस्तपरः'

ਤਕਾਰ ਜਿਸ ਥੀਂ ਪਰੇ ਅਰ ਜੋ ਤਕਾਰ ਥੀਂ ਬੀ ਪਰੇ ਹੋਵੇ ਉਹ ਤਪਰ ਅਖਾਂਦਾ ਹੈ, ਇਸ ਤੋਂ ਕੀ ਸਿਧ ਹੋਇਆ ਕਿ ਜੋ ਅਕਾਰ ਥੀਂ ਪਰੇ ਤ ਅਰ ਤ ਥੀਂ ਪਰੇ ਏਚ ਦੋਏ ਤਪਰ ਹਨ, ਤਪਰ ਦਾ ਪ੍ਰੋਜਨ ਏਹ ਹੈ ਕਿ ਹ੍ਰਸ੍ਵ ਅਰ ਪਲੁਤ ਦੀ ਬ੍ਰਿੱਧੀ ਸੰਗਿਆ ਨਾ ਹੋਈ ਉਦਾਹਰਣ(भागः) ਏਥੇ 'भज' ਧਾਤੂ ਥੀਂ 'घञ' ਪ੍ਰਤੈ ਦੇ ਪਰੇ ਘਞ ਦੀ ਇਤ ਸੰਗਿਆ ਹੋਕੇ ਲੋਪ ਹੋਗਿਆ, ਪਿਛੋਂ "भजअ' ਏਥੇ ਜਕਾਰ ਦੇ ਪੂਰਥ ਭਕਾਰ ਉਤ੍ਰ ਅਕਾਰ ਨੂੰ ਬ੍ਰਿੱਧੀ ਸੰਗਕ ਅਕਾਰ ਹੋ ਗਿਆ ਤਾਂ 'भाज' ਫੇਰ 'ज' ਨੂੰ ਗ ਹੋ ਅਕਾਰ ਦੇ ਨਾਲ ਮਿਲਕੇ 'भागः' ਏਹ ਪਰਜੋਗ ਹੋਇਆ॥

'अध्यायः' ਏਥੇ ਅਧੀ ਪੂਰਵਕ 'इङ्' ਧਾਤੂ ਦੇ ਹ੍ਰਸ੍ਵ 'इ' ਦੇ ਸਥਾਨ ਵਿਚ 'घञ' ਪ੍ਰਤੈ ਦੇ ਪਰੇ 'ऐ' ਬ੍ਰਿੱਧੀ ਅਰ ਓਸਨੂੰ 'आय्' ਹੋ ਮਿਲਕੇ 'अध्याय' 'नायकः' ਏਥੇ 'नीञ्' ਧਾਤੂ ਦੇ ਦੀਰਘ ਈਕਾਰ ਦੇ ਸਥਾਨ ਵਿਚ 'ण्वुल' ਪ੍ਰਤੈ ਦੇ ਪਰੇ 'ऐ' ਬ੍ਰਿੱਧੀ ਅਰ ਓਸਨੂੰ 'आय्' ਹੋ ਮਿਲਕੇ 'अध्याय' 'नायक' ਏਥੇ ਨੀਞ ਧਾਤੂ ਦੇ ਦੀਰਘ ਈਕਾਰ ਦੇ ਸਥਾਂਨ ਵਿਚ 'ण्वुल' ਪ੍ਰਤੈ ਦੇ ਪਰੇ 'ऐ' ਬ੍ਰਿੱਧੀ ਅਰ ਓਸਨੂੰ 'आय्' ਹੋਕੇ ਮਿਲਕੇ 'नायक' ਅਰ 'स्तावकः' ਏਥੇ 'स्तु' ਧਾਤੂ ਥੀਂ 'ण्वुल' ਪ੍ਰਤੈ ਹੋਕੇ ਹ੍ਰਸ੍ਵ ਉਕਾਰ ਦੇ ਸਥਾਨਵਿਚ 'औ' ਬ੍ਰਿੱਧੀ 'आव' ਆਦੇਸ਼ ਹੋਕੇ ਅਕਾਰ ਵਿਚ ਮਿਲਗਿਆਤਾਂ 'स्तावकः' (कृञ) ਧਾਤੂ ਥੀਂ ਅਗੇ 'ण्वुल' 'ण्' ਦੀ ਇਤ ਸੰਗਿਆ ਹੋਕੇ ਲੋਪ 'वु' ਦੇ ਸਥਾਂਨ ਵਿਚ ਇਕ ਅਦੇਸ਼ ਅਰ 'ऋकार' ਦੇ ਸਥਾਂਨ ਵਿਚ 'आर' ਬ੍ਰਿਧੀ ਹੋਕੇ 'कारक' ਸਿਧ ਹੋਇਆ।

ਜੋ ਜੋ ਸੂਤ੍ਰ ਅੱਗੇ ਪਿਛੋਂ ਦੇ ਪ੍ਰਜੋਗ ਵਿਚ ਲਗਨ ਉਨਾਂ ਦਾ ਕਾਰਜ ਸਭ ਦਸਿਆ ਜਾਵੇ, ਅਰ ਸਲੇਟ ਅਥਵਾ ਲਕੜੀ ਦੀ ਪੱਟੀ ਉੱਤੇ ਵਿਖਾ ੨ ਕੇ ਕਚੋਂ ਰੂਪ ਧਰ ਕੇ ਜੀਕਣ:-'भज+घञ्+सु' ਇਸ ਪ੍ਰਕਾਰ ਧਰਕੇ ਪਹਲਾਂ ਅਕਾਰ ਦਾ ਲੋਪ,ਪਿਛੋਂ ਘਕਾਰ ਦਾ ਫੇਰ ञ+ਦਾ ਲੋਪ ਹੋਕੇ'भज+अ+सु' ਇਸਤਰਾਂ ਰਿਹਾ। ਫੇਰ 'ज' ਦੇ ਸਥਾਂਨ ਵਿਚ 'ग' ਹੋਣ ਕਰਕੇ'भाग+अ+सु' ਫੇਰ ਅਕਾਰ ਵਿਚ ਮਿਲ ਜਾਣ ਕਰਕੇ 'भाग सु' ਰਿਹਾ। ਹੁਣ ਉਕਾਰ ਦੀ ਇਤ ਸੰਗਿਆ 'स' ਦੇ ਸਥਾਂਨ ਵਿਚ 'रु' ਹੋਕੇ ਫੇਰ ਉਕਾਰ ਦੀ ਇਤ

ਸੰਗਿਆ ਲੋਪ ਹੋ ਜਾਣ ਕਰਕੇ ਪਸਚਾਤ 'ਆਗਰ' ਏਹ ਰਿਹਾ । ਹੁਣ 'ਰਕ' ਦੇ ਸਥਾਨ ਵਿਚ (:) ਵਿਸਰਜਨੀਯ ਹੋਕੇ 'ਆਗ:' ਏਹ ਰੂਪ ਸਿਧ ਹੋਇਆ ॥

ਜਿਸ ੨ ਸੂਤ੍ਰ ਕਰਕੇ ਜੋ ੨ ਕਾਰਜ ਹੁੰਦਾ ਹੈ ਓਸ ੨ ਨੂੰ ਪੜ੍ਹ ਪੜ੍ਹਾਕੇ ਅਰ ਲਿਖਵਾਕੇ ਕਾਰਜ ਕਰਦਾ ਜਾਵ, ਇਸ ਪ੍ਰਕਾਰ ਪੜ੍ਹਨ ਪੜ੍ਹਾਨ ਨਾਲ ਬਹੁਤ ਜਲਦੀ ਪਕਾ ਬੋਧ ਹੁੰਦਾ ਹੈ,ਇਕ ਵਾਰੀ ਇਸੇ ਪ੍ਰਕਾਰ ਅਸ਼ਟਾ ਧਿਆਈ ਪੜ੍ਹਾਕੇ ਧਾਤੂ ਪਾਠ ਅਰਥ ਨਾਲ ਅਰ ਦਸ ਲਕਾਰਾਂ ਦੇ ਰੂਪ ਤਥਾ ਪ੍ਰਕ੍ਰਿਆ ਸਮੇਤ ਸੂਤ੍ਰ ਦੇ ਉਤਸਰਗ ਅਰਥਾਤ ਸਮਾਨ ਸੂਤ੍ਰ ਜੀਕਣ:- 'कर्मण्यण्' ਕਰਮ ਉਪ ਪਦ ਲਗਿਆ ਹੋਵੇ ਤਾਂ ਧਾਤੂ ਮਾਤ੍ਰ ਥੀਂ 'अण्' ਪ੍ਰਤੈ ਹੋਵੇ, ਜੀਕਣ 'कुम्भकार:' ਪਿਛੋਂ ਅਪਵਾਦ ਸੂਤ੍ਰ ਜੀਕਣ:- 'आतोनुपसर्गे कः' ਉਪਸਰਗ ਭਿੰਨ ਕਰਮ ਉਪ ਪਦ ਲਗਿਆ ਹੋਵੇ ਤਾਂ ਅਕਾਰਾਂਤ ਧਾਤੂ ਥੀਂ 'क' ਪ੍ਰਤੈ ਹਵੇ ਅਰਥਾਤ ਜੋ ਬਹੁ ਵਿਆਪਕ ਜਿਸਤਰਾਂ ਨਾਲ ਕਿ ਕਰਮ ਉਪ ਪਦ ਲਗਿਆ ਹੋਵੇ ਤਾਂ ਸਭ ਧਾਤੂਆਂ ਥੀਂ 'अण्' ਪ੍ਰਾਪਤ ਹੁੰਦਾ ਹੈ, ਓਸ ਤੋਂ ਵਸ਼ੇਸ਼ ਅਰਥਾਤ ਅਲਪ ਵਿਸ਼ੇ ਉਸ ਪਹਲੇ ਸੂਤ੍ਰ ਦੇ ਵਿਸ਼ੇ ਵਿਚੋਂ ਅਕਾਰਾਂਤ ਧਾਤੂ ਨੂੰ 'क' ਪ੍ਰਤੈ ਨੈ ਗਹਣ ਕਰ ਲੀਤਾ,ਜੀਕਣ ਉਤ ਸਰਗ ਦੇ ਵਿਸ਼ੇ ਵਿਚ ਅਪਵਾਦ ਸੂਤ੍ਰ ਦੀ ਪਰ ਵਿਰਤੀ ਹੁੰਦੀ ਹੈ, ਉਕਣ ਅਪਵਾਦ ਸੂਤ੍ਰ ਦੇ ਵਿਸ਼ੇ ਵਿਚ ਉਤ ਸਰਗ ਸੂਤ੍ਰ ਦੀ ਪਰਵਿਰਤੀ ਨਹੀਂ ਹੁੰਦੀ, ਜੀਕਣ ਚਕ੍ਰ ਵਰਤੀ ਰਾਜਾ ਦੇ ਰਾਜ ਵਿਚ ਮਾਂਡਲਿਕ, ਹੋਰ ਨਾਂ ਪ੍ਰਿਥਵੀ ਵਾਲਿਆਂ ਦੀ ਪਰਵਿਰਤੀ ਹੁੰਦੀ ਹੈ, ਉਸੇ ਤਰਾਂ ਮਾਂਡਲਿਕ ਰਾਜਾ ਆਦੀ ਦੇ ਰਾਜ ਵਿਚ ਚਕ੍ਰ ਵਰਤੀ ਦੀ ਪਰਬ੍ਰਿਤੀ ਨਹੀ ਹੋਂਦੀ। ਇਸੇ ਪ੍ਰਕਾਰ ਪਾਨਿਨੀ ਮਹ ਰਿਖੀ ਨੈ ਇਕ ਹਜਾਰ ਸ਼ਲੋਕਾਂ ਵਿੱਚ ਸੰਪੂਰਣ ਸਬਦ, ਅਰਥ, ਅਰ ਸੰਬੰਧਾਂ ਦੀ ਵਿਦਿਆ ਕਹਿਦਿੱਤੀ ਹੈ। ਧਾਤੂ ਦੇ ਪਿੱਛੋਂ ਉਣਾਦਿ ਗਣ ਦੇ ਪੜ੍ਹਾਣ ਵਿਚ ਸਰਬਸੁਬੰਤ ਦਾ ਵਿਸ਼ਾ ਚੰਗੀ ਤਰਾਂ ਪੜ੍ਹਾਕੇ ਫਿਰ ਦੂਜੀ ਵਾਰ ਸ਼ੰਕਾ, ਸਮਾਧਾਨ, ਵਾਰਤਿਕ, ਕਾਰਿਕਾ, ਪਰੀ ਭਾਸ਼ਾ,ਦੀ ਘਟਨਾ ਸਮੇਤ ਅਸ਼ਟਾਧਿਆਈ ਦੀ ਦੂਜੀ ਅਨੁਬ੍ਰਿਤੀ ਪੜ੍ਹਾਨ, ਏਸ ਤੋਂ ਪਿੱਛੇ ਮਹਾਭਾਸ਼ ਪੜ੍ਹਾਨ, ਜੋ ਬੁਧਿਵਾਨ, ਪੁਰਸ਼ਾਰਥੀ, ਨਿਸ਼ਕਪਟੀ, ਵਿਦਿਆ ਬ੍ਰਿੱਧੀ ਦੇ ਚਾਹਿਣ ਵਾਲੇਨਿਤ ਪੜ੍ਹਨ, ਪੜ੍ਹਨ ਤਾਂ ਡੇਢ ਵਰਹੇ ਵਿਚ ਅਸ਼ਟਾ ਧਿਆਈ ਅਰ ਡੇਢ ਵਰਹੇ ਵਿਚ ਮਹਾਂ ਭਾਸ਼ ਪੜ੍ਹਕੇ ਤਿੰਨਾ ਵਰੇਹਾਂ ਵਿਚ ਪੂਰੇ ਵਿਆਕਰਣੀ ਹੋਕੇ ਵੈਦਕ, ਅਰ ਲਉਕਿਕ ਸ਼ਬਦਾਂ ਦਾ ਤਥਾ ਵਿਆਕਰਣ ਦ੍ਵਾਰਾ ਹੋਰ ਸਾਸਤ੍ਰਾਂ ਨੂੰ, ਜਲਦੀ ਸਹਿਜ ਨਾਲ ਪੜ੍ਹ ਪੜ੍ਹਾ ਸਕਦੇ ਹਨ,ਕਿੰਤੂ ਜਿਨਾ ਵਡਾ ਜਤਨ ਵਿਆਕਰਣ ਵਿਚ ਹੋਂਦਾ ਹੈ ਉੱਨਾ ਜਤਨ ਹੋਰਨਾਂ ਸ਼ਾਸਤ੍ਰਾਂ ਵਿਚ ਕਰਨਾਂ ਨਹੀਂ ਪੈਂਦਾ, ਅਰ ਜਿੰਨਾਂ ਬੋਧ ਇਨਾਂ ਦੇ ਪੜ੍ਹਨ ਨਾਲ ਤਿੰਨਾ ਵਰੇ ਹਾਂ ਵਿਚ ਹੋਂਦਾ ਹੈ ਉਨੇਂ ਬੋਧ ਖੋਟੇ ਗ੍ਰੰਥ ਅਰਥਾਤ ਸਾਰਸ੍ਵਤ,

ਚੰਦ੍ਰਕਾ, ਕੌਮਦੀ, ਮਨੋਰਮਾ, ਆਦੀ ਦੇ ਪੜਨ ਨਾਲ ਪੰਜਾਂਹ ਵਰੇਹਾਂ ਵਿਚ ਬੀ ਨਹੀ ਹੋ ਸਕਦਾ, ਕਿਉਂਕਿ ਜੋ ਮਹਾਸ਼ੇ ਮਹਾਂ ਰਿਖੀ ਲੋਗਾਂ ਨੇ ਸਹਜ ਨਾਲ ਮਹਾਂ ਵਿਸ਼ਾ ਅਪਣੇ ਗ੍ਰੰਥਾਂ ਵਿਚ ਪ੍ਰਕਾਸ਼ਤ ਕੀਤਾ ਹੈ ਉਹੋ ਜੇਹਾ ਇਨਾਂ ਨੀਚ ਆਸ਼ੇ ਵਾਲੇ ਮਨੱਖਾਂ ਕਲਪਤ ਗ੍ਰੰਥਾਂ ਵਿਚ ਕੀਕਣ ਹੋ ਸਕਦਾ ਹੈ, ਮਹਾਂ ਰਿਖੀ ਲੋਗਾਂ ਦਾ ਆਸ਼ਾ ਜਿੱਥੋਂ ਤਿਕ ਹੋ ਸਕੇ ਉੱਥੋਂ ਤਿਕ ਸੌਖਾ, ਅਰ ਜਿਸਦੇ ਗ੍ਰਹਣ ਵਿਚ ਸਮਾਂ ਥੋੜਾ ਲਗੇ ਏਸ ਪ੍ਰਕਾਰ ਦਾ ਹੁੰਦਾ ਹੈ, ਨੀਚ ਆਸੇ ਲੋਗਾਂ ਦਾ ਖਿਆਲ ਅਜੇਹਾ ਹੋਂਦਾ ਹੈ ਕਿ ਜਿੱਥੋਂ ਤਿਕ ਬਣੇ ਉੱਥੋਂ ਤਿਕ ਕਠਨ ਰਚਨਾ ਕਰਨੀ, ਜਿਸਨੂੰ ਬੜੇ ਜਤਨ ਨਾਲ ਪੜਕੇ ਥੋੜਾ ਲਾਭ ਹੋਵੇ। ਜਿਸਤਰਾਂ ਪ-ਹਾੜ ਦਾ ਪੁਟਣਾ ਅਤੇ ਕੌਡੀ ਦਾ ਲਭਣਾ। ਅਰ ਰਿਸ਼ੀ ਆਂਦੇ ਗ੍ਰੰਥਾਂ ਦਾ ਪ-ੜ੍ਹਨਾ ਏਸ ਤਰਾਂ ਦਾ ਹੈ ਕਿ ਇਕ ਟੁੱਬੀ ਲਾਣੀ ਅਤੇ ਮੁਲਵਾਲੇ ਮੋਤੀਆਂ ਦਾ ਲਭਣਾਂ, ਵਿਆ ਕਰਣ ਨੂੰ ਪੜ੍ਹਕੇ ਯਾਸਕ ਮੁਨੀ ਕ੍ਰਿਤ ਨਿਘੰਟੂ, ਅਰ ਨਿਰੁਕਤ, ਛੀਆਂ ਜਾਂ ਅੱਠਾਂ ਮਹੀਨਿਆਂ ਵਿਚ ਅਰਥ ਸਹਿਤ ਪੜ੍ਹਨ ਅਰ ਪੜ੍ਹਾਨ। ਦੂਜੇ ਨਾਸਤਿਕ ਦੇ ਰਚੇ ਹੋਏ ਅਮਰਕੋਸ਼ ਆਦੀ ਦੇ ਪੜ੍ਹਨ ਪੜ੍ਹਾਨ ਵਿਚ ਅਨੇਕ ਵਰਹੇ ਵਿਅਰਥ ਨਾ ਖੋਨ। ਓਸ ਤੋਂ ਪਿੱਛੋਂ ਪਿੰਗਲ ਆਚਾਰਜ ਕ੍ਰਿਤ 'ਛੰਦੋ ਗ੍ਰੰਥ' ਜਿਸ ਕਰਕੇ ਵੈਦਕ ਲੌਕਿਕ ਛੰਦਾਂ ਦਾ ਪੂਰਾ ਗਿਆਂਨ, ਨਵੀਂ ਰਚਨਾਂ, ਅਰ ਸ਼ਲੋਕ ਬਣਾਣ ਦੀ ਰੀਤੀ ਬੀ ਠੀਕ ਠੀਕ ਸਿਖੱਨ, ਏਸ ਗ੍ਰੰਥ ਅਰ ਸ਼ਲੋਂਕਾ ਦੀ ਰਚਨਾ ਤਥਾ ਪ੍ਰਸਤਾਰ ਨੂੰ ਚਹੁੰ ਮਹੀਨਿਆਂ ਵਿਚ ਪੜ੍ਹ ਪੜ੍ਹਾ ਸਕਦੇ ਹਨ, ਅਰ ਬ੍ਰਿਤਰਤਨਾਕਰ ਆਦੀ ਥੋੜੀ ਬੁਧੀ ਵਾਲਿਆਂ ਦੇ ਬਣਾਏ ਹੋਏ ਗ੍ਰੰਥਾਂ ਵਿਚ ਅਨੇਕ ਵਰਹੇ ਨ ਖੋਨ। ਫੇਰ ਮਨੂ ਸਿਮ੍ਰਿਤੀ, ਬਾਲ-ਮੀਕੀ ਰਮਾਇਣ, ਅਰ ਮਹਾਂ ਭਾਰਥ ਦੇ ਉਦਜੋਗ ਪਰਥ ਤਰ ਗਤ ਵਿਦੁਰ ਨੀਤੀ ਆਦੀ ਚੰਗੇ ਚੰਗੇ ਪ੍ਰਕਰਣ ਜਿਨਾਂ ਕਰਕੈ ਖੋਟੇ ਠਰਕ ਦੂਰ ਹੋਂਨ, ਅਰ ਉਤਮਤਾ, ਸਭੱਤਾ ਪ੍ਰਾਪਤ ਹੋਵੇ, ਇਸੇ ਨੂੰ ਕਵਤਾ ਦੀ ਰੀਤੀ ਨਾਲ ਅਰਥਾਤ ਪਦ ਛੇਦ, ਪਦਾਰਥ ਉਕਤੀ, ਅਨ੍ਵਯ, ਵਸ਼ੇਸ਼, ਵਸ਼ੇਸ਼ਣ, ਅਰ ਭਾਵ ਅਰਥ ਨੂੰ ਪੜਾਨ ਵਾਲੇ ਦਸੱਨ, ਅਰ ਵਿਦਿਆਰਥੀ ਲੋਗ ਸਿਖਦੇ ਜਾਂਨ, ਇਨਾਂ ਨੂੰ ਵਰਹੇ ਦੇ ਅੰਦਰ ਪੜ੍ਹ ਲੈਂਨ। ਏਸ ਤੋਂ ਪਿੱਛੇ ਪੂਰਬ ਮੀਂਮਾਸਾ, ਵਈਸ਼ੇਸ਼ਕ ਨਿਆਇ, ਯੋਗ, ਸਾਂਖ, ਅਰ ਵੇਦਾਂਤ ਅਰਥਾਤ ਜਿਥੋ ਤਿਕ ਹੋ ਸੱਕੇ ਉਥੋਂ ਤਿਕ ਰਿਖੀਆਂ ਦੀ ਕੀਤੀ ਹੋਈ ਵਿਆਖਿਆ ਨਾਲ ਅਥਵਾ ਉੱਤਮ ਵਿਦਵਾਨਾਂ ਦੀ ਸਰਲ ਵਿਆਖਿਆ ਸਹਿਤ ਛਿਆਂ ਸ਼ਾਸਤ੍ਰਾਂ ਨੂੰ ਪੜ੍ਹਨ, ਪੜ੍ਹਾਨ, ਪ੍ਰੰਤੂ ਵੇਦਾਂਤ ਸੂਤ੍ਰਾਂ ਦੇ ਪੜ੍ਹਨ ਤੋਂ ਪਹਿਲੇ ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕ, ਅਈਤਰੇਯ, ਤਈਤਰੀਯ, ਛਾਂਦੋਗਯ, ਅਰ ਬ੍ਰਿਹਦਾਰਣਕ ਇਨਾਂ ਦਸਾਂ ਉ-ਪਨਿਖਦਾਂ ਨੂੰ ਪੜ੍ਹਕੇ ਛਿਆਂ ਸ਼ਾਸਤਰਾਂ ਦੇ ਭਾਸ਼ ਬ੍ਰਿਤੀ ਸਹਿਤ ਸੂਤ੍ਰਾਂ ਨੂੰ ਦੋਹਾਂ ਵਰਿਹਾਂ ਵਿਚ ਪੜਾਂਨ, ਅਰ ਪੜ੍ਹ ਲੈਨ। ਪਿਛੋਂ ਛਿਆਂ ਵਰੇਹਾਂ

ਦੇ ਅੰਦਰ ਚਾਰੇ ਬ੍ਰਾਹਮਣ,ਦੇ ਅਰਥਾਤ ਅਈਤ੍ਰੇਯ, ਸ਼ਤਪਥ, ਸਾਮ, ਅਰਗੋ ਪਥ,ਇਨਾਂ ਬ੍ਰਾਮਣ ਗ੍ਰੰਥਾਂ ਸਹਿਤ ਚਹੁਾਂ ਵੇਦਾਂ ਦੇ ਸ੍ਵਰ, ਸ਼ਬਦ, ਅਰਥ, ਸੰਬੰਧ,ਤਥਾ ਕ੍ਰਿਆ ਸਹਤ ਪੜਨਾ ਜੋਗ ਹੈ,ਏਸ ਵਿਚ ਪ੍ਰਮਾਂਣ ਇਹ ਹੈ।

स्थाणुरयं भारहारः किलाभूदधीत्य वेदं न विजानाति योऽर्थम्। योऽर्थज्ञ
इत्सकलं भद्रमश्नुते नाकमेति ज्ञानविधूतपाप्मा॥ निरु०। १। १८॥

ਏਹ ਨਿਰੁਕਤ ਵਿਚ ਮੰਤ੍ਰ ਲਿਖਿਆ ਹੈ,ਜੇਹਿੜਾ ਵੇਦ ਦੇ ਸ੍ਵਰ ਅਰ ਪਾਠ ਮਾਤ੍ਰ ਨੂੰ ਪੜ੍ਹਕੇ ਅਰਥ ਨੂੰ ਨਹੀਂ ਜਾਣਦਾ ਉਹ ਜਿਸਤਰਾਂ ਰੁਖ, ਡਾਲੀ, ਪੱਤੇ ਫਲ,ਫੁਲ,ਅਰ ਹੋਰ ਪਸ਼ੂ, ਅਨਾਜ ਆਦੀ ਦਾ ਭਾਰ ਉਠਾਂਦਾ ਹੈ,ਉਕਣ ਭਾਰ ਵਾਹਾ ਅਰਥਾਤ ਪਾਂਡੀ ਹੈ। ਅਰ ਜੋ ਵੇਦ ਨੂੰ ਪੜ੍ਹਦਾ ਅਰ ਉਨਾਂ ਦਾ ਜਥਾਵਤ ਅਰਥ ਜਾਣਦਾ ਹੈ ਉਹ ਸੰਪੂਰਣ ਅਨੰਦ ਨੂੰ ਪ੍ਰਾਪਤ ਹੋਕੇ ਮਰਨ ਤੋਂ ਪਿੱਛੇ ਗਿਆਂਨ ਕਰਕੇ ਪਾਪਾਂ ਨੂੰ ਛਡਕੇ ਪਵਿਤ੍ਰ ਧਰਮਾ ਚਰਣ ਦੇ ਪ੍ਰਤਾਪ ਨਾਲ ਸਰਬ ਅਨੰਦ ਨੂੰ ਪ੍ਰਾਪਤ ਹੋਂਦਾ ਹੈ।

उत त्वः पश्यन्न ददर्श वाचमुत त्वः शृण्वन्न शृणोत्येनाम्। उतो त्वस्मै तन्वं१ विसस्रे
जायेव पत्य उशती सुवासाः॥ ऋ०। मं० १०। सू० ७१। मं० ४॥

ਜੋ ਅਵਿਦਵਾਂਨ ਹਨ ਉਹ ਸੁਣਦੇ ਹੋਏ ਨਹੀਂ ਸੁਣਦੇ। ਵੇਖਦੇ ਹੋਏ ਨਹੀਂ ਵੇਖਦੇ। ਬੋਲਦੇ ਹੋਏ ਨਹੀਂ ਬੋਲਦੇ, ਅਰਥਾਤ ਅਵਿਦਵਾਂਨ ਲੋਗ ਏਸ ਵਿਦਿਆ ਬਾਣੀ ਦੇ ਗੂੜ ਅਰਥ ਨੂੰ ਨਹੀ ਜਾਣ ਸਕਦੇ, ਕਿੰਤੂ ਜੇਹਿੜਾ ਸ਼ਬਦ ਅਰਥ, ਅਤੇ ਸਬੰਧ ਦਾ ਜਾਣਨ ਵਾਲਾ ਹੈ ਓਸਦੇ ਵਾਸਤੇ ਵਿਦਿਆ, ਜੀਕਣ ਸੁੰਦਰ ਕਪੜੇ ਗਹਿਣੇ ਪਾਏ ਹੋਏ ਅਪਣੇ ਖਾਂਵਦ ਦੀ ਕਾਂਮਣਾ ਕਰਦੀ ਹੋਈ ਇਸਤ੍ਰੀ ਅਪਣੇ ਸ਼ਰੀਰ ਅਰ ਸਰੂਪ ਦਾ ਪ੍ਰਕਾਸ਼ ਖਾਂਵਦ ਦੇ ਸਾਮਣੇ ਕਰਦੀ ਹੈ ਉਸੇ ਤਰਾਂ ਵਿਦਿਆ ਵਿਦਵਾਂਨ ਦੇ ਵਾਸਤੇ ਆਪਣੇ ਸਰੂਪ ਦਾ ਪ੍ਰਕਾਸ਼ ਕਰਦੀ ਹੈ, ਅਵਿਦਵਾਨਾਂ ਦੇ ਵਾਸਤੇ ਨਹੀ।

ऋचो अक्षरे परमे व्योमन् यस्मिन्देवा अधिविश्वे निषेदुः। यस्तन्न वेद किमृचा क-
रिष्यति य इत्तद्विदुस्त इमेसमासते॥ ऋ०॥ मं० १। सू० १६४। मं० ३९॥

ਜਿਸ ਵਿਆਪਕ, ਅਬਨਾਸ਼ੀ, ਸਾਰਿਆਂ ਨਾਲੋਂ ਵੱਡੇ ਪ੍ਰਮੇਸ਼੍ਵਰ ਵਿਚ

ਸਭ ਵਿਦਵਾਂਨ ਅਰ ਪ੍ਰਿਥਵੀ ਸੂਰਜ ਆਦੀ ਸਭ ਲੋਗ ਇਸਥਿਤ ਹਨ । ਕਿ ਜਿਸ ਵਿਚ ਸਭ ਵੇਦਾਂ ਦਾ ਮੁਖ ਤਾਤ ਪਰਜ ਹੈ, ਓਸ ਬ੍ਰਹਮ ਨੂੰ ਜੋ ਨਹੀ ਜਾਂਣਦਾ ਉਹ ਰਿਗਵੇਦ ਆਦੀ ਥੀਂ ਕੀ ਕੁਝ ਸੁਖ ਨੂੰ ਪ੍ਰਾਪਤ ਹੋ ਸਕਦਾ ਹੈ ਨਹੀ ਨਹੀ ਕਿੰਤੂ ਜੇਹਿੜੇ ਵੇਦਾਂ ਨੂੰ ਪੜ੍ਹਕੇ ਧਰਮਾਤਮਾਂ ਜੋਗੀ ਹੋਕੇ ਓਸ ਬ੍ਰਹਮ ਨੂੰ ਜਾਣਦੇ ਹਨ ਉਹ ਸਭ ਪ੍ਰਮੇਸ਼ੁਰ ਵਿਚ ਇਸਥਿਤ ਹੋਕੇ ਮੁਕਤੀ ਰੂਪੀ ਪਰਮਾਨੰਦ ਨੂੰ ਪ੍ਰਾਪਤ ਹੋਂਦੇ ਹਨ, ਏਸ ਲਈ ਜੋ ਕੁਝ ਪੜ੍ਹਨਾ ਜਾਂ ਪੜ੍ਹਾਨਾ ਹੋਵੇ ਉਹ ਅਰਥ ਗਿਆਂਨ ਸਹਿਤ ਚਾਹੀਏ । ਏਸ ਪ੍ਰਕਾਰ ਸਭ ਵੇਦਾਂ ਨੂੰ ਪੜ੍ਹਕੇ ਆਯੁਰਵੇਦ ਅਰਥਾਤ ਜੋ ਚਰਕ, ਸੁਸ਼੍ਰੁਤ ਆਦੀ ਰਿਖੀ ਮੁਨੀ ਕ੍ਰਿਤ ਵੈਦਕ ਸ਼ਾਸਤ੍ਰ ਹਨ ਉਨਾਂ ਨੂੰ ਅਰਥ, ਕ੍ਰਿਆ, ਸ਼ਸਤ੍ਰ ਛੇਦਨ, ਭੇਦਨ, ਲੇਪ, ਚਿਕਿਤਸਾ, ਨਿਦਾਂਨ, ਅਉਖਦ, ਪਥਜ, ਸ਼ਰੀਰ, ਦੇਸ਼, ਕਾਲ, ਅਰ ਵਸਤੂ ਦੇ ਗੁਣ, ਗਿਆਂਨ ਪੂਰਬਕ ਚਹੁੰ ਵਰਿਹਾਂ ਦੇ ਅੰਦਰ ਪੜ੍ਹਨ ਪੜ੍ਹਾਂਨ, ਏਸ ਤੋਂ ਪਿਛੋਂ ਧਨੁਰਵੇਦ ਅਰਥਾਤ ਜੋ ਰਾਜ ਸਬੰਧੀ ਕੰਮ ਕਰਨਾ ਹੈ, ਏਸ ਦੇ ਦੋ ਭੇਦ ਹਨ, ਇਕ ਨਿਜ ਰਾਜ ਪੁਰਖ ਸਬੰਧੀ, ਅਰ ਦੂਜਾ ਪਰਜਾ ਸਬੰਧੀ ਹੁੰਦਾ ਹੈ, ਰਾਜ ਕਾਰਜ ਵਿਚ ਸਭ ਸੈਨਾਂ ਦੇ ਅਧਜਖਜ, ਸ਼ਸਤ੍ਰ, ਅਸਤ੍ਰ, ਵਿਦਿਆ, ਨਾਨਾਂ ਪ੍ਰਕਾਰ ਦੇ ਵਯੂਹਾਂ ਦਾ ਅਭਿਆਸ, ਅਰਥਾਤ ਜਿਸਨੂੰ ਅਜ ਕਲ ਕਵਾਇਦ ਕਹਿੰਦੇ ਹਨ, ਜੋ ਕਿ ਸ਼ਤ੍ਰੂਆਂ ਨਾਲ ਲੜਾਈ ਦੇ ਸਮੇਂ ਵਿਚ ਕ੍ਰਿਆ ਕਰਨੀ ਹੁੰਦੀ ਹੈ, ਉਨਾਂ ਨੂੰ ਜਥਾ ਵਤ ਸਿਖੱਨ, ਅਰ ਜੋ ਜੋ ਪ੍ਰਜਾ ਦੇ ਪਾਲਣੇ ਅਰ ਬ੍ਰਿੱਧੀ ਕਰਨੇ ਦਾ ਪ੍ਰਕਾਰ ਹੈ ਉਨਾਂ ਨੂੰ ਸਿਖਕੇ ਨਿਆਂਇ ਪੂਰਬਕ ਸਭ ਪਰਜਾ ਨੂੰ ਪਰਸੰਨ ਰੱਖਨ, ਦੁਸ਼ਟਾਂ ਨੂੰ ਜਥਾ ਜੋਗ ਡੰਡ, ਸਰੇਸ਼ਟਾਂ ਦੇ ਪਾਲਣ ਦਾ ਪ੍ਰਕਾਰ ਸਭ ਪ੍ਰਕਾਰ ਸਿਖ ਲੈਨ, ਏਸ ਰਾਜ ਵਿਦਯਾ ਨੂੰ ਦੋ ਦੋ ਵਰਿਹਾਂ ਵਿਚ ਸਿਖਕੇ ਗੰਧਰਬ ਵੇਦ, ਕਿ ਜਿਸ ਨੂੰ ਗਾਂਨ ਵਿਦਿਆ ਕਹਿੰਦੇ ਹਨ ਓਸ ਵਿਚ ਸੁਰ, ਰਾਗ, ਰਾਗਣੀ, ਸਮੇਂ, ਤਾਲ, ਗ੍ਰਾਂਮ, ਤਾਂਨ, ਵਾਦਿਤ੍ਰ, ਨਿਰਤ, ਗੀਤ, ਆਦੀ ਨੂੰ ਜਥਾਵਤ ਸਿਖੱਨ, ਪ੍ਰੰਤੂ ਮੁਖ ਕਰਕੇ ਸਾਂਮ ਵੇਦ ਦਾ ਗਾਉਣਾ ਵਾਦਿਤ੍ਰ (ਵਾਜੇ) ਵਜਾਣੇ ਕਰਕੇ ਸਿਖੱਨ, ਅਰ ਨਾਰਦ ਸੰਘਤਾ ਆਦੀ ਜੋ ਜੋ ਆਰਿਖ ਗ੍ਰੰਥ ਹੈਨ ਉਨਾਂ ਨੂੰ ਪੜ੍ਹਨ, ਪ੍ਰੰਤੂ ਭੜੂਏ, ਬੇਸਵਾ, ਅਰ ਵਿਸ਼ੇਆਸਕਤੀ ਕਾਰਕ ਬਿਰਾਗੀਆਂ ਦੇ ਖੋਤੇ ਦੀ ਅਵਾਜ ਵਰਗੇ, ਵਿਅਰਥ ਅਲਾਪ ਕਦੀ ਨਾ ਕਰਨ, 'ਅਰਥ ਵੇਦ' ਕਿ ਜਿਸ ਨੂੰ ਸਿਲਪ ਵਿਦਿਆ ਕਹਿੰਦੇ ਹਨ ਓਸ ਨੂੰ ਪਦਾਰਥ ਗੁਣ, ਵਿਗਿਆਨ, ਕ੍ਰਿਆ, ਕਉਸ਼ਲ, ਤਰਾਂ ਤਰਾਂ ਨਾਲ ਪਦਾਰਥਾਂ ਦਾ ਬਣਾ-ਣਾ, ਪ੍ਰਿਥਵੀ ਤੋਂ ਲੈਕੇ ਅਕਾਸ਼ ਤਿਕ ਦੀ ਵਿਦਿਆ ਨੂੰ ਜਥਾਵਤ ਸਿਖਕੇ ਅਰਥ ਅਰਥਾਤ ਜੋ ਈਸ੍ਵਰਜ ਨੂੰ ਵਧਾਣਵਾਲੀ ਹੈ, ਓਸ ਵਿਦਿਆ ਨੂੰ ਸਿਖਕੇ ਦੋਹਾਂ ਵਰੇਹਾਂ ਵਿਚ ਜੋਜਤਸ਼ ਸ਼ਾਸਤ੍ਰ, ਸੂਰਜ ਸਿੱਧਾਂਤ, ਆਦੀ ਜਿਸ ਵਿਚ ਬੀਜ ਗਣਿਤ, ਅੰਕ, ਭੂਗੋਲ, ਖਗੋਲ, ਅਰ ਭੂਗਰ ਭਵਿਦਿਆ ਹੈ, ਏਸ ਨੂੰ

ਜਥਾਵਤ ਸਿਖੱਨ, ਤਿਸ ਤੋਂ ਪਿਛੋਂ ਸਭ ਪ੍ਰਕਾਰ ਦੀ ਕਾਰਾਗਰੀ, ਜੈਤ੍ਰਕਲਾ ਆਦੀ ਨੂੰ ਸਿੱਖਨ, ਪ੍ਰੰਤੂ ਜਿਨੇਂ ਗ੍ਰਹ, ਨਖਤ੍ਰ ਜਨਮਪਤ੍ਰ, ਰਾਸ, ਮਹੂਰਤ ਦੇ ਫਲ ਦੇ ਵਧਾਇਕ ਗ੍ਰੰਥ ਹਨ ਉਨਾਂ ਨੂੰ ਝੂਠ ਸਮਝਕੇ ਕਦੀ ਨਾ ਪੜ੍ਹਨ, ਅਰ ਪੜ੍ਹਾਨ, ਅਜੇਹਾ ਪ੍ਰਜਤਨ ਪੜ੍ਹਨ ਅਰ ਪੜ੍ਹਾਨ ਵਾਲੇ ਕਰਨ, ਕਿ ਜਿਸ ਨਾਲ ਵੀਹ ਜਾਂ ਇੱਕੀ ਵਰਿਹਾਂ ਦੇ ਅੰਦਰ ਸਾਰੀ ਵਿਦਿਆ ਉਤਮ ਸਿਖਿਆ, ਪ੍ਰਾਪਤ ਹੋਕੇ ਸਨੁਖ ਲੋਗ ਕ੍ਰਿਤਜ ਕ੍ਰਿਤਜ ਹੋਕੇ ਸਦਾ ਅਨੰਦ ਵਿਚ ਰਹਿਨ, ਜਿੱਨੀ ਵਿਦਯਾ ਏਸ ਰੀਤੀ ਨਾਲ ਵੀਹਾਂ ਜਾਂ ਇੱਕੀਆਂ ਵਰਿਹਾਂ ਵਿਚ ਹੋ ਸ਼ਕਦੀ ਹੈ ਉੱਨੀ ਹੋਰ ਤਰਾਂ ਨਾਲ ਸੌਵ ਰਿਹਾਂ ਵਿਚ ਬੀ ਨਹੀਂ ਹੋਸਕਦੀ ॥ ਰਿਖੀਆਂ ਦੇ ਬਣਾਏ ਹੋਏ ਗ੍ਰੰਥਾਂ ਨੂੰ ਏਸ ਲਈ ਪੜ੍ਹਨਾ ਚਾਹੀਏ ਕਿ ਉਹ ਬੜੇ ਵਿਦਵਾਂਨ, ਸਭਨਾਂ ਸ਼ਾਸਤ੍ਰਾਂ ਦੇ ਜਾਨਣ ਵਾਲੇ, ਅਰ ਧਰਮਾਤਮਾ ਸੈਨ, ਅਰ ਅਨਾਰਿਸ਼ ਅਰਥਾਤ ਜੋ ਥੋੜ੍ਹਾ ਸ਼ਾਸਤ੍ਰ ਪੜ੍ਹੇ ਹਨ,ਅਰ ਜਿਨਾਂ ਦਾ ਆਤ-ਮਾ ਪਖਪਾਤ੍ਰ ਸਹਿਤ ਹੈ, ਉਨਾਂ ਦੇ ਬਣਾਏ ਗ੍ਰੰਥ ਬੀ ਉਹੋ ਜੇਹੇ ਹਨ, ਪੂਰਬ ਮੀਮਾਂਸਾ ਉੱਤੇ ਵਿਆਸ ਮੁਨੀ ਕ੍ਰਿਤ ਵਿਆਖਿਆ, ਵਈਸ਼ੇਸ਼ਕਉੱਤੇ ਗਊਤਮ ਮੁਨੀਕ੍ਰਿਤ ਨਿਆਇ ਸੂਤ ਉੱਤੇ ਵਾਤਸਾਇਣ ਮੁਨੀ ਕ੍ਰਿਤਭਾਸ਼, ਪਤੰਜਲੀ ਮੁਨੀ ਕ੍ਰਿਤ ਸੂਤ੍ਰਾਂ ਉੱਤੇ ਵਿਆਸ ਮੁਨੀ ਕ੍ਰਿਤਭਾਸ, ਕਪਲ ਮੁਨੀ ਕ੍ਰਿਤ ਸਾਂਖ ਸੂਤ੍ਰ ਉੱਤੇ ਭਾਗਉਰੀਮੁਨੀ ਕ੍ਰਿਤਭਾਸ਼, ਵਿਆਸਮੁਨਿ ਕ੍ਰਿਤ ਵੇਦਾਂਤ ਸੂਤ੍ਰ ਉੱਤੇ ਵਾਤਸਾਇਣ ਮੁਨੀ ਕ੍ਰਿਤ ਭਾਸ਼,ਅਥਵਾ ਬੋਧਾਇਣਮੁਨੀ ਕ੍ਰਿਤ ਭਾਸ਼ ਬ੍ਰਿੱਤੀ ਸਹਿਤ ਪੜ੍ਹਨ ਪੜ੍ਹਾਨ, ਇਤਆਦੀ ਸੂਤ੍ਰਾਂ ਨੂੰ ਕਲਪ ਅੰਗ ਵਿਚ ਬੀ ਗਿਣ-ਨਾ ਚਾਹੀਏ, ਜੀਕਣ ਰਿਗ, ਯਜੁ, ਸਾਮ, ਅਰ ਅਥਰਬ, ਚਾਰ ਵੇਦ ਈਸ਼੍ਵਰ ਕ੍ਰਿਤ ਹਨ, ਊਕਣ ਅਈਤ੍ਰੇਯ, ਸ਼ਤਪਥ, ਸਾਮ, ਅਰਗੋਪਥ, ਚਾਰੇ ਬ੍ਰਾਹਮਣ, ਸਿਖਿਆ, ਕਲਪ, ਵਿਆਕਰਣ, ਨਿਘੰਟੂ, ਨਿਰੁਕਤ, ਛੰਦ,ਅਰ ਜਯੋਤਸ਼, ਛੀ ਵੇਦਾਂ ਦੇ ਅੰਗ, ਮੀਮਾਂਸਾ ਆਦੀ ਛੇ ਸ਼ਾਸਤ੍ਰ, 'ਵੇਦਾਂ ਦੇ ਉਪਾਂਗ'ਆਯੁਰ ਵੇਦ, ਧਨੁਰਵੇਦ, ਗੰਧਰਬਵੇਦ, ਅਰ ਅਰਥਵੇਦ,ਏਹ ਚਾਰਵੇਦਾਂ ਦੇ ਉਪਵੇਦ ਇਤਆਦੀ ਸਭ ਰਿਖੀ ਮੁਨੀਆਂ ਦੇ ਬਣਾ ਹੋਏ ਗ੍ਰੰਥ ਹਨ, ਇਨਾਂ ਵਿਚ ਬੀ ਜੋ ਜੋ ਵੇਦ ਵਿਰੁਧ ਮਲੂੰਮ ਹੋਵੇ ਓਸ ਓਸ ਨੂੰ ਛਡ ਦੇਣਾ, ਕਿਉਂਕਿ ਵੇਦ ਈਸ਼੍ਵਰ ਕ੍ਰਿਤ ਹੋਣ ਕਰਕੇ ਨਿਰਭ੍ਰਾਂਤ ਸ੍ਵਤ:ਪ੍ਰਮਾਣ, ਅਰਥਾਤ ਵੇਦਾਂ ਦਾ ਪ੍ਰਮਾਣ ਵੇਦ ਨਾਲ ਹੀ ਹੁੰਦਾ ਹੈ, ਬ੍ਰਾਹਮਣ ਆਦੀ ਸਭ ਗ੍ਰੰਥ ਪ੍ਰਤ:ਪ੍ਰਮਾਣ, ਅਰਥਾਤ ਇਨਾਂ ਦਾ ਪ੍ਰਮਾਣ ਵੇਦ ਦੇ ਅਧੀਨ ਹੈ,ਵੇਦ ਦੀ ਵਸ਼ੇਸ਼ ਵਿਆਖਿਆ ਰਿਗਵੇਦ ਆਦੀ ਭਾਸ਼ ਭੂਮਕਾ ਵਿਚ ਵੇਖਲੌ, ਅਰ ਏਸ ਗ੍ਰੰਥ ਵਿਚ ਬੀ ਅਗੇਂ ਲਿਖਾਂਗੇ ਹੁਣ ਜੇਹਿੜੇ ਤਿਆਗਣ ਦੇ ਜੋਗ ਗ੍ਰੰਥ ਹਨ ਉਨ੍ਹਾਂ ਦੀ ਗਿਣਤ੍ਰੀ ਸੰਖੇਪ ਨਾਲ ਕੀਤੀ ਜਾਂਦੀ ਹੈ, ਅਰਥਾਤ ਜੋ ਗ੍ਰੰਥ ਹੇਠਾਂ ਲਿਖਾਂਗੇ ਉਹ ਉਹ ਜਾਲ ਗ੍ਰੰਥ ਸਮਝਣੇ ਚਾਹੀਏ, ਵਿਆਕਰਣ ਵਿਚ ਕਾਤੰਤ੍ਰ, ਸਾਰਸ੍ਵਤ,

ਚੰਦ੍ਰਕਾ, ਮਗਧਬੋਧ, ਕਉਮਦੀ, ਸੇਖਰ, ਮਨੋਰਮਾਂ ਆਦੀ, ਕੋਸ਼ ਵਿਚ ਅਮ੍ਰ ਕੋਸ਼ ਆਦੀ, ਛੰਦੋ ਗ੍ਰੰਥ ਵਿਚ ਬ੍ਰਿਤਰਤਨਾਕਰ ਆਦੀ, ਸਿਖਿਆ ਵਿਚ 'ਅਥ ਸਿਖਿਆਂ ਪ੍ਰਵਖ੍ਯਾਮੀ ਪਾਣਿਨੀਯੰਮਤੰਅਥਾ' ਇਤਆਦੀ, ਜੋਤਸ਼ ਵਿਚ ਸ਼ੀਘ੍ਰਬੋਧ, ਮਹੂਰਤਚਿੰਤਾਮਣੀ ਆਦੀ, ਕਵਤਾ ਵਿਚ ਨਾਯਕਾ ਭੇਦ, ਕੁਵਲੇ ਆਨੰਦ, ਰਘੂਵੰਸ਼, ਮਾਘ, ਕ੍ਰਿਤ ਆਰਜਨੀਯਾਂ ਆਦਿ, ਮੀਮਾਂਸਾ ਵਿਚ ਧਰਮ ਸਿੰਧੂ, ਬ੍ਰਤਾਰਕ ਆਦੀ, ਵਈਸ਼ੇਸ਼ਕ ਵਿਚ ਤਰਕਸੰਗ੍ਰਹ ਆਦੀ, ਨਿਆ ਵਿਚ ਜਗਦੀਸ਼ੀ ਆਦੀ, ਯੋਗ ਵਿਚ ਹਠ ਪ੍ਰਦੀ ਪਕਾ ਆਦੀ, ਸਾਂਖਯ ਵਿਚ ਸਾਂਖਯ ਤਤ੍ਰ ਕੋਮਦੀ ਆਦੀ, ਵੇਦਾਂਤ ਵਿਚ ਯੋਗਵਸ਼ਿਸ਼ਟ, ਪੰਚਦਸ਼ੀ ਆਦੀ, ਵੈਦਕ ਵਿਚ ਸ਼ਾਰੰਗਧਰ ਆਦੀ, ਸਿਮ੍ਰਿਤੀਯਾਂ ਵਿਚ ਇਕ ਮਨੂੰ ਸਿਮ੍ਰਿਤੀ, ਉਹਦੇ ਬੀ ਬਣਾਉਟੀ ਸ਼ਲੋਕ, ਹੋਰ ਸਭ ਸਿਮ੍ਰਤੀਯਾਂ, ਸਾਰੇ ਤੰਤ੍ਰ ਗ੍ਰੰਥ, ਪੁਰਾਣ, ਸਾਰੇ ਉਪਪੁਰਾਣ, ਤੁਲਸੀ ਦਾਸ ਕ੍ਰਿਤ ਭਾਖਾਰਮਾਇਣ ਰੁਕਮਣੀਮੰਗਲਆਦੀ, ਹੋਰ ਸਭ ਭਾਖਾ ਦੇ ਗ੍ਰੰਥ, ਏਹ ਸਭ ਕਪੋਲ ਕਲਪਤ ਮਿਥਿਆ ਗ੍ਰੰਥ ਹਨ (ਪ੍ਰਸ਼ਨ) ਕੀ ਇਨਾਂ ਗ੍ਰੰਥਾਂ ਵਿਚ ਕੁਝ ਬੀ ਸਤ ਨਹੀਂ। (ਉਤ੍ਰ) ਥੋੜਾ ਸਤ ਤਾਂ ਹੈ ਪ੍ਰੰਤੂ ਏਸ ਦੇ ਨਾਲ ਬਹੁਤਸਾਰਾ ਅਸਤ ਬੀ ਹੈ, ਏਸ ਲਈ ਜਿਸਤਰਾਂ ਅਤੀ ਉੱਤਮ ਅਨ੍ਨ ਜ਼ੈਹਰ ਨਾਲ ਮਲਿਆ ਹੋਣ ਕਰਕੇ ਛਡੱਣ ਦੇ ਜੋਗ ਹੁੰਦਾ ਹੈ, ਉਕਣ ਏਹ ਗ੍ਰੰਥ ਹਨ ॥ (ਪ੍ਰਸ਼ਨ) ਕੀ ਤੁਸੀ ਪੁਰਾਣ, ਇਤੀਹਾਸ ਨੂੰ ਨਹੀਂ ਮਨਦੇ, (ਉਤ੍ਰ) ਹਾਂ ਮਨਦੇ ਹਾਂ ਪ੍ਰੰਤੂ ਸਤ ਨੂੰ, ਝੂਠ ਨੂੰ ਨਹੀਂ, (ਪ੍ਰਸ਼ਨ) ਕੌਉਣ ਸਤ ਅਰ ਕੌਣ ਮਿਥਿਆ ਹੈ (ਉਤ੍ਰ)

'ब्राह्मणानीतिहासान् पुराणानि कल्पान् गाथा नाराशंसीरिति'

ਏਹ ਗ੍ਰਿਹਯ ਸੂਤ੍ਰਾਦੀ ਦਾ ਬਚਨ ਹੈ, ਜੋ ਅਈਤ੍ਰੇਯ, ਸ਼ਤਪਥ, ਆਦੀ ਬ੍ਰਾਮਣ ਲਿਖ ਆਏ ਹਾਂ ਉਨਾਂ ਦੇ ਹੀ ਇਤੀਹਾਸ, ਪੁਰਾਂਣ, ਕਲਪ, ਗਾਥਾ, ਅਰ ਨਾਰਾਸ਼ੰਸੀ ਪੰਜ ਨਾਂਉ ਹਨ, ਸ਼੍ਰੀਮਦਭਾਗਵਤ ਆਦੀ ਦਾ ਨਾਂਉ ਪੁਰਾਣ ਨਹੀ। (ਪ੍ਰਸ਼ਨ) ਜੋ ਤਿਆਗਣੇ ਜੋਗ ਗ੍ਰੰਥਾਂ ਵਿਚ ਸਤ ਹੈ ਓਸਦਾ ਗ੍ਰਹਣ ਕਿਉ ਨਹੀਂ ਕਰਦੇ (ਉੱਤਰ) ਜੋ ਜੋ ਉਨਾਂ ਵਿਚ ਸਤ ਹੈ ਸੋ ਸੋ ਵੇਦ ਆਦੀ ਸਤ ਸ਼ਾਸਤ੍ਰਾਂ ਦਾ ਹੈ। ਅਰ ਜੋ ਮਿਥਿਆ ਹੈ ਉਹ ਉਨਾਂ ਦੇ ਘਰ ਦਾ ਹੈ, ਵੇਦਾਦੀ ਸਤ ਸ਼ਾਸਤ੍ਰਾਂ ਦੇ ਸ੍ਵੀਕਾਰ ਕਰਨ ਵਿਚ ਸੰਪੂਰਣ ਸਤ ਦਾ ਗ੍ਰਹਿਣ ਹੋ ਜਾਂਦਾ ਹੈ, ਜੋ ਕੋਈ ਇਨਾਂ ਮਿਥਿਆ ਗ੍ਰੰਥਾਂ ਵਿੱਚੋਂ ਸਤ ਦਾ ਗ੍ਰਹਿਣ ਕਰਨਾ ਚਾਹੇ ਤਾਂ ਮਿਥਿਆ ਬੀ ਓਸਦੇ ਗਲ ਲਗੱ ਜਾਵੇ, ਏਸ ਲਈ।

'असत्यमिश्रं सत्यं दूरतस्त्याज्यमिति'

ਅਸਤ ਨਾਲ ਮਿਲੇ ਹੋਏ ਗ੍ਰੰਥ ਦੇ ਸਤ ਨੂੰ ਬੀ ਉਕਣ ਛਡ ਦੇਣਾ ਚਾਹੀਏ, ਜੀਕਣ ਜ਼ੈ ਹਿਰਦੇ ਨਾਲ ਮਿਲੇ ਹੋਏ ਅਨ੍ਨ ਨੂੰ (ਪ੍ਰਸ਼ਨ) ਤੁਹਾਡਾ

ਮਤ ਕੀ ਹੈ (ਉਤਰ) ਵੇਦ, ਅਰਥਾਤ ਜੋ ਜੋ ਵੇਦ ਵਿਚ ਕਰਨ, ਅਰ ਛਡੱਣ ਦੀ ਸਿਖਿਆ ਕੀਤੀ ਹੈ। ਓਸ ਓਸਦਾ ਅਸੀ ਜਥਾ ਵਤ ਕਰਨਾ ਛਡਣਾ ਮਨ-ਦੇ ਹਾਂ,ਵੇਦ ਨੂੰ ਅਸੀ ਮਨਦੇ ਹਾਂ ਏਸ ਥੀਂ ਸਾਡਾ ਮਤ ਵੇਦ ਹੈ, ਈਕਣ ਮਨ ਕੇ ਸਭ ਸਨੁੱਖਾਂ ਨੂੰ,ਵਸ਼ੇਸ ਕਰਕੇ ਆਰਯਾਂ ਲੋਕਾਂ ਨੂੰ ਇਕ ਮੱਤ ਹੋਕੇ ਰਹਿਣਾ ਚਾਹੀਏ (ਪ੍ਰਸ਼ਨ) ਜੀਕਣ ਸਤ ਅਸਤ ਦਾ ਅਰ ਦੂਜੇ ਗ੍ਰੰਥਾਂ ਦਾ ਇਕ ਦੂਜੇ ਨਾਲ ਵਿਰੋਧ ਹੈ ਓਸਤਰਾਂ ਹੋਰਨਾ ਸ਼ਾਸਤ੍ਰਾਂ ਵਿਚ ਬੀ ਹੈ, ਜਿਹਾ ਕਿ ਸ੍ਰਿਸ਼ਟੀ ਵਿਸ਼ੇ ਵਿਚ ਛੀਆਂ ਸ਼ਾਸਤ੍ਰਾਂ ਦਾ ਵਿਰੋਧ ਹੈ, ਮੀਮਾਂਸਾ ਕਰਮ, ਵਈਸ਼ੇਸ਼ਕਕਾਲ, ਨਿਆਇ ਪ੍ਰਮਾਂਣੂ, ਯੋਗ ਪੁਰਖਾਰਥ, ਸਾਂਖ ਪ੍ਰਕ੍ਰਤੀ, ਅਰ ਵੇਦਾਂਤ ਬ੍ਰਹਮ ਥੀਂ ਸ੍ਰਿਸ਼ਟੀ ਦੀ ਉਤਪੱਤੀ ਮਨਦਾ ਹੈ,ਕੀ ਏਹ ਵਿਰੋਧ ਨਹੀ ਹੈ ? (ਉਤੱਰ)ਪਹਿਲੇ ਤਾਂ ਬਿਨਾਂਸਾਂਖ ਅਰ ਵੇਦਾਂਤ ਦੇ ਦੂਜੇ ਸ਼ਾਸਤ੍ਰਾਂ ਵਿਚ ਸ੍ਰਿਸ਼ਟੀ ਦੀ ਉਤਪੱਤੀ ਪ੍ਰਸਿਧ ਨਹੀ ਲਿਖੀ, ਅਰ ਇਨਾਂ ਵਿਚ ਵਿਰੋਧ ਨਹੀ ਹੈ, ਕਿਉਂਕਿ ਤੁਹਾਨੂੰ ਵਿਰੋਧ, ਅਵਿਰੋਧ ਦਾ ਗਿਆਂਨ ਨਹੀ ਹੈ, ਮੈਂ ਤੁਹਾਡੇ ਕੋਲੋਂ ਪੁਛਦਾ ਹਾਂ ਕਿ ਵਿਰੋਧ ਕੇਹੜੀ ਜਗਾਹਿ ਵਿਚ ਹੁੰਦਾ ਹੈ, ਕੀ ਇਕ ਵਿਸ਼ੇ ਵਿਚ ਅਥਵਾ ਭਿੰਨ ੨ ਵਿਸ਼ਿਆਂ ਵਿਚ (ਪ੍ਰਸ਼ਨ) ਇਕ ਵਿਸ਼ੇ ਵਿਚ ਜੋ ਅਨੇਕਾਂ ਦਾ ਪਰਸਪਰ ਵਿਰੋਧ ਕਥਨ ਹੋਵੇ ਓਸਨੂੰ ਵਿਰੋਧ ਕਹਿੰਦੇ ਹਨ, ਏਥੇ ਬੀ ਸ੍ਰਿਸ਼ਟੀ ਇਕ ਹੀ ਵਿਸ਼ੇ ਹੈ। (ਉੱਤਰ) ਕੀ ਵਿਦਿਆ ਇਕ ਹੈ ਜਾਂਦੋ ਇਕ ਹੈ, ਜੋ ਇਕ ਹੈ ਤਾਂ ਵਯਾਕਰਣ ਵ-ਈਦਕ,ਜੋਤਸ਼,ਆਦੀ ਦਾ ਭਿੰਨ੨ (ਵਿਸ਼ੇ) ਕਿਉਹੈ, ਜੀਕਣ ਇਕ ਵਿਦਯਾ ਵਿਚ ਅਨੇਕ ਵਿਦਯਾ ਦੇ ਅਵੇਵਾਂ ਦਾ ਇਕ ਦੂਜੇ ਤੋਂ ਭਿੰਨ ਪ੍ਰਤੀ ਪਾਦਨ ਹੁੰਦਾ ਹੈ,ਉਕਣ ਸ੍ਰਿਸਟੀ ਵਿਦਿਆ ਦੇ ਭਿੰਨ ਭਿੰਨ ਛਿਆਂ ਅਵੇਵਾਂ ਦਾ ਸ਼ਾਸਤ੍ਰਾਂ ਵਿਚ ਪ੍ਰਤਿ ਪਾਦਨ ਕਰਨ ਕਰਕੇ ਇਨਾਂ ਵਿਚ ਕੁਝ ਬੀ ਵਿਰੋਧ ਨਹੀ, ਜੀਕਣ ਘੜੇ ਦੇ ਬਣਾਂਣ ਵਿਚ ਕਰਮ ਸਮੇ ਮਿੱਟੀ ਵਿਚਾਰ, ਸੈਂਜੋਗ ਵਿਜੋਗ ਆਦੀ ਦਾ ਪੁਰ ਖਾਰਥ, ਪ੍ਰਕ੍ਰਿਤੀ ਦੇ ਗੁਣ, ਅਰ ਘੁਮਿਆਰ ਕਾਰਣ ਹਨ, ਉਕਣਹੀ ਸ੍ਰਿਸ਼ਟੀ ਦਾ ਜੋ ਕਰਮ ਕਾਰਣ ਹੈ ਓਸਦੀ ਵਿਆਖਿਆ ਮੀਮਾਂਸਾ ਵਿਚ, ਸਮੇ ਦੀ ਵਿਆਖਿਆ ਵਈਸ਼ੇਸ਼ਕ ਵਿਚ,ਉਪਾਦਾਂਨ ਕਾਰਣ ਦੀ ਵਿਆਖਿਆ,ਨਿਆ ਵਿਚ, ਪੁਰਖਾਰਥ ਦੀ ਵਿਆਖਿਆ ਯੋਗ ਵਿਚ, ਤੱਤਾਂ ਦੇ ਅਨੁੰਕ੍ਰਮ ਥੀਂ ਗਿਣਤੀ ਦੀ ਵਿਆਖਿਆ ਸਾਂਖ ਵਿਚ, ਅਰ ਨਿਮਿਤ ਕਾਰਣ ਜੋ ਪ੍ਰਮੇਸ਼੍ਵਰ ਹੈ ਓਸਦੀ ਵਿਆਖਿਆ ਵੇਦਾਂਤ ਸ਼ਾਸਤ੍ਰ ਵਿਚ, ਏਸ ਵਾਸਤੇ ਕੁਝ ਬੀ ਵਿਰੋਧ ਨਹੀ, ਜੀਕਣ ਵੈਦਕ ਸ਼ਾਸਤ੍ਰ ਵਿਚ ਨਿਦਾਨ,ਚਕਿਤਸਾ,ਅਉਖਦੀ,ਦਾਨ,ਅਰ ਪਥਦੇ ਪ੍ਰਕਰਣ ਭਿੰਨ ਭਿੰਨ ਕਥਨ ਕੀਤੇ ਹਨ, ਪ੍ਰੰਤੂ ਸਭਦਾ ਸਿੱਧਾਂਤ ਰੋਗ ਦੀ ਨਿਬ੍ਰੱਤੀ ਹੈ, ਉਕਣ ਹੀ ਸ੍ਰਿਸਟੀ ਦੇ ਛੀ ਕਾਰਣ ਹਨ, ਇਨਾਂ ਵਿਚੋਂ ਇਕ ਇਕ ਕਾਰਣ ਦੀ ਵਿਆਖਿਆ ਇਕ ਇਕ ਸ਼ਾਸਤ੍ਰ ਨੇ ਕੀਤੀ ਹੈ, ਏਸ ਵਾਸਤੇ ਇਨਾਂ ਵਿਚ ਕੁਝਬੀ ਵਿਰੋਧ ਨਹੀ॥ ਏਸ ਦੀ ਵਸ਼ੇਸ ਵਿਆਖਿਆ ਸ੍ਰਿਸ਼ਟੀ ਪ੍ਰਕਰਣ ਵਿਚ

ਕਰਾਂਗੇ। ਜੋ ਵਿਦਿਆ ਦੇ ਪੜ੍ਹਨ ਪੜ੍ਹਾਂਨ ਦੇ ਵਿਘਨ ਹਨ ਉਨਾਂ ਨੂੰ ਛਡ ਦੇਨ, ਜੀਕਣ ਕੁਸੰਗ ਅਰਥਾਤ ਦੁਸ਼ਟ ਵਿਸ਼ਈ ਜਨਾਂ ਦੀ ਸੰਗਤ, ਦੁਸ਼ਟ ਵਜਸਨ, ਜੀਕਣ ਮਦ ਆਦੀ ਦਾ ਸੇਵਨ, ਅਰ ਬੇਸਵਾ ਗਮਨ ਆਦੀ, ਬਾਲ ਅਵਸ-ਥਾ ਵਿਚ ਵਿਆਹ ਅਰਥਾਤ ਪੰਜੀਵੇਂ ਵਰਹੇ ਥੀਂ ਪੈਹਲੋਂ ਪੁਰਖ, ਅਰ ਸੋਹ-ਲਵੇਂ ਵਰਹੇ ਤੋਂ ਪਹਿਲੋਂ ਇਸਤ੍ਰੀ ਦਾ ਵਿਆਹ ਹੋ ਜਾਨਾ,ਪੂਰਣ ਬ੍ਰਹਮ ਚਰਜ ਨਾ ਹੋਣਾ, ਰਾਜਾ, ਮਾਂ, ਪਿਉ, ਅਰ ਵਿਦਵਾਨਾਂ ਦਾ ਪ੍ਰੇਮ ਵੇਦ ਆਦੀ ਸ਼ਾਸਤ੍ਰਾਂ ਦੇ ਪ੍ਰਚਾਰ ਵਿਚ ਨਾ ਹੋਣਾ, ਅਤੀ ਭੋਜਨ ਕਰਨਾਂ, ਅਤੀ ਜਾਗਣਾ, ਪੜ੍ਹਨ, ਪੜ੍ਹਾਂਨ, ਪ੍ਰੀਖਿਆ ਲੈਨ,ਜਾਂਣ ਦੇਣ ਵਿਚ ਆਲਸ ਜਾਂ ਕਪਟ ਕਰਨਾ, ਸਭ ਤੋਂ ਵਧੀਕ ਵਿਦਿਆ ਦਾ ਲਾਭ ਨਾਂ ਸਮਝਣਾ, ਬ੍ਰਹਮ ਚਰਜ ਥੀਂ ਬਲ ਬੁੱਧੀ ਪ੍ਰਾਕ੍ਰਮ,ਅਰੋਗਤਾ, ਰਾਜ, ਧੰਨਦੀ ਬ੍ਰਿੱਧੀ ਨਾ ਮਨਣਾ, ਈਸ਼੍ਵਰ ਦਾ ਧਿਆਂਨ ਛਡਕੇ ਹੋਰ ਪਥੱਰ ਆਦੀ ਜੜ ਮੂਰਤੀ ਦੇ ਦਰਸ਼ਨ,ਪੂਜਣ ਵਿਚ ਵਿਅਰਥ ਕਾਲ ਖੋਣਾ, ਮਾਂ, ਪਿਉ, ਅਤਿਥੀ ਅਰ ਅਚਾਰਜ, ਵਿਦਵਾਂਨ, ਇਨਾਂ ਨੂੰ ਸੱਚੀ ਮੂਰਤੀ ਮਨਕੇ ਸੇਵਾ, ਸਤ ਸੰਗ ਨਾ ਕਰਨਾ, ਵਰਣ ਆਸ਼੍ਰਮ ਦੇ ਧਰਮ ਨੂੰ ਛਡਕੇ ਉਰਧਪੁੰਡ ਤ੍ਰਿਪੁੰਡ ਤਿਲਕ ਕੰਠੀ ਮਾਲਾ ਧਾਰਣ ਕਰਨਾ, ਇਕਾਦਸੀ, ਤ੍ਰਿਅਉਦਸੀ ਆਦੀ ਬ੍ਰਤ ਕਰਨੇ, ਕਾਂਸ਼ੀ ਆਦੀ ਤੀਰਥ, ਅਰ ਰਾਮ, ਕ੍ਰਿਸ਼ਨ, ਨਾਰਾਇਣ, ਸ਼ਿਵ, ਭਗਵਤੀ,ਗਣੇਸ਼ ਆਦੀ ਦੇ ਨਾਂਮ ਸਿਮ੍ਰਣ ਥੀਂ ਪਾਪਾਂ ਦੇ ਦੂਰ ਹੋਣਦਾ ਨਿਸਚਾ ਕਰਨਾ, ਪਖੰਡੀਆਂ ਦੇ ਉਪਦੇਸਾਂ ਕਰਕੇ ਵਿਦਿਆ ਪੜ੍ਹਨ ਵਿਚ ਅਸ਼ਰਧਾ ਦਾ ਹੋਣਾ, ਵਿਦਿਆ ਧਰਮ ਜੋਗ ਪ੍ਰਮੇਸ਼੍ਵਰ ਦੀ ਉਪਾਸਨਾ ਦੇ ਬਗੈਰ ਝੂਠੇ ਪੁਰਾਂਣ ਨਾਂਮ ਵਾਲੇ ਭਾਗਵਤ ਆਦੀ ਦੀ ਕਥਾ ਆਦੀ ਥੀਂ ਮੁਕਤੀ ਦਾ ਮਨਣਾ, ਲੋਭ ਕਰਕੇ ਧੰਨ ਆਦੀ ਵਿਚ ਪ੍ਰਬੱਤੀ ਹੋ ਜਾਂਣੇ ਥੀਂ ਵਿਦਿਆ ਵਿਚ ਪਰੀਤੀ ਨਾਂ ਰਖਣੀ, ਇਧਰ ਉਧਰ ਐਵੇਂ ਟਕਰਾਂ ਮਾਰਦੇ ਫਿਰਨਾ, ਏਹੋ ਜੇਹੇ ਝੂਠੇ ਵਿਹਾਰਾਂ ਵਿਚ ਫਸਕੇ ਬ੍ਰਹਮਚਰਜ ਅਰ ਵਿਦਿਆ ਦੇ ਲਾਭ ਥੀਂ ਰਹਤ ਹੋਕੇ ਰੋਗੀ ਅਰ ਮੂਰਖ ਬਣੇ ਰਹਿੰਦੇ ਹਨ। ਅਜ ਕਲ ਦੇ ਸੰਪ੍ਰਦਾਈ ਅਰ ਸ੍ਵਾਰਥੀ ਬ੍ਰਾਹਮਣ ਆਦੀ ਜੇਹੜੇ ਦੂਜਿਆਂ ਨੂੰ ਵਿਦਿਆ, ਸਤਸੰਗ, ਥੀਂ ਹਟਾਕੇ ਅਰ ਅਪਣੇ ਜਾਲ ਵਿਚ ਫਸਾਕੇ ਉਨਾਂ ਦਾ ਤਨ, ਮਨ,ਧਨ ਨਸ਼ਟ ਕਰ ਦਿੰਦੇ ਹਨ,ਅਰ ਚਾਹੁੰਦੇ ਹਨ, ਕਿ ਜੇ ਖਤ੍ਰੀ ਆਦੀ ਵਰਣ ਪੜ੍ਹਕੇ ਵਿਦਵਾਂਨ ਹੋ ਜਾਂਨਗੇ ਤਾਂ ਸਾਡੇ ਪਖੰਡ ਜਾਲ ਥੀਂ ਛੁਟਕੇ ਅਰ ਸਾਡੇ ਛਲ ਨੂੰ ਜਾਂਣਕੇ ਸਾਡਾ ਅਪਮਾਂਨ ਕਰਨਗੇ, ਏਹੋ ਜਹੇ ਵਿਘਨਾਂ ਨੰ ਰਾਜਾ ਅਰ ਪਰਜਾ ਦੂਰ ਕਰਕੇ ਅਪਣੇ ਮੁੰਡੇ ਅਰ ਕੁੜੀਆਂ ਨੂੰ ਵਿਦਵਾਂਨ ਬਣਾਣ ਦੇ ਵਾਸਤੇ ਤਨ, ਮਨ, ਧਨ ਨਾਲ ਜਤਨ ਕੀਤਾ ਕਰਨ।

(ਪ੍ਰਸ਼ਨ) ਇਸਤ੍ਰੀ ਅਰ ਸ਼ੂਦ੍ਰ ਬੀ ਵੇਦ ਪੜ੍ਹਨ ? ਜੇ ਏਹ ਪੜ੍ਹਨਗੇ ਤਾਂ ਅਸੀ ਫਿਰ ਕੀ ਕਰਾਂਗੇ? ਅਰ ਇਨਾਂ ਦੇ ਪੜ੍ਹਨੇ ਵਿਚ ਪ੍ਰਮਾਣ ਬੀ ਨਹੀਂ ਹੈ,ਜੀਕਣ

ਏਹੁ ਨਿਖੇਧ ਹੈ॥

स्त्रीशूद्रौ नाधीयातामिति श्रुतेः

ਇਸਤ੍ਰੀ ਅਰ ਸ਼ੂਦ੍ਰ ਨਾ ਪੜ੍ਹਨ ਏਹੁ ਸ਼੍ਰੁਤੀ ਹੈ॥ (ਉਤ੍ਰ) ਸਭ ਇਸਤ੍ਰੀ ਅਰ ਪੁਰਖ ਅਰਥਾਤ ਮਨੁੱਖ ਮਾਤ੍ਰ ਨੂੰ ਪੜ੍ਹਨ ਦਾ ਅਧਿਕਾਰ ਹੈ, ਤੁਸੀ ਪੈਹੋ ਖੂਹ ਵਿਚ, ਅਰ ਇਹ ਸ਼੍ਰੁਤੀ ਤੁਹਾਡੀ ਮਨ ਘੜਤ ਹੈ, ਕਿਸੇ ਪ੍ਰਮਾਣਿਕ ਗ੍ਰੰਥ ਦੀ ਨਹੀਂ, ਸਭ ਮਨੁੱਖਾਂ ਦੇ ਵੇਦ ਆਦੀ ਸ਼ਾਸਤ੍ਰ ਪੜ੍ਹਨ, ਸੁਣਨ ਦੇ ਅਧਿਕਾਰ ਦਾ ਪ੍ਰਮਾਂਣ ਯੁਜੁਰਵੇਦ ਦੇ ਛਬੀਵੇਂ ਅਧਿਆ ਦੇ ਦੂਜੇ ਮੰਤ੍ਰ ਵਿਚ ਹੈ॥

यथेमां वाचं कल्याणीमावदानि जनेभ्यः। ब्रह्मराजन्याभ्याᳪशूद्राय चार्याय च स्वाय चारणाय॥ यजु॰ अ॰ २६।२॥

ਪਰਮੇਸ਼੍ਵਰ ਕਹਿੰਦਾ ਹੈ ਕਿ ਜੀਕਣ ਮੈਂ ਸਭ ਮਨੁੱਖਾਂ ਦੇ ਵਾਸਤੇ ਏਸ ਕਲਿਆਣ ਅਰਥਾਤ ਸੰਸਾਰ ਅਰ ਮੁਕਤੀ ਦੇ ਸੁਖ ਦੇ ਦੇਣਹਾਰੀ, ਰਿਗ੍ਵੇਦ ਆਦੀ ਚਹੁੰ ਵੇਦਾਂ ਦੀ ਬਾਣੀ ਦਾ ਉਪਦੇਸ਼ ਕਰਦਾ ਹਾਂ, ਉਸੇ ਤਰਾਂ ਤੁਸੀ ਬੀ ਕੀਤਾ ਕਰੋ, ਏਥੇ ਕੋਈ ਏਹੁ ਪ੍ਰਸ਼ਨ ਕਰੇ ਕਿ ਜਨ ਸ਼ਬਦ ਥੀਂ ਦ੍ਵਿਜਾਂ ਦਾ ਗ੍ਰਹਿਣ ਕਰਨਾ ਚਾਹੀਏ, ਕਿੰਉਕਿ ਸਿਮ੍ਰਤੀ ਆਦੀ ਗ੍ਰੰਥਾਂ ਵਿਚ ਬ੍ਰਾਹਮਣ, ਖਤ੍ਰੀ, ਅਰ ਵੈਸ਼ ਹੀ ਨੂੰ ਵੇਦਾਂ ਦੇ ਪੜ੍ਹਨੇ ਦਾ ਅਧਿਕਾਰ ਲਿਖਿਆ ਹੈ, ਇਸਤ੍ਰੀ ਅਰ ਸ਼ੂਦ੍ਰ ਆਦੀ ਵਰਣਾਂ ਦਾ ਨਹੀਂ। (ਉਤ੍ਰ) 'ਬ੍ਰਹਮ ਰਾਜਨ੍ਯਾ ਭ੍ਯਾਮ' ਇਤਆਦੀ ਵੇਖੋ ਪਰਮੇਸ਼੍ਵਰ ਆਪ ਕਹਿੰਦਾ ਹੈ ਕਿ ਅਸਾਂ ਨੈ ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦ੍ਰ, ਅਰ ਅਪਣੇ ਨੌਕਰ ਇਸਤ੍ਰੀ ਆਦੀ, ਅਰ ਅਤੀਸ਼ੂਦ੍ਰ ਆਦੀ ਦੇ ਵਾਸਤੇ ਬੀ ਵੇਦਾਂ ਦਾ ਪ੍ਰਕਾਸ਼ ਕੀਤਾ ਹੈ, ਅਰਥਾਤ ਸਭ ਮਨੁੱਖ ਵੇਦਾਂ ਨੂੰ ਪੜ੍ਹ ਪੜ੍ਹਾ, ਅਰ ਸੁਣ ਸੁਣਾਕੇ ਵਿਗਿਆਨ ਨੂੰ ਵਧਾਕੇ ਚੰਗੀਆਂ ਗੱਲਾਂ ਦਾ ਗ੍ਰਹਿਣ ਅਰ ਬੁਰੀਆਂ ਬਾਤਾਂ ਦਾ ਤਿਆਗ ਕਰਕੇ ਦੁੱਖਾਂ ਥੀਂ ਛੁਟਕੇ ਅਨੰਦ ਨੂੰ ਪ੍ਰਾਪਤ ਹੋਣ, ਕਹੋ ਤਾਂ ਹੁਣ ਤੁਹਾਡੀ ਗੱਲ ਮਨੀਏ ਜਾਂ ਪਰਮੇਸ਼੍ਵਰ ਦੀ, ਪਰਮੇਸ਼੍ਵ ਦੀ ਬਾਤ ਜਰੂਰ ਮਨਣੀ ਚਾਹੀਏ। ਹੁਣ ਬੀ ਜੇਹੜਾ ਏਸ ਨੂੰ ਨਾ ਮੱਨੇਗਾ ਉਹ ਨਾਸਤਿਕ ਸਦੀਵੇਗਾ, ਕਿੰਉਕਿ 'ਨਾਸਿਤਕੋ ਵੇਦ ਨਿੰਦਕ':

ਵੇਦਾਂ ਦਾ ਨਿੰਦਕ ਅਰ ਨਾ ਮਨੱਣ ਵਾਲਾ ਨਾਸਤਿਕ ਕਹਾਂਦਾ ਹੈ। ਕੀ ਪਰਮੇਸ਼੍ਵਰ ਸ਼ੂਦ੍ਰਾਂ ਦਾ ਭਲਾ ਕਰਨਾ ਨਹੀਂ ਚਾਹੁੰਦਾ? ਅਰ ਦ੍ਵਿਜ ਵਾਸਤੇ ਵਿਧੀ ਕਰੇ। ਜੇ ਪਰਮੇਸ਼੍ਵਰ ਦੀ ਮਰਜੀ ਸ਼ੂਦ੍ਰ ਆਦੀ ਦੇ ਪੜ੍ਹਾਂਨ ਸੁਣਨ ਦੀ ਨਾਂ ਹੁੰਦੀ ਤਾਂ ਇਨ੍ਹਾਂ ਦੇ ਸ਼ਰੀਰ ਵਿਚ ਜਬਾਨ ਅਰ ਕੰਨ ਦੀ ਇੰਦ੍ਰੀ ਕਿੰਉਂ ਬਣਾਉਂਦਾ? ਜਿਸਤਰਾਂ ਪਰਮੇਸ਼੍ਵਰ ਨੈ ਜਮੀਨ, ਪਾਣੀ, ਅੱਗ, ਹਵਾ, ਚੰਦ੍ਰਮਾ, ਸੂਰਜ, ਅਰ ਅਨਾਜ ਆਦੀ ਪਦਾਰਥ ਸਭ ਦੇ ਵਾਸਤੇ ਬਣਾਏ ਹਨ, ਉਸੇ ਤਰਾਂ ਵੇਦ ਬੀ ਸਭ ਦੇ

ਵਾਸਤੇ ਪ੍ਰਕਾਸ਼ ਕੀਤੇ ਹਨ, ਅਰ ਜਿਥੇਂ ਕਿਥੇਂ ਨਿਖੇਧ ਕੀਤਾ ਹੈ ਓਸਦਾ ਏਹ, ਅਭਿਪ੍ਰਾ ਹੈ ਕਿ ਜਿਸਨੂੰ ਪੜ੍ਹਨ ਪੜ੍ਹਾਨ ਨਾਲ ਬੀ ਕੁਝ ਨਾਂ ਆਵੇ ਉਹ ਨਿਰਬੁਧੱ ਅਰ ਮੂਰਖ ਹੋਣ ਬੀਂ ਸ਼ੂਦ੍ਰ ਕਹਾਂਦਾ ਹੈ, ਓਸਦਾ ਪੜ੍ਹਨਾਂ ਪੜ੍ਹਾਨਾਂ ਵਿਅਰਥ ਹੈ, ਅਰ ਜੋ ਇਸਤ੍ਰੀਆਂ ਦੇ ਪੜ੍ਹਨ ਦਾ ਨਿਖੇਧ ਕਰਦੇ ਹੋ ਉਹ ਤੁਹਾਡੀ ਮੂਰਖਤਾ ਸ੍ਵਾਰਥਪਣੇ ਅਰ ਨਿਰਬੁਧਿੱਤਾ ਦਾ ਪ੍ਰਭਾਵ ਹੈ ਵੇਖੋ ਵੇਦ ਵਿਚ ਕੁੜੀਆਂ ਦੇ ਪੜ੍ਹਨ ਦਾ ਪ੍ਰਮਾਣ ਹੈ ॥

ब्रह्मचर्य्येण कन्या३ युवानं विन्दते पतिम् ॥ अथर्व॰ ॥ कां॰ ११ ॥ प्र॰ २४ ॥ अ॰ ३ ॥ मं॰ १८ ॥

ਜੀਕਨ ਮੁੰਡੇ ਬ੍ਰਹਮ ਚਰਜ ਸੇਵਨ ਕਰਕੇ ਪੂਰਣ ਵਿਦਿਆ ਅਰ ਸੁਸ਼ਿਖਿਆ ਨੂੰ ਪ੍ਰਾਪਤ ਹੋਕੇ ਮੁਟਿਆਰ ਲਿਖੀ ਪੜ੍ਹੀ, ਅਪਣੇ ਅਨੁਕੂਲ ਪਿਆਰੀ, ਅਪਣੇ ਵਾਙਣ ਇਸਤ੍ਰੀਆਂ ਦੇ ਨਾਲ ਵਿਆਹ ਕਰਦੇ ਹਨ, ਉਸੇ ਤਰਾਂ ਕੁਆਰੀ ਬ੍ਰਹਮਚਰਜ ਸੇਵਣ ਕਰਕੇ ਵੇਦ ਆਦੀ ਸ਼ਾਸਤ੍ਰਾਂ ਨੂੰ ਪੜ੍ਹਕੇ ਪੂਰੀ ਵਿਦਿਆ ਅਰ ਉਤੱਮ ਸਿਖਿਆ ਨੂੰ ਪ੍ਰਾਪਤ ਮੁਟਿਆਰ ਹੋਕੇ ਪੂਰੀ ਜੁਆਨੀ ਦੀ ਅਵਸਥਾ ਵਿਚ ਅਪਣੇ ਵਾਙਣ ਪਿਆਰੇ ਵਿਦਵਾਂਨ, ਪੂਰੇ ਜੁਵਾਨ ਪੁਰਖ ਨੂੰ ਪ੍ਰਾਪਤ ਹੋਵੇ, ਏਸ ਕਰਕੇ ਇਸਤ੍ਰੀਆਂ ਨੂੰ ਬੀ ਬ੍ਰਹਮਚਰਜ ਅਰ ਵਿਦਿਆ ਗ੍ਰਹਿਣ ਜਰੂਰ ਕਰਨੀ ਚਾਹੀਏ । (ਪ੍ਰਸ਼ਨ) ਇਸਤ੍ਰੀ ਲੋਗ ਬੀ ਵੇਦਾਂ ਨੂੰ ਪੜਨ? (ਉਤ੍ਰ) ਜਰੂਰ ਵੇਖੋ ਸ਼੍ਰੌਤਸੂਤ੍ਰ ਆਦੀ ਵਿਚ ਲਿਖਿਆ ਹੈ ਕਿ:—

इमं मन्त्रं पत्नी पठेत्

ਅਰਥਾਤ ਇਸਤ੍ਰੀ ਯਗ ਵਿਚ ਏਸ ਮੰਤ੍ਰ ਨੂੰ ਪੜ੍ਹੇ, ਜੇ ਵੇਦ ਆਦੀਸ਼ਾਸਤ੍ਰ ਨਾ ਪੜ੍ਹੀ ਹੋਵੇ ਤਾਂ ਯੱਗ ਵਿਚ ਸੁਰਨਾਲ ਮੰਤ੍ਰਾਂਦਾ ਉਚੱਾਰਣਅਰ ਸੰਸਕ੍ਰਿਤ ਬੋਲਣ ਕੀਕਣ ਕਰ ਸੱਕੇ? ਭਾਰਤ ਵਰਸ਼ ਦੀਆਂ ਇਸਤ੍ਰੀਆਂ ਵਿਚ ਭੂਖਣ ਰੂਪੀ ਗਾਰ ਗੀ ਆਦੀ ਵੇਦ ਆਦੀ ਸ਼ਾਸਤ੍ਰਾਂ ਨੂੰ ਪੜ੍ਹਕੇ ਪੂਰਣ ਵਿਦਿਆ ਵਾਲੀ ਹੋਈਸੀ, ਏਹੁ ਸ਼ਤਪਥ ਬ੍ਰਾਹਮਣ ਵਿਚ ਸਫਾ ਲਿਖਿਆ ਹੈ। ਭਲਾ ਜੇ ਪੁਰਖ ਵਿਦਵਾਂਨ ਅਰ ਇਸਤ੍ਰੀ ਅਨ ਪੜ੍ਹ, ਅਰ ਇਸਤ੍ਰੀ ਵਿਦਵਾਂਨ ਅਰ ਪੁਰਖ ਅਨਪੜ੍ਹ ਹੋਵੇ ਤਾਂ ਰੋਜੁ ਦਿਹਾੜੀ ਦੇਵ ਅਸੁਰ ਸੰਗ੍ਰਾਮ ਘਰ ਵਿਚ ਹੀ ਮਚਿਆ ਰਹੇ, ਫੇਰ ਸੁਖ ਕਿਥੇ ਏਸ ਵਾਸਤੇ ਜੇ ਇਸਤ੍ਰੀਆਂ ਨਾ ਪੜਨ ਤਾਂ ਕੁੜੀਆਂ ਦੀ ਪਾਠ ਸ਼ਾਲਾ ਵਿਚ ਪੜ੍ਹਾਂਨ ਵਾਲੀਆਂ ਕਿਉਂ ਕਰ ਹੋ ਸਕਨ, ਤਥਾ ਰਾਜ ਕਾਰਜ ਨਿਆਂ ਧੀਸ਼ਪਨ ਗ੍ਰਹਸਤ ਆਸ਼੍ਰਮ ਦਾ ਕਾਰਜ ਜੇਹੜਾ ਖਾਵੰਦ ਦਾ ਇਸਤ੍ਰੀ, ਅਰ ਇਸਤ੍ਰੀ ਦਾ ਖਾਵੰਦ ਨੂੰ ਪ੍ਰਸ਼ਨ ਰਖਣਾ, ਘਰਦੇ ਸਾਰੇ ਕੰਮ ਇਸਤ੍ਰੀ ਦੇ ਅਧੀਨ ਰਹਿਣੇ, ਵਿਦਿਆ ਤੋਂ ਬਗੈਰ ਇਤਆਦੀ ਕੰਮ ਚੰਗੀਤਰਾਂ

ਨਾਲ ਕਦੀ ਠੀਕ ਨਹੀਂ ਹੋ ਸਕਦੇ, ਵੇਖੋ ਆਰਯਾ ਵਰਤ ਦੇ ਰਾਜ ਪੁਰਖਾਂ ਦੀਆਂ ਇਸਤ੍ਰੀਆਂ ਧਨੁਰਵੇਦ ਅਰ ਯੁਧ ਦੀ ਵਿਦਆ ਬੀ ਚੰਗੀ ਤਰਾਂ ਜਾਣ ਦੀਆਂ ਸਨ, ਕਿਸ ਕਰਕੇ ਜੇ ਨਾ ਜਾਣਦਾਆਂ ਹੁੰਦੀਆਂ ਤਾਂ ਕੈਕਹੀ ਆਦੀ ਦਸਰਥ ਆਦੀ ਦੇ ਨਾਲ ਜੁਧ ਵਿਚ ਕੀਕਣ ਜਾ ਸਕਦੀ, ਅਰ ਜੁਧ ਕਰ ਸਕਦੀ, ਏਸ ਥੀਂ ਬ੍ਰਾਹਮਣੀ ਅਰ ਖਤ੍ਰਾਣੀ ਨੂੰ ਸਭ ਵਿਦਿਆ, ਵੈਸ਼ ਇਸਤ੍ਰੀ ਨੂੰ ਬਿਉਪਾਰ ਦੀ ਵਿਦਿਆ, ਅਰ ਸ਼ੂਦ੍ਰਾਣੀ ਨੂੰ ਰਸੋਈ ਬਣਾਣ ਆਦੀ ਸੇਵਾ ਦੀ ਵਿਦਿਆ ਜਰੂਰ ਸਿਖਣੀ ਚਾਹੀਏ, ਜੀਕਣ ਪੁਰਖਾਂ ਨੂੰ ਵਯਾਕਰਨ, ਧਰਮ ਅਰ ਆਪਣੇ ਵਿਵਹਾਰ ਦੀ ਵਿਦਯਾ ਘੱਟੋਂ ਘਟ ਜਰੂਰ ਪੜ੍ਹਨੀ ਚਾਹੀਏ, ਉਸੇ ਤਰਾਂ ਇਸਤ੍ਰੀਆਂ ਨੂੰ ਬੀ ਵਿਯਾਕਰਣ, ਧਰਮ, ਵੈਦਕ, ਗਣਿਤ, ਸਿਲਪ ਵਿਦਯਾ ਤਾਂ ਜਰੂਰ ਹੀ ਸਿਖਣੀ ਚਾਹੀਏ, ਕਿਉਂਕਿ ਇਨ੍ਹਾਂ ਦੇ ਸਿੱਖੇ ਬਗੇਰ ਸਚ ਝੂਠ ਦਾ ਨਿਰਣਾ, ਪਤੀ ਆਦੀ ਦੇ ਨਾਲ ਅਨਕੂਲ ਵਰਤਣਾ, ਜਥਾ ਜੋਗ ਸੰਤਾਨ ਉਤਪੰਨ ਕਰਨੀ, ਉਨ੍ਹਾਂ ਨੂੰ ਪਾਲਣਾ, ਵਡਾ ਕਰਨਾ, ਸੁਸ਼ਿਖਿਆ ਦੇਣੀ, ਘਰਦੇ ਸਭ ਕੰਮਾਂ ਨੂੰ ਜੇਹਾ ਚਾਹੀਏ ਉਹੋ ਜੇਹਾ ਕਰਨਾਂ, ਵੈਦਕ ਵਿਦਿਆ ਕਰਕੇ ਦਵਾਈ ਦੀ ਨਿਆਈਂ ਖਾਂਣ ਪੀਣ ਦੀਆਂ ਚੀਜਾਂ ਬਣਾਣੀਆਂ, ਅਰ ਬਣਵਾਣੀਆਂ ਨਹੀਂ ਕਰ ਸਕਦੀ, ਜਿਸ ਕਰਕੇ ਘਰ ਵਿਚ ਰੋਗ ਕਦੀ ਨਾ ਆਵੇ, ਅਰ ਸਭ ਲੋਗ ਸਦਾ ਰਾਜੀ ਖੁਸ਼ੀ ਰਹਿਨ, ਸਿਲਪ ਵਿਦਿਆ ਦੇ ਜਾਣੇ ਬਗੇਰ ਘਰਦਾ ਬਣਵਾਣਾ, ਕਪੜੇ ਗਹਿਣੇ ਆਦੀ ਦਾ ਬਣਾਣਾ, ਬਣਵਾ ਣਾ, ਗਣਿਤ ਵਿਦਿਆ ਦੇ ਬਗੇਰ ਸਭ ਦਾ ਹਿਸਾਬ ਸਮਝਣਾ, ਸਮਝਾਣਾ, ਵੇਦ ਆਦੀ ਸ਼ਾਸਤ੍ਰ ਵਿਦਿਆ ਦੇ ਬਗੇਰ ਈਸ਼੍ਵਰ ਅਰ ਧਰਮ ਨੂੰ ਨਾ ਜਾਣਕੇ ਅਧਰ-ਮ ਥੀਂ ਕਦੀ ਨਾ ਬਚ ਸਕੇ, ਏਸ ਲਈ ਉਹੋ ਹੀ ਧੰਨਬਾਦ ਦੇ ਜੋਗ, ਅਰ ਕ੍ਰਿਤ ਕ੍ਰਿਤ ਹਨ, ਜੋ ਆਪਣੀ ਸੰਤਾਨਾ ਨੂੰ ਬ੍ਰਹਮਚਰਜ, ਉੱਤਮ ਸਿਖਯਾ, ਅਰ ਵਿਦਿਆ ਥੀਂ ਸ਼ਰੀਰ ਅਰ ਆਤਮਾ ਦੇ ਪੂਰਣ ਬਲ ਨੂੰ ਵਧਾਂਨ, ਜਿਸ ਕਰਕੇ ਉਹ ਸੰਤਾਨ ਮਾਂ, ਪਿਉ.. ਖਾਂਵਿੰਦ, ਸਸ, ਸੌਹਰਾ, ਰਾਜਾ, ਪਰਜਾ, ਗੁਆਂਢੀ, ਇਸ਼ਟ, ਮਿਤ੍ਰ, ਅਰ ਸੰਤਾਨ ਆਦੀ ਨਾਲ ਜਥਾ ਜੋਗ ਧਰਮ ਨਾਲ ਵਰਤਨ, ਏਸ ਖਜਾਨੇ ਦਾ ਖੇ ਕਦੀ ਨਹੀਂ ਹੁੰਦਾ, ਏਸ ਨੂੰ ਜਿਨਾਂ ਖਰਚ ਕਰੋ ਉੱਨਾ ਹੀ ਵਧਦਾ ਹੈ, ਹੋਰ ਸਭ ਖਜਾਨੇ ਖਰਚ ਕਰਨ ਨਾਲ ਘਟ ਜਾਂਦੇ ਹਨ, ਅਰ ਦਾਯ ਭਾਗੀ ਬੀ ਅਪਨਾ ਭਾਗ ਲੈਂਦੇ ਹਨ, ਅਰ ਵਿਦਿਆ ਦੇ ਖਜਾਨੇ ਦਾ ਕੋਈ ਚੋਰ ਯਾ ਦਾਯ ਭਾਗੀ ਨਹੀਂ ਹੋ ਸਕਦਾ, ਏਸ ਖਜਾਨੇ ਦੀ ਰਖਿਆ ਅਰ ਵਾਧਾ ਕਰਨ ਵਾਲੇ ਵਸ਼ੇਸ਼ ਕਰਕੇ ਰਾਜਾ ਅਰ ਪਰਜਾ ਹੀ ਹੈਂਨ।

'कन्यानां सम्प्रदा च कुमाराणां च रक्षणम् ॥ मनु० ७ । १५२ ॥'

ਰਾਜਾ ਨੂੰ ਜੋਗ ਹੈ ਸਭ ਮੁੰਡੇ ਅਰ ਕੁੜੀਆਂ ਨੂੰ ਉਪੱਰ ਕਹੇ ਹੋਏ ਸਮੇ ਤੋਂ ਲੈਕੇ ਪਹਲੇ ਕਹੇ ਹੋਏ ਸਮੇ ਤਿਕ, ਬ੍ਰਹਮ ਚਰਜ ਵਿਚ ਰਖਕੇ ਵਿਦਵਾਂਨ ਕਰਾ-

ਣਾ,ਜੇ ਕੋਈ ਏਸ ਆਗਿਆ ਨੂੰ ਨਾ ਮੱਨੇ ਤਾਂ ਓਸ ਦੇ ਮਾਂ,ਪਿਉ ਨੂੰ ਡੰਡ ਦੇਣਾ ਅਰਥਾਤ ਰਾਜਾ ਦੀ ਆਗਿਆ ਤੋਂ ਅੱਠ ਵਰਿਹੇ ਪਿੱਛੇ ਮੁੰਡਾ ਜਾਂ ਕੁੜੀ ਕਿਸੇ ਦੇ ਘਰ ਵਿਚ ਨਾ ਰਹਿਸੱਕਨ, ਕਿੰਤੂ ਗੁਰੂ ਕੁਲ ਵਿਚ ਰਹਿਨ,ਜਦ ਤਿਕ ਸਮਾਵਰਤਣ ਦਾ ਸਮਾ ਨਾ ਆਵੇ ਤਦ ਤਿਕ ਵਿਆਹ ਨਾ ਹੋਵੇ ॥

'सर्वेषामेव दानानां ब्रह्मदानं विशिष्यते। वार्यन्नगोमहीवासस्तिलकाञ्चनसर्पिषाम् ॥ मनु० ४। २३३॥'

ਸੰਸਾਰ ਵਿਚ ਜਿੱਨੇ ਦਾਨ ਹਨ ਅਰਥਾਤ ਪਾਣੀ, ਅਨਾਜ, ਗਊ, ਜ਼ਮੀਨ, ਕਪੜੇ, ਤਿਲ, ਸੋਨਾ, ਅਰ ਘਿਉ ਆਦੀ, ਇਨ੍ਹਾਂ ਸਭਨਾਂ ਦਾਨਾਂ ਤੋਂ ਵੇਦ ਵਿਦਿਆ ਦਾ ਦਾਨ ਡਾਢਾ ਚੰਗਾ ਹੈ, ਏਸ ਲਈ ਜਿੱਨਾਂ ਬਣ ਸੱਕੇ ਉਨੱਾਂ ਜਤਨ ਤਨ,ਮਨ,ਧੰਨ,ਨਾਲ ਵਿਦਿਆ ਦੀ ਬ੍ਰਿੱਧੀ ਵਿਚ ਕੀਤਾ ਕਰਨ, ਜਿਸ ਦੇਸ ਵਿਚ ਜਥਾ ਜੋਗ ਬ੍ਰਹਮ ਚਰਜ, ਵਿਦਿਆ, ਅਰ ਵੇਦ ਵਿਚ ਕਹੇ ਹੋਏ ਧਰਮ ਦਾ ਪ੍ਰਚਾਰ ਹੁੰਦਾ ਹੈ ਉਹੋ ਦੇਸ਼ ਭਾਗਵਾਨ ਹੁੰਦਾ ਹੈ, ਇਹੋ ਬ੍ਰਹਮ ਚਰਜ ਆਸ਼੍ਰਮ ਦੀ ਸਿਖਿਆ ਸੰਖੇਪ ਨਾਲ ਲਿਖ ਦਿੱਤੀ, ਏਸ ਤੋਂ ਅੱਗੇ ਚੌਥੇ ਸਮੁਲੱਾਸ ਵਿਚ ਸਮਾਵਰਤਣ,ਅਰ ਗ੍ਰਿਹਸਤ ਆਸ਼੍ਰਮ ਦੀ ਸਿਖਿਆ ਲਿੱਖਾਂਗੇ।

इति श्रीमद्दयानन्दसरस्वतीस्वामिकृते सत्यार्थप्रकाशे सुभाषाविभूषिते शिक्षाविषये तृतीयः समुल्लासः सम्पूर्णः ॥ ३ ॥

# ਚੌਥਾ ਸਮੁਲੱਾਸ

[illegible] ਓਅੰ [illegible]

[illegible]

अथ समावर्तनविवाहगृहाश्रमविधिं वक्ष्यामः ॥

वेदानधीत्य वेदौ वा वेदं वापि यथाक्रमम् ॥ अविप्लुतब्रह्मचर्यो गृहस्थाश्रममाविशेत् ॥ मनु० ३ । २ ॥

ਜਦ ਠੀਕ ਤਰਾਂ ਨਾਲ ਬ੍ਰਹਮਚਰਜ ਆਸ਼੍ਰਮ ਵਿਚ ਧਰਮ ਦੇ ਅਨਕੂਲ ਗੁਰੂ ਦੀ ਆਗਜਾ ਤੇ ਚਲਕੇ, ਚਾਰ, ਤਿੰਨ, ਦੋ ਜਾਂ ਇੱਕ ਵੇਦ ਨੂੰ ਅੰਗ, ਉਪਅੰਗ ਦੇ ਸਮੇਤ ਪੜ੍ਹ ਲਵੇ, ਤਦ ਉਹ ਮਰਦ ਜਾਂ ਕੁੜੀ, ਜਿਹਦਾ ਬ੍ਰਹਮ ਚਰਜ ਖੰਡਤ ਨ ਹੋਇਆ ਹੋਵੇ, ਗ੍ਰਹਸਤ ਆਸ਼੍ਰਮ ਵਿਚ ਆਵੇ ।

तं प्रतीतं स्वधर्मेण ब्रह्मदायहरं पितुः । स्रग्विणं तल्प आसीनमर्हयेत्प्रथमं गवा ॥ मनु० ३ । ३ ॥

ਜੇਹੜਾ ਵਿਦਜਾਰਥੀ ਅਪਣੇ ਗੁਰੂ ਦੇ ਧਰਮ ਚੰਗੀ ਤਰਾਂ ਨਾਲ ਪੂਰੇ ਕਰ ਚੁਕਿਆ ਹੈ, ਅਪਣੀ ਰਖਿਆ ਕਰਨ ਵਾਲੇ ਪਿਉ ਜਾਂ ਗੁਰੂ ਤੇ ਵਿਦਿੱਆ ਦਾ ਧਨ ਲੈ ਚੁਕਿਆ ਹੈ, ਉਹ ਗੱਦੀ ਤੇ ਬੈਠੇ ਹੋਏ, ਅਤੇ ਮਾਲਾਂ ਪਾਏ ਹੋਏ ਗੁਰੂ ਦਾ ਗਊ ਦਾਂਨ ਨਾਲ ਆਦਰ ਕਰੇ, ਅਰ ਲੜਕੀ ਦਾ ਪਿਉ ਬੀ ਉਹੋ ਜਹੇ ਗੁਣ ਵਾਲੇ ਵਿਦੱਜਾਰਥੀ ਦਾ ਗਊ ਦਾਂਨ ਨਾਲ ਆਦਰ ਭਾਉ ਕਰੇ ।

गुरुणानुमतः स्नात्वा समावृत्तो यथाविधि । उद्वहेत द्विजो भार्यां सवर्णां लक्षणान्विताम् ॥ मनु० ३ । ४ ॥

ਬ੍ਰਾਹਮਣ, ਖੱਤ੍ਰੀ, ਵੈਸ਼, ਗੁਰੂ ਦੀ ਆਗਜਾ ਲੈਕੇ ਅਤੇ ਸਨਾਨ ਕਰਕੇ ਗੁਰੂ ਕੁਲ ਥੀਂ ਬਿੱਧੀ ਨਾਲ ਆਕੇ, ਅਪਣੇ ਵਰਣ ਦੇ ਅਨਕੂਲ ਚੰਗੇ ਗੁਣਾਂ ਵਾਲੀ ਲੜਕੀ ਨਾਲ ਬਿਆਹ ਕਰਨ ।

असपिण्डा च या मातुरसगोत्रा च या पितुः । सा प्रशस्ता द्विजातीनां दारकर्मणि मैथुने ॥ मनु० ३ । ५ ॥

ਜਿਹਦੀ ਕੰਨਿਆਂ ਮਾਂ ਦੇ ਕੁਲ ਦੀ ਛੀ ਪੀੜੀਆਂ ਵਿੱਚ ਨ ਹੋਵੇ, ਅਤ

ਪਿਉ ਦੇ ਗੋਤ੍ਰ ਦੀ ਨ ਹੋਵੇ ਓਸ ਲੜਕੀ ਨਾਲ ਬਿਆਹ ਕਰਨਾ ਉਚਿੱਤ ਹੈ, ਇਹ ਦਾ ਸਬਬ ਏਹ ਹੈ ਕਿਃ—

ਪਰੋਕ੍ਸ਼ਪ੍ਰਿਯਾ ਇਵ ਹਿ ਦੇਵਾ: ਪ੍ਰਤ੍ਯਕ੍ਸ਼ਦ੍ਵਿਸ਼: । ਸ਼ਤਪਥ॰

ਇਹ ਪੱਕੀ ਗੱਲ ਹੈ ਕਿ ਜੇਹੀ ਓਸ ਚੀਜ ਵਿੱਚ ਜਿਹੜੀ ਅੱਖਾਂ ਤੋਂ ਪਰੇ ਹੋਵੇ ਪ੍ਰੀਤੀ ਹੁੰਦੀ ਹੈ, ਤੇਹੀ ਸਾਂਮ੍ਹਣੇ ਨਜਰ ਆਉਣ ਵਾਲੀ ਚੀਜ ਵਿੱਚ ਨਹੀ ਹੁੰਦੀ, ਜਿਸਤਰਾਂ ਕਿਸੇ ਨੇ ਮਿਸ਼ਰੀ ਦੇ ਗੁਣ ਸੁਣੇ ਹੋਂਨ, ਅਤੇ ਖਾਧੀ ਨਾ ਹੋਵੇ, ਤਾਂ ਉਹਦਾ ਮਨ ਉਸੇ ਵਿਚ ਲਗਿਆ ਰਹਿੰਦਾ ਹੈ, ਜਿਸਤਰਾਂ ਕਿਸੇ ਅੱਖਾਂ ਤੋਂ ਪਰੇ ਚੀਜ ਦੀ ਮਹਿਮਾਂ ਸੁਣਕੇ ਮਿੱਲਣ ਨੂੰ ਡਾਢਾ ਜੀ ਚਾਹੁੰਦਾ ਹੈ, ਉਸੇ ਤਰਾਂ ਦੁਰੇਡੇ ਅਰਥਾਤ ਜੇਹੜੀ ਅਪਣੇ ਗੋਤ੍ਰ ਜਾਂ ਮਾਂ ਦੀ ਕੁਲ ਵਿੱਚ ਨੇੜੇ ਦੇ ਸਰਬੰਧ ਦੀ ਨ ਹੋਵੇ ਉਸੇ ਕੁੜੀ ਨਾਲ ਵਰਦਾ ਬਿਆਹ ਹੋਣਾ ਚਾਹੀਦਾ ਹੈ।

ਨੇੜੇ ਅਤੇ ਦੂਰ ਦੇ ਬਿਆਹ ਕਰਨ ਦੇ ਫਲ ਏਹ ਹੈਨਃ—

(੧) ਜਿਹੜੇ ਬਾਲਕ ਛੋਟੇ ਹੁੰਦਿਆਂ ਥੋਂ ਕੋਲ ੨ ਰਹਿੰਦੇ ਹਨ, ਕੱਠੇ ਖੇਲਦੇ, ਲੜਦੇ, ਅਤੇ ਪ੍ਰੇਮ ਕਰਦੇ ਹਨ, ਇੱਕ ਦੂਜੇ ਦੇ ਗੁਣ ਦੋਸ਼, ਸੁਭਾ, ਜਾਂ ਬਾਲ ਪਣੇ ਦੇ ਖੋਟੇ ਕੰਮਾਂ ਨੂੰ ਜਾਣਦੇ ਹਨ, ਅਰ ਜਿਹੜੇ ਨੰਗੇ ਬੀ ਇੱਕ ਦੂਜੇ ਨੂੰ ਵੇਖਦੇ ਰਹੇ ਹਨ, ਉਨ੍ਹਾਂ ਦਾ ਜੇ ਇੱਕ ਦੂਜੇ ਨਾਲ ਵਿਆਹ ਹੋ ਜਾਏ ਤਾਂ ਪ੍ਰੇਮ ਕਦੀ ਨਹੀਂ ਹੋ ਸਕਦਾ।

(੨) ਜਿਸਤਰਾਂ ਪਾਂਣੀ ਵਿੱਚ ਪਾਂਣੀ ਮਿਲੱਣ ਨਾਲ ਕੋਈ ਨਵਾਂ ਗੁਣ ਨਹੀਂ ਹੁੰਦਾ, ਉਸੇਤਰਾਂ ਇਕ ਪਿਉ ਦੇ ਇਕ ਗੋੱਤ੍ਰ ਜਾਂ ਮਾਂ ਦੀ ਕੁਲਵਿੱਚ ਬਿਆਹ ਹੋਣ ਨਾਲ ਧਾਤੂਆਂ ਦੇ ਅਦਲ ਬਦਲ ਨ ਹੋਣ ਨਾਲ ਉਨੱਤੀ ਨਹੀ ਹੁੰਦੀ।

(੩) ਜਿਸਤਰਾਂ ਨਾਲ ਦੁੱਧ ਵਿੱਚ ਮਿਸ਼ਰੀ ਜਾਂ ਸੁੰਢ ਆਦੀ ਦੁਆਈਆਂ ਦੇ ਪਾਂਣ ਨਾਲ ਉਤੱਮਤਾ ਹੁੰਦੀ ਹੈ, ਉਸੇ ਤਰਾਂ ਵਖੋਂਵਖਰੇ ਗੋੱਤ੍ਰ ਵਾਲੇ ਮਰਦ, ਤੀਮੀ ਦਾ ਜਿਨਾ ਦੇ ਮਾਂ ਪਿਉ ਵਖੋ ਵਖਰੇ ਕੁਲਾਂ ਦੇ ਹੋਂਨ ਬਿਆਹ ਹੋਂਣਾ ਉਤੱਮ ਹੈ ।

(੪) ਜਿਸਤਰਾਂ ਕੋਈ ਪੁਰਖ ਇਕ ਦੇਸ਼ ਵਿੱਚ ਰੋਗੀ ਰਹਿੰਦਾ ਹੋਵੇ, ਉਹ ਦੂਜੇ ਦੇਸ਼ ਜਾਂਣ ਕਰਕੇ ਹਵਾ ਅਤੇ ਖਾਂਣ ਪੀਣ ਦੇ ਬਦਲ ਜਾਣ ਥੀਂ ਚੰਗਾ ਹੋ ਜਾਂਦਾ ਹੈ, ਉਸੇ ਤਰਾਂ ਦੂਰ ਦੇਸ਼ਾਂ ਦੇ ਰਹਣ ਵਾਲਿਆਂ ਦੇ ਵਿਆਹ ਹੋਣ ਵਿੱਚ ਉਤੱਮਤਾ ਹੈ।

(੫) ਨੇੜੇ ਸਰਬੰਧ ਕਰਨ ਵਿੱਚ ਇਕ ਦੂਜੇ ਦੇ ਨੇੜੇ ਹੋਣ ਕਰਕੇ ਸੁਖ ਦੁਖ ਦਾ ਮਲੂੰਮ ਹੋਣਾ ਅਤੇ ਇਕ ਦੂਜੇ ਨਾਲ ਬਖੇੜੇ ਦਾ ਹੋ ਜਾਂਣਾ ਬੀ ਹੋ ਸਕਦਾ ਹੈ, ਦੂਰ ਦੇਸ਼ਾਂ ਦੇ ਰਹਣ ਵਾਲਿਆਂ ਵਿੱਚ ਇਹ ਗੱਲ ਨਹੀਂ ਹੋ ਸਕਦੀ, ਅਰ ਦੁਰੇਡੇ ਬਿਆਹ ਹੋਣ ਵਿੱਚ ਦੂਰ ਦੂਰ ਪ੍ਰੇਮ ਦੀ ਡੋਰੀ ਲੰਬੀ

ਵਧ ਜਾਂਦੀ ਹੈ ਨੇੜੇ ਦੇ ਵਿਆਹ ਵਿਚ ਨਹੀਂ।

(੬) ਦੂਰ ਦੂਰ ਦੇਸਾਂ ਦੇ ਵਰਤਾਰੇ ਅਤੇ ਪਦਾਰਥਾਂ ਦੀ ਪ੍ਰਾਪਤੀ ਬੀ ਦੁਰੇਡੇ ਸਰਬੰਧ ਹੋਣ ਕਰਕੇ ਇਕ ਦੂਜੇ ਦੀ ਸਹਾਇਤਾ ਨਾਲ ਹੋ ਸਕਦੀ ਹੈ, ਨੇੜੇ ਬਿਆਹ ਹੋਣ ਵਿਚ ਨਹੀਂ ਏਸ ਕਰਕੇ ਹੀ ਲਿਖਿਆ ਹੈ।

दुहिता दुर्हिता दूरेहिता दोग्धेर्वा ॥ निरु० ३ । ४ ॥

ਕੰਨਿਆਂ ਦਾ ਨਾਉਂ ਦੁਹਿਤਾ ਏਸ ਕਰਕੇ ਹੀ ਹੈ ਕਿ ਏਸ ਦਾ ਬਿਆਹ ਦੂਰ ਦੇਸ਼ ਦੇ ਵਿਚ ਕਰਨ ਨਾਲ ਹਿਤਕਾਰੀ ਹੁੰਦਾ ਹੈ, ਨੇੜੇ ਕਰਨ ਵਿਚ ਨਹੀਂ।

(੭) ਲੜਕੀ ਦੇ ਪਿਉ ਦੇ ਘਰ ਵਿਚ ਗ੍ਰੀਬੀ ਬੀ ਹੋ ਸਕਦੀ ਹੈ, ਕਿਉਂ ਜੋ ਜਦ ੨ ਕੰਨਿਆਂ ਪਿਉ ਦੀ ਕੁਲ ਵਿਚ ਆਵੇਗੀ ਤਦ ੨ ਏਸ ਨੂੰ ਕੁਝ ਨ ਕੁਝ ਦੇਣਾ ਹੀ ਪਵੇਗਾ।

(੮) ਨੇੜੇ ਹੋਣ ਕਰਕੇ ਇਕੱ ਦੂਜੇ ਨੂੰ ਆਪੋ ਆਪਣੇ ਪਿਉ ਦੀ ਕੁਲ ਦੀ ਸਹਾਇਤਾ ਦਾ ਘਮੰਡ ਬਣਿਆ ਰਹੇਗਾ ਅਤੇ ਜਦ ਕਦੀ ਜਰਾ ਬੀ ਦੋਨੋਂ ਮੱਥੇ ਤੇ ਵੱਟ ਪਾਉਨਗੇ ਤਦ ਇਸਤ੍ਰੀ ਝੱਟ ਨਾਲ ਪਿਉਕੇ ਚਲੀ ਜਾਵੇਗੀ ਇੱਕ ਦੂਜੇ ਦੀ ਨਿੰਦਿਆ ਵਡੀ ਹੋਵੇਗੀ, ਅਰ ਵਿਰੋਧ ਬੀ, ਕਿਉਂ ਜੋ ਬਹੁਤ, ਇਸਤ੍ਰੀਆਂ ਦਾ ਸੁਭਾ ਤਿੱਖਾ ਅਤੇ ਨਰਮ ਹੁੰਦਾ ਹੈ।

ਇਨ੍ਹਾਂ ਕਾਰਣਾਂ ਕਰਕੇ ਪਿਉ ਦੇ ਇਕੱ ਗੋਤ੍ਰ; ਮਾਂ ਦੀ ਛੀ ਪੀੜ੍ਹੀਆਂ ਅਤੇ ਨੇੜੇ ਦੇ ਦੇਸ਼ ਵਿਚ ਵਿਆਹ ਕਰਨਾ ਅਛਾ ਨਹੀਂ।

महान्त्यपि समृद्धानि गोऽजाविधनधान्यतः ॥ स्त्रीसम्बन्धे दशैतानि कुलानिपरिवर्जयेत् ॥ मनु० ३ । ६ ॥

ਭਾਵੇਂ ਕਿਨੇੱਈ ਧੰਨ, ਧਾਨ, ਗਊ, ਬਕੱਰੀ, ਹਾਥੀ, ਘੋੜੇ, ਰਾਜ, ਧੰਨ ਆਦੀ ਨਾਲ ਏਹ ਕੁਲੱਾਂ ਭਰਪੂਰ ਹੋਨ, ਤਦ ਵੀ ਵਿਆਹ ਸਰਬੰਧ ਕਰਨ ਵਿਚ ਹੇਠਾਂ ਲਿਖੀਆਂ ਦਸ ਕੁਲੱਾਂ ਨੂੰ ਛਡੱ ਦੇਨ।

हीनक्रियं निष्पुरुषं निश्छन्दो रोमशार्शसम्। क्षयामयाव्यपस्मारिश्वित्रकुष्ठिकुलानि च ॥ मनु० ३ । ७ ॥

(੧) ਜੇਹੜੀ ਕੁਲ ਸਤੱ ਕ੍ਰਿਯਾ ਤੋਂ ਹੀਨ (੨) ਸਤੱ ਪੁਰਸ਼ਾਂ ਤੋਂ ਰਹਿਤ (੩) ਵੇਦ ਦੇ ਪੜ੍ਹਨ ਤੋਂ ਮੂੰਹ ਮੋੜੀ ਹੋਈ (੪) ਸ਼ਰੀਰ ਉੱਤੇ ਵਡੇ ੨ ਵਾਲ ਹੋਨ, (੫) ਅਥਵਾ ਜਿਨ੍ਹਾਂ ਨੂੰ ਬਵਾਸੀਰ (੬) ਤਪਦਿਕ (੭) ਦਮਾਂ (੮) ਢਿਡ ਦੀ ਬਮਾਰੀ (੯) ਮਿਰਗੀ (੧੦) ਸ੍ਵੇਤ ਅਤੇ ਗਲਿਤ ਕੋਹੜ ਹੋਨ, ਉਨ੍ਹਾਂ ਕੁਲਾਂ ਦੀ ਕੁੜੀ, ਜਾਂ ਮੁੰਡੇ ਦੇ ਨਾਲ ਬਿਆਹ ਹੋਣਾ ਨਹੀਂ ਚਾਹੀ ਦਾ, ਕਿਉਂ ਜੋ ਇਹ ਸਾਰੇ ਦੁਰਗੁਣ ਅਤੇ ਰੋਗ ਬਿਆਹ ਕਰਨ ਵਾਲੇ ਦੀ ਕੁਲ ਵਿਚ ਬੀ ਆ ਜਾਂਦੇ ਹਨ, ਏਸ ਕਰਕੇ ਉਤੱਮ ਕੁਲ ਦੇ ਮੁੰਡੇ ਅਰ ਕੁੜੀਆਂ ਦਾ ਆਪਸ ਵਿਚ

ਬਿਆਹ ਹੋਣਾ ਚਾਹੀਦਾ ਹੈ ।

नोद्वहेत्कपिलां कन्यां नाऽधिकाङ्गीं न रोगिणीम् । नालोमिकां नातिलोमां न वाचाटान्न पिङ्गलाम् ॥ मनु० ३ । ८ ॥

ਉਨ੍ਹਾਂ ਕੰਨਿਆਂ ਨਾਲ ਬੀ ਬਿਆਹ ਨ ਕਰਨ, ਜਿਨ੍ਹਾਂ ਵਿਚ ਏਹ ਔਗੁਣ ਹੋਂਨ ਜਿਹਦਾ ਪੀਲਾ ਪਿਲਤੱਣ ਰੰਗ ਹੋਵੇ, ਜਿਹੜੀ ਅਧੱਕ ਆਂਗੀ ਅਰਥਾਤ ਮਰਦ ਤੋਂ ਲੰਬੀ ਚੌੜੀ ਹੋਵੇ, ਜ਼ਿਆਦਾ ਬਲ ਵਾਲੀ ਹੋਵੇ, ਬਮਾਰ ਹੋਵੇ, ਜਿਹਦੇ ਪਿੰਡੇ ਉੱਤੇ ਮੂਲੋਂ ਵਾਲ ਹੀ ਨ ਹੋਂਨ, ਜਾਂ ਜਿਹਦੇ ਪਿੰਡੇ ਉੱਤੇ ਢੇਰ ਵਾਲ ਹੋਨ, ਜਿਹੜੀ ਬਕਵਾਦ ਕਰਨ ਵਾਲੀ ਹੋਵੇ, ਅਰ ਜਿਹਦੀਆਂ ਭੂਰੀਆਂ ਅਖੱਾਂ ਹੋਨ।

नर्क्षवृक्षनदीनाम्नीं नान्त्यपर्वतनामिकाम् । न पक्ष्यहिप्रेष्यनाम्नीं न च भीषणनामिकाम् ॥ मनु० ३ । ९ ॥

ਰਿਕਸ਼ ਅਰਥਾਤ ਅਸਨੀ, ਭੁਰਨੀ, ਰੋਹਣੀਦੇਈ, ਰੇਉਤੀ ਬਾਈ, ਚਿੱਤ੍ਰੀ ਆਦ ਤਾਰਿਆਂ ਦੇ ਨਾਉਂ ਵਾਲੀ, ਤੁਲਸਿਆ, ਗੇਂਦਾ, ਗੁਲਾਬੀ, ਚੰਬਾ, ਚੰਬੇਲੀ ਆਦੀ ਬੂਟੀਆਂ ਦੇ ਨਾਉਂ ਵਾਲੀ, ਗੰਗਾ, ਜਮਨਾ ਆਦੀ ਨਦੀਆਂ ਦੇ ਨਾਉਂ ਵਾਲੀ, ਚੰਡਾਲਣ ਆਦੀ ਨੀਚ ਨਾਉਂ ਵਾਲੀ, ਬਿੰਧਿਆ ਹਿਮਾਲੀਆ, ਪਾਰਬਤੀ ਆਦੀ, ਪਰਬਤ ਦੇ ਨਾਉਂ ਵਾਲੀ, ਕੋਕਿਲਾ, ਮੈਨਾ ਆਦੀ ਪੰਛੀਆਂ ਦੇ ਨਾਉਂ ਵਾਲੀ, ਨਾਗੀ, ਭੁਜੰਗਾ ਆਦੀ ਸਪੱ ਦੇ ਨਾਉਂ ਵਾਲੀ, ਮਾਧੋਦਾਸੀ, ਮੀਰਾਂ ਦਾਸੀ ਆਦੀ ਟਹਿਲਣ ਦੇ ਨਾਉਂ ਵਾਲੀ, ਅਰ ਭੀਮ ਕੁਮਾਰੀ, ਚੰਡਿਕਾ ਕਾਲੀ ਆਦੀ ਡਰਾਉਣੇ ਨਾਉਂ ਵਾਲੀ ਕੁੜੀਆਂ ਦੇ ਨਾਲ ਬਿਆਹ ਨਹੀਂ ਕਰਨਾ* ਚਾਹੀਏ, ਕਿਉਂ ਜੋ ਇਹ ਨਾਉਂ ਭੈੜੇ ਅਤੇ ਹੋਰ ਪਦਾਰਥਾਂ ਦੇ ਬੀ ਹਨ।

अव्यङ्गाङ्गीं सौम्यनाम्नीं हंसवारणगामिनीम् । तनुलोमकेशदशनां मृद्वङ्गीमुद्वहेत्स्त्रियम् ॥ मनु० ३ । १० ॥

ਜਿਹਦੇ ਸਰਲ ਸਿੱਧੇ ਅੰਗ ਹੋਂਨ ਚੰਗਾ ਅਤੇ ਉੱਤਮ ਜਿਹਦਾ ਨਾਉਂ ਹੋਵੇ, ਅਰਥਾਤ ਯਸ਼ੋਧਾਂ, ਸੁਖਦਾ ਆਦੀ ਹੰਸ ਅਤੇ ਹਥਨੀ ਦੇ ਤੁਲ ਜਿਹਦੀ ਚਾਲ ਹੋਵੇ, ਬਰੀਕ ਜਿਹਦੇ ਵਾਲ, ਸਿਰ ਦੇ ਕੇਸ ਅਤੇ ਦੰਦ ਜਿਹਦੇ ਝੜੇ

---

*ਨੋਟ—ਅਰਥਾਤ ਜਦ ਤੀਕਣ ਭੈੜਾ ਨਾਉਂ ਵਟਾ ਨ ਲਵੇ ਤਦ ਤੀਕਣ ਬਿਆਹ ਨ ਕਰੇ ਮਨੂੰ ਜੀ ਮਹਾਰਾਜ ਦੀ ਆਗਿਆ ਦਾ ਏਹ ਤਾਤਪਰਜ ਮਲੂੰਮ ਹੁੰਦਾ ਹੈ, ਕਿ ਮਾਂ ਪਿਉ ਅਜਹੇ ਖੋਟੇ ਨਾਉਂ ਅਪਣੀ ਕੁੜੀਆਂ ਦੇ ਨ ਰਖਯਾ ਕਰਨ, (ਅਨੁਵਾਦ ਕਰਤਾ)

ਹੋਏ ਨ ਹੋਂਨ, ਅਰ ਜਿਹਦੇ ਸਭ ਅੰਗ ਕੋਮਲ ਹੋਂਨ, ਅਜੇਹੀ ਇਸਤ੍ਰੀ ਦੇ ਨਾਲ ਬਿਆਹ ਕਰਨਾ ਚਾਹੀਦਾ ਹੈ,(ਪ੍ਰਸ਼ਨ) ਬਿਆਹ ਕਿਸ ਉਮਰ ਵਿਚ ਅਤੇ ਕਿਸ ਤਰਾਂ ਨਾਲ ਹੋਣਾ ਅਛਾ ਹੈ।

(ਉੱਤ੍ਰ) ਸੋਲ੍ਹਵੇਂ ਵਰ੍ਹੇ ਤੋਂ ਲੈਕੇ ਚਵੀਵੇਂ ਵਰ੍ਹੇ ਤਿਕ ਕੰਨਿਆਂ, ਅਰ ਪੰਜੀਵੇਂ ਵਰ੍ਹੇ ਤੋਂ ਲੈਕੇ ੪੮ (ਅਠਤਾਲੀਵੇਂ)ਵਰ੍ਹੇ ਤਿਕ ਪੁਰਸ਼ ਦੇ ਬਿਆਹ ਹੋਣ ਦਾ ਸਮਾ ਉੱਤਮ ਹੈ,ਇਨ੍ਹਾਂ ਵਿੱਚੋਂ ਜਿਹੜੀ ਸੋਲਾਂ ਵਰ੍ਹਿਆਂ ਦੀ ਕੰਨਿਆਂ, ਅਤੇ ਪੰਜੀਆਂ ਵਰ੍ਹਿਆਂ ਦਾ ਪੁਰਸ਼ ਬਿਆਹ ਕਰੇ ਉਹ ਨਕ੍ਰਿਸ਼ਟ, ਅਠਾਰਾਂ ਜਾਂ ਵੀਹਾਂ ਵਰ੍ਹਿਆਂ ਦੀ ਇਸਤ੍ਰੀ, ਅਤੇ ਤੀਹ, ਪੈਂਤੀ, ਜਾਂ ਚਾਲੀਆਂ ਵਰ੍ਹਿਆਂ ਦੇ ਪੁਰਸ਼ ਦਾ ਬਿਆਹ ਮਧੱਮ, ਅਰ ਚਵੀਆਂ ਵਰ੍ਹਿਆਂ ਦੀ ਇਸਤ੍ਰੀ ਅਤੇ ਅਠਤਾਲੀਆਂ ਵਰਿਹਾਂ ਦੇ ਪੁਰਸ਼ ਦਾ ਬਿਆਹ ਹੋਣਾ ਉੱਤਮ ਹੈ।

ਜਿਹੜੇ ਦੇਸ਼ ਵਿਚ ਏਸ ਪ੍ਰਕਾਰ ਬਿਆਹ ਦੀ ਬਿੱਧੀ ਚੰਗੀ ਹੈ, ਅਰ ਬ੍ਰਹਮਚਰਜ ਵਿਦਜਾ ਦਾ ਅਭਿਆਸ ਅਧੱਕ ਹੁੰਦਾ ਹੈ, ਉਹੋ ਦੇਸ਼ ਸੁਖੀ, ਅਰ ਜਿਹੜਾ ਦੇਸ਼ ਬ੍ਰਹਮਚਰਜ ਅਤੇ ਵਿਦੱਜਾ ਗ੍ਰਹਣ ਤੋਂ ਰਹਿਤ ਹੁੰਦਾ, ਅਰ ਜਿੱਥੇ ਛੋਟੀ ਉਮਰ ਦੇ ਵਿਚ ਬਿਆਹ ਦੇ ਅਜੋਗ ਲੋਕਾਂ ਦਾਂ ਬਿਆਹ ਹੁੰਦਾ ਹੈ, ਉਹ ਦੇਸ਼ ਦੁਖ ਵਿਚ ਡੁਬ ਜਾਂਦਾ ਹੈ, ਕਿਉਂ ਜੋ ਬ੍ਰਹਮਚਰਜ ਅਰ ਵਿਦੱਜਾ ਪੜ੍ਹਲੈਣ ਤੋਂ ਪਿੱਛੋਂ ਈ ਬਿਆਹ ਦਾ ਕਰਨਾ ਹੀਂ ਸੁਧਾਰ ਹੈ, ਉਹਦੇ ਨਾਲ ਸਭ ਬਾਤਾਂ ਸੁਧਰ ਦੀਆਂ ਹਨ, ਅਤੇ ਉਹਦੇ ਬਿਗੜਨ ਨਾਲ ਸਭ ਬਾਤਾਂ ਬਿਗੜ ਜਾਂਦੀਆਂ ਹਨ।

(ਪ੍ਰਸ਼ਨ)

> अष्टवर्षा भवेद् गौरी नववर्षा च रोहिणी ॥ दशवर्षा भवेत्कन्या तत ऊर्ध्वं रजस्वला ॥ १ ॥ माता चैव पिता तस्या ज्येष्ठो भ्राता तथैव च ॥ त्रयस्ते नरकं यान्ति दृष्ट्वा कन्यां रजस्वलाम् ॥ २ ॥

ਏਹ ਸ਼ਲੋਕ ਪਰਾਸ਼ਰੀ ਅਰ ਸ਼ੀਘ੍ਰਬੋਧ ਵਿਚੱ ਲਿੱਖੇ ਹੋਏ ਹਨ, ਅਰਥ ਏਹ ਹੈ ਕਿ ਕੰਨਿਆਂ ਦਾ ਅਠਵੇਂ ਵਰਹੇ ਗੌਰੀ,ਨੌਵੇਂ ਵਰ੍ਹੇ.ਰੋਹਣੀ,ਦਸਵੇਂ ਵਰ੍ਹੇ ਕੰਨਿਆਂ, ਅਰ ਓਸ ਤੋਂ ਪਿੱਛੋਂ ਰਜਸੁੱਲਾ ਨਾਉਂ ਹੁੰਦਾ ਹੈ, ਦਸਵੇਂ ਵਰ੍ਹੇ ਤਿਕ ਬਿਆਹੁ ਨ ਕਰਕੇ ਰਜਸੱਲਾ ਕੰਨਿਆ ਦੇ ਮਾਂ ਪਿਉ ਅਤੇ ਓਸ ਦਾ ਵਡਾ ਭਰਾ ਇਹ ਤਿੰਨੋ ਵੇਖਕੇ ਨਰਕ ਵਿਚ ਪੈਂਦੇ ਹਨ

ब्रह्मोवाच

> एकक्षणा भवेद् गौरी द्विक्षणेयन्तु रोहिणी ॥ त्रिक्षणा सा भवेत्कन्या ह्यत ऊर्ध्वं रजस्वला ॥ १ ॥ माता पिता तथा भ्राता मातुलो भगिनी स्वका ॥ सर्वे ते नरकं यान्ति दृष्ट्वा कन्यां रजस्वलाम् ॥ २ ॥

ਏਹ ਇਸੇ ਸਮੇਂ ਦੇ ਬਣਾਏ ਹੋਏ ਬ੍ਰਹਮ ਪੁਰਾਣ ਦਾ ਬਚਨ ਹੈ, (ਅਰਥ ਜਿਨੇ ਸਮੇ ਵਿਚ ਪ੍ਰਮਾਣੂ ਇਕ ਪਲਟਾ ਖਾਵ ਉਨੇ ਸਮੇ ਨੂੰ ਛਿਣ ਕਹਿੰਦੇ ਹਨ, ਜਦ ਕੰਨਿਆਂ ਜਮੇ ਤਦ ਇਕ ਛਿਨ ਵਿੱਚ ਗੌਰੀ, ਦੂਜੇ ਵਿਚ ਰੋਹਣੀ ਤੀਜੇ ਵਿੱਚ ਕੰਨਿਆ ਅਰ ਚੌਥੇ ਵਿਚ ਰਜੱਸੁਲਾ ਹੋ ਜਾਂਦੀ ਹੈ, ਓਸ ਰਜੱਸੁਲਾ ਨੂੰ ਵੇਖਕੇ ਉਹਦੇ ਮਾਂ ਪਿਉ ਭਰਾ,ਮਾਂਮਾਂ ਅਤੇ ਭੈਣ ਸਭ ਨਰਕ ਨੂੰ ਜਾਂਦੇ ਹਨ।

(ਪ੍ਰਸ਼ਨ) ਇਹ ਸਲੋਕ ਪ੍ਰਮਾਂਨ ਅਰਥਾਤ ਮੰਨੱਣ ਦੇ ਜੋਗ ਨਹੀਂ।

(ਉਤ੍ਰ ਕਿੰਉ ਮੰਨਣ ਵਾਲੇ ਨਹੀਂ? ਭਲਾ ਜੇ ਬ੍ਰਹਮਾ ਜੀ ਦੇ ਸ਼ਲੋਕ ਮਨੱਣ ਵਾਲ ਨਹੀਂ ਤਾਂ ਤੁਹਾਡੇ ਬੀ ਮਨੱਣ ਵਾਲੇ ਨਹੀਂ ਹੋ ਸਕਦੇ।

(ਪ੍ਰਸ਼ਨ) ਵਾਹ ਵਾਹ ਪਰਾਸ਼ਰ ਅਤੇ ਕਾਸ਼ੀਨਾਥ ਦਾ ਬੀ ਪ੍ਰਮਾਣ ਨਹੀ ਕਰਦੇ।

(ਉਤ੍ਰ)ਵਾਹ ਜੀ ਵਾਹ,ਕੀ ਤੁਸੀ ਬ੍ਰਹਮਾ ਜੀਦਾ ਬਚਨ ਨਹੀ ਮਨਦੇ? ਪਰਾਸਰ,ਕ ਸੀ ਨਾਥ ਤੋਂ ਬ੍ਰਹਮਾ ਜੀ ਵਡੇ ਨਹੀਂਹਨ? ਜੇ ਤੁਸੀਂ ਬ੍ਰਹਮਾ ਜੀਦੇ ਸ਼ਲੋਕਾਂ ਨੂੰ ਨਹੀਂ ਮਨਦੇ ਤਾਂ ਅਸੀਂ ਬੀ ਪ੍ਰਾਸ਼ਰ, ਕਾਂਸ਼ੀਨਾਥ ਦੇ ਸ਼ਲੋਕਾਂ ਨੂੰ ਨਹੀਂ ਮਨਦੇ।

(ਪ੍ਰਸ਼ਨ)ਤੁਹਾਡੇ ਸ਼ਲੋਕ ਅਸੰਭਵ ਹੋਣ ਥੀਂ ਪ੍ਰਮਾਣ ਨਹੀ, ਕਿੰਉਂ ਜੋ ਹਜਾਰ ਛਿਣ ਤਾਂ ਜੱਮਣ ਵੇਲੇ ਹੀ ਬੀਤ ਜਾਂਦੇ ਹਨ, ਤਾਂ ਫਿਰ ਬਿਆਹ ਕਿਸ ਤਰਾਂ ਨਾਲ ਹੋ ਸਕਦਾ ਹੈ, ਓਸ ਸਮੇ ਬਿਆਹ ਕਰਨ ਦਾ ਕੁਝ ਫਲ ਬੀ ਨਜਰ ਨਹੀਂ ਆਉਂਦਾ।

(ਉਤ੍ਰ) ਜੇ ਸਾਡੇ ਸ਼ਲੋਕ ਨਹੀਂ ਬਣਦੇ ਹਨ ਤਾਂ ਤੁਹਾਡੇ ਬੀ ਨਹੀਂ ਬਣਦੇ ਹਨ ਕਿਉਂ ਜੋ ਅੱਠਾਂ ਨਵਾਂ ਅਤੇ ਦਸਾਂ ਵਰੇਹਾਂ ਵਿਚ ਬੀ ਵਿਆਹ ਕਰ-ਨਾ ਨਿਸ਼ਫਲ ਹੈ, ਕਿਉਂ ਜੋ ਜਦ ਸੋਲਵੇਂ ਵਰੇ ਦੇ ਪਿਛੋਂ ਚਹੀਵੇਂ ਵਰੇ ਤਿਕ ਵਿਵਾਹ ਹੋਣ ਥੀਂ ਪੁਰਖ ਦਾ ਬੀਰਜ ਪੱਕਾ,ਸ਼ਰੀਰ ਬਲਵਾਂਨ ਇਸਤ੍ਰੀ ਦਾ ਗਰਭ

ਆਸ਼ਾ ਪੂਰਾ, ਅਰ ਸ਼ਰੀਰ ਬੀ ਬਲਵਾਂਨ ਹੋਣ ਥੀਂ †ਸੰਤਾਨ ਉੱਤਮ ਹੁੰਦੇ ਹਨ, ਜਿਸ-ਤਿਰਾਂ ਨਾਲ ਅੱਠਾਂ ਵਰਿਹਾਂ ਦੀ ਲੜਕੀ ਦਾ ਬੱਚਾ ਜਮਣਾ ਅਕਲ ਵਿਚ ਨਹੀਂ ਆਉਂਦਾ, ਉਸੇਤ੍ਰਾਂ ਗੌਰੀ, ਰੋਹਣੀ ਨਾਉਂ ਰਖੱਣਾ ਬੀ ਠੀਕ ਨਹੀਂ ਹੈ, ਜੇਕਰ ਕੰਨਿਆਂ ਗੋਰੀ ਅਰਥਾਤ ਚਿੱਟੇ ਰੰਗ ਦੀ ਨ ਹੋਵੇ ਕਿੰਤੂ ਕਾਲੀ ਹੋਵੇ, ਤਾਂ ਓਸਦਾ ਨਾਉਂ ਗੌਰੀ ਰਖਣਾ ਬਿਅਰਥ ਹੈ, ਅਰ ਗੌਰੀ ਮਹਾਂਦੇਵ ਦੀ ਇਸਤ੍ਰੀ, ਰੋਹਣੀ ਵਸੂਦੇਉ ਦੀ ਇਸਤ੍ਰੀ ਸੀ, ਓਸ ਨੂੰ ਤੁਸੀਂ ਪੁਰਾਣਕ ਲੋਗ ਮਾਂ ਦੇ ਤੁਲ ਮਨਦੇ ਹੋ, ਜਦ ਹੋਰ ਇਕ ਕਨਿਆਂ ਵਿਚ ਗੌਰੀ ਆਦੀ ਦੀ ਭਾਉਨਾ ਕਰਦੇ ਹੋ ਤਾ ਫੇਰ ਓਸ ਨਾਲ ਬਿਆਹ ਕਰਨਾ ਅਕਲ ਵਿਚ ਕਿਸਤਰਾਂ ਆ ਸਕਦਾ ਅਤੇ ਧਰਮ ਦਾ ਕੰਮ ਹੋ ਸਕਦਾ ਹੈ, ਏਸ ਲਈ ਤੁਹਾਡੇ ਅਰ ਸਾਡੇ ਦੋ ਦੋ ਸ਼ਲੋਕ ਮਿਥਿਆ ਹੀ ਹਨ, ਕਿੰਉ ਜੋ ਜਿਸਤਰਾਂ ਅਸਾਂ ਨੇ ਬ੍ਰਹਮੋਵਾਚ ਕਰਕੇ ਸ਼ਲੋਕ ਬਣਾ ਲੀਤੇ ਹਨ, ਇਸੇ ਤਰਾਂ ਲੋਕਾਂ ਨੇ ਬੀ ਪ੍ਰਾਸ਼ਰ ਆਦੀ ਦਾ ਨਾਉਂ ਰਖਕੇ ਬਣਾ ਲੀਤੇ ਹਨ, ਏਸ ਲਈ ਇਨਾਂ ਸਭਨਾ ਦਾ ਪ੍ਰਮਾਂਣ ਛਡਕੇ ਵੇਦਾਂ ਦੇ ਪ੍ਰਮਾਣ ਨਾਲ ਸੱਭ ਕੰਮ ਕੀਤਾ ਕਰੋ ਦੇਖੋ ਮਨੂੰ ਵਿਚ ਲਿਖਿਆ ਹੈ।

---

†ਉਚਿਤ ਸਮੇ ਤੋਂ ਘਟ ਉਮਰ ਵਾਲੇ ਇਸਤ੍ਰੀ ਪੁਰਸ਼ ਨੂੰ ਗਰਭਾਧਾਂਨ ਕਰਨ ਥੀਂ ਮੁਨੀਵਰ ਧਨਵੰਤ੍ਰੀ ਜੀ ਸ਼ੁਸ਼ਰੁਤ (ਗ੍ਰੰਥ) ਵਿਚ ਵਰਜਦੇ ਹਨ।

ऊनषोडशवर्षायामप्राप्तः पञ्चविंशतिम् ॥ यद्याधत्ते पुमान गर्भं कुक्षिस्थः स विपद्यते ॥ १ ॥ जातो वा न चिरंजीवेज्जीवेद्वा दुर्बले-न्द्रियः ॥ तस्मादत्यन्तबालायागर्भाधानं न कारयेत् ॥ २ ॥ सुश्रुत शारीरस्थाने अ० १० । श्लो० ४७ । ४८ ॥

(ਅਰਥ) ਸੋਲਾਂ ਵਰਿਹਾਂ ਤੋਂ ਘਟ ਉਮਰ ਵਾਲੀ ਇਸਤ੍ਰੀ ਵਿਚ, ਪੰਜੀਆਂ ਵਰਿਹਾਂ ਥੀਂ ਘਟ ਉਮਰ ਵਾਲਾ ਪੁਰਸ਼ ਜੇ ਗਰਭ ਦਾ ਸਥਾਪਨ ਕਰੇ ਤਾਂ ਉਹ ਗਰਭ ਛਿਨ ਜਾਂਦਾ ਹੈ, ਅਰਥਾਤ ਪੂਰੇ ਸਮੇ ਤਿੱਕ ਗਰਭ ਆਸ਼ੇ ਵਿਚ ਰਹਕੇ ਜੇ ਜਮ ਬੀ ਪਏ ਤਾਂ ਚਿਰ ਕਾਲ ਤਿੱਕ ਨਹੀ ਜੀਉਂਦਾ, ਜੇ ਜੀਉਂਦਾ ਬੀ ਰਹੇ ਤਾਂ ਦੁਰਬਲ ਇੰਦ੍ਰੀਆਂ ਵਾਲਾ ਹੁੰਦਾ ਹੈ ਏਸ ਕਰਕੇ ਬਹੁਤ ਛੋਟੀ ਉਮਰ ਵਾਲੀ ਇਸਤ੍ਰੀ ਵਿਚ ਗਰਭ ਦਾ ਸਥਾਪਨ ਨਾ ਕਰਨ।

ਅਜੇਹੇ ੨ ਸ਼ਾਸਤ੍ਰਾਂ ਦੇ ਨੇਮ ਅਤੇ ਸਰਿਸ਼੍ਰੀ ਕ੍ਰਮ ਨੂੰ ਵੇਖਣ ਨਾਲ ਅਤਿ ਬੁਧ ਦੇ ਵਿਚਾਰ ਨਾਲ ਇਹੀ ਸਿੱਧ ਹੁੰਦਾ ਹੈ, ਕਿ ਸੋਲਾਂ ਵਰਿਹਾਂ ਥੋਂ ਘਟ ਉਮਰ ਦੀ ਇਸਤ੍ਰੀ ਅਤੇ ਪੰਜੀਆਂ ਵਰਿਹਾਂ ਥੋਂ ਘਟ ਉਮਰ ਵਾਲਾ ਮਰਦ ਕਦੇ ਗਰਬਾਧਾਂਨ ਕਰਨ ਦੇ ਜੋਗ ਨਹੀਂ ਹੁੰਦਾ, ਇਨਾ ਨੇਮਾਂ ਥੀਂ ਉਲਟ ਜਿਹੜੇ ਕਰਦੇ ਹਨ ਉਹ ਦੁਖ ਪਾਂਦੇ ਹਨ।

त्रीणि वर्षाण्युदीक्षेत कुमार्य्यृतुमती सती । ऊर्ध्वं तु कालादेतस्माद्विन्देत सदृशं पतिम् ॥ मनु० ९ । ९० ॥

ਰਜਸੁਲਾ ਹੋਣ ਤੋਂ ਤਿੰਨ ਵਰ੍ਹੇ ਪਿੱਛੇ ਕੁੜੀ ਖਾਉਂਦ ਨੂੰ ਭਾਲੇ, ਅਰ ਜਿਹੜਾ ਖਾਉਂਦ ਅਪਣੇ ਤੁਲ ਹੋਵੇ ਉਹਦੇ ਨਾਲ ਬਿਆਹ ਕਰੇ. ਜਦ ਹਰ ਮਹੀਨੇ ਰਜਸੁਲਾ ਹੁੰਦੀ ਹੈ ਤਾਂ ਤਿੰਨਾਂ ਵਰ੍ਹਿਆਂ ਵਿਚ ੩੬ ਵੇਰੀ ਰਜਸੁਲਾ ਹੋ ਲੈਣ ਤੋਂ ਪਿਛੋਂ ਬਿਆਹ ਕਰਨਾ ਚਾਹੀਦਾ ਹੈ, ਇਸ ਤੋਂ ਪਹਲੇ ਨਹੀਂ।

काममामरणात्तिष्ठेद् गृहे कन्यर्तुमत्यपि । न चैवैनां प्रयच्छेत्तु गुणहीनाय कर्हिचित् ॥ मनु० ९ । ८९ ॥

ਭਾਵੇਂ ਮੁੰਡਾ ਕੁੜੀ ਮਰਨ ਤੀਕ ਕੁਆਰੇ ਰਹਨ ਪ੍ਰੰਤੂ ਅਸਦ੍ਰੱਸ਼ ਅਰਥਾਤ ਜਿਨਾਂ ਦੇ ਗੁਣ, ਕਰਮ, ਸੁਭਾਉ ਇਕ ਦੂਜੇ ਨਾਲ ਨ ਮਿਲਨ ਉਨ੍ਹਾਂ ਦਾ ਬਿਆਹ ਕਦੇ ਨਹੀਂ ਹੋਣਾ ਚਾਹੀਦਾ।

ਇਸ ਥੋਂ ਸਿਧੱ ਹੋਇਆ ਕਿ ਉਪੱਰ ਲਿਖੇ ਹੋਏ ਸਮੇ ਤੋਂ ਪਹਲੇ ਜਾਂ ਅਸਦ੍ਰੱਸ਼ ਦਾ ਬਿਆਹ ਹੋਣਾ ਠੀਕ ਨਹੀਂ ਹੈ।

(ਪ੍ਰਸ਼ਨ) ਬਿਆਹ ਮਾਂ, ਪਿਉ ਦੇ ਅਧੀਨ ਹੋਣਾ ਚਾਹੀਦਾ ਹੈ ਜਾਂ ਮੁੰਡੇ ਕੁੜੀ ਦੇ ਅਧੀਨ ਰਹੇ।

(ਉਤ੍ਰ) ਮੁੰਡੇ ਕੁੜੀ ਦੇ ਅਧੀਨ ਬਿਆਹ ਹੋਣਾ ਉਤੱਮ ਹੈ, ਜੇ ਕਦੀ ਮਾਂ ਪਿਓ ਬਿਆਹ ਕਰਨ ਦਾ ਬਿਚਾਰ ਕਰਨ ਤਾਂ ਬੀ ਮੁੰਡੇ ਕੁੜੀ ਦੀ ਮਰਜੀ ਬਗੈਰ ਨਹੀਂ ਹੋਣਾ ਚਾਹੀਦਾ, ਕਿਉਂ ਜੋ ਇਕ ਦੂਜੇ ਦੀ ਮਰਜੀ ਨਾਲ ਬਿਆਹ ਹੋਣ ਵਿਚ ਵਿਰੋਧ ਬਹੁਤ ਘਟ ਹੁੰਦਾ ਹੈ, ਅਰ ਸੰਤਾਨ ਬੀ ਉਤੱਮ ਹੁੰਦੀ ਹੈ, ਬਗੈਰ ਮਰਜੀ ਦੇ ਬਿਆਹ ਕੀਤੇ ਹੋਇਆਂ ਸਦਾ ਦਾ ਕਲੇਸ਼ ਹੀ ਬਣਿਆ ਰਹਿੰਦਾ ਹੈ, ਬਿਆਹ ਕਰਨ ਵਿਚ ਵਡਾ ਪਰੋਜਨ ਤਾਂ ਮੁੰਡੇ ਅਤੇ ਕੰਨਿਆਂ ਦਾ ਹੈ ਮਾਂ, ਪਿਉ ਦਾ ਨਹੀਂ, ਕਿਉਂਕਿ ਉਨ੍ਹਾਂ ਵਿਚ ਪਰਸੰਨਤਾ ਰਹੇ ਤਾਂ ਉਨ੍ਹਾਂ ਨੂੰ ਹੀ ਸੁਖ ਅਤੇ ਝਗੜੇ ਵਿਚ ਉਨ੍ਹਾਂ ਨੂੰ ਹੀ ਦੁਖੱ ਹੁੰਦਾ ਹੈ।

सन्तुष्टो भार्य्यया भर्ता भर्त्रा भार्य्या तथैव च । यस्मिन्नेव कुले नित्यं कल्याणं तत्र वै ध्रुवम् ॥ मनु० ३ । ६० ॥

ਜਿਹੜੀ ਕੁਲ ਵਿਚ ਇਸਤ੍ਰੀ ਤੋਂ ਪੁਰਸ਼, ਅਰ ਪੁਰਸ਼ ਤੋਂ ਇਸਤ੍ਰੀ ਸਦ ਪ੍ਰਸੰਨ ਰਹਿੰਦੀ ਹੈ, ਉਸੇ ਕੁਲ ਵਿਚ ਅਨੰਦ, ਧੰਨ, ਅਰ ਜਸ ਠਹਰਦਾ ਹੈ ਅਰ ਜਿਥੇ ਝਗੜਾ ਲੜਾਈ ਹੁੰਦੀ ਹੈ ਓਥੇ ਦੁਖ, ਗ੍ਰੀਬੀ, ਅਰ ਨਿੰਦਿਆ ਡੇਰ ਲਾਉਂਦੀ ਹੈ, ਇਸ ਲਈ ਜੇਹੀ ਸ੍ਵਅੰਬਰ ਦੀ ਰੀਤ ਆਰੀਆ ਵਰਤ ਵਿਚ ਪਰਮਪਰਾ ਥੀਂ ਚਲੀ ਆਉਂਦੀ ਹੈ, ਓਸ ਰੀਤ ਨਾਲ ਬਿਆਹ ਕਰਨਾ ਹੀ ਉਤੱਮ ਹੈ।

ਜਦ ਇਸਤ੍ਰੀ ਪੁਰਸ਼ ਬਿਆਹ ਕਰਨਾ ਚਾਹੁਨ, ਤਦ ਵਿਦੱਜਾ, ਨਰਮ, ਸੁਭਾ, ਰੂਪ, ਉਮਰ, ਬਲ, ਕੁਲ ਅਤੇ ਸ਼ਰੀਰ ਦਾ ਅੰਦਾਜ ਠੀਕ ੨ ਹੋਣਾ ਚਾਹੀਦਾ ਹੈ। ਜਦ ਤੀਕ ਇਨ੍ਹਾਂ ਕੁਲਾਂ ਦਾ ਮੇਲ ਨਹੀਂ ਹੁੰਦਾ ਤਦ ਤੀਕ ਬਿਆਹ ਕਰਨ ਵਿਚ ਕੁਝ ਬੀ ਸੁਖ ਨਹੀਂ ਹੁੰਦਾ, ਅਰ ਨਾ ਹੀ ਬਾਲ ਅਵਸਥਾ ਵਿਚ ਬਿਆਹ ਕਰਨ ਥੀਂ ਸੁਖ ਹੁੰਦਾ ਹੈ।

युवा सुवासाः परिवीत आगात्स उ श्रेयान्भवति जायमानः । तं धीरासः कवय उन्नयन्ति स्वाध्यो३ मनसा देवयन्तः ॥ १ ॥ ऋ० ॥ मं० ३ । सू० ८ । मं० ४ ॥

आधेनवो धुनयन्तामशिश्वीः सबर्दुघाः शशया अप्रदुग्धाः । नव्यानव्या युवतयो भवन्तीर्महद्देवानामसुरत्वमेकम् ॥ २ ॥ ऋ० ॥ मं० ३ । सू० ५५ । मं० १६ ॥

पूर्वीरहं शरदः शश्रमाणा दोषावस्तोरुषसो जरयन्तीः ।

ਜਿਹੜੇ ਪੁਰਸ਼ ਨੇ ਚੰਗੀਤਰਾਂ ਨਾਲ ਜੰਞੂ ਅਰਥਾਤ ਬ੍ਰਹਮਚਰਜ ਦੇ ਸੇਵਨ ਕਰਦੇ ਉੱਤਮ ਸਿਖੱਜਾ ਅਤੇ ਵਿਦਜਾ ਪਾਈ ਹੋਵੇ, ਸੋਹਣੇ ਕਪੜੇ ਪਾਏ ਹੋਨ, ਅਰ ਪੂਰਾ ਜੁਆਨ ਹੋਕੇ ਵਿਦੱਜਾ ਪਾਕੇ ਗ੍ਰਹਸਤ ਆਸ਼੍ਰਮ ਵਿਚ ਆਉਂਦਾ ਹੈ, ਉਹੋ ਦੂਜਾ ਵਿਦੱਜਾ ਦਾ ਜਨਮ ਪਾਇਆ ਹੋਇਆ ਬਹੁਤ ਕਰਕੇ ਸ਼ੋਭਾ ਵਾਲਾ ਅਤੇ ਮੰਗਲ ਦੇ ਕਰਨ ਵਾਲਾ ਹੁੰਦਾ ਹੈ, ਓਸ ਨੂੰ ਅਛੀ ਤਰਾਂ ਦੇ ਨਾਲ ਸੋਚ ਵਿਚਾਰ ਕਰਨ ਵਾਲੇ ਅਤੇ ਮਨ ਕਰਕੇ ਵਿਦੱਜਾ ਦਾ ਵਾਧਾ ਚਾਹਣ ਵਾਲੇ ਅਤੇ ਧੀਰਜਵਾਲੇ ਵਦ੍ਵਾਂਨ ਲੋਗ ਓਸਨੂੰ ਉਨੱਤੀ ਸੀਲਕਰਕੇ ਮਾਨ ਕਰਦੇਹਨ

ਅਰ ਜਿਹੜੇ ਬ੍ਰਮਚਰਜ ਅਤੇ ਵਿਦੱਜਾ, ਉੱਤਮਸਿਖੱਜਾ ਦੇ ਧਾਰਣ ਕੀਤੇ ਬਿਨਾਂ ਅਥਵਾ ਬਾਲ ਅਵਸਥਾ ਵਿਚ ਬਿਆਹ ਕਰਦੇ ਹਨ ਉਹ ਇਸਤ੍ਰੀ ਪੁਰਸ਼ ਨਸ਼੍ਰ ਹੋਕੇ ਵਿਦਵਾਨਾਂ ਵਿਚ ਮਾਨ ਨੂੰ ਨਹੀਂ ਪਾਉਂਦੇ।

ਜਿਹੜੀ ਗਊ ਕਿਸੇ ਨੈ ਨਹੀ ਚੋਈ ਉਨਾ ਵਰਗੀ ਅਰਥਾਤ ਕੁਆਰੀ ਬਾਲ ਅਵਸ੍ਥਾ ਤੋਂ ਰਹਤ ਸਾਰੇ ਤਰਾਂ ਦੇ ਉੱਤਮ ਵਿਹਾਰਾਂ ਨੂੰ ਪੂਰਾ ਕਰਨਵਾਲੀ, ਕੁਮਾਰ ਅਵਸਥਾ ਲੰਘੀ ਹੋਈ ਨਵੀਂ ਨਵੀਂ ਸਿਖਜ਼ਾ ਪਾਈ ਹੋਈ ਅਤੇ ਭਰ ਜੁਆਂਨ ਮੁਟਿਆਰ ਇਸਤ੍ਰੀਆਂ ਉਨ੍ਹਾਂ ਵਿਦਵਾਨਾਂ ਵਾਕਣ ਜਿਨ੍ਹਾਂ ਨੈ ਨੇਮ ਪੂਰਬਕ ਪੂਰਾ ਬ੍ਰਹਮ ਚਰਜ ਕੀਤਾ ਹੈ ਅਦੁਤੀ ਗਿਆਂਨਵਾਂਨ ਜਿਨ੍ਹਾਂ ਦੀ ਬੁਧ ਉੱਜਲ ਹੋਵੇ, ਜੁਆਂਨ ਪਤੀਆਂ ਨੂੰ ਪ੍ਰਾਪਤ ਕਰਕੇ ਗਰਭ ਧਾਰਨ ਕਰਨ।

ਕਦੇ ਭੁਲਕੇ ਬੀ ਬਾਲ ਅਵਸਥਾ ਵਿੱਚ ਪੁਰਸ਼ ਦਾ ਮਨਕਰਕੇ ਬੀ ਧਿਆਂਨ ਨ ਕਰਨ, ਕਿਉਂਕਿ ਏਹੋ ਕਰਮ ਏਸ ਲੋਕ ਅਤੇ ਪਰਲੋਕ ਦੇ ਸੁਖ ਦਾ

ਮ.. ਹਨ ਹੈ, ਬਾਲ ਅਵਸਥਾ ਦੇ ਵਿਆਹ ਨਾਲ ਜਿੱਨਾ ਪੁਰਸ਼ ਦਾ ਨਾਸ਼ ਹੁੰਦਾ ਹੈ ਓਸਤੋਂ ਵਧੀਕ ਇਸਤ੍ਰੀ ਦਾ ਨਾਸ਼ ਹੁੰਦਾ ਹੈ।

ਜਿਸ ਤਰਾਂ ਫੁਰਤੀ ਨਾਲ ਅਤਯੰਤ ਕੰਮ ਕਾਜ ਕਰਨ ਵਾਲੇ, ਅਤੇ ਬੀਰਜ ਸਿੰਚਣ ਦੇ ਸਮਰਥ ਭਰ ਜੁਆਨ ਪੁਰਸ਼ ਉਨਾਂ ਇਸਤ੍ਰੀਆਂ ਨੂੰ ਜਿਹੜੀ-ਆਂ ਜੁਆਨਾਂ ਨੂੰ ਪਿਆਰੀਆਂ ਹੈਨ ਪ੍ਰਾਪਤ ਕਰਕੇ ਪੂਰੇ ਸੌ ਵਰਹੇ ਦੀ ਜਾਂ ਓਸਥੋਂ ਵਧਉਮਰ ਨੂੰ ਅਨੰਦ ਨਾਲ ਭੋਗਦੇ ਅਰ ਪੁਤ੍ਰ ਪੋਤ੍ਰੇ ਆਦੀ ਦੇ ਨਾਲ ਰਲੇ ਮਿਲੇ ਰਹਿੰਦੇ ਹਨ ਉਸੇ ਤਰਾਂ ਇਸਤ੍ਰੀ ਪੁਰਸ਼ ਸਦਾ ਵਰਤਿਆ ਕਰਨ।

ਜਿਸਤਰਾਂ ਸਰਦੀ ਦੀ ਰੁੱਤਾਂ ਜਿਹੜੀਆਂ ਪਹਲੋਂ ਲੰਘ ਚੁਕੀਆਂ ਹੈਂਨ ਬੁਢੇਪੇ ਨੂੰ ਲਿਆਉਣ ਵਾਲੇ ਹੁੰਦੇ ਹਨ, ਪ੍ਰਾਤਾਕਾਲ ਦੇ ਵੇਲਿਆਂ ਨੂੰ ਰਾਤ ਅਤੇ ਦਿਨ ਅਰ ਸ਼ਰੀਰ ਦੀ ਸੋਭਾ ਨੂੰ ਬਹੁਤ ਬੁਢੇਪਾ ਦੂਰ ਕਰ ਦਿੰਦਾ ਹੈ, ਉਸੇ ਤਰਾਂ ਮੈਂ ਇਸਤ੍ਰੀ ਜਾਂ ਪੁਰਸ਼ ਚੰਗੀ ਤਰਾਂ ਬ੍ਰਹਮ ਚਰਜ ਕਰਕੇ ਵਿਦੱਜਾ, ਸਿਖਜਾ, ਅਰ ਸ਼ਰੀਰ ਅਤੇ ਆਤਮਾਂ ਦੇ ਬਲ ਅਰ ਜੁਆਨੀ ਨੂੰ ਪਾਕੇ ਬਿਆਹ ਕਰਾਂ।

ਏਸ ਤੋਂ ਵਿਰੁਧ ਕਰਨਾ ਵੇਦ ਦੇ ਵਿਰੁਧ ਹੈ, ਅਰ ਕਦੀ ਬੀ ਸੁਖ ਦੇਣ ਵਾਲਾ ਬਿਆਹ ਨਹੀ ਹੁੰਦਾ।

ਜਦ ਤਿਕ ਏਸ ਤਰਾਂ ਨਾਲ ਸਬ ਰਿਸ਼ੀ, ਮੁਨੀ, ਰਾਜਾ, ਮਹਾਰਾਜਾ ਆਰੀਆ ਲੋਗ ਬ੍ਰਹਮ ਚਰਜ ਦੁਆਰਾ ਵਿਦਯਾ ਪੜਕੇ ਹੀ ਸ੍ਵਯੰਬਰ ਕਰਦੇ ਸਨ, ਤਦ ਤਿਕ ਏਸ ਦੇਸ ਦੀ ਸਦਾ ਉਨੱਤੀ ਹੁੰਦੀ ਸੀ, ਜਦ ਥੀਂ ਬ੍ਰਹਮ ਚਰਜ ਦ ਨਾ ਕਰਨ ਅਤੇ ਵਿਦੱਯਾ ਦੇ ਨਾਂ ਪੜ੍ਹਨ ਨਾਲ ਛੋਟੀ ਉਮਰ ਵਿਚੱ ਪ੍ਰਾਧੀਨ ਅਰਥਾਤ ਮਾਂ ਪਿਉ ਦੇ ਅਧੀਨ ਬਿਆਹ ਹੋਣ ਲੱਗਾ ਤਦ ਥੀਂ ਧੀਰੇ ਧੀਰੇ ਆਰੀਆ ਵਰਤ ਦੇਸ਼ਦੀ ਹਾਨੀ ਹੁੰਦੀ ਆਈ ਹੈ, ਏਸ ਕਰਕੇ ਏਸ ਦੁਸ਼ਟ ਕੰਮ ਨੂੰ ਛਡਕੇ ਸਜੱਨ ਲੋਗ ਉੱਪਰ ਲਿਖੀ ਰੀਤ ਨਾਲ ਸ੍ਵਯੰਬਰ ਬਿਆਹ ਕੀਤਾ ਕਰਨ।

ਸੋ ਬਿਆਹ ਅਪਣੇ ਅਪਣੇ ਵਰਣ ਦੇ ਅਨਕੂਲ ਕਰਨ, ਅਰ ਵਰਣ ਬਿਵਸਥਾ ਬੀ ਗੁਣ, ਕਰਮ ਸਭਾਉ ਦੇ ਅਨੁਸਾਰ ਹੋਣੀ ਚਾਹੀਦੀ ਹੈ।

(ਪ੍ਰਸ਼ਨ)ਕੀ ਜਿਹਦੀ ਮਾਂ ਬ੍ਰਾਹਮਣੀ ਪਿਉ ਬ੍ਰਾਹਮਣ ਹੋਵੇ ਉਹ ਬ੍ਰਾਹਮਣ ਹੁੰਦਾ ਹੈ, ਜਾਂ ਜਿਹਦੇ ਮਾਂ ਪਿਉ ਦੂਜੇ ਵਰਣ ਦੇ ਹੋਨ ਕੀ ਉਨਾਂ ਦੀ ਸੰਤਾਂਨ ਕਦੀ ਬ੍ਰਾਹਮਣੀ ਹੋ ਸਕਦੀ ਹੈ ?

( ਉਤ੍ਰ )ਹਾਂ ਢੇਰ ਸਾਰੇ ਹੁੰਦੇ ਹੀ ਹਨ, ਹੁਣ ਬੀ ਅਰ ਅੱਗੇ ਨੂੰ ਬੀ ਹੋਨਗੇ ਜਿਸਤਰਾਂ ਛਾਂਦੋਗ ਉਪਨਿਸ਼ਦ ਵਿਚ ਜਾਵਾਲ ਰਿਸ਼ੀ ਅਗਿਆਤ ਕੁਲ, ਮਹਾਂ ਭਾਰਤ ਵਿਚ ਵਿਸ੍ਵਾਮਿਤ੍ਰ ਖੱਤ੍ਰੀ ਵਰਣ ਅਰ ਮਾਤੰਗ ਰਿਸ਼ੀ ਚੰਡਾਲ ਕੁਲਥੀਂ ਬ੍ਰਾਹਮਣ ਹੋਏਸਨ. ਹੁਣ ਬੀ ਜਿਹੜਾਂ ਉਤੱਮ ਵਿੱਦਯਾ ਅਤੇ ਉਤਮ ਸੁਭਾਉ ਵਾਲਾ ਹੈ ਓ ਹੋ ਬ੍ਰਾਹਮਣ ਹੋਣਦੇ ਯੋਗ, ਮੂਰਖ ਸ਼ੂਦਰ ਹੋਣਦੇ ਜੋਗ ਹੁੰਦਾ ਹੈ, ਅਰ ਉਸੇ

ਤਰਾਂ ਨਾਲ ਅਗੇ ਬੀ ਹੋਵੇਗਾ।

(ਪ੍ਰਸਨ) ਭਲਾ ਜਿਹੜਾ ਰਜ ਬੀਰਜ ਥੀਂ ਸਰੀਰ ਬਣਿਆ ਹੈ ਓਹਵਟਕੇ ਦੂਜੇ ਵਰਣ ਦੇ ਜੋਗ ਕੀਕਣ ਹੋ ਸਕਦਾ ਹੈ ?

(ਉਤ੍ਰ) ਰਜ ਬੀਰਜ ਦੇ ਜੋਗ ਥੀਂ ਬ੍ਰਾਹਮਣ ਦਾ ਸ਼ਰੀਰ ਨਹੀਂ ਹੁੰਦਾ ਕਿੰਤੂ।

स्वाध्यायेन जपैर्होमैस्त्रैविद्येनेज्यया सुतैः। महायज्ञैश्च यज्ञैश्च ब्राह्मीयं क्रियते तनुः ॥ मनु०२। २८॥

ਏਸ ਦਾ ਅਰਥ ਪਹਲੋਂ ਬੀ ਕਰ ਆਏ ਹਾਂ, ਹੁਣ ਐਥੇ ਬੀ ਸੰਖੇਪ ਨਾਲ ਕਰਨੇ ਹਾਂ, ਪੜ੍ਹਨੇ ਪੜ੍ਹਾਨੇ ਬਿਚਾਰ ਕਰਨੇ, ਕਰਾਨੇ, ਨਾਨਾ ਬਿੱਧ ਹੋਮ ਦਾ ਕਰਨਾਂ, ਸੰਪੂਪਣ ਵੇਦਾਂ ਨੂੰ ਸ਼ਬਦਾਰਥ, ਸੰਬੰਧ ਅਤੇ ਸੁਰਾਂ ਦੇ ਉਚਾਰਣ ਕਰਕੇ ਪੜ੍ਹਨ, ਪੜ੍ਹਾਨ ਨਾਲ, ਪੂਰਨਮਾਸ਼ੀ, ਇਸ਼ਟੀ ਆਦੀ ਜਿਨ੍ਹਾਂ ਦਾ ਵਰਣਨ ਪਹਲੋਂ ਕੀਤਾ ਗਿਆ ਹੈ ਉਨ੍ਹਾਂ ਦੇ ਕਰਨੇ, ਧਰਮ ਦੇ ਅਨੁਸਾਰ ਸੰਤਾਨ ਉਤਪੱਨ ਕਰਨਾ ਬ੍ਰਹਮਯੱਗ, ਦੇਵਯੱਗ, ਪਿਤ੍ਰੀਯੱਗ, ਵੈਸ਼ ਦੇਵਯੱਗ, ਅਰ ਅਤਿਥੀ ਯੱਗ ਜਿਨ੍ਹਾ ਦਾ ਬਰਨਨ ਪਹਲੋਂ ਆਚੁੱਕਿਆ ਹੈ, ਅਗਨਿਸ਼ਟੋਮ ਆਦੀ ਯੱਗ, ਵਿਦਵਾਨਾਂ ਦਾ ਸੰਗ, ਸਤਕਾਰ, ਸੱਚ ਬੋਲਣਾ, ਪਰ ਉਪਕਾਰ ਆਦੀ ਸਤ ਕਰਮ, ਅਤੇ ਸੰਪੂਰਨ*ਸਿਲਪ ਵਿਦੱਯਾ ਆਦੀ ਪੜ੍ਹਕੇ ਦੁਸ਼੍ਰਾ ਚਾਰ ਛਡਕੇ ਸ੍ਰੇਸ਼੍ਰਾ ਚਾਰ ਦੇ ਕਰਨ ਨਾਲ ਏਹ ਸ਼ਰੀਰ ਬ੍ਰਾਹਮਣ ਦਾ ਬਣਦਾ ਹੈ।

ਕੀ ਏਸ ਸ਼ਲੋਕ ਨੂੰ ਤੁਸੀਂ ਨਹੀਂ ਮੰਨ ਦੇ? ਮੰਨ ਦੇ ਹਾਂ, ਫੇਰ ਕਿਉਂ ਰਜ ਬੀਰਜ ਦੇ ਯੋਗ ਥੀਂ ਵਰਣ ਵਿਵਸਥਾ ਨੂੰ ਮੰਨਦੇ ਓ ? ਮੈਂ ਅਕਲਾ ਤਾਂ ਨਹੀਂ ਮੰਨਦਾ ਕਿੰਤੂ ਬਹੁਤੇ ਲੋਗ ਪ੍ਰਮਪ੍ਰਾ ਥੀਂ ਅਜੇਹੇ ਹੀ ਮੰਨਦੇ ਹਨ।

(ਪ੍ਰਸ਼ਨ) ਕੀ ਤੁਸੀਂ ਪ੍ਰਮਪ੍ਰਾ ਦਾ ਬੀ ਖੰਡਨ ਕਰੋਗੇ ?

(ਉਤ੍ਰ) ਨਹੀ, ਪ੍ਰੰਤੂ ਤੁਹਾਡੀ ਉਲਟੀ ਸਮਝ ਨੂੰ ਨਹੀਂ ਮਨਦੇ ਅਤੇ ਓਸਦਾ ਖੰਡਨ ਬੀ ਕਰਨੇ ਹਾਂ।

(ਪ੍ਰਸ਼ਨ) ਸਾਡੀ ਉਲਟੀ ਅਤੇ ਤੁਹਾਡੀ ਸਿੱਧੀ ਸਮਝ ਹੈ, ਏਸ ਵਿਚ ਕੀ ਪ੍ਰਮਾਂਣ ਹੈ ?

(ਉਤ੍ਰ) ਏਹੋ ਪ੍ਰਮਾਣ ਹੈ ਕਿ ਜਿਹੜੀ ਤੁਸੀਂ ਪੰਜਾਂ ਸੱਤਾਂ ਪੀੜ੍ਹੀਆਂ ਦੀ ਰੀਤਾਂ ਨੂੰ ਸਨਾਤਨ ਵਿਹਾਰ ਮਨਦੇ ਹੋ, ਅਰ ਅਸੀ ਵੇਦ ਤਥਾ ਸ੍ਰਿਸ਼ਟੀ ਦੇ ਮੁੱਢ ਥੀਂ ਹੁਣ ਤੀਕਨ ਨੂੰ ਪਰਮਪਰਾ ਮਨਦੇ ਹਾਂ, ਵੇਖੋ ਜਿਹਦਾ ਪਿਉ ਚੰਗਾ ਉਹਦਾ ਪੁਤ ਮੰਦਾ, ਅਰ ਜਿਹਦਾ ਪੁਤੱ ਚੰਗਾ ਉਹਦਾ ਪਿਉ ਮੰਦਾ ਤਥਾ ਕਦੇ ਦੋਨੋ ਹੀ

---

*ਤਰ੍ਹਾਂ ੨ ਦੇ ਕਾਰੀਗਰੀ ਦੇ ਕੰਮ, ਅਤੇ ਕਲਾ ਦਾ ਬਣਾਨਾ, ਅਰ ਉਨ੍ਹਾਂ ਥੀਂ ਕੰਮ ਲੈਣਾ।

ਚੰਗੇ ਜਾਂ ਮੰਦੇ ਵੇਖਣ ਵਿੱਚ ਆਉਂਦੇ ਹਨ, ਏਸ ਕਰਕੇ ਤੁਸੀਂ ਲੋਗ ਭਰਮ ਦੇ ਜਾਲ ਵਿਚ ਪਏ ਹੋਏ ਹੋ, ਵੇਖੋ ਮਨੂੰ ਮਹਾਰਾਜ ਨੇ ਕੀ ਕਿਹਾ ਹੈ।

येनास्य पितरो याता येन याताः पितामहाः । तेन यायात्सतां मार्गं तेन गच्छन्न रिष्यते ॥ मनु० ४ । १७८ ॥

ਜਿਸ ਰਾਹ ਥੋਂ ਇਹਦੇ ਪਿਉ ਦਾਦੇ ਚੱਲੇ ਹੋਂਨ ਉਸੇ ਰਾਹ ਵਿਚ ਸੈਂਤਾਨ ਬੀ ਚਲੱਣ ਪ੍ਰੰਤੂ ਜੇ ਸਿਧੇ ਰਾਹ ਤੇ ਚਲੱਣ ਵਾਲੇ ਪਿਤ੍ਰਦਾਦੇ ਹੋਣ ਤਾਂ ਉਨ੍ਹਾਂ ਦੇ ਰਾਹ ਤੇ ਚੱਲੇ, ਅਰ ਜੇ ਪਿਉ ਦਾਦਾ ਦੁਸ਼ਟ ਹੋਂਨ ਤਾਂ ਉਨ੍ਹਾਂ ਦੇ ਰਾਹ ਵਿੱਚ ਕਦੇ ਨ ਚਲੱਨ, ਕਿਉਂਕਿ ਉਤਮ ਧਰਮਾਤਮਾਂ ਪੁਰਸ਼ਾਂ ਦੇ ਰਾਹ ਵਿੱਚ ਚਲੱਣ ਥੀਂ ਦੁਖ ਕਦੇ ਨਹੀਂ ਹੁੰਦਾ,

ਏਸਨੂੰ ਤੁਸੀਂ ਮੰਨਦੇ ਹੋ ਜਾ ਨਹੀ ? ਹਾਂ ਹਾਂ ਮਨ ਦੇ ਹਾਂ, ਅਰ ਵੇਖੋ ਜਿਹੜੀ ਪ੍ਰਮੇਸ਼ੁਰ ਦੀ ਪ੍ਰਕਾਸ਼ ਕੀਤੀ ਹੋਈ ਵੇਦ ਦੀ ਬਾਤ ਹੈ ਓਹੋ ਸਨਾਤਨ, ਅਰ ਜਿਹੜੀ ਓਸਤੋਂ ਵਿਰੁਧ ਹੈ ਉਹ ਸਨਾਤਨ ਕਦੀ ਨਹੀਂ ਹੋ ਸਕਦੀ, ਇਸੇ ਤਰਾਂ ਨਾਲ ਸਭ ਲੋਕਾਂ ਨੂੰ ਮਨਣਾ ਚਾਹੀਦਾ ਹੈ ਜਾਂ ਨਹੀਂ ? ਜਰੂਰ ਚਾਹੀਦਾ ਹੈ. ਜੇ ਕੋਈ ਇਹ ਨ ਮੰਨੇ ਤਾਂ ਉਹ ਨੂੰ ਪੁਛਣਾਂ ਚਾਹੀਦਾ ਹੈ ਕਿ ਕਿਸੇ ਦਾ ਪਿਉ ਗ਼ਰੀਬ ਹੋਵੇ ਅਰ ਓਸਦਾ ਪੁਤ ਦੌਲਤ ਵਾਲਾ ਹੋਵੇ ਤਾਂ ਕੀ ਅਪਣੇ ਪਿਉ ਦੀ ਗ਼ਰੀਬੀ ਦੇ ਘਮੰਡ ਨਾਲ ਰੁਪਏ ਨੂੰ ਸੁਟ ਦੇਵੇ, ਕੀ ਜਿਹਦਾ ਪਿਉ ਅੱਨ੍ਹਾ ਹੋਵੇ ਉਹਦਾ ਪੁਤ ਬੀ ਅਪਣੀਆਂ ਅੱਖਾਂ ਨੂੰ ਫੋੜ ਸੁੱਟੇ. ਜਿਹਦਾ ਪਿਉ ਕੁਕਰਮੀ ਹੋਵੇ ਕੀ ਉਹਦਾ ਪੁੱਤ੍ਰ ਬੀ ਕੁਕਰਮ ਹੀ ਕਰੇ ? ਨਹੀ ਨਹੀਂ ਕਿੰਤੂ ਜਿਹੜੇ ੨ ਪੁਰਸ਼ਾਂ ਦੇ ਉੱਤਮ ਕਰਮ ਹੋਣ ਉਨ੍ਹਾਂ ਦਾਂ ਕਰਨਾਂ, ਅਤੇ ਖੋਟੇ ਕਰਮਾਂ ਦਾ ਤਿ-ਆਗ ਕਰ ਦੇਣਾ ਸਾਰਿਆਂ ਨੂੰ ਵੱਡਾ ਜਰੂਰੀ ਹੈ।

ਜਿਹੜਾ ਰਜ ਬੀਰਜ ਦੇ ਜੋਗ ਥੀਂ ਵਰਣ ਆਸ਼੍ਰਮ ਬਿਵਸਥਾ ਮੱਨੇ ਅਤੇ ਗੁਣ ਕਰਮਾਂ ਦੇ ਜੋਗਥੀਂ ਨ ਮਨੇਂ ਤਾਂ ਓਸਨੂੰ ਪੁੱਛਣਾ ਚਾਹੀਦਾ ਹੈ, ਕਿ ਜਿਹੜਾ ਅਪਣੇ ਵਰਣ ਨੂੰ ਛਡਕੇ ਨੀਚ ਚੰਡਾਲ ਅਥਵਾ ਕਿਰਾਨੀ, ਮੁਸਲਮਾਨ ਹੋਗਿਆ ਹੋਵੇ ਤਾਂ ਓਸਨੂੰ ਬ੍ਰਾਹਮਣ ਕਿਉਂ ਨਹੀਂ ਮਨਦ ਹੋ? ਐਥੇ ਇਹੋ ਹੀ ਕਹੋਗੇ ਕਿ ਓਸਨੈ ਬ੍ਰਾਹਮਣ ਦੇ ਕੰਮ ਛਡ ਦਿਤੇ ਏਸ ਕਰਕੇ ਉਹ ਬ੍ਰਾਹਮਣ ਨਹੀਂ ਹੈ. ਏਸ ਥੋਂ ਏਹੋ ਬੀ ਸਿਧੱ ਹੁੰਦਾ ਹੈ ਕਿ ਜਿਹੜੇ ਬ੍ਰਾਹਮਣ ਆਦੀ ਉਤਮ ਕਰਮ ਕਰਦੇ ਹਨ ਉਹ ਹੀ ਬ੍ਰਾਹਮਣ ਆਦੀ, ਅਰ ਜਿਹੜਾ ਨੀਚ ਬੀ ਉਤੱਮ ਵਰਣ ਦੇ ਗੁਣ ਕਰਮ ਸੁਭਾਉ ਵਾਲਾ ਹੋਵੇ ਤਾਂ ਓਸਨੂੰ ਬੀ ਉਤਮ ਵਰਣ ਵਿਚ. ਅਤੇ ਜਿਹੜਾ ਉਤੱਮ ਵਰਣ ਵਾਲਾ ਹੋਕੇ ਨੀਚ ਕੰਮ ਕਰੇ ਤਾਂ ਓਸਨੂੰ ਨੀਚ ਵਰਣ ਵਿਚ ਜਰੂਰ ਗਿਣਨਾ ਚਾਹੀਦਾ ਹੈ।

(ਪ੍ਰਸ਼ਨ):-

ब्राह्मणोऽस्य मुखमासीद्बाहू राजन्यः कृतः। ऊरू तदस्य
यद्वैश्यः पद्भ्यां शूद्रो अजायत॥

ਇਹ ਯਜੁਰ ਵੇਦ ਦੇ ੩੧ ਵੇਂ ਅਧ੍ਯਾ ਦਾ ਯਾਹਰਵਾਂ ਮੰਤ੍ਰ ਹੈ, ਏਸ ਦਾ ਏਹ ਅਰਥ ਹੈ ਬ੍ਰਾਹਮਣ ਈਸ਼੍ਵਰ ਦ ਮੂੰਹ ਥੀਂ, ਖੱਤ੍ਰੀ ਬਾਹਾਂ ਥੀਂ, ਵੈਸ਼ ਪਟਾਂ ਥੀ ਅਤੇ ਸੂਦ੍ਰ ਪੈਰਾਂ ਥੀਂ ਉਤਪੰਨ ਹੋਏ ਹੈਨ; ਏਸ ਕਰਕੇ ਜਿਸਤਰਾਂ ਨਾਲ ਮੂੰਹ ਬਾਹਾਂ ਨਹੀ ਹੁੰਦਾ ਅਤੇ, ਬਾਹਾਂ ਮੂੰਹ ਨਹੀਂ ਹੁੰਦੀਆਂ ਉਸੇ ਤਰਾਂ ਬ੍ਰਾਹਮਣ ਖਤ੍ਰੀ ਨਹੀ ਅਤੇ ਖੱਤ੍ਰੀ ਆਦੀ ਬ੍ਰਾਹਮਣ ਨਹੀਂ ਹੋਸਕਦੇ ਹਨ।

(ਉਤ੍ਰ) ਏਸ ਮੰਤ੍ਰ ਦਾ ਅਰਥ ਜਿਹੜਾ ਤੁਸਾਂ ਕੀਤਾ ਉਹ ਠੀਕ ਨਹੀ, ਕਿਉਂਕਿ ਐਥੇ ਪੁਰਸ਼ ਅਰਥਾਤ ਨਿਰਾਕਾਰ, ਵਿਆਪਕ ਪ੍ਰਮਾਤਮਾ ਦੀ *ਅਨੁਬ੍ਰਿੱਤੀ ਹੈ, ਜਦ ਉਹ ਨਿਰਾਕਾਰ ਹੈ ਤਾਂ ਓਸਦੇ ਮੂੰਹ ਆਦੀ, ਅੰਗ ਨਹੀ ਹੋਸਕਦੇ, ਜੇ ਮੂੰਹ ਆਦੀ ਅੰਗਾਂ ਵਾਲਾ ਹੋਵੇ ਤਾਂ ਉਹ ਪੁਰਸ਼ ਅਰਥਾਤ ਬਿਆਪਕ ਨਹੀ, ਅਰ ਜਿਹੜਾ ਬਿਆਪਕ ਨਹੀਂ ਉਹ ਸਰਬ ਸ਼ਕਤੀਮਾਨ ਜਗਤ ਦੇ ਬਨਾਣ, ਪਾਲਣ ਅਤੇ ਪ੍ਰਲੈ ਕਰਨ ਵਾਲਾ ਜੀਵਾਂ ਦੇ ਪੁੰਨ ਪਾਪਾਂ ਦੀ ਬਿਵਸਥਾ ਕਰਨੇ ਵਾਲਾ, ਸਰਬੱਗ ਆਤਮਾ ਮਰਨ ਤੋਂ ਰਹਿਤ ਆਦੀ ਵਸ਼ੇਸ਼ਣਾਂ ਵਾਲਾ ਨਹੀ ਹੋਸਕਦਾ, ਏਸ ਲਈ ਏਸਦਾ ਇਹ ਅਰਥ ਹੈ ਕਿ ਜਿਹੜੇ ਪੂਰਣ ਬਿਆਪਕ ਪ੍ਰਮਾਤਮਾ ਦੀ ਸ੍ਰਿਸ਼ਟੀ ਵਿਚ ਮੂੰਹ ਵਾਙਣ ਸੱਭ ਦੇ ਵਿਚ ਮੁੱਖ (ਉੱਤਮ) ਹੈਨ ਉਹ ਬ੍ਰਾਹਮਣ, ਸ਼ਤਪਥ ਬ੍ਰਾਹਮਣ ਗ੍ਰੰਥ ਦੇ ਲੇਖ ਅਨੁਸਾਰ, ਬਲ, ਬੀਰਜ ਦਾ ਨਾ ਨਾਉਂ ਬਾਹੂ ਹੈ, ਉਹ ਜਿਹਦੇ ਵਿਚ ਵਧੀਕ ਹੋਵੇ ਸੋ ਖਤ੍ਰੀ ਲਕ ਦੇ ਹੇਠਲੇ ਅਤੇ ਗੋਡਿਆਂ ਦੇ ਉਪਰਲੇ ਭਾਗ ਦਾ ਨਾਉਂ ਉਰੂ ਹੈ, ਜਿਹੜਾ ਸਭ ਪਦਾਰਥਾਂ ਅਤੇ ਸਾਰੇ ਦੇਸ਼ਾਂ ਵਿਚ ਉਰੂ ਦੇ ਬਲ ਨਾਲ ਜਾਵੇ ਆਵੇ ਜਾਤ੍ਰਾ ਕਰੇ ਉਹ ਵੈਸ਼ਾ ਅਰ ਜਿਹੜਾ ਪੈਰ ਦੇ ਅਰਥਾਤ ਹੇਠਲੇ ਅੰਗ ਵਾਙਣ ਮੂਰਖਤਾ ਗੁਣ ਵਾਲ, ਹੋਵੇ ਉਹ ਸੂਦਰ ਹੈ, ਇਕ ਹੋਰ ਜਗਾ ਥੀ ਸ਼ਤਪਥ ਬ੍ਰਾਹਮਣ ਆਦੀ ਗ੍ਰੰਥਾ ਵਿਚ ਇਸੇ ਮੰਤ੍ਰ ਦਾ ਏ ਹੀ ਅਰਥ ਕੀਤਾ ਹੈ

ਜੀਕਣ:—

यस्मादेते मुख्यास्तस्मान्मुखतो ह्यसृज्यन्त इत्यादि।

'ਜਿਸ ਕਰਕੇ ਇਹ ਮੁਖੱ (ਸਰਦਾਰ ਹਨ ਏਸ ਲਈ ਮੁਖੱਥੋਂ ਉਤਪੰਨ ਹੋਏ ਇਹ ਗਲੱ ਤਾਂ ਬ੍ਰੋਬਰ ਘਟਦੀ ਹੈ, ਅਰਥਾਤ ਜਿਸਤਰਾਂ ਮੂੰਹ ਸਭ ਅੰਗਾਂ ਵਚ ਸ੍ਰੇਸ਼੍ਟ ਹੈ, ਓਸ ਤਰ੍ਹਾਂ ਪੂਰੀ ਵਿਦੱਯਾ ਅਤੇ ਉਤੱਮ ਗੁਣ ਕਰਮ, ਸੁਭਾਉ ਦ ਰਖੱਣ

---

*ਉਹ ਦਾ ਵਰਨਨ ਪਿਛੋਂ ਤੋਂ ਚਲਿਆ ਆਉਂਦਾ ਹੈ।

ਕਰਕੇ ਮਨੁਸ਼ ਜਾਤੀ ਵਿਚ ਜਿਹੜਾ ਉਤੱਮ ਹੈ ਉਹ ਬ੍ਰਾਹਮਣ ਕਹਾਉਂਦਾ ਹੈ,ਜਦ ਪਰਮਸ਼ੁਰ ਦੇ ਨਿਰਾਕਾਰ ਹੋਣ ਕਰਕੇ ਮੂੰਹ ਆਦੀ ਅੰਗ ਹੀ ਨਹੀਂ ਹਨ ਤਾਂ ਮੂੰਹ ਥੋਂ ਉਤਪੰਨ ਹੋਣਾ ਹੋ ਹੀ ਨਹੀਂ ਸਕਦਾ, ਜਿਸਤਰਾਂ ਕਿ ਸੰਢ ਇਸਤ੍ਰੀ ਆਦੀ ਦੇ ਪੁਤ੍ਰ ਦਾ ਬਿਆਹ ਹੋਣਾ, ਅਰ ਜੇ ਮੂੰਹ ਆਦੀ ਅੰਗਾਂ ਥੀਂ ਬ੍ਰਾਹਮਣ ਆਦੀ ਉਤਪੰਨ ਹੁੰਦ ਤਾਂ ਉਪਾਦਾਨ ਕਾਰਣ ਵਾਙਨ ਬ੍ਰਾਹਮਣ ਆਦੀ ਦੀ ਸ਼ਕਲ ਜਰੂਰ ਹੁੰਦੀ, ਜਿਸਤਰਾਂ ਮੂੰਹ ਦੀ ਸ਼ਕਲ ਗੋਲਮੋਲ ਹੈ, ਓਸੇ ਤਰਾਂ ਉਨ੍ਹਾਂ ਦੇ ਸ਼ਰੀਰ ਦੀ ਸ਼ਕਲ ਬੀ ਮੂੰਹ ਵਰਗੀ ਗੋਲ ਮੋਲ ਹੋਣੀ ਚਾਹੀਦੀ ਹੈ, ਖਤ੍ਰੀਆਂ ਦੇ ਸ਼ਰੀਰ ਬਾਹਵਾਂ ਵਰਗੇ,ਵੈਸ਼ਾਂ ਦੇ ਪਟ ਵਰਗੇ,ਅਰ ਸ਼ੂ-ਦਰਾਂ ਦੇ ਸ਼ਰੀਰ ਪੈਰ ਦੀ ਸ਼ਕਲ ਵਰਗੇ ਹੋਣੇ ਚਾਹੀਦੇ ਹਨ।ਪਰ ਏਸਤਰਾਂ ਨਹੀਂ ਹੁੰਦਾ, ਅਰ ਜੇ ਕੋਈ ਤੁਹਾਨੂੰ ਪੁੱਛੇ ਕਿ ਜਿਹੜੇ ੨ ਮੂੰਹ ਆਦੀਥੀਂ ਉਤਪੰਨ ਹੋਏ ਸਨ ਉਨ੍ਹਾਂ ਦਾ ਨਾਉਂ ਬ੍ਰਾਹਮਣ ਆਦੀ ਹੋਣ ਦਿਓ, ਪ੍ਰੰਤੂ ਤੁਹਾਡਾ ਨਹੀ, ਕਿੰਉ ਕਿ ਜਿਸਤਰਾਂ ਸਭ ਲੋਗ ਗਰਭ ਆਸ਼ੇ ਥੀਂ ਉਤਪੰਨ ਹੁੰਦੇ ਹਨ ਉਸੇਤਰਾਂ ਤੁਸੀ ਬੀ ਹੁੰਦ ਹੋ, ਤੁਸੀ ਮੂੰਹ ਆਦੀ ਵਿੱਚੋਂ ਉਤਪੰਨ ਨ ਹੋਏ, ਫੇਰ ਬ੍ਰਾਹਣ ਆਦੀ ਨਾਉਂਦਾ ਘਮੰਡ ਕਿੰਉਂ ਕਰਦਹੋ,ਏਸ ਲਈ ਤੁਹਾਡਾ ਕਹਿਆ ਹੋਇਆ ਅਰਥ ਬਿਅਰਥ ਹੈ, ਅਰ ਜੋ ਅਸਾਂਨੇ ਅਰਥ ਕੀਤਾ ਹੈ ਉਹ ਸੱਚਾ ਹੈ,ਇਸੇਤਰਾਂ ਹੋਰ ਜਗਾ ਬੀ ਕਹਿਆ ਹੈ ਜੀਕਣ:-

शूद्रो ब्राह्मणतामेति ब्राह्मणश्चैति शूद्रताम् । क्षत्रियाज्जातमेवन्तु

विद्याद्वैश्यात्तथैव च ॥ मनु० १० । ६५ ॥

ਸ਼ੂਦ੍ਰ ਕੁਲ ਵਿਚ ਜਨਮ ਲੈਕੇ ਬ੍ਰਾਹਮਣ, ਖੱਤ੍ਰੀ, ਅਤੇ ਵੈਸ਼ ਵਾਙਣ ਗੁਣ, ਕਰਮ ਸੁਭਾਉ ਵਾਲਾ ਹੋਵੇ,ਤਾਂ ਓਹ ਸ਼ੂਦ੍ਰ ਬ੍ਰਾਹਮਨ, ਖਤ੍ਰੀ ਅਰ ਵੈਸ਼ ਬਣ ਜਾਂਦਾ ਹੈ,ਇਸੇ ਤਰਾਂ ਜੇਹੜਾ ਬ੍ਰਾਹਮਣ ਖਤ੍ਰੀ ਅਤੇ ਵੈਸ਼ ਕੁਲ ਵਿਚ ਜਨਮਿਆ ਹੋਵੇ ਅਰ ਓਸਦ ਗੁਣ ਕਰਮ ਸੁਭਾਉ, ਸ਼ੂਦ੍ਰ ਦੀ ਨਿਆਈਂ ਹੋਂਨਤਾਂ ਉਹਸ਼ੂਦ੍ਰ ਬਣ ਜਾਂਦਾ ਹੈ, ਇਸੇ ਤਰਾਂ ਜੇਹੜਾ ਖਤ੍ਰੀ ਵੈਸ਼ਦੀ ਕੁਲ ਵਿਚ ਜਨਮ ਲੈਕੇ ਬ੍ਰਾਹਮਣ ਵਾ ਸ਼ੂਦ੍ਰਦੀ ਨਿਆਈਂ ਹੋਵੇ ਉਹ ਬ੍ਰਾਹਮਣ ਵਾ ਸ਼ੂਦ੍ਰ ਬੀ ਹੋ ਜਾਂਦਾ ਹੈ, ਅਰਥਾਤ ਚੌਹਾਂ ਵਰਨਾ ਵਿੱਚ ਜਿਹੜੇ ਵਰਣ ਵਰਗੇ ਜਿਹੜੇ ਜਿਹੜੇ ਪੁਰਸ਼ ਜਾਂ ਇਸਤ੍ਰੀ ਹੋਂਨ ਉਹ ਉਹ ਉਸੇ ਵਰਣ ਵਿਚ ਗਿਣੇ ਜਾਂਨ।

धर्मचर्यया जघन्यो वर्णः पूर्वं पूर्वं वर्णमापद्यते जातिपरिवृत्तौ ॥ १ ॥

अधर्मचर्यया पूर्वो वर्णो जघन्यं जघन्यं वर्णमापद्यते जातिपरिवृत्तौ ॥ २ ॥

ਏਹ ਆਪਸਤੰਭ ਦੇ ਸੂਤ੍ਰ ਹਨ, ਧਰਮ ਉੱਪਰ ਚਲੱਣ ਨਾਲ ਨਿਚਲਾ ਵਰਣ ਅਪਣੇ ਤੋਂ ਉੱਤਮ ਉੱਤਮ ਵਰਣ ਨੂੰ ਪ੍ਰਾਪਤ ਹੁੰਦਾ ਹੈ,ਅਰ ਉਹ ਓਸ ਵ-ਰਣ ਵਿੱਚ ਜਾਵੇ ਕਿ ਜਿਹੜੇ ੨ ਵਰਣ ਦੇ ਜੋਗ ਹੋਵੇ ॥ ੧ ॥

ਇਸੇ ਤਰਾਂ ਨਾਲ ਅਧਰਮ ਉੱਤੇ ਚਲੱਣ ਨਾਲ ਉੱਚੇ ਵਰਣ ਵਾਲਾ ਮਨੁਸ਼ ਆਪਣੇ ਤੋਂ ਹੇਠਲੇ ਵਰਣ ਨੂੰ ਪ੍ਰਾਪਤ ਹੁੰਦਾ ਹੈ, ਅਰ ਓਸ ਵਰਣ ਵਿੱਚ ਗਿਣਿਆ ਜਾਵੇ ॥ ੧ ॥

ਜੀਕਣ ਪੁਰਸ਼ ਜਿਹੜੇਰ ਵਰਣ ਦੇ ਜੋਗ ਹੁੰਦਾ ਹੈ ਉਸੇ ਤਰਾਂ ਇਸਤ੍ਰੀਆਂ ਦੀ ਬੀ ਬਿਵਸਥਾ ਸਮਝਣੀ ਚਾਹੀਏ, ਏਸ ਥੋਂ ਕੀ ਸਿੱਧ ਹੋਇਆ ਕਿ ਏਸ ਪ੍ਰਕਾਰ ਹੋਣ ਨਾਲ ਸਾਰੇ ਵਰਣ ਆਪੋ ਆਪਣੇ ਗੁਣ, ਕਰਮ, ਸੁਭਾਉ ਰਖਦੇ ਹੋਏ ਸ਼ੁਧ ਬਣੇ ਰਹਿੰਦੇ ਹਨ, ਅਰਥਾਤ ਬ੍ਰਾਹਮਣ ਕੁਲ ਵਿਚ ਕੋਈ ਖਤ੍ਰੀ ਵੈਸ਼, ਅਤੇ ਸ਼ੂਦ੍ਰ ਵਰਗਾ ਨ ਰਹੇ, ਅਰ ਖੱਤ੍ਰੀ, ਵੈਸ਼ ਤਥਾ ਸ਼ੂਦ੍ਰ ਵਰਣ ਬੀ ਸ਼ੁਧ ਰਹਿੰਦੇ ਹਨ, ਅਰਥਾਤ ਵਰਣ ਸ਼ੰਕਰ ਨਹੀਂ ਹੁੰਦੇ, ਏਸ ਨਾਲ ਕਿਸੇ ਵਰਣ ਦੀ ਨਿੰਦਿਆ ਜਾਂ ਅਯੋਗਤਾ ਬੀ ਨਹੀਂ ਹੋਵੇਗੀ।

(ਪ੍ਰਸ਼ਨ) ਜੇ ਕਿਸੇ ਦਾ ਇੱਕੋ ਹੀ ਮੁੰਡਾ ਜਾਂ ਕੁੜੀ ਹੋਵੇ ਅਰ ਓਹੁ ਦੂਜੇ ਵਰਣ ਵਿਚ ਜਾ ਮਿਲੇ ਤਾਂ ਓਸਦੇ ਮਾਂ, ਪਿਉ ਦੀ ਸੇਵਾ ਕੌਣ ਕਰੇਗਾ, ਅਤੇ ਵੰਸ਼ ਛੇਦ ਬੀ ਹੋ ਜਾਵੇਗਾ ਏਸ ਦੀ ਕੀ ਬਿਵਸਥਾ ਹੋਣੀ ਚਾਹੀ ਦੀ ਹੈ।

(ਉਤ੍ਰ) ਨ ਕਿਸੇ ਦੀ ਸੇਵਾ ਦਾ ਭੰਗ, ਅਤੇ ਨ ਵੰਸ਼ ਛੇਦਨ ਹੋਵੇਗਾ, ਕਿੰਉ ਕਿ ਉਨ੍ਹਾਂ ਨੂੰ ਆਪਣੇ ਮੁੰਡੇ ਕੁੜੀਆਂ ਦੇ ਬਦਲੇ ਅਪਣੇ ਵਰਣ ਦੇ ਜੋਗ ਦੂਜੇ ਮੁੰਡੇ ਕੁੜੀਆਂ, ਵਿਦੱਯਾਸਭਾ ਅਤੇ ਰਾਜਸਭਾ ਦੀ ਵਿਵਸਥਾ ਬੀਂ ਮਿਲਨ ਗੇ ਏਸ ਲਈ ਕੁਝ ਬੀ ਗੜ ਬੜ ਨ ਹੋਵੇਗੀ।

ਏਹ ਗੁਣਾਂ ਕਰਮਾ ਦੇ ਅਨੁਸਾਰ ਵਰਣਾਂ ਦੀ ਬਿਵਸਥਾ ਕੁੜੀਆਂ ਦੀ ਸੋਲਵੇਂ ਅਤੇ ਪੁਰਸ਼ਾਂ ਦੀ ਪੰਜੀਵੇਂ ਵਰ੍ਹੇ ਦੀ ਪ੍ਰੀਖਯਾ ਵਿਚ ਨੀਯੱਤ ਕਰਨੀ ਚਾਹੀਦੀ ਹੈ। ਅਰ ਇਸੇ ਕ੍ਰਮ ਨਾਲ ਅਰਥਾਤ ਬ੍ਰਾਹਮਣ ਵਰਣ ਦਾ ਬ੍ਰਾਹਮਣੀ, ਖੱਤ੍ਰੀ ਵਰਣ ਦਾ ਖਤ੍ਰਾਣੀ, ਵੈਸ਼ ਵਰਣ ਦਾ ਵੈਸ਼ ਇਸਤ੍ਰੀ ਅਤੇ ਸ਼ੂਦ੍ਰ ਵਰਣ ਦਾ ਸ਼ੂਦ੍ਰ ਇਸਤ੍ਰੀ ਦੇ ਨਾਲ ਬਿਆਹ ਹੋਣਾ ਚਾਹੀਦਾ ਹੈ, ਤਦੇ ਹੀ ਆਪਣੇ ਆਪਣੇ ਵਰਣਾਂ ਦੇ ਕਰਮ ਅਤੇ ਇਕ ਦੂਜੇ ਨਾਲ ਪ੍ਰੀਤੀ ਬੀ ਠੀਕ ਠੀਕ ਰਹ੍ਹੇਗੀ, ਇਨਾਂ ਚਹੁੰ ਵਰਣਾਂ ਦੇ ਕਰਤੱਬ ਅਤੇ ਗੁਣ ਏਹ ਹਨ।

> अध्यापनमध्ययनं यजनं याजनं तथा। दानं प्रतिग्रहश्चैव ब्राह्मणानाम कल्पयत् ॥१ ॥ मनु० १। ८८ ॥ शमो दमस्तपः शौचं क्षान्तिरार्जवमेव च ज्ञानं विज्ञानमास्तिक्यं ब्रह्मकर्म स्वभावजम् ॥२ ॥ भ० गी० अध्याय १८। श्लोक ४२ ॥

ਬ੍ਰਾਹਮਣ ਦੇ ਪੜ੍ਹਨਾ ਪੜ੍ਹਾਣਾ, ਯਗੱ ਕਰਨਾ, ਯਗੱ ਕਰਾਣਾ, ਦਾਨ ਦੇਣਾ ਦਾਨ ਲੈਣਾ, ਇਹ ਛੀ ਕਕਮ ਹਨ, ਪ੍ਰੰਤੂ ਮਨੂੰ ਜੀ ਦੇ ਬਚਨ ਅਨੁਸਾਰ ਲੈਣਾ ਨੀਚ ਕਰਮ ਹੈ।

ਮਨ ਨਾਲ ਬੁਰੇ ਕੰਮ ਦੀ ਇਛਿਆ ਕਦੇ ਨ ਕਰਨੀ, ਅਰ ਓਸਨੂੰ

ਅਧਰਮ ਵਿਚ ਕਦੇ ਨ ਜਾਣ ਦੇਣਾਂ, ਕੰਨਾਂ ਅਤੇ ਅਖੀਆਂ ਆਦੀ ਇੰਦ੍ਰੀਆਂ ਨੂੰ ਖੋਟੇ ਕੰਮਾਂ ਥੀਂ ਰੋਕ ਕੇ ਧਰਮ ਵਿਚ ਲਗਾਂਉਣਾ, ਸਦਾ ਬ੍ਰਹਮਚਾਰੀ, ਜਤਿੰਦ੍ਰੀ ਹੋਕੇ ਧਰਮ ਦੇ ਕੰਮ ਕਰਦੇ ਰਹਣਾ, ਸੌਚ ਅਰਥਾਤ

अद्भिर्गात्राणि शुध्यन्ति मनः सत्येन शुध्यति। विद्यातपोभ्यां भूतात्मा बुद्धिर्ज्ञानेन शुध्यति॥ मनु० ५। १०९॥

ਪਾਣੀ ਨਾਲ ਬਾਹਰ ਦੇ ਅੰਗ, ਸਚ ਉਪਰ ਚਲਣ ਨਾਲ ਮਨ, ਵਿਦਿਆ ਅਤੇ ਧਰਮ ਦੇ ਕੰਮ ਕਰਨ ਨਾਲ ਆਤਮਾ, ਅਤੇ ਗਿਆਨ ਨਾਲ ਬੁਧ ਪਵਿਤ੍ਰ ਹੁੰਦੀ ਹੈ. ਅੰਦ੍ਰ ਦੇ ਰਾਗ, ਦ੍ਵੈਸ਼ ਆਦੀ ਦੋਸ਼, ਅਤੇ ਬਾਹਰ ਦੇ ਮੱਲਾਂ ਨੂੰ ਦੂਰ ਕਰਕੇ ਸ਼ੁਧ ਰਹਣਾ ਅਰਥਾਤ ਸਚ ਝੂਠ ਦੇ ਬਬੇਕ ਨਾਲ, ਸਚ ਦੇ ਗ੍ਰਹਣ ਅਰ ਝੂਠ ਦੇ ਤਿਆਗਣ ਨਾਲ ਨਿਸਚਾ ਪਵਿਤ੍ਰ ਹੁੰਦਾ ਹੈ. ਨਿੰਦਿਆ, ਉਸਤਤ, ਸੁਖ, ਦੁਖ, ਸਰਦੀ, ਗਰਮੀ, ਭੁਖ, ਤੇਹ, ਹਾਨੀ ਲਾਭ, ਮਾਨ ਅਪਮਾਨ, ਆਦੀ ਵਿਚ ਖੁਸ਼ੀ ਗਮੀ, ਛਡਕੇ ਧਰਮ ਵਿਚ ਦ੍ਰਿੜ੍ਹ ਨਿਸਚਾ ਰਖਣਾ, ਨਰਮੀ, ਨਿਰਅਭਿਮਾਨ, ਨਿਸ਼ਕਪਟਤਾ, ਸਰਲਸੁਭਾਰਖਣਾ ਕੁਟਲਤਾ ਆਦੀ ਦੋਸ਼ ਛਡ ਦੇਣੇ. ਸਭ ਵੇਦ ਆਦੀ ਸ਼ਾਸਤ੍ਰਾਂ ਨੂੰ ਅੰਗ ਉਪਾਂਗ ਦੇ ਸਮੇਤ ਪੜ੍ਹਕੇ ਪੜ੍ਹਾਉਣ ਦਾ ਸਮ-ਰਥ, ਬਬੇਕ, ਸਚ ਦਾ ਨਿਰਣੇ, ਜਿਹੜੀ ਚੀਜ ਜਹੀ ਹੋਵੇ ਅਰਥਾਤ ਜੜ੍ਹ ਨੂੰ ਜੜ ਚੈਤਨ ਨੂੰ ਚੈਤਨ, ਜਾਨਣਾ, ਅਤੇ ਮਨਣਾ, ਪ੍ਰਥਵੀ ਤੋਂ ਲੈਕੇ ਪਰਮੇਸ਼੍ਵਰ ਤਿਕ ਪਦਾਰਥਾਂ ਨੂੰ ਚੰਗੀ ਤਰਾਂ ਨਾਲ ਜਾਣਕੇ ਉਨ੍ਹਾਂ ਤੋਂ ਜਿਹਾਚਾਹੀਏ ਤੇਹਾ ਲਾਭ ਉਠਾਉਣਾ, ਕਦੀ ਵੇਦ, ਈਸ਼੍ਵਰ, ਮੁਕਤੀ, ਪਿਛਲਾ ਅਗਲਾ ਜਨਮ, ਧਰਮ ਵਿਦਯਾ, ਸਤਸੰਗ ਮਾਂ, ਪਿਉ, ਅਚਾਰਜ, ਅਤੇ ਅਤਿਥੀਆਂ ਦੀ ਸੇਵਾ ਨੂੰ ਨ ਛਡਣਾ, ਅਰ ਨਿੰਦਿਆ ਕਦੀ ਨ ਕਰਨੀ. ਏਹ ਪੰਦ੍ਰਹ ਕਰਮ ਅਤੇ ਗੁਣ ਬ੍ਰਾਹਮਣ ਵਰਣ ਦੇ ਮਨੁੱਸ਼ਾਂ ਵਿਚ ਜਰੂਰ ਹੋਣੇ ਚਾਹੀਦੇ ਹਨ। ਖਤ੍ਰੀ:—

प्रजानां रक्षणं दानमिज्याध्ययनमेव च। विषयेष्वप्रसक्तिश्च क्षत्रियस्य समासतः॥१॥ मनु० १। ८९॥ शौर्यं तेजो धृतिर्दाक्ष्यं युद्धे चाप्यपलायनम्। दानमीश्वरभावश्च क्षात्रं कर्म स्वभावजम्॥२॥ भ० गी० अध्याय १८। श्लो० ४३॥

ਨਿਆਂ ਨਾਲ ਪਰਜਾ ਦੀ ਰਖਯਾ ਅਰਥਾਤ ਪਖ ਪਾਤ ਛਡ ਕੇ ਸ੍ਰੇਸ਼੍ਟਾਂ ਦਾ ਆਦਰ, ਅਤੇ ਦੁਸ਼ਟਾਂ ਦੀ ਨਿਰਾਦਰੀ ਕਰਨਾਂ, ਸਭ ਤਰਾਂ ਨਾਲ ਸਭ ਦਾ ਪਾਲਣ, ਦਾਨ ਅਰਥਾਤ ਵਿਦਯਾ, ਧਰਮ ਦੇ ਪਰਚਾਰ ਅਤੇ ਸੁਪਾਤ੍ਰਾਂ ਦੀ ਸੇਵਾ ਕਰਨ ਲਈ ਧੰਨ ਆਦੀ ਪਦਾਰਥਾਂ ਨੂੰ ਖਰਚ ਕਰਨਾ, ਅਗਨੀ ਹੋਤ੍ਰ ਆਦੀ ਜਗ ਕਰਨੇ, ਵੇਦ ਆਦੀ ਸ਼ਾਸਤ੍ਰਾਂ ਦਾ ਪੜ੍ਹਨਾ ਅਤੇ ਵਿਸ਼ਿਆਂ ਵਿਚ ਨ ਫਸਕੇ ਜਿਤਿੰਦ੍ਰੀ ਰਹਕੇ ਸਦਾ ਸ਼ਰੀਰ ਅਤੇ ਆਤਮਾ ਥੀਂ ਬਲਵਾਂਨ ਰਹਣਾ, ਸੈਂਕੜਿਆਂ

ਹਜ਼ਾਰਾਂ ਨਾਲ ਬੀ ਜੁੱਧ ਕਰਨ ਵੇਲੇ ਅਕੱਲੇ ਨੂੰ ਭੈ ਦਾ ਨ ਹੋਣਾ, ਸਦਾ ਤੇਜਸ੍ਵੀ ਅਰਥਾਤ ਦੀਨਤਾ ਰਹਿਤ, ਬਹਾਦਰ ਅਤੇ ਦ੍ਰਿੜ ਰਹਣਾ, ਧੀਰਜਵਾਨ ਹੋਣਾ, ਰਾਜ ਅਤੇ ਪ੍ਰਜਾ ਸੰਬੰਧੀ ਵਿਹਾਰ ਅਤੇ ਸਭ ਸ਼ਾਸਤ੍ਰਾਂ ਵਿਚ ਅਤੀ ਚਤੁਰ ਹੋਣਾ ਜੁਧ ਵਿਚ ਬੀ ਦ੍ਰਿੜ ਨਿਸੰਗ ਰਹਕੇ ਓਸ ਤੋਂ ਕਦੇ ਨ ਹਟਣਾ, ਨ ਨੱਠਣਾ ਅਰਥਾਤ ਏਸ ਤਰਾਂ ਨਾਲ ਲੜਨਾ ਕਿ ਜਿਸਥੋਂ ਜ਼ਰੂਰ ਹੀ ਜਿਤ ਹੋਵੇ ਆਪ ਬਚੇ, ਜੇ ਭੱਜਣ ਬੀ ਜਾਂ ਵੈਰੀਆਂ ਨਾਲ ਦਾ ਖੇਡਣ ਨਾਲ ਜਿੱਤ ਹੁੰਦੀ ਹੋਵੇ ਤਾਂ ਓਹੋ ਜਿਹਾ ਕੰਮ ਕਰਨਾ, ਦਾਨ ਕਰਨ ਦਾ ਸੁਭਾ ਰਖਣਾ, ਪਖ ਪਾਤ ਨੂੰ ਛਡਕੇ ਸੱਭ ਨਾਲ ਜਥਾ ਜੋਗ ਵਰਤਣਾ, ਵਿਚਾਰ ਕਰਕੇ ਦੇਣਾ, ਪ੍ਰਤਗਯਾ ਪੂਰੀ ਕਰਨੀ, ਉਹ ਨੂੰ ਕਦੇ ਭੰਗ ਨ ਹੋਣ ਦੇਣਾ, ਏਹ ਯਾਰਾਂ ਖੱਤ੍ਰੀ ਵਰਣ ਦੇ ਕਰਮ ਅਤੇ ਗੁਣ ਹੈਂਨ।

पशूनां रक्षणं दानमिज्याध्ययनमेव च । वणिक्पथं कुसीदं च वैश्यस्य
कृषिमेव च ॥ मनु० १ । ९० ॥

(੧) ਗਊ ਆਦੀ ਪਸ਼ੂਆਂ ਦਾ ਪਾਲਣਾ ਅਤੇ ਵਾਧਾ ਕਰਨਾ, (੨) ਵਿਦਯਾ ਧਰਮ ਦੇ ਵਾਧਾ ਕਰਨ ਕਰਾਂਨ ਲਈ ਧੰਨ ਆਦੀ ਖਰਚ ਕਰਨਾ (੩) ਅਗਨੀ ਹੋਤ੍ਰ ਆਦੀ ਜੱਗਾਂ ਦਾ ਕਰਨਾ (੪) ਵੇਦ ਆਦੀ ਸ਼ਾਸਤ੍ਰਾਂ ਦਾ ਪੜ੍ਹਨਾ (੫) ਸਭੱ ਪ੍ਰਕਾਰ ਦੇ ਬਪਾਰਾਂ ਦਾ ਕਰਨਾ (੬) ਸੌ ਰੁਪਏ ਪਿਛੇ ਚਾਰ, ਛੀ, ਅੱਠ, ਬਾਰਾਂ, ਸੋਲਾਂ ਜਾਂ ਵੀਹ ਆਨੇ ਤੋੜੀ ਬਿਆਜ ਦਾ ਲੈਣਾ, ਅਰ ਮੂਲ ਥੀਂ ਦੂਣਾ ਅਰਥਾਤ ਇਕ ਰੁਪਈਆ ਦਿੱਤਾ ਹੋਵੇ ਤਾਂ ਸੌ ਵਰਹੇ ਵਿੱਚ ਬੀ ਦੋ ਰੁਪਏ ਥੋਂ ਵਧੀਕ ਨਾ ਲੈਣਾ ਨ ਦੇਣਾ (੭) ਖੇਤੀ ਕਰਨੀ, ਏਹ ਵੈਸ਼ ਦੇ ਗੁਣ ਕਰਮ ਹੈਂਨ।

एकमेव तु शूद्रस्य प्रभुः कर्म समादिशत् । एतेषामेव वर्णानां
शुश्रूषामनसूयया ॥ मनु० १ । ९१ ॥

ਸੂਦ੍ਰ ਨੂੰ ਚਾਹੀਏ ਕਿ ਨਿੰਦਿਆ, ਈਰਖਾ, ਘਮੰਡ ਆਦੀ ਦੋਸ਼ਾਂ ਨੂੰ ਛਡਕੇ ਬ੍ਰਾਹਮਣ, ਖਤ੍ਰੀ ਅਤੇ ਵੈਸ਼ਾਂ ਦੀ ਸੇਵਾ ਯਥਾਵਤ ਕਰੇ, ਓਸਥੋਂ ਹੀ ਆਪਣਾ ਜੀਵਨ ਕਰੇ. ਇਹੋ ਇਕ ਸੂਦ੍ਰ ਦਾ ਕਰਮ ਗੁਣ ਹੈ।

ਏਹ ਸੰਖੇਪ ਨਾਲ ਵਰਨਾਂ ਦੇ ਗੁਣ ਅਤੇ ਕਰਮ ਲਿਖੇ, ਜਿਹੜੇ ਪੁਰਸ਼ ਵਿਚ ਜੇਹੜੇ ਜੇਹੜੇ ਵਰਣ ਦੇ ਗੁਣ, ਕਰਮ ਹੋਨ ਓਸਨੂੰ ਓਸ੨ ਵਰਣ ਦਾ ਅਧਕਾਰ ਦੇਣਾ, ਅਜੇਹੀ ਬਿਵਸਥਾ ਰਖੱਣ ਨਾਲ ਸਾਰੇ ਮਨੁਸ਼ਾਂ ਨੂੰ ਉਨੱਤੀ ਕਰਨ ਵਿਚ ਰੁਚੀ ਬਣੀ ਰਹਿੰਦੀ ਹੈ, ਕਿੰਤੂੰ ਜੋ ਉਤੱਮ ਵਰਨਾਂ ਨੂੰ ਡਰ ਹੋਵੇਂਗਾ ਕਿ ਜੇ ਸਾਡੀ ਸੰਤਾਂਨ ਮੂਰਖਤਾ ਆਦੀ ਦੋਸ਼ਾਂਵਾਲੀ ਹੋਵੇਗੀ ਤਾਂ ਸੂਦ੍ਰ ਹੋਜਾਵੇਗੀ ਅਤੇ ਸੰਤਾਂਨ ਬੀ ਡਰਦੇ ਰਹਨਗੇ ਕਿ ਜੇ ਉਕਤ ਚਾਲ ਚਲਨ ਵਾਲੇ ਅਤੇ ਵਿਦਵਾਂਨ ਨ ਹੋਵਾਂਗੇ ਤਾਂ ਸੂਦਰ ਬਣਨਾਂ ਪਵੇਗਾ, ਅਰ ਨੀਚ ਵਰਨਾਂ ਦਾ ਉਤੱਮ ਵਰਣ ਵਿਚ ਹੋਣ ਵਾਸਤੇ ਉਤਸਾਹ ਵੱਧੇਗਾ।

ਵਿਦੱਜਾ ਅਤੇ ਧਰਮ ਦੇ ਪਰਚਾਰ ਦਾ ਕੰਮ ਬ੍ਰਾਹਮਣਾਂ ਨੂੰ ਦੇਣਾਂ ਚਾਹੀਏ ਕਿਉਂਕਿ ਉਹ ਪੂਰੇ ਵਿਦੱਵਾਂਨ ਅਤੇ ਧਾਰਮਿਕ ਹੋਣ ਕਰਕੇ ਓਸ ਕੰਮ ਨੂੰ ਚੰਗੀ ਤਰਾਂ ਨਾਲ ਕਰ ਸਕਦੇ ਹਨ, ਖਤ੍ਰੀਆਂ ਨੂੰ ਰਾਜਦੇ ਅਧਕਾਰ ਦੇਣ ਨਾਲ ਕਦੇਰਾਜ ਦੀ ਹ ਨੀ ਜਾਂ ਬਿਘਨ ਨਹੀਂ ਪੈਂਦਾ, ਪਸ਼ੂਆਂ ਦੇ ਪਾਲਣੇ ਆਦੀ ਦਾ ਕੰਮ ਵੈਸ਼ਾਂ ਨੂੰ ਹੀ ਦੇਣਾ ਚਾਹੀਦਾ ਹੈ, ਕਿਉਂਕਿ ਉਹ ਏਸ ਕੰਮ ਨੂੰ ਅੱਛੀ ਤਰਾਂ ਨਾਲ ਕਰ ਸਕਦੇ ਹਨ, ਸ਼ੂਦਰਾਂ ਨੂੰ ਸੇਵਾ ਕਰਨ ਦਾ ਕੰਮ ਏਸ ਵਾਸਤੇ ਦੇਣਾਂ ਚਾਹੀਦਾ ਹੈ ਕਿ ਉਹ ਵਿਦੱਜਾ ਤੋਂ ਰਹਿਤ ਅਤੇ ਮੂਰਖ ਹੁੰਦੇ ਹਨ, ਸੋਚ ਵਿਚਾਰ ਦੇ ਕੰਮ ਕੁਝ ਬੀ ਨ ੀਂ ਕਰ ਸਕਦੇ, ਕਿੰਤੂ ਸ਼ਰੀਰ ਦੇ ਕੰਮ ਸਭ ਕਰ ਸਕਦੇ ਹਨ, ਏਸ ਪ੍ਰਕਾਰ ਵਰਨਾਂ ਨੂੰ ਆਪੋ ਆਪਣੇ ਕੰਮਾਂ ਵਿਚ ਲਗਾ ਰਖਣਾ ਰਾਜਾ ਆਦੀ ਸਭਜ* ਜਨਾਂ ਦਾ ਕੰਮ ਹੈ।

## ਵਿਆਹ ਦੇ ਲਖੱਣ

ब्राह्मो दैवस्तथैवार्षः प्राजापत्यस्तथा ऽऽसुरः । गान्धर्वो राक्षसश्चैव पैशाचश्चाष्टमो ऽधमः ॥ मनु० ३।२१ ॥

ਬਿਆਹ ਅਠੱ ਪ੍ਰਕਾਰ ਦਾ ਹੁੰਦਾ ਹੈ, ਇਕ ਬ੍ਰਾਹਮ, ਦੂਜਾ ਦੇਵ, ਤੀਜਾ ਆਰਸ਼, ਚੌਥਾ ਪ੍ਰਜਾਪਤ, ਪੰਜਵਾਂ ਅਸੁਰ, ਛੇਵਾਂ ਗਾਂਧਰਬ, ਸਤਵਾਂ ਰਾਖਸ਼, ਅਠਵਾਂ ਪਿਸ਼ਾਚ

ਇਨ੍ਹਾਂ ਬਿਆਹਾਂ ਦੀ ਏਹ ਬਿਵਸਥਾ ਹੈ ਕਿ (੧) ਵਰ ਕੰਨਿਆਂ ਦੋਏ ਯਥਾਵਤ ਬ੍ਰਹਮਚਰਜ ਕਰਕੇ ਪੂਰੇ ਵਿਦਵਾਂਨ, ਧਾਰਮਿਕ ਅਤੇ ਸੁਸ਼ੀਲਹੋਂਨਉਨ੍ਹਾਂ ਦਾ ਇਕ ਦੂਜੇ ਦੀ ਪ੍ਰਸੰਨਤਾ ਨਾਲ ਬਿਆਹ ਹੋਣਾ ਬ੍ਰਾਹਮ ਕਹਾਉਂਦਾ ਹੈ (੨) ਵਡੋਂ ਜਗੱ ਕਰਕੇ ਜਗੱ ਦਾ ਕੰਮ ਕਰਦਿਆਂ ਜੁਆਈ ਨੂੰ ਗਹਣੇ ਪਾਈ ਹੋਈ ਧੀ ਦਾ ਦੇਣਾਂ ਦੇਵ, (੩) ਵਰ ਥੋਂ ਕੁਝ ਲੈਕੇ ਬਿਆਹ ਹੋਣਾ ਆਰਸ਼,† ਦੋਹਾਂ ਦਾ

---

*ਸਭਜ ਜਨੇ ਅਰਥਾਤ ਵਿਦੱਜਾ ਸਭਾ ਅਤੇ ਰਾਜ ਸਭਾ ਦੇ ਸਭਾਸਦ

†ਸੰਸਕਾਰ ਬਿਧੀ ਦੇ ੧੧੧ ਪਤ੍ਰੇ ਤੇ ਸੁਆਮੀਜੀਮਹਾਰਾਜ ਏਸ ਦੇ ਸੰਬੰਧ ਵਿਚ ਏਹ ਗਲ ਲਿਖਦੇ ਹਨ ਕਿ ਇਹ ਗਲ ਝੂਠੀ ਹੈ ਕਿਉਂਕਿ ਅੱਗੇ ਮਨੂੰ ਸਿਮ੍ਰਤੀ ਵਿੱਚ ਨਖੇਧ ਕੀਤਾ ਹੈ, ਅਤੇ ਜੁਗਤੀ ਤੋਂ ਵਿਰੁਧ ਬੀਹੈ, ਏਸਲਈ ਕੁਝ ਥੀਨ ਲੈਕੇ ਨ ਦੇਕੇ ਦੋਹਾਂ ਦੀ ਮਰਜੀ ਨਾਲ ਬਿਆਹ ਹੋਣਾ ਆਰਸ਼ ਬਿਆਹ ਹੈ,

ਏਸ ਤੋਂ ਮਲੂਮ ਹੁੰਦਾ ਹੈ ਕਿ ਐਥੇ ਅਸਲ ਲੇਖ ਵਿੱਚ ਨਾਂ ਦਾ ਸ਼ਬਦ ਰਹ ਗਿਆ ਹੈ। (ਅਨੁਬਾਦ ਕਰਤਾ)

ਤਆਹ ਧਰਮ ਦੇ ਵਾਧੇ ਵਾਸਤੇ ਹੋਣਾ ਪ੍ਰਜਾਪਤ(੫) ਵਰ ਅਤੇ ਕੰਨਿਆਂ ਨੂੰ ਕੁਝ ਦੇਕੇ ਬਿਆਹ ਕਰਨਾ ਅਸੁਰ (੬) ਨੇਮ ਅਤੇ ਸਮੇ ਤੋਂ ਰਹਿਤ ਕਿਸੇ ਕਾਰਨ ਥੀਂ ਵਰ ਕੰਨਿਆਂ ਦੀ ਇੱਛਿਆ ਪੂਰਬਕ ਇਕ ਦੂਜੇ ਨਾਲ ਸੰਜੋਗ ਹੋਣਾ ਗਾਂਧਰਬ (੭) ਲੜਾਈ ਕਰਕੇ ਜ਼ਬਰਦਸਤੀ ਅਰਥਾਤ ਧੋਹਕੇ ਜਾਂ ਕਪਟ ਨਾਲ ਕੰਨਿਆਂ ਨੂੰ ਗ੍ਰਹਣ ਕਰਨਾਂ ਰਾਖਸ਼ (੮)ਸੁੱਤੀ ਹੋਈ ਜਾਂ ਸ਼ਰਾਬ ਪੀਤੀ ਹੋਈ ਪ ਗਲ ਕੁੜੀ ਨ ਲ ਜ਼ਬਰਦਸਤੀ ਸੰਜੋਗ ਕਰਨਾਂ, ਪਿਸ਼ਾਚ ਬਿਆਹ ਕਹਾਉਂਦਾ ਹੈ।

ਇਨਾਂ ਸਭਨਾਂ ਬਿਆਹਾਂ ਵਿੱਚੋਂ ਬ੍ਰਾਹਮ ਬਿਆਹ ਸਭ ਤੋਂ ਉੱਤਮ, ਦੇਵ, ਆਰਸ਼ ਅਤੇ ਪਰਜਾ ਪਤ ਮਧੱਮ, ਅਸੁਰ ਅਰ ਗਾਂਧਰਬ ਨਿਕ੍ਰਸ਼ਟ, ਰਾਖਸ਼ ਅਧੱਮ, ਅਤੇ ਪਿਸ਼ਾਚ ਮਹਾਂ ਭਰਿਸ਼ਟ ਹੈ।

ਇਸ ਕਰਕੇ ਏਹੋ ਨਿਸਚਾ ਰਖਣਾਚਾਹੀਦਾ ਹੈ, ਕਿ ਕੁੜੀ ਅਤੇ ਮੁੰਡੇ ਦੇ ਬਿਆਹ ਤੋਂ ਪਹਲੇ ਇਕੱਲੀ ਜਗਾ ਮੇਲ ਨ ਹੋਵੇ, ਕਿਉਂਕਿ ਜੁਆਨੀ ਦੀ ਅਵਸਥਾ ਵਿਚ ਇਸਤ੍ਰੀ ਪੁਰਸ਼ ਦਾ ਇਕੱਲੀ ਜਗਾ ਵਿਚ ਰਹਣਾ ਦੋਸ਼ ਦਾ ਕਾਰਣ ਹੈ, ਪ੍ਰੰਤੂ ਜਦ ਕੰਨਿਆਂ ਜਾਂ ਵਰ ਦੇ ਬਿਆਹ ਦਾ ਸਮਾ ਹੋਵੇ,ਅਰਥਾਤ ਜਦ ਇਕ ਵਰਹਾ ਜਾਂ ਛੀ ਮਹੀਨੇ ਬ੍ਰਹਮਚਰਜ ਆਸ਼੍ਰਮ ਅਤੇ ਵਿੱਦਯਾ ਪੂਰੀ ਹੋਣ ਵਿਚ ਬਾਕੀ ਰਹਿੰਦੇ ਹੋਂਨ ਤਦ ਉਨ੍ਹਾਂ ਕੰਨਿਆਂ ਅਤੇ ਕੁਆਰਿਆਂ ਦਾ ਪ੍ਰਤ ਬਿੰਬ ਅਰਥਾਤ ਜਿਹ ਨੂੰ ਫੋਟੋ ਆਖਦੇ ਹੈਂਨ, ਅਥਵਾ ਤਸਵੀਰ ਉਤਾਰ ਕੇ ਕੁੜੀਆਂ ਦੀ ਪੜ੍ਹਾਨ ਵਾਲੀਆਂ ਦੇ ਪਾਸ, ਕੁਆਰੇ ਮੁੰਡਿਆਂ ਦੀ ਲੜਕਿਆਂ ਦੇ ਪੜ੍ਹਾਨ ਵਾਲਿਆਂ ਦੇ ਪਾਸ ਲੜਕੀਆਂ ਦੀ ਤਸਵੀਰ ਭੇਜਦੇਨ, ਜਿਹਦੀ ੨ ਸ਼ਕਲ ਮਿਲ ਜਾਵੇ ਓਸ ੨ ਦੇ ਇਤਹਾਸ ਅਰਥਾਤ ਜਨਮ ਤੋਂ ਲੈਕੇ ਓਸ ਦਿ-ਨ ਤਿਕ ਜਨਮ ਚਰਿੱਤ੍ਰ ਦਾ ਜਿਹੜਾ ਗ੍ਰੰਥ ਹੋਵੇ ਓਸਨੂੰ ਪੜ੍ਹਾਨ ਵਾਲੇ ਮੰਗਾ ਕੇ ਵੇਖਨ, ਜਦ ਦੁਹਾਂ ਦੇ ਗੁਣ, ਕਰਮ, ਸੁਭਾਉ ਮਿਲਜਾਂਨ, ਤਦ ਜਿਹਦਾ ੨ ਬਿਆਹ ਹੋਣਾ ਉਚਿੱਤ ਸਮਝਨ ਓਸ ੨ ਪੁਰਸ਼ ਅਤੇ ਕੰਨਿਆਂ ਦਾ ਪ੍ਰਤਿ ਬਿੰਬ ਅਤੇ ਇਤਿਹਾਸ ਕੰਨਿਆਂ ਅਤੇ ਵਰ ਦੇ ਹੱਥ ਵਿਚ ਦੇਨ ਅਰ ਕਹ ਦੇਨ ਕਿਏਸ ਵਿਚ ਜੋ ਤੁਹਾਡੀ ਸਲਾਹ ਹੋਵੇ ਸੋ ਸਾਨੂੰ ਦਸ ਦੇਣਾ,ਜਦ ਉਨਾ ਦੋਹਾਂ ਦਾ ਨਿਸਚਾ ਇਕ ਦੂਜੇ ਨਾਲ ਬਿਆਹ ਕਰਨ ਦਾ ਹੋ ਜਾਵੇ, ਤਦ ਉਨਾਂ ਦੋਹਾਂ ਦਾਂ *ਸਮਾ ਵਰਤਣ ਇਕ ਹੀ ਸਮੇ ਵਿੱਚ ਹੋ ਜਾਵੇ, ਜੇ ਉਹ ਦੋਂਨੋ ਪੜ੍ਹਾਨ ਵਾਲਿਆਂ ਦੇ ਸਾਮਣੇ ਬਿਆਹ ਕਰਨਾ ਚਾਹਨ ਤਾਂ ਓਥੇ, ਨਹੀਂ ਤਾਂ ਕੰਨਿਆਂ ਦੇ ਮਾਂ, ਪਿਉ ਦੇ ਘਰ ਵਿਚ ਬਿਆਹ ਹੋਣਾ ਚਾਹੀਏ, ਜਦ ਉਹ ਸਾਮਣੇ ਹੋਂਨ ਤਦ ਉਨ੍ਹਾਂ ਪੜ੍ਹਾਨ ਵਾਲਿਆਂ ਜਾਂ ਕੰਨਿਆਂ ਦੇ ਮਾਂ, ਪਿਉ ਆਦੀ ਭਲੇ ਲੋਕਾਂ ਦੇ ਸਾਂਮਣੇ

---

*ਗੁਰੂ ਕੁਲਥੀਂ ਮੁੜਕੇ ਘਰ ਆਉਣ ਦਾ ਸੰਸਕਾਰ।

ਉਨ੍ਹਾਂ ਦੋਹਾਂ ਦੀ ਆਪਸ ਵਿੱਚ ਬਾਤ ਚ ਤ ਸ਼ਾਸਤ੍ਰਾਰਥ ਕਰਾਨ, ਅਤੇ ਜੋ ਕੁਝ ਗੁਪਤ ਗਲ ਪੁੱਛਨ ਸੋ ਬੀ ਸਭਾ ਵਿੱਚ ਲਿਖਕੇ ਇਕ ਦੂਜੇ ਦੇ ਹੱਥ ਵਿੱਚ ਦੇਕੇ ਪ੍ਰਸ਼ਨ੍ਹ ਕਰ ਲੈਨ, ਜਦ ਦੋਹਾਂ ਦਾ ਪੱਕਾ ਪ੍ਰੇਮ ਬਿਆਹ ਕਰਨ ਵਿਚ ਹੋਜਾਵੇ ਤਦ ਤੋਂ ਉਨ੍ਹਾਂ ਦੇ ਖਾਣ ਪੀਣ ਦਾ ਉਤੱਮ ਪ੍ਰਬੰਧ ਹੋਣਾ ਚਾਹੀਦਾ ਹੈ, ਕਿ ਜਿਸ ਕਰਕੇ ਉਨ੍ਹਾਂ ਦਾ ਸ਼ਰੀਰ ਜਿਹੜਾ ਪਹਲੇ ਬ੍ਰਹਮ ਚਰਜ ਅਤੇ ਵਿਦ੍ਯਾ ਦੇ ਪੜ੍ਹਨ ਰੂਪੀ ਤਪ ਅਤੇ ਕਸ਼੍ਟ ਨਾਲ ਲਿੱਸਾ ਹੋਗਿਆ ਹੈ ਓਹ ਚੰਦ੍ਰਮਾਂ ਦੀ ਕਲਾ ਵਾਙਣ ਥੋੜੇ ਹੀ ਦਿਨਾਂ ਵਿਚ ਭਰਕੇ ਪੁਸ਼੍ਟ ਹੋ ਜਾਵੇ, ਫੇਰ ਜਿਹੜੇ ਦਿਨ ਕੰਨਿਆਂ ਰਜਸੂੱਲਾ ਹੋਕੇ ਜਦ ਨ੍ਹਾ ਧੋ ਲਵੇ ਤਦ ਵੇਦੀ ਅਤੇ ਮੰਡਪ ਰਚਕੇ ਅਨੇਕ ਸੁਗੰਧੀ ਆਦੀ ਪਦਾਰਥ, ਅਤੇ ਘਿਉ ਆਦੀ ਦਾ ਹੋਮ, ਤਥਾ ਵਿਦ੍ਵਾਂਨ ਪੁਰਸ਼ ਅਤੇ ਇਸਤ੍ਰੀਆਂ ਦਾ ਯਥਾ ਜੋਗ ਸਤਕਾਰ ਕਰਨ ।

ਫੇਰ ਜਿਹੜੇ ਦਿਨ ਰਿਤੂ ਦਾਨ ਦੇਣਾ ਯੋਗ ਸਮਝਨ ਉਸੇ ਦਿਨ 'ਸੰਸਕਾਰਵਿਧੀ' ਗ੍ਰੰਥ ਵਿਚ ਲਿਖੀ ਹੋਈ ਵਿਧ ਦੇ ਅਨੁਸਾਰ ਅੱਧੀ ਰਾਤ ਨੂੰ ਜਾਂ ਦਸ ਬਜੇ ਵਡੀ ਪ੍ਰਸੰਨਤਾ ਨਾਲ ਸਭਣਾ ਦੇ ਸਾਮਣੇ ਹੱਥ ਲੇਵਾਂ ਅਤੇ ਬਿਆਹ ਦੀ ਬਿੱਧੀ ਨੂੰ ਪੂਰਾ ਕਰਕੇ ਅਕੱਲੀ ਜਗਾ ਵਿਚ ਚਲੇ ਜਾਂਨ, ਪੁਰਸ਼ ਬੀਰਜ ਦੇਪਾਣ, ਅਤੇ ਇਸਤ੍ਰੀ ਬੀਰਜ ਦੇ ਖਿਚੱਣ ਦੀ ਜਿਹੜੀ ਬਿੱਧੀ ਹੈ ਉਸੇ ਦੇ ਅਨੁਸਾਰ ਦੋਏ ਵਰਤਨ, ਜਿੱਥੋਂ ਤਿਕ ਹੋਵੇ ਬ੍ਰਹਮ ਚਰਜ ਦੇ ਬੀਰਜ ਨੂੰ ਬਿਅਰਥ ਨ ਗਵਾਂਨ, ਕਿਉਂ ਜੋ ਓਸ ਬੀਰਜ ਜਾਂ ਰਜ ਥੀਂ ਜਿਹੜਾ ਸ਼ਰੀਰ ਬਣਦਾ ਹੈ ਉਹ ਅਪੂਰਬ ਉਤੱਮ ਸੰਤਾਨ ਹੁੰਦਾ ਹੈ ਜਦ ਬੀਰਜ ਦੇ ਗਰਭ ਆਸ਼ੇ ਵਿਚ ਡਿਗਣਦਾ ਸਮਾ ਹੋ ਵੇ ਓਸ ਵੇਲੇ ਇਸਤ੍ਰੀ ਪੁਰਸ਼ ਦੋਏ ਹਲੱਨਜੁਲ੍ਹਨ ਨਾਂ, ਅਰ ਨਕੱ ਦੇ ਸਾਂਮਨੇ ਨਕੱ, ਅੱਖਦੇ ਸਾਮਣੇ ਅੱਖ ਅਰਥ ਤ ਸਿੱਧਾ ਸ਼ਰੀਰ ਰਖੱਨ, ਅਤੇ ਅਤਸੰਤ ਪ੍ਰਸੰਨ ਚਿਤੱ ਰਹਨ ਹਿਲੱਣ ਨਾਂ. ਪੁਰਸ਼ ਅਪਣੇ ਸ਼ਰੀਰ ਨੂੰ ਢਿੱਲਾ ਛੱਡੇ, ਅਤੇ ਇਸਤ੍ਰੀ ਬੀਰਜ ਖਿਚੱਣ ਦੇ ਸਮੇ ਅਪਾਂਨ ਵਾਯੂ ਨੂੰ ਉਤਾਹਾਂ ਖਿੱਚੇ, ਯੋਨੀ ਨੂੰ ਉੱਪਰ ਵਲ ਸਕੋੜਕੇ ਬੀਰਜ ਨੂੰ ਉਪੱਰ ਵਲ ਗਰਭ ਆਸ਼ੇ ਵਿਚੱ ਠਰਾਏ, ਫੇਰ ਦੋਏ ਸਫਾ ਪਾਂਣੀ ਨਾਲ ਅਸ਼ਨਾਨ ਕਰਨ *ਗਰਭ ਠਹਰ ਜਾਂਣ ਦਾ ਪੂਰਾ ਗਿਆਂਨ ਸੂਝ ਵਾਲੀ ਇਸਤ੍ਰੀ ਨੂੰ ਤਾਂ ਓਸੇ ਵੇਲੇ ਹੋ ਜਾਂਦਾ ਹੈ। ਪ੍ਰੰਤੂ ਏਸ ਦਾ ਨਿਸਚਾ ਇਕ ਮਹੀਨੇ ਤੋਂ ਪਿਛੋਂ †ਰਜਸੂੱਲਾ ਨ ਹੋਣ ਤੇ ਸਭ ਨੂੰ ਹੋ ਜਾਂਦਾ ਹੈ ਸੁਢ, ਕੇਸਰ, ਅਸਗੰਧ, ਛੋਟੀ ਲਾਚੀ, ਅਤੇ ਸਾਲਮ ਮਿਸਰੀ, ਪਾਕੇ ਗਰਭ ਅਸ਼ਨਾਨ ਕਰਕੇ ਜਿਹੜਾ ਪਹਲੇ ਤੋਂ ਹੀ ਰਖ੍ਯਾ ਹੋਇਆ ਠੰਢਾ ਦੁਧ ਹੋਵੇ ਓਸ ਨੂੰ ਜਿਨਾਂ ਰੁਚ ਹੋਵੇ ਦੋਏ ਪੀਕੇ

---

*ਇਹ ਗਲ ਰਹਸ ਦੀ ਹੈ ਏਸ ਲਈ ਇਨੇ ਤੋ ਹੀ ਸਾਰੀਆਂ ਬਾਤਾ ਸਮਝ ਲੈਣੀਆਂ ਚਾਹੀਦੀਆਂ ਹੈਨ ਬਹੁਤ ਲਿਖਣਾ ਉਚਿਤ ਨਹੀਂ ।

†ਮਹੀਨੇ ਪਿਛੋਂ ਜਨਾਨੀ ਦੇ ਭਿਟ ਆਉਣ ਨੂੰ ਰਜਸੂੱਲਾ ਕਹਿੰਦੇ ਹਨ।

ਖੋ ਵਖਰੇ ਆਪੋ ਆਪਣੇ ਮੰਜਿਆਂ ਤੇ ਜਾਕੇ ਸੌਂ ਰਹਨ, ਏਹੋ ਬਿੱਧੀ ਜਦ ੨ ਗਰਭਾਧਾਂਨ ਕੀਤਾ ਕਰਨ ਤਦ ੨ ਕਰਨੀ ਉੱਚਿਤ ਹੈ, ਜਦ ਮਹੀਨੇਂ ਭਰ ਵਿਚ ਰਜੱਸੁਲਾ ਨ ਹੋਣ ਥੀਂ ਗਰਭ ਦੇ ਠਹਰਣ ਦਾ ਨਿਸ-ਚਾ ਹੋਜਾਵੇ ਤਦ ਤੋਂ ਇਕ ਵਰਹੇ ਤਿੱਕ ਇਸਤ੍ਰੀ ਪੁਰਸ਼ ਦਾ ਸਮਾਗਮ ਕਦੀ ਹੋਣਾ ਨਹੀਂ ਚਾਹੀਦਾ ਕਿਉਂ ਜੋ ਇਹ ਕੰਮ ਨ ਹੋਣ ਨਾਲ ਸੰਤਾਨ ਉਤੱਮ ਅਤੇ ਦੂਜੀ ਸੰਤਾਂਨ ਬੀ ਓਹੋ ਜੇਹੀ ਹੁੰਦੀ ਹੈ ਏਸ ਦੇ ਉਲਟ ਕਰਨ ਨਾਲ ਬੀਰਜ ਵਜਰਥ ਜਾਂਦਾ, ਦੋਹਾਂ ਦੀ ਉਮਰ ਘਟ ਜਾਂਦੀ, ਅਤੇ ਕਈ ਤਰਾਂ ਦੀਆਂ ਬਮਾਰੀਆਂ ਹੁੰਦੀਆਂ ਹਨ, ਪ੍ਰੰਤੂ ਉਪਰੋਂ ਬੋਲਨਾਂ ਚਾਲਨਾ ਪ੍ਰੇਮ ਨਾਲ ਵਰਤਣਾ ਦੋਹਾਂ ਨੂੰ ਜਰੂਰ ਕਰਨਾ ਚਾਹੀਏ, ਪੁਰਸ਼ ਬੀਰਜ ਦਾ ਰੋਕਣਾ, ਅਤੇ ਇਸਤ੍ਰੀ ਗਰਭ ਦੀ ਰਖੱਯਾ ਅਰ ਭੋਜਨ ਛਾਦਨ ਏਸ ਪ੍ਰਕਾਰ ਦਾ ਕਰੇ ਕਿ ਜਿਸ ਨਾਲ ਪੁਰਸ਼ ਦਾ ਬੀਰਜ ਸੁਫਨੇ ਵਿਚ ਬੀ ਨਸ਼੍ਟ ਨ ਹੋਵੇ, ਅਤੇ ਗਰਭ ਵਿਚ ਬਾਲਕ ਦਾ ਸ਼ਰੀਰ ਬਹੁਤ ਉਤੱਮ ਰੂਪ ਵਾਲਾ, ਸੋਹਣਾ, ਪੁਸ਼ਟੀ, ਬਲ ਅਤੇ ਪ੍ਰਾਕ੍ਰਮ ਵਾਲਾ ਹੋਕੇ ਦਸਵੇਂ ਮਹੀਨੇ ਵਿਚ ਜਨਮ ਲਵੇ, ਵਸ਼ੇਸ਼ ਉਸਦੀ ਰਖੱਯਾ ਚੌਥੇ ਮਹੀਨੇ ਤੋਂ, ਅਰ ਅਤੀ ਵਸ਼ੇਸ਼ ਅਠਵੇਂ ਮਹੀਨੇ ਤੋਂ ਅੱਗੇ ਕਰਨੀ ਚਾਹੀਏ, ਕਦੀ ਗਰਭਵਤੀ ਇਸਤ੍ਰੀ ਦਸਤਾਂ ਦੇ ਲਿਆਂਉਣ ਵਾਲੇ, ਖੁਸ਼ਕੀ ਦੇ ਕਰਨ ਵਾਲੇ, ਨਸ਼ੇ ਦੇ ਦੇਣ ਵਾਲੇ, ਬੁਧ ਅਤੇ ਬਲ ਦੇ ਨਸ਼ਟ ਕਰਨ ਵਾਲੇ ਪਦਾਰਥਾਂ ਨੂੰ ਨ ਖਾਂਨ ਪੀਂਨ, ਕਿੰਤੂ ਘਿਉ ਦੁਧੱ, ਚੰਗੇ ਚੌਲ, ਕਣਕ, ਮੁੰਗੀ, ਮਾਂਹ ਆਦੀ ਅਨਾਜਾਂ ਦਾ ਖਾਂਣਾ ਅਤੇ ਦੇਸ਼ ਕਾਲ ਦਾ ਖਿਆਲ ਬੁਧ ਨਾਲ ਕਰਨਾ।

ਗਰਭ ਦੇ ਦਿਨਾਂ ਵਿਚ ਦੋ ਸੰਸਕਾਰ ਇਕ ਚੌਥੇ ਮਹੀਨੇ ਵਿਚ ਪੁਨ ਸਵਨ, ਅਤੇ ਦੂਜਾ ਅਠਵੇਂ ਮਹੀਨੇ ਵਿਚ ਸੀਮੰਤੋ ਨੈਨ ਵਿੱਧੀ ਨਾਲ ਕਰੇ, ਜਦ ਸੰਤਾਨ ਦਾ ਜਨਮ ਹੋਵੇ ਤਦ ਇਸਤ੍ਰੀ ਅਤੇ ਮੁੰਡੇ ਦੇ ਸ਼ਰੀਰ ਦੀ ਰਖੱਯਾ ਬੜੀ ਹੁਸ਼ਿਆਰੀ ਨਾਲ ਕਰੇ, ਸੌਂਠੀ ਪਾਕ, ਅਥਵਾ ਸੁਭਾਗ ਸੌਂਠੀ ਪਾਕ, ਪਹਲੇ ਹੀ ਬਣਵਾ ਰੱਖੇ, ਓਸ ਵੇਲੇ ਸੁਗੰਧੀ ਵਾਲਾ ਗਰਮ ਪਾਣੀ ਜਿਹੜਾ ਥੋੜਾ ਜਿਹਾ ਤੱਤਾ ਰਹ ਗਿਆ ਹੋਵੇ ਓਸ ਨਾਲ ਇਸਤ੍ਰੀ ਇਸ਼ਨਾਨ ਕਰੇ ਅਰ ਬਚੇ ਨੂੰ ਬੀ ਇਸ਼ਨਾਨ ਕਰਾਂਨ, ਫੇਰ ਨਾੜੂ ਕਟੱਨ, ਬੱਚੇ ਦੀ ਧੁੱਨੀ ਦੀ ਜੜ੍ਹ ਵਿਚ ਨਰਮ ਸੂਤ੍ਰ ਬਨ੍ਹਕੇ ਚਾਰ ਉਂਗਲ ਛਡਕੇ ਉਪੱਰੋਂ ਕਟ ਸੁੱਟੇ, ਓਸਨੂੰ ਅਜੇਹਾ ਬਨ੍ਹੇ ਕਿ ਜਿਸ ਨਾਲ ਸਰੀਰ ਦੇ ਲਹੂ ਦੀ ਇਕ ਬੂੰਦ ਬੀ ਨ ਵੱਗੇ, ਫੇਰ ਓਸ ਸਥਾਨ ਨੂੰ ਸਫਾ ਕਰਕੇ ਓਸਦੇ ਦਰਵਜੇ ਦੇ ਅੰਦਰ ਸੁਗੰਧੀ ਨਾਲ ਮਿਲੇ ਹੋਏ ਘਿਉ ਆਦੀ ਦਾ ਹੋਮ ਕਰੇ, ਫੇਰ ਬੱਚੇ ਦੇ ਕੰਨ ਵਿਚ ਪਿਉ 'ਵੇਦੋ ਸੀਤੀ' ਅਰਥਾਤ ਤੇਰਾ ਨਾਂਉ ਵੇਦ ਹੈ ਸੁਣਾਕੇ ਘਿਉ ਅਤੇ ਸ਼ਹਤ ਨੂੰ ਲੈਕੇ ਸੋਨੇ ਦੀ ਸਲਾਈ ਨਾਲ ਜ਼ਬਾਂਨ ਦੇ ਉਪੱਰ 'ਓ੩ਮ੍' (ਓਮ) ਲਿਖਕੇ ਸ਼ਹਤ

ਅਤੇ ਘਿਉ ਨੂੰ ਉਸੇ ਸਲਾਈ ਨਾਲ ਚਟਾਵੇ, ਫੇਰ ਬਚੇ ਉਸਦੀ ਮਾਂ ਨੂੰ ਦੇਵੇ, ਜੇ ਦੁਧ ਪੀਣਾ ਚਾਹੇ ਤਾਂ ਉਸਦੀ ਮਾਂ ਪਿਲਾਵੇ, ਜੇ ਉਸਦੀ ਮਾਂ ਦਾ ਦੁਧ ਨ ਹੋਵੇ ਤਾਂ ਕਿਸੇ ਇਸਤ੍ਰੀ ਦੀ ਪ੍ਰੀਖਯਾ ਕਰਕੇ ਉਸਦਾ ਦੁਧ ਪਲਾਵੇ. ਫੇਰ ਦੂਜੀ ਸਫਾ ਕੋਠੜੀ ਜਾਂ ਜਿੱਥੋਂ ਦੀ ਹਵਾ ਸ਼ੁਧ ਹੋਵੇ ਉਥੇ ਸੁਗੰਧੀ ਵਾਲੇ ਘਿਉ ਦਾ ਹੋਮ ਸਵੇਰੇ ਅਤੇ ਸੰਧਯਾ ਵੇਲੇ ਕੀਤਾ ਕਰੇ, ਅਰ ਉਸੇ ਵਿਚ ਪ੍ਰਸੂਤਾ ਇਸਤ੍ਰੀ ਤਥਾ ਬਾਲਕ ਨੂੰ ਰਖੇ, ਬੱਚਾ ਛੀ ਦਿਨ ਤਿਕ ਮਾਂ ਦਾ ਦੁਧ ਪੀਏ ਅਰ ਇਸਤ੍ਰੀ ਬੀ ਆਪਣੇ ਸ਼ਰੀਰ ਦੀ ਪੁਸ਼ਟੀ ਦੇ ਵਾਸਤੇ ਅਨੇਕ ਪ੍ਰਕਾਰ ਦੇ ਉਤੱਮ ਭੋਜਨ ਖਾਵੇ, ਅਰ ਯੋਨੀ ਸੰਕੋਚ ਆਦੀ ਬੀ ਕਰੇ, ਛੇਵੇਂ ਦਿਨ ਇਸਤ੍ਰੀ ਬਾਹਰ ਨਿਕਲੇ ਅਰ ਬੱਚੇ ਦੇ ਦੁਧ ਪੀਣ ਵਾਸਤੇ ਕੋਈ ਦਾਈ ਰੱਖੇ,ਉਸਨੂੰ ਚੰਗੀ ਤਰਾਂ ਨਾਲ ਖੁਆਨ ਪਿਲਾਨ ਉਹ ਬੱਚੇ ਨੂੰ ਦੁਧ ਪਲਾਵੇ,ਅਤੇ ਪਾਲੇ ਬੀ ਪ੍ਰੰਤੂ ਉਸਦੀ ਮਾਂ ਬੱਚੇ ਦਾ ਪੂਰਾ ਖਿਆਲ ਰਖੇ ਕਿਸੇ ਤਰਾਂ ਦਾ ਬੇ ਮੁਨਾਸਬ ਵਿਹਾਰ ਉਸਦੇ ਪਾਲਣ ਵਿਚ ਨ ਹੋਵੇ,ਇਸਤ੍ਰੀ ਦੁਧ ਬੰਦ ਕਰਨ ਦੇ ਵਾਸਤੇ ਥਣਦੇ ਮੂੰਹ ਤੇ ਅਜੇਹਾ ਲੇਪ ਕਰੇ ਕਿ ਜਿਹਦੇ ਕਰਕੇ ਦੁਧ ਨ ਚੋਵੇ, ਉਸੇ ਪ੍ਰਕਾਰ ਖਾਂਣ ਪੀਣ ਦਾ ਬੰਦੋਬਸਤ ਬੀ ਠੀਕ ਠੀਕ ਰੱਖੇ,ਫੇਰ ਨਾਮ ਕਰਣ ਆਦੀ 'ਸੰਸਕਾਰ' ਸੰਸਕਾਰ' ਬਿੱਧੀ ਦੀ ਰੀਤ ਨਾਲ ਆਪੋ ਆਪਣੇ ਵੇਲੇ ਤੇ ਕਰਦਾ ਜਾਵੇ,ਜਦ ਇਸਤ੍ਰੀ ਫੇਰ ਰਜਸੁੱਲਾ ਹੋਵੇ ਤਦ ਨ੍ਹਾਣ ਧੋਣ ਬੀਂ ਪਿੱਛੋਂ ਉਸ ਤਰਾਂ ਰਿਤੂ ਦਾਨ ਦੇਵੇ।

ऋतुकालाभिगामी स्यात्स्वदारनिरतः सदा। पर्व वर्जं व्रजेच्चैनां तद्व्रतो रतिकाम्यया ॥ मनु० ३। ४५ ॥ निन्द्यास्वष्टासु चान्यासु स्त्रियो रात्रिषु वर्जयन्। ब्रह्मचर्य्यैव भवति यत्र तत्राश्रमे वसन् मनु ॥ ३। ५० ॥

ਜਿਹੜਾ ਆਪਣੀ ਇਸਤ੍ਰੀ ਤੋਂ ਪ੍ਰਸੰਨ ਅਤੇ ਨਖੇਧ ਕੀਤੀ ਹੋਈ ਰਾਤਾਂ ਵਿੱਚ ਆਪਣੀ ਇਸਤ੍ਰੀ ਤੋਂ ਪਰੇ ਰਹਿੰਦਾ ਅਰ ਰਿਤੂ ਗਾਮੀ ਹੁੰਦਾ ਹੈ, ਓਹੁ ਗ੍ਰਹਸਤੀ ਬੀ ਬ੍ਰਹਮ ਚਾਰੀ ਵਰਗਾ ਹੈ।

सन्तुष्टो भार्यया भर्ता भर्त्रा भार्या तथैव च। यस्मिन्नेव कुले नित्यं कल्याणं तत्र वै ध्रुवम् ॥ १ ॥ यदि हि स्त्री न रोचेत पुमांसन्न प्रमोदयेत् अप्रमोदात्पुनः पुंसः प्रजनं न प्रवर्तते ॥ २ ॥ स्त्रियां तु रोचमानायां सर्वं तद्रोचते कुलम्। तस्यां त्वरोचमानायां सर्वमेव न रोचते ॥ ३ ॥ मनु० ३। श्लो० ६० - ६२ ॥

ਜਿਹੜੀ ਕੁਲ ਵਿਚ ਇਸਤ੍ਰੀ ਤੋਂ ਖਾਉਂਦ, ਅਤੇ ਖਾਂਉਦ ਤੋਂ ਇਸਤ੍ਰੀ ਚੰਗੀ ਤਰਾਂ ਨਾਲ ਪ੍ਰਸੰਨ ਰਹਿੰਦੀ ਹੈ ਉਸੇ ਕੁਲ ਵਿਚ ਸੁਭਾਗ ਅਤੇ ਧੰਨ ਠਹਰਦੇ ਹਨ, ਜਿਥੇ ਝਗੜਾ, ਦੁਖ ਰਹਿੰਦਾ ਹੈ ਉਥੇ ਮੰਦੇ ਭਾਗ ਅਤੇ ਗ੍ਰੀਬੀ ਆਕੇ ਡੇਰੇ ਜਮਾਂ ਦੀ ਹੈ, ਜੇਹੜੀ ਇਸਤ੍ਰੀ ਖਾਂਉਦ ਨਾਲ ਪ੍ਰੇਮ ਅਤੇ ਖਾਂਉਦ ਨੂੰ ਪ੍ਰਸੰਨ ਨਹੀਂ ਕਰਦੀ ਖਾਉਂਦ ਦੇ ਅਪ੍ਰਸੰਨ ਰਹਣ ਨਾਲ ਉਸ ਵਿਚ ਔਲਾਦ ਦੀ ਇਛਯਾ

ਉਤਪੰਨ ਨਹੀਂ ਹੁੰਦੀ, ਇਸਤ੍ਰੀ ਦੇ ਪ੍ਰਸੰਨ ਰਹਣ ਥੀਂ ਸਭ ਕੁਲ ਪ੍ਰਸੰਨ ਰਹਿੰਦੀ, ਓਸਦੀ ਅਪ੍ਰਸੰਨਤਾ ਕਰਕੇ ਸਭ ਅਪ੍ਰਸੰਨ ਰਹਿੰਦੇ ਹਨ ਅਰਥਾਤ ਦੁਖ ਪਾਉਂਦੇ ਹਨ।

पितृभिर्भ्रातृभिश्चैताः पतिभिर्देवरैस्तथा । पूज्या भूषयितव्याश्च बहुकल्याणमीप्सुभिः ॥ १ ॥ यत्र नार्य्यस्तु पूज्यन्ते रमन्ते तत्र देवताः । यत्रैतास्तु न पूज्यन्ते सर्वास्तत्राऽफलाः क्रियाः ॥ २ ॥ शोचन्ति जामयो यत्र विनश्यत्याशु तत्कुलम् । न शोचन्ति तु यत्रैता वर्द्धते तद्धि सर्वदा ॥ ३ ॥ तस्मादेताः सदा पूज्या भूषणाच्छादनाशनैः । भूतिकामैर्नरैर्नित्यं सत्कारेषूत्सवेषु च ॥ ४ ॥ मनु० ३ । श्लो० ५५ – ५७ । ५९ ॥

ਪਿਉ, ਭਰਾ, ਖਾਉਂਦ, ਅਤੇ ,ਦੇਉਰ ਇਨ੍ਹਾਂ ਦਾ ਆਦਰ ਕਰਨ ਅਤੇ ਗਹਣੇ ਆਦੀ ਨਾਲ ਪ੍ਰਸੰਨ ਰਖੱਨ, ਜਿਨ੍ਹਾਂ ਨੂੰ ਵਡੇ ਕਲਿਆਂਣ ਦੀ ਇਛਾਂ ਹੋਵੇ ਓਹ ਅਜੇਹਾ ਕਰਨ, ਜਿਹੜੇ ਘਰ ਵਿਚ ਇਸਤ੍ਰੀਆਂ ਦਾ ਆਦਰ ਹੁੰਦਾ ਹੈ ਓਸ ਵਿਚ ਮਨੁਸ਼ੱ ਵਿਦਵਾਂਨ ਹੋਕੇ ਦੇਵ ਨਾਂਉ ਰਖਾਕੇ ਅਨੰਦ ਨਾਲ ਰਹਿੰਦੇ ਹਨ, ਅਰ ਜਿਹੜੇ ਘਰ ਵਿਚ ਇਸਤ੍ਰੀਆਂ ਦਾ ਆਦਰ ਨਹੀਂ ਹੁੰਦਾ ਓਥੇ ਸਭ ਕੰਮ ਵਿਗੜ ਜਾਂਦੇ ਹਨ, ਜਿਹੜੇ ਘਰ ਜਾਂ ਕੁਲ ਵਿਚ ਇਸਤ੍ਰੀਆਂ ਚਿੱਤ ਵਿਚ ਭੁਬੱਕੇ ਦੁਖ ਪਾਉਂਦੀਆਂ ਹਨ ਓਹ ਕੁਲ ਝਟ ਪਟ ਹੀ ਨਸ਼੍ਟ ਭ੍ਰਸ਼੍ਟ ਹੋ ਜਾਂਦੀ ਹੈ, ਅਰ ਜਿਹੜੇ ਘਰ ਜਾਂ ਕੁਲ ਵਿਚ ਇਸਤ੍ਰੀਆਂ ਅਨੰਦ, ਉਤਸਾਹ ਅਤੇ ਪ੍ਰਸੰਨਤਾ ਵਿਚ ਭਰੀਆਂ ਹੋਈਆਂ ਰਹਿੰਦੀਆਂ ਹਨ ਓਹ ਕੁਲ ਸਦਾ ਵਧਦਾ ਹੈ, ਏਸਵਾਸਤੇ ਧੱਨ ਦੀ ਇਛਜਾ ਕਰਨ ਵਾਲੇ ਮਨੁਖੱਾਂ ਨੂੰ ਚਾਹੀਦਾ ਹੈ ਕਿ ਆਦਰ ਭਾਉ ਅਤੇ ਦਿਨ ਦਿਹਾੜੇ ਦੇ ਸਮੇ ਗਹਣੇ ਕਪੜੇ ਅਤੇ ਭੋਜਨ ਆਦੀ ਨਾਲ ਇਸਤ੍ਰੀਆਂ ਦਾ ਸਦਾ ਮਾਨ ਕਰਨ, ਏਹ ਗੱਲ ਸਦਾ ਧਿਆਂਨ ਵਿੱਚ ਰਖਣੀ ਚਾਹੀਦੀ ਹੈ ਕਿ 'ਪੂਜਾ' ਸ਼ਬਦ ਦਾ ਅਰਥ ਆਦਰ ਭਾ ਹੈ, ਅਰ ਦਿਨ ਰਾਤ ਵਿੱਚ ਜਦ ੨ ਪਹਲੋਂ ਮਿੱਲਨ, ਜਾਂ ਵੱਖਰੇ ਹੋਂਨ ਤਦ ਤਦ ਪ੍ਰੇਮ ਨਾਲ 'ਨਮਸਤੇ' ਇੱਕ ਦੂਜੇ ਨੂੰ ਕਰਨ॥

सदा प्रहृष्टया भाव्यं गृहकार्येषु दक्षया । सुसंस्कृतोपस्करया व्यये चामुक्तहस्तया ॥ मनु० ५ । १५० ॥

ਇਸਤ੍ਰੀ ਨੂੰ ਚਾਹੀਦਾ ਹੈ ਕਿ ਬੜੀ ਪ੍ਰਸਿੰਨਤਾ ਨਾਲ ਘਰਦੇ ਕੰਮਾਂ ਵਿੱਚ ਚਤੁਰਾਈ ਨਾਲ ਵਰਤੇ,ਸਾਰੀਆਂ ਚੀਜ਼ਾਂ ਨੂੰ ਚੰਗੀ ਤਰਾਂ ਨਾਲ ਬਣਾਵੇ, ਘਰ ਦੀ ਸਫਾਈ ਰੱਖੇ, ਅਤੇ ਅੱਨ੍ਹੇ ਵਾਹ ਖਰਚ ਨ ਕਰੇ, ਅਰਥਾਤ ਯਥਾਜੋਗ ਖਰਚ ਕਰੇ, ਸੱਭ ਚੀਜ਼ਾਂ ਪਵਿਤ੍ਰ ਰੱਖੇ, ਅਰ ਭੋਜਨ ਅਜਹੀ ਤਰਾਂ ਨਾਲ ਬਣਾਵੇ ਕਿ ਜਿਹੜਾ ਦੁਆ ਦਾ ਰੂਪ ਬਣਕੇ ਸ਼ਰੀਰ ਅਤ ਆਤਮਾ ਵਿੱਚ ਰੋਗਾਂ ਨੂੰ ਨ ਆਉਣ ਦੇਵੇ,ਜਿਹੜਾ ਜਿਹੜਾ ੨ ਖਰਚ ਹੋਵੇ ਓਸਦਾ ਲੇਖਾ ਠੀਕ ੨

ਰੱਖਕੇ ਖਾਉਂਦ ਆਦੀ ਨੂੰ ਸੁਣਾ ਦਿੱਤਾ ਕਰੇ, ਘਰ ਦੇ ਨੌਕਰ ਚਾਕਰਾਂ ਤੋਂ ਯਥਾਜੋਗ ਕੰਮ ਲਵੇ, ਘਰ ਦੇ ਕਿਸੇ ਕੰਮ ਨੂੰ ਵਿਗੜਨ ਨ ਦੇਵੇ ॥

स्त्रियो रत्नान्यथो विद्या सत्यं शौचं सुभाषितम् । विविधानि च शिल्पानि समादेयानि सर्वतः ॥ मनु० २ । २४० ॥

ਉੱਤਮ ਇਸਤ੍ਰੀ, ਤਰਾਂ ਤਰਾਂ ਦੇ ਰਤਨ, ਵਿੱਦਯਾ, ਸੱਚ, ਪਵਿਤ੍ਰਤਾ, ਚੰਗਾ ਬੋਲਣਾਂ, ਅਤੇ ਤਰਾਂ ੨ ਦੀ ਸਿਲਪ ਵਿੱਦਯਾ ਅਰਥਾਤ ਕਾਰੀ ਗਰੀ, ਸੱਭਨਾਂ ਦੇਸ਼ਾਂ ਤਥਾ ਸਭੱਣਾਂ ਮਨੁੱਖਾਂ ਤੋਂ ਲੈ ਲਵੇ।

सत्यं ब्रूयात् प्रियं ब्रूयान्न ब्रूयात् सत्यमप्रियम् । प्रियं च नानृतं ब्रूयादेष धर्मः सनातनः ॥ १ ॥ भद्रं भद्रमिति ब्रूयाद् भद्रमित्येव वा वदेत् । शुष्कवैरं विवादं च न कुर्यात्केनचित्सह ॥ २ ॥ मनु० ४ । १३८ । १३९ ॥

ਸਦਾ ਮਿੱਠਾ ਸੱਚ ਦੂਜੇ ਦਾ ਹਿਤਕਾਰੀ ਬੋਲੇ, ਕੌੜਾ ਸਚ ਅਰਥਾਤ ਕਾਣੇ ਨੂੰ ਕਾਣਾ ਨਾ ਬੋਲੇ, ਝੂਠ ਦੂਜੇ ਨੂੰ ਪ੍ਰਸੰਨ ਕਰਨ ਲਈ ਨ ਬੋਲੇ ਸਦਾ ਭੱਦ੍ਰ ਅਰਥਾਤ ਸੱਭ ਦੇ ਹਿਤਕਾਰੀ ਬਚਨ ਬੋਲਿਆ ਕਰੇ, ਸੁੱਕੀ ਦੁਸ਼ਮਣੀ ਅਰਥਾਤ ਬਗੈਰ ਅਪਰਾਧ ਥੀਂ ਕਿਸੇ ਦੇ ਨਾਲ ਵਿਰੋਧ ਜਾਂ ਝਗੜਾ ਨ ਕਰੇ।

ਜੇਹੜੀ ਗਲ ਦੂਜੇ ਦੇ ਹਿਤਕਾਰੀ ਹੋਵੇ ਭਾਵੇਂ ਉਹਨੂੰ ਬੁਰੀ ਬੀ ਲੱਗੇ ਤਾਂ ਬੀ ਕਹੇ ਬਗੈਰ ਨ ਰਹੇ।

पुरुषा बहवो राजन् सततं प्रियवादिनः । अप्रियस्य तु पथ्यस्य वक्ता श्रोता च दुर्लभः ॥ उद्योगपर्व विदुरनीति० ॥

ਹੇ ਧ੍ਰਿਤਰਾਸ਼ਟ੍ਰ ਏਸ ਸੰਸਾਰ ਵਿੱਚ ਦੂਜੇ ਨੂੰ ਸਦਾ ਪ੍ਰਸੰਨ ਕਰਨ ਲਈ ਮਿੱਠਾ ਬੋਲਣ ਨਾਲ ਵਡਿਆਈ ਕਰਨ ਵਾਲੇ ਬਹੁਤ ਹੈਨ, ਪ੍ਰੰਤੂ ਸੁਣਨ ਵਿੱਚ ਕੌੜਾ ਮਲੂਮ ਹੋਵੇ ਅਤੇ ਵਿੱਚੋਂ ਕਲਿਆਣ ਦੇ ਕਰਨ ਵਾਲਾ ਬਚਨ ਹੋਵੇ ਓਸਨੂੰ ਕਹਣੇ ਅਰ ਸੁਣਨੇ ਵਾਲਾ ਪੁਰਸ਼ ਦੁਰਲੱਭ ਹੈ, ਕਿਉਂ ਜੋ ਭਲੇ ਪੁਰਸ਼ ਇਸੇ ਨੂੰ ਚੰਗਾ ਸਮਝਦੇ ਹੈਨ, ਕਿ ਮੂੰਹ ਸਾਮਣੇ ਦੂਜੇ ਦਾ ਦੋਸ਼ ਕਹਣਾ ਅਤੇ ਅਪਣਾ ਦੋਸ਼ ਸੁਣਨਾ, ਪਿੱਛੇ ਦੂਜੇ ਦਾ ਗੁਣ ਸਦਾ ਕਹਣਾ। ਅਰ ਦੁਸ਼੍ਟਾਂ ਦੀ ਏਹੋ ਰੀਤ ਹੈ ਕਿ ਮੂੰਹ ਸਾਂਮਣੇ ਗੁਣ ਕਹਣੇ, ਅਤੇ ਪਿੱਛੋਂ ਦੋਸ਼ਾਂ ਨੂੰ ਪ੍ਰਗਟ ਕਰਨਾਂ, ਜਦ ਤਿੱਕ ਮਨੁੱਖ ਦੂਜੇ ਨੂੰ ਅਪਣੇ ਦੋਸ਼ ਨਹੀਂ ਕਹਿੰਦਾ ਤਦ ਤਿਕ ਮਨੁੱਖ ਦੋਸ਼ਾਂ ਤੋਂ ਛੁੱਟ ਕੇ ਗੁਣਵਾਂਨ ਨਹੀਂ ਹੋਸਕਦਾ।

ਕਦੇ ਕਿਸੇ ਦੀ ਨਿੰਦਿਆ ਨ ਕਰ।

'गुणेषु दोषारोपणमसूया' अर्थात् 'दोषेषु गुणारोपणमप्यसूया' 'गुणेषु गुणारोपणं दोषेषु दोषारोपणं च स्तुतिः'

ਜਿਹੜਾ ਗੁਣਾਂ ਵਿੱਚ ਦੋਸ਼, ਦੋਸ਼ਾਂ ਵਿੱਚ ਗੁਣ ਲਗਾਂਨਾ, ਉਹ ਨਿੰਦਿਆ,

ਅਤੇ ਗੁਣਾਂ ਵਿੱਚ ਗੁਣ, ਦੋਸ਼ਾਂ ਵਿੱਚ ਦੋਸ਼ ਦਾ ਕਥਨ ਕਰਨਾ ਉਸਤਤੀ ਕਹਾਉਂਦੀ ਹੈ, ਅਰਥਾਤ ਝੂਠ ਬੋਲਣ ਦਾ ਨਾਉਂ ਨਿੰਦਿਆ ਅਤੇ ਸੱਚ ਬੋਲਣ ਦਾ ਨਾਉਂ ਉਸਤਤੀ ਹੈ।

बुद्धि वृद्धिकराण्याशुधन्यानि च हितानि च। नित्यं शास्त्राण्यवेक्षेत निगमांश्चैव वैदिकान्॥ १॥ यथा यथा हि पुरुषः शास्त्रं समधिगच्छति। तथा तथा विजानाति विज्ञानं चास्य रोचते॥ २॥ मनु० ४॥ १९। २०॥

ਜਿਹੜੇ ਤੁਰਤ ਬੁਧੱ ਧਨ ਅਤੇ ਹਿਤ ਦਾ ਵਾਧਾ ਕਰਨੇ ਵਾਲੇ ਸ਼ਾਸਤ੍ਰ ਅਤੇ ਵੇਦ ਹਨ, ਉਨ੍ਹਾਂ ਨੂੰ ਸਦਾ ਸੁਣਨ ਅਤੇ ਸੁਣਾਉਣ, ਬ੍ਰਹਮਚਰਜ ਆਸ਼੍ਰਮ ਵਿਚ ਜੋ ਪੜ੍ਹੇ ਹੋਣ ਉਸਨੂੰ ਇਸਤ੍ਰੀ ਪੁਰਸ਼ ਸਦਾ ਬਿਚਾਰਿਆ ਅਤੇ ਪੜ੍ਹਾਇਆ ਕਰਨ,

ਕਿਉਂ ਜੋ ਜਿਉਂ ੨ ਮਨੁਸ਼ ਸ਼ਾਸਤ੍ਰਾਂ ਨੂੰ ਠੀਕ ੨ ਜਾਣਦਾ ਹੈ ਤਿਉਂ ੨ ਉਸ ਵਿਦੱਯਾ ਦਾ ਵਿਗਿਆਨ ਵਧਦਾ ਜਾਂਦਾ ਹੈ ਅਤੇ ਉਸ ਵਿਚ ਰੁਚ ਵਧਦੀ ਰਹਿੰਦੀ ਹੈ।

ऋषियज्ञं देवयज्ञं भूतयज्ञं च सर्वदा। नृयज्ञं पितृयज्ञं च यथाशक्ति न हापयेत्॥ १॥ मनु० ४। २१॥ अध्यापनं ब्रह्मयज्ञः पितृयज्ञस्तु तर्पणम्। होमो दैवो बलिर्भौतो नृयज्ञोऽतिथिपूजनम्॥ २॥ मनु० ३। ७०॥ स्वाध्यायेनार्चयेतर्षीन् होमैर्देवान् यथाविधि। पितॄन् श्राद्धैर्नॄनन्नैर्भूतानि बलिकर्मणा॥ ३॥ मनु० ३। ८१॥

ਦੋ ਯਗੱ ਬ੍ਰਹਮਚਰਜ ਵਿਚ ਲਿਖੇ ਹਨ, ਇਨ੍ਹਾਂ ਵਿਚ ਸਭ ਤੋਂ ਪਹਲੇ ਬ੍ਰਹਮਜਗ, ਅਰਥਾਤ ਵੇਦ ਆਦੀ ਸ਼ਾਸਤ੍ਰਾਂ ਦਾ ਪੜ੍ਹਨਾ ਪੜ੍ਹਾਣਾ, ਸੰਧਿਆ ਉਪਾਸ਼ਨਾ, ਯੋਗਾਭਿਆਸ ਕਰਨਾ, ਦੂਜਾ ਦੇਵ ਜਗੱ, ਵਿਦੱਵਾਨਾਂ ਦਾ ਸੰਗ ਅਤੇ ਸੇਵਾ, ਪਵਿਤ੍ਰਤਾ, ਦਿੱਬ ਗੁਣਾਂ ਦਾ ਰਖਣਾ, ਦਾਨ, ਵਿਦੱਯਾ ਦਾ ਵਾਧਾ ਕਰਨਾਂ ਏਹ ਦੋਨੋਂ ਜਗੱ ਤ੍ਰਿਕਾਲਾਂ ਵੇਲੇ ਅਤੇ ਸਵੇਰੇ ਕਰਨੇ ਚਾਹੀਦੇ ਹਨ।

सायंसायं गृहपतिर्नो अग्निः प्रातःप्रातः सौमनसस्य दाता॥ १॥
प्रातः प्रातर्गृहपतिर्नो अग्निः सायं सायं सौमनसस्य दाता॥ २॥ अ० कां० १९। अनु० ७। मं० ३। ४॥
तस्मादहोरात्रस्य संयोगे ब्राह्मणः सन्ध्यामुपासीत। उद्यन्तमस्तं यान्तमादित्यमभिध्यायन्॥ ३॥ षड्विंशब्राह्मणे। प्र० ४। खं० ५॥
न तिष्ठति तु यः पूर्वां नोपास्ते यस्तु पश्चिमाम्। स शूद्रवद्बहिष्कार्यः सर्वस्माद् द्विजकर्मणः॥ ४॥ मनु० २। १०३॥

ਜਿਹੜਾ ਤ੍ਰਿਕਾਲਾਂ ਵੇਲੇ ਹੋਮ ਕੀਤਾ ਜਾਂਦਾ ਹੈ ਉਹ ਹੋਮ ਕੀਤੀਆਂ

ਗਈਆਂ ਚੀਜਾਂ ਸਵੇਰ ਤਿਕ ਵਾ ਨੂੰ ਸ਼ੁਧ ਕਰਕੇ ਸੁਖ ਪਹੁੰਚਾਂਦੀਆਂ ਹਨ, ਅਰ ਜਿਹੜਾ ਹੋਮ ਸਵੇਰ ਦੇ ਵੇਲੇ ਅੱਗ ਵਿੱਚ ਕੀਤਾ ਜਾਂਦਾ ਹੈ ਓਹ ਓਹ ਹੋਮ ਦੀਆਂ ਚੀਜਾਂ ਤ੍ਰਿਕਾਲਾਂ ਵੇਲੇ ਤਿੱਕ ਵਾ ਨੂੰ ਸੁਧ ਰੱਖਣ ਨਾਲ ਬਲ, ਬੁਧ ਅਤੇ ਅਰੋਗਤਾ ਦੇ ਦੇਣ ਵਾਲੀਆਂ ਹੁੰਦੀਆਂ ਹਨ, ਏਸੇ ਵਾਸਤੇ ਦਿਨ ਅਤੇ ਰਾਤ ਦੇ ਮਿਲੱਣ ਵੇਲੇ ਅਰਥਾਤ ਸੂਰਜ ਦੇ ਚੜ੍ਹਨ ਅਤੇ ਡੁਬੱਣ ਵੇਲੇ ਪ੍ਰਮੇਸ਼੍ਵਰ ਦਾ ਧਿਆਂਨ ਅਰ ਅਗਨੀ ਹੋਤ੍ਰ (ਹੋਮ) ਜਰੂਰ ਕਰਨਾ ਚਾਹੀਦਾ ਹੈ, ਅਰ ਜਿਹੜਾ ਇਹ ਦੋਨੋ ਕੰਮ ਤ੍ਰਿਕਾਲਾਂ ਅਤੇ ਸਵੇਰ ਵੇਲੇ ਨਾ ਕਰੇ ਓਸ ਨੂੰ ਸੱਜਨ ਲੋਗ ਦ੍ਵਿਜਾ ਦੇ ਸਭ ਕੰੱਮਾਂ ਥੀਂ ਬਾਹਰ ਕਢ ਦੇਨ, ਅਰਥਾਤ ਓਸਨੂੰ ਸੂਦਰ ਵਰਗਾ ਸਮਝਨਾ (ਪ੍ਰਸ਼ਨ)ਤਿੰਨ ਵੇਲੇ ਸੰਧਿਆ ਕਿਉਂ ਨਹੀਂ ਕਰਨੀ ?

(ਉਤ੍ਰ)ਤਿੰਨ ਵੇਲੇ *ਸੰਧੀ ਨਹੀਂ ਹੁੰਦੀ ਚਾਨਣ ਅਤੇ ਅਨ੍ਹੇਰੇ ਦੀ ਸੰਧੀ ਬੀ ਤ੍ਰਿਕਾਲਾਂ,ਅਤੇ ਸਵੇਰੇ ਦੋਹੀ ਵੇਲੇ ਹੁੰਦੀ ਹੈ, ਜਿਹੜਾ ਏਸ ਨੂੰ ਨਾ ਮਨ ਕੇ ਦੁਪਹਰ ਵੇਲੇ ਦੀ ਤੀਜੀ ਸੰਧਿਆ ਮੰੱਨੇ ਉਹ ਅੱਧੀ ਰਾਤ ਵੇਲੇ ਬੀ ਸੰਧਿਆ ਉਪਾਸਨਾ ਕਿੰਉ ਨਾ ਕਰੇ? ਜਿਹੜਾ ਅੱਧੀ ਰਾਤ ਵਿੱਚ ਬੀ ਕਰਨਾ ਚਾਹੇ ਤਾਂ ਪਹਰ ੨ ਘੜੀ ੨ ਪਲ੨ ਅਤੇ ਛਿਨ੨ ਦੀ ਬੀ ਸੰਧੀਆਂ ਹੁੰਦੀਆਂ ਹਨ, ਉਨਾਂ ਵਿਚ ਬੀ ਸੰਧਿਆ ਉਪਾਸਨਾ ਕੀਤਾ ਕਰੇ, ਜੇ ਅਜੇਹਾ ਬੀ ਕਰਨਾ ਚਾਹੈ ਤਾਂ ਇਹ ਗੱਲ ਹੋਹੀ ਨਹੀ ਸਕਦੀ, ਅਰ ਦੁਪਹਰ ਦੀ ਸੰਧਿਆਂ ਦਾ ਪਰਮਾਂਣ ਕਿਸੇ ਸ਼ਾਸਤ੍ਰ ਵਿਚ ਬੀ ਨਹੀਂ, ਏਸ ਲਈ ਦੁਹਾਂ ਵੇਲਿਆਂ ਵਿਚੱ ਸੰਧਿਆ ਅਤੇ ਹੋਮ ਕਰਨਾ ਜੋਗ ਹੈ ਤੀਜੇ ਵੇਲੇ ਨਹੀ, ਅਰ ਜਿਹੜੇ ਤਿੰਨ ਕਾਲ ਹੁੰਦੇ ਹਨ ਉਹ ਭੂਤ, ਭਵਿਸ਼ੱਤ, ਅਤੇ ਵਰਤ ਮਾਂਨ ਦੇ ਭੇਦ ਕਰਕੇ ਹਨ,ਸੰਧਿਆ ਉਪਾਸਨਾ ਦੇ ਭੇਦ ਕਰਕੇ ਨਹੀਂ।

ਤੀਜਾ 'ਪਿਤ੍ਰੀ ਯੱਗ'ਹੈ ਅਰਥਾਤ ਵਿਦਵਾਂਨ, ਰਿਸ਼ੀ, ਪੜਨੇ ਪੜ੍ਹਾਨੇ ਵਾਲੇ, ਵੱਡੇ ਵਡੇਰੇ ਮਾਂ,ਪਿਉ ਆਦੀ, ਬੁੱਢੇ ਅਤੇ ਗਿਆਨੀ, ਅਰ ਪਰਮ ਯੋਗੀ ਆਂਦੀ ਸੇਵਾ ਕਰਨੀ, ਪਿਤ੍ਰੀ ਯੱਗ ਦੇ ਦੋ ਭੇਦ ਹਨ ਇਕ ਸ਼ਰਾਧ ਅਤੇ ਦੂਜਾ ਤਰਪਣ, ਸ਼ਰਧਾ ਅਰਥਾਤ ਸ੍ਰਤ ਸੱਚ ਦਾ ਨਾਉਂ ਹੈ

'श्रत्सत्यं दधाति यया क्रियया सा श्रद्धा श्रद्धया यत् क्रियते तच्छ्राद्धम्'

ਜਿਹੜੀ ਕ੍ਰਿਯਾਂ ਨਾਲ ਸਚਾਈ ਨੂੰ ਗ੍ਰਹਣ ਕੀਤਾ ਜਾਵੇ ਓਸ ਨੂੰ ਸ਼ਰਧਾ, ਅਤੇ ਜੇਹੜਾ ਸ਼ਰਧਾ ਨਾਲ ਕੰਮ ਕੀਤਾ ਜਾਵੇ ਓਸਦਾ ਨਾਉਂ ਸ਼ਰਾਧ ਹੈ, ਅਰ

'तृप्यन्ति तर्पयन्ति येन पितॄन् तत्तर्पणम् ॥

ਜਿਹੜੇ ਜਿਹੜੇ ਕੰਮ ਨਾਲ ਤ੍ਰਿਪਤ ਅਰਥਾਤ ਜੀਂਉਦੇ ਮਾਂ ਪਿਉ ਆਦੀ ਵੱਡੇ ਵਡੇਰੇਪ੍ਰਸੰਨ ਹੋਂਨ ਅਰ ਪ੍ਰਸੰਨ ਕੀਤੇ ਜਾਂਨ ਓਸਦਾ ਨਾਉਂਤਰਪਣ ਹੈ, ਪ੍ਰੰਤੂ ਉਹ

*ਸੰਧੀ ਮੇਲ ਦਾ ਨਾਂਉ ਹੈ

ਜੀਉਂਦਿਆਂ ਦੇ ਵਾਸਤੇ ਹੈ, ਮੁਏ ਹੋਇਆਂ ਦੇ ਵਾਸਤੇ ਨਹੀਂ।

ओं ब्रह्मादयोदेवास्तृप्यन्ताम् । ब्रह्मादिदेवपतन्यस्तृप्यन्ताम् । ब्रह्मादि देव सुतास्तृप्यन्ताम् ।ब्रह्मादिदेव गणास्तृप्यन्ताम् । इति देवतर्पणम् ॥

ਇਹ ਸ਼ਤਪਥ ਬ੍ਰਾਹਮਣ ਦਾ ਬਚਨ ਹੈ, ਜਿਹੜੇ ਵਿਦਵਾਂਨ ਹੈਂਨ ਉਨ੍ਹਾਂ ਨੂੰ ਹੀ ਦੇਵ ਕਹਿੰਦੇ ਹਨ, ਜੇਹੜੇ ਅੰਗ ਅਤੇ ਉਪਾਂਗ ਦੇ ਨਾਲ ਚਹੁੰ ਵੇਦਾਂ ਦੇ ਜਾਣਨ ਵਾਲੇ ਹੈਂਨ ਉਨਾਂ ਦਾ ਨਾਉਂ ਬ੍ਰਹਮਾ ਹੈ, ਅਰ ਜਿਹੜੇ ਉਨਾਂ ਤੋਂ ਘਟ ਹੋਂਨ ਉਨਾਂ ਦਾ ਨਾਉਂ ਦੇਵ ਅਰਥਾਤ ਵਿਦਵਾਂਨ ਹੈ, ਉਨਾਂ ਵਰਗੀ ਉਨਾ ਦੀ ਪੜ੍ਹੀ ਹੋਈ ਇਸਤ੍ਰੀ ਬ੍ਰਾਹਮਣੀ ਦੇਵੀ, ਅਰ ਉਨਾ ਵਰਗੇ ਜਿਹੜ ਮੁੰਡੇ ਅਤੇ ਸ਼ਿਸ਼ ਹੈਂਨ ਅਰ ਉਨਾ ਦੇ ਨੌਕਰ ਉਨ੍ਹਾਂ ਸਭਣਾਂ ਦੀ ਸੇਵਾ ਕਰਨਾ ਏਸਦਾ ਨਾਂਉ ਸ਼ਰਾਧ ਅਤੇ ਤਰਪਣ ਹੈ।

अथर्षितर्पणम् ॥

ओं मरीच्यादय ऋषयस्तृप्यन्ताम् । मरीच्याद्यृषिपतन्यस्तृप्यन्ता । मरीच्याद्यृषिसुतास्तृप्यन्ताम् मरीच्याद्यृषिगणास्तृप्यन्ताम् । इति ऋषितर्पणम् ॥

ਜੇਹੜੇ ਬ੍ਰਹਮਾਂ ਦੇ ਪੜਪੋਤੇ ਮਰੀਚੀ ਵਰਗੇ ਵਿਦਵਾਂਨ ਹੋਕੇ ਪੜ੍ਹਾਂਨ, ਅਰ ਜੇਹੜੇ ਉਨ੍ਹਾਂ ਵਰਗੇ ਵਿਦ੍ਵਾਂਨ ਹੋਨ, ਅਰ ਉਨਾਂ ਦੀਆਂ ਇਸਤ੍ਰੀਆਂ ਕੁੜੀਆਂ ਨੂੰ ਵਿਦਿਆ ਦਾਂਨ ਦੇਂਨ, ਜਿਹੜ ਉਨ੍ਹਾਂ ਵਰਗੇ ਮੁੰਡੇ ਅਤੇ ਸ਼ਿਸ਼ ਤਥ ਉਨਾਂ ਦੇ ਨੌਕਰ ਹੋਂਨ, ਉਨ੍ਹਾਂ ਦੀ ਸੇਵਾ ਅਤੇ ਆਦਰ ਭਾ ਕਰਨਾ ਰਿਸ਼ੀ ਤਰਪਣ ਹੈ।

अथ पितृतर्पणम् ॥

ओं सोमसदः पितरस्तृप्यन्ताम् । अग्निष्वाताः पितरस्तृप्यन्ताम् । बर्हिषदः पितरस्तृप्यन्ताम् । सोमपाःपितरस्तृप्यन्ताम् । हविर्भुजः पितरस्तृप्यन्ताम् । आज्यपाः पितरस्तृप्यन्ताम् । सुकालिनः पितरस्तृप्यन्ताम् । यमादिभ्यो नमः यमादींस्तर्पयामि । पित्रे स्वधा नमः पितरं तरपयामि । पितामहाय स्वधा नमः पितामहं तर्पयामि । प्रपितामहाय स्वधा नमः प्रपितामहंतर्पयामि । मात्रे स्वधा नमो मातरंतर्पयामि । पितामह्यै स्वधा नमः पितामही तर्पयामि । प्रपितामह्यै स्वधा नमः प्रपितामहीं तर्पयामि । स्वपतन्यै स्वधा नमः स्वपत्नीं तर्पयामि । सम्बन्धिभ्यः स्वधा नमः सम्बन्धिनस्तर्पयामि । सगोत्रेभ्यः स्वधा नमः सगोत्रांस्तर्पयामि इति पितृतर्पणम् ॥

'येसोमेजगदीश्वरे पदार्थविद्यां च सीदन्ति ते सोमसदः'

ਜਿਹੜੇ ਪ੍ਰਮੇਸ਼ਵਰ ਦੀ ਵਿੱਦਯਾ, ਅਤੇ ਪਦਾਰਥ ਵਿੱਦਯਾ ਵਿੱਚ ਪੂਰੇ ਹੋਂਨ ਉਹ ਸੋਮ ਸਦ,

'येऽग्निर्विद्युतो विद्यागृहीता ते अग्निष्वाताः'

ਜਿਹੜੇ ਅਗਨੀ ਅਰਥਾਤ ਬਿਜਲੀ ਆਦੀ ਪਦਾਰਥਾਂ ਦੇ ਜਾਂਣਨ ਵਾਲੇ ਹੋਨ ਉਹ ਅਗਨੀ ਸ੍ਵਾਤ।

'ये बर्हिषि उत्तमे व्यवहारे सीदन्ति ते बर्हिषदः'

ਜਿਹੜੇ ਉੱਤਮ ਕੰਮ ਅਰਥਾਤ ਵਿਦਯਾ ਦੇ ਪ੍ਰਚਾਰ ਵਿਚ ਲੱਗੇ ਹੋਏ ਹੋਂਨ ਉਹ ਭਰਸ਼ੱਦ।

'ये सोममैश्वर्यमोषधीरसं वा पान्ति पिबन्ति वा ते सोमपाः'

ਜਿਹੜੇ ਅਪਣੇ ਧੱਨ ਦੌਲਤ ਦੀ ਰਖਯਾ ਕਰਨ ਵਾਲੇ, ਅਤੇ ਵਡੀ ਚੰਗੀਆਂ ਬੂਟੀਆਂ ਦੇ ਰਸ ਪੀਣ ਕਰਕੇ ਅਰੋਗ ਹਨ ਅਤੇ ਦੂਜੇ ਲੋਕਾਂ ਦੇ ਧੰਨ ਦੌਲਤ ਦੀ ਰਖਯਾ ਕਰਨ, ਦੁਆਵਾਂ ਦੇ ਦੇਂਣ ਨਾਲ ਰੋਗ ਦਾ ਨਾਸ਼ਕਰਨ, ਉਹ ਸੋਮਪਾ।

'ये हविर्होतुमत्तुमर्हं भुञ्जते भोजयन्ति वा ते हविर्भुजः'

ਜੇਹੜੇ ਨਸ਼ੇ ਅਤੇ ਦੁਖ ਦੇਣ ਵਾਲੀਆਂ ਚੀਜ਼ਾਂ ਨੂੰ ਛਡਕੇ ਭੋਜਨ ਕਰਨ ਵਾਲੇ ਹੋਂਨ ਓਹੁ ਹਵਿਰ ਭੁਜ।

'य आज्यं ज्ञातुं प्राप्तुं वा योग्यं रक्षन्ति वा पिबन्ति त आज्यपाः'

ਜਿਹੜੇ ਜਾਣਨ ਜੋਗ ਚੀਜ ਦੀ ਰਖਯਾ ਕਰਨਵਾਲੇ ਅਤੇ ਘਿਉ ਦੁਧ ਆਦੀ ਦੇ ਖਾਂਣ ਪੀਣ ਵਾਲੇ ਹੋਂਨ ਓਹ ਆਜਯਪਾਃ

'शोभनः कालो विद्यते येषान्ते सुकालिनः'

ਜਿਨਾਂ ਦਾ ਸਮਾ ਚੰਗੇ ਅਰਥਾਤ ਧਰਮ ਦੇ ਕਰਨੇ, ਅਤੇ ਸੁਖ ਦੇ ਦੇਣ ਵਿੱਚ ਲੰਘਦਾ ਹੋਵੇ ਉਹ ਸੁਕਾਲਨ ਹਨ।

'ये दुष्टान्यच्छन्ति निगृह्णन्ति ते यमा न्यायाधीशाः'

ਜਿਹੜੇ ਦੁਸ਼ਟਾਂ ਨੂੰ ਦੰਡ ਅਤੇ ਸ੍ਰੇਸਟਾਂ ਦਾ ਪਾਲਨਕਰਨ ਵਾਲੇ, ਨਿਆਂ ਦੇ ਕਰਨ ਵਾਲੇ ਹੋਂਨ ਉਹ ਯਮ ਹਨ।

'यः पाति स पिता'

ਜਿਹੜਾ ਉਲਾਦ ਨੂੰ ਪੈਦਾ ਕਰਦਾ, ਜਾਂ ਅੰਨ ਦੇ ਦੇਣੇ ਅਤੇ ਆਦਰ ਭਾ ਦੇ ਕਰਨ ਨਾਲ ਉਨਾਂ ਦੀ ਰਖਯਾ ਕਰਦਾ, ਹੈ ਉਹ ਪਿਤਾ।

'पितुः पिता पितामहः पितामहस्य पिता प्रपितामहः'

ਜਿਹੜਾ ਪਿਉ ਦਾ ਪਿਉ ਹੋਵੇ ਉਹ ਪਿਤਾ ਮਹਾ, ਅਰ ਜਿਹੜਾ ਪਿਤ

ਮਹਾ ਦਾ ਪਿਉ ਹੋਵੇ ਉਹ ਪਰ ਪਿਤਾ ਮਹਾ।

'यामानयति सामाता'

ਜੇਹੜੀ ਭੋਜਨ ਅਤੇ ਪ੍ਰੇਮ ਨਾਲ ਬਚਿਆਂ ਦੀ ਸੇਵਾ ਕਰੇ ਉਹ ਮਾਤਾ।

'यापितुर्माता सा पितामही पितामहस्य माताप्रपितामही'

ਜਿਹੜੀ ਪਿਉ ਦੀ ਮਾਂ ਹੋਵੇ ਓਹ ਪਿਤਾਮਹੀ, ਅਰ ਦਾਦੇ ਦੀ ਮਾਂ ਹੋਵੇ ਉਹ ਪਰ ਪਿਤਾਮਹੀ।

ਅਪਣੀ ਤੀਮੀ ਤਥਾ ਭੈਣ, ਸਰਬੰਧੀ, ਅਤੇ ਇਕ ਗੋਤ੍ਰ ਦੇ ਦੂਜੇ ਜਿਹੜੇ ਭਲੇ ਮਨੁਖ ਜਾਂ ਵੱਡੇ ਹੋਂਨ, ਉਨ੍ਹਾਂ ਸਭਨਾ ਨੂੰ ਬੜੀ ਸ਼ਰਧਾ ਨਾਲ ਉੱਤਮ ਭੋਜਨ, ਕਪੜੇ, ਸੱਜੀ ਹੋਈ ਸੁਆਰੀ ਆਦੀ ਦੇਕੇ ਚੰਗੀ ਤਰਾਂ ਜਿਹੜਾ ਤ੍ਰਿਪਤ ਕਰਨਾਂ ਹੈ ਅਰਥਾਤ ਜਿਹੜੇ ੨ ਕੰਮ ਕਰਕੇ ਉਨਾਂ ਦਾ ਆਤਮਾ ਤ੍ਰਿਪਤ ਅਤੇ ਸ਼ਰੀਰ ਅਰੋਗ ਰਹੇ ਓਸ ਕੰਮ ਕਰਕੇ ਪ੍ਰੇਮ ਦੇ ਨਾਲ ਉਨ੍ਹਾਂ ਦੀ ਸੇਵਾ ਕਰਨੀ ਉਹ ਸ਼ਰਾਧ ਅਤੇ ਤਰਪਣ ਕਹਾਉਂਦਾ ਹੈ।

ਚੌਥਾ 'ਵਿਸਵਦੇਵ ਯਗ' ਹੈ, ਅਰਥਾਤ ਜਦ ਖਾਣਾ ਤਿਆਰ ਹੋਵੇ ਤਦ ਜੋ ਕੁਝ ਖਾਂਣ ਲਈ ਬਣੇ ਉਹਦੇ ਵਿਚੋਂ ਖਟਿਆਈ, ਲੂਣ ਵਾਲਾ, ਅਤੇ ਖਾਰੀ ਨੂੰ ਛਡਕੇ ਘਿਉ, ਮਿੱਠੇ ਵਾਲਾ ਅੰਨ ਲੈਕੇ ਚੁਲ੍ਹੇ ਤੋਂ ਅੱਗ ਵਖਰੀ ਧਰਕੇ ਹੇਠਾਂ ਲਿਖੇ ਹੋਏ ਮੰਤ੍ਰਾਂ ਨਾਲ ਅਹੁਤੀ ਦੇਵੇ ਅਤੇ ਵਖਰੇ ਭਾਗ ਕਰਕੇ ਰਖੇ।

वैश्वदेवस्य सिद्धस्य गृह्येऽग्नौविधिपूर्वकम्। आभ्यः कुर्याद्देवताभ्यो ब्राह्मणो होमन्वहम्॥ मनु० ३।८४॥

ਜੋ ਕੁਝ ਚੌਕੇ ਵਿਚ ਖਾਂਣ ਦੇ ਲਈ ਬਣੇ ਓਸਦਾ ਦਿਬੱ ਗੁਣਾਂ ਦੀ ਪ੍ਰਾਪਤੀ ਲਈ ਉਸੇ ਚੁਲ੍ਹੇ ਦੀ ਅਗੱ ਵਿਚ ਹੇਠਾਂ ਲਿਖੇ ਹੋਏ ਮੰਤ੍ਰਾਂ ਅਤੇ ਵਿਧੀ ਨਾਲ ਹੋਮ ਸਦਾ ਕੀਤਾ ਕਰਨ, ਹੋਮ ਕਰਨ ਦੇ ਮੰਤ੍ਰ

ओं अग्नये स्वाहा। सोमाय स्वाहा। अग्नीषोमाभ्यां स्वाहा। विश्वेभ्योदेवेभ्यः स्वाहा। धन्वन्तरये स्वाहा। कुह्वै स्वाहा। अनुमत्यै स्वाहा। प्रजापतये स्वाहा। सह द्यावापृथिवीभ्या स्वाहा। स्विष्टकृतेस्वाहा॥

ਇਨ੍ਹਾਂ ਵਿਚੋਂ ਇਕ ੨ ਮੰਤ੍ਰ ਨਾਲ ਇਕ ੨ ਵਾਰੀ ਆਹੂਤੀ ਬਲਦੀ ਹੋਈ ਅਗੱ ਵਿਚ ਪਾਵੇ, ਫਿਰ ਥਾਲੀ ਅਥਵਾ ਜਮੀਨ ਉੱਤੇ ਪੜ੍ਹੱ ਨੂੰ ਰਖਕੇ ਪੂਰਬ ਆਦੀ ਦਿਸ਼ਾ ਵਿਚ ਇਨ੍ਹਾਂ ਮੰਤ੍ਰਾਂ ਕਰਕੇ ਭਾਗ ਰਖੇ।

ओं सानुगायेन्द्राय नमः। सानुगाययमाय नमः। सानुगाय वरुणाय नमः। सानुगय सोमायनमः। मरुद्भ्यो नमः। अद्भ्यो नमः। वनस्पतिभ्यो नमः। श्रियै नमः। भद्रकाल्यै नमः। ब्रह्मपतये नमः। वास्तुपतये नमः। विश्वेभ्यो देवेभ्यो नमः। दिवाचरेभ्यो भूतेभ्यो नमः। नक्तञ्चारि-

भ्यो भूतेभ्यो नमः सर्वात्मभूतयेनमः ॥

ਇਨ੍ਹਾਂ ਭਾਗਾਂ ਨੂੰ ਜੇ ਕੋਈ ਅਤਿਥੀ ਆਵੇ ਤਾਂ ਉਹਨੂੰ ਖਵਾ ਦੇਵੇ ਅਥਵਾ ਅਗੱ ਵਿਚ ਛਡ ਦੇਵੇ, ਏਸ ਤੋਂ ਪਿਛੋਂ ਲੂਣ ਵਾਲੀਆਂ ਚੀਜ਼ਾਂ ਅਰ ਭਾਤ ਦਾਲ, ਖਿਚੜੀ, ਸਾਗ, ਰੋਟੀ ਆਦੀ ਲੈਕੇ ਛੀ ਭਾਗ ਕਰਕੇ ਜ਼ਮੀਨ ਤੇ ਰੱਖੇ, ਏਸ ਵਿੱਚ ਏਹ ਪ੍ਰਮਾਂਣ ਹੈ।

शुनां च पतितानां च श्वपचांपापरोगिणाम्। वायसानां कृमीणां च शनकैर्निर्वपेद्भुवि ॥ मनु० ३। ९२ ॥

ਈਕਣ:—

'श्वभ्यो नमः' पतितेभ्यो नमः' श्वपगभ्यो नमः' पापरोगिभ्यो नमः वा यसेभ्यो नमः' कृमिभ्यो नमः'

ਰਖਕੇ ਫੇਰ ਕਿਸੇ ਦੁਖੀ, ਭੁੱਖੇ ਮਨੁੱਖ, ਜਾਂ ਕੁੱਤੇ ਜਾਂ ਕਾਂ ਆਦੀ ਨੂੰ ਦੇ ਦੇਵੇ, ਐਥੇ ਨਮ: ਸ਼ਬਦ ਦਾ ਅਰਥ ਅੰਨੱ ਹੈ, ਅਰਥਾਤ ਕੁੱਤੇ, ਪਾਪੀ, ਚੰਡਾਲ, ਵਡੇ ਬਮਾਰ, ਕਾਂ ਅਤੇ ਕ੍ਰਿਮੀ ਅਰਥਾਤ ਕੀੜੇ ਆਦੀ ਨੂੰ ਅੱਨ ਦੇਣਾ ਇਹ ਮਨੂੰ ਸਿਮ੍ਰਤੀ ਆਦੀ ਦੀ ਆਗੱਯਾ ਹੈ।

ਹੋਮ ਕਰਨ ਦਾ ਪ੍ਰਯੋਜਨ ਇਹ ਹੈ ਕਿ ਚੌਕੇ ਦੀ ਹਵਾ ਸ਼ੁੱਧ ਹੋ ਜਾਵੇ, ਅਰ ਜਿਹੜੀ ਅਗਯਾਤ, ਅਦ੍ਰਿਸ਼ਟ ਜੀਵਾਂ ਦੀ ਹੱਤਿਆ ਹੁੰਦੀ ਹੈ ਓਸਦੇ ਬਦਲੇ ਭਲਾ ਕਰ ਦੇਣਾ। (ਹੁਣ ਪੰਜਵੀਂ ਅਤਿਥੀ ਸੇਵਾ ਹੈ)

ਅਤਿਥੀ ਓਸਨੂੰ ਕਹਿੰਦੇ ਹੈਨ ਕਿ ਜਿਹਦੇ ਆਂਉਣ ਦੀ ਕੋਈ ਤਿੱਥ ਪੱਕੀ ਤਰਾਂ ਨਾਲ ਮਲੂੰਮ ਨ ਹੋਵੇ, ਅਰਥਾਤ ਧਰਮ ਉੱਤੇ ਚਲੱਣ ਵਾਲਾ, ਸਚੱਾ ਉਪਦੇਸ਼ਕ, ਸਭ ਦੇ ਭਲੇ ਵਾਸਤੇ ਸੱਭ ਜਗਾ ਫਿਰਨ ਵਾਲਾ, ਪੂਰਾ ਵਿਦੱਵਾਂਨ, ਪਰਮ ਯੋਗੀ, ਸੰਨਯਾਸੀ ਗ੍ਰਹਸਤੀ ਦੇ ਘਰ ਅਚੱਣ ਚੇਤੇ ਆਜਾਵ ਤਾਂ ਉਸਨੂੰ ਪਹਲੋਂ ਪੈਰ, ਹਥ ਦੇ ਧੋਂਣ ਅਤੇ ਆਚਮਨ ਕਰਨ ਵਾਸਤੇ ਤਿਨ ਪ੍ਰਕਾਰ ਦਾ ਜਲ ਦੇਵੇ, ਫਿਰ ਆਸਣ ਦੇ ਉੱਤੇ ਆਦਰ ਭਾ ਨਾਲ ਬਠਾਕੇ ਖਾਂਣ ਪੀਣ ਦੀਆਂ ਚੰਗੀਆਂ ੨ ਚੀਜਾ ਨਾਲ ਟਹਿਲ ਸੇਵਾ ਕਰਕੇ ਉਨਾਂ ਨੂੰ ਪ੍ਰਸੰਨ ਕਰੇ ਫੇਰ ਸਤ ਸੰਗ ਕਰਕੇ ਉਨਾਂ ਤੋਂ ਗਿਆਂਨ ਵਿਗੱਯਾਨ ਆਦੀ ਦੀ ਪ੍ਰਾਪਤੀ ਕਰਨ, ਜਿਸ ਕਰਕੇ ਧਰਮ, ਅਰਥ, ਕਾਂਮ ਅਤੇ ਮੋਖ ਦੀ ਪ੍ਰਾਪਤੀ ਹੋਵੇ, ਅਜੇਹੇ ੨ ਉਪਦੇਸ਼ਾਂ ਨੂੰ ਸੁਣੇ, ਅਰ ਅਪਣੇ ਚਾਲ ਚਲਨ ਬੀ ਉਨ੍ਹਾਂ ਦੇ ਸੱਚੇਉਪਦੇਸ਼ ਦੇ ਅਨੁਸਾਰ ਬਣਾਨ, ਸਮਾਂ ਪਾਕੇ ਗ੍ਰਹਸਤੀ ਅਤੇ ਰਾਜਾ ਆਦੀ ਬੀ ਅਤਿਥੀ ਦੀ ਨਿਆਈ ਆਦਰ ਭਾਉ ਕਰਨੇ ਯੋਗਯ ਹਨ।

पाषण्डिनो विकर्मस्थान् वैडालवृत्तिकान् शठान्। हैतुकान् वकवृतींश्च वाङ्मात्रेणापि नार्चयेत् ॥ मनु० ४। ३०

ਪਖੰਡੀ ਅਰਥਾਤ ਵੇਦ ਦੀ ਨਿੰਦਿਆ ਅਤੇ ਵੇਦ ਦੇ ਵਿਰੁਧੱ ਦੇ ਆਚ-

ਰਣ ਕਰਨ ਵਾਲਾ, ਵਿੱਕ੍ਰਮਸਥ ਜਿਹੜਾ ਵੇਦ ਦੇ ਵਿਰੁੱਧ ਕੰਮ ਕਰਨ ਵਾਲਾ, ਝੂਠ ਬੋਲਣ ਆਦੀ ਨਾਲ ਭਰਿਆ ਹੋਇਆ, ਜਿਸਤਰਾਂ ਬਿੱਲੀ ਲੁਕ ਕੇ ਅਤੇ ਜਮਕੇ ਤਾੜੀ ਲਾ ੨ ਕੇ ਝੱਟ ਦਿੱਤੀ ਚੂਹੇ ਆਦੀ ਜਨੌਰਾਂ ਨੂੰ ਮਾਰਕੇ ਆਪਣਾ ਢਿੱਡ ਭਰ ਲੈਂਦਾ ਹੈ, ਓਸ ਵਰਗੇ ਮਨੁੱਖਾਂ ਦਾ ਨਾਂਉਂ ਵੇਡਾਲ ਬ੍ਰਿਤੱਕ ਹੈ,(ਸ਼ੱਠ) ਅਰਥਾਤ ਹਠੱਅਤੇ ਜਿਦ ਕਰਨ ਵਾਲਾ ਘਮੰਡੀ,ਆਪਨੂੰ ਤਾਂਕੁਝਆਉਂਦਾਨਾ ਹੋਵੇ ਹੋਰਨਾ ਦਾ ਕਹਿਆ ਮੰਨੇ ਨਾਂ (ਹੈਤੁਕ) ਖੋਟੀਆਂ ਦਲੀਲਾਂ ਕਰਨ ਵਾਲੇ,ਬਰਬਥ ਬਕੱਣ ਵਾਲੇ, ਜਿਹੋ ਜੇਹਾ ਅਜ ਕਲ ਦ ਵੇਦਾਂਤੀ ਕਹਿੰਦੇ ਹਨ ਕਿ ਅਸੀ ਬ੍ਰਹਮ ਹਾਂ ਅਤੇ ਜਗਤ ਝੂਠਾ ਹੈ, ਵੇਦ ਆਦੀ ਸ਼ਾਸਤ੍ਰ ਅਤੇ ਈਸ੍ਵਰ ਬੀ ਕਲਪਤ ਹੈ ਏਹੋ ਜਹੀਆਂ ਗੱਪਾਂ ਠੋਕਣ ਵਾਲੇ, (ਬਕ ਬ੍ਰਿੱਤਿ) ਜਿਸਤਰਾਂ ਬਗੁਲਾ ਇਕ ਪੈਰ ਉਠਾਕੇ ਤਾੜੀ ਲਾਂਦ ਵਾਲੇ ਵਾਕਣ ਹੋਕੇ ਝੱਟ ਮੱਛੀ ਦੀ ਜਾਂਨ ਮਾਰਕੇ ਅਪਣਾ ਸ੍ਵਾਰਥ ਸਿਧ ਕਰ ਲੈਂਦਾ ਹੈ, ਉਸੇ ਤਰਾਂ ਅਜ ਕੱਲ ਦੇ ਬਰਾਗੀ ਅਤੇ ਖਾਕੀ ਆਦੀ ਹਠ ਅਤੇ ਜਿਦ ਦੇ ਕਰਨ ਵਾਲੇ ਵੇਦ ਵਰੋਧੀ ਹਨ, ਅਜੇਹੇ ਲੋਕਾਂ ਦਾ ਆਦਰ ਭਾ ਤਾਂ ਬਾਣੀ ਕਰਕੇ ਬੀ ਨਹੀਂ ਕਰਨਾ ਚਾਹੀਦਾ,ਕਿਉਂਕਿ ਇਨਾਂ ਦੇਆ-ਦਰ ਭਾਕਰਨ ਨਾਲ ਇਨਾਂ ਦਾ ਵਾਧਾ ਹੁੰਦਾ ਹੈ, ਅਰ ਏਹ ਲੋਕ ਸੰਸਾਰ ਨੂੰ ਅਧਰਮ ਵਾਲਾ ਕਰਦੇ ਹਨ,ਆਪ ਤਾਂ ਡਿਗੱਣ ਦੇ ਕੰਮ ਕਰਦੇ ਹਨ, ਪ੍ਰੰਤੂ ਨਾਲ ਸੇਵਕ ਨੂੰ ਬੀ ਅਵਿਦੱਜਾ ਰੂਪੀ ਮਹਾਂ ਸਾਗਰ ਵਿਚ ਡੁਬਾ ਦਿੰਦੇ ਹਨ

ਇਨਾਂ ਪੰਜਾਂ ਮਹਾਂ ਯਗੱਾਂ ਦੇ ਫਲ ਏਹ ਹੈਂਨ (੧)ਬ੍ਰਹਮ ਜੱਗ ਦੇ ਕਰਨ ਨਾਲ ਵਿਦੱਯਾ, ਸਿਖੱਜਾ, ਧਰਮ,ਭਲਮਨਸਊ ਆਦੀ ਸ਼ੁਭ ਗੁਣਾਂ ਦਾ ਵਾਧਾ(੨) ਹੋਮ ਦੇ ਕਰਨ ਨਾਲ, ਹਵਾ,ਬਰਖਾ, ਪਾਣੀ ਦੀ ਸ਼ੁਧੀ ਹੋਕੇ ਬਰਖਾ ਦੁਆਰਾ ਸੰ-ਸਾਰਨੂੰ ਸੁਖ ਪ੍ਰਾਪਤ ਹੁੰਦਾ ਹੈ, ਅਰ ਸ਼ੁਧ ਹਵਾ ਦੇ ਦਮ ਲੈਣ ਅਤੇ ਛੁਹਣ ਨਾਲ ਅਰ ਖਾਂਣ ਪੀਣ ਕਰਕੇ ਅਰੋਗਤਾ,ਬੁਧ, ਬਲ,ਪ੍ਰਾਕ੍ਰਮ ਦੇ ਵੱਧਣ ਨਾਲ ਧਰਮ, ਅਰਥ, ਕਾਂਮ ਅਤੇ ਮੋਖ ਦੇ ਸਾਧਨ ਪ੍ਰਾਪਤ ਹੁੰਦੇ ਹਨ, ਏਸ ਲਈ ਏਸ ਨੂੰ ਦੇਵ ਯੱਗ ਕਹਿੰਦੇ ਹਨ ਕਿ ਇਹ ਹਵਾ ਆਦੀ ਪਦਾਰਥਾਂ ਨੂੰ ਸ਼ੁਧ ਕਰ ਦਿੰਦਾ ਹੈ।

(੩)ਪਿਤ੍ਰੀ ਜੱਗ ਕਰਕੇ ਜਦ ਮਾਂ, ਪਿਉ ਅਤੇ ਗਿਆਨੀ ਮਹਾਤਮ ਲੋਕਾਂ ਦੀ ਸੇਵਾ ਕਰੇ ਗਾ ਤਦ ਓਸਦਾ ਗਿਆਂਨ ਵਧੇਗਾ, ਓਸ ਨਾਲ ਸੱਚ ਝੂਠ ਦਾ ਨਿਰਨੇ ਕਰਕੇ ਸੱਚ ਦਾ ਗ੍ਰਹਣ, ਅਤੇ ਅਸ਼ਤ ਦਾ ਤਯਾਗ ਕਰਕੇ ਸੁਖੀ ਰਹੇਗਾ। ਦੂਜੀ ਕ੍ਰਿਤਗੱਯਤਾ, ਅਰਥਾਤ ਜੇਹੀ ਸੇਵਾ ਮਾਂ, ਪਿਉ ਅਤੇ ਗੁਰੂ ਨੇ ਸੰਤਾਂਨ ਸ਼ਿਸ਼ਾਂ ਦੀ ਕੀਤੀ ਹੈ ਓਸ਼ਦਾ ਬਦਲਾ ਦੇਣਾ ਉਚਿੱਤ ਹੈ।

(੪) ਬਲੀਵਿਸ੍ਵਦੇਵ ਦਾ ਫਲ ਬੀ ਜਿਹੜਾ ਪਹਲੇ ਕਹ ਆਏ ਉਹਾਹੀ ਹੈਗਾ

(੫)ਜਦ ਤਿਕ ਉੱਤਮ ਅਤਿਥੀ ਜਗਤ ਵਿਚ ਨਹੀਂ ਹੁੰਦੇ, ਤਦ ਤਿਕ ਉੱਨਤੀ ਬੀ ਨਹੀਂ ਹੁੰਦੀ ਉਨਾਂ ਦੇ ਸਭਣਾ ਦੇਸ਼ਾਂ ਵਿਚ ਫਿਰਨਾ ਅਤੇ ਸੱਚਾ ਉ

ਦੇਸ਼ ਕਰਨਕੇ ਪਖੰਡ ਦਾ ਵਾਧਾ ਨਹੀਂ ਹੁੰਦਾ ਅਰ ਸਭ ਥਾਂ ਗ੍ਰਹਸਤੀਆਂ ਨੂੰ ਸਹਜ ਨਾਲ ਸੱਚੇ ਵਿਗਯਾਨ ਦੀ ਪ੍ਰਾਪਤੀ ਹੁੰਦੀ ਰਹਿੰਦੀ ਹੈ,ਅਤੇ ਮਨੁਖੱ ਮਾਤ੍ਰ ਵਿਚ ਇਕੋ ਧਰਮ ਸਥਿਰ ਰਹਿੰਦਾ ਹੈ, ਉਪਦੇਸ਼ਕਾਂ ਬਿਨਾਂ ਸ਼ੰਸ਼ੇ ਦੀ ਨਿਵਿਰਤੀ ਨਹੀਂ ਹੁੰਦੀ ਸ਼ੰਸ਼ੇ ਦੇ ਨਿਵਿਰਤ ਹੋਏ ਬਿਨਾ ਪੱਕਾ ਨਿਸਚਾ ਬੀ ਨਹੀਂ ਹੁੰਦਾ, ਨਿਸਚੇ ਬਿਨਾ ਸੁਖ ਕਿਥੋਂ।

ब्राह्ममुहूर्ते बुध्येत धर्माथौं चानुचिन्तयेत् । कायक्लेशांश्च तन्मूलान्
वेदतत्वार्थमेव च ॥ मनु० ४।९२ ॥

ਰਾਤ ਦੇ ਚੌਥੇ ਪਹਰ ਅਥਵਾ ਚਾਰ ਘੜੀ ਰਾਤ ਨਾਲ ਉੱਠੇ, ਜਰੂਰੀ ਕੰਮ ਕਰਕੇ ਧਰਮ ਅਤੇ ਅਰਥ ਅਰ ਸ਼ਰੀਰ ਦੇ ਰੋਗਾਂ ਦੇ ਕਾਰਣ ਸੋਚੇ, ਅਤੇ ਪ੍ਰਮੇਸ਼੍ਵਰ ਦਾ ਧਿਆਂਨ ਕਰੇ, ਕਦੀ ਅਧਰਮ ਦਾ ਕੰਮ ਨਾ ਕਰੇ, ਕਿੰਉ ਜੋ।

नाधर्मश्चरितो लोके सद्यः फलति गौरिव । शनैरावर्त्तमानस्तु कर्त्तुर्मूला-
नि कृन्तति ॥ मनु० ४ । १७२ ॥

ਕੀਤਾ ਹੋਇਆ ਅਧਰਮ ਅਫਲ ਨਹੀਂ ਜਾਂਦਾ, ਪ੍ਰੰਤੂ ਜਿਸ ਵੇਲੇ ਅਧ-ਰਮ ਕਰਦਾ ਹੈ ਉਸੇ ਵੇਲੇ ਫਲ ਬੀ ਨਹੀਂ ਹੁੰਦਾ,ਏਸ ਲਈ ਅਗਯਾਨੀ ਮਨੁੱਖ ਅਧਰਮ ਥੀਂ ਨਹੀਂ ਡਰਦੇ ਤਾਂ ਬੀ ਨਿਹਚੇ ਕਰਕੇ ਜਾਣੋਂ ਕਿ ਉਹ ਅਧਰਮ ਦਾ ਕੰਮ ਹੌਲੀ ੨ ਤੁਹਾਡੇ ਸੁਖ ਦੀਆਂ ਜੜ੍ਹਾਂ ਨੂੰ ਪੁਟਦਾ ਜਾਂਦਾ ਹੈ, ਏਸ ਤਰ੍ਹਾਂ ਨਾਲ।

अधर्मेणैधते तावत्ततो भद्राणि पश्यति । ततः सपत्नाञ्जयति समूलस्तु
विनश्यति ॥ मनु० ४। १७४ ॥

ਪਾਪੀ ਮਨੁੱਖ ਧਰਮ ਦੀ ਮਰਜਾਦਾ ਨੂੰ ਛਡਕੇ (ਜਿਸਤਰਾਂ ਤਲਾ ਦੇ ਬੱਨ੍ਹ ਨੂੰ ਤੋੜਕੇਪਾਣੀ ਚਹੁੰ ਪਾਸਿਓ ਵਗ ਜਾਂਦਾ ਹੈ ਉਸੇ ਤਰਾਂ) ਝੂਠ ਬੋਲਣਾ, ਕਪਟ, ਪਖੰਡ, ਅਰਥਾਤ ਰੱਖਯਾ ਕਰਨ ਵਾਲੇ ਵੇਦਾਂ ਦਾ ਖੰਡਨ ਅਤੇ ਵਿਸ਼੍ਵਾਸ ਘਾਤ ਆਦੀ ਕੰਮਾਂ ਨਾਲ ਬਗਾਂਨੇ ਮਾਲ ਨੂੰ ਲੈਕੇ ਪਹਲੋਂ ਵੱਧਦਾ ਹੈ, ਫੇਰ ਦੌਲਤ ਆਦੀ ਮਾਲ ਮਤਾ ਦੁਆਰਾ ਖਾਣ ਪੀਣ ਕਪੜੇ, ਗਹਣੇ, ਸੁਆਰੀ, ਮਕਾਂਨ, ਮਾਂਨ ਆਦਰ ਭਾ ਨੂੰ ਪ੍ਰਾਪਤ ਕਰਦਾ ਚੈ, ਇਨਾਂ ਨਾਲ ਵੈਰੀਆਂ ਨੂੰ ਬੀ ਜਿਤ ਲੈਂਦਾ ਹੈ, ਅੰਤ ਨੂੰ ਝਟ ਪਟ ਨਸ਼੍ਟ ਹੋ ਜਾਂਦਾ ਹੈ, ਜਿਸਤਰਾਂ ਜੜ੍ਹ ਤੋਂ ਕਟਿਆ ਹੋਇਆ ਦ੍ਰਖਤ ਨਸ਼ਟ ਹੋ ਜਾਂਦਾ ਹੈ, ਉਸੇਤਰਾਂ ਅਧਰਮੀ ਨਸ਼ਟ ਹੋ ਜਾਂਦਾ ਹੈ।

सत्यधर्मार्यवृत्तेषु शौचे चैवारमेत्सदा । शिष्यांश्च शिष्याद्धर्मेण वाग्बा-
हूदरसंयतः ॥ मनु० ४ । १७५ ॥

ਵਿਦਵਾਂਨ ਲੋਕ ਵੇਦਾਂ ਵਿਚ ਕਹੇ ਹੋਏ ਸੱਚੇ ਧਰਮ ਅਰਥਾਤ ਪੱਖ ਪਾਤ

ਥੀਂ ਰਹਤ ਹੋਕੇ ਸੱਚ ਨੂੰ ਗ੍ਰਹਣ ਕਰਨ, ਅਤੇ ਕੂੜ ਨੂੰ ਛੱਡ ਦੇਨ, ਅਜਿਹੇ ਨਿਆਂ ਦੇ ਰੂਪ ਵੇਦਾਂ ਦੇ ਧਰਮ ਉੱਤੇ ਚਲਦੇ ਹੋਏ ਆਰੀਯਾਂ ਵਾਂਙਣ ਸ਼ਿਸ਼ਾਂ ਨੂੰ ਸਿੱਖਨਾ ਕੀਤਾ ਕਰਨ।

ऋत्विक् पुरोहिताचार्य्यैर्मातुलातिथिसंश्रितैः । बालवृद्धातुरैर्वैद्यैर्ज्ञाति-
सम्बन्धिवान्धवैः ॥ १ ॥ मातापितृभ्यां यामीभिर्भ्रात्रा पुत्रेणभार्यया ।
दुहित्रा दासवर्गेण विवादं न समाचरेत् ॥ २ ॥ मनु० ४ । १७९ । १८० ॥

(ਰਿਤ੍ਵਿਕ) ਯੱਗ ਦਾ ਕਰਨ ਵਾਲਾ, (ਪ੍ਰੋਹਿਤ) ਸਦਾ ਉੱਤਮ ਚਾਲ ਚਲਨ ਦੀ ਸਿੱਖਯਾ ਕਰਨ ਵਾਲਾ, (ਅਚਾਰਜ) ਵਿੱਦਿਆ ਪੜ੍ਹਾਨ ਵਾਲਾ, (ਮਾਤੁਲ) ਮਾਮਾ, (ਅਤਿਥੀ) ਅਰਥਾਤ ਜਿਹਦੀ ਕੋਈ ਆਉਣ ਜਾਣ ਦੀ ਨਿਸਚਿਤ ਤਿੱਥ ਨ ਹੋਵੇ, ਜਿਹਦਾ ਗੁਜਾਰਾ ਅਪਣੇ ਉੱਤੇ ਹੋਵੇ ਅਰਥਾਤ (ਬਾਲ) (ਬੱਚੇ) (ਬੁੱਢੇ) (ਆਤੁਰ) ਦੁਖ ਵਿੱਚ ਪਏ ਹੋਏ,(ਵੈਦ)ਆਯੁਰ ਵੇਦ ਦਾ ਜਾਣਨ ਵਾਲਾ, (ਜਾਤੀ)ਅਪਣੇ ਗੋਤ੍ਰ ਜਾਂ ਅਪਣੇ ਵਰਣ ਵਾਲਾ(ਸੰਬੰਧੀ) ਸੌਹਰਾ ਆਦੀ ਮਿਤ੍ਰ, ਮਾਂ, ਪਿਉ, ਭੈਣ, ਭ੍ਰਾ, ਇਸਤ੍ਰੀ ਲੜਕੀ ਅਤੇ ਨੌਕਰਾਂ ਨਾਲ ਬਿਬਾਦ ਅਰਥਾਤ ਅਨੁ ਚਿੱਤ ਲੜਾਈ ਬਖੇੜਾ ਕਦੀ ਨ ਕਰੇ।

अतपास्त्वनधीयानः प्रतिग्रहरुचिर्द्विजः ।
अम्भस्यश्मप्लवेनेव सह तेनैव मज्जति ॥ मनु०४ । १९० ॥

ਇੱਕ (ਅਤਪਾ) ਬ੍ਰਹਮ ਚਰਜ, ਸਚ ਬੋਲਣ ਆਦੀ ਤਪ ਥੀਂ ਰ-ਹਿਤ, ਦੂਜਾ (ਅਨਧੀਯਾਂਨ) ਜਾਂ ਜਿਹੜਾ ਪੜ੍ਹਿਆ ਹੋਇਆ ਨ ਹੋਵੇ, ਤੀਜਾ (ਪ੍ਰਤਿ ਗ੍ਰਹਰੁਚੀ)ਅਤਯੰਤ ਧਰਮ ਦੇ ਨਾਉਂ ਉੱਤੇ ਦੂਜਿਆਂ ਕੋਲੋਂ ਦਾਨ ਲੈਣ ਵਾਲਾ, ਇਹ ਤਿੱਨੋ ਪੱਥਰ ਦੀ ਬੇੜੀ ਵਿਚ ਬਹਕੇ ਸਮੁੰਦਰ ਤੇ ਪਾਰ ਹੋਣ ਦੀ ਦੀ ਤਰਾਂ ਹੈਂਨ, ਅਪਣੇ ਦੁਸ੍ਰ ਕਰਮਾਂ ਦੇ ਨਾਲ ਦੁਖ ਦੇ ਸੁਮੁੰਦ੍ਰ ਵਿਚ ਡੁਬਦੇ ਹਨ, ਉਹ ਤਾਂ ਡੁਬਦੇ ਹੀ ਹਨ, ਪ੍ਰੰਤੂ ਦਾਂਨ ਦੇਣ ਵਾਲਿਆਂ ਨੂੰ ਬੀ ਨਾਲ ਹੀ ਲੈ ਡੁਬਦੇ ਹਨ।

त्रिष्वप्येतेषु दत्तं हि विधिनाप्यर्जितं धनम्
दातुर्भवत्यनर्थाय परत्रादातुरेव च ॥ मनु०४ । १९३ ।

ਜਿਹੜਾ ਧਰਮ ਨਾਲ ਕਮਾਏ ਹੋਏ ਧੰਨ ਦਾ ਉੱਪਰ ਲਿੱਖੇ ਤਿੱਨਾਂ ਨੂੰ ਦਾਂਨ ਦੇਣਾ ਹੈ, ਉਹ ਦਾਂਨ ਦਾਤਾ ਦਾ ਨਾਸ਼ ਇਸੇ ਜਨਮ ਵਿੱਚ, ਅਤੇ ਲੈਣ ਵਾਲੇ ਦਾ ਨਾਸ਼ ਅਗਲੇ ਜਨਮ ਵਿੱਚ ਕਰਦਾ ਹੈ, ਜੇ ਉਹ ਅਜੇਹੇ ਹੋਂਨ ਤਾਂ ਕੀ ਹੁੰਦਾ ਹੈ।

यथा प्लवेनौपलेन निमज्जत्युदके तरन् ।
तथा निमज्जतोऽधस्तादज्ञौ दातृप्रतीच्छकौ ॥ मनु०४ । १९४ ॥

ਜਿਸਤਰਾਂ ਪੱਥਰ ਦੀ ਬੇੜੀ ਵਿੱਚ ਬੈਠਕੇ ਪਾਣੀ ਵਿੱਚ ਤਰਨ ਵਾਲਾ ਡੁਬ ਜਾਂਦਾ ਹੈ, ਉਸੇ ਤਰਾਂ ਅਗਯਾਨੀ ਦਾਤਾ, ਅਤੇ ਲੈਂਣ ਵਾਲਾ ਦੋਨੋ ਅਧੋ-ਗਤੀ ਅਰਥਾਤ ਦੁਖ ਨੂੰ ਪ੍ਰਾਪਤ ਹੁੰਦੇ ਹਨ।

## ਪਖੰਡੀਆ ਦੇ ਲੱਖਣ

धर्मध्वजी सदालुब्धश्छाद्मिको लोकदम्भकः ॥
बैडालव्रतिको ज्ञेयो हिंस्रः सर्वाभिसन्धकः ॥ १ ॥
अधोदृष्टिर्नैष्कृतिकः स्वार्थसाधनतत्परः ।
शठो मिथ्याविनीतश्च बकव्रतचरो द्विजः ॥ २ ॥
मनु० ४ ॥ १९५ । १९६ ॥

(ਧਰਮ ਧੁਜੀ) ਧਰਮ ਕੁਝ ਬੀ ਨ ਕਰੇ ਪ੍ਰੰਤੂ ਧਰਮ ਦਾ ਨਾਉਂ ਲੈਕੇ ਲੋਕਾਂ ਨੂੰ ਠੱਗੇ। (ਸਦਾ ਲੁਭਧਾ) ਸਦਾ ਲੋਭ ਨਾਲ ਭਰਿਆ ਹੋਇਆ। (ਛਾਦਮਕ) ਕਪਟੀ (ਲੋਕ ਦੰਭਕਾ) ਸੰਸਾਰੀ ਮਨੁੱਖਦੇਅੱਗੇਅਪਣੀ ਵਡਿਆਈ ਦੀਆਂ ਗੱਪਾਂ ਮਾਰਿਆ ਕਰੇ (ਹਿੰਸਰਾ) ਪ੍ਰਾਣੀਆਂ ਦੇ ਘਾਤ ਕਰਨ ਵਾਲਾ, ਦੂਜੇ ਮਨੁੱਖਾਂ ਨਾਲ ਵੈਰ ਰੱਖੇ। (ਸਰਵਾ ਭੀ ਸੰਧਕਾ) ਭਲੇ ਅਰ ਬੁਰੇ, ਸਭਨਾ ਨਾਲ ਮੇਲ ਰੱਖੇ ਓਸਨੂੰ ਵੈਡਾਲ ਬ੍ਰਿੱਤਕ ਅਰਥਾਤ ਬਿੱਲੇ ਵਾਙਣ ਛਲੀ ਅਤੇ ਨੀਚ ਸਮਝੋ (ਅਧੋ ਦ੍ਰਿਸ਼ਟੀ) ਕੀਰਤੀ ਲਈ ਹੇਠਾਂ ਅੱਖਾਂ ਰੱਖੇ। (ਨੈਸ਼ ਕ੍ਰਿਤਕਹ) ਈਰਖਾ ਦੇ ਕਰਨ ਵਾਲਾ, ਕਿਸੇ ਨੇ ਓਸਦਾ ਪੈਸਾ ਭਰ ਕਸੂਰ ਕੀਤਾ ਹੋਵੇ ਤਾਂ ਓਸਦੇ ਬਦਲੇ ਪ੍ਰਾਂਣ ਤਿਕ ਲੈਣ ਨੂੰ ਤਿਆਰ ਰਹ੍ਹੇ (ਸ੍ਵਾਰਥ ਸਾਧਨ) ਭਾਂਵੇ ਕਪਟ, ਅਧਰਮ, ਵਿਸ਼੍ਵਾਸ ਘਾਤ ਕਿਉਂ ਨ ਹੋਵੇ ਪਰ ਆਪਣੇ ਪ੍ਰੋਜਨ ਦੇ ਪੂਰਾ ਕਰਨ ਵਿੱਚ ਚਤੁਰ ਰਹ੍ਹੇ (ਸ਼ਠ) ਭਾਵੇਂ ਅਪਣੀ ਗਲ ਝੂਠੀ ਕਿਉਂ ਨ ਹੋਵੇ ਪ੍ਰੰਤੂ ਹਠ ਕਦੀ ਨ ਛੱਡੇ (ਮਿਥਿਆ ਵਨੀਤ) ਝੂਠ ਮੂਠ ਉਪਰੋਂ ਚੰਗਾ ਸੁਭਾਉ, ਸੰਤੋਸ਼ ਅਤੇ ਸਾਧੂ ਪਨਾ ਦਿਖਾਵੇ, ਓਸਨੂੰ (ਵੱਕਬ੍ਰਿਤ) ਬਗਲੇ ਦੇ ਸਮਾਨ ਨੀਚ ਸਮਝੋ,।

ਅਜੇਹੇ ੨ ਲਖਣਾਂ ਵਾਲੇ ਪਖੰਡੀ ਹੁੰਦੇ ਹਨ, ਉਨ੍ਹਾਂ ਦਾ ਵਿਸ਼੍ਵਾਸ ਜਾਂ ਸੇਵਾ ਕਦੀ ਨ ਕਰੇ।

धर्मं शनैः सञ्चिनुयाद्वल्मीकमिव पुत्तिकाः ।
परलोकसहायार्थं सर्वभूतान्यपीडयन् ॥ १ ॥
नामुत्र हि सहायार्थं पिता माता च तिष्ठतः ।
न पुत्रदारं न ज्ञातिर्धर्मस्तिष्ठति केवलः ॥ २ ॥
कः प्रजायते जन्तुरेक एव प्रलीयते ।

एकोनु भुङ्क्ते सुकृतमेक एव च दुष्कृतम् ॥ ३ ॥

मनु० ४ ॥ २३८—२४० ॥

एकः पापानि कुरुते फलं भुङ्क्ते महाजनः । भोक्ता

विमुच्यन्ते कर्त्ता दोषेण लिप्यते ॥ ४ ॥

भोक्तारो विप्रमुच्यन्ते कर्त्ता दोषेण लिप्यते ॥ ४ ॥

महाभारते । उद्योगप० प्रजागरप० ॥ अ० ३२ ॥

मृतं शरीरमुत्सृज्य काष्ठलोष्ठसमं क्षितौ ।

विमुखा बान्धवा यान्ति धर्मस्तमनुगच्छति ॥ ५ ॥ मनु० ४ । २४१ ॥

ਇਸਤ੍ਰੀ ਅਤੇ ਪੁਰਖ ਨੂੰ ਚਾਹੀਦਾ ਹੈ ਕਿ ਜੀਕਣ ਪੁਤ੍ਰੀਕਾ ਅਰਥਾਤ ਦੀਮਕ ਖੁਡ ਨੂੰ ਬਣਾਂਦੀ ਹੈ, ਉਸੇ ਤਰਾਂ ਸਭ ਪ੍ਰਾਣੀਆਂ ਨੂੰ ਪੀੜਾ ਨ ਦੇਕੇ ਪ੍ਰਲੋਕ ਅਰਥਾਤ ਅਗਲੇ ਜਨਮ ਦੇ ਵਾਸਤੇ ਹੌਲੀ ੨ ਧਰਮ ਨੂੰ ਜੋੜੀ ਜਾਵੇ,

ਕਿਉਂ ਜੋ ਪ੍ਰਲੋਕ ਵਿੱਚ ਨਾ ਪਿਉ, ਨ ਮਾਂ, ਨ ਪੁੱਤ, ਨ ਇਸਤ੍ਰੀ, ਨਾ ਅਪਣੇ ਗੋਤ੍ਰ ਵਾਲੇ ਸਹਾਇਤਾ ਕਰ ਸਕਦੇ ਹਨ, ਕਿੰਤੂ ਇਕ ਧਰਮ ਹੀ ਸਹਾਇਤਾ ਕਰਨ ਵਾਲਾ ਹੁੰਦਾ ਹੈ।

ਦੇਖ ਲਓ ! ਇਕੱਲਾ ਹੀ ਜੀਉ ਜਮਦਾ ਅਤੇ ਮਰਦਾ ਹੈ, ਇੱਕ ਧਰਮ ਦਾ ਫਲ ਜਿਹੜਾ ਸੁਖ ਅਤੇ ਅਧਰਮ ਦਾ ਫਲ ਜਿਹੜਾ ਦੁਖ ਹੈ ਓਸਨੂੰ ਭੋਗਦਾ ਹੈ, ਇਹ ਬੀ ਸਮਝ ਲਓ ਕਿ ਕੁਟੰਬ ਵਿੱਚ ਇਕ ਪੁਰਖ ਪਾਪ ਕਰਕੇ ਪਦਾਰਥ ਲਿਆਉਂਦਾ ਹੈ ਅਰ ਮਹਾਜਨ ਅਰਥਾਤ ਸਾਰਾ ਕੁਟੰਬ ਓਸਨੂੰ ਭੋਗਦਾ ਹੈ, ਭੋਗਣ ਵਾਲੇ ਦੋਸ਼ ਦੇ ਭਾਗੀ ਨਹੀਂ ਹੁੰਦੇ ਕਿੰਤੂ ਅਧਰਮ ਦੇ ਕਰਨੇ ਵਾਲਾ ਹੀ ਪਾਪੀ ਹੁੰਦਾ ਹੈ, ਜਦ ਕੋਈ ਕਿਸੇ ਦਾ ਸਰਬੰਧੀ ਮਰ ਜਾਂਦਾ ਹੈ, ਓਸਨੂੰ ਮਿੱਟੀ ਦੀ ਢੀਮ ਵਾਂਙਣ ਜਮੀਨ ਉਪਰ ਛਡਕੇ ਪਿਠ ਵਿਖਾਕੇ ਬ੍ਰਾ, ਭਾਈ ਮੂੰਹ ਮੋੜਕੇ ਚਲੇ ਜਾਂਦੇ ਹਨ ਕੋਈ ਓਸਦੇ ਨਾਲ ਜਾਂਣ ਵਾਲਾ ਨਹੀਂ ਹੁੰਦਾ ਕਿੰਤੂ ਇੱਕ ਧਰਮ ਹੀ ਓਸਦਾ ਸੰਗੀ ਹੁੰਦਾ ਹੈ,

तस्माद्धर्मं सहायार्थं नित्यं सञ्चिनुयाच्छनैः ।

धर्मेण हि सहायेन तमस्तरति दुस्तरम् ॥ १ ॥

धर्मप्रधानं पुरुषं तपसा हतकिल्बिषम् ।

परलोकं नयत्याशु भास्वन्तं खशरीरिणम् ॥ २ ॥

मनु० ४ । २४२ । २४३ ॥

ਏਸ ਕਰਕੇ ਪ੍ਰਲੋਕ ਅਰਥਾਤ ਅਗਲੇ ਜਨਮ ਵਿੱਚ ਸੁਖ ਅਰ ਏਸ ਜਨਮ ਦੀ ਸਹਾਇਤਾ ਲਈ ਸਦਾ ਧਰਮ ਨੂੰ ਹੌਲੀ ੨ ਕੱਠਾ ਕਰਦਾ ਜਾਵੇ, ਕਿਉਂ ਜੋ ਧਰਮ ਦੀ ਸਹਾਇਤਾ ਨਾਲ ਹੀ ਵੱਡੇ ਕਠਨ ਦੁੱਖ ਦੇ ਸਮੁੰਦਰ ਨੂੰ ਜੀਉ ਤਰ ਸਕਦਾ ਹੈ।

ਜਿਹੜਾ ਪੁਰਖ ਧਰਮ ਨੂੰ ਹੀ ਪ੍ਰਧਾਨ ਸਮਝਦਾ, ਜਿਸ ਦਾ ਧਰਮ ਦੇ ਕਰਨ ਨਾਲ ਕਰਤੱਬ ਪਾਪ ਦੂਰ ਹੋਗਿਆ ਓਸਨੂੰ ਪ੍ਰਕਾਸ਼ ਸਰੂਪ, ਅਰ ਅਕਾਸ਼ ਜਿਸਦੇ ਸ਼ਰੀਰ ਦੀ ਨਿਆਈਂ ਹੈ ਓਸ ਪ੍ਰਲੋਕ ਅਰਥਾਤ ਪਰਮ ਦਰਸ਼ਨੀਯ ਪ੍ਰਮੇਸ਼੍ਵਰ ਦੇ ਪਾਸ ਧਰਮ ਹੀ ਛੇਤੀ ਪੁਚਾਂਦਾ ਹੈ।

दृढकारी मृदुर्दान्तः क्रूराचारैरसंवसन्।
अहिंस्रो दमदानाभ्यां जयेत्स्वर्गं तथाव्रतः ॥ १ ॥

वाच्यर्था नियताः सर्वे वाङ्मूला वाग्विनिःसृताः।
तांस्तु यः स्तेनयेद्वाचं स सर्वस्तेयकृन्नरः ॥ २ ॥

आचाराल्लभते ह्यायुराचारादीप्सिताः प्रजाः।
आचाराद्धनमक्षय्यमाचारो हन्त्यलक्षणम् ॥ ३ ॥

मनु० ४। २४६। २५६। १५६ ॥

ਸਦਾ ਦ੍ਰਿੜ੍ਹਤਾ ਨਾਲ ਕੰਮ ਕਰਨ ਵਾਲਾ, ਕੋਮਲ ਸੁਭਾਉ ਵਾਲਾ, ਆਪਣੀਆਂ ਇੰਦ੍ਰੀਆਂ ਨੂੰ ਜਿਤੱਣ ਵਾਲਾ, ਹਿੰਸਾ ਦੇ ਕਰਨਵਾਲੇ, ਕ੍ਰੂਰ, ਦੁਸ਼੍ਟਾਚਾਰੀ ਪੁਰਖਾਂ ਤੋਂ ਪਰੇ ਰਹਣ ਵਾਲੇ ਧਰਮਾਤਮਾਂ ਨੂੰ ਚਾਹੀਏ ਕਿ ਮਨ ਨੂੰ ਜਿੱਤੇ ਅਰ ਵਿਦਿੱਆ ਆਦੀ ਦੇ ਦਾਂਨ ਕਰਨ ਨਾਲ ਸੁਖ ਨੂੰ ਪ੍ਰਾਪਤ ਹੋਵੇ, ਪ੍ਰੰਤੂ ਏਹ ਬੀ ਧਿਆਂਨ ਰੱਖੇ ਕਿ ਜਿਸ ਬਾਣੀ ਕਰਕੇ ਅਰਥ ਅਰਥਾਤ ਵਿਹਾਰਾਂ ਦਾ ਨਿਹਚਾ ਹੁੰਦਾ ਹੈ ਉਹ ਬਾਣੀ ਹੀ ਉਨ੍ਹਾਂ ਦਾ ਮੂਲ ਹੈ, ਅਤੇ ਬਾਣੀ ਨਾਲ ਹੀ ਸੱਭ ਵਿਹਾਰ ਸਿੱਧ ਹੁੰਦੇ ਹਨ, ਓਸ ਬਾਣੀ ਨੂੰ ਜਿਹੜਾ ਚੁਰਾਂਦਾ ਅਰਥਾਤ ਝੂਠ ਬੋਲਦਾ ਹੈ ਓਹ ਸਭ ਚੋਰੀ ਆਦੀ ਪਾਪਾਂ ਦੇ ਕਰਨ ਵਾਲਾ ਹੈ, ਏਸ ਲਈ ਮਿਥਿਆ ਭਾਸ਼ਣ ਆਦੀ ਅਧਰਮ ਨੂੰ ਛੱਡਕੇ ਜਿਹੜਾ ਧਰਮਾ ਚਾਰ ਅਰਥਾਤ ਬ੍ਰਹਮ ਚਰਜ ਅਤੇ ਜਿਤਿੰਦ੍ਰੀ ਰਹਣ ਕਰਕੇ ਪੂਰੀ ਉਮਰ ਅਰ ਜਿਸ ਧਰਮਾਚਾਰ ਥੀਂ ਉੱਤਮ ਸੰਤਾਨ ਤਥਾ ਅਖੁੱਟ ਧੰਨ ਦੀ ਪ੍ਰਾਪਤੀ ਹੁੰਦੀ ਹੈ, ਅਰ ਜਿਸ ਧਰਮਾਚਾਰ ਕਰਕੇ ਦੁਸ਼੍ਟ ਗੁਣਾਂ ਦਾ ਨਾਸ਼ ਹੁੰਦਾ ਹੈ, ਓਸਦੇ ਆਚਰਣ ਨੂੰ ਸਦਾ ਕੀਤਾ ਕਰੇ, ਕਿੰਉ ਜੋ।

दुराचारो हि पुरुषो लोके भवति निन्दितः।
दुःखभागी च सततं व्याधितोऽल्पायुरेव च। मनु० ४। १५७।

ਜਿਹੜਾ ਦੁਸ਼੍ਟਾ ਚਾਰੀ ਪੁਰਖ ਹੈ ਉਹ ਸੰਸਾਰ ਵਿੱਖੇ ਸਜੱਨ ਲੋਕਾਂ ਵਿੱਚ ਨਿੰਦਿਆ ਨੂੰ ਪ੍ਰਾਪਤ ਹੁੰਦਾ ਹੈ, ਦੁਖ ਦਾ ਭਾਗੀ ਅਤੇ ਸਦਾ ਬਮਾਰ ਰਹਕੇ ਘਟ ਉਮਰ ਦੇ ਭੋਗਣ ਵਾਲਾ ਹੁੰਦਾ ਹੈ, ਏਸ ਕਰਕੇ ਅਜਿਹਾ ਜਤਨ ਕਰੇ

यद्यत्परवशं कर्म तत्तद्यत्नेन वर्जयेत्।
यद्यदात्मवशं तु स्यात्तत्तत्सेवेत यत्नतः ॥ १ ॥

एतद्विद्यात्समासेन लक्षणं सुखदुःखयोः ॥ २॥
मनु० ४। १५९। १६०॥

ਜਿਹੜੇ ੨ ਪ੍ਰਾਧੀਨ ਕੰਮ ਹੋਂਨ ਉਨ੍ਹਾਂ ੨ ਦਾ ਜਤਨ ਨਾਲ ਤਿਆਗ, ਅਤੇ ਜਿਹੜੇ ੨ ਸ੍ਵਾਧੀਨ ਕੰਮ ਹੋਂਨ ਉਨਾਂ ੨ ਨੂੰ ਜਤਨ ਕਰਕੇ ਪੂਰਾ ਕਰੇ।

ਕਿਉ ਜੋ ਜਿਹੜੀ ੨ ਪ੍ਰਾਧੀਨਤਾ ਹੈ ਉਹ ੨ ਸੱਭ ਦੁਖ,ਅਰ ਜਿਹੜੀ ੨ ਸ੍ਵਾਧੀਨਤਾ ਹੈ ਉਹ ਉਹ ਸੱਭ ਸੁਖ ਹੈ, ਏਹੋ ਹੀ ਸੰਖੇਪ ਕਰਕੇ ਸੁਖ ਅਤੇ ਦੁਖ ਦਾ ਲੱਖਣ ਜਾਂਣਨਾ ਚਾਹੀਏ, ਪ੍ਰੰਤੂ ਜਿਹੜਾ ਇਕ ਦੂਜੇ ਦੇ ਅਧੀਨ ਕੰਮ ਹੈ ਉਹ ਉਹ ਅਧੀਨਤਾ ਨਾਲ ਹੀ ਕਰਨਾ ਚਾਹੀਦਾ ਹੈ, ਜੀਕਣ ਕਿ ਇਸਤ੍ਰੀ ਅਰ ਪੁਰਖ ਦਾ ਇਕ ਦੂਜੇ ਦੇ ਅਧੀਨ ਕੰਮ ਹੈ, ਅਰਥਾਤ ਇਸਤ੍ਰੀ ਪੁਰਖ ਦਾ ਅਤੇ ਪੁਰਖ ਇਸਤ੍ਰੀ ਦਾ ਇਕ ਦੂਜੇ ਨਾਲ ਚੰਗਾ ਵਰਤਾਉ ਕਰਨਾ, ਇਕ ਦੂਜੇ ਦੇ ਅਨਕੂਲ ਰਹਣਾ, ਬਿਭਿਚਾਰ ਜਾਂ ਵੈਰ ਕਦੀ ਨ ਕਰਨਾ, ਪੁਰਖ ਦੀ ਆਗਿਆ ਦੇ ਅਨਕੂਲ ਘਰ ਦੇ ਕੰਮ ਧੰਧੇ ਇਸਤ੍ਰੀ, ਅਤੇ ਬਾਹਰ ਦੇ ਕੰਮ ਧੰਧੇ ਪੁਰਖ ਦੇ ਅਧੀਨ ਰਹਣੇ, ਖੋਟੇ ਵਿਅਸਨਾਂ ਵਿਚ ਫਸੱਣ ਤੋਂ ਇਕ ਦੂਜੇ ਨੂੰ ਰੋਕਣਾ, ਮੁਕਦੀ ਗਲੱ ਇਹ ਹੈ ਕਿ ਏਸ ਨੂੰ ਨਿਹਚਾ ਕਰਕੇ ਜਾਂਣੇ ਕਿ ਜਦ ਬਿਆਹ ਹੁੰਦਾ ਹੈ ਤਦ ਇਸਤ੍ਰੀ ਦੇ ਨਾਲ ਪੁਰਖ ਅਤੇ ਪੁਰਖ ਦੇ ਨਾਲ ਇਸਤ੍ਰੀ ਵਿਕ ਜਾਂਦੀ ਹੈ ਅਰਥਾਤ ਇਸਤ੍ਰੀ ਅਤੇ ਪੁਰਖ ਦਾ ਸੱਭ ਕੁਝ ਨਹੁੰ ਤੋਂ ਲੈਕੇ ਸਿਰ ਦੇ ਬਾਲ ਤਿਕ ਜੋ ਕੁਝ ਹੈ ਉਹ ਬੀਰਜ ਆਦੀ ਇਕ ਦੂਜੇ ਦ ਅਧੀਨ ਹੋ ਜਾਂਦੇ ਹਨ,ਇਸਤ੍ਰੀ ਜਾਂ ਪੁਰਖ ਇਕ ਦੂਜੇ ਦੀ ਪ੍ਰਸੰਨਤਾ ਬਗੈਰ ਕੋਈ ਬੀ ਵਿਹਾਰ ਨ ਕਰਨ ਜਿਨਾਂ ਵਿਚ ਵਡੇ ਵੈਰ ਦੇ ਕਰਾਂਨ ਵਾਲੇ ਬਿਭਚਾਰ ਅਰਥਾਤ ਰੰਡੀ ਬਾਜੀ ਅਤੇ ਦੂਜੇ ਮਰਦ ਨਾਲ ਖੋਟਾ ਕੰਮ ਕਰਨਾ ਆਦੀ ਕੰਮ ਹਨ ਇਨਾਂ ਨੂੰ ਛਡਕੇ ਅਪਣੇ ਖਾਂਉਦ ਦੇ ਨਾਲ ਇਸਤ੍ਰੀ ਅਤੇ ਇਸਤ੍ਰੀ ਦੇ ਨਾਲ ਖਾਉਂਦ ਸਦਾ ਪ੍ਰਸੰਨ ਰਹਨ, ਜੇ ਬ੍ਰਾਹਮਣ ਵਰਣ ਦੇ ਹੋਂਨ ਤਾਂ ਪੁਰਖ ਮੁੰਡਿਆਂ ਨੂੰ ਪੜ੍ਹਾਵੇ ਤਥਾ ਸਿਖਿਆ ਵਾਂਨ ਇਸਤ੍ਰੀ ਕੁੜੀਆਂ ਨੂੰ ਪੜ੍ਹਾਵੇ ਤਰਾਂ ੨ ਦੇ ਉਪਦੇਸ਼ ਅਤੇ ਵਖਿਆਨ ਕਰਕੇ ਉਨ੍ਹਾਂ ਨੂੰ ਵਿਦਵਾਂਨ ਬਣਾਂਨ। ਇਸਤ੍ਰੀ ਦਾ ਆਦਰ ਭਾ ਕਰਨ ਦੇ ਜੋਗ ਦੇਵਤਾ ਖਉਂਦ, ਅਤੇ ਪੁਰਖ ਦੀ ਆਦਰ ਭਾ ਕਰਨ ਦੇ ਜੋਗ ਦੇਵੀ ਇਸਤ੍ਰੀ ਹੈ।

ਜਦ ਤਿਕ ਗੁਰੂ ਕੁਲ ਵਿਚ ਰਹਨ ਤਦ ਤਿਕ ਸ਼ਿਸ਼ ਪੜਾਨ ਵਾਲੀਆਂ ਨੂੰ ਮਾਂ ਪਿਉ ਵਰਗੇ ਸਮਝਨ, ਅਤੇ ਪੜਾਂਨ ਵਾਲੇ ਸ਼ਿਸ਼ਾਂ ਨੂੰ ਉਲਾਦ ਵਾਙਣ ਸਮਝਨ।

ਪੜਾਨ ਵਾਲੇ ਅੱਧਜਾਪੱਕ ਅਤੇ ਪੜਾਂਨ ਵਾਲੀ ਅੱਧਜਾਪਕਾਂ ਕੇਹੋ ਜੇਹੇ ਹੋਣੀ ਚਾਹੀਏਃ—

आत्मज्ञानं समारम्भस्तितिक्षा धर्मनित्यता।

यमर्था नापकर्षन्ति स वै पण्डित उच्यते॥ १ ॥
निषेवते प्रशस्तानि निन्दितानि न सेवते।
अनास्तिकः श्रद्दधान एतत्पण्डितलक्षणम्॥ २ ॥
क्षिप्रं विजानाति चिरं शृणोति, विज्ञाय चार्थं भजते न कामात्।
नासम्पृष्टो ह्युपयुङ्क्ते परार्थे तत्प्रज्ञानं प्रथमं पण्डितस्य॥३ ॥
नाप्राप्यमभिवाञ्छन्ति नष्टं नेच्छन्ति शोचितुम्।
आपत्सु च न मुह्यन्ति नराः पण्डितबुद्धयः॥ ४ ॥
प्रवृत्तवाक् चित्रकथ ऊहवान् प्रतिभानवान्।
आशु ग्रन्थस्य वक्ता च यः स पण्डित उच्यते॥ ५ ॥
श्रुतं प्रज्ञानुगं यस्य प्रज्ञा चैव श्रुतानुगा।
असंभिन्नार्यमर्यादः पण्डिताख्यां लभेत सः॥ ६ ॥
महाभारत उद्योगपर्व विदुरप्रजागर अध्याय ३२

ਇਹ ਸਭ ਮਹਾਂ ਭਾਰਥ ਉੱਦਜੋਗ ਪਰਬ ਵਿਦੁਰ ਪ੍ਰਜਾਗਰ ਦੇ ਸ਼ਲੋਕ ਹਨ, (ਅਰਥ) ਜਿਹਨੂੰ ਚੰਗੀ ਤਰਾਂ ਨਾਲ ਆਤਮਗਿਆਨ ਹੋਵੇ, ਆਰੰਭ ਅਰਥਾਤ ਜਿਹੜਾ ਨਿਕੰਮਾਂ ਆਲਸੀ ਕਦੇ ਨ ਰਹੇ, ਸੁਖ, ਦੁਖ, ਹਾਂਨੀ, ਲਾਭ, ਮਾਂਨ, ਅਪਮਾਨ, ਨਿੰਦਿਆ, ਉਸਤਤੀ ਵਿਚ ਹਰਖ ਚਿੰਤਾ ਕਦੀ ਨ ਕਰੇ, ਧਰਮ ਵਿਚ ਜਿਹਦਾ ਦ੍ਰਿੜ ਨਿਹਚਾ ਰਹੇ, ਜਿਹਦੇ ਮਨ ਨੂੰ ਚੰਗੀਆਂ ੨ ਚੀਜਾਂ ਅਰਥਾਤ ਵਿਸ਼ੇ ਖਿੱਚ ਨਾ ਸਕਨ, ਓਹੋ ਹੀ ਪੰਡਿਤ ਅਖਾਉਂਦਾ ਹੈ।

ਸਦਾ ਧਰਮ ਦੇ ਕੰਮਾਂ ਦਾ ਕਰਨ ਵਾਲਾ, ਅਤੇ ਅਧਰਮ ਦੇ ਕੰਮਾਂ ਨੂੰ ਤਿਆਗਣ ਵਾਲਾ, ਪ੍ਰਮੇਸ਼੍ਵਰ, ਵੇਦ, ਸਦਾਚਾਰ ਦੀ ਨਿੰਦਿਆ ਨ ਕਰਨ ਵਾਲਾ, ਈਸ਼੍ਵਰ ਆਦੀ ਵਿਚ ਪੂਰੀ ਪੂਰੀ ਸ਼ਰਧਾ ਰਖੱਣ ਵਾਲਾ ਹੋਵੇ, ਏਹੋ ਪੰਡਿਤ ਦੇ ਕਰਨੇ ਅਤੇ ਨ ਕਰਨੇ ਦੇ ਜੋਗ ਕਰਮ ਹਨ, ਜਿਹੜਾ ਔਖੀ ਵਿੱਦਜਾ ਦੀ ਗਲ ਨੂੰ ਬੀ ਛੇਤੀ ਜਾਂਣ ਸੱਕੇ ਚਿਰ ਕਾਲ ਤੱਕ ਸ਼ਾਸਤ੍ਰਾਂ ਨੂੰ ਪੜ੍ਹੇ ਸੁਣੇ ਅਰ ਵਿਚਾਰ ਕਰੇ, ਜੋ ਕੁਝ ਜਾਣੇ ਉਸਨੂੰ ਪਰਉਪਕਾਰ ਲਈ ਲਾਵੇ, ਅਪਣੇ ਸ੍ਵਾਰਥ ਲਈ ਕੋਈ ਕੰਮ ਨ ਕਰੇ, ਬਿਨਾਂ ਪੁੱਛੇ ਜਾਂ ਬਿਨਾ ਉਚਿੱਤ ਵੇਲੇ ਤੋਂ ਦੂਜੇ ਦੀ ਗੱਲ ਬਾਤ ਵਿੱਚ ਸਲਾਹ ਨ ਦੇਵੇ ਪੰਡਤ ਦੀ ਏਹੋ ਪਹਲੀ ਪਛਾਣ ਸਮਝਣੀ ਚਾਹੀਦੀ ਹੈ।

ਜਿਹੜਾ ਪ੍ਰਾਪਤ ਨ ਹੋਣ ਵਾਲੀ ਚੀਜ ਦੀ ਇੱਛਿਆ ਕਦੀ ਨ ਕਰੇ, ਨਸ਼੍ਟ ਹੋਏ ਪਦਾਰਥਾਂ ਦੀ ਚਿੰਤਾ ਨ ਕਰੇ, ਦੁਖ ਦੇ ਵੇਲੇ ਮੋਹ ਵਿਚ ਨ ਪਵੇ ਅਰਥਾਤ ਬਿਆਕੁਲ ਨ ਹੋਵੇ ਓਹੋ ਬੁਧਵਾਂਨ ਪੰਡਤ ਹੈ, ਜਿਸਦੀ ਬਾਂਣੀ ਸਭਨਾਂ ਵਿਦਿਆਂ ਅਤੇ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਪੂਰੀ, ਜਿਹੜਾ ਬਚਿਤ੍ਰ ਸ਼ਾਸ਼ਤ੍ਰਾਂ ਦੇ ਪ੍ਰਕਰਣਾਂ ਦਾ ਕਹਣ ਵਾਲਾ, ਠੀਕ ਠੀਕ ਜੁਕਤੀ ਅਤੇ ਸਿਮ੍ਰਤੀ ਵਾਲਾ ਹੋਵੇ, ਅਰ ਗ੍ਰੰਥਾਂ ਦੇ ਸੱਚੇ ਅਰਥਾਂ ਨੂੰ ਛਤੀ ਨਾਲ ਦੱਸਣ ਵਾਲਾ ਹੋਵੇ

ਓਹੋ ਪੰਡਤ ਕਹਾਉਂਦਾ ਹੈ, ਜਿਹਦੀ ਚੰਗੀ ਬੁੱਧ ਸੁਣੇ ਹੋਏ ਸੱਚੇ ਅਰਥ ਦੇ ਅਨਕੂਲ,ਅਤੇ ਜਿਸਦਾ ਸ਼੍ਰਵਣ ਬੁੱਧ ਦੇ ਅਨੁਸਾਰ ਹੋਵੇ, ਜੇਹੜਾ ਕਦੀ ਆਰਯ ਅਰਥਾਤ ਭਲੇ ਧਰਮ ਤੇ ਚਲਣ ਵਾਲੇ ਪੁਰਖਾਂ ਦੀ ਮਰਜਾਦਾ ਦਾ ਛੇਦਨ ਨ ਕਰੇ ਓਹੋ ਪੰਡਤ ਨਾਉਂ ਧਰਾਵੇ, ਜਿੱਥੇ ਏਹੋ ਜਹੇ ਇਸਤ੍ਰੀ ਪੁਰਸ਼ ਪੜ੍ਹਾਂਨ ਵਾਲੇ ਹੁੰਦੇ ਹਨ ਓਥੇ ਵਿੱਦ੍ਯਾ, ਧਰਮ ਅਤੇ ਉੱਤਮ ਆਚਾਰ ਦਾ ਵਾਧਾ ਹੋਕ ਦਿਨ ਪਰ ਦਿਨ ਅਨੰਦ ਹੀ ਵਧਦਾ ਰਹਿੰਦਾ ਹੈ।

ਪੜ੍ਹਾਉਣ ਦੇ ਅਜੋਗ ਅਤੇ ਮੂਰਖ ਦੇ ਲੱਖਣਃ-

अश्रुतश्च समुन्नद्धो दरिद्रश्च महामनाः।
अर्थांश्चाऽकर्मणा प्रेप्सुर्मूढ इत्युच्यते बुधैः॥ १॥
अनाहूतः प्रविशति ह्यपृष्टो बहु भाषते।
अविश्वस्ते विश्वसिति मूढचेता नराधमः॥ २॥

महाभारत उद्योगपर्व विदुरप्रजागर अध्याय ३२

ਇਹ ਸ਼ਲੋਕ ਬੀ ਮਹਾਂ ਭਾਰਥ ਉਦਜੋਗ ਪਰਬ ਵਿਦੁਰਪਰਜਾਗਰ ਦੇ ਹਨ (ਅਰਥ) ਜਿਸਨੈ ਕੋਈ ਸ਼ਾਸਤ੍ਰ ਨ ਪੜ੍ਹਿਆ ਨ ਸੁਣਿਆ ਪ੍ਰੰਤੂ ਵਡਾ ਘਮੰਡੀ, ਕੰਗਾਲ ਹੋਵੇ ਫੇਰ ਬੱਡੇ ੨ ਮਨੋਰਥ ਕਰੇ,ਬਿਨਾ ਕੰਮ ਕੀਤੇ ਪਦਾਰਥਾਂ ਦੀ ਪ੍ਰਾਪਤੀ ਦੀ ਇਛਿਆ ਕਰੇ, ਉਸੇ ਨੂੰ ਬੁਧਵਾਂਨਲੋਕ ਮੂੜ੍ਹ ਕਹਿੰਦੇ ਹਨ, ਜਿਹੜਾ ਬਿਨਾਂ ਬੁਲਾਏ ਸਭਾ ਜਾਂ ਕਿਸੇ ਦੇ ਘਰ ਵਿੱਚ ਚਲਿਆ ਜਾਵੇ, ਉੱਚੇ ਆਸਣ ਉਪਰ ਬੈਠਣਾਂ ਚਾਹੇ, ਬਗੈਰ ਪੁਛੇ ਸਭਾ ਵਿੱਚ ਬਹੁਤ ਬੱਕੇ, ਵਿਸ਼੍ਵਾਸ ਦੇ ਅਜੋਗ ਵਸਤੂ ਜਾਂ ਮਨੁੱਖ ਉੱਤੇ ਵਿਸ਼੍ਵਾਸ ਕਰੇ ਓਹੋ ਮੂੜ੍ਹ ਅਤੇ ਸੱਭਮਨੁੱਖਾਂ ਵਿਚ ਨੀਚ ਮਨੁਖ ਕਹਾਉਂਦਾ ਹੈ, ਜਿਥੇ ਅਜਿਹੇ ਪੁਰਖ ਪੜ੍ਹਾਂਨ ਵਾਲੇ, ਉਪਦੇਸ਼ਕ, ਗੁਰੂ, ਅਤੇ ਮਾਨ ਦੇ ਜੋਗ ਹੁੰਦੇ ਹਨ ਓਥੇ ਅਵਿੱਦ੍ਯਾ, ਅਧਰਮ, ਅਸਭਤਾ, ਕਲ੍ਹਾ, ਵੈਰ ਅਤੇ ਫੁਟ ਵਧਕੇ ਦੁਖ ਹੀ ਵੱਧ ਜਾਂਦਾ ਹੈ।

ਹੁਣ ਵਿਦਿਆਰਥੀਆਂ ਦੇ ਲਖੱਣ ਲਿਖਨੇ ਹਾਂ।

आलस्यं मदमोहौ च चापलं गोष्ठिरेव च।
स्तब्धता चाभिमानित्वं तथाऽत्यागित्वमेव च।
एते वै सप्त दोषाः स्युःसदा विद्यार्थिनां मताः॥ १॥
सुखार्थिनः कुतो विद्या कुतो विद्यार्थिनः सुखम्।
सुखार्थी वा त्यजेद्विद्यांविद्यार्थी वा त्यजेत्सुखम्॥ २॥

विदुरप्रजागर अध्याय३९

ਇਹ ਬੀ ਵਿਦੁਰਪਰਜਾਗਰਦੇ ਸ਼ਲੋਕ ਹਨ (ਆਲਸ) ਸ਼ਰੀਰ ਅਤੇ ਬੁਧ ਵਿੱਚ ਜੜ੍ਹਤਾ, ਨਸ਼ਾ, ਮੋਹ ਅਰਥਾਤ ਕਿਸੇ ਵਸਤੂ ਵਿੱਚ ਫਸਾਵਟ, ਚੰਚਲ ਹੋਣਾ, ਅਤੇ ਇਧਰ ਉਧਰ ਦੀਆਂ ਫ਼ਿਜ਼ੂਲ ਗੱਲਾਂ ਕਰਨੀਆਂ ਸੁਣਨੀਆਂ,

ਪੜ੍ਹਦ ਪੜ੍ਹਾਂਦੇ ਰੁਕ ਜਾਂਣਾ, ਘਮੰਡ ਕਰਨਾ, ਅਤਿਆਗੀ ਹੋਣਾ, ਇਹਸਭ ਦੋਸ਼ ਵਿਦਯਾਰਥੀਆਂ ਵਿੱਚ ਹੁੰਦੇ ਹਨ।

ਜਿਹੜੇ ਏਹੋ ਜਹੇ ਹੋਂਨ ਉਨ੍ਹਾਂ ਨੂੰ ਵਿੱਦਯਾ ਬੀ ਨਹੀਂ ਆਂਉਂਦੀ, ਅਰਾਮ ਤਲਬੀ ਦੀ ਇਛਿਆ ਕਰਨ ਵਾਲ ਨੂੰ ਵਿਦਯਾ ਕਿੱਥੋਂ?ਅਤੇ ਵਿੱਦਯਾ ਪੜ੍ਹਨ ਵਾਲੇ ਨੂੰ ਸੁਖ ਕਿੱਥੋ ? ਕਿਂਉ ਜੋ ਵਿਸ਼ਿਆਂ ਦਾ ਸੁਖ ਚਾਹਣ ਵਾਲਾ ਵਿੱਦਯਾ ਨੂੰ ਅਤੇ ਵਿੱਦਯਾਰਥੀ ਵਿਸ਼ ਸੁਖ ਨੂੰ ਛਡ ਦੇਵੇ।

ਅਜੇਹਾ ਕੀਤੇ ਬਗੈਰ ਵਿਦਯਾ ਕਦੇ ਪ੍ਰਾਪਤ ਨਹੀਂ ਹੁੰਦੀ, ਅਤੇ ਅਜੇਹੇ ਮਨੁਖ ਨੂੰ ਵਿੱਦਯਾ ਪ੍ਰਾਪਤ ਹੁੰਦੀ ਹੈਃ—

सत्ये रतानां सततं दान्तानामूर्ध्वरेतसाम् ।
ब्रह्मचर्यं दहेद्राजन् सर्वपापान्युपासितम् ॥

ਜਿਹੜੇ ਸਦਾਚਾਰ ਰੱਖਣ ਵਾਲੇ, ਜਿਤ ਇੰਦ੍ਰੀ,ਅਤੇ ਜਿਨਾਂ ਦਾ ਬੀਰਜ ਕਦੇ ਨਹੀ ਗਿਰਦਾ, ਉਨਾਂ ਦਾ ਬ੍ਰਹਮ ਚਰਜ ਸੱਚਾ ਅਤੇ ਓਹੋ ਹੀ ਵਿਦੱਵਾਂਨ ਹੁੰਦੇ ਹਨ।

ਏਸ ਵਾਸਤੇ ਅਧੱਯਾਪਕ ਅਤੇ ਵਿਦਯਾਰਥੀਆਂ ਨੂੰ ਸੁਭ ਲਖੱਣ ਵਾਲਾ ਹੋਣਾ ਚਾਹੀਦਾ ਹੈ, ਅੱਧਯਾਪਕ ਅਜੇਹਾ ਜਤਨ ਕੀਤਾ ਕਰਨ ਜਿਸ ਕਰਕੇ ਵਿੱਦਯਾਰਥੀ ਸੱਤਬਾਦੀ, ਸੱਤਮਾਨੀ, ਸੱਤਕਾਰੀ, ਜਿਤਿੰਦ੍ਰਤਾ, ਸੁਸ਼ੀਲਤਾ ਆਦੀ ਸ਼ੁਭ ਲਖੱਣ ਵਾਲੇ ਸ਼ਰੀਰ ਅਤੇ ਆਤਮਾ ਦਾ ਪੂਰਾ ਬਲ ਵਧਾਕੇ ਸਾਰੇ ਵੇਦ ਆਦੀ ਸ਼ਾਸਤ੍ਰਾਂ ਦੇ ਜਾਂਣਨ ਵਾਲੇ ਹੋਂਨ,ਸਦਾ ਉਨਾਂਦੀ ਕੁਚੇਸ਼੍ਟਾ ਦੇ ਛੁਡਾਂਨ ਅਤੇ ਵਿਦਯਾ ਦੇ ਪੜ੍ਹਾਂਨ ਵਿੱਚ ਚੇਸ਼੍ਟਾ ਕੀਤਾ ਕਰਨ, ਅਰ ਵਿੱਦਯਾਰਥੀ ਸਦਾ ਜਿਤ ਇੰਦ੍ਰੀ, ਸ਼ਾਂਤ, ਪੜ੍ਹਾਨ ਵਾਲਿਆਂ ਨਾਲ ਪ੍ਰੇਮ ਕਰਨ ਵਾਲੇ, ਸੋਚਣ ਦੇ ਸੁਭਾਉ ਵਾਲੇ, ਮੇਹਨਤੀ ਹੋਕੇ ਅਜੇਹਾ ਪੁਰਸ਼ਾਰਥ ਕਰਨ ਕਿ ਜਿਸ ਕਰਕੇ ਪੂਰੀ ਵਿਦਯਾ, ਪੂਰੀ ਉਮਰ, ਪੂਰਾ ਧਰਮ ਅਤੇ ਪੁਰਸ਼ਾਰਥ ਕਰਨਾ ਆ ਜਾਵੇ, ਇਹ ਸਭ ਬ੍ਰਾਹਮਣ ਵਰਨਾਂ ਦੇ ਕੰਮ ਹਨ।

ਖੱਤ੍ਰੀਆਂ ਦੇ ਕਰਮ ਰਾਜ ਧਰਮ ਵਿਚ ਕਹਾਂਗੇ।

ਵੈਸ਼ਾਂ ਦੇ ਕਰਮ ਇਹ ਹਨ ਕਿ ਦੇਸ਼ਾਂ ੨ ਦੀਆਂ ਭਾਖਾਂ ਸਿਖਣੀਆਂ, ਕਈ ਤਰਾਂ ਦੇ ਬਪਾਰਾਂਦੀ ਰੀਤੀ ਉਨਾਂ ਦੇ ਭਾ ਜਾਣਨੇ, ਬੇਚਣਾ, ਖ੍ਰੀਦਣਾ, ਦੇਸ਼ਾਂ ਦਸੌਰਾਂ ਵਿੱਚ ਜਾਂਣਾ ਆਉਂਣਾ, ਲਾਭ ਦ ਵਾਸਤੇ ਕੰਮ ਦਾ ਅਰੰਭ ਕਰਨਾ, ਪਸ਼ੂ ਪਾ-ਲਣੇ ਅਤੇ ਖੇਤੀ ਦਾ ਵਾਧਾ ਚਤੁਰਾਈ ਨਾਲ ਕਰਨਾ ਕਰਾਣਾਂ, ਧੰਨ ਨੂੰ ਵਧਾ-ਉਣਾ,ਵਿੱਦਯਾ ਅਤੇ ਧਰਮ ਦੇ ਵਾਧਾ ਕਰਨ ਵਿਚ ਖਰਚ ਕਰਨਾ, ਸੱਤਬਾਦੀ, ਨਿਸ਼ਕਪਟੀ ਹੋਕੇ ਸਚ ਨਾਲ ਸੱਭ ਬਪਾਰ ਕਰਨੇ, ਸੱਭ ਚੀਜਾਂ ਦੀ ਰਖਿਆ ਅਜੇਹੀ ਕਰਨੀ ਜਿਸ ਕਰਕੇ ਕੋਈ ਚੀਜ ਨਸ਼੍ਟ ਨ ਹੋਵੇ।

ਸ਼ੂਦਰ ਸਾਰੀਆਂ ਸੇਵਾਂ ਕਰਨ ਵਿੱਚ ਚਤਰ ਚਾਹੀਏ, ਖਾਂਓਣ ਪਕਾਓਣ

ਦੀ ਵਿਦੱਯਾ ਵਿਚ ਪੂਰਾ ੨ ਕਾਰੀਗਰ, ਅਤੀ ਪ੍ਰੇਮ ਨਾਲ ਦੂਜੇ ਦੀ ਸੇਵਾ ਕਰ, ਅਰ ਉਨਾਂ ਤੋਂ ਹੀ ਅਪਣੀ ਅਜੀਉਕਾ ਕਰੇ,ਅਰ ਦੁਜਾਤੀ ਲੋਗ ਇਸਦੇ ਖਾਂਣ, ਪੀਣ, ਕਪੜੇ ਮਕਾਂਨ, ਬਿਆਹ ਆਦੀ ਵਿਚ ਜੋ ਕੁਝ ਲੱਗੇ ਸਭ ਕੁਝ ਦੇਨ, ਅਥਵਾ ਮਹੀਨਾ ਲਾ ਦੇਨ, ਚੌਹਾਂ ਵਰਣਾਂ ਨੂੰ ਇੱਕ ਦੂਜੇ ਨਾਲ ਪ੍ਰੀਤੀ, ਉਪਕਾਰ, ਸਜੱਨਤਾ, ਸੁਖ, ਦੁਖ, ਹਾਨੀ, ਲਾਭ ਵਿਚ ਇਕ ਮੱਤੀ ਹੋਕੇ ਰਾਜ ਅਤੇ ਪਰਜਾ ਦੇ ਵਾਧੇ ਵਿੱਚ ਤਨ, ਮਨ, ਧੰਨ ਨੂੰ ਲਗਾਂਦੇ ਰਹਣਾ ਚਾਹੀਦਾ ਹੈ।

ਇਸਤ੍ਰੀ ਅਤੇ ਪੁਰਸ਼ ਦਾ ਵਿਛੋੜਾ ਕਦੀ ਨਹੀਂ ਹੋਣਾ ਚਾਹੀਦਾ ਕਿਉਂਜੋ

पानं दुर्जनसंसर्गः पत्या च विरहोऽटनम्।
स्वप्नोऽन्यगेहवासश्च नारीसन्दूषणानि षट्॥ मनु० ९।१३॥

ਸ਼ਰਾਬ, ਮਾਸ ਆਦੀ ਨਸ਼ੇ ਵਾਲੀ ਚੀਜਾਂ ਦਾ ਪੀਣਾ, ਦੁਸ਼੍ਟ ਪੁਰਸ਼ਾਂ ਦਾ, ਸੰਗ, ਖਾਉਂਦ ਤੋਂ ਵਖਰੇਅਕੱਲਿਆਂ ਇਦੇਂ ਉਦੇਂ ਬਿਅਰਥ ਪਖੰਡੀ ਆਦੀ ਦੇ ਵੇਖਣ ਦੇ ਬਹਾਨੇ ਫਿਰਦਿਆਂ ਰਹਣਾ, ਅਤੇ ਪਰਾਏ ਘਰ ਵਿੱਚ ਜਾਕੇ ਸੌਣਾ ਜਾਂ ਰਹਣਾ, ਇਹ ਛੀ ਦੁਰਗੁਣ ਇਸਤ੍ਰੀ ਨੂੰ ਦੋਸ਼ ਲਗਾਣ ਵਾਲੇ ਹਨ, ਅਤੇ ਏਹੋ ਹੀ ਪੁਰਸ਼ਾਂ ਦ ਬੀ ਹਨ,ਖਾਉਂਦ ਦਾ ਅਤੇ ਇਸਤ੍ਰੀ ਦਾ ਬਿਛੋੜਾ ਦੋ ਤਰਾਂ ਦਾ ਹੁੰਦਾ ਹੈ ੧ ਇਕ ਕਿਦੇ ਕੰਮ ਦੇ ਵਾਸਤੇ ਦਸਾਵਰ ਵਿੱਚ ਜਾਣਾ, ਅਤੇ ੨ ਦੂਜਾ ਮੌਤ ਕਰਕੇ ਵਿੰਜੋਗ ਹੋ ਜਾਂਣਾ, ਇਨਾਂ ਵਿਚੋਂ ਪਹਲੇ ਦਾ ਉਪਾ ਏਹੋ ਹੈ ਕਿ ਦੁਰੇਡੇ ਦੇਸ਼ ਵਿਚੱ ਜਾਤ੍ਰਾ ਵਾਸਤੇ ਜਾਵੇ ਤਾਂ ਇਸਤੀਨੂੰ ਬੀ ਨਾਲ ਰੱਖੇ, ਏਸ ਦਾ ਪ੍ਰਯੋਜਨ ਇਹ ਹੈ ਕਿ ਬਹੁਤ ਕਾਲ ਤੱਕ ਵਿੰਜੋਗ ਨਹੀਂ ਰਹਣਾ ਚਾਹੀਦਾ।

(ਪ੍ਰਸ਼ਨ) ਇਸਤ੍ਰੀ ਅਰ ਪੁਰਸ਼ ਦੇ ਬਹੁਤੇ ਬਿਆਹ ਹੋਣੇ ਉਚਿੱਤ ਹੈਂਨ ਕਿ ਨਹੀਂ ?

(ਉਤ੍ਰ)ਇਕ ਸਮੇ ਵਿਚੱ ਨਹੀਂ।

(ਪ੍ਰਸ਼ਨ)ਕੀ ਹੋਰ ਸਮਿਆਂ ਵਿਚ ਬਹੁਤੇ ਬਿਆਹ ਹੋਣੇ ਚਾਹੀਦੇ ਹਨ।

(ਉਤ੍ਰ) ਹਾਂ ਜੀਕਣ:—

सा चेदक्षतयोनिः स्यात्गतप्रत्यागतापि वा।
पौनर्भवेन भर्त्रा सा पुनः संस्कारमर्हति॥ मनु० ९।१७६॥

ਜਿਹੜੇ ਇਸਤ੍ਰੀ ਜਾਂ ਪੁਰਸ਼ ਦਾ ਹਥਲੇਵਾ ਮਾਤ੍ਰ ਸੰਸਕਾਰ ਹੋਇਆ ਅਰ ਸੰਜੋਗ ਨਾ ਹੋਇਆ ਹੋਵੇ ਅਰਥਾਤ ਜਿਹੜੀ ਅਖੱਤ ਯੋਨੀ ਇਸਤ੍ਰੀ ਅਤੇ ਅਖੱਤ ਬੀਰਜ ਪੁਰਸ਼ ਹੋਵੇ ਉਨਾਂ ਦਾ ਦੂਜੀ ਇਸਤ੍ਰੀ ਜਾਂ ਪੁਰਸ਼ ਦੇ ਨਾਲ ਫੇਰ ਬਿਆਹ ਹੋਣਾ ਚਾਹੀਦਾ ਹੈ, ਕਿੰਤੂ ਬ੍ਰਾਹਮਣ, ਖਤ੍ਰੀ ਅਤੇ ਵੈਸ਼ ਵਰਣਾਂ ਵਿਚ *ਖਤਜ ਜੋਨੀ ਇਸਤ੍ਰੀ †ਖਤਜ ਬੀਰਜ ਪੁਰਸ਼ ਦਾ ਪੁਨਰ ਬਿਆਬ ਨਹੀਂ ਹੋਣਾ

---

*ਉਹ ਇਸਤ੍ਰੀ ਜਿਸਦਾ ਖਾਉਂਦ ਨਾਲ ਮੇਲ ਹੋ ਚੁਕਿਆ ਹੋਵੇ।

†ਉਹ ਮਰਦ ਜਿਸਦਾ ਬਹੁਟੀ ਨਾਲ ਮੇਲ ਹੋ ਚੁਕਿਆ ਹੋਵੇ।

ਚਾਹੀਦਾ।

(ਪ੍ਰਸ਼ਨ)ਪੁਨਰ ਬਿਆਹ ਵਿਚ ਕੀ ਦੋਸ਼ ਹੈ?

(ਉਤ੍ਰ) (ਪਹਲਾਂ)ਇਸਤ੍ਰੀ ਪੁਰਸ਼ ਵਿਚ ਪ੍ਰੇਮ ਦਾ ਘਟ ਹੋ ਜਾਂਣਾ, ਕਿਉਂ ਜੋ ਜਦ ਚਾਹੇ ਤਦ ਪੁਰਸ਼ਨੂੰ ਇਸਤ੍ਰੀ ਅਤੇ ਇਸਤ੍ਰੀ ਨੂੰ ਪੁਰਸ਼ ਛਡਕੇ ਦੂਜੇ ਨਾਲ ਸਰਬੰਧ ਕਰ ਲਵੇ।

(ਦੂਜਾ) ਜਦ ਇਸਤ੍ਰੀ ਅਪਣੇ ਖਾਉਂਦ ਦੇ ਮਰਨ ਪਿੱਛੋਂ ਜਾਂ ਮਰਦ ਅਪਣੀ ਇਸਤ੍ਰੀ ਦੇ ਮਰਨ ਪਿੱਛੋਂ ਦੂਜਾ ਬਿਆਹ ਕਰਨਾ ਚਾਹੁਨ ਤਦ ਪਹਲਾਂ ਇਸਤ੍ਰੀ ਦੇ ਪਹਲੇ ਖਉਂਦ ਦੇ ਪਦਾਰਥਾਂ ਨੂੰ ਉਡਾ ਲੈ ਜਾਣਾ ਅਰ ਉਨ੍ਹਾਂ ਦੇ ਟੱਬਰ ਵਾਲਿਆਂ ਦਾ ਉਨਾਂ ਦੇ ਨਾਲ ਝਗੜਾ ਕਰਨਾ।

(ਤੀਜਾ)ਬਥੇਰੀਆਂ ਚੰਗੀਆਂ ਕੁਲਾਂ ਦਾ ਨਾਉਂ ਜਾਂ ਨਿਸ਼ਾਨ ਬੀ ਨਾ ਰਹਕੇ ਓਸਦੇ ਪਦਾਰਥ ਦਾ ਇਦੇ ਉਦੇ ਨਸ਼ਟ ਹੋ ਜਾਣਾ।

(ਚੌਥਾ) *ਪਤੀਬ੍ਰਤ ਅਤੇ ਇਸਤ੍ਰੀਬ੍ਰਤ ਧਰਮਾਂ ਦਾ ਨਸ਼੍ਰ ਹੋਣਾ, ਏਹੋ ਜੇਹੇ ਦੋਸ਼ਾਂ ਕਰਕੇ ਦੁਜਾਤੀਆਂ ਵਿੱਚ ਪੁਨਰ ਬਿਵਾਹ ਵਾ ਅਨੇਕ ਬਿਵਾਹ ਕਦੀ ਨਹੀਂ ਹੋਣੇ ਚਾਹੀਦੇ।

(ਪ੍ਰਸ਼ਨ)ਜਦ ਬੰਸ ਨ ਵਧੇ ਤਦ ਬੀ ਓਸਦਾ ਕੁਲ ਨਸ਼੍ਰ ਹੋ ਜਾਵੇਗਾ ਅਤੇ ਇਸਤ੍ਰੀ ਪੁਰਸ਼ ਬਿਭਚਾਰ ਆਦੀ ਵਿਚ ਲਗਕੇ ਗਰਭ ਗੇਰਨ ਆਦੀ ਬੜੇ ਦੁਸ਼੍ਰ ਕੰਮ ਕਰਨਗੇ ਏਸ ਲਈ ਪੁਨਰ ਬਿਵਾਹ ਹੋਣਾ ਅਛਾ ਹੈ।

(ਉਤ੍ਰ)ਨਹੀਂ੨ ਕਿਉਂਕਿ ਜੇ ਇਸਤ੍ਰੀ ਪੁਰਸ਼ ਬ੍ਰਹਮਚਰਜ ਕਰਨਾ ਚਾਹੁਨ ਤਾਂ ਕੋਈ ਬੀ ਉਪਦ੍ਰਵ ਨਹੀਂ ਹੋਵੇਗਾ ਅਤੇ ਕੁਲ ਦੀ ਪ੍ਰੰਪਰਾ ਰੱਖਣ ਲਈ ਕਿਸੇ ਆਪਣੀ ਜਾਤ ਵਾਲੇਦਾ ਪੁਤ ਗੋਦੀ ਲੈ ਲੈਨਗੇ ਓਸਤੋਂ ਕੁਲ ਚਲੇਗਾ, ਅਤੇ ਬਿਭਚਾਰ ਬੀ ਨਹੀਂ ਹੋਵੇਗਾ, ਅਰ ਜੇ ਬ੍ਰਹਮਚਰਜ ਨਾ ਰਖ ਸਕਨ ਤਾਂ ਨਿਯੋਗ ਕਰਕੇ ਸੰਤਾਨ ਦੀ ਉਤਪੱਤੀ ਕਰ ਲੈਂਨ।

(ਪ੍ਰਸ਼ਨ)ਪੁਨਰ ਬਿਆਹ ਅਤੇ ਨਿਯੋਗ ਵਿੱਚ ਕੀ ਭੇਦ ਹੈ?

(ਉਤ੍ਰ) (ਪਹਲਾਂ) ਬਿਆਹ ਕਰਨ ਵਿੱਚ ਕੰਨਿਆਂ ਆਪਣੇ ਪਿਊ ਦਾ ਘਰ ਛਡਕੇ ਖਉਂਦ ਦੇ ਘਰ ਜਾਂਦੀ ਹੈ, ਅਤੇ ਪਿਉ ਨਾਲ ਬਹੁਤ ਸਰਬੰਧ ਨਹੀ

---

*ਪਤੀਬ੍ਰਤ ਬੀਂ ਖਉਂਦ ਦੀ ਪ੍ਰਤਗਜਾ, ਅਤੇ ਇਸਤ੍ਰੀ ਬ੍ਰਤ ਬੀਂ ਇਸਤ੍ਰੀ ਦੀ ਪ੍ਰਤਿਗੱਯਾ ਜਾਣਨੀ ਚਾਹੀਦੀ ਹੈ, ਪੁਨਰਬਿਵਾਹ ਕਰਨ ਨਾਲ ਏਹ ਪ੍ਰਤਿਗੱਯਾ ਟੁਟ ਜਾਂਦੀ ਹੈ ਕਿਉਂ ਜੋ ਦੋਹਾਂ ਨੇ ਬਿਆਹ ਦੇਵੇਲੇ ਪ੍ਰਮੇਸ਼ੁਰ ਨੂੰ ਹਾਜਰ ਨਾਜਰ ਜਾਣਕੇ ਸੱਚੀ ਪ੍ਰਤੱਗੱਜਾ ਕੀਤੀ ਸੀ ਕਿ ਜਦ ਤੱਕ ਜੀਉਂਦੇ ਰਹਾਂਗੇ ਤਦ ਤਿਕ ਦੂਜੇ ਦੇ ਨਾਲ ਬਿਆਹ ਨਹੀਂ ਕਰਾਂਗੇ (ਅਨੁਵਾਦ ਕਰਤਾ)

ਰਹਿੰਦਾ, ਪ੍ਰੰਤੂ ਬਿਧਵਾ ਇਸਤ੍ਰੀ ਉਸੇ ਵਿਆਹਤਾ ਖਾਉਂਦ ਦੇ ਘਰ ਵਿਚ ਰਹਿੰਦੀ ਹੈ,(ਦੂਜਾ) ਉਸੇ ਬਿਆਹਤਾ ਇਸਤ੍ਰੀ ਦੇ ਪੁਤ ਉਸ ਬਿਆਹਤਾ ਖਾਉਂਦ ਦੇ ਦਾਯ ਭਾਗੀ (ਵਾਰਸ) ਹੁੰਦੇ ਹਨ, ਪ੍ਰੰਤੂ ਨਿਯੋਗ ਵਾਲੀ ਇਸਤ੍ਰੀ ਦੇ ਪੁਤ ਬੀਰਜ ਦਾਤਾ ਦੇ ਨ ਪੁਤ ਕਹਾਉਂਦੇ ਹਨ, ਨ ਓਸਦਾ ਗੋਤ੍ਰ ਹੁੰਦਾ ਹੈ, ਅਰ ਨਾ ਓਸਦਾ ਇਖਤਿਆਰ ਉਨਾਂ ਮੁੰਡਿਆਂ ਉੱਤੇ ਰਹਿੰਦਾ ਹੈ ਕਿੰਤੂ ਉਹ ਮੁਏ ਹੋਏ ਖਉਂਦ ਦੇ ਪੁਤ ਕਹਾਉਂਦੇ, ਉਸੇ ਦਾ ਗੋਤ੍ਰ ਰਹਿੰਦਾ ਅਤੇ ਉਸੇਦੇ ਪਦਾਰਥਾਂ ਦੇ ਦਾਯਭਾਗੀ ਹੋਕੇ ਉਸੇ ਘਰ ਵਿਚ ਰਹਿੰਦੇ ਹਨ।

(ਤੀਜਾ) ਬਿਆਹਤਾ ਇਸਤ੍ਰੀ, ਪੁਰਸ਼ ਨੂੰ ਕਠਿਆਂ ਮਿਲਕੇ ਸੇਵਾ ਅਤੇ ਪਾਲਣ ਕਰਨਾ ਜ਼ਰੂਰੀ ਹੈ,ਪ੍ਰੰਤੂ ਨਿਯੋਗ ਵਾਲੇ ਇਸਤ੍ਰੀ ਪੁਰਸ਼ ਦਾ ਏਸ ਪ੍ਰਕਾਰ ਦਾ ਕੋਈ ਸਰਬੰਧ ਨਹੀਂ ਰਹਿੰਦਾ

(ਚੌਥਾ) ਬਿਆਹਿਤਾ ਇਸਤ੍ਰੀ ਪੁਰਸ਼ ਦਾ ਸਰਬੰਧ ਦੋਹਾਂ ਦੇ ਮਰਨ ਤਿਕ ਰਹਿੰਦਾ ਹੈ ਪ੍ਰੰਤੂ ਨਿਯੋਗ ਵਾਲੀ ਇਸਤ੍ਰੀ ਪੁਰਸ਼ਦਾ ਸਰਬੰਧ ਕਾਰਜ ਤੋਂ ਪਿੱਛੋਂ ਨਹੀਂ ਰਹਿੰਦਾ।

(ਪੰਜਵਾਂ) ਬਿਆਹਤਾ ਇਸਤ੍ਰੀ ਪੁਰਸ਼ ਰਲ ਕੇ ਘਰ ਦੇ ਕੰਮਾਂ ਨੂੰ ਪੂਰਾ ਕਰਨ ਵਾਸਤੇ ਜਤਨ ਕਰਦੇ ਹਨ, ਅਰ ਨਿਯੋਗ ਵਾਲੇ ਇਸਤ੍ਰੀ ਪੁਰਸ਼ ਆਪੋ ਆਪਣੇ ਘਰ ਦੇ ਕੰਮ ਕਰਦੇ ਰਹਿੰਦੇ ਹਨ।

(ਪ੍ਰਸ਼ਨ)ਬਿਆਹ ਅਤੇ ਨਿਯੋਗ ਦੇ ਨੇਮ ਇੱਕੋ ਜਿਹੇ ਹਨ ਜਾਂ ਭਿੰਨ੨?

(ਉੱਤਰ) ਕੁਝ ਥੋੜਾ ਜਿਹਾ ਭੇਦ ਹੈ, ਜਿੰਨੇ ਉਪਰ ਕਹੇ ਓਸਤੋਂ ਵਧੀਕ ਇਹ ਹਨ।

(ਛੀਵੇਂ) ਬਿਆਹਤਾ ਇਸਤ੍ਰੀ ਪੁਰਸ਼ ਇਕ ਖਾਉਂਦ ਅਤੇ ਇਕ ਹੀ ਇਸਤ੍ਰੀ ਮਿਲਕੇ ਦਸ ਸੰਤਾਨ ਉਤਪੰਨ ਕਰ ਸਕਦੇ ਹਨ, ਪ੍ਰੰਤੂ ਨਿਯੋਗ ਵਾਲੇ ਇਸਤ੍ਰੀ ਪੁਰਸ਼ ਦੋ ਜਾਂ ਚਾਰ ਤੋਂ ਵਧੀਕ ਸੰਤਾਨ ਉਤਪੰਨ ਨਹੀ ਕਰ ਸਕਦੇ ਅਪ੍ਰੰਚ।

(ਸਤਵੇਂ) ਜਿਸਤ੍ਰਾਂ ਕੁਆਰੇ ਕੁਆਰੀ ਦਾ ਹੀ ਬਿਆਹ ਹੁੰਦਾ ਹੈ ਓਸਤ੍ਰਾਂ ਜਿਸਦੀ ਇਸਤ੍ਰੀ ਜਾਂ ਪੁਰਸ਼ ਮਰ ਜਾਂਦਾ ਹੈ ਉਨ੍ਹਾਂ ਦਾ ਹੀ ਨਿਯੋਗ ਹੁੰਦਾ ਹੈ ਕੁਆਰੇ ਕੁਆਰੀ ਦਾ ਨਹੀਂ।

(ਅਠਵੇਂ) ਜਿਸਤਰਾਂ ਬਿਆਹਤਾ ਇਸਤ੍ਰੀ ਪੁਰਸ਼ ਸਦਾ ਕੱਠੇ ਰਹਿੰਦੇ ਹਨ ਓਸ ਤ੍ਰਾਂ ਨਿਯੋਗ ਵਾਲੇ ਇਸਤ੍ਰੀ ਪੁਰਸ਼ ਦਾ ਵਿਹਾਰ ਨਹੀਂ, ਕਿੰਤੂ *ਰਿਤੂ ਦਾਨ ਦੇ ਸਮੇ ਤੋਂ ਬਗੈਰ ਕੱਠੇ ਨ ਹੋਣ, (ਨੌਵੇਂ) ਜੇ ਇਸਤ੍ਰੀ ਅਪਣੇ ਲਈ

---

*ਰਿਤੂ ਦਾਨ ਜਾਂ ਗਰਭਾਧਾਨ ਉਹ ਕ੍ਰਿਯਾ ਹੈ ਜਿਹੜੀ ਕੇਵਲ ਸੰਤਾਨ ਉਤਪੱਤੀ ਦੇ ਵਾਸਤੇ ਉਸੇਵੇਲੇ ਕੀਤੀ ਜਾਂਦੀ ਹੈ ਜਦ ਇਸਤ੍ਰੀ ਮਹੀਨੇ ਪਿੱਛੇ ਨ੍ਹਾ ਧੋਕੇ ਸ਼ੁਧ ਹੋ ਜਾਂਦੀ ਹੈ। (ਅਨੁਵਾਦਕਰਤਾ)

ਨਿਯੋਗ ਕਰੇ ਤਾਂ ਜਦ ਦੂਜਾ ਗਰਭ ਠਹਰ ਜਾਵੇ ਤਾਂ ਉਸੇ ਦਿਨ ਥੀਂ ਇਸਤ੍ਰੀ ਪੁਰਸ਼ ਦਾ ਸਰਬੰਧ ਨਹੀਂ ਰਹਿੰਦਾ, ਅਰ ਜੇ ਪੁਰਸ਼ ਅਪਣੇ ਲਈ ਕਰੇ ਤਾਂ ਬੀ ਦੂਜੇ ਗਰਭ ਦ ਠਹਰਨ ਤੋਂ ਸਰਬੰਧ ਨਹੀਂ ਰਹਿੰਦਾ, ਪ੍ਰੰਤੂ ਓਹੋ ਨਿਯੋਗ ਵਾਲੀ ਇਸਤ੍ਰੀ ਦੋ ਤਿੰਨ ਵਰੇਹਾਂ ਤਿਕ ਉਨ੍ਹਾਂ ਬਚਿਆਂ ਦੀ ਪਾਲਣਾਂ ਕਰਕੇ ਨਿਯੋਗ ਵਾਲੇ ਪੁਰਸ਼ ਨੂੰ ਦੇ ਦੇਵੇ।

ਏਸਤਰਾਂ ਇਕ ਬਿਧਵਾ ਇਸਤ੍ਰੀ ਦੋ ਬੱਚੇ ਅਪਣੇ ਲਈ, ਅਰ ਦੋ ਦੋ ਹੋਰ ਚਾਰ ਨਿਯੋਗ ਵਾਲੇ ਪੁਰਸ਼ਾਂ ਵਾਸਤੇ ਉਤਪੰਨ ਕਰ ਸਕਦੀ ਹੈ, ਅਰ ਇੱਕ ਰੰਡਾ ਪੁਰਸ਼ ਬੀ ਦੋ ਬੱਚੇ ਅਪਣੇ ਵਾਸਤੇ ਅਤੇ ਦੋ ਦੋ ਹੋਰ ਚਾਰ ਬਿਧਵਾ ਇਸਤ੍ਰੀਆਂ ਦੇ ਵਾਸਤੇ ਉਤਪੰਨ ਕਰ ਸਕਦਾ ਹੈ, ਈਕਣ ਮਿਲਕੇ ਦਸ ੨ ਸੰਤਾਨ ਉਤਪੰਨ ਕਰਨ ਦੀ ਆਗਿਆ ਵੇਦ ਵਿਚ ਹੈਃ—

इमां त्वमिन्द्रमीढ्वः सुपुत्रां सुभगां कृणु ।
दशास्यां पुत्राना धेहि पतिमेकादशं कृधि ॥
ऋ० ॥ मं० १० । सू० ८५ । मं० ४५ ॥

ਹੇ ਬੀਰਜ ਸਿੰਚਣ ਵਿਚ ਸਮ੍ਰਥ, ਈਸ਼੍ਵਰਜਵਾਂਨ ਪੁਰਖ ਤੂੰ ਈਕਣ ਬਿਆਹਤਾ ਇਸਤ੍ਰੀ ਜਾਂ ਬਿਧਵਾ ਇਸਤ੍ਰੀਆਂ ਨੂੰ ਸ੍ਰੇਸ਼੍ਟ ਸੰਤਾਨ ਵਾਲੀ ਅਤੇ ਸੁਭਾਗ ਵਾਲੀ ਕਰ, ਏਸ ਬਿਆਹਤਾ ਇਸਤ੍ਰੀ ਵਿਚ ਦਸ ਬੱਚੇ ਉਤਪੰਨ ਕਰ ਅਤੇ ਯਾਹਰਵੀਂ ਇਸਤ੍ਰੀ ਨੂੰ ਜਾਂਣ।

ਹੇ ਇਸਤ੍ਰੀ ਤੂੰ ਬੀ ਬਿਆਹਤਾ ਪੁਰਸ਼ ਜਾਂ ਨਿਯੋਗ ਵਾਲੇ ਪੁਰਸ਼ਾਂ ਥੀਂ ਦਸ ਬੱਚੇ ਉਤਪੰਨ ਕਰ ਅਤੇ ਯਾਰਵਾਂ ਖਾਉਂਦ ਨੂੰ ਜਾਂਣ।

ਇਹ ਵੇਦ ਦੀ ਆਗਿਆ ਹੈ ਕਿ ਬ੍ਰਾਹਮਣ, ਖੱਤ੍ਰੀ, ਅਤੇ ਵੈਸ਼ ਵਰਨ ਵਾਲੀ ਇਸਤ੍ਰੀ ਅਤੇ ਪੁਰਸ਼ ਦਸ ੨ ਸੰਤਾਨ ਥੀਂ ਵਧੀਕ ਉਤਪੰਨ ਨ ਕਰਨ ਕਿੰਉਕਿ ਵਧੀਕ ਉਤਪੰਨ ਕਰਨ ਨਾਲ ਸੰਤਾਨ ਨਿਰਬਲ, ਨਿਰਬੁਧ, ਅਤੇ ਘਟ ਉਮਰ ਵਾਲੇ ਹੁੰਦੇ ਹੈਂਨ, ਅਰ ਇਸਤ੍ਰੀ ਤਥਾ ਪੁਰਸ਼ ਬੀ ਨਿਰਬਲ, ਘਟ ਉਮਰ ਵਾਲੇ ਅਤੇ ਰੋਗੀ ਹੋਕੇ ਬੁਢੇਪੇ ਵਿਚ ਬਥੇਰੇ ਦੁਖ ਪਾਉਂਦੇ ਹੈਂਨ।

(ਪ੍ਰਸ਼ਨ) ਇਹ ਨਿਯੋਗ ਦੀ ਬਾਤ ਬਿਭਚਾਰ ਦੇ ਸਮਾਂਨ ਨਜਰ ਆਉਂਦੀ ਹੈ।

(ਉਤੱਰ ਜਿਸਤਰਾਂ ਬਿਨਾਂ ਬਿਆਹ ਥੋਂ ਪੁਰਸ਼ ਇਸਤ੍ਰੀ ਦਾ ਸਮਾਗਮ ਬਿਭਚਾਰ ਹੁੰਦਾ ਹੈ, ਉਸੇ ਤਰਾਂ ਬਿਨਾਂ ਨਿਯੋਗ ਥੋਂ ਪੁਰਸ਼ ਇਸਤ੍ਰੀ ਦਾ ਸਮਾਗਮ ਬਿਭਚਾਰ ਕਹਾਉਂਦਾ ਹੈ, ਏਸਤੋਂ ਇਹ ਸਿੱਧ ਹੋਇਆ ਕਿ ਜਿਸਤਰਾਂ ਨੇਮ ਨਾਲ ਬਿਆਹ ਦੇ ਹੋਣਤੇ ਬਿਭਚਾਰ ਨਹੀਂ ਕਹਾਉਂਦਾ ਤਾਂ ਨੇਮ ਪੂਰਬਕ ਨਿਯੋਗ ਹੋਣ

ਤੇ ਬਿਭਚਾਰ ਨਹੀ ਕਿਹਾ ਜਾਵੇਗਾ।

ਜਿਸਤਰਾਂ ਇਕ ਦੀ ਧੀ ਦਾ ਦੂਜੇ ਦੇ ਕੁਆਰੇ ਪੁਤ ਨਾਲ ਸ਼ਾਸਤ੍ਰ ਦੀ ਦੱਸੀ ਹੋਈ ਬਿਧੀ ਅਨੁਸਾਰ ਬਿਆਹ ਹੋਣ ਤੇ ਸਮਾਗਮ ਕਰਨ ਵਿਚ ਬਿਭ-ਚਾਰ ਜਾਂ ਪਾਪ ਜਾਂ ਲੱਜਿਆ ਨਹੀਂ ਹੁੰਦੀ ਉਸੇਤਰਾਂ ਵੇਦ ਸ਼ਾਸ਼ਤ੍ਰ ਦੇ ਪ੍ਰਮਾਣ ਅਨਕੂਲ ਨਿਯੋਗ ਕਰਨ ਵਿਚ ਬਿਭਚਾਰ, ਪਾਪ ਅਤੇ ਲਜਿਆ ਨਹੀਂ ਮਨਣੀ ਚਾਹੀਦੀ।

(ਪ੍ਰਸ਼ਨ) ਹੈ ਤਾਂ ਠੀਕ ਪ੍ਰੰਤੂ ਇਹ ਵੇਸ਼ਿਆ ਦੇ ਸਦ੍ਰਸ਼ ਕਰਮ ਨਜ਼ਰ ਆਉਂਦਾ ਹੈ।

(ਉੱਤਰ) ਨਹੀਂ, ਕਿਉਂਕਿ ਵੇਸ਼ਿਆ ਦੇ ਸਮਾਗਮ ਕਰਨ ਵਿੱਚ ਕੋਈ ਨਿਸਚਿਤ ਪੁਰਸ਼ ਜਾਂ ਕੋਈ ਨੇਮ ਨਹੀਂ ਹੈ, ਅਰ ਨਿਯੋਗ ਵਿਚ ਬਿਆਹ ਦੇ ਸਮਾਨ ਨੇਮ ਹੈਂਨ, ਜਿਸਤਰਾਂ ਦੂਜੇ ਨੂੰ ਕੁੜੀ ਦੇਕੇ ਅਤੇ ਬਿਆਹ ਤੋਂ ਪਿੱਛੋਂ ਦੂਜੇ ਦੇ ਨਾਲ ਸਮਾਗਮ ਕਰਨ ਵਿੱਚ ਲਜਿਆ ਨਹੀਂ ਆਉਂਦੀ, ਉਸੇ ਤਰਾਂ ਨਿਯੋਗ ਵਿਚ ਬੀ ਨਹੀਂ ਹੋਣੀ ਚਾਹੀਦੀ, ਹਾਂ ਜੇਹੜੇ ਬਿਭਚਾਰੀ ਪੁਰਸ਼ ਜਾਂ ਇਸਤ੍ਰੀ ਹੁੰਦੇ ਹਨ ਓਹ ਬਿਆਹ ਹੋਣ ਤੇ ਬੀ ਕੁਕਰਮ ਥੀਂ ਨਹੀਂ ਬਚਦੇ।

(ਪ੍ਰਸ਼ਨ) ਸਾਨੂੰ ਨਿਯੋਗ ਦੀ ਬਾਤ ਵਿਚ ਪਾਪ ਮਲੂੰਮ ਹੁੰਦਾ ਹੈ।

(ਉੱਤਰ ਜੇ ਨਿਯੋਗ ਦੀ ਬਾਤ ਵਿਚ ਪਾਪ ਮਨਦੇ ਹੋ ਤਾਂ ਬਿਆਹ ਵਿਚ ਪਾਪ ਕਿਉਂ ਨਹੀਂ ਮਨਦੇ ?

ਪਾਪ ਤਾਂ ਨਿਯੋਗ ਦੇ ਰੋਕਣ ਵਿਚ ਹੈ ਕਿਉਂਕਿ ਈਸ੍ਵਰ ਦੇ ਸ੍ਰਿਸ਼ਟੀ ਕ੍ਰਮ ਅਨਕੂਲ ਇਸਤ੍ਰੀ ਪੁਰਸ਼ ਦਾ ਸੁਭਾਵਕ ਵਿਹਾਰ ਬਿਨਾ ਵਿਰਾਗਵਾਂਨ ਪੂਰਣ ਵਿਦਵਾਂਨ ਯੋਗੀਆਂ ਤੋਂ ਰੁਕ ਨਹੀ ਸਕਦਾ, ਕੀ ਗਰਭ ਪਾਤਨ ਰੂਪ ਬਚਿਆਂ ਦਾ ਮਾਰਨਾ ਅਰ ਬਿਧਵਾ ਇਸਤ੍ਰੀ ਅਤੇ ਰੰਡੇ ਪੁਰਸ਼ਾਂ ਦੇ ਮਹਾਂ ਸੰਤਾਪ ਨੂੰ ਪਾਪ ਨਹੀਂ ਗਿਣਦੇ ਹੋ? ਕਿਉਂਕਿ ਜਦਤਿਕ ਉਹ ਜੁਆਨੀ ਦੀ ਅਵਸਥਾ ਵਿਚ ਹੈਂਨ, ਮਨ ਵਿਚ ਸੰਤਾਨ ਉਤਪੱਤੀ ਅਤੇ ਵਿਸ਼ੇ ਦੀ ਚਾਹੁਨਾ ਹੋਣ ਉੱਤੇ ਕਿਸੇ ਰਾਜ ਵਿਹਾਰ ਅਤੇ ਜਾਤੀ ਵਿਹਾਰ ਦੀ ਰੋਕ ਹੋਣ ਕਰਕੇ ਲੁਕ ਛਿਪਕੇ ਕੁਕਰਮ ਅਤੇ ਭੈੜੇ ਕੰਮ ਹੁੰਦੇ ਹੀ ਰਹਿੰਦੇ ਹਨ, ਏਸ ਬਿਭਚਾਰ ਅਤੇ ਕੁਕਰਮ ਦੇ ਰੋਕਣ ਦਾ ਇਕ ਏਹੋ ਹੀ ਸ੍ਰੇਸ਼ਟ ਉਪਾ ਹੈ ਕਿ ਜੇ ਇੰਦ੍ਰੀਆਂ ਨੂੰ ਜਿਤ ਸੱਕਨ ਤਾਂ ਬਿਆਹ ਅਤੇ ਨਿਯੋਗ ਬੀ ਨ ਕਰਨ ਤਾਂ ਠੀਕ ਹੈ, ਪ੍ਰੰਤੂ ਜਿਹੜੇ ਅਜਹੇ ਨਾ ਹੋਂਨ ਉਨਾਂ ਦਾ ਬਿਆਹ ਅਰ ਆਪਤ ਕਾਲ ਅਰਥਾਤ ਲਾਚਾਰੀ ਦੇ ਵੇਲੇ ਨਿਯੋਗ ਜਰੂਰ ਹੋਣਾ ਚਾਹੀਦਾ ਹੈ, ਏਸ ਤੋਂ ਬਿਭਚਾਰ ਦਾ ਘਟ ਹੋਣਾ, ਪ੍ਰੇਮ ਨਾਲ ਉੱਤਮ ਸੰਤਾਨ ਦ ਹੋਣ ਕਰਕੇ ਮਨੁੱਸ਼ਾਂ ਦਾ ਵਾਧਾ ਹੋਣਾ ਸੰਭਵ ਹੈ, ਅਰ ਗਰਭ ਹਤਿਆ ਦਾ ਹੋਣਾ ਸਰਬ ਥਾ ਬੰਦ ਹੋ ਜਾਂਦਾ ਹੈ, ਨੀਚ ਪੁਰਸ਼ਾਂ ਨਾਲ ਉੱਤਮ ਇਸਤ੍ਰੀ ਅਰ ਵੇਸ਼ਿਆ ਆਦੀ ਨੀਚ ਇਸਤ੍ਰੀਆਂ ਨਾਲ ਉੱਤਮ ਪੁਰਸ਼ਾਂ

ਦਾ ਬਿਭਚਾਰ ਰੂਪੀ ਕੁਕਰਮ, ਉੱਤਮ ਕੁਲਾਂ ਦਾ ਕਲੰਕ, ਬੰਸ ਦਾ ਰੁਕ ਜਾਂਣਾ, ਇਸਤ੍ਰੀ ਪੁਰਸ਼ਾਂ ਦਾ ਸੰਤਾਪ, ਅਰ ਗਰਭ ਹਤਿਆ ਆਦੀ ਕੁਕਰਮ ਬਿਆਹ ਅਤੇ ਨਿਯੋਗ ਥੀਂ ਨਵਿਰਤ ਹੁੰਦੇ ਹੈਂਨ. ਏਸ ਕਰਕੇ ਨਿਯੋਗ ਕਰਨਾ ਚਾਹੀਏ।

(ਪ੍ਰਸ਼ਨ) ਨਿਯੋਗ ਵਿਚ ਕੀ ੨ ਬਾਤ ਹੋਣੀ ਚਾਹੀਏ ?

(ਉੱਤ੍ਰ) ਜਿਸਤ੍ਰਾਂ ਪ੍ਰਸਿੱਧੀ ਨਾਲ ਬਿਆਹ ਉਸੇ ਤਰਾਂ ਪ੍ਰਸਿਧੀ ਨਾਲ ਨਿਯੋਗ, ਜਿਸਤਰਾਂ ਬਿਆਹ ਵਿਚ ਭਲੇ ਲੋਕਾਂ ਦੀ ਸਲਾਹ ਅਤੇ ਕੰਨਿਆਂ ਵਰ ਦੀ ਪ੍ਰਸੰਨਤਾ ਹੁੰਦੀ ਹੈ ਉਸੇ ਤਰਾਂ ਨਿਯੋਗ ਵਿਚ ਬੀ ਹੋਣੀ ਚਾਹੀਏ, ਅਰਥਾਤ ਜਦ ੨ ਇਸਤ੍ਰੀ ਪੁਰਸ਼ਾਂ ਦਾ ਨਿਯੋਗ ਹੋਣਾ ਹੋਵੇ ਤਦ ਅਪਨੇ ਕੁਟੰਬ ਵਿਚ ਪੁਰਸ਼ ਇਸਤ੍ਰੀਆਂ ਦੇ ਸਾਮਣੇ ਪ੍ਰਗਟ ਕਰਨ ਕਿ ਅਸੀ ਦੋਨੋਂ ਨਿਯੋਗ ਸੰਤਾਨ ਉਤਪੱਤੀ ਦੇ ਲਈ ਕਰਨੇ ਹਾਂ, ਜਦ ਜਦ ਨਿਯੋਗ ਦਾ ਪ੍ਰਯੋਜਨ ਪੂਰਾ ਹੋ ਜਾਵੇਗਾ ਤਦ ਸਾਡਾ ਸਰਬੰਧ ਨਹੀ ਰਹਵੇ ਗਾ, ਜੇ ਏਸਥੀਂ ਉਲਟ ਕਰੀਏ ਤਾਂ ਪਾਪੀ ਅਤੇ ਜਾਤ ਜਾਂ ਰਾਜਾ ਦੇ ਡੰਡ ਦੇ ਭਾਗੀ ਹੋਵਾਂਗੇ, ਮਹੀਨੇ ੨ ਵਿੱਚ ਇੱਕ ਵੇਰ ਗਰਭਾਧਾਨ ਦਾ ਕੰਮ ਕਰਾਂਗੇ, ਗਰਭ ਠਹਰਨ ਤੋਂ ਪਿੱਛੇ ਇਕ ਵਰ੍ਹਾ ਤੀਕ ਵਖਰੇ ਰਹਾਂਗੇ।

(ਪ੍ਰਸ਼ਨ) ਨਿਯੋਗ ਅਪਣੇ ਵਰਣ ਵਿਚ ਹੋਣਾ ਚਾਹੀਏ ਜਾਂ ਦੂਜੇ ਵਰਨਾਂ ਦੇ ਨਾਲ ਬੀ।

(ਉਤੱਰ) ਅਪਣ ਵਰਣ ਵਿੱਚ ਜਾਂ ਅਪਣੇ ਤੋਂ ਉੱਤਮ ਵਰਣ ਵਾਲੇ ਪੁਰਸ਼ ਦੇ ਨਾਲ ਅਰਥਾਤ ਵੈਸ਼ ਇਸਤ੍ਰੀ ਵੈਸ਼, ਖੱਤ੍ਰੀ, ਅਤੇ ਬ੍ਰਾਹਮਣ ਮਰਦ ਦੇ ਨਾਲ। ਖਤ੍ਰਾਣੀ ਖੱਤ੍ਰੀ ਅਤੇ ਬ੍ਰਾਹਮਣ ਦੇ ਨਾਲ, ਬ੍ਰਾਹਮਣੀ ਬ੍ਰਾਹਮਣ ਦੇ ਨਾਲ ਨਿਯੋਗ ਕਰ ਸਕਦੀ ਹੈ।

ਏਸਦਾ ਤਾਤਪਰਜ ਏਹ ਹੈ ਕਿ ਬੀਰਜ ਬ੍ਰਾਬਰ ਜਾਂ ਉਤੱਮ ਵਰਣ ਦਾ ਚਾਹੀਏ, ਅਪਣੇ ਤੋਂ ਨੀਚ ਵਰਣ ਦਾ ਨਹੀ।

ਇਸਤ੍ਰੀ ਅਤੇ ਪੁਰਸ਼ ਦੀ ਸ੍ਰਿਸ਼ਟੀ ਦਾ ਏਹੋ ਪ੍ਰੋਜਨ ਹੈ ਕਿ ਧਰਮ ਨਾਲ ਅਰਥਾਤ ਵੇਦ ਦੀ ਕਹੀ ਹੋਈ ਰੀਤ ਨਾਲ ਬਿਆਹ ਜਾਂ ਨਿਯੋਗ ਕਰਕੇ ਸੰਤਾਨ ਦੀ ਉਤਪੱਤੀ ਕਰਨ।

(ਪ੍ਰਸ਼ਨ) ਪੁਰਸ਼ ਨੂੰ ਨਿਯੋਗ ਕਰਨ ਦੀ ਕੀ ਜਰੂਰਤ ਹੈ ਕਿਉਂਕਿ ਉਹ ਦੂਜਾ ਬਿਆਹ ਕਰ ਲਵੇਗਾ।

(ਉਤੱਰ) ਅਸੀ ਲਿਖ ਆਏ ਹਾਂ ਕਿ ਦ੍ਵਿਜਾਂ ਵਿਚ ਇਸਤ੍ਰੀ ਅਤੇ ਪੁਰਸ਼ ਦਾ ਇਕ ਹੀ ਵਾਰ ਬਿਆਹ ਹੋਣਾ ਵੇਦ ਅਦੀ ਸ਼ਾਸਤ੍ਰਾਂ ਵਿੱਚ ਲਿਖਿਆ ਹੈ ਦੂਜੀ ਵਾਰ ਨਹੀਂ, ਕੁਆਰੇ ਅਤੇ ਕੁਆਰੀ ਦੇਹੀ ਬਿਆਹ ਹੋਣ ਵਿੱਚ ਨਿਆਂ, ਅਰ ਬਿਧਵਾ ਇਸਤ੍ਰੀ ਦੇ ਨਾਲ ਕੁਆਰੇ ਮਰਦ, ਅਤੇ ਕੁਆਰੀ ਇਸਤ੍ਰੀ ਦੇ ਨਾਲ ਰੰਡਵੇ ਪੁਰਸ਼ ਦੇ ਬਿਆਹ ਹੋਣ ਵਿਚ ਅੰਨਿਆਂ ਅਰਥਾਤ

ਅਧਰਮ ਹੈ, ਜਿਸਤਰਾਂ ਬਿਧਵਾ ਇਸਤ੍ਰੀ ਦੇ ਨਾਲ ਪੁਰਸ਼ ਬਿਆਹ ਕਰਨਾ ਨਹੀਂ ਚਾਹੁੰਦਾ ਉਸੇ ਤਰਾਂ ਹੀ ਬਿਆਹੇ ਹੋਏ ਅਰਥਾਤ ਇਸਤ੍ਰੀ ਨਾਲ ਸਮਾਗਮ ਕੀਤੇ ਹੋਏ ਪੁਰਸ਼ ਦੇ ਨਾਲ ਕੁਵਾਰੀ ਬੀ ਬਿਆਹ ਕਰਨ ਦੀ ਇਛਿਆ ਨਹੀਂ ਕਰੂਗੀ,

ਜਦ ਬਿਆਹ ਕੀਤੇ ਹੋਏ ਮਰਦਨੂੰ ਕੋਈ ਕੁਆਰੀ ਕੰਨਿਆਂ ਅਰ ਬਿਧਵਾ ਇਸਤ੍ਰੀ ਨੂੰ ਕੋਈ ਕੁਆਰਾ ਪੁਰਸ਼ ਪਸੰਦ ਨ ਕਰੇਗਾ ਤਦ ਪੁਰਸ਼ ਅਤੇ ਇਸਤ੍ਰੀ ਨੂੰ ਨਿਯੋਗ ਕਰਨ ਦੀ ਜ਼ਰੂਰਤ ਹੋਵੇਗੀ, ਅਰ ਏਹੋ ਧਰਮ ਹੈ ਕਿ ਜਹੇ ਨਾਲ ਤਹੇ ਦਾ ਸਰਬੰਧ ਹੋਣਾ ਚਾਹੀਦਾ ਹੈ।

(ਪ੍ਰਸ਼ਨ) ਜਿਸਤਰਾਂ ਬਿਆਹ ਦੇ ਵਾਸਤੇ ਵੇਦ ਆਦੀ ਸ਼ਾਸਤ੍ਰਾਂ ਦਾ ਪ੍ਰਮਾਣ ਹੈ ਓਸੇ ਤਰਾਂ ਨਿਯੋਗ ਵਿਚ ਪ੍ਰਮਾਣ ਹੈ ਕਿ ਨਹੀਂ?

(ਉੱਤਰ) ਏਸ ਵਿਸ਼ੇ ਵਿਚ ਬਥੇਰੇ ਪ੍ਰਮਾਣ ਹਨ ਵੇਖੋ ਅਤੇ ਸੁਣੋ:-

कुहस्विद्दोषा कुहवस्तोरश्विना कुहाभिपित्वं करतः कुहो-
षतुः । को वां शयुत्रा विधवेव देवरं मर्यं न योषा कृणुते सधस्थ
आ ॥ ऋ० ॥ मं० १० । सू० ४० । मं० २ ॥

उदीर्ष्व नार्यभिजीवलोकं गतासुमेतमुप शेषएहि । हस्त
ग्राभस्य दिधिषोस्तवेदं पत्युर्जनित्वमभि सं बभूथ ॥
ऋ० ॥ मं०१० । सू० १८ । मं० ८ ॥

ਹੇ ਇਸਤ੍ਰੀ ਪੁਰਸ਼ੋ ਜਿਸ ਤਰਾਂ ਦੇਵਰ ਦੇ ਨਾਲ ਬਿਧਵਾ ਅਤੇ ਬਿਆਹੀ ਹੋਈ ਇਸਤ੍ਰੀ ਅਪਣੇ ਖਾਂਉਂਦ ਦੇ ਨਾਲ ਸਮਾਨ ਇਸਥਾਨ ਅਤੇ ਸੇਜੇ ਵਿਚ ਇਕੱਠੇ ਹੋਕੇ ਸੰਤਾਨ ਉਤਪੱਤੀ ਨੂੰ ਸਭ ਪ੍ਰਕਾਰ ਨਾਲ ਉਤਪੰਨ ਕਰਦੀ ਹੈ, ਉਸੇ ਤਰਾਂ ਤੁਸੀਂ ਦੋਨੋਂ ਬਿਆਹਤਾ ਇਸਤ੍ਰੀ, ਪੁਰਸ਼ ਕਿੱਥੇ ਰਾਤ ਅਤੇ ਕਿੱਥੇ ਦਿਨ ਨੂੰ ਰਹੋਗੇ, ਕਿੱਥੇ ਪਦਾਰਥਾਂ ਦੀ ਪ੍ਰਾਪਤੀ ਕੀਤੀ ਅਰ ਕਿਹੜੇ ਵੇਲੇ ਕਿੱਥੇ ਰਹਿੰਦੇ ਸਾਓ, ਤੁਹਾਡੀ ਸੌਣ ਦੀ ਜਗਾ ਕਿੱਥੇ ਹੈ, ਤਥਾ ਕੌਣ ਹੋ ਸਾਂ ਕਿਹੜੇ ਦੇਸ਼ ਦੇ ਰਹਣ ਵਾਲੇ ਹੋ?

ਏਸ ਤੋਂ ਇਹ ਸਿੱਧ ਹੋਇਆ ਕਿ ਦੇਸ ਪ੍ਰਦੇਸ ਵਿਚ ਬਿਆਹਤਾ ਇਸਤ੍ਰੀ ਪੁਰਸ਼ ਕੱਠੇ ਹੀ ਰਹਨ ਅਰ ਬਿਆਹਤਾ ਖਉਂਦ ਦੇ ਸਮਾਨ ਨਿਯੋਗ ਵਾਲੇ ਖਉਂਦ ਨੂੰ ਗ੍ਰਹਣ ਕਰਕੇ ਬਿਧਵਾ ਇਸਤ੍ਰੀ ਬੀ ਸੰਤਾਨ ਉਤਪੱਤੀ ਕਰ ਲਵੇ।

(ਪ੍ਰਸ਼ਨ) ਜੇ ਕਿਸੇ ਦਾ ਛੋਟਾ ਭਰਾ ਹੀ ਨ ਹੋਵੇ ਤਾਂ ਬਿਧਵਾ ਨਿਯੋਗ ਕਿਸ ਦੇ ਨਾਲ ਕਰੇ?

(ਉੱਤਰ) ਦੇਵਰ ਦੇ ਨਾਲ, ਪ੍ਰੰਤੂ ਦੇਵਰ ਸ਼ਬਦ ਦਾ ਅਰਥ ਉਹ ਨਹੀਂ ਜਿਹੜਾ ਤੁਸੀ ਸਮਝਦੇ ਹੋ, ਦੇਖੋ ਨਿਰੁਕਤ (ਗ੍ਰੰਥ) ਵਿਚ ਇਹ ਲਿਖਿਆ ਹੈ:—

देवरः कस्मात् द्वितीयो वर उच्यते ॥ निरु० ॥ अ० ३ । खण्ड १५ ।

ਦੇਵਰ ਓਸਨੂੰ ਕਹਿੰਦੇ ਹਨ ਕਿ ਜਿਹੜਾ ਬ੍ਰਿਧਵਾ ਦਾ ਦੂਜਾ ਖਉਂਦ ਹੁੰਦਾ ਹੈ, ਭਾਵੇਂ (ਖਉਂਦ ਦਾ) ਛੋਟਾ ਭਰਾ ਭਾਵੇਂ ਵੱਡਾ ਭਰਾ ਹੋਵੇ, ਅਥਵਾ ਅਪਣੇ ਵਰਣ ਜਾਂ ਅਪਣੇ ਤੋਂ ਉੱਤਮ ਵਰਣ ਵਾਲਾ ਹੋਵੇ, ਜਿਸ ਨਾਲ ਨਿਯੋਗ ਕਰੇ ਉਸੇ ਦਾ ਨਾਉਂ ਦੇਵਰ ਹੈ।

ਹੇ ਬਿਧਵਾ ਇਸਤ੍ਰੀ ਤੂੰ ਏਸ ਮੁਏ ਹੋਏ ਖਉਂਦ ਦੀ ਆਸ਼ਾ ਛਡਕੇ ਬਾਕੀ ਪੁਰਸ਼ਾਂ ਵਿੱਚੋਂ ਦੂਜੇ ਜੀਉਂਦੇ ਖਉਂਦ ਨੂੰ ਪ੍ਰਾਪਤ ਹੋ, ਅਰ ਏਸ ਬਾਤ ਦਾ ਵਿਚਾਰ ਅਤੇ ਨਿਸਚਾ ਰਖ ਕਿ ਜੇ ਤੇਰੇ ਬਿਧਵਾ ਦੇ ਦੂਜੀ ਵਾਰ ਹਥਲੇਵਾ ਲੈਣ ਵਾਲੇ ਨਿਯੋਗ ਕਰਨ ਵਾਲੇ ਖਉਂਦ ਦੇ ਸਰਬੰਧ ਦੇ ਲਈ ਨਿਯੋਗ ਹੋਵੇਗਾ ਤਾਂ ਏਹ ਜਣਿਆ ਹੋਇਆ ਬਾਲਕ ਉਸੇ ਨਿਯੋਗ ਕਰਨ ਵਾਲੇ ਖਉਂਦ ਦਾ ਹੋਵੇਗਾ, ਅਰ ਜੇ ਤੂੰ ਅਪਣੇ ਲਈ ਨਿਯੋਗ ਕਰੇਂਗੀ ਤਾਂ ਇਹ ਸੰਤਾਨ ਤੇਰੀ ਹੋਵੇਗੀ, ਈਕਣ ਨਿਸਚਾ ਕਰ ਅਰ ਨਿਯੋਗ ਕਰਨ ਵਾਲਾ ਪੁਰਸ਼ ਬੀ ਈਕਣ ਨੇਮ ਦਾ ਪਾਲਣ ਕਰੇ।

अदेवृघ्न्यपतिघ्नी हैधि शिवा पशुभ्यः सुयमाः सुवर्चाः ।
प्रजावती वीरसूर्देवृकामा स्योनेममग्निं गार्हपत्यं सपर्य ॥

अथर्व० ॥ कां०१४ । अनु०२ । मं० १८ ॥

ਹੇ ਪਤੀ (ਖਉਂਦ) ਅਤੇ ਦੇਵਰ ਨੂੰ ਦੁਖ ਨ ਦੇਣ ਵਾਲੀ ਇਸਤ੍ਰੀ, ਤੂੰ ਏਸ ਗ੍ਰਹਸਤ ਆਸ਼੍ਰਮ ਵਿਚ ਪਸ਼ੂਆਂ ਦੇ ਨਾਲ ਭਲਾਈ ਕਰਨਵਾਲੀ, ਚੰਗੀ ਤਰਾਂ ਧਰਮ ਦੇ ਨੇਮ ਤੇ ਚਲੱਣ ਵਾਲੀ, ਰੂਪ ਵਤੀ, ਅਤੇ ਸਾਰੇ ਸ਼ਾਸਤ੍ਰਾਂ ਦੀ ਵਿੱਦਯਾ ਵਾਲੀ, ਉੱਤਮ ਸੰਤਾਨ ਉਤਪੰਨ ਕਰਨ ਵਾਲੀ, ਸੂਰ ਬੀਰ ਪੁਤਰਾਂ ਦੇ ਜਣਨ ਵਾਲੀ, ਦੇਵਰ ਦੀ ਕਾਮਨਾ ਕਰਨ ਵਾਲੀ, ਸੁਖ ਦੇ ਦੇਣਵਾਲੀ, ਪਤੀ ਜਾਂ ਦੇਵਰ ਨੂੰ ਪ੍ਰਾਪਤ ਹੋਕੇ ਗ੍ਰਹਸਤ ਸਰਬੰਧੀ ਜੋ ਇਹ ਅਗਨੀ ਹੋਤ੍ਰ ਹੈ ਓਸਨੂੰ ਕੀਤਾ ਕਰ,

तामनेन विधानेन निजो विन्देत देवरः ॥ मनु० ९ । ६९ ॥

ਜੋ ਅਖਿਯਤ ਯੂਨੀ ਇਸਤ੍ਰੀ ਬਿਧਵਾ ਹੋ ਜਾਵੇ ਤਾਂ ਪਤੀ ਦਾ ਸਕੱਾ ਛੋਟਾ ਭਾਈ ਬੀ ਓਸ ਨਾਲ ਬਿਆਹ ਕਰ ਸਕਦਾ ਹੈ।

(ਪ੍ਰਸ਼ਨ) ਇਕ ਇਸਤ੍ਰੀ ਵਾ ਪੁਰਸ਼ ਕਿੰਨੇ ਨਿਯੋਗ ਕਰ ਸਕਦੇ ਹਨ, ਅਤੇ ਬਿਆਹਤਾ ਅਤੇ ਨਿਯੋਗ ਵਾਲੇ ਪਤੀਆਂ ਦੇ ਨਾਉਂ ਕੀ ਹੁੰਦੇ ਹਨ।

सोमः प्रथमो विविदे गन्धर्वो विविद उत्तरः।
तृतीयो अग्निष्टे पतिस्तुरीयस्ते मनुष्यजाः॥

ऋ० मं० १०। सू० ८५। मं० ४०॥

(ਉੱਤਰ) ਹੇ ਇਸਤ੍ਰੀ ਜਿਹੜਾ ਤੈਨੂੰ ਪਹਲਾ ਬਿਆਹਤਾ ਪਤੀ ਪ੍ਰਾਪਤ ਹੁੰਦਾ ਹੈ ਓਸਦਾ ਨਾਉਂ ਸੁਕਮਾਰਤਾ ਆਦੀ ਗੁਣਾਂ ਕਰਕੇ ਸੋਮ, ਜਿਹੜਾ ਦੂਜਾ ਨਿਯੋਗ ਥੀਂ ਪ੍ਰਾਪਤ ਹੁੰਦਾ ਹੈ ਉਹ ਇਕ ਇਸਤ੍ਰੀ ਨਾਲ ਭੋਗ ਕਰ ਲੈਣ ਕਰਕੇ ਗੰਧਰਬ, ਜਿਹੜਾ ਦੁਹਾਂ ਦੇ ਪਿੱਛੇ ਤੀਜਾ ਖਉਂਦ ਹੁੰਦਾ ਹੈ ਉਹ ਅਤੀ ਉਸ਼ਨੱਤਾ ਵਾਲਾ ਹੋਣ ਕਰਕੇ ਅਗਨੀ ਨਾਉਂ ਵਾਲਾ, ਅਰ ਜਿਹੜੇ ਤੇਰੇ ਚੌਥੇ ਤੋਂ ਲੈਕੇ ਯਾਹਰਵੇਂ ਤਿਕ ਨਿਯੋਗ ਦ ਪਤੀ ਹੁੰਦੇ ਹਨ ਉਹ ਮਨੁੱਸ਼ ਨਾਉਂ ਥੀ ਪ੍ਰਸਿਧ ਹੁੰਦੇ ਹਨ।

ਅਰ ਜੀਕਣ (इमां त्वमिन्द्र)–ਏਸ ਮੰਤ੍ਰ ਦੇ ਅਨਕੂਲ ਯਾਹਰਵੇ ਪੁਰਸ਼ ਤਿੱਕ ਇਸਤ੍ਰੀ ਨਿਯੋਗ ਕਰਸਕਦੀ ਹੈ, ਊਕਣ ਮਰਦ ਬੀ ਯਾਹਰਵੀ ਇਸਤ੍ਰੀ ਤਿਕ ਨਿਯੋਗ ਕਰ ਸਕਦਾ ਹੈ!

(ਪ੍ਰਸ਼ਨ) ਏਕਾਦਸ਼ ਸ਼ਬਦ ਥੀਂ ਦਸ ਸੰਤਾਂਨ ਅਤੇ ਯਾਹਰਵੇਂ ਖਉਂਦ ਨੂੰ ਕਿਉਂ ਨ ਗਿਣੀਏ।

(ਉੱਤਰ) ਜੇ ਅਜੇਹਾ ਅਰਥ ਕਰੋਗੇ ਤਾਂ:–

'विधवेव देवरम्' 'देवरः कस्माद द्वितीयो वर उच्यते'
'अदेवृघ्नि' ਅਰ गन्धर्वो विविद उत्तरः'

ਇਨ੍ਹਾਂ ਵੇਦ ਦੇ ਪ੍ਰਮਾਣਾਂ ਥੀਂ ਉਲਟਾ ਅਰਥ ਹੋਵੇਗਾ, ਕਿਉਂ ਜੋ ਤੁਹਾਡੇ ਅਰਥ ਦੇ ਅਨੁਕੂਲ ਦੂਜਾ ਬੀ ਖਉਂਦ ਪ੍ਰਾਪਤ ਨਹੀਂ ਹੋ ਸਕਦਾ।

देवराद्वा सपिण्डाद्वा स्त्रिया सम्यङ् नियुक्तया।
प्रजेप्सिताधि गन्तव्या सन्तानस्य परिक्षये॥१॥
ज्येष्ठो यवीयसो भार्यां यवीयान्वाग्रजस्त्रियम्।
पतितौ भवतो गत्वा नियुक्तावप्यनापदि॥२॥
औरसः क्षेत्रजश्चैव॥३॥ मनु० ९ ५९। ५८ १५९॥

ਇਹ ਸਭ ਮਨੂੰ ਜੀ ਨੇ ਲਿਖਯਾ ਹੈ ਕਿ (ਸਪਿੰਡ) ਅਰਥਾਤ ਖਉਂਦ ਦੀ ਛੀ ਪੀੜ੍ਹਿਆਂ ਵਿਚ ਖਉਂਦ ਦੇ ਛੋਟੇ ਯਾਂ ਵਡੇ ਭਰਾ ਅਥਵਾ ਸਜਾਤੀ ਤਥਾ

ਆਪਣੇ ਤੋਂ ਉਤੱਮ ਜਾਤ ਵਾਲੇ ਪੁਰਸ਼ ਨਾਲ ਬਿਧਵਾ ਇਸਤ੍ਰੀ ਦਾ ਨਿਯੋਗ ਹੋਣ ਚਾਹੀਏ, ਜੇ ਓਹ ਰੰਡਾ ਪੁਰਸ਼ ਅਤੇ ਬਿਧਵਾਇਸਤ੍ਰੀਸੰਤਾਨਉਤਪੱਤੀਦੀਇਛਿਆ ਕਰਦੀ ਹੋਵੇ ਤ੍ਰਾਂ ਨਿਯੋਗ ਹੋਣਾ ਉਚਿੱਤ ਹੈ, ਜਾਂ ਜਦ ਸੰਤਾਨ ਸਰਬਥਾ ਨ ਠਹਰੇ ਤਦ ਨਿਯੋਗ ਹੋਵੇ, ਜੇ ਆਪਤ ਕਾਲ ਬਗੈਰ ਅਰਥਾਤ ਸੰਤਾਂਨ ਦੇ ਹੋਣਦੀ ਇਛਿਆ ਨ ਹੋਣ ਉੱਤੇ ਵਡੇ ਭਰਾ ਦੀ ਇਸਤ੍ਰੀ ਨਾਲ ਛੋਟੇ ਦਾ ਅਰ ਛੋਟੇ ਦੀ ਇਸਤ੍ਰੀ ਨਾਲ ਵੱਡੇ ਭਰਾ ਦਾ ਨਿਯੋਗ ਹੋਕੇ ਸੰਤਾਂਨ ਉਤਪੱਤੀ ਹੋ ਜਾਣ ਤੇ ਬੀ ਦੂਜੀ ਵੇਰ ਓਹ ਨਿਯੋਗ ਕਰਨ ਵਾਲੇ ਆਪਸ ਵਿਚ ਸਮਾਗਮ ਕਰਨ ਤਾਂ ਓਹ ਆਪਣੇ ਧਰਮ ਥੀਂ ਪਤਤ ਸਮਝੇ ਜਾਂਨ, ਤਾਤਪਰਜ ਇਹ ਹੈ ਕਿ ਇਕ ਨਿ-ਯੋਗ ਵਿਚ ਦੂਜੇ ਬੱਚੇ ਦੇ ਗਰਭ ਰਹਣ ਤਿੱਕ ਨਿਯੋਗ ਦੀ ਅਵਧੀ ਹੈ ਏਸ ਤੋਂ ਪਿੱਛੋਂ ਸਮਾਗਮ ਨਾ ਕਰਨ, ਅਰ ਜੇ ਦੋਹਾਂ ਦੇ ਵਾਸਤੇ ਨਿਯੋਗ ਹੋਵੇ ਤਾਂ ਚੌਥੇ ਗਰਭ ਤਿੱਕ, ਮੁਕਦੀ ਗਲ ਇਹ ਹੈ ਕਿ ਉਪਰ ਲਿਖੀ ਹੋਈ ਰੀਤ ਨਾਲ ਦਸ ਸੰਤਾਂਨ ਤਿੱਕ ਹੋ ਸਕਦੇ ਹਨ, ਏਸ ਤੋਂ ਪਿਛੇ ਵਿਸ਼ੇ ਆਸਕਤੀ ਗਿਣੀ ਜਾਂਦੀ ਹੈ, ਅਤੇ ਇਸੇ ਕਰਕੇ ਓਹ ਪਤਤ ਗਿਣੇ ਜਾਂਦੇ ਹੈਂਨ, ਅਰ ਜੇ ਬਿਆਹ ਤਾ ਇਸਤ੍ਰੀ ਪੁਰਸ਼ ਬੀ ਦਸਵੇਂ ਗਰਭ ਥੀਂ ਵਧੀਕ ਸਮਾਗਮ ਕਰਨ ਤਾਂ ਕਾਮੀ ਅਤੇ ਨਿੰਦਤ ਹੁੰਦੇ ਹਨ, ਅਰਥਾਤ ਬਿਆਹ ਅਤੇ ਨਿਯੋਗ ਸੰਤਾਨ ਦੇ ਵਾਸਤੇ ਹੀ ਕੀਤੇ ਜਾਂਦੇ ਹਨ, ਬੇ ਸੋਚੇ ਸਮਝੇ ਵਿਸ਼ੇ ਦੇ ਭੋਗਣ ਵਾਸਤੇ ਨਹੀਂ।

(ਪ੍ਰਸ਼ਨ) ਨਿਯੋਗ ਮਰਨ ਤੋਂ ਪਿਛੋਂ ਹੁੰਦਾ ਹੈ ਜਾਂ ਖਉਂਦ ਦੇ ਜੀਉਂਦਿਆਂ ਬੀ।

(ਉਤ੍ਰ) ਜੀਉਂਦਿਆ ਬੀ ਹੁੰਦਾਂ ਹੈ।

अन्यमिच्छस्व सुभगे पतिं मत् ॥ ऋ० मं० १० । सू० १० मं० १० ॥

ਜਬ ਖਉਂਦ ਸੰਤਾਂਨ ਉਤਪੱਤੀ ਵਿਚ ਸਮਰਥ ਨ ਹੋਵੇ ਤਦ ਆਪਣੀ ਇਸਤ੍ਰੀ ਨੂੰ ਆਗਿਆ ਦੇਵੇ ਕਿ ਹੇ ਭਾਗਵਾਂਨ ਸੰਤਾਨ ਦੀ ਇਛ-ਆ ਕਰਨ ਵਾਲੀ ਇਸਤ੍ਰੀ ਤੂੰ ਮੇਰੇ ਤੋਂ ਦੂਜੇ ਖਉਂਦ ਦੀ ਇਛਿਆ ਕਰ, ਕਿਉਂ ਜੋ ਹੁਣ ਮੇਰੇ ਤੋਂ ਸੰਤਾਂਨ ਉਤਪੱਤੀ ਦੀ ਆਸ਼ਾ ਨਹੀਂ ਹੈ, ਤਦ ਇਸਤ੍ਰੀ ਦੂਜੇ ਦੇ ਨਾਲ ਨਿਯੋਗ ਕਰਕੇ ਸੰਤਾਂਨ ਉਤਪੰਨ ਕਰ ਲਵੇ ਪ੍ਰੰਤੂ ਓਸਬਿਆਹੇ ਮਹਾਸੇ ਖਉਂਦ ਦੀ ਸੇਵਾ ਵਿਚ ਤਤਪਰ ਰਹੇ, ਇਸੇ ਤਰਾਂ ਇਸਤ੍ਰੀ ਬੀ ਜਦ ਰੋਗ ਆਦੀ ਦੋਸ਼ਾਂ ਕਰਕੇ ਸੰਤਾਨ ਉਤਪੱਤੀ ਵਿਚ ਅਸਮਰਥ ਹੋਵੇ ਤਦ ਆਪਣੇ ਖਉਂਦ ਨੂੰ ਆਗਿਆ ਦੇਵੇ ਕਿ ਹੇ ਸ੍ਵਾਮੀ ਤੁਸੀ ਸੰਤਾਂਨ ਉਤਪੱਤੀ ਦੀ ਇਛਿਆ ਮੇਰੇ ਤੋਂ ਛਡਕੇ ਦੂਜੀ ਬਿਧਵਾ ਇਸਤ੍ਰੀ ਨਾਲ ਨਿਯੋਗ ਕਰਕੇ ਸੰਤਾਂਨ ਉਤਪੱਤੀ ਕਰ

ਲਵੇ, ਜੀਕਨ ਕਿ ਪਾਂਡੂ ਰਾਜਾ ਦੀ ਇਸਤ੍ਰੀ ਕੁੰਤੀ ਅਤੇ ਮਾਦਰੀ ਆਦੀਨੇ ਕੀਤਾ, ਅਰ ਜੀਕਨ ਬਿਆਸ ਜੀਨੈ ਚਿਤ੍ਰਾਂਗਦ ਅਰ ਬਚਿਤ੍ਰ ਵੀਰਜ ਦੇ ਮਰਜਾਣ ਤੋਂ ਪਿੱਛੇ ਉਨਾਂ ਅਪਣੇ ਭਰਾਵਾਂ ਦੀਆਂ ਇਸਤ੍ਰੀਆਂ ਨਾਲ ਨਿਯੋਗ ਕਰਕੇ ਅੰਬਿਕਾ ਅੰਬਾ ਥੀਂ ਧ੍ਰਿਤ੍ਰਾਸ਼ਟ੍ਰ, ਅਤੇ ਅੰਬਾਲਿਕਾ ਥੀਂ ਪਾਂਡੂ ਅਤੇ ਦਾਸੀ ਥੀਂ ਵਿਦੁਰ ਨੂੰ ਉਤਪੰਨ ਕੀਤਾ, ਏਹ ਇਤਿਹਾਸ ਥੀ ਏਸ ਵਿਸ਼ੇ ਵਿਚ ਪ੍ਰਮਾਂਣ ਹਨ।

प्रोषितो धर्मकार्यार्थं प्रतीक्ष्योऽष्टौ नरः समाः।
विद्यार्थं षड् यशोर्थं वा कामार्थं त्रींस्तु वत्सरान् ॥ १ ॥
वन्ध्याष्टमेऽधिवेद्याब्दे दशमे तु मृतप्रजा।
एकादशे स्त्री जननी सद्यस्त्वप्रियवादिनी
॥ २ ॥ मनु० ९ ॥ ७६ । ८१ ॥

ਜੇ ਬਿਆਹਤਾ ਖਉਂਦ ਧਰਮ ਦੇ ਵਾਸਤੇ ਪ੍ਰਦੇਸ਼ ਗਿਆ ਹੋਵੇ ਤਾਂ ਬਿਆਹੀ ਇਸਤ੍ਰੀ ਅੱਠ ਬਰਸ, ਅਰ ਜੇ ਵਿਦ੍ਯਾ ਅਤੇ ਕੀਰਤੀ ਦੇ ਵਾਸਤੇ ਗਿਆ ਹੋਵੇ ਤਾਂ ਛੀ ਵਰ੍ਹੇ, ਅਰ ਧੰਨ ਆਦੀ ਭੋਗਦੇ ਵਾਸਤੇ ਗਿਆ ਹੋਵੇ ਤ ਤਿੰਨ ਵਰ੍ਹੇ ਤਿਕ ਉਡੀਕ ਕੇ ਫੇਰ ਨਿਯੋਗ ਕਰਕੇ ਸੰਤਾਨ ਉਤਪੱਤੀ ਕਰ ਲਵੇ।

ਜਦ ਬਿਆਹਤਾ ਖਉਂਦ ਆਵੇ ਤਦ ਨਿਯੋਗ ਵਾਲਾ ਖਉਂਦ ਛੁਟ ਜਾਵੇ ਇਸੇ ਤਰਾਂ ਪੁਰਸ਼ ਵਾਸਤੇ ਬੀ ਨੇਮ ਹੈ ਕਿ:—

ਇਸਤ੍ਰੀ ਸੰਢ ਹੋਵੇ ਤਾਂ ਅੱਠਵੇਂ ਵਰ੍ਹੇ (ਬਿਆਹ ਤੋਂ ਅੱਠ ਵਰ੍ਹੇ ਤਿੱਕ ਇ-ਸਤ੍ਰੀ ਨੂੰ ਗਰਭ ਨ ਰਹੇ) ਸੰਤਾਨ ਹੋਕੇ ਮਰ ਜਾਂਦੀ ਹੋਵੇ ਤਾਂ ਦਸਵੇਂ ਵਰ੍ਹੇ,ਜਦ ੨ ਸੰਤਾਂਨ ਹੋਵੇ ਤਦ ਤਦ ਕੰਨਿਆਂਹੀ ਹੋਂਨ ਪੁਤ੍ਰ ਨਾ ਹੋਨ ਤਾਂ ਯਾਹਰਵੇਂ ਵਰ੍ਹੇ ਤਿਕ, ਅਰ ਜੇ ਦੁਸ਼੍ਟ ਬਚਨ ਬੋਲਣ ਵਾਲੀ ਹੋਵੇ ਤਾਂ ਛੇਤੀ ਹੀ ਓਸ ਇਸਤ੍ਰੀ ਨੂੰ ਛਡਕੇ ਦੂਜੀ ਇਸਤ੍ਰੀ ਨਾਲ ਨਿਯੋਗ ਕਰਕੇ ਸੰਤਾਂਨ ਉਤਪੱਤੀ ਕਰ ਲਵੇ,

ਇਸੇ ਤਰਾਂ ਜੇ ਪੁਰਸ ਅਤ੍ਯੰਤ ਦੁਖ ਦੇਣ ਵਾਲਾ ਹੋਵੇ ਤਾਂ ਇਸਤ੍ਰੀ ਨੂੰ ਉਚਿੱਤ ਹੈ ਕਿ ਓਸਨੂੰ ਛਡਕੇ ਦੂਜੇ ਪੁਰਸ਼ ਦੇ ਨਾਲ ਨਿਯੋਗ ਦੁਆਰਾ ਸੰਤਾਨ ਉਤਪੱਤੀ ਕਰਕੇ ਉਸੇ ਬਿਆਹੇ ਖਉਂਦ ਦੇ ਦਾਯ ਭਾਗੀ ਸੰਤਾਨ ਕਰ ਲਵੇ ਏਸ ਪ੍ਰਕਾਰ ਦੇ ਪ੍ਰਮਾਣ ਅਤੇ ਯੁਕਤੀਆਂ ਨਾਲ ਸ੍ਵਯੰਬਰ ਵਿਵਾਹ ਅਤੇ ਨਿਯੋਗ ਕਰਨ ਨਾਲ ਆਪੋ ਆਪਣੀ ਕੁਲ ਦਾ ਵਾਧਾ ਕਰਨਾ ਚਾਹੀਏ, ਜਿਸ ਤਰ੍ਹਾਂ 'ਔਰਸ' ਅਰਥਾਤ ਵਿਆਹਤੇ ਖਉਂਦ ਥੀਂ ਉਤਪੰਨ ਹੋਇਆ ਪੁਤ੍ਰ ਪਿਉ ਦੇ ਪਦਾਰਥਾਂ ਦਾ ਮਾਲਕ ਹੁੰਦਾ ਹੈ, ਉਕਣ ਹੀ ਖੇਤ੍ਰਜ' ਅਰਥਾਤ ਨਿਯੋਗ ਤੋਂ ਉਤਪੰਨ ਹੋਏ ਪੁਤ੍ਰ ਬੀ ਪਿਤਾ ਦੇ ਦਾਯ ਭਾਗੀ ਹੁੰਦੇ ਹਨ।

ਹੁਣ ਏਸ ਉਤੇ ਇਸਤ੍ਰੀ ਅਤੇ ਪੁਰਸ਼ ਨੂੰ ਧਿਆਂਨ ਰਖਣਾ ਚਾਹੀਦਾ ਹੈ ਕਿ ਬੀਰਜ ਅਤੇ ਰਜ ਨੂੰ ਅਮੋਲਕ ਸਮਝਨ, ਜਿਹੜਾ ਕੋਈ ਏਸ ਅਮੋਲਕ

ਪਦਾਰਥ ਨੂੰ ਬਿਗਾਨੀ ਇਸਤ੍ਰੀ, ਕੰਜਰੀ, ਜਾਂ ਦੁਸ਼ਟ ਪੁਰਸ਼ਾਂ ਦੇ ਸੰਗ ਵਿਚ ਖੋਂਦੇ ਹਨ ਉਹ ਭਾਰੇ ਮੂਰਖ ਹੁੰਦੇ ਹਨ, ਕਿਉਂਕਿ ਜਿਮੀਦਾਰ ਜਾਂ ਮਾਲੀ ਮੂਰਖ ਹੋਣਤੇ ਬੀ ਆਪਣੇ ਖੇਤ ਜਾਂ ਬਾਗ ਬਗੈਰ ਹੋਰ ਜਗਾ ਬੀਂ ਨਹੀਂ ਬੋਂਦੇ, ਜਦ ਸਧਾਰਣ ਬੀਂ ਅਤੇ ਮੂਰਖ ਦਾ ਅਜੇਹਾ ਵਰਤਾਰਾ ਹੈ, ਤਾਂ ਜਿਹੜਾ ਪੁਰਸ਼ ਸਭਤੋਂ ਉੱਤਮ ਮਨੁਖ ਦੇ ਸ਼ਰੀਰ ਰੂਪੀ ਰੁਖ ਦੇ ਬੀ ਨੂੰ ਭੈੜੇ ਖੇਤ ਵਿਚ ਖੋਂਦਾ ਹੈ ਉਹ ਮਹਾਂ ਮੂਰਖ ਕਹਾਉਂਦਾ ਹੈ ਕਿਉਂਕਿ ਓਸਦਾ ਫਲ ਓਸ ਨੂੰ ਨਹੀਂ ਮਿਲਦਾ।

'आत्मा वै जायते पुत्रः'

ਇਹ ਬ੍ਰਾਹਮਣ ਗ੍ਰੰਥਾ ਦਾ ਰਚਨ ਹੈ।

अङ्गादङ्गात्सम्भवसि हृदयादधिजायसे ।
आत्मा वै पुत्रनामासि स जीव शरदः शतम् ॥ निरु० ३ । ४ ॥

ਹੇ ਬਾਲਕ ਤੂੰ ਅੰਗ ੨ ਥੋਂ ਉਤਪੰਨ ਹੋਏ ਬੀਰਜ ਥੀਂ ਅਤੇ ਹਿਰਦੇ ਥੀਂ ਉਤਪੰਨ ਹੁੰਨਾ ਹੈਂ ਏਸ ਵਾਸਤੇ ਤੂੰ ਮੇਰਾ ਆਤਮਾ ਹੈਂ ਮੇਰੇ ਤੋਂ ਪਹਲੇ ਨ ਮਰ, ਕਿੰਤੂ ੧੦੦ ਵਰ੍ਹੇ ਤਿਕ ਜੀਉਂਦਾ ਰਹੁ

ਜਿਸ ਬੀਰਜ ਥੀਂ ਅਜਹੇ ੨ ਮਹਾਤਮਾਂ ਅਤੇ ਮਹਾਸ਼ਿਆਂ ਦੇ ਸ਼ਰੀਰ ਉਤਪੰਨ ਹੁੰਦੇ ਹਨ, ਓਸਨੂੰ ਕੰਜਰੀ ਆਦੀ ਬੁਰੇ ਖੇਤ ਵਿਚ ਬੋਣਾਂ ਜਾਂ ਦੁਸ਼ਟ ਬੀਜ ਨੂੰ ਚੰਗੇ ਖੇਤ ਵਿਚ ਪਵਾਣਾਂ ਮਹਾਂ ਪਾਪ ਦਾ ਕੰਮ ਹੈ।

(ਪ੍ਰਸ਼ਨ) ਬਿਆਹ ਕਿਉਂ ਕਰਨਾ ? ਕਿਉਂ ਜੋ ਏਸ ਥੀਂ ਇਸਤ੍ਰੀ ਪੁਰਸ਼ ਨੂੰ ਬੰਧਨ ਵਿਚ ਪੈਕੇ ਬਹੁਤ ਤੰਗ ਹੋਣਾ ਅਤੇ ਦੁਖ ਭੋਗਣਾਂ ਪੈਂਦਾ ਹੈ ਏਸ ਕਰਕੇ ਜਿਹਦੇ ਨਾਲ ਜਿਸਦੀ ਪ੍ਰੀਤ ਹੋਵੇ ਤਦ ਤਿੱਕ ਉਹ ਮਿਲਕੇ ਰਹਨ, ਜਦ ਪ੍ਰੀਤ ਛੁਟ ਜਾਵੇ ਤਾਂ ਛਡ ਦੇਨ,

(ਉੱਤਰ) ਇਹ ਪਸ਼ੂ ਪੰਛੀਆਂ ਦਾ ਵਿਹਾਰ ਹੈ ਮਨੁਸ਼ਾਂ ਦਾ ਨਹੀਂ, ਜੇ ਮਨੁਸ਼ਾਂ ਵਿਚ ਬਿਆਹ ਦਾ ਨੇਮ ਨ ਰਹੇ ਤਾਂ ਸਾਰੇ ਗ੍ਰਹਸਤ ਆਸ਼ਰਮ ਦੇ ਅਛੇ ੨ ਵਿਹਾਰ ਨਸ਼੍ਰ ਭ੍ਰਸ਼ਟ ਹੋ ਜਾਂਨ, ਕੋਈ ਕਿਸੇ ਦੀ ਸੇਵਾ ਬੀ ਨ ਕਰੇ ਅਤੇ ਬਹੁਤ ਵਿਭਚਾਰ ਵਧ ਜਾਂਣ ਨਾਲ ਸਾਰੇ ਰੋਗੀ ਨਿਰਬਲ ਅਤੇ ਘਟ ਉਮਰ ਵਾਲੇ ਹੋਕੇ ਝਟ ਪਟ ਮਰ ਜਾਂਨ, ਕੋਈ ਕਿਸੇ ਤੋਂ ਭੈ ਵਾ ਲਜਿਆ ਨਾ ਕਰੇਗਾ, ਬ੍ਰਿਧ ਅਵਸਥਾ ਵਿਚ ਕੋਈ ਕਿਸੇ ਦੀ ਸੇਵਾ ਬੀ ਨਾ ਕਰੇਗਾ ਅਤੇ ਬਹੁਤ ਬਿਭਚਾਰ ਵਧ ਜਾਏਗਾ ਜਿਸ ਕਰਕੇ ਸਭ ਰੋਗੀ, ਨਿਰਬਲ ਅਤੇ ਘਟ ਉਮਰ ਵਾਲੇ ਹੋ ਜਾਨਗੇ ਅਰ ਕੁਲਾਂ ਦੀਆਂ ਕੁਲਾਂ ਨਸ਼ਟ ਹੋ ਜਾਨਗੀਆਂ, ਕੋਈ ਕਿਸੇ ਦੇ ਪਦਾਰਥਾਂ ਦਾ ਮਾਲਕ ਜਾਂ ਦਾਯ ਭਾਗੀ ਬੀ ਨ ਹੋ ਸੱਕੇਗਾ ਅਰ ਨ ਕਿਸੇ ਦਾ ਕਿਸੇ ਪਦਾਰਥ ਤੇ ਚਿਰ ਕਾਲ ਇਖਤਿਆਰ ਰਹ੍ਹੇਗਾ, ਏਸ ਪ੍ਰਕਾਰ ਦੇ

ਦੋਸ਼ਾਂ ਨੂੰ ਹਟਾਂਣ ਵਾਸਤੇ ਵਿਆਹ ਦਾ ਹੀ ਹੋਣਾ ਸਰਬਥਾ ਉਚਿੱਤ ਹੈ।

(ਪ੍ਰਸ਼ਨ) ਜਦ ਇਕ ਵਿਆਹ ਹੋਵੇਗਾ ਤਾਂ ਇਕ ਪੁਰਖ ਦੀ ਇਕ ਇਸਤ੍ਰੀ ਅਤੇ ਇਕ ਇਸਤ੍ਰੀ ਨੂੰ ਇਕ ਪੁਰਖ ਮਿਲੇਗਾ, ਏਸ ਸਮੇ ਵਿਚ ਇਸਤ੍ਰੀ ਗਰਭਵਤੀ, ਸਥਿਰ ਰੋਗਣੀ,ਅਥਵਾ ਪੁਰਸ਼ ਦੀਰਘ ਰੋਗੀ ਹੋਵੇ ਅਤੇ ਦੋਹਾਂ ਦੀ ਜੁਆਨੀਦੀ ਅਵਸਥਾ ਹੋਵੇ ਅਰ ਰਹ ਨ ਸਕੱਨ ਤਾਂ ਫੇਰ ਕੀ ਕਰਨ?

(ਉਤੱਰ) ਏਸਦਾ ਉਤੱਰ ਨਿਯੋਗ ਦੇ ਵਿਸ਼ੇ ਵਿਚ ਦੇ ਦਿੱਤਾ ਹੈ, ਜੋ ਗਰਭ ਵਤੀ ਇਸਤ੍ਰੀ ਨਾਲ ਇਕ ਵਰ੍ਹਾ ਸੰਮਾਗਮ ਨ ਕਰਨ ਦੇ ਦਿਨਾਂ ਵਿਚ ਪੁਰਸ਼ ਜਾਂ ਦੀਰਘ ਰੋਗੀ ਪੁਰਸ਼ ਦੀ ਇਸਤ੍ਰੀ ਕੋਲੋਂ ਨ ਰਹਿਆ ਜਾਵੇ ਤਾਂ ਕਿਸੇ ਨਾਲ ਨਿਯੋਗ ਕਰਕੇ ਉਹਦੇ ਵਾਸਤੇ ਸੰਤਾਨ ਉਤਪੰਨ ਕਰ ਦੇਵੇ ਪ੍ਰੰਤੂ ਵਿਸ਼ਯਾ ਗਮਨ ਜਾਂ ਬਿਭਚਾਰ ਕਦੀ ਨ ਕਰਨ।

ਜਿੱਥੋਂ ਤੀਕ ਹੋ ਸਕੇ ਅਪ੍ਰਾਪਤ ਵਸਤੂ ਦੀ ਇਛਿਆ, ਪ੍ਰਾਪਤ ਵਸਤੂ ਦੀ ਰਖਯਾ ਅਤੇ ਰਖਯਾ ਕੀਤੀ ਗਈ ਦਾ ਵਾਧਾ, ਵਧੇ ਹੋਏ ਧੰਨ ਦਾ ਖਰਚ ਦੇਸ਼ ਦਾ ਭਲਾ ਕਰਨ ਵਿੱਚ ਕੀਤਾ ਕਰਨ। ਸਭ ਪ੍ਰਕਾਰ ਦੇ ਅਰਥਾਤ ਆਪੋ ਅਪਣੇ ਵਰਣ ਆਸ਼੍ਰਮ ਦੇ ਕੰਮਾਂ ਨੂੰ ਪੂਰਬੋਕਤ ਰੀਤੀ ਨਾਲ ਬੜੇ ਉਤਸਾਹ ਅਤੇ ਪ੍ਰਜ-ਤਨ ਨਾਲ ਤਨ, ਮਨ, ਧੰਨ, ਨਾਲ ਸਦਾ ਸਭ ਦੇ ਭਲੇ ਦਾ ਖਿਆਲ ਕਰਕੇ ਕੀਤਾ ਕਰਨ।

ਅਪਣੇ ਮਾਂ, ਪਿਉ, ਸਸ, ਸੌਹਰੇ ਦੀ ਬਹੁਤ ੨ ਸੇਵਾ ਕਰਨ, ਮਿੱਤ੍ਰ ਅਤੇ ਗੁਆਂਢੀ, ਸੁਆਢੀ, ਰਾਜਾ, ਵਿਦਵਾਂਨ, ਵੈਦ ਅਰ ਸਤਪੁਰਸ਼ਾਂ ਨਾਲ ਪ੍ਰੀਤ ਰੱਖਨ, ਅਰ ਜਿਹੜੇ ਦੁਸ਼ਟ ਅਧਰਮੀ ਹੋਂਨ ਉਨ੍ਹਾ ਨਾਲ ਉਪੇਖ੍ਯਾ ਅਰਥਾਤ ਦ੍ਰੋਹ ਛਡਕੇ ਉਨ੍ਹਾਂ ਦ ਸੁਧਾਰਨ ਦਾ ਜਤਨ ਕੀਤਾ ਕਰਨ,ਜਿੱਥੋਂ ਤਿਕ ਬਣੇ ਓਥੋਂ ਤੀਕ ਪ੍ਰੇਮ ਨਾਲ ਅਪਣੇ ਬਚਿੱਆਂ ਨੂੰ ਵਿਦਵਾਂਨ ਅਤੇ ਸਿਖਯਾ ਵਾਂਨ ਕਰਨ ਕਰਾਂਨ ਵਿਚ ਧੰਨ ਆਦੀ ਪਦਾਰਥਾਂ ਦਾ ਖਰਚ ਕਰਕ ਉਨ੍ਹਾਂ ਨੂੰ ਪੂਰੇ ਵਿਦਵਾਂਨ ਅਤੇ ਸਿਖਯਾ ਵਾਂਨ ਕਰ ਦੇਨ, ਅਰ ਧਰਮ ਦੇ ਵਿਹਾਰ ਕਰਕੇ ਮੁਕਤੀ ਦਾ ਬੀ ਸਾਧਨ ਕੀਤਾ ਕਰਨ ਕਿ ਜਿਸ ਦੀ ਪ੍ਰਾਪਤੀ ਕਰਕੇ ਪ੍ਰਮਾਨੰਦ ਮਿਲੇ।

ਅਜੇਹ ੨ ਸ਼ਲੋਕਾਂ ਨੂੰ ਨ ਮਨਨ

पतितोपि द्विजः श्रेष्ठो न च शूद्रो जितेन्द्रियः ।
निर्दुग्धा चापि गौः पूज्या न च दुग्धवतीखरी ॥
अश्वालम्भं गवालम्भं संन्यासं पलपैतृकम् ।
देवराच्च सुतोत्पत्तिं कलौ पञ्च विवर्जयेत् ॥
नष्टे मृते प्रव्रजिते क्लीवे च पतिते पतौ ।
पञ्चस्वापत्सु नारीणां पतिरन्यो विधीयते ॥

ਇਹ ਮਨ ਘੜਤ ਪਰਾਸ਼ਰੀ ਦੇ ਸ਼ਲੋਕ* ਹੋਨ।

ਜੇ ਖੋਟੇ ਕੰਮਾਂ ਦੇ ਕਰਨ ਵਾਲੇ ਦ੍ਵਿਜ ਨੂੰ ਚੰਗਾ ਅਤੇ ਚੰਗੇ ਕੰਮਾ ਦੇ ਕਰਨ ਵਾਲੇ ਸ਼ੂਦਰ ਨੂੰ ਨੀਚ ਮੰਨੀਏਂ ਤਾਂ ਏਸ ਤੋਂ ਵਧੀਕ ਪਖਪਾਤ, ਅਨਿਆਂ, ਅਧਰਮ ਹੋਰ ਕੀ ਹੋਵੇਗਾ? ਕੀ ਜੀਕਣ ਦੁਧ ਦੇਣ ਵਾਲੀ ਗਊ ਗੁਵਾਲਿਆਂ ਦੇ ਪਾ  ਦੇ ਜੋਗ ਹੁੰਦੀ ਹੈ ਉਸੇ ਤਰਾਂ ਕੁਮਿਹਾਰ ਆਦੀ ਦੀ ਖੋਤੀ ਨੂੰ ਨਹੀਂ ਪਾਲਦੇ, ਅਰ ਇਹ ਦ੍ਰਿਸ਼ਟਾਂਤ ਬੀ ਠੀਕ ਨਹੀਂ ਕਿਉਂਕਿ ਦ੍ਵਿਜ ਅਤੇ ਸ਼ੂਦਰ ਇਕ ਮਨੁਖ ਜਾਤ ਹਨ ਅਰ ਗਊ ਅਤੇ ਖੋਤੀ ਭਿੰਨ੨ ਜਾਤ ਹਨ, ਕਦਾਚਿਤ ਪਸ਼ੂ ਜਾਤ ਨਾਲ ਦ੍ਰਿਸ਼ਟਾਂਤ ਦਾ ਇਕ ਅੰਸ਼ ਦਾਰਿਸ਼ਟਾਂਤ ਵਿੱਚ ਮਿਲਾਇਆ ਬੀ ਜਾਵੇ ਤਾਂ ਬੀ ਏਸ ਦਾ ਆਸ਼ਾ ਠੀਕ ਨਹੀਂ ਏਸ ਵਾਸਤੇ ਇਹ ਸ਼ਲੋਕ ਵਿਦਵਾਨਾਂ ਦੇ ਮਨੱਣ ਦ ਜੋਗ ਕਦੀ ਨਹੀਂ ਹੋ ਸਕਦੇ।

ਜਦ ਅਸ਼੍ਵਾਲੰਬ ਅਰਥਾਤ ਘੋੜੇ ਨੂੰ ਮਾਰਕੇ ਅਥਵਾ ਗਵਾਲੰਬ ਗਊ ਨੂੰ ਮਾਰਕੇ ਹੋਮ ਕਰਨਾ ਹੀ ਵੇਦ ਦੀ ਆਗਿਆ ਦੇ ਅਨੁਸਾਰ ਨਹੀਂ ਹੈ, ਤਾਂ ਓਸਦਾ ਕਲਜੁਗ ਵਿੱਚ ਨਖੇਧ ਕਰਨਾ, ਵੇਦ ਦੇ ਵਿਰੁੱਧ ਕਿਉਂ ਨਹੀਂ? ਜੇ ਕਲਜੁਗ ਵਿੱਚ ਏਸ ਨੀਚ ਕਰਮ ਦਾ ਨਖੇਧ ਮੰਨਿਆਂ ਜਾਵੇ ਤਾਂ ਤ੍ਰੇਤਾ ਆਦੀ ਵਿੱਚ ਬਿਧੀ ਹੋ ਜਾਵੇਗੀ, ਤਾਂ ਫੇਰ ਅਜੇਹੇ ਦੁਸ਼੍ਟ ਕੰਮਾਂ ਦਾ ਸ੍ਰੇਸ਼੍ਟ ਜੁਗ ਵਿਚ ਹੋਣਾਂ ਸਰਬਥਾ ਅਸੰਭਵ ਹੈ, ਅਰ ਸੰਨਯਾਸ ਦੀ ਵੇਦ ਆਦੀ ਸ਼ਾਸਤ੍ਰਾਂ ਵਿੱਚੋਂ ਵਿਧੀ ਹੈ ਓਸਦਾ ਨਖੇਧ ਕਰਨਾ ਨਿਰਮੂਲ ਹੈ, ਜਦ ਮਾਸ ਦਾ ਨਖੇਧ ਹੈ ਤਾਂ ਸਦਾ ਹੀ ਨਖੇਧ ਹੈ, ਜਦ ਦੇਵਰ ਕੋਲੋਂ ਸੰਤਾਨ ਉਤਪੱਤੀ ਕਰਨਾ, ਵੇਦਾਂ ਵਿੱਚ ਲਿਖਯਾ ਹੈ ਤਾਂ ਏਸ ਸ਼ਲੋਕ ਦਾ ਬਣਾਉਣ ਵਾਲਾ ਕਿਉਂ ਬਕ੨ ਕਰਦਾ ਹੈ।

ਜੇ (ਨਸ਼ਟੇ) ਅਰਥਾਤ ਖਉਂਦ ਕਿਸੇ ਦੇਸ ਪ੍ਰਦੇਸ ਨੂੰ ਚਲਿਆ ਗਿਆ ਹੋਵੇ, ਘਰ ਵਿੱਚ ਇਸਤ੍ਰੀ ਨਿਯੋਗ ਕਰ ਲਵੇ ਉਸੇ ਵੇਲੇ ਬਿਆਹਤਾ ਖਉਂਦ

---

*ਦ੍ਵਿਜ ਭਾਵੇਂ ਪਤਤ ਹੋਵੇ ਉਹ ਬੀ ਚੰਗਾ ਹੈ, ਸ਼ੂਦਰ ਭਾਵੇਂ ਜਿਤਿੰਦ੍ਰੀ ਹੋਵੇ ਤਾਂ ਉਹ ਬੀ ਚੰਗਾ ਨਹੀ, ਜਿਸਤਰਾਂ ਦੁਧ ਨਾ ਦੇਣ ਵਾਲੀ ਗਾਂ ਸੇਵਾ ਦੇ ਜੋਗ ਹੈ, ਅਰ ਦੁਧ ਦੇਣ ਵਾਲੀ ਖੋਤੀ ਸੇਵਾ ਦੇ ਜੋਗ ਨਹੀਂ, ਘੋੜੇ ਨੂੰ ਮਾਰਕੇ ਜਗ ਵਿੱਚ ਪਾਉਣਾ, ਗਊ ਨੂੰ ਮਾਰਕ ਹੋਮ ਵਿਚ ਪਾਣਾ, ਸੰਨਯਾਸ, ਮਾਂਸਦਾ ਪਿੰਡ, ਦੇਵਰ ਥੀਂ ਸੰਤਾਨ ਉਤਪੰਨ ਕਰਨਾ, ਕਲਜੁਗ ਵਿੱਚ ਇਹ ਪੰਜੇ ਗਲਾਂ ਵਰਜੀਆਂ ਹੋਈਆਂ ਹੈਂਨ, ਖਉਂਦ ਦੇ ਨੱਠ ਜਾਣ ਤੇ, ਮਰਜਾਣਤੇ, ਸੰਨਯਾਸੀ ਹੋ ਜਾਣਤੇ, ਨਮਰਦ ਹੋ ਜਾਣਤੇ, ਪਤਤ ਹੋ ਜਾਣਤੇ ਇਸਤ੍ਰੀਆਂ ਨੂੰ ਇਨਾਂ ਪੰਜਾਂ ਔਖੇ ਵੇਲਿਆਂ ਵਿੱਚ ਦੂਜੇ ਖਉਂਦ ਕਰਨ ਦੀ ਆਗਿਆ ਹੈ।

(ਅਨੁਵਾਦ ਕਰਤਾ)

ਆ ਜਾਵੇ,ਤਾਂ ਉਹ ਕਿਸਦੀ ਇਸਤ੍ਰੀ ਹੋਵੇ?ਕੋਈ ਕਹੇ ਕਿ ਬਿਆਹਿਤਾ ਖਉਂਦ ਦੀ, ਅਸਾਂ ਮਨਿਆਂ, ਪ੍ਰੰਤੂ ਇਹ ਬਿਵਸਥਾ ਪਾਰਾਸ਼ਰੀ ਵਿਚ ਤਾਂ ਨਹੀਂ ਲਿਖੀ, ਕੀ ਇਸਤ੍ਰੀ ਦੇ ਪੰਜ ਹੀ ਔਖੇ ਵੇਲੇ ਹਨ ਜੇ ਰੋਗੀ ਪਿਆ ਹੋਵੇ ਜਾਂ ਲੜ ਪਿਆ ਹੋਵੇ ਏਹੋ ਜਹੇ ਔਖੇ ਵੇਲੇ ਪੰਜ ਤੋਂ ਬੀ ਵਧੀਕ ਹਨ, ਏਸ ਵਾਸਤੇ ਏਹੋ ੨ ਜਹੇ ਸ਼ਲੋਕਾਂ ਨੂੰ ਕਦੀ ਨਹੀਂ ਮਨਣਾ ਚਾਹੀਦਾ।

(ਪ੍ਰਸ਼ਨ) ਕਿੰਉ ਜੀ ਤੁਸੀ ਪਰਾਸ਼ਰ ਮੁਨੀ ਦੇ ਬਚਨ ਬੀ ਨਹੀਂ ਮਨਦੇ?

(ਉੱਤਰ) ਭਾਵੇਂ ਕਿਸੇ ਦਾ ਬਚਨ ਹੋਵੇ ਪ੍ਰੰਤੂ ਵੇਦ ਤੋਂ ਵਿਰੁਧ ਹੋਣ ਕਰਕੇ ਨਹੀਂ ਮਨਦੇ, ਅਰ ਇਹ ਤਾਂ ਪ੍ਰਾਸ਼ਰ ਦਾ ਬਚਨ ਬੀ ਨਹੀਂ ਹੈ,ਕਿਉਂਕਿ ਜੀਕਣ ਬ੍ਰਹਮੋ ਵਾਚ (ਬ੍ਰਹਮਾ ਬੋਲਿਆ) ਵਸ਼ਿਸ੍ਰੋ ਵਾਚ (ਵਿਸ਼ਿਸ਼੍ਰ ਬੋਲਿਆ) ਰਾਮੋਵਾਚ (ਰਾਮ ਬੋਲਿਆ) ਸ਼ਿਵੋ ਵਾਚ(ਸ਼ਿਵ ਬੋਲਿਆ)ਵਿਸ਼ਨੋਂ ਰਵਾਚ(ਵਿਸ਼ਨੂ ਬੋਲਿਆ) ਦੇਵੀਓਵਾਚ (ਦੇਵੀ ਬੋਲੀ) ਈਕਣ ਸ੍ਰੇਸ਼ਟਾਂ ਦੇ ਨਾਉਂ ਲਿਖਕੇ ਗ੍ਰੰਥ ਏਸ ਵਾਸ-ਤੇ ਬਣਾਂਦੇ ਹਨ ਕਿ ਸਭੱਣਾਂ ਦੇ ਆਦਰ ਭਾ ਕਰਨੇ ਜੋਗ ਮਨੁੱਖਾਂ ਦੇ ਨਾਉਂ ਕਰਕੇ ਇਨਾਂ ਗ੍ਰੰਥਾਂ ਨੂੰ ਸਾਰਾ ਸੰਸਾਰ ਮੰਨ ਲਵੇ, ਅਤੇ ਸਾਡੀ ਪੂਰੀ ਅਜੀਵਕਾ ਬੀ ਹੋ ਜਾਵੇ, ਏਸ ਕਰਕੇ ਅਨਰਥ ਕਹਾਣੀਆਂ ਦੇ ਨਾਲ ਭਰੇ ਹੋਏ ਗ੍ਰੰਥ ਬਣਾਂਦੇ ਹਨ।

ਕੁਝ ੨ ਬਣਾਉਟੀ ਸ਼ਲੋਕਾਂ ਨੂੰ ਛਡਕੇ ਮਨੂੰਸਿਮ੍ਰਤੀ ਹੀ ਵੇਦ ਦੇ ਅਨਕੂਲ ਹੈ ਹੋਰ ਕੋਈ ਸਿਮ੍ਰਤੀ ਨਹੀਂ, ਇਸੇ ਤਰਾਂ ਹੋਰ ਬਣਾਉਟੀ ਗ੍ਰੰਥਾਂ ਦਾ ਹਾਲ ਸਮਝ ਲਓ,

(ਪ੍ਰਸ਼ਨ) ਗ੍ਰਹਸਤ ਆਸ਼੍ਰਮ ਸਭ ਤੋਂ ਛੋਟਾ ਜਾਂ ਵੱਡਾ ਹੈ,

(ਉੱਤਰ) ਆਪੋ ਅਪਣੇ ਕਰਤਵ ਕਰਮਾਂ ਕਰਕੇ ਸਭ ਵਡੇ ਹਨ ਪ੍ਰੰਤੂ

यथा नदीनदाः सर्वे सागरे यान्ति संस्थितिम् ।
तथैवाश्रमिणः सर्वे गृहस्थे यान्ति संस्थितिम् ॥ १ ॥
मनु० ६ । ९० ॥

यथा वायुं समाश्रित्य वर्तन्ते सर्वजन्तवः ।
तथा गृहस्थमाश्रित्य वर्तन्ते सर्व आश्रमाः ॥ २ ॥
यस्मात्त्रयोप्यश्रमिणो दानेनान्नेन चान्वहम् ।
गृहस्थेनैव धार्य्यन्ते तस्माज्ज्येष्ठाश्रमो गृही ॥ ३ ॥
स संधार्य्यः प्रयत्नेन स्वर्गमक्षयमिच्छता ।
सुखंचेहेच्छता नित्यं योऽधार्यो दुर्बलेन्द्रियैः ॥ ४ ॥
मनु० ३ । ७७– ७९ ॥

ਜਿਸ ਤਰਾਂ ਨਦੀਆ ਅਤੇ ਵਡੇ ੨ ਦਰੀਆ ਤਦ ਤਿਕ ਹੀ ਡੋਲਦੇ ਰਹਿੰਦੇ ਹਨ ਜਦ ਤਿਕ ਕਿ ਸਮੁੰਦਰ ਨੂੰ ਪ੍ਰਾਪਤ ਨਹੀਂ ਹੁੰਦੇ, ਉਸੇ ਤਰਾਂ

ਗ੍ਰਿਹਸਤ ਦੇ ਆਸ਼੍ਰੇ ਨਾਲ ਸਾਰੇ ਆਸ਼੍ਰਮ ਸਥਿਰ ਰਹਿੰਦੇ ਹਨ;

ਬਿਨਾਂ ਏਸ ਆਸ਼੍ਰਮ ਦੇ ਕਿਸੇ ਆਸ਼੍ਰਮ ਦਾ ਕੋਈ ਵਿਹਾਰ ਸਿਧ ਨਹੀਂ ਹੁੰਦਾ, ਬ੍ਰਹਮਚਾਰੀ, ਬਾਣਪ੍ਰਸਥੀ ਅਰ ਸਨੱਯਾਸੀ ਤਿੰਨਾਂ ਆਸ਼੍ਰਮਾਂ ਨੂੰ ਦਾਨ ਅਤੇ ਅੰਨ ਆਦੀ ਦੇ ਕੇ ਪ੍ਰਤੀ ਦਿਨ ਗ੍ਰਿਹਸਤ ਹੀ ਧਾਰਣ ਕਰਦਾ ਹੈ, ਏਸ ਕਰਕੇ ਗ੍ਰਿਹਸਤ ਜੇਸ਼੍ਰ (ਵਡਾ) ਆਸ਼੍ਰਮ ਹੈ, ਅਰਥਾਤ ਸਭਨਾਂ ਵਿਹਾਰਾਂ ਵਿਚ ਧੁਰੰਧਰ ਕਹਾਂਉਂਦਾ ਹੈ, ਏਸ ਕਰਕੇ ਜਿਹੜਾ ਮੁਕਤੀ ਅਤੇ ਸੰਸਾਰ ਦੇ ਸੁਖ ਦੀ ਇੱਛਿਆ ਕਰਦਾ ਹੋਵੇ ਉਹ ਪੂਰੇ ਜਤਨ ਨਾਲ ਗ੍ਰਿਹਸਤ ਆਸ਼੍ਰਮ ਨੂੰ ਧਾਰਨ ਕਰੇ, ਜਿਹੜਾ ਗ੍ਰਿਹਸਤਆਸ਼੍ਰਮ, ਦੁਰਬਲਇੰਦ੍ਰੀ ਅਰਥਾਤ ਡਰਪੋਕ ਅਰ ਨਿਰਬਲ ਪੁਰਸ਼ਾਂ ਦੇ ਧਾਰਨ ਕਰਨ ਦੇ ਅਜੋਗ ਹੈ ਓਸਨੂੰ ਚੰਗੀਤਰਾਂ ਨਾਲ ਧਾਰਨ ਕਰਨਾ ਚਾਹੀਏ।

ਏਸ ਲਈ ਜਿਨੑਾਂ ਵਿਹਾਰ ਸੰਸਾਰ ਵਿਚ ਹੈ ਓਸਨੂੰ ਆਸ਼ਰਾ ਗ੍ਰਿਹਸਤ ਆਸ਼੍ਰਮ ਦਾ ਹੈ, ਜੇ ਇਹ ਗ੍ਰਿਹਸਤ ਆਸ਼੍ਰਮ ਨ ਹੁੰਦਾ ਤਾਂ ਸੰਤਾਨ ਉਤਪੱਤੀ ਦੇ ਨ ਹੋਣ ਕਰਕੇ ਬ੍ਰਹਮਚਰਜ, ਬਾਂਣਪ੍ਰਸਥ ਅਤੇ ਸਨਜਾਸਆਸ਼੍ਰਮ ਕਿੱਥੋਂ ਹੋ ਸਕਦੇ ? ਜਿਹੜਾ ਗ੍ਰਿਹਸਤ ਆਸ਼੍ਰਮ ਦੀ ਨਿੰਦਿਆ ਕਰਦਾ ਹੈ ਓਹੋ ਹੀ ਨਿੰ-ਦਿਆ ਦੇ ਜੋਗ ਹੈ, ਅਰ ਜਿਹੜਾ ਵਡਿਆਈ ਕਰਦਾ ਹੈ ਓਹੋ ਹੀ ਵਡਿਆਈ ਦੇ ਜੋਗ ਹੁੰਦਾਹੈ ਪ੍ਰੰਤੂ ਗ੍ਰਿਹਸਤ ਆਸ਼੍ਰਮ ਵਿਚ ਸੁਖ ਤਦੇ ਹੀ ਮਿਲਦਾਹੈਜਦ ਇਸਤ੍ਰੀ ਅਤੇ ਪੁਰਸ਼ ਦੋਇ ਇਕ ਦੂਜੇ ਤੋਂ ਪ੍ਰਸੰਨ ਵਿਦਵਾਂਨ, ਪੁਰਸ਼ਾਰਥੀ ਅਤੇ ਸਭ ਪ੍ਰਕਾਰ ਦੇ ਵਿਹਾਰਾਂ ਦੇ ਗਿਆਤਾ ਹੋਂਨ, ਏਸਵਾਸਤੇ ਗ੍ਰਿਹਸਤ ਆਸ਼੍ਰਮ ਦੇ ਸੁਖ ਦਾ ਮੁਖ ਕਾਰਣ ਬ੍ਰਹਮਚਰਜ ਅਤੇ ਉਪਰ ਕਹਿਆ ਗਇਆ ਸ੍ਵਯੰਬਰ ਬਿਆਹ ਹੈ।

ਇਹ ਸੰਖੇਪ ਨਾਲ ਸਮਾਵਰਤਨ ਵਿਆਹ, ਅਤੇ ਗ੍ਰਿਹਸਤ ਆਸ਼੍ਰਮ ਦੇ ਵਿਸ਼ੇ ਵਿਚ ਸਿਖਿਆ ਲਿਖ ਦਿੱਤੀ, ਏਸ ਤੋਂ ਅੱਗੇ ਬਾਂਣਪ੍ਰਸਥ ਅਤੇ ਸਨੱਯਾਸ ਦੇ ਵਿਸ਼ੇ ਵਿਚ ਲਿਖਿਆ ਜਾਵੇਗਾ।

इति श्रीमद्दयानन्दसरस्वतीस्वामिकृते सत्यार्थप्रकाशे
सुभाषाविभूषिते समावर्तनविवाहगृहाश्रमविषये
चतुर्थः समुल्लासः सम्पूर्णः ॥ ४ ॥

राज रत्ना सूद ॥ ओं ॥ डी-२/८ अन्सारी नगर
नई दिल्ली—१६
क्रमांक: ६२१७७२ तिथि......

# ਪੰਜਵਾਂ ਸਮੁੱਲਾਸ

## ਬਾਨਪ੍ਰਸਥ ਅਤੇ ਸਨੱਜਾਸ ਦੇ ਵਿਸ਼ੇ ਵਿੱਚ

ब्रह्मचर्य्याश्रमं समाप्य गृही भवेत् गृही भूत्वा वनी
भवेद्वनी भूत्वा प्रव्रजेत् ॥ शत० कां० १४ ॥

ਮਨੁਖੱਾਂ ਨੂੰ ਉਚਿੱਤ ਹੈ ਕਿ ਬ੍ਰਹਮਚਰਜ ਆਸ਼੍ਰਮ ਨੂੰ ਪੂਰਾ ਕਰਕ ਗ੍ਰਹਸਤੀ ਬਣਨ, ਅਤੇ ਉਸਤੋਂ ਪਿੱਛੋਂ ਬਾਨਪ੍ਰਥੀ ਬਣਨ, ਫੇਰ ਸਨਜਾਸੀ ਹੋ ਜਾਂਨ, ਆਸ਼੍ਰਮਾਂ ਦਾ ਕ੍ਰਮ ਈਕਣ ਨਾਲ ਵਿਧਾਨ ਕੀਤਾ ਗਿਆ ਹੈ,

एवं गृहाश्रमे स्थित्वा विधिवत्स्नातको द्विजः ।
वने वसेत्तु नियतो यथावद्विजितेन्द्रियः ॥ १ ॥
गृहस्थस्तु यदा पश्येद्वलीपलितमात्मनः ।
अपत्यस्यैव चापत्यं तदारण्यं समाश्रयेत् ॥ २ ॥
संत्यज्य ग्राम्यमाहारं सर्वं चैव परिच्छदम् ।
पुत्रेषु भार्यां निःक्षिप्य वनं गच्छेत्सहैव वा ॥ ३ ॥
अग्निहोत्रं समादाय गृह्यं चाग्निपरिच्छदम् ।
ग्रामादरण्यं निःसृत्य निवसेन्नियतेन्द्रियः ॥ ४ ॥
मुन्यन्नैर्विविधैर्मेध्यैः शाकमूलफलेन वा ।
एतानेव महायज्ञान्निर्वपेद्विधिपूर्वकम् ॥
५ ॥ मनु० ६ । १-५ ॥

ਏਸ ਤਰਾਂ ਨਾਲ 'ਸਨਾਤਕ' ਅਰਥਾਤ ਉਹ ਪੁਰਸ਼ ਜਿਸਨੈ ਬ੍ਰਹਮਚਰਜ ਆਸ਼੍ਰਮ ਪੂਰਾ ਕਰ ਲੀਤਾ ਹੋਵੇ, ਗ੍ਰਹਸਤ ਆਸ਼੍ਰਮ ਵਿਚ ਆਵੇ, ਅਰ ਦ੍ਵਿਜ ਅਰਥਾਤ ਬ੍ਰਾਹਮਣ, ਖੱਤ੍ਰੀ, ਅਤੇ ਵੈਸ਼ ਏਸਤਰਾਂ ਨਾਲ ਗ੍ਰਹਸਤ ਆਸ਼੍ਰਮ ਵਿਚ ਰਹਕੇ ਆਪਣੇ ਆਤਮਾ ਵਿਚ ਦ੍ਰਿੜ੍ਹ ਸੰਕਲਪ ਕਰਕੇ ਅਰ ਇੰਦ੍ਰੀਆਂ ਨੂੰ ਯਥਾ-ਵਤ ਜਿਤ ਕੇ ਬਨ ਵਿਚੱ ਜਾਕੇ ਰਹਨ, ਪ੍ਰੰਤੂ ਜਦ ਗ੍ਰਹਸਤੀ ਦੇ ਸਿਰ ਦੇ ਵਾਲ ਚਿੱਟੇ ਅਰ ਸ਼ਰੀਰ ਦੀ ਖਲੜੀ ਢਿੱਲੀ ਪੈ ਜਾਵੇ ਅਤੇ ਪੁਤ੍ਰ ਦੇ ਘਰ ਸੰਤਾਨ

ਬੀ ਹੋਗਈ ਹੋਵੇ ਤਦ ਬਨ ਵਿਚੱ ਜਾਕੇ ਵੱਸੇ, ਪਿੰਡਦੀਆਂ ਸਾਰੀਆਂ ਖਾਂਣਦੀਆਂ ਚੀਜਾਂ ਅਤੇ ਕਪੜੇ ਆਦੀ ਸਭੱ ਚੰਗੇ੨ਪਦਾਰਥਾਂ ਨੂੰ ਛਡਕੇ ਬੱਚਿਆਂ ਦੇ ਕੋਲ ਇਸਤ੍ਰੀ ਨੂੰ ਰਖਕੇ ਜਾਂ ਆਪਣੇ ਨਾਲ ਲੈਕੇ ਬਨ ਵਿੱਚ ਜਾਕੇ ਰਹ੍ਹੇ, ਹੋਮ ਕਰਨ ਦੀ ਸਾਰੀ ਸਿਮੱਗ੍ਰੀ ਅਤੇ ਭਾਂਡੇ ਨਾਲ ਲੈਕੇ ਪਿੰਡ ਤੋਂ ਬਾਹਰ ਜਾਕੇ ਇੰਦ੍ਰੀਆਂ ਨੂੰ ਜਿਤ ਦਾ ਹੋਇਆ ਬਨ ਵਿਚੱ ਜਾਕੇ ਵੱਸੇ, ਨਾਨਾ ਪ੍ਰਕਾਰ ਦੇ ਸੁਆਂਕ ਆਦੀ ਅੰਨ ਚੰਗੇ੨ ਸਾਗ, ਮੂਲ, ਫਲ, ਕੰਦ ਆਦੀ ਕਰਕੇ ਜਿਹੜੇ ਪਹਲੋਂ ਕਹ ਚੁੱਕੇ ਹਾਂ ਉਨ੍ਹਾਂ ਪੰਜਾਂ ਵਡੇ ਜੱਗਾਂ ਨੂੰ ਕਰੇ ਅਰ ਉਸੇ ਨਾਲ ਅਤ੍ਰਿਥੀ ਦੀ ਸੇਵਾ ਅਤੇ ਆਪ ਬੀ ਨਿਰਬਾਹ ਕਰੇ।

स्वाध्याये नित्ययुक्तः स्याद्दान्तो मैत्रः समाहितः
दाता नित्यमनादाता सर्वभूतानुकम्पकः ॥ १ ॥
अप्रयत्नः सुखार्थेषु ब्रह्मचारी धराशयः ।
शरणेष्वममश्चैव वृक्षमूलनिकेतनः ॥ २ ॥
मनु० ६ । ८ । २६ ॥

'ਸ੍ਵਾਧਯਾਇ' ਅਰਥਾਤ ਪੜ੍ਹਨ ਪੜ੍ਹਾਂਨ ਵਿਚ ਸਦਾ ਲਗੱਾ ਰਹੇ, ਆਪਣੇ ਆਤਮਾਂ ਨੂੰ ਵਸ ਵਿਚ ਰੱਖੇ, ਅਰ ਸੱਭ ਦਾ ਮਿਤ੍ਰ ਇੰਦ੍ਰੀਆਂ ਨੂੰ ਦਮਨ ਕਰਨ ਦਾ ਸੁਭਾ ਰਖੱਣ ਵਾਲਾ, ਵਿਦੱਜਾ ਆਦੀ ਦਾਂਨ ਦੇਣ ਵਾਲਾ, ਅਤੇ ਸੱਭ ਤੇ ਦਇਆ ਕਰਨ ਵਾਲਾ, ਕਿਸੇ ਕੋਲੋਂ ਕੁਝਬੀ ਪਦਾਰਥ ਨ ਲਵੇ, ਅਰ ਸਦਾ ਅ-ਜੇਹਾ ਹੀ ਵਰਤਾਰਾ ਰੱਖੇ, ਸ਼ਰੀਰ ਦੇ ਲਈ ਮਿਰਜਾਦਾ ਤੋਂ ਵਧੀਕ ਜਤਨ ਨਾਂ ਕਰੇ ਕਿੰਤੂ ਬ੍ਰਹਮਚਾਰੀ ਬਣਕੇ ਰਹ੍ਹੇ, ਅਰਥਾਤ ਆਪਣੀ ਇਸਤ੍ਰੀ ਕੋਲ ਬੀ ਹੋਵੇ ਤਾਂ ਬੀ ਉਹਦੇ ਨਾਲ ਵਿਸ਼ੇ ਦਾ ਕੰਮ ਕੁਝ ਬੀ ਨ ਕਰੇ, ਜਮੀਂਨ ਉਤੇੱ ਸਵੇਂ, ਆ-ਪਣੇ ਕੋਲ ਰਹਣ ਵਾਲਿਆਂ ਵਿਚ ਜਾਂ ਅਪਣੀਆਂ ਚੀਜਾਂ ਵਿਚੱ ਮਮਤਾ ਨਾ ਕਰੇ, ਰੁਖ ਦੀ ਜੜ੍ਹ ਪਾਸ਼ ਰਹ੍ਹੇ ।

* तपः श्रद्धे ये ह्युपवसन्त्यरण्ये शान्ता विद्वांसो भैक्षचर्य्यां ।
चरन्तः । सूर्य्यद्वारेण ते विरजाः प्रयान्ति यत्राऽमृतः स
पुरुषो ह्यव्ययात्मा ५ मुण्ड० ॥खं० २ । मं० ११ ॥

ਜਿਹੜੇ ਸ਼ਾਂਤ ਸੁਭਾਉ ਵਿਦੱਵਾਂਨ ਲੋਗ ਬਨੱ ਵਿਚੱ ਤਪੱ, ਧਰਮ ਦਾ ਅਨੁ-ਸ਼੍ਹਾਂਨ ਅਤੇ ਸਭ ਵਿਚੱ ਸ਼ਰਧਾ ਰਖਦ ਹੋਏ ਅਤੇ ਜੇਹੜਾਭਿਖਜਾ (ਖਾਂਣ ਦੀ ਚੀਜ) ਦੇ ਜਾਵੇ ਓਸ ਨਾਲ ਨਿਰਬਾਹ ਕਰਦੇ ਹੋਏ ਜੰਗਲ ਵਿਚ ਵਸਦੇ ਹਨ, ਓਹ ਨਾਸ਼ ਤੋਂ ਰਹਿਤ ਸਰਬ ਵਜਾਪੀ, ਹਾਨੀ ਲਾਭ ਤੋਂ ਰਹਿਤ ਪ੍ਰਮੇਸ੍ਵਰ ਨੂੰ ਨਿਰਮਲ ਹੋਕੇ ਪ੍ਰਾਂਣ ਦੁਆਰ ਨਾਲ ਪ੍ਰਾਪਤ ਹੋਕੇ ਅਨੰਦਤ ਹੋ ਜਾਂਦੇ ਹਨ।

अभ्यादधामि समिधमग्ने व्रतपते त्वयि ।
व्रतञ्च श्रद्धां चोपैमीन्धे त्वा दीक्षितो अहम् ॥
यजुर्वेदे ॥ अध्याय २० । मं० २४ ॥

ਬਾਨ ਪ੍ਰਸਥੀ ਨੂੰ ਉਚਿੱਤ ਹੈ ਕਿ ਇਹ ਇਛਿਆ ਕਰਕੇ ਕਿ ਮੈਂ ਅੱਗ ਵਿਚ ਹੋਮ ਕਰਕੇ ਅਤੇ *ਦੀਖਜਾ ਪਾਕੇ ਬਰਤ ਅਰਥਾਤ ਸੱਚ ਉਤੇ ਚੱਲਾਂ, ਅਤੇ ਸ਼ਰਧਾ ਨੂੰ ਪ੍ਰਾਪਤ ਹੋਵਾਂ, ਬਾਂਨਪ੍ਰਸਥ ਕਰੇ, ਕਈ ਤਰਾਂ ਦੀ ਤਪੱਸਿਆ, ਸਤਸੰਗ, ਯੋਗਾਭਯਾਸ ਅਰ ਸੱਚੇ ਵਿਚਾਰ ਕਰਕੇ ਗਿਆਂਨ ਅਤੇ ਪਵਿਤ੍ਰਤਾ ਪ੍ਰਾਪਤ ਕਰੇ, ਏਸ ਤੋਂ ਪਿਛੋਂ ਜਦ ਸੰਨਯਾਸ ਲੈਣ ਦੀ ਇਛਿਆ ਹੋਵੇ ਤਦ ਇਸਤ੍ਰੀ ਨੂੰ ਬਚਿਆਂ ਦੇ ਪਾਸ ਭੇਜ ਦੇਵੇ ਅਤੇ ਫੇਰ ਸਨਿਆਸ ਲਵੇ।

ਇਹ ਸੰਖੇਪ ਨਾਲ ਬਾਂਨ ਪ੍ਰਸਥ ਦੀ ਬਿਧੀ ਲਿਖੀ ਗਈ

## ਸਨੱਯਾਸ ਦੀ ਵਿੱਧੀ

वनेषु च विहृत्यैवं तृतीयं भागमायुषः ।
चतुर्थमायुषो भागं त्यक्त्वा सङ्गान्
परिव्रजेत् ॥ मनु० ६ । ३३ ॥

ਏਸ ਤਰਾਂ ਨਾਲ ਬਨ ਵਿਚ ਉਮਰ ਦਾ ਤੀਜਾ ਹਿੱਸਾ ਅਰਥਾਤ ਪੰਜਾਹਵੇਂ ਵਰ੍ਹੇ ਥੀਂ ਪੰਝਤ੍ਰਵੇਂ ਵਰ੍ਹੇ ਤਿਕ ਬਾਂਨ ਪ੍ਰਸਥੀ ਰਹਕੇ ਉਮਰ ਦੇ ਚੌਥੇ ਭਾਗ ਵਿਚ ਸੰਗਾਂ ਨੂੰ ਛਡਕੇ ਪਰੀ ਵਰਾਟ ਅਰਥਾਤ ਸੰਨਯਾਸੀ ਹੋ ਜਾਵੇ,

(ਪ੍ਰਸ਼ਨ) ਜੇ ਕੋਈ ਗ੍ਰਹਸਤ ਆਸ਼੍ਰਮ ਅਤੇ ਬਾਂਨਪ੍ਰਸਥ ਆਸ਼੍ਰਮ ਨ ਕਰਕੇ ਸੰਨਯਾਸ ਆਸ਼੍ਰਮ ਕਰ ਲਵੇ ਤਾਂ ਓਸਨੂੰ ਪਾਪ, ਹੁੰਦਾ ਹੈ ਜਾਂ ਨਹੀ ?

(ਉੱਤਰ) ਹੁੰਦਾ ਹੈ ਅਰ ਨਹੀ ਬੀ ਹੁੰਦਾ।

(ਪ੍ਰਸ਼ਨ) ਇਹ ਦੋ ਪ੍ਰਕਾਰ ਦੀ ਗਲ ਕਿਉਂ ਕਹਿੰਦੇ ਹੋ।

(ਉੱਤਰ) ਦੋ ਪ੍ਰਕਾਰ ਦੀ ਨਹੀ ਕਿਉਂਕਿ ਜਿਹੜਾ ਬਾਲ ਅਵਸਥਾ ਵਿਚ ਵੈਰਾਗੀ ਹੋਕੇ ਫੇਰ ਵਿਸ਼ਯਾਂ ਵਿਚ ਫਸੇ ਤਾਂ ਉਹ ਮਹਾਂ ਪਾਪੀ ਅਤੇ ਜਿਹੜਾ ਨ ਫਸੇ ਉਹ ਮਹਾਂ ਪੁੰਨਆਤਮਾ ਸਤਪੁਰਸ਼ ਹੈ ।

यदहरेव विरजेत्तदहरेव प्रव्रजेद्वनाद्वा गृहाद्वा ब्रह्मचर्यादेव प्रव्रजेत् ॥

ਇਹ ਬ੍ਰਾਹਮਣ ਗ੍ਰੰਥ ਦਾ ਬਚਨ ਹੈ, ਜਿਸ ਦਿਨ ਵੈਰਾਗ ਹੋ ਜਾਵੇ ਉਸੇ ਦਿਨ ਗ੍ਰਹਸਤ ਜਾਂ ਬਾਂਨਪ੍ਰਸਥ ਆਸ਼੍ਰਮ ਥੀਂ ਸੰਨਯਾਸ ਕਰ ਲਵੇ।

*(ਦੀਖਯਾ)ਸਨੱਦ ਦਾ ਨਾਂਉ ਹੈ, ਪਹਲੇ ਜ਼ਮਾਂਨੇ ਵਿਚ ਕਿਸੇ ਆਸ਼੍ਰਮ ਵਿਚ ਪ੍ਰਵੇਸ਼ ਹੋਣ ਦੀ ਯੋਗਤਾ ਦੀ ਪ੍ਰੀਖਯਾ ਕਰਕੇ ਦੀਖਯਾ ਦਿੱਤੀ ਜਾਂਦੀ ਸੀ।

ਸੰਨਯਾਸ ਦੀ ਵਿਧੀ ਕ੍ਰਮ ਨਾਲ ਪਹਲੇ ਲਿਖ ਦਿੱਤੀ ਹੈ । ਹੁਣ ਐਥੇ ਵਿਕਲਪ ਲਿਖਦੇ ਹਾਂ, ਅਰਥਾਤ ਬਾਣ ਪ੍ਰਸਥ ਆਸ਼੍ਰਮ ਤੋਂ ਸੰਨਯਾਸ ਲੈ ਲਵੇ ਜਾਂ ਗ੍ਰਹਸਤ ਆਸ਼੍ਰਮ ਤੋਂ ਹੀ, ਅਰ ਤੀਜਾ ਪਖ ਇਹ ਹੈ ਕਿ ਜਿਹੜਾ ਪੂਰਾ ਵਿਦਵਾਂਨ ਜਿਤਿੰਦ੍ਰੀ ਵਿਸ਼ੇ ਭੋਗ ਦੀ ਕਾਮਨਾ ਤੋਂ ਰਹਿਤ ਪਰ ਉਪਕਾਰ ਕਰਨ ਦੀ ਇਛਿਆ ਰਖਦਾ ਹੋਵੇ ਓਹ ਬ੍ਰਹਮਚਰਜ ਆਸ਼੍ਰਮ ਹੀ ਤੋਂ ਸੰਨ੍ਯਾਸ ਲੈ ਲਵੇ, ਅਰ ਵੇਦਾਂ ਵਿਚ ।

"यतयः ब्राह्मणस्य विजानतः"

ਇਨ੍ਹਾਂ ਪਦਾਂ ਕਰਕੇ ਸੰਨਯਾਸ ਦੀ ਆਗਿਆ ਪਾਈ ਜਾਂਦੀ ਹੈ ।

नाविरतो दुश्चरितान्नाशान्तो नासमाहितः ।
नाशान्तमानसो वापि प्रज्ञानेनैनमाप्नुयात् ॥
ਕਠ० ਵਲੀ २ । ਮੰ० २३ ॥

ਜਿਸ ਨੇ ਦੁਰਾਚਾਰ ਨਹੀਂ ਛਡਿਆ, ਜਿਸਨੂੰ ਸ਼ਾਂਤੀ ਨਹੀਂ, ਜਿਸਦਾ ਆਤਮਾ ਯੋਗ ਵਿਚ ਨਹੀਂ ਲਗਦਾ, ਅਰ ਜਿਸਦਾ ਮਨ ਸ਼ਾਂਤ ਨਹੀਂ ਹੈ, ਓਹ ਸੰਨਯਾਸ ਲੈਕ ਬੀ, ਵਿਗਯਾਨ ਨਾਲ ਪ੍ਰਮੇਸ਼੍ਰ ਨੂੰ ਪ੍ਰਾਪਤਿ ਨਹੀਂ ਹੁੰਦਾ, ਏਸ ਲਈ ।

यच्छेद्वाङ्मनसी प्राज्ञस्तद्यच्छेद् ज्ञान आत्मनि ।
ज्ञानमात्मनि महति नियच्छेत्तद्यच्छेच्छान्त आत्मनि ॥
ਕਠ० । ਵਲੀ ੩ । ਮੰ० ੧੩ ॥

ਬੁਧਵਾਂਨ ਸੰਨਯਾਸੀ ਬਾਣੀ ਅਤੇ ਮਨ ਨੂੰ ਅਧਰਮ ਥੀਂ ਰੋਕ ਕੇ ਉਨ੍ਹਾਂਨੂੰ ਵਿਗ੍ਯਾਨ ਅਰ ਆਤਮਾਂ ਦੇ ਗਯਾਨ ਵਿਚ ਲਗਾਵੇ ਅਰ ਓਸ ਵਿਗੱਯਾਨ ਅਤੇ ਆਪਣੇ ਆਤਮਾ ਨੂੰ ਪ੍ਰਮਸ਼੍ਰ ਵਿਚ ਲਗਾਵੇ, ਅਰ ਓਸ ਵਿਗਯਾਨ ਨੂੰ ਸ਼ਾਂਤ ਸਰੂਪ ਆਤਮਾ ਵਿਚ ਸਥਿਰ ਕਰੇ ।

परीक्ष्य लोकान् कर्मचितान् ब्राह्मणो निर्वेदमायान्नास्त्य-
कृतः कृतेन । तद्विज्ञानार्थं स गुरुमेवाभिगच्छेत् समित्पाणिः
श्रोत्रियं ब्रह्मनिष्ठम् ॥ ਮੁਂਡਕ० । ਖੰਡ०२ । ਮੰ० ੧੨ ॥

ਇਹ ਵੇਖਕੇ ਕਿ ਸਾਰੇ ਸੰਸਾਰ ਦੇ ਭੋਗ ਕ੍ਰਮ ਕਰਕੇ ਕੱਠੇ ਹੁੰਦੇ ਹਨ, ਬ੍ਰਾਹਮਣ ਅਰਥਾਤ ਸੰਨਯਾਸੀ ਵੈਰਾਗ ਨੂੰ ਪ੍ਰਾਪਤ ਹੋਵੇ, ਕਿਉਂਕਿ ਅਕ੍ਰਿਤ ਪ੍ਰਮੇਸ਼੍ਰ, ਕ੍ਰਿਤ ਅਰਥਾਤ ਨਿਰੇ ਕਰਮ ਕਰਕੇ ਪ੍ਰਾਪਤਿ ਨਹੀਂ ਹੁੰਦਾ, ਏਸ ਵਾਸਤੇ ਅਰਪਣ ਦੇ ਅਰਥ ਕੁਝ ਹੱਥ ਵਿਚ ਲੈਕੇ ਵੇਦ ਵਿਤ ਅਰ ਪ੍ਰਮੇਸ਼੍ਰ ਨੂੰ ਜਾਣਨੇ ਵਾਲੇ ਗੁਰੂ ਦੇ ਪਾਸ ਵਿਗਯਾਨ ਦੇ ਵਾਸਤੇ ਜਾਵੇ, ਜਾਕੇ ਸਭ ਸ਼ੰਕਿਆਂ ਦੀ ਨਵਿਰਤੀ ਕਰੇ, ਪ੍ਰੰਤੂ ਸਦਾ ਇਨ੍ਹਾਂ ਦਾ ਸੰਗ ਛਡ ਦੇਵੇ (ਜਿਨ੍ਹਾਂ ਦੇ ਵਿਸ਼ੇ ਹੇਠਾਂ ਲਿਖਯਾ ਜਾਂਦਾ ਹੈ)

अविद्यायामन्तरे वर्तमानाःस्वयं धीराः पण्डितम्मन्यमानाः ।
जङ्घन्यमानाः परियन्ति मूढा अन्धेनैव नीयमाना यथान्धाः ॥ १ ॥
अविद्यायां बहुधा वर्तमाना वयं कृतार्था इत्यभिमन्यन्ति बालाः
यत्कर्मिणो न प्रवेदयन्ति रागात् तेनातुराः क्षीणलोकाश्च्यवन्ते ॥
२ ॥ मुण्ड० ।खं० २ । मं० ८ । ९ ॥

ਜਿਹੜੇ ਅਵਿਦਜਾ ਦੇ ਅੰਦ੍ ਖੇਡ ਰਹੇ ਹਨ ਅਰ ਆਪਣੇ ਆਪ ਨੂੰ ਧੀਰ ਅਤੇ ਪੰਡਿਤ ਮੰਨਦੇ ਹਨ ਓਹ ਨੀਚ ਗਤੀ ਨੂੰ ਜਾਂਣ ਜੋਗੇ ਮੂੜ੍ਹ ਏਸ ਤਰਾਂ ਨਾਲ ਦੁਖ ਪਾਉਂਦੇ ਹਨ ਜੀਕਣ ਅਨ੍ਹੇ ਦੇ ਪਿੱਛ ਚਲੱਕੇ ਅਨ੍ਹੇ ਦੁਰਦਸ਼ਾ ਨੂੰ ਪ੍ਰਾਪਤਿ ਹੁੰਦੇ ਹਨ, ਜਿਹੜੇ ਅਵਿਦੱਜਾ ਵਿੱਚ ਫਸੇ ਹੋਏ ਬਾਲ ਬੁਧਵਾਲੇ ਇਹ ਸਮਝਦੇ ਹਨ ਕਿ ਅਸੀ ਸਭਨਾਂ ਗੱਲਾਂ ਤੋਂ ਨਿਬੇੜ ਚੁੱਕੇ, ਜਿਸ ਨੂੰ ਨਿਰੇ ਕਰਮ ਕਾਂਡੀ ਲੋਗ ਸੰਸਾਰ ਦੇ ਮੋਹ ਵਿਚੱ ਫਸੇ ਹੋਏ ਗਿਆਂਨ ਨਹੀਂ ਪਾਉਂਦੇ ਨਾ ਦੂਜੇ ਨੂੰ ਦੇ ਸਕਦੇ ਹਨ, ਉਹ ਆਤੁਰ ਹੋਕੇ ਜਨਮ ਮਰਨ ਰੂਪੀ ਦੁਖ ਵਿਚ ਡਿੱਗੇ ਰਹਿੰਦੇ ਹਨ, ਏਸ ਕਰਕੇ

वेदान्तविज्ञानसुनिश्चितार्थाः संन्यासयोगाद्यतयः शुद्धसत्वाः ।
ते ब्रह्मलोकेषु परान्तकाले परामृताः परिमुच्यन्ति सर्वे ॥
मुण्ड० । खं० २ । मं० ६ ॥

ਜਿਹੜਾ ਵੇਦਾਂਤ ਅਰਥਾਤ ਪ੍ਰਮੇਸ਼੍ਰਰ ਦੇ ਕਹੇ ਹੋਏ ਵੇਦ ਮੰਤ੍ਰਾਂ ਦੇ ਅਰਥ ਦੇ ਜਾਂਣਨੇ ਅਤੇ ਸਦਾ ਚਾਰ ਵਿਚੱ ਨਿਸਚੇ ਦੇ ਨਾਲ ਸਥਿਰ ਰਹਣਵਾਲੇ ਸੰਨਜਾਸ ਯੋਗ ਨਾਲ ਸੁਧ ਅੰਤਹ ਕਰਣ ਸੰਨਜਾਸੀ ਹੁੰਦੇ ਹਨ ਉਹ ਪ੍ਰਮੇਸ਼੍ਰਰ ਵਿਚੱਮੁਕਤੀ ਸੁਖ ਨੂੰ ਪ੍ਰਾਪਤ ਹੋਕੇ ਅਰ ਓਸ ਨੂੰ ਭੋਗਕੇ ਫੇਰ ਜਦ ਮੁਕਤੀ ਸੁਖਦੀ ਔਧੀਪੂਰੀ ਹੋ ਜਾਂਦੀ ਹੈ ਤਦ ਉਥੋਂ ਛੁਟਕੇ ਸੰਸਾਰ ਵਿਚੱ ਆਉਂਦੇ ਹਨ, ਮੁਕਤੀ ਦੇ ਬਗੈਰ ਦੁਖ ਦਾ ਨਾਸ਼ ਨਹੀਂ ਹੁੰਦਾ, ਕਿਂਉਂ ਜੋ—

न वै सशरीरस्य सतः प्रियाप्रिययोरपहतिरस्त्यशरीरं वावसन्तं
न प्रियाप्रिये स्पृशतः॥ छान्दो० । प्र० ८ । खं० १२ ॥

ਜਿਹੜਾ ਦੇਹ ਧਾਰੀ ਹੈ ਉਹ ਸੁਖ ਦੁਖ ਦੀ ਪ੍ਰਾਪਤਿ ਤੋਂ ਵਖਰਾ ਕਦੇ ਨਹੀਂ ਰਹ ਸ਼ਕਦਾ, ਅਰ ਜਿਹੜਾ ਸ਼ਰੀਰ ਰਹਤ ਜੀਵ ਆਤਮਾ ਮੁਕਤੀ ਵਿਚੱ ਸਰਬ ਵਿਆਪਕ ਪ੍ਰਮੇਸ਼੍ਰਰ ਦੇ ਨਾਲ ਸ਼ੁਧ ਹੋਕੇ ਰਹਿੰਦਾ ਹੈ ਓਸ ਨੂੰ ਸੰਸਾਰ ਦਾ ਸੁਖ ਦੁਖ ਨਹੀ ਪ੍ਰਾਪਤਿ ਹੁੰਦਾ ਏਸਲਈ

पुत्रैषणायाश्च वित्तैषणायाश्च लोकैषणायाश्च्युत्थाया-
थ भिक्षाचर्यं चरन्ति ॥ शत० । कां० १४ । प्र०५ ब्रा०२ कं०१ ॥

ਸੰਸਾਰ ਵਿਚੱ ਮਾਂਨ ਜਾਂ ਲਾਭ, ਧੰਨ ਕਰਕੇ ਭੋਗ ਜਾਂ ਮਾਂਨ ਅਰ ਬਚਿ-

ਆਂ ਦੇ ਮੋਹ ਥੀਂ ਹਟਕੇ ਸੰਨਿਆਸੀ ਲੋਗ ਭਿਖ੍ਯੂ ਹੋਕੇ ਰਾਤ ਦਿਨ ਮੁਕਤੀ ਦ ਸਾਧਨਾਂ ਵਿਚੱ ਲੱਗੇ ਰਹਿੰਦੇ ਹਨ।

प्रजापत्यां निरूप्येष्टिं तस्यां सर्ववेदसं हुत्वा
ब्राह्मणः प्रव्रजेत् ॥ १ ॥ यजुर्वेदब्राह्मणे ॥

प्राजापत्यां निरूप्येष्टिं सर्ववेदसदक्षिणाम् ।
आत्मन्यग्नीन्समारोप्य ब्राह्मणः प्रव्रजेद् गृहात् ।
यो दत्त्वा सर्वभूतेभ्यः प्रव्रजत्यभयं गृहात् ।
तस्य तेजोमया लोका भवन्ति ब्रह्मवादिनः ॥
२ ॥ मनु० ६ ॥ ३८ । ३९ ॥

ਪ੍ਰਜਾਪਤੀ ਅਰਥਾਤ ਪ੍ਰਮੇਸ਼ੂਰ ਦੀ ਪ੍ਰਾਪਤਿ ਦੇ ਅਰਥ ਇਸ੍ਟੀ ਅਰਥਾਤ ਜੱਗ ਕਰਕੇ ਓਸ ਵਿਚ ਜੰਞੂ ਚੋਟੀ ਆਦੀ ਨਿਸ਼ਾਨਾਂ ਨੂੰ ਛਡਕੇ ਆਵਨੀ ਆਦੀ ਪੰਜਪ੍ਰਕਾਰ ਦੀ ਅਗੱ ਦੀ ਜਗਾ ਪ੍ਰਾਂਣ, ਅਪਾਂਨ, ਵਜਾਨ, ਉਦਾਨ, ਅਰ ਸਮਾਂਨ ਇਨਾਂ ਪੰਜਾਂ ਪ੍ਰਾਣਾਂ ਨੂੰ ਮਨ ਕਰਕੇ ਬ੍ਰਾਹਮਣ, ਪ੍ਰਮੇਸ਼ੂਰ ਨੂੰ ਜਾਂਣਨੇ ਵਾਲਾ ਘਰ ਥੀਂ ਨਿਕਲਕੇ ਸੰਨਿਆਸੀ ਹੋ ਜਾਵੇ, ਜਿਹੜਾ ਸਭ ਭੂਤ ਪ੍ਰਾਣੀ ਮਾਤ੍ਰ ਨੂੰ ਅਭੈ ਦਾਨ ਦੇਕੇ ਘਰਤੋਂ ਨਿਕਲ ਕੇ ਸੰਨਯਾਸੀ ਹੁੰਦਾ ਹੈ, ਓਸ ਬ੍ਰਹਮ ਬਾਦੀ ਅਰਥਾਤ ਪ੍ਰਮੇਸ਼ੂਰ ਦੇ ਪ੍ਰਕਾਸ਼ ਕੀਤੇ ਹੋਏ ਵੇਦਾਂ ਦੇ ਅਨਕੂਲ ਧਰਮ ਆਦੀ ਵਿਦੱਜਾ ਦਾ ਉਪਦੇਸ਼ ਕਰਨ ਵਾਲੇ ਸੰਨਿਆਸੀ ਦੇ ਲਈ ਪ੍ਰਕਾਸ਼ ਮਈ ਅਰਥਾਤ ਮੁਕਤੀ ਦਾ ਅਨੰਦ ਸਰੂਪ ਲੋਕ ਪ੍ਰਾਪਤ ਹੁੰਦਾ ਹੈ

(ਪ੍ਰਸ਼ਨ) ਸੰਨਿਆਸੀਆਂ ਦਾ ਕੀ ਧਰਮ ਹੈ ?

(ਉੱਤਰ) ਧਰਮ ਤਾਂ ਪਖਪਾਤ ਰਹਿਤ ਨਿਆਂਇ ਦਾ ਅਚਾਰਣ ਕਰਨਾ, ਸਤ ਦਾ ਗ੍ਰਹਣ ਕਰਨਾਂ ? ਅਸਤ ਦਾ ਤਿਆਗਣਾ, ਵੇਦ ਵਿਚ ਬਰਣਨ ਕੀਤੇ ਹੋਏ ਪ੍ਰਮੇਸ਼ੂਰ ਦੀ ਆਗਿਆ ਦਾ ਪਾਲਨਾ, ਪਰ ਉਪਕਾਰ, ਸਤ ਭਾਸ਼ਣ ਆਦੀ ਲਛੱਣ ਸਭੇ ਆਸ਼੍ਰਮਾਂ ਵਾਲਿਆਂ ਦਾ ਅਰਥਾਤ ਸਭ ਮਨੁੱਖਮਾਤ੍ਰ ਦਾ ਇਕ ਹੀ ਹੈ, ਪ੍ਰੰਤੂ ਸੰਨਿਆਸੀ ਦੇ ਵਸ਼ੇਸ਼ ਧਰਮ ਇਹ ਹੈਂਨ, ਕਿ:-

दृष्टिपूतं न्यसेत्पादं वस्त्रपूतं जलं पिबेत् ।
सत्यपूतां वदेद्वाचं मनःपूतं समाचरेत् ॥ १ ॥
क्रुद्ध्यन्तं न प्रतिक्रुध्येदाक्रुष्टः कुशलं वदेत्
सप्तद्वारावकीर्णां च न वाचमनृतां वदेत् ॥ २ ॥
अध्यात्मरति रासीनो निरपेक्षो निरामिषः ।
आत्मनैव सहायेन सुखार्थी विचरेदिह ॥ ३ ॥
क्लृप्तकेशनखश्मश्रुः पात्री दण्डी कुसुम्भवान् ।
विचरेन्नियतो नित्यं सर्वभूतान्यपीडयन् ॥ ४ ॥

इन्द्रियाणां निरोधेन रागद्वेषक्षयेण च ।
अहिंसया च भूतानाममृतत्वाय कल्पते ॥ ५ ॥
दूषितोऽपि चरेद्धर्मं यत्र तत्राश्रमे रतः ।
समः सर्वेषु भूतेषु न लिङ्गं धर्मकारणम् ॥ ६ ॥
फलं कतकवृक्षस्य यद्यप्यम्बुप्रसादकम् ।
न नामग्रहणादेव तस्य वारि प्रसीदति ॥ ७ ॥
प्राणायामा ब्राह्मणस्य त्रयोऽपि विधिवत्कृताः ।
व्याहृतिप्रणवैर्युक्ता विज्ञेयं परमं तपः ॥ ८ ॥
दह्यन्ते ध्मायमानानां धातूनां हि यथा मलाः ।
तथेन्द्रियाणां दह्यन्ते दोषाः प्राणस्य निग्रहात ॥ ९ ॥
प्राणायामैर्दहेद्दोषान् धारणाभिश्च किल्बिषम् ।
प्रत्याहारेण संसर्गान् ध्यानेनानीश्वरान् गुणान् ॥ १० ॥
उच्चावचेषु भूतेषु दुर्ज्ञेयामकृतात्मभिः ।
ध्यानयोगेन संपश्येद् गतिमस्यान्तरात्मनः ॥ ११ ॥
अहिंसयेन्द्रियासङ्गैर्वैदिकैश्चैव कर्मभिः ।
तपसश्चरणैश्चोग्रैः साधयन्तीह तत्पदम् ॥ १२ ॥
यदा भावेन भवति सर्वभावेषु निःस्पृहः ।
तदा सुखमवाप्नोति प्रेत्य चेह च शाश्वतम् ॥ १३ ॥
चतुर्भिरपि चैवैतैर्नित्यमाश्रमिभिर्द्विजैः ।
दशलक्षणको धर्मः सेवितव्यः प्रयत्नतः ॥ १४ ॥
धृतिः क्षमा दमोऽस्तेयं शौचमिन्द्रियनिग्रहः ।
धीर्विद्या सत्यमक्रोधो दशकं धर्मलक्षणम् ॥ १५ ॥
अनेन विधिना सर्वांस्त्यक्त्वा संगाञ् शनैः शनैः ।
सर्वद्वन्द्वविनिर्मुक्तो ब्रह्मण्येवावतिष्ठते ॥ १६ ॥
मनु० अ०६ ॥ ४६ । ४८ । ४९ । ५२ । ६० । ६६
। ६७ । ७० – ७३ । ७५ । ८० । ९१ । ९२ । ८१ ॥

ਜਦ ਸਨੱਜਾਸੀ ਰਾਹ ਵਿਚੱ ਚਲੇ ਤਦ ਐਧਰ ਓਧਰ ਨ ਵੇਖੇ, ਹੇਠਾਂ ਜ਼ਮੀਨ ਵੱਲ ਨਜ਼ਰ ਰਖਕੇ ਚੱਲੇ, ਸਦਾ ਕਪੜੇ ਨਾਲ ਛਾਂਣ ਕੇ ਪਾਂਣੀ ਪੀਵੇ, ਸਦਾਹੀ ਸਚੱ ਬੋਲੇ, ਸਦਾ ਮਨ ਨਾਲ ਵਿਚਾਰਕੇ ਸਤ ਦਾ ਗ੍ਰਹਣ ਕਰਕੇ ਅਸਤ ਨੂੰ ਛਡ ਦੇਵੇ, ਜਦ ਕਦੇ ਉਪਦੇਸ਼ ਜਾਂ ਸੰਬਾਦ ਆਦੀ ਵਿਚੱ ਕੋਈ ਸਨੱਜਾਸੀ ਉਤੇ ਕ੍ਰੋਧ ਕਰੇ ਅਥਵਾ ਓਸਦੀ ਨਿੰਦਿਆ ਕਰੇ ਤਾਂ ਸਨਜਾਸੀ ਨੂੰ ਉਚਿੱਤ ਹੈ ਕਿ ਓਸਦੇ ਉਪੱਰ ਆਪ ਕ੍ਰੋਧ ਨ ਕਰੇ, ਕਿੰਤੂ ਸਦਾ ਓਸਦੇ ਕਲਿਆਣ ਲਈ ਉਪਦੇਸ਼ ਹੀ ਕਰੇ, ਅਰ ਇਕੱ ਮੂੰਹ ਦੇ, ਦੋ ਨਾਸਾਂ ਦੇ, ਦੋ ਅੱਖਾਂ ਦੇ, ਅਰ ਦੋ ਕੰਨਾਂ ਦੇ ਛੇਕਾਂ ਵਿਚੋਂ ਨਿਕਲੀ ਹੋਈ ਬਾਣੀ ਨਾਲ ਕਿਸੇ ਕਾਰਨ ਕਰਕੇ

ਝੂਠ ਕਦੇ ਨ ਬੋਲੇ, ਆਪਣੇ ਆਤਮਾ ਅਤੇ ਪ੍ਰਮਾਤਮਾਂ ਵਿਚ ਸਥਿਰ, ਕਿਸੇ ਦੀ ਮੁਥਾਜੀ ਨੂੰ ਛਡਕ ਮਾਸ ਸ਼ਰਾਬ ਥੀਂ ਵਰਜਤ ਹੋਕੇ ਆਤਮਾ ਦੇ ਹੀ ਸਹਾਰੇ ਨਾਲ ਸੁਖਦ ਲਭੱਣ ਵਾਲਾ ਹੋਕੇ ਏਸ ਸੰਸਾਰ ਵਿਚ ਧਰਮ ਅਤੇ ਵਿਦੱਯਾ ਦੇ ਵਾਧੇ ਵਾਸਤੇ ਸਦਾ ਬਿਚਾਰ ਦਾ ਰਹੈ, ਸਿਰਦੇ ਬਾਲ, ਨਹੁੰ, ਦਾੜ੍ਹੀ,ਮੁਛ ਨੂੰ ਮੁਨਾ ਦੇਵੇ, ਇੱਕ ਚੰਗਾ ਜਿਹਾ ਬਰਤਨ ਅਤੇ ਡੰਡਾ ਲਵੇ ਅਰ ਕਸੁੰਭੇ ਆਦੀ ਨਾਲ ਰੰਗੇ ਹੋਏ ਕਪੜੇ ਪਾਕੇ ਦ੍ਰਿੜ੍ਹ ਪ੍ਰਤਗੱਯਾ ਕਰਕੇ ਕਿਸੇ ਜਨਾਉਰ ਨੂੰ ਦੁਖ ਨਾ ਦਿੰਦਾ ਹੋਇਆ ਸਭੱ ਜਗਾ ਬਿਚਰੇ, ਇੰਦ੍ਰੀਆਂ ਨੂੰ ਅਧਰਮ ਦੇ ਆਚਰਣ ਥੀਂ ਰੋਕੇ, ਰਾਗ ਦ੍ਵੈਸ਼ ਨੂੰ ਛਡਕੇ ਸਭੱ ਪ੍ਰਾਣੀਆਂ ਨਾਲ ਨਿਰਵੈਰ ਵਰਤਕੇ ਮੁਕਤੀ ਦੇ ਵਾਸਤੇ ਸਮਰਥੱਾ ਵਧਾਂਦਾ ਰਹੈ, ਕੋਈ ਸੰਸਾਰ ਵਿਚੱ ਓਸ ਨੂੰ ਭਲਾ ਆਖੇ ਭਾਵੇਂ ਬੁਰਾ ਸਨੱਯਾਸੀ ਸੱਭ ਆਸ੍ਰਮਾਂ ਵਾਲਿਆਂ ਨਾਲ ਵਰਤਦਾ ਹੋਇਆ ਸੱਭ ਪ੍ਰਾਣੀਆਂ ਦੇ ਵਿਚੱ ਪਖ ਪਾਤ ਤੋਂ ਰਹਤ ਹੋਕੇ ਆਪ ਧਰਮਾਤਮਾ ਰਹੈ ਅਰ ਦੂਜਿਆਂ ਨੂੰ ਧਰਮਾਤਮਾਂ ਕਰਨ ਦਾ ਜਤਨ ਕੀਤਾ ਕਰੇ, ਅਰ ਇਹ ਅਪਣੇ ਮਨ ਵਿਚ ਨਿਸਚੇ ਕਰਕੇ ਜਾਂਣ ਲਵੇ ਕਿ ਸੋਟੇ, ਕਮੰਡਲ, ਅਰ ਗੇਰੂ ਦੇ ਕਪੜੇ ਆਦੀ ਨਿਸ਼ਾਨੀਆਂ ਦਾ ਰਖਣਾ ਧਰਮ ਦਾ ਕਾਰਣ ਨਹੀ ਹੈ, ਸਭ ਮਨੁਖ ਆਦੀ ਪ੍ਰਾਣੀਆਂ ਨੂੰ ਸੱਚਾ ਉਪਦੇਸ਼ ਕਰਨਾਂ ਅਰ ਵਿਦਯਾ ਦਾਂਨ ਕਰਕੇ ਉਨਾਂ ਦੀ ਉਨੱਤੀ ਕਰਨੀ ਸਨੱਯਾਸੀ ਦਾ ਮੁੱਖ ਕਰਮ ਹੈ, ਕਿਉਂਕਿ ਯੱਦਪੀ ਨਿਰਮਲੀ ਦ੍ਰਖਤ ਦਾ ਫਲ ਪੀਹਕੇ ਗੰਦੇ ਪਾਣੀ ਵਿੱਚ ਪਾਂਣ ਕਰਕੇ ਪਾਣੀ ਨੂੰ ਸਫਾ ਕਰ ਦਿੰਦਾ ਹੈ, ਤਦੱਪੀ ਬਗੈਰ ਓਸਦੇ ਪਾਇਆਂ ਓਸਦੇ ਨਾਉਂ ਲੈਣ ਜਾਂ ਨਿਰੇ ਨਾਮ ਸੁਣਨ ਨਾਲ ਹੀ ਪਾਣੀ ਸ਼ੁਧੱ ਨਹੀਂ ਹੋ ਸਕਦਾ, ਏਸ ਲਈ ਬ੍ਰਾਹਮਣ ਅਰਥਾਤ ਪ੍ਰਮੇਸ਼੍ਵਰ ਦੇ ਜਾਣਨ ਵਾਲੇ ਸਨੱਯਾਸੀ ਨੂੰ ਉਚਿੱਤਹੈਕਿ ਪਹਿਲਾਂ 'ਓਮ੍'ਅਤੇ ਉਹਦੇ ਨਾਲਹੀ *ਸੱਤਾਂ ਵਿਆਹ੍ਰਿਤੀਆਂ ਕਰਕੇ ਵਿਧੀ ਪੂਰਬਕ ਪ੍ਰਾਂਣਾਯਾਂਮ ਜਿਨੀ ਸ਼ਕਤੀ ਹੋਵੇ ਓਨੇ ਹੀ ਕਰੇ, ਪ੍ਰੰਤੂ ਤਿੱਨਾਂ ਤੋਂ ਘਟ ਪ੍ਰਾਣਾਂ ਯਾਮ ਕਦ ਨ ਕਰੇ, ਏਹੋ ਸਨਯਾਸੀ ਦਾ ਪਰਮ ਤਪ ਹੈ।

ਕਿਉਂਕਿ ਜੀਕਣ ਅਗੱ ਵਿਚੱ ਤਪਾਂਨ ਅਤੇ ਗਲਾਂਣ ਨਾਲ ਧਾਤਾਂ ਦੀ ਮੈਲ ਛੁਟ ਜਾਂਦੀ ਹੈ, ਉਕਣ ਪ੍ਰਾਣਾਂ ਦੇ ਰੋਕਣ ਨਾਲ ਮਨ ਆਦੀ ਇੰਦ੍ਰੀਆਂ ਦ ਦੋਸ਼ ਭਸਮ ਹੋ ਜਾਂਦੇ ਹਨ, ਏਸ ਲਈ ਸਨਯਾਸੀ ਸਦਾ ਪ੍ਰਾਣਾਂ ਯਾਮ ਕਰਕੇ ਆਤਮਾ, ਅੰਤਹਕਰਣ ਅਰ ਇੰਦ੍ਰੀਆਂ ਦੇ ਦੋਸ਼ਾਂ ਨੂੰ, ਧਾਰਨਾ ਕਰਕੇ ਪਾਪ, ਪ੍ਰਤਯਾਹਾਰ ਕਰਕੇ ਸੰਗ ਦੇ ਦੋਸ਼ਾਂ ਨੂੰ, ਅਰ ਧਿਆਂਨ ਕਰਕੇ ਈਸ਼੍ਵਰ ਦੇ ਸੁਭਾਓ ਤੋਂ ਵਿਰੁਧੱ ਗੁਣ ਅਰਥਾਤ ਹਰਖ,ਸ਼ੋਕ ਅਤੇ ਅਵਿਦਿਆ ਆਦੀ ਜੀਵ ਦੇ ਦੋਸ਼ਾਂ

---

*ਸਤ ਵਿਆਹ੍ਰਿਤੀਆਂ ਇਹ ਹਨਃ—ਭੂਃ, ਭੁਵਃ, ਸ੍ਵਃ, ਮਹਃ, ਜਨਃ, ਤਪਃ, ਸਤਯਮ੍- ਏਹ ਸਭ ਪਰਮੇਸ਼੍ਵਰ ਦੇ ਨਾਮ ਹਨ(ਅਨੁਵਾਦਕਰਤਾ)

ਨੂੰ ਭਸਮ ਕਰ ਦੇਨ, ਇਸੇ ਧਯਾਨ ਯੋਗ ਦੁਆਰਾ ਜਿਸ ਨੂੰ ਯੋਗ ਦੇ ਨ ਜਾਨਣ ਵਾਲੇ ਕਠਨਤਾ ਨਾਲ ਜਾਣ ਸਕਦੇ ਹਨ, ਸਭ ਛੋਟੇ ਵਡੇ ਪਦਾਰਥ ਵਿਚੋਂ ਪ੍ਰਮੇਸ਼੍ਵਰ ਨੂੰ ਹਾਜਰ ਨਾਜਰ ਸਮਝੇ,ਅਤੇ ਆਪਨੇ ਆਤਮਾਂ ਅਰ ਅੰਤ੍ਰਜਾਮੀ ਪ੍ਰਮੇਸ਼੍ਵਰ ਦੀ ਮਹਮਾਂ ਨੂੰ ਵੇਖੇ, ਸੱਭ ਪ੍ਰਾਨੀਆਂ ਨਾਲ ਨਿਰਵੈਰ ਰਹਣਾ, ਇੰਦ੍ਰੀ-ਆਂ ਦੇ ਵਿਸ਼ਯਾਂ ਦਾ ਤਿਆਗ ਕਰਨਾ, ਵੇਦ ਦੇ ਅਨਕੂਲ ਕੰਮ ਕਰਨੇ, ਅਰ ਕਠਨ ਤਪਸਿੱਆ ਕਰਕੇ ਏਸ ਸੰਸਾਰ ਵਿਚੋਂ ਮੁਕਤੀ ਨੂੰ ਪੂਰਬੋਕਤ ਸੰਨਯਾਸੀ ਹੀ ਸਿਧ ਕਰ ਅਤੇ ਕਰਾ ਸਕਦੇ ਹਨ ਹੋਰ ਨਹੀ, ਜਦ ਸਨਿਆਸੀ ਸਭੱ ਪਦਾਰਥਾਂ ਵਿਚੋਂ ਆਪਨੇ ਸ੍ਵਾਰਥ ਅਤੇ ਕਾਮਨਾ ਤੋਂ ਰਹਤ ਹੋਕੇ ਸਭਣਾਂ ਬਾਹਰ ਭੀਤਰ ਦੇ ਵਿਹਾਰਾਂ ਵਿਚੋਂ ਭਾਉ ਕਰਕੇ ਪਵਿਤ੍ਰ ਹੁੰਦਾ ਹੈ, ਤਦੇ ਹੀ ਏਸ ਦੇਹ ਵਿਚ ਅਰ ਮਰਕੇ ਮੁਕਤੀ ਸੁਖ ਨੂੰ ਪ੍ਰਾਪਤ ਹੁੰਦਾਹੈ, ਏਸ ਲਈ ਬ੍ਰਹਮਚਾਰੀ, ਗ੍ਰਹਸਤੀ, ਬਾਣਪ੍ਰਸਥੀ, ਅਰ ਸੰਨਯਾਸੀਆਂ ਨੂੰ ਜੋਗ ਹੈ ਕਿ ਜਤਨ ਕਰਕੇ ਦਸਾਂ ਲਖਣਾਂ ਵਾਲੇ ਹੇਠਾਂ ਲਿਖੇ ਹੋਏ ਧਰਮ ਦਾ ਸੇਵਨ ਕਰਨ,

ਪਹਲਾ ਲੱਖਣ (ਧ੍ਰਿਤੀ) ਸਦਾ ਧੀਰਜ ਰਖਣਾ, ਦੂਜਾ (ਖਿਮਾ) ਨਿੰ-ਦਿਆ, ਉਸਤਤੀ, ਮਾਨ ਅਪਮਾਨ, ਹਾਨੀ, ਲਾਭ ਆਦੀ ਦੁੱਖਾਂ ਵਿਚ ਬੀ ਸਹਨ ਸ਼ੀਲ ਰਹਣਾ, ਤੀਜਾ (ਦਮ) ਮਨ ਨੂੰ ਸਦਾ ਧਰਮ ਵਿਚ ਲਗਾਕੇ ਅਧਰਮ ਥੀਂ ਰੋਕ ਦੇਣਾ ਅਰਥਾਤ ਅਧਰਮ ਕਰਨ ਦੀ ਇਛਿਆ ਬੀ ਨ ਉਠੱ-ਣ ਦੇਣੀ,ਚੌਥਾ (ਆਸਤੇਯ)ਚੋਰੀ ਤਯਾਗ ਦੇਣੀ ਅਰਥਾਤ ਬਗੈਰ ਆਗਿਆ ਜਾਂ ਛਲ,ਕਪਟ,ਵਿਸ਼੍ਵਾਸਘਾਤ, ਜਾਂ ਕਿਸੇ ਵਿਹਾਰ ਤਥਾ ਵੇਦ ਦੇ ਵਿਰੁੱਧ ਉਪਦੇਸ਼ ਕਰਕੇ ਪ੍ਰਾਇਆ ਮਾਲ ਲੈ ਲੈਣਾਂ ਚੋਰੀ,ਅਤੇ ਏਸਨੂੰ ਛਡ ਦੇਣਾਂ ਸ਼ਾਹੂਕਾਰੀ ਕਹਾਉਂਦੀ ਹੈ, ਪੰਜਵਾਂ (ਸ਼ੌਚ) ਰਾਗ ਦ੍ਵੈਸ਼,ਪਖਪਾਤ ਛਡਕੇ ਅੰਦਰ ਦੀ, ਅਤੇ ਪਾਂਣੀ ਮਿੱਟੀ ਆਦੀ ਦੇ ਮਲੱਣ ਨਾਲ ਬਾਹਰ ਦੀ ਪਵਿੱਤ੍ਰਤਾ ਰਖਣੀ, (ਛੇਵਾਂ ਇੰਦ੍ਰੀ ਨਿਗ੍ਰਹ) ਇੰਦ੍ਰੀਆਂ ਨੂੰ ਅਧਰਮ ਦੇ ਕੰਮਾਂ ਤੋਂ ਰੋਕ ਕੇ ਧਰਮ ਵਿਚ ਹੀ ਸਦਾ ਚਲਾਂਣਾ। ਸਤਵਾਂ (ਧੀ) ਨਸ਼ੇ ਵਾਲੀਆਂ ਚੀਜਾਂ ਜਾਂ ਬੁਧ ਨੂੰ ਨਸ਼ਟ ਕਰਨ ਵਾਲੇ ਹੋਰ ਪਦਾਰਥ, ਬੁਰੇ ਮਨੁੱਖਾਂ ਦਾ ਸੰਗ, ਆਲਸ ਅਤੇ ਪ੍ਰਮਾਦ ਨੂੰ ਛਡਕੇ ਚੰਗੀਆਂ ਚੀਜਾਂ ਦਾ ਸੇਵਨ,ਭਲ ਪੁਰਸ਼ਾਂ ਦੀ ਸੰਗਤ, ਯੋਗਾਭ੍ਯਾਸ ਕਰਕੇ ਬੁਧ ਨੂੰ ਵਧਾਣਾਂ, ਅਠਵਾਂ (ਵਿਦਿਆ) ਮਿੱਟੀ ਤੋਂ ਲੈਕੇ ਪ੍ਰਮੇਸ਼੍ਵਰ ਤੱਕ ਪਦਾਰਥਾਂ ਦਾ ਜਥਾਰਥ ਗਯਾਨ ਅਰ ਉਨ੍ਹਾਂ ਥੀਂ ਜਥਾ ਜੋਗ ਉਪਕਾਰ ਲੈਣਾਂ, ਸਤ ਜੇਹਾ ਆਤਮਾ ਵਿਚ ਤੇਹਾ ਮਨ ਵਿਚ, ਜੇਹਾ ਮਨ ਵਿਚ ਤੇਹਾ ਬਾਣੀ ਵਿਚ, ਜਿਹਾ ਬਾਣੀ ਵਿਚ ਤਿਹਾ ਕਰਮ ਵਿਚ ਵਰਤਣਾਂ ਵਿਦਯਾ, ਅਰ ਏਸ ਦੇ ਉਲਟ ਵਰਤਣਾ ਅਵਿਦਿਆ ਹੈ, ਨੌਵਾਂ (ਸਤ) ਜਿਹੜਾ ਪਦਾਰਥ ਜੇਹੋ ਜੇਹਾ ਹੋਵੇ ਓਸਨੂੰ ਓਹੋ ਜੇਹਾ ਸਮਝਣਾ, ਉਹੋ ਜੇਹਾ ਹੀ ਕਹਣਾ ਅਰ ਓਹੋ ਜੇਹਾ ਹੀ ਕਰ-ਨਾ, ਦਸਵਾਂ (ਅਕ੍ਰੋਧ) ਕ੍ਰੋਧ ਆਦੀ ਦੋਸ਼ਾਂ ਨੂੰ ਛਡਕੇ ਸ਼ਾਂਤੀ ਆਦੀ ਗੁਣਾਂ ਦਾ

ਗ੍ਰਹਣ ਕਰਨਾਂ ਧਰਮ ਦਾ ਲੱਖਣ ਹੈ, ਇਨ੍ਹਾਂ ਦੱਸਾਂ ਲਖਣਾਂ ਵਾਲੇ ਪਖਪਾਤ ਤੋਂ ਰਰਤ ਨਿਆਇ ਆਚਰਣ ਵਾਲੇ ਧਰਮ ਦਾ ਸੇਵਨ ਚਹੁੰ ਆਸ਼੍ਰਮਾਂ ਵਾਲੇ ਕਰਨ ਅਰ ਇਸੇ ਵੇਦਾਂ ਦੇ ਅਨੁਸਾਰ ਧਰਮ ਵਿਚ ਆਪ ਚਲਣਾਂ ਦੂਜਿਆਂ ਨੂੰ ਸਮਝਾ ਕੇ ਚਲਾਉਂਦਾ ਸੰਨ੍ਯਾਸੀਆਂ ਦਾ ਵਸ਼ੇਸ਼ ਧਰਮ ਹੈ, ਏਸਤਰਾਂ ਹੌਲੀ ੨ ਸਭਸੰਗ ਦੇ ਦੋਸ਼ਾਂ ਨੂੰ ਛਡਕੇ ਹਰਖ ਸੋਗ ਆਦੀ ਸੱਭ ਦ੍ਵੰਦਾਂ ਤੋਂ ਰਹਿਤ ਹੋਕੇ ਸੰਨ੍ਯਾਸੀ ਪ੍ਰਮੇਸ਼੍ਵਰ ਵਿਚ ਸਥਿਰ ਹੁੰਦਾ ਹੈ, ਸਨ੍ਯਾਸੀਆਂ ਦਾ ਮੁਖ ਕੰਮ ਏਹੋ ਹੀ ਹੈ ਕਿ ਸਾਰੇ ਗ੍ਰਹਸਤ ਆਦੀ ਆਸ਼੍ਰਮਾਂ ਨੂੰ ਸਭ ਪ੍ਰਕਾਰ ਦੇ ਵਿਹਾਰਾਂ ਦਾ ਸੱਚਾ ਨਿਸਚਾ ਕਰਾ ਕੇ ਅਧਰਮ ਦੇ ਵਿਹਾਰਾਂ ਤੋਂ ਛੁਡਾਕੇ ਸਾਰ ਸੰਸ਼ਿਆਂ ਦੀ ਨਿਵਿਰਤੀ ਕਰਕੇ ਸਚੇ ਮਰਮ ਦੇ ਵਿਹਾਰਾਂ ਵਿੱਚ ਪਰਵਿਰਤ ਕਰਾਇਆ ਕਰਨ।

(ਪ੍ਰਸ਼ਨ) ਸਨ੍ਯਾਸ ਲੈਣਾਂ ਬ੍ਰਾਹਮਣ ਦਾ ਹੀ ਧਰਮ ਹੈ ਵਾ ਖੱਤ੍ਰੀ ਆਦੀ ਦਾ ਬੀ।

(ਉੱਤਰ) ਬ੍ਰਾਹਮਣ ਦਾ ਹੀ ਅਧਿਕਾਰ ਹੈ, ਕਿਉਂਕਿ ਜਿਹੜਾ ਸਭ ਵਰਣਾ ਵਿਚ ਪੂਰਣ ਵਿਦਵਾਂਨ ਧਰਮ ਤੇ ਚਲੱਣ ਵਾਲਾ, ਪਰਉਪਕਾਰ ਦਾ ਪਿਆਰਾ ਮਨੁਖ ਹੈ ਉਸੇ ਦਾ ਬ੍ਰਾਹਮਣ ਨਾਉਂ ਹੈ, ਬਗੈਰ ਪੂਰੀ ਵਿੱਦਿਆ ਦੇ ਧਰਮ ਅਤੇ ਪ੍ਰਮਸ਼੍ਵਰ ਦਾ ਪੂਰਾ ਨਿਸਚਾ, ਅਤੇ ਬਗੈਰ ਵੈਰਾਗ ਤੋਂ ਸੰਨਿਆਸ ਲੈਣ ਵਿਚ ਸੰਸਾਰ ਦਾ ਵਸ਼ੇਸ਼ ਉਪਕਾਰ ਨਹੀਂ ਹੋ ਸਕਦਾ, ਇਸੇ ਕਰਕੇ ਅਖਾਉਤ ਹੈ ਕਿ ਬ੍ਰਾਹਮਣ ਨੂੰ ਸੱਨਿਆਸ ਦਾ ਅਧਿਕਾਰ ਹੈ ਹੋਰ ਨੂੰ ਨਹੀਂ, ਇਸੇ ਵਿਸ਼ੇ ਵਿਚ ਮਨੂੰ ਸਿੱਮ੍ਰਤੀ ਦਾ ਪ੍ਰਮਾਂਣ ਬੀ ਹੈ।

एष वो वोऽभिहितो धर्मो ब्राह्मणस्य चतर्विधः।
पुण्योऽक्षयफलः प्रेत्य राजधर्मान् निबोधत ॥ मनु० ६। ९७ ॥

ਮਨੂੰ ਜੀ ਮਹਾਂਰਾਜ ਕਹਿੰਦੇ ਹੈਂਨ, ਹ ਰਿਸ਼ੀਓ ਇਹ ਚਾਰੋਂ ਅਰਥਾਤ ਬ੍ਰਹਮਚਰਜ, ਗ੍ਰਹਸਤ, ਬਾਨਪ੍ਰਸਥ, ਅਤੇ ਸੰਨ੍ਯਾਸਆਸ਼੍ਰਮ ਬ੍ਰਾਹਮਣ ਦਾ ਧਰਮ ਹਨ, ਐਥੇ ਵਰਤਮਾਂਨ ਸਮੇ ਪੁੰਨ, ਅਤੇ ਸ਼ਰੀਰ ਛਡਣ ਤੋਂ ਪਿਛੋਂ ਮੁਕਤੀ ਰੂਪੀ ਪਰਮ ਆਨੰਦ ਨੂੰ ਦੇਣ ਵਾਲਾ ਸੰਨਿਆਸ ਧਰਮ ਹੈ, ਏਸਤੋਂ ਅੱਗੇ ਰਾ-ਜਿਆਂ ਦਾ ਧਰਮ ਮੇਰੇ ਕੋਲੋਂ ਸੁਣੋ"

ਏਸ ਤੋਂ ਇਹ ਸਿੱਧ ਹੋਇਆ ਕਿ ਸੱਨਿਆਸ ਲੈਣ ਦਾ ਅਧਿਕਾਰ ਮੁਖ ਕਰਕੇ ਬ੍ਰਾਹਮਣ ਦਾ ਹੈ, ਅਰ ਖੱਤ੍ਰੀ ਆਦੀ ਦਾ ਬ੍ਰਹਮਚਰਜ ਆਸ਼੍ਰਮ ਹੈ,

(ਪ੍ਰਸ਼ਨ) ਸੰਨਿਆਸ ਲੈਣ ਦੀ ਜਰੂਰਤ ਕੀ ਹੈ ?

(ਉੱਤਰ) ਜਿਸਤ੍ਰਾਂ ਸ਼ਰੀਰ ਵਿਚ ਸਿਰ ਦੀ ਜਰੂਰਤ ਹੈ ਓਸੇ ਤਰ੍ਹਾਂ ਹੀ ਆਸ਼੍ਰਮਾਂ ਵਿਚ ਸਨਿੱਆਸ ਆਸ਼੍ਰਮ ਦੀ ਜਰੂਰਤ ਹੈ ਕਿਉਂਕਿ ਏਸਦੇ ਬਗੈਰ

ਵਿਦਿਆ ਧਰਮ ਕਦ ਨਹੀ ਵੱਧ ਸਕਦਾ, ਅਰ ਦੂਜੇ ਆਸ਼੍ਰਮਾਂ ਨੂੰ ਵਿਦਿਆ ਗ੍ਰਹਣ, ਗ੍ਰਹਸਤ ਦੇ ਕੰਮਾਂ ਅਰ ਤਪੱਸਿਆ ਆਦੀ ਵਿਚ ਲਗੇ ਰਹਣ ਕਰਕੇ ਵੇਲਾ ਬਹੁਤ ਘਟ ਮਿਲਦਾ ਹੈ, ਪਖ ਪਾਤ ਨੂੰ ਛਡਕੇ ਵਰਤਣਾ ਦੂਜੇ ਆਸ਼੍ਰਮਾ ਨੂੰ ਕਠਨ ਹੈ, ਜੀਕਣ ਸਨਿਆਸੀ ਚਹੁਾਂ ਪਾਸਿਓਂ ਵੇਹਲਾ ਹੋਕੇ ਜਗਤ ਦਾ ਉਪਕਾਰ ਕਰਦਾ ਹੈ, ਓਸੇ ਤਰਾਂ ਦੂਜੇ ਆਸ਼੍ਰਮਾਂ ਵਾਲੇ ਨਹੀਂ ਕਰ ਸਕਦੇ ਕਿਉਂਕਿ ਸਨਿਆਸੀ ਨੂੰ ਸਤ ਵਿੱਦਿਆ ਕਰਕੇ ਪਦਾਰਥਾਂ ਦੇ ਵਿਗਿਆਨ ਦੇ ਵਾਧਾ ਕਰਨ ਦਾ ਜਿੱਨਾ ਵੇਲਾ ਮਿਲਦਾ ਹੈ ਓਨਾਂ ਹੋਰ ਆਸ਼੍ਰਮਾਂ ਵਾਲੇ ਨੂੰ ਨਹੀਂ ਮਿਲਦਾ, ਪਰ ਜਿਹੜਾ ਬ੍ਰਹਮਚਰਜ ਤੋਂ ਸਨਿਆਸੀ ਹੋਕੇ ਜਗਤ ਦੀ ਸੱਚੀ ਸਿਖਿਆ ਦੇਣ ਕਰਕੇ ਜਿੰਨੀ ਓਨੱਤੀ ਕਰਸਕਦਾ ਹੈ ਉੱਨੀ ਗ੍ਰਹਸਤ ਵਾ ਬਾਂਨਪ੍ਰਸਥ ਆਸ਼੍ਰਮ ਕਰਕੇ ਸਨਿਆਸ ਲੈਣ ਵਾਲਾ ਨਹੀਂ ਕਰ ਸਕਦਾ।

(ਪ੍ਰਸ਼ਨ)ਸਨਿਆਸ ਲੈਣਾ ਈਸ਼੍ਵਰ ਦੇ ਅਭਿਪ੍ਰਾ ਤੋਂ ਵਿਰੁਧ ਹੈ ਕਿਉਂਕਿ ਈਸ਼੍ਵਰ ਦਾ ਅੱਭਿਪ੍ਰਾ ਮਨੁੱਖਾਂ ਦੇ ਵਾਧਾ ਕਰਨ ਵਿਚੋਂ ਹੈ, ਜਦ ਕੋਈ ਗ੍ਰਹਸਤ ਆਸ਼੍ਰਮ ਨਹੀਂ ਕਰੇਗਾ ਤਾਂ ਫੇਰ ਸੰਤਾਂਨ ਹੀ ਨ ਹੋਵੇਗੀ,ਜਦ ਸਨਿਆਸ ਆ-ਸ਼੍ਰਮ ਹੀ ਮੁਖ ਹੈ, ਅਰ ਸਾਰੇ ਮਨੁਖ ਕਰਨ ਲਗਨ ਤਾਂ ਮਨੁੱਖਾਂ ਦਾ ਵੰਸ਼ ਹੀ ਨ ਰਹੂੰਗਾ,

(ਉਤ੍ਰ)ਅੱਛਾ ਵਿਆਹ ਕਰਕੇ ਬੀ ਬਹੁਤਿਆਂ ਦੇ ਸੰਤਾਨ ਨਹੀਂ ਹੁੰਦੀ ਅਥਵਾ ਹੋਕੇ ਛੇਤੀ ਹੀ ਨਸ਼੍ਟ ਹੋ ਜਾਂਦੀ ਹੈ, ਫੇਰ ਓਹ ਬੀ ਈਸ਼੍ਵਰ ਦੇ ਅਭਿਪ੍ਰਾ ਤੋਂ ਵਿਰੁਧ ਕਰਨ ਵਾਲਾ ਹੋਇਆ ਕਿ ਨਹੀਂ,ਜੇ ਤੁਸੀਂ ਇਹ ਕਹੋਕਿਃ—

'ਯਕ੍ਰੇ ਕ੍ਰਤੇ ਯਦਿ ਨ ਸਿਧ੍ਯਤਿ ਕੋऽਤ੍ਰ ਦੋਸ਼ਃ'

ਇਹ ਕਿਸੇ ਕਵੀ ਦਾ ਬਚਨ ਹੈ (ਅਰਥ)ਜੇ ਜਤਨ ਕਰਨ ਨਾਲ ਬੀ ਕਾਰਜ ਸਿਧੱ ਨ ਹੋਵੇ ਤਾਂ ਏਸ ਵਿਚੱ ਕੀ ਦੋਸ਼?ਅਰਥਾਤ ਕੋਈ ਬੀ ਨਹੀਂ,ਅੱਛਾ ਅਸੀ ਤੁਹਾਡੇ ਕੋਲੋਂ ਪੁਛਨੇ ਹਾਂ ਕਿ ਜੇ ਗ੍ਰਹਸਤ ਆਸ਼੍ਰਮ ਕਰਨ ਨਾਲ ਬਹੁਤ ਸੰਤਾਨ ਹੋਕੇ ਆਪਸ ਵਿਚੋਂ ਵਿਰੁਧੱ ਕੰਮ ਕਰਕੇ ਲੜ ਮਰਨ ਤਾਂ ਹਾਨੀ ਕਿੱਨੀ ਬੜੀ ਹੁੰਦੀ ਹੈ, ਉਲਟੀਆਂ ਸਮਝਾਂ ਹੋਣ ਕਰਕੇ ਲੜਾਈ ਬਹੁਤ ਹੁੰਦੀ ਹੈ, ਜਦ ਸਨਿਆਸੀ ਇਕ ਵੇਦ ਧਰਮ ਦੇ ਉਪਦੇਸ਼ ਦੇਣ ਨਾਲ ਇਕ ਦੂਜੇ ਨਾਲ ਪ੍ਰੀਤੀ ਉਤਪੰਨ ਕਰਾਵੇਗਾ ਤਾਂ ਲੱਖਾਂ ਮਨੁੱਖਾਂ ਨੂੰ ਬਚਾ ਦੇਵੇਗਾ,ਹਜਾਰਾਂ ਗ੍ਰਹਸਤੀਆਂ ਵਾਙਣ ਮਨੁੱਖਾਂਦਾ ਵਾਧਾ ਕਰੇਗਾ, ਹੋਰ ਇਹ ਗਲ ਹੈ ਕਿ ਸਾਰੇ ਮਨੁਖ ਤਾਂ ਸਨਆਸ ਲੈਹੀ ਨਹੀਂ ਸਕਦੇ, ਕਿਉ ਜੋ ਸਭਣਾ ਦੀ ਵਿਸ਼ੇਆਸਕਤੀ ਕਦੀ ਨਹੀ ਛੁਟ ਸਕੇਗੀ, ਜਿਹੜੇ ਸਨਜਾਸੀਆਂ ਦੇ ਉਪਦਸਾਂ ਥੋਂ ਧਰਮ ਤੇ ਚਲੱਦ ਵਾਲੇ ਮਨੁਖ ਹੋਨਗੇ ਉਹ ਸੱਭ ਜਾਣੋ ਸਨਿਆਸੀ ਦੇ ਸੰਤਾਂਨ ਵਰਗੇ ਹਨ।

(ਪ੍ਰਸ਼ਨ)ਸਨਜਾਸੀ ਲੋਗ ਕਹਿੰਦੇ ਹਨ ਕਿ ਸਾਨੂੰ ਕੁਝ ਨਹੀਂ ਕਰਨਾ

ਚਾਹੀਏ, ਅੰਨ, ਬਸਤ੍ਰ ਲੈਕੇ ਮਜ਼ੇ ਵਿੱਚ ਰਹਣਾ, ਅਵਿਦਿਆ ਰੂਪੀ ਸੰਸਾਰ ਨਾਲ ਸਿਰ ਕਿਉਂ ਦੁਖਾਣਾ? ਆਪਣੇ ਨੂੰ ਬ੍ਰਹਮ ਮਨਕੇ ਸੰਤੁਸ਼੍ਟ ਰਹਣਾ, ਕੋਈ ਆਣਕੇ ਪੁੱਛੇ ਤਾਂ ਓਸਨੂੰ ਬੀ ਓਹੋ ਜੇਹਾ ਉਪਦੇਸ਼ ਕਰਨਾ ਕਿ ਤੂੰ ਬੀ ਬ੍ਰਹਮ ਹੈ ਤੈਨੂੰ ਪਾਪ ਪੁੰਨ ਨਹੀਂ ਲਗਦਾ, ਕਿਂਉਕਿ ਸਰਦੀ ਗਰਮੀ ਸ਼ਰੀਰ ਦਾ, ਭੁਖ ਪਿਆਸ ਪ੍ਰਾਣਾਂ ਦਾ, ਅਰ ਸੁਖ, ਦੁਖ ਮਨ ਦਾ ਧਰਮ ਹੈ, ਜਗਤ ਮਿਥਿਆ ਹੈ, ਅਰ ਜਗਤ ਦੇ ਵਿਹਾਰ ਬੀ ਸਭ ਕਲਪਤ ਅਰਥਾਤ ਝੂਠੇ ਹਨ, ਏਸ ਲਈ ਇਸ ਵਿਚੋਂ ਫਸਣਾ ਬੁਧੀਮਾਨਾਂ ਦਾ ਕੰਮ ਨਹੀਂ, ਜੋ ਕੁਝ ਪਾਪ ਪੁੰਨ ਹੁੰਦਾ ਹੈ, ਉਹ ਦੇਹ ਅਤੇ ਇੰਦ੍ਰੀਆਂ ਦਾ ਧਰਮ ਹੈ, ਆਤਮਾ ਦਾ ਨਹੀ, ਏਹੋ ਜਹੇ ਉਪ-ਦੇਸ਼ ਕਰਦੇ ਹਨ, ਅਰ ਤੁਸਾਂ ਨੇ ਕੁਝ ਵਿਲੱਖਣ ਸਨਿਆਸ ਦਾ ਧਰਮ ਕਹਿਆ ਹੈ, ਹੁਣ ਅਸੀਂ ਕਿਸ ਦੀ ਬਾਤ ਸੱਚੀ ਅਤੇ ਕਿਸਦੀ ਝੂਠੀ ਮਨੀਏ

(ਉਤ੍ਰ) ਕੀ ਉਨਾਂ ਨੂੰ ਅੱਛੇ ਕੰਮ ਬੀ ਕਰਨੇ ਨਹੀਂ ਚਾਹੀਦੇ, ਵੇਖੋ।

'वैदिकै श्चैव कर्मभिः'

ਮਨੂੰ ਜੀ ਨੇ ਵੈਦਕ ਕਰਮ ਜਿਹੜੇ ਧਰਮ ਦੇ ਸੱਚੇ ਕੰਮ ਹਨ, ਸਨਿ-ਆਸੀਆਂ ਨੂੰ ਬੀ ਜ਼ਰੂਰ ਕਰਨੇ ਲਿੱਖੇ ਹਨ, ਖਾਣਾ, ਪਹਰਨਾਂ ਆਦੀ ਕੰਮ ਕੀ ਉਹ ਛਡ ਸਕੱਨ ਗੇ ? ਜੇ ਇਹ ਕੰਮ ਨਹੀਂ ਛੁਟ ਸਕਦੇ ਤਾਂ ਉੱਤਮ ਕਰਮ ਛਡਣ ਕਰਕੇ ਉਹ ਪਤਤ ਅਤੇ ਪਾਪੀ ਨਹੀਂ ਹੋਨਗੇ ? ਜਦ ਗ੍ਰਹਸਤੀਆਂ ਤੋਂ ਅੰਨ ਬਸਤ੍ਰ ਆਦੀ ਲੈਂਦੇ ਹਨ ਅਰ ਉਨ੍ਹਾਂ ਦਾ ਓਸਦੇ ਬਦਲ ਉਪਕਾਰ ਨਹੀਂ ਕਰਦੇ ਤਾਂ ਕੀ ਉਹ ਮਹਾਂ ਪਾਪੀ ਨਹੀਂ ਹੋਨਗੇ? ਜੀਕਣ ਅੱਖਾਂ ਤੋਂ ਵੇਖਿਆ ਅਤੇ ਕੰਨਾਂ ਤੋਂ ਸੁਣਿਆਂ ਨ ਜਾਵੇ ਤਾਂ ਅਖਾਂ ਅਤੇ ਕੰਨਾਂ ਦਾ ਹੋਣਾ ਵਿਅਰਥ ਹੈ, ਉਸੇ ਤਰ੍ਹਾਂ ਜਿਹੜੇ ਸ਼ਨਿਆਸੀ ਸਚਾ ਉਪਦੇਸ਼ ਅਤੇ ਵੇਦ ਆਦੀ ਸੱਚੇ ਸ਼ਾਸਤ੍ਰਾਂ ਦਾ ਵਿਚਾਰ ਅਤੇ ਪਰਚਾਰ ਨਹੀਂ ਕਰਦੇ, ਤਾਂ ਓਹ ਬੀ ਜਗਤ ਵਿਚ ਵਿਅਰਥ ਭਾਰ ਹਨ, ਅਰ ਜਿਹੜੇ ਇਹ ਲਿਖਦੇ ਅਤੇ ਕਹਿੰਦੇ ਹਨ ਕਿ ਅਵਿਦਯਾ ਰੂਪੀ ਸੰਸਾਰ ਨਾਲ ਮਥਾ ਪੱਚੀ ਕਿਉਂ ਕਰਨੀ, ਅਜੇਹਾ ਉਪਦੇਸ਼ ਕਰਨ ਵਾਲੇ ਹੀ ਆਪ ਝੂਠੇ ਅਤੇ ਪਾਪ ਦੇ ਵਧਾਨ ਵਾਲੇ ਪਾਪੀ ਹਨ, ਜੋ ਕੁਝ ਸ਼ਰੀਰ ਆਦੀ ਤੋਂ ਕੰਮ ਕੀਤਾ ਜਾਂਦਾ ਹੈ ਉਹ ਸਭ ਆਤਮਾ ਦਾ ਹੀ ਹੈ ਅਤੇ ਓਸਦੇ ਫਲ ਦਾ ਭੋਗਣ ਵਾਲਾ ਬੀ ਆਤਮਾ ਹੈ, ਜਿਹੜੇ ਜੀਵ ਨੂੰ ਬ੍ਰਹਮ ਦਸਦੇ ਹਨ ਓਹ ਅਵਿਦਯਾ ਦੀ ਨੀਂਦ੍ ਵਿਚ ਸੌਂਦੇ ਹਨ, ਕਿਉਂਕਿ ਜੀਵ ਤਾਂ ਅਲਪ ਅਤੇ ਅਲਪੱਗ ਹੈ, ਅਰ ਬ੍ਰਹਮ ਸਰਬਬਿਆਪਕ, ਸਰਵਗੱਯ, ਨਿਤੱ, ਸ਼ੁਧੱ, ਬੁਧੱ, ਮੁਕਤ ਸੁਭਾਉ ਵਾਲਾ ਹੈ ਅਰ ਜੀਵ ਕਦੀ ਬੰਧਨ ਵਿਚ ਅਤੇ ਕਦੀ ਮੁਕਤ ਰਹਿੰਦਾ ਹੈ, ਬ੍ਰਹਮ ਨੂੰ ਸਰਬਬਿਆਪਕ, ਸਰਵਗੱਯ ਹੋਣ ਕਰਕੇ ਭਰਮ ਵਾ ਅਵਿਦੱਯਾ ਕਦੀਂ ਨਹੀਂ ਹੋ ਸਕਦੀ, ਅਰ ਜੀਵ ਨੂੰ ਕਦੀ ਅਵਿਦੱਯਾ ਅਤੇ ਕਦੇ

ਵੇਦਨਾ ਹੁੰਦੀ ਹੈ, ਬ੍ਰਹਮ ਜਨਮ, ਮਰਣ ਦੇ ਦੁਖ ਨੂੰ ਕਦੀ ਪ੍ਰਾਪਤ ਨਹੀਂ ਹੁੰਦਾ, ਅਰ ਜੀਵ ਪ੍ਰਾਪਤ ਹੁੰਦਾ ਹੈ, ਏਸ ਲਈ ਉਨ੍ਹਾਂ ਦਾ ਇਹ ਉਪਦੇਸ਼ ਮਿਥਜਾ ਹੈ,

(ਪ੍ਰਸ਼ਨ) ਸਨਿਆਸੀ ਸਭਨਾ ਕੰਮਾਂ ਤੋਂ ਛੁਟ ਜਾਂਦਾ ਹੈ,ਅਰ ਅਗੱ ਤਥਾ ਧਾਤ ਦਾ ਸਪਰਸ਼ ਨਹੀਂ ਕਰਦਾ ਇਹ ਬਾਤ ਸੱਚੀ ਹੈ ਵਾ ਨਹੀ,

(ਉਤ੍ਰ) ਨਹੀਂ

'सम्यङ् नित्यमास्ते यस्मिन् यद्वा सम्यङ् न्यस्यन्ति दुःखानि
कर्माणि येन स संन्यासः सप्रशस्तो विद्य यस्य ससंन्यासी'

ਜਿਹੜਾ ਬ੍ਰਹਮ ਦਾ ਉਪਾਸ਼ਕ ਅਤੇ ਜਿਸਨੇ ਖੋਟੇ ਕੰਮਾਂ ਦਾ ਤਿਆਗ ਕੀਤਾ ਹੋਵੇ, ਏਹੋ ਜਿਹਾ ਉਤੱਮ ਸੁਭਾ ਜਿਹਦੇ ਵਿਚ ਹੋਵੇ ਉਹ ਸਨਿਆਸੀ ਕਹਾਉਂਦਾ ਹੈ, ਏਸ ਲਈ ਚੰਗੇ ਕੱਮਾਂ ਦਾ ਕਰਨੇ ਵਾਲਾ ਅਤੇ ਖੋਟੇ ਕੰਮਾਂ ਦਾ ਨਾਸ਼ ਕਰਨ ਵਾਲਾ ਸਨਿਆਸੀ ਕਹਾਉਂਦਾ ਹੈ।

(ਪ੍ਰਸ਼ਨ) ਪੜ੍ਹਾਨ ਅਤੇ ਉਪਦੇਸ਼ ਦਾ ਕੰਮ ਗ੍ਰਹਸਤੀ ਕਰਦੇ ਹਨ ਫੇਰ ਸਨਿਆਸੀ ਦਾ ਕੀ ਪ੍ਰੋਜਨ ਹੈ।

(ਉਤ੍ਰ) ਸਚੱਾ ਉਪਦਸ਼ ਸਭ ਆਸ੍ਰਮਾਂ ਵਾਲੇ ਕਰਨ ਅਤੇ ਸੁਣਨ, ਪ੍ਰੰਤੂ ਜਿਨੀ ਵੇਲ੍ਹ ਅਤੇ ਨਿਰਪਖਤਾ ਸਨਿਆਸੀ ਨੂੰ ਹੁੰਦੀ ਹੈ ਓਨੀ ਗ੍ਰਹਸ਼ਤੀਆਂ ਨੂੰ ਨ-ਹੀਂ,ਹਾਂ ਜਿਹੜੇ ਬ੍ਰਾਹਮਣ ਹਨ ਉਨ੍ਹਾਂ ਦਾ ਏਹੋਕੰਮ ਹੈ ਕਿ ਪੁਰਸ਼ ਪੁਰਸ਼ਾਂ ਨੂੰ,ਅਤੇ ਇਸਤ੍ਰੀ ਇਸਤ੍ਰੀਆਂ ਨੂੰ ਸਚੱਾ ਉਪਦੇਸ਼ ਦੇਨ ਅਤੇ ਪੜ੍ਹਾਂਦੇ ਰਹਨ, ਜਿਨੱਾ ਫਿਰਨ ਦਾ ਵੇਲਾ ਸਨਿਆਸੀ ਨੂੰ ਮਿਲਦਾ ਹੈ ਓਨ੍ਹਾਂ ਗ੍ਰਹਸਤੀ ਬ੍ਰਾਹਮਣ ਆਦੀ ਨੂੰ ਕਦੀ ਨਹੀਂ ਮਿਲ ਸਕਦਾ, ਜਦ ਬ੍ਰਾਹਮਣ ਵੇਦ ਤੋਂ ਵਿਰੁਧੱ ਕੰਮ ਕਰਨ ਤਦ ਉਨ੍ਹਾਂ ਨੂੰ ਨੇਮ ਵਿਕ ਚਲਾਣ ਵਾਲਾ ਸਨਿਆਸੀ ਹੁੰਦਾਂ ਹੈ, ਏਸ ਲਈ ਸਨਿਆਸੀ ਦਾ ਹੋਣਾ ਉਚਿਤ ਹੈ

(ਪ੍ਰਸ਼ਨ)

'एकरात्रिं वसेद् ग्रामे'

ਇਨ੍ਹਾਂ ਬਚਨਾਂ ਦੇ ਅਨਕੂਲ ਸਨਿਆਸੀ ਨੂੰ ਇਕ ਜਗਾ ਵਿਚ ਇੱਕੋ ਰਾਤ ਰਹਣਾ ਚਾਹੀਏ ਜਿਆਦਾ ਠੈਹਰਨਾ ਨਹੀਂ ਚਾਹੀਏ।

(ਉਤ੍ਰ)ਇਹ ਗੱਲ ਥੋੜੇ ਅੰਸ ਵਿਚ ਤਾਂ ਚੰਗੀ ਹੈ, ਕਿਉਂਕਿ ਇਕੋਂ ਜਗਾ ਰਹਣ ਨਾਲ ਦੁਨੀਆਂ ਦਾ ਭਲਾ ਵਧੀਕ ਨਹੀਂ ਹੋ ਸਕਦਾ, ਅਰ*ਦੂਜੀ ਜਗਾ

---

*ਅਰਥਾਤ ਇਹ ਘਮੰਡ ਹੋ ਜਾਂਦਾ ਹੈ ਕਿ ਅਸੀਂ ਸਾਧੂ ਹਾਂ, ਸਾਧੂ ਕਿਸੇ ਦੇ ਪਾਸ ਨਹੀਂ ਜਾਂਦੇ ਕਿੰਤੂ ਰਾਜਾ ਲੋਗ ਆਪ ਸਾਧੂਆਂ ਦੇ ਪਾਸ ਆਕੇ ਚਰਨਾਂ ਤੇ ਡਿਗਦੇ ਹਨ, (ਅਨੁਵਾਦ ਕਰਤਾ)

ਜਾਂਣ ਦਾ ਘਮੰਡ ਹੋ ਜਾਂਦਾ ਹੈ, ਰਾਗ ਦ੍ਵੈਸ ਬੀ ਵਧੀਕ ਹੁੰਦਾ ਹੈ, ਪ੍ਰੰਤੂ ਜੇ ਵਸ਼ੇਸ਼ ਉਪਕਾਰ ਇੱਕੋ ਜਗਾ ਰਹਣ ਕਰਕੇ ਹੁੰਦਾ ਹੋਵੇ ਤਾਂ ਰਹੇ, ਜਿਸਤਰਾਂ ਜਨਕ ਰਾਜੇ ਦ ਚਾਰ੨ ਮਹੀਨੇ ਤਿਕ ਪੰਚ ਸ਼ਿਖਾ ਆਦੀ ਅਰ ਹੋਰ ਸਨਿਆਸੀ ਕਿਨਿਆਂ ਹੀ ਵਰ੍ਹਿਆਂ ਤਿਕ ਠਹਿਰ ਦੇਸਨ,ਅਰ 'ਇਕ ਜਗਾ ਵਿੱਚ ਨ ਰਹਣਾ ਇਹ ਬਾਤ ਅਜ ਕੱਲ ਦੇ ਪਖੰਡੀ ਸੰਪ੍ਰਦਾ ਵਾਲਿਆਂ ਨੇ ਬਣਾਈ ਹੈ, ਕਿਂਉਕਿ ਜੇ ਸਨਯਾਸੀ ਇਕ ਜਗਾ ਵਧੀਕ ਰਹ੍ਹੇਗਾ ਤਾਂ ਸਾਡਾ ਪਖੰਡ ਟੁਟੱ ਕੇ ਵਧੀਕ ਨਹੀਂ ਵਧ ਸਕੇੱਗਾ।

(ਪ੍ਰਸ਼ਨ)

यतीनां काञ्चनं दद्यात्ताम्बूलं ब्रह्मचारिणाम्।
चौराणामभयं दद्यात्स नरो नरकं व्रजेत्॥

ਇਨਾਂ ਬਚਨਾਂ ਦਾ ਅਭਿਪ੍ਰਾ ਇਹ ਹੈ ਕਿ ਸੰਨਯਾਸੀਆਂ ਨੂੰ ਜਿਹੜਾ ਸੋਨਾ ਦਾਂਨ ਦੇਵੇ ਤਾਂ ਦਾਤਾ ਨਰਕ ਨੂੰ ਜਾਂਦਾ ਹੈ,

(ਉਤ੍ਰ) ਇਹ ਗਲ ਬੀ ਵਰਣਆਸ੍ਰਮ ਦੇ ਵਿਰੁਧ ਹੀ ਸੰਪ੍ਰਦਾਈ ਅਤੇ ਸ੍ਵਾਰਥੀ ਪੁਰਾਨਕਾਂ ਦੀ ਘੜੀ ਹੋਈ ਹੈ, ਕਿਂਉਕਿ (ਉਹ ਜਾਣਦੇ ਹਨ) ਕਿ ਸਨਯਾਸੀਆਂ ਨੂੰ ਧੰਨ ਮਿਲੇਗਾ ਤਾਂ ਉਹ ਸਾਡਾ ਖੰਡਨ ਬਹੁਤ ਕਰਨਗੇ, ਅਰ ਸਾਡੀ ਹਾਨੀ ਹੋਵੇਗੀ, ਤਥਾ ਉਹ ਸਾਡੇ ਅਧੀਨ ਨ ਰਹਨ ਗੇ, ਅਰ ਜਦ ਭਿਖਯਾ ਆਦੀ ਵਿਹਾਰ ਸਾਡੇ ਅਧੀਨ ਰਹ੍ਹੇਗਾ ਤਾਂ ਉਹ ਡਰਦੇ ਰਹਨਗੇ, ਜਦ ਮੂਰਖ ਅਤੇ ਸ੍ਵਾਰਥੀਆਂ ਨੂੰ ਦਾਨ ਦਣ ਵਿਚ ਅੱਛਾ ਸਮਝਦੇ ਹਨ ਤਦ ਵਿਦ ਵਾਂਨ ਅਰ ਪਰਉਪਕਾਰੀ ਸਨੱਯਾਸੀਆਂ ਨੂੰ ਦੇਣ ਵਿਚੱ ਕੁਝ ਦੋਸ਼ ਨਹੀਂ ਹੋ ਸਕਦਾ, ਵੇਖੋ

विविधानि च रत्नानि विविक्तेषूपपादयेत्॥ मनु॰ अ॰ ११।६॥

ਨਾਨਾਂ ਪ੍ਰਕਾਰ ਦੇ ਰਤਨ ਸ੍ਵਰਨ ਆਦੀ ਧੰਨ ਵਿਵਿਕਤ ਅਰਥਾਤ ਸਨਯਾਸੀਆਂ ਨੂੰ ਦੇਨ, ਅਰ ਉਹ ਸ਼ਲੋਕ ਬੀ ਅਨਰਥਕ ਹੈ, ਕਿਂਉਕਿ ਜੇ ਸਨਯਾਸੀ ਨੂੰ ਸੋਨਾ ਦੇਣ ਕਰਕੇ ਜਜਮਾਨ ਨਰਕ ਨੂੰ ਜਾਵੇ ਤਾਂ ਚਾਂਦੀ, ਮੋਤੀ, ਹੀਰਾ ਆਦੀ ਦੇਣ ਕਰਕੇ ਉਹ ਸ੍ਵਰਗ ਨੂੰ ਜਾਵੇਗਾ।

(ਪ੍ਰਸ਼ਨ)ਇਹਤਾਂ ਪੰਡਤ ਜੀ ਏਸ ਦਾ ਪਾਠ ਬੋਲਦੇ ਹੋਏ ਭੁਲੱ ਗਏ, ਇਹ ਪਾਠ ਤਾਂ ਇਉਂ ਹੈ।

'यतिहस्ते धनं दद्यात्'

ਅਰਥਾਤ ਜਿਹੜਾ ਸਨਯਾਸੀਆਂ ਦੇ ਹੱਥ ਵਿਚੱ ਧੰਨ ਦਿੰਦਾ ਹੈ ਉਹ ਨਰਕ ਵਿਚੱ ਜਾਂਦਾ ਹੈ।

(ਉਤ੍ਰ )ਇਹ ਬੀ ਬਚਨ ਕਿਸੇ ਅਵਿਦਵਾਂਨ ਨੇ ਮਨੋ ਘੜਕੇਬਣਾਇਆ

ਹੈ,ਕਿਉਂਕਿ ਜੇ ਹੱਥ ਵਿਚ ਪੈਨ ਦੇਣ ਕਰਕੇ ਦਾਤਾ ਨਰਕ ਨੂੰ ਜਾਵੇ ਤਾਂ ਪੈਰ ਉੱਤੇ ਰਖ ਦੇਣ ਨਾਲ ਵਾ ਗੰਢ ਬਨ੍ਹਕੇ ਦੇਣ ਨਾਲ ਕੀ ਉਹ ਸੁਰਗ ਨੂੰ ਜਾਵੇਗਾ? ਏਸ ਲਈ ਅਜਹੀ ਘੜੰਤ ਮਨੱਣ ਦੇ ਜੋਗ ਨਹੀਂ, ਹਾਂ ਇਹ ਗਲ ਤਾਂ ਠੀਕ ਹੈ ਕਿ ਜਿਹੜਾ ਸਨਯਾਸੀ ਜਰੂਰਤ ਤੋਂ ਵਧੀਕ ਰੱਖੇਗਾ ਤਾਂ ਚੋਰ ਆਦੀ ਦੇ ਹੱਥੋਂ ਦੁਖ ਪਾਵੇਗਾ ਅਰ ਓਸਦੇ ਮੋਹ ਵਿਚ ਬੀ ਫਸ ਜਾਵੇਗਾ, ਪ੍ਰੰਤੂ ਜਿਹੜਾ ਵਿਦਵਾਂਨ ਹੈ ਉਹ ਅਜੋਗ ਵਿਹਾਰ ਕਦੇ ਨ ਕਰੇਗਾ, ਨ ਮੋਹ ਵਿਚ ਫਸੇਗਾ, ਕਿਉਂਕਿ ਉਹ ਪਹਲੋਂ ਗ੍ਰਹਸਤ ਆਸ਼੍ਰਮ ਵਿਚ ਅਥਵਾ ਬ੍ਰਹਮਚਰਜ ਵਿਚ ਸਭ ਭੋਗ ਚੁਕਿਆ ਵਾ ਸਭ ਵੇਖ ਚੁਕਿਆ ਹੈ,ਅਰ ਜਿਹੜਾ ਬ੍ਰਹਮਚਰਜ ਤੋਂ ਹੀ ਸਨਯਾਸੀ ਹੁੰਦਾ ਹੈ, ਉਹ ਪੂਰਾ ਵਰਾਗੀ ਹੋਣ ਕਰਕੇ ਕਦੀ ਨਹੀਂ ਫਸਦਾ।

(ਪ੍ਰਸ਼ਨ) ਲੋਕ ਕਹਿੰਦੇ ਹਨ ਕਿ ਸ੍ਰਾਧ ਵਿਚ ਸਨਯਾਸੀ ਆਵੇ ਵਾ ਭੋਜਨ ਪਾਵੇ ਤਾਂ ਉਹਦੇ ਪਿਤ੍ਰ ਨਠ ਜਾਂਦੇ ਹਨ ਅਰ ਨਰਕ ਵਿਚ ਡਿਗਦੇ ਹਨ।

(ਉਤ੍ਰ) ਪਹਲੇ ਤਾਂ ਮੁਏ ਹੋਏ ਪਿਤ੍ਰਾਂ ਦਾ ਆਉਣਾ ਅਰ ਕੀਤਾ ਹੋਇਆ ਸ੍ਰਾਧ ਮੁਏ ਹੋਏ ਪਿਤ੍ਰਾਂ ਨੂੰ ਪਹੁਚਣਾ ਹੀ ਅਸੰਭਵ ਹੈ, ਅਰ ਵੇਦ ਅਤ ਯੁਕਤੀ ਤੋਂ ਵਿਰੁਧ ਹੋਣ ਕਰਕੇ ਝੂਠਾ ਹੈ, ਅਰ ਜਦ ਆਉਂਦੇਹੀ ਨਹੀਂ ਤਾਂ ਨਠ ਕੌਣ ਜਾਂਨਗੇ? ਜਦ ਆਪਣੇ ਪਾਪ ਪੁੰਨ ਦ ਅਨੁਸਾਰ ਈਸ਼ੁਰ ਦੀ ਬਿਵਸਥਾ ਬੀਂ ਮਰਨ ਤੋਂ ਪਿੱਛੋਂ ਜੀਵ ਜਨਮ ਲੈਂਦੇ ਹਨ,ਤਾਂ ਉਨ੍ਹਾਂ ਦਾ ਆਉਣਾ ਕੀਕਣ ਹੋ ਸਕਦਾ ਹੈ?ਇਸ ਲਈ ਇਹ ਗਲ ਬੀ ਲੋਭੀ ਪੁਰਾਣੀ ਅਤੇ ਬਰਾਗੀਆਂ ਦੀ ਝੂਠੀ ਘੜੀ ਹੋਈ ਹੈ, ਹਾਂ ਇਹਤਾਂ ਠੀਕ ਹੈ ਕਿ ਜਿੱਥੇ ਸਨਿਯਾਸੀ ਜਾਨਗੇ ਓਥੇ ਇਹ ਮੁਰਦੇ ਦਾ ਸ੍ਰਾਧ ਕਰਨਾ ਜਿਹੜਾ ਪਖੰਡ ਵੇਦ ਆਦੀ ਸ਼ਾਸਤ੍ਰਾਂ ਤੋਂ ਵਿਰੁਧ ਹੈ ਦੂਰ ਨਠ ਜਾਵੇਗਾ,

(ਪ੍ਰਸ਼ਨ)ਜਿਹੜਾ ਬ੍ਰਹਮਚਰਜ ਤੋਂ ਸਨੱਯਾਸ ਲਵੇਗਾ ਉਹ ਨੂੰ ਨਿਭਾਉਣਾ ਅਉਖਾ ਹੋਊਗਾ,ਅਰ ਕਾਂਮ ਦਾ ਰੋਕਣਾ ਬੀ ਬਹੁਤ ਅਉਖਾ ਹੈ,ਏਸ ਲਈ ਗ੍ਰਹਸਤੀ ਬਾਂਨ ਪ੍ਰਸਥ ਕਰਕੇ ਜਦ ਬੁੱਢਾ ਹੋ ਜਾਵੇ ਤਦੇਹੀ ਸਨਯਾਸ ਲੈਣਾ ਅੱਛਾ ਹੈ ।

(ਉੱਤ੍ਰ )ਜਿਹੜਾ ਨਾਂ ਨਿਭਾ ਸੱਕੇ, ਇੰਦ੍ਰੀਆਂ ਨੂੰ ਰੋਕ ਨ ਸੱਕੇ ਉਹ ਬ੍ਰਹਮਚਰਜ ਤੋਂ ਸਨੱਯਾਸ ਨ ਲਵੇ, ਪ੍ਰੰਤੂ ਜਿਹੜਾ ਰੋਕ ਸੱਕੇ ਉਹ ਕਿਉ ਨ ਲਵੇ, ਜਿਸ ਆਦਮੀ ਨੇ ਵਿਸ਼ੇ ਦੇ ਦੋਸ਼ ਅਰ ਬੀਰਜ ਦੀ ਰਖੱਯਾ ਕਰਨ ਦੇ ਗੁਣ ਜਾਣ ਲੀਤੇ ਹਨ ਓਹ ਵਿਸ਼ੇ ਆਸ਼ਕਤ ਕਦੀ ਨਹੀਂ ਹੁੰਦਾਂ ਅਰ ਓਸਦਾ ਬੀਰਜ ਵਿਚਾਰ ਰੂਪੀ ਅਗੱ ਦੇ ਬਾਲਣ ਦੀ ਨਿਆਈਂ ਹੋ ਜਾਂਦਾ ਹੈ, ਅਰਥਾਤ ਉਸੇ ਵਿਚੱ ਖਰਚ ਹੋ ਜਾਂਦਾ ਹੈ, ਜਿਸਤਰਾਂ ਵੈਦ ਅਤੇ ਔਸ਼ਦੀਆਂ ਦੀ ਜਰੂਰਤ ਰੋਗੀ ਦੇ ਵਾਸਤੇ ਹੁੰਦੀ ਹੈ ਨਿਰੋਗ ਵਾਸਤੇ ਨਹੀਂ, ਏਸ ਲਈ ਜਿਸ ਪੁਰਸ਼ ਵਾ ਇਸਤ੍ਰੀ ਨੂੰ ਵਿਦੱਯਾ, ਧਰਮ ਦਾ ਵਾਧਾ ਅਤੇ ਸਭੱ ਸੰਸਾਰ ਦਾ

ਉਪਕਾਰ ਕਰਨਾ ਪਰਜੋਜਨ ਹੋਵੇ ਓਹ ਵਿਆਹ ਨ ਕਰੇ,ਜਿਸਤਰਾਂ ਨਾਲ ਕਿ ਪੰਚ ਸ਼ਿਖਾ ਆਦੀ ਪੁਰਸ਼ ਅਤੇ ਗਾਰਗੀ ਆਦੀ ਇਸਤ੍ਰੀਆਂ ਹੋਈਆਂ ਸੰਨ, ਏਸ ਲਈ ਸਨੱਜਾਸੀ ਉਨਾਂ ਨੂੰ ਹੋਣਾ ਚਾਹੀਦਾ ਹੈ ਜੋ ਓਸ ਦੇ ਅਧਿਕਾਰੀ ਹੋਂਨ, ਅਰ ਜਿਹੜਾ ਅਨ ਅਧਿਕਾਰੀ ਸਨਜਾਸ ਲਵੇਗਾ ਓਹ ਆਪ ਡੁੱਬੇਗਾ ਹੋਰਨਾ ਨੂੰ ਬੀ ਡੁਬਾਵੇਗਾ ਜਿਸਤਰਾਂ 'ਸਮਰਾਟ, ਚਕ੍ਰ ਵਰਤੀ ਰਾਜਾ ਹੁੰਦਾ ਹੈ ਓਸੇ ਤਰਾਂ 'ਪਰੀਵਰਾਟ' ਸਨੱਜਾਸੀ ਹੁੰਦਾ ਹੈ, ਰਾਜਾ ਤਾਂ ਆਪਣੇ ਦੇਸ਼ ਵਿਚ ਵਾ ਆਪਣੇ ਸੰਬੰਧੀਆਂ ਵਿਚ ਸਤਕਾਰ ਪਾਉਂਦਾ ਹੈ ਅਰ ਸਨੱਜਾਸੀ ਸਭੱ ਥਾਂ ਮਾਂਨ ਪਾਉਂਦਾ ਹੈ,

विद्वत्वं च नृपत्वं च नैव तुल्यं कदाचन ।
स्वदेशे पूज्यते राजा विद्वान् सर्वत्र पूज्यते ॥

ਚਾਨਕ ਨੀਤੀ ਸ਼ਾਸਤ੍ਰ ਦਾ ਸ਼ਲੋਕ ਹੈ, ਵਿਦਵਾਂਨ ਅਤੇ ਰਾਜਾ ਕਦੀ ਇੱਕੋ ਜਹੇ ਨਹੀਂ ਹੋਸਕਦੇ, ਕਿੰਉ ਜੋ ਰਾਜੇ ਦਾ ਤਾਂ ਅਪਣੇ ਰਾਜ ਵਿਚ ਹੀ ਮਾਨ ਅਤੇ ਸਤਕਾਰ ਹੁੰਦਾ ਹੈ ਅਰ ਵਿਦੱਵਾਂਨ ਸਭ ਥਾਂ ਮਾਂਨ ਅਤੇ ਪ੍ਰਤਿਸ਼੍ਰਾ ਨੂੰ ਪ੍ਰਾਪਤਿ ਹੁੰਦਾ ਹੈ।

ਏਸ ਲਈ ਵਿਦੱਜਾ ਪੜ੍ਹਨੇ ਸੁਸਿਖਿੱਆ ਲੈਣੇ, ਅਤੇ ਬਲਵਾਂਨ ਹੋਣੇ ਆਦੀ ਦੇ ਲਈ ਬ੍ਰਹਮਚਰਜ, ਸਭ ਪ੍ਰਕਾਰ ਦੇ ਉਤੱਮ ਵਿਹਾਰ ਸਿਧੱ ਕਰਨ ਦੇ ਵਾਸ਼ਤੇ ਗ੍ਰਹਸਤ, ਵਿਚਾਰ, ਧਜਾਂਨ ਅਤੇ ਵਿਗੱਜਾਨ ਦਾ ਵਾਧਾ, ਅਤੇ ਤਪਸਿੱਆ ਕਰਨ ਦੇ ਵਾਸਤੇ ਬਾਣਪ੍ਰਸਥ, ਅਤੇ ਵੇਦ ਆਦੀ ਸੱਚੇ ਸ਼ਾਸਤ੍ਰਾਂ ਦਾ ਪ੍ਰਚਾਰ, ਧਰਮ ਵਿਹਾਰ ਦੇ ਗ੍ਰਹਣ ਅਤੇ ਦੁਸ਼੍ਰ ਵਿਹਾਰ ਦੇ ਤਿਆਗ, ਸਚੇ ਉਪਦੇਸ਼ ਅਰ ਸਭ ਦੇ ਸੰਸ਼ੇ ਮਿਟਾਂਨ ਆਦੀ ਦੇ ਲਈ ਸਨਜਾਸ ਆਸ਼੍ਰਮ ਹੈ, ਪ੍ਰੰਤੂ ਜਿਹੜੇ ਏਸ ਸਨਜਾਸ ਦੇ ਮੁਖਜ ਧਰਮ ਸਚੇ ਉਪਦੇਸ ਆਦੀ ਨਹੀਂ ਕਰਦੇ ਉਹ ਪਤਿਤ ਅਰ ਨਰਕ ਗਾਮੀ ਹਨ, ਏਸ ਲਈ ਸਨਿਆਸੀਆਂ ਨੂੰ ਉਚਿਤ ਹੈ ਕਿ ਸਚੱ ਉਪਦੇਸ਼ ਸੰਸ਼ਿਆਂ ਦੀ ਨਵਿਰਤੀ ਕਰਨੀ, ਵੇਦ ਆਦੀ ਸਤ ਸ਼ਾਸ਼ਤ੍ਰਾਂ ਦਾ ਪੜ੍ਹਾਨਾ, ਅਰ ਵੇਦੋਕਤ ਧਰਮ ਦਾ ਵਾਧਾ ਜਤਨ ਨਾਲ ਕਰਕੇ ਸਾਰ ਸੰਸਾਰ ਦੀ ਉਨੱਤੀ ਕੀਤਾ ਕਰਨ।

(ਪ੍ਰਸ਼ਨ)ਜਿਹੜੇ ਸੱਨਜਾਸੀਆਂ ਨੂੰ ਛਡਕੇ ਹੋਰ ਸਾਧੂ, ਬਰਾਗੀ,ਗੁਸਾਈਂ ਖਾਖੀ ਆਦੀ ਹਨ ਉਹ ਬੀ ਸਨੱਜਾਸ ਆਸ਼੍ਰਮ ਵਿਚ ਗਿਣੇ ਜਾਂਨਗੇ ਕਿ ਨਹੀਂ?

(ਉਤ੍ਰ) ਨਹੀਂ, ਕਿੰਉ ਜੋ ਉਨ੍ਹਾਂ ਵਿਚ ਸਨਜਾਸ ਦਾ ਇਕੱ ਬੀ ਲਖੱਣ ਨਹੀਂ, ਉਹ ਵੇਦ ਵਿਰੁਧੱ ਮਾਰਗ ਵਿਚ ਚਲਦੇ, ਆਪਣੇ ਸੰਪ੍ਰਦਾ ਦੇ ਅਚਾਰਜਾਂ ਦੇ ਬਚਨਾਂ ਨੂੰ ਵੇਦ ਦੀ ਥਾਂ ਮੰਨ ਦੇ ਅਰ ਅਪਣੇ ਹੀ ਮਤ ਦੀ ਪ੍ਰਸੰਸ਼ਾ ਕਰਦੇ ਅਰ ਮਿਥੱਜਾ ਪ੍ਰਪੰਚ ਵਿਚ ਫਸਕੇ ਅਪਣੇ ਸ੍ਵਾਰਥ ਦੇ ਵਾਸਤੇ ਦੂਜਿਆਂ ਨੂੰ

ਆਪੋ ਆਪਣੇ ਮਤ ਵਿਚ ਫਸਾਂਦੇ ਹਨ, ਸੁਧਾਰ ਕਰਨਾ ਤਾਂ ਦੂਰ ਰਿਹਾ ਓਸਦੇ ਬਦੱਲ ਦੁਨੀਆਂ ਨੂੰ ਬਕਾ ਕੇ ਅਧੋਗਤੀ ਵਿਚ ਪਾਉਂਦੇ, ਅਰ ਆਪਣਾ ਪ੍ਰੋਜਨ ਸਿਧੱ ਕਰਦੇ ਹਨ, ਏਸ ਲਈ ਇਨ੍ਹਾਂ ਨੂੰ ਸੰਨਯਾਸ ਆਸ਼੍ਰਮ ਵਿਚ ਨਹੀਂ ਗਿਣ ਸਕਦੇ ਕਿੰਤੂ ਇਹ ਸ੍ਵਾਰਥ ਆਸ਼੍ਰਮੀ' ਤਾਂ ਪੱਕੇ ਹਨ ਏਸ ਵਿਚ ਕੁਝ ਸੰਦੇਹ ਨਹੀਂ ।

ਜਿਹੜੇ ਆਪ ਧਰਮ ਵਿਚ ਚਲਦੇ ਅਤੇ ਸਭ ਸੰਸਾਰ ਨੂੰ ਚਲਾਂਦੇ ਹਨ, ਜਿਹੜੇ ਏਸ ਲੋਕ ਅਰਥਾਤ ਏਸ ਜਨਮ ਵਿਚ ਅਰ ਪ੍ਰਲੋਕ ਅਰਥਾਤ ਦੂਜੇ ਜਨਮ ਵਿਚ ਸ੍ਵਰਗ ਅਰਥਾਤ ਸੁਖ ਦਾ ਆਪ ਭੋਗ ਕਰਦੇ ਅਤੇ ਸਭ ਦੁਨੀਆਂ ਨੂੰ ਕਰਾਂਦੇ ਹਨ. ਓਹੋ ਧਰਮਾਤਮਾਂ ਜਨ ਸਨਯਾਸੀ ਅਤੇ ਮਹਾਤਮਾਂ ਹਨ,

ਇਹ ਸੰਖੇਪ ਕਰਕੇ ਸਨੱਯਾਸ ਆਸ਼੍ਰਮ ਦੀ ਸਿਖਯਾ ਲਿਖੀ, ਹੁਣ ਏਸ ਤੋਂ ਅੱਗੇ ਰਾਜ ਪਰਜਾ ਧਰਮ ਦਾ ਵਿਸ਼ਾ ਲਿਖਯਾ ਜਾਵੇਗਾ।

इति श्रीमद्दयानन्दसरस्वतीस्वामिकृते सत्यार्थप्रकाशे सुभाषा विभूषिते वानप्रस्थसंन्यासाश्रमविषये पञ्चमः समुल्लासः सम्पूर्णः ॥ ५ ॥

# ਛੇਵਾਂ ਸਮੁੱਲਾਸ

## ਰਾਜ ਧਰਮ ਦੇ ਵਿਸ਼ੇ ਵਿਚ

राजधर्मान् प्रवक्ष्यामि यथावृत्तो भवेन्नृपः ।
संभवश्च यथा तस्य सिद्धिश्च परमा यथा ॥ १ ॥
ब्राह्मं प्राप्तेन संस्कारं क्षत्रियेण यथाविधि ।
सर्वस्यास्य यथान्यायं कर्तव्यं परिरक्षणम् ॥ २ ॥
मनु० ७ । १ । २ ॥

ਹੁਣ ਮਨੂੰ ਜੀ ਮਹਾਰਾਜ ਰਿਖੀਆਂ ਨੂੰ ਕਹਿੰਦੇ ਹਨ ਕਿ ਚਹੁੰ ਵਰਣਾਂ ਅਰ ਚਹੁੰ ਆਸ਼੍ਰਮਾਂ ਦੇ ਵਿਹਾਰ ਕਥਨ ਦੇ ਪਿਛੋਂ ਰਾਜ ਦੇ ਧਰਮਾਂ ਨੂੰ ਕਹਾਂਗੇ, ਕਿਸ ਪ੍ਰਕਾਰ ਦਾ ਰਾਜਾ ਹੋਣਾ ਚਾਹੀਏ, ਅਰ ਜੀਕਣ ਏਸਦਾ ਹੋਣਾ ਸੰਭਵ ਤਥਾ ਜੀਕਣ ਏਸ ਨੂੰ ਪਰਸਿੱਧੀ ਪ੍ਰਾਪਤ ਹੋਵੇ ਓਸ ਨੂੰ ਸਭ ਪ੍ਰਕਾਰ ਕਹਿਨੇਹਾਂ, ਜੀਕਣ ਪਰਮ ਵਿਦਵਾਂਨ ਬ੍ਰਾਹਮਣ ਹੁੰਦਾ ਹੈ ਉਕਣ ਵਿਦਵਾਂਨ ਸੁਸ਼ਿਖਸ਼ਤ ਹੋਕੇ ਖਤ੍ਰੀ ਨੂੰ ਜੋਗ ਹੈ ਕਿ ਏਸ ਸਭ ਰਾਜ ਦੀ ਰਖਿਆ ਨਿਆਂ ਨਾਲ ਠੀਕ ਠੀਕ ਕਰੇ ਓਸ ਦਾ ਪ੍ਰਕਾਰ ਇਹ ਹੈ:-

त्रीणि राजाना विदथे पुरूणि परि विश्वानि भूषथः

सदांसि ॥ ऋ० ॥ मं० ३ । सू० ३८ । मं० ६ ॥

ਈਸ਼੍ਵਰ ਉਪਦੇਸ਼ ਕਰਦਾ ਹੈ ਕਿ ਰਾਜਾ ਅਰ ਪਰਜਾ ਦੇ ਲੋਗ ਮਿਲਕੇ ਸੁਖ ਪ੍ਰਾਪਤੀ, ਅਰ ਵਿਗਿਆਨ ਬ੍ਰਿੱਧੀ ਕਾਰਕ ਰਾਜਾ ਪਰਜਾ ਦੇ ਸਬੰਧ ਰੂਪੀ ਵਿਹਾਰ ਵਿਚ ਤਿਨ ਸਭਾ ਅਰਥਾਤ ਵਿਦਜਾ ਆਰਯਾਸਭਾ ॥੧॥ ਧਰਮ ਆਰਯਾ ਸਭਾ ॥ ੨ ॥ ਰਾਜ ਆਰਯਾ ਸਭਾ ॥ ੩ ॥ ਬਣਾਕੇ ਬਹੁਤ ਪ੍ਰਕਾਰਦੇ ਸਾਰ

ਪਰਜਾ ਸਬੰਧੀ ਮਨੁਖ ਆਦੀ ਪ੍ਰਾਣੀਆਂ ਨੂੰ ਸਭ ਤਰਾਂ ਨਾਲ ਵਿਦਿਆ, ਸੁਤੰਤ੍ਰਤਾ ਧਰਮ, ਸੁ ਸ਼ਿਖਿਆ, ਅਰ ਧੰਨ ਆਦੀ ਕਰਕੇ ਅਲੰਕ੍ਰਿਤ ਕਰਨ।

तं सभा च समितिश्च सेना च ॥ १ ॥ अथर्व० ॥ कां० १५। अनु० २। व० ६। मं० २॥

सभ्य सभां मे पाहि ये च सभ्याः सभासदः ॥ २॥ अथर्व० ॥ कां० १६। अनु० ७। व० ५५। मं० ६॥

ਓਸ ਰਾਜ ਧਰਮ ਨੂੰ ਤਿਨੇਂ ਸਭਾ ਸੰਗ੍ਰਾਮ ਆਦੀ ਬਿਵਸਥਾ ਅਰ ਸੈਨਾਂ ਮਿਲਕੇ ਪਾਲਣ ਕਰਨ, ਸਭਾਸਦ ਅਰ ਰਾਜਾ ਨੂੰ ਜੋਗ ਹੈ ਕਿ ਰਾਜਾ ਸਭਨਾਂ ਸਭਾ ਸਦਾਂ ਨੂੰ ਆਗਿਆ ਦੇਵੇ ਕਿ ਹੇ ਸਭਾ ਦੇ ਜੋਗ, ਮੁਖ ਸਭਾਸਦ ਤੂੰ ਮੇਰੀ ਸਭਾ ਦੀ ਧਰਮ ਜੁਕਤ ਬਿਵਸਥਾ ਦਾ ਪਾਲਣ ਕਰ, ਅਰ ਜੋ ਸਭਾ ਦੇ ਜੋਗ ਸਭਾਸਦ ਹਨ ਉਹ ਬੀ ਸਭਾ ਦੀ ਬਿਵਸਥਾ ਦਾ ਪਾਲਣ ਕੀਤਾ ਕਰਨ, ਏਸਦਾ ਅਭਿਪ੍ਰਾ ਏਹ ਹੈ ਕਿ ਇਕ ਨੂੰ ਸੁਤੰਤ੍ਰ ਰਾਜ ਦਾ ਅਧਿਕਾਰ ਨਹੀਂ ਦੇਣਾ ਚਾਹੀਏ ਕਿੰਤੂ ਰਾਜਾ ਜੋ ਸਭਾਪਤੀ ਓਸਦੇ ਅਧੀਨ ਸਭਾ, ਸਭਾ ਦੇ ਅਧੀਨ ਰਾਜਾ, ਰਾਜਾ ਅਰ ਸਭਾ ਪਰਜਾ ਦੇ ਅਧੀਨ, ਅਰ ਪਰਜਾ ਰਾਜ ਸਭਾ ਦੇ ਅਧੀਨ ਰਹੇ, ਜੇਕਰ ਈਕਣ ਨਾ ਕਰੋਗੇ ਤਾਂ:-

राष्ट्रमेव विश्याहन्ति तस्माद्राष्ट्री विशं घातुकः। विशमेव राष्ट्रायाद्यां करोति तस्माद्राष्ट्री विशमत्ति न पुष्टं पशुं मन्यत इति ॥ शत० कां० १३। प्र० २। ब्रा० ३। कं० ७। ८॥

ਜੇ ਪਰਜਾ ਤੋਂ ਸੁਤੰਤ੍ਰ ਸ੍ਵਾਧੀਨ ਰਾਜਵਰਗ ਰਹੇ ਤਾਂ ਰਾਜ ਵਿਚ ਪ੍ਰਵੇਸ਼ ਕਰਕੇ ਪਰਜਾ ਦਾ ਨਾਸ਼ ਕੀਤਾ ਕਰਨ, ਏਸ ਕਰਕੇ ਇਕਲੋਂ ਰਾਜਾ ਸ੍ਵਾਧੀਨ ਵਾ ਮਗਰੂਰ ਹੋਕੇ ਪਰਜਾ ਦਾ ਨਾਸ਼ ਕਰਨ ਵਾਲਾ ਹੁੰਦਾ ਹੈ ਅਰਥਾਤ ਉਹ ਰਾਜਾ ਪਰਜਾ ਨੂੰ ਖਾ ਜਾਂਦਾ ਹੈ, ਏਸ ਵਾਸਤੇ ਕਿਸੇ ਇਕ ਨੂੰ ਰਾਜ ਵਿਚ ਸ੍ਵਾਧੀਨ ਨਾ ਕਰਨਾ ਚਾਹੀਏ, ਜੀਕਣ ਸ਼ੇਰ, ਵਾ ਮਾਂਸਾਹਾਰੀ, ਮੋਟੇ ਤਾਜੇ ਪਸ਼ੂ ਨੂੰ ਮਾਰਕੇ ਖਾ ਲੈਂਦੇ ਹਨ ਉਕਣ ਸੁਤੰਤ੍ਰ ਰਾਜਾ ਪਰਜਾ ਦਾ ਨਾਸ਼ ਕਰਦਾ ਹੈ ਅਰਥਾਤ ਕਿਸੇਨੂੰ ਆਪਣੇ ਤੋਂ ਵਧੀਕ ਨਾ ਹੋਣ ਦੇਂਦਾ, ਧੰਨ ਵਾਲੇ ਨੂੰ ਲੁਟ ਮਾਰ ਕਰਦਾ, ਅਨਿਆਂ ਨਾਲ ਡੰਡ ਦੇਕੇ ਆਪਣਾ ਮਤਲਬ ਪੂਰਾ ਕਰੇਗਾ ॥

इन्द्रो जयाति न परा जयाता अधिराजो राजसु राजयातै। चर्कृत्य ईड्यो वन्द्यश्चोपसद्यो नमस्यो भवेह॥

अथर्व० ॥ कां० ६। अनु० १०। व० ९८। मं० १॥

ਹੇ ਮਨੁਖੱ ਲੋਗੋ ਜੇਹੜਾ ਮਨੁਖੱਾਂ ਦੇ ਵਿਚ ਪਰਮਏਸ਼੍ਵਰਜ ਦਾ ਕਰਤਾ, ਦੁਸ਼ਮਣਾਂ ਨੂੰ ਜਿਤ ਸਕੇਂ, ਜੇਹੜਾ ਦੁਸ਼ਮਣਾਂ ਥੀਂ ਨਾ ਹਾਰੇ, ਰਾਜਿਆਂ ਦੇ ਵਿਚ ਅਧੀਰਾਜਾ ਪ੍ਰਕਾਸ਼ਮਾਨ ਹੋਵੇ, ਸਭਾਪਤੀ ਹੋਣ ਦੇ ਅਤੀ ਜੋਗ, ਚੰਗੇ ਗੁਣ, ਕਰਮ, ਸੁਭਾਉ ਵਾਲਾ, ਸਤਕਰਮਾਂ ਦਾ ਕਰਨ ਵਾਲਾ, ਸਮੀਪ ਜਾਣੇ ਅਰ ਸ਼ਰਣ ਲੈਣ ਦੇ ਜੋਗ, ਸਭ ਦੇ ਮਾਨ ਜੋਗ ਹੋਵੇ ਓਸਨੂੰ ਸਭਾਪਤੀ ਅਰਥਾਤ ਰਾਜਾ ਕਰੋ।

इमं देवा असपत्नं सुवध्वं महते क्षत्राय महते ज्यैष्ठ्याय महते जानराज्यायेन्द्रस्येन्द्रियाय ॥ यजु० ॥ अ० ९। मं० ४० ॥

ਹੇ ਵਿਦੱਵਾਂਨਰਾਜਪਰਜਾ ਜਨੋ, ਤਸੀ ਏਸ ਪ੍ਰਕਾਰ ਦੇ ਪੁਰਖ ਨੂੰ ਬੜੇ ਚਕ੍ਰਵਰਤੀ ਰਾਜ ਸਭਾ ਤੋਂ ਵਡਾ ਹੋਣ ਵਾਲੇ ਵਡੇ ਵਡੇ ਵਿਦੱਵਾਨਾਂ ਥੀਂ ਜੁਗਤ, ਰਾਜ ਪਾਲਣੇ, ਅਰ ਪਰਮਏਸ਼੍ਵਰਜ ਜੁਕਤ ਰਾਜ ਅਰ ਧੰਨ ਦੇ ਪਾਲਣ ਦੇ ਵਾਸਤ ਸਮਤੀ ਕਰਕੇ ਸਰਬਤ੍ਰ ਪਖਪਾਤ ਰਹਿਤ ਪੂਰਣ ਵਿਦਿਆ ਵਿਨੈਂ ਯੁਕਤ, ਸਭਦੇ ਮਿਤ੍ਰ ਸਭਾਪਤੀ ਰਾਜਾ ਨੂੰ ਸਰਬਾਧੀਸ਼ਮਨਕੇ ਸਾਰੀ ਪ੍ਰਿਥਵੀ ਸ਼ਤ੍ਰੂਆਂ ਥੀਂ ਰਹਿਤ ਕਰੋ।

स्थिरा वः सन्त्वायुधा पराणुदे वीळू उत प्रतिष्कभे। युष्माकमस्तु तविषी पनीयसी मा मर्त्यस्य मायिनः॥

ऋ० ॥ मं० १। सू० ३९ मं० २॥

ਈਸ਼੍ਵਰ ਉਪਦੇਸ਼ ਕਰਦਾ ਹੈ ਕਿ ਹੇ ਰਾਜਪੁਰਖੋ, ਤੁਹਾਡੇ ਆਗਨੇਯ ਆਦੀ, ਅਸਤ੍ਰ, ਅਰ ਸ਼ਤਘਨੀ (ਤੋਪ) ਭੁਸ਼ੁੰਡੀ (ਬਨ੍ਦੂਕ) ਧਨਖ, ਬਾਣ, ਤਲਵਾਰ ਆਦੀ ਸ਼ਸਤ੍ਰ, ਸ਼ਤ੍ਰੂਆਂ ਦੇ ਪ੍ਰਾਜੈ ਕਰਨੇ ਅਰ ਰੋਕਣ ਦੇ ਵਾਸਤੇ ਉੱਤਮ ਅਰ ਦ੍ਰਿੜ ਹੋਣ, ਅਰ ਤੁਹਾਡੀ ਸੈਨਾਂ ਪ੍ਰਸੰਸ਼ਾ ਦੇ ਜੋਗ ਹੋਵੇ, ਜਿਸ ਕਰਕੇ ਤੁਸੀ ਸਦਾ ਵਿਜੈ ਪਾਓ, ਪ੍ਰੰਤੂ ਜੋ ਖੋਟੇ ਅਨ੍ਯਾਂ ਰੂਪੀ ਕਰਮ ਕਰਦਾ ਹੈ ਓਸਦੇ ਵਾਸਤੇ ਏਹ ਗੱਲਾਂ ਨਾ ਹੋਣ ਅਰਥਾਤ ਜਦ ਤਿਕ ਮਨੁਖੱ ਧਾਰਮਿਕ ਰਹਿੰਦੇ ਹਨ ਤਦ ਤਿਕ ਹੀ ਰਾਜ ਵਧਦਾ ਰਹਿੰਦਾ ਹੈ, ਅਰ ਜਦ ਦੁਸ਼ਟਾਚਾਰੀ

ਹੁੰਦੇ ਹਨ ਤਦ ਨਸ਼ਟ ਭ੍ਰਸ਼ਟ ਹੋਜਾਂਦਾ ਹੈ। ਮਹਾਂ ਵਿਦੱਵਾਨਾਂ ਨੂੰ ਵਿਦਿਆ ਸਭਾ ਦਾ ਅਧਿਕਾਰੀ, ਧਾਰਮਿਕ ਵਿਦੱਵਾਂਨਾਂ ਨੂੰ ਧਰਮ ਸਭਾ ਦਾ ਅਧਿਕਾਰੀ, ਪ੍ਰਸ਼ੰਸਾ ਜੋਗ ਧਾਰਮਿਕ ਪੁਰਖਾਂ ਨੂੰ ਰਾਜ ਸਭਾ ਦੇ ਸਭਾਸ਼ਦ, ਅਰ ਜੋ ਉਨ੍ਹਾਂ ਸਭਨਾ ਵਿਚ ਸਰਬੋਤਮ ਗੁਣ, ਕਰਮ, ਸੁਭਾਉ ਵਾਲਾ ਮਹਾਂਪੁਰਖ ਹੋਵੇ ਉਸਨੂੰ ਰਾਜ ਸਭਾ ਦਾ ਪਤੀ ਰੂਪ ਮਨ ਕੇ ਸਭ ਪ੍ਰਕਾਰ ਥੀਂ ਉੱਨਤੀ ਕਰਨ, ਤਿੱਨੇ ਸਭਾ ਦੀ ਸਮੱਤੀ ਲੈਕੇ ਰਾਜਨੀਤੀ ਦੇ ਉਤੱਮ ਨਿਯੱਮ, ਅਰ ਨਿਯੱਮਾਂ ਦੇ ਅਧੀਨ ਸਭ ਲੋਕ ਵਰਤਨ, ਸਭ ਦੇ ਹਿਤਕਾਰਕ ਕੰਮੱਾਂ ਵਿਚ ਸਮੱਤੀ ਕਰਨ, ਸਰਬ ਹਿਤ ਕਰਨ ਦੇ ਵਾਸਤੇ ਪ੍ਰਤੰਤ੍ਰ, ਅਰ ਧਰਮ ਜੁਕਤ ਕੰਮੱਾਂ ਵਿਚ ਅਰਥਾਤ ਜੋ ਜੋ ਨਿਜ ਦੇ ਕੰਮ ਹਨ ਉਨ੍ਹਾਂ ਉਨ੍ਹਾਂ ਵਿਚ ਸ੍ਵਤੰਤ੍ਰ ਰਹਿਨ, ਫਿਰ ਓਸ ਸਭਾਪਤੀ ਦੇ ਗੁਣ ਕਿਹੋ ਜਹੇ ਹੋਣੇ ਚਾਹੀਦੇ ਹਨ।

इन्द्राऽनिलयमार्काणामग्नेश्च वरुणस्य च ।
चन्द्रवित्तेशयोश्चैव मात्रा निर्हृत्य शाश्वतीः ॥ १
तपत्यादित्यवच्चैष चक्षूंषि च मनांसि च ।
नचैनं भुवि शक्नोति कश्चिदप्यभिवीक्षितुम् ॥ २ ॥
सोऽग्निर्भवति वायुश्च सोऽर्कः सोमः स धर्मराट्
स कुवेरः स वरुणः स महेन्द्रः प्रभावतः ॥ ३ ॥
मनु० ७ ॥ ४ । ६ । ७ ॥

ਉਹ ਸਭਾਪਤੀ ਰਾਜਾ ਇੰਦ੍ਰ ਅਰਥਾਤ ਬਿਜਲੀ ਦੇ ਸਮਾਂਨ ਸ਼ੀਘਰ ਈਸ਼੍ਵਰਜ ਕਰਤਾ, ਵਾਯੂ ਦੇ ਸਮਾਂਨ ਸਭ ਨੂੰ ਪ੍ਰਾਣਵਤ ਪਿਆਰਾ ਅਰ ਹ੍ਰਿਦੇ ਦੀ ਬਾਤ ਜਾਣਨਹਾਰਾ, (ਯਮ) ਅਰਥਾਤ ਪਖਪਾਤ ਰਹਿਤ, ਨਿਆਂਧੀਸ਼ ਦੇ ਸਮਾਂਨ ਵਰਤਣੇ ਵਾਲਾ, ਸੂਰਜ ਦੇ ਸਮਾਂਨ ਨਿਆਂ, ਧਰਮ, ਵਿਦਿੱਆ ਦਾ ਪ੍ਰਕਾਸ਼ਕ, ਅੰਧਕਾਰ ਅਰਥਾਤ ਅਵਿਦਿੱਆ, ਅਨਿਆਇ ਦਾ ਵਿਰੋਧ ਕਰਨੇ ਵਾਲਾ, ਅਗਨੀ ਦੇ ਸਮਾਨ ਦੁਸ਼ਟਾਂ ਨੂੰ ਭਸਮ ਕਰਨੇਹਾਰਾ, ਵਰੁਣ ਅਰਥਾਤ ਬਨ੍ਹਣੇ ਵਾਲੇ ਦੇ ਸਦ੍ਰਸ਼ ਦੁਸ਼ਟਾਂ ਨੂੰ ਅਨੇਕ ਪ੍ਰਕਾਰ ਥੀਂ ਬਨ੍ਹਣੇ ਵਾਲਾ, ਚੰਦ੍ਰਮਾਂ ਦੇ ਤੁਲ ਚੰਗੇ ਮਨੁਖੱਾਂ ਨੂੰ ਅਨੰਦ ਦੇਣ ਵਾਲਾ, ਧੰਨਾਧਜਖਦੇ ਸਮਾਨ ਖਜਾਨਿਆਂ ਦਾ ਪੂਰਨ ਕਰਨ ਵਾਲਾ ਸਭਾ ਪਤੀ ਹੋਵੇ। ਜੋ ਸੂਰਜਵਤ ਪ੍ਰਤਾਪੀ, ਸਭਦੇ ਬਾਹਿਰ ਅਰ ਅੰਦਰ ਮਨਾਂ ਨੂੰ ਅਪਣੇ ਤੇਜ ਨਾਲ ਤਪਾਣਹਾਰਾ, ਜਿਸ ਨੂੰ ਪ੍ਰਿਥਵੀ ਤੇ ਕਰੜੀ ਦ੍ਰਿਸ਼ਟੀ ਨਾਲ ਵੇਖਣ ਦਾ ਸਮ੍ਰਥ ਕਿਸੇ ਨੂੰ ਨਾ ਹੋਵੇ, ਅਰ ਜੋ ਅਗਨੀ, ਵਾਯੂ, ਸੂਰਜ, ਸੋਮ, ਧਰਮ ਪ੍ਰਕਾਸ਼ਕ, ਧੰਨ ਬ੍ਰਿਧੱਕ, ਦੁਸ਼ਟਾਂ ਦਾ ਬੰਧਨ ਕਰਤਾ, ਵਡੇ ਈਸ਼੍ਵਰਜ ਵਾਲਾ ਹੋਵੇ ਓਹੋ ਸਭਾਅਧਜਖਜ ਸਭਾਪਤੀ ਹੋਣ ਦੇ ਜੋਗ ਹੋਵੇ। ਸੱਚਾ ਰਾਜਾ ਕਉਣ ਹੈ :—

स राजा पुरुषो दण्डः स नेता शासिता च सः ।
चतुर्णामाश्रमाणां च धर्मस्य प्रतिभूः स्मृतः ॥ १ ॥
दण्डः शास्ति प्रजाः सर्वा दण्ड एवाभिरक्षति ।
दण्डः सुप्तेषु जागर्ति दण्डं धर्मं विदुर्बुधाः ॥ २ ॥
समीक्ष्य स धृतः सम्यक् सर्वा रञ्जयति प्रजाः ।
असमीक्ष्य प्रणीतस्तु विनाशयति सर्वतः ॥ ३ ॥
दुष्येयुः सर्ववर्णाश्च भिद्येरन्सर्वसेतवः ।
सर्वलोकप्रकोपश्च भवेद्दण्डस्य विभ्रमात् ॥ ४ ॥
यत्र श्यामो लोहिताक्षो दण्डश्चरति पापहा ।
प्रजास्तत्र न मुह्यन्ति नेता चेत्साधु पश्यति ॥ ५ ॥
तस्याहुः संप्रणेतारं राजानं सत्यवादिनम् ।
समीक्ष्य कारिणंप्राज्ञं धर्मकामार्थकोविदम् ॥ ६ ॥
तं राजा प्रणयन्सम्यक् त्रिवर्गेणाभि वर्द्धते ।
कामात्मा विषमः क्षुद्रो दण्डेनैव निहन्यते ॥ ७ ॥
दण्डो हि सुमहत्तेजो दुर्धरश्चाकृतात्मभिः ।
धर्माद्विचलितं हन्ति नृपमेव सबान्धवम् ॥ ८ ॥
सोऽसहायेन मूढेन लुब्धेनाकृतबुद्धिना ।
न शक्यो न्यायतो नेतुं सक्तेनविषयेषु च ॥ ९ ॥
शुचिना सत्यसन्धेन यथा शास्त्रानुसारिणा ।
प्रणेतुं शक्यतेदण्डः सुसहायेन धीमता ॥ १० ॥
मनु० ७॥ १७ –१९ । २४ – २८ । ३० । ३१ ॥

ਜੋ ਦੰਡ ਹੈ ਉਹੋ ਪੁਰਖ ਰਾਜਾ, ਓਹੋ ਨਿਆਂ ਦਾ ਪਰਚਾਰਕਰਨ ਵਾਲਾ, ਅਰ ਸਭਦਾ ਸਾਸਣਾ ਕਰਨ ਵਾਲਾ, ਉਹੋ ਚਾਰ ਵਰਣ ਅਰ ਆਸ਼੍ਰਮਾਂਦਾ (ਪ੍ਰਤੀਭੂ) ਅਰਥਾਤ ਜ਼ਾਮਨ ਹੈ, ਉਹੋ ਪਰਜਾ ਦਾ ਸਾਸਣਾ ਕਰਨੇ ਵਾਲਾ, ਸਭ ਪਰਜਾ ਦੀ ਰਖਿਆ ਕਰਨ ਵਾਲਾ, ਸੁੱਤੇ ਹੋਏ ਪਰਜਾ ਦੇ ਮਨੁੱਖਾਂ ਵਿਚ ਜਾਗਦਾ ਹੈ ਏਸ ਕਰਕੇ ਬੁਧਵਾਨ ਲੋਗ ਦੰਡ ਹੀ ਨੂੰ ਧਰਮ ਕਹਿੰਦੇ ਹਨ, ਜੇ ਦੰਡ ਚੰਗੀ ਤਰਾਂ ਵਿਚਾਰ ਨਾਲ ਧਾਰਣ ਕੀਤਾ ਜਾਵੇ ਤਾਂ ਉਹ ਸਭ ਪਰਜਾ ਨੂੰ ਅਨੰਦ ਵਿਚ ਕਰ ਦੇਂਦਾ ਹੈ, ਅਰ ਜੇ ਬਿਨਾਂ ਵਿਚਾਰੇ ਵਰਤਿਆ ਜਾਵੇ ਤਾਂ ਸਭ ਤਰਾਂ ਨਾਲ ਰਾਜਾ ਦਾ ਨਾਸ਼ ਕਰ ਦਿੰਦਾ ਹੈ, ਬਗੈਰ ਦੰਡ ਦੇ ਸਭ ਵਰਣ ਦੋਸ਼ ਵਾਲੇ, ਅਰ ਸਭ ਮ੍ਰਜਾਦਾ ਛਿੰਨ ਭਿੰਨ ਹੋ ਜਾਂਨ, ਦੰਡ ਦੇ ਜਥਾਵਤ ਨਾ ਹੋਣ ਕਰਕੇ ਸਭ ਲੋਗਾਂ ਦਾ ਗਦਰ ਮਚ ਜਾਵੇ, ਜਿਥੇ ਕਾਲੇ ਰੰਗ, ਲਹੂ ਦੇ ਰੰਗ ਵਾਲੀਆਂ ਅੱਖਾਂ ਅਰ ਡਰਾਵਣ ਵਾਲੇ ਪੁਰਖ ਦੀ ਨਿਆਈਂ ਪਾਪਾਂ ਦਾ ਨਾਸ਼ ਕਰਨ ਹਾਰਾ ਦੰਡ ਵਿਚਰਦਾ ਹੈ ਓਥੇ ਪਰਜਾ ਮੋਹ ਨੂੰ ਨਾਂ ਪ੍ਰਾਪਤ ਹੋਕੇ ਅਨੰਦ ਪਾਂਦੀ ਹੈ, ਪ੍ਰੰਤੂ

ਏਹ ਤਦ ਜਦ ਦੰਡ ਦਾ ਚਲਾਣ ਵਾਲਾ ਪਖ ਪਾਤ ਤੋਂ ਰਹਿਤ ਵਿਦਵਾਂਨ ਹੋਵੇ, ਜਿਹੜਾ ਓਸ ਦੰਡ ਨੂੰ ਚਲਾਂਣ ਵਾਲਾ, ਸਤਬਾਦੀ, ਵਿਚਾਰ ਕਰਨਵਾਲਾ, ਬੁਧਵਾਂਨ, ਧਰਮ, ਅਰਥ, ਅਰ ਕਾਂਮ ਦੀ ਸਿੱਧੀ ਕਰਨੇ ਵਾਲਾ ਪੰਡਤ ਰਾਜਾ ਹੈ ਉਸੇ ਨੂੰ ਓਸ ਦੰਡ ਦਾ ਚਲਾਣ ਹਾਰਾ ਵਿਦਵਾਂਨ ਲੋਗ ਕਹਿੰਦੇ ਹਨ, ਜੇਹੜਾ ਦੰਡ ਨੂੰ ਚੰਗੀ ਤਰਾਂ ਰਾਜਾ ਚਲਾਂਦਾ ਹੈ ਉਹ ਧਰਮ, ਅਰਥ, ਅਰ ਕਾਂਮ ਦੀ ਸਿੱਧੀ ਨੂੰ ਵਧਾਂਦਾ ਹੈ, ਅਰ ਜੇਹੜਾ ਵਿਸ਼ੇ ਵਿਚ ਲੰਪਟ ਈਰਖਾ ਕਰਨ ਵਾਲਾ, ਛੋਟ੍ਰਾ, ਨੀਚ ਬੁਧ, ਨਿਆਂਧੀਸ਼ ਰਾਜਾ ਹੋਂਦਾ ਹੈ ਉਹ ਦੰਡ ਨਾਲ ਹੀ ਮਾਰਿਆ ਜਾਂਦਾ ਹੈ, ਜਦ ਦੰਡ ਏਡਾ ਤੇਜ ਵਾਲਾ ਹੈ ਓਸਨੂੰ ਅਵਿਦਵਾਂਨ, ਅਧਰਮਾਤਮਾਂ ਧਾਰਣ ਨਹੀਂ ਕਰ ਸਕਦਾ ਤਦ ਉਹ ਦੰਡ ਧਰਮ ਥੀਂ ਰਹਿਤ ਰਾਜਾ ਦਾ ਹੀ ਨਾਸ਼ ਕਰ ਦੇਂਦਾ ਹੈ, ਕਿਉਂਕਿ ਜੇਹੜਾ ਆਪਤ ਪੁਰਖਾਂ ਦੀ ਸਹਾਇਤਾ, ਵਿਦਿਆ, ਸੁਸ਼ਿਖਿਆ ਥੀ ਰਹਿਤ, ਵਿਖਿਆਂ ਵਿਚ ਆਸਕਤ ਮੂੜ ਹੈ ਉਹ ਨਿਆਂ ਨਾਲ ਦੰਡ ਚਲਾਣ ਵਿਚ ਸਮ੍ਰਥ ਕਦੀ ਨਹੀਂ ਹੋ ਸਕਦਾ। ਅਰ ਜੇਹੜਾ ਪਵਿਤ੍ਰ ਆਤਮਾ, ਸਤ ਆਚਾਰ, ਅਰ ਸਤ ਪੁਰਖਾਂ ਦਾ ਸੰਗੀ, ਜਥਾ ਵਤ ਨੀਤੀ ਸ਼ਾਸਤ੍ਰ ਦੇ ਅਨਕੂਲ ਚਲਣ ਹਾਰਾ, ਭਲੇ ਪੁਰਖਾਂ ਦੀ ਸਹਾਇਤਾ ਥੀਂ ਜੁਕਤ ਬੁਧਵਾਂਨਹੈ ਓਹੋ ਨਿਆਂ ਰੂਪੀ ਦੰਡਨੂੰ ਚਲਾਣ ਵਿਚ ਸਮਰਥ ਹੋਂਦਾਹੈ:—

सैनापत्यं च राज्यं च दण्डनेतृत्वमेव च ।
सर्वलोकाधिपत्यं च वेदशास्त्रविदर्हति ॥ १ ॥
दशावरा वा परिषद्यं धर्मं परिकल्पयेत् ।
त्र्यवरा वापि वृत्तस्था तं धर्मं न विचालयेत् ॥ २ ॥
त्रैविद्यो हैतुकस्तर्की नैरुक्तो धर्मपाठकः ।
त्रयश्चाश्रमिणः पूर्वे परिषत्स्याद्दशावरा ॥ ३ ॥
ऋग्वेदविद्यजुर्विच्च सामवेदविदेव च ।
त्र्यवरा परिषज्ज्ञेया धर्मसंशयनिर्णये ॥ ४ ॥
एकोपि वेदविद्धर्मं यं व्यवस्येद् द्विजोत्तमः ।
स विज्ञेयः परो धर्मो नाज्ञानामुदितोऽयुतैः ॥ ५ ॥
अव्रतानाममन्त्राणां जातिमात्रोपजीविनाम् ।
सहस्रशः समेतानां परिषत्त्वं न विद्यते ॥ ६ ॥
यं वदन्ति तमोभूता मूर्खा धर्ममतद्विदः ।
तत्पापं शतधा भूत्वा तद्वक्तॄननुगच्छति ॥ ७ ॥
मनु० १२ ॥ १०० । ११० — ११५ ॥

ਸਾਰੀ ਸੈਨਾਂ, ਅਰ ਸੈਨਾਂਪਤੀਆਂ ਦੇ ਉੱਤੇ ਰਾਜ ਅਧਿਕਾਰ, ਦੰਡ ਦੇਣੇ ਦੀ ਬਿਵਸਥਾ ਦੇ ਸਭ ਕਾਰਜਾਂ ਦਾ ਅਧੀਪਤੀ, ਅਰ ਸਭ ਦੇ ਉਪਰ ਵਰਤਮਾਂਨ ਸਰਬਾਧੀਸ਼ ਰਾਜ ਅਧਿਕਾਰ, ਇਨਾਂ ਚਹੁੰ ਅਧਿਕਾਰਾਂ ਵਿਚ ਸੰਪੂਰਣ ਵੇਦ

ਸ਼ਾਸਤ੍ਰਾਂ ਵਿਚ ਪ੍ਰਬੀਨ, ਪੂਰੀ ਵਿਦਿਆ ਵਾਲੇ ਧਰਮਾਤਮਾਂ, ਜਿਤਿੰਦ੍ਰੀ, ਸੁਸ਼ੀਲ ਰਾਜਾ ਨੂੰ ਇਸਥਾਪਨ ਕਰਨਾ ਚਾਹੀਏ ਅਰਥਾਤ ਮੁਖ ਸੈਨਾਪਤੀ, ਮੁਖਰਾਜ ਅਧਿਕਾਰੀ, ਮੁਖ ਨਿਆਂਧੀਸ਼ ਪ੍ਰਧਾਂਨ ਅਰ ਰਾਜਾ ਏਹ ਚਾਰ ਸਭ ਵਿਦਿਆ ਵਿਚ ਪੂਰਣ ਵਿਦਵਾਂਨ ਹੋਣੇ ਚਾਹੀਏ, ਘਟੋਂ ਘਟ ਦਸ ਵਿਦਵਾਨਾਂ ਦੀ ਅਥਵਾ ਬਹੁਤ ਹੀ ਘਟ ਹੋਂਨ ਤਾਂ ਤਿੰਨ ਵਿਦਵਾਨਾਂ ਦੀ ਸਭਾ ਜੇਹੋ ਜੇਹੀ ਬਿਵਸਥਾ ਕਰੇ ਓਸ ਧਰਮ ਅਰਥਾਤ ਬਿਵਸਥਾ ਦਾ ਉਲੰਘਨ ਕੋਈ ਬੀ ਨਾਂ ਕਰੇ, ਏਸ ਸਭਾ ਵਿਚ ਚਾਰੇ ਵੇਦ, ਨਿਆਇਸ਼ਾਸਤ੍ਰ, ਨਿਰਕਤ, ਧਰਮਸ਼ਾਸਤ੍ਰ ਆਦੀ ਦੇ ਜਾਂਨਣ ਵਾਲੇ ਵਿਦਵਾਂਨ ਸਭਾਸਦ ਹੋਂਨ ਪ੍ਰੰਤੂ ਉਹ ਬ੍ਰਹਮ ਚਾਰੀ, ਗ੍ਰਹਸਤੀ, ਅਰ ਬਾਂਣ ਪ੍ਰਸਥੀ ਹੋਂਨ ਤਦ ਉਹ ਸਭਾ ਹੋਵੇ ਕਿ ਜਿਸਦੇ ਵਿਚ ਦਸ ਵਿਦਵਾਂਨਾਂ ਥੀਂ ਘਟ ਨਾ ਹੋਣੇ ਚਾਹੀਏ, ਅਰ ਜਿਸ ਸਭਾ ਵਿਚ ਰਿਗਵੇਦ, ਯੁਜੁਰਵੇਦ, ਸਾਂਮਵੇਦ, ਦੇ ਜਾਂਨਣ ਵਾਲੇ ਤਿਨ ਸਭਾ ਸਦ ਹੋਕੇ ਬਿਵਸਥਾ ਕਰਨ ਓਸ ਸਭਾ ਦੀ ਕੀਤੀ ਹੋਈ ਬਿਵਸਥਾ ਦਾ ਕੋਈ ਬੀ ਉਲੰਘਨ ਨਾ ਕਰੇ, ਜੇ ਇਕ ਇਕਲੱਾ ਸਭ ਵੇਦਾਂ ਦੇ ਜਾਂਨਣ ਵਾਲਾ ਦ੍ਵਿਜਾਂ ਵਿਚ ਉੱਤਮ ਸਨਿਆਸੀ ਜਿਸ ਧਰਮ ਦੀ ਬਿਵਸਥਾ ਕਰ ਉਹੋ ਹੀ ਉੱਤਮ ਧਰਮ ਹੈ, ਕਿਉਂਕਿ ਅਗਿਆਂਨੀ ਹਜਾਰਾਂ ਲੱਖਾਂ ਕ੍ਰੋੜਾਂ ਮਿਲਕੇ ਜੋ ਕੁਝ ਬਿਵਸਥਾ ਕਰਨ ਓਸਨੂੰ ਕਦੀ ਨਾ ਮਨਣਾ ਚਾਹੀਏ, ਜੇਹੜੇ ਬ੍ਰਹਮਚਰਜ, ਸਤ ਭਾਖਣ ਆਦੀ ਬ੍ਰਤ, ਵੇਦ ਵਿਦਿਆ ਦੇ ਵਿਚਾਰ ਥੀਂ ਰਹਿਤ ਜਨਮ ਮਾਤ੍ਰ ਕਰਕੇ ਸ਼ੂਦਰ ਦੀ ਨਿਆਂਈ ਬਣੇ ਹੋਏ ਹਨ ਉਨਾਂ ਹਜਾਰਾਂ ਮਨੁੱਖਾਂ ਦੇ ਮਿਲਨ ਕਰਕੇ ਬੀ ਸਭਾ ਨਹੀਂ ਕਹਾਂਵਦੀ, ਜੇਹੜੇ ਅਵਿਦਿਆ ਜੁਕਤ ਮੂਰਖ ਵੇਦਾਂ ਦੇ ਨਾਂ ਜਾਨਣ ਵਾਲੇ ਮਨੁੱਖ ਜਿਸ ਧਰਮ ਨੂੰ ਕਹਿੰਦੇਹਨ ਓਸਧਰਮ ਨੂੰ ਕਦੀ ਨਹੀਂ ਮਨਣਾ ਚਾਹੀਏ, ਕਿਉਂਕਿ ਜਹਿੜੇ ਮੂਰਖਾਂ ਦੇ ਕਹੇ ਹੋਏ ਧਰਮ ਦੇ ਅਨੁਸਾਰ ਚਲਦੇ ਹਨ ਉਨ੍ਹਾਂ ਦੇ ਪਿੱਛੇ ਸੈਕੜੇ ਪ੍ਰਕਾਰ ਦੇ ਪਾਪ ਲਗ ਜਾਂਦੇ ਹਨ ਏਸ ਵਾਸਤੇ ਤਿੱਨੇ ਅਰਥਾਤ ਵਿਦਿਆ ਸਭਾ, ਧਰਮ ਸਭਾ, ਅਰ ਰਾਜ ਸਭਾ ਵਿਚ ਮੂਰਖਾਂ ਨੂੰ ਕਦੀ ਭਰਤੀ ਨਾ ਕਰੇ ਕਿੰਤੂ ਸਦਾ ਵਿਦਵਾਂਨ, ਅਰ ਧਰਮਾਤਮਾ ਪੁਰਖਾਂ ਨੂੰ ਸਥਾਪਨ ਕਰੇ ਹੋਰ ਸਭ ਲੋਕ ਈਕਣਃ—

त्रैविद्येभ्यस्त्रयीं विद्यां दण्डनीतिं च शाश्वतीम् ।
आन्वीक्षिकीं चात्मविद्यां वार्तारम्भांश्च लोकतः ॥ १ ॥

इन्द्रियाणां जये योगं समातिष्ठेद्दिवानिशम् ।
जितेन्द्रियो हि शक्नोति वशे स्थापयितुं प्रजाः ॥ २ ॥

दश कामसमुत्थानि तथाष्टौ क्रोधजानि च ।
व्यसनानि दुरन्तानि प्रयत्नेन विवर्जयेत् ॥ ३ ॥

कामजेषु प्रसक्तो हि व्यसनेषु महीपतिः ।

वियुज्यतेऽर्थधर्माभ्यां क्रोधजेष्वात्मनैव तु ॥ ४ ॥
मृगयाक्षो दिवास्वप्नः परीवादः स्त्रियोमदः ।
तौर्य्यत्रिकं वृथाट्या च कामजो दशको गणः ॥ ५ ॥
पैशुन्यं साहसं द्रोह ईर्ष्यासूयार्थदूषणम् ।
वाग्दण्डजं च पारुष्यं क्रोधजोऽपि गणोऽष्टकः ॥ ६ ॥
द्वयोरप्येतयोर्मूलं यं सर्वे कवयो विदुः ।
तं यत्नेन जयेल्लोभं तज्जावेतावुभौ गणौ ॥ ७ ॥
पानमक्षाः स्त्रियश्चैव मृगया च यथाक्रमम् ।
एतत्कष्टतमं विद्याच्चतुष्कं कामजे गणे ॥ ८ ॥
दण्डस्य पातनं चैव वाक्पारुष्यार्थदूषणे ।
क्रोधजेऽपि गणे विद्यात्कष्टमेतत्त्रिकं सदा ॥ ९ ॥
सप्तकस्यास्य वर्गस्य सर्वत्रैवानुषङ्गिणः ।
पूर्वं पूर्वं गुरुतरं विद्याद्व्यसनमात्मवान् ॥ १० ॥
व्यसनस्य च मृत्योश्च व्यसनं कष्टमुच्यते ।
व्यसन्यधोऽधो व्रजति स्वर्यात्यव्यसनी मृतः ॥ ११ ॥
मनु० ७ । ४३ – ५३ ॥

ਰਾਜਾ ਅਰ ਰਾਜਸਭਾ ਦੇ ਸਭਾਸਦ ਤਦ ਹੋ ਸਕਦੇ ਹਨ ਕਿ ਜਦ ਉਹ ਚਹੁੰ ਵੇਦਾਂ ਦੀ ਕਰਮ ਉਪਾਸਨਾਂ, ਗਿਆਂਨ ਵਿਦਿਆਓਂ ਦੇ ਜਾਨਣ ਵਾਲਿਆਂ ਕੋਲੋਂ ਤਿੱਨੇ ਵਿਦਿਆ ਸਨਾਤਨ ਦੰਡਨੀਤੀ, ਨਿਆਂ ਵਿਦਿਆ, ਆਤਮ ਵਿਦਿਆ ਅਰਥਾਤ ਪ੍ਰਮਾਤਮਾਂ ਦੇ ਗੁਣ, ਕਰਮ, ਸੁਭਾਉ ਰੂਪ ਨੂੰ ਜਾਨਣ ਵਾਲੀ ਬ੍ਰਹਮ ਵਿਦਿਆ, ਅਰ ਲੋਕਾਂ ਨਾਲ ਗਲ ਬਾਤ ਕਰਨੀ ਸਿਖ ਕੇ ਸਭਾ ਸਦ, ਵਾ ਸਭਾਪਤੀ ਹੋ ਸਕੱਨ, ਸਭ ਸਭਾਸਦ, ਅਰ ਸਭਾਪਤੀ ਇੰਦ੍ਰੀਆਂ ਨੂੰ ਜਿਤਕੇ ਅਪਣੇ ਵਸ ਵਿਚ ਰਖਕੇ ਸਦਾ ਧਰਮ ਵਿਚ ਵਰਤਨ, ਅਰ ਧਰਮ ਥੀਂ ਹਟੇ ਹਟਾਏ ਰਹਿਨ ਏਸ ਕਰਕੇ ਰਾਤ ਦਿਨ ਨੀਯੱਤ ਸਮੇ ਵਿਚ ਯੋਗਾ ਭਿਆਸ ਬੀ ਕਰਦੇ ਰਹਿਨ ਕਿਉਂਕਿ ਜੇਹੜਾ ਜਿਤਿੰਦ੍ਰੀ ਹੋਵੇ ਅਪਣੀ ਇੰਦ੍ਰੀਆਂ ਜੇਹੜੀ ਮਨ, ਪ੍ਰਾਣ, ਅਰ ਸ਼੍ਰੀਰ ਪਰਜਾ ਹੈ ਏਸਨੂੰ ਜਿੱਤੇ ਬਗੇਰ ਬਾਹਿਰ ਦੀ ਪਰਜਾ ਨੂੰ ਅਪਣੇ ਵਸ ਵਿਚ ਕਰਨ ਨੂੰ ਸਮਰਥ ਕਦੀ ਨਹੀਂ ਹੋ ਸਕਦਾ, ਡਾਢਾ ਚਾ ਵਾਲਾ ਹੋਕੇ ਜੇਹੜੇ ਕਾਂਮ ਦੇ ੧੦ ਦਸ ਅਰ ਕ੍ਰੋਧ ਦੇ ਅਠ ੮ ਬੁਰੇ ਠਰਕ ਹਨ ਕਿਜਿਨ੍ਹਾਂ ਵਿਚ ਫਸਿਆ ਹੋਇਆ ਮਨੁੱਖ ਅਉਖਾ ਨਿਕਲ ਸੱਕੇ ਉਨ੍ਹਾਂਨੂੰ ਜਤਨਕਰਕੇ ਛਡ ਅਰ ਛੁਡਾਦੇਵੇ, ਕਿਉਂਕਿ ਜੇਹੜਾ ਰਾਜਾ ਕਾਂਮ ਥੀਂ ਉਤਪੰਨ ਹੋਏ ੧੦ ਦਸਾਂ ਖੋਟਿਆਂ ਠਰਕਾਂ ਵਿਚ ਫਸਦਾ ਹੈ ਉਹ ਅਰਥ ਅਰਥਾਤ ਰਾਜ ਧੰਨ ਆਦੀ ਅਰ ਧਰਮ ਥੀਂ ਰਹਿਤ ਹੋ ਜਾਂਦਾ ਹੈ, ਅਰ ਜੇਹੜਾ ਕ੍ਰੋਧ ਥੀਂ ਉਤਪੰਨ ਹੋਏ ਅਠ ੮ ਮੰਦੇ ਠਰਕਾਂ ਵਿਚ ਫਸਦਾ ਹੈ ਉਹ ਸ਼੍ਰੀਰ ਥੀਂ ਬੀ ਰਹਿਤ

ਹੋ ਜਾਂਦਾ ਹੈ। ਕਾਂਮ ਤੋਂ ਉਤਪੰਨ ਹੋਏ ਠਰਕ ਗਿਣਨੇ ਹਾਂ,ਵੇਖੋ ਸ਼ਿਕਾਰ ਖੇਲਣਾ ਚੌਪਟ, ਜੂਆ ਖੇਡਣਾ ਆਦੀ,ਦਿਨ ਵਿਚ ਸਉਣਾ, ਕਾਂਮ ਕਥਾ ਵਾ ਦੂਸਰੇ ਦੀ ਨਿੰਦਿਆ ਕਰਨੀ, ਇਸਤ੍ਰੀਆਂ ਦੀ ਅਤੀ ਸੰਗਤ ਕਰਨੀ, ਮਾਦਕ ਦ੍ਰਬ ਅਰ-ਥਾਤ ਸ਼੍ਰਾਬ ਹਫੀਮ, ਭੰਗ, ਗਾਂਜਾ, ਚਰਸ ਆਦੀ ਦਾ ਪੀਣਾ,ਗਾਣਾਂ, ਨਚਣਾ ਵਾ ਨਾਚ ਕਰਾਣਾ, ਸੁਣਨਾ,ਅਰ ਵੇਖਣਾ ਏਵੇਂ,ਇਧਰ ਉਧਰ ਟਕ੍ਰਾਂ ਮਾਰਨੀ-ਆਂ, ਏਹ ੧੦ ਕਾਂਮ ਥੀਂ ਉਤਪੰਨ ਹੋਏ ਠਰਕ ਹਨ। ਕ੍ਰੋਧ ਥੀਂ ਉਤਪੰਨ ਹੋਏ ਠਰਕਾਂ ਨੂੰ ਗਿਣਨੇ ਹਾਂ ਚੁਗਲੀ ਕਰਨਾਂ, ਬਗੈਰ ਬਿਚਾਰ ਦੇ ਬਦੋ ਬਦੀ ਕਿਸੇ ਦੀ ਇਸਤ੍ਰੀ ਨਾਲ ਬੁਰਾ ਕੰਮ ਕਰਨਾ, ਵਿਰੋਧ ਰਖਣਾ, ਈਰਖਾ ਅਰਥਾਤ ਦੂਜੇ ਦੀ ਵਡਿਆਈ ਵਾ ਉਨੱਤੀ ਵੇਖਕੇ ਸੜ ਜਾਣਾ, ਦੋਸ਼ਾਂ ਵਿਚ ਗੁਣ, ਗੁਣਾਂ ਵਿਚ ਦੋਸ਼ ਲਗਾਣੇ, ਅਧਰਮ ਜੁਕਤ ਬੁਰੇ ਕੰੱਮਾਂ ਵਿਚ ਧੰਨ ਆਦੀ ਦਾ ਖਰਚ ਕਰਨਾ,ਕਠੋਰ ਬਚਨ ਬੋਲਣਾ,ਅਰ ਬਗੈਰ ਅਪ੍ਰਾਧ ਦੇ ਕੌੜਾ ਬਚਨ ਕਹਿਣਾ ਵਾ ਬਹੁਤ ਦੰਡ ਦੇਣਾ, ਏਹ ੮ ਅੱਠ ਦੁਰਗਣ ਕ੍ਰੋਧ ਥੀਂ ਉਤਪੰਨ ਹੁੰਦੇ ਹਨ। ਸਭ ਵਿਦਵਾਂਨ ਲੋਗ ਕਾਂਮਜ ਅਰ ਕ੍ਰੋਧਜ ਦਾ ਮੂਲ ਜਾਂਣਦੇ ਹਨ ਕਿ ਜਿਸ ਕਰਕੇ ਏਹ ਸਭ ਦੁਰਗੁਣ ਮਨੁਖ ਨੂੰ ਪ੍ਰਾਪਤ ਹੁੰਦੇ ਹਨ ਓਸ ਲੋਭਨੂੰ ਪ੍ਰਜਤਨ ਕਰਕੇ ਛਡ ਦੇਵੇ, ਕਾਂਮ ਦੇ ਠਰਕਾਂ ਵਿਚ ਵਡੇ ਦੁਰਗੁਣ, ਇਕ ਮਦ ਆਦੀ ਅਰਥਾਤ ਨਸ਼ੇ ਵਾਲੀਆਂ ਚੀਜਾਂ ਦਾ ਖਾਂਣਾ, ਪੀਨਾਂ, ਦੂਜਾ–ਪਾਸਿਆਂ ਨਾਲ ਜੂਆ ਖੇਡਣਾ,। ਤੀਜਾ–ਇਸਤ੍ਰੀਆਂ ਦਾ ਵਸ਼ੇਸ਼ ਸੰਗ,

ਚੌਥਾ–ਸ਼ਿਕਾਰ ਖੇਡਣਾ ਏਹ ਚਾਰ ਮਹਾਂ ਦੁਸ਼ਟ ਠਰਕ ਹਨ, ਅਰ ਕ੍ਰੋਧ ਜਾਂ ਵਿਚੋਂ ਬਗੈਰ ਅਪ੍ਰਾਧ ਦੇ ਦੰਡ ਦੇਣਾ,ਕਠੋਰ ਬਚਨ ਬੋਲਣਾ, ਅਰ ਧੰਨ ਆਦੀ ਦਾ ਅਨਿਆਂ ਵਿਚ ਖਰਚ ਕਰਨਾ,ਏਹ ਤਿਨ ਕ੍ਰੋਧਥੀਂ ਉਤਪੰਨ ਹੋਏਵਡੇ ਦੁਖ ਦਾਇਕ ਦੋਸ਼ ਹਨ,ਜੋ ਏਹ ੭ ਸਤ ਦੁਰਗੁਣ ਦੋਨੋਂ ਕਾਮਜ ਅਰ ਕ੍ਰੋਧਜ ਦੋਸ਼ਾਂ ਵਿਚ ਗਿਣੇ ਹਨ ਇਨਾਂ ਵਿਚੋਂ ਪਹਿਲੇ ਪਹਿਲੇ ਅਰਥਾਤ ਵਿਅਰਥ ਖਰਚ ਤੋਂ ਕਠੋਰ ਬਚਨ,ਕਠੋਰ ਬਚਨ ਤੋਂ ਅਨਿਆਂ,ਅਨਿਆਂ ਤੋਂ ਦੰਡ ਦੇਣਾ, ਏਸ ਤੋਂ ਸ਼ਿਕਾਰ ਖੇਡਣਾ, ਏਸ ਤੋਂ ਇਸਤ੍ਰੀਆਂ ਦਾ ਅਤੀ ਸੰਗ,ਏਸ ਤੋਂ ਜੂਆ ਖੇਡਣਾ ਅਰ ਏਸ ਤੋਂ ਬੀ ਸ਼੍ਰਾਬ ਆਦੀ ਦਾ ਪੀਣਾਂ ਵਡਾ ਖੋਟਾ ਠਰਕ ਹੈ ਏਹ ਨਿਸਚੇ ਹੈ ਕਿ ਖੋਟੇ ਠਰਕਾਂ ਵਿਚ ਫਸੱਣ ਤੋਂ ਮਰਜਾਣਾਂ ਚੰਗਾ ਹੈ ਕਿਉਂਕਿ ਜੇਹੜਾ ਦੁਸ਼ਟਾ ਚਾਰੀ ਪੁਰਖ ਹੈ ਉਹ ਜਿਆਦਾ ਜੀਵੇਗਾ ਤਾਂ ਜਿਆਦਾ ਜਿਆਦਾ ਪਾਪ ਕਰਕੇ ਨੀਚ ਨੀਚ ਗਤੀ ਅਰਥਾਤ ਜਿਆਦਾ ਜਿਆਦਾ ਦੁਖ ਨੂੰ ਪ੍ਰਾਪਤ ਹੋਂਦਾ ਜਾਵੇਗਾ,ਅਰ ਜੇਹੜਾ ਕਿਸੇ ਠਰਕ ਵਿਚ ਨਹੀਂ ਫਸਿਆ ਉਹ ਮਰ ਬੀ ਜਾਵੇ-ਗਾ ਤਾਂ ਬੀ ਸੁਖ ਨੂੰ ਪ੍ਰਾਪਤ ਹੁੰਦਾ ਜਾਵੇਗਾ, ਏਸ ਕਰਕੇ ਵਸ਼ੇਸ਼ ਰਾਜਾ ਅਰ ਸਭ ਮਨੁੱਖਾਂ ਨੂੰ ਉਚਿੱਤ ਹੈ ਕਿ ਕਦੀ ਸ਼ਿਕਾਰ ਅਰ ਸ਼ਰਾਬ ਪੀਵਣ ਆਦੀ ਦੁਸ਼ਟ,ਕੰਮਾਂ ਵਿਚ ਨਾ ਫਸਨ,ਅਰ ਖੋਟੇ ਠਰਕਾਂ ਤੋਂ ਹਟਕੇ ਧਰਮ ਜੁਕਤ ਗੁਣ,

ਕਰਮ, ਸੁਭਾਉ ਵਿਚ ਸਦਾ ਵਰਤ ਕੇ ਅੱਛੇ ਕੰਮ ਕੀਤਾ ਕਰਨ। ਰਾਜਸਭਾ ਸਦ, ਅਰ ਮੰਤ੍ਰੀ ਕੇਹੋ ਜਹੇ ਹੋਣੇ ਚਾਹੀਏ।

मौलान् शास्त्रविदः शूरांल्लब्धलक्षान् कुलोद्गतान्।
सचिवान्सप्त चाष्टौ वा प्रकुर्वीत परीक्षितान्॥१॥
अपि यत्सुकरं कर्म तदप्येकेन दुष्करम्।
विशेषतोऽसहायेन किन्तु राज्यं महोदयम्॥२॥
तैः सार्द्धं चिन्तयेन्नित्यं सामान्यं सन्धिविग्रहम्।
स्थानं समुदयं गुप्तिं लब्धप्रशमनानि च॥३॥
तेषां स्वं स्वमभिप्रायमुपलभ्य पृथक् पृथक्।
समस्तानां च कार्येषु विदध्याद्धितमात्मनः॥४॥
अन्यानपि प्रकुर्वीत शुचीन् प्राज्ञानवस्थितान्।
सम्यगर्थसमाहर्तॄनमात्यान्सुपरीक्षितान्॥५॥
निवर्त्तेतास्य यावद्भिरितिकर्त्तव्यता नृभिः।
तावतोऽतन्द्रितान् दक्षान् प्रकुर्वीत विचक्षणान्॥६॥
तेषामर्थे नियुञ्जीत शूरान् दक्षान् कुलोद्गतान्।
शुचीनाकरकर्मान्ते भीरूनन्तर्निवेशने॥७॥
दूतं चैव प्रकुर्वीत सर्वशास्त्रविशारदम्।
इङ्गिताकारचेष्टज्ञं शुचिं दक्षं कुलोद्गतम्॥८॥
अनुरक्तः शुचिर्दक्षः स्मृतिमान् देशकालवित्।
वपुष्मान्वीतभीर्वाग्मी दूतो राज्ञः प्रशस्यते॥९॥
मनु० ७।५४-५७।६०-६४॥

ਅਪਣੇ ਰਾਜ ਅਪਣੇ ਦੇਸ਼ ਵਿਚ ਉਤਪੰਨ ਹੋਏ ਵੇਦ ਆਦੀ ਸ਼ਾਸਤ੍ਰਾਂ ਦੇ ਜਾਣਨ ਵਾਲੇ, ਸੂਰ ਬੀਰ, ਜਿਨਾਂ ਦਾ ਵਿਚਾਰ ਨਿਸ਼ਫਲ ਨਾ ਹੋਵੇ, ਅਰ ਕੁਲੀਨ ਚੰਗੀ ਤਰਾਂ ਪ੍ਰੀਖਿਆ ਕੀਤੇ ਹੋਏ, ਸਤ ਵਾ ਅੱਠ ਉੱਤਮ ਧਾਰਮਿਕ ਚਤੁਰ ਮੰਤ੍ਰੀ ਕਰੇ, ਕਿਉਂਕਿ ਵਸ਼ੇਸ਼ ਸਹਾਇਤਾ ਤੋਂ ਬਗੈਰ ਜੇਹੜਾ ਸੁਖਾਲਾ ਕੰਮ ਹੈ ਉਹ ਬੀ ਇਕ ਦੇ ਕਰਨ ਵਿਚ ਕਠਨ ਹੋ ਜਾਂਦਾ ਹੈ, ਜਦ ਏਹੁ ਗਲ ਹੈ ਤਾਂ ਮਹਾਂਰਾਜ ਕਰਮ ਇਕ ਕੋਲੋਂ ਕੀਕਣ ਹੋਸਕਦਾ ਹੈ ਏਸ ਲਈ ਇਕ ਨੂੰ ਰਾਜਾ ਅਰ ਇਕ ਦੀ ਬੁੱਧੀ ਉੱਤੇ ਰਾਜ ਦੇ ਕਾਰਜ ਦਾ ਭਰੋਸਾ ਰਖਣਾ ਬਹੁਤ ਹੀ ਬੁਰਾ ਕੰਮ ਹੈ, ਏਸ ਕਰਕੇ ਸਭਾਪਤੀ ਨੂੰ ਉਚਿੱਤ ਹੈ ਕਿ ਨਿਤ ਪ੍ਰਤੀ ਇਨਾਂ ਰਾਜ ਦੇ ਕਰਮਾਂ ਵਿਚ ਪੂਰੇ ਵਿਦਵਾਂਨ ਮੰਤ੍ਰੀਆਂ ਦੇ ਨਾਲ ਸਮਾਨੱ ਕਰਕੇ ਕਿਸੇ ਨਾਲ ਮਿਤ੍ਰਤਾ, ਕਿਸੇ ਨਾਲ ਵਿਰੋਧ, ਇਸਥਿਤੀ ਸਮੇਂ ਨੂੰ ਵੇਖਕੇ ਚੁਪ ਚਾਪ ਰਹਿਣਾ, ਅਪਣੇ ਰਾਜ ਦੀ ਰਖਿਆ ਕਰਕੇ ਬੈਠ ਰਹਿਣਾ, ਜਦ ਅਪਣਾ

ਉਦੇ ਅਰਥਾਤ ਬ੍ਰਿਧੀ ਹੋਵੇ ਤਦ ਦੁਸ਼ਟ ਵੈਰੀ ਉੱਤੇ ਚੜ੍ਹਾਈ ਕਰਨਾ, ਮੂਲ ਰਾਜ ਸੈਨਾਂ, ਖਜਾਂਨੇ ਆਦੀ ਦੀ ਰਖਿਆਂ, ਜੇਹਿੜੇ ਜਹਿੜੇ ਦੇਸ਼ ਪ੍ਰਾਪਤ ਹੋਨ ਉਨਾਂ ਉਨਾਂ ਵਿਚ ਸ਼ਾਂਤੀ ਇਸਥਾਪਨ ਉਪਦ੍ਰਵ ਰਹਿਤ ਕਰਨਾਂ, ਇਨਾਂ ਛੀਆਂ ਗੁਣਾਂ ਦਾ ਬਿਚਾਰ ਨਿਤ ਪ੍ਰਤੀ ਕੀਤਾ ਕਰੇ, ਵਿਚਾਰ ਨਾਲ ਕਰਨਾਂ ਉਨਾਂ ਸਭਾਸਦਾਂ ਦਾ ਵਖੋ ਵਖਰਾ ਅਪਣਾ ਅਪਣਾ ਬਿਚਾਰ ਅਰ ਮਤਲਬ ਨੂੰ ਸੁਣਕੇ ਬਹੁਪਖ ਅਨੁਸਾਰ ਕਾਰਜਾਂ ਵਿਚ ਜੇਹਿੜਾ ਕਾਰਜ ਅਪਣਾ ਅਰ ਦੂਜੇ ਦਾ ਹਿਤ ਕਾਰਕ ਹੋਵੇ ਉਹ ਕਰਨੇ ਲਗਣਾ, ਹੋਰ ਬੀ ਪਵਿਤ੍ਰ ਆਤਮਾਂ, ਬੁਧੀਮਾਂਨ, ਦ੍ਰਿੜ ਬਿਚਾਰ ਵਾਲੇ, ਪਦਾਰਥਾਂ ਨੂੰ ਇਕਠੇ ਕਰਨ ਵਿਚ ਅਤੀ ਚਤੁਰ, ਪ੍ਰੀਖਿਆ ਕੀਤੇ ਹੋਏ ਮੰਤ੍ਰੀ ਕਰੇ, ਜਿੱਨੇ ਮਨੁੱਖਾਂ ਕੋਲੋਂ ਕਾਰਜ ਸਿਧ ਹੋ ਸਕੇ ਉੱਨੇ ਆਲਸ ਰਹਿਤ ਬਲਵਾਂਨ ਅਰ ਬੜੇ ਬੜੇ ਚਤੁਰ ਪ੍ਰਧਾਂਨ ਪੁਰਖਾਂ ਨੂੰ ਅਧੀਕਾਰੀ ਅਰਥਾਤ ਨੌਕਰ ਰੱਖੇ, ਏਸਦੇ ਅਧੀਨ ਸੂਰਬੀਰ, ਬਲਵਾਂਨ ਕੁਲ ਵਿਚ ਉਤਪੰਨ ਹੋਏ ਪਵਿਤ੍ਰ ਨੌਕ੍ਰਾਂ ਨੂੰ ਵਡੇ ਵਡੇ ਕੱਮਾਂ ਵਿਚ, ਅਰ ਡਰਨ ਵਾਲਿਆਂ ਨੂੰ ਅੰਦਰ ਦੇ ਕਮੱਾਂ ਵਿਚ ਲਾਵੇ ਜੇਹਿੜਾ ਚੰਗੇ ਕੁਲ ਵਿਚ ਉਤਪੰਨ, ਚਤੁਰ, ਪਵਿਤ੍ਰ, ਹਾਉ ਭਾਉ ਅਰ ਚੇਸ਼ਟਾ ਥੀਂ ਅੰਦਰ ਦੀ ਹ੍ਰਿਦੇ ਅਰ ਭਵਿਸ਼ੱਤ ਵਿਚ ਹੋਣ ਵਾਲੀ ਬਾਤ ਨੂੰ ਜਾਂਨਣ ਹਾਰਾ, ਸਭਨਾਂ ਸ਼ਾਸਤ੍ਰਾਂ ਵਿਚ (ਵਿਸ਼ਾਰਦ) ਚਤੁਰ ਹੈ ਓਸ ਦੂਤ ਨੂੰ ਬੀ ਰੱਖੇ, ਉਹ ਅਜੇਹਾ ਹੋਵੇ ਕਿ ਰਾਜ ਦੇ ਕੰਮ ਵਿਚ ਡਾਢੇ 'ਚਾ' ਅਰ ਪ੍ਰੀਤੀ ਵਾਲਾ, ਨਿਸ਼ਕਪਟੀ, ਪਵਿਤ੍ਰ ਆਤਮਾਂ, ਚਤੁਰ, ਬਹੁਤ ਸਮੇਂ ਦੀ ਬਾਤ ਨੂੰ ਬੀ ਨਾ ਭੁਲਣ ਵਾਲਾ, ਦੇਸ਼ ਅਰ ਕਾਲ ਦੇ ਅਨੁਕੂਲ ਵਰਤਣ ਵਾਲਾ, ਸੁੰਦਰ ਰੂਪ ਵਾਲਾ, ਨਿਰ ਭੈ ਅਰ ਵਡਾ ਵਖਿਆਂਨ ਕਰਨ ਵਾਲਾ ਹੋਵੇ ਉਹੋ ਰਾਜਾ ਦਾ ਦੂਤ ਹੋਣਾ ਚੰਗਾ ਹੈ ਕਿਸ ਕਿਸ ਨੂੰ ਕੀ ਕੀ ਅਧੀਕਾਰ ਦੇਣਾ ਜੋਗ ਹੈ:—

अमात्ये दण्ड आयत्तो दण्डे वैनियको क्रिया।
नृपतौ कोशराष्ट्रे च दूते सन्धिविपर्ययौ ॥ १ ॥
दूत एव हि सन्धत्ते भिनत्त्येव च संहतान्।
दूतस्तत्कुरुते कर्म भिद्यन्ते येन वा नवा ॥ २ ॥
बुद्ध्वा च सर्वन्तत्त्वेन परराजचिकीर्षितम्।
तथा प्रयत्नमातिष्ठेद्यथात्मानं न पीडयेत् ॥ ३ ॥
धनुर्दुर्गं महीदुर्गमब्दुर्गं वार्क्षमेव वा।
नृदुर्गं गिरिदुर्गं वा समाश्रित्य वसेत्पुरम् ॥ ४ ॥
एकः शतं योधयति प्रकारस्थो धनुर्धरः।
शतं दश सहस्राणि तस्माद्दुर्गं विधीयते ॥ ५ ॥
तत्स्यादायुधसम्पन्नं धनधान्येन वाहनैः।
ब्राह्मणैः शिल्पिभिर्यन्त्रैर्यवसेनोदकेन च ॥ ६ ॥

तस्य मध्ये सुपर्याप्तं कारयेद् गृहमात्मनः ।
गुप्तं सर्वर्तुकं शुभ्रं जलवृक्षसमन्वितम् ॥ ८ ॥
तदध्यास्योद्वहेद् भार्यां सवर्णां लक्षणान्विताम् ।
कुले महति सम्भूतां हृद्यां रूपगुणान्विताम् ।
पुरोहितं प्रकुर्वीत वृणुयादेव चर्त्विजम् ।
तेऽस्य गृह्याणि कुर्य्युर्वैतानिकानि च ॥ ९ ॥
मनु० ७ ॥ ६५ । ६६ । ६८ । ७० । ७४ – ७८ ॥

ਅਮਾਤ ਜੋ ਦੰਡ ਅਧੀਕਾਰ ਦੰਡ ਵਿਚ ਵਿਨੈਂ ਕ੍ਰਿਆ ਅਰਥਾਤ ਜਿਸ ਕਰਕੇ ਅਨਿਆਂ ਰੂਪ ਦੰਡ ਨਾ ਹੋਣੇ ਪਾਵੇ, ਰਾਜਾ ਦੇ ਅਧੀਨ ਖਜਾਨਾਂ ਅਰ ਰਾਜ ਕਾਰਜ, ਤਥਾ ਸਭਾ ਦੇ ਅਧੀਨ ਸਭ ਕਾਰਜ, ਅਰ ਦੂਤ ਦੇ ਅਧੀਨ ਕਿਸੇ ਨਾਲ ਮੇਲ ਵਾ ਵਿਰੋਧ ਦ ਕਰਨ ਦਾ ਅਧੀ ਕਾਰ ਦੇਵੇ, ਦੂਤ ਓਸਨੂੰ ਕਹਿੰਦੇ ਹਨ ਜੇਹੜਾ ਫੁਟ ਵਿਚ ਮੇਲ ਅਰ ਮਿਲੇ ਹੁਏ ਦੁਸ਼ਟਾਂ ਨੂੰ ਫੋੜ ਤੋੜ ਦੇਵੇ, ਦੂਤ ਉਹ ਕਰਮ ਕਰੇ ਜਿਸ ਕਰਕੇ ਸ਼ਤ੍ਰੂਆਂ ਵਿਚ ਫੁਟ ਪਵੇ, ਉਹ ਸਭਾਪਤੀ ਅਰ ਸਭਾਸਦੋਂ ਦਾ ਦੂਤ ਆਦੀ ਜਥਾਰਥੌਂ ਕਰਕੇ ਦੂਜੇ ਵਿਰੋਧੀ ਰਾਜੇ ਦਾ ਮਤਲਬ ਜਾਂਣਕੇ ਅਜੇਹਾ ਜਤਨ ਕਰੇ ਕਿ ਜਿਸ ਕਰਕੇ ਅਪਣੇ ਨੂੰ ਪੀੜਾ ਨ ਹੋਵੇ। ਸੁੰਦਰ ਜੰਗਲ, ਧੰਨ, ਧਾਂਨ ਵਾਲੇ ਦੇਸ਼ ਵਿਚ ਧਨੁਰਧਾਰੀ ਪੁਰਖਾਂ ਥੀਂ ਭੁਰ-ਪੂਰ, ਮਿੱਟੀ ਦਾ ਬਣਿਆ ਹੋਇਆ ਜਲ ਕਰਕੇ ਵਲਿਆ ਹੋਇਆ, ਅਰ ਚਹੁੰ ਪਾਸੇ ਬਨ, ਚਹੁੰ ਪਾਸੇ ਸੈਨਾਂ ਰਹੇ, ਚਹੁੰ ਪਾਸੇ ਪਹਾੜਾਂ ਦੇ ਵਿਚ ਕੋਟ ਬਣਾਕੇ ਓਸਦੇ ਮਧ ਵਿਚ ਨਗਰ ਬਣਾਵੇ, ਅਰ ਨਗਰ ਦੇ ਚਹੁੰ ਪਾਸੇ ਪਰ ਕੋਟ ਬਣਾਵੇ, ਕਿਉਂਕਿ ਓਸ ਵਿਚ ਇਸਥਿਤ ਹੋਇਆ ਇਕ ਬੀਰ ਧਨੁਰ ਧਾਰੀ ਸ਼ਸਤ੍ਰ ਵਾਲਾ ਪੁਰਖ ੧੦੦ ਸੌਦ ਨਾਲ, ਅਰ ਸੌ ੧੦੦੦ ਇਕਹਜਾਰ ਦੇ ਨਾਲ ਜੁਧ ਕਰ ਸਕਦੇ ਹਨ, ਏਸ ਕਰਕੇ ਜਰੂਰ ਦੁਰਗ (ਕਿੱਲੇ) ਦਾ ਬਣਵਾਣਾ ਉਚਿੱਤ ਹੈ, ਉਹ ਦੁਰਗ ਸ਼ਸਤ੍ਰ ਅਸਤ੍ਰ, ਧੰਨ, ਧਾਂਨ, ਵਾਹਿੰਨ (ਗਡੀ ਆਦੀ) ਬ੍ਰਾਹਮਨ ਜੇਹੜੇ ਪੜ੍ਹਾਂਨ ਅਰ ਉਪਦੇਸ਼ ਕਰਨ ਹਾਰੇ ਹੋਂਨ, ਸਿਲਪੀ ਅਰਥਾਤ ਕਾਰੀਗਰ, ਜੰਤ੍ਰ, ਨਾਨਾਂ ਪ੍ਰਕਾਰ ਦੀਆਂ ਕਲਾਂ, ਚਾਰਾ, ਘਾਹ ਅਰ ਪਾਣੀ ਆਦੀ ਥੀਂ ਪਰੀ ਪੂਰਣ ਹੋਵੇ, ਉਹਦੇ ਮਧ ਵਿਚ ਪਾਣੀ ਰੁਖ, ਫੁਲ ਆਦਿਕ ਸਭ ਪ੍ਰਕਾਰ ਨਾਲ ਰਖਿਆ ਕੀਤੇ ਹੋਏ ਸਭ ਰੁੱਤਾਂ ਵਿਚ ਸੁਖ ਦੇ ਦੇਣ ਵਾਲੇ, ਚਿੱਟ ਰੰਗ ਦਾ ਅਪਣੇ ਵਾਸਤੇ ਘਰ ਜਿਸ ਵਿਚ ਸਭ ਰਾਜ ਕਾਰਜ ਦਾ ਨਿਰਬਾਹ ਹੋਵੇ ਉਹੋ ਜੇਹਾ ਬਣਾਵੇ, ਇੰਨਾਂ ਅਰਥਾਤ ਬ੍ਰਹਮਚਰਜ ਥੀਂ ਵਿਦਿਆ ਪੜ੍ਹਕੇ ਏਥੋਂ ਤਿਕ ਰਾਜ ਕੰਮ ਕਰਕੇ ਫਿਰ ਸੁੰਦਰ ਰੂਪ ਗੁਣ ਵਾਲੀ ਹ੍ਰਿਦੇ ਨੂੰ ਅਤੀ ਪਿਆਰੀ ਵਡੇ ਉੱਤਮ ਕੁਲ ਵਿਚ ਉਤਪੰਨ ਹੋਈ ਸੁੰਦਰ ਲਖਣਾਂ ਵਾਲੀ ਅਪਣੇ ਖਤ੍ਰੀ ਕੁਲ ਦੀ ਕਨਿੱਆਂ ਜੇਹੜੀ ਅਪਣੇ ਵਰਗੀ ਵਿਦਿਆ ਆਦੀ

ਗੁਣ, ਕਰਮ, ਸੁਭਾਉ ਵਿਚ ਹੋਵੇ ਓਸ ਇੱਕੋ ਹੀ ਇਸਤ੍ਰੀ ਨਾਲ ਵਿਆਹ ਕਰੇ, ਦੂਜੀ ਇਸਤ੍ਰੀਆਂ ਨੂੰ ਅਗਮ ਸਮਝਕੇ ਅਖ ਨਾਲ ਬੀ ਨਾ ਵੇਖੇ, ਪ੍ਰੋਹਤ ਅਰ ਰਿਤ੍ਵਜ ਦਾ ਸ੍ਵੀਕਾਰ ਏਸ ਲਈ ਕਰੇ ਕਿ ਉਹ ਅਗਨੀਹੋਤ੍ਰ ਅਰ ਪਖਜੇਸ਼ਟੀ ਯੱਗ ਆਦੀ ਸਭ ਰਾਜ ਘਰ ਦੇ ਕੰਮ ਕੀਤਾ ਕਰਨ, ਅਰ ਆਪ ਸਰਬਦਾ ਰਾਜ ਦੇ ਕੰਮ ਵਿਚ ਲਗਿਆ ਰਹੇ ਅਰਥਾਤ ਏਹੋ ਹੀ ਰਾਜਾ ਦਾ ਸੰਧਿਆ ਉਪਾਸਨ ਆਦੀ ਕਰਮ ਹੈ, ਜੋਹਿੜਾ ਰਾਤ ਦਿਨ ਰਾਜ ਕਾਰਜ ਵਿਚ ਲਗੇ ਰਹਿਣਾ ਅਰ ਕੋਈ ਰਾਜ ਦਾ ਕੰਮ ਵਿਗੜਨ ਨ ਦੇਣ।

सांवत्सरिकमाप्तैश्च राष्ट्रादाहारयेद्बलिम्।
स्याच्चाम्नायपरो लोके वर्त्तेत पितृवन्नृषु ॥ १ ॥
अध्यक्षान् विविधान् कुर्यात् तत्र तत्र विपश्चितः।
तेऽस्य सर्वाण्यवेक्षेरन्नृणां कार्याणि कुर्वताम् ॥ २ ॥
आवृत्तानां गुरुकुलाद्विप्राणां पूजको भवेत्।
नृपाणामक्षयो ह्येष निधिर्ब्राह्मो विधीयते ॥ ३ ॥
समोत्तमाधमै राजा त्वाहूतः पालयन् प्रजाः।
न निवर्तेत संग्रामात् क्षात्रं धर्ममनुस्मरन् ॥ ४ ॥
आहवेषु मिथोऽन्योऽन्यं जिघांसन्तो महीक्षितः
युध्यमानाः परं शक्त्या स्वर्गं यान्त्यपराङ्मुखाः ॥ ५ ॥
न च हन्यात्स्थलारूढं न क्लीबं न कृताञ्जलिम्।
न मुक्तकेशं नासीनं न तवास्मीतिवादिनम् ॥ ६ ॥
न सुप्तं न विसन्नाहं न नग्नं न निरायुधम्।
न युध्यमानं पश्यन्तं न परेण समागतम् ॥ ७ ॥
नायुधव्यसनं प्राप्तं नार्तं नातिपरिक्षतम्।
न भीतं न परावृत्तं सतां धर्ममनुस्मरन् ॥ ८ ॥
यस्तु भीतः परावृत्तः सङ्ग्रामे हन्यते परैः।
भर्त्तुर्यद्दुष्कृतं किञ्चित्तत्सर्वं प्रतिपद्यते ॥ ९ ॥
यच्चास्य सुकृतं किंचिदमुत्रार्थमुपार्जितम्।
भर्त्ता तत्सर्वमादत्ते परावृत्तहतस्य तु ॥ १० ॥
रथाश्वं हस्तिनं छत्रं धनं धान्यं पशून् स्त्रियः।
सर्वद्रव्याणि कुप्यं च योयज्जयति तस्य तत् ॥ ११ ॥
राज्ञश्च दद्युरुद्धारमित्येषा वैदिकी श्रुतिः।
राज्ञा च सर्वयोधेभ्यो दातव्यमपृथग्जितम् ॥ १२ ॥
मनु० ७। ८०-८२। ८७। ८८। ९१- ९७।

ਵਹੇ ਦਾ 'ਕਰ' (ਟਿਕਸ) ਆਪਤ ਪੁਰਖਾਂ ਦੇ ਦ੍ਵਾਰਾ ਗ੍ਰਹਿਣ ਕਰੇ, ਅਰ ਜਿਹੜੇ ਸਭਾਪਤੀ ਰੂਪ ਰਾਜਾ ਆਦੀ ਪ੍ਰਧਾਨ ਪੁਰਖ ਹਨ ਉਹ ਸਭ ਸਭਾ ਵੇਦ ਅਨਕੂਲ ਹੋਕੇ ਪਰਜਾ ਦੇ ਨਾਲ ਪਿਤਾ ਦੀ ਨਿਆਂਈ ਵਰਤਨ, ਓਸ ਰਾਜ ਕਾਰਜ ਵਿਚ ਤਰਾਂ ਤਰਾਂ ਦ ਅਧੱਯਖਿਯਾਂ ਨੂੰ ਸਭਾ ਨਿਯੱਤ ਕਰੇ, ਇਨਾਂ ਦਾ ਏਹੋ ਕੰਮ ਹੈ ਜਿੱਨੇ ਜਿੱਨੇ ਜਿਸਰ ਕੰਮ ਵਿਚ ਰਾਜ ਪੁਰਖ ਹੋਂਨ ਉਹ ਨਿਯੰਮ ਅਨੁਸਾਰ ਵਰਤ ਕੇ ਜਥਾਵਤ ਕੰਮ ਕਰਦੇ ਹਨ ਜਾਂ ਨਹੀਂ, ਜੇ ਜਥਾਵਤ ਕਰਨ ਤਾਂ ਉਨਾਂ ਦਾ ਸਤਕਾਰ, ਅਰ ਜੇ ਵਿਰੁਧ ਕਰਨ ਤਾਂ ਉਨਾਂ ਨੂੰ ਜਥਾਵਤ ਦੰਡ ਦਿਤੱਾ ਕਰੇ। ਸਦਾ ਜੇਹੜਾ ਰਾਜਿਆਂ ਦਾ ਵੇਦ ਪ੍ਰਚਾਰ ਰੂਪ ਅਖੈ ਖਜਾਂਨਾ ਹੈ ਏਸ ਦੇ ਪ੍ਰਚਾਰ ਦੇ ਵਾਸਤੇ ਕੋਈ ਜਥਾਵਤ ਬ੍ਰਹਮ ਚਰਜ ਕਰਕੇ ਵੇਦ ਆਦੀ ਸ਼ਾਸਤ੍ਰਾਂ ਨੂੰ ਪੜਕੇ ਗੁਰੂ ਕੁਲ ਤੋਂ ਆਵੇ ਓਸਦਾ ਸਤਕਾਰ ਰਾਜਾ ਅਰ ਸਭਾ ਜਥਾਵਤ ਕਰਨ, ਤਥਾ ਉਨਾਂ ਦਾ ਬੀ ਜਿਨਾਂ ਦੇ ਪੜ੍ਹਾਏ ਹੋਏ ਵਿਦਵਾਂਨ ਹੋਂਨ, ਏਸ ਬਾਤ ਦ ਕਰਨ ਨਾਲ ਰਾਜ ਵਿਚ ਵਿਦਿਆ ਦਾ ਵਾਧਾ ਹੋਕੇ ਬਹੁਤ ਉੱਨਤੀ ਹੋਂਦੀ ਹੈ। ਜਦ ਕਦੀ ਪਰਜਾ ਦੇ ਪਾਲਣ ਕਰਨ ਵਾਲੇ ਰਾਜਾ ਨੂੰ ਕੋਈ ਅਪਣੇ ਤੋਂ ਛੋਟਾ, ਤੁਲ, ਅਰ ਉੱਤਮ ਸੰਗ੍ਰਾਮ ਵਿਚ ਬੁਲਾਵ ਤਾਂ ਖਤ੍ਰੀਆਂ ਦੇ ਧਰਮ ਦਾ ਸਿਮ੍ਰਣ ਕਰਕੇ ਸੰਗ੍ਰਾਮ ਵਿਚ ਜਾਂਣ ਤੋਂ ਕਦੀ ਨਾਂ ਹੱਟੇ ਅਰਥਾਤ ਬਡੀ ਚਤੁਰਾਈ ਦੇ ਨਾਲ ਉਨਾਂ ਦੇ ਨਾਲ ਜੁਧ ਕਰੇ ਜਿਸ ਕਰਕੇ ਅਪਣੀ ਹੀ ਜਿੱਤ ਹੋਵੇ, ਜੇਹੜੇ ਸੰਗ੍ਰਾਮਾਂ ਵਿਚ ਇਕ ਦੂਜੇ ਦੇ ਮਾਰਣ ਦੀ ਇਛਿਆ ਕਰਦੇ ਹੋਏ ਰਾਜਾ ਲੋਗ ਅਪਣੀ ਸਮ੍ਰਥਾ ਦੇ ਅਨਕੂਲ ਬਗੈਰ ਡਰਨ ਦੇ ਪਿਠ ਨਾ ਵਿਖਾਕੇ ਜੁਧ ਕਰਦੇ ਹਨ ਉਹ ਸੁਖ ਨੂੰ ਪ੍ਰਾਪਤ ਹੋਂਦੇ ਹਨ, ਏਸ ਤੋਂ ਕਦੀ ਨਾ ਮੂੰਹ ਮੋੜੇ ਕਿੰਤੂ ਕਦੀ ਕਦੀ ਸ਼ਤ੍ਰੂ ਦੇ ਜਿਤੱਣ ਦੇ ਵਾਸਤੇ ਉਨਾਂ ਦੇ ਸਾਮਣੇ ਤੋਂ ਲੁਕ ਜਾਣਾ ਉਚਿੱਤ ਹੈ, ਕਿਉਂਕਿ ਜਿਸ ਤਰਾਂ ਦੇ ਨਾਲ ਸ਼ਤ੍ਰੂ ਨੂੰ ਜਿਤ ਸੱਕੇ ਉਹੋ ਜੇਹੇ ਕੰਮ ਕਰਨ ਜੀਕਣ ਸ਼ੇਰ ਕ੍ਰੋਧ ਦਾ ਮਾਰਿਆ ਸਾਂਮ੍ਹਣੇ ਆਕੇ ਸ਼ਸਤ੍ਰ ਦੀ ਅਗ ਵਿਚ ਝਟ ਪਟ ਭਸਮ ਹੋ ਜਾਂਦਾ ਹੈ ਉਸੇ ਤਰਾਂ ਮੂਰਖਤਾ ਨਾਲ ਨਸ਼ਟ ਭ੍ਰਸ਼ਟ ਨਾ ਹੋ ਜਾਂਨ। ਜੁਧ ਸਮੇ ਵਿਚ ਨਾਂ ਏਧਰ ਓਧਰ ਖਲੋਤੇ, ਨ ਨਪੁੰਸਕ (ਹੀਜੜੇ) ਨਾਂ ਹਥ ਜੋੜੇ ਹੋਏ ਨਾਂ ਜਿਸਦੇ ਸਿਰ ਦੇ ਵਾਲ ਖੁਲ ਗਏ ਹੋਂਨ, ਨਾ ਬੈਠੇ ਹੋਏ, ਨਾਂ ਮੈਂ ਤੇਰੀ ਸਰਣ ਹਾਂ, ਅਜਿਹੇ ਆਦਮੀ ਨੂੰ ਨਾ ਸੁੱਤੇ ਹੋਏ ਨਾ ਮੂਰਛਾ ਨੂੰ ਪ੍ਰਾਪਤ ਹੋਏ, ਨਾਂ ਨੰਗੇ ਨਾ ਸ਼ਸਤ੍ਰ ਤੋਂ ਰਹਿਤ, ਨਾ ਜੁਧ ਕਰਦੇ ਹੋਏ ਵੇਖਣ ਵਾਲੇ, ਨਾਂ ਸ਼ਤ੍ਰੂ ਦੇ ਸਾਥੀ, ਨਾ ਸ਼ਸਤ੍ਰ ਦੀ ਮਾਰਨ ਨਾਲ ਪੀੜਾ ਨੂੰ ਪ੍ਰਾਪਤ ਹੋਏ, ਨਾ ਦੁਖੀ, ਨਾਂ ਅਤਯੰਤ ਘਾਇਲ, ਨਾ ਡਰੇ ਹੋਏ, ਅਰ ਨਾ ਦੌੜਦੇ ਹੋਏ ਪੁਰਖ ਨੂੰ ਸਤ ਪੁਰਖਾਂ ਦੇ ਧਰਮ ਦਾ ਸਿਮ੍ਰਣ ਕਰਦੇ ਹੋਏ ਯੋਧਾ ਲੋਗ ਕਦੀ ਮਾਰਨ, ਕਿੰਤੂ ਉਨਾਂ ਨੂੰ ਪਕੜ ਕੇ ਜੇਹੜੇ ਚੰਗੇ ਹੋਂਨ ਬੰਦੀ ਗ੍ਰਹ ਵਿਚ ਰਖ ਦੇਵੇ ਅਰ ਭੋਜਨ ਬਸਤ੍ਰ ਜਥਾਵਤ

ਦੇਵੇ, ਅਰ ਜੇਹੜੇ ਘਾਇਲ ਹੋਏ ਹੋਂਨ ਉਨਾਂ ਨੂੰ ਨਾ ਚਿੜਾਵ, ਨਾ ਦੁਖ ਦੇਵੇ, ਜੋ ਉਨਾਂ ਦ ਜੋਗ ਕੰਮ ਹੋਵੇ ਕਰਾਵੇ ਵਸ਼ੇਸ਼ ਏਸ ਤੇ ਧਿਆਂਨ ਰੱਖੇ ਕਿ ਇਸਤ੍ਰੀ ਬਾਲਿਕ, ਬ੍ਰਿਧ, ਅਰ ਆਤੁਰ, ਤਥਾ ਸੋਗ ਵਾਲੇ ਪੁਰਖਾਂ ਉੱਤੇ ਸ਼ਸਤ੍ਰ ਕਦੀ ਨਾ ਚਲਾਵੇ ਉਨਾਂ ਦੇ ਲੜਕਿਆਂ ਬਾਲਿਆਂ ਨੂੰ ਅਪਣੀ ਸੰਤਾਂਨ ਵਾਂਙਣ ਪਾਲੇ, ਅਰ ਇਸਤ੍ਰੀਆਂ ਨੂੰ ਬੀ ਪਾਲੇ ਉਨਾਂ ਨੂੰ ਅਪਣੀ ਭੈਣ ਅਰ ਕੰਨਿਆਂ ਦੇ ਸਮਾਂਨ ਸਮਝੇ ਕਦੀ ਖੋਟੀ ਦ੍ਰਿਸ਼ਟੀ ਨਾਲ ਬੀ ਨਾ ਤਕੇ, ਜਦ ਰਾਜ ਚੰਗੀ ਤਰਾਂ ਨਾਲ ਜਮ ਜਾਵੇ ਅਰ ਜਿਨਾਂ ਨਾਲ ਮੁੜ ੨ ਜੁਧ ਕਰਨ ਦੀ ਸ਼ੰਕਾ ਨ ਹੋਵੇ ਉਨਾਂ ਨੂੰ ਸਤਕਾਰ ਦੇ ਨਾਲ ਛਡਕੇ ਅਪਣੇ ਅਪਣੇ ਘਰ ਜਾਂ ਦੇਸ਼ ਨੂੰ ਭੇਜ ਦੇਵੇ ਅਰ ਜਿਨਾਂ ਥੀਂ ਕਲ ਕਲੋਤ੍ਰ ਨੂੰ ਵਿਘਨ ਦਾ ਹੋਣਾ ਸੰਭਵ ਹੋਵੇ ਉਨਾਂ ਨੂੰ ਸਦਾ ਕਾਰਾਗਾਰ (ਕੈਦਖਾਨੇ) ਵਿਚ ਰਖੱਣ ਅਰ ਜੇਹੜਾ ਪਲਾਇਣ ਅਰਥਾਤ ਨਸ ਜਾਵੇ ਅਰ ਡਰਿਆ ਹੋਇਆ ਨੌਕਰ ਵੈਰੀਆਂ ਥੀਂ ਮਾਰਿਆ ਜਾਵੇ ਉਹ ਓਸ ਸ੍ਵਾਮੀ ਦੇ ਅਪ੍ਰਾਧ ਨੂੰ ਪ੍ਰਾਪਤ ਹੋਕੇ ਡੰਡ ਦੇ ਜੋਗ ਹੋਵੇ ਅਰ ਜੇਹੜੀ ਪ੍ਰਤਿਸ਼ਟਾ ਹੈ ਜਿਸ ਕਰਕੇ ਏਸ ਲੋਕ ਅਰ ਪਰਲੋਕ ਵਿਚ ਸੁਖ ਹੋਣ ਵਾਲਾ ਸੀ ਓਸਦਾ ਸ੍ਵਾਮੀ ਲੈ ਲੈਂਦਾ ਹੈ ਜੇਹੜਾ ਨਸਦਾ ਹੋਇਆ ਮਾਰਿਆ ਜਾਵੇ ਓਸਨੂੰ ਕੁਝ ਬੀ ਸੁਖ ਨਹੀਂ ਹੋਂਦਾ ਓਸਦਾ ਪੁੰਨ ਫਲ ਸਭ ਨਸ਼ਟ ਹੋ ਜਾਂਦਾ ਅਰ ਓਸ ਪ੍ਰਤਿਸ਼ਟਾ ਨੂੰ ਉਹ ਪ੍ਰਾਪਤ ਹੋਵੇ ਜਿਸਨੈ ਧਰਮ ਦੇ ਨਾਲ ਜਥਾਵਤ ਜੁਧ ਕੀਤਾ ਹੋਵੇ ਏਸ ਬਿਵਸਥਾ ਨੂੰ ਕਦੀ ਨਾ ਤੋੜੇ ਕਿ ਜੋ ਜੋ ਲੜਾਈ ਦੇ ਵਿਚ ਜਿਸ ਜਿਸ ਸਿਪਾਹੀ ਵਾ ਅਧਖਜ ਨੈਂ ਰਥ ਘੋੜੇ, ਹਾਥੀ, ਛਤ੍ਰ, ਧੰਨ, ਧਾਂਨ ਗਊ ਆਦੀ ਪਸ਼ੂ, ਅਰ ਇਸਤ੍ਰੀਆਂ, ਤਥਾ ਹੋਰ ਤਰਾਂ ਦੇ ਸਭ ਪਦਾਰਥ, ਅਰ ਘਿਉ ਤੇਲ ਆਦੀ ਦ ਕੁੱਪੇ ਜਿੱਨੇ ਹੋਂਨ ਉਹੋ ਹੀ ਓਸ ਓਸਦਾ ਗ੍ਰਹਿਣ ਕਰੇ ਪ੍ਰੰਤੂ ਫੌਜੀ ਲੋਗ ਬੀ ਉਨਾਂ ਜਿਤੇ ਹੋਏ ਪਦਾਰਥਾਂ ਵਿਚੋਂ ਸੋਲਵਾਂ ਹਿਸੱਾ ਰਾਜਾ ਨੂੰ ਦੇਂਨ ਅਰ ਰਾਜਾ ਬੀ ਸੈਂਨਾ ਦੇ ਲੜਨ ਵਾਲਿਆਂ ਨੂੰ ਓਸ ਧੰਨ ਵਿਚੋਂ ਜੋ ਸਭ ਨੇ ਮਿਲਕੇ ਜਿਤਿਆ ਹੈ ਸੋਲਵਾਂ ਹਿਸੱਾ ਦੇਵੇ ਅਰ ਜੇਹੜਾ ਜੁਧ ਵਿਚ ਮਰਗਿਆ ਹੋਵੇ ਓਸਦੀ ਇਸਤ੍ਰੀ ਅਰ ਸੰਤਾਂਨ ਨੂੰ ਓਸਦਾ ਭਾਗ ਦੇਵੇ ਅਰ ਓਸ ਦੀ ਇਸਤ੍ਰੀ ਤਥਾ ਅਸਮ੍ਰਥ ਲੜਕਿਆਂ ਦਾ ਜਥਾਵਤ ਪਾਲਣ ਕਰੇ, ਜਦ ਓਸਦੇ ਲੜਕੇ ਸਮ੍ਰਥ ਹੋ ਜਾਂਨ ਤਦ ਉਨਾਂ ਨੂੰ ਜਥਾ ਜੋਗ ਅਧਿਕਾਰ ਦੇਵੇ, ਜੇਹੜਾ ਅਪਣੇ ਰਾਜ ਦੀ ਬ੍ਰਿਧੀ, ਪ੍ਰਤਿਸ਼ਟਾ, ਜੈ, ਅਰ ਅਨੰਦ ਬ੍ਰਿਧੀ ਦੀ ਇਛਿਆ ਰਖਦਾ ਹੋਵੇ ਉਹ ਏਸ ਮ੍ਰਜਾਦਾ ਦਾ ਉਲੰਘਨ ਕਦੀ ਨ ਕਰੇ:—

अलब्धं चैव लिप्सेत लब्धं रक्षेत्प्रयत्नतः
रक्षितं वर्द्धयेच्चैव वृद्धं पात्रेषु निःक्षिपेत
अलब्धमिच्छेद्दण्डेन लब्धं रक्षेदवेक्षया।

रक्षितं वर्द्धयेद् वृद्धयावृद्धं दानेन निःक्षिपेत् २
अमाययैव वर्त्तेत न कथंचन मायया,
बुध्येतारिप्रयुक्तां च मायां नित्यं स्वसंवृतः ३
नास्य छिद्रं परो विद्याच्छिद्रं विद्यात्परस्य तु
गूहेत्कूर्म इवाङ्गानि रक्षेद्विवरमात्मनः ४
वकवच्चिन्तयेदर्थान् सिंहवच्च पराक्रमेत्
वृकवच्चावलुम्पेत शशवच्च विनिष्पतेत् ५
एवं विजयमानस्य येऽस्य स्युः परिपन्थिनः
तानानयेद्वशं सर्वान् सामादिभिरुपक्रमैः ६
यथोद्धरति निर्दाता कक्षं धान्यं च रक्षति
तथा रक्षेन्नृपो राष्ट्रं हन्याच्च परिपन्थिनः ७
मोहाद्राजा स्वराष्ट्रं यः कर्षयत्यनवेक्षया
सोऽचिराद् भ्रश्यते राज्याज्जीविताच्च सबान्धवः ८
शरीरकर्षणात्प्राणाः क्षीयन्ते प्राणिनां यथा
तथा राज्ञामपि प्राणाः क्षीयन्ते राष्ट्रकर्षणात् ९
राष्ट्रस्य संग्रहे नित्यं विधानमिदमाचरेत्
सुसंगृहीतराष्ट्रो हि पार्थिवः सुखमेधते १०
द्वयोस्त्रयाणां पञ्चानां मध्ये गुल्ममधिष्ठितम्
तथा ग्रामशतानां च कुर्याद्राष्ट्रस्य संग्रहम् ११
ग्रामस्याधिपतिं कुर्याद्दशग्रामपतिं तथा
विंशतीशं शतेशं च सहस्रपतिमेव च १२
ग्रामे दोषान्समुत्पन्नान् ग्रामिकः शनकैःस्वयम्
शंसेद् ग्रामदशेशाय दशेशो विंशतीशिनम् १३
तेषां ग्राम्याणि कार्याणि पृथक्कार्याणि चैव हि
राज्ञोऽन्यः सचिवः स्निग्धस्तानि पश्येदतन्द्रितः १
नगरे नगरे चैकं कुर्यात्सर्वार्थचिन्तकम्
उच्चैःस्थानं घोररूपं नक्षत्राणामिव ग्रहम् १६
स ताननुपरिक्रामेत्सर्वानेव सदा स्वयम्
तेषां वृत्तं परिणयेत्सम्यग्राष्ट्रेषु तच्चरैः १७
राज्ञो हि रक्षाधिकृताः परस्वादायिनः शठाः
भृत्या भवन्ति प्रायेण तेभ्यो रक्षेदिमाः प्रजाः १८
ये कार्यिकेभ्योऽर्थमेव गृह्णीयुः पापचेतसः
तेषां सर्वस्वमादाय राजा कुर्यात्प्रवासनम् १९

ਮਨੁ੦ ੭॥੯੯।੧੦੧।੧੦੪-੧੦੭। ੧੧੦
੧੧੭।੧੨੦-੧੨੪॥

ਰਾਜਾ ਅਰ ਰਾਜ ਸਭਾ ਅਲਭ੍ਯ ਵਸਤੂ ਦੀ ਪ੍ਰਾਪਤੀ ਦੀ ਇਛਿਆ, ਪ੍ਰਾਪਤ ਵਸਤੂ ਦੀ ਜਤਨ ਨਾਲ ਰਖਿਆ, ਰਖਿੱਤ ਵਸਤੂ ਨੂੰ ਵਧਾਨ, ਅਰ ਵਧਾ ਹੋਏ ਧੰਨ ਨੂੰ ਵੇਦ ਵਿਦਿਆ, ਧਰਮ ਦੇ ਪ੍ਰਚਾਰ, ਵਿਦਯਾਰਥੀ ਵੇਦ ਮਾ-ਰਗ ਦਾ ਉਪਦੇਸ਼ ਕਰਨ ਵਾਲੇ ਤਥਾ ਅਸਮ੍ਰਥ ਅਨਾਥਾਂ ਦੇ ਪਾਲਣ ਵਿਚ ਲਗਾਂਨ, ਏਸ ਚਾਰ ਪ੍ਰਕਾਰ ਦੇ ਪੁਰਖਾਰਥ ਦੇ ਮਤਲਬ ਨੂੰ ਜਾਂਣਕੇ ਆਲਸ ਛਡਕੇ ਏਸ ਦਾ ਭਲੀ ਭਾਂਤੀ ਨਿਤ ਅਨੁਸ਼ਟਾਂਨ ਕਰੇ, ਦੰਡ ਥੀਂ ਅਪ੍ਰਾਪਤ ਦੀ ਪ੍ਰਾਪਤੀ ਦੀ ਇਛਿਆ, ਨਿਤ ਵੇਖਣ ਕਰਕੇ ਪ੍ਰਾਪਤ ਦੀ ਰਖਿਆ, ਰਖਿੱਤ ਦੀ ਬ੍ਰਿਧੀ ਅਰਥਾਤ ਬਿਆਜ ਆਦੀ ਥੀਂ ਵਧਾਵੇ, ਅਰ ਵਧੇ ਹੋਏ ਧੰਨ ਨੂੰ ਉਪਰਲੇ ਮਾਰਗ ਵਿਚ ਨਿਤ ਖਰਚ ਕਰਨ, ਕਦੀ ਬੀ ਕਿਸੇ ਦੇ ਨਾਲ ਛਲ ਨਾਲ ਨ ਵਰਤੇ, ਕਿੰਤੂ ਨਿਸ਼ਕਪਟ ਹੋਕੇ ਸਭ ਨਾਲ ਵਰਤੇ, ਅਰ ਨਿਤ ਪ੍ਰਤੀ ਅਪਣੀ ਰਖਿਆ ਕਰਕੇ ਸ਼ਤ੍ਰ ਦੇ ਕੀਤੇ ਹੋਏ ਛਲ ਨੂੰ ਜਾਂਣ ਕੇ ਦੂਰ ਕਰੇ, ਕੋਈ ਵੈਰੀ ਅਪਣੇ ਛਿੱਦ੍ਰ ਅਰਥਾਤ ਨਿਰਬਲਤਾ ਨੂੰ ਜਾਂਣ ਨ ਸੱਕੇ, ਅਰ ਆਪ ਵੈਰੀ ਦੇ ਛਿੱਦ੍ਰਾਂ ਨੂੰ ਜਾਂਣਦਾ ਰਹੇ, ਜਿਸਤਰਾਂ ਕਛੂ ਕੁਹਾਂ ਅਪਣੇ ਅੰਗਾਂ ਨੂੰ ਗੁਪਤ ਰਖਦਾ ਹੈ ਉਕਣ ਸ਼ਤ੍ਰੂ ਦੇ ਪ੍ਰਵੇਸ਼ ਕਰਨ ਦੇ ਛਿੱਦ੍ਰ ਨੂੰ ਲੁਕਾ ਰੱਖੇ, ਜੀਕਣ ਬਗਲਾ ਤਾੜੀ ਲਾਕੇ ਮੱਛੀ ਦ ਪਕੜਨ ਨੂੰ ਤਕਦਾ ਹੈ ਉਕਣ ਧੰਨ ਦੇ ਇਕੱਠੇ ਕਰਨ ਦਾ ਬਿਚਾਰ ਕੀਤਾ ਕਰੇ, ਧੰਨ ਆਦੀ ਪਦਾਰਥ ਅਰ ਬਲਦਾ ਵਾਧਾ ਕਰਕੇ ਵੈਰੀ ਨੂੰ ਜਿਤੱਣ ਦੇ ਵਾਸਤੇ ਸ਼ੇਰ ਦੀ ਨਿਆਂਈ ਜੋਰ ਕਰੇ, ਚਿਤ੍ਰੇ ਦੀ ਨਿਆਈਂ ਲੁਕ ਛਪਕੇ ਸਤ੍ਰੂਆਂ ਨੂੰ ਪਕੜੇ ਅਰ ਕੋਲ ਆਏ ਬਲਵਾਂਨ ਵੈਰੀਆਂਥੀਂ ਖਰਹਾ ਦੀ ਨਿਆਈਂ ਦੂਰ ਦੌੜ ਜਾਵੇ ਅਰ ਪਸਚਾਤ ਉਨਾਂ ਨੂੰ ਚਲ ਕਰਕੇ ਪਕੜੇ ਏਸ ਪ੍ਰਕਾਰ ਜੱਤਨ ਵਾਲੇ ਸਭਾ ਪਤੀ ਦੇ ਰਾਜ ਵਿਚ ਜੇਹੜੇ ਪਰੀਪੰਥੀ ਅਰਥਾਤ ਡਾਕੂ ਲੁਟੇਰੇ ਹੋਂਨ ਉਨਾਂ ਨੂੰ (ਸਾਮ) ਮਿਲਾ ਲੈਣਾ (ਦਾਮ) ਕੁਝ ਦੇਕੇ (ਭੇਦ) ਫੋੜ ਤੋੜ ਕੇ ਵਸ ਵਿਚ ਕਰੇ ਅਰ ਜੋ ਇਨਾਂ ਕਰਕੇ ਬਸ ਵਿਚ ਨਾਂ ਹੋਂਨ ਤਾਂ ਅਤੀ ਕਠਨ ਦੰਡ ਦੇਕੇ ਬਸ ਵਿਚ ਕਰੇ ਜੀਕਣ, ਧਾਂਨ ਦਾ ਕਢਣ ਵਾਲਾ ਛਿਲੜਾਂਨੂੰਵਖ੍ਹਾਕਰਕੇਧਾਂਨਦੀਰਖਿਆਕਰਦਾਅਰਥਾਤ ਟੁਟਣ ਨਹੀਂ ਦੇਂਦਾ ਹੈ ਉਸੇ ਤਰਾਂ ਰਾਜਾ ਡਾਕੂ ਚੋਰਾਂ ਨੂੰ ਮਾਰੇ ਅਰ ਰਾਜ ਦੀ ਰਖਿਆ ਕਰੇ, ਜੇਹੜਾ ਰਾਜਾ ਮੋਹਿ ਕਰਕੇ ਅਥਵਾ ਬਿਨਾਂ ਵਿਚਾਰੇ ਅਪਣੇ ਰਾਜ ਨੂੰ ਦੁਰਬਲ ਕਰਦਾ ਹੈ ਉਹ ਰਾਜ ਅਰ ਅਪਣੇ ਬੰਧੂ ਸਮੇਤ ਮਰਣ ਤੋਂ ਪਹਿਲੇ ਹੀ ਝਟ ਪਟ ਨਸ਼ਟ ਹੋ ਜਾਂਦਾ ਹੈ, ਜੀਕਣ ਪ੍ਰਾਣੀਆਂ ਦੇ ਪ੍ਰਾਂਣ ਸ਼ੀਰਾਂ ਨੂੰ ਪਤ ਲੇਕਰਨ ਨਾਲ ਖੀਣ ਹੋ ਜਾਂਦੇ ਹਨ ਉਸੇ ਤਰਾਂਪਰਜਾਨੂੰਦੁਰਬਲ ਕਰਨ ਨਾਲ ਰਾਜਿਆਂ ਦੇ ਪ੍ਰਾਂਣ ਅਰਥਾਤ ਬਲ ਆਦੀ ਬੰਧੂ ਸਮੇਤ ਨਸ਼ਟ ਹੋ ਜਾਂਦੇ ਹਨ

ਏਸ ਲਈ ਰਾਜਾ ਅਰ ਰਾਜਸਭਾ ਰਾਜ ਕਾਰਜ ਦੀ ਸਿਧੀ ਦੇ ਵਾਸਤੇ ਅਜੇ-ਹਾ ਜਤਨ ਕਰਨ ਕਿ ਜਿਸ ਕਰਕੇ ਰਾਜ ਕਾਰਜ ਜਥਾਵਤ ਸਿਧ ਹੋਂਨ। ਜੋਹਿੜਾ ਰਾਜਾ ਰਾਜ ਪਾਲਣ ਵਿਚ ਸਭ ਤਰਾਂ ਨਾਲ ਤਤਪਰ ਰਹਿੰਦਾ ਹੈ, ਓਸਦਾ ਸੁਖ ਸਦਾ ਵਧਦਾ ਹੈ ਏਸ ਲਈ ਦੋ, ਤਿਨ, ਪੰਜ, ਅਰ ਸੌ ੧੦੦ ਪਿੰਡਾਂ ਵਿਚ ਇਕ ਰਾਜ ਸਥਾਂਨ ਰਖਕੇ ਜਿਸ ਵਿਚ ਜਥਾ ਜੋਗ ਭ੍ਰਿਤ ਅਰਥਾਤ ਕਾਂਮ ਦਾਰ ਆਦੀ ਰਾਜ ਪੁਰਖਾਂ ਨੂੰ ਰਖਕੇ ਸਭ ਰਾਜ ਦੇ ਕਾਰਜਾਂ ਨੂੰ ਪੂਰਾ ਕਰੇ, ਇਕ ਇਕ ਪਿੰਡ ਵਿਚ ਇਕ ਇਕ ਪ੍ਰਧਾਂਨ ਪੁਰਖ ਨੂੰ ਰੱਖੇ ਉਨਾਂ ਹੀ ਦਸਾਂ ਪਿੰਡਾਂ ਉੱਤੇ ਦੂਜਾ, ਉਨਾਂ ਹੀ ਵੀਹਾਂ ੨੦ ਪਿੰਡਾਂ ਉੱਤੇ ਤੀਜਾ, ਉਨਾਂ ਹੀ ਸੌਆਂ ਪਿੰਡਾ ਦੇ ਉੱਤੇ ਚੌਥਾ, ਅਰ ਉਨਾਂ ਹੀ ਹਜਾਰ ੧੦੦੦ ਪਿੰਡਾਂ ਦੇ ਉਤੇ ਪੰਜਵਾਂ ਪੁਰਖ ਰਖੇ ਅਰਥਾਤ ਜੀਕਣ ਅਜ ਕਲ ਇਕ ਪਿੰਡ ਵਿਚ ਇਕ ਪਟਵਾਰੀ, ਉਨਾਂ ਦਸਾਂ ਪਿੰਡਾਂ ਵਿਚ ਇਕ ਥਾਂਣਾ, ਅਰ ਦੋ ਥਾਂਣਿਆਂ ਉਤੇ ਇਕ ਵਡਾ ਥਾਂਣਾ, ਅਰ ਉਨਾਂ ਪੰਜਾਂ ਥਾਣਿਆਂ ਉੱਤੇ ਇਕ ਤਸੀਲ, ਅਰ ਦਸਾਂ ਤਸੀਲਾਂ ਉੱਤੇ ਇਕ ਜਿੱਲਾ ਨਿਯੱਤ ਕੀਤਾ ਹੈ। ਏਹ ਉਹੋ ਅਪਣੇ ਮਨੂੰ ਆਦੀ ਧਰਮਸ਼ਾਸਤ੍ਰ ਥੀਂ ਰਾਜ ਨੀਤੀ ਦਾ ਪ੍ਰਕਾਰ ਲੀਤਾ ਹੈ, ਈਕਣ ਪ੍ਰਬੰਧ ਕਰੇ ਅਰ ਆਗਿਆ ਦੇਵੇ ਕਿ ਉਹ ਇਕ ਇਕ ਪਿੰਡਾਂ ਦਾ ਪਤੀ ਪਿੰਡਾਂ ਵਿਚ ਨਿਤ ਪ੍ਰਤੀ ਜੋਹਿੜੇ ਦੋਖ ਉਤਪੰਨ ਹੋਂਨ ਉਨਾਂ ਉਨਾਂ ਨੂੰ ਗੁਪਤ ਰੀਤੀ ਨਾਲ ਦਸਾਂ ਪਿੰਡਾਂ ਦੇ ਪਤੀ ਨੂੰ ਜਾਹਿਰ ਕਰ ਦੇਵੇ ਅਰ ਉਹ ਦਸਾਂ ਪਿੰਡਾਂ ਦਾ ਪਤੀ ਊਕਣ ਹੀ ੨੦ ਵੀਹਾਂ ਪਿੰਡਾਂ ਦੇ ਸ੍ਵਾਮੀ ਨੂੰ ਦਸਾਂ ਪਿੰਡਾਂ ਦਾ ਹਾਲ ਨਿਤਪ੍ਰਤੀ ਜਣਾ ਦੇਵੇ ਅਰ ੨੦ ਵੀਹਾਂ ਪਿੰਡਾਂ ਦਾ ਅਧਿਪਤੀ ਵੀਹਾਂ ਪਿੰਡਾਂ ਦੇ ਹਾਲ ਨੂੰ ਸੌਆਂ ੧੦੦ ਪਿੰਡਾਂ ਦੇ ਅਧੀਪਤੀ ਨੂੰ ਨਿਤਪ੍ਰਤੀ ਨਵੇਦਨ ਕਰੇ, ਈਕਣ ਹੀ ਸੌ ੧੦੦ ਸੌ ੧੦੦ ਪਿੰਡਾਂ ਦੇ ਪਤੀ ਆਪ ਸਹਸ੍ਰ ਅਧੀਪਤੀ ਅਰਥਾਤ ਹਜਾਰ ਪਿੰਡਾਂ ਦੇ ਸ੍ਵਾਮੀ ਨੂੰ ਸੌ ੧੦੦ ਸੌ ੧੦੦ ਪਿੰਡਾਂ ਦੇ ਬ੍ਰਿਤਾਂਤ ਨੂੰ ਰੋਜ ਰੋਜ ਦਸਿਆ ਕਰਨ ਅਰ ਵੀਹ ੨੦ ਵੀਹ ੨੦ ਪਿੰਡਾਂ ਦੇ ਪੰਜ ੫ ਅਧੀਪਤੀ ਸੌ ੧੦੦ ਸੌ ੧੦੦ ਪਿੰਡਾਂ ਦੇ ਅਧਜਖਜ ਨੂੰ, ਅਰ ਉਹ ਹਜਾਰ ੧੦੦੦ ਹਜਾਰ ਦੇ ਦਸ ਅਧੀਪਤੀ ਦਸ ਹਜਾਰ ਦ ਅਧੀਪਤੀ ਨੂੰ ਅਰ ਲਖ ਗ੍ਰਾਮਾਂ (ਪਿੰਡਾਂ) ਦੀ ਰਾਜਸਭਾ ਨੂੰ ਰੋਜ ਰੋਜ ਦਾ ਬ੍ਰਿਤਾਂਤ ਦਸਿਆ ਕਰਨ, ਅਰ ਉਹ ਸਭ ਰਾਜ ਸਭਾਂ, ਮਹਾਂਰਾਜ ਸਭਾ, ਅਰਥਾਤ ਸਭ ਦੇਸ਼ਾਂ ਦੀ ਚਕ੍ਰਵਰਤੀ ਮਹਾਂਰਾਜ ਸਭਾ ਵਿਚ ਸਾਰੀ ਪ੍ਰਿਥਵੀ ਦਾ ਬ੍ਰਿਤਾਂਤ ਜਣਾਇਆ ਕਰਨ, ਅਰ ਇਕ ਇਕ ਦਸ ਦਸ ਹਜਾਰ ਪਿੰਡਾਂ ਉੱਤੇ ਦੋ ਸਭਾਪਤੀ ਰਖੱਣ ਜਿਨਾਂ ਵਿਚੋਂ ਇਕ ਰਾਜ ਸਭਾ ਵਿਚ ਅਰ ਦੂਜਾ ਅਧੱਜਖਜ ਆਲਸ ਛਡਕੇ ਸਾਰੇ ਨਿਆਂਧੀਸ਼ ਆਦੀ ਰਾਜ ਪੁਰਸ਼ਾਂ ਦੇ ਕੰਮਾਂ ਨੂੰ ਸਦਾ ਦੌਰਾ ਕਰਕੇ ਵੇਖ ਦੇ ਰਹਿਨ ਵਡੇ ਵਡ ਨਗ੍ਰਾਂ ਵਿਚ ਇਕ ਇਕ ਵਿਚਾਰ ਕਰਨ ਵਾਲੀ ਸਭਾ ਦਾ ਸੁੰਦ੍ਰ ਉੱਚਾ ਅਰ ਚੌੜਾ ਜੀਕਣ ਕਿ ਚੰਦ੍ਰਮਾਂ ਹੈ ਊਕਣ ਇਕ ਇਕ

ਘਰ ਬਣਾਂਨ ਓਸ ਵਿਚ ਵਡੇ ਵਡੇ ਵਿਦਿਆਬ੍ਰਿਧ ਕਿ ਜਿਨਾਂ ਨੈਂ ਵਿਦਿਆ ਬੀਂ ਸਭ ਪ੍ਰਕਾਰ ਦੀ ਪ੍ਰੀਖਿਆ ਕੀਤੀ ਹੋਵੇ ਉਹ ਬੈਠਕੇ ਵਿਚਾਰ ਕੀਤਾ ਕਰਨ, ਜਿਨਾਂ ਨੇਮਾਂ ਕਰਕੇ ਰਾਜਾ ਅਰ ਪਰਜਾਂ ਦੀ ਉਨੱਤੀ ਹੋਵੇ ਅਜਹੇ ਨੇਮ ਅਰ ਵਿਦਿਆ ਦਾ ਪ੍ਰਕਾਸ਼ ਕੀਤਾ ਕਰਨ ਜੇਹੜਾ ਨਿਤ ਦੌਰਾ ਕਰਨ ਵਾਲਾ ਸਭਾਪਤੀ ਹੋਵੇ ਓਸਦੇ ਅਧੀਨ ਸਭ ਗੁਪਤਚਰ ਅਰਥਾਤ ਦੂਤਾਂ ਨੂੰ ਰੱਖੇ, ਜੇਹੜੇ ਰਾਜ ਪੁਰਸ਼ ਅਰ ਭਿੰਨ ਭਿੰਨ ਜਾਤਿ ਦੇ ਰਹਿਨ ਉਨਾਂ ਬੀਂ ਸਭ ਰਾਜ, ਅਰ ਪਰਜਾ ਪੁਰਸ਼ਾਂ ਦੇ ਸਭ ਦੋਸ਼, ਅਰ ਗੁਣ ਗੁਪਤ ਰੀਤੀ ਨਾਲ ਜਾਣਿਆਂ ਕਰਨ, ਜਿਨਾਂ ਦਾ ਅਪ੍ਰਾਧ ਹੋਵੇ ਉਨਾਂ ਨੂੰ ਦੰਡ, ਅਰ ਜਿਨਾਂ ਦਾ ਗੁਣ ਹੋਵੇ ਉਨਾਂ ਦੀ ਪ੍ਰਤਿਸ਼ਟਾ ਸਦਾ ਕੀਤਾ ਕਰਨ, ਰਾਜਾ ਜਿਨਾਂਨੂੰ ਪਰਜਾਦੀ ਰਖਿਆ ਦਾ ਅਧਕਾਰ ਦੇਵੇ ਉਹ ਧਰਮ ਉੱਤ ਚਲਣ ਵਾਲੇ ਚੰਗੇ ਪ੍ਰਕਾਰ ਪ੍ਰੀਖਿਆ ਕੀਤੇ ਹੋਏ ਵਿਦਵਾਂਨ ਕੁਲੀਨ ਹੋਂਨ ਉਨਾਂ ਦੇ ਅਧੀਨ ਪ੍ਰਾਯਃ ਸਠ (ਜਿੱਦੀ) ਅਰ ਦੂਜੇ ਦਾ ਮਾਲ ਖੋਹਨ ਵਾਲੇ ਚੋਰ ਡਾਕੂਆਂ ਨੂੰ ਬੀ ਨੌਕਰ ਰਖਕੇ ਉਨਾਂ ਨੂੰ ਖੋਟੇ ਕਰਮ ਬੀਂ ਬਚਾਵਣ ਦੇ ਲਈ ਰਾਜਾ ਦੇ ਨੌਕਰ ਕਰਕੇ ਉਨਾਂ ਦੀ ਰਖਿਆ ਕਰਨਵਾਲੇ ਵਿਦਵਾਂਨ ਦੇ ਅਧੀਨ ਕਰਕੇ ਉਨਾਂਬੀਂ ਏਸ ਪਰਜਾ ਦੀ ਰਖਿਆ ਜਥਾਵਤ ਕਰੇ ਜੋ ਰਾਜ ਪੁਰਖ ਅਨਿਆਂ ਕਰਕੇ ਵਾਦੀ ਪ੍ਰਤੀ ਵਾਦੀ ਕੋਲੋਂ ਗੁਪਤ ਧੰਨ ਲੈਕੇ ਪਖਪਾਤ ਕਰਕੇ ਅਨਿਆਂ ਕਰੇ ਓਸਦਾਮਾਲਖੋਹਕੇ ਜਥਾ ਜੋਗ ਦੰਡ ਦੇਕੇ ਏਹੋ ਜਹੇ ਦੇਸ਼ ਵਿਚ ਰਖੇ ਕਿ ਜਿਥੋਂ ਫੇਰ ਮੁੜਕੇ ਨਾਂ ਆ ਸਕੱਨ ਕਿਂਉਂਕਿ ਜੇ ਓਸਨੂੰ ਦੰਡ ਨਾ ਦਿੱਤਾ ਜਾਵੇ ਤਾਂ ਓਸਨੂੰ ਵੇਖਕੇ ਹੋਰ ਰਾਜ ਪੁਰਸ਼ ਬੀ ਏਹੋ ਜਹੇ ਖੋਟੇ ਕਰਮ ਕਰਨਗੇ, ਅਰ ਦੰਡ ਦਿੱਤਾ ਜਾਵੇ ਤਾਂ ਬਚੇ ਰਹਿੰਨ ਗੇ, ਪ੍ਰੰਤੂ ਜਿੱਨੇ ਨਾਲ ਉਨਾਂ ਰਾਜਪੁਰਖਾਂ ਦਾ ਗੁਜਾਰਾ ਚੰਗੀ ਤਰਾਂ ਨਾਲ ਹੋਵੇ ਉਹ ਭਲੀ ਭਾਂਤ ਧੰਨ ਵਾਲ ਬੀ ਹੋ ਜਾਂਨ ਉੱਨਾਂ ਧੰਨ ਵਾ ਜਮੀਂਨ ਰਾਜਾ ਵਲੋਂ ਮਹੀਨੇ ਪਿਛੋਂ ਜਾਂ ਵਰ੍ਹੇ ਪਿਛੋਂ ਅਥਵਾ ਇਕ ਵਾਰੀ ਮਿਲਿਆ ਕਰੇ, ਅਰ ਜੇਹੜੇ ਬੁਢੇ ਹੋਂਨ ਉਨਾਂ ਨੂੰ ਬੀ ਅਧੋਂ ਮਿਲਿਆਕਰੇ ਪ੍ਰੰਤੂ ਏਹ ਧਿਆਂਨ ਵਿਚ ਰੱਖੇ ਕਿ ਜਦ ਤਿਕ ਉਹ ਜੀਵਨ ਤਦ ਤਿਕ ਉਹ ਜੀਵਕਾ ਬਣੀ ਰਹੇ ਪਿਛੋਂ ਨਹੀਂ ਪ੍ਰੰਤੂ ਇਨਾਂ ਦੀ ਸੰਤਾਂਨਾਂ ਦਾ ਸਤਕਾਰ ਜਾਂ ਨੌਕਰੀ ਉਨਾਂ ਦੇ ਗੁਣ ਅ-ਨੁਸਾਰ ਜਰੂਰ ਦੇਵੇ ਅਰ ਜਿਸਦੇ ਬਾਲਕ ਜਦ ਤਿਕ ਸਮ੍ਰਥ ਹੋਂਨ ਅਰ ਉਨਾਂ ਦੀ ਇਸਤ੍ਰੀ ਜੀਉਂਦੀ ਹੋਵੇ ਤਾਂ ਉਨਾਂ ਸਭਣਾ ਦ ਨਿਰਬਾਹਦੇ ਵਾਸਤੇ ਰਾਜ ਵਲੋਂ ਜਥਾਜੋਗ ਧੰਨ ਮਿਲਿਆ ਕਰੇ ਪ੍ਰੰਤੂ ਜੇ ਓਸਦੀ ਇਸਤ੍ਰੀ ਜਾਂ ਪੁਤ ਕੁਕਰਮੀ ਹੋ ਜਾਂਨ ਤਾਂ ਕੁਝ ਬੀ ਨਾ ਮਿਲੇ ਅਜਹੀ ਨੀਤੀ ਰਾਜਾ ਬ੍ਰਾਬਰ ਰੱਖੇ।

यथा फलेन युज्येत राजा कर्त्ता च कर्मणाम् ।
तथावेक्ष्य नृपो राष्ट्रे कल्पयेत्सततं करान् ॥ १ ॥
यथाल्पाऽल्पमदन्त्याऽऽद्यं वार्य्योकोवत्सषट्पदाः

तथाऽल्पाऽल्पो ग्रहीतव्यो राष्ट्राद्राज्ञाब्दिकः करः ॥ २ ॥
नोच्छिन्द्यादात्मनो मूलं परेषां चातितृष्णया ।
उच्छिन्दन्ह्यात्मनो मूलमात्मानं तांश्च पीडयेत् ॥ ३ ॥
तीक्ष्णश्चैव मृदुश्च स्यात्कार्यं वीक्ष्य महीपतिः ।
तीक्ष्णश्चैव मृदुश्चैव राजा भवति सम्मतः ॥ ४ ॥
एवं सर्वं विधायेदमितिकर्तव्यमात्मनः ।
युक्तश्चैवाप्रमत्तश्च परिरक्षेदिमाः प्रजाः ॥ ५ ॥
विक्रोशन्त्यो यस्य राष्ट्राद् ह्रियन्ते दस्युभिः प्रजाः ।
सम्पश्यतः सभृत्यस्य मृतः स न तु जीवति ॥ ६ ॥
क्षत्रियस्य परो धर्मः प्रजानामेव पालनम् ।
निर्दिष्टफलभोक्ता हि राजा धर्मेण युज्यते ॥ ७ ॥
मनु० ७ ॥ १२८ । १२९ । १३९ । १४० । १४२–१४४ ॥

ਜੀਕਣ ਰਾਜਾ ਅਰ ਕਰਮਾਂ ਦਾ ਕਰਤਾ ਰਾਜਪੁਰਖ ਵਾ ਪਰਜਾਜਨ ਸੁ
ਾ ਫਲ ਕਰਕੇ ਜੁਕਤ, ਹੋਂਨ ਊਕਣ ਵਿਚਾਰ ਕਰਕੇ ਰਾਜਾ ਤਥਾ ਰਾਜਸਭ
ਰਾਜਾ ਵਿਚ 'ਕਰ' ਅਰਥਾਤ (ਟਿਕਸ) ਸਥਾਪਨ ਕਰੇ । ਜੀਕਣ ਜੋਕ, ਵਛ
ਅਰ ਭਉਰਾ, ਥੋੜਾ ਥੋੜਾ ਭੋਗ ਪਦਾਰਥਾਂ ਨੂੰ ਗ੍ਰਹਣ ਕਰਦੇ ਹਨ ਊਕਣ
ਰਾਜਾ ਪਰਜਾ ਕੋਲੋਂ ਥੋੜਾ ਥੋੜਾ ਵਰ੍ਹੇ ਪਿਛੋਂ 'ਕਰ' ਲਵੇ ਅਤੇ ਲੋਭ ਦੇ ਮਾਰੇ ਅਪਣੇ
ਅਰ ਦੂਜਿਆਂ ਦੇ ਸੁਖ ਦੇ ਮੂਲ ਨੂੰ ਨਸ਼ਟ ਕਦੀ ਥੀ ਨ ਕਰੇ. ਕਿਉਂਕਿ ਜੇਹੜਾ
ਵਿਹਾਰ ਅਰ ਸੁਖ ਦ ਮੂਲ ਨੰ ਨਸ਼ਟ ਕਦੀ ਥੀ ਨ ਕਰੇ. ਕਿਉਕਿ ਜੇਹੜਾ
ਵਿਹਾਰ ਅਰ ਸੁਖ ਦੇ ਮੂਲ ਨੂੰ ਕਟਦਾ ਹੈ ਉਹ ਅਪਣੇ ਆਪ ਅਰ ਉਨਾਂ ਨੂੰ
ਪੀੜ ਹੀ ਦੇਂਦਾ ਹੈ, ਜੇਹੜਾ ਰਾਜਾ ਕਾਰਜ ਨੂੰ ਵੇਖਕੇ ਤਿੱਖਾ ਅਰ ਕੋਮਲ ਥੀ
ਹੋਵੇ ਅਰ ਦੁਸ਼ਟਾਂ ਉੱਤੇ ਤਿਖਾ, ਅਰ ਭਲੇ ਲੋਕਾਂ ਉੱਪਰ ਕੋਮਲ ਰਹਿਣ ਕਰਕੇ
ਰਾਜਾ ਅਤੀ ਮਾਂਨ ਦ ਜੋਗ ਹੁੰਦਾ ਹੈ ਏਸ ਪ੍ਰਕਾਰ ਸਭ ਰਾਜ ਦਾ ਪ੍ਰਬੰਧ ਕਰਕੇ
ਸਦਾ ਏਸ ਵਿਚ ਜੁਕਤ ਅਰ ਆਲਸ ਰਹਿਤ ਹੋਕੇ ਅਪਣੀ ਪਰਜਾ ਦੀ ਪਾਲਣ
ਨਿਤ ਕਰੇ, ਜੇਹੜੇ ਨੌਕ੍ਰਾਂ ਦੇ ਸਮੇਤ ਵੇਖਦੇ ਹੋਏ ਰਾਜਾ ਦੇ ਰਾਜ ਵਿਚੋਂ ਡਾਕੂ
ਲੋਗ ਰੋਂਦੀ ਪਿਟਦੀ ਪਰਜਾ ਦ ਪਦਾਰਥ ਅਰ ਪ੍ਰਾਣਾਂ ਨੂੰ ਲੁਟਦੇ ਰਹਿੰਦੇ ਹਨ
ਉਹ ਜਾਂਣੋ ਨੌਕਰਾਂ, ਅਤੇ ਦੰਡ ਦੀ ਸ਼ਕਤੀ ਸਮੇਤ ਮੁਇਆ ਹੋਇਆ ਹੈ. ਜੀਉਂਦਾ
ਨਹੀਂ ਅਰ ਮਹਾਂ ਦੁਖ ਦਾ ਪਾਂਣ ਵਾਲਾ ਹੈ, ਏਸ ਲਈ ਰਾਜਿਆਂ ਦਾ ਪਰਜਾ
ਪਾਲਣ ਕਰਨਾ ਹੀ ਪਰਮ ਧਰਮ ਹੈ ਅਰ ਜੇਹੜਾ ਮਨੂੰ ਸਿਮ੍ਰਤੀ ਦ ਸਤਵੇਂ
ਅਧਿਆਇ ਵਿਚ 'ਕਰ' ਲੈਣਾ ਲਿਖਿਆ ਹੈ ਅਰ ਜੀਕਣ ਸਭਾ ਨਿਯੱਤ ਕਰੇ
ਓਸਦਾ ਭੋਗਣ ਵਾਲਾ ਰਾਜ ਧਰਮ ਥੀਂ ਜੁਕਤ ਹੋਕੇ ਸੁਖ ਪਾਂਦਾ ਹੈ, ਏਸ ਤੋਂ
ਉਲਟਾ ਚਲਣੇ ਵਾਲਾ ਦੁਖ ਨੂੰ ਪ੍ਰਾਪਤ ਹੁੰਦਾ ਹੈਂ ।

उत्थाय पश्चिमे यामे कृतशौचः समाहितः ।
हुताग्निर्ब्राह्मणांश्चार्च्य प्रविशेत्स शुभां सभाम् ॥ १ ॥
तत्र स्थितः प्रजाः सर्वाः प्रतिनन्द्य विसर्जयेत् ।
विसृज्य च प्रजाः सर्वा मन्त्रयेत्सह मन्त्रिभिः ॥ २ ॥
गिरिपृष्ठं समारुह्य प्रासादं वा रहोगतः ।
अरण्ये निःशलाके वा मन्त्रयेदविभावितः ॥ ३ ॥
यस्य मन्त्रं न जानन्ति समागम्य पृथग्जनाः ।
स कृत्स्नां पृथिवीं भुङ्क्ते कोशहीनोऽपि पार्थिवः ॥ ४ ॥
मनु० ७ । १४५ - १४८ ॥

ਜਦ ਪਿਛਲੀ ਪਹਿਰ ਰਾਤ ਰਹੇ ਤਦ ਉਠਕੇ ਸ਼ਊਚ ਕਰੇ ਅਰ ਸਾਵਧਾਨ ਹੋਕੇ ਪ੍ਰਮੇਸ਼ੂਰ ਦਾ ਧਿਆਨ, ਅਗਨੀਹੋਤ੍ਰ, ਧਾਰਮਿਕ ਵਿਦਵਾਂਨਾਂ ਦਾ ਸਤਕਾਰ, ਅਰ ਭੋਜਨ ਕਰਕੇ ਅੰਦਰ ਸਭਾ ਵਿਚ ਜਾਵੇ, ਉੱਥੇ ਖਲੋਕੇ ਜੇਹੜੇ ਪਰਜਾ ਦੇ ਲੋਗ ਹਾਜਰ ਹੋਂਨ ਉਨਾਂ ਦਾ ਮਾਨ ਕਰੇ ਅਰ ਉਨਾਂ ਨੂੰ ਛਡਕੇ ਮੁਖ ਮੰਤ੍ਰੀ ਦੇ ਨਾਲ ਰਾਜ ਬਿਵਸਥਾ ਦਾ ਵਿਚਾਰ ਕਰੇ, ਪਿਛੋਂ ਓਸ ਦੇ ਨਾਲ ਫਿਰਨ ਨੂੰ ਚਲਿਆ ਜਾਵੇ ਪਰਬਤ ਦੇ ਸ਼ਿਖਰ ਅਥਵਾ ਅਕੱਲੇ ਮਕਾਂਨ ਜਾਂ ਜੰਗਲ ਵਿਚ ਜਿਸ ਵਿਚ ਇਕ ਸਲਾਕਾ ਬੀ ਨ ਹੋਵੇ ਅਜੇਹੀ ਅਕਾਂਤ ਜਗਹਿ ਵਿਚ ਬੈਠਕੇ ਵਿਰੋਧ ਭਾਂਵਨਾ ਨੂੰ ਛਡਕੇ ਮੰਤ੍ਰੀ ਦੇ ਨਾਲ ਵਿਚਾਰ ਕਰੇ, ਜਿਸ ਰਾਜਾ ਦੇ ਗੂੜ੍ਹ ਵਿਚਾਰ ਨੂੰ ਹੋਰ ਪੁਰਖ ਮਿਲਕੇ ਨਹੀਂ ਜਾਂਣ ਸਕਦੇ ਅਰਥਾਤ ਜਿਸਦਾ ਬਿਚਾਰ ਗੰਭੀਰ ਸ਼ੁਧ, ਪਰ ਉਪਕਾਰ ਦੇ ਅਰਥ ਸਦਾ ਲੁਕਿਆ ਰਹੇ ਉਹ ਧੰਨ ਹੀਣ ਬੀ ਰਾਜਾ ਸਭ ਪ੍ਰਿਥਵੀ ਦੇ ਰਾਜ ਕਰਨ ਵਿਚ ਸਮ੍ਰਥ ਹੁੰਦਾ ਹੈ, ਏਸ ਲਈ ਅਪਣੇ ਮਨੋ ਇਕ ਬੀ ਕੰਮ ਨਾਂ ਕਰੇ ਕਿ ਜਦ ਤਿਕ ਸਭਾਸਦਾਂ ਦੀ ਸਲਾਹਿ ਨਾਂ ਹੋਵੇ ।

आसनं चैव यानं च संधिं विग्रहमेव च ।
कार्यं वीक्ष्य प्रयुञ्जीत द्वैधं संश्रयमेव च ॥ १ ॥
संधिं तु द्विविधं विद्याद्राजा विग्रहमेव च ।
उभे यानासने चैव द्विविधः संश्रयः स्मृतः ॥ २ ॥
समानयानकर्मा च विपरीतस्तथैव च ।
तथा त्वायति संयुक्तः संधिर्ज्ञेयो द्विलक्षणः ॥ ३ ॥
स्वयंकृतश्च कार्यार्थमकाले काल एव वा ।
मित्रस्य चैवापकृते द्विविधो विग्रहः स्मृतः ॥ ४ ॥
एकाकिनश्चात्ययिके कार्ये प्राप्ते यदृच्छया ।
संहतस्य च मित्रेण द्विविधं यानमुच्यते ॥ ५ ॥
क्षीणस्य चैव क्रमशो दैवात्पूर्वकृतेन वा ।
मित्रस्य चानुरोधेन द्विविधं स्मृतमासनम् ॥ ६ ॥

बलस्य स्वामिनश्चैव स्थितिः कार्यार्थसिद्धये ।
द्विविधं कीर्त्यते द्वैधं षाड्गुण्यगुणवेदिभिः ॥ ७ ॥
अर्थसंपादनार्थं च पीड्यमानः स शत्रुभिः ।
साधुषु व्यपदेशार्थं द्विविधः संश्रयः स्मृतः ॥ ८ ॥
यदावगच्छेदायत्यामाधिक्यं ध्रुवमात्मनः ।
तदात्वे चाल्पिकां पीडां तदा सन्धिं समाश्रयेत् ॥ ९ ॥
यदा प्रहृष्टा मन्येत सर्वास्तु प्रकृतीर्भृशम् ।
अत्युच्छ्रितं तथात्मानं तदा कुर्वीत विग्रहम् ॥ १० ॥
यदा मन्येत भावेन हृष्टं पुष्टं बलं स्वकम् ।
परस्य विपरीतं च तदा यायाद्रिपुं प्रति ॥ ११ ॥
यदा तु स्यात्परिक्षीणो वाहनेन बलेन च ।
तदासीत प्रयत्नेन शनकैः सान्त्वयन्नरीन् ॥ १२ ॥
मन्येतारिं यदा राजा सर्वथा बलवत्तरम् ।
तदा द्विधा बलं कृत्वा साधयेत्कार्यमात्मनः ॥ १३ ॥
यदा परबलानां तु गमनीयतमो भवेत् ।
तदा तु संश्रयेत् क्षिप्रं धार्मिकं बलिनं नृपम् ॥ १४ ॥
निग्रहं प्रकृतीनां च कुर्याद्योऽरिबलस्य च ।
उपसेवेत तं नित्यं सर्वयत्नैर्गुरुं यथा ॥ १५ ॥
यदि तत्रापि संपश्येद्दोषं संश्रयकारितम् ।
सुयुद्धमेव तत्राऽपि निर्विशंकः समाचरेत् ॥ १६ ॥
मनु० ७ । १६१ – १७६ ॥

ਸਭ ਰਾਜਾ ਆਦੀ ਰਾਜ ਪੁਰਖਾਂ ਨੂੰ ਇਹ ਬਾਤ ਧਿਆਨ ਰਖਣੀ ਚਾਹੀਏ ਕਿ ਇਸਥਿਰਤਾ ਨਾਲ ਸਤ੍ਰੂ ਲੜਨ ਦੇ ਵਾਸਤੇ ਜਾਣਾਂ, ਉਨ੍ਹਾਂ ਨਾਲ ਮੇਲ ਕਰਲੈਣਾ, ਦੁਸ਼ਟ ਵੈਰੀਆਂ ਨਾਲੋਂ ਲੜਾਈ ਕਰਨਾ, (ਦ੍ਵੈਧ) ਦੋ ਪ੍ਰਕਾਰ ਦੀ ਸੈਨਾਂ ਕਰਕੇ ਅਪਣੀ ਜਿਤ ਕਰ ਲੈਣੀ, ਅਰ (ਸੰਸ਼੍ਰਯ) ਨਿਰਬਲਤਾ ਵਿਚ ਦੂਜੇ ਪ੍ਰਬਲ ਰਾਜਾ ਦਾ ਆਸ਼੍ਰਾ ਲੈਣਾ, ਏਹ ਛੇ ਪ੍ਰਕਾਰ ਦ ਕਰਮ ਜਥਾਜੋਗ ਕਾਰਜ ਨੂੰ ਵਿਚਾਰ ਕਰਕੇ ਕਰਨੇ ਚਾਹੀਏ, ਰਾਜਾ ਜੋ ਸੰਧੀ, ਵਿਗ੍ਰਹ, ਯਾਂਨ, ਆਸਣ, ਦ੍ਵੈਧੀਭਾਵ, ਅਰ ਸੰਸ਼੍ਰਯ ਦੋ ਦੋ ਪ੍ਰਕਾਰ ਦੇ ਹੁੰਦੇ ਹਨ ਉਨ੍ਹਾਂ ਨੂੰ ਜਥਾਵਤ ਜਾਣੇ। (ਸੰਧੀ) ਵੈਰੀ ਨਾਲ ਮੇਲ ਅਥਵਾ ਓਸ ਨਾਲ ਉਲਟ ਕਰੇ ਪ੍ਰੰਤੂ ਏਸ ਵੇਲੇ ਦੇ ਅਰ ਅਗੇ ਕਰਨ ਦੇ ਕੰਮ ਬਰਾਬਰ ਕਰਦਾ ਜਾਵੇ ਅਰ ਏਹ ਦੋ ਪ੍ਰਕਾਰ ਦਾ 'ਮੇਲ' ਕਹਾਂਦਾ ਹੈ। (ਵਿਗ੍ਰਹ) ਕਾਰਜ ਸਿੱਧੀ ਦੇ ਵਾਸਤੇ ਉਚਿੱਤ ਸਮੇ ਵਾ ਅਨੁਚਿੱਤ ਸਮੇਂ ਵਿਚ ਆਪ ਕੀਤਾ ਵਾ ਮਿਤ੍ਰ ਦ ਅਪ੍ਰਾਧ ਕਰਨ ਵਾਲੇ ਵੈਰੀ ਦੇ ਨਾਲ ਵਿਰੋਧ ਦੋ

ਪ੍ਰਕਾਰ ਨਾਲ ਕਰਨਾ ਚਾਹੀਏ ॥ (ਯਾਂਨ) ਅਰੱਥ ਛੇਤੀ ਕੋਈ ਕਾਰਜ ਪ੍ਰਾਪਤ ਹੋ ਜਾਂਣ ਤੇ ਇਕਲੇ ਵਾ ਮਿਤ੍ਰ ਦੇ ਨਾਲ ਮਿਲਕੇ ਵੈਰੀ ਵਲ ਜਾਣਾ, ਏਹ ਦੋ ਪ੍ਰਕਾਰ ਦਾ 'ਗਮਨ' ਕਹਾਂਦਾ ਹੈ। ਆਪ ਕਿਸੇ ਤਰਾਂ ਹੌਲੀ ਹੌਲੀ ਖੀਣ ਹੋ ਜਾਵੇ ਅਰਥਾਤ ਨਿਰਬਲ ਹੋ ਜਾਵੇ ਅਥਵਾ ਮਿਤ੍ਰ ਦੇ ਰੋਕਣ ਨਾਲ ਆਪਣੇ ਇਸਥਾਂਨ ਵਿਚ ਬੈਠ ਰਹਣਾ ਏਹ ਦੋ ਪ੍ਰਕਾਰ ਦਾ 'ਆਸਨ' ਕਹਾਂਦਾ ਹੈ। ਕਾਰਜ ਸਿੱਧੀ ਦੇ ਲਈ ਸੈਨਾ ਪਤੀ ਅਰ ਸੈਨਾ ਦੇ ਦੋ ਭਾਗ ਕਰਕੇ ਜਿੱਤਣਾ ਦੋ ਪ੍ਰਕਾਰ ਦਾ ਦ੍ਵੈਧ ਕਹਾਂਦਾ ਹੈ। ਇਕ ਕਿਸੇ ਅਰਥ ਦੀ ਸਿੱਧੀ ਦੇ ਲਈ ਕਿਸੇ ਬਲਵਾਂਨ ਰਾਜਾ ਵਾ ਕਿਸੇ ਮਹਾਤਮਾ ਦੀ ਸ਼ਰਣ ਲੈਣਾ ਜਿਸ ਕਰਕੇ ਵੈਰੀ ਥੀਂ ਪੀੜਾ ਨਾ ਪਹੁਚੇ ਦੋ ਪ੍ਰਕਾਰ ਦਾ ਆਸ਼੍ਰਾ ਲੈਣਾ ਕਹਾਂਦਾ ਹੈ। ਜਦ ਇਹ ਜਾਂਣ ਲਵੇ ਕਿ ਏਸ ਵੇਲੇ ਜੁਧ ਕਰਨੇ ਨਾਲ ਥੋੜੀ ਪੀੜਾ ਪਹੁਚੇਗੀ ਅਰ ਪਿਛੋਂ ਕਰਨ ਨਾਲ ਆਪਣੀ ਬ੍ਰਿਧੀ ਅਰ ਜਿਤ ਜਰੂਰ ਹੋਵੇਗੀ ਤਦ ਵੈਰੀ ਨਾਲ ਮੇਲ ਕਰਕੇ ਉਚਿੱਤ ਸਮੇ ਤਿਕ ਧੀਰਜ ਕਰ੍ਰੇ, ਜਦ ਅਪਣੀ ਸਭ ਪ੍ਰਜਾ ਵਾ ਸੈਂਨਾ ਅਤੱਜੰਤ ਪ੍ਰਸੰਨ, ਉਨੱਤੀ, ਸੀਲ, ਅਰ ਸ੍ਰੇਸ਼ਟ ਜਾਂਣੇ ਉਕਣ ਆਪਣੇ ਨੂੰ ਬੀ ਸਮਝੇ ਤਦੇ ਵੈਰੀ ਨਾਲ ਵਿਗ੍ਰਹ ਜੁਧਕਰ ਲਵੇ, ਜਦ ਆਪਣੀ ਬਲ ਅਰਥਾਤ ਸੈਂਨਾ ਨੂੰ ਖੁਸ਼ ਅਰ ਪੁਸ਼ਟ ਪ੍ਰਸੰਨ ਭਾਵ ਵਾਲੀ ਜਾਂਣੇ ਅਰ ਵੈਰੀ ਦਾ ਬਲ ਅਪਣੇ ਤੋਂ ਉਲਟਾ ਨਿਰਬਲ ਹੋ ਜਾਵੇ ਤਦ ਵੈਰੀ ਦੇ ਵਲ ਜੁਧ ਕਰਨ ਨੂੰ ਜਾਵੇ, ਜਦ ਸੈਂਨਾ, ਬਲ, ਵਾਹਿਨ, ਤੋਂ ਖੀਣ ਹੋ ਜਾਵੇ ਤਦ ਵੈਰੀਆਂ ਨੂੰ ਧੀਰੇ ਧੀਰੇ ਜਤਨ ਨਾਲ ਸ਼ਾਂਤ ਕਰਦਾ ਹੋਇਆ ਅਪਣੇ ਇਸਥਾਂਨ ਵਿਚ ਬੈਠਾ ਰਹ੍ਰੇ, ਜਦ ਰਾਜਾ ਵੈਰੀ ਨੂੰ ਅਤੱਜੰਤ ਬਲਵਾਂਨ ਜਾਣੇ ਤਦ ਦੂਣਾ ਵਾ ਦੋ ਪ੍ਰਕਾਰ ਦੀ ਸੈਂਨਾ ਕਰਕੇ ਆਪਣਾ ਕਾਰਜ ਸਿਧ ਕਰੇ, ਜਦ ਆਪ ਸਮਝ ਲਵੇ ਕਿ ਹੁਣ ਸ਼ਤਾਬੀ ਵੈਰੀਆਂ ਦੀ ਚੜ੍ਹਾਈ ਮਰੇ ਉੱਤੇ ਹੋਵੇਗੀ ਤਦ ਹੀ ਕਿਸੇ ਧਰਮ ਵਾਲੇ ਬਲਵਾਂਨ ਰਾਜਾ ਦਾ ਆਸ਼੍ਰਾ ਛੇਤੀ ਲੈ ਲਵੇ, ਜੇਹਿੜਾ ਪਰਜਾ ਅਰ ਅਪਣੀ ਸੈਂਨਾ, ਅਰ ਵੈਰੀ ਦੇ ਬਲ ਦਾ ਨਿਗ੍ਰਹੁ ਕਰੇ ਅਰਥਾਤ ਰੋਕੇ ਓਸਦੀ ਸੇਵਾ ਸਭ ਜਤਨ ਨਾਲ ਗੁਰੂ ਦੇ ਵਰਗੀ ਨਿਤ ਕੀਤਾ ਕਰੇ, ਜਿਹਦਾ ਆਸ਼੍ਰਾ ਲਵੇ ਓਸ ਪੁਰਖ ਦੇ ਕੰਮਾਂ ਵਿਚ ਦੋਖ ਵੇਖੇ ਤਾਂ ਉਥੇ ਬੀ ਚੰਗੀ ਤਰਾਂ ਜੁਧ ਨੂੰ ਨਿਸੰਗ ਹੋਕੇ ਕਰੇ, ਜੇਹਿੜਾ ਧਰਮ ਤੇ ਚਲੱਣ ਵਾਲਾ ਰਾਜਾ ਹੋਵੇ ਓਸ ਨਾਲ ਵਿਰੋਧ ਕਦੀ ਨਾ ਕਰੇ ਕਿੰਤੂ ਓਸ ਨਾਲ ਸਦਾ ਮੇਲ ਰਖੇ ਅਰ ਜੇ ਦੁਸ਼ਟ ਪ੍ਰਬਲ ਹੋਵੇ ਤਾਂ ਓਸਦੇ ਜਿਤਨ ਲਈ ਉਪਰ ਕਹੇ ਹੋਏ ਪ੍ਰਜੋਗ ਕਰਨੇ ਉਚਿੱਤ ਹਨ।

सर्वोपायैस्तथा कुर्यान्नीतिज्ञः पृथिवीपतिः ।
यथास्याभ्यधिका न स्युर्मित्रोदासीनशत्रवः ॥ १ ॥
आयतिं सर्वकार्याणां तदात्वं च विचारयेत् ।

अतीतानां च सर्वेषां गुणदोषौ च तत्त्वतः ॥ २ ॥
आयत्यां च गुणदोषज्ञस्तदात्वे क्षिप्रनिश्चयः ।
अतीते कार्यशेषज्ञः शत्रुभिर्नाभिभूयते ॥ ३ ॥
यथैनं नाभिसंदध्युर्मित्रोदासीनशत्रवः ।
तथा सर्वं संविदध्यादेष सामासिको नयः ॥ ४ ॥
मनु० ७ ॥ १७७-१८० ॥

ਨੀਤੀ ਦਾ ਜਾਨਣ ਵਾਲਾ ਪ੍ਰਿਥ੍ਵੀ ਪਤੀ ਰਾਜਾ ਜਿਸ ਪ੍ਰਕਾਰ ਏਸ ਦੇ ਮਿਤ੍ਰ, ਉਦਾਸੀਨ, ਅਰ ਵੈਰੀ ਬਹੁਤ ਨਾ ਹੋਂਨ ਏਹੋ ਜੇਹੇ ਸਭ ਉਪਾਵਾਂ ਨਾਲ ਵਰਤੇ, ਸਭ ਕੰਮਾਂ ਦਾ ਵਰਤਮਾਨ ਸਮੇਂ ਵਿਚ ਕਰਤਵ੍ਯ, ਅਰ ਭਵਿਸ਼ਤ ਵਿਚ ਜੋ ਜੋ ਕਰਨਾ ਚਾਹਿਯੇ ਅਰ ਜੋ ਜੋ ਕੰਮ ਕਰ ਚੁਕੇ ਉਨਾਂ ਸਭਨਾਂ ਦੇ ਜਥਾਰਥਤਾ ਨਾਲ ਗੁਣ ਦੋਸ਼ਾਂ ਦਾ ਵਿਚਾਰ ਕਰੇ, ਪਸਚਾਤ ਦੋਸ਼ਾਂ ਦੇ ਨਿਵਾਰਣ ਅਰ ਗੁਣਾਂ ਦੀ ਇਸਥਿਰਤਾ ਵਿਚ ਜਤਨ ਕਰੇ, ਜੇਹੜਾ ਰਾਜਾ ਅਗੇ ਕਰਨ ਵਾਲ ਕੰਮਾਂ ਵਿਚ ਗੁਣ ਦੋਸ਼ਾਂ ਦਾ ਗਿਆਤਾ, ਵਰਤਮਾਨ ਵਿਚ ਤੁਰਤ ਨਿਸਚੇ ਦਾ ਕਰਨ ਵਾਲਾ ਅਰ ਕੀਤੇ ਹੋਏ ਕੰਮਾਂ ਵਿਚ ਬਾਕੀ ਕਰਨੇ ਜੋਗ ਨੂੰ ਜਾਂਣਦਾ ਹੈ ਉਹ ਵੈਰੀਆਂ ਥੀਂ ਹਾਰਦਾ ਕਦੀ ਨਹੀਂ, ਸਭ ਪ੍ਰਕਾਰ ਥੀਂ ਰਾਜ ਪੁਰਸ਼, ਵਿਸ਼ੇਸ਼ ਸਭਾ ਪਤੀ ਰਾਜਾ ਅਜੇਹਾ ਜਤਨ ਕਰੇ ਕਿ ਜਿਸ ਪ੍ਰਕਾਰ ਰਾਜਾ ਆਦੀ ਦੇ ਮਿਤ੍ਰ, ਉਦਾਸੀਨ, ਅਰ ਵੈਰੀ ਨੂੰ ਬਸ ਵਿਚ ਕਰਕੇ ਹੋਰਦਾ ਹੋਰ ਨਾ ਕਰ ਬੈਠਨ ਅਜੇਹੇ ਮੋਹ ਵਿਚ ਕਦੀ ਨਾ ਫਸੇ, ਏਹ ਸੰਖੇਪ ਕਰਕੇ 'ਵਿਨੈ' ਅਰਥਾਤ ਰਾਜ ਨੀਤੀ ਕਹਾਉਂਦੀ ਹੈ।

कृत्वा विधानं मूले तु यात्रिकं च यथाविधि ।
उपगृह्यास्पदं चैव चारान् सम्यग्विधाय च ॥ १ ॥
संशोध्य त्रिविधं मार्गं षड्विधं च बलं स्वकम् ।
सांपरायिककल्पेन यायादरिपुरं शनैः ॥ २ ॥
शत्रुसेविनि मित्रे च गूढे युक्ततरो भवेत् ।
गतप्रत्यागते चैव स हि कष्टतरो रिपुः ॥ ३ ॥
दण्डव्यूहेन तन्मार्गं यायात्तु शकटेन वा ।
वराहमकराभ्यां वा सूच्या वा गरुडेन वा ॥ ४ ॥
यतश्च भयमाशंकेत्ततो विस्तारयेद् बलम् ।
पद्मेन चैव व्यूहेन निविशेत सदा स्वयम् ॥ ५ ॥
सेनापतिबलाध्यक्षौ सर्वदिक्षु निवेशयेत् ।
यतश्च भयमाशङ्केत् प्राचीं तां कल्पयेद्दिशम् ॥ ६ ॥
गुल्मांश्च स्थापयेदाप्तान् कृतसंज्ञान् समन्ततः ।
स्थानेयुद्धे च कुशलानभीरूनविकारिणः ॥ ७ ॥

संहतान् योधयेदल्पान् कामं विस्तारयेद्बहून् ।
सूच्यावज्रेण चैवैतान् व्यूहेन व्यूह्य योधयेत् ॥ ८ ॥
स्यन्दनाश्वैः समे युध्येदनूपे नौद्विपैस्तथा ।
वृक्षगुल्मावृते चापैरसिचर्मायुधैः स्थले ॥ ९ ॥
प्रहर्षयेद्बलं व्यूह्य तांश्च सम्यक् परीक्षयेत् ।
चेष्टाश्चैव विजानीयादरीन् योधयतामपि ॥१०॥
उपरुध्यारिमासीत राष्ट्रं चास्योपपीडयेत् ।
दूषयेच्चास्य सततं यवसान्नोदकेन्धनम् ॥ ११ ॥
भिन्द्याच्चैव तडागानि प्राकारपरिखास्तथा ।
समवस्कन्दयेच्चैनं रात्रौ वित्रासयेत्तथा ॥ १२ ॥
प्रमाणानि च कुर्वीत तेषां धर्म्यान्यथोदितान् ।
रत्नैश्च पूजयेदेनं प्रधानपुरुषैः सह ॥ १३ ॥
आदानमप्रियकरं दानञ्च प्रियकारकम् ।
अभीप्सितानामर्थानां काले युक्तं प्रशस्यते ॥ १४ ॥
मनु० ७॥ १८४-१९२ । १९४-१९६ । २०३ । २०४ ॥

ਜਦ ਰਾਜਾ ਵੈਰੀਆਂ ਦੇ ਨਾਲ ਜੁਧ ਕਰਨ ਨੂੰ ਜਾਵੇ ਤਦ ਆਪਣੇ ਰਾਜ ਦੀ ਰਖਿਆ ਦਾ ਪ੍ਰਬੰਧ, ਅਰ ਜਾਤ੍ਰਾ ਦੀ ਸਭ ਸਮਿਗ੍ਰੀ ਜਥਾ ਵਿਧੀ ਕਰਕੇ ਸਾਰੀ ਸੈਨਾਂ, ਯਾਨ, ਵਾਹਿਨ, ਸ਼ਸਤ੍ਰ ਆਦੀ ਪੂਰੇ ਲੈਕੇ ਸਭ ਜਗਹ ਦੂਤਾਂ ਅਰਥਾਤ ਚਹੁੰ ਪਾਸਿਆਂ ਦੀ ਖਬ੍ਰਾਂ ਨੂੰ ਦੇਣ ਵਾਲੇ ਪੁਰਖਾਂ ਨੂੰ ਗੁਪਤ ਰਖਕੇ ਵੈਰੀਆਂ ਵਲ ਜੁਧ ਕਰਨ ਨੂੰ ਜਾਵੇ, ਤਿਨ ਪ੍ਰਕਾਰ ਦੇ ਮਾਰਗ ਅਰਥਾਤ ਸਥਲ (ਜਮੀਨ) ਉਤੇਂ ਦੂਜਾ ਜਲ (ਸਮੁੰਦ੍ਰਵਾਨਦੀਆਂ) ਵਿਚ, ਤੀਜਾ ਅਕਾਸ਼ ਮਾਰਗਾਂ ਨੂੰ ਸ਼ੁਧ ਬਣਾਕੇ ਭੂਮੀ ਮਾਰਗ ਵਿਚ ਰਥ, ਘੋੜੇ, ਹਾਥੀ, ਜਲ ਵਿਚ ਜਹਾਜ, ਅਰ ਅਕਾਸ਼ ਵਿਚ ਬਬਾਣ ਆਦੀ ਯਾਨਾਂ ਦੇ ਦੁਆਰਾ ਜਾਵੇ। ਅਰ ਪੈਦਲ, ਰਥ, ਹਾਥੀ, ਘੋੜੇ, ਸ਼ਸਤ੍ਰ ਅਰ ਅਸਤ੍ਰ, ਖਾਂਣ, ਪਾਣ, ਆਦੀ ਸਮਿਗ੍ਰੀ ਨੂੰ ਜਥਾਵਤ ਨਾਲ ਲੈਕੇ ਬਲ ਕਰਕੇ ਜੁਕਤ ਪੂਰਣ ਕਰਕੇ ਕਿਸੇ ਕਿਸੇ ਨਿਮਿਤ ਨੂੰ ਪ੍ਰਸਿਧ ਕਰਕੇ ਵੈਰੀ ਦੇ ਨਗ੍ਰ ਦੇ ਕੋਲ ਹੌਲੀ ਹੌਲੀ ਜਾਵੇ, ਜੇਹਿੜਾ ਅੰਦਰੋਂ ਵੈਰੀ ਨਾਲ ਮਿਲਿਆ ਹੋਇਆ ਹੋਵੇ, ਅਰ ਅਪਣੇ ਨਾਲ ਬੀ ਉਪਰੋਂ ਮਿਤ੍ਰਤਾ ਰਖੇ, ਅੰਦ੍ਰੋਂ ਅੰਦ੍ਰ ਵੈਰੀ ਨੂੰ ਭੇਦ ਦੇਵੇ ਓਸਦੇ ਆਣ ਜਾਂਣ ਵਿਚ ਓਸਦੇ ਬਾਤ ਕਰਨ ਵਿਚ ਅਤਯੰਤ ਖਬਰਦਾਰੀ ਰਖੇ, ਕਿਂਉਕਿ ਅੰਦਰ ਦੇ ਦੁਸ਼ਮਣ, ਉਪਰ ਦੇ ਮਿਤ੍ਰ ਪੁਰਖ ਨੂੰ ਵਡਾ ਵੈਰੀ ਸਮਝਣਾ ਚਾਹੀਏ, ਸਭ ਰਾਜ ਪੁਰਖਾਂ ਨੂੰ ਜੁਧ ਕਰਨ ਦੀ ਵਿਦਿਆ ਸਿਖਾਵੇ ਅਰ ਆਪ ਸਿਖੇ, ਤਥਾ ਹੋਰ ਪਰਜਾਦੇ ਮਨੁਖਾਂ ਨੂੰ ਬੀ ਸਿਖਾਵੇ, ਜੇਹਿੜੇ ਪਹਿਲੇ ਤੋਂ ਹੀ ਸਿਖੇ

ਹੋਏ ਜੋਧਾ ਹੋਂਦੇ ਹਨ ਉਹੋ ਹੀ ਚੰਗੀ ਤਰਾਂ ਲੜਨਾ ਲੜਾਨਾ ਜਾਂਣਦ ਹਨ

ਜਦ ਸਿਖਿਆ ਕਰੇ ਤਦ (ਦੰਡਵਯੂਹ) ਡੰਡੇ ਵਾਂਗਣ ਸੈਨਾ ਨੂੰ ਚਲਾਵੇ (ਸ਼ਕਟਵਯੂਹ) ਜੀਕਣ ਸ਼ਕਟ,ਅਰਥਾਤ ਗਡੀ ਵਾਂਗਣ (ਵਰਾਹਵਯੂਹ) ਜੀਕਣ ਸੂਰ ਇਕ ਦੂਜੇ ਦੇ ਪਿਛੇ ਦੌੜ ਦ ਜਾਂਦੇ ਹਨ ਅਰ ਕਦੀ ਕਦੀ ਸਾਰੇ ਮਿਲਕੇ ਝੁੰਡ ਹੋ ਜਾਂਦੇ ਹਨ ਉਸੇ ਤਰਾਂ (ਮਕ੍ਰਬਯੂਹ) ਜੀਕਣ ਮਗਰਮਛ ਪਾਣੀ ਵਿਚ ਚਲਦੇ ਹਨ ਉਕਣ ਸੈਨਾ ਨੂੰ ਬਣਾਵੇ। (ਸੂਚੀਵਯੂਹ) ਜਿਸਤਰਾਂ ਸੂਈਦਾ ਅਗਲਾ ਭਾਗ ਮਹੀਨ ਪਿਛਲਾ ਮੋਟਾ ਅਰ ਓਸ ਥੀਂ ਸੂਤ੍ਰ ਸਥੂਲ ਹੁੰਦਾ ਹੈ ਊਕਣ ਸਿਖਿਆ ਕਰਕੇ ਸੈਂਨਾ ਨੂੰ ਬਣਾਵੇ। (ਨੀਲਕੰਠਵਯੂਹ) ਜੀਕਣ ਗਰੜ ਉਪਰ ਹੇਠਾਂ ਝਪਟਾਂ ਮਾਰਦਾ ਹੈ ਏਸ ਪ੍ਰਕਾਰ ਸੈਨਾਂ ਨੂੰ ਬਣਾਕੇ ਲੜਾਵੇ, ਜਿਸ ਪਾਸੇ ਭੈ ਨਜਰ ਆਵੇ ਉਸੇ ਪਾਸੇ ਸੈਨਾਂ ਨੂੰ ਖਿੰਡਾਵੇ, ਸਾਰੀ ਸੈਂਨਾਂ ਦੇ ਸ੍ਵਾਮੀਆਂ ਨੂੰ ਚਹੁੰ ਪਾਸੇ ਰਖਕੇ (ਪਦਮਵਯੂਹ) ਅਰਥਾਤ ਪਦਮ ਦੇ ਰੂਪ ਵਾਙਣ ਚਹੁੰ ਪਾਸੇ ਸੈਨਾਂ ਨੂੰ ਰਖਕੇ ਮਧ ਵਿਚ ਆਪ ਰਹੇ, ਸੈਨਾ ਪਤੀ ਅਰ ਬਲ ਅਧੱਯਖਜ ਅਰਥਾਤ ਆਗਿਆ ਦੇਦੇਣ ਅਤੇ ਸੈਂਨਾਂ ਦੇ ਨਾਲ ਲੜਨ ਲੜਾਂਨ ਵਾਲੇ ਬੀਰਾਂ ਨੂੰ ਅੱਠਾਂ ਪਾਸਿਆਂ ਵਿਚ ਰਖੇਂ, ਜਿਸ ਪਾਸੇ ਲੜਾਈ ਹੋਂਦੀ ਹੈ ਉਸੇ ਪਾਸੇ ਸਾਰੀ ਸੈਂਨਾ ਦਾ ਮੂੰਹ ਰਖੇ, ਪ੍ਰੰਤੂ ਦੂਜੇ ਪਾਸੇ ਬੀ ਪਕਾ ਪ੍ਰਬੰਧ ਰਖੇ ਨਹੀਂ ਤਾਂ ਪਿਛਲੇ ਪਾਸਿਉਂ ਵਖੀ ਵਲੋਂ ਵੈਰੀ ਦੇ ਦਾਉ ਦਾ ਲਗਣਾ ਸੰਭਵ ਹੈ। ਜੇਹਿੜੇ ਗੁਲਮ ਅਰਥਾਤ ਗੱਡੇ ਹੋਏ ਥੰਮਾਂ ਵਾਙਣ ਜੁਧ ਵਿਦਿਆ ਦੀ ਸਿਖਿਆ ਪਾਏ ਹੋਏ ਧਾਰਮਿਕ,ਟਿਕਣ ਵਾਲੇ,ਅਰ ਜੁਧ ਕਰਨ ਵਿਚ ਚਤੁਰ, ਭੈਤੋਂ ਰਹਿਤ, ਅਰ ਜਿਨਾਂ ਦ ਮਨ ਵਿਚ ਕਿਸੇ ਤਰਾਂ ਦਾ ਵਿਕਾਰ ਨਾ ਹੋਵੇ ਉਨਾਂ ਨੂੰ ਚਹੁੰ ਪਾਸੇ ਸੈਨਾਂ ਦੇ ਰਖੇ;ਜੇ ਥੋੜੇ ਪੁਰਖ ਹੋਂਨ ਅਤੇ ਬਹੁਤਿਆਂ ਨਾਲ ਜੁਧ ਕਰਨਾ ਹੋਵੇ ਤਾਂ ਮਿਲਕੇ ਲੜਾਵੇ, ਕੰਮ ਪੜੇ ਤਾਂ ਝਟ ਉਨਾਂ ਨੂੰ ਖਿੰਡਾ ਦੇਵੇ,ਜਦ ਨਗਰ ਦੁਰਗ ਜਾਂ ਵੈਰੀਦੀ ਸੈਨਾਂ ਵਿਚ ਵੜਕੇ ਜੁਧ ਕਰਨਾ ਹੋਵੇ ਤਦ (ਸੂਚੀਵਯੂਹ)ਅਥਵਾ(ਵਜ੍ਰਵਯੂਹ)ਜੀਕਣ ਦੋਧਾਰੀ ਤਲਵਾਰ ਦੋਨੋ ਪਾਸੇ ਕਾਟ ਕਰਦੀ ਹੈ ਉਕਣ ਜੁਧ ਕਰਦੇ ਜਾਂਨ ਅਰ ਖੁਬਦੇ ਚਲੇ ਜਾਂਨ, ਈਕਣ ਅਨੇਕ ਪ੍ਰਕਾਰਦੇ (ਵਯੂਹ) ਅਰਥਾਤ ਸੈਨਾ ਨੂੰ ਬਣਾਕੇ ਲੜਾਂਨ, ਜੇ ਸਾਮਣੇ ਸ਼ਤਘ੍ਨੀ (ਤੋਪ) 'ਵਾ ਭਸੁੰਡੀ' (ਬੰਦੂਕ) ਛੁਟ ਰਹੀ ਹੋਵੇ ਤਾਂ (ਸਰਪਵਯੂਹ) ਅਰਥਾਤ ਸਪ ਦੀ ਨਿਆਈਂ ਸਉਂਦੇ ਸਉਂਦੇ ਚਲੇ ਜਾਂਨ; ਜਦ ਤੋਪਾਂ ਦੇ ਪਾਸ ਪਹੁਚਨ ਤਦ ਉਨਾਂ ਨੂੰ ਮਾਰ ਵਾ ਪਕੜ ਤੋਪਾਂ ਦਾ ਮੂੰਹ ਵੈਰੀ ਦੇ ਵਲ ਮੋੜ ਉਨਾਂ ਤੋਪਾਂ ਦੇ ਮੂੰਹ ਦੇ ਸਾਮਣੇ ਘੋੜਿਆਂ ਉਪਰ ਸਵਾਰ ਕਰਾ ਦੁੜਾਂਨ ਅਰ ਮਾਰਨ, ਵਿਚ ਤਕੜੇ ਤਕੜੇ ਸਵਾਰ ਰਹਿਨ; ਇਕ ਵੇਰੀ ਧਾਵਾ ਕਰਕੇ ਵੈਰੀ ਦੀ ਸੈਨਾਂ ਨੂੰ ਤਿਤ੍ਰ ਬਿਤ੍ਰਕਰਪਕੜ ਲੈਂਨਅਥਵਾ ਨਠਾਦੇਨ,ਜੇਚੌਰਸ ਜਮੀਨ ਉਤੇ ਜੁਧ ਕਰਨਾ ਹੋਵੇ ਤਾਂ ਰਥ, ਘੋੜੇ, ਅਰ ਪਿਆਦਿਆਂ ਨਾਲ, ਅਰ ਜੇ ਸਮੁੰਦ੍ਰ ਵਿਚ ਜੁਧ

ਕਰਨਾ ਹੋਵੇ ਤਾਂ ਜਹਾਜ, ਅਰ ਥੋੜੇ ਜਲ ਵਿਚ ਹਾਥੀਆਂ ਤੇ,ਦ੍ਰਖਤਾਂ ਅਰਝਾ-ੜੀਆਂ ਵਿਚ ਬਾਂਣਾਂ ਨਾਲ, ਤਥਾ ਮੋਟੀ ਰੇਤ ਵਿਚ ਤਲਵਾਰ ਅਰ ਢਾਲ ਨਾਲ ਜੁਧ ਕਰਨ ਅਰ ਕਰਾਂਨ, ਜਿਸ ਵੇਲੇ ਜੁਧ ਹੋਂਦਾ ਹੋਵੇ ਉਸ ਵੇਲੇ ਲੜਾਨ ਵਾਲਿਆਂ ਨੂੰ ਹੌਸਲਾ ਦੇਂਨ ਅਰ ਪ੍ਰਸੰਨ ਕਰਨ, ਜਦ ਜੁਧ ਬੰਦ ਹੋ ਜਾਵੇ ਤਦ ਜਿੱਨੀ ਬੀਰਤਾ ਅਰ ਜੁਧ ਵਿਚ ਉਤਸਾਹ ਵਿਖਾਇਆ ਹੋਵੇ ਉਜੇਹੀ ਵਰਤ੍ਰਿਤਾ ਕਰਕੇ ਸਭ ਦੇ ਹਿਤ ਨੂੰ ਖਾਂਨ, ਪਾਨ, ਅਸਤ੍ਰ, ਸ਼ਸਤ੍ਰ ਸਹਾਇਤਾ ਦਵਾ ਦਾਰੂ ਕਰਕੇ ਪ੍ਰਸੰਨ ਰਖਨ, ਵ੍ਯੂਹ(ਕਵਾਇਦ) ਦੇਬਗੇਰ ਲੜਾਈ ਨ ਕਰੇ ਨਾ ਕ-ਰਾਵੇ, ਲੜੱਦੀ ਹੋਈ ਅਪਣੀ ਸੈਨਾਂ ਦੀ ਚੇਸਟਾ ਨੂੰ ਵੇਖਿਅ ਕਰੇ ਕਿ ਠੀਕ ਠੀਕ ਲੜਦੀ ਹੈ ਜਾਂ ਕਪਟ ਰਖਦੀ ਹੈ ਕਿਸੇ ਵੇਲੇ ਉਚਿਤੱਸਮਝੇ ਤਾਂ ਵੈਰੀ ਨੂੰ ਚਹੁੰ ਪਾਸਿਆਂ ਤੋਂਘੇਰਾ ਪਾਕੇ ਰੋਕਰਖੇ ਅਰ ਓਸਦੇ ਰਾਜ ਨੂੰ ਪੀੜਾ ਦੇਕੇ ਵੈਰੀ ਦੇ ਚਾਰਾ, ਅੰਨ,ਜਲ,ਅਰ ਈਧਨ ਨੂੰ ਨਸ਼ਟ ਖਰਾਬ ਕਰ ਦੇਵੇ,ਵੈਰੀ ਦੇ ਤਲਾ, ਨਗ੍ਰਦੇਪ੍ਰਕੋਟ,(ਫਸੀਲ)ਅਰ ਖਾਈ ਨੂੰ ਤੋੜ ਫੋੜ ਦੇਵੇ,ਰਾਤਵੇਲੇ ਉਨਾਨੂੰ(ਤ੍ਰਾਸ) ਛਰ ਦੇਵੇ,ਅਰ ਜਿਤਣ ਦਾ ਉਪਾ ਕਰੇ ਜਿਤਕੇ ਉਨਾਂ ਕੋਲੋਂ ਪ੍ਰਮਾਂਣ ਅਰਥਾਤ ਪ੍ਰਤੱਗਿਆ ਆਦੀ ਲਿਖਾ ਲਵੇ ਅਰ ਜੇ ਉਚਿੱਤ ਸਮਾਂ ਸਮਝੇ ਤਾਂ ਓਸਦੇ ਬੰਸ ਵਿਚੋਂ ਕਿਸੇ ਧਾਰਮਿਕ ਪੁਰਖ ਨੂੰ ਰਾਜਾਕਰਦੇਵੇ ਅਰ ਓਸ ਕੋਲੋਂ ਲਿਖਵਾਲਵੇ ਕਿ ਤੁਹਾਨੂੰ ਸਾਡੀ ਆਗਿਆ ਦੇ ਅਨਕੂਲ ਅਰਥਾਤ ਜਿਸਤਰਾਂ ਦੀ ਧਰਮ ਵਾਲੀ ਰਾਜਨੀਤੀ ਹੈ ਓਸਦੇ ਅਨੁਸਾਰ ਚਲਕੇ ਨਿਆਂ ਦੇ ਨਾਲ ਪਰਜਾ ਦਾ ਪਾਲਣ ਕਰਨਾ ਹੋਵੇਗਾ,ਏਸ ਤਰਾਂ ਦੇ ਉਪਦੇਸ਼ ਦੇਵੇ ਅਜਹੇ ਪੁਰਸ਼ ਉਨਾਂ ਦੇ ਪਾਸ ਰਖੇ ਕਿ ਜਿਸ ਕਰਕੇ ਫੇਰ ਉਪਦ੍ਰਵ ਨਾ ਹੋਵੇ,ਅਰ ਜੇਹਿੜਾ ਹਾਰ ਜਾਵੇ ਓਸਦਾ ਆਦਰ ਪ੍ਰਧਾਂਨ ਪੁਰਸ਼ਾਂ ਦੇ ਨਾਲ ਮਿਲਕੇ ਰਤਨ ਆਦੀ ਉਤੱਮ ਪਦਾਰ ਥ ਦੇਕੇ ਕਰੇ ਅਰ ਅਜੇਹਾ ਨਾ ਕਰੇ ਕਿ ਜਿਸ ਕਰਕੇ ਓਸਦਾ ਗੁਜਾਰਾ ਬੀ ਨਾਂ ਹੋਵੇ ਜੇ ਓਸਨੂੰ ਕੈਦ ਖਾਨੇ ਵਿਚ ਰਖੇ ਤਾਂ ਬੀ ਓਸਦਾ ਆਦਰ ਜਥਾ ਜੋਗ ਰਖੇ ਜਿਸ ਕਰਕੇ ਉਹ ਹਾਰ ਜਾਂਣਦੇ ਸੋਗ ਨੂੰ ਭੁਲਕੇ ਅਨੰਦ ਵਿਚ ਰਹੇ,ਕਿਉਂਕਿ ਸੰਸਾਰ ਵਿਚ ਦੂਜੇ ਦਾ ਪਦਾਰਥ ਗ੍ਰਹਿਣ ਕਰਨਾ ਅਪ੍ਰੀਤੀ, ਅਰ ਦੇਣਾ ਪ੍ਰੀਤੀ ਦਾ ਕਾਰਣ ਹੈ, ਅਰ ਵਸ਼ੇਸ਼ ਕਰਕੇ ਸਮੇਂ ਪਰ ਉਚਿੱਤ ਕੀਤਾ ਕਰੇ, ਅਰ ਓਸ ਹਾਰੇ ਹੋਏ ਨੂੰ ਮਨ ਭਾਂਣੇ ਪਦਾਰਥਾਂ ਦਾ ਦੇਣਾ ਬਹਤ ਉਤੱਮ ਹੈ, ਅਰ ਕਦੀ ਓਸ ਨੂੰ ਚਿੜਾਵੇ ਨਹੀ,ਨਾਂ ਹਾਸਾ ਠਠੱਾ ਕਰੇ,ਨਾਂ ਓਸਦੇ ਸਾਮਣੇ ਤੈਨੂੰ ਜਿਤਿਆ ਹੈ ਅਜੇਹਾ ਕਹੇ ਕਿੰਤੂ ਤੁਸੀਂ ਸਾਡੇ ਭਿਰਾ ਹੋ ਇਤਆਦੀ ਮਾਂਨ ਪ੍ਰਤਿਸ਼ਟਾ ਸਦਾ ਕੀਤਾ ਕਰੇ।

हिरण्यभूमिसंप्राप्त्या पार्थिवो न तथैधते ।
यथा मित्रं ध्रुवं लब्ध्वा कृशमप्यायतिक्षमम् ॥ १ ॥
धर्मज्ञं च कृतज्ञं च तुष्टप्रकृतिमेव च ।

अनुरक्तं स्थिरारम्भं लघुमित्रं प्रशस्यते ॥ २ ॥
प्राज्ञं कुलीनं शूरं च दक्षं दातारमेव च ।
कृतज्ञं धृतिमन्तं च कष्टमाहुररिं बुधाः ॥ ३ ॥
आर्यता पुरुषज्ञानं शौर्यं करुणवेदिता ।
स्थौललक्ष्यं च सततमुदासीनगुणोदयः ॥ ४ ॥
मनु० ७ । २०८ - २११ ॥

ਮਿਤ੍ਰ ਦਾ ਲਖਣ, ਰਾਜਾ ਸੋਨੇ ਅਤੇ ਜ਼ਮੀਨ ਦੀ ਪ੍ਰਾਪਤੀ ਕਰਕੇ ਇਤਨਾ ਨਹੀਂ ਵਧਦਾ ਜੀਕਣ ਨਿਸਚਲ ਪ੍ਰੇਮ ਵਾਲੇ ਅਗੇ ਹੋਣ ਵਾਲੀਆਂ ਬਾਤਾਂ ਨੂੰ ਸੋਚਣ ਅਰ ਕਾਰਜ ਸਿਧੀ ਕਰਨ ਵਾਲੇ ਸਮ੍ਰਥ ਮਿਤ੍ਰ ਅਥਵਾ ਦੁਰਬਲ ਮਿਤ੍ਰ ਨੂੰ ਬੀ ਪ੍ਰਾਪਤ ਹੋਕੇ ਵਧਦਾ ਹੈ,ਧਰਮ ਦੇ ਜਾਣਨੇ ਅਰ ਕ੍ਰਿਤਗੱਯ ਅਰਥਾ-ਤ ਕੀਤੇ ਹੋਏ ਉਪਕਾਰ ਨੂੰ ਸਦਾ ਮਨੱਣ ਵਾਲੇ ਪ੍ਰਸੰਨ ਸੁਭਾਉ, ਅਨੁਰਾਗੀ, ਸਥਿਰਾਰੰਭੀ, ਲਘੂ ਛੋਟੇ ਬੀ ਮਿਤ੍ਰ ਨੂੰ ਪ੍ਰਾਪਤ ਹੋਕੇ ਪ੍ਰਸੰਸ਼ਾ ਪਾਂਦਾ ਹੈ,ਸਦਾ ਏਸ ਬਾਤ ਨੂੰ ਦ੍ਰਿੜ ਰਖੇ ਕਿਕਦੀ ਬੁਧਵਾਨ ਕੁਲੀਨ, ਸੂਰਬੀਰ, ਚਤੁਰ, ਦਾਤਾ ਕੀਤੇ ਹੋਏ ਜਾਂਨਣ ਹਾਰੇ, ਅਰ ਧੀਰਜਵਾਂਨ ਪੁਰਖ ਨੂੰ ਸਤ੍ਰ ਨਾਬਣਾਵੇ, ਕਿਉਂ ਕਿ ਜੇਹਿੜਾ ਏਹੋ ਜਹੇ ਨੂੰ ਸ਼ਤ੍ਰ ਬਣਾਵੇਗਾ ਉਹ ਦੁਖ ਪਾਵੇਗਾ ।

(ਉਦਾਸੀਨ ਦਾ ਲਖੱਣੋਂ) ਜਿਸ ਵਿਚ ਪ੍ਰਸੰਸ਼ਤ ਗੁਣ ਜੁਕਤ ਅਛੇ ਬੁਰੇ ਮਨੁਖੱਾਂ ਦਾ ਗਿਆਂਨ, ਸੂਰ ਬੀਰਤਾ, ਅਰ ਕਰੁਣਾ ਬੀ ਸਥੂਲ ਲਖਸ਼ ਅਰ-ਥਾਤ ਉਪਰ ਉਪਰ ਦੀਆਂ ਬਾਤਾਂ ਨੂੰ ਸਦਾ ਸੁਣਾਇਆ ਕਰੇ ਉਹ ਉਦਾਸੀਨ ਕਹਾਂਦਾ ਹੈ ।

एवं सर्वमिदं राजा सह संमन्त्र्य मन्त्रिभिः ।
व्यायाम्याप्लुत्य मध्याह्ने भोक्तुमन्तः पुरं विशेत् ॥
मनु० ७ । २१६ ॥

ਜੀਕਣ ਲਿਖਿਆਹੈ ਉਕਣ ਸਵੇਰ ਵੇਲੇ ਉਠਕੇਸ਼ਉਚ ਆਦੀ ਸੰਧਿਆ ਉਪਾਸਨਾ, ਅਗਨੀ ਹੋਤ੍ਰ,ਕਰ ਵਾ,ਕਰਾ,ਸਭਣਾ ਮੰਤ੍ਰੀਆਂਨਾਲ ਵਿਚਾਰਕੇ ਸਭਾ ਵਿਚ ਜਾ ਸਭ ਨੌਕਰਾਂ ਅਰ ਸੈਨਾਂ ਅਧਖਾਂਦੇ ਨਾਲ ਮਿਲ ਉਨਾਂ ਨੂੰ ਪ੍ਰਸੰਨ ਕਰ ਤਰਾਂ ਤਰਾਂ ਦੀ ਵ੍ਯੂਹ ਸਿਖਿਆ ਅਰਥਾਤ (ਕਵਾਇਦ)ਕਰ ਕਰਾ ਸਭ ਘੋੜੇ ਹਾਥੀ ਗਊ ਆਦੀ ਇਸਥਾਂਨ, ਸ਼ਸਤ੍ਰ ਅਰ ਅਸਤ੍ਰ ਦਾ ਕੋਸ਼ ਤਥਾ ਵੈਦ ਆਲਾ ਧੰਨ ਦੇ ਕੋਸ਼ਾਂ ਨੂੰ ਵੇਖ ਸਾਰਿਆਂ ਉਪਰ ਨਜ਼ਰ ਨਿਤ ਪ੍ਰਤੀ ਦੇਕੇ ਜੋ ਕੁਛ ਉਨਾਂ ਵਿਚ ਖੋਟ ਹੋਵੇ ਓਸ ਨੂੰ ਕਢਕੇ (ਵਜਾਯਾਮਸਾਲਾ) ਅਖਾੜੇ ਆਦੀ ਇਸਥਾਂਨ ਵਿਚ ਜਾ ( ਵਜਾਯਾਮ ) ਕਸਰਤ, ਕਰ ਅਰ ਇਸ਼ਨਾਨ ਕਰ ਦੁਪਹਿਰ ਵੇਲੇ ਭੋਜਨ ਦੇ ਲਈ ਅੰਤਹਿ ਪੁਰ ਅਰਥਾਤ ਪਤਨੀ ਆਦੀ ਦੇ ਰਹਿਨ ਦੀ ਜਗਹਿ ਜਾਵੇ ਅਰ ਭੋਜਨ ਚੰਗੀ ਤਰਾਂਪ੍ਰੀਖਿਆ ਕੀਤਾ ਹੋਇਆ ਬੁਧਿ, ਬਲ, ਪ੍ਰਾਕ੍ਰਮ, ਦੇ ਵਧਾਂਣਵਾਲਾ , ਰੋਗ ਦੇ ਨਾਸ਼ ਕਰਨ ਵਾਲਾ, ਅਨੇਕ

ਪ੍ਰਕਾਰ ਦੇ ਅੰਨ, ਦਾਲ, ਸਾਗ, ਪੀਣ ਦੀਆਂ ਚੀਜਾਂ, ਸੁਗੰਧੀ ਵਾਲੇ ਮਿਠਾਸ ਆਦੀ, ਅਨੇਕ ਰਸ ਜੁਕਤ ਉਤਮ ਕਰੇ ਕਿ ਜਿਸ ਕਰਕੇ ਸਦਾ ਸੁਖੀ ਰਹੇ ਇਸ ਪ੍ਰਕਾਰਾ ਸਭ ਰਾਜ ਦੇ ਕਾਰਜਾਂ ਦੀ ਉਨੱਤੀ ਕੀਤਾ ਕਰੇ, ਪਰਜਾ ਕੋਲੋਂ 'ਕਰ' (ਟਿਕਸ) ਲੈਣ ਦਾ ਪ੍ਰਕਾਰ

पञ्चाशद्भाग आदेयो राज्ञा पशुहिरण्ययोः ।
धान्यानामष्टमो भागः षष्ठो द्वादश एव वा ॥

मनु० ७ । १३० ॥

ਬਪਾਰ ਕਰਨ ਵਾਲੇ ਵਾ ਕਾਰੀਗਰ ਲੋਕਾਂ ਨੂੰ ਸੋਨੇ ਅਰ ਚਾਂਦੀ ਦਾ ਜਿ- ਨਾਂ ਲਾਭ ਹੋਵੇ ਓਸ ਵਿਚੋਂ ਪੰਜਾਹਿਵਾਂ ਹਿਸਾ ਚਾਉਲ ਆਦੀ ਅਨਾਜਾਂ ਵਿਚੋਂ ਛੀਵਾਂ, ਅਠਵਾਂ ਵਾ ਬਾਰਵਾਂ ਹਿਸਾ ਲੀਤਾ ਕਰੇ, ਅਰ ਜੇਹਿੜਾ ਧੰਨ ਲਵੇ ਤਾਂ ਬੀ ਓਸ ਪ੍ਰਕਾਰ ਨਾਲ ਲਵੇ ਕਿ ਜਿਸ ਕਰਕੇ ਕਿਸਾਂਨ ਆਦੀ ਖਾਂਣ ਪੀਣ ਤੋਂ ਅਰ ਨਿਰਧੰਨ ਹੋਕੇ ਦੁਖਨਾ ਪਾਂਨ, ਕਿੰਉਕਿ ਪਰਜਾ ਦੇ ਧੰਨਵਾਨ ਅਰੋਗ ਖਾਂਣ ਪੀਣ ਆਦੀ ਥੀਂ ਸੰਪੰਨ ਰਹਿਨ ਤੇ ਰਾਜਾ ਦੀ ਬੜੀ ਉਨੱਤੀ ਹੋਂਦੀ ਹੈ ਪਰਜਾ ਅਪਣੀ ਸੰਤਾਂਨ ਦੀ ਨਿਆਂਈਂ ਸੁਖ ਦੇਵੇ, ਅਰ ਪਰਜਾ ਆਪਣੇ ਪਿਉ ਵਰਗਾ ਰਾਜਾ ਅਰ ਰਾਜ ਪੁਰਖਾਂ ਨੂੰ ਜਾਂਣੇ ਏਹ ਬਾਤ ਬੀ ਠੀਕ ਹੈ ਕਿ ਰਾਜਿਆਂ ਦੇ ਰਾਜਾ ਕਿਸਾਂਨ (ਖੇਤੀ ਵਾਹਣਵਾਲੇ) ਆਦੀ ਮੇਹਨਤ ਕਰਨ ਵਾਲੇ ਹਨ ਅਰ ਰਾਜਾ ਉਨ੍ਹਾਂ ਦੀ ਰਖਿਆ ਕਰਨ ਵਾਲਾਹੈ ਜੇ ਪਰਜਾ ਨਾ ਹੋਵੇ ਤਾਂ ਰਾਜਾ ਕਿਸਦਾ, ਅਰ ਰਾਜਾ ਨਾ ਹੋਵੇ ਤਾਂ ਪਰਜਾ ਕਿਸਦੀ ਕਹਾਵੇ, ਦੋਵੇਂ ਅਪਣੇ ਅਪਣੇ ਕੰਮ ਵਿਚ ਸੁਤੰਤ੍ਰ, ਅਰ ਮਿਲੇ ਹੋਏ ਪ੍ਰੀਤੀ ਜੁਕਤ ਕੰਮ ਵਿਚ ਪ੍ਰਤੰਤ੍ਰ ਰਹਨ ਪਰਜਾ ਦੀ ਸਧਾਰਣ ਸਮੱਤੀ ਦੇ ਵਿਰੁਧ ਰਾਜਾ ਵਾ ਰਾਜ ਪੁਰਖ ਨਾ ਹੋਂਨ, ਰਾਜਾ ਦੀ ਅਗਿਆ ਦੇ ਵਿਰੁਧ ਰਾਜ ਪੁਰਖ ਵਾ ਪਰਜਾ ਨਾ ਚਲੇ ਏਹਰਾਜਦਾ 'ਰਾਜ ਕੀਯ' ਨਿਜਕੰਮ, ਅਰਥਾਤ ਜਿਨੂੰ ਪੋਲੀਟਿਕਲ ਕਹਿੰਦੇ ਹਨ ਸੰਖੇਪ ਨਾਲ ਕਹ ਦਿਤਾ, ਹੁਣ ਜੋ ਵਸ਼ੇਸ ਵੇਖਣਾ ਚਾਹੇ ਉਹ ਚਾਰੇਵੇਦ, ਮਨੂੰ ਸਿਮ੍ਰਤੀ, ਸ਼ੁਕ੍ਰਨੀਤੀ, ਮਹਾਂਭਾਰਤ ਆਦੀ ਵਿਚ ਵੇਖਕੇ ਨਿਸਚਾ ਕਰੇ. ਅਰ ਜੋ ਪਰਜਾ ਦਾ ਨਿਆਂ ਕਰਨਾ ਹੈ ਉਹ ਵਿਹਾਰ ਮਨੂੰ ਸਿਮ੍ਰਤੀ ਦੇ ਅਠਵੇਂ ੮ ਅਰ ਨਾਂਵੇਂ ੯ ਅਧਿਆ ਆਦੀ ਦੀ ਰੀਤੀ ਨਾਲ ਕਰਨਾ ਚਾਹੀਏ ਪ੍ਰੰਤੂ ਏਹ ਬੀ ਸੰਖੇਪ ਨਾਲ ਲਿਖਨੇ ਹਾਂ :—

प्रत्यहं देशदृष्टैश्च शास्त्रदृष्टैश्च हेतुभिः ।
अष्टादशसु मार्गेषु निबद्धानि पृथक् पृथक् ॥ १ ॥
तेषामाद्यमृणादानं निक्षेपोऽस्वामिविक्रयः ।
संभूय च समुत्थानं दत्तस्यानपकर्म च ॥ २ ॥
वेतनस्यैव चादानं संविदश्च व्यतिक्रमः ।

क्रयविक्रयानुशयो विवादः स्वामिपालयोः ॥ ३ ॥
सीमाविवादधर्मश्च पारुष्ये दण्डवाचिके ।
स्तेयं च साहसं चैव स्त्रीसंग्रहणमेव च ॥ ४ ॥
स्त्रीपुंधर्मो विभागश्च द्यूतमाह्वय एव च ।
पदान्यष्टादशैतानि व्यवहारस्थिताविह ॥ ५ ॥
एषु स्थानेषु भूयिष्ठं विवादं चरतां नृणाम् ।
धर्मं शाश्वतमाश्रित्य कुर्यात्कार्यविनिर्णयम् ॥ ६ ॥
धर्मो विद्धस्त्वधर्मेण सभां यत्रोपतिष्ठते ।
शल्यं चास्य न कृन्तन्ति विद्धास्तत्र सभासदः ॥ ७ ॥
सभा वा न प्रवेष्टव्या वक्तव्यं वा समञ्जसम् ।
अब्रुवन्विब्रुवन्वापि नरो भवति किल्बिषी ॥ ८ ॥
यत्र धर्मो ह्यधर्मेण सत्यं यत्रानृतेन च ।
हन्यते प्रेक्षमाणानां हतास्तत्र सभासदः ॥ ९ ॥
धर्म एव हतो हन्ति धर्मो रक्षति रक्षितः ।
तस्माद्धर्मो न हन्तव्यो मा नो धर्मो हतोऽवधीत् ॥ १० ॥
वृषो हि भगवान् धर्मस्तस्य यः कुरुते ह्यलम् ।
वृषलं तं विदुर्देवास्तस्माद्धर्मं न लोपयेत् ॥ ११ ॥
एक एव सुहृद्धर्मो निधनेऽप्यनुयाति यः ।
शरीरेण समं नाशं सर्वमन्यद्धि गच्छति ॥ १२ ॥
पादोऽधर्मस्य कर्तारं पादः साक्षिणमृच्छति ।
पादः सभासदः सर्वान् पादो राजानमृच्छति ॥ १३ ॥
राजा भवत्यनेनास्तु मुच्यन्ते च सभासदः ।
एनो गच्छति कर्त्तारं निन्दार्हो यत्र निन्द्यते ॥ १४ ॥
मनु॰ ८ । ३-८ । १२-१९ ॥

ਸਭਾ, ਰਾਜਾ, ਅਰ ਰਾਜ ਪੁਰਖ, ਸਭ ਲੋਕ, ਦੇਸ਼ਾਚਾਰ, ਅਰ ਸ਼ਾਸਤ੍ਰ ਬਿਹਾਰ ਹੇਤੂਆਂ ਕਰਕੇ ਹੇਠਾਂ ਲਿਖੇ ਅਠਾਰਾਂ 'ਵਿਵਾਦਾਸਪਦ' ਮਾਰਗਾਂ ਵਿਚ ਵਿਵਾਦ ਯੁਕਤ ਦਾ ਨਿਰਣੇ ਰੋਜ ਕੀਤਾ ਕਰਨ, ਅਰ ਜੇਹੜੇ ਜੇਹੜੇ ਨਿਯੱਮ ਸ਼ਾਸਤ੍ਰ ਵਿਚ ਲਿਖੇ ਹੋਏ ਨਾਂ ਪਾਂਨ ਅਰ ਉਨਾਂ ਦੇ ਹੋਣਦੀ ਜਰੂਰਤ ਜਾਣਨ ਤਾਂ ਉੱਤਮ ਉੱਤਮ ਨਿਯੱਮ ਬਨੌਨ ਕਿ ਜਿਸ ਕਰਕੇ ਰਾਜਾ ਅਰ ਪਰਜਾ ਦੀ ਉਨੱਤੀ ਹੋਵੇ, ਅਠਾਰਾਂ੧੮ਮਾਰਗ ਏਹ ਹਨ, ਉਨਾਂ ਵਿਚੋਂ ਪਹਲਾ (ਰਿਣਦਾਂਨ) ਕਿਸੇ ਕੋਲੋਂ ਰਿਣ (ਕਰਜਾ) ਲੈਣ ਦੇਣ ਦਾ, ਵਿਵਾਦ (ਝਗੜਾ)॥ ੨(ਨਿਖੇਪ) ਧਰਾਵਣ ਅਰਥਾਤ ਕਿਸੇ ਨੈ ਕਿਸੇ ਦੇ ਪਾਸ ਪਦਾਰਥ ਧਰਿਆ ਹੋਵੇ ਅਰ ਮੰਗਣ ਉਤੇਂ ਨਾ ਦਣਾ ॥ ੩ (ਅਸ੍ਵਾਮਿਵਿਕ੍ਰਯ)ਦੂਜੇ ਦੇ ਪਦਾਰਥ ਨੂੰ ਦੂਸਾ ਵੇਚ ਲਵੇ ॥ ੪ (ਸਮਭੂਯਚ ਸਮੁੱਥਾਨੰ) ਮਿਲ ਮਿਲਾਕੇ ਕਿਸੇ ਉਤੇ ਅਤ੍ਯਾ

ਚਾਰ ਕਰਨਾਂ ॥ ੫ ॥ (ਦਤੱਸਜਾ ਨ ਪਕਰਮੱਚ) ਦਿਤੇ ਹੋਏ ਪਦਾਰਥ ਦਾ ਨ ਦੇਣਾ ॥ ੬ (ਵਿਤਨੱਸਜੈਵਚਾਦਾਨੰ) ਵੇਤਨ ਅਰਥਾਤ ਕਿਸੇ ਦੀ ਨੌਕਰੀ ਵਿਚੋਂ ਲੈ ਲੈਣਾ ਵਾ ਘਟ ਦੇਣਾ ॥ ੭ (ਪ੍ਰਤਿਗੱਜਾ) ਪ੍ਰਤਿਗੱਜਾ ਦੇ ਵਿਰੁਧ ਵਰਤਣਾ ॥ ੮ (ਕ੍ਰਯਵਿਕ੍ਰਯਾਨੁਸ਼ਯ) ਅਰਥਾਤ ਲੈਣ ਦੇਣ ਵਿਚ ਝਗੜਾ ਹੋਣਾਂ ॥ ੯ ਪਸ਼ੂ ਦੇ ਸ੍ਵਾਮੀ ਅਰ ਪਾਲਣਵਾਲੇ ਦਾ ਝਗੜਾ ॥ ੧੦ ॥ ਸੀਮਾ (ਜ਼ਮੀਨ ਦੀ ਹਦ) ਦਾ ਝਗੜਾ ॥ ੧੧ ॥ ਕਿਸੇ ਨੂੰ ਕਠੋਰ ਡੰਡ ਦੇਣਾਂ ॥ ੧੨ ॥ ਕਠੋਰ ਬਚਨ ਬੋਲਣਾ ॥ ੧੩ ॥ ਚੋਰੀ ਡਾਕਾ ਮਾਰਣਾ ॥ ੧੪ ॥ ਕਿਸੇ ਕੰਮ ਨੂੰ ਜ਼ੋਰਾ ਜ਼ੋਰੀ ਕਰਨਾ ॥ ੧੫ ॥ ਕਿਸੇ ਦੀ ਇਸਤ੍ਰੀ ਵਾ ਪੁਰਖ ਦਾ ਵਿਭਚਾਰ ਹੋਣਾ ॥ ੧੬ ॥ ਇਸਤ੍ਰੀ ਅਰ ਪੁਰਖ ਦੇ ਧਰਮ ਵਿਚ ਵ੍ਯਤਿਕ੍ਰਮ ਹੋਣਾ ॥ ੧੭ ॥ ਵਿਭਾਗ ਅਰਥਾਤ ਜਾਇਦਾਦ ਦਾ ਝਗੜਾ ਉਠਣਾ ॥ ੧੮ ॥ ਦ੍ਯੂਤ ਅਰਥਾਤ ਜੜ ਪਦਾਰਥ ਅਰ ਚੇਤਨ ਨੂੰ ਦਾਉ ਵਿਚ ਰਖਕੇ ਜੂਆ ਖੇਲਣਾ, ਏਹ ਅਠਾਰਾਂ ਪ੍ਰਕਾਰ ਦੀਆਂ ਇਕ ਦੂਜੇ ਨਾਲ ਲੜਾਈ ਦੀਆਂ ਗਲਾਂ ਹਨ । ਇਨਾਂ ਵਿਹਾਰਾਂ ਵਿਚ ਬਹੁਤ ਸਾਰੇ ਝਗੜਾ ਕਰਨ ਵਾਲੇ ਪੁਰਖਾਂ ਦੇ ਨਿਆਂ ਨੂੰ ਸਨਾਤਨ ਧਰਮ ਦਾ ਆਸ਼੍ਰਾ ਲੈਕੇ ਕੀਤਾ ਕਰੇ ਅਰਥਾਤ ਕਿਸੇ ਦਾ ਪਖਪਾਤ ਕਦੀ ਨਾ ਕਰੇ, ਜਿਸ ਸਭਾ ਵਿਚ ਅਧਰਮ ਥੀਂ ਘਾਇਲ ਹੋਕੇ ਧਰਮ ਰਹਿੰਦਾ ਹੈ ਜੇਹੜੇ ਉਸਦਾ 'ਸਲਯ' ਅਰ ਥਾਤ ਤੀਰ ਦੀ ਨਿਆਈਂ ਧਰਮ ਦੇ ਕਲੰਕ ਨੂੰ ਕਢਣਾ, ਅਰ ਅਧਰਮ ਦਾ ਛੇਦਨ ਨਹੀਂ ਕਰਦੇ ਅਰਥਾਤ ਧਰਮੀ ਦਾ ਮਾਨ ਅਧਰਮੀ ਨੂੰ ਡੰਡ ਨਹੀਂ ਮਿਲਦਾ ਓਸ ਸਭਾ ਵਿਚ ਜਿਨੇ ਸਭਾਸਦ ਹਨ ਉਹ ਸਭ ਘਾਇਲ ਦੀ ਨਿਆਂਈ ਸਮਝੇ ਜਾਂਦੇ ਹਨ। ਧਾਰਮਿਕ ਮਨੁਸ਼ ਨੂੰ ਜੋਗ ਹੈ ਕਿ ਸਭਾ ਵਿਚ ਕਦੀ ਨਾਂ ਜਾਵੇ ਅਰ ਜੇ ਜਾਵੇ ਤਾਂ ਸਤ ਹੀ ਬੋਲੇ ਜੇ ਕੋਈ ਸਭਾ ਵਿਚ ਅਨਿਆਇ ਹੋਂਦੇ ਹੋਏ ਨੂੰ ਵੇਖਕ ਚੁਪ ਰਹੇ ਅਥਵਾ ਸੱਚੇ ਨਿਆਂ ਦੇ ਵਿਰੁਧ ਬੋਲੇ ਉਹ ਮਹਾਂ ਪਾਪੀ ਹੁੰਦਾ ਹੈ, ਜਿਸ ਸਭਾ ਵਿਚ ਅਧਰਮ ਥੀਂ ਧਰਮ, ਅਸਤ ਥੀਂ ਸਤ ਸਭਣਾ ਸਭਾਸਦਾਂ ਦੇ ਵੇਖਦੇ ਮਾਰਿਆ ਜਾਂਦਾ ਹੈ ਓਹ ਸਭਾ ਵਿਚ ਸਭ ਮੁਰਦਿਆਂ ਦੇ ਸਮਾਂਨ ਹਨ ਜਾਣੋ ਉਨਾਂ ਵਿਚ ਕੋਈ ਬੀ ਨਹੀਂ ਜੀਂਉਦਾਂ, ਮੁਇਆ ਹੋਇਆ ਧਰਮ ਮਾਰਣ ਵਾਲੇ ਦਾ ਨਾਸ਼ ਅਰ ਰਖਿਆ ਕੀਤਾ ਹੋਇ ਆ ਧਰਮ ਰਖਿਆ ਕਰਨ ਵਾਲੇ ਦੀ ਰਖਿਆ ਕਰਦਾ ਹੈ । ਏਸ ਲਈ ਧਰਮ ਦਾ ਹਨਨ ਕਦੀ ਨਾ ਕਰਨਾ, ਏਸ ਬਾਤਤੋਂ ਡਰਕੇ ਕਿ ਮਾਰਿਆ ਹੋਇਆ ਧਰਮ ਕਦੀ ਸਾਂਨੂੰ ਨਾ ਮਾਰ ਦਵੇ, ਜੇਹੜਾ ਸਭ ਈਸ਼੍ਵਰਜ ਦਾ ਦੇਣ ਵਾਲਾ ਅਰ ਸੁਖਾਂ ਦੀ ਬਰਖਾ ਕਰਨ ਵਾਲਾ ਧਰਮ ਹੈ ਜੋ ਉਸ ਦਾ ਲੋਪ ਕਰਦਾ ਹੈ ਉਸੇ ਨੂੰ ਵਿਦਵਾਂਨ ਲੋਕ 'ਬ੍ਰਿਖਲ' ਅਰਥਾਤ ਸ਼ੂਦਰ ਅਰ ਨੀਚ ਜਾਣਦੇ ਹਨ ਏਸ ਲਈ ਕਿਸੇ ਮਨੁਖ ਨੂੰ ਧਰਮ ਦਾ ਲੋਪ ਕਰਨਾ ਉਚਿਤ ਨਹੀਂ ਏਸ ਸੰਸਾਰ

ਵਿਚ ਇਕ ਧਰਮ ਹੀ ਸੁਹ੍ਰਿਦ ਹੈ ਜੇਹੜਾ ਮੌਤ ਦੇ ਪਿਛੋਂ ਬੀ ਨਾਲ ਚਲਦਾ ਹੈ ਅਰ ਸਭ ਪਦਾਰਥ ਵਾ ਸੰਗੀ ਸ਼ਰੀਰ ਦੇ ਨਾਸ਼ ਹੋਣ ਦੇ ਨਾਲ ਹੀ ਨਾਸ਼ ਨੂੰ ਪ੍ਰਾਪਤ ਹੋਂਦੇ ਹਨ ਅਰਥਾਤ ਸਭ ਸੰਗ ਥੀਂ ਛੁਟ ਜਾਂਦਾ ਹੈ। ਪ੍ਰੰਤੂ ਧਰਮ ਦਾ ਸੰਗ ਕਦੀ ਨਹੀਂ ਛੁਟਦਾ, ਜਦ ਰਾਜ ਸਭਾ ਵਿਚ ਪਖਪਾਤ ਕਰਕੇ ਅਨਿਆਂ ਕੀਤਾ ਜਾਂਦਾ ਹੈ ਉਥੇ ਅਧਰਮ ਦੇ ਚਾਰ ਹਿਸੇ ਹੋ ਜਾਂਦੇ ਹਨ। ਉਨਾਂ ਵਿਚੋਂ ਇਕ ਅਧਰਮ ਦਾ ਕਰਤਾ, ਦੂਜਾ ਸਾਖੀ (ਉਗਾਹੀ ਦੇਣਵਾਲਾ) ਤੀਜਾ ਸਭਾ ਸਦਾਂ, ਅਰ ਚੌਥਾ ਹਿਸਾ ਅਧਰਮੀ ਸਭਾ ਦੇ ਸਭਾਪਤੀ ਰਾਜਾ ਨੂੰ ਪ੍ਰਾਪਤ ਹੁੰਦਾ ਹੈ। ਜਿਸ ਸਭਾ ਵਿਚ ਨਿੰਦਿਆ ਦੇ ਜੋਗ ਦੀ ਨਿੰਦਿਆ, ਉਸਤਤੀ ਦੇ ਜੋਗ ਦੀ ਉਸਤਤੀ, ਡੰਡ ਦੇ ਜੋਗ ਨੂੰ ਡੰਡ, ਅਰ ਮਾਨ ਦੇ ਜੋਗ ਨੂੰ ਮਾਨ ਹੁੰਦਾ ਹੈ ਉਥੇ ਰਾਜਾ ਅਰ ਸਾਰੇ ਸਭਾਸਦ ਪਾਪ ਤੋਂ ਰਹਿਤ ਅਰ ਪਵਿਤ੍ਰ ਹੋ ਜਾਂਦੇ ਹਨ ਪਾਪ ਦੇ ਕਰਤਾ ਹੀ ਨੂੰ ਪਾਪ ਪ੍ਰਾਪਤ ਹੁੰਦਾ ਹੈ ॥ ੧੪॥ ਹੁਣ ਸਾਖੀ (ਉਗਾਹ) ਕਿਹੋ ਜੇਹੇ ਕਰਨੇ ਚਾਹੀਏ:–

आप्ताः सर्वेषु वर्णेषु कार्याः कार्येषु साक्षिणः ।
सर्वधर्मविदोऽलुब्धा विपरीतांस्तु वर्जयेत् ॥ १ ॥

स्त्रीणां साक्ष्यं स्त्रियः कुर्युर्द्विजानां सदृशा द्विजाः ।
शूद्राश्च सन्तः शूद्राणामन्त्यनामन्त्ययोनयः ॥ २ ॥

साहसेषु च सर्वेषु स्तेयसङ्ग्रहणेषु च ।
वाग्दण्डयोश्च पारुष्ये न परीक्षेत साक्षिणः ॥ ३ ॥

बहुत्वं परिगृह्णीयात्साक्षिद्वैधे नराधिपः ।
समेषु तु गुणोत्कृष्टान् गुणद्वैधे द्विजोत्तमान् ॥ ४ ॥

समक्षदर्शनात्साक्ष्यं श्रवणाच्चैव सिध्यति ।
तत्र सत्यं ब्रुवन्साक्षी धर्मार्थाभ्यां न हीयते ॥ ५ ॥

साक्षी दृष्टश्रुतादन्यद्विब्रुवन्नार्यसंसदि ।
अवाङ्नरकमभ्येति प्रेत्य स्वर्गाच्च हीयते ॥ ६ ॥

स्वभावेनैव यद् ब्रूयुस्तद् ग्राह्यं व्यावहारिकम् ।
अतो यदन्यद्विब्रूयुर्धर्मार्थं तदपार्थकम् ॥ ७ ॥

सभान्तः साक्षिणः प्राप्तानर्थिप्रत्यर्थिसन्निधौ ।
प्राड्विवाकोऽनुयुञ्जीत विधिनाऽनेन सान्त्वयन् ॥ ८ ॥

यद् द्वयोरनयोर्वेत्थ कार्येऽस्मिन् चेष्टितं मिथः ।
तद् ब्रूत सर्वं सत्येन युष्माकं ह्यत्र साक्षिता ॥ ९ ॥

सत्यं साक्ष्ये ब्रुवन्साक्षी लोकानाप्नोति पुष्कलान् ।
इह चानुत्तमां कीर्तिं वागेषा ब्रह्मपूजिता । १०

सत्येन पूयते साक्षी धर्मः सत्येन वर्द्धते ।

तस्मात्सत्यं हि वक्तव्यं सर्ववर्णेषु साक्षिभिः ॥ ११ ॥
आत्मैव ह्यात्मनः साक्षी गतिरात्मा तथात्मनः ।
मावमंस्थाः स्वमात्मानं नृणां साक्षिणमुत्तमम् ॥ १२ ॥
यस्य विद्वान् हि वदतः क्षेत्रज्ञो नाभिशङ्कते ।
तस्मान्न देवाः श्रेयांसं लोकेऽन्यं पुरुषं विदुः ॥ १३ ॥
एकोऽहमस्मीत्यात्मानं यत्त्वं कल्याण मन्यसे ।
नित्यं स्थितस्ते हृद्येष पुण्यपापेक्षिता मुनिः ॥ १४ ॥

मनु० ८ ॥ ६३ । ६८ । ७२-७५ । ७८-८१ । ८३ । ८४ । ८६ । ९१ ॥

ਸਭ ਵਰਣਾਂ ਵਿਚ ਧਾਰਿਮਿਕ, ਵਿਦਵਾਂਨ, ਨਿਸ਼ਕਪਟੀ, ਸਭ ਪ੍ਰਕਾਰ ਦੇ ਧਰਮ ਦੇ ਜਾਨਣ ਵਾਲੇ, ਲੋਭ ਰਹਿਤ, ਸਤਬਾਦੀ ਨੂੰ ਨਿਆਂਇ ਬਿਵਸਥਾ ਵਿਚ ਸਾਖੀ (ਉਗਾਹ) ਕਰੇ, ਏਸ ਤੋਂ ਉਲਟ ਚਲਨ ਵਾਲਿਆਂ ਨੂੰ ਕਦੀ ਨਾ ਕਰੇ, ਇਸਤ੍ਰੀਆਂ ਦੀ ਸਾਖੀ ਇਸਤ੍ਰੀ, ਦ੍ਵਿਜਾਂ ਦੀ ਦ੍ਵਿਜ, ਸ਼ੂਦ੍ਰਾਂ ਦੀ ਸ਼ੂਦ੍ਰ, ਅਰ ਚੰਡਾਲਾਂ ਦੇ ਚੰਡਾਲ ਸਾਖੀ ਹੋਂਨ। ਜਿੱਨੇ ਜਬ੍ਰਦਸਤੀ, ਚੋਰੀ, ਵਿਭਚਾਰ, ਕਠੋਰਬਚਨ, ਡੰਡ ਨਿਪਾਤ ਰੂਪ ਅਪ੍ਰਾਧ ਹਨ ਉਨਾਂ ਵਿਚ ਸਾਖੀ ਦੀ ਪ੍ਰੀਖਿਆ ਨਾ ਕਰੇ, ਅਰ ਅਜੇਹਾ ਜਰੂਰੀ ਬੀ ਸਮਝੇ ਕਿਉਂਕਿ ਏਹ ਕੰਮ ਸਭ ਗੁਪਤ ਹੁੰਦੇ ਹਨ ਦੁਹਾਂ ਪਾਸਿਆਂ ਦੇ ਸਾਖੀਆਂ ਵਿਚੋਂ ਬਹੁ ਪਖ ਅਨੁਸਾਰ (ਜਿਧਰ ਬਹੁਤੇ ਹੋਂਨ) ਜੇ ਬ੍ਰਾਬਰ ਉਗਾਹੀਆਂ ਹੋਂਨ ਤਾਂ ਉੱਤਮ ਗੁਣੀ ਪੁਰਖ ਦੀ ਸਾਖੀ ਦੇ ਅਨੁਕੂਲ, ਅਰ ਦੋਹਾਂ ਦੇ ਸਾਖੀ ਉੱਤਮ ਗੁਣੀ ਤੁਲ ਹੋਂਨ ਤਾਂ ਦ੍ਵਿਜਾਂ ਵਿਚ ਉੱਤਮ ਅਰਥਾਤ ਰਿਖੀ ਮਹਾਂਰਿਖੀ, ਅਰ ਯਤੀਆਂਦੀ ਸਾਖੀਦੇ ਅਨੁਸਾਰ ਨਿਆਂ ਕਰੇ। ਦੋ ਪ੍ਰਕਾਰ ਥੀਂ ਸਾਖੀ ਹੋਣਾ ਸਿਧ ਹੋਂਦਾ ਹੈ, ਇਕ ਸਾਖਿਆਤ ਵੇਖਣੇ, ਅਰ ਦੂਜਾ ਸੁਣਨ ਥੀਂ, ਜਦ ਸਭਾ ਵਿਚ ਪੁਛਨ ਤਦ ਜੇਹਿੜੇ ਉਗਾਹ ਸਚ ਬੋਲਨ ਉਹ ਧਰਮਹੀਨ ਅਰ ਡੰਡ ਦੇ ਜੋਗ ਨਾ ਹੋਂਨ, ਅਰ ਜੇਹਿੜੇ ਸਾਖੀ ਝੂਠ ਬੋਲਨ ਉਹ ਜਥਾ ਜੋਗ ਡੰਡ ਪਾਂਨ, ਜੇਹਿੜਾ ਰਾਜ ਸਭਾ ਵਾ ਕਿਸੇ ਉੱਤਮ ਪੁਰਖਾਂ ਦੀ ਸਭਾ ਵਿਚ ਸਾਖੀ ਦੇਖਣ ਅਰ ਸੁਣਨ ਤੋਂ ਵਿਰੁਧ ਬੋਲੇ ਉਹ (ਅਵਾਙ ਨਰਕ) ਅਰਥਾਤ ਬਾਂਨ ਦੇ ਛੇਦਨ ਕਰਕੇ ਦੁਖ ਰੂਪ ਨਰਕ ਨੂੰ ਵਰਤਮਾਂਨ ਸਮੇ ਵਿਚ ਪ੍ਰਾਪਤ ਹੋਵੇ ਅਰ ਮਰਣ ਤੋਂ ਪਿਛੇ ਸੁਖ ਤੋਂ ਹੀਣ ਹੋ ਜਾਵੇ, ਸਾਖੀ ਦੇ ਓਸ ਬਚਨ ਨੂੰ ਮੰਨਣਾ ਕਿ ਜੇਹਿੜਾ ਸੁਭਾਵਕ ਹੀ ਵਿਹਾਰ ਸਬੰਧੀ ਬੋਲੇ ਅਰ ਏਸ ਤੋਂ ਭਿੰਨ ਸਿਖਾਏ ਹੋਏ ਜੇਹਿੜੇ ਬਚਨ ਬੋਲੇ ਓਸ ਓਸ ਨੂੰ ਨਿਆਂਧੀਸ਼ ਵਿਅਰਥ ਸਮਝੇ, ਜਦ ਅਰਥੀ (ਮੁਦਈ) ਅਰ ਪ੍ਰਤੀਅਰਥੀ (ਮੁਦੱਾ ਲੇਹ) ਦੇ ਸਾਮਣੇ ਸਭਾ ਦੇ ਸਮੀਪ ਪ੍ਰਾਪਤ ਹੋਏ ਸਾਖੀਆਂ ਨੂੰ ਸ਼ਾਂਤੀ ਪੂਰਬਕ ਨਿਆਂਧੀਸ਼ ਅਰ ਪ੍ਰਾਙਵਿਵਾਕ ਅਰਥਾਤ ਵਕੀਲ ਵਾ ਬ਼ਰਿਸਟਰ ਏਸ

ਪ੍ਰਕਾਰ ਥੀਂ ਪੁਛੱਨ ਹੇ ਸਾਖੀ ਲੋਕੋ! ਏਸ ਕਾਰਜ ਵਿਚ ਇਨ੍ਹਾਂ ਦੋਹਾਂ ਦੇ ਪਰਸਪਰ ਕੱਮਾਂ ਵਿਚ ਜੋ ਤੁਸੀ ਜਾਂਣਦੇ ਹੋ ਉਸ ਨੂੰ ਸਚ ਬੋਲੋ ਕਿਉਂਕਿ ਤੁਹਾਡੀ ਏਸ ਕਾਰਜ ਵਿਚ ਸਾਖੀ ਹੈ। ਜੇਹੜਾ ਸਾਖੀ ਸਤ ਬੋਲਦਾ ਹੈ ਉਹ ਅਗਲੇ ਜਨਮ ਵਿਚ ਉਤਮ ਜਨਮ, ਅਰ ਉਤਮ ਲੋਕਾਂਤ੍ਰਾਂ ਵਿਚ ਜਨਮ ਨੂੰ ਪ੍ਰਾਪਤ ਹੋਕੇ ਸੁਖ ਭੋਗਦਾ ਹੈ, ਏਸ ਜਨਮ ਵਾ ਪਰ ਜਨਮ ਵਿਚ ਉੱਤਮ ਕੀਰਤੀ ਨੂੰ ਪ੍ਰਾਪਤ ਹੁੰਦਾ ਹੈ, ਕਿਉਂਕਿ ਜੇਹੜੀ ਏਹ ਬਾਣੀ ਹੈ ਉਹੋ ਹੀ ਵੇਦਾਂ ਵਿਚ ਆਦਰ ਅਰ ਨਿਰਾਦ੍ਰ ਦਾ ਕਾਰਣ ਲਿਖਿਆ ਹੈ, ਜੇਹੜਾ ਸਤ ਬੋਲਦਾ ਹੈ ਉਹ ਇਜੱਤ ਵਾਲਾ ਅਰ ਝੂਠ ਬੋਲਣ ਵਾਲਾ ਨਿੰਦਿਆ ਨੂੰ ਪਾਂਵਦਾ ਹੈ, ਸਚ ਬੋਲਣ ਥੀਂ ਸਾਖੀ ਪਵਿਤ੍ਰ ਹੁੰਦਾ ਅਰ ਸਚ ਹੀ ਬੋਲਣ ਥੀਂ ਧਰਮ ਵਧਦਾ ਹੈ ਏਸ ਵਾਸਤੇ ਸਭਨਾਂ ਵਰਨਾਂ ਵਿਚ ਸਾਖੀਆਂ ਨੂੰ ਸਚ ਹੀ ਬੋਲਣਾ ਜੋਗ ਹੈ। ਆਤਮਾ ਦਾ ਸਾਖੀ ਆਤਮਾ ਅਰ ਆਤਮਾ ਦੀ ਗਤੀ ਆਤਮਾ ਹੈ ਏਸ ਨੂੰ ਜਾਣਕੇ ਹੇ ਪੁਰਖ ਤੂੰ ਸਭ ਮਨੁਖੱਾਂ ਦਾ ਉਤੱਮ ਸਾਖੀ ਆਪਣੇ ਆਤਮਾਂ ਦਾ ਅਪਮਾਂਨ ਮਤ ਕਰ ਅਰਥਾਤ ਸਚ ਬੋਲਣਾ ਜੋ ਕਿ ਤੇਰੇ ਆਤਮਾਂ ਮਨ ਬਾਣੀ ਵਿਚ ਹੈ ਉਹ ਸਚ, ਅਰ ਜੋ ਏਸ ਤੋਂ ਉਲਟ ਹੈ ਉਹ ਝੂਠ ਬੋਲਣਾ ਹੈ, ਜਿਹਦੇ ਬੋਲਦੇ ਹੋਏ ਪੁਰਖ ਦਾ ਵਿਦਵਾਂਨ ਖੇਤ੍ਰਗ੍ਯ ਅਰਥਾਤ ਸ਼ੀਰ ਦਾ ਜਾਨਣ ਹਾਰਾ ਆਤਮਾ ਅੰਦਰ ਸ਼ੰਕਾ ਨੂੰ ਪ੍ਰਾਪਤ ਨਹੀ ਹੁੰਦਾ ਉਸ ਤੋਂ ਭਿੰਨ ਵਿਦਵਾਂਨ ਲੋਗ ਕਿਸੇ ਨੂੰ ਉਤੱਮ ਪੁਰਖ ਨਹੀਂ ਜਾਣਦੇ, ਹੇ ਕਲਿਆਂਣ ਦੀ ਇਛਿਆ ਕਰਨ ਵਾਲੇ ਪੁਰਖ ਜੋ ਤੂੰ 'ਮੈ ਇਕਲੱਾ ਹਾਂ' ਅਜੇਹਾ ਆਪਣੇ ਆਤਮਾਂ ਵਿਚ ਜਾਣਕੇ ਮਿਥਿਆ ਬੋਲਦਾ ਹੈਂ ਸੋ ਠੀਕ ਨਹੀਂ ਹੈ ਕਿੰਤੂ ਜੋ ਦੂਜਾ ਤੇਰੇ ਹ੍ਰਿਦੇ ਵਿਚ ਅੰਤ੍ਰ ਜਾਮੀ ਰੂਪ ਵਾਲਾ ਪਰਮੇਸ਼ੁਰ ਪੁੰਨ ਪਾਪ ਦਾ ਵੇਖਣ ਵਾਲਾ ਮੁਨੀ ਸਥਿਤ ਹੈ ਉਸ ਪਰਮੇਸ਼ੁਰ ਥੀਂ ਡਰਕੇ ਸਦਾ ਸਚ ਬੋਲਿਆ ਕਰ ॥

लोभान्मोहाद्भयान्मैत्रात्कामात् क्रोधात्तथैव च ।
अज्ञानाद्बालभावाच्च साक्ष्यं वितथमुच्यते ॥ १ ॥
एषामन्यतमे स्थाने यः साक्ष्यमनृतं वदेत् ।
तस्य दण्डविशेषांस्तु प्रवक्ष्याम्यनुपूर्वशः ॥ २ ॥
लोभात्सहस्रं दण्ड्यस्तु मोहात्पूर्वन्तु साहसम् ।
भयाद्द्वौ मध्यमौ दण्ड्यौ मैत्रात्पूर्वं चतुर्गुणम् ॥ ३ ॥
कामाद्दशगुणं पूर्वं क्रोधात्तु त्रिगुणं परम् ।
अज्ञानाद्द्वे शते पूर्णे बालिश्याच्छतमेव तु ४
उपस्थमुदरं जिह्वा हस्तौ पादौ च पञ्चमम् ।
चक्षुर्नासा च कर्णौ च धनं देहस्तथैव च ॥ ५

अनुबन्धं परिज्ञाय देशकालौ च तत्त्वतः
साराऽपराधौ चालोक्य दण्डं दण्ड्येषु पातयेत् ॥ ६ ॥
अधर्मदण्डनं लोके यशोघ्नं कीर्त्तिनाशनम् ।
अस्वर्ग्यञ्च परत्रापि तस्मात्तत्परिवर्जयेत् ॥ ७ ॥
अदण्ड्यान्दण्डयन् राजा दण्ड्यांश्चैवाप्यदण्डयन् ।
अयशो महदाप्नोति नरकं चैव गच्छति ॥ ८ ॥
वाग्दण्डं प्रथमं कुर्याद्धिग्दण्डं तदनन्तरम् ।
तृतीयं धनदण्डं तु वधदण्डमतः परम् ॥ ९ ॥
मनु० ८ । ११८-१२१ । १२५-१२९ ॥

ਜੇਹੜਾ ਲੋਭ, ਮੋਹ, ਭੈ, ਮਿਤ੍ਰਤਾ, ਕਾਂਮ, ਕ੍ਰੋਧ, ਅਗਿਆਂਨ, ਅਰ ਬਾਲਕਪਣ ਕਰਕੇ ਸਾਖੀ ਦੇਵੇ ਉਹ ਸਾਰੀ ਝੂਠੀ ਸਮਝੀ ਜਾਵੇ। ਇਨਾਂ ਵਿਚੋਂ ਕਿਸੇ ਜਗਹਿ ਉਤੇ ਸਾਖੀ ਝੂਠ ਬੋਲੇ ਓਸ ਨੂੰ ਵਖਿਓਂਣ ਕਈ ਤ੍ਰਾਂ ਦਾ ਡੰਡ ਦਿੱਤਾ ਕਰੇ, ਜੇਹੜਾ ਲੋਭ ਕਰਕੇ ਝੂਠੀ ਉਗਾਹੀ ਦਵੇ ਤਾਂ ਓਸ ਕੋਲੋਂ ੧੫॥=) ਪੰਦ੍ਰਾਂ ਰੁਪਯੇ ਦਸ ਆਨੇ ਡੰਡ ਲਵੇ। ਜਿਹੜਾ ਮੋਹ ਕਰਕੇ ਝੂਠੀ ਸਾਖੀ ਦੇਵੇ ਓਸ ਕੋਲੋਂ ੩=) ਤਿੰਨ ਰੁਪਯੇ ਦੋ ਆਂਨੇ ਡੰਡ ਲਵੇ। ਜੇਹੜਾ ਭੈ ਕਰਕੇ ਝੂਠੀ ਸਾਖੀ ਦੇਵੇ ਉਸ ਕੋਲੋਂ ੬।) ਸਵਾ ਛੇ ਰੁਪਯੇ ਡੰਡ ਲਵੇ। ਅਰ ਜੇਹੜਾ ਪੁਰਖ ਮਿਤ੍ਰਤਾ ਕਰਕੇ ਝੂਠੀ ਸਾਖੀ ਦੇਵੇ ਓਸ ਕੋਲੋਂ ੧੨॥) ਸਾਢੇ ਬਾਰਾਂ ਰੁਪਯੇ ਡੰਡ ਲਵੇ। ਜੇਹੜਾ ਪੁਰਖ ਕਾਂਮਣਾਂ ਕਰਕੇ ਝੂਠੀ ਸਾਖੀ ਦੇਵੇ ਓਸ ਕੋਲੋਂ ੨੫) ਪੰਜੀ ਰੁਪਏ ਡੰਡ ਲਵੇ। ਜੇਹੜਾ ਪੁਰਖ ਕ੍ਰੋਧ ਕਰਕੇ ਝੂਠੀ ਸਾਖੀ ਦੇਵੇ ਓਸ ਕੋਲੋਂ ੪੬॥।=) ਛਤਾਲੀ ਰੁਪਏ ਚੌਦਾਂ ਆਨੇ ਡੰਡ ਲਵੇ। ਜੇਹੜਾ ਪੁਰਖ ਅਗਿਆਂਨਤਾ ਕਰਕੇ ਝੂਠੀ ਸਾਖੀ ਦੇਵੇ ਉਸ ਕੋਲੋਂ ੬) ਛੇ ਰੁਪਯੇ ਡੰਡ ਲਵੇ। ਅਰ ਜੇਹੜਾ ਬਾਲਕਪਣ ਕਰਕੇ ਝੂਠੀ ਸਾਖੀ ਦੇਵੇ ਤਾਂ ਉਸ ਕੋਲੋਂ ੧॥-) ਇਕ ਰੁਪਯਾ ਨੌਂ ਆਨੇ ਡੰਡ ਲਵੇ। ਉਪਸਥ ਇੰਦ੍ਰੀ, ਪੇਟ, ਜਬਾਂਨ, ਹਥ, ਪੈਰ, ਅਖ, ਨਕ, ਕੰਨ, ਧੰਨ, ਅਰ ਦੇਹ, ਡੰਡ ਦ ਏਹ ਦਸ ਸਥਾਨ ਹਨ ਕਿ ਜਿਨਾਂ ਉੱਤੇ ਦੰਡ ਦਿੱਤਾ ਜਾਂਦਾ ਹੈ ਪ੍ਰੰਤੂ ਜੇਹੜਾ ਜੇਹੜਾ ਡੰਡ ਲਿਖਿਆ ਹੈ ਅਰ ਲਿਖਾਂਗੇ ਜੀਕਣ ਲੋਭ ਕਰਕੇ ਸਾਖੀ ਦੇਣ ਵਿਚ ਪੰਦ੍ਰਾਂ ਰੁਪਏ ਦਸ ਆਂਨੇ ੧੫॥=) ਡੰਡ ਲਿਖਿਆ ਹੈ, ਪ੍ਰੰਤੂ ਜੇਹੜਾ ਅਤਯੰਤ ਨਿਰਧੰਨ ਹੋਵੇ ਤਾਂ ਓਸ ਥੀਂ ਘਟ, ਅਰ ਧਨਾਢ ਹੋਵੇ ਤਾਂ ਓਸ ਥੀਂ ਦੂਣਾ ਤੀਣਾ ਅਰ ਚੌਣੇ ਤਿਕ ਬੀ ਲਵੇ ਅਰਥਾਤ ਜੇਹਾ ਦੇਸ਼ ਜੇਹਾ ਕਾਲ, ਅਰ ਜੇਹਾ ਪੁਰਖ ਹੋਵੇ ਓਸਦਾ ਜੇਹਾ ਅਪ੍ਰਾਧ ਹੋਵੇ ਉਹੋ ਜੇਹਾ ਹੀ ਡੰਡ ਕਰੇ, ਕਿਉਂਕਿ ਏਸ ਸੰਸਾਰ ਵਿਚ ਜੇਹੜਾ ਅਧਰਮ ਕਰਕੇ ਡੰਡ ਕਰਨਾ ਹੈ ਉਹ ਪਿਛਲੀ ਇਜੱਤ, ਏਸ ਵੇਲੇ ਅਰ ਅਗੇ ਨੂੰ ਅਰ ਪਰ ਜਨਮ ਵਿਚ ਹੋਣ ਵਾਲੀ ਕੀਰਤੀ

ਦਾ ਨਾਸ਼ ਕਰਨ ਵਾਲਾ ਹੈ। ਅਰ ਪਰ ਜਨਮ ਵਿਚ ਬੀ ਦੁਖ ਦੇ ਦੇਣ ਵਾਲਾ ਹੋਂਦਾ ਹੈ ਏਸ ਲਈ ਅਧਰਮ ਜੁਕਤ ਡੰਡ ਕਿਸੇ ਉੱਤੇ ਨਾ ਕਰੇ, ਜੇਹੜਾ ਰਾਜਾ ਡੰਡ ਦੇ ਜੋਗ ਨੂੰ ਨਾਂ ਡੰਡ, ਅਰ ਡੰਡ ਦੇ ਨਾ ਜੋਗ ਨੂੰ ਡੰਡ ਦੇਂਦਾ ਹੈ ਅਰਥਾਤ ਡੰਡ ਦੇਣੇ ਜੋਗ ਨੂੰ ਛਡ ਦੇਂਦਾ ਅਰ ਜਿਸਨੂੰ ਡੰਡ ਦੇਣਾਂ ਨਾ ਚਾਹੀਏ ਓਸਨੂੰ ਡੰਡ ਦੇਂਦਾ ਹੈ ਉਹ ਜੀਂਵਦਾ ਹੋਇਆ। ਬਡੀ ਨਿੰਦਿਆ ਨੂੰ ਅਰ ਮਰਕੇ ਪਿਛੋਂ ਵਡੇ ਦੁਖ ਨੂੰ ਪ੍ਰਾਪਤ ਹੁੰਦਾ ਹੈ। ਏਸ ਲਈ ਜੇਹੜਾ ਅਪ੍ਰਾਧ ਕਰੇ ਓਸਨੂੰ ਸਦਾ ਡੰਡ ਦੇਵੇ ਅਰ ਅਨ ਅਪ੍ਰਾਧੀ ਨੂੰ ਡੰਡ ਕਦੀ ਨਾਂ ਦੇਵੇ। ਪ੍ਰਥਮ ਬਾਣੀ ਦਾ ਡੰਡ ਅਰਥਾਤ ਓਸਦੀ ਨਿੰਦਿਆ, ਦੂਜਾ ਧਿਕੱਾਰ ਡੰਡ, ਅਰਥਾਤ ਤੈਨੂੰ ਧ੍ਰਿਕਾਰ ਹੈ ਤੂੰਨੇ ਅਜੇਹਾ ਬੁਰਾ ਕੰਮ ਕਿਉਂ ਕੀਤਾ। ਤੀਜਾ ਉਸਕੋਲੋਂ ਧੰਨ ਲੈਣਾ, ਅਰ ਚੌਥਾ ਬਧ ਡੰਡ ਅਰਥਾਤ ਓਸਨੂੰ ਕੋਰੜੇ ਵਾ ਬੈਂਤ, ਮਾਰਨੇ ਵਾ ਸਿਰ ਕਟ ਦੇਣਾ।

येन येन यथाङ्गेन स्तेनो नृषु विचेष्टते ।
तत्तदेव हरेदस्य प्रत्यादेशाय पार्थिवः ॥ १ ॥
पिताचार्य्यः सुहृन्माता भार्य्या पुत्रः पुरोहितः ।
नादण्ड्यो नाम राज्ञोऽस्ति यः स्वधर्मे न तिष्ठति ॥ २ ॥
कार्षापणं भवेद्दण्ड्यो यत्रान्यः प्राकृतो जनः ।
तत्र राजा भवेद्दण्ड्यः सहस्रमिति धारणा ॥ ३ ॥
अष्टापाद्यन्तु शूद्रस्य स्तेये भवति किल्बिषम् ।
षोडशैव तु वैश्यस्य द्वात्रिंशत् क्षत्रियस्य च ॥ ४ ।
ब्राह्मणस्य चतुःषष्टिः पूर्णं वापि शतं भवेत् ।
द्विगुणा वा चतुःषष्टिस्तद्दोषगुणविद्धि सः । ५ ।
ऐन्द्रं स्थानमभिप्रेप्सुर्यशश्चाक्षयमव्ययम् ।
नोपेक्षेत क्षणमपि राजा साहसिकं नरम् ॥ ६ ॥
वाग्दुष्टात्तस्कराच्चैव दण्डेनैव च हिंसतः
साहसस्य नरः कर्त्ता विज्ञेयः पापकृत्तमः ७
साहसे वर्त्तमानन्तु यो मर्षयति पार्थिवः
स विनाशं व्रजत्याशु विद्वेषं चाधिगच्छति ८
न मित्रकारणाद्राजा विपुलाद्वा धनागमात्
समुत्सृजेत् साहसिकान्सर्वभूतभयावहान् ९
गुरुं वा बालवृद्धौ वा ब्राह्मणं वा बहुश्रुतम्
आततायिनमायान्तं हन्यादेवाविचारयन् १०
नाततायिवधे दोषो हन्तुर्भवति कश्चन
प्रकाशं वाऽप्रकाशं वा मन्युस्तन्मन्युमृच्छति ११

यस्य स्तेनः पुरे नास्ति नान्यस्त्रीगो न दुष्टवाक्
न साहसिकदण्डघ्नौ स राजा शक्रलोकभाक् १२
मनु० ८ । ३३४ - ३३८ । ३४४ - ३४७ । ३५० ।
३५१ । ३८६ ॥

ਚੋਰ ਜਿਸ ਪ੍ਰਕਾਰ ਜਿਸ-ਜਿਸ ਅੰਗ ਨਾਲ ਮਨੁਖੱਾਂ ਵਿਚ ਵਿਰੋਧ ਚੇਸ਼ਟਾ ਕਰਦਾ ਹੈ ਓਸ ਓਸ ਅੰਗ ਨੂੰ ਸਭ ਮਨੁੱਖਾਂ ਦੀ ਸਿਖਿਆ ਦੇ ਵਾਸਤੇ ਰਾਜਾ ਹਰਨ ਅਰਥਾਤ ਛੇਦਨ ਕਰ ਦੇਵੇ, ਭਾਂਵੇ ਪਿਉ, ਅਚਾਰਜ, ਮਿਤ੍ਰ, ਇਸਤ੍ਰੀ, ਪੁਤ੍ਰ, ਅਰ ਪ੍ਰੋਹਤ ਕਿਉਂ ਨਾ ਹੋਵੇ ਜੇਹੜਾ ਅਪਣੇ ਧਰਮ ਵਿਚ ਟਿਕਿਆ ਨਹੀਂ ਰਹਿੰਦਾ ਉਹ ਰਾਜਾ ਦਾ ਅਦੰਡ ਨਹੀਂ ਹੁੰਦਾ ਅਰਥਾਤ ਜਦ ਰਾਜਾ ਨਿਆਂ ਦੇ ਆਸਣ ਉਤੇ ਬੈਠਕੇ ਨਿਆਂ ਕਰੇ ਤਦ ਕਿਸੇ ਦਾ ਪਖਪਾਤ ਨਾ ਕਰੇ ਕਿੰਤੂ ਜੇਹਾ ਚਾਹੀਏ, ਤੇਹਾ ਡੰਡ ਦੇਵੇ, ਜਿਸ ਅਪ੍ਰਾਧ ਪਿੱਛੇ ਰਾਜਾ ਨੂੰ ਹਜਾਰ ਪੈਸਾ ਡੰਡ ਹੋਵੇ ਅਰਥਾਤ ਸਧਾਰਣ ਮਨੁਖ ਥੀਂ ਰਾਜਾ ਨੂੰ ਹਜਾਰ ਗੁਣਾਂ ਡੰਡ ਹੋਣਾ ਚਾਹੀਏ ਮੰਤ੍ਰੀ ਅਰਥਾਤ ਰਾਜਾ ਦੇ ਦੀਵਾਨ ਨੂੰ ਅਠ ਸੌ ਗੁਣਾ, ਓਸ ਥੀਂ ਘਟ ਨੂੰ ਸ਼ੱਤ ਸੌ ਗੁਣਾਂ, ਅਰ ਓਸ ਥੀਂ ਬੀ ਘਟ ਨੂੰ ਛੀ ਸੌ ਗੁਣਾ, ਇਸੇ ਪ੍ਰਕਾਰ ਹੇਠਾਂ ਹੇਠਾਂ ਅਰਥਾਤ ਜੇਹੜਾ ਇਕ ਛੋਟੇ ਤੋਂ ਛੋਟਾ ਭ੍ਰਿਤ ਅਰਥਾਤ ਚਪੜਾਸੀ ਹੈ ਓਸਨੂੰ ਅਠ ਗੁਣਾਂ ਡੰਡ ਥੀਂ ਘਟ ਨਾ ਹੋਣਾ ਚਾਹੀਏ ਕਿਉਂ ਜੇ ਪਰਜਾ ਪੁਰਖਾਂ ਥੀਂ ਰਾਜ ਪੁਰਖਾਂ ਨੂੰ ਵਧੀਕ ਡੰਡ ਨਾ ਹੋਵੇ ਤਾਂ ਰਾਜ ਪੁਰਖ ਪਰਜਾ ਪੁਰੱਸਾਂ ਦਾ ਨਾਸ਼ ਕਰਦੇ ਹਨ, ਜੀਕਣ ਸ਼ੇਰ ਵਧੀਕ ਅਰ ਬਕਰੀ ਥੋੜੇ ਡੰਡ ਨਾਲ ਹੀ ਬਸ ਵਿਚ ਆਜਾਂਦੀ ਹੈ ਉਸੇ ਤਰਾਂ ਰਾਜਾ ਥੀਂ ਲੈਕੇ ਛੋਟੇਥੀਂ ਛੋਟੇ ਭ੍ਰਿਤ ਤਿਕ ਰਾਜ ਪੁਰਖਾਂ ਨੂੰ ਅਪ੍ਰਾਧ ਪਿਛੇ ਪਰਜਾ ਦੇ ਪੁਰਖਾਂ ਥੀਂ ਵਧੀਕ ਡੰਡ ਹੋਣਾ ਚਾਹੀਏ, ਅਰ ਇਸੇ ਤਰਾਂ ਜੇਹੜਾ ਬਬੇਕੀ ਹੋਕੇ ਚੋਰੀ ਕਰੇ ਓਸ ਸ਼ੂਦ੍ਰ ਨੂੰ ਚੋਰੀ ਥੀਂ ਅਠ ਗੁਣਾਂ, ਵੈਸ਼ ਨੂੰ ਸੋ ਗੁਣਾ, ਖਤ੍ਰੀ ਨੂੰ ਵੀਹ ਗੁਣਾ, ਬ੍ਰਾਹਮਣ ਨੂੰ ਚੌਹਠ ਗੁਣਾ, ਵਾ ਸੌ ਗੁਣਾ, ਅਥਵਾ ਇਕ ਸੌ ਅਠਾਈ ਗੁਣਾ ਹੋਣਾ ਚਾਹੀਏ ਅਰਥਾਤ ਜਿਹਦਾ ਜਿਨਾਂ ਗਿਆਨ ਅਰ ਜਿੰਨੀ ਪ੍ਰਤਿਸ਼੍ਟਾ ਵਧੀਕ ਹੋਵੇ ਓਸਨੂੰ ਅਪ੍ਰਾਧ ਪਿਛੇ ਉੱਨਾ ਹੀ ਵਧੀਕ ਡੰਡ ਹੋਣਾ ਚਾਹੀਏ, ਰਾਜ ਦਾ ਅਧਿਕਾਰੀ ਧਰਮ, ਅਰ ਈਸ਼੍ਵਰਜ ਦੀ ਇਛਿਆ ਕਰਨ ਵਾਲਾ ਰਾਜਾ ਜਬਰ ਦਸਤੀ ਕੰਮ ਕਰਨ ਵਾਲ ਡਾਕੂਆਂ ਨੂੰ ਡੰਡ ਦੇਣ ਵਿਚ ਇਕ ਖਿਣ ਬੀ ਦਰ ਨਾ ਕਰੇ, ਸਾਹਸਿਕ ਡਾਕੂ ਪੁਰਖ ਦਾ ਲਖਣਾ:-

ਜੇਹੜਾ ਖੋਟੇ ਬਚਨ ਬੋਲਣੇ, ਚੋਰੀ ਕਰਨੇ, ਬਗਰ ਅਪ੍ਰਾਧ ਥੀਂ ਡੰਡ ਦਣ ਵਾਲੇ ਥੀਂ 'ਸਾਹਸਿਕ' ਜਬਰ ਦਸਤੀ ਕੰਮ ਕਰਨ ਵਾਲਾ ਹੈ ਉਹ ਅਤੀ ਪਾਪੀ ਦੁਸ਼ਟ ਹੈ, ਜੇਹੜਾ ਰਾਜਾ 'ਸਾਹਸਿਕ' ਵਿਚ ਵਰਤਮਾਨ ਪੁਰਖ ਨੂੰ ਨਾ ਡੰਡ ਦੇਕੇ ਸਹਿਨਕਰਦਾ ਹੈ ਉਹ ਜਲਦੀ ਹੀ ਨਾਸ਼ ਨੂੰ ਪ੍ਰਾਪਤ ਹੁੰਦਾ ਹੈ, ਅਰ ਰਾਜ

ਵਿਚ ਦੇਖ ਉਠਦਾ ਹੈ ਨਾ ਮਿਤ੍ਰਤਾ ਅਰ ਨਾ ਬਹੁਤੇ ਧੰਨ ਦੀ ਪ੍ਰਾਪਤੀ ਥੀਂ ਬ ਰਾਜਾ ਸਭ ਪ੍ਰਾਣੀਆਂ ਨੂੰ ਦੁਖ ਦੇਣ ਵਾਲੇ ਸਾਹਿਸਿਕ ਮਨੁੱਖ ਨੂੰ ਬੰਧਨ ਛੇਦਨ ਕੀਤੇ ਬਗੈਰ ਕਦੀ ਛਡੇ ਭਾਂਵੇ ਗੁਰੂ ਹੋਵੇ ਭਾਂਵੇ ਪੁਤ੍ਰ ਆਦੀ ਬਾਲਕ ਹੋਂਨ ਭਾਂਵੇਂ ਪਿਤਾ ਆਦੀ ਬ੍ਰਿਧ,ਭਾਵੇਂ ਬ੍ਰਾਹਮਣ,ਅਰ ਭਾਵੇਂ ਬਹੁਤ ਸ਼ਾਸਤ੍ਰ ਆਦੀਦਾ ਸ਼੍ਰੋਤਾ ਕਿੰਉ ਨਾ ਹੋਵੇ ਜੋਹੜੇ ਧਰਮ ਨੂੰ ਛਡ, ਅਧਰਮ ਵਿਚ ਵਰਤਮਾਂਨ, ਦੂਜੇ ਨੂੰ ਬਗੈਰ ਅਪ੍ਰਾਧ ਥੀਂ ਮਾਰਣ ਵਾਲੇ ਹਨ ਉਨਾਂ ਨੂੰ ਬਗੈਰ ਬਿਚਾਰ ਕੀਤੇ ਮਾਰ ਸੁਟਣਾ ਅਰਥਾਤ ਮਾਰਕੇ ਪਿੱਛੋਂ ਬਿਚਾਰ ਕਰਨਾ ਚਾਹੀਏ,ਦੁਸ਼ਟ ਪੁਰਖਾਂ ਦੇ ਮਾਰਣ ਵਿਚ ਮਾਰਣ ਵਾਲੇ ਨੂੰ ਪਾਪ ਨਹੀਂ ਹੁੰਦਾ ਭਾਵੇਂ ਪ੍ਰਸਿਧ ਮਾਰੇ ਭਾਵੇਂ ਅਪ੍ਰਸਿਧ, ਕਿੰਉਕਿ ਕ੍ਰੋਧੀ ਨੂੰ ਕ੍ਰੋਧ ਨਾਲ ਮਾਰਨਾਂ ਜਾਂਣੋ ਕ੍ਰੋਧ ਨਾਲ ਕ੍ਰੋਧ ਦੀ ਲੜਾਈ ਹੈ, ਜਿਸ ਰਾਜਾ ਦੇ ਰਾਜ ਵਿਚ ਨਾ ਚੋਰ, ਨਾ ਪਰ ਇਸਤ੍ਰੀ ਗਾਮੀ ਯਾਰ ਨਾ ਦੁਸ਼ਟ ਬਚਨ ਦਾ ਬੋਲਣ ਹਾਰਾ, ਨਾ ਸਾਹਿਸਿਕ ਡਾਕੂ, ਅਰ ਨ 'ਡੰਡਘਨ' ਅਰਥਾਤ ਰਾਜਾ ਦੀ ਆਗਿਆ ਦਾ ਭੰਗ ਕਰਨੇ ਵਾਲਾ ਹੈ ਉਹ ਰਾਜਾ ਅਤੀ ਸ੍ਰੇਸ਼ਟ ਹੈ ।

भर्त्तारं लंघयेद्या स्त्री स्वज्ञातिगुणदर्पिता।
तां श्वभिः खादयेद्राजा संस्थाने बहुसंस्थिते ॥ १ ॥
पुमांसं दाहयेत्पापं शयने तप्त आयसे ।
अभ्यादध्युश्च काष्ठानि तत्र दह्येत पापकृत् ॥ २ ॥
दीर्घाध्वनि यथादेशं यथाकालङ्करो भवेत् ।
नदीतीरेषु तद्विद्यात्समुद्रे नास्ति लक्षणम् ॥ ३
अहन्यहन्यवेक्षेत कर्मान्तान्वाहनानि च ।
आयव्ययौ च नियतावाकरान्कोषमेव च ॥ ४ ॥
एवं सर्वानिमान्राजा व्यवहारान्समापयन् ।
व्यपोह्य किल्बिषं सर्वं प्राप्नोति परमां गतिम् ॥ ५ ॥
मनु॰ ८ ॥ ३७१ । ३७२ । ४०६ । ४१९ । ४२० ॥

ਜੋਹੜੀ ਇਸਤ੍ਰੀ ਅਪਣੇ ਜ਼ਾਤ ਗੁਣ ਦੇ ਘਮੰਡ ਕਰਕੇ ਪਤੀ ਨੂੰ ਛਡਕੇ ਬਿਭਚਾਰ ਕਰੇ ਓਸਨੂੰ ਬਹੁਤ ਇਸਤ੍ਰੀ ਅਰ ਪੁਰਖਾਂ ਦੇ ਸਾਮਣੇ ਜੀਂਵਦੀ ਹੋਈ ਨੂੰ ਕੁਤਿਆ ਕੋਲੋਂ ਰਾਜਾ ਫੜਵਾਕੇ ਮਰਵਾ ਡਾਲੇ, ਉਸੇ ਤਰਾਂ ਜੋਹੜਾ ਆਪਣੀ ਇਸਤ੍ਰੀ ਨੂੰ ਛਡਕੇ ਪ੍ਰਾਈ ਇਸਤ੍ਰੀ ਵਾ ਕੰਜਰੀ ਦੇ ਪਾਸ ਜਾਵੇ ਓਸ ਪਾਪੀ ਮਨੁੱਖ ਨੂੰ ਲੋਹੇ ਦੇ ਮੰਜੇ ਉੱਤੇ ਜਿਹਨੂੰ ਅੱਗ ਨਾਲ ਤਪਾਕੇ ਲਾਲ ਕੀਤਾ ਹੋਵੇ ਓਸ ਉੱਤੇ ਸੁਆਂਕੇ ਜੀਉਂਦੇ ਹੋਏਨੂੰ ਬਹੁਤੇ ਮਨੁੱਖਾਂਦੇ ਸਾਂਮਣੇ ਭਸਮ ਕਰਾਦੇਵੇ।

(ਪ੍ਰਸ਼ਨ) ਜੋਹੜਾ,ਰਾਜਾ ਵਾ ਰਾਣੀ, ਅਥਵਾ ਨਿਆਧੀਸ਼, ਵਾ ਓਸਦੀ ਇਸਤ੍ਰੀ, ਬਿਭਚਾਰ ਆਦੀ ਕੁਕਰਮ ਕਰੇ ਤਾਂ ਓਸਨੂੰ ਕਉਂਣ ਡੰਡ ਦੇਵੇ ॥

(ਉਤੱਰ) ਸਭਾ ਦੇਵੇ ਅਰ ਉਨਾਂ ਨੂੰ ਤਾਂ ਪਰਜਾ ਦੇ ਪੁਰਖਾਂ ਥੀਂ ਬੀ ਵਧੀਕ ਡੰਡ ਹੋਣਾ ਚਾਹੀਏ।

(ਪ੍ਰਸ਼ਨ) ਰਾਜਾ ਆਦੀ ਉਨਾਂ ਥੀਂ ਡੰਡ ਕਿਉਂ ਲੈਨਗੇ।

(ਉਤ੍ਰ) ਰਾਜਾ ਬੀ ਇਕ ਪੁੰਨ ਆਤਮਾ ਭਾਗਵਾਂਨ ਮਨੁੱਖ ਹੈ ਜਦ ਓਸ ਨੂੰ ਡੰਡ ਨਾਂ ਦਿੱਤਾ ਜਾਵੇ ਅਰ ਉਹ ਡੰਡ ਗ੍ਰਹਣ ਨਾਂ ਕਰੇ ਤਾਂ ਦੂਜੇ ਮਨੁਖ ਡੰਡ ਨੂੰ ਕਿਸਤਰਾਂ ਮਨਨਗੇ, ਅਰ ਜਦ ਸਭ ਪਰਜਾ ਅਰ ਪਰਧਾਂਨ, ਰਾਜ ਅਧਿਕਾਰੀ, ਅਰ ਸਭਾ, ਧਰਮ ਪੂਰਬਕ ਡੰਡ ਦੇਣਾ ਚਾਹਨ ਤਾਂ ਇਕਲਾ ਰਾਜਾ ਕੀ ਕਰ ਸਕਦਾ ਹੈ, ਜੇ ਅਜ ਹੀ ਬਿਵਸਥਾ ਨਾ ਹੋਵੇ ਤਾਂ ਰਾਜਾ ਪ੍ਰਧਾਂਨ ਅਰ ਸਭ ਸਮ੍ਰਥ ਪੁਰਖ ਅਨਿਆਂ ਵਿਚ ਡੁਬਕੇ ਨਿਆਂ ਧਰਮ ਨੂੰ ਡੁਬਾਕੇ ਸਭ ਪਰਜਾ ਦਾ ਨਾਸ਼ ਕਰ ਆਪ ਬੀ ਨਸ਼ਟ ਹੀ ਹੋ ਜਾਂਨ ਅਰਥਾਤ ਓਸ ਸ਼ਲੋਕ ਦੇ ਅਰਥ ਦਾ ਸਿਮ੍ਰਣ ਕਰੋ ਕਿਨਿਆਂ ਜੁਕਤ ਡੰਡ ਹੀ ਦਾ ਨਾਂਮ ਰਾਜਾ ਅਰ ਧਰਮ ਹੈ, ਜੇਹਿੜਾ ਓਸਦਾ ਲੋਪ ਕਰਦਾ ਹੈ ਓਸ ਥੀਂ ਨੀਚ ਪੁਰਖ ਦੂਜਾ ਕੇਹਿੜਾ ਹੋਵੇਗਾ॥

(ਪ੍ਰਸ਼ਨ) ਏਹ ਕਰੜਾ ਡੰਡ ਉਚੱਤ ਨਹੀਂ ਹੈ ਕਿਉਂਕਿ ਮਨੁੱਖ ਕਿਸੇ ਅੰਗ ਦਾ ਬਨਾਣ ਵਾਲਾ ਵਾ ਜੁਆਂਣ ਵਾਲਾ ਨਹੀਂ ਹੈ ਏਸ ਲਈ ਅਜੇਹਾ ਡੰਡ ਨਾ ਦੇਣਾ ਚਾਹੀਏ॥

(ਉਤ੍ਰ) ਜੋ ਏਸਨੂੰ ਕਰੜਾ ਡੰਡ ਜਾਣਦੇ ਹਨ ਉਹ ਰਾਜਨੀਤੀ ਨੂੰ ਨਹੀਂ ਸਮਝਦੇ, ਕਿਉਕਿ ਇਕ ਪੁਰਖ ਨੂੰ ਏਸ ਪ੍ਰਕਾਰ ਡੰਡ ਹੋਣ ਕਰਕੇ ਸਭ ਲੋਗ ਬੁਰੇ ਕੰਮ ਕਰਨ ਥੀਂ ਵਖਰੇ ਰਹਿਨਗੇ ਅਰ ਬੁਰੇ ਕੰਮ ਨੂੰ ਛਡਕੇ ਧਰਮ ਮਾਰਗ ਵਿਚ ਸਥਿਤ ਰਹਿਨਗੇ, ਸਚ ਪੁਛੋ ਤਾਂ ਏਹ ਹੈ ਕਿ ਇਕ ਰਾਈ ਭਰ ਬੀ ਏਹ ਡੰਡ ਸਭਦੇ ਹਿਸੇ ਨਾ ਆਵੇਗਾ, ਅਰ ਜੇ ਹਲਕਾ ਡੰਡ ਦਿਤਾ ਜਾਵੇ ਤਾਂ ਦੁਸ਼ਟ ਕੰਮ ਬਹੁਤ ਵਧਕੇ ਹੋਣ ਲਗੱਨ। ਉਹ ਜਿਸਨੂੰ ਤੁਸੀ ਹਲਕਾ ਡੰਡ ਕਹਿੰਦੇ ਹੋ ਉਹ ਕ੍ਰੋੜਾਂ ਗੁਣਾਂ ਵਧੀਕ ਹੋਣ ਕਰਕੇ ਕ੍ਰੋੜਾਂ ਗੁਣਾਂ ਕਠਨ ਹੁੰਦਾ ਹੈ, ਕਿਉਂ ਜਦ ਬਹੁਤ ਮਨੁਖ ਦੁਸ਼ਟ ਕੰਮ ਕਰਨਗੇ ਤਦ ਥੋੜਾ ਥੋੜਾ ਡੰਡ ਬੀ ਦਣਾ ਪਵੇਗਾ ਅਰਥਾਤ ਜੀਕਣ ਇਕਨੂੰ ਮਣ ਭਰ ਡੰਡ ਹੋਇਆ ਅਰ ਦੂਜੇਨੂੰ ਪਾਭਰ ਤਾਂ ਪਾ ਭਰ ਉੱਤੇ ਇਕ ਮਣ ਡੰਡ ਹੁੰਦਾ ਹੈ ਤਾਂ ਪ੍ਰਤਜੇਕ ਮਨੁਖ ਦੇ ਭਾਗ ਵਿਚ ਅਧ ਪਾ ਤੇ ਵੀਹ ਸੇਰ ਡੰਡ ਆਇਆ ਤਾਂ ਅਜਹੇ ਹਲਕੇ ਡੰਡ ਨੂੰ ਦੁਸ਼ਟ ਲੋਗ ਕੀ ਸਮਝ ਦੇ ਹਨ, ਜੀਕਣ ਇਕ ਨੂੰ ਮਣ, ਹਜਾਰ ਮਨੁਖਾਂ ਨੂੰ ਪਾ ਪਾ ਡੰਡ ਹੋਇਆ ਤਾਂ ਸਵਾ ਛੇ ਮਣ ਮਨੁਖੱ ਜਾਤੀ ਉੱਤੇ ਡੰਡ ਹੋਣ ਕਰਕੇ ਵਧੀਕ ਅਰ ਏਹੋ ਕਰੜਾ ਤਥਾ ਉਹ ਇਕ ਮਣ ਡੰਡ ਘਟ ਅਰ ਹਲਕਾ ਹੁੰਦਾ ਹੈ, ਲੰਬੇ ਮਾਰਗ ਵਿਚ ਸਮੁੰਦ੍ਰ ਦੀਆਂ ਖਾੜੀਆਂ, ਵਾ ਨਦੀ ਤਥਾ ਵਡੇ ਦਰਯਾਵਾਂ ਵਿਚ ਜਿਨੱਾਂ ਲੰਬਾ ਦੇਸ਼ ਹੋਵੇ ਉਨੱਾਂ 'ਕਰ' ਲਗਾਵੇ। ਅਰ ਮਹਾਂ ਸਮੁੰਦ੍ਰ ਵਿਚ ਠੀਕ ੨ 'ਕਰ' ਲਗ

ਨਹੀਂ ਸਕਦਾ ਕਿੰਤੂ ਜਿਸਤਰਾਂ ਅਨੁਕੂਲ ਵੇਖੇ, ਕਿ ਜਿਸ ਕਰਕੇ ਰਾਜਾ, ਅਰ ਵਡ ਵਡੇ ਜਹਾਜਾਂ ਦ ਸਮੁੰਦ੍ਰ ਵਿਚ ਚਲਾਣ ਵਾਲੇ ਦੋਨੋਂ ਲਾਭ ਕਰਕੇ ਜੁਕਤ ਹੋਂਨ ਏਹੋ ਜਹੀ ਬਿਵਸਥਾ ਕਰੇ, ਪ੍ਰੰਤੂ ਏਹ ਧਿਆਂਨ ਵਿਚ ਰਖਣਾ ਚਾਹੀਏ ਕਿ ਜੇਹਿੜੇ ਕਹਿੰਦੇ ਹਨ ਕਿ ਪਹਿਲੇ ਜਹਾਜ ਨਹੀਂ ਚਲਦੇ ਸਨ ਉਹ ਝੂਠੇ ਹਨ ਅਰ ਦੇਸ਼ ਦਸਾਵਰ, ਦੀਪ ਦੀਪਾਂਤ੍ਰਾਂ ਵਿਚ ਜਹਾਜ ਕਰਕੇ ਜਾਣ ਵਾਲੇ ਅਪਣੇ ਪਰਜਾ ਦੇ ਪੁਰਖਾਂ ਨੂੰ ਸਬ ਥਾਂ ਰਖਿਆ ਕਰ ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਦੁਖ ਨਾ ਹੋਣ ਦੇਵੇ, ਰਾਜਾ ਰੋਜ ਰੋਜ ਕੰਮਾਂ ਦੇ ਮੁਕਣ ਨੂੰ ਹਾਥੀ ਘੋੜੇ ਆਦੀ ਵਾਹਿਨਾਂ ਨੂੰ ਲਾਭ ਅਰ ਖਰਚ ਰਤਨ ਆਦਕਾਂ ਦੀ ਖਾਣਾਂ ਅਰ ਖਜਾਨੇ ਨੂੰ ਵੇਖਿਆ ਕਰੇ ਏਸ ਪ੍ਰਕਾਰ ਸਭ ਵਿਹਾਰਾਂ ਨੂੰ ਜਥਾਵਤ ਸਮਾਪਤ ਕਰਦਾ ਕਰਾਂਦਾ ਹੋਇਆ ਸਭ ਪਾਪਾਂ ਨੂੰ ਛੁਡਾਕੇ ਪਰਮਗਤੀ ਮੁਗਤੀ ਦੇ ਸੁਖ ਨੂੰ ਪ੍ਰਾਪਤ ਹੁੰਦਾ ਹੈ ॥

(ਪ੍ਰਸ਼ਨ) ਸੰਸਕ੍ਰਿਤ ਵਿਦਿਆ ਵਿਚ ਪੂਰੀ ਪੂਰੀ ਰਾਜਨੀਤੀ ਹੈ ਵਾ ਅਧੋਰੀ ?

(ਉਤ੍ਰ) ਪੂਰੀ ਹੈ, ਕਿੰਉਂਕਿ ਜੇਹਿੜੀ ਪ੍ਰਿਥਵੀ ਉੱਤੇ ਰਾਜਨੀਤੀ ਚਲੀ ਅਰ ਚਲੈਗੀ ਉਹ ਸਭ ਸੰਸਕ੍ਰਿਤ ਵਿਦਿਆ ਵਿਚੋਂ ਲੀਤੀ ਹੈ ਅਰ ਜਿਨ੍ਹਾਂ ਦਾ ਪ੍ਰਤਖ ਲੇਖ ਨਹੀਂ ਹੈ ਉਨ੍ਹਾਂ ਦੇ ਵਾਸਤੇ

'प्रत्यक्षं लोकदृष्टैश्च शास्त्रदृष्टैश्च हेतुभिः ॥ मनु० ८ । ३॥'

ਜੇਹਿੜੇ ਨਿਯੱਮ ਰਾਜਾ ਅਰ ਪਰਜਾ ਦੇ ਸੁਖਕਾਰੀ ਅਰ ਧਰਮ ਜੁਕਤਾ ਸਮਝਨ ਉਨਾਂ ਉਨਾਂ ਨਿਯੱਮਾਂ ਨੂੰ ਪੂਰੇ ਵਿਦ੍ਵਾਨਾਂ ਦੀ ਰਾਜਸਭਾ ਬਣਾਇਆ ਕਰੇ, ਪ੍ਰੰਤੂ ਏਸ ਉੱਤੇ ਨਿਤ ਧਿਆਂਨ ਰਖੱਨ ਕਿ ਜਿੱਥੋਂ ਤਿਕ ਬਣ ਸਕੇ ਉਥੋਂ ਤਿਕ ਬਾਲ ਅਵਸਥਾ ਵਿਚ ਵਿਆਹ ਨਾ ਕਰਨ ਦੇਨ, ਜੁਆਂਨੀ ਦੀ ਅਵਸਥਾ ਵਿਚ ਬੀ ਬਗੈਰ ਪ੍ਰਸੰਨਤਾ ਦੇ ਵਿਆਹ ਨਾ ਕਰਨਾ, ਕਰਾਣਾ ਅਰ ਨਾਂ ਕਰਨ ਦੇਣਾ, ਬ੍ਰਹਮਚਰਜ ਦਾ ਜਥਾਵਤ ਪਾਲਣ ਕਰਨਾ, ਬਿਭਚਾਰ, ਅਰ ਬਹੁਤੇ ਵਿਆਹਵਾਂ ਨੂੰ ਬੰਦ ਕਰਨਾ ਕਿ ਜਿਸ ਕਰਕੇ ਸ਼੍ਰੀਰ ਅਰ ਆਤਮਾਂ ਵਿਚ ਪੂਰਾ ਬਲ ਸਦਾ ਰਹੇ, ਕਿੰਉਕਿ ਜੇ ਨਿਰਾ ਆਤਮਾ ਦਾ ਬਲ ਅਰਥਾਤ ਵਿਦਿਆ ਗਿਆਂਨ ਵਧਾਂਦੇ ਜਾਂਨ ਅਰ ਸ਼੍ਰੀਰ ਦਾ ਬਲ ਨਾ ਵਧਾਂਨ ਤਾਂ ਇਕੋ ਹੀ ਬਲਵਾਂਨ ਪੁਰਖ, ਗਿਆਨੀ ਅਰ ਸੈਕੜੇ ਵਿਦਵਾਨਾਂ ਨੂੰ ਜਿਤ ਸਕਦਾ ਹੈ, ਅਰ ਜੇ ਨਿਰਾ ਸ਼੍ਰੀਰ ਦਾ ਹੀ ਬਲ ਵਧਾਇਆ ਜਾਵੇ ਆਤਮਾ ਦਾ ਨ ਹੀਂ ਤਾਂ ਬੀ ਰਾਜ ਪਾਲਣ ਦੀ ਉਤੱਮ ਬਿਵਸਥਾ ਬਗੈਰ ਵਿਦਿਆ ਦੇ ਕਦੀ ਨਹੀਂ ਹੋਸਕਦੀ ਬਿਵਿਸਥਾ ਤੋਂ ਬਗੈਰ ਸਭ ਆਪਸ ਵਿਚ ਹੀ ਫੁਟ, ਟੁਟ, ਵਿਰੋਧ, ਲੜਾਈ, ਝਗੜਾ ਕਰਕੇ ਨਸ਼ਟ ਭ੍ਰਸ਼ਟ ਹੋ ਜਾਨ, ਏਸ ਕਰਕੇ ਸਦਾ ਸ਼੍ਰੀਰ ਅਰ ਆਤਮਾਂ ਦੇ ਬਲ ਨੂੰ ਵਧਾਂਦੇ ਰਹਿਣਾ ਚਾਹੀਏ, ਜਿਨੋਂ ਬਲ, ਅਰ ਬੁਧੀ ਦਾ ਨਾਸ਼ ਕਰਨ ਵਾਲਾ ਵਿਹਾਰ ਬਿਭਚਾਰ, ਅਰ ਅਤੀ ਵਿਸ਼ੇ ਆਸਕਤੀ ਹੈ ਓਨੋਂ ਹੋਰ ਕੋਈ

ਨਹੀ ਹੈ, ਵਿਸ਼ੇਸ਼ ਕਰਕੇ ਖਤ੍ਰੀਆਂ ਨੂੰ ਦ੍ਰਿੜ ਅੰਗ ਅਰ ਬਲ ਕਰਕੇ ਜੁਕਤ ਹੋਣਾ ਚਾਹੀਏ ਕਿਉਂਕਿ ਜਦ ਉਹੋਹੀ ਵਿਖੇ ਆਸਕਤ ਹੋਨਗੇ ਤਾਂ ਰਾਜ ਧਰਮ ਹੀ ਨਸ਼ਟ ਹੋ ਜਾਵੇਗਾ, ਅਰ ਇਸ ਉੱਤੇ ਬੀ ਧਿਆਨ ਰਖਣਾ ਚਾਹੀਏ 'ਜਥਾ ਰਾਜਾ' ਤਥਾ ਪਰਜਾ ਜਿਸ ਤਰਾਂ ਦਾ ਰਾਜ ਹੁੰਦਾ ਹੈ ਉਹੋ ਜਹੀ ਹੀ ਉਸ ਦੀ ਪਰਜਾ ਹੁੰਦੀ ਹੈ ਇਸ ਵਾਸਤੇ ਰਾਜਾ ਅਰ ਰਾਜ ਪੁਰਸ਼ਾਂ ਨੂੰ ਅਤੀ ਉਚੱਤ ਹੈ ਕਿ ਕਦੀ ਦੁਸ਼ਟਾ ਚਾਰ ਨਾ ਕਰਨ ਕਿੰਤੂ ਨਿਤ ਧਰਮ ਨਿਆਂ ਦੇ ਨਾਲ ਵਰਤਕੇ ਸਭ ਦੇ ਸੁਧਾਰ ਦਾ ਦ੍ਰਿਸ਼ਟਾਂਤ ਬਣਨ।

ਇਹ ਸੰਖੇਪ ਕਰਕੇ ਰਾਜ ਧਰਮ ਦਾ ਵਰਨਨ ਏਥੇ ਕੀਤਾ ਹੈ ਵਸ਼ੇਸ਼ ਵੇਦ, ਮਨੂੰ ਸਿਮ੍ਰਤੀ ਦੇ ਸਤਵੇਂ ੭ ਅਠਵੇਂ ੮ ਨਾਵੇਂ ੯ ਅਧਿਆਇ ਵਿਚ ਅਰ ਸ਼ੁਕ੍ਰ ਨੀਤੀ ਤਥਾ ਵਿਦੁਰਪਰਜਾਗਰ, ਅਰ ਮਹਾਂਭਾਰਥ ਸ਼ਾਂਤੀ ਪਰਬ ਦੇ ਰਾਜ ਧਰਮ, ਅਰ ਆਪਤ ਧਰਮ ਆਦੀ ਪੁਸਤਕਾਂ ਵਿਚ ਵੇਖਕੇ ਪੂਰੀ ਰਾਜ ਨੀਤੀ ਨੂੰ ਧਾਰਣ ਕਰਕੇ ਮੰਡਲਿਕ, ਅਥਵਾ ਸਾਰਬ ਭੂਮ ਚਕ੍ਰਵਰਤੀ ਰਾਜ ਕਰਨ ਅਰ ਏਹੋ ਹੀ ਸਮਝਨ ਕਿ:-

"वयं प्रजापतेः प्रजा अभूम"

ਇਹ ਯਜੁਰ ਵੇਦ ਦਾ ਬਚਨ ਹੈ ਅਸੀ ਪ੍ਰਜਾਪਤੀ ਅਰਥਾਤ ਪਰਮੇਸ਼੍ਵਰ ਦੀ ਪਰਜਾ ਅਰ ਪਰਮਾਤਮਾਂ ਸਾਡਾ ਰਾਜਾ, ਅਸੀ ਉਸਦੇ ਕਿੰਕਰ ਭ੍ਰਿਤਵਤ ਹੋਗੇਹਾਂ ਉਹ ਕ੍ਰਿਪਾ ਕਰਕੇ ਆਪਣੀ ਸ੍ਰਿਸ਼੍ਰਿ ਵਿਚ ਸਾਨੂੰ ਰਾਜ ਦਾ ਅਧਿਕਾਰੀ ਕਰੇ, ਅਰ ਸਾਡੇ ਹਥੋਂ ਆਪਣੇ ਸਚੇ ਨਿਆਂ ਦੀ ਪ੍ਰਵਿਰਤੀ ਕਰਾਵੇ,ਹੁਣ ਅਗੇ ਈਸ਼੍ਵਰ ਅਰ ਵੇਦ ਵਿਸ਼ੇ ਵਿਚ ਲਿਖਿਆ ਜਾਵੇਗਾ।

इति श्रीमद्दयानन्दसरस्वतीस्वामिकृते सत्यार्थप्रकाशे सुभाषाविभूषिते राजधर्मविषये षष्ठः समुल्लासः सम्पूर्णः ॥ ६ ॥

# ਸਤਵਾਂ ਸਮੁਲਾਸ

## ਈਸ਼੍ਵਰ ਅਰ ਵੇਦ ਦੇ ਵਿਸ਼ੇ ਵਿਚ ॥

ऋचो अक्षरे परमे व्योमन्यस्मिन् देवा अधि विश्वे निषेदुः
यस्तन्न वेद किमृचा करिष्यति य इत्तद्विदुस्त इमे समासते ॥
१ ॥ ऋ० ॥ मं० १ । सू० ८६४ । मं० ३८ ॥
ईशावास्यमिदꣳ सर्वं यत्किञ्च जगत्यां जगत् ।
तेन त्यक्तेन भुञ्जीथा मा गृधः कस्य स्विद्धनम् ॥ २ ॥
यजुः० ॥ अ० ४० । मं० १ । ५ ॥
अहम्भुवं वसुनः पूर्व्यस्पतिरहं धनानि संजयामि शश्वतः ।
मां हवन्ते पितरं न जन्तवोऽहं दाशुषे विभजामि भोजनम् ॥ ३ ॥
अहमिन्द्रो न पराजिग्य इद्धनं न मृत्यवेऽवतस्थे कदाचन ।
सोममिन्मासुन्वन्तो याचता वसु न मे पूरवः सख्योरिषाथन ॥ ४ ॥
ऋ० ॥ मं० १० । सू० ४८ । मं० १ । ५ ॥

ਏਸ ਮੰਤ੍ਰ ਦਾ ਅਰਥ ਬ੍ਰਹਮਚਰਜ ਆਸ਼੍ਰਮ ਦੀ ਸਿਖਿਆ ਵਿਚ ਲਿਖ ਚੁਕੇ ਹਾਂ ਅਰਥਾਤ ਜੇਹੜਾ ਸਾਰੇ ਦਿਬ ਗੁਣ, ਕਰਮ, ਸੁਭਾਉ, ਵਿਦਿਆ ਯੁਕਤ, ਅਰ ਜਿਸ ਵਿਚ ਪ੍ਰਿਥ੍ਵੀ, ਸੂਰਜ, ਆਦੀ ਲੋਕ ਸਿਥਿਤ ਹਨ, ਅਰ ਜੇਹੜਾ ਅਕਾਸ਼ ਦੀ ਨਿਆਈਂ ਵਿਆਪਕ ਸਭ ਦੇਵਾਂ ਦਾ ਦੇਵ ਪਰਮੇਸ਼੍ਵਰ ਹੈ ਓਸਨੂੰ ਜੇਹੜੇ ਮਨੁੱਖ ਨਹੀਂ ਜਾਣਦੇ ਅਰ ਓਸਦਾ ਧਿਆਨ ਨਹੀਂ ਕਰਦੇ ਉਹ ਨਾਸ ਤਿਕ ਮੰਦ ਮਤੀ ਸਦਾ ਦੁਖ ਸਾਗਰ ਵਿਚ ਡੁਬੇ ਹੀ ਰਹਿੰਦੇ ਹਨ, ਏਸ ਲਈ ਸਰਬ ਦਾ ਓਸੇ ਨੂੰ ਜਾਣਕੇ ਸਭ ਮਨੁੱਖ ਸੁਖੀ ਹੁੰਦੇ ਹਨ ॥

(ਪ੍ਰਸ਼ਨ) ਵੇਦ ਵਿਚ ਈਸ਼੍ਵਰ ਅਨੇਕ ਹਨ ਏਸ ਬਾਤ ਨੂੰ ਤੁਸੀ ਮਨਦੇ

ਹੋ ਵਾ ਨਹੀਂ॥

(ਉਤ੍ਰ) ਨਹੀ ਮਨਦੇ ਕਿਉਂਕਿ ਚਹੁੰ ਵੇਦਾਂ ਵਿਚ ਏਹ ਗਲ ਕਿਦੇ ਨਹੀਂ ਲਿਖੀ ਜਿਸਤੋਂ ਅਨੇਕ ਈਸ਼੍ਵਰ ਸਿਧ ਹੋਨ ਕਿੰਤੂ ਏਹ ਤਾਂ ਲਿਖਿਆ ਹੈ ਕਿ ਈਸ਼੍ਵਰ ਇਕ ਹੈ।

(ਪ੍ਰਸ਼ਨ) ਵੇਦਾਂ ਵਿਚ ਜੇਹੜੇ ਅਨੇਕ ਦੇਵਤਾ ਲਿਖੇ ਹਨ ਓਸਦਾ ਕੀ ਅਭਿਪ੍ਰਾ ਹੈਗਾ॥

(ਉਤ੍ਰ) ਦੇਵਤਾ ਦਿਵ ਗੁਣਾਂ ਵਾਲੇ ਹੋਣ ਥੀਂ ਕਹਾਂਦੇ ਹਨ, ਜੀਕਣ ਕਿ 'ਪ੍ਰਿਥ੍ਵੀ' ਪ੍ਰੰਤੂ ਏਸ ਨੂੰ ਕਿਦੇ ਈਸ਼੍ਵਰ ਦੇ ਤੁਲ ਉਪਾਸ਼ਨਾ ਕਰਨ ਦੇ ਜੋਗ ਨਹੀਂ ਮਨਿਆਂ ਹੈ,ਵੇਖੋ ਏਸੇ ਮੰਤ੍ਰ ਵਿਚ ਕਿ ਜਿਸ ਵਿਚ ਸਾਰੇ ਦੇਵਤਾ ਸਥਿਤ ਹਨ ਉਹ ਜਾਣਨ ਅਰ ਉਪਾਸ਼ਨਾਂ ਕਰਨ ਦੇ ਜੋਗ ਈਸ਼੍ਵਰ ਹੈ, ਏਹ ਉਨਾਂ ਦੀ ਭੁਲ ਹੈ ਜੇਹੜੇ ਦੇਵਤਾ ਸ਼ਬਦ ਕਰਕੇ ਈਸ਼੍ਵਰ ਦਾ ਗ੍ਰਹਿਣ ਕਰਦੇ ਹਨ ਪਰਮੇਸ਼੍ਵਰ ਦੇਵਾਂ ਦਾ ਦੇਵ ਹੋਣ ਕਰਕੇ ਮਹਾਂਦੇਵ ਏਸ ਲਈ ਕਹਾਂਵਦਾ ਹੈ ਕਿ ਉਹੋ ਸਭ ਜਗਤ ਦੀ ਉਤਪਤੀ, ਇਸਥਿਤੀ, ਪ੍ਰਲੈ ਦਾ ਕਰਤਾ, ਨਿਆਧੀਸ਼, ਅਧਿਸ਼੍ਟਾਤਾ ਹੈ ਜੇਹੜਾ

"ਤ੍ਰਯਸ੍ਤ੍ਰਿੰਸ਼ਾਤ੍ਰਿਸ਼ਤਾ॰"

ਇਤਆਦੀ ਵੇਦਾਂ ਵਿਚ ਪ੍ਰਮਾਣ ਹੈ ਓਸਦੀ ਵਿਆਖਿਆ ਸ਼ਤਪਥ (ਗ੍ਰੰਥ) ਵਿਚ ਕੀਤੀ ਹੈ ਕਿ ਤੇਂਤੀ ੩੩ ਦੇਵ ਅਰਥਾਤ ਪ੍ਰਿਥ੍ਵੀ, ਜਲ, ਅਗਨੀ, ਵਾਯੂ, ਅਕਾਸ਼, ਚੰਦ੍ਰਮਾ, ਸੂਰਜ, ਅਰ ਨਛਤ੍ਰ ਸਭ ਸ੍ਰਿਸ਼ਟੀ ਦੇ ਨਿਵਾਸ ਦੇ ਸਥਾਨ ਹੋਣ ਕਰਕੇ ਏਹ ਅਠ ਵਸੂ, ਪ੍ਰਾਣ, ਅਪਾਨ, ਵਿਆਨ, ਉਦਾਨ, ਸਮਾਨ, ਨਾਗ, ਕੂਰਮ; ਕ੍ਰਿਕਲ; ਦੇਵਦਤ, ਧਨੰਜੈ, ਅਰ ਜੀਵਾਤਮਾ ਏਹ ਯਾਰਾਂ ਰੁਦ੍ਰ ਏਸ ਲਈ ਕਹਾਂਦੇ ਹਨ ਕਿ ਜਦ ਸ਼ਰੀਰ ਨੂੰ ਛਡਦੇ ਹਨ ਤਦ ਰੁਆਣ ਵਾਲੇ ਹੁੰਦੇ ਹਨ,ਵਰ੍ਹੇ ਦੇ ਬਾਰਾਂ ੧੨ ਮਹੀਨੇ ਬਾਰ੍ਹਾਂ ੧੨ ਆਦਿਤਯ ਏਸ ਲਈ ਹਨ ਕਿ ਏਹ ਸਭ ਦੀ ਆਯੂ ਨੂੰ ਲੈਂਦੇ ਜਾਂਦੇ ਹਨ, ਬਿਜਲੀ ਦਾ ਨਾਉਂ ਇੰਦ੍ਰ ਏਸਵਾਸਤੇ ਹੈ ਕਿ ਪਰਮ ਈਸ਼੍ਵਰਜ ਦਾ ਹੇਤੂ ਹੈ, ਯਗ ਨੂੰ ਪ੍ਰਜਾਪਤੀ ਕਹਿਣ ਦਾ ਕਾਰਣ ਏਹ ਹੈ ਕਿ ਏਸ ਥੀਂ ਹਵਾ, ਬਰਖਾ,ਪਾਣੀ, ਜੜੀ ਬੂਟੀ ਦੀ ਸੁਧੀ, ਵਿਦਵਾਨਾਂ ਦਾ ਸਤਕਾਰ, ਅਰ ਨਾਨਾ ਪ੍ਰਕਾਰ ਦੀ ਸਿਲਪ ਵਿਦਿਆ ਕਰਕੇ ਪਰਜਾ ਦਾ ਪਾਲਣ ਹੁੰਦਾ ਹੈ ਏਹ ਤੇਂਤੀ ੩੩ ਉਪਰ ਕਹੇ ਹੋਏ ਗੁਣਾਂ ਦੇ ਹੋਣ ਕਰਕੇ ਦੇਵ ਕਹਾਂਦੇ ਹਨ ਇਨਾਂ ਦਾ ਮਾਲਕ ਅਰ ਸਭ ਥੀਂ ਵਡਾ ਹੋਣ ਕਰਕੇ ਪਰਮੇਸ਼੍ਵਰ ਚੌਤੀਵਾਂ ੩੪ ਉਪਾਸ਼ਨਾਂ ਦੇ ਜੋਗ ਦੇਵਤਾ ਸ਼ਤਪਥ (ਗ੍ਰੰਥ)ਦੇ ਚੌਦਵੇਂ ੧੪ ਕਾਂਡ ਵਿਚ ਸਫ਼ਾ ਲਿਖਿਆ ਹੈ, ਇਸੇ ਤਰਾਂ ਹੋਰ ਜਗਹਿ ਬੀ ਲਿਖਿਆ ਹੈ ਜੇ ਏਹ ਲੋਗ ਇਨ੍ਹਾਂ ਸ਼ਾਸਤ੍ਰਾਂ ਨੂੰ ਵੇਖਦੇ ਤਾਂ ਵੇਦਾਂ ਵਿਚ ਅਨੇਕ ਈਸ਼੍ਵਰ ਮਨਣ ਰੂਪੀ ਭਰਮ ਜਾਲ ਵਿਚ ਡਿਗ ਕੇ ਕਿਉਂ ਭਰਮਦੇ॥

ਹੇ ਮਨੁਖ ਜੋ ਕੁਝ ਏਸ ਸੰਸਾਰ ਵਿਚ ਜਗਤ ਹੈ ਓਸ ਸਭ ਵਿਚ ਜੇਹੜਾ ਵਿਆਪਕ ਹੋਕੇ ਨਿਯੰਤਾ ਹੈ ਉਹ ਈਸ਼੍ਵਰ ਕਹਾਉਂਦਾ ਹੈ, ਓਸ ਥੀਂ ਡਰਕੇ ਤੂੰ ਅਨਿਆਂ ਨਾਲ ਕਿਸੇ ਦੇ ਧੰਨ ਦੀ ਇਛਿਆ ਨਾਂ ਕਰ, ਓਸ ਅਨਿਆਂ ਦੇ ਤਿ-ਆਗ, ਅਰ ਨਿਆਂ ਅਚਰਣ ਰੂਪੀਧਰਮਥੀਂ ਆਪਣੇ ਆਤਮਾ ਨਾਲ ਅਨੰਦ ਨੂੰ ਭੋਗ,ਈਸ਼੍ਵਰ ਸਭ ਨੂੰ ਉਪਦੇਸ਼ ਕਰਦਾਹੈ ਕਿ ਹੇ ਮਨੁਖੋ ਮੈਂ ਈਸ਼੍ਵਰ ਸਭ ਤੋਂ ਪਹਿਲੇ ਵਿਦਮਾਨ,ਸਭ ਜਗਤ ਦਾ ਪਤੀ ਹਾਂ ਮੈਂ ਸਨਾਤਨ ਜਗਤ ਦਾ ਕਾਰਣ ਅਰ ਸਭ ਧਨਾਂ ਦਾ ਵਿਜੈ ਕਰਨ ਵਾਲਾ ਅਰ ਦਾਤਾ ਹਾਂ ਮੈਨੂੰ ਹੀ ਸਾਰੇ ਜੀਵ ਜਿਸਤਰਾਂਪਿਉਨੂੰਸੰਤਾਂਨ ਯਾਦ ਕਰਦੇ ਹਨ ਓਸੇਤਰਾਂ ਯਾਦ ਕਰਨ,ਮੈਂਸਭਨੂੰਸੁਖ ਦੇਣ ਹਾਰੇ ਜਗਤ ਦੇ ਲਈ ਨਾਨਾ ਪ੍ਰਕਾਰ ਦੇ ਭੋਜਨਾਂ ਦਾ ਵਿਭਾਗ ਪਾਲਣ ਦੇ ਵਾਸਤੇ ਕਰਨਾਂ ਹਾਂ, ਮੈਂ ਪਰਮ ਈਸ਼੍ਵਰਜ ਵਾਂਨ ਸੂਰਜ ਦੀ ਨਿਆਂਈ ਸਭ ਜਗਤ ਦਾ ਪ੍ਰਕਾਸ਼ ਕਰਨ ਵਾਲਾ ਹਾਂ ਕਦੀ ਪ੍ਰਾਜੈ ਨੂੰ ਪ੍ਰਾਪਤ ਨਹੀਂ ਹੁੰਦਾ ਅਰ ਨਾਂ ਕਦੀ ਮੌਤ ਨੂੰ ਪ੍ਰਾਪਤ ਹੋਨਾ ਹਾਂ, ਮੈਂ ਹੀ ਜਗਤ ਰੂਪੀ ਧੰਨ ਦਾ ਨਿਰਮਾਂਣ ਕਰਨ ਵਾਲਾ ਹਾਂ ਸਭ ਜਗਤ ਦੀ ਉਤਪੱਤੀ ਕਰਨ ਵਾਲਾ ਮੈਨੂੰ ਹੀ ਜਾਣੋ। ਹੇ ਜੀਵੋ! ਈਸ਼੍ਵਰਜ ਪ੍ਰਾਪਤੀ ਦੇ ਜਤਨ ਕਰਦੇ ਹੋਏ ਤੁਸੀ ਲੋਗ ਬਿਗਿਆਂਨ ਆਦੀ ਧੰਨ ਨੂੰ ਮੇਰੇ ਕੋਲੋਂ ਮੰਗੋ ਅਰ ਤੁਸੀ ਮੇਰੀ ਮਿਤ੍ਰਤਾਥੀਂ ਵਖਰੇ ਨਾ ਹੋਵੋ, ਹੇ ਮਨੁਖੋ ਮੈਂ ਸਤ ਭਾਸ਼ਣ ਰੂਪੀ ਉਸਤਤੀ ਕਰਨ ਵਾਲੇ ਮਨੁਖੱ ਨੂੰ ਸਨਾਤਨ ਗਿਆਂਨ ਆਦੀ ਧਨ ਦੇਨਾਂ ਹਾਂ, ਮੈਂ ਬ੍ਰਹਮ ਅਰਥਾਤ ਵੇਦ ਦਾ ਪ੍ਰਕਾਸ਼ ਕਰਨ ਹਾਰਾ ਅਰ ਮੈਨੂੰ ਉਹ ਵੇਦ ਜ਼ਥਾਵਤ ਕਹਿੰਦਾ ਓਸ ਥੀਂ ਸਭ ਦੇ ਗਿਆਂਨ ਨੂੰ ਮੈਂ ਵਧਾਂਦਾ ਹਾਂ, ਮੈਂ ਸਤ ਪੁਰਖ ਦਾ ਪ੍ਰੇਰਣਾ ਕਰਨੇਹਾਰਾ ਯਗ ਕਰਨ ਵਾਲੇ ਨੂੰ ਫਲ ਦਾ ਦੇਣ ਵਾਲਾ, ਅਰ ਏਸ ਵਿਸ਼੍ਵ ਵਿਚ ਜੋ ਕੁਝ ਹੈ ਓਸ ਸਭ ਕਾਰਜ ਦਾ ਬਣਾਣੇ ਅਰ ਧਾਰਣ ਕਰਨੇ ਵਾਲਾ ਹਾਂ, ਏਸ ਲਈ ਤੁਸੀ ਲੋਗ ਮੈਨੂੰ ਛਡਕੇ ਕਿਸ ਦੂਜੇ ਨੂੰ ਮੇਰੇ ਸਥਾਂਨ ਵਿਚ ਨਾਂ ਪੂਜੋ ਨਾ ਮੰਨੋਂ ਅਰ ਨਾ ਜਾਣੋਂ।

हिरण्यगर्भः समवर्त्तताग्रे भूतस्य जातः पतिरेक आसीत्
स दाधार पृथिवीं द्यामुतेमां कस्मै देवाय हविषा विधेम॥
यजुः० । अ० १३ । ४ ॥

ਏਹ ਯਜੁਰਵੇਦ ਦਾ ਮੰਤ੍ਰ ਹੈ। ਹੇ ਮਨੁਖੋ ਜੇਹੜਾ ਸ੍ਰਿਸ਼ਟੀ ਦੇ ਪਹਿਲੇ ਸਭ ਸੂਰਜ ਆਦੀ ਤੇਜ ਵਾਲੇ ਲੋਕਾਂ ਦਾ ਉਤਪੱਤੀ ਸਥਾਂਨ, ਅਧਾਰ, ਅਰ ਜੋ ਕੁਝ ਉਤਪੰਨ ਹੈ, ਹੋਇਆ ਸੀ, ਅਰ ਹੋਵੇਗਾ, ਓਸਦਾ ਸ੍ਵਾਮੀ ਸੀ, ਹੈ, ਅਰ ਹੋਵੇਗਾ, ਉਹ ਪ੍ਰਿਥ੍ਵੀ ਥੀਂ ਲੈਕੇ ਸੂਰਜ ਲੋਕ ਤਿਕ ਸ੍ਰਿਸ਼ਟੀ ਨੂੰ ਬਣਾਕੇ ਧਾਰਣ ਕਰ ਰਿਹਾ ਹੈ ਓਸ ਸੁਖ ਰੂਪ ਪਰਮਾਤਮਾ ਹੀ ਦੀ ਭਗਤੀ ਜਿਸ ਤਰਾਂ ਅਸੀ ਕਰੀਏ ਓਸੇ ਤਰਾਂ ਤੁਸੀ ਲੋਗ ਥੀ ਕਰੋ।

(ਪ੍ਰਸ਼ਨ) ਤੁਸੀ ਈਸ਼੍ਵਰ ਈਸ਼੍ਵਰ ਕਹਿੰਦ ਹੋ ਪ੍ਰੰਤੂ ਓਸਦੀ ਸਿਧੀ ਕਿਸ

ਪ੍ਰਕਾਰ ਕਰਦੇ ਹੋ ?

(ਉਤ੍ਰ) ਸਭ ਪ੍ਰਤਖੱ ਆਦੀ ਪ੍ਰਮਾਣਾਂ ਕਰਕੇ।

(ਪ੍ਰਸ਼ਨ) ਈਸ਼੍ਵਰ ਵਿਚ ਪ੍ਰਤਖੱ ਆਦੀ ਪ੍ਰਮਾਂਣ ਕਦੀ ਨਹੀਂ ਘਟ ਸਕਦੇ

( ਉਤੱਰ ) इन्द्रियार्थसन्निकर्षोत्पन्नं ज्ञानमव्यपदेश्यमव्यभिचारि व्यवसायात्मकं प्रत्यक्षम्॥ न्याय० १ अ० १। सू० ४॥

ਏਹ ਗਉਤਮ ਮਹਾਂ ਰਿਖੀ ਕ੍ਰਿਤ ਨਿਆਯ ਦਰਸ਼ਨ ਦਾ ਸੂਤ੍ਰ ਹੈ, ਜੋ ਸ਼੍ਰੋਤ, ਤ੍ਵਚਾ, ਚਖੂ, ਜਬਾਂਨ, ਘ੍ਰਾਣ, ਅਰ ਮਨ ਦਾ ਸ਼ਬਦ, ਸਪਰਸ਼, ਰੂਪ, ਰਸ, ਗੰਧ, ਸੁਖ, ਦੁਖ, ਸਤ, ਅਸਤ, ਆਦੀ ਵਿਸ਼ਿਆਂ ਦੇ ਨਾਲ ਸਬੰਧ ਹੋਣ ਕਰਕੇ ਗਿਆਂਨ ਉਤਪੰਨ ਹੁੰਦਾ ਹੈ ਓਸਨੂੰ ਪ੍ਰਤਖੱ ਕਹਿੰਦੇ ਹਨ। ਪ੍ਰੰਤੂ ਉਹ ਨਿਰਭ੍ਰਾਂਤ ਹੋਵੇ। ਹੁਣ ਬਿਚਾਰਨਾ ਚਾਹੀਏ ਕਿ ਇੰਦ੍ਰੀਆਂ ਅਰ ਮਨ ਥੀਂ ਗੁਣਾਂ ਦਾ ਪ੍ਰਤਖੱ ਹੁੰਦਾ ਹੈ ਗੁਣੀ ਦਾ ਨਹੀਂ, ਜੀਕਣ ਚਹੁੰ ਤ੍ਵਚਾ ਆਦੀ ਇੰਦ੍ਰੀਆਂ ਥੀਂ ਸਪਰਸ਼, ਰੂਪ, ਰਸ, ਅਰ ਗੰਧ ਦਾ ਗਿਆਂਨ ਹੋਣ ਕਰਕੇ ਗੁਣੀ ਜੋ ਪ੍ਰਿਥ੍ਵੀ ਹੈ ਓਸਦਾ ਆਤਮਾ ਕਰਕੇ ਜੁਕਤ ਮਨ ਨਾਲ ਪ੍ਰਤਖੱ ਕੀਤਾ ਜਾਂਦਾ ਹੈ ਏਸੇ ਤਰਾਂ ਏਸ ਪ੍ਰਤਖੱ ਸ੍ਰਿਸ਼ਟੀ ਵਿਚ ਰਚਨਾਂ ਵਸ਼ੇਸ਼ ਆਦੀ ਗਿਆਂਨ ਆਦੀ ਗੁਣਾਂ ਦੇ ਪ੍ਰਤਖੱ ਹੋਣ ਕਰਕੇ ਪਰਮੇਸ਼੍ਵਰ ਦਾ ਬੀ ਪ੍ਰਤਖੱ ਹੈ। ਅਰ ਜਦ ਆਤਮਾ ਮਨ, ਅਰ ਮਨ ਇੰਦ੍ਰੀਆਂ ਨੂੰ ਕਿਸੇ ਵਿਸ਼ੇ ਵਿਚ ਲਗਾਂਦਾ ਵਾ ਚੋਰੀ ਆਦੀ ਬੁਰੀ ਵਾ ਪਰਉਪਕਾਰ ਆਦੀ ਚੰਗੀ ਬਾਤ ਦੇ ਕਰਨ ਦਾ ਜਿਸ ਖਿਣ ਵਿਚ ਅਰੰਭ ਕਰਦਾ ਹੈ ਓਸ ਵੇਲੇ ਜੀਵ ਦੀ ਇਛਿਆ ਗਿਆਂਨ ਆਦੀ ਓਸੇ ਇਛਿਆ ਕੀਤੇ ਹੋਏ ਵਿਸ਼ੇ ਉਤੇ ਝੁਕ ਜਾਂਦੀ ਹੈ ਓਸੇ ਛਿਨ ਵਿਚ ਆਤਮਾਂ ਦੇ ਅੰਦ੍ਰੋਂ ਬੁਰੇ ਕੰਮ ਕਰਨ ਵਿਚ ਭੈ, ਸ਼ੰਕਾ, ਅਰ ਲਜਾ, ਤਥਾ ਚੰਗੇ ਕੰਮਾਂ ਦੇ ਕਰਨ ਵਿਚ ਅਭੈ, ਨਿਸ਼ੰਕਤਾ, ਅਰ ਅਨੰਦ, ਉਤਸਾਹ ਉਠਦਾ ਹੈ, ਉਹ ਜੀਵਾਤਮਾਂ ਵਲੋਂ ਨਹੀਂ ਕਿੰਤੂ ਪਰਮਸ਼੍ਵਰ ਵਲੋਂ ਹੈ। ਅਰ ਜਦ ਜੀਵਤਮਾਂ ਸ਼ੁਧ ਹੋਕੇ ਪ੍ਰਮਾਤਮਾਂ ਦੇ ਬਿਚਾਰ ਕਰਨ ਵਿਚ ਤਤਪਰ ਰਹਿੰਦਾ ਹੈ ਓਸਨੂੰ ਓਸ ਵੇਲੇ ਦੋਨੋਂ ਪ੍ਰਤਖੱ ਹੋਂਦੇ ਹਨ, ਜਦ ਪਰਮੇਸ਼੍ਵਰ ਦਾ ਪ੍ਰਤਖੱ ਹੁੰਦਾ ਹੈ ਤਾਂ ਅਨੁਮਾਨ ਆਦੀ ਕਰਕੇ ਪਰਮੇਸ਼੍ਵਰ ਦੇ ਗਿਆਂਨ ਹੋਣ ਵਿਚ ਕੀ ਸੰਦੇਹ ਹੈ ਕਿਉਂਕਿ ਕਾਰਜ ਨੂੰ ਵੇਖ ਕੇ ਕਾਰਣ ਦਾ ਅਨੁਮਾਂਨ ਹੁੰਦਾ ਹੈ।

(ਪ੍ਰਸ਼ਨ) ਈਸ਼੍ਵਰ ਵਿਆਪਕ ਹੈ ਵਾ ਕਿਸੇ ਦੇਸ਼ ਵਸ਼ੇਸ਼ ਵਿਚ ਰਹਿੰਦਾ ਹੈ?

(ਉਤ੍ਰ) ਵਯਾਪਕ ਹੈ ਕਿਉਂਕਿ ਜੇ ਇਕ ਦੇਸ਼ ਵਿਚ ਰਹਿੰਦਾ ਤਾਂ ਸਰਬ ਅੰਤ੍ਰਜਾਮੀ, ਸਰਬਗੱ, ਸਰਬ ਨਿਯੰਤਾ, ਸਬ ਦਾ ਸ੍ਰਸ਼੍ਟਾ, ਸਭ ਦਾ ਧਰਤਾ, ਅਰ ਪ੍ਰਲੈ ਕਰਤਾ ਨਹੀਂ ਹੋ ਸਕਦਾ ਅਪ੍ਰਾਪਤ ਦੇਸ਼ ਵਿਚ ਕਰਤਾ ਦੀ ਕ੍ਰਿਆ ਦਾ ਹੋਣਾ ਅਸੰਭਵ ਹੈ।

(ਪ੍ਰਸ਼ਨ) ਪਰਮੇਸ਼੍ਵਰ ਦਯਾਲੂ ਅਰ ਨਿਆਇਕਾਰੀ ਹੈ ਵਾ ਨਹੀਂ ?

(ਉਤ੍ਰ) ਹੈ। (ਪ੍ਰਸ਼ਨ) ਏਹੁ ਦੋਨੋਂ ਗੁਣ ਇਕ ਦੂਜੇ ਦੇ ਵਿਰੁਧ ਹਨ ਜੇ ਨਿਆਂ ਕਰੇ ਤਾਂ ਦਇਆ ਅਰ ਦਇਆ ਕਰੇ ਤਾਂ ਨਿਆਂ ਛੁਟ ਜਾਵੇ, ਕਿਉਂਕਿ ਨਿਆਂ ਓਸ ਨੂੰ ਕਹਿੰਦੇ ਹਨ ਕਿ ਜੋ ਕਰਮਾਂ ਦੇ ਅਨੁਸ਼ਾਰ ਨਾਂ ਵਧੀਕ ਨਾ ਘਟ ਦੁਖ ਸੁਖ ਪੁਚਾਣਾ, ਅਰ ਦਇਆ ਓਸਨੂੰ ਕਹਿੰਦੇ ਹਨ ਜੋ ਅਪ੍ਰਾਧੀ ਨੂੰ ਬਗੈਰ ਡੰਡ ਦਿਤੇ ਛਡ ਦੇਣਾ।

(ਉਤ੍ਰ) ਨਿਆਂ ਅਰ ਦਇਆ ਦਾ ਨਾਉਂ ਮਾਤ੍ਰ ਹੀ ਫਰਕ ਹੈ ਕਿਉਂਕਿ ਜੇਹੜਾ ਨਿਆਂ ਥੀਂ ਪ੍ਰਜੋਜਨ ਸਿਧ ਹੁੰਦਾ ਹੈ ਉਹੋ ਦਇਆ ਥੀਂ ਡੰਡ ਦੇਣ ਦਾ ਪ੍ਰਜੋਜਨ ਹੈ ਕਿ ਮਨੁਖ ਅਪ੍ਰਾਧ ਕਰਨ ਥੀਂ ਹਟਕੇ ਦੁੱਖਾਂ ਨੂੰ ਪ੍ਰਾਪਤ ਨਾ ਹੋਣ ਉਹੋ ਹੀ ਦਇਆ ਕਹਾਂਦੀ ਹੈ ਜੋ ਪ੍ਰਾਏ ਦੁੱਖਾਂ ਦਾ ਛੁਡਾਣਾ, ਅਰ ਜਿਸਤਰਾਂ ਦਾ ਅਰਥ ਦਇਆ ਅਰ ਨਿਆਂ ਦਾ ਤੁਸਾਂ ਨੇ ਕੀਤਾ ਉਹ ਠੀਕ ਨਹੀ ਕਿਉਂਕਿ ਜਿਸੀ ਨੇ ਜਿਸਤਰਾਂ ਦਾ ਜਿਨਾ ਬੁਰਾ ਕੰਮ ਕੀਤਾ ਹੋਵੇ ਓਸਨੂੰ ਉਨਾ ਓਸ ਤਰਾਂ ਦਾ ਹਨ ਡੰਡ ਦੇਣਾ ਚਾਹੀਏ ਓਸੇ ਦਾ ਨਾਂਉ ਨਿਆਂ ਹੈ, ਅਰ ਜੇ ਅਪ੍ਰਾਧੀ ਨੂੰ ਡੰਡ ਨਾ ਦਿਤਾ ਜਾਵੇ ਤਾਂ ਦਇਆ ਦਾ ਨਾਸ਼ ਹੋ ਜਾਵੇ, ਕਿਉਂਕਿ ਇਕ ਅਪ੍ਰਾਧੀ ਡਾਕੂ ਨੂੰ ਛਡ ਦੇਣ ਕਰਕੇ ਹਜਾਰਾਂ ਧਰਮਾਤਮਾਂ ਪੁਰਖਾਂ ਨੂੰ ਦੁਖ ਦੇਣਾ ਹੈ, ਜਦ ਇਕ ਨੂੰ ਛਡਣ ਵਿਚ ਹਜਾਰਾਂ ਮਨੁੱਖਾਂ ਨੂੰ ਦੁਖ ਮਿਲਦਾ ਹੈ ਉਹ ਦਇਆ ਕਿਸਤਰਾਂ ਹੋ ਸਕਦੀ ਹੈ, ਦਇਆ ਉਹੋ ਹੈ ਕਿ ਓਸ ਡਾਕੂ ਨੂੰ ਕੈਦਖਾਨੇ ਵਿਚ ਰਖਕੇ ਪਾਪ ਕਰਨ ਤੋਂ ਬਚਾਣਾ ਡਾਕੂ ਉਤੇ, ਅਰ ਓਸ ਡਾਕੂ ਨੂੰ ਮਾਰ ਦੇਣ ਨਾਲ ਹੋਰਨਾਂ ਹਜਾਰਾਂ ਮਨੁੱਖਾਂ ਉਤੇ ਦਇਆ ਪ੍ਰਗਟ ਹੁੰਦੀ ਹੈ।

(ਪ੍ਰਸ਼ਨ) ਫੇਰ ਦਇਆ ਅਰ ਨਿਆਂ ਦੋ ਸ਼ਬਦ ਕਿਉਂ ਹੋਏ? ਕਿਉਂਕਿ ਉਨਾਂ ਦੋਹਾਂ ਦਾ ਅਰਥ ਇਕ ਹੀ ਹੁੰਦਾ ਹੈ ਤਾਂ ਦੋਹਾਂ ਸਬਦਾਂ ਦਾ ਹੋਣਾ ਵਿਅਰਥ ਹੈ ਏਸ ਲਈ ਇਕ ਸ਼ਬਦ ਦਾ ਰਹਿਣਾ ਤਾਂ ਅਛਾਸੀ, ਏਸ ਤੋਂ ਕੀ ਮਲੂਮ ਹੋਂਦਾ ਹੈ ਕਿ ਦਇਆ ਅਰ ਨਿਆਂ ਦਾ ਇਕ ਮਤਲਬ ਨਹੀ ਹੈ।

(ਉਤ੍ਰ) ਕੀ ਇਕ ਅਰਥ ਦੇ ਅਨੇਕ ਨਾਉਂ ਅਰ ਇਕ ਨਾਉਂ ਦੇ ਅਨੇਕ ਅਰਥ ਨਹੀਂ ਹੋਂਦ?

(ਪ੍ਰਸ਼ਨ) ਹੁੰਦੇ ਹਨ (ਉਤ੍ਰ) ਤਾਂ ਫੇਰ ਤੁਹਾਨੂੰ ਸ਼ੰਕਾ ਕਿਉ ਹੋਈ। (ਪ੍ਰਸ਼ਨ) ਸੰਸਾਰ ਵਿਚ ਸੁਣਦੇ ਹਾਂ ਏਸ ਵਾਸਤੇ।

(ਉਤ੍ਰ) ਸੰਸਾਰ ਵਿਚ ਤਾਂ ਸੱਚਾ ਝੂਠਾ ਦੋਨੋ ਸੁਣਨ ਵਿਚ ਆਂਉਦਾ ਹੈ ਪ੍ਰੰਤੂ ਓਸਦਾ ਵਿਚਾਰ ਕਰਕੇ ਨਿਸਚਾ ਕਰਨਾ ਆਪਣਾ ਕੰਮ ਹੈ। ਵੇਖੋ ਈਸ਼੍ਵਰ ਦੀ ਪੂਰਣ ਦਇਆ ਤਾਂ ਏਹ ਹੈ ਕਿ ਜਿਸਨੇ ਸਭ ਜੀਵਾਂ ਦੇ ਪ੍ਰਜੋਜਨ ਸਿਧੀ ਦੇ ਅਰਥ ਜਗਤ ਵਿਚ ਸਾਰੇ ਪਦਾਰਥ ਉਤਪੰਨ ਕਰਕੇ ਦਾਂਨ ਦੇ ਰਖੇ ਹਨ ਏਸ ਤੋਂ ਭਿੰਨ ਦੂਜੀ ਵਡੀ ਦਇਆ ਕੇਹੜੀ ਹੈ, ਹੁਣ ਨਿਆਂ ਦਾ ਫਲ ਪ੍ਰਤਖ ਪ੍ਰਤੀਤ ਹੁੰਦਾ ਹੈ ਕਿ ਸਖ ਦਖ ਦੀ ਬਿਵਸਥਾ ਘਟ ਵਧ ਹੋਣ ਕਰਕੇ ਫਲ ਨੂੰ ਜਾਹਿਰ

ਕਰ ਰਹੀ ਹੈ ਇਨ੍ਹਾਂ ਦੋਹਾਂ ਦਾ ਇਨਾਂਹੀ ਭੇਦ ਹੈ ਕਿ ਜੇਹੜੀ ਮਨ ਵਿਚ ਸਭ ਨੂੰ ਸੁਖ ਦੇਣ ਅਰ ਦੁਖ ਛੁਡਾਣ ਦੀ ਇਛਿਆ ਅਰ ਕ੍ਰਿਆ ਕਰਨਾ ਹੈ ਉਹ ਦਇਆ, ਅਰ ਬਾਹਰ ਦੀ ਚੇਸ਼ਟਾ ਅਰਥਾਤ ਬਨ੍ਹਣਾ ਟੁਕਣਾ ਆਦੀ ਜੇਹਾ ਚਾਹੀਏ ਤੇਹਾ ਡੰਡ ਦੇਣਾ ਨਿਆਂ ਕਹਾਂਦਾ ਹੈ, ਦੋਹਾਂ ਦਾ ਇਕ ਪ੍ਰਜਨ ਇਹ ਹੈ ਕਿ ਸਭ ਨੂੰ ਪਾਪ ਅਰ ਦੁੱਖਾਂ ਥੀਂ ਦੂਰ ਕਰ ਦਣਾ।

(ਪ੍ਰਸ਼ਨ) ਈਸ਼੍ਵਰ ਸਕਾਰ ਹੈ ਵਾ ਨਿਰਾਕਾਰ।

(ਉਤ੍ਰ) ਨਿਰਾਕਾਰ ਕਿਉਂਕਿ ਜੇ ਸਕਾਰ ਹੁੰਦਾ ਤਾਂ ਵਿਆਪਕ ਨਾ ਹੁੰਦਾ ਜਦ ਵਿਆਪਕ ਨਾ ਹੁੰਦਾ ਤਾਂ ਸਰਬਗੱਜ ਆਦੀ ਗੁਣ ਬੀ ਈਸ਼੍ਵਰ ਵਿਚ ਨਾ ਘਟ ਸਕਦੇ ਕਿਉਂਕਿ ਅੰਦਾਜ਼ੇ ਵਾਲੀ ਬਸਤੂ ਵਿਚ ਗੁਣ, ਕਰਮ, ਸੁਭਾਉ ਬੀ ਅੰਦਾਜ਼ੇ ਦੇ ਰਹਿੰਦੇ ਹਨ, ਤਥਾ ਸਰਦੀ, ਗਰਮੀ, ਭੁਖ, ਤਿਹ, ਅਰ ਰੋਗ ਦੋਸ਼ ਛੇਦਨ ਭੇਦਨ ਆਦੀ ਥੀਂ ਰਹਿਤ ਨਹੀਂ ਹੋ ਸਕਦਾ ਏਸ ਕਰਕੇ ਏਹ ਨਿਸਚੇ ਹੈ ਕਿ ਈਸ਼੍ਵਰ ਨਿਰਾਕਾਰ ਹੈ, ਜੇ ਸਕਾਰ ਹੋਵੇ ਤਾਂ ਓਸ ਦੇ ਨਕ, ਕੰਨ, ਅਖੱਾਂ ਆਦੀ ਅਵੈਵਾਂ ਦਾ ਬਣਾਉਣਹਾਰਾ ਦੂਜਾ ਹੋਣਾ ਚਾਹੀਏ ਕਿਉਂਕਿ ਜੇਹੜਾ ਸੰਜੋਗ ਥੀਂ ਉਤਪੰਨ ਹੁੰਦਾ ਹੈ ਓਸਨੂੰ ਸੰਜੁਕਤ ਕਰਨ ਵਾਲਾ ਨਿਰਾਕਾਰ ਚੇਤਨ ਜ਼ਰੂਰ ਹੋਣਾ ਚਾਹੀਏ, ਜੇ ਕੋਈ ਏਥੇ ਏਹ ਗਲੱ ਕਹੇ ਕਿ ਈਸ਼੍ਵਰ ਨੇ ਅਪਣੀ ਮਰਜ਼ੀ ਨਾਲ ਆਪੇ ਹੀ ਆਪਣਾ ਸ਼ਰੀਰ ਬਣਾ ਲੀਤਾ ਤਾਂ ਬੀ ਉਹੋ ਸਿਧ ਹੋਇਆ ਕਿ ਸ਼ਰੀਰ ਬਣਾਣ ਤੋਂ ਪਹਿਲੇ ਨਿਰਾਕਾਰ ਸੀ ਇਸ ਲਈ ਪਰਮੇਸ਼੍ਵਰ ਕਦੀ ਸ਼ਰੀਰ ਧਾਰਣ ਨਹੀਂ ਕਰਦਾ ਕਿੰਤੂ ਨਿਰਾਕਾਰ ਹੋਣ ਕਰਕੇ ਸਭ ਜਗਤ ਨੂੰ ਸੂਖਮ ਕਾਰਣਾਂ ਥੀਂ ਸਥੂਲ ਰੂਪ ਵਾਲਾ ਬਣਾ ਦੇਂਦਾ ਹੈ।

(ਪ੍ਰਸ਼ਨ) ਈਸ਼੍ਵਰ ਸਰਬ ਸ਼ਕਤੀਮਾਨ ਹੈ ਵਾਂ ਨਹੀਂ?

(ਉਤ੍ਰ) ਹੈ ਪ੍ਰੰਤੂ ਜਿਸਤਰਾਂ ਤੁਸੀ ਸਰਬ ਸ਼ਕਤੀਮਾਨ ਸ਼ਬਦ ਦਾ ਅਰਥ ਜਾਣਦੇ ਹੋ ਓਸ ਤਰਾਂ ਨਹੀਂ ਕਿੰਤੂ ਸਰਬ ਸ਼ਕਤੀਮਾਨ ਸ਼ਬਦ ਦਾ ਏਹ ਅਰਥ ਹੈ ਕਿ ਈਸ਼੍ਵਰ ਅਪਣੇ ਕੰਮ ਅਰਥਾਤ ਉਤਪਤੀ, ਪਾਲਣ, ਪਰਲੈ ਆਦੀ ਅਰ ਸਭ ਜੀਵਾਂ ਦੇ ਪੁੰਨ ਪਾਪ ਦੀ ਜਹੀ ਚਾਹੀਏ ਤੇਹੀ ਬਿਵਸਥਾ ਕਰਨ ਵਿਚ ਜ਼ਰਾ ਜਿੰਨੀ ਬੀ ਕਿਸੇ ਦੀ ਸਹਾਇਤਾ ਨਹੀਂ ਲੈਂਦਾ ਅਰਥਾਤ ਅਪਣੇ ਅਨੰਤ ਸਮ੍ਰਥ ਕਰ ਕੇ ਹੀ ਸਭ ਅਪਣਾ ਕੰਮ ਪੂਰਾ ਕਰ ਲੈਂਦਾ ਹੈ।

(ਪ੍ਰਸ਼ਨ) ਅਸੀ ਤਾਂ ਅਜੇਹਾ ਮੰਨਨੇ ਹਾਂ ਕਿ ਈਸ਼੍ਵਰ ਚਾਹੇ ਸੋ ਕਰੇ ਕਿਉਂਕਿ ਓਸਦੇ ਉਤੇ ਦੂਜਾ ਕੋਈ ਨਹੀਂ ਹੈ।

(ਉਤ੍ਰ) ਉਹ ਕੀ ਚਾਹਦਾ ਹੈ ਜੇ ਤੁਸੀ ਕਹੋ ਕਿ ਸਭ ਕੁਝ ਚਾਹਦਾ ਅਰ ਕਰ ਸਕਦਾ ਹੈ ਤਾਂ ਅਸੀ ਤੁਹਾਨੂੰ ਪੁਛਨੇ ਹਾਂ ਕਿ ਪਰਮੇਸ਼੍ਵਰ ਅਪਣੇ ਆਪ ਨੂੰ ਮਾਰਕੇ ਅਨੇਕ ਈਸ਼੍ਵਰ ਬਣਾ, ਆਪ ਅਵਿਦਵਾਨ ਹੋ ਚੋਰੀ ਬਿਭਚਾਰ ਆਦੀ ਪਾਪ ਕਰਮ ਕਰ, ਅਰ ਦੁਖੀ ਬੀ ਹੋ ਸਕਦਾ ਹੈ? ਜੀਕਣ ਇਹ ਕੰਮ ਈਸ਼੍ਵਰ ਦੇ

ਗੁਣ, ਕਰਮ, ਸੁਭਾਉ ਥੀਂ ਵਿਰੁਧ ਹਨ ਤਾਂ ਜੇਹੜਾ ਤੁਹਾਡਾ ਕਹਿਣਾ ਹੈ ਕਿ ਉਹ ਸਭ ਕੁਝ ਕਰ ਸਕਦਾ ਹੈ ਏਹ ਕਦੀ ਨਹੀਂ ਘਟ ਸਕਦਾ ਇਸ ਲਈ ਸਰਬ ਸ਼ਕਤੀਮਾਨ ਸ਼ਬਦ ਦਾ ਅਰਥ ਜੁ ਅਸਾਂ ਨੇ ਕਹਿਆ ਉਹੀ ਠੀਕ ਹੈ।

(ਪ੍ਰਸ਼ਨ) ਪਰਮੇਸ਼੍ਵਰ ਆਦ ਵਾਲਾ ਹੈ ਵਾ ਆਦ ਤੋਂ ਬਿਨਾਂ

(ਉਤ੍ਰ) ਅਨਾਦੀ ਅਰਥਾਤ ਜਿਸਦਾ ਆਦ ਕੋਈ ਕਾਰਣ ਵਾ ਸਮਾਂ ਨਹੀਂ ਓਸਨੂੰ ਅਨਾਦੀ ਕਹਿੰਦੇ ਹਨ ਇਤ੍ਯਾਦੀ ਸਭ ਅਰਥ ਪਹਿਲੇ ਸਮੁਲੱਾਸ ਵਿਚ ਕਰ ਦਿੱਤਾ ਹੈ ਵੇਖ ਲਵੋ।

(ਪ੍ਰਸ਼ਨ) ਪਰਮੇਸ਼੍ਵਰ ਕੀ ਚਾਂਹਿਦਾ ਹੈ ?

(ਉਤ੍ਰ) ਸਭ ਦੀ ਭਲਿਆਈ ਅਰ ਸਭਦੇ ਲਈ ਸੁਖ ਚਾਹੀਦਾ ਹੈ ਪ੍ਰੰਤੂ ਸੁਤੰਤ੍ਰਾ ਦੇ ਨਾਲ ਕਿਸੇ ਨੂੰ ਬਗੈਰ ਪਾਪ ਕੀਤੇ ਪ੍ਰਾਧੀਨ ਨਹੀਂ ਕਰਦਾ।

(ਪ੍ਰਸ਼ਨ) ਪਰਮੇਸ਼੍ਵਰ ਦੀ ਉਸਤਤੀ, ਪ੍ਰਾਰਥਨਾ, ਅਰ ਉਪਾਸ਼ਨਾ ਕਰਨੀ ਚਾਹੀਏ ਵਾ ਨਹੀਂ ?

(ਉਤ੍ਰ) ਕਰਨੀ ਚਾਹੀਏ।

(ਪ੍ਰਸ਼ਨ) ਕੀ ਉਸਤਤਿ ਆਦੀ ਕਰਨ ਕਰਕੇ ਈਸ਼੍ਵਰ ਅਪਣਾ ਨਿਯੱਮ ਛਡਕੇ ਉਸਤਤਿ ਪ੍ਰਾਰਥਨਾ ਕਰਨ ਵਾਲੇ ਦਾ ਪਾਪ ਛੁਡਾ ਦੇਵੇਗਾ? (ਉਤ੍ਰ) ਨਹੀਂ (ਪ੍ਰਸ਼ਨ) ਤਾਂ ਫੇਰ ਉਸਤਤਿ ਪ੍ਰਾਰਥਨਾ ਕਿਉਂ ਕਰਨੀ। (ਉਤ੍ਰ) ਉਨਾਂ ਦੇ ਕਰਨ ਦਾ ਫਲ ਹੋਰ ਹੀ ਹੈ। (ਪ੍ਰਸ਼ਨ) ਕੀ ਹੈ। (ਉਤ੍ਰ) ਉਸਤਤਿ ਥੀਂ ਈਸ਼੍ਵਰ ਵਿਚ ਪ੍ਰੀਤੀ ਓਸਦੇ ਗੁਣ, ਕਰਮ, ਸੁਭਾਉ ਥੀਂ ਅਪਣੇ ਗੁਣ, ਕਰਮ, ਸੁਭਾਉ, ਦਾ ਸੁਧਾਰਣਾ। ਪ੍ਰਾਰਥਨਾਂ ਥੀਂ ਨਿਰ ਅਭਿਮਾਂਨਤਾ, ਉਤਸਾਹ ਅਰ ਸ਼ਹਾਇਤਾ ਦਾ ਮਿਲਣਾ, ਉਪਾਸ਼ਨਾਂ ਥੀਂ ਪਾਰਬ੍ਰਹਮ ਨਾਲ ਮੇਲ, ਅਰ ਓਸਦਾ ਸਾਖਿਆਤ ਕਾਰ ਹੋਣਾ। (ਪ੍ਰਸ਼ਨ) ਇਨਾਂ ਨੂੰ ਸਫਾ ਕਰਕੇ ਸਮਝਾਓ। (ਉਤ੍ਰ) ਜੀਕਣ:—

स पर्यगाच्छुक्रमकायमव्रणमस्नाविरꣳशुद्धमपापविद्धम्।
कविर्मनीषी परिभूः स्वयम्भूर्याथातथ्यतोऽर्थान् व्यदधाच्छाश्वतीभ्यः समाभ्यः॥ यजुः० ॥ अ० ४० । मं० ८॥

(ਈਸ਼੍ਵਰ ਦੀ ਉਸਤਤਿ) ਉਹ ਪਰਮੇਸ਼੍ਵਰ ਸਭ ਵਿਚ ਵਜਾਪਕ, ਜਲਦੀ ਕਰਨ ਵਾਲਾ, ਅਰ ਅਨੰਤ ਬਲਵਾਂਨ, ਜੇਹੜਾ ਸੁਧ, ਸ੍ਰਬਗੱਯ, ਸਭ ਦਾ ਅੰਤ੍ਰਜਾਮੀ, ਸਾਰਿਆਂ ਉਪਰ, ਬ੍ਰਿਾਜਮਾਂਨ, ਸਨਾਤਨ ਅਪਣੇ ਆਪ ਸਿਧ ਪਰਮੇਸ਼੍ਵਰ ਅਪਣੀ ਜੀਵ ਰੂਪੀ ਸਨਾਤਨ ਅਨਾਦੀ, ਪਰਜਾ ਨੂੰ ਅਪਣੀ ਸਨਾਤਨ ਵਿਦੱਯਾ ਨਾਲ ਜਥਾਵਤ ਅਰਥਾਂ ਦਾ ਬੋਧ ਵੇਦ ਦੁਆਰਾ ਕਰਾਂਦਾ ਹੈ ਏਹ ਸਗੁਣ ਉਸਤਤਿ ਅਰਥਾਤ ਜਿਸ ਜਿਸ ਗੁਣ ਦੇ ਸਮੇਤ ਪਰਮੇਸ਼੍ਵਰ ਦੀ ਉਸਤਤਿ ਕਰਨਾ ਉਹ ਸਗੁਣ, 'ਅਕਾਯ' ਅਰਥਾਤ ਉਹ ਕਦੀ ਸ਼ਰੀਰ ਧਾਰਣ ਵਾ ਜਨਮ ਨਹੀਂ ਲੈਂਦਾ, ਜਿਸ ਵਿਚ ਛਿਦ੍ਰ ਨਹੀਂ ਹੁੰਦਾ, ਨਾੜੀ ਆਦੀ ਦੇ ਬੰਧਨ ਦੇ ਵਿਚ

ਨਹੀਂ ਆਉਂਦਾ, ਅਰ ਕਦੀ ਪਾਪਾ ਚਰਨ ਨਹੀਂ ਕਰਦਾ, ਜਿਸ ਵਿਚ ਕਲੇਸ਼, ਦੁਖ, ਅਗਿਆਨ, ਕਦੀ ਨਹੀਂ ਹੁੰਦਾ ਇਤਆਦੀ ਜਿਸ ਜਿਸ ਰਾਗ ਦ੍ਵੇਸ਼ ਆਦੀ ਗੁਣਾਂ ਥੀਂ ਵਖਰਾ ਮਨ ਕੇ ਪਰਮੇਸ਼੍ਵਰ ਦੀ ਉਸਤਤਿ ਕਰਨਾ ਹੈ ਉਹ ਨਿਰਗੁਣ ਉਸਤਤਿ ਹੈ, ਏਸ਼ ਕਰਕੇ ਅਪਣੇ ਗੁਣ ਕਰਮ, ਸੁਭਾਉ ਬੀ ਕਰਨਾ, ਜੀਕਣ ਉਹ ਨਿਆਂ ਕਰਨ ਵਾਲਾਹੈ ਤਾਂ ਆਪ ਬੀ ਨਿਆਂ ਕਰਨ ਵਾਲਾ ਹੋਵੇ, ਅਰ ਜੇਹੜਾ ਨਿਰਾ ਭੰਡਵਾਂਕਣ ਪਰਮੇਸ਼੍ਵਰ ਦੇ ਗੁਣ, ਕੀਰਤਨ, ਕਰਦਾ ਜਾਂਦਾ ਅਰ ਅਪਣੇ ਚਰਿਤ੍ਰ(ਚਾਲਚਲਨ)ਨਹੀਂ ਸੁਧਾਰਦਾ ਓਸਦਾ ਉਸਤਤਿ ਕਰਨਾ ਵਿਅਰਥ ਹੈ ਜੀਕਣ:-

यां मेधां देवगणाः पितरश्चोपासते । तया मामद्य मेधयाऽग्ने मे-
धाविनं कुरु स्वाहा ॥ १ ॥ यजुः० ॥ अ० ३२ । मं० १४ ॥

तेजोऽसि तेजो मयि धेहि । वीर्यमसि वीर्यं मयि धेहि । बल-
मसि बलं मयि धेहि । ओजोऽस्योजो मयि धेहि । मन्युरसि
मन्युं मयि धेहि । सहोऽसि सहो मयि धेहि ॥ २ ॥
यजुः० ॥ अ० १९ । मं० ९ ॥

यज्जाग्रतो दूरमुदैति दैवन्तदु सुप्तस्य तथैवैति दूरंगमं
ज्योतिषां ज्योतिरेकन्तन्मे मनः शिवसङ्कल्पमस्तु ॥ ३ ॥
येन कर्माण्यपसो मनीषिणो यज्ञे कृण्वन्ति विदथेषु धीराः ।
यदपूर्वं यक्षमन्तः प्रजानां तन्मे मनः शिवसङ्कल्पमस्तु ॥ ४ ॥
यत्प्रज्ञानमुत चेतो धृतिश्च यज्ज्योतिरन्तरमृतम् प्रजासु
यस्मान्नऽऋते किंचन कर्म क्रियते तन्मे मनः शिवसङ्कल्प-
मस्तु ॥ ५ ॥ येनेदं भूतं भुवनं भविष्यत्परिगृहीतममृतेन सर्वम्
येन यज्ञस्तायते सप्तहोता तन्मे मनः शिवसङ्कल्पमस्तु ॥ ६ ॥
यस्मिन्नृचः साम यजूꣳषि यस्मिन्प्रतिष्ठिता रथनाभाविवाराः
यस्मिंश्चित्तꣳ सर्वमोतं प्रजानां तन्मे मनः शिवसङ्कल्प-
मस्तु ॥ ७ ॥ सुषारथिरश्वानिव यन्मनुष्यान्नेनीयतेऽभीशु-
भिर्वाजिनऽइव । हृत्प्रतिष्ठं यदजिरं जविष्ठं तन्मे मनः शि-
वसङ्कल्पमस्तु ॥ ८ ॥ यजुः० । अ० ३४ । मं० १ । २ । ३ । ४ । ५ । ६ ॥

ਹੇ ਅਗਨੀ ਅਰਥਾਤ ਪ੍ਰਕਾਸ਼ ਸ੍ਵਰੂਪ ਪ੍ਰਮੇਸ਼੍ਵਰ ਆਪ ਕ੍ਰਿਪਾ ਕਰਕੇ ਜਿਸ ਬੁਧ ਦੀ ਉਪਾਸਨਾ ਵਿਦ੍ਵਾਂਨ, ਗਿਆਂਨੀ, ਅਰ ਜੋਗੀ ਲੋਗ ਕਰਦੇ ਹਨ ਉਸੇ ਬੁਧੀ ਥੀਂ ਜੁਕਤ ਸਾਂਨੂੰ ਇਸੇ ਵਰਤ ਮਾਨ ਸਮੇਂ ਵਿਚ ਬੁਧਵਾਂਨ ਤੁਸੀ ਕਰੋ, ਤੁਸੀ ਪ੍ਰਕਾਸ਼ ਸ੍ਵਰੂਪ ਓ ਕ੍ਰਿਪਾ ਕਰਕੇ ਮੇਰੇ ਵਿਚ ਬੀ ਪ੍ਰਕਾਸ਼ ਅਸਥਾਪਨ ਕਰੋ, ਆਪ ਬਿਅੰਤ ਪ੍ਰਾਕ੍ਰਮ ਜੁਕਤ ਹੋ ਏਸ ਲਈ ਮੇਰੇ ਵਿਚ ਬੀ ਕ੍ਰਿਪਾ ਕਟਾਖ ਥੀਂ [illegible]

ਵਿਚ ਬੀ ਬਲ ਧਾਰਨ ਕਰੋ ਆਪ ਅਨੰਤ ਸਮ੍ਰਥ ਜੁਕਤ ਹੋ ਮੈਨੂੰ ਬੀ ਪੂਰਣ ਸਮ੍ਰਥਾ ਦੇਉ, ਆਪ ਦੁਸ਼ਟ ਕੰਮ, ਅਰ ਦੁਸ਼ਟਾਂ ਉਤੇ ਕ੍ਰੋਧ ਕਾਰੀ ਹੋ ਮੈਨੂੰ ਬੀ ਉਹੋ ਜੇਹਾ ਹੀ ਕਰੋ, ਆਪ ਨਿੰਦਿਆ ਉਸਤਤਿ ਅਰ ਆਪਣੇ ਅਪ੍ਰਾਧੀਆਂ ਦਾ ਸਹਾਰਣ ਵਾਲੇ ਹੋ ਕ੍ਰਿਪਾ ਕਰਕੇ ਮੈਨੂੰ ਬੀ ਉਹੋ ਜੇਹਾ ਹੀ ਕਰੋ, ਹੇ ਦਇਆ ਨਿਧੇ ਆਪਦੀ ਕ੍ਰਿਪਾ ਕਰਕੇ ਮੇਰਾ ਮਨ ਜੋ ਜਗਤ ਵਿਚ ਦੂਰ ਦੂਰ ਜਾਂਦਾ ਦਿਬ ਗੁਣ ਜੁਗਤ ਰਹਿੰਦਾ ਹੈ ਅਰ ਉਹੋ ਸੁਤਿਆਂ ਹੋਇਆਂ ਮੇਰਾ ਮਨ ਸਸ਼ੁਪਤੀ ਨੂੰ ਪ੍ਰਾਪਤ ਹੁੰਦਾ, ਵਾ ਸੁਪਨੇ ਵਿਚ ਦੂਰ ਦੂਰ ਜਾਂਣਦੇ ਸਮਾਂਨ ਵਿਹਾਰ ਕਰਦਾ, ਸਭ ਪ੍ਰਕਾਸ਼ਾਂ ਦਾ ਪ੍ਰਕਾਸ਼ਕ, ਇਕ ਉਹ ਮੇਰਾ ਮਨ 'ਸ਼ਿਵ ਸੰਕਲਪ' ਅਰਥਾਤ ਆ-ਪਣੇ ਅਰ ਦੂਜੇ ਪ੍ਰਾਣੀਆਂ ਦੇ ਅਰਥ ਕਲਿਆਂਨ ਦਾ ਸੰਕਲਪ ਕਰਨ ਹਾਰਾ ਹੋਵੇ, ਕਿਸੇ ਦੀ ਹਾਨੀ ਕਰਨ ਦੀ ਇਛਿਆ ਥੀਂ ਜੁਕਤ ਕਦੀ ਨਾ ਹੋਵੇ, ਹੇ ਸਰਬ ਅੰਤ੍ਰਜਾਮੀ ਜਿਸ ਕਰਕੇ ਕਰਮ ਕਰਨ ਹਾਰੇ ਧੀਰਜ ਵਾਲੇ ਵਿਦ੍ਵਾਂਨ ਲੋਗ ਯਗ ਅਰ ਯੁਧ ਆਦੀ ਵਿਚ ਕਰਮ ਕਰਦੇ ਹਨ, ਜੇਹਿੜਾ ਅਪੂਰਬ ਸਮ੍ਰਥੱਾ ਵਾਲਾ ਸਤਕਾਰਦੇ ਜੋਗ, ਅਰ ਪਰਜਾ ਦੇ ਅੰਦਰ ਰਹਿਣੇ ਵਾਲਾ ਹੈ ਉਹ ਮੇਰਾ ਮਨ ਧਰਮ ਕਰਨ ਦੀ ਇਛਿੱਆ ਥੀਂ ਜੁਕਤ ਹੋਕੇ ਅਧਰਮ ਨੂੰ ਸਰਬਥਾ ਛਡ ਦੇਵੇ, ਜੇਹਿੜਾ ਉਤਕ੍ਰਿਸ਼੍ਟ (ਉਤੱਮ) ਗਿਆਂਨ, ਅਰ ਦੂਜੇ ਨੂੰ ਚਿਤਾਣੇ ਹਾਰਾ ਨਿਸਚੇ ਆਤਮਕ ਬ੍ਰਿਤੀਹੈ ਅਰ ਜੋ ਪਰਜਾ ਦੇ ਅੰਦਰ ਪ੍ਰਕਾਸ਼ ਜੁਕਤ ਅਰ ਨਾਸ਼ ਰਹਿਤ ਹੈ ਜਿਸਦੇ ਬਗੇਰ ਕੋਈ ਕੁਝ ਬੀ ਕਰਮ ਨਹੀਂ ਕਰ ਸਕਦਾ ਉਹ ਮੇਰਾ ਮਨ ਸ਼ੁਧ ਗੁਣਾਂ ਦੀ ਇਛਿਆ ਕਰਕੇ ਦੁਸ਼ਟ ਗੁਣਾਂ ਥੀਂ ਦੂਰ ਹੋਵੇ, ਹੇ ਜਗਦੀਸ਼੍ਵਰ ਜਿਸ ਕਰਕੇ ਸਭ ਜੋਗੀ ਲੋਗ, ਏਹ ਸਾਰੇ ਪਿਛਲੇ, ਅਗੋਂਦੇ, ਹੁਣਦੇ, ਵਿਹਾਰਾਂ ਨੂੰ ਜਾਣਦੇ, ਜੇਹਿੜਾ ਨਾਸ਼ ਰਹਿਤ ਜੀਵਾਤਮਾਂ ਨੂੰ ਪਰਮਾਤਮਾਂ ਦੇ ਨਾਲਮਿਲਾਕੇ ਸਭ ਤਰਾਂ ਨਾਲ ਤ੍ਰੀਕਾਲਗੱਯ(ਤਿੱਨਾਂ ਕਾਲਾਂ ਦਾ ਜਾਂਨਣ ਵਾਲਾ)ਕਰਦਾ ਹੈ, ਜਿਸ ਵਿਚ ਗਿਆਂਨ ਕ੍ਰਿਆ ਹੈ ਪੰਜ ਗਿਆਂਨ ਇੰਦ੍ਰੀ, ਬੁਧੀ, ਅਰ ਆਤਮਾ ਜੁਕਤ ਰਹਿੰਦਾਹੈ ਓਸ ਯੋਗ ਰੂਪੀ ਯਗ ਨੂੰ ਜਿਸ ਕਰਕੇ ਵਧਾਂਦੇਹਨ ਉਹ ਮੇਰਾ ਮਨ ਜੋਗ ਬਿਗਿਆਂਨ ਜੁਕਤ ਹੋਕੇ ਬਿਘਨ ਆਦੀ ਕਲੇਸ਼ਾਂ ਥੀਂ ਦੂਰ ਰਹ੍ਹੇ, ਹੇ ਪਰਮ ਵਿਦ੍ਵਾਂਨ ਪਰਮੇਸ਼੍ਵਰ ਆਪ ਦੀ ਕ੍ਰਿਪਾ ਕਰਕੇ ਮੇਰੇ ਮਨ ਵਿਚ ਜਿਸ ਤਰਾਂ ਰਥ ਦੀ ਵਿਚਲੀ ਧੁਰੀ ਵਿਚ ਸੀਖਾਂ ਲਗੀਆਂ ਰੈਹਿਦੀਆਂ ਹਨ ਉਸੇ ਤਰਾਂ ਰਿਗ ਵੇਦ, ਯਜੁਰ ਵੇਦ, ਸਾਮਵੇਦ, ਅਰ ਜਿਸ ਵਿਚ ਅਥਰਬਣ ਵੇਦ ਬੀ ਪ੍ਰਤਿਸ਼-ਠਿਤ ਹੁੰਦਾ ਹੈ, ਅਰ ਜਿਸ਼ ਵਿਚ ਸਰਬਗੱਯ, ਸਰਬ ਵਜਾਪਕ, ਪਰਜਾ ਦਾ ਸਾਖੀ ਚਿਤ ਚੈਤਨ ਪ੍ਰਤੀਤ ਹੁੰਦਾ ਹੈ ਉਹ ਮੇਰਾ ਮਨ ਅਵਿਦੱਯਾ ਦਾ ਅਭਾਉ ਕਰਕੇ ਵਿਦੱਯਾ ਦਾ ਪਿਆਰਾ ਸਦਾ ਰਹ੍ਹੇ, ਹੇ ਨਿਯੱਮ ਵਿਚ ਰਖਣ ਵਾਲੇ ਈਸ਼੍ਵਰ ਜੋ ਮੇਰਾ ਮਨ ਰਸੀ ਨਾਲ ਘੋੜਿਆਂ ਦੀ ਨਿਆਂਈਂ, ਅਥਵਾ ਘੋੜਿਆਂ ਦੇ ਚਲਾਣ ਵਾਲੇ ਸਾਰਥੀ ਦੇ ਤੁਲ ਮਨੁਖੱਾਂ ਨੂੰ ਅਤਯੰਤ ਇਧਰ ਉਧਰ ਡੁਲਾਂਦਾ

ਹੈ, ਜੇਹੜਾ ਹ੍ਰਿਦੇ ਵਿਚ ਪ੍ਰਤਿਸ਼ਠਿਤ, ਗਤੀਮਾਨ ਅਰ ਅਤਯੰਤ ਵੇਗ (ਤੇਜੀ) ਵਾਲਾ ਹੈ ਉਹ ਸਭ ਇੰਦ੍ਰੀਆਂ ਨੂੰ ਅਧਰਮਾਚਰਣ ਥੀਂ ਰੋਕਕੇ ਧਰਮ ਪਥ ਵਿਚ ਸਦਾ ਚਲਾਇਆ ਕਰੇ, ਏਹੋ ਜਹੀ ਕ੍ਰਿਪਾ ਮੇਰੇ ਉਤੇ ਕਰੋ।

अग्ने नय सुपथा रायेऽअस्मान् विश्वानि देव वयुनानि
विद्वान्। युयोध्यस्मज्जुहुराणमेनो भूयिष्ठां ते नमउक्तिं
विधेम ॥ यजु:० ॥ अ० ४० । मं० १६ ॥

ਹੇ ਸੁਖ ਦੇ ਦਾਤਾ, ਸ੍ਵਪ੍ਰਕਾਸ਼ ਸ੍ਵਰੂਪ, ਸਭ ਨੂੰ ਜਾਂਨਣਹਾਰੇ ਪਰਮੇਸ੍ਵਰ ਆਪ ਸਾਨੂੰ ਚੰਗੇ ਮਾਰਗ ਥੀਂ ਸੰਪੂਰਣ ਪ੍ਰਗਿਆਂਨ ਨੂੰ ਪ੍ਰਾਪਤ ਕਰਾਓ ਅਰ ਜੋ ਸਾਡੇ ਵਿਚ ਕੁਟਲ ਪਾਪਾ ਚਰਣ ਰੂਪ ਮਾਰਗ ਹੈ ਓਸਨੂੰ ਦੂਰ ਕਰੀਏ, ਏਸ ਕਰਕੇ ਅਸੀ ਲੋਗ ਨਿਮ੍ਰਤਾ ਪੂਰਬਕ ਆਪ ਦੀ ਬਹੁਤ ਸਾਰੀ ਉਸਤਤਿ ਕਰਨੇ ਹਾਂ ਕਿ ਆਪ ਸਾਨੂੰ ਪਵਿਤ੍ਰ ਕਰੋ।

मा नो महान्तमुत मा नोऽअर्भकं मा न उक्षन्तमुत
मा न उक्षितम्। मा नो वधीः पितरं मोत मातरं मा नः प्रि-
यास्तन्वो रुद्र रीरिषः ॥ यजु:० ॥ अ० १६ । मं० १५ ॥

ਹੇ ਰੁਦ੍ਰ (ਦੁਸ਼ਟਾਂ ਨੂੰ ਪਾਪ ਦੇ ਦੁਖ ਰੂਪੀ ਫਲ ਨੂੰ ਦੇਕੇ ਰੁਆਂਣ ਵਾਲੇ ਪਰਮੇਸ਼੍ਵਰ) ਤੁਸੀਂ ਸਾਡੇ ਛੋਟੇ ਵਡੇ ਆਦਮੀ ਗਰਭ, ਮਾਂ, ਪਿਉ, ਅਰ ਪਿਆਰੇ, ਭ੍ਰਾ ਭਾਯਾਂ ਨੂੰ ਤਥਾ ਸ਼੍ਰੀਰਾਂ ਦਾ ਹਨਨ ਕਰਨ ਦੇ ਵਾਸਤੇ ਪ੍ਰੇਰਣਾ ਨਾਂ ਕਰੋ, ਅਜਹੇ ਮਾਰਗ ਥੀਂ ਸਾਨੂੰ ਚਲਾਓ ਜਿਸ ਕਰਕੇ ਅਸੀਂ ਆਪਦੇ ਡੰਡ ਦੇ ਜੋਗ ਨਾ ਹੋਈਏ।

असतो मा सद् गमय तमसो मा ज्योतिर्गमय मृत्यो-
र्माऽमृतं गमयेति ॥ शतपथब्रा० १४ । ३ । १ । ३० ॥

ਹੇ ਪਰਮ ਗੁਰੂ ਪਰਮਾਤਮਾਂ ਆਪ ਸਾਨੂੰ ਅਸਤ ਮਾਰਗ ਥੀਂ ਦੂਰ ਕਰਕੇ ਸਤ ਮਾਰਗ ਵਿਚ ਪ੍ਰਾਪਤ ਕਰੋ, ਅਵਿਦਿਆ ਅੰਧਕਾਰ ਨੂੰ ਛੁਡਾਕੇ ਵਿਦ੍ਯਾ ਰੂਪੀ ਸੂਰਯ ਨੂੰ ਪ੍ਰਾਪਤ ਕਰੋ, ਅਰ ਮੌਤ ਦੇ ਰੋਗ ਥੀਂ ਦੂਰ ਕਰਕੇ ਮੁਕਤੀ ਦੇ ਅਨੰਦ ਰੂਪੀ ਅਮ੍ਰਿਤ ਨੂੰ ਪ੍ਰਾਪਤ ਕਰੋ, ਜਿਸ ਜਿਸ ਦੋਸ਼ ਵਾ ਖੋਟੇ ਗੁਣ ਥੀਂ ਪਰਮੇਸ੍ਵਰ ਅਰ ਆਪਣੇ ਨੂੰ ਬੀ ਵਖਰਾ ਮਨਕੇ ਪ੍ਰਮੇਸ਼੍ਵਰ ਦੀ ਪ੍ਰਾਰਥਨਾ ਕੀਤੀ ਜਾਂਦੀ ਹੈ ਉਹ ਵਿਧੀ ਨਿਖੇਧ ਮੁਖ ਹੋਣ ਕਰਕੇ ਸਗੁਣ, ਨਿਰ ਗੁਣ ਪ੍ਰਾਰਥਨਾ ਹੈ, ਜੇਹੜਾ ਮਨੁਖ ਜਿਸ ਬਾਤ ਦੀ ਪ੍ਰਾਰਥਨਾ ਕਰਦਾ ਹੈ ਓਸ ਨੂੰ ਉਹੋ ਜੇਹਾ ਹੀ ਵਰਤਾਰਾ ਕਰਨਾ ਚਾਹੀਏ, ਅਰਥਾਤ ਜਿਸਤਰ ਸਾਰਿਆਂ ਨਾਲੋਂ ਚੰਗੀ ਬੁਧਦੀ ਪ੍ਰਾਪਤੀ ਦੇ ਵਾਸਤੇ ਪਰਮੇਸ਼੍ਵਰ ਦੀ ਪ੍ਰਾਰਥਨਾ ਕਰੇ ਓਸ ਦੇ ਵਾਸਤੇ ਜਿੱਨਾ ਆਪਣੇ ਤੋਂ ਜਤਨ ਹੋ ਸਕੇ ਉਨਾ ਕੀਤਾ ਕਰੇ ਅਰਥਾਤ ਆਪਣੇ ਪੁਰਖਾਰਥ ਦ ਉਪ੍ਰਾਂਤ ਪ੍ਰਾਰਥਨਾ ਕਰਨੀ ਜੋਗ ਹੈ, ਏਹੋ ਜਹੀ ਪ੍ਰਾਰਥਨਾ ਕਦੀ ਨਹੀਂ

ਕਰਨੀ ਚਾਹੀਏ, ਅਰ ਨਾ ਪਰਮੇਸ਼੍ਵਰ ਓਸ ਨੂੰ ਮਨਜ਼ੂਰ ਕਰਦਾ ਹੈ ਕਿ ਜਿਸ ਤਰਾਂ ਹੇ ਪਰਮੇਸ਼੍ਵਰ ਆਪ ਮੇਰੇ ਵੈਰੀਆਂ ਦਾ ਨਾਸ਼, ਮੈਨੂੰ ਸਭ ਤੋਂ ਵਡਾ, ਮੇਰੀ ਹੀ ਇਜ਼ੱਤ, ਅਰ ਮੇਰੇ ਅਧੀਨ ਸਭ ਹੋ ਜਾਂਨ ਇਤਆਦੀ, ਕਿਉਂਕਿ ਜਦ ਦੋਨੋਂ ਵੈਰੀ ਇਕ ਦੂਜੇ ਦੇ ਮਾਰਣ ਵਾਸਤੇ ਪ੍ਰਾਰਥਨਾ ਕਰਨ ਤਾਂ ਕੀ ਪਰਮੇਸ਼੍ਵਰ ਦੋਹਾਂ ਦਾ ਨਾਸ਼ ਕਰ ਦੇਵੇ, ਜੇ ਕੋਈ ਕਹੇ ਕਿ ਜਿਸਦਾ ਪ੍ਰੇਮ ਵਧੀਕ ਓਸਦੀ ਪ੍ਰਾਰਥਨਾ ਸਫਲਹੋਜਾਵੇ ਤਾਂ ਅਸੀ ਕਹਿਸਕਨੇਹਾਂ ਕਿ ਜਿਸਦਾ ਪ੍ਰੇਮ ਘਟ ਹੋਵੇ ਓਸਦੇ ਵੈਰੀਆਂ ਦਾ ਬੀ ਘਟ ਨਾਸ਼ ਹੋਣਾ ਚਾਹੀਏ, ਅਜਹੀ ਮੂਰਖਤਾ ਦੀ ਪ੍ਰਾਰਥਨਾ ਕਰਦੇ ਕਰਦੇ ਕੋਈ ਏਹੋ ਜਹੀ ਬੀ ਪ੍ਰਾਰਥਨਾ ਕਰੇਗਾ ਕਿ ਹੇ ਪਰਮੇਸ਼੍ਵਰ ਆਪ ਸਾਨੂੰ ਰੋਟੀ ਬਣਾਕੇ ਖੁਆਓ, ਮੇਰੇ ਘਰ ਵਿਚ ਝਾੜੂ ਲਗਾਓ, ਕਪੜੇ ਧੋ ਦਿਓ, ਅਰ ਖੇਤੀ ਬਾੜੀ ਬੀ ਕਰੋ ਏਸ ਪ੍ਰਕਾਰ ਜੇਹੜੇ ਪਰਮੇਸ਼੍ਵਰ ਦੇ ਭਰੋਸੇ ਆਲਸੀ ਹੋਕੇ ਬੈਠ ਰਹਿੰਦੇ ਹਨ ਉਹ ਮਹਾਂ ਮੂਰਖ ਹਨ, ਕਿਉਂਕਿ ਜੇਹੜੀ ਪਰਮੇਸ਼੍ਵਰ ਦੀ ਪੁਰਖਾਰਥ ਕਰਨ ਦੀ ਆਗਿਆ ਹੈਓਸਨੂੰ ਜੇਹੜਾ ਕੋਈ ਤੋੜੇਗਾ ਉਹ ਸੁਖ ਕਦੀ ਨਾ ਪਾਵੇਗਾ ਜੀਕਣ:-

कुर्वन्नेवेह कर्माणि जिजीविषेच्छतं समाः ॥ यजुः० ॥

अ० ४० । मं० २ ॥

ਪਰਮੇਸ਼੍ਵਰ ਆਗਿਆ ਦੇਂਦਾ ਹੈ ਕਿ ਮਨੁਖੱ ਸੌ ਵਰ੍ਹੇ ਤਿਕ ਅਰਥਾਤ ਜਦ ਤਿਕ ਜੀਂਵਦਾ ਰਹੇ ਤਦ ਤਿਕ ਕਰਮ ਕਰਦਾ ਹੋਇਆ ਜੀਵਣ ਦੀ ਇਛਿਆ ਕਰੇ ਆਲਸੀ ਕਦੀ ਨਾ ਹੋਵੇ। ਵੇਖੋ ਸ੍ਰਿਸ਼ਟੀ ਦੇ ਵਿਚ ਜਿਨੇਂ ਪ੍ਰਾਣੀ ਅਥਵਾ ਅਪ੍ਰਾਣੀ ਹਨ ਉਹ ਸਭ ਅਪਣੇ ਅਪਣੇ ਕਰਮ ਅਰ ਜਤਨ ਕਰਦੇ ਹੀ ਰਹਿੰਦੇ ਹਨ, ਜਿਸ ਤਰਾਂ ਕੀੜੀ ਆਦੀ ਸਦਾ ਜਤਨ ਕਰਦੇ, ਪ੍ਰਿਥ੍ਵੀ ਆਦੀ ਸਦਾ ਭਉਂਦੇ, ਅਰ ਬ੍ਰਿਖ ਆਦੀ ਵਧਦੇ ਘਟਦੇ ਰਹਿੰਦੇ ਹਨ, ਉਸੇ ਤਰਾਂ ਏਹ ਦ੍ਰਿਸ਼ਟਾਂਤ ਮਨੁਖੱਾਂ ਨੂੰ ਬੀ ਗ੍ਰਹਿਣ ਕਰਨਾ ਜੋਗ ਹੈ, ਜੀਕਣ ਪੁਰਖਾਰਥ ਕਰਦੇ ਹੋਏ ਪੁਰਖ ਦੀ ਸਹਾਇਤਾ ਦੂਜਾ ਬੀ ਕਰਦਾ ਹੈ ਉਕਣ ਧਰਮ ਕਰਕੇ ਪੁਰਖਾਰਥ ਕਰਨ ਵਾਲੇ ਪੁਰਖ ਦੀ ਸਹਾਇਤਾ ਈਸ਼੍ਵਰ ਬੀ ਕਰਦਾ ਹੈ,ਜੀਕਣ ਕੰਮ ਕਰਨ ਵਾਲੇ ਪੁਰਖ ਨੂੰ ਨੌਕਰ ਕਰਦੇ ਹਨ ਅਰ ਹੋਰ ਆਲਸੀ ਨੂੰ ਨਹੀਂ, ਵੇਖਣ ਦੀ ਇਛਿਆ ਕਰਨ ਵਾਲੇ ਅਖ ਵਾਲੇ ਨੂੰ ਦਸੀਂਦੇਹਨ ਅਨ੍ਹੇਨੂੰ ਨਹੀਂ, ਇਸੇ ਤਰਾਂ ਪਰਮੇਸ਼੍ਵਰ ਬੀ ਸਭ ਦੇ ਉਪਕਾਰ ਕਰਨ ਦੀ ਪ੍ਰਾਰਥਨਾ ਵਿਚ ਸਹਾਇਤਾ ਦੇਣ ਵਾਲਾ ਹੁੰਦਾ ਹੈ ਹਾਨੀਕਾਰਕ ਕੰਮੱਾਂ ਵਿਚ ਨਹੀਂ, ਜੇਹੜਾ ਕੋਈ ਗੁੜ ਮਿਠਾ ਹੈ ਇਹੋ ਕਹਿੰਦਾ ਹੈ ਓਸਨੂੰ ਗੁੜ ਪ੍ਰਾਪਤ ਵਾ ਓਸਨੂੰ ਸ੍ਵਾਦ ਦੀ ਪ੍ਰਾਪਤੀ ਕਦੀ ਨਹੀਂ ਹੁੰਦੀ,ਅਰ ਜੇਹੜਾ ਜਤਨ ਕਰਦਾ ਹੈ ਓਸਨੂੰ ਜਲਦੀ ਜਾਂ ਦੇਰ ਨਾਲ ਗੁੜ ਮਿਲ ਹੀ ਜਾਂਦਾ ਹੈ।

ਹੁਣ ਤੀਜੀ ਉਪਾਸ਼ਨਾ:-

समाधिनिधूतमलस्य चेतसो निवेशितस्यात्मनि यत्सुखं भवेत्।
न शक्यते वर्णयितुं गिरा तदा स्वयन्तदन्तःकरणेन गृह्यते॥

ਏਹ ਉਪਨਿਸ਼ਦ ਦਾ ਬਚਨ ਹੈ ਜਿਸ ਪੁਰਖ ਦੇ ਸਮਾਧੀ ਯੋਗ ਥੀਂ ਅਵਿਦੱਯਾ ਆਦੀ ਮਲ ਨਸ਼ਟ ਹੋ ਗਏ ਹਨ, ਆਤਮਾਂ ਵਿਚ ਠਹਰ ਕੇ ਪ੍ਰਮਾਤਮਾ ਵਿਚ ਚਿਤ ਜਿਸਨੇ ਲਾਇਆ ਹੈ ਓਸਨੂੰ ਜੋ ਪਰਮਾਤਮਾ ਦੇ ਜੋਗ ਦਾ ਸੁਖ ਹੁੰਦਾ ਹੈ ਉਹ ਬਾਣੀ ਕਰਕੇ ਕਿਹਾ ਨਹੀਂ ਜਾ ਸਕਦਾ, ਕਿਉਂਕਿ ਓਸ ਅਨੰਦ ਨੂੰ ਜੀਵਾਤਮਾ ਅਪਣੇ ਅੰਤਹਿ ਕਰਣ ਕਰਕੇ ਗ੍ਰਹਿਣ ਕਰਦਾ ਹੈ, ਉਪਾਸ਼ਨਾ ਸ਼ਬਦ ਦਾ ਅਰਥ ਨਜੀਕ ਹੋਣਾ ਹੈ, ਅਸਟਾਂਗ ਜੋਗ ਕਰਕੇ ਪਰਮਾਤਮਾ ਦੇ ਨੇੜੇ ਹੋਣੇ ਅਰ ਓਸਨੂੰ ਸਰਬ ਬਿਆਪੀ ਸਰਬ ਅੰਤ੍ਰਜਾਮੀ ਰੂਪ ਕਰਕੇ ਪ੍ਰਤਖ ਕਰਨ ਦੇ ਵਾਸਤੇ ਜੋ ਜੋ ਕੰਮ ਕਰਨਾ ਹੁੰਦਾ ਹੈ ਉਹ ਓਹ ਸਭ ਕਰਨਾ ਚਾਹੀਏ ਅਰਥਾਤ:-

तत्राऽहिंसासत्यास्तेयब्रह्मचर्यापरिग्रहा यमाः॥ योगशा०
साधनपादे। सू० ३०॥

ਇਤਆਦੀ ਸੂਤ੍ਰ ਪਤੰਜਲ ਜੋਗ ਸ਼ਾਸਤ੍ਰ ਦੇ ਹਨ, ਜੇਹੜਾ ਉਪਾਸਨਾ ਦਾ ਅਰੰਭ ਕਰਨਾ ਚਾਹੇ ਓਸਦੇ ਲਈ ਏਹ ਅਰੰਭ ਹੈ ਕਿ ਉਹ ਕਿਸੇ ਨਾਲ ਵੈਰ ਨਾ ਰੱਖੇ ਸਰਬ ਦਾ ਸਭ ਨਾਲ ਪ੍ਰੀਤ ਕਰੇ, ਸਚ ਬੋਲੇ, ਮਿਥਿਆ ਕਦੀ ਨਾ ਬੋਲੇ, ਚੋਰੀ ਨਾ ਕਰੇ, ਸਚੱਾ ਵਿਹਾਰ ਕਰੇ, ਜਿਤਿੰਦ੍ਰੀ ਹੋਵੇ, ਲੰਪਟ ਨਾ ਹੋਵੇ, ਅਰ ਨਿਰ ਅਭਿਮਾਨੀ ਹੋਵੇ, ਅਭਿਮਾਂਨ ਕਦੀ ਨਾ ਕਰੇ, ਏਹ ਪੰਜ ਪ੍ਰਕਾਰ ਦੇ ਯਮ ਮਿਲਕੇ ਉਪਾਸਨਾ ਯੋਗ ਦਾ ਪਹਿਲਾ ਅੰਗ ਹੈ।

शौचसन्तोषतपःस्वाध्यायेश्वरप्रणिधानानि नियमाः॥
योगशा० साधनपादे। सू० ३२॥

ਰਾਗ ਦ੍ਵੇਸ਼ ਛਡਕੇ ਅੰਦਰ, ਅਰ ਪਾਣੀ ਆਦੀ ਕਰਕੇ ਬਾਹਿਰ ਪਵਿਤ੍ਰ ਕਰੇ, ਧਰਮ ਨਾਲ ਪੁਰਖਾਰਥ ਕਰਨ ਕਰਕੇ ਲਾਭ ਵਿਚ ਨਾਂ ਪ੍ਰਸਨੱਤਾ, ਅਰ ਹਾਨੀ ਵਿਚ ਨਾਂ ਅਪ੍ਰਸਨਤਾ ਕਰੇ, ਪ੍ਰਸੰਨ ਹੋਕੇ ਆਲਸ ਛਡਕੇ ਸਦਾ ਪੁਰਖਾਰਥ ਕੀਤਾ ਕਰੇ, ਸਦਾ ਸੁਖ ਦੁੱਖਾਂ ਦਾ ਸਹਿਨ, ਅਰ ਧਰਮ ਹੀ ਦਾ ਅਨੁਸਠਾਂਨ ਕਰੇ ਅਧਰਮ ਦਾ ਨਹੀਂ, ਸਰਬਦਾ ਸਤ ਸ਼ਾਸਤ੍ਰਾਂ ਨੂੰ ਪੜ੍ਹੇ ਅਰ ਪੜ੍ਹਾਵੇ, ਸਤ ਪੁਰਖਾਂ ਦਾ ਸੰਗ ਕਰੇ, ਅਰ 'ਓ੩ਮ੍' ਏਸ ਇਕ ਪਰਮਾਤਮਾ ਦੇ ਨਾਂਉਦਾ ਅਰਥ ਬਿਚਾਰ ਕਰਕੇ ਨਿਤ ਪ੍ਰਤੀ ਜਪ ਕੀਤਾ ਕਰੇ, ਅਪਣੇ ਆਤਮਾਂ ਨੂੰ ਪਰ-ਮੇਸ਼੍ਵਰ ਦੀ ਅਗਿਆ ਅਨੁਕੂਲ ਸਮਰਪਣ ਕਰ ਦੇਵੇ, ਇਨਾਂ ਪੰਜ ਪ੍ਰਕਾਰ ਦੇ ਨਿਯਮਾਂ ਨੂੰ ਮਿਲਾਕੇ ਉਪਾਸਨਾ ਜੋਗ ਦਾ ਦੂਜਾ ਅੰਗ ਕਹਾਂਦਾ ਹੈ, ਏਸਦੇ ਅੱਗੇ

ਛੀ ਅੰਗ ਯੋਗ ਸ਼ਾਸਤ੍ਰ,ਵਾ ਰਿਗਵੇਦ ਅਦੀ ਭਾਸ਼ ਭੂਮਕਾ ਵਿਚ *ਵੇਖ ਲੈਂਨ।

ਜਦ ਉਪਾਸਨਾ ਕਰਨਾਂ ਚਾਹਨ ਤਦ ਅਕੱਲੇ ਸ਼ੁਧ ਇਸਥਾਂਨ ਵਿਚ ਜਾਕੇ ਆਸਣ ਲਗਾਕੇ ਪ੍ਰਾਣਾ ਯਾਂਮ ਕਰਕੇ ਬਾਹਿਰ ਦੇ ਵਿਖਿਆਂ ਥੀਂ ਇੰਦ੍ਰੀਆਂ ਨੂੰ ਰੋਕੇ ਮੰਨ ਨੂੰ ਨਾਭੀ ਸਥਾਨ ਵਿਚ ਵਾ ਹਿਰਦੇ, ਕੰਠ,ਅੱਖਾਂ, ਸ਼ਿਖਾ, ਅਥਵਾ ਪਿਠ ਦੀ ਵਿਚਲੀ ਹਡੀ ਵਿਚ ਕਿਸੇ ਸਥਾਂਨ ਉਪਰ ਸ਼ਥਿਰ ਕਰ ਅਪਣੇ ਆਤਮਾ ਅਰ ਪਰਮਾਤਮਾ ਦਾ ਵਵੇਚਨ ਕਰਕੇ ਪਰਮਾਤਮਾ ਵਿਚ ਮਗਨ ਹੋ ਜਾਂਣ ਨਾਲ ਸੰਜਮੀ ਹੋਵੇ, ਜਦ ਇਨਾਂ ਸਾਧਨਾਂ ਨੂੰ ਕਰਦਾ ਹੈ ਤਦ ਓਸ ਦਾ ਆਤਮਾ ਅਰ ਅੰਤਹ ਕਰਨ ਪਵਿਤ੍ਰ ਹੋਕੇ ਸਤ ਨਾਲ ਪੂਰਣ ਹੋ ਜਾਂਦਾ। ਨਿਤ ਪ੍ਰਤੀ ਗਿਆਂਨ ਬਿਗਿਆਂਨ ਵਧਾਕੇ ਮੁਕਤੀ ਤਿਕ ਪੁਜ ਜਾਂਦਾ ਹੈ, ਜੇਹਿੜਾ ਅਠੱਾਂ ਪਹਿਰਾਂ ਵਿਚ ਇਕ ਘੜੀ ਭਰ ਬੀ ਏਸ ਪ੍ਰਕਾਰ ਧਿਆਂਨ ਧਰਦਾ ਹੈ ਉਹ ਸਦਾ ਉਨੱਤੀ ਨੂੰ ਪ੍ਰਾਪਤ ਹੋ ਜਾਂਦਾ ਹੈ, ਸਰਬਗੱਯ ਆਦੀ ਗੁਣਾਂ ਕਰਕੇ ਪ੍ਰਮੇਸ਼ੂਰ ਦੀ ਉਪਾਸਨਾ ਕਰਨੀ ਸਗੁਣ, ਅਰ ਦ੍ਵੇਸ਼, ਰੂਪ, ਰਸ ਗੰਧ, ਸਪਰਸ਼, ਆਦੀ ਗੁਣਾਂ ਥੀਂ ਵਖ੍ਰਾ ਮਨਕੇ ਅਤੀ ਸੂਖਮ ਆਤਮਾ ਦੇ ਅੰਦਰ ਬਾਹਿਰ ਵਿਆਪਕ ਪ੍ਰਮੇਸ਼ੂਰ ਵਿਚ ਪੱਕੀ ਤਰਾਂ ਠੈਹਰ ਜਾਣਾ ਨਿਰਗੁਣ ਉਪਾਸਨਾ ਕਹਾਂਦੀ ਹੈ,ਏਸਦਾ ਫਲਃ-

ਜੀਕਣ ਸਰਦੀ ਥੀਂ ਆਤ੍ਰ ਪੁਰਖ ਦਾ ਅਗ ਦੇ ਪਾਸ ਜਾਂਣ ਕਰਕੇ ਸਰਦੀ ਦੀ ਨਿਬ੍ਰਿਤੀ ਹੋ ਜਾਂਦੀ ਹੈ ਉਸੇ ਤਰਾਂ ਪਰਮੇਸ਼ੂਰ ਦੇ ਸਮੀਪ ਪ੍ਰਾਪਤ ਹੋਣ ਕਰਕੇ ਸ਼ਭ ਦੋਸ਼ ਦੁਖ ਛੁਟਕੇ ਪਰਮਸ਼ੂਰ ਦੇ ਗੁਣ, ਕਰਮ, ਸੁਭਾਉ ਦੀ ਨਿਆਈਂ ਜੀਵਾਤਮਾ ਦੇ ਗੁਣ ਕਰਮ ਸੁਭਾਵ ਪਵਿਤ੍ਰ ਹੋ ਜਾਂਦੇ ਹਨ, ਏਸ ਲਈ ਪਰਮਸ਼ੂਰ ਦੀ ਉਸਤਤਿ, ਪ੍ਰਾਰਥਨਾ, ਅਰ ਉਪਾਸਨਾ ਅਵਸ ਕਰਨੀ ਚਾਹੀਏ, ਏਸ ਕਰਕੇ ਏਸਦਾ ਫਲ ਵਖਰਾ ਹੋਵੇਗਾ ਪ੍ਰੰਤੂ ਆਤਮਾ ਦਾ ਬਲ ਏਨਾ ਵਿਧੇਗਾ ਕਿ ਉਹ ਪਰਬਤ ਦੇ ਸਮਾਂਨ ਦੁਖ ਪ੍ਰਾਪਤ ਹੋਣ ਉਤੇ ਬੀ ਨਾਂ ਘਬ੍ਰਾਵੇਗਾ ਅਰ ਸਭ ਨੂੰ ਸਹਿਨ ਕਰ ਸਕੇਗਾ, ਕੀ ਇਹ ਥੋੜੀ ਜੇਹੀ ਗੱਲ ਹੈ, ਅਰ ਜੇਹੜਾ ਪਰਮੇਸ਼ੂਰ ਦੀ ਉਸਤਤਿ, ਪ੍ਰਾਰਥਨਾ, ਅਰ ਉਪਾਸਨਾ ਨਹੀਂ ਕਰਦਾ ਉਹ ਕ੍ਰਿਤ ਘਨ ਅਰ ਮਹਾਂ ਮੂਰਖ ਬੀ ਹੁੰਦਾ ਹੈ ਕਿਉਂਕਿ ਜਿਸ ਪਰਮਾਤਮਾਂ ਨੇ ਏਸ ਜਗਤ ਦੇ ਸਭ ਪਦਾਰਥ ਜੀਵਾਂ ਦੇ ਸੁਖ ਦੇ ਵਾਸਤੇ ਦੇ ਰਖ ਹਨ ਓਸ ਦਾ ਗੁਣ ਭੁਲ ਜਾਂਣਾ ਈਸ਼੍ਵਰ ਹੀ ਨੂੰ ਨਾ ਮਨਣਾ ਕ੍ਰਿਤਘਨਤਾ ਅਰ ਮੂਰਖ ਤਾ ਹੈ।

(ਪ੍ਰਸ਼ਨ) ਜਦ ਪਰਮੇਸ਼ੂਰ ਦੇ ਕੰਨ, ਅਖੱਾਂ ਆਦੀ ਇੰਦ੍ਰੀਯਆਂ ਨਹੀਂ

---

*ਰਿਗ ਵੇਦ ਆਦੀ ਭਾਸ਼ ਭੂਮਕਾ ਦੇ ਉਪਾਸ਼ਨਾ ਵਿਸ਼ੇ ਵਿਚ ਏਸਦਾ ਵਰਣਨ ਹੈ।

ਹਨ ਫੇਰ ਉਹ ਇੰਦ੍ਰੀਆਂ ਦਾ ਕੰਮ ਕੀਕਣ ਕਰ ਸਕਦਾ ਹੈ। (ਉਤ੍ਰ)

अपाणिपादो जवनो ग्रहीता पश्यत्यचक्षुः स शृणोत्यकर्णः ।
स वेत्ति वेद्यं न च तस्यास्ति वेत्ता तमाहुरग्र्यं पुरुषं महान्तम् ॥
श्वेताश्वतर उपनिषद् अ० ३ । मं० १९ ॥

ਏਹ ਉਪਨਿਸ਼ਦ ਦਾ ਬਚਨ ਹੈ ਪਰਮੇਸ਼੍ਵਰ ਦੇ ਹਥ ਨਹੀਂ ਪ੍ਰੰਤੂ ਅਪਣੀ ਸ਼ਕਤੀ ਰੂਪੀ ਹਥ ਨਾਲ ਸਭ ਦਾ ਰਚਣਾ ਗ੍ਰਹਣ ਕਰਨਾ, ਪੈਰ ਨਹੀਂ ਪ੍ਰੰਤੂ ਵਿਆਪਕ ਹੋਣ ਕਰਕੇ ਸਭਤੋਂ ਵਧੀਕ ਵੇਗਵਾਨ, ਅੱਖਾਂ ਦੇ ਗੋਲਕ ਨਹੀਂ ਪ੍ਰੰਤੂ ਸਭ ਨੂੰ ਜਥਾਵਤ ਵੇਖਦਾ, ਕੰਨ ਨਹੀਂ ਤਥਾਪੀ ਸਭ ਦੀਆਂ ਬਾਤਾਂ ਸੁਣਦਾ, ਅੰਤਹਿ ਕਰਣ ਨਹੀਂ ਪ੍ਰੰਤੂ ਸਭ ਜਗਤ ਨੂੰ ਜਾਣਦਾ ਹੈ, ਅਰ ਉਸ ਨੂੰ ਅਵਧੀ ਸਹਿਤ ਜਾਣਨੇ ਵਾਲਾ ਕੋਈ ਬੀ ਨਹੀਂ, ਉਸੇ ਨੂੰ ਸਨਾਤਨ, ਸਭ ਤੋਂ ਸ੍ਰੇਸ਼ਟ, ਸਭ ਵਿਚ ਪੂਰਨ ਹੋਣ ਕਰਕੇ ਪੁਰਸ਼ ਕਹਿੰਦੇ ਹਨ।

(ਪ੍ਰਸ਼ਨ) ਓਸ ਨੂੰ ਬਹੁਤ ਸਾਰੇ ਮਨੁਖ ਨਿਸ਼ ਕ੍ਰਿਆ ਅਰ ਨਿਰਗੁਣ ਕਹਿੰਦੇ ਹਨ।

(ਉਤ੍ਰ):–

न तस्य कार्यं करणं च विद्यते न तत्समश्चाभ्यधिकश्च दृश्यते ।
परास्य शक्तिर्विविधैव श्रूयते स्वाभाविकी ज्ञानबलक्रिया च ॥
श्वेताश्वतर उपनिषद् अ० ६ । मं० ८ ॥

ਏਹ ਉਪਨਿਸ਼ਦ ਦਾ ਬਚਨ ਹੈ ਪਰਮਾਤਮਾ ਥੀਂ ਕੋਈ ਤਦ ਰੂਪ ਕਾਰਜ ਅਰ ਓਸ ਨੂੰ ਕਰਣ ਅਰਥਾਤ ਸਾਧਕਤਮ ਦੂਜਾ ਅਪੇਖਤ ਨਹੀਂ, ਨਾ ਕੋਈ ਓਸਦੇ ਤੁਲ ਅਰ ਨਾ ਵਧੀਕ ਹੈ, ਸਰਬ ਉਤਮ ਸ਼ਕਤੀ, ਅਰਥਾਤ ਜਿਸ ਵਿਚ ਅਨੰਤ ਗਿਆਂਨ, ਅਨੰਤ ਬਲ, ਅਰ ਅਨੰਤ ਕ੍ਰਿਆ ਹੈ ਉਹ ਸੁਭਾਵਕ ਅਰਥਾਤ ਸਹਿਜ ਓਸ ਵਿਚ ਸੁਣੀ ਜਾਂਦੀ ਹੈ, ਜ ਪਰਮੇਸ਼੍ਵਰ ਨਿਸ਼ ਕ੍ਰਿਆ ਹੁੰਦਾ ਤਾਂ ਜਗਤ ਦੀ ਉਤਪੱਤੀ ਸਥਿਤੀ ਪਰਲੈ ਨਾ ਕਰ ਸਕਦਾ ਏਸ ਲਈ ਉਹ ਵਿਭੂ, ਤਥਾਪੀ ਚੇਤਨ ਹੋਣ ਕਰਕੇ ਓਸ ਵਿਚ ਕ੍ਰਿਆ ਬੀ ਹੈ।

(ਪ੍ਰਸ਼ਨ) ਜਦ ਉਹ ਕ੍ਰਿਆ ਕਰਦਾ ਹੋਵੇਗਾ ਤਦ ਅੰਤ ਵਾਲੀ ਕ੍ਰਿਆ ਹੋਂਦੀ ਹੋਵੇਗੀ ਵਾ ਅਨੰਤ ?

(ਉਤ੍ਰ) ਜਿਨੇਂ ਦੇਸ਼ ਕਾਲ ਵਿਚ ਕ੍ਰਿਆ ਕਰਨੀ ਉਚਤ ਸਮਝਦਾ ਹੈ ਉਨੀਂ ਹੀ ਦੇਸ਼ ਕਾਲ ਵਿਚ ਕ੍ਰਿਆ ਕਰਦਾ ਹੈ ਨਾ ਵਧੀਕ ਨਾ ਘਟ, ਕਿਉਂਕਿ ਉਹ ਵਿਦੱਵਾਂਨ ਹੈ।

(ਪ੍ਰਸ਼ਨ) ਪਰਮੇਸ਼੍ਵਰ ਅਪਣਾ ਅੰਤ ਜਾਣਦਾ ਹੈ ਵਾ ਨਹੀਂ ?

(ਉਤ੍ਰ) ਪਰਮਾਤਮਾ ਪੂਰਣ ਗਿਆਂਨੀ ਹੈ ਕਿਉਂਕਿ ਗਿਆਂਨ ਓਸਨੂੰ ਕਹਿੰਦੇ ਹਨ ਕਿ ਜਿਸਕਰਕੇ ਜਿਉਂ ਦਾ ਤਿਉਂ ਜਾਂਣਿਆ ਜਾਵੇ ਅਰਥਾਤ ਜੇਹਿੜਾ ਪਦਾਰਥ ਜਿਸ ਪ੍ਰਕਾਰ ਦਾ ਹੋਵੇ ਓਸਨੂੰ ਉਸੇ ਪ੍ਰਕਾਰ ਜਾਨਣ ਦਾ ਨਾਉ ਗਿਆਂਨ ਹੈ, ਪਰਮੇਸ਼ੁਰ ਅਨੰਤ ਹੈ ਤਾਂ ਆਪ ਨੂੰ ਅਨੰਤ ਹੀ ਜਾਂਨਣਾਗਿਆਂਨ, ਓਸ ਥੀਂ ਵਿਰੁਧੱ ਅਗਿਆਂਨ ਅਰਥਾਤ ਅਨੰਤ ਨੂੰ ਸਾਂਤ ਅਰ ਸ ਤ ਨੂੰ ਅਨੰਤ ਜਾਨਣਾ ਭਰਮ ਕਹਾਂਦਾ ਹੈ।

"यथार्थं दर्शनं ज्ञानमिति"

ਜਿਸ ਦਾ ਜਿਸਤਰਾਂ ਦਾ ਗੁਣ, ਕਰਮ,ਸੁਭਾਉ ਹੋਵੇ ਓਸ ਪਦਾਰਥ ਨੂੰ ਉਹੋ ਜੇਹਾ ਹੀ ਜਾਂਣਕੇ ਮਨਣਾ ਹੀ ਗਿਆਂਨ,ਅਰ ਬਿਗਿਆਂਨ ਕਹਾਂਦਾ ਹੈ, ਉਲਟਾ ਅਗਿਆਂਨ ਏਸ ਕਰਕੇ

क्लेशकर्मविपाकाशयैरपरामृष्टः पुरुषविशेष ईश्वरः । योगसू० ॥
समाधिपादे सू० २४ ॥

ਜੇਹਿੜਾ ਅਵਿਦਿੱਆ ਆਦੀ ਕਲੇਸ਼, ਕੁਸ਼ਲ, ਅਕੁਸ਼ਲ, ਇਸ਼ਟ, ਅਨਿਸ਼ਟ, ਅਰ ਮਿਸ਼੍ਰ (ਮਿਲੇ ਹੋਏ) ਫਲਦਾਇਕ ਕਰਮਾਂ ਦੀ ਬਾਸਨਾਂ ਥੀਂ ਰਹਿਤ ਹੈ ਓਹ ਸਭ ਜੀਵਾਂ ਤੋਂ ਵਸੇਸ਼ ਈਸ਼੍ਵਰ ਕਹਾਂਦਾ ਹੈ।

(ਪ੍ਰਸ਼ਨ)

ईश्वरासिद्धेः ॥ १ ॥ सां० अ० १ । सू० १२ ॥
प्रमाणाभावान्न तत्सिद्धिः ॥ २ ॥ सां० अ० ५ । सू० १० ॥
सम्बन्धाभावान्नानुमानम् ॥ ३ ॥ सां० अ० ५ । सू० ११ ॥

ਪ੍ਰਤਖੱ ਥੀਂ ਘਟ ਸਕਦ ਈਸ਼੍ਵਰ ਦੀ ਸਿਧੀ ਨਹੀਂ ਹੁੰਦੀ ਕਿਉਂਕਿ ਜਦ ਓਸ ਦੀ ਸਿਧੀ ਵਿਚ ਪ੍ਰਤਖੱਹੀ ਨਹੀਂ ਤਾਂ ਅਨੁਮਾਂਨ ਆਦੀ ਪ੍ਰਮਾਂਣ ਨਹੀਂ ਹੋ ਸਕਦਾ। ਅਰ ਵਿਆਪਤੀ ਸੰਬੰਧ ਨ ਹੋਣ ਕਰਕੇ ਅਨੁਮਾਂਨ ਬੀ ਨਹੀਂ ਹੋਸਕਦਾ ਫੇਰ ਪ੍ਰਤਖੱ ਅਨੁਮਾਂਨ ਦੇ ਹੋਣ ਕਰਕੇ ਸ਼ਬਦ ਪ੍ਰਮਾਂਣ ਆਦੀ ਬੀ ਨਹੀਂ ਘਟ ਸਕਦੇ। ਏਸ ਕਾਰਣ ਈਸ਼੍ਵਰ ਦੀ ਸਿਧੀ ਨਹੀਂ ਹੋ ਸ਼ਕਦੀ।

(ਉਤ੍ਰ) ਏਥੇ ਈਸ਼੍ਵਰ ਦੀ ਸਿਧੀ ਵਿਚ ਪ੍ਰਤਖੱ ਪ੍ਰਮਾਂਣ ਨਹੀਂ ਹੈ ਅਰ ਨ ਈਸ਼੍ਵਰ ਜਗਤ ਦਾ ਉਪਾਦਾਂਨ ਕਾਰਣ ਹੈ, ਅਰ ਪੁਰਸ਼ ਥੀਂ ਵਿਲਖਣ ਅਰਥਾਤ ਸਰਬਤ੍ਰ ਪੂਰਣ ਹੋਣ ਕਰਕੇ ਪਰਮਾਤਮਾਂ ਦਾ ਨਾਂਉਂ ਪੁਰਸ਼, ਅਰ ਸ਼ਰੀਰ ਵਿਚ ਸੈਨ ਕਰਨ ਕਰਕੇ ਜੀਵ ਦਾ ਬੀ ਨਾਂਉ ਪੁਰਸ਼ ਹੈ ਕਿਉਂਕਿ ਇਸੇ ਪ੍ਰਕਰਣ ਵਿਚ ਕਹਿਆ ਹੈ:-

प्रधानशक्तियोगाच्चेत्सङ्गापत्तिः ॥ १ ॥ सत्तामात्राच्चेत्सर्वैश्वर्यम् ॥ २ ॥
श्रुतिरपि प्रधानकार्य्यत्वस्य ॥ ३ ॥ सां० अ० ५ । सू० ८ । ९ । १२ ॥

ਜੇ ਪੁਰਸ਼ ਨੂੰ ਪ੍ਰਧਾਨ ਸ਼ਕਤੀ ਦਾ ਜੋਗ ਹੋਵੇ ਤਾਂ ਪੁਰਸ਼ ਵਿਚ ਸੰਗ ਆਪੱਤੀ ਹੋ ਜਾਵੇ ਅਰਥਾਤ ਜਿਸਤਰਾਂ ਪ੍ਰਕ੍ਰਿਤੀ ਸੂਖਮ ਥੀਂ ਮਿਲਕੇ ਕਾਰਜ ਰੂਪ ਵਿਚ ਸੰਗਤ ਹੋਈ ਹੈ ਉਸੇ ਤਰਾਂ ਪਰਮੇਸ਼੍ਵਰ ਬੀ ਸਥੂਲ ਹੋ ਜਾਵੇ ਏਸਲਈ ਪਰਮੇਸ਼੍ਵਰ ਜਗਤ ਦਾ ਉਪਾਦਾਨ ਕਾਰਣ ਨਹੀਂ ਕਿੰਤੂ ਨਮਿਤ ਕਾਰਣ ਹੈ। ਜ ਚੈਤਨ ਥੀਂ ਜਗਤ ਦੀ ਉਤਪੱਤੀ ਹੋਵੇ ਤਾਂ ਜਿਸਤਰਾਂ ਪਰਮੇਸ਼੍ਵਰ ਸਾਰੇ ਈਸ਼੍ਵਰਜ ਕਰਕੇ ਜੁਗਤ ਹੈ ਉਸੇ ਤਰਾਂ ਸੰਸਾਰ ਵਿਚ ਬੀ ਸਰਬ ਈਸ਼੍ਵਰਜ ਦਾ ਜੋਗ ਹੋਣਾ ਚਾਹੀਏ ਸੋ ਨਹੀਂ ਹੈ ਏਸ ਲਈ ਪਰਮੇਸ਼੍ਵਰ ਜਗਤ ਦਾ ਉਪਾਦਾਨ ਕਾਰਣ ਨਹੀਂ ਕਿੰਤੂ ਨਮਿਤ ਕਾਰਣ ਹੈ ਕਿਉਂਕਿ ਉਪਨਿਸ਼ਦ ਬੀ ਪ੍ਰਧਾਨ ਹੀ ਨੂੰ ਜਗਤ ਦਾ ਉਪਾਦਾਨ ਕਾਰਣ ਕਹਿੰਦੀ ਹੈ ਜੀਕਣ:-

अजामेकां लोहितशुक्लकृष्णां बह्वीः प्रजाः सृजमानां सरूपाः ॥
श्वेताश्वतर उपनिषद् अ० ४ । मं० ५ ॥

ਏਹ ਸ਼੍ਵੇਤਾਸ਼੍ਵਤਰ ਉਪ ਨਿਸ਼ਦ ਦਾ ਬਚਨ ਹੈ ਜਿਹੜੀ ਜਨਮ ਰਹਿਤ ਸਤ ਰਜ, ਤਮੋਗੁਣ ਰੂਪ ਪ੍ਰਕ੍ਰਤੀ ਹੈ ਉਹੋ ਸ੍ਵਰੂਪ ਅਕਾਰ ਕਰਕੇ ਬਹੁਤ ਪਰਜਾ ਰੂਪ ਹੋ ਜਾਂਦੀ ਹੈ ਅਰਥਾਤ ਪ੍ਰਕ੍ਰਤੀ ਪ੍ਰਿਨਾਮਨੀ ਹੋਣ ਕਰਕੇ ਭਿੰਨ ਭਿੰਨ ਅਵਸਥਾ ਨੂੰ ਪ੍ਰਾਪਤ ਹੋ ਜਾਂਦੀ ਹੈ, ਅਰ ਪੁਰਸ਼ ਅਪ੍ਰਿਨਾਮੀ ਹੋਣ ਕਰਕੇ ਉਹ ਹੋਰ ਅਵਸਥਾ ਵਿਚ ਆਕੇ ਦੂਜੇ ਰੂਪ ਵਿਚ ਕਦੀ ਨਹੀਂ ਪ੍ਰਾਪਤ ਹੁੰਦਾ, ਸਦਾ ਕੂਟਸਥ ਨਿਰ ਬਿਕਾਰ ਰਹਿੰਦਾ ਹੈ ਏਸ ਲਈ ਜੇਹੜਾ ਕੋਈ ਕਪਲਾ ਚਾਰਜ ਨੂੰ ਅਨੀਸ਼੍ਵਰ ਬਾਦੀ ਕਹਿੰਦਾ ਹੈ ਜਾਣੋ ਉਹੋ ਹੀ ਅਨੀਸ਼੍ਵਰ ਬਾਦੀ ਹੈ ਕਪਲਾ ਚਾਰਜ ਨਹੀਂ, ਤਥਾਮੀਮਾਂਸਾ ਦਾ ਧਰਮ ਧਰਮੀ ਥੀਂ, ਈਸ਼੍ਵਰ ਥੀਂ ਵੈਸ਼ੇਸ਼ਕ, ਅਰ ਨਿਆ ਬੀ ਆਤਮ ਸ਼ਬਦ ਥੀਂ ਅਨੀਸ਼੍ਵਰ ਬਾਦੀ ਨਹੀਂ ਕਿਉਂਕਿ ਸਰਬੱਗ ਪ੍ਰਨਾਂ ਆਦੀ ਧਰਮ ਜੁਗਤ ਅਰ

"अततिसर्वत्र व्याप्नोतीत्यात्मा"

ਜੇਹੜਾ ਸਰਬਤ੍ਰ ਵਜਾਪਕ, ਅਰ ਸਰਬੱਗਯ ਆਦੀ ਧਰਮ ਜੁਕਤ, ਸਭ ਜੀਵਾਂ ਦਾ ਆਤਮਾ ਹੈ ਓਸਨੂੰ ਮੀਮਾਂਸਾ, ਵੈਸ਼ੇਸ਼ਕ, ਅਰ ਨਿਆਇ ਈਸ਼੍ਵਰ ਮਨਦੇ ਹਨ।

(ਪ੍ਰਸ਼ਨ) ਈਸ਼੍ਵਰ ਅਵਤਾਰ ਲੈਂਦਾ ਹੈ ਵਾਂ ਨਹੀਂ ?

(ਉੱਤਰ) ਨਹੀਂ ਕਿਉਂਕਿ:-

"अज एकपात" "सपर्य्यगाच्छुक्रमकायम्"

ਏਹ ਯਜੁਰ ਵੇਦ ਦੇ ਬਚਨ ਹਨ ਇਤ ਆਦੀ ਬਚਨਾਂ ਥੀਂ ਸਿਧ ਹੈ ਕਿ ਪਰਮੇਸ਼੍ਵਰ ਜਨਮ ਨਹੀਂ ਲੈਂਦਾ ॥ (ਪ੍ਰਸ਼ਨ)

यदा यदा हि धर्मस्य ग्लानिर्भवति भारत ।

अभ्युत्थानमधर्मस्य तदात्मानं सृजाम्यहम् ॥
भ० गी० अ० ४ । श्लो० ७ ॥

ਸ਼੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਜਦ ਜਦ ਧਰਮ ਦਾ ਲੋਪ ਹੁੰਦਾ ਹੈ ਤਦ ਤਦ ਮੈਂ ਸ਼ਰੀਰ ਧਾਰਨ ਕਰਨਾ ਹਾਂ।

(ਉੱਤਰ) ਏਹ ਬਾਤ ਵੇਦ ਵਿਰੁਧ ਹੋਣ ਕਰਕੇ ਪ੍ਰਮਾਂਣ ਨਹੀਂ, ਅਰ ਏਸਤਰਾਂ ਨਾਲ ਹੋ ਸਕਦੀ ਹੈ ਕਿ ਸ਼੍ਰੀ ਕ੍ਰਿਸ਼ਨ ਧਰਮਾਤਮਾ ਅਰ ਧਰਮ ਦੀ ਰਖਿਆ ਕਰਨਾਂ ਚਾਹੰਦੇ ਸਨ ਕਿ ਮੈਂ ਜੁਗ ਜੁਗ ਵਿਚ ਜਨਮ ਲੈਕੇ ਸ੍ਰੇਸ਼ਟਾਂ ਦੀ ਰਖਿਆ ਅਰ ਦੁਸ਼ਟਾਂ ਦਾ ਨਾਸ਼ ਕਰਾਂ ਤਾਂ ਕੁਝ ਦੋਸ਼ ਨਹੀਂ ਕਿਉਂਕਿਃ—

"परोपकाराय सतांविभूतयः"

ਪਰ ਉਪਕਾਰ ਦੇ ਵਾਸਤੇ ਸਤ ਪੁਰਸਾਂ ਦਾ ਤਨ, ਮਨ, ਧੰਨ ਹੁੰਦਾ ਹੈ ਤਥਾਪੀ ਏਸ ਕਰਕੇ ਸ਼੍ਰੀ ਕ੍ਰਿਸ਼ ਈਸ਼੍ਵਰ ਨਹੀਂ ਹੋ ਸਕਦੇ।

(ਪ੍ਰਸ਼ਨ) ਜੇ ਏਸ ਤਰਾਂ ਹੈ ਤਾਂ ਸੰਸਾਰ ਵਿਚ ਚਹੀ ੨੪ ਈਸ਼੍ਵਰ ਦੇ ਅਵ· ਤਾਰ ਹੁੰਦੇ ਹਨ ਅਰ ਇਨ੍ਹਾਂ ਨੂੰ ਅਵਤਾਰ ਕਿਉਂ ਮਨਦੇ ਹਨ।

(ਉਤ੍ਰ) ਵੇਦ ਦੇ ਅਰਥ ਨੂੰ ਨਾਂ ਜਾਣਨ ਕਰਕੇ ਸੰਪ੍ਰਦਾਈ ਲੋਕਾਂ ਦੇ ਬਕੌਲ ਅਰ ਆਪਣੇ ਆਪ ਅਵਿਦ੍ਵਾਂਨ ਹੋਣ ਕਰਕੇ ਭ੍ਰਮ ਜਾਲ ਵਿਚ ਫਸਕੇ ਅਜਹੀਆਂ ਅਜਹੀਆਂ ਅਪ੍ਰਮਾਣਿਕ ਗੱਲਾਂ ਕਰਦੇ ਅਰ ਮਨਦੇ ਹਨ।

(ਪ੍ਰਸ਼ਨ) ਜੇ ਈਸ਼੍ਵਰ ਅਵਤਾਰ ਨਾ ਲਵੇ ਤਾਂ ਕੰਸ ਰਾਵਣ ਆਦੀ ਦੁਸ਼੍ਟਾਂ ਦਾ ਨਾਸ਼ ਕਿਸਤਰਾਂ ਹੋ ਸ਼ਕੇ।

(ਉਤ੍ਰ) ਪਹਿਲੇ ਤਾਂ ਜੇਹੜਾ ਜਮਿਆ ਹੈ ਉਹ ਜਰੂਰ ਮਰਦਾ ਹੈ, ਜੇਹੜਾ ਈਸ਼੍ਵਰ ਅਉਤਾਰ ਸ਼ਰੀਰ ਧਾਰਣ ਕੀਤੇ ਬਗੈਰ ਜਗਤ ਦੀ ਉਤਪਤੀ ਸਥਿਤੀ, ਪ੍ਰਲੈ ਕਰਦਾ ਹੈ ਓਸਦੇ ਸਾਂਮਣੇ ਕੰਸ, ਅਰ ਰਾਵਣ ਆਦੀ ਇਕ ਕੀੜੀ ਦੇ ਸਮਾਂਨ ਬੀ ਨਹੀਂ ਉਹ ਸਰਬ ਵਿਆਪਕ ਹੋਣ ਕਰਕੇ ਕੰਸ ਰਾਵਣ ਆਦੀ ਸ਼ਰੀਰਾਂ ਵਿਚ ਬੀ ਪਰੀ ਪੂਰਣ ਹੋ ਰਹਿਆ ਹੈ ਜਦ ਚਾਹੇ ਉਸ ਵੇਲੇ ਮਰਮ ਛੇਦਨ ਕਰ ਨਾਸ਼ ਕਰ ਸਕਦਾ ਹੈ। ਭਲਾ ਏਸ ਅਨੰਤ ਗੁਣ, ਕਰਮ ਸੁਭਾਉ ਵਾਲੇ ਪਰਮੇਸ਼੍ਵਰ ਨੂੰ ਇਕ ਛੋਟੇ ਜਹੇ ਜੀਵਦੇ ਮਾਰਣ ਵਾਸਤੇ ਜਨਮ ਮਰਣ ਜੁਕਤ ਕਹਿਣ ਵਾਲੇ ਨੂੰ ਮੂਰਖ ਪਣ ਬੀਂ ਹੋਰ ਕੁਝ ਵਸ਼ੇਸ਼ ਉਪਮਾਂ ਮਿਲ ਸਕਦੀ ਅਰ ਜੇ ਕੋਈ ਕਹ੍ਹੇ ਕਿ ਭਗਤ ਜਨਾਂ ਦੇ ਉਧਾਰ ਕਰਨ ਦੇ ਵਾਸਤੇ ਜਨਮ ਲੈਂਦਾ ਹੈ ਤਾਂ ਬੀ ਸਚ ਨਹੀਂ ਕਿਉਂਕਿ ਜੇਹੜੇ ਭਗਤ ਜਨ ਈਸ਼੍ਵਰ ਦੀ ਆ- ਗਿਆ ਅਨੁਕੂਲ ਚਲਦੇ ਹਨ ਉਨਾਂ ਦੇ ਉਧਾਰ ਕਰਨ ਦਾ ਪੂਰਾ ਸਮ੍ਰਥ ਈਸ਼੍ਵਰ ਵਿਚ ਹੈ। ਕੀ, ਈਸ਼੍ਵਰ ਦ ਪ੍ਰਿਥ੍ਵੀ ਸੂਰਜ ਚੰਦ੍ਰਮਾਂ ਆਦੀ ਜਗਤ ਦੇ ਬਣਾਣੇ

ਧਾਰਣ, ਅਰ ਪ੍ਰਲੈ ਕਰਨ ਰੂਪੀ ਕੰਮਾਂ ਥੀਂ ਕੰਸ, ਰਾਵਣ ਆਦੀ ਦਾ ਮਾਰਣਾ ਅਰ ਗੁਵਰਧਨ ਆਦੀ ਪਰਬਤਾਂ ਦਾ ਉਠਾਣਾ ਵਡੇ ਕੰਮ ਹਨ,ਜੇ ਕੋਈ ਏਸ ਸ੍ਰਿਸ਼ਟੀ ਵਿਚ ਪਰਮੇਸ਼੍ਵਰ ਦੇ ਕੰਮਾ ਦਾ ਵਿਚਾਰ ਕਰੇ ਤਾਂ

"न भूतो न भविष्यति"

ਈਸ਼੍ਵਰ ਵਰਗਾ ਕੋਈ ਨਾ ਹੈ ਨਾ ਹੋਵੇਗਾ,ਅਰ ਜੁਕਤੀ ਕਰਕੇ ਬੀ ਈਸ਼੍ਵਰ ਦਾ ਜਨਮ ਸਿਧ ਨਹੀਂ ਹੁੰਦਾ ਜਿਸਤਰਾਂ ਨਾਲ ਕੋਈ ਅਨੰਤ ਅਕਾਸ਼ ਨੂੰ ਕਹੇ ਕਿ ਗਰਭ ਵਿਚ ਆਗਿਆ, ਵਾ ਮੁਠ ਵਿਚ ਧਰ ਲੀਤਾ ਅਜੇਹਾ ਕਹਿਣਾ ਕਦੀ ਸਚ ਨਹੀਂ ਹੋਸਕਦਾ ਕਿਉਂਕਿ ਅਕਾਸ਼ ਅਨੰਤ ਅਰ ਸਬ ਵਿਚ ਵਿਆਪਕ ਹੈ ਏਸ ਲਈ ਨਾ ਅਕਾਸ਼ ਬਾਹਿਰ ਆਉਂਦਾ ਅਰ ਨਾ ਅੰਦਰ ਜਾਂਦਾ,ਉਸੇ ਤਰਾਂ ਹੀ ਅਨੰਤ ਸਰਬ ਵਿਆਪਕ ਪਰਮਾਤਮਾ ਦੇ ਹੋਣ ਕਰਕੇ ਓਸਦਾ ਆਣਾ ਜਾਣਾਂ ਕਦੀ ਸਿਧ ਨਹੀਂ ਹੋ ਸਕਦਾ,ਜਾਣਾ ਵਾ ਆਣਾ ਉਥੇ ਹੋ ਸਕਦਾ ਹੈ ਜਿਥੇ ਨਾ ਹੋਵੇ। ਕੀ ਪਰਮੇਸ਼੍ਵਰ ਗਰਭ ਵਿਚ ਵਿਆਪਕ ਨਹੀਂ ਸੀ ਜੋ ਕਿ ਧੁਰੋਂ ਆਇਆ,ਅਰ ਬਾਹਿਰ ਨਹੀਂ ਸੀ ਜੋ ਅੰਦੋਂ ਨਿਕਲਿਆ ਅਜਹੀ ਗਲ ਈਸ਼੍ਵਰ ਦੇ ਵਿਸ਼ੇ ਵਿਚ ਕਹਿਣੀ ਅਰ ਮਨਣੀ ਵਿੱਦਿਆ ਹੀਨ ਮਨੁਖਾਂ ਤੋਂ ਬਗੈਰ ਕਉਣ ਕਹ ਅਰ ਮਨ ਸਕੇਗਾ। ਏਸ ਲਈ ਪਰਮੇਸ਼੍ਵਰ ਦਾ ਜਾਣਾ ਆਣਾ ਜਨਮ ਮਰਣ ਕਦੀ ਸਿਧ ਨਹੀਂ ਹੋ ਸਕਦਾ, ਏਸ ਕਰਕੇ ਈਸਾ ਆਦੀ ਬੀ ਈਸ਼੍ਵਰ ਦੇ ਅਵਤਾਰ ਨਹੀਂ ਏਸ ਤਰਾਂ ਨਾਲ ਸਮਝ ਲੈਣਾ ਕਿਉਂਕਿ ਰਾਗ, ਦ੍ਵੇਸ਼, ਭੁਖ, ਤੇਹ, ਭੈ, ਸੋਗ, ਦੁਖ, ਸੁਖ, ਜਨਮ, ਮਰਣ ਆਦੀ ਗੁਣ ਵਾਲੇ ਹੋਣ ਕਰਕੇ ਮਨੁਖ ਸਨ।

(ਪ੍ਰਸ਼ਨ) ਈਸ਼੍ਵਰ ਅਪਣੇ ਭਗਤਾਂ ਦੇ ਪਾਪ ਖਿਮਾ ਕਰਦਾ ਹੈ ਵਾ ਨਹੀਂ?

(ਉਤ੍ਰ) ਨਹੀਂ, ਕਿਉਂਕਿ ਜੇ ਪਾਪ ਖਿਮਾਂ ਕਰੇ ਤਾਂ ਓਸਦਾ ਨਿਆਂ ਨਸ਼ਟ ਹੋ ਜਾਵੇ ਅਰ ਸਭ ਮਨੁਖ ਮਹਾਂ ਪਾਪੀ ਹੋ ਜਾਨ, ਕਿਉਂਕਿ ਖਿਮਾਂ ਦੀ ਬਾਤ ਸੁਣਦਿਆਂ ਹੀ ਉਨ੍ਹਾਂ ਨੂੰ ਪਾਪ ਕਰਮ ਵਿਚ ਨਿਰਭੈਤਾ ਅਰ ਉਤਸਾਹ ਹੋਜਾਵੇ, ਜੀਕਣ ਰਾਜਾ ਅਪ੍ਰਾਧ ਨੂੰ ਖਿਮਾਂ ਕਰ ਦੇਵੇ ਤਾਂ ਉਹ ਉਤਸਾਹ ਦੇ ਨਾਲ ਵਧੀਕ ਵਧੀਕ ਵਡੇ ਵਡੇ ਪਾਪ ਕਰਨ, ਕਿਉਂਕਿ ਰਾਜਾ ਅਪਣਾ ਅਪ੍ਰਾਧ ਖਿਮਾਂ ਕਰ ਦੇਵੇਗਾ ਅਰ ਉਨ੍ਹਾਂ ਨੂੰ ਬੀ ਭ੍ਰੋਸਾ ਹੋ ਜਾਵੇਗਾ ਕਿ ਰਾਜਾ ਕੋਲੋਂ ਅਸੀ ਹਥ ਜੋੜ ਜਾੜਕੇ ਅਪਣਾ ਅਪ੍ਰਾਧ ਛੁਡਾ ਲਵਾਂਗੇ। ਅਰ ਜੇਹੜੇ ਅਪ੍ਰਾਧ ਨਹੀਂ ਕਰਦੇ ਉਹ ਬੀ ਅਪ੍ਰਾਧ ਕਰਨ ਤੋਂ ਨਾ ਡਰਕੇ ਪਾਪ ਕਰਨ ਵਿਚ ਪਰਵਿਰਤ ਹੋ ਜਾਂਨ। ਏਸ ਲਈ ਸਭ ਕਰਮਾਂ ਦਾ ਫਲ ਜਥਾਵਤ ਦੇਣਾ ਹੀ ਈਸ਼੍ਵਰ ਦਾ ਕੰਮ ਹੈ ਖਿਮਾਂ ਕਰਨਾ ਨਹੀਂ।

(ਪ੍ਰਸ਼ਨ) ਜੀਵ ਸ੍ਵਤੰਤ੍ਰ ਹੈ ਵਾ ਪ੍ਰਤੰਤ੍ਰ

(ਉਤ੍ਰ) ਅਪਣੇ ਕਰਨ ਜੋਗ ਕਮੱਾਂ ਵਿਚ ਸ੍ਵਤੰਤ੍ਰ, ਅਰ ਈਸ਼੍ਵਰ ਦੀ ਬਿਵਸਥਾ ਵਿਚ ਪ੍ਰਤੰਤ੍ਰ ਹੈ।

"ਸ੍ਵਤੰਤ੍ਰ: ਕਰਤਾ"

ਇਹ ਪਾਣਿਨੀ ਜੀ ਦੇ ਵ੍ਯਾਕਰਣ ਦਾ ਸੂਤ੍ਰ ਹੈ ਜੇਹੜਾ ਸ੍ਵਤੰਤ੍ਰ ਅਰਥਾਤ ਸ੍ਵਾਧੀਨ ਹੈ ਉਹੋ ਹੀ ਕਰਤਾ ਹੈ।

(ਪ੍ਰਸ਼ਨ) ਸ੍ਵਤੰਤ੍ਰ ਕਿਸ ਨੂੰ ਕਹਿੰਦੇ ਹਨ।

(ਉਤ੍ਰ) ਜਿਸਦੇ ਅਧੀਨ ਸ਼੍ਰੀਰ, ਪ੍ਰਾਣ, ਇੰਦ੍ਰੀਆਂ, ਅਰ ਅੰਤਹਕਰਣ ਆਦੀ ਹੋਂਨ। ਜੇ ਸ੍ਵਤੰਤ੍ਰ ਨਾ ਹੋਵੇ ਤਾਂ ਓਸਨੂੰ ਪਾਪ ਪੁੰਨ ਦਾ ਫਲ ਪ੍ਰਾਪਤ ਕਦੀ ਨਹੀਂ ਹੋ ਸਕਦਾ, ਕਿਉਂਕਿ ਜੀਕਣ ਨੌਕਰ, ਸ੍ਵਾਮੀ ਅਰ ਸੈਨਾਂ, ਸੈਨਾਂਧਯਕ੍ਸ਼ ਦੀ ਆਗਿਆ ਅਥਵਾ ਪ੍ਰੇਰਨਾ ਕਰਕੇ ਯੁਧ ਵਿਚ ਅਨੇਕ ਪੁਰਖਾਂ ਨੂੰ ਮਾਰਕੇ ਅਪ੍ਰਾਧੀ ਨਹੀਂ ਹੁੰਦੇ ਉਕਣ ਪਰਮੇਸ਼੍ਵਰ ਦੀ ਪ੍ਰੇਰਣਾ ਅਰ ਅਧੀਨਤਾ ਨਾਲ ਕੰਮ ਸਿਧ ਹੋਂਨ ਤਾਂ ਜੀਵ ਨੂੰ ਪਾਪ ਵਾ ਪੁੰਨ ਨਾ ਲਗੇ, ਓਸ ਫਲ ਦਾ ਬੀ ਪ੍ਰੇਰਕ ਪਰਮੇਸ਼੍ਵਰ ਹੋਵੇ। ਨ਼ਰਕ, ਸ੍ਵਰਗ, ਅਰਥਾਤ ਸੁਖ ਦੁਖ ਦੀ ਪ੍ਰਾਪਤੀ ਬੀ ਪਰਮੇ-ਸ਼੍ਵਰ ਨੂੰ ਹੋਵੇ। ਜੀਕਣ ਕਿਸੇ ਮਨੁਖੱ ਨੇ ਸ਼ਸਤ੍ਰ ਵਸ਼ੇਸ਼ ਨਾਲ ਕਿਸੇ ਨੂੰ ਮਾਰ ਦਿਤਾਂ ਤਾਂ ਉਹੋ ਹੀ ਮਾਰਣ ਵਾਲਾ ਪਕੜਿਆ ਜਾਂਦਾ ਹੈ ਅਰ ਉਹੋ ਹੀ ਡੰਡ ਪਾਂਦਾ ਹੈ ਸ਼ਸਤ੍ਰ ਨਹੀਂ, ਉਸੇ ਤਰਾਂ ਪ੍ਰਾਧੀਨ ਜੀਵ ਪਾਪ ਪੁੰਨ ਦਾ ਭਾਗੀ ਨਹੀਂ ਹੋਸਕਦਾ, ਏਸ ਲਈ ਅਪਨੀ ਸਮ੍ਰਥਾਂ ਅਨੁਕੂਲ ਕਰਮ ਕਰਨ ਵਿਚ ਜੀਵ ਸ੍ਵਤੰਤ੍ਰ, ਪ੍ਰੰਤੂ ਜਦ ਉਹ ਪਾਪ ਕਰ ਚੁਕਦਾ ਹੈ ਤਦ ਈਸ਼੍ਵਰ ਦੀ ਬਿਵਸਥਾ ਵਿਚ ਪ੍ਰਾਧੀਨ ਹੋਕੇ ਪਾਪ ਦੇ ਫਲ ਭੋਗਦਾ ਹੈ ਏਸ ਵਾਸਤੇ ਕਰਮ ਕਰਨ ਵਿਚ ਜੀਵ ਸ੍ਵਤੰਤ੍ਰ, ਅਰ ਪਾਪ ਦੁਖ ਰੂਪੀ ਫਲ ਭੋਗਣ ਵਿਚ ਪ੍ਰਤੰਤ੍ਰ ਹੋਂਦਾ ਹੈ।

(ਪ੍ਰਸ਼ਨ) ਜੇ ਪਰਮੇਸ਼੍ਵ ਜੀਵ ਨੂੰ ਨਾ ਬਣਾਂਦਾ ਅਰ ਸਮ੍ਰਥਾ ਨਾ ਦੇਂਦਾ ਤ ਜੀਵ ਕੁਝ ਬੀ ਨਹੀਂ ਕਰ ਸਕਦਾ। ਏਸ ਲਈ ਪਰਮੇਸ਼੍ਵਰ ਦੀ ਪ੍ਰੇਰਣਾ ਨਾਲ ਹੀ ਜੀਵ ਕਰਮ ਕਰਦਾ ਹੈ।

(ਉਤ੍ਰ) ਜੀਵ ਉਤਪੰਨ ਕਦੀ ਨਹੀਂ ਹੁੰਦਾ ਅਨਾਦੀ ਹੈ ਜਿਸਤਰਾਂ ਈਸ਼੍ਵਰ ਅਰ ਜਗਤ ਦਾ ਉਪਾਦਾਨ ਕਾਰਣ ਨਮਿਤ ਹੈ ਅਰ ਜੀਵ ਦਾ ਸ਼੍ਰੀਰ ਤਥਾ ਇੰਦ੍ਰੀਆਂ ਦੇ ਗੋਲਕ ਪਰਮੇਸ਼੍ਵਰ ਦੇ ਬਣਾਏ ਹੋਏ ਹਨ ਪ੍ਰੰਤੂ ਉਹ ਸਭ ਜੀਵ ਦੇ ਅਧੀਨ ਹਨ ਜੇਹੜਾ ਮਨ, ਕਰਮ, ਬਚਨ ਕਰਕੇ, ਪਾਪ ਪੁੰਨ ਕਰਦਾ ਹੈ ਉਹੋ ਭੋਗਦਾ ਹੈ ਈਸ਼੍ਵਰ ਨਹੀਂ, ਜਿਸਤਰਾਂ ਕਿਸੇ ਨੇ ਪਹਾੜ ਵਿਚੋਂ ਲੋਹਾ ਕਢਿਆ ਉਸ ਲੋਹੇ ਨੂੰ ਕਿਸੇ ਬਪਾਰੀ ਨੇ ਲੀਤਾ ਓਸ ਦੀ ਦੁਕਾਂਨ ਥੀਂ ਲੁਹਾਰ ਨੇ ਲੈਕੇ ਤਲਵਾਰ ਬਣਾਈ ਓਸਕੋਲੋਂ ਕਿਸੇ ਸਿਪਾਹੀ ਨੇ ਤਲਵਾਰ ਲੈ ਲੀਤੀ ਓਸ ਨਾਲ ਕਿਸੇ ਨੂੰ ਮਾਰ ਸਟਿਆ ਹੁਣ ਏਥੇ ਜਿਸਤਰਾਂ ਓਹ ਲੋਹੇ ਨੂੰ ਉਤਪੰਨ ਕਰਣੇ, ਓਸਤੋਂ ਲੈਣੇ ਤਲ

ਵਾਰ ਬੈਣਾਣੇ ਵਾਲੇ, ਅਰ ਤਲਵਾਰ ਨੂੰ ਪਕੜਕੇ ਰਾਜਾ ਡੰਡ ਨਹੀਂ ਦੇਂਦਾ ਕਿੰਤੂ ਜਿਸਨੇ ਤਲਵਾਰ ਨਾਲ ਮਾਰਿਆ ਉਹੋ ਡੰਡ ਪਾਂਦਾ ਹੈ ਇਸੇ ਤਰਾਂ ਸਰੀਰ ਆਦੀ ਨੂੰ ਉਤਪੰਨ ਕਰਨ ਵਾਲਾ ਪਰਮੇਸ਼੍ਵਰ ਓਸਦੇ ਕਰਮਾਂ ਦਾ ਭੋਗਣ ਵਾਲਾ ਨਹੀਂ ਹੁੰਦਾ ਕਿੰਤੂ ਜੀਵ ਨੂੰ ਭੁਗਾਣ ਵਾਲਾ ਹੁੰਦਾ ਹੈ। ਜੇ ਪਰਮੇਸ਼੍ਵਰ ਕਰਮ ਕਰਦਾ ਤਾਂ ਕੋਈ ਜੀਵ ਪਾਪ ਪੁੰਨ ਨਾ ਕਰਦਾ ਕਿਉਂਕਿ ਪਰਮੇਸ਼੍ਵਰ ਪਵਿਤ੍ਰ ਅਰ ਧਾਰ-ਮਿਕ ਹੋਣ ਕਰਕੇ ਕਿਸੇ ਜੀਵ ਨੂੰ ਪਾਪ ਕਰਨ ਵਿਚ ਪ੍ਰੇਰਣਾ ਨਹੀਂ ਕਰਦਾ ਇਸ ਵਾਸਤੇ ਜੀਵ ਆਪਣੇ ਕੰਮ ਕਰਨ ਵਿਚ ਸ੍ਵਤੰਤ੍ਰ ਹੈ, ਜੀਕਣ ਜੀਵ ਆਪਣੇ ਕੰਮਾਂ ਦੇ ਕਰਨ ਵਿਚ ਸੁਤੰਤ੍ਰ ਹੈ ਉਕਣ ਪਰਮੇਸ਼੍ਵਰ ਬੀ ਆਪਣੇ ਕੰਮਾਂ ਦੇ ਕਰਨ ਵਿਚ ਸ੍ਵਤੰਤ੍ਰ ਹੈ।

(ਪ੍ਰਸ਼ਨ) ਜੀਵ ਅਰ ਈਸ਼੍ਵਰ ਦਾ, ਸ੍ਵਰੂਪ, ਗੁਣ, ਕਰਮ, ਸੁਭਾਵ ਕਿਹੋ ਜਿਹਾ ਹੈ?

(ਉੱਤਰ) ਦੋਨੋ ਚੇਤੰਨ ਸਰੂਪ ਹਨ ਸ਼ੁਭਾਉ ਦੋਹਾਂ ਦਾ ਪਵਿਤ੍ਰ ਅਬਿਨਾਸ਼ੀ ਅਰ ਧਾਰਮਿਕਤਾ ਆਦੀ ਹੈ ਪ੍ਰੰਤੂ ਪਰਮੇਸ਼੍ਵਰ ਦੇ ਸ੍ਰਿਸ਼ਟੀ ਦੀ ਉਤਪੱਤੀ, ਸਥਿਤੀ, ਪ੍ਰਲੈ, ਸਭ ਨੂੰ ਨਿਯਮ ਵਿਚ ਰਖਣਾ, ਜੀਵਾਂ ਨੂੰ ਪਾਪ ਪੁੰਨਾਂ ਦੇ ਫਲ ਦੇਣ ਆਦੀ ਧਰਮ ਜੁਕਤ ਕਰਮ ਹਨ। ਅਰ ਜੀਵ ਦਾ ਸੰਤਾਨ ਉਤਪਤੀ, ਉਨ੍ਹਾਂ ਦਾ ਪਾਲਣ, ਸਿਲਪ ਵਿਦਿਆ ਆਦੀ ਚੰਗੇ ਬੁਰੇ ਕਰਮ ਹਨ। ਈਸ਼੍ਵਰ ਦੇ ਨਿਤ ਗਿਆਨ, ਅਨੰਦ, ਅਨੰਤ ਬਲ ਆਦੀ ਗੁਣ ਹਨ ਅਰ ਜੀਵਦੇ:—

इच्छाद्वेषप्रयत्नसुखदुःखज्ञानान्यात्मनो लिङ्गमिति ॥
न्यायद० अ० १ । आ० १ । सू० १० ॥

प्राणापाननिमेषोन्मेषमनोगतीन्द्रियान्तरविकाराः सुख-
दुःखे इच्छाद्वेषौ प्रयत्नाश्चात्मनो लिङ्गानि ॥ वैशेषिकद०
अ० ३ । आ० २ । सू० ४ ॥

(ਇਛੱਆ) ਪਦਾਰਥਾਂ ਦੀ ਪ੍ਰਾਪਤੀ ਦੀ ਅਭਿਲਾਖਾ। (ਦ੍ਵੇਸ਼) ਦੁਖ ਆਦੀ ਦੀ ਅਨਿਛਾ, ਵੈਰ, (ਪ੍ਰਜਤਨ) ਪੁਰਖਰਾਥ ਬਲ। (ਸੁਖ) ਅਨੰਦ (ਦੁਖ) ਬਿਲਾਪ ਅਪ੍ਰਸਨੱਤਾ (ਗਿਆਨ) ਬਿਬੇਕ ਪਛਾਣਨਾ ਏਹ ਗੁਣ (ਨਿਆਇ ਸ਼ਾਸਤ੍ਰ ਵਿਚ) ਤੁਲ ਲਿਖੇ ਹਨ ਪ੍ਰੰਤੂ ਵੈਸ਼ੇਸ਼ਕ ਸ਼ਾਸਤ੍ਰ ਵਿਚ (ਪ੍ਰਾਂਣ) ਪ੍ਰਾਂਣ ਵਾਯੂ ਨੂੰ ਬਾਹਿਰ ਕਢਣਾਂ (ਅਪਾਂਨ) ਪ੍ਰਾਣ ਨੂੰ ਬਾਹਿਰ ਵਲੋਂ ਅੰਦ੍ਰ ਨੂੰ ਲੈਣਾ। (ਨਿਮੇਸ਼) ਅਖ ਨੂੰ ਮੀਚਣਾ। (ਉਨਮੇਸ਼) ਅਖੱ ਨੂੰ ਖੋਲ੍ਹਣਾ। (ਮਨ) ਨਿਸਚਾ, ਸਿਮ੍ਰਣ, ਅਰ ਅਹੰਕਾਰ ਕਰਨਾ। (ਗਤੀ) ਚਲਣਾ, (ਇੰਦ੍ਰੀ) ਸਭ ਇੰਦ੍ਰੀਆਂ ਨੂੰ ਚਲਾਣਾ। (ਅੰਤ ਵਿਕਾਰ) ਭਿੰਨ ਭਿੰਨ ਭੁਖ, ਤੇਹ ਹਰਖ, ਸੋਗ

ਆਦੀ ਨਾਲ ਜੁਗਤ ਹੋਣਾ, ਏਹ ਜੀਵਾਤਮਾ ਦੇ ਗੁਣ ਪਰਮਾਤਮਾਂ ਤੋਂ ਭਿੰਨ ਹਨ ਇਨਾਂ ਕਰਕੇ ਆਤਮਾ ਦੀ ਪ੍ਰਤੀਤੀ ਕਰਨੀ ਕਿਉਂਕਿ ਉਹ ਸਥੂਲ ਨਹੀਂ ਹੈ, ਜਦ ਤਿਕ ਆਤਮਾ ਦੇਹ ਵਿਚ ਹੁੰਦਾ ਹੈ ਤਦ ਤਿਕ ਏਹੁ ਗੁਣ ਪ੍ਰਕਾਸ਼ਤ ਰਹਿੰਦੇ ਹਨ, ਅਰ ਜਦ ਸ਼ਰੀਰ ਛਡਕੇ ਚਲਿਆ ਜਾਂਦਾ ਹੈ ਤਦ ਏਹੁ ਗੁਣ ਸ਼ਰੀਰ ਵਿਚ ਨਹੀਂ ਰਹਿੰਦੇ, ਜਿਸਦੇ ਹੋਣ ਕਰਕੇ ਜੋ ਹੋਂਨ ਅਰ ਨਾ ਹੋਣ ਕਰਕੇ ਨਾ ਹੋਂਨ ਉਹ ਗੁਣ ਉਸੇ ਦੇ ਹੁੰਦੇ ਹਨ, ਜਿਸਤਰਾਂ ਦੀਵਾ ਅਰ ਸੂਰਜ ਆਦੀ ਦੇ ਨਾ ਹੋਣ ਕਰਕੇ ਪ੍ਰਕਾਸ਼ ਆਦੀ ਦਾ ਨਾ ਹੋਣਾ ਅਰ ਹੋਣ ਕਰਕੇ ਹੋਣਾ ਹੈ ਉਸੇ ਤਰਾਂ ਜੀਵ ਅਰ ਪਰਮੇਸ਼ੁਰ ਦਾ ਬਿਗਿਆਂਨ ਗੁਣਾਂ ਕਰਕੇ ਹੁੰਦਾ ਹੈ ।

(ਪ੍ਰਸ਼ਨ) ਪਰਮੇਸ਼ੁਰ ਤ੍ਰਿਕਾਲ ਦਰਸੀ ਹੈ ਇਸ ਲਈ ਅਗੇ ਹੋਣ ਵਾਲੀਆਂ ਬਾਤਾਂ ਜਾਣਦਾ ਹੈ ਉਹ ਜੀਕਣ ਨਿਸਚਾ ਕਰੇਗਾ ਜੀਵ ਉਕਣ ਹੀ ਕਰੇਗਾ ਏਸ ਕਰਕੇ ਜੀਵ ਸੁਤੰਤ੍ਰ ਨਹੀਂ ਅਰ ਜੀਵ ਨੂੰ ਈਸ਼ੁਰ ਡੰਡ ਬੀ ਨਹੀਂ ਦੇ ਸਕਦਾ ਕਿਉਂਕਿ ਜਿਸਤਰਾਂ ਈਸ਼ੁਰ ਨੇ ਆਪਣੇ ਗਿਆਂਨ ਕਰਕੇ ਨਿਸਚਾ ਕੀਤਾ ਹੈ ਉਸੇ ਤਰਾਂ ਹੀ ਜੀਵ ਕਰਦਾ ਹੈ।

(ਉਤ੍ਰ) ਈਸ਼ੁਰ ਨੂੰ ਤ੍ਰੀਕਾਲਦਰਸੀ ਕਹਣਾ ਮੂਰਖਤਾ ਦਾ ਕੰਮ ਹੈ ਕਿਉਂਕਿ ਜੋ ਹੋਕੇ ਨਾ ਰਹੇ ਉਹ ਭੂਤਕਾਲ, ਅਰ ਨਾ ਹੋਕੇ ਹੋਵੇ ਉਹ ਭਵਿਖਤ ਕਾਲ ਕਹਾਂਦਾ ਹੈ। ਕੀ ਈਸ਼ੁਰ ਨੂੰ ਕੋਈ ਗਿਆਂਨ ਹੋਕੇ ਨਹੀਂ ਰਹਿੰਦਾ ਤਥਾ ਨਾ ਹੋਕੇ ਹੁੰਦਾ ਹੈ? ਇਸ ਲਈ ਪਰਮੇਸ਼ੁਰ ਦਾ ਗਿਆਂਨ ਸਦਾ ਇਕ ਰਸ, ਅਖੰਡ ਵਰਤਮਾਂਨ ਰਹਿੰਦਾ ਹੈ ਭੂਤ, ਭਵਿਸ਼ਤ, ਜੀਵਾਂ ਦੇ ਵਾਸਤੇ ਹਨ, ਹਾਂ ਜੀਵਾਂ ਦੇ ਕਰਮਾਂ ਦੀ ਅਪੇਖਿਆ ਕਰਕੇ ਤ੍ਰਿਕਾਲਗੱਤਾ ਈਸ਼ੁਰ ਵਿਚ ਹੈ ਆਪਣੇ ਆਪ ਨਹੀਂ, ਜੀਕਣ ਸੁਤੰਤ੍ਰਤਾ ਨਾਲ ਜੀਵ ਕਰਦਾ ਹੈ ਉਸੇ ਤਰਾਂ ਸਰਬਗਤਾ ਨਾਲ ਈਸ਼ੁਰ ਜਾਂਣਦਾ ਹੈ ਅਰ ਜਿਸਤਰਾਂ ਈਸ਼ੁਰ ਜਾਂਣਦਾ ਹੈ ਉਸੇਤਰਾਂ ਜੀਵ ਕਰਦਾ ਹੈ ਅਰਥਾਤ ਭੂਤ, ਭਵਿਸ਼ੱਤ ਵਰਤਮਾਂਨ ਦੇ ਗਿਆਂਨ ਅਰ ਫਲ ਦੇਣ ਵਿਚ ਈਸ਼ੁਰ ਸੁਤੰਤ੍ਰ ਹੈ, ਅਰ ਜੀਵ ਕਿੰਚਤ ਵਰਤਮਾਂਨ ਅਰ ਕਰਮ ਕਰਨ ਵਿਚ ਸੁਤੰਤ੍ਰ ਹੈ ਈਸ਼ੁਰ ਦਾ ਅਨਾਦੀ ਗਿਆਂਨ ਹੋਣ ਕਰਕੇ ਜਿਸਤਰਾਂ ਕਰਮ ਦਾ ਗਿਆਂਨ ਹੈ ਉਸੇ ਤਰਾਂ ਹੀ ਡੰਡ ਦੇਣ ਦਾ ਬੀ ਗਿਆਂਨ ਅਨਾਦੀ ਹੈ ਦੋਨੋਂ ਗਿਆਂਨ ਓਸਦੇ ਸਚੇ ਹਨ ।

ਕੀ ਕਰਮ ਗਿਆਂਨ ਸਚਾ ਅਰ ਡੰਡ ਗਿਆਂਨ ਮਿਥਿਆ ਕਦੀ ਹੋ ਸਕਦਾ ਹੈ ਇਸ ਲਈ ਇਸ ਵਿਚ ਕੋਈ ਦੋਸ਼ ਨਹੀਂ ਆਂਉਦਾ।

(ਪ੍ਰਸ਼ਨ) ਜੀਵ ਸ਼ਰੀਰ ਵਿਚ ਭਿਨ ਵਿਭੂ ਹੈ ਵਾ ਪਰੀਛਿਨ ?

(ਉਤ੍ਰ) ਪਰੀਛਿਨ, ਜੇ ਵਿਭੂ ਹੁੰਦਾ ਤਾਂ ਜਾਗ੍ਰਤ, ਸੁਪਨ, ਸਖੋਪਤੀ, ਮਰਨ, ਜਨਮ, ਸੰਜੋਗ, ਵਿੰਜੋਗ, ਜਾਣਾ, ਆਣਾ ਕਦੀ ਨਾ ਹੋ ਸਕਦਾ ਇਸ ਲਈ ਜੀਵ ਦਾ ਸਰੂਪ ਅਲਪਗੱਜ, ਅਲਪ ਅਰਥਾਤ ਸੂਖਮ ਹੈ ਅਰ, ਪਰਮੇ-

ਸ਼੍ਰਰ ਅਤੀ ਸੂਖਮਾਂ ਦਾ ਸੂਖਮ, ਅਨੰਤ, ਸਰਬਗੱ, ਅਰ ਸਰਬ ਵਿਆਪਕ ਸਰੂਪ ਹੈ ਇਸ਼ੇ ਕਰਕੇ ਜੀਵ ਅਰ ਪਰਮੇਸ਼੍ਵਰ ਦਾ ਵਿਆਪ, ਵਿਆਪਕ ਸੰਬੰਧ ਹੈ।

(ਪ੍ਰਸ਼ਨ) ਜਿਸ ਜਗਹਿ ਵਿਚ ਇਕ ਵਸਤੂ ਹੁੰਦੀ ਹੈ ਓਸ ਜਗਹਿ ਵਿਚ ਦੂਜੀ ਵਸਤੂ ਨਹੀਂ ਰਹਿਸਕਦੀ ਏਸ ਵਾਸਤੇ ਜੀਵ ਅਰ ਈਸ਼੍ਵਰ ਦਾ ਸੈਂਜੋਗ ਸੰਬੰਧ ਹੋ ਸਕਦਾ ਹੈ ਵਿਆਪ ਵਿਆਪਕ ਨਹੀਂ।

(ਉਤ੍ਰ) ਏਹ ਨਿਯੱਮ ਇਕੋ ਜਹੇ ਅਕਾਰ ਵਾਲੇ ਪਦਾਰਥਾਂ ਵਿਚ ਘਟ ਸਕਦਾ ਹੈ, ਜਿਨ੍ਹਾਂ ਦਾ ਸਮਾਨ ਅਕਾਰ ਨਹੀਂ ਉਨ੍ਹਾਂ ਵਿਚ ਨਹੀਂ ਘਟ ਸਕਦਾ ਜੀਕਣ ਲੋਹਾ ਸਥੂਲ ਅਗਨੀ ਸੂਖਮ ਹੁੰਦੀ ਹੈ ਏਸ ਕਰਕੇ ਲੋਹੇ ਵਿਚ ਵਿਦ੍ਯੁਤ (ਬਿਜਲੀ) ਅਗਨੀ ਵਿਆਪਕ ਹੋਕੇ ਇਕੋ ਹੀ ਅਵਕਾਸ਼ ਵਿਚ ਦੋਨੋਂ ਰਹਿੰਦੇ ਹਨ ਉਕਣ ਜੀਵ ਪਰਮਸ਼੍ਵਰ ਥੀਂ ਸਥੂਲ, ਅਰ ਪਰਮੇਸ਼੍ਵਰ ਜੀਵ ਥੀਂ ਸੂਖਮ ਹੋਣ ਕਰਕੇ ਵਿਆਪਕ ਅਰ ਜੀਵ ਵਿਆਪਜ ਹੈ ਜਿਸ ਤਰਾਂ ਏਹ ਵਿਆਪਜ ਵਿਆਪਕ ਸੰਬੰਧ ਜੀਵ ਈਸ਼੍ਵਰ ਦਾ ਹੈ ਉਸੇ ਤਰਾਂ ਹੀ ਸੇਵਜ, ਸੇਵਕ, ਅਧਾਰ, ਅਧੇਜ, ਸ੍ਵਾਮੀ, ਭ੍ਰਿਤ, ਰਾਜਾ, ਪਰਜਾ, ਅਰ ਪਿਤਾ, ਪੁਤ੍ਰ ਆਦੀ ਬੀ ਸੰਬੰਧ ਹਨ।

(ਪ੍ਰਸ਼ਨ) ਜੇ ਵਖੋ ਵਖਤੇ ਹਨ ਤਾਂ:—

प्रज्ञानं ब्रह्म ॥ १ ॥ अहं ब्रह्मास्मि ॥ २ ॥
तत्त्वमसि ॥ ३ ॥ अयमात्मा ब्रह्म ॥ ४ ॥

ਵੇਦਾਂ ਦੇ ਇਨਾਂਮ ਹਾਂ ਵਾਕਾਂ ਦਾ ਅਰਥ ਕੀ ਹੈ?

(ਉਤ੍ਰ) ਏਹ ਵੇਦ ਵਾਕ ਹੀ ਨਹੀਂ ਹਨ ਕਿੰਤੂ ਬ੍ਰਾਹਮਣ ਗ੍ਰੰਥਾਂ ਦੇ ਬਚਨ ਹਨ ਅਰ ਇਨ੍ਹਾਂ ਦਾ ਨਾਉ ਮਹਾਂ ਵਾਕ ਕਿਧਰੇ ਬੀ ਸਤ ਸ਼ਾਸਤ੍ਰਾਂ ਵਿਚ ਨਹੀਂ ਲਿਖਿਆ ਅਰਥਾਤ ਅਹੰ (ਮੈ) ਬ੍ਰਹਮ ਅਰਥਾਤ ਬ੍ਰਹਮ ਵਿਚ (ਅਸਮੀ) ਹਾਂ

ਏਥੇ ਤਾਤਸਥ ਉਪਾਧੀ ਹੈ ਜੀਕਣ "मंचाः क्रोशन्ति" ਮੰਜੇ ਬੋਲਦੇ ਹਨ ਮੰਜੇ ਜੜ੍ਹ ਹਨ ਉਨ੍ਹਾਂ ਵਿਚ ਬੋਲਣ ਦਾ ਸਮ੍ਰਥ ਨਹੀਂ ਏਸ ਕਰਕੇ ਮੰਜੀਆਂ ਦੇ ਉਪਰ ਬੈਠੇ ਹੋਏ ਮਨੁਖੱ ਬੋਲਦੇ ਹਨ, ਇਸੇ ਤਰਾਂ ਨਾਲ ਏਥੇ ਬੀ ਜਾਣਨਾ, ਕੋਈ ਕਹੇ ਕਿ ਬ੍ਰਹਮ ਵਿਚ ਇਸਥਿਤ ਸਭ ਪਦਾਰਥ ਹਨ ਫਿਰ ਜੀਵ ਦਾ ਬ੍ਰਹਮ ਕਹਿਣ ਵਿਚ ਵਸ਼ੇਸ਼ ਕੀ ਹੈ। ਏਸਦਾ ਉਤ੍ਰ ਏਹ ਹੈ ਕਿ ਸਭ ਪਦਾਰਥ ਬ੍ਰਹਮ ਵਿਚ ਠਹਰੇ ਹੋਏ ਹਨ ਪ੍ਰੰਤੂ ਜਿਸਤਰਾਂ ਉਹਾ ਜਹੇ ਧਰਮ ਵਾਲਾ ਨਜੀਕ ਠੈਹਰਿਆ ਹੋਇਆ ਜੀਵ ਹੈ ਉਕਣ ਹੋਰ ਨਹੀਂ ਅਰ ਜੀਵ ਨੂੰ ਬ੍ਰਹਮ ਦਾ ਗਿਆਨ, ਅਰ ਮੁਕਤੀ ਵਿਚ ਉਹ ਬ੍ਰਹਮ ਦ ਸਾਖਿਆਤ ਸੰਬੰਧ ਵਿਚ ਰਹਿੰਦਾ ਹੈ ਏਸ ਲਈ ਜੀਵ ਦਾ ਬ੍ਰਹਮ ਦੇ ਨਾਲ ਤਾਤਸਥ ਵਾ ਤਤ ਸਹਿ ਚਰਿਤ ਉਪਾਧੀ ਹੈ ਅਰਥਾਤ ਬ੍ਰਹਮ ਦਾ ਸਹਿਚਾਰੀ ਜੀਵ ਹੈ ਏਸ ਕਰਕੇ ਜੀਵ ਅਰ ਬ੍ਰਹਮ

ਇਕ ਨਹੀਂ । ਜੀਕਣ ਕੋਈ ਕਿਸੇ ਨੂੰ ਕਹੇ ਕਿ ਮੈਂ ਅਰ ਏਹ ਇਕ ਹਾਂ ਅਰਥਾਤ ਅਵਿਰੋਧੀ ਹਾਂ ਉਸੇ ਤਰਾਂ ਜੋ ਜੀਵ ਸਮਾਧੀ ਵਿਚ ਪਰਮੇਸ਼ੂਰ ਵਿਚ ਪ੍ਰੇਮ ਬਧ ਹੋਇਕੇ ਨਿਮਗਨ ਹੁੰਦਾ ਹੈ ਉਹ ਕਹ ਸਕਦਾ ਹੈ ਕਿ ਮੈਂ ਅਰ ਬ੍ਰਹਮੇ ਇਕੋ ਅਰਥਾਤ ਅਵਿਰੋਧੀ ਇਕੋ ਅਵਕਾਸ਼ ਵਿਚ ਹਾਂ । ਜੇਹੜਾ ਜੀਵ ਪਰਮੇਸ਼ੂਰ ਦੇ ਗੁਣ, ਕਰਮ, ਸੁਭਾਉ ਦੇ ਅਨੁਕੂਲ ਅਪਣੇ ਗੁਣ, ਕਰਮ, ਸੁਭਾਉ ਕਰਦਾ ਹੈ ਉਹੀ ਸਾ ਧਰਮਕ ਕਰਕੇ ਬ੍ਰਹਮ ਦੇ ਨਾਲ ਏਕਤਾ ਕਹਿ ਸਕਦਾ ਹੈ।

(ਪ੍ਰਸ਼ਨ) ਅਛਾ ਤਾਂ ਏਸ ਦਾ ਅਰਥ ਕਿਸਤਰਾਂ ਨਾਲ ਕਰੋਗੇ (ਤਤ) ਬ੍ਰਹਮ (ਤ੍ਵੰ) ਤੂੰ ਜੀਵ (ਅਸੀ) ਹੈ,ਹੇ ਜੀਵ (ਤ੍ਵੰ) ਤੂੰ (ਤਤ)ਉਹ ਬ੍ਰਹਮ(ਅਸੀ)ਹੈ

(ਉਤ੍ਰ) ਤੁਸੀ ਤਤ ਸ਼ਬਦ ਥੀਂ ਕੀ ਲੈਂਦੇ ਹੋ 'ਬ੍ਰਹਮ' ਬ੍ਰਹਮ ਪਦ ਦੀ ਅਨੁਬ੍ਰਿਤੀ ਕਿਥੋਂ ਲਿਆਏ ?

'सदेव सोम्येदमग्र आसीदेकमेवाद्वितीयं ब्रह्म' ॥

ਏਸ ਪੂਰਬ ਵਾਕ ਥੀਂ ਤੁਸਾਂ ਨੇ ਇਸ ਛਾਂਦੋਗ ਉਪਨਿਸ਼ਦ ਦਾ ਦਰਸ਼ਨ ਬੀ ਨਹੀਂ ਕੀਤਾ ਜੇ ਉਹ ਵੇਖੀ ਹੁੰਦੀ ਤਾਂ ਓਥੇ ਬ੍ਰਹਮ ਸ਼ਬਦ ਦਾ ਪਾਠ ਨਹੀਂ ਹੈ ਏਸ ਤਰਾਂ ਦਾ ਝੂਠ ਕਿਉਂ ਕਹਿੰਦੇ ਕਿੰਤੂ ਛਾਂਦੋਗ ਵਿਚਤਾਂ:—

सदेव सोम्येदमग्र आसीदेकमेवाद्वितीयम् ॥
छां० प्र० ६ । खं० २ । मं० १ ॥

ਅਜੇਹਾ ਪਾਠ ਹੈ ਓਥੇ ਬ੍ਰਹਮ ਸ਼ਬਦ ਨਹੀਂ ।

(ਪ੍ਰਸ਼ਨ) ਤਾਂ ਤੁਸੀਂ ਤੱਛਬਦ ਥੀਂ ਕੀ ਲੈਂਦੇ ਹੋ ?

(ਉੱਤ੍ਰ)

स य एषोऽणिमा ॥ ऐतदात्म्यमिदꣳ सर्वं तत्सत्यꣳ
स आत्मा तत्त्वमसि श्वेतकेतो इति ॥ छान्दो० । प्र० ६ ।
खं० ८ । मं० ६ । ७ ॥

ਉਹ ਪਰਮਾਤਮਾ ਜਾਨਣ ਜੋਗ ਹੈ ਜੋ ਏਹ ਅਤਸੈਤ ਸੂਖਮ ਅਰ ਏਸ ਸਭ ਜਗਤ ਅਰ ਜੀਵ ਦਾ ਆਤਮਾ ਹੈ ਉਹੋ ਹੀ ਸਤ ਸ੍ਰੂਪ ਅਰ ਆਪਣਾ ਆਤਮਾ ਆਪਹੀ ਹੈ ਹੇ ਸ਼ੂੇਤਕੇਤੋਂ ਪ੍ਰਿਯ ਪੁਤ੍ਰ:—

तदात्मकस्तदन्तर्यामी त्वमसि ॥

ਓਸ ਪਰਮਾਤਮਾ ਅੰਤ੍ਰਜਾਮੀ ਕਰਕੇ ਤੂੰ ਜੁਕਤ ਹੈਂ ਏਹ ਅਰਥ ਉਪਨਿਸ਼ਦਾਂ ਥੀਂ ਅਵਿਰੁਧ ਹੈ ਕਿਉਂਕਿ:—

य आत्मनि तिष्ठन्नात्मनोऽन्तरो यमात्मा न वेद यस्यात्मा
शरीरम् । आत्मनोऽन्तरो यमयति स त आत्मान्तर्याम्यमृतः ॥

ਏਹ ਬ੍ਰਿਹਦਾਰਣਜਕਦਾ ਬਚਨ ਹੈ । ਮਹਾਂ ਰਿਖੀ ਯਾਗਵਲਕ ਅਪਣੀ

ਇਸਤ੍ਰੀ ਮੈਤ੍ਰਈ ਨੂੰ ਕਹਿੰਦੇ ਹਨ, ਕਿਹੇ ਮੈਤ੍ਰੇਈ ਜੇਹੜਾ ਪਰਮੇਸ਼੍ਵਰ ਆਤਮਾ ਅਰਥਾਤ ਜੀਵ ਵਿਚ ਸਥਿਰ ਅਰ ਜੀਵਾਤਮਾ ਥੀਂ ਭਿੰਨ ਹੈ ਜਿਸ ਨੂੰ ਮੂੜ੍ਹ ਜੀ-ਵਾਤਮਾ ਨਹੀਂ ਜਾਣਦਾ ਕਿ ਉਹ ਪ੍ਰਮਾਤਮਾ ਮੇਰੇ ਵਿਚ ਵਿਆਪਕ ਹੈ ਜਿਸ ਪਰਮੇਸ਼੍ਵਰ ਦਾ ਜੀਵਾਤਮਾ ਸ਼ਰੀਰ, ਅਰਥਾਤ ਜਿਸਤਰਾਂ ਸ਼ਰੀਰ ਵਿਚ ਜੀਵ ਰਹਿੰਦਾ ਹੈ ਉਸੇ ਤਰਾਂ ਜੀਵ ਵਿਚ ਪਰਮੇਸ਼੍ਵਰ ਵਿਆਪਕ, ਹੈ ਜੀਵਾਤਮਾ ਥੀਂ ਭਿੰਨ ਰਹਿਕੇ ਜੀਵਦੇ ਪਾਪ ਪੁੰਨਾਂ ਦਾ ਸਾਖੀ ਹੋਕੇ ਉਨਾਂ ਦੇ ਫਲ ਜੀਵਾਂ ਨੂੰ ਦੇਕੇ ਨਿਯੱਮ ਵਿਚ ਰਖਦਾ ਹੈ ਉਹੋ ਅਬਿਨਾਸ਼ੀ ਸ੍ਵਰੂਪ ਤੇਰਾ ਬੀ ਅੰਤ੍ਰਜਾਮੀ ਆਤਮਾ ਅਰਥਾਤ ਤੇਰੇ ਅੰਦਰ ਵਿਆਪਕ ਹੈ ਓਸ ਨੂੰ ਤੂੰ ਜਾਂਣ ਕੀ ਕੋਈ ਏਸ

ਪ੍ਰਕਾਰ ਦੇ ਬਚਨਾਂ ਦਾ ਅਰਥ ਦੂਜਾ ਕਰ ਸਕਦਾ ਹੈ "अयमात्मा ब्रह्म" ਅਰਥਾਤ ਸਮਾਧੀ ਦਸ਼ਾ ਵਿਚ ਜਦ ਜੋਗੀ ਨੂੰ ਪਰਮੇਸ਼੍ਵਰ ਪ੍ਰਤਖ ਹੁੰਦਾ ਹੈ ਤਦ ਉਹ ਕਹਿੰਦਾ ਹੈ ਕਿ ਏਹ ਜੇਹੜਾ ਮੇਰੇ ਵਿਚ ਵਿਆਪਕ ਹੈ ਉਹੋ ਬ੍ਰਹਮ ਸਰਬਤ੍ਰ ਵਿਆਪਕ ਹੈ ਏਸ ਲਈ ਜੇਹੜੇ ਅਜ ਕਲ ਦੇ ਵੇਦਾਂਤੀ ਜੀਵ ਬ੍ਰਹਮ ਦੀ ਏਕਤਾ ਕਰਦੇ ਹਨ ਉਹ ਵੇਦਾਂਤ ਸ਼ਾਸਤ੍ਰ ਨੂੰ ਨਹੀਂ ਜਾਂਣਦੇ (ਪ੍ਰਸ਼ਨ):—

अनेन जीवेनात्मनानुप्रविश्य नामरूपे व्याकरवाणीति ॥
छां॰ प्र॰ ६ । खं॰ ३ । मं॰ २ ॥
तत्सृष्ट्वा तदेवानुप्राविशत् । तैत्तिरीय॰ ब्रह्मानं॰ अनु॰ ६ ॥

ਪਰਮੇਸ਼੍ਵਰ ਕਹਿੰਦਾ ਹੈ ਕਿ ਮੈਂ ਜਗਤ ਅਰ ਸ਼ਰੀਰ ਨੂੰ ਰਚਕੇ ਜਗਤ ਵਿਚ ਵਿਆਪਕ ਅਰ ਜੀਵ ਰੂਪ ਹੋਕੇ ਸ਼ਰੀਰ ਵਿਚ, ਪ੍ਰਵਿਸ਼ਟ ਹੋਂਦਾ ਹੋਇਆ ਨਾਮ ਅਰ ਰੂਪ ਦੀ ਵਿਆਖਿਆ ਕਰਾਂ ਪਰਮੇਸ਼੍ਵਰ ਨੇ ਓਸ ਜਗਤ ਅਰ ਸ਼ਰੀਰ ਨੂੰ ਬਣਾ ਕੇ ਓਸ ਵਿਚ ਉਹੋ ਪ੍ਰਵਿਸ਼ਟ ਹੋਇਆ ਇਤਆਦੀ ਸ਼੍ਰੁਤੀਆਂ ਦਾ ਅਰਥ ਦੂਜਾ ਕਿਸਤਰਾਂ ਕਰ ਸਕੋਗੇ?

(ਉਤ੍ਰ) ਜੇ ਤੁਸੀ ਪਦ ਪਦਾਰਥ ਅਰ ਵਾਕ੍ਯਰਥ ਜਾਣਦੇ ਤਾਂ ਅਜੇਹਾ ਅਨਰਥ ਕਦੀ ਨਾ ਕਰਦੇ ਕਿਉਂਕਿ ਏਥੇ ਏਸਤਰਾਂ ਸਮਝੋ ਕਿ ਇਕ ਪ੍ਰਵੇਸ਼ ਦੂਜਾ ਅਨੁੱਪ੍ਰਵੇਸ਼ ਅਰਥਾਤ ਪਸਚਾਤ ਪ੍ਰਵੇਸ਼ ਹੈ ਪਰਮੇਸ਼੍ਵਰ ਸ਼ਰੀਰ ਵਿਚ ਪ੍ਰਵਿਸ਼ਟ ਹੋਏ ਜੀਵਾਂ ਦੇ ਨਾਲ ਅਨੁੱਪ੍ਰਵਿਸ਼ਟ ਦੇ ਸਮਾਨ ਹੋਕੇ ਵੇਦ ਦੁਆਰਾ ਸਭ ਨਾਂਮ ਰੂਪ ਆਦੀ ਦੀ ਵਿਦ੍ਯਾ ਨੂੰ ਪ੍ਰਗਟ ਕਰਦਾ ਹੈ ਅਰ ਸ਼ਰੀਰ ਵਿਚ ਜੀਵ ਨੂੰ ਪ੍ਰਵੇਸ਼ ਕਰਾ ਆਪ ਜੀਵ ਦੇ ਅੰਦਰ ਅਨੁਪ੍ਰਵਿਸ਼ਟ ਹੋ ਰਹਿਆ ਹੈ ਜੇ ਤੁਸੀ ਅਨੁ ਸ਼ਬਦ ਦਾ ਅਰਥ ਜਾਂਣਦੇ ਤਾਂ ਉਹੋ ਜੇਹਾ ਉਲਟਾ ਅਰਥ ਕਦੀ ਨਾ ਕਰਦੇ।

(ਪ੍ਰਸਨ,:—

'सोऽयं देवदत्तो य उष्णकाले काश्यां दृष्टः स इदानीं प्रावृट्समये मथुरायाद् ते'

ਅਰਥਾਤ ਜੇਹੜਾ ਦੇਵਦਤ ਮੈਨੇ ਗਰਮੀ ਦੀ ਮੌਸਮ ਵਿਚ ਕਾਂਸ਼ੀ ਵਿਚ ਦੇਖਿਆ ਸੀ ਉਸੇ ਨੂੰ ਬਰਸਾਤ ਦੀ ਮੌਸਮ ਵਿਚ ਮਥਰਾ ਵਿਚ ਵੇਖਨਾ ਹਾਂ, ਏਥੇ

ਕਾਂਬੀ ਦੇਸ਼ ਗਰਮੀ ਦੀ ਮੌਸਮ ਨੂੰ ਛਡਕੇ ਸ਼ੀਰ ਮਾਤ੍ਰ ਵਿਚ ਲਖ ਕਰਕੇ ਦੇਵ ਦਤ ਲੱਖਤ ਹੁੰਦਾ ਹੈ ਉਸੇ ਤਰਾਂ ਏਸ ਭਾਗ ਤਿਆਗ ਲਖਣਾ ਬੀਂ ਈਸ਼੍ਵਰ ਦਾ ਪ੍ਰੋਖ, ਦੇਸ਼ਕਾਲ ਮਾਇਆ ਉਪਾਧੀ ਅਰ ਜੀਵ ਦਾ ਏਹ ਦੇਸ਼, ਕਾਲ, ਅਵਿ-ਦੱਯਾ ਅਰ ਅਲਪਗੱਤਾ ਉਪਾਧੀ ਛਡ ਚੇਤਨ ਮਾਤ੍ਰ ਵਿਚ ਲਖੱ ਦੇਣ ਕਰਕੇ ਇਕੋ ਹੀ ਬ੍ਰਹਮ ਬਸਤੂ ਦੋਹਾਂ ਵਿਚ ਲਖੱਤ ਹੁੰਦਾ ਹੈ,ਏਨ ਭਾਗ ਤਿਆਗ ਲਖਣਾ ਅਰਥਾਤ ਕੁਝ ਗ੍ਰਹਿਣ ਕਰਨਾ ਅਰ ਕੁਝ ਛਡ ਦੇਣਾ ਜਿਸਤਰਾਂ ਸਰਬਗੱਯਤ੍ਰ ਆਦੀ ਵਾਚਯਰਥ ਈਸ਼੍ਵਰ ਦਾ,ਅਲਪਗੱਯ ਤ੍ਰ ਆਦੀ ਵਾਚਯਰਥ ਜੀਵ ਦਾ ਛਡਕੇ ਚੇਤੰਨ ਮਾਤ੍ਰ ਲਖਯਰਥ ਦੇ ਗ੍ਰਹਿਣ ਕਰਨ ਨਾਲ ਅਦ੍ਵੈਤ ਸਿਧ ਹੁੰਦਾ ਹੈ ਏਥੇ ਕੀ ਕਹ ਸਕੋਗੇ।

(ਉਤ੍ਰ)ਪਹਿਲੇ ਤੁਸੀ ਜੀਵ ਅਰ ਈਸ਼੍ਵਰ ਨੂੰ ਨਿਤ ਮਨਦੇ ਹੋ ਵਾ ਅਨਿਤ?

(ਪ੍ਰਸ਼ਨ) ਇਨ੍ਹਾਂ ਦੋਹਾਂ ਨੂੰ ਉਪਾਧੀ ਜਨਯ ਕਲਪਤ ਹੋਣ ਕਰਕੇ ਅਨਿਤ ਮਨਦੇ ਹਾਂ।

(ਉਤ੍ਰ) ਓਸ ਉਪਾਧੀ ਨੂੰ ਨਿਤ ਮਨਦੇ ਹੋ ਵਾ ਅਨਿਤ?

(ਪ੍ਰਸ਼ਨ) ਸਾਡੇ ਮਤ ਵਿਚ—

जीवशौ च विशुद्धा चिद्विभेदस्तु तयोर्द्वयोः
अविद्या तच्चितोर्योगः षडस्माकमनादयः
कार्योपाधिरयं जीवः कारणोपाधिरीश्वरः
कार्यकारणतां हित्वा पूर्णबोधोऽवशिष्यते ॥

ਏਹ 'ਸੰਖੇਪ ਸ਼ਾਰੀਰਕ' ਅਰ 'ਸ਼ਾਰੀਰਕ ਭਾਸ਼' ਵਿਚ ਕਾਰਿਕਾ ਹਨ ਅਸੀ ਵੇਦਾਂਤੀ ਛੀ ਪਦਾਰਥ ਅਰਥਾਤ ਇਕ ਜੀਵ ੧ ਦੂਜਾ ਈਸ਼੍ਵਰ ੨ ਤੀਜਾ ਬ੍ਰਹਮ ੩ ਚੌਥਾ ਜੀਵ ਅਰ ਈਸ਼੍ਵਰ ਦਾ ਵਿਸ਼ੇਸ਼ ਭੇਦ ੪ ਪੰਜਵਾਂ ਅਵਿਦੱਯਾ ਅਗਿਆਨ ੫ ਅਰ ਛੇਵਾਂ ਅਵਿਦੱਯਾ ਅਰ ਚੇਤੰਨ ਦਾ ਯੋਗ ੬ ਇਨ੍ਹਾਂ ਨੂੰ ਅਨਾਦੀ ਮਨਦੇ ਹਾਂ ਪ੍ਰੰਤੂ ਇਕ ਬ੍ਰਹਮ ਅਨਾਦੀ ਅਨੰਤ ਅਰਹੋਰ ਪੰਜ ਅਨਾਦੀ ਸਾਂਤ ਹਨ ਜਿਸਤਰਾਂ ਕਿ ਪ੍ਰਾਗ ਭਾਵ ਹੁੰਦਾ ਹੈ ਜਦ ਤਿਕ ਅਗਿਆਨ ਰਹਿੰਦਾ ਹੈ ਤਦ ਤਿਕ ਏਹ ਪੰਜ ਰਹਿੰਦੇ ਹਨ ਅਰ ਇਨ੍ਹਾਂ ਪੰਜਾਂ ਦੀ ਆਦੀ ਮਲੂਮ ਨਹੀਂ ਹੁੰਦੀ ਏਸ ਲਈ ਅਨਾਦੀ,ਅਰ ਗਿਆਨ ਹੋਣ ਦੇ ਪਸਚਾਤ ਨਸ਼ਟ ਹੋ ਜਾਂਦੇ ਹਨ ਏਸ ਕਰਕੇ ਸ਼ਾਂਤ ਅਰਥਾਤ ਨਾਸ਼ ਵਾਲੇ ਕਹਾਂਦੇ ਹਨ।

(ਉਤ੍ਰ)ਏਹ ਤੁਹਾਡੇ ਤਿਨੋਂ ਸ਼ਲੋਕ ਅਸ਼ੁਧ ਹੈਂਨ ਕਿਉਂਕਿ ਅਵਿਦਯਾ ਦੇ ਯੋਗ ਬਿਨਾਂ ਜੀਵ, ਅਰ ਮਾਯਾ ਦੇ ਯੋਗ ਬਿਨਾਂ ਈਸ਼੍ਵਰ ਤੁਹਾਡੇ ਮਤ ਵਿਚ ਸਿਧ ਨਹੀਂ ਹੋ ਸਕਦਾ ਏਸ ਕਰਕੇ "ਤਚ੍ਚਿਤੋਰ੍ਯੋਗਃ" ਜੇਹੜਾ ਛੇਵਾਂ ਪਦਾਰਥ ਤੁਸਾਂ ਨੇ ਗਿਣਿਆ ਹੈ ਉਹ ਨਹੀਂ ਰਹਿਆ ਕਿਉਂਕਿ ਉਹ ਅਵਿਦਯਾ, ਮਾਯਾ, ਜੀਵ, ਈਸ਼੍ਵਰ, ਵਿਚ ਚਰਿ ਤਾਰਥ ਹੋਗਿਆ ਅਰ ਬ੍ਰਹਮ ਤਥਾ ਮਾਯਾ ਅਰ

ਵਿਦਿਆ ਦੇ ਯੋਗ ਦੇ ਬਿਨਾਂ ਈਸ਼੍ਵਰ ਨਹੀਂ ਬਣਦਾ ਫੇਰ ਈਸ਼੍ਵਰ ਨੂੰ ਅਵਿਦਿਆ ਅਰ ਬ੍ਰਹਮ ਥੀਂ ਵਖ੍ਰਾ ਗਿਣਨਾ ਵਿਅਰਥ ਹੈ ਏਸ ਲਈ ਦੋ ਹੀ ਪਦਾਰਥ ਅਰਥਾਤ ਬ੍ਰਹਮ ਅਰ ਅਵਿਦ੍ਯਾ ਤੁਹਾਡੇ ਮਤ ਵਿਚ ਸਿਧ ਹੋ ਸਕਦੇ ਹਨ ਛੀ ਨਹੀਂ ਤਥਾ ਤੁਹਾਡਾ ਪਹਿਲੋਂ ਕਾਰਜਉਪਾਧੀ, ਕਾਰਣਉਪਾਧੀ ਥੀਂ ਜੀਵ ਅਰ ਈਸ਼੍ਵਰਦਾ ਸਿਧ ਕਰਨਾ ਤਦ ਹੋ ਸਕਦਾ ਕਿ ਜਦ ਅਨੰਤ, ਨਿਤ, ਸ਼ੁਧ, ਬੁਧ, ਮੁਕਤ ਸੁਭਾਉ ਸਰਬ ਵਿਆਪਕਬ੍ਰਹਮ. ਵਿਚ ਅਗਿਆਨ ਸਿਧ ਕਰੋ, ਜੇ ਓਸਦੇ ਇਕ ਦੇਸ਼ ਵਿਚ ਸ੍ਵਾਸ਼੍ਰੇ, ਅਰ ਸ੍ਵ ਵਿਸ਼ੇਕ ਅਗਿਆਨ ਅਨਾਦੀ ਸ੍ਰਬਤ੍ਰ ਮਨੋਗੇ ਤਾਂ ਸਬ ਬ੍ਰਹਮ ਸ਼ੁਧ ਨਹੀਂ ਹੋ ਸਕਦਾ ਅਰ ਜਦ ਇਕ ਦੇਸ਼ ਵਿਚ ਅਗਿਆਨ ਮਨੋਗੇ ਤਾਂ ਉਹ ਪਰੀਛਿਨ ਹੋਣ ਕਰਕੇ ਇਧਰ ਉਧਰ ਆਂਦਾ ਜਾਂਦਾ ਰਹੇਗਾ ਜਿਥੇ ਜਿਥੇ ਜਾਵੇਗਾ ਉਥੋਂ ਉਥੋਂ ਦਾ ਬ੍ਰਹਮ ਅਗਿਆਨੀ, ਅਰ ਜਿਸ ਜਿਸ ਦੇਸ਼ ਨੂੰ ਛਡ ਦਾ ਜਾਵੇਗਾ ਓਸ ਓਸ ਦੇਸ ਦਾ ਬ੍ਰਹਮ ਗਿਆਨੀ ਹੋਂਦਾ ਰਹੇਗਾ ਤਾਂ ਕਿਸੇ ਦੇਸ ਦੇ ਬ੍ਰਹਮ ਨੂੰ ਅਨਾਦੀ ਸ਼ੁਧ ਗਿਆਨ ਜੁਕਤ ਨਾ ਕਹਿ ਸਕੋਗੇ। ਅਰ ਜੇਹੜਾ ਅਗਿਆਨ ਦੀ ਸੀਮਾਂ ਵਿਚ ਬ੍ਰਹਮ ਹੈ ਉਹ ਅਗਿਆਨ ਨੂੰ ਜਾਣੇਗਾ ਬਾਹਿਰ ਅਰ ਅੰਦਰ ਦੇ ਬ੍ਰਹਮ ਦੇ ਟੁਕੜੇ ਹੋ ਜਾਨਗੇ, ਜੇ ਆਖੋ ਕਿ ਟੁਕੜੇ ਹੋ ਜਾਂਨ ਬ੍ਰਹਮ ਦੀ ਕੀ ਹਾਨੀ ਤਾਂ ਅਖੰਡ ਨਹੀਂ ਅਰ ਜੇ ਅਖੰਡ ਹੈ ਤਾਂ ਅਗਿਆਨੀ ਨਹੀਂ ਤਥਾ ਗਿਆਨ ਦੇ ਅਭਾਉ ਵਾ ਵਿਪ੍ਰੀਤ ਗਿਆਨ ਬੀ ਗੁਣ ਹੋਣ ਕਰਕੇ ਕਿਸੇ ਦ੍ਰਬ ਦੇ ਨਾਲ ਨਿਤ ਸੰਬੰਧ ਦੁਆਰਾ ਰਹੇਗਾ। ਜੇਕਰ ਅਜੇਹਾ ਹੈ ਤਾਂ ਸਮਵਾਇ ਸੰਬੰਧ ਹੋਣ ਕਰਕੇ ਅਨਿਤ ਕਦੀ ਨਹੀਂ ਹੋ ਸਕਦਾ, ਅਰ ਜਿਸਤਰਾਂ ਸ਼ਰੀਰ ਦੇ ਇਕ ਦੇਸ਼ ਵਿਚ ਫੋੜਾ ਹੋਣ ਕਰਕੇ ਸ੍ਰਬਤ੍ਰ ਦੁਖ ਫੈਲ ਜਾਂਦਾ ਹੈ । ਉਸੇ ਤਰਾਂ ਇਕ ਦੇਸ਼ ਵਿਚ ਅਗਿਆਨ ਸੁਖ, ਦੁਖ, ਕਲੇਸਾਂ ਦੀ ਉਪ੍ਲਭਦੀ ਹੋਣ ਕਰਕੇ ਸਭ ਬ੍ਰਹਮ ਦੁਖ ਆਦੀ ਦੇ ਅਨਭਉ ਤੋਂ ਹੀ ਕਾਰਜਉ ਪਾਧੀ ਅਰਥਾਤ ਅੰਤਹਿ ਕਰਣ ਦੀ ਉਪਾਧੀ ਦੇ ਜੋਗ ਥੀਂ ਬ੍ਰਹਮ ਨੂੰ ਜੀਵ ਮਨੋਗੇ ਤਾਂ ਅਸੀ ਪੁਛਨੇ ਹਾਂ ਕਿ ਬ੍ਰਹਮ ਵਿਆਪਕ ਹੈ ਵਾ ਪਰੀਛਿਨ, ਜੇ ਕਹੋ ਵਿਆਪਕ ਅਰ ਉਪਾਧੀ ਪਰੀਛਿਨ ਹੈ. ਅਰਥਾਤ ਇਕ ਦੇਸ਼ੀ ਅਰ ਵਖੋ ਵਖ੍ਰੇ ਹਨ ਤਾਂ ਅੰਤਹਿ ਕਰਣ ਚਲਦਾ ਫਿਰਦਾ ਹੈ ਵਾ ਨਹੀਂ ।

(ਉਤ੍ਰ) ਚਲਦਾ ਫਿਰਦਾ ਹੈ (ਪ੍ਰਸ਼ਨ) ਅੰਤਹਿ ਕਰਣ ਦੇ ਨਾਲ ਬ੍ਰਹਮ ਬੀ ਚਲਦਾ ਫਿਰਦਾ ਹੈ ਵਾ ਇਸਥਿਰ ਰਹਿੰਦਾ ਹੈ ;

(ਉਤ੍ਰ) ਸਥਿਰ ਰਹਿੰਦਾ ਹੈ।

(ਪ੍ਰਸ਼ਨ) ਜਦ ਅੰਤਹਿ ਕਰਣ ਜਿਸ ਜਿਸ ਦੇਸ਼ ਨੂੰ ਛਡ ਦਾ ਹੈ ਓਸ ਓਸ ਦੇਸ਼ਦਾ ਬ੍ਰਹਿਮ ਅਗਿਆਨ ਰਹਿਤ ਅਰ ਜਿਸ ਜਿਸ ਦੇਸ਼ ਨੂੰ ਪ੍ਰਾਪਤ ਹੁੰਦਾ ਹੈ ਓਸ ਓਸ ਦੇਸ਼ ਦਾ ਸ਼ੁਧ ਬ੍ਰਹਮ ਅਗਿਆਨੀ ਹੁੰਦਾ ਹੋਵੇਗਾ ? ਉਸੇ ਤਰਾਂ ਛਿਨ ਵਿਚ ਗਿਆਨੀ ਅਰ ਅਗਿਆਨੀ ਬ੍ਰਹਮ ਹੋਂਦਾ ਰਹੇਗਾ ਏਸ ਕਰਕੇ

ਮੁਕਤੀ ਅਰ ਬੰਧ ਬੀ ਛਿਨ ਭੰਗਰ ਹੋਵੇਗਾ,ਅਰ ਜਿਸਤਰਾਂ ਹੋਰ ਦੇ ਵੇਖਣ ਦਾ ਹੋਰ ਸਿਮ੍ਰਣ ਨਹੀਂ ਕਰ ਸਕਦਾ ਉਸੇ ਤਰਾਂ ਕਲ ਦੀ ਵੇਖੀ ਸੁਣੀ ਹੋਈ ਬਸਤੂ ਵਾ ਬਾਤ ਦਾ ਗਿਆਂਨ ਨਹੀਂ ਰਹ ਸਕਦਾ ਕਿਉਂਕਿ ਜਿਸ ਸਮੇਂ ਵੇਖਿਆ ਸੁਣਿਆਸੀ ਉਹ ਦੂਜਾ ਦੇਸ਼ ਅਰ ਦੂਜਾ ਕਾਲ ਜਿਸ ਸਮੇਂ ਸਿਮ੍ਰਣ ਕਰਦਾ ਉਹ ਦੂਜਾ ਦੇਸ਼ ਅਰ ਕਾਲ ਹੈ ਜੇ ਕਹੋ ਕਿ ਬ੍ਰਹਮ ਇਕ ਹੈ ਤਾਂ ਸਰਬੱਗਯ ਕਿਉਂ ਨਹੀਂ ਜੇ ਕਹੋ ਕਿ ਅੰਤਹਿ ਕਰਣ ਭਿਨ ਭਿੰਨ ਹਨ ਏਸ ਲਈ ਉਹ ਬੀ ਭਿੰਨ ਭਿੰਨ ਹੋ ਜਾਂਦਾ ਹੋਵੇਗਾ ਤਾਂ ਉਹ ਜੜ ਹੈ ਓਸ ਵਿਚ ਗਿਆਂਨ ਨਹੀਂ ਹੋ ਸਕਦਾ,ਜੇ ਕਹੋ ਕਿ ਨਾਂ ਕੇਵਲ ਬ੍ਰਹਮ ਅਰ ਨਾਂ ਕੇਵਲ ਅੰਤਹਿ ਕਰਣ ਨੂੰ ਗਿਆਂਨ ਹੁੰਦਾ ਹੈ ਕਿੰਤੂ ਅੰਤਹਿ ਕਰਣਿ ਵਿਚ ਇਸਥਿਤ ਚਿਦਾ ਭਾਸ ਨੂੰ ਗਿਆਂਨ ਹੁੰਦਾ ਹੈ ਤਾਂ ਬੀ ਚੈਤੰਨ ਹੀ ਨੂੰ ਅੰਤਹਿ ਕਰਣ ਦੁਆਰਾ ਗਿਆਂਨ ਹੋਇਆ ਤਾਂ ਉਹ ਨੇਤ੍ਰ ਦੁਆਰਾ ਅਲਪ, ਅਲਪਗੱਯ ਕਿਉਂ ਹੈ ? ਏਸ ਲਈ ਕਾਰਣਉਪਾਧੀ ਅਰ ਕਾਰਜਉਪਾਧੀ ਦੇ ਜੋਗ ਕਰਕੇ ਬ੍ਰਹਮ ਜੀਵ ਅਰ ਈਸ਼ੁਰ ਨਹੀਂ ਬਣਾ ਸਕੋਗੇ ਕਿੰਤੂ ਈਸ਼ੁਰ ਨਾਮ ਬ੍ਰਹਮ ਦਾ ਹੈ ਅਰ ਬ੍ਰਹਮ ਬੀਂ ਭਿੰਨ ਅਨਾਦੀ, ਅਨੁਤਪਨ, ਅਰ ਅੰਮ੍ਰਤ ਸਰੂਪ ਜੀਵ ਦਾ ਨਾਮ ਜੀਵ ਹੈ। ਜੇ ਤੁਸੀ ਆਖੋ ਜੀਵ ਚਿਦਾਭਾਸ ਦਾ ਨਾਮ ਹੈ ਤਾਂ ਉਹ ਛਿਨ ਭੰਗ੍ਰ ਹੋਣ ਕਰਕੇ ਨਸ਼ਟ ਹੋ ਜਾਵੇਗਾ ਮੁਕਤੀ ਦਾ ਸੁਖ ਕਉਣ ਭੋਗੇਗਾ ਏਸ ਲਈ ਬ੍ਰਹਮ ਜੀਵ ਅਰ ਜੀਵ ਬ੍ਰਹਮ ਕਦੀ ਨਾ ਹੋਇਆ, ਨਾ ਹੈ, ਅਰ ਨਾ ਹੋਵੇਗਾ ।

(ਪ੍ਰਸ਼ਨ) ਤਾਂ:-

"सदेव सोम्येदमग्र आसीदेकमेवाद्वितीयम्" छान्दोग्य०

ਅਦ੍ਵੈਤ ਸਿਧੀ ਕਿਸਤਰਾਂ ਹੋਵੇਗੀ,ਸਾਡੇ ਮਤ ਵਿਚ ਤਾਂ ਬ੍ਰਹਮ ਬੀਂ ਵਖਰਾ ਕੋਈ ਸਜਾਤੀਯ, ਵਿਜਾਤੀਯ, ਅਰ ਸ੍ਵਾਗਤ ਅਵੇਵਾਂ ਦੇ ਭੇਦ ਨਾਂ ਹੋਣ ਕਰਕੇ ਇਕ ਬ੍ਰਹਮ ਹੀ ਸ਼ਿਧ ਹੁੰਦਾ ਹੈ ਜਦ ਜੀਵ ਦੂਜਾ ਹੈ ਤਾਂ ਅਦ੍ਵੈਤ ਸਿਧੀ ਕਿਸਤਰਾਂ ਹੋ ਸਕਦੀ ਹੈ।

(ਉੱਤ੍ਰ)ਏਸ ਭਰਮ ਵਿਚ ਪੈਕੇ ਕਿਉਂ ਡਰਦੇ ਹੋ ਵਸ਼ੇਸ਼ ਵਸ਼ਸ਼ਣ ਵਿਦੱਯਾ ਦਾ ਗਿਆਂਨ ਕਰੋ ਕਿ ਓਸਦਾ ਕੀ ਫਲ ਹੈ ਜੇ ਆਖੋ ਕਿ:-

"व्यावर्त्तकं विशेषणं भवतीति"

ਵਿਸ਼ੇਸ਼ਣ ਭੇਦ ਕਾਰਕ ਹੁੰਦਾ ਹੈ ਤਾਂ ਇਨਾਂ ਹੋਰ ਬੀ ਮਨੋਂ ਕਿ:-

"प्रवर्त्तकं प्रकाशकमपि विशेषणं भवतीति"

ਵਸ਼ੇਸ਼ਣ ਪ੍ਰਵਰਤਕ ਅਰ ਪ੍ਰਕਾਸ਼ਕ ਬੀ ਹੁੰਦਾ ਹੈ ਤਾਂ ਸਮਝੋ ਕਿ ਅਦ੍ਵੈਤ ਵਸ਼ੇਸ਼ਣ ਬ੍ਰਹਮ ਦਾ ਹੈ ਏਸ ਵਿਚ ਵਿਆਵਰਤਕ ਧਰਮ ਏਹ ਹੈ ਕਿ ਅਦ੍ਵੈਤ ਵਸਤੂ ਅਰਥਾਤ ਜੇਹੜੇ ਅਨੇਕ ਜੀਵ ਅਰ ਤਤ ਹਨ ਉਨ੍ਹਾਂ ਬੀਂ ਬ੍ਰਹਮ ਨੂੰ ਵਖਰਾ ਕਰਦਾ ਹੈ ਅਰ ਵਸ਼ੇਸ਼ਣ ਦਾ ਪ੍ਰਕਾਸ਼ਕ ਧਰਮ ਏਹ ਹੈ ਕਿਬ੍ਰਹਮ ਦੇ ਇਕ

ਹੋਣ ਦੀ ਪ੍ਰਵਿਰਤੀ ਕਰਦਾ ਹੈ ਜਿਸਤਰਾਂ:-

"अस्मिन्नगरेऽद्वितीयो धनाढ्यो देवदत्तः । तथा

सेनायामद्वितीयः शूरवीरो विक्रमसिंहः"

ਕਿਸੇ ਨੇ ਕਿਸੇ ਨੂੰ ਕਹਿਆ ਕਿ ਇਸ ਨਗਰ ਵਿਚ ਅਦੁੱਤੀ ਧਨਾਢ੍ਯ ਦੇਵਦੱਤ, ਅਰ ਇਸ ਸੈਨਾ ਵਿਚ ਅਦੁੱਤੀ ਸੂਰ ਬੀਰ ਬਿਕ੍ਰਮ ਸਿੰਘ ਹੈ ਇਸਤੋਂ ਕੀ ਸਿਧ ਹੋਇਆ ਕਿ ਦੇਵਦਤ ਵਰਗਾ ਇਸ ਨਗਰ ਵਿਚ ਦੂਜਾ ਧਨਾਢ੍ਯ ਅਰ ਇਸ ਸੈਨਾਂ ਵਿਚ ਬਿਕ੍ਰਮ ਸਿੰਘ ਦੇ ਸਮਾਨ ਦੂਜਾ ਸੂਰਬੀਰ ਨਹੀਂ ਹੈ ਘਟ ਤਾਂ ਹਨ ਅਰ ਪ੍ਰਿਥ੍ਵੀ ਆਦੀ ਜੜ੍ਹ ਪਦਾਰਥ ਪਸ਼ੂ ਆਦੀ ਪ੍ਰਾਣੀ ਅਰ ਦ੍ਰਖਤ ਆਦੀ ਬੀ ਹਨ ਉਨਾਂ ਦਾ ਨਿਖੇਧ ਨਹੀਂ ਹੋ ਸਕਦਾ, ਉਸੇ ਤਰਾਂ ਬ੍ਰਹਮ ਵਰਗਾ ਜੀਵ ਵਾ ਪ੍ਰਕ੍ਰਤੀ ਨਹੀਂ ਹਨ ਕਿੰਤੂ ਘਟ ਤਾਂ ਹਨ ਇਸ ਤੋਂ ਇਹ ਸਿਧ ਹੋਇਆ ਕਿ ਬ੍ਰਹਮ ਸਦਾ ਇਕ ਹੈ ਅਰ ਜੀਵ ਤਥਾ ਪ੍ਰਕ੍ਰਤੀ ਦੇਤਤ ਅਨੇਕ ਹਨ ਉਨਾਂ ਥੀਂ ਭਿੰਨ ਕਰਕੇ ਬ੍ਰਹਮ ਦੇ ਇਕ ਪਣੇ ਨੂੰ ਸਿਧ ਕਰਨ ਹਾਰਾ ਅਦ੍ਵੈਤ ਵਾ ਅਦ੍ਵਤੀਯ ਵਸ਼ੇਸ਼ਣ ਹੈ ਇਸਤੋਂ ਜੀਵ ਵਾ ਪ੍ਰਕ੍ਰਿਤੀ ਦਾ ਅਰ ਕਾਰਜ ਰੂਪੀ ਜਗਤ ਦਾ ਅਭਾਉ ਅਰ ਨਿਖੇਧ ਨਹੀਂ ਹੋ ਸਕਦਾ ਕਿੰਤੂ ਏਹ ਸਭ ਹਨ ਪ੍ਰੰਤੂ ਬ੍ਰਹਮ ਦੇ ਤੁਲ ਨਹੀਂ ਇਸ ਤੋਂ ਨਾ ਅਦ੍ਵੈਤ ਸਿਧੀ ਅਰ ਦ੍ਵੈਤ ਸਿਧੀ ਦੀ ਹਾਨੀ ਹੁੰਦੀ ਹੈ ਘਬ੍ਰਾਟ ਵਿਚ ਨਾ ਪਵੋ ਸੋਚੋ ਅਰ ਸਮਝੋ ।

(ਪ੍ਰਸ਼ਨ) ਬ੍ਰਹਮ ਦੇ ਸਤ ਚਿਤ ਅਨੰਦ, ਅਰ ਜੀਵਦੇ ਅਸਤੀ, ਭਾਤੀ, ਪ੍ਰਿਯ ਰੂਪ ਕਰਕੇ ਏਕਤਾ ਹੁੰਦੀ ਹੈ ਫੇਰ ਕਿਉਂ ਖੰਡਨ ਕਰਦੇ ਹੋ ।

(ਉਤ੍ਰ) ਕਿੰਚਤ ਸਾਧਰਮ ਮਿਲਣ ਨਾਲ ਏਕਤਾ ਨਹੀਂ ਹੋ ਸਕਦੀ ਜਿਸਤਰਾਂ ਪ੍ਰਿਥ੍ਵੀ ਜੜ ਦ੍ਰਿਸ਼ਯ,ਹੈ ਉਸੇ ਤਰਾਂ ਜਲ ਅਰ ਅਗ ਆਦੀ ਥੀਂ ਜੜ੍ਹ, ਅਰ ਦ੍ਰਿਸ਼ਯ ਹਨ ਇਨੇ ਨਾਲ ਏਕਤਾ ਨਹੀਂ ਹੁੰਦੀ ਇਨਾਂ ਵਿਚ ਵੈਧਰਮ ਭੇਦ ਦਾ ਕਰਨ ਵਾਲਾ ਅਰਥਾਤ ਵਿਰੁਧ ਧਰਮ ਜਿਸਤ੍ਰਾਂ ਗੰਧ ਰੁਖੱਾਪਨ ਸਖਤਿ- ਆਈ ਆਦੀ ਗੁਣ ਪ੍ਰਿਥ੍ਵੀ,ਅਰ ਰਸ ਦ੍ਰਵਤ੍ਵ ਕੋਮਲਤਾ,ਆਦੀ ਧਰਮ ਜਲ,ਅਰ ਰੂਪ,ਦਾਹ ਕਰਨਾ ਆਦੀ ਧਰਮ ਅਗਨੀ ਦੇਹੋਣ ਕਰਕੇ ਏਕਤਾ ਨਹੀਂ ਜਿਸਤਰਾਂ ਮਨੁਖ ਅਰ ਕੀੜੀ ਅੱਖਾਂ ਨਾਲ ਵੇਖਦੇ, ਮੂੰਹ ਨਾਲ ਖਾਂਦੇ,ਅਰ ਪੈਰ ਨਾਲ ਚਲ ਦੇ ਹਨ ਤਥਾਪੀ ਮਨੁਖੱ ਦੀ ਸ਼ਕਲ ਦੋ ਪੈਰ, ਅਰ ਕੀੜੀ ਦੀ ਸ਼ਕਲ ਅਨੇਕ ਪੈਰ, ਆਦੀ ਭਿੰਨ ਹੋਣ ਕਰਕੇ ਏਕਤਾ ਨਹੀਂ ਹੁੰਦੀ ਉਸੇ ਤਰਾਂ ਪਰਮੇਸ਼੍ਵਰ ਦੇ ਅਨੰਤ ਗਿਆਨ, ਅਨੰਤ, ਬਲ, ਕ੍ਰਿਆ, ਭਰਮ ਤੋਂ ਰਹਤ ਹੋਣਾ ਅਰ ਵਿਆ ਪਕਤਾ ਜੀਵ ਥੀਂ, ਅਰ ਜੀਵ ਦੇ ਅਲਪ ਗਿਆਨ, ਅਲਪ ਬਲ, ਅਲਪ ਸਰੂਪ, ਭਰਮ ਦੇ ਸਮੇਤ ਹੋਣਾ, ਅਰ ਪਰੀਛਿਨਤਾ ਆਦੀ ਗੁਣ ਬ੍ਰਹਮ ਥੀਂ ਭਿੰਨ ਹੋਣ ਕਰਕੇ ਜੀਵ, ਅਰ ਪਰਮੇਸ਼ਰ ਇਕ ਨਹੀਂ ਕਿਉਂਕਿ ਇਨਾਂ ਦਾ

ਸਰੂਪ ਥੀ (ਪਰਮੇਸ਼ੁਰ ਅਤੀ ਸੂਖਮ ਅਰ ਜੀਵ ਉਸਤੋਂ ਕੁਝਸ ਥੂਲ ਹੋਣ ਕਰਕੇ) ਭਿੰਨ ਹੈ ।

(ਪ੍ਰਸ਼ਨ):—

अथोदरमन्तरं कुरुते । अथ तस्य भयं भवति द्वितोयाद्वै भयं भवति

ਏਹ ਬ੍ਰਿਹਦਾਰਣ੍ਯਕ ਦਾ ਬਚਨ ਹੈ ਜੇਹੜਾ ਬ੍ਰਹਮ ਅਰ ਜੀਵ ਵਿਚ ਥੋੜਾ ਬੀ ਭੇਦ ਕਰਦਾ ਹੈ ਉਸਨੂੰ ਭੈ ਪ੍ਰਾਪਤ ਹੁੰਦਾ ਹੈ ਕਿਉਂਕਿ ਦੂਜੇ ਕੋਲੋਂ ਹੀ ਭੈਂ ਹੁੰਦਾ ਹੈ ।

(ਉਤ੍ਰ) ਏਸ ਦਾ ਅਰਥ ਏਹ ਨਹੀਂ ਹੈ ਕਿੰਤੂ ਜੋ ਜੀਵ ਪਰਮੇਸ਼ੁਰ ਦਾ ਨਿਖੇਧ, ਵਾ ਕਿਸੇ ਇਕ ਦੇਸ਼ ਕਾਲ ਵਿਚ ..ਰੀ ਛਿਨ ਪਰਮੇਸ਼ੁਰ ਨੂੰ ਮਨੇ, ਵਾ ਉਸ ਦੀ ਆਗਿਆ ਅਰ ਗੁਣ ਕਰਮ ਸੁਭਾਉ ਥੀਂ ਵਿਰੁਧ ਹੋਵੇ, ਅਥਵਾ ਕਿਸੇ ਦੂਜੇ ਮਨੁਖੱ ਨਾਲ ਬੈਰ ਕਰੇ ਉਸਨੂੰ ਭੈ ਪ੍ਰਾਪਤ ਹੁੰਦਾ ਹੈ ਕਿਉਂਕਿ ਦ੍ਵਤੀਯ ਬੁਧੀ ਅਰਥਾਤ ਈਸ਼੍ਵਰ ਨਾਲ ਕੁਝ ਸੰਬੰਧ ਨਹੀਂ ਤਥਾ ਕਿਸੇ ਮਨੁਖੱ ਨੂੰ ਆਖੇ ਕਿ ਤੈਨੂੰ ਮੈਂ ਕੁਝ ਨਹੀਂ ਸਮਝਦਾ ਤੂੰ ਮੇਰਾ ਕੁਝ ਬੀ ਨਹੀਂ ਕਰ ਸਕਦਾ ਵਾ ਕਿਸੇ ਦੀ ਹਾਨੀ ਕਰਦਾ, ਅਰ ਦੁਖ ਦੇਦਾ ਜਾਵੇ ਤਾਂ ਓਸ ਨੂੰ ਉਨਾਂ ਥੀਂ ਭੈ ਹੁੰਦਾ ਹੈ ਅਰ ਸਭ ਪ੍ਰਕਾਰ ਦਾ ਅਵਿਰੋਧ ਹੋਵੇ ਤਾਂ ਉਹ ਇਕ ਕਹਾਂਦੇ ਹਨ, ਜਿਸਤਰਾਂ ਸੰਸਾਰ ਵਿਚ ਕਹਿੰਦੇ ਹਨ ਕਿ ਦੇਵਦਤ, ਯਗ੍ਯਦਤ, ਅਰ ਵਿਸ਼ਨੂ ਮਿਤ੍ਰ ਇਕ ਹਨ ਅਰਥਾਤ ਵਿਰੋਧ ਤੋਂ ਬਿਨਾਂ ਹਨ, ਵਿਰੋਧ ਨਾਂ ਰਹਿਣ ਕਰਕੇ ਸੁਖ, ਅਰ ਵਿਰੋਧ ਕਰਕੇ ਦੁਖ ਪ੍ਰਾਪਤ ਹੁੰਦਾ ਹੈ ।

(ਪ੍ਰਸ਼ਨ) ਬ੍ਰਹਮ ਅਰ ਜੀਵ ਦੀ ਸਦਾ ਏਕਤਾ ਅਨੇਕਤਾ ਰਹਿੰਦੀ ਹੈ ਵਾ ਕਦੀ ਦੋਨੋਂ ਮਿਲਕੇ ਇਕ ਬੀ ਹੁੰਦੇ ਹਨ ਵਾ ਨਹੀਂ ?

(ਉਤ੍ਰ) ਹੁਣੀ ਏਸ ਤੋਂ ਪਹਲਾਂ ਕੁਝ ਉਤ੍ਰ ਦੇ ਦਿਤਾ ਹੈ ਪ੍ਰੰਤੂ ਇਕੋ ਜਹੇ ਧਰਮ ਮਿਲ ਜਾਣ ਥੀਂ ਏਕਤਾ ਹੁੰਦੀ ਹੈ ਜਿਸਤਰਾਂ ਅਕਾਸ਼ ਥੀਂ ਮੂਰਤੀ ਦ੍ਰਬ ਜੜ ਹੋਣ ਕਰਕੇ ਅਰ ਕਦੀ ਵਖਰੇ ਨਾ ਰਹਿਣ ਕਰਕੇ ਏਕਤਾ, ਅਰ ਅਕਾਸ਼ ਦੇ ਵਿਭੂ ਸੂਖਮ, ਅਰੂਪ, ਅਨੰਤ ਆਦੀ ਗੁਣ, ਅਰ ਮੂਰਤੀ ਦੇ ਪਰੀਛਿਨ ਦ੍ਰਿਸ਼ਤ੍ਵ ਆਦੀ ਵੈ ਧਰਮ ਕਰਕ ਭੇਦ ਹੁੰਦਾ ਹੈ ਅਰਥਾਤ ਜਿਸਤਰਾਂ ਪ੍ਰਿਥਵੀ ਆਦੀ ਦ੍ਰਬ ਅਕਾਸ਼ ਥੀਂ ਭਿੰਨ ਕਦੀ ਨਹੀਂ ਰਹਿੰਦੇ ਕਿਉਂਕਿ ਅਨ੍ਵੇ ਅਰਥਾਤ ਅਵਕਾਸ਼ ਦੇ ਬਗੈਰ ਮੂਰਤੀ ਦ੍ਰਬ ਕਦੀ ਨਹੀਂ ਰਹਿ ਸਕਦਾ, ਅਰ ਵ..ਤੀਰਕ ਅਰਥਾਤ ਸ੍ਵਰੂਪ ਥੀਂ ਭਿੰਨ ਹੋਣ ਕਰਕੇ ਭਿੰਨਤਾ ਹੈ। ਤੈਸੇ ਹੀ.. ਬ੍ਰਹਮ ਦੇ ਵਿਆਪਕ ਹੋਣ ਕਰਕੇ ਜੀਵ ਅਰ ਪ੍ਰਿਥ੍ਵੀ ਆਦੀ ਦ.. ਉਸ ਥੀਂ ਵਖਰੇ ਨਹੀਂ ਰਹਿੰਦ ਅਰ ਸ੍ਵਰੂਪ ਥੀਂ ਇਕ ਬੀ ਨਹੀਂ .. ..ਦੇ ਜਿਸਤਰਾਂ ਘਰ ਦੇ ਬਣਾਣ ਤੋਂ ਪਹਿਲੇ ਭਿੰਨ ਭਿੰਨ ਦੇਸ਼ ਵਿਚ ..ਮਟੀ, ਲਕੜੀ, ਅਰ ਲੋਹਾ ਆਦੀ ਪਦਾਰਥ ਅਕਾਸ਼ ਵਿਚ

ਹੀ ਰਹਿੰਦੇ ਹਨ ਜਦ ਘਰ ਬਣ ਗਿਆ ਤਦ ਬੀ ਅਕਾਸ਼ ਵਿਚ ਹਨ ਅਰ ਜਦ ਉਹ ਨਸ਼ਟ ਹੋਗਿਆ ਅਰਥਾਤ ਓਸ ਘਰ ਦੇ ਸਭ ਅਵੈਵ ਭਿੰਨ ਭਿੰਨ ਦੇਸ਼ ਵਿਚ ਪ੍ਰਾਪਤ ਹੋਗਏ ਤਦ ਬੀ ਅਕਾਸ਼ ਵਿਚ ਹਨ ਅਰਥਾਤ ਤਿਨੋਂ ਕਾਲਾਂ ਵਿਚ ਅਕਾਸ਼ ਤੋਂ ਭਿੰਨ ਨਹੀਂ ਹੋਸਕਦੇ ਅਰ ਸਰੂਪ ਤੋਂ ਭਿੰਨ ਹੋਣ ਕਰਕੇ ਨਾਂ ਕਦੀ ਇਕਸੀ, ਹਨ, ਅਰ ਹੋਣਗੇ, ਇਸੇ ਤਰਾਂ ਜੀਵ, ਤਥਾ ਸਭ ਸੰਸਾਰ ਦੇ ਪਦਾਰਥ ਪਰਮੇ-ਸ਼੍ਵਰ ਵਿਚ ਵਿਆਪਜ ਹੋਣ ਕਰਕੇ ਪਰਮੇਸ਼੍ਵਰ ਥੀਂ ਤਿਨੋਂ ਕਾਲਾਂ ਵਿਚ ਭਿੰਨ, ਅਰ ਸ਼ਰੂਪ ਭਿੰਨ ਹੋਣ ਕਰਕੇ ਇਕ ਕਦੀ ਨਹੀਂ ਹੁੰਦੇ ਅਜ ਕਲ ਵੇਦਾਂਤੀਆਂ ਦੀ ਦ੍ਰਿਸ਼ਟੀ ਕਾਂਣੇ ਪੁਰਖ ਦੇ ਸਮਾਨ ਅਨ੍ਵੈ ਦੇ ਵਲ ਜਾਕੇ, ਵਜਤੀਰੇਕ ਭਾਉ ਤੋਂ ਹਟਕੇ ਵਿਰੁਧ ਹੋ ਗਈ ਹੈ ਕੋਈ ਬੀ ਅਜੇਹਾ ਦ੍ਰਬ ਨਹੀਂ ਹੈ ਜਿਸ ਵਿਚ ਸਗੁਣ, ਨਿਰਗੁਣਤਾ, ਅਨ੍ਵੈ, ਵਜਤੀਰੇਕ, ਸਾਧਰਮਜ,ਵੈਧਰਮ, ਅਰ ਵਸ਼ੇਸ਼ਣ ਭਾਉ ਨਾ ਹੋਵੇ।

(ਪ੍ਰਸ਼ਨ) ਭਲਾ ਇਕ ਮਿਆਨ ਵਿਚ ਦੋ ਤਲਵਾਰਾਂ ਕਦੀ ਰਹਿ ਸਕਦੀਆਂ ਹਨ ਇਕ ਪਦਾਰਥ ਵਿਚ ਸਗੁਣਤਾ ਅਰ ਨਰਗੁਣਤਾ ਕਿਸ਼ਤਰਾਂ ਰਹਿਸਕਦੀਹੈ।

(ਉਤ੍ਰ) ਜਿਸਤਰਾਂ ਜੜ ਦੇ ਰੂਪ ਆਦੀ ਗੁਣ ਹਨ ਅਰ ਚੇਤਨ ਦੇ ਗਿਆਂਨ ਆਦੀ ਗੁਣ ਜੜ ਵਿਚ ਨਹੀਂ ਹਨ ਉਸੇ ਤਰਾਂ ਚੇਤਨ ਵਿਚ ਇਛਿਆ ਆਦੀ ਗੁਣ ਹਨ ਅਰ ਰੂਪ ਆਦੀ ਜੜ ਦੇ ਗੁਣ ਨਹੀਂ ਹਨ ਏਸ ਲਈਃ-

"यद्गुणैस्सह वर्त्तमानं तत्सगुणम्" "गुणेभ्यो यन्निर्गतं पृथग्भूतं तन्निर्गुणम्"

ਜੋ ਗੁਣਾਂ ਥੀਂ ਸਹਿਤ ਉਹ ਸਗੁਣ ਅਰ ਜੋ ਗੁਣਾਂ ਥੀਂ ਰਹਿਤ ਉਹ ਨਿਰਗੁਣ ਕਹਾਂਦਾ ਹੈ ਅਪਣੇ ਆਪਣੇ ਸੁਭਾਵਕ ਗੁਣਾ ਦੇ ਸਹਿਤ ਅਰ ਦੂਜੇ ਵਿਰੋਧੀ ਦ ਗੁਣਾਂ ਥੀਂ ਰਹਿਤ ਹੋਣ ਕਰਕੇ ਸਭ ਪਦਾਰਥਾਂ ਵਿਚ ਸਗੁਣਤਾ ਅਰ ਨਿਰਗੁਣਤਾ ਵਾ ਕੇਵਲ ਸਗੁਣਤਾ ਹੋਵੇ ਕਿੰਤੂ ਇਕ ਵਿਚ ਹੀ ਸਰਗੁਣਤਾ ਅਰਨਿਰਗੁਣਤਾ ਸਦਾ ਰਹਿੰਦੀ ਹੈ ਉਸੇਤਰਾਂ ਪ੍ਰਮੇਸ਼੍ਵਰ ਆਪਣੇ ਅਨੰਤ ਗਿਆਂਨ ਬਲ ਆਦੀ ਗੁਣਾਂ ਕਰਕੇ ਸਰਗੁਣ,ਅਰ ਰੂਪ ਆਦੀ ਜੜਦੇ ਤਥਾ ਦ੍ਵੇਸ਼ ਆਦੀ ਜੀਵਦੇ ਗੁਣਾਂ ਥੀਂ ਵਖਰਾ ਹੋਣ ਕਰਕੇ ਨਿਰਗੁਣ ਅਖਵਾਂਦਾ ਹੈ ।

(ਪ੍ਰਸ਼ਨ)ਸੰਸਾਰ ਵਿਚ ਨਿਰਾਕਾਰ ਨੂੰ ਨਿਰਗੁਣ ਅਰ ਸਕਾਰ ਨੂੰ ਸਰ-ਗੁਣ ਕਹਿੰਦੇ ਹਨ ਅਰਥਾਤ ਜਦ ਪ੍ਰਮੇਸ਼੍ਵਰ ਜਨਮਨਹੀਂ ਲੈਂਦਾ ਤਦ ਨਿਰਗੁਣ, ਅਰ ਜਦ ਅਵਤਾਰ ਲੈਂਦਾ ਹੈ ਤਦ ਸਰਗੁਣ ਕਹਾਂਦਾ ਹੈ ।

(ਉਤ੍ਰ)ਇਹ ਕਲਪਣਾ ਕੇਵਲ ਅਗਿਆਨੀ ਅਰ ਅਵਿਦਵਾਂਨਾ ਦੀ ਹੈ ਜਿਨਾਂ ਨੂੰ ਵਿਦਿਆ ਨਹੀ ਹੁੰਦੀ ਉਹ ਪਸ਼ੂ ਦੀ ਨਿਆਂਈ ਜੇਹਾ ਤੇਹਾ ਬੜ ਬੜਾ ਇਆ ਕਰਦੇ ਹਨ ਜਿਸਤਰਾਂ ਸਰਸਾਂਮ ਦਾ ਰੋਗੀ ਮਨੁਖ ਅੰਡ ਬੰਡ ਬਕਦਾ ਹੈ ਉਸੇ ਤਰਾਂ ਅਵਿਦਵਾਨਾਂ ਦੇ ਕਹੇ ਵਾਕ ਨੂੰ ਬਿਅਰਥ ਸਮਝਣਾ ਚਾਹੀਏ।

(ਪ੍ਰਸ਼ਨ)ਪਰਮੇਸ਼੍ਵਰ ਰਾਗ ਵਾਲਾ ਹੈ ਵਾ ਵਿਰਕਤ ?

(ਉਤ੍ਰ)ਦੋਹਾਂ ਵਿਚ ਨਹੀਂ ਕਿਉਂਕਿ ਰਾਗ ਆਪਣੇ ਤੋਂ ਭਿੰਨ ਉੱਤਮ ਪਦਾਰਥਾਂ ਵਿਚ ਹੁੰਦਾ ਹੈ ਸੋ ਪਰਮੇਸ਼੍ਵਰ ਥੀਂ ਕੋਈ ਪਦਾਰਥ ਵਖ੍ਰਾ ਵਾ ਉੱਤਮ ਨਹੀਂ ਹੈ ਏਸ ਲਈ ਓਸ ਵਿਚ ਰਾਗ ਦਾ ਹੋਣਾ ਸੰਭਵ ਨਹੀਂ, ਅਰ ਜੇਹੜਾ ਪ੍ਰਾਪਤ ਨੂੰ ਛਡ ਦੇਵੇ ਓਸ ਨੂੰ॥ ਵਿਰਕਤ ਕਹਿੰਦੇ ਹਨ ਈਸ਼੍ਵਰ ਵਿਆਪਕ ਹੋਣ ਕਰਕੇ ਕਿਸੇ ਪਦਾਰਥ ਨੂੰ ਛਡ ਹੀ ਨਹੀਂ ਸਕਦਾ ਏਸ ਲਈ ਵਿਰਕਤ ਬੀ ਨਹੀਂ।

(ਪ੍ਰਸ਼ਨ)ਈਸ਼੍ਵਰ ਵਿਚ ਇਛਿਆ ਹੈ ਵਾ ਨਹੀਂ?

(ਉਤ੍ਰ) ਉਜਹੀ ਇਛਿਆ ਨਹੀਂ ਕਿਉਂਕਿ ਇਛਿਆ ਬੀ ਅਪ੍ਰਾਪਤ ਉੱਤਮ, ਅਰ ਜਿਸਦੀ ਪ੍ਰਾਪਤੀ ਥੀਂ ਸੁਖ ਵਸ਼ੇਸ਼ ਹੋਵੇ ਓਸਦੀ ਹੁੰਦੀ ਹੈ ਤਾਂ ਈਸ਼੍ਵਰ ਵਿਚ ਇਛਿਆ ਹੋਸਕੇ, ਨਾਂ ਓਸਦੇ ਲਈ ਕੋਈ ਅਪ੍ਰਾਪਤ ਪਦਾਰਥ ਨਾ ਕੋਈ ਓਸ ਥੀਂ ਉੱਤਮ, ਅਰ ਪੂਰਣ ਸੁਖ ਥੀਂ ਜੁਕਤ ਹੋਣ ਕਰਕੇ ਸੁਖ ਦੀ ਅਭਿਲਾਖਾ ਬੀ ਨਹੀਂ ਹੈ ਏਸ ਵਾਸਤੇ ਈਸ਼੍ਵਰ ਵਿਚ ਇਛਿਆ ਦਾ ਤਾਂ ਸੰਭਵ ਨਹੀਂ ਕਿੰਤੂ ਈਖਣ ਅਰਥਾਤ ਸਭ ਪ੍ਰਕਾਰ ਦੀ ਵਿਦਿੱਆ ਦਾ ਦਰਸ਼ਨ, ਅਰ ਸਭ ਸ੍ਰਿਸ਼ਟੀ ਦਾ ਕਰਨਾ ਹੈ ਉਹ ਈਖਣ ਹੈ ਇਤਆਦੀ ਸੰਖੇਪ ਨਾਲ ਲਿਖੇ ਹੋਏ ਵਿਸ਼ਿਆਂ ਤੋਂ ਹੀ ਸਜੱਨ ਲੋਗ ਬਹੁਤ ਵਿਸਤਾਰ ਕਰ ਲੈਨਗੇ। ਏਹ ਸੰਖੇਪ ਨਾਲ ਈਸ਼੍ਵਰ ਦਾ ਵਿਸ਼ਾ ਲਿਖਕੇ ਵੇਦ ਦਾ ਵਿਸ਼ਾ ਲਿਖਨੇ ਹਾਂ:—

यस्मादृचो अपातक्षन् यजुर्यस्मादपाकषन्। सामानि
यस्य लोमान्यथर्वाङ्गिरसो मुखम्। स्कम्भन्तं ब्रूहि कतमः
स्विदेव सः। अथर्व० कां० १०। प्रपा० २३। अनु० ४। मं० २०॥

ਜਿਸ ਪਰਮਾਤਮਾ ਥੀਂ ਰਿਗਵੇਦ, ਯੁਜੁਰਵੇਦ, ਸਾਮਵੇਦ, ਅਰ ਅਥ-ਰਵ ਵੇਦ, ਪਰਗਟ ਹੋਏ ਹਨ ਉਹ ਕੇਹੜਾ ਦੇਵ ਹੈ ਏਸਦਾ (ਉਤ੍ਰ) ਜੇਹੜਾ ਸਭ ਨੂੰ ਉਤਪੰਨ ਕਰਕੇ ਧਾਰਣ ਕਰ ਰਹਿਆ ਹੈ ਉਹ ਪਰਮਾਤਮਾ ਹੈ।

स्वयम्भूर्याथातथ्यतोऽर्थान् व्यदधाच्छाश्वतीभ्यः समा-
भ्यः॥ यजुः० अ० ४०। मं० ८॥

ਜੇਹੜਾ ਸ੍ਵੰਭੂ ਸਰਬ ਵਿਆਪਕ, ਸ਼ੁਧ, ਸਨਾਤਨ, ਨਿਰਾਕਾਰ ਪਰਮੇ-ਸ਼੍ਵਰ ਹੈ ਉਹ ਸਨਾਤਨ ਜੀਵ ਰੂਪੀ ਪਰਜਾ ਦੇ ਕਲਿਆਂਨ ਦੇ ਅਰਥ ਯਥਾਵਤ ਰੀਤੀ ਪੂਰਬਕ ਵੇਦ ਦੁਆਰਾ ਸਭ ਵਿਦਿੱਆ ਦਾ ਉਪਦੇਸ਼ ਕਰਦਾ ਹੈ।

(ਪ੍ਰਸ਼ਨ) ਪਰਮੇਸ਼੍ਵਰ ਨੂੰ ਤੁਸੀ ਨਿਰਾਕਾਰ ਮਨਦੇ ਹੋ ਵਾ ਸ਼ਕਾਰ?

(ਉਤ੍ਰ) ਨਿਰਾਕਾਰ ਮਨਦੇ ਹਾਂ।

(ਪ੍ਰਸ਼ਨ) ਜਦ ਨਿਰਾਕਾਰ ਹੈ ਤਾਂ ਵੇਦ ਵਿਦਿੱਆ ਦਾ ਉਪਦੇਸ਼ ਬਿਨਾਂ ਮੂੰਹ ਦੇ ਵਰਣ ਉਚਾਰਣ ਕਿਸਤਰਾਂ ਹੋ ਸਕੇਗਾ ਕਿਉਂਕਿ ਵਰਣਾਂ ਦੇ ਉਚਾਰਣ ਕਰਨ ਵਿਚ ਤਾਲੂ ਆਦੀ ਸਥਾਨ ਜਬਾਂਨ ਦਾ ਪ੍ਰਯਤਨ ਅਵਸ਼ ਹੋਣਾ ਚਾਹੀਏ।

(ਉਤ੍ਰ)ਪਰਮੇਸ਼੍ਵਰ ਦੇ ਸਰਬ ਸ਼ਕਤੀ ਮਾਂਨ ਅਰ ਸਰਬ ਵਿਆਪਕ ਹੋਣ ਕਰਕੇ ਜੀਵਾਂ ਨੂੰ ਅਪਣੀ ਵਿਆਪਤੀ ਨਾਲ ਵੇਦ ਵਿਦਿਆ ਦੇ ਉਪਦੇਸ਼ ਕਰਨ ਵਿਚ ਕੁਝ ਬੀ ਮੁਖ ਆਦੀ ਦੀ ਜ਼ਰੂਰਤ ਨਹੀ ਹੈ ਕਿਂਉਕਿ ਮੂੰਹ ਅਰ ਜਬਾਨ ਨਾਲ ਵਰਣ ਉਚਾਰਣ ਅਪਣੇ ਥੀਂ ਭਿਨ ਨੂੰ ਬੋਧ ਕਰਾਣ ਲਈ ਕੀਤਾ ਜਾਂਦਾ ਹੈ ਕੁਝ ਅਪਣੇ ਲਈ ਨਹੀਂ ਕਿਂਉਕਿ ਮੂੰਹ ਅਰ ਜ਼ਬਾਂਨ ਦੇ ਕੰਮ ਕਰਨ ਤੋਂ ਬਗੈਰ ਹੀ ਮਨ ਵਿਚ ਅਨੇਕ ਵਿਹਾਰਾਂ ਦਾ ਬਿਚਾਰ ਅਰ ਸ਼ਬਦ ਉਚਾਰਣ ਹੁੰਦਾ ਰਹਿੰਦਾ ਹੈ,ਕੱਨਾਂ ਨੂੰ ਉਂਗਲਾਂ ਨਾਲ ਮੁੰਦਕੇ ਵੇਖੋ ਸੁਣੋ ਕਿ ਬਗੈਰ ਮੂੰਹ, ਜਬਾਨ, ਤਾਲੂ ਆਦੀ ਸਥਾਨਾਂ ਦੇ ਕੈਸੇ ਕੈਸੇ ਸ਼ਬਦ ਹੋ ਰਹੇ ਹਨ, ਉਸੇ ਤਰਾਂ ਜੀਵਾਂ ਨੂੰ ਅੰਤ੍ਰਜਾਮੀ ਰੂਪ ਦੁਆਰਾ ਉਪਦੇਸ਼ ਕੀਤਾ ਹੈ । ਕਿੰਤੂ ਕੇਵਲ ਦੂਜੇ ਨੂੰ ਸਮਝਾਣ ਦੇ ਲਈ ਉਚਾਰਣ ਕਰਨ ਦੀ ਜਰੂਰਤ ਹੈ,ਜਦ ਪਰਮੇਸ਼੍ਵਰ ਨਿਰਾਕਾਰ ਸਰਬ ਵਿਆਪਕ ਹੈ ਤਾਂ ਅਪਣੀ ਸੰਪੂਰਣ ਵੇਦ ਵਿਦਜਾ ਦਾ ਉਪਦੇਸ਼ ਜੀਵ ਵਿਚ ਸਿਥਿਤ ਸ੍ਵਰੂਪ ਥੀਂ ਜੀਵਾਤਮਾ ਵਿਚ ਜਾਹਿਰ ਕਰ ਦੇਂਦਾ ਹੈ ਫੇਰ ਉਹ ਮਨੁਖ ਆਪਣੇ ਮੂੰਹ ਨਾਲ ਉੱਚਾਰਣ ਕਰਕੇ ਦੂਜੇ ਨੂੰ ਸੁਣਾਂਦਾ ਹੈ ਏਸ ਲਈ ਈਸ਼੍ਵਰ ਵਿਚ ਏਹ ਦੋਸ਼ ਨਹੀਂ ਆਸਕਦਾ ।

(ਪ੍ਰਸ਼ਨ)ਕਿਨਾਂ ਦੇ ਆਤਮਾਂ ਵਿਚ, ਕਦ ਵੇਦਾਂ ਦਾ ਪ੍ਰਕਾਸ਼ ਕੀਤਾ ?

(ਉਤ੍ਰ)ਃ—

अग्नेर्ऋग्वेदो वायोर्यजुर्वेदः सूर्य्यात्सामवेदः

शत॰ ११।४।२।३॥

ਪਹਿਲੇ ਸ੍ਰਿਸ਼ਟੀ ਦੇ ਆਦ ਵਿਚ ਪਰਮੇਸ਼੍ਵਰ ਨੈਂ ਅਗਨੀ, ਵਾਯੂ, ਆਦਿਤ੍ਯ, ਤਥਾ ਅੰਗ੍ਰਾ ਇਨਾਂ ਰਿਸ਼ੀਆਂ ਦੇ ਆਤਮਾਂ ਵਿਚ ਇਕ ਇਕ ਵੇਦ ਦਾ ਪ੍ਰਕਾਸ਼ ਕੀਤਾ । (ਪ੍ਰਸ਼ਨ):—

यो ब्रह्माणं विदधाति पूर्वं यो वै वेदांश्च प्रहिणोति तस्मै

श्वेता॰ अ॰ ६। मं॰ १८॥

ਏਹ ਉਪਨਿਸ਼ਦ ਦਾ ਬਚਨ ਹੈ ਏਸ ਬਚਨ ਥੀਂ ਬ੍ਰਹਮਾ ਜੀਦੇ ਹਿਰਦੇ ਵਿਚ ਵੇਦਾਂ ਦਾ ਉਪਦੇਸ਼ ਕੀਤਾ ਹੈ ਫੇਰ ਅਗਨੀ ਆਦੀ ਰਿਸ਼ੀਆਂ ਵਿਚ ਕਿਉਂ ਆਖਿਆ ।

(ਉਤ੍ਰ)ਬ੍ਰਹਮਾ ਦੇ ਆਤਮਾ ਵਿਚ ਅਗਨੀ ਆਦੀ ਵਲੋਂ ਸਥਾਪਤ ਕਰਾਇਆ । ਵੇਖੋ ਮਨੂੰ ਸਿਮ੍ਰਤੀ ਵਿਚ ਕੀ ਲਿਖਿਆ ਹੈ:—

अग्निवायुरविभ्यस्तु त्रयं ब्रह्म सनातनम्

दुदोह यज्ञसिद्ध्यर्थमृग्यजुःसामलक्षणम्॥ मनु॰ १।२३॥

ਜਿਸ ਪਰਮੇਸ਼੍ਵਰ ਨੇ ਆਦੀ ਸਿਸ਼ਟੀ ਵਿਚ ਮਨੁਖਾਂ ਨੂੰ ਉਤਪੰਨ ਕਰਕੇ ਅਗਨੀ ਆਦੀ ਚਹੁੰ ਮਹਾ ਰਿਖੀਆਂ ਦੇ ਦੁਆਰਾ ਚਾਰੇ ਵੇਦ ਬ੍ਰਹਮਾ ਨੂੰ ਪ੍ਰਾਪਤ

ਕਰਾਏ ਅਰ ਓਸ ਬ੍ਰਹਮਾ ਨੇ ਅਗਨੀ, ਵਾਯੂ ਆਦਿਤ, ਅਰ ਅੰਗ੍ਰਾ ਥੀਂ ਰਿਗ, ਯਜੁ, ਸਾਮ, ਅਰ ਅਥਰਵ ਵੇਦ ਦਾ ਗ੍ਰਹਿਣ ਕੀਤਾ।

(ਪ੍ਰਸ਼ਨ) ਉਨਾਂ ਚਹੁੰ ਵਿਚ ਹੀ ਵੇਦਾ ਦਾ ਪ੍ਰਕਾਸ਼ ਕੀਤਾ ਹੋਰਨਾਂ ਵਿਚ ਨਹੀਂ ਏਸ ਥੀਂ ਈਸ਼੍ਵਰ ਪਖਪਾਤੀ ਹੁੰਦਾ ਹੈ।

(ਉਤ੍ਰ) ਉਹੋ ਹੀ ਚਾਰ ਸਭ ਜੀਵਾਂ ਤੋਂ ਵਧੀਕ ਪਵਿਤ੍ਰ ਆਤਮਾ ਸਨ ਹੋਰ ਉਨ੍ਹਾਂ ਵਰਗੇ ਨਹੀਂ ਸਨ ਏਸ ਲਈ ਪਵਿਤ੍ਰ ਵਿਦਿੱਆ ਦਾ ਪ੍ਰਕਾਸ਼ ਉਨ੍ਹਾਂ ਵਿਚ ਹੀ ਕੀਤਾ?

(ਪ੍ਰਸ਼ਨ) ਕਿਸੇ ਦੇਸ਼ ਦੀ ਬੋਲੀ ਵਿਚ ਵੇਦਾਂ ਦਾ ਪ੍ਰਕਾਸ਼ ਨਾ ਕਰਕੇ ਸੰਸਕ੍ਰਿਤ ਵਿਚ ਕਿੰਉਂ ਕੀਤਾ।

(ਉਤ੍ਰ) ਜੋ ਕਿਸੇ ਦੇਸ਼ ਦੀ ਬੋਲੀ ਵਿਚ ਪ੍ਰਕਾਸ਼ ਕਰਦਾ ਤਾਂ ਈਸ਼੍ਵਰ ਪਖ ਪਾਤੀ ਹੋ ਜਾਂਦਾ ਕਿੰਉਂਕਿ ਜਿਸ ਦੇਸ਼ ਦੀ ਭਾਸ਼ਾ ਵਿਚ ਪ੍ਰਕਾਸ਼ ਕਰਦਾ ਉਨ੍ਹਾਂ ਨੂੰ ਸੌਖੀ ਅਰ ਬਦੇਸੀਆਂ ਨੂੰ ਅਉਖਿਆਈ ਵੇਦਾਂ ਦੇ ਪੜ੍ਹਨ ਪੜ੍ਹਾਂਨ ਦੀ ਹੁੰਦੀ ਏਸ ਲਈ ਸੰਸਕ੍ਰਿਤ ਵਿਚ ਹੀ ਪ੍ਰਕਾਸ਼ ਕੀਤਾ ਜੋ ਕਿਸੇ ਦੇਸ਼ ਦੀ ਬੋਲੀ ਨਹੀਂ ਅਰ ਵੇਦ ਭਾਸ਼ਾ ਹੋਰਨਾਂ ਸਭ ਬੋਲੀਆਂ ਦਾ ਕਾਰਣ ਹੈ ਉਸੇ ਵਿਚ ਵੇਦਾਂ ਦਾ ਪ੍ਰਕਾਸ਼ ਕੀਤਾ ਜੀਕਣ ਈਸ਼੍ਵਰ ਦੀ ਪ੍ਰਿਥ੍ਵੀ ਆਦੀ ਸ੍ਰਿਸ਼ਟੀ ਸਭ ਦੇਸ਼ ਅਰ ਦੇਸ਼ ਵਾਲਿਆਂ ਦੇ ਵਾਸਤੇ ਇਕੋ ਜਹੀ, ਅਰ ਸਭ ਸਿਲਪ ਵਿਦਿੱਆ ਦਾ ਕਾਰਣ ਹੈ ਉਸੇ ਤਰਾਂ ਪਰਮੇਸ਼੍ਵਰ ਦੀ ਵਿਦਿੱਆ ਦੀ ਭਾਸ਼ਾ ਬੀ ਇਕੋ ਜਹੀ ਹੋਣੀ ਚਾਹੀਏ ਕਿ ਸਭ ਦੇਸ਼ ਵਾਲਿਆਂ ਨੂੰ ਪੜ੍ਹਨ ਪੜ੍ਹਾਂਨ ਵਿਚ ਤੁਲ ਪਰਜਤਨ ਹੋਣ ਕਰਕੇ ਈਸ਼੍ਵਰ ਪਖਪਾਤੀ ਨਹੀਂ ਹੁੰਦਾ ਅਰ ਸਭਨਾਂ ਜਬਾਨਾਂ ਦਾ ਕਾਰਣ ਬੀ ਹੈ।

(ਪ੍ਰਸ਼ਨ)ਵੇਦ ਈਸ਼੍ਵਰ ਕ੍ਰਿਤ ਹੈ ਹੋਰ ਦਾ ਬਣਾਇਆ ਹੋਇਆ ਨਹੀਂ ਏਸ ਵਿਚ ਕੀ ਪ੍ਰਮਾਂਣ?

(ਉਤ੍ਰ)ਜਿਸਤਰਾਂ ਈਸ਼੍ਵਰ ਪਵਿਤ੍ਰ, ਸਰਬ ਵਿਦਿਆ ਵਿਤ, ਸ਼ੁਧ, ਗੁਣ, ਕਰਮ, ਸੁਭਾਉ ਨਿਆਇ ਕਾਰੀ, ਦਿਯਾਲੂ ਆਦੀ ਗੁਣਾਂ ਵਾਲਾ ਹੈ ਉਸੇਤਰਾਂ ਜਿਸ ਪੁਸਤਕ ਵਿਚ ਈਸ਼੍ਵਰ ਦੇ ਗੁਣ, ਕਰਮ, ਸੁਭਾਉ ਦੇ ਅਨੁਕੂਲ ਕਥਨ ਹੋਵੇ ਉਹ ਈਸ਼੍ਵਰ ਕ੍ਰਿਤ ਹੋਰ ਨਹੀਂ, ਅਰ ਜਿਸ ਵਿਚ ਸ੍ਰਿਸ਼ਟੀ ਕ੍ਰਮ, ਪ੍ਰਤਖ ਆਦੀ ਪ੍ਰਮਾਣ ਆਪਤਾਂ ਦੇ ਅਰ ਪਵਿਤ੍ਰ ਆਤਮਾਂ ਦੇ ਵਿਹਾਰ ਥੀਂ ਵਿਰੁਧ ਕਥਨ ਨ ਹੋਵੇ ਉਹ ਈਸ਼੍ਵਰ ਉਕਤ. ਜਿਸਤਰਾਂ ਈਸ਼੍ਵਰ ਦਾ ਨਿਰ ਭ੍ਰਮ ਗਿਆਂਨ ਉਸੇ ਤਰਾਂ ਜਿਸ ਪੁਸਤਕ ਵਿਚ ਭ੍ਰਾਂਤੀ ਰਹਿਤ ਗਿਆਂਨ ਦਾ ਪ੍ਰਤੀ ਪਾਦਨ ਹੋਵੇ ਉਹ ਈਸ਼੍ਵਰ ਉਕਤ, ਜਿਸਤਰਾਂ ਦਾ ਪਰਮੇਸ਼੍ਵਰ ਹੈ ਉਜੇਹਾ ਅਰ ਜਿਸਤਰਾਂ ਦਾ ਸ੍ਰਿਸ਼ਟੀ ਕ੍ਰਮ ਰਖਿਆ ਹੈ ਉਸੇ ਤਰਾਂ ਦਾ ਈਸ਼੍ਵਰ ਸ੍ਰਿਸ਼ਟੀ, ਕਾਰਜ, ਕਾਰਣ, ਅਰ ਜੀਵ ਦਾ ਪ੍ਰਤੀ ਪਾਦਨ ਜਿਸ ਵਿਚ ਹੋਵੇ ਉਹ ਪਰਮੇਸ਼੍ਵਰ ਦਾ ਕਹਿਆ

ਹੋਇਆ ਪੁਸਤਕ ਹੁੰਦਾ ਹੈ। ਅਰ ਜੋ ਪ੍ਰਤਖ ਆਦੀ ਪ੍ਰਮਾਂਣ ਵਿਸ਼ਿਆਂ ਥੀਂ ਅਵਿਰੁਧ,ਸ਼ੁਧ ਆਤਮਾਂ ਦੇ ਸੁਭਾਵ ਥੀਂ ਵਿਰੁਧ ਨਾਂ ਹੋਵੇ ਏਸ ਪ੍ਰਕਾਰ ਦੇ ਵੇਦ ਹਨ, ਹੋਰ ਬਾਇਬਲ,ਕੁਰਾਨ,ਆਦੀ ਪੁਸਤਕਾਂ ਨਹੀਂ । ਏਸਦੀ ਖੋਲਕੇ ਵਿਆ ਖਿਆ,ਬਾਇਬਲ ਅਰ ਕੁਰਾਂਨ ਦੇ ਪ੍ਰਕਰਣ ਵਿਚ ਤੇਹਰਵੇਂ ੧੩ ਅਰ ਚੌਦਵੇਂ ੧੪ ਸਮੁਲਾਸ ਵਿਚ ਕੀਤੀ ਜਾਵੇਗੀ ॥

(ਪ੍ਰਸ਼ਨ)ਵੇਦ ਦੀ ਈਸ਼੍ਵਰ ਵਲੋਂ ਹੋਣਦੀ ਜਰੂਰਤ ਕੁਝਬੀ ਨਹੀਂ ਕਿਂਉਕਿ ਮਨੁਖ ਲੋਗ ਹੌਲੀ੨ ਗਿਆਨ ਵਧਾਕੇ ਪਿਛੋਂ ਪੁਸਤਕ ਬੀ ਬਣਾ ਲੈਨਗੇ।

(ਉਤ੍ਰ)ਕਦੀ ਨਹੀਂ ਬਣਾ ਸਕਦੇ ਕਿਂਉਕਿ ਬਗੈਰ ਕਾਰਣ ਦੇ ਕਾਰਜ ਦੀ ਉਤਪਤੀ ਦਾ ਹੋਣਾ ਅਸੰਭਵ ਹੈ ਜਿਸਤਰਾਂ ਜੰਗਲੀ ਮਨੁਖ ਸ੍ਰਿਸ਼ਟੀ ਨੂੰ ਵੇਖਕੇ ਬੀ ਵਿਦ੍ਵਾਂਨ ਨਹੀਂ ਹੁੰਦੇ ਅਰ ਜਦ ਉਨਾ ਨੂੰ ਕੋਈ ਸਿਖਿਆ ਕਰਨ ਵਾਲਾ ਮਿਲ ਜਾਵੇ ਤਾਂ ਵਿਦਵਾਂਨ ਹੋ ਜਾਂਦੇ ਹਨ ਅਰ ਹੁਣਬੀ ਕਿਸੇ ਕੋਲੋਂ ਪੜੇ ਬਗੈਰ ਕੋਈ ਬੀ ਵਿਦਵਾਂਨ ਨਹੀਂ ਹੁੰਦਾ ਏਸ ਪ੍ਰਕਾਰ ਜੇ ਪਰਮੇਸ਼੍ਵਰ ਉਨਾਂ ਆਦੀ ਸ੍ਰਿਸ਼ਟੀ ਦੇ ਰਿਖੀਆਂ ਨੂੰ ਵੇਦ ਵਿਦਿਆ ਨਾ ਪੜ੍ਹਾਂਦਾ ਅਰ ਉਹ ਹੋਰਨਾਂ ਨੂੰ ਨਾ ਪੜ੍ਹਾਂਦੇ ਤਾਂ ਸਭ ਲੋਗ ਅਵਿਦਵਾਂਨ ਹੀ ਰਹਿ ਜਾਂਦੇ । ਜੀਕਣ ਕਿਸੇ ਦੇ ਬਾਲਕ ਨੂੰ ਜਨਮ ਥੀਂ ਅਕੱਲੀ ਜਗਹ, ਅਵਿਦਵਾਨਾਂ ਵਾ ਪਸ਼ੂਆਂ ਦੇ ਸੰਗ ਵਿਚ ਰਖ ਦੇਵੀਏ ਤਾਂ ਉਹ ਜਿਸਤਰਾਂ ਦਾ ਸੰਗ ਹੈ ਉਹੋ ਜੇਹਾ ਹੀ ਹੋ ਜਾਵੇਗਾ, ਏਸਦਾ ਦ੍ਰਿਸ਼ਟਾਂਤ ਜੰਗਲੀ ਭੀਲ ਆਦੀ ਹਨ,ਜਦ ਤਿਕ ਆਰਯਾ ਵਰਤ ਦੇਸ਼ ਥੀਂ ਸਿਖਿਆ ਨਹੀਂ ਗਈ ਸੀ ਤਦ ਤਿਕ ਮਿਸ੍ਰ, ਯੂਨਾਂਨ, ਅਰ ਯੂਰਪ, ਦੇਸ਼ ਆਦੀ ਦੇ ਰਹਿਣ ਵਾਲੇ ਮਨੁਖਾਂ ਵਿਚ ਕੁਝ ਬੀ ਵਿਦਿਆ ਨਹੀਂ ਹੋਈਸੀ ਅਰ ਇੰਗ ਲੈਂਡ ਦੇ ਕੋਲੰਬਸ ਆਦੀ ਪੁਰਖ ਅਮ੍ਰੀਕਾ ਵਿਚ ਜਦ ਤਿਕ ਨਹੀਂ ਗਏ ਸਨ ਤਦ ਤਿਕ ਉਹਬੀ ਹਜਾਰਾਂ ਵਰੇਹਾਂ ਥੀਂ ਮੂਰਖ ਅਰਥਾਤ ਵਿਦਿਆ ਹੀਂਨ ਸਨ,ਫੇਰ ਸੁਸ਼ਿਖਿਆ ਦੇ ਪਾਂਣ ਕਰਕੇ ਵਿਦਵਾਂਨ ਹੋਗਏ ਹਨ ਉਸੇ ਤਰਾਂ ਪਰਮੇਸ਼੍ਵਰ ਕੋਲੋਂ ਸ੍ਰਿਸ਼ਟੀ ਦੇ ਆਦ ਵਿਚ ਵਿਦਿਆ ਸਿਖਿਆ ਦੀ ਪ੍ਰਾਪਤੀ ਦੁਆਰਾ ਅਗੋਂ ੨ ਸਮੇਂ ਵਿਚ ਵਿਦਵਾਂਨ ਹੁੰਦੇ ਆਏ।

स पूर्वेषामपि गुरुः कालेनानवच्छेदात् ॥

योगसू० समादिपादे सू० २६ ॥

ਜਿਸਤਰਾਂ ਏਸ ਵੇਲੇ ਅਸੀ ਲੋਗ ਅਧਯਾਪਕਾ ਕੋਲੋਂ ਪੜ੍ਹ ਕੇ ਹੀ ਵਿ-ਦਵਾਂਨ ਹੁੰਨੇ ਹਾਂ ਉਸੇਤਰਾਂ ਪਰਮੇਸ਼੍ਵਰ ਸ੍ਰਿਸ਼ਟੀ ਦੇ ਅਰੰਭ ਵਿਚ ਉਤਪੰਨ ਹੋਏ ਅਗਨੀ ਆਦੀ ਰਿਸ਼ੀਆਂ ਦਾ ਗੁਰ ਅਰਥਾਤ ਪੜ੍ਹਾਨ ਵਾਲਾ ਹੈ । ਕਿਂਉਕਿ ਜਿਸਤਰਾਂ ਜੀਵ ਸੁਸ਼ਪਤੀ ਅਰ ਪਰਲੇ ਵਿਚ ਗਿਆਂਨ ਰਹਿਤ ਹੋ ਜਾਂਦੇ ਹਨ ਉਸ ਤਰਾਂ ਪਰਮੇਸ਼੍ਵਰ ਨਹੀਂ ਹੁੰਦਾ ਉਸ ਦਾ ਗਿਆਂਨ ਨਿਤ ਹੈ ਏਸ ਲਈ ਏਹ

ਨਿਸਚੇ ਜਾਂਣਨਾ ਚਾਹੀਏ ਕਿ ਬਿਨਾਂ ਨਿਮਿਤ ਬੀਂ ਨੈ ਮਿਃ ਕਅਰਥ ਸਿਧ ਕਦੀ ਨਹੀਂ ਹੁੰਦਾ।

( ਪ੍ਰਸ਼ਨ ) ਵੇਦ ਸ਼ਾਸਤ੍ਰੀ ਬੋਲੀ ਵਿਚ ਪ੍ਰਕਾਸ਼ਤ ਹੋਏ ਅਰ ਉਹ ਅਗਨੀ ਆਦੀ ਰਿਖੀ ਲੋਗ ਉਸ ਸੰਸਕ੍ਰਿਤ ਭਾਖਾ ਨੂੰ ਨਹੀਂ ਜਾਂਣਦੇ ਸਨ ਫੇਰ ਵੇਦਾਂ ਦਾ ਅਰਥ ਉਨ੍ਹਾਂ ਨੇ ਕਿਸਤਰਾਂ ਜਾਣਿਆ।

(ਉਤ੍ਰ) ਪਰਮੇਸ਼੍ਵਰ ਨੇ ਜਣਾਇਆ ਅਰ ਧਰਮਾਤਮਾ ਜੋਗੀ ਮਹਾਂ ਰਿਖੀ ਲੋਗ ਜਦ ਜਦ ਜਿਸ ਜਿਸ ਦੇ ਅਰਥ ਦੇ ਜਾਨਣ ਦੀ ਇਛਿਆ ਕਰਕੇ ਧਿਆਨਾਵਸਥਿਤ ਹੋਕੇ ਪਰਮੇਸ਼੍ਵਰ ਦੇ ਸ੍ਵਰੂਪ ਵਿਚ ਸਮਾਧਿਸਥ ਹੋਏ ਤਦ ਤਦ ਪਰਮੇਸ਼੍ਵਰ ਨੇ ਅਭੀਸ਼ਟ ਮੰਤ੍ਰਾਂ ਦੇ ਅਰਥ ਜਣਾਏ, ਜਦ ਬਹੁਤਿਆਂ ਦੇ ਆਤਮਾਂ ਵਿਚ ਵੇਦ ਦੇ ਅਰਥ ਦਾ ਪ੍ਰਕਾਸ਼ ਹੋਇਆ ਤਦ ਰਿਖੀ ਮੁਨੀਆਂ ਨੇ ਉਹ ਅਰਥ ਅਰ ਰਿਖੀ ਮੁਨੀਆਂ ਦੇ ਇਤੀਹਾਸ ਪੂਰਬਕ ਗ੍ਰੰਥ ਬਣਾਏ ਉਨ੍ਹਾਂ ਦਾ ਨਾਮ ਬ੍ਰਾਹਮਣ ਅਰਥਾਤ ਬ੍ਰਹਮ ਜੋ ਵੇਦ ਉਸਦਾ ਵਜਾਖਿਆਂਨ ਗ੍ਰੰਥ ਹੋਣ ਕਰਕੇ ਬ੍ਰਾਹਮਣ ਨਾਂਮ ਹੋਇਆ। ਅਰਃ—

ऋषयो मन्त्रदृष्टयः मन्त्रान्सम्प्रादुः ॥ निरु० १ । २०

ਜਿਸ ਜਿਸ ਮੰਤ੍ਰ ਦੇ ਅਰਥ ਦਾ ਦਰਸ਼ਨ ਜਿਸ ਜਿਸ ਰਿਖੀ ਨੂੰ ਹੋਇਆ ਅਰ ਪ੍ਰਿਥਮ ਹੀ ਜਿਸਦੇ ਪਹਿਲੇ ਓਸ ਮੰਤ੍ਰ ਦਾ ਅਰਥ ਕਿਸੇ ਨੇ ਪ੍ਰਕਾਸ਼ਤ ਨਹੀਂ ਕੀਤਾ ਸੀ ਕੀਤਾ, ਅਰ ਦੂਜਿਆਂ ਨੂੰ ਪੜ੍ਹਾਇਆ ਬੀ, ਇਸ ਲਈ ਅਜ ਤਿਕ ਓਸ ਓਸ ਮੰਤ੍ਰ ਦੇ ਨਾਲ ਰਿਖੀ ਦਾ ਨਾਂਮ ਯਾਦ ਰਖਣ ਵਾਸਤੇ ਲਿਖਿਆ ਆਉਂਦਾ ਹੈ, ਜੇਹੜੇ ਰਿਖੀਆਂ ਨੂੰ ਮੰਤ੍ਰ ਕਰਤਾ ਦਸਨ ਉਨਾਂ ਨੂੰ ਮਿਥਿਆ ਬਾਦੀ ਸਮਝੋ ਉਹ ਤਾਂ ਮੰਤ੍ਰਾਂ ਦੇ ਅਰਥ ਦੇ ਪ੍ਰਕਾਸ਼ ਕਰਨ ਵਾਲੇ ਹਨ।

(ਪ੍ਰਸ਼ਨ) ਵੇਦ ਕਿਨ ਗ੍ਰੰਥਾਂ ਦਾ ਨਾਂਮ ਹੈ।

(ਉਤ੍ਰ) ਰਿਗ, ਯਜੁਰ, ਸਾਂਮ, ਅਰ ਅਥਰਵ, ਮੰਤ੍ਰ ਸਿੰਘਤਾ ਦਾ ਹੋਰਨਾਂ ਦਾ ਨਹੀਂ ॥ (ਪ੍ਰਸ਼ਨ):—

मन्त्रब्राह्मणयोर्वेदनामधेयम्

ਇਤਆਦੀ ਕਾਤਯਾਇਨ ਆਦੀਕ੍ਰਿਤ ਪ੍ਰਤਿਗਯਾ ਸੂਤ੍ਰ ਆਦੀ ਦਾ ਅਰਥ ਕੀ ਕਰੋਗੇ ?

(ਉਤ੍ਰ) ਵੇਖੋ ਸੰਘਤਾ ਪੁਸਤਕ ਦੇ ਅਰੰਭ, ਅਧਿਆ ਦੀ ਸਮਾਪਤੀ ਵਿਚ ਵੇਦ, ਏਹ ਸ਼ਨਾਤਨ ਬੀਂ ਸ਼ਬਦ ਲਿਖਿਆ ਆਉਂਦਾ ਹੈ ਅਰ ਬ੍ਰਾਹਮਣ ਪੁਸਤਕ ਦੇ ਅਰੰਭ, ਵਾ ਅਧਿਆਇ ਦੀ ਸਮਾਪਤੀ ਵਿਚ ਕਿਧਰੇ ਨਹੀ ਲਿਖਿਆ ਅਰ ਨਿਰੁਕਤ ਵਿਚਃ—

इत्यपि निगमो भवति । इति ब्राह्मणम् । अ० नि० । खं० ३ । ४

छन्दोब्राह्मणानि च तद्विषयाणि अष्टाध्या० ४ । २ । ६६

ਏਹ ਪਾਣਿਨੀ ਜੀਦਾ ਸੂਤ੍ਰ ਹੈ ਏਸਤੋਂ ਬੀ ਸਫਾ ਮਲੂੰਮ ਹੁੰਦਾ ਹੈ ਕਿ ਵੇਦ ਮੰਤ੍ਰ ਭਾਗ, ਅਰ ਬ੍ਰਾਹਮਣ ਵਿਆਖਿਆ ਭਾਗ, ਇਸ ਵਿਚ ਜੋ ਵਸ਼ੇਸ਼ ਵੇਖਿਆ ਚਾਹੋ ਤਾਂ ਮੇਰੀ ਬਣਾਈ 'ਰਿਗ' ਵੇਦ ਆਦੀ ਭਾਸ਼ ਭੂਮਕਾ ਵਿਚ ਵਖ ਲੌ ਓਥੇ ਅਨੇਕ ਪ੍ਰਮਾਣਾਂ ਥੀਂ ਵਿਰੁਧ ਹੋਣ ਕਰਕੇ ਏਹ ਕਾਤ੍ਯਾਇਨ ਦਾ ਬਚਨ ਨਹੀਂ ਹੋ ਸਕਦਾ ਅਜੇਹਾ ਹੀ ਸਿਧ ਕੀਤਾ ਗਿਆ ਹੈ ਕਿਉਂਕਿ ਜੇ ਮਨੀਏ ਤਾਂ ਵੇਦ ਸਨਾਤਨ ਕਦੀ ਨ ਹੋ ਸਕੱਨ ਕਿਉਂਕਿ ਬ੍ਰਾਹਮਣ ਪੁਸਤਕਾਂ ਵਿਚ ਬਹੁਤ ਸਾਰੇ ਰਿਖੀ, ਮਹਾਂਰਿਖੀ, ਅਰ ਰਾਜਾ ਆਦੀ ਦੇ ਇਤੀਹਾਸ ਲਿਖ ਹਨ ਅਰ ਇਤੀਹਾਸ ਜਿਸਦਾ ਹੋਵੇ ਓਸਦੇ ਜਨਮ ਦੇ ਪਿਛੋਂ ਲਿਖਿਆ ਜਾਂਦਾ ਹੈ ਉਹ ਗ੍ਰੰਥ ਬੀ ਓਸਦੇ ਜਨਮ ਦੇ ਪਿਛੋਂ ਹੁੰਦਾ ਹੈ, ਵੇਦਾਂ ਵਿਚ ਕਿਸੇ ਦਾ ਇਤੀਹਾਸ ਨਹੀਂ ਕਿੰਤੂ ਵਸੇਸ਼ ਜੇਹੜੇ ੨ ਸ਼ਬਦ ਥੀਂ ਵਿਦ੍ਯਾ ਦਾ ਬੋਧ ਹੋਵੇ ਓਸ ਓਸ ਸ਼ਬਦ ਦਾ ਪ੍ਰਜੋਗ ਕੀਤਾ ਹੈ ਕਿਸੇ ਮਨੁਖੱ ਦਾ ਨਾਂਮ ਵਾ ਵਸੇਸ਼ ਕਥਾ ਦਾ ਪ੍ਰਸੰਗ ਵੇਦਾਂ ਵਿਚ ਨਹੀਂ।

(ਪ੍ਰਸ਼ਨ) ਵੇਦਾਂ ਦੀਆਂ ਕਿੰਨੀਆਂ ਸ਼ਾਖਾਂ ਹਨ।

(ਉਤ੍ਰ) ਯਾਰਾਂ ਸੌ ਸਤਾਈ ੧੧੨੭ ।

(ਪ੍ਰਸ਼ਨ) ਸ਼ਾਖਾਂ ਕੀ, ਅਖੰਦੀਆਂ ਹਨ।

(ਉਤ੍ਰ) ਵ੍ਯਾਖ੍ਯਾਨ ਨੂੰ ਸ਼ਾਖਾਂ ਕਹਿੰਦੇ ਹਨ।

(ਪ੍ਰਸ਼ਨ) ਸੰਸਾਰ ਵਿਚ ਵਿਦਵਾਂਨ ਵੇਦ ਦੇ ਅਵੈਵ ਭੂਤ ਵਿਭਾਗਾਂ ਨੂੰ ਸ਼ਾਖਾਂ ਕਹਿੰਦੇ ਹਨ।

(ਉਤ੍ਰ) ਜ਼ਰਾ ਜਿੱਨਾਂ ਬਿਚਾਰ ਕਰੋ ਤਾਂ ਠੀਕ ਹੈ ਕਿਉਂਕਿ ਜਿਨੀਆਂ ਸ਼ਾਖਾਂ ਹਨ ਉਹ ਅਸ਼੍ਵਲਾਇਨ ਆਦੀ ਰਿਖੀਆਂ ਦੇ ਨਾਮ ਥੀਂ ਪ੍ਰਸਿਧ ਹਨ, ਅਰ ਮੰਤ੍ਰ ਸੰਘਤਾ ਪਰਮਸ਼੍ਵਰ ਦੇ ਨਾਮ ਥੀਂ ਪ੍ਰਸਿਧ ਹੈ. ਜਿਸਤਰਾਂ ਚਹੁੰ ਵੇਦਾਂ ਨੂੰ ਪਰਮੇਸ਼੍ਵਰ ਕ੍ਰਿਤ ਮਨਦੇ ਹਨ ਉਸੇ ਤਰਾਂ ਆਸ਼੍ਵਲਾਇਣੀ ਆਦੀ ਸ਼ਾਖਾਂ ਨੂੰ ਓਸ ਓਸ ਰਿਸ਼ੀ ਕ੍ਰਿਤ ਮੰਨਦੇ ਹਨ। ਅਰ ਸਭ ਸ਼ਾਖਾਂ ਵਿਚ ਮੰਤ੍ਰਾਂ ਦੀ ਪ੍ਰਤੀਕ ਧਰਕੇ ਵਿਆਖਿਆ ਕਰਦੇ ਹਨ ਜੀਕਣ ਤ੍ਰੈਤ੍ਰੇਈ ਸ਼ਾਖਾ ਵਿਚ "ਤ੍ਰਿਸ਼ੇਤ੍ਵੋਰੌਂ ਤ੍ਵੇ ਤਿ" ਇਤਆਦੀ ਪ੍ਰਤੀਕਾਂ ਧਰਕੇ ਵਿਆਖ੍ਯਾਨ ਕੀਤਾ ਹੈ ਅਰ ਵੇਦ ਸੰਘਤਾ ਵਿਚ ਕਿਸੇ ਦੀ ਪ੍ਰਤੀਕ ਨਹੀਂ ਧਰੀ ਏਸ ਲਈ ਪਰਮਸ਼੍ਵਰ ਕ੍ਰਿਤ ਚਾਰੇ ਵੇਦ ਮੂਲ ਬ੍ਰਿਖ, ਅਰ ਅਸ਼੍ਵਲਾਇਨ ਆਦੀ ਸਭ ਸ਼ਾਖਾਂ ਰਿਖੀ ਮੁਨੀ ਕ੍ਰਿਤ ਹਨ ਪਰਮੇਸ਼੍ਵਰ ਕ੍ਰਿਤ ਨਹੀ, ਜੋ ਏਸ ਵਿਸ਼ੇ ਦੀ ਵਸ਼ੇਸ਼ ਵਿਆਖਿਆ ਵੇਖਣੀ ਚਾਹਨ ਉਹ 'ਰਿਗ ਵੇਦ ਆਦੀ ਭਾਸ਼ ਭੂਮਕਾ' ਵਿਚ ਵੇਖ ਲੈਨੀ ਜਿਸਤਰਾਂ ਮਾਂ, ਪਿਉ ਅਪਣੀ ਸੰਤਾਨਾਂ ਉਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਨ੍ਨਤ ਚਾਹੰਦੇ ਹਨ ਉਕਣ ਹੀ ਪਰਮੇਸ਼੍ਵਰ ਨੇ ਸਭ ਮਨੁਖੱਾਂ ਉਤੇ ਕ੍ਰਿਪਾ ਕਰਕੇ ਵੇਦਾਂ

ਨੂੰ ਪ੍ਰਕਾਸ਼ਤ ਕੀਤਾ ਹੈ ਜਿਸ ਥੀਂ ਮਨੁਖੱ ਅਵਿਦੱਯਾ ਅੰਧਕਾਰ ਭ੍ਰਮ ਜਾਲ ਥੀ: ਛੁਟਕੇ ਵਿਦੱਯਾ ਵਿਗਿਆਨ ਰੂਪੀ ਸੂਰਜ ਨੂੰ ਪ੍ਰਾਪਤ ਹੋਕੇ ਅਤੀ ਅਨੰਦ ਵਿਚ ਰਹਿਨ ਅਰ ਵਿਦੱਯਾ ਤਥਾ ਸੁੱਖਾਂ ਦੀ ਬ੍ਰਿਧੀ ਕਰਦੇ ਜਾਂਨ।

(ਪ੍ਰਸ਼ਨ)ਵੇਦ ਨਿਤ ਹਨ ਵਾ ਅਨਿਤ ?

(ਉਤ੍ਰ)ਨਿਤ ਹਨ ਕਿਉਂਕਿ ਪਰਮੇਸ਼੍ਵਰ ਦੇ ਨਿਤ ਹੋਣ ਕਰਕੇ ਓਸਦੇ ਗਿਆਨ ਆਦੀ ਗੁਣ ਬੀ ਨਿਤ ਹਨ, ਜੋ ਨਿਤ ਪਦਾਰਥ ਹਨ ਉਨ੍ਹਾਂ ਦੇ ਗੁਣ, ਕਰਮ, ਸੁਭਾਉ ਨਿਤ, ਅਰ ਅਨਿਤ ਦ੍ਰਬਦੇ ਅਨਿਤ ਹੋਂਦੇ ਹਨ।

(ਪ੍ਰਸ਼ਨ) ਕੀ ਇਹ ਪੁਸਤਕ ਬੀ ਨਿਤ ਹੈ ?

(ਉਤ੍ਰ)ਨਹੀਂ ਕਿਉਂ ਕਿ ਪੁਸਤਕ ਤਾਂ ਪਤ੍ਰੇ ਅਰ ਸਿਆਹੀ ਦਾ ਬਣਿਆ ਹੈ ਉਹ ਨਿਤ ਕਿਸਤਰਾਂ ਹੋ ਸਕਦਾ ਹੈ ਕਿੰਤੂ ਜੋ ਸ਼ਬਦ, ਅਰਥ, ਅਰ ਸੰਬੰਧ ਹਨ ਉਹ ਨਿਤ ਹਨ।

(ਪ੍ਰਸ਼ਨ) ਈਸ਼੍ਵਰ ਨੈ ਉਨ੍ਹਾਂ ਰਿਖੀਆਂ ਨੂੰ ਗਿਆਨ ਦਿੱਤਾ ਹੋਵੇਗਾ ਅਰ ਓਸ ਗਿਆਨ ਥੀਂ ਉਨਾਂ ਲੋਕਾਂ ਨੈ ਵੇਦ ਬਣਾ ਲੀਤੇ ਹੋਨਗੇ।

(ਉਤ੍ਰ)ਗਿਆਨ, ਗੇਯ ਤੋਂ ਬਿਨਾਂ ਨਹੀਂ ਹੁੰਦਾ 'ਗਾਯਤ੍ਰੀ'ਆਦੀ ਛੰਦ 'ਸ਼ਟਜ' ਆਦੀ ਅਰ 'ਉਦਾਤ' 'ਅਨੁਦਾਤ' ਆਦੀ ਸ੍ਵਰ ਦੇ ਗਿਆਨ ਪੂਰਬਕ ਗਾਯਤ੍ਰੀ ਆਦੀ ਛੰਦਾਂ ਦੇ ਬਣਾਨ ਵਿਚ ਸਰਬਗੱ ਦੇ ਬਿਨਾਂ ਕਿਸੇ ਦਾ ਸਮ੍ਰਥ ਨਹੀਂ ਹੈ ਕਿ ਏਸ ਪ੍ਰਕਾਰ ਦਾ ਸਰਬ ਗਿਆਨ ਯੁਕਤ ਸਾਸ਼ਤ੍ਰ ਬਣਾ ਸਕੇ,ਹਾਂ ਵੇਦ ਨੂੰ ਪੜਨ ਤੋਂ ਪਿਛੋਂ ਵਿਆਕਰਣ, ਨਿਰੁਕਤ, ਅਰ ਛੰਦ ਆਦੀ ਗ੍ਰੰਥ ਰਿਖੀ ਮੁਨੀਆਂ ਨੈ ਵਿਦਿਆ ਦੇ ਪ੍ਰਕਾਸ਼ ਦੇ ਲਈ ਕੀਤੇ ਹਨ, ਜੇ ਪਰਮੇਸ਼੍ਵਰ ਵੇਦਾਂ ਦਾ ਪ੍ਰਕਾਸ਼ ਨਾ ਕਰੇ ਤਾਂ ਕੋਈ ਕੁਝ ਬੀ ਬਣਾ ਨਾ ਸਕੇ, ਏਸ ਲਈ ਵੇਦ ਪਰਮੇਸ਼੍ਵਰ ਦੇ ਵਾਕ ਹਨ ਇਨਾਂ ਦੇ ਹੀ ਅਨੁਸਾਰ ਸਭ ਲੋਕਾਂ ਨੂੰ ਚਲਣਾ ਚਾਹੀਏ,ਅਰ ਜੋ ਕੋਈ ਕਿਸੇ ਕੋਲੋਂ ਪੁੱਛੇ ਕਿ ਤੁਹਾਡਾ ਕੀ ਮਤ ਹੈ ਤਾਂ ਏਹ ਉਤ੍ਰ ਦੇਣਾ ਕਿ ਸਾਡਾ ਮਤ ਵੇਦ, ਅਰਥਾਤ ਜੋ ਕੁਝ ਵੇਦਾਂ ਵਿਚ ਆਖਿਆ ਹੈ ਅਸੀ ਉਸੇ ਨੂੰ ਮਨਦੇ ਹਾਂ ॥

ਹੁਣ,ਏਸਤੋਂ ਅਗੇੱ ਸ੍ਰਿਸ਼ਟੀ ਦੇ ਵਿਸ਼ੇ ਵਿਚ ਲਿਖੱਾਂਗੇ,ਏਹ ਸੰਖੇਪ ਕਰਕੇ ਈਸ਼੍ਵਰ ਅਰ ਵੇਦ ਵਿਸ਼ੇ ਵਿਚ ਵਿਆਖਿਆਨ ਕੀਤਾ ਹੈ।

इति श्रीमद्दयानन्दसरस्वतीस्वामिकृते सत्यार्थप्र-
काशे सुभाषाविभूषित ईश्वरवेदविषये
सप्तमः समुल्लासः सम्पूर्णः ॥ ७ ॥

# ਅਠਵਾਂ ਸਮੁਲਾਸ

## ਸ੍ਰਿਸ਼ਟੀ ਦੀ ਉਤਪੱਤੀ, ਸਥਿਤੀ, ਪਰਲੈ ਦੇ ਵਿਸ਼ੇ ਵਿਚ ॥

इयं विसृष्टिर्यत आ बभूव यदि वा दधे यदि वा न ।
यो अस्याध्यक्ष: परमे व्योमन्त्सो अङ्ग वेद यदि वा न
वेद ॥ १ ॥

तम आसीत्तमसा गूढमग्रे प्रकेतं सलिलं सर्वमा इदम् ।
तुच्छ्येनाभ्वपिहितं यदासीत्तपसस्तन्महिना जायतैकम् ॥ २ ॥
ऋ० मं० १० । सू० १२९ । मं० ७ । ३ ॥

हिरण्यगर्भ: समवर्त्तताग्रे भूतस्य जात: पतिरेक आसीत्
स दाधार पृथिवीं द्यामुतेमां कस्मै देवाय हविषा विधेम ॥ ३ ॥
ऋ० मं० १० । सू० १२१ । मं० १ ॥

पुरुष एवेदꣳसर्वं यद्भूतं यच्च भाव्यम् । उतामृतत्व-
स्येशानो यदन्नेनातिरोहति ॥ ४ ॥ यजु:० अ० ३१ । मं० २ ॥

यतो वा इमानि भूतानि जायन्ते येन जातानि जीव-
न्ति । यत्प्रयन्त्यभिसंविशन्ति तद्विजिज्ञासस्व तद्ब्रह्म ॥ ५ ॥
तैत्तिरीयोपनि० भृगुवल्ली । अनु० १ ॥

ਹੇ (ਅੰਗ) ਮਨੁਸ਼ ਜਿਸਥੀਂ ਇਹ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਪ੍ਰਕਾਸ਼ਿਤ ਹੋਈ ਹੈ ਜੇਹੜਾ ਏਸਦਾ ਧਾਰਨ, ਅਤੇ ਪਰਲੈ ਕਰਨ ਵਾਲਾ ਹੈ, ਜਿਹੜਾ ਏਸ ਜਗਤ ਦਾ ਸ੍ਵਾਮੀ ਹੈ, ਜਿਸ ਬਿਆਪਕ ਵਿੱਚ ਇਹ ਸਭ ਜਗਤ ਉਤਪੱਤੀ, ਸਥਿਤੀ, ਅਤੇ ਪ੍ਰਲੈ ਨੂੰ ਪ੍ਰਾਪਤ ਹੁੰਦਾ ਹੈ, ਉਹ ਪਰਮਾਤਮਾ ਹੈ, ਓਸ ਨੂੰ ਤੂੰ

ਜਾਂਣ, ਹੋਰੀ ਦੂਜੇ ਨੂੰ ਸ੍ਰਿਸ਼ਟੀ ਬਣਾਣ ਵਾਲਾ ਨ ਮਨ ।

ਏਹ ਸਭ ਜਗਤ ਸ੍ਰਿਸ਼ਟੀ ਤੋਂ ਪਹਲੇ, ਹਨੇਰੇ ਕਰਕੇ ਕਜਿਆ ਹੋਇਆ ਰਾਤ੍ਰੀਰੂਪ, ਜਾਣਨ ਦੇ ਅਜੋਗ, ਅਕਾਸ਼ ਵਾਕ੍ਣ ਸੀ, ਤਥਾ ਤੁੱਛ ਅਰਥਾਤ ਅਨੰਤ ਪਰਮੇਸ਼੍ਵਰ ਦੇ ਸਨ ਮੁਖ ਇਕ ਦੇਸ਼ੀ ਅਰ ਓਸ ਕਰਕੇ ਕਜਿਆ ਹੋਇਆ ਸੀ, ਪਿਛੋਂ ਪਰਮੇਸ਼੍ਵਰ ਨੇ ਆਪਣੀ ਸਮਰਥਾ ਨਾਲ ਕਾਰਣ ਰੂਪ ਥੀਂ ਕਾਰਜ ਰੂਪ ਕਰ ਦਿਤਾ।

ਹੇ ਮਨੁਸ਼ੋ! ਜਿਹੜਾ ਸੱਭ ਸੂਰਜ ਆਦੀ ਪ੍ਰਕਾਸ਼ ਮਾਂਨ ਪਦਾਰਥਾਂ ਦਾ ਅਧਾਰ, ਅਰ ਜਿਹੜਾ ਇਹ ਜਗਤ ਹੋਇਆ ਹੈ ਅਤੇ ਹੋਵੇਗਾ ਓਸ ਦਾ ਇਕ ਅਦੁੱਤੀ ਮਾਲਕ ਪਰਮੇਸ਼੍ਵਰ ਹੈ ਓਹੋ ਏਸ ਜਗਤ ਦੀ ਉਤਪੱਤੀ ਦੇ ਪਹਲੋਂ ਹੈਗਾਸੀ, ਅਰ ਜਿਸਨੇ ਪ੍ਰਿਥ੍ਵੀ ਤੋਂ ਲੈਕੇ ਸੂਰਜ ਤਿਕ ਜਗਤ ਨੂੰ ਉਤਪੰਨ ਕੀਤਾ ਹੈ ਓਸ ਪਰਮੇਸ਼੍ਵਰ ਦੀ ਪ੍ਰੇਮ ਨਾਲ ਭਗਤੀ ਕਰਨੀ ਚਾਹੀਦੀ ਹੈ।

ਹ ਮਨੁਸ਼ੋ! ਜਿਹੜਾ ਸਭੱ ਵਿਚੱ ਭਰਪੂਰ, ਪੂਰਨ ਪੁਰਸ਼ ਅਰ ਜਿਹੜਾ ਨਾਸ਼ ਰਹਤ ਕਾਰਨ, ਅਤੇ ਜੀਵ ਦਾ ਮਾਲਕ, ਅਰ ਜਿਹੜਾ ਪ੍ਰਿਥਵੀ ਆਦੀ ਜੜ ਅਤੇ ਜੀਵ ਤੋਂ ਬੀ ਵਖਰਾ ਹੈ, ਉਹੋ ਵਿਆਪਕ ਈਸ਼੍ਵਰ ਸਾਰੇ ਪਿੱਛੇ ਹੋਣ ਵਾਲੇ ਅਗੋਂ ਹੋਂਣ ਵਾਲੇ, ਅਰ ਹੁਣ ਹੋਣ ਵਾਲੇ ਜਗਤਦਾ ਬਣਾਣ ਵਾਲਾ ਹੈ।

ਜਿਸ ਪਰਮੇਸ਼੍ਵਰ ਦੀ ਰਚਨਾ ਕਰਕੇ ਇਹ ਸਭ ਪ੍ਰਿਥਵੀ ਆਦੀ ਭੂਤ ਉਤਪੰਨ ਹੁੰਦੇ ਹਨ, ਜਿਸਦੇ ਅਧਾਰ ਜੀਂਉਂਦੇ ਹਨ ਅਤੇ ਜਿਸ ਵਿਚ ਪ੍ਰਲੈ ਨੂੰ ਪ੍ਰਾਪਤ ਹੁੰਦੇ ਹਨ ਓਹ ਬ੍ਰਹਮ ਹੈ ਓਸਦੇ ਜਾਨਣ ਦੀ ਇਛਿਆ ਕਰੋ ।

जन्माद्यस्य यतः ॥ शारीरकसू॰ अ॰ १। पा॰ १। सू॰ २॥

ਜਿਸ ਤੋਂ ਏਸ ਜਗਤ ਦੀ ਉਤਪਤੀ, ਸਥਿਤੀ, ਅਤੇ ਪਰਲੈ, ਹੁੰਦੀ ਹੈ ਓਹੋ ਬ੍ਰਹਮ ਜਾਨਣ ਦੇ ਜੋਗ ਹੈ।

(ਪ੍ਰਸ਼ਨ) ਏਸ ਜਗਤ ਨੂੰ ਪਰਮੇਸ਼੍ਵਰ ਨੇ ਉਤਪੰਨ ਕੀਤਾ ਹੈ ਵਾ ਹੋਰ ਕਿਸੇ ਨੇ ?

(ਉਤ੍ਰ) ਏਸ ਜਗਤ ਨੂੰ ਓਸ ਨਮਿਤ ਕਾਰਨ ਅਰਥਾਤ ਪਰਮੇਸ਼੍ਵਰ ਨੇ ਉਤਪੰਨ ਕੀਤਾ ਹੈ। ਪ੍ਰੰਤੂ ਏਸਦਾ ਉਪਾਦਾਂਨ ਕਾਰਨ 'ਪ੍ਰਕ੍ਰਿਤੀ' ਹੈ।

(ਪ੍ਰਸਨ) ਕੀ ਪ੍ਰਕ੍ਰਿਤੀ ਨੂੰ ਪਰਮੇਸ਼੍ਵਰ ਨੇ ਉਤਪੰਨ ਨਹੀਂ ਕੀਤਾ?

(ਉਤ੍ਰ) ਨਹੀਂ, ਓਹ ਅਨਾਦੀ ਹੈ।

(ਪ੍ਰਸ਼ਨ) ਅਨਾਦੀ ਕਿਸ ਨੂੰ ਕਹਿੰਦੇ ਹਨ ਅਰ ਕਿੱਨੇ ਪਦਾਰਥ ਅਨਾਦੀ ਹਨ।

(ਉਤ੍ਰ) ਈਸ਼੍ਵਰ, ਜੀਵ, ਅਰ ਜਗਤ ਦਾ ਕਾਰਨ ਏਹ ਤਿੰਨ ਅਨਾਦੀ ਹਨ।

(ਪ੍ਰਸ਼ਨ) ਏਸ ਵਿਚੱ ਕੀ ਪ੍ਰਮਾਂਣ ਹੈ।

(ਉੱਤ੍ਰ):—

द्वा सुपर्णा सयुजा सखाया समानं वृक्षं परिषस्वजाते ।
तयोरन्यः पिप्पलं स्वाद्वत्त्यनश्नन्नन्यो अभि चाकशीति ॥ १ ॥
ऋ० मं० १ । सू० १६४ । मं० २० ॥
शाश्वतीभ्यः समाभ्यः ॥ २ ॥ यजुः० अ० ४० । मं० ८ ॥

ਬ੍ਰਹਮ ਅਰ ਜੀਵ ਦੋਨੋਂ ਚੈਤਨਤਾ, ਅਤੇ ਪਾਲਣ ਆਦੀ ਗੁਣਾਂ ਕਰਕੇ ਸਦ੍ਰਸ਼ ਹਨ, ਬਿਆਪ,ਬਿਆਪਕ ਭਾਉ ਕਰਕੇ ਸੰਜੁਗਤ, ਪਰਸਪਰ ਮਿਤ੍ਰਤਾ ਰਖਦੇ ਹੋਏ ਸਨਾਤਨ ਅਨਾਦੀ ਹਨ,ਅਰ ਏਸ ਤਰਾਂ ਹੀ ਅਨਾਦੀ ਮੂਲ ਰੂਪ ਕਾਰਨ, ਅਰ ਸ਼ਾਖਾ ਰੂਪੀ ਕਾਰਜ ਯੁਕਤ ਬ੍ਰਿਖ ਅਰਥਾਤ ਜਿਹੜਾ ਸਥੂਲ ਹੋਕੇ ਪਰਲੈ ਵਿਚ ਛਿੰਨ ਭਿਨ ਹੋ ਜਾਂਦਾ ਹੈ, ਉਹ ਤੀਜਾ ਅਨਾਦੀ ਪਦਾਰਥ ਹੈ, ਇਨਾਂ ਤਿੰਨਾਂ ਦੇ ਗੁਣ, ਕਰਮ, ਅਤੇ ਸੁਭਾਉ, ਬੀ ਅਨਾਦੀ ਹਨ, ਜੀਵ ਅਤੇ ਬ੍ਰਹਮ ਵਿਚੋਂ ਜਿਹੜਾ ਜੀਵ ਹੈ ਉਹ ਏਸ ਬ੍ਰਿਖ ਰੂਪੀ ਸੰਸਾਰ ਵਿਚ ਪਾਪ ਪੁੰਨ ਰੂਪੀ ਫਲਾਂ ਨੂੰ ਅਛੀ ਪ੍ਰਕਾਰ ਭੋਗਦਾ ਹੈ ਅਰ ਦੂਜਾ ਅਰਥਾਤ ਪਰਮੇਸ਼ੁਰ ਕਰਮਾਂ ਦੇ ਫਲਾਂ ਨੂੰ ਨਹੀਂ ਭੋਗਦਾ ਅਰ ਚਹੁੰ ਪਾਸੇ ਅਰਥਾਤ ਅੰਦਰ ਬਾਹਰ ਸਰਬੱਤ੍ਰ ਪ੍ਰਕਾਸ਼ ਮਾਂਨ ਹੋ ਰਿਹਾ ਹੈ ਜੀਵ ਤੋਂ ਈਸ਼ੂਰ ਅਤ ਈਸ਼ੂਰ ਤੋਂ ਜੀਵ ਇਨਾਂ ਦੋਹਾਂ ਤੋਂ ਪ੍ਰਕ੍ਰਿਤੀ ਸਰੂਪ ਕਰਕੇ ਭਿੰਨ ਹੈ ਅਰ ਤਿਨੇ ਅਨਾਦੀ ਹਨ (ਸ਼ਾਸ਼੍ਵਤੀ੦)ਅਰਥਾਤ ਅਨਾਦੀ ਸਨਾਤਨ ਜੀਵ ਰੂਪੀ ਪਰਜਾ ਦੇ ਵਾਸਤੇ ਵੇਦ ਦੁਆਰਾ ਪਰਮਾਤਮਾ ਨੇ ਸਭਣਾ ਵਿਦਯਾਂ ਦਾ ਪ੍ਰਕਾਸ਼ ਕੀਤਾ ਹੈ ॥ ੨ ॥

अजामेकां लोहितशुक्लकृष्णां बह्वीः प्रजाः सृजमानां
स्वरूपाः ।अजो ह्येको जुषमाणोऽनुशेते जहात्येनां भुक्तभो-
गामजोऽन्यः ॥ श्वेताश्वतरोपनिषदि । अ० ४ । मं० ५ ॥

## ਏਹ ਉਪਨਿਸ਼ਦ ਦਾ ਬਚਨ ਹੈ

ਪ੍ਰਕ੍ਰਿਤੀ, ਜੀਵ, ਅਰ ਪਰਮੇਸ਼ੁਰ ਤਿੰਨ ਅਜ ਅਰਥਾਤ ਜਿਨਾਂ ਦਾ ਜਨਮ ਕਦੇ ਨਹੀਂ ਹੁੰਦਾ, ਅਰ ਨਾ ਕਦੀ ਇਹ ਜਨਮ ਲੈਂਦੇ ਅਰਥਾਤ ਇਹ ਤਿੰਨ ਸਭ ਜਗਤ ਦੇ ਕਾਰਨ ਹਨ, ਇਨਾਂ ਦਾ ਕਾਰਨ ਕੋਈ ਨਹੀਂ, ਏਸ ਅਨਾਦੀ ਪ੍ਰਕ੍ਰਿਤੀ ਦਾ ਭੋਗ ਅਨਾਦੀ ਜੀਵ ਕਰਦਾ ਹੋਇਆ ਫਸਦਾ ਹੈ ਅਰ ਓਸ ਵਿਚ ਪਰਮੇਸ਼ੁਰ ਨਾ ਫਸਦਾ ਅਤੇ ਨਾ ਓਸ ਦਾ ਭੋਗ ਕਰਦਾ ਹੈ ।

ਈਸ਼ੂਰ ਅਰ ਜੀਵ ਦਾ ਲਖੱਣ ਈਸ਼ੂਰ ਦੇ ਵਿਸ਼ੇ ਵਿਚ ਕਹ ਚੁਕੇ ਹਾਂ, ਹੁਣ ਪ੍ਰਕ੍ਰਿਤੀ ਦਾ ਲਖੱਣ ਲਿਖਦੇ ਹਾਂ:–

सत्वरजस्तमसां साम्यावस्था प्रकृतिः प्रकृतेर्महान् महतो-
ऽहङ्कारोऽहङ्कारात् पञ्चतन्मात्राण्युभयमिन्द्रियं पञ्चतन्मा-
त्रेभ्यः स्थूलभूतानि पुरुष इतिपञ्चविंशतिर्गणः
साङ्ख्यसू० अ० १। सू० ६१॥

ਸੁਧਤਾ, ਮਧਮਤਾ, ਜੜਤਾ ਇਨ੍ਹਾਂ ਤਿੰਨਾਂ ਗੁਣਾਂ ਦਾ ਜਿਹੜਾ ਇਕ ਮੈਘਾਤ ਹੁੰਦਾ ਹੈ ਓਸਦਾ ਨਾਉਂ ਪ੍ਰਕ੍ਰਿਤੀ ਹੈ, ਓਸ ਥੀਂ ਮਹਤੱਤ (ਬੁਧੀ) ਅਰ ਬੁਧ ਥੀਂ ਅਹੰਕਾਰ, ਅਰ ਅਹੰਕਾਰ ਥੀਂ ਪੰਜ ਤਨ ਮਾਤ੍ਰਾ (ਸੂਖਮਭੂਤ) ਅਤੇ ਦਸ ਇੰਦ੍ਰੀਆਂ ਤਥਾ ਯਾਹਰਵਾਂ ਮਨ, ਪੰਜ ਤਨਮਾਤ੍ਰਾ ਥੀਂ ਪ੍ਰਿਥਵੀ ਆਦੀ ਪੰਜ ਭੂਤ, ਇਹ ਸਭ ਚਹੀ ਹੁੰਦੇ ਹਨ ਅਰ ਪੰਜੀਹੂੰ ਪੁਰਸ਼ ਅਰਥਾਤ ਜੀਵ ਅਰ ਪਰਮੇਸ਼੍ਵਰਹੈ, ਇਨ੍ਹਾਂ ਵਿਚੋਂ ਪ੍ਰਕ੍ਰਿਤੀ ਅਵਿਕਾਰਨੀ, ਅਰ ਮਹਤਤ (ਬੁਧ) ਅਹੰਕਾਰ, ਤਥਾ ਪੰਜ ਸੂਖਮ ਭੂਤ ਪ੍ਰਕ੍ਰਿਤੀ ਦੇ ਕਾਰਜ, ਅਰ ਇੰਦ੍ਰੀਆਂ ਮਨ ਤਥਾ ਸਥੂਲ ਭੂਤਾਂ ਦਾ ਕਾਰਨ ਹੈ ਪੁਰਸ਼ ਨ ਕਿਸੇ ਦੀ ਪ੍ਰਕ੍ਰਿਤੀ ਅਰਥਾਤ ਉਪਾਦਾਨ ਕਾਰਨ ਅਰ ਨ ਕਿਸੇ ਦਾ ਕਾਰਜ ਹੈ।

(ਪ੍ਰਸ਼ਨ):—

सदेव सोम्येदमग्र आसीत्॥ १॥ छान्दो०॥ प्र० ६। खं० २॥
असद्वा इदमग्रआसीत्॥ २॥ तैत्तिरीयोपनि०। ब्रह्मानन्दव०
अनु० ७॥ आत्मैवेदमग्रआसीत्॥ ३॥ बृह०अ० १। ब्रा० ४। मं०१॥
ब्रह्म वा इदमग्र आसीत्॥ ४॥ शत० ११। १। ११। १॥

ਇਹ ਉਪਨਿਸ਼ਦਾਂ ਦੇ ਬਚਨ ਹਨ ਹੇ ਸ੍ਵੇਤ ਕੇਤੋ! ਇਹ ਜਗਤ ਸ੍ਰਿਸ਼ਟੀ ਤੋਂ ਪਹਲੋਂ ਸਤ, ਅਸਤ, ਆਤਮਾ ਅਰ ਬ੍ਰਹਮ ਰੂਪ ਸੀ ਪਿਛੋਂ:—

तदैक्षत बहुः स्यां प्रजायेयेति॥ सोऽकामयत बहुः स्यां
प्रजायेयेति तैत्तिरीयोपनि० ब्रह्मानन्दवल्ली अनु० ६॥

ਇਹ 'ਤੈਤ੍ਰੀਯ' ਉਪਨਿਸ਼ਦ ਦਾ ਬਚਨ ਹੈ ਫੇਰ ਉਹੀ ਪਰਮੇਸ਼੍ਵਰ ਅਪਣੀ ਇਛਯਾ ਨਾਲ ਬਹੁਤੇ ਰੂਪ ਹੋ ਗਿਆ ਹੈ।

सर्वं खल्विदं ब्रह्म नेह नानास्ति किञ्चन।

ਇਹ ਬੀ ਉਪਨਿਸ਼ਦ ਦਾ ਬਚਨ ਹੈ, ਜਿਨੋਂ ਇਹ ਜਗਤ ਹੈ ਉਹ ਸਭ ਨਿਸਚੇ ਕਰਕੇ ਬ੍ਰਹਮ ਹੈ ਓਸ ਵਿਚ ਦੂਜੇ ਨਾਨਾ ਪ੍ਰਕਾਰ ਦੇ ਪਦਾਰਥ ਕੁਝ ਬੀ ਨਹੀਂ ਹਨ, ਕਿੰਤੂ ਇਹ ਸਭ ਬ੍ਰਹਮ ਰੂਪ ਹੈ,

(ਉਤ੍ਰ) ਇਨ੍ਹਾਂ ਬਚਨਾਂ ਦਾ ਅਨਰਥ ਕਿੰਉਂ ਕਰਦੇ ਹੋ? ਕਿੰਉਂਕਿ ਇਨ੍ਹਾਂ ਹੀ ਉਪਨਿਖਦਾਂ ਵਿਚ ਲਿਖਿਆ ਹੈ ਕਿ:—

एवमेव खलु सोम्यान्नेन शुङ्गेनापो मूलमन्विच्छाद्भिस्सो-
म्यशुङ्गेन तेजोमूलमन्विच्छ तेजसा सोम्य शुङ्गेन सन्मूलम-
न्विच्छ सन्मूलाः सोम्येमाः सर्वाः प्रजाः सदायतनाः सत्प्रति-
ष्ठाः॥ छान्दो० प्र० ६। खं० ८। मं० ४॥

ਹੇ ਸ੍ਵੇਤ ਕੇਤੋ ! ਅੰਨ ਰੂਪੀ ਪ੍ਰਿਥਵੀ ਕਾਰਜ ਦੇ ਜਲ ਰੂਪੀ ਮੂਲ ਕਾਰਨ ਨੂੰ ਤੂੰ ਜਾਂਣ, ਕਾਰਜ ਰੂਪੀ ਜਲ ਦੇ ਤੇਜ ਰੂਪੀ ਮੂਲ ਕਾਰਨ ਨੂੰ ਜਾਂਣ, ਅਰ ਤੇਜ ਰੂਪੀ ਕਾਰਜ ਥੀਂ ਸਤ ਰੂਪ ਕਾਰਨ ਜਿਹੜੀ ਨਿਤ ਪ੍ਰਕ੍ਰਿਤੀ ਹੈ ਓਸਨੂੰ ਤੂੰ ਜਾਂਣ, ਇਹ ਸਤ ਰੂਪ ਪ੍ਰਕ੍ਰਿਤੀ ਸਭ ਜਗਤ ਦਾ ਮੂਲ ਘਰ ਅਤੇ ਠਹਰਨ ਦਾ ਸਥਾਨ ਹੈ, ਇਹ ਸਭ ਜਗਤ ਸ੍ਰਿਸ਼ਟੀ ਤੋਂ ਪਹਲੇ ਅਸਤ ਵਰਗਾ ਸੀ, ਅਰ ਜੀਵ ਆਤਮਾ, ਬ੍ਰਹਮ ਅਰ ਪ੍ਰਕ੍ਰਿਤੀ ਵਿਚ ਲੀਨ ਹੋਕੇ ਵਰਤਮਾਨ ਸੀ, ਅਭਾਉ ਨ ਸੀ, ਅਰ ( ਸਰਵੰ ਖਲੁ ) ਜਿਹੜਾ ਕਿਹਾ ਹੈ ਓਸ ਬਚਨ ਤੇ ਇਹ ਗਲੱ ਘਟਦੀ ਹੈ ਕਿ 'ਕਹੀਂ ਕੀ ਈਂਟ ਕਹੀਂ ਕਾ ਰੋੜਾ ਭਾਨ ਮਤੀ ਨੇ ਕੁਨਬਾ ਜੋੜਾ' ਕਿਉਂਕਿ:-

सर्वं खल्विदं ब्रह्म तज्जलानिति शान्त उपासीत
छान्दो० प्र० ३। खं० १४। मं० १॥ और:-
नेह नानास्ति किंचन। कठोपनि० अ० २। वल्ली० ४।
मं० ११

## ਏਹ ਕਠ ਵੱਲੀ ਦਾ ਬਚਨ ਹੈ:—

ਜੀਕਣ ਸ਼ਰੀਰ ਦੇ ਅੰਗ ਜਦ ਤਿਕ ਸ਼ਰੀਰ ਦੇ ਨਾਲ ਰਹਿੰਦੇ ਹਨ ਤਦ ਤਿਕ ਕੰਮ ਦੇ, ਅਰ ਵਖਰੇ ਹੋ ਜਾਣਤੇ ਨਿਕੰਮੇ ਹੋ ਜਾਂਦੇ ਹਨ, ਊਕਣ ਪ੍ਰਕਰਨ ਦੇ ਵਿਚੱ ਬਚਨ ਅਰਥ ਵਾਲੇ ਅਰ ਪ੍ਰਕਰਨ ਨੂੰ ਛਡਕੇ ਵਾ ਕਿਸੇ ਹੋਰ ਦੇ ਨਾਲ ਜੋੜ ਦੇਣ ਕਰਕੇ ਅਨਰਥ ਵਾਲੇ ਹੋਜਾਂਦੇ ਹਨ ਸੁਣੋ! ਏਸਦਾ ਅਰਥ ਇਹ ਹੈ,

ਹੇ ਜੀਵ! ਤੂੰ ਬ੍ਰਹਮ ਦੀ ਉਪਾਸਨਾ ਕਰ, ਜਿਸ ਬ੍ਰਹਮ ਥੀਂ ਜਗਤ ਦੀ ਉਤਪੱਤੀ, ਸਥਿਤੀ, ਅਰ ਜੀਵਨ ਹੁੰਦਾ ਹੈ, ਜਿਸਦੇ ਬਣਾਣੇ ਅਰ ਧਾਰਣੇ ਥੀਂ ਇਹ ਸਭੱ ਜਗਤ ਜਾਹਰ ਹੋਇਆ ਹੈ, ਵਾ ਜਿਸ ਦਾ ਬ੍ਰਹਮ ਦੇ ਨਾਲ ਸਹਚਾਰੀ ਸੰਬੰਧ ਹੈ, ਓਸ ਨੂੰ ਛਡਕੇ ਦੂਜੇ ਦੀ ਉਪਾਸਨਾ ਨਹੀਂ ਕਰਨੀ ਚਾਹੀਏ, ਏਸ ਚੇਤਨ ਮਾਤ੍ਰ ਅਖੰਡ ਏਕ ਰਸ ਬ੍ਰਹਮ ਰੂਪ ਵਿਚੱ ਨਾਨਾ ਵਸਤੂਆਂ ਦਾ ਮੇਲ ਨਹੀਂ ਹੈ, ਕਿੰਤੂ ਇਹ ਸਭ ਵਖੋ ਵਖਰੇ ਸਰੂਪ ਵਿਚ ਪਰਮੇਸ਼੍ਵਰ ਦੇ ਆਸਰੇ ਹਨ।

(ਪ੍ਰਸ਼ਨ) ਜਗਤ ਦੇ ਕਾਰਨ ਕਿੰਨੇ ਹੁੰਦੇ ਹਨ?

( ਉਤ੍ਰ ) ਤਿੰਨ—ਇਕ ਨਿਮਿਤ, ਦੂਜਾ ਉਪਾਦਾਂਨ, ਤੀਜਾਂ ਸਾਧਾਰਨ।

ਨਮਿਤ ਕਾਰਨ ਉਹ ਨੂੰ ਕਹਿੰਦੇ ਹਨ ਕਿ ਜਿਹਦੇ ਬਣਾਣ ਥੀਂ ਕੁਝ ਬਣੇ, ਨ ਬਣਾਣ ਥੀਂ ਨ ਬਣੇ ਆਪ ਤਾਂ ਕਿਸੇ ਕੋਲੋਂ ਨ ਬਣਿਆ ਹੋਵੇ ਪਰ ਦੂਜੀਆਂ ਚੀਜਾਂ ਨੂੰ ਤਰਾਂ ਤਰਾਂ ਦਾ ਬਣਾ ਦੇਵੇ, ਦੂਜਾ ਉਪਾਦਾਂਨ ਕਾਰਨ ਓਸਨੂੰ ਕਹਿੰਦੇ ਹਨ, ਕਿ ਜਿਹਦੇ ਬਿਨਾਂ ਕੁਝ ਨਾ ਬਣੇ ਉਹੋ ਹੀ ਤਰਾਂ ਤਰਾਂ ਦੀਆਂ

ਸੂਰਤਾਂ ਬਣੇ ਅਤੇ ਵਿਗੜ ਬੀ ਜਾਵੇ

ਤੀਜਾ ਸਧਾਰਨ ਕਾਰਨ ਓਸਨੂੰ ਕਹਿੰਦੇ ਹਨ ਕਿ ਜਿਹੜਾ ਬਣਾਣ ਵਿਚ ਸਾਧਨ, ਅਤੇ ਸਧਾਰਨ ਨਮਿਤ ਹੋਵੇ।

ਨਮਿਤ ਕਾਰਨ ਦੋ ਪ੍ਰਕਾਰ ਦੇ ਹਨ, ਇਕ ਤਾਂ ਸਭ ਸ੍ਰਿਸ਼ਟੀ ਨੂੰ ਕਾਰਣ ਦੀ ਅਵਸਥਾ ਤੋਂ ਬਣਾਣੇ, ਧਾਰਨੇ, ਅਤੇ ਪਰਲੈ ਕਰਨੇ ਵਾਲਾ ਤਥਾ ਸਭ ਦੀ ਬਵਸਥਾ ਰਖੱਣ ਵਾਲਾ ਮੁਖ ਨਮਿਤ ਕਾਰਣ ਪਰਮੇਸ਼੍ਵਰ, ਦੂਜਾ ਪਰਮੇਸ਼੍ਵਰ ਦੀ ਸ੍ਰਿਸ਼ਟੀ ਵਿਚੋਂ ਪਦਾਰਥਾਂ ਨੂੰ ਲੈਕੇ ਅਨੇਕ ਵਿਧੀਆਂ ਨਾਲ ਚੀਜਾਂ ਬਣਾਣ ਵਾਲਾ ਸਧਾਰਣ ਨਮਿਤ ਕਾਰਨ ਜੀਵ ਹੈ।

ਉਪਾਦਾਨਕਾਰਨ ਪ੍ਰਕ੍ਰਿਤੀ ਪ੍ਰਮਾਣੂ ਹਨ ਜਿਸਨੂੰ ਸਭ ਸੰਸਾਰ ਦੇ ਬਣਾਣ ਦੀ ਸਮਗ੍ਰੀ ਕਹਿੰਦੇ ਹਨ, ਉਹ ਜੜ ਹੋਣ ਕਰਕੇ ਅਪਣੇ ਆਪ ਨ ਬਣ, ਅਰ ਨ ਵਿਗੜ ਸਕਦੀ ਹੈ,ਕਿੰਤੂ ਦੂਜੇ ਦੇ ਬਣਾਣ ਨਾਲ ਬਣਦੀ ਅਤੇਵਿਗੜਨ ਨਾਲ ਵਿਗੜਦੀ ਹੈ,ਕਿਦੇ ੨ ਜੜ੍ਹ ਦੇ ਨਮਿਤ ਕਰਕੇ ਜੜ ਬੀ ਬਣ ਅਤ ਵਿਗੜ ਬੀ ਜਾਂਦੀ ਹੈ, ਜਿਸਤਰਾਂ ਪਰਮੇਸ਼੍ਵਰ ਦੇ ਰਚੇ ਹੋਏ ਬੀਜ ਪ੍ਰਿਥਵੀ ਵਿਚ ਸੁਟਨੇ ਅਤੇ ਜਲ ਦੇ ਪਾਂਣ ਕਰਕੇ ਰੁਖ ਹੋਜਾਂਦੇ ਹਨ, ਅਰ ਅਗ ਆਦੀ ਜੜ ਦੇ ਸੈਂਜੋਗ ਨਾਲ ਵਿਗੜ ਬੀ ਜਾਂਦੇ ਹਨ, ਪ੍ਰੰਤੂ ਇਨ੍ਹਾਂ ਦਾ ਨੇਮ ਪੂਰਬਕ ਬਣਨਾ ਵਾ ਵਿਗੜਨਾ ਪਰਮੇਸ਼੍ਵਰ ਅਤੇ ਜੀਵ ਦੇ ਅਧੀਨ ਹੈ।

ਜਦ ਕੋਈ ਚੀਜ ਬਣਾਈ ਜਾਂਦੀ ਹੈ ਤਦ ਭਿੰਨ ੨ ਸਾਧਨ ਅਰਥਾਤ ਗਜਾਂਨ, ਦਰਸ਼ਨ, ਬਲ, ਹਥ ਅਰ ਨਾਨਾ ਪ੍ਰਕਾਰ ਦੇ ਸਕਾਰ ਸਾਧਨ ਅਰ ਅਕਾਸ਼ ਜਿਹੜਾ ਸਧਾਰਣ ਕਾਰਣ ਹੈ (ਓਸਦੀ ਲੋੜ ਹੁੰਦੀ ਹੈ) ਜਿਸਤਰਾਂ ਘੜੇ ਦੇ ਬਣਾਂਣ ਵਾਲਾ ਕੁਮਿਹਾਰ ਨਮਿਤ ਕਾਰਣ ਹੈ, ਮਿਟੀ ਉਪਾਦਾਂਨ ਅਰ ਡੰਡਾ, ਚਕ੍ਰ ਆਦੀ ਸਾਮਾਨਜ ਨਮਿਤ, ਅਰ ਦਿਸ਼ਾ, ਕਾਲ, ਅਕਾਸ਼, ਪ੍ਰਕਾਸ਼, ਅੱਖ, ਹਥ, ਗਿਆਂਨ, ਕ੍ਰਿਆ ਆਦੀ ਨਿਮਿਤ ਸਧਾਰਣ ਅਰ ਨਮਿਤ ਕਾਰਨ ਬੀ ਹੁੰਦੇ ਹਨ, ਇਨਾਂ ਤਿੰਨਾ ਕਾਰਣਾ ਦੇਬਿਨਾਂ ਕੋਈ ਬੀ ਵਸਤੂ ਨਹੀਂ ਬਣ ਸਕਦੀ ਅਰ ਨਾ ਵਿਗੜ ਸਕਦੀ ਹੈ।

(ਪ੍ਰਸ਼ਨ) ਨਵੀਨ ਵੇਦਾਂਤੀ ਲੋਕ ਨਿਰਾ ਪਰਮੇਸ਼੍ਵਰ ਹੀ ਨੂੰ ਜਗਤ ਦਾ ਅਭਿੰਨ ਨਮਿਤ ਉਪਾਦਾਨ ਕਾਰਨ ਮਨਦੇ ਹਨ।

यथोर्णनाभिः सृजते गृह्णते च ॥ मुण्डकोपनि० मु० १ ॥ खं ॥१०॥ मं० ७॥

ਇਹ ਉਪਨਿਸ਼ਦ ਦਾ ਬਚਨ ਹੈ,ਜਿਸਤਰਾਂ ਮਕੜੀ ਬਾਹਰੋਂ ਕੋਈ ਪਦਾ-ਰਥ ਨਹੀਂ ਲੈਂਦੀ ਆਪਣੇ ਅੰਦਰੋਂ ਹੀ ਤੰਦਾਂ ਕਢਕੇ ਜਾਲਾ ਬਣਾਕੇ ਆਪਹੀ ਓਸ ਵਿਚ ਖੇਡਦੀ ਹੈ, ਉਸੇ ਤਰਾਂ ਬ੍ਰਹਮ ਆਪਣੇ ਵਿਚੋਂ ਜਗਤ ਨੂੰ ਬਣਾ ਆਪ ਜਗਤ ਦਾ ਰੂਪ ਬਣਕੇ ਆਪੇ ਹੀ ਖੇਡ ਕਰ ਰਿਹਾ ਹੈ, ਓਸ ਬ੍ਰਹਮ ਨੇ ਇਛੱ

ਅਤੇ ਕਾਮਨਾ ਕੀਤੀ ਕਿ ਮੈਂ ਬਹੁ ਰੂਪ ਅਰਥਾਤ ਜਗਤ ਰੂਪ ਹੋ ਜਾਵਾਂ, ਸੰਕਲਪ ਮਾਤ੍ਰ ਕਰਕੇ ਉਹ ਸਭ ਜਗਤ ਰੂਪ ਬਨਗਿਆ ਕਿਉਂਕਿ:—

ग्रादावन्ते च यन्नास्ति वर्त्तमानेऽपि तत्तथा ॥गौडपादीय॥

कारिका श्लो० ३१ ॥

ਇਹ ਮਾਂਡੂਕ ਉਪਨਿਸ਼ਦ ਉੱਤੇ ਕਾਰਿਕਾਹੈ:—

ਜਿਹੜਾ ਪਹਲੇ ਨਾ ਹੋਵੇ ਅੰਤ ਵਿਚ ਨ ਰਹ੍ਹੇ ਉਹ ਵਰਤਮਾਂਨ ਵਿਚ ਬੀ ਨਹੀਂ ਹੈ,ਸ੍ਰਿਸ਼੍ਟੀ ਦੀ ਉਤਪਤੀਤੋਂ ਪਹਲੋਂ ਜਗਤ ਨਾ ਸੀ,ਬ੍ਰਹਮ ਸੀ,ਪਰਲੈ ਦੇ ਅੰਤ ਵਿਚ ਸੰਸਾਰ ਨ ਰਹ੍ਹੇਗਾ ਤਾਂ ਫੇਰ ਵਰਤਮਾਂਨ ਵਿਚ ਸਭ ਜਗਤ ਬ੍ਰਹਮ ਕਿਉ ਨਹੀਂ?

(ਉਤ੍ਰ) ਜੇ ਤੁਹਾਡੇ ਕਹਣ ਦੇ ਅਨੁਸਾਰ ਜਗਤ ਦਾ ਉਪਾਦਾਂਨ ਕਾਰਣ ਬ੍ਰਹਮ ਹੋਵੇ ਤਾਂ ਉਹ ਬਦਲਨੇ ਵਾਲਾ, ਹੋਰਨਾਂ ਅਵਸਥਾ ਵਾਲਾ,ਵਿਕਾਰ ਵਾਲਾ ਹੋ ਜਾਵੇ, ਅਰ ਉਪਾਦਾਂਨ ਕਾਰਣ ਦੇ ਗੁਣ, ਕਰਮ, ਸੁਭਾਉ, ਕਾਰਜ ਵਿਚ ਆਉਂਦੇ ਹਨ:—

कारणगुणपूर्वकः कार्य्यगुणो दृष्टः ॥ वैशेषिक ॥ अ० २ ॥

आ० ॥ सू० २४ ॥

ਉਪਾਦਾਂਨ ਕਾਰਣ ਦੇ ਵਾਙਣ ਕਾਰਜ ਵਿਚ ਗੁਣ ਹੁੰਦੇ ਹਨ,ਬ੍ਰਹਮ ਤਾਂ ਸਚਿੱਦਾਨੰਦ ਸਰੂਪ ਹੈ ਪਰ ਜਗਤ ਕਾਰਜ ਹੋਣ ਕਰਕੇ ਅਸਤ, ਜੜ ਅਤੇ ਅਨੰਦ ਰਹਤ, ਬ੍ਰਹਮ ਉਤਪੰਨ ਨਹੀਂ ਹੋਇਆ ਅਤੇ ਜਗਤ ਉਤਪੰਨ ਹੋਇਆ ਹੈ, ਬ੍ਰਹਮ ਅਦ੍ਰਿਸ਼ਜ, ਅਤੇ ਜਗਤ ਦ੍ਰਿਸ਼ਜ ਹੈ, ਬ੍ਰਹਮ ਅਖੰਡ ਅਤੇ ਜਗਤ ਖੰਡ ਰੂਪ ਹੈ,ਜੇ ਬ੍ਰਹਮ ਥੀਂ ਪ੍ਰਿਥਵੀ ਆਦੀ ਕਾਰਜ ਉਤਪੰਨ ਹੋਂਨ ਤਾਂ ਪ੍ਰਿਥਵੀ ਆਦੀ ਕਾਰਜ ਵਿਚ ਜਿਹੜੇ ਜੜ ਆਦੀ ਗੁਣ ਪਾਏ ਜਾਂਦੇ ਹਨ ਉਹ ਬ੍ਰਹਮ ਵਿਚ ਬੀ ਹੋਣੇ ਚਾਹੀਂਦੇ ਹਨ, ਅਰਥਾਤ ਜਿਸ ਤਰਾਂ ਪ੍ਰਿਥਵੀ ਆਦੀ ਜੜ ਹਨ ਉਸੇ ਤਰਾਂ ਬ੍ਰਹਮ ਬੀ ਜੜ ਹੋ ਜਾਵੇ,ਅਰ ਜਿਸਤਰਾਂ ਪਰਮੇਸ਼੍ਵਰ ਚੇਤਨ ਹੈ ਓਸ ਤਰਾਂ ਪ੍ਰਿਥਵੀ ਆਦੀ ਕਾਰਜ ਬੀ ਚੇਤਨ ਹੋਣੇ ਚਾਹੀਦ ਹਨ ਅਰ ਜਿਹੜਾ ਮਕੜੀ ਦਾ ਦ੍ਰਿਸ਼ਟਾਂਤ ਦਿਤਾ ਉਹ ਤੁਹਾਡੇ ਮਤ ਨੂੰ ਸਿਧ ਨਹੀਂ ਕਰਦਾ ਕਿੰਤੂ ਕਟਦਾ ਹੈ, ਕਿਉਂਕਿ ਜਾਲੇ ਦਾ ਉਪਾਦਾਂਨ ਕਾਰਨ ਜੜ ਸ਼ਰੀਰ ਹੈ, ਅਰ ਨਮਿਤ ਕਾਰਨ [ਮਕੜੀ ਦਾ] ਜੀਵ ਆਤਮਾ ਹੈ, ਇਹ ਬੀ ਪਰਮੇਸ਼੍ਵਰ ਦੀ ਅਦਭੁਤ ਰਚਨਾਂ ਦਾ ਪ੍ਰਭਾਵ ਹੈ,ਕਿਉਂਕਿ ਦੂਜੇ ਜਨਾਉਰ ਦੇਸ਼ਰੀਰ ਵਿਚੋਂ ਜੀਉ ਤੰਦਾਂ ਨਹੀਂ ਕਢਸਕਦਾ,ਇਸੇ ਤਰਾਂ ਬਿਆਪਕ ਬ੍ਰਹਮ ਅਪਨੇ ਅੰਦ੍ਰੋਂ ਵਿਆਪਜ ਪ੍ਰਕ੍ਰਿਤੀ ਅਰ ਪਰਮਾਣੂ ਕਾਰਨ ਥੀਂ ਸ੍ਥੂਲ ਜਗਤ ਨੂੰ ਬਣਾਕੇ ਬਾਹਰ ਸਥੂਲ ਰੂਪ ਕਰਕੇ ਆਪ ਉਸੇ ਵਿਚ ਵਿਆਪਕ ਹੋਕੇ ਸਾਖੀ ਭੂਤ ਆਨੰਦ ਮੈ ਹੋਰਿਹਾ ਹੈ, ਪਰਮੇਸ਼੍ਵਰ ਨੇ ਈਖਣ ਅਰਥਾਤ ਦਰਸ਼ਨ ਵਿਚਾਰ ਅਰ ਕਾਂਮਨਾ ਕੀਤੀ ਕਿ

ਮੈਂ ਸਭ ਜਗਤ ਨੂੰ ਬਣਾਕੇ ਪ੍ਰਸਿਧ ਹੋਵਾਂ ਅਰਥਾਤ ਜਦ ਜਗਤ ਉਤਪੰਨ ਹੁੰਦਾ ਹੈ ਤਦ ਹੀ ਜੀਵਾਂ ਦੇ ਵਿਚਾਰ, ਗਿਆਨ, ਧਿਆਨ, ਉਪਦੇਸ਼ ਸ੍ਰਵਣ ਵਿਚ ਪਰਮੇਸ਼ੁਰ ਪ੍ਰਸਿਧ ਹੁੰਦਾ ਹੈ, ਓਹ ਸਾਰੇ ਸਥੂਲ ਪਦਾਰਥਾਂ ਦੇ ਅੰਦਰ ਵਰਤਮਾਨ ਹੈ, ਜਦ ਪਰਲੈ ਹੁੰਦੀ ਹੈ, ਤਦ ਪਰਮੇਸ਼ੁਰ ਅਤੇ ਮੁਕਤ ਜੀਵਾਂ ਨੂੰ ਛਡਕੇ ਓਸਨੂੰ ਕੋਈ ਨਹੀਂ ਜਾਣਦਾ, ਅਰ ਜਿਹੜੀ ਉਹ ਕਾਰਿਕਾ ਹੈ ਓਹ ਭ੍ਰਮ ਮੂਲਕ ਹੈ, ਕਿਉਂਕਿ ਪਰਲੈ ਵਿਚ ਜਗਤ ਪ੍ਰਸਿਧ ਨਾ ਸੀ, ਅਰ ਸ੍ਰਿਸ਼ਟੀ ਦੇ ਅੰਤ ਅਰਥਾਤ ਪਰਲੈ ਦੇ ਅਰੰਭ ਤੋਂ ਲੈਕੇ ਜਦ ਤਿਕ ਦੂਜੀ ਵਾਰ ਸ੍ਰਿਸ਼ਟੀ ਨ ਹੋਵੇ ਤਦ ਤਿਕ ਬੀ ਜਗਤ ਦਾ ਕਾਰਨ ਸੂਖਮ ਹੋਕੇ ਅਪ੍ਰਸਿਧ ਰਹਿੰਦਾ ਹੈ ਕਿਉਂ ਜੋ:—

तम आसीत्तमसा गूढमग्रे ॥ ऋ० मं० १० । सू० १२९ । मं० ३ ॥

आसीदिदं तमोभूतमप्रज्ञातमलक्षणम् ।

अप्रतर्क्यमविज्ञेयं प्रसुप्तमिव सर्वतः ॥ मनु० १।५ ॥

ਇਹ ਸਭ ਜਗਤ ਸ੍ਰਿਸ਼ਟੀ ਤੋਂ ਪਹਲੇ ਪਰਲੈ ਵਿਚ ਅੰਧਕਾਰ ਨਾਲ ਢਕਿਆ ਹੋਇਆ ਸੀ, ਅਰ ਪਰਲੈ ਅਰੰਭ ਹੋਣ ਤੋਂ ਪਿੱਛੇ ਬੀ ਓਹੋ ਜੇਹਾ ਹੀ ਹੁੰਦਾ ਹੈ, ਓਸ ਸਮੇ ਏਸ ਨੂੰ ਨ ਕੋਈ ਜਾਣ ਸਕਦਾ ਸੀ, ਨ ਤਰਕ ਵਿਚ ਲਿਆ ਸਕਦਾ ਸੀ, ਅਰ ਨਾ ਹੀ ਪ੍ਰਸਿਧ ਚਿਨ੍ਹਾਂ ਕਰਕੇ ਇੰਦ੍ਰੀਆਂ ਦੇ ਨਾਲ ਜਾਣਨੇ ਯੋਗ ਸੀ, ਅਰ ਨ ਹੋਵੇਗਾ, ਕਿਉਂਕਿ ਓਹ ਵਰਤਮਾਨ ਸਮੇ ਵਿਚ ਹੀ ਜਾਣਿਆ ਜਾਂਦਾ ਹੈ, ਅਰ ਪ੍ਰਸਿਧ ਚਿਨ੍ਹਾਂ ਕਰਕੇ ਯੁਕਤ ਜਾਣਨੇ ਦੇ ਜੋਗ ਹੁੰਦਾ ਅਰ ਠੀਕ ੨ ਜਾਣਿਆਂ ਜਾਂਦਾ ਹੈ, ਫੇਰ ਜੋ ਓਸ ਕਾਰਿਕਾ ਕਾਰ ਨੇ ਵਰਤਮਾਨ ਵਿਚ ਬੀ ਜਗਤ ਦਾ ਅਭਾਉ ਲਿਖਯਾ ਸੋ ਸਰਬਥਾ ਅਪ੍ਰਮਾਣ ਹੈ, ਕਿਉਂਕਿ ਜਿਸਨੂੰ ਪਰਮਾਤਾ ਪ੍ਰਮਾਣਾਂ ਦੁਆਰਾ ਜਾਣਦਾ ਅਰ ਪ੍ਰਾਪਤ ਹੁੰਦਾ ਹੈ, ਓਹ ਹੋਰ ਤਰਾਂ ਕਦੀ ਨਹੀਂ ਹੋਸਕਦਾ।

(ਪ੍ਰਸ਼ਨ) ਜਗਤ ਦੇ ਬਣਾਣ ਵਿਚ ਪਰਮੇਸ਼ੁਰ ਦਾ ਕੀ ਪ੍ਰੋਜਨ ਹੈ?

(ਉਤ੍ਰ) ਨ ਬਣਾਣ ਵਿਚ ਕੀ ਪ੍ਰੋਜਨ ਹੈ?

(ਪ੍ਰਸ਼ਨ) ਜੇ ਨ ਬਣਾਂਦਾ ਤਾਂ ਅਨੰਦ ਵਿਚ ਬਣਿਆਂ ਰਹਿੰਦਾ ਅਰ ਜੀਵਾਂ ਨੂੰ ਬੀ ਸੁਖ ਦੁਖ ਪ੍ਰਾਪਤ ਨ ਹੁੰਦਾ।

(ਉਤ੍ਰ) ਇਹ ਆਲਸੀ ਅਤੇ ਦਰਿਦ੍ਰੀ ਲੋਕਾਂ ਦੀਆਂ ਗੱਲਾਂ ਹਨ, ਪੁਰਸ਼ਾਰਥੀ ਲੋਕਾਂ ਦੀਆਂ ਨਹੀਂ, ਅਰ ਜੀਵਾਂ ਨੂੰ ਪਰਲੈ ਵਿਚ ਕੀ ਸੁਖ ਵਾ ਦੁਖ ਹੈ, ਜੇ ਸ੍ਰਿਸ਼ਟੀ ਦੇ ਸੁਖ ਦੁਖ ਦੀ ਤੁਲਨਾ ਕੀਤੀ ਜਾਵੇ ਤਾਂ ਸੁਖ ਕਈ ਗੁਣਾਂ ਵਧੀਕ ਹੁੰਦਾ ਹੈ, ਅਰ ਬਹੁਤ ਸਾਰੇ ਪਵਿਤ੍ਰ ਆਤਮਾ ਜੀਵ ਮੁਕਤੀ ਦੇ ਸਾਧਨ ਕਰਕੇ ਮੁਕਤੀ ਦੇ ਆਨੰਦ ਨੂੰ ਬੀ ਪ੍ਰਾਪਤ ਹੁੰਦੇ ਹਨ, ਪਰਲੈ ਵਿਚ ਜੀਵ ਇਸੇ ਤਰਾਂ ਨਾਲ ਨਿਕੰਮੇ ਪਏ ਰਹਿੰਦੇ ਹਨ ਜੀਕਣ ਕੋਈ ਗਹਰੀ ਨੀਂਦ ਵਿਚ ਪਿਆ ਹੋਵੇ (ਜੇ ਈਸ਼ੁਰ ਜਗਤ ਨ ਬਣਾਂਦਾ) ਤਾਂ ਜਿਹੜੇ ਪਾਪ ਪੁੰਨ ਜੀਵਾਂ ਨੇ

ਪਰਲੋ ਤੋਂ ਪਹਲੇ ਕੀਤੇ ਸਨ ਉਨ੍ਹਾਂ ਦਾ ਫਲ ਈਸ਼੍ਵਰ ਕੀਕਣ ਦੇ ਸਕਦਾ, ਅਰ ਜੀਵ ਕੀਕਣ ਭੋਗ ਸਕਦੇ? ਜੇ ਕੋਈ ਤੁਹਾਡੇ ਕੋਲੋਂ ਪੁਛੇ ਕਿ ਅਖ ਦੇ ਬਣਾਣੇ ਦਾ ਕੀ ਪ੍ਰੋਜਨ ਹੈ ਤਾਂ ਤੁਸੀ ਏਹੋ ਹੀ ਆਖੋਗੇ ਕਿ ਵੇਖਣਾ, ਤਾਂ ਜਿਹੜਾ ਈਸ਼੍ਵਰ ਵਿਚ ਜਗਤ ਦੇ ਰਚਨਾ ਕਰਨੇ ਦਾ ਵਿਗਜ਼ਾਨ. ਬਲ, ਅਰ ਕ੍ਰਿਯਾ, ਹੈ ਓਸਦਾ ਜਗਤ ਦੇ ਬਨਾਣ ਤੋਂ ਬਿਨਾਂ ਹੋਰ ਕੀ ਪ੍ਰੋਜਨ ਹੈ?

ਤੁਸੀ ਏਸਤੋਂ ਬਿਨਾਂ ਹੋਰ ਕੋਈ ਪ੍ਰੋਜਨ ਨ ਦਸ ਸਕੋਂਗੇ, ਅਰ ਪਰਮੇਸ਼੍ਵਰ ਦੇ ਨਿਆਂ, ਪਾਲਣ, ਦਇਆ ਆਦੀ ਗੁਣ ਬੀ ਤਦੇ ਹੀ ਸਾਰਥਕ ਹੋ ਸਕਦ ਹਨ ਜਦ ਜਗਤ ਨੂੰ ਬਣਾਵੇ, ਓਸ ਦਾ ਅਨੰਤ ਸਮਰਥ ਜਗਤ ਦੀ ਉਤਪੱਤੀ, ਸਿਥਿਤੀ, ਪਰਲੋ ਅਰ ਬਵਸਥਾ ਕਰਨੇ ਕਰਕੇ ਹੀ ਸਫਲ ਹੈ, ਜਿਸ ਤਰਾਂ ਨੇਤ੍ਰ ਦਾ ਸੁਭਾਵਕ ਗੁਣ ਵੇਖਣਾ ਹੈ ਓਸਤਰਾਂ ਪਰਮੇਸ਼੍ਵਰ ਦਾ ਸੁਭਾਵਕ ਗੁਣ ਜਗਤ ਦੀ ਉਤਪੱਤੀ ਕਰਕ ਸੱਭ ਜੀਵਾਂ ਨੂੰ ਅਸੰਖ ਪਦਾਰਥ ਦੇਕੇ ਪਰ ਉਪਕਾਰ ਕਰਨਾ ਹੈ,

(ਪ੍ਰਸ਼ਨ) ਬੀ ਪਹਲੇ ਹੈ ਵਾ ਰੁਖ?

(ਉਤ੍ਰ) ਬੀ ਕਿਂਉ ਜੋ ਬੀ ਹੇਤੂ ਨਿਦਾਂਨ, ਨਮਿਤ, ਅਰ ਕਾਰਨ, ਇਤਯਾਦੀ ਸ਼ਬਦ ਇਕੋ ਅਰਥ ਦੇ ਵਾਚੀ ਹਨ, ਕਾਰਨ ਦਾ ਨਾਉਂ ਬੀਂ ਹੋਣ ਕਰਕੇ ਕਾਰਜ ਤੋਂ ਪਹਲੋਂ ਹੀ ਹੁੰਦਾ ਹੈ।

(ਪ੍ਰਸ਼ਨ) ਜਦ ਪਰਮੇਸ਼੍ਵਰ ਸਰਬ ਸ਼ਕਤੀਮਾਨ ਹੈ ਤਾਂ ਉਹ ਕਾਰਨ (ਪ੍ਰਕ੍ਰਿਤੀ) ਅਰ ਜੀਵ ਨੂੰ ਬੀ ਉਤਪੰਨ ਕਰ ਸਕਦਾ ਹੈ ਜੇ ਨਹੀਂ ਕਰ ਸਕਦਾ ਤਾਂ ਸਰਬ ਸ਼ਕਤੀਮਾਂਨ ਬੀ ਨਹੀਂ ਰਹਸਕਦਾ।

(ਉਤ੍ਰ) ਸਰਬ ਸ਼ਕਤੀਮਾਂਨ ਸ਼ਬਦ ਦਾ ਅਰਥ ਪਹਿਲੋਂ ਲਿਖ ਚੁਕ ਹਾਂ ਪ੍ਰੰਤੂ ਬੀ ਸਰਬ ਸ਼ਕਤੀ ਮਾਂਨ ਉਹ ਕਹਾਂਦਾ ਹੈ, ਕਿ ਜਿਹੜਾ ਅਸੰਭਵ ਬਾਤ ਨੂੰ ਬੀ ਕਰ ਸੱਕੇ, ਜੇ ਕੋਈ ਅਸੰਭਵ ਬਾਤ ਅਰਥਾਤ ਜਿਸਤਰਾਂ ਕਾਰਨ ਦੇ ਬਿਨਾ ਕਾਰਜ ਨੂੰ ਕਰ ਸਕਦਾ ਹੈ ਤਾਂ ਕੀ ਬਿਨਾ ਕਾਰਨ ਦੂਜੇ ਈਸ਼੍ਵਰ ਦੀ ਉਤਪੱਤੀ ਕਰ ਸਕਦਾ, ਆਪ ਮਰ ਸਕਦਾ, ਜੜ, ਦੁਖੀ, ਅਨਿਆਂਕਾਰੀ ਅਪਵਿਤ੍ਰ, ਅਰ ਕੁਕਰਮੀ ਆਦੀ ਹੋ ਸਕਦਾ ਹੈ ਵਾ ਨਹੀਂ?

ਜਿਹੜੇ ਸੁਭਾਵਕ ਨੇਮ ਹਨ ਅਰਥਾਤ ਜਿਸਤਰਾਂ ਅਗ ਗਰਮ, ਜਲ ਠੰਡਾ, ਅਰ ਪ੍ਰਿਥਵੀ ਆਦੀ ਸਭ ਜੜ ਪਦਾਰਥਾਂ ਨੂੰ ਉਲਟੇ ਗੁਣਵਾਲੇ ਈਸ਼੍ਵਰ ਬੀ ਨਹੀਂ ਕਰ ਸਕਦਾ, ਅਰ ਈਸ਼੍ਵਰ ਦੇ ਨੇਮ ਸੱਚੇ ਅਰ ਪੂਰੇ ਹਨ ਏਸਲਈ ਉਨ੍ਹਾਂ ਨੂੰ ਬਦਲ ਨਹੀਂ ਸਕਦਾ, ਏਸ ਲਈ ਸਰਬ ਸ਼ਕਤੀ ਮਾਂਨ ਦਾ ਅਰਥ ਇਨਾਂ ਹੀ ਹੈ ਕਿ ਪਰਮੇਸ਼੍ਵਰ ਬਿਨਾ ਕਿਸੇ ਦੀ ਸਹਾਇਤਾ ਦੇ ਅਪਣੇ ਸਭ ਕੰਮ ਪੂਰਨ ਕਰ ਸਕਦਾ ਹੈ।

(ਪ੍ਰਸ਼ਨ) ਈਸ਼੍ਵਰ ਸਕਾਰ ਹੈ ਵਾ ਨਿਰਾਕਾਰ, ਜੇ ਨਿਰਾਕਾਰ ਹੈ ਤਾਂ

ਬਗੈਰ ਹਥ ਆਦੀ ਸਾਧਨਾਂ ਦੇ ਜਗਤ ਨੂੰ ਨ ਬਣਾ ਸਕੇਗਾ, ਅਰ ਜੇ ਸਕਾਰ ਹੈ ਤਾਂ ਕੋਈ ਦੋਸ਼ ਨਹੀਂ ਆਉਂਦਾ।

(ਉਤ੍ਰ) ਈਸ਼੍ਵਰ ਨਿਰਾਕਾਰ ਹੈ, ਜਿਹੜਾ ਸਕਾਰ ਅਰਥਾਤ ਸ਼ਰੀਰ ਯੁਕਤ ਹੋਵੇ ਉਹ ਈਸ਼੍ਵਰ ਨਹੀਂ ਹੋ ਸਕਦਾ ਕਿਉਂ ਜੋ ਜਿਹੜਾ ਪਰੀਮਿਤ ਸ਼ਕਤੀ ਵਾਲਾ, ਦੇਸ, ਕਾਲ ਅਰ ਵਸਤੂਆਂ ਕਰਕੇ ਪਰੀਛਿਨ, ਭੁਖ, ਤੇਹ, ਛੇਦਨ, ਭੇਦਨ ਸੀਤ, ਉਸਨ, ਬੁਖਾਰ, ਪੀੜਾ ਆਦੀ ਸਮੇਤ ਹੋਵੇ ਓਸ ਵਿਚ ਜੀਵ ਦੇ ਬਿਨਾਂ ਈਸ਼੍ਵਰ ਦੇ ਗੁਣ ਕਦੀ ਨਹੀਂ ਹੋ ਸਕਦੇ, ਜਿਸਤਰਾਂ ਤੁਸੀਂ ਅਰ ਅਸੀਂ ਸਕਾਰ ਅਰਥਾਤ ਸ਼੍ਰੀਰ ਵਾਲੇ ਹਾਂ, ਏਸ ਕਾਰਨ ਤ੍ਰਿਸਰੇਣੂ, ਅਣੂ, ਪ੍ਰਮਾਣੂ, ਅਰ ਪ੍ਰਕ੍ਰਿਤੀ ਨੂੰ ਅਪਣੇ ਬਸ ਵਿਚ ਨਹੀਂ ਲਿਆ ਸਕਦੇ, ਉਸੇ ਤਰਾਂ ਸਥੂਲ ਦੇਹ ਧਾਰੀ ਪਰਮੇਸ਼੍ਵਰ ਬੀ ਉਨਾਂ ਸੂਖਮ ਪਦਾਰਥਾਂ ਤੋਂ ਸਥੂਲ ਜਗਤ ਨਹੀ ਬਣਾ ਸਕਦਾ,ਭਾਵੇਂ ਪਰਮੇਸ਼੍ਵਰ ਭਊਤਕ ਇੰਦ੍ਰੀ ਗੋਲਕ ਹੱਥ ਪੈਰ ਆਦੀ ਅੰਗਾਂ ਤੋਂ ਰਹਤ ਹੈ ਤਦਬੀ ਉਹ ਆਪਣੀ ਅਨੰਤ, ਸ਼ਕਤੀ ਬਲ ਪ੍ਰਾਕ੍ਰਮ ਨਾਲ ਸਭ ਕੰਮ ਕਰਦਾ ਹੈ, ਜਿਹੜੇ ਜੀਵ ਅਤੇ ਪ੍ਰਕ੍ਰਿਤੀ ਤੋਂ ਕਦੀ ਨਹੀਂ ਹੋ ਸਕਦੇ, ਜਦ ਉਹ ਪ੍ਰਕ੍ਰਿਤੀ ਤੋਂ ਬੀ ਸੂਖਮ ਅਰ ਉਨਾਂ ਵਿਚ ਬਿਆਪਕ ਹੈ ਤਦੇ ਹੀ ਉਨਾਂ ਨੂੰ ਪਕੜਕੇ ਜਗਤਾਕਾਰ ਕਰ ਦੇਂਦਾ ਹੈ।

(ਪ੍ਰਸ਼ਨ) ਜਿਸਤਰਾਂ ਮਨੁਖ ਆਦੀ ਦੇ ਮਾਂ, ਪਿਉ, ਸਕਾਰ ਹਨ ਉਨ੍ਹਾਂ ਦੀ ਸੰਤਾਨ ਬੀ ਸਕਾਰ ਹੁੰਦੀ ਹੈ। ਜੇ ਏਹ ਨਿਰਾਕਾਰ ਹੁੰਦੇ ਤਾਂ ਇਨ੍ਹਾਂ ਦੇ ਪੁਤ ਬੀ ਨਿਰਾਕਾਰ ਹੁੰਦੇ,ਉਸੇਤਰਾਂ ਜੇ ਪਰਮੇਸ਼੍ਵਰ ਨਿਰਾਕਾਰ ਹੁੰਦਾ ਤਾਂ ਓਸ ਦਾ ਬਣਾ-ਇਆ ਹੋਇਆ ਜਗਤ ਬੀ ਨਿਰਾਕਾਰ ਹੋਣਾ ਚਾਹੀਏ।

(ਉਤ੍ਰ) ਇਹ ਤੁਹਾਡਾ ਪ੍ਰਸ਼ਨ ਬਚਿੱਆਂ ਵਰਗਾ ਹੈ ਕਿਉਂ ਜੋ ਹੁਣੇ ਅਸੀ ਕਹ ਚੁਕੇ ਹਾਂ ਕਿ ਪਰਮਸ਼੍ਵਰ ਜਗਤ ਦਾ ਉਪਾਦਾਨ ਕਾਰਨ ਨਹੀਂ ਕਿੰਤੂ ਨਮਿਤ ਕਾਰਣ ਹੈ, ਅਰ ਜਿਹੜਾ ਇਹ ਸਥੂਲ ਜਗਤ ਹੈ ਓਸ ਦੇ ਪ੍ਰਕ੍ਰਿਤੀ ਅਰ ਪ੍ਰਮਾਣੂ ਉਪਾਦਾਨ ਕਾਰਣ ਹਨ, ਅਰ ਉਹ ਸਰਬਥਾ ਨਿਰਾਕਾਰ ਨਹੀਂ ਕਿੰਤੂ ਪਰਮੇਸ਼੍ਵਰ ਤੋਂ ਸਥੂਲ ਅਤੇ ਹੋਰ ਕਰਜ ਜਗਤ ਤੋਂ ਸੂਖਮ ਅਕਾਰ ਰਖਦੇ ਹਨ।

(ਪ੍ਰਸ਼ਨ) ਕੀ ਕਾਰਨ ਤੋਂ ਬਗੈਰ ਪਰਮੇਸ਼੍ਵਰ ਕਾਰਜ ਨੂੰ ਨਹੀਂ ਬਣਾ ਸਕਦਾ?

(ਉਤ੍ਰ) ਨਹੀਂ, ਕਿਉਂ ਜੋ ਜਿਸ ਦਾ ਅਭਾਉ ਹੈ ਅਰਥਾਤ ਜਿਹੜਾ ਵਰਤਮਾਂਨ ਨਹੀਂ ਹੈ ਓਸ ਦਾ ਭਾਉ ਹੋਣਾ ਸਰਬਥਾ ਅਸੰਭਵ ਹੈ, ਜਿਸਤਰਾਂ ਕੋਈ ਗਪੌੜਾ ਹਕੇ ਕਿ ਮੈਨੇ ਬਾਂਝ ਇਸਤ੍ਰੀ ਦੇ ਪੁਤ੍ਰ ਅਰ ਪੁੱਤ੍ਰੀ ਦਾ ਵਿਆਹ ਡਿਠਾ, ਉਹ ਮਨੁਖ ਦੇ ਸਿੰਗ ਦਾ ਧਨਖ ਅਰ ਦੋਨੋ ਅਕਾਸ਼ ਦੇ ਫੁਲਾਂ ਦੀ ਮਾਲਾ ਪਾਏ ਹੋਏ ਸਨ ਮ੍ਰਿਗ ਤ੍ਰਿਸ਼ਨਾ ਦੇ ਜਲ ਵਿਚ ਅਸ਼ਨਾਨ

ਕੁਰਦੇ ਅਰ ਗੰਧਰਬ ਨਗਰ ਵਿਚ ਰਹਿੰਦੇ ਸਨ, ਓਥੇ ਬਦੱਲ ਦੇ ਬਗੈਰ ਵਰਖਾ ਪ੍ਰਿਥਵੀ ਦੇ ਬਗੈਰ ਸਭ ਅੱਨਾਂ ਦੀ ਉਤਪੱਤੀ ਆਦੀ ਹੁੰਦੀ ਸੀ। ਇਸੇ ਤਰਾਂ ਕਾਰਨ ਦੇ ਬਗੈਰ ਕਾਰਜ ਦਾ ਹੋਣਾ ਅਸੰਭਵ ਹੈ, ਜਿਸਤਰਾਂ ਨਾਲ ਕੋਈ ਆਖੇ ਕਿ

"मम मातापितरौ न स्तोऽहमेवमेव जात: मम मुखे जिह्वा नास्ति वदामि च"

ਅਰਥਾਤ ਮੇਰੇ ਮਾਂ ਪਿਉ ਨਹੀਂ ਸਨ, ਮੈਂ ਐਵੇਂ ਹੀ ਜਮ ਪਿਆ, ਮੇਰੇ ਮੂੰਹ ਵਿਚ ਜ਼ਬਾਨ ਨਹੀਂ ਹੈ ਪ੍ਰੰਤੂ ਬੋਲਣਾ ਪਿਆ, ਖੁਡ ਵਿਚੋਂ ਸੱਪ ਨਹੀਂ ਸੀ ਨਿਕਲ ਆਇਆ, ਮੈਂ ਕਦੇ ਨਹੀਂ ਸਾਂ ਇਹ ਬੀ ਕਦੇ ਨਹੀਂ ਸੀ, ਅਰ ਅਸੀ ਸਾਰੇ ਜਣੇ ਆਏ ਹਾਂ, ਅਜੇਹੀ ਅਸੰਭਵ ਬਾਤਾਂ ਸੁਰ ਤਾਲ ਤੋਂ ਬਗੈਰ ਰਾਗ ਗਾਉਣ ਪਾਗਲ ਲੋਕਾਂ ਦੀਆਂ ਹਨ।

(ਪ੍ਰਸ਼ਨ) ਜੇ ਕਾਰਨ ਦੇ ਬਿਨਾਂ ਕਾਰਜ ਨਹੀਂ ਹੁੰਦਾ ਤਾਂ ਕਾਰਨ ਦਾ ਕਾਰਨ ਕੌਣ ਹੈ?

(ਉਤ੍ਰ) ਜਿਹੜੇ ਕੇਵਲ ਕਾਰਨ ਰੂਪ ਹੀ ਹਨ, ਉਹ ਕਿਸੇ ਦੇ ਕਾਰਜ ਨਹੀਂ ਹੁੰਦੇ ਅਰ ਜਿਹੜਾ ਕਿਸੇ ਦਾ ਕਾਰਨ ਅਰ ਕਿਸੇ ਦਾ ਕਾਰਜ ਹੁੰਦਾ ਹੈ ਉਹ ਦੂਜਾ ਕਾਰਨ ਕਹਾਉਂਦਾ ਹੈ, ਜਿਸਤਰਾਂ ਪ੍ਰਿਥਵੀ ਘਰ ਆਦੀ ਦਾ ਕਾਰਨ ਅਰ ਜਲ ਆਦੀ ਦਾ ਕਾਰਜ ਹੁੰਦੀ ਹੈ, ਪ੍ਰੰਤੂ ਜਿਹੜੀ ਆਦੀ ਕਾਰਨ ਪ੍ਰਕ੍ਰਿਤੀ ਹੈ ਉਹ ਅਨਾਦੀ ਹੈ।

मूले मूलाभावादमूलं मूलम्॥ सांख्यद० अ० १। सू० ६७॥

ਮੂਲ ਦਾ ਮੂਲ ਅਰਥਾਤ ਕਾਰਨ ਦਾ ਕਾਰਨ ਨਹੀਂ ਹੁੰਦਾ, ਏਸ ਲਈ ਜਿਸਦਾ ਕਾਰਨ ਨ ਹੋਵੇ ਉਹ ਸਭ ਕਾਰਜਾਂ ਦਾ ਕਾਰਣ ਹੁੰਦਾ ਹੈ, ਕਿਉਂਕਿ ਕਿਸੇ ਕਾਰਜ ਦੇ ਅਰੰਭ ਵਿਚ ਤਿੰਨ ਕਾਰਨ ਅਵਸ਼ ਹੁੰਦੇ ਹਨ, ਜਿਸਤਰਾਂ ਕਪੜਾ ਬਣਾਉਣ ਤੋਂ ਪਹਲੋਂ ਜੁਲਾਹਾ, ਰੂੰ ਦਾ ਸੂਤ ਅਰ ਨਲੀਆਂ ਆਦੀ ਹੋਣ ਤਾਂ ਕਪੜਾ ਬਣਦਾ ਹੈ ਉਸੇ ਤਰਾਂ ਜਗਤ ਦੀ ਉਤਪਤੀ ਤੋਂ ਪਹਲੇ ਪਰਮੇਸ਼ੁਰ, ਪ੍ਰਕ੍ਰਿਤੀ, ਕਾਲ, ਅਰ ਅਕਾਸ਼ ਤਥਾ ਜੀਵਾਂ ਦੇ ਅਨਾਦੀ ਹੋਣ ਕਰਕੇ ਇਸ ਜਗਤ ਦੀ ਉਤਪੱਤੀ ਹੁੰਦੀ ਹੈ, ਜੇਕਰ ਇਨ੍ਹਾਂ ਵਿਚੋਂ ਇਕ ਬੀ ਨ ਹੋਵੇ ਤਾਂ ਜਗਤ ਬੀ ਨ ਹੋਵੇ,

अत्र नास्तिका आहुः – शून्यं तत्त्वं भावो विनश्यति वस्तुधर्मत्वाद्विनाशस्य॥ १॥ सांख्यद० अ० १। सू० ४४॥

अभावाद् भावोत्पत्तिर्नानुपमृद्य प्रादुर्भावात्॥ २॥

ईश्वरः कारणं पुरुषकर्माफल्यदर्शनात्॥ ३॥

अनिमित्ततो भावोत्पत्तिः कण्टकतैक्ष्ण्यादिदर्शनात्॥ ४॥

सर्वमनित्यमुत्पत्तिविनाशधर्मकत्वात्॥ ५॥

सर्वं नित्यं पञ्चभूतनित्यत्वात्॥ ६॥

सर्वं पृथग् भावलक्षणपृथक्त्वात् ॥ ७ ॥
सर्वमभावो भावेष्वितरेतराभावसिद्धेः ॥ ८ ॥
न्यायसू० ॥ अ० ४ । आ० १ ॥

ਨਾਸਤਕ ਲੋਕ ਇਹ ਕਹਿੰਦੇ ਹਨ ਕਿ ਸ਼ੂੰਨ ਇਕ ਪਦਾਰਥ ਹੈ, ਸ੍ਰਿਸ਼ਟੀ ਤੋਂ ਪਹਲੋਂ ਸ਼ੂੰਨਸੀ, ਅੰਤ ਵਿਚ ਸ਼ੂੰਨ ਹੋਵੇਗਾ ਕਿਉਂਕਿ ਜੇਹੜਾ ਭਾਵ ਹੈ, ਉਸਦਾ ਅਭਾਵ ਹੋਕੇ ਸ਼ੂੰਨ ਹੋ ਜਾਵੇਗਾ।

( ਉਤ੍ਰ )ਸ਼ੂਨ, ਅਕਾਸ਼, ਅਦ੍ਰਿਸ਼, ਪੋਲ. ਅਰ ਬਿੰਦੂ ਨੂੰ ਬੀ ਕਹਿੰਦੇ ਹਨ, ਸ਼ੂਨਤਾ ਜੜ ਪਦਾਰਥ ਹੈ ਏਸ ਸ਼ੂਨਤ ਵਿਚ ਸਰੇ ਪਦਾਰਥ ਅਦ੍ਰਿਸ ਰਹਿੰਦੇ ਹਨ, ਜਿਸ ਤਰਾਂ ਨਾਲ ਇਕ ਬਿੰਦੂ ਤੋਂ ਰੇਖਾ, ਰੇਖਾ ਕਰਕੇ ਵਰਤੁਲਾਕਾਰ ਬਣਦਾ ਹੈ (ਉਸੇ)ਤਰਾਂਜ਼ਮੀਨ ਅਰ ਪਹਾੜ ਆਦੀ ਈਸ਼੍ਵਰ ਦੀ ਰਚਨਾ ਨਾਲ ਬਣਦੇ ਹਨ, ਅਰ ਸ਼ੂਨਤ ਨੂੰ ਜਾਣਨ ਵਾਲਾ ਸ਼ੂਨਤ ਨਹੀਂ ਹੁੰਦਾ,

ਦੂਜਾ ਨਾਸਤਕ ਕਹਿੰਦਾ ਹੈ ਕਿ ਅਭਾਵ ਤੋਂ ਭਾਵ ਦੀ ਉਤਪਤੀ ਹੈ, ਜਿਸਤਰਾਂ ਬੀ ਦੀ ਸ਼ਕਲ ਬਦਲਨ ਦੇ ਬਗੈਰ ਅੰਕੁਰ ਨਹੀਂ ਫੁਟਦਾ ਅਰ ਬੀ ਨੂੰ ਤੋੜ ਕਰ ਵੇਖੀਏ ਤਾਂ ਅੰਕੁਰ ਦਾ ਅਭਾਵ ਹੈ, ਜਦ ਪਹਲੋਂ ਅੰਕੁਰ ਨਹੀਂ ਨਜ਼ਰ ਆਉਂਦਾ ਸੀ ਤਾਂ ਅਭਾਉ ਤੋਂ ਉਤਪਤੀ ਹੋਈ।

(ਉਤ੍ਰ )ਜੋ ਬੀ ਦੀ ਸ਼ਕਲ ਬਦਲਦਾਹੈ ਉਹ ਪਹਲੋਂ ਹੀ ਬੀ ਵਿਚ ਸੀ, ਜੇ ਨਾਂ ਹੁੰਦਾ ਤਾਂ ਓਸਦੀ ਸ਼ਕਲ ਕੌਣ ਬਦਲਦਾ ਉਹ ਕਦੀ ਉਤਪੰਨ ਨ ਹੁੰਦਾ।

ਤੀਜਾ ਨਾਸਤਕ ਕਹਿੰਦਾ ਹੈ ਕਿ ਕਰਮਾਂ ਦਾ ਫਲ, ਪੁਰਸ਼ ਦੇ ਕਰਮ ਕਰਨ ਕਰਕੇ ਨਹੀਂ ਪ੍ਰਾਪਤ ਹੁੰਦਾ, ਕਿੱਨੇ ਹੀ ਕਰਮ ਨਿਸ਼ ਫਲ ਵੇਖਣ ਵਿਚ ਆਉਂਦੇ ਹਨ, ਏਸ ਲਈ ਅਨੁਮਾਨ ਕੀਤਾ ਜਾਂਦਾ ਹੈ ਕਿ ਕਰਮਾਂ ਦਾ ਫਲ ਪ੍ਰਾਪਤ ਹੋਣਾ ਈਸ਼੍ਵਰ ਦੇ ਅਧੀਨ ਹੈ, ਜਿਸ ਕਰਮ ਦਾ ਫਲ ਈਸ਼੍ਵਰ ਦੇਣਾ ਚਾਹੇ ਦੇਂਦਾ ਹੈ, ਜਿਸ ਦਾ ਫਲ ਦੇਣਾ ਨਹੀਂ ਚਹੁੰਦਾ ਨਹੀਂ ਦੇਂਦਾ ਏਸ ਬਾਤ ਤੋਂ (ਸਿਧ ਹੋਇਆ)ਕਿ ਕਰਮ ਦਾ ਫਲ ਈਸ਼੍ਵਰ ਦੇ ਅਧੀਨ ਹੈ।

(ਉਤ੍ਰ) ਜੇ ਕਰਮ ਦਾ ਫਲ ਈਸ਼੍ਵਰ ਦੇ ਅਧੀਨ ਹੋਵੇ ਤਾਂ ਬਿਨਾਂ ਕਰਮ ਕੀਤੇ ਈਸ਼੍ਵਰ ਫਲ ਕਿਉਂ ਨਹੀਂ ਦਿੰਦਾ ? ਏਸ ਲਈ ਜਿਸਤਰਾਂ ਦਾ ਕਰਮ ਮਨੁਸ਼ ਕਰਦਾ ਹੈ ਉਸੇ ਤਰਾਂ ਦਾ ਫਲ ਈਸ਼੍ਵਰ ਦੇਂਦਾ ਹੈ, ਏਸ ਕਰਕੇ ਪਰਮੇਸ਼੍ਵਰ ਸੁਤੰਤ੍ਰ (ਅਪਣੇ ਆਪ) ਮਨੁਖ ਨੂੰ ਕਰਮ ਦਾ ਫਲ ਨਹੀਂ ਦੇ ਸਕਦਾ, ਕਿੰਤੂ ਜੇਹੋ ਜਿਹਾ ਕਰਮ ਜੀਵ ਕਰਦਾ ਹੈ ਓਹੋ ਜੇਹਾ ਫਲ ਈਸ਼੍ਵਰ ਦੇਂਦਾ ਹੈ।

ਚੌਥਾਨਾਸਤਕ ਕਹਿੰਦਾ ਹੈ ਕਿ ਬਿਨਾਂ ਨਮਿਤਦੇ ਪਦਾਰਥਾਂ ਦੀ ਉਤਪੱਤੀ ਹੁੰਦੀ ਹੈ. ਜਿਸਤਰਾਂ ਕਿੱਕਰ ਆਦੀ ਦ੍ਰਖਤਾਂ ਦੇ ਕੰਡੇ ਤਿਖੀਆਂ ਨੋਕਾਂ ਵਾਲੇ ਵੇਖਣ ਵਿਚ ਆਉਂਦੇ ਹਨ, ਏਸ ਤੋਂ ਜਾਹਰ ਹੁੰਦਾ ਹੈ ਕਿ ਜਦ ੨ ਸ੍ਰਿਸ਼ਟੀ ਦਾ

ਅਰੰਭ ਹੁੰਦਾ ਹੈ ਤਦ ੨ ਸ਼ਰੀਰ ਆਦੀ ਪਦਾਰਥ ਬਿਨਾਂ ਨਮਿਤ ਦੇ ਹੁੰਦੇ ਹਨ।

(ਉਤ੍ਰ) ਜਿਸ ਤੋਂ ਪਦਾਰਥ ਉਤਪੰਨ ਹੁੰਦਾ ਹੈ ਓਹੋ ਓਸਦਾ ਨਮਿਤ ਹੈ, ਕੰਡਿਆਂ ਵਾਲੇ ਦ੍ਰਖਤ ਤੋਂ ਬਗੈਰ ਕੰਡੇ ਉਤਪੰਨ ਕਿਉਂ ਨਹੀਂ ਹੁੰਦੇ ?

ਪੰਜਵਾਂ ਨਾਸਤਕ ਕਹਿੰਦਾ ਹੈ ਕਿ ਸਾਰੇ ਪਦਾਰਥ ਉਤਪਤੀ ਅਰ ਵਿਨਾਸ਼ ਵਾਲੇ ਹਨ ਏਸ ਲਈ ਸਭ ਅਨਿਤ ਹਨ।

श्लोकार्धेन प्रवक्ष्यामि यदुक्तं ग्रन्थकोटिभिः
ब्रह्म सत्यं जगन् मिथ्या जीवो ब्रह्मैव नापरः

ਇਹ ਕਿਸੇ ਗ੍ਰੰਥ ਦਾ ਸ਼ਲੋਕ ਹੈ ਨਵੀਨ ਵੇਦਾਂਤੀ ਲੋਕ ਪੰਜਵੇਂ ਨਾਸਤਕ ਦੀ ਕੋਟੀ ਵਿਚ ਹਨ ਕਿਉਂਕਿ ਉਹ ਇਹ ਕਹਿੰਦੇ ਹਨ ਕਿ ਕ੍ਰੋੜਾਂ ਗ੍ਰੰਥਾਂ ਦਾ ਇਹ ਸਿਧਾਂਤ ਹੈ ਕਿ ਬ੍ਰਹਮ ਸਚੱ ਜਗਤ ਮਿਥਜਾ ਅਰ ਜੀਵ ਬ੍ਰਹਮ ਥੀਂ ਭਿੰਨ ਨਹੀਂ।

(ਉਤ੍ਰ) ਜੇ ਸਭ ਦੀ ਨਿਤੱਤਾ ਨਿਤੱ ਹੈ ਤਾਂ ਸਭ ਅਨਿਤ ਨਹੀਂ ਹੋ ਸਕਦਾ।

(ਪ੍ਰਸ਼ਨ) ਸਭ ਦੀ ਨਿਤੱਤਾ ਬੀ ਅਨਿਤ ਹੈ ਜਿਸਤਰਾਂ ਅਗੱ ਲਕੜੀ ਨੂੰ ਸਾੜਕੇ ਆਪ ਬੀ ਨਸ਼ਟ ਹੋਜਾਂਦੀ ਹੈ।

(ਉਤ੍ਰ) ਜਿਹੜੀ ਵਸਤੂ ਠੀਕ ਤਰਾਂ ਪ੍ਰਤੀਤ ਹੁੰਦੀ ਹੈ ਤਾਂ ਓਸਨੂੰ ਵਰਤਮਾਨ ਸਮੇ ਵਿਚ ਅਰ ਪਰਮ ਸੂਖਮ ਕਾਰਣ ਨੂੰ ਅਨਿਤ ਕਹਣਾ ਕਦੀ ਠੀਕ ਨਹੀਂ ਹੋਸਕਦਾ, ਜੋ ਨਵੀਨ ਵੇਦਾਂਤੀ ਲੋਕ ਬ੍ਰਹਮ ਥੀਂ ਜਗਤ ਦੀ ਉਤਪੱਤੀ ਮੰਨਦੇਹਨ ਤਾਂ ਬ੍ਰਹਮ ਦੇ ਸਤ ਹੋਣ ਕਰਕੇ ਓਸ ਦਾ ਕਾਰਜ ਅਸਤ ਕਦੀ ਨਹੀਂ ਹੋ ਸਕਦਾ, ਜੇ ਸੁਫਨੇ ਰਸੀ, ਸਪੱ ਆਦੀ ਦੀ ਨਿਆਈਂ ਕਲਪਤ ਕਹੀਏ ਤਾਂ ਬੀ ਨਹੀਂ ਬਣ ਸਕਦਾ, ਕਿਉਂਕਿ ਕਲਪਣਾਂ ਗੁਣ ਹੈ ਗੁਣ ਥੀਂ ਦ੍ਰਬ, ਅਰ ਦ੍ਰਬੱ ਥੀਂ ਗੁਣ ਵਖਰਾ ਨਹੀਂ ਰਹ ਸਕਦਾ,ਜਦ ਕਲਪਣਾਂ ਦਾ ਕਰਤਾ ਨਿਤ ਹੈ ਤਾਂ ਓਸਦੀ ਕਲਪਣਾ ਬੀ ਨਿਤ ਹੋਣੀ ਚਾਹੀਏ, ਨਹੀਂ ਤਾਂ ਓਸਨੂੰ ਬੀ ਅਨਿਤ ਮਨੋ, ਜਿਸਤਰਾਂ ਸੁਫਨਾ ਬਿਨਾ ਵੇਖੇ, ਸੁਣੇ, ਕਦੀ ਨਹੀਂ ਆਉਂਦਾ, ਜੋ ਜਾਗ੍ਰਤ ਅਰਥਾਤ ਵਰਤਮਾਨ ਸਮੇ ਵਿਚੱ ਪਦਾਰਥ ਹਨ ਉਨ੍ਹਾਂ ਦੇ ਸਾਖਸ਼ਾਤ ਸਬੰਧ ਕਰਕੇ ਪ੍ਰਤਖ ਆਦੀ ਗਿਆਨ ਹੋਣ ਉੱਤੇ ਉਨਾਂ ਦੇ ਸੰਸਕਾਰ ਅਰਥਾਤ ਬਾਸਨਾ ਰੂਪੀ ਗਿਆਨ ਆਤਮਾ ਵਿਚ ਠਹਿਰਦਾ ਹੈ, ਸੁਫਨੇ ਵਿਚ ਉਨ੍ਹਾਂ ਨੂੰ ਹੀ ਪ੍ਰਤਖ ਵੇਖਦਾ ਹੈ, ਜਿਸਤਰਾਂ ਘੂਕ ਨੀਂਦ ਵਿਚੱ ਬਾਹਰ ਦੇ ਪਦਾਰਥਾਂ ਦੇ ਗਯਾਂਨ ਦਾ ਅਭਾਵ ਹੋਣ ਉਤੇੱ ਬੀ ਬਾਹਰ ਦੇ ਪਦਾਰਥ ਬਣੇ ਰਹਿੰਦੇ ਹਨ ਉਸੇ ਤਰਾਂ ਪਰਲੈ ਵਿਚੱ ਬੀ ਕਾਰਣ ਦ੍ਰਬ ਵਰਤਮਾਨ ਰਹਿੰਦਾ ਹੈ,ਜੇ ਸੰਸਕਾਰ ਦੇ ਬਿਨਾਂ ਸੁਫਨਾਂ ਆਵੇ, ਤਾਂ ਜਨਮ ਦੇ ਅਨ੍ਹੇ ਨੂੰ ਬੀ ਰੂਪ ਦਾ ਸੁਫਨਾ ਆਵੇ, ਏਸ ਲਈ (ਏਸ ਸੁਫਨੇ) ਵਿਚੱ ਉਨ੍ਹਾਂ ਦਾ ਗਯਾਂਨ ਮਾਤ੍ਰ ਹੈ, ਅਰ ਬਾਹਰ ਉਹ

ਸਭ ਪਦਾਰਥ ਵਰਤਮਾਨ ਹਨ।

(ਪ੍ਰਸ਼ਨ)ਜਿਸਤਰਾਂ ਜਾਗ੍ਰਤ ਦੇ ਪਦਾਰਥ ਸੁਫਨੇ ਵਿਚੱ ਅਰ ਦੋਹਾਂ ਦੇ ਘੂਕ ਨੀਂਦ ਵਿਚੱ ਅਨਿਤ ਹੋ ਜਾਂਦੇ ਹਨ ਓਸਤਰਾਂ ਜਾਗ੍ਰਤ ਦੇ ਪਦਾਰਥਾਂ ਨੂੰ ਬੀ ਸੁਫਨੇ ਦੇ ਤੁਲ ਮਨਣਾ ਚਾਹੀਏ।

( ਉਤ੍ਰ )ਏਸ ਤਰਾਂ ਦਾ ਕਦੀ ਨਹੀਂ ਮੰਨ ਸਕਦੇ ਕਿਉਂ ਜੋ ਸੁਫਨੇ ਅਰ ਘੂਕ ਨੀਂਦ ਵਿਚੱ ਕੇਵਲ ਬਾਹਰਦੇ ਪਦਾਰਥਾਂ ਦਾ ਅਗਜਾਨ ਹੁੰਦਾ ਹੈ, ਅਭਾਵ ਨਹੀਂ, ਜਿਸਤਰਾਂ ਕਿਸੇ ਦੀ ਪਿਠ ਪਿੱਛੇ ਬਹੁਤ ਸਾਰੇ ਪਦਾਰਥ ਲੁਕ ਰਹਿੰਦੇ ਹਨ ਉਨ੍ਹਾਂ ਦਾ ਅਭਾਵ ਨਹੀਂ ਹੁੰਦਾ, ਉਸੇ ਤਰਾਂ ਸੁਫਨੇ ਅਰ ਘੂਕ ਨੀਂਦ ਦੀ ਬਾਤ ਹੈ, ਏਸ ਲਈ ਜੋ ਪਹਲੋਂ ਕਹ ਚੁਕੇ ਹਾਂ ਕਿ ਬ੍ਰਹਮ, ਜੀਵ ਅਰ ਜਗਤ ਦਾ ਕਾਰਨ ਅਨਾਦੀ, ਨਿਤ ਹਨ ਓਹੋ ਸਚੱ ਹੈ।

ਛੀਵਾਂ ਨਾਸਤਕ ਕਹਿੰਦਾ ਹੈ ਕਿ ਪੰਜਾਂ ਭੂਤਾਂ ਦੇ ਨਿਤ ਹੋਣ ਕਰਕੇ ਸਭ ਜਗਤ ਨਿਤ ਹੈ।

( ਉਤ੍ਰ )ਇਹ ਬਾਤ ਸਚ ਨਹੀਂ ਹੈ ਕਿਉਂਕਿ ਜਿਨਾਂ ਪਦਾਰਥਾਂ ਦੀ ਉਤਪੱਤੀ ਅਰ ਵਿਨਾਸ ਦਾ ਕਾਰਨ ਵੇਖਣੇ ਵਿਚੱ ਆਉਂਦਾ ਹੈ ਜੇ ਉਹ ਸਭ ਨਿਤ ਹੋਂਨ ਤਾਂ ਕੀ(ਕਾਰਨ ਹੈਕਿ)ਸਭ ਸਥੂਲ ਜਗਤ ਤਥਾ ਸ਼ਰੀਰ ਘਟ ਪਟ ਆਦੀ ਪਦਾਰਥਾਂ ਨੂੰ ਉਤਪੰਨ ਅਰ ਨਾਸ਼ ਹੁੰਦੇ ਵੇਖਦੇ ਹਾਂ, ਏਸ ਲਈ ਕਾਰਜ ਨੂੰ ਨਿਤ ਨਹੀਂ ਮਨ ਸਕਦੇ।

ਸਤਵਾਂ ਨਾਸਤਕ ਕਹਿੰਦਾ ਹੈ ਕਿ ਸੱਭ ਵਖੋ ਵਖਰੇ ਹਨ ਕੋਈ ਇਕ ਪਦਾਰਥ ਨਹੀਂ ਹੈ ਜਿਸ ਜਿਸ ਪਦਾਰਥ ਨੂੰ ਅਸੀ ਵੇਖਦੇ ਹਾਂ ਓਸ ਵਿਚ ਦੂਜੇ ਕਿਸੇ ਪਦਾਰਥ ਦਾ ਕੁਝ ਬੀ ਸਬੰਧ ਨਹੀਂ ਨਜਰ ਆਉਂਦਾ ।

(ਉੱਤ੍ਰ)ਅਵੇਵਾਂ ਵਿਚ ਅਵੇਵੀ,ਵਰਤਮਾਨ ਕਾਲ,ਅਕਾਸ਼,ਪਮੇਸ਼੍ਵਰ,ਅਰ ਜਾਤੀ, ਵੱਖੋ ਵਖਰੇ ਪਦਾਰਥਾਂ ਦੇ ਸਮੂਹਾਂ ਵਿੱਚ ਇੱਕੋ ਹੀ ਹਨ, ਉਨ੍ਹਾਂ ਤੋਂ ਵਖਰਾ ਕੋਈ ਪਦਾਰਥ ਨਹੀਂ ਹੋ ਸਕਦਾ, ਏਸ ਲਈ ਸਭ ਪਦਾਰਥ ਵਖੋ ਵਖਰੇ ਨਹੀਂ ਕਿੰਤੂ ਅਪਣੇ ਸਰੂਪ ਕਰਕੇ, ਵਖਰੇ ੨ ਹਨ, ਅਰ ਵਖੋ ਵਖਰੇ ਪਦਾਰਥਾਂ ਵਿਚ ਇਕ ਪਦਾਰਥ ਬੀ ਹੈ।

ਅਠਵਾਂ ਨਾਸਤਕ ਕਹਿੰਦਾ ਹੈ ਕਿ ਸਭਨਾਂ ਪਦਾਰਥਾਂ ਵਿੱਚ ਇਤ੍ਰੇਤ੍ਰਾ ਭਾਵ ਦੀ ਸਿੱਧੀ ਹੋਣ ਕਰਕੇ ਸਭ ਅਭਾਉ ਰੂਪ ਹਨ ਜੀਕਣ:—

"अनश्वो गौः । अगौरश्वः"

ਗਊ ਘੋੜਾ ਨਹੀ, ਅਰ ਘੋੜਾ ਗਊ ਨਹੀਂ, ਏਸ ਲਈ ਸੱਭ ਨੂੰ ਅਭਾਵ ਰੂਪ ਮੰਨਣਾ ਚਾਹੀਏ।

(ਉੱਤਰ) ਸੱਭ ਪਦਾਰਥਾਂ ਵਿਚ ਇਤ੍ਰੇਤ੍ਰਾ ਭਾਵ ਦਾ ਯੋਗ ਹੋਵ ਪ੍ਰੰਤੂ

"यदि गौरश्वे ऽश्वो भावरूपो वर्तत एव"

ਗਊ ਵਿੱਚ ਗਊ, ਅਰ ਘੋੜੇ ਵਿਚ ਘੋੜੇ ਦਾ ਭਾਵ ਹੀ ਹੈ ਅਭਾਵ ਕਦੀ ਨਹੀਂ ਹੋ ਸਕਦਾ, ਜੇ ਪਦਾਰਥਾਂ ਦਾ ਭਾਵ ਨ ਹੋਵੇ ਤਾਂ ਇਤ੍ਰੇਤ੍ਰਾ ਭਾਵ ਕਿਸ ਵਿਚ ਕਹਿਆ ਜਾਵੇ ?

(ਨੌਵਾਂ) ਨਾਸਤਕ ਕਹਿੰਦਾ ਹੈ ਕਿ ਸੁਭਾਵ ਥੀਂ ਜਗਤ ਦੀ ਉਤਪੱਤੀ ਹੁੰਦੀ ਹੈ, ਜਿਸਤਰਾਂ ਪਾਨੀ ਅੱਨ ਦੇ ਮਿਲਕੇ ਸੜਨ ਨਾਲ ਕੀੜੇ ਉਤਪੰਨ ਹੁੰਦੇ ਹਨ, ਅਰ ਬੀ ਮਿੱਟੀ, ਪਾਨੀ. ਦੇ ਮਿਲਣ ਕਰਕੇ ਘਾਹ, ਦ੍ਰੱਖਤ ਆਦੀ ਅਰ ਪੱਥਰ ਆਦੀ ਉਤਪੰਨ ਹੁੰਦੇ ਹਨ, ਜਿਸਤਰਾਂ ਸਮੁੰਦਰ ਅਤੇ ਹਵਾ ਦੇ ਮੇਲ ਕਰਕੇ ਤਰੰਗ, ਅਰ ਤਰੰਗਾਂ ਥੀਂ ਸਮੁੰਦਰਝੱਗ, ਅਰ ਹਲਦੀ, ਚੂਨਾ, ਅਤੇ ਨਿੰਬੂ ਦੇ ਰਸ ਮਿਲਾਨ ਕਰਕੇ ਰੋਲਾ ਬਣ ਜਾਂਦਾ ਹੈ, ਉਸੇਤਰਾਂ ਸਭ ਜਗਤ ਤੱਤਾਂ ਦੇ ਸੁਭਾਉ, ਗੁਣਾਂ ਕਰਕੇ ਉਤਪੰਨ ਹੋਇਆ ਹੈ ਏਸ ਦਾ ਬਣਾਨ ਵਾਲਾ ਕੋਈ ਬੀ ਨਹੀਂ।

(ਉਤ੍ਰ) ਜੇ ਸੁਭਾਉ ਥੀਂ ਜਗਤ ਦੀ ਉਤਪੱਤੀ ਹੋਵੇ ਤਾਂ ਨਾਸ਼ ਕਦੀ ਨ ਹੋਵੇ, ਅਰ ਜੇ ਨਾਸ਼ ਹੋਣਾ ਬੀ ਸੁਭਾਉ ਥੀਂ ਮੰਨੋ ਤਾਂ ਉਤਪੱਤੀ ਨ ਹੋਵੇ ਗੀ, ਅਰ ਜੇ ਦੋਨੋਂ ਸੁਭਾਉ ਪਦਾਰਥਾਂ ਵਿਚ ਇਕ ਜਗਾ ਮੰਨੋਗੇ ਤਾਂ ਉਤਪੱਤੀ ਅਰ ਨਾਸ਼ ਦੀ ਬਵਸਥਾ ਕਦੀ ਨ ਹੋ ਸਕੇਗੀ, ਅਰ ਜੇ ਨਮਿਤੱ ਕਾਰਨ ਥੀਂ ਉਤਪੱਤੀ ਅਰ ਨਾਸ਼ ਮਨੋਂਗੇ ਤਾਂ ਨਮਿਤ ਕਾਰਨ ਉਤਪੱਤੀ ਅਰ ਨਾਸ਼ ਹੋਣ ਵਾਲੇ ਪਦਾਰਥਾਂ ਤੋਂ ਵਖਰਾ ਮਨਣਾ ਪਵੇਗਾ. ਜੇ ਸੁਭਾਵ ਤੋਂ ਹੀ ਉਤਪੱਤੀ ਅਰ ਨਾਸ਼ ਹੁੰਦਾ ਤਾਂ ਇੱਕੋ ਸਮੇਂ ਵਿਚ ਉਤਪੱਤੀ ਅਰ ਨਾਸ਼ ਦਾ ਹੋਣਾ ਸੰਭਵ ਨਹੀਂ, ਜੇ ਸੁਭਾਵ ਤੋਂ ਉਤਪੱਤੀ ਹੁੰਦੀ ਤਾਂ ਏਸ ਪ੍ਰਿਥਵੀ ਦੇ ਨੇੜੇ ਦੂਜੀ ਪ੍ਰਿਥਵੀ ਚੰਦ੍ਰਮਾ ਸੂਰਜ ਆਦੀ ਉਤਪੰਨ ਕਿਉਂ ਨਹੀਂ ਹੁੰਦੇ ? ਅਰ ਜਿਸ ੨ ਪਦਾਰਥ ਦੇ ਮੇਲ ਕਰਕੇ ਜੋ ਜੋ ਉਤਪੰਨ ਹੁੰਦਾ ਹੈ ਉਹ ਸੱਭ ਘਾਹ ਦ੍ਰੱਖਤ ਅਰ ਕੀੜੇ ਆਦੀ ਪਰਮੇਸ਼੍ਵਰ ਦੇ ਉਤਪੰਨ ਕੀਤੇ ਹੋਏ ਬੀ, ਅਨਾਜ ਪਾਨੀ ਆਦੀ ਦੇ ਮਿਲਨ ਕਰਕੇ ਹੀ ਉਤਪੰਨ ਹੁੰਦੇ ਹਨ, ਬਗੈਰ ਉਨਾਂ ਦੇ ਨਹੀਂ, ਜਿਸਤਰਾਂ ਹਲਦੀ ਚੂਨਾ ਅਤੇ ਨਿੰਬੂ ਦਾ ਰਸ ਦੂਰ ਦੂਰ ਜਗਾਂ ਥੀਂ ਆਕੇ ਅਪਨੇ ਆਪ ਨਹੀਂ ਮਿਲਦੇ ਕਿੰਤੂ ਕਿਸੇ ਦੇ ਮਿਲਾਂਣ ਕਰਕੇ ਮਿਲਦੇ ਹਨ ਓਸ ਵਿਚ ਬੀ ਠੀਕ ਅੰਦਾਜੇ ਨਾਲ ਮਿਲਨ ਕਰਕੇ ਰੋਲਾ ਹੁੰਦਾ ਹੈ, ਘਟ ਵਧੱ ਵਾ ਅੱਨ੍ਹੇ ਵਾਹ ਮਿਲਾਂਣ ਨਾਲ ਰੋਲਾ ਨਹੀਂ ਬਣਦਾ, ਉਸੇ ਤਰਾਂ ਜਦ ਤਿਕ ਪਰਮੇਸ਼੍ਵਰ ਪ੍ਰਕ੍ਰਿਤੀ ਦੇ ਪ੍ਰਮਾਣੂਆਂ ਨੂੰ ਗਿਆਂਨ ਅਰ ਜੁਕਤੀ ਨਾਲ ਨਹੀਂ ਮਿਲਾਂਦਾ (ਤਦ ਤਿਕ) ਜੜ ਪਦਾਰਥ ਅਪਣੇ ਆਪ ਕਿਸੇ ਪ੍ਰੋਜਨ ਨੂੰ ਪੂਰਾ ਕਰਨ ਵਾਸਤੇ ਆਪੇ ਹੀ ਕੋਈ ਵਸ਼ੇਸ ਪਦਾਰਥ ਨਹੀਂ ਬਣ ਸਕਦੇ ਏਸ ਲਈ ਸੁਭਾਵ ਆਦੀ ਥੀਂ ਜਗਤ ਨਹੀਂ ਬਣਦਾ ਕਿੰਤੂ ਪਰਮੇਸ਼੍ਵਰ ਦੇ ਬਣਾਂਣ ਨਾਲ ਹੀ ਬਣਦਾ ਹੈ।

(ਪ੍ਰਸ਼ਨ) ਏਸਜਗਤ ਦਾ ਕਰਤਾ ਨ ਸੀ, ਨ ਹੈ, ਅਰ ਨ ਹੋਵੇ ਗਾ, ਕਿੰਤੂ ਅਨਾਦੀ ਕਾਲ ਥੀਂ ਇਹ ਜਹੇ ਦਾ ਤੇਹਾ ਬਣਿਆ ਹੋਇਆ ਹੈ ਨ ਕਦੀ ਏਸ ਦੀ ਉਤਪੱਤੀ ਹੋਈ, ਨ ਕਦੀ ਨਾਸ਼ ਹੋਵੇਗਾ।

(ਉਤ੍ਰ) ਬਗੋਰ ਕਰਤਾ ਦੇ ਕੋਈ ਬੀ ਕ੍ਰਿਆ ਵਾ ਕ੍ਰਿਆ ਕਰਕੇ ਉਤਪੰਨ ਹੋਣ ਵਾਲੀ ਚੀਜ ਨਹੀਂ ਬਣ ਸਕਦੀ, ਜਿਹੜੇ ਜਮੀਨ ਆਦੀ ਪਦਾਰਥ ਸੈਂਜੋਗ ਵਸ਼ੇਸ਼ ਦੁਆਰਾ ਬਣੇ ਹੋਏ ਨਜਰ ਆਉਂਦੇ ਹਨ ਉਹ ਅਨਾਦੀ ਕਦੀ ਨਹੀਂ ਹੋ ਸਕਦੇ, ਅਰ ਜੋ ਸੈਂਜੋਗ ਕਰਕੇ ਬਣਦਾ ਹੈ ਉਹ ਸੈਂਜੋਗ ਦੇ ਪਹਲੋਂ ਨਹੀਂ ਹੁੰਦਾ ਅਰ ਵਿੰਜੋਗ ਦੇ ਪਿਛੋਂ ਨਹੀਂ ਰਹਿੰਦਾ, ਜੇ ਤੁਸੀ ਏਸ ਨੂੰ ਨਹੀ ਮੰਨਦੇ ਤਾਂ ਨਿਗਰ ਤੋਂ ਨਿਗਰ ਪੱਥਰ, ਹੀਰੇ ਅਰ ਫੁਲਾਦ ਆਦੀ ਨੂੰ ਭੰਨਤੋੜਕੇ ਭਾਂਵੇ ਗਲਾਕੇ ਜਾਂ ਅਗੱ ਵਿਚੱ ਪਾਕ ਸੁਆਹ ਕਰਕੇ ਵੇਖਲੋ ਕਿ ... ਵਿਚ ਵਖੋ ਵਖਰੇ ਪ੍ਰਮਾਣੂ ਮਿਲੇ ਹਨ ਕਿ ਨਹੀ? ਜੇਕਰ ਮਿ... ...ਨੂੰ ... ਹਨ ਤਾਂ ਉਹ ਸਮਾ ਪਾਕੇ ਵਖੋ ਵਖਰੇ ਬੀ ਜਰੂਰ ਹੁੰਦੇ ਹਨ।

(ਪ੍ਰਸ਼ਨ) ਅਨਾਦੀ ਪਰਮੇਸ਼੍ਵਰ ਕੋਈ ... ਨਹੀਂ ਕਿੰਤੂ ਜਿਹੜਾ ਯੋਗਾਭਜਾਸ ਕਰਕੇ ਅਣਿਮਾ ਆਦੀ ਈਸ਼੍ਵਰ... ...ਨੂੰ ਪ੍ਰਾਪਤ ਹੋਕੇ ਸਰਬੱਗ ਆਦੀ ਗੁਣਾਂ ਥੀਂ ਯੁਕਤ ਕੇਵਲ ਗਿਆ... ...ਨ ਹੁੰਦਾ ਹੈ ਓਸੇ ਜੀਵਨੂੰ ਪਰਮੇਸ਼੍ਵਰ ਕਹਿੰਦੇ ਹਨ।

(ਉ... ...) ਜੇ ਅਨਾਦੀ ਪਰਮੇਸ਼੍ਵਰ ਜਗਤ ਦਾ ਉਪੰਨ ਕਰਨਵਾਲਾ ਨ ...ਏ ਤਾਂ ਸਾਧਨਾ ਕਰਕੇ ਸਿਧ ਹੋਣ ਵਾਲੇ ਜੀਵਾਂ ਦਾ ਆਸ਼ਰਾ, ਅਰ ਜੀਵਣ ਰੂਪੀ ਜਗਤ, ਸ਼੍ਰੀਰ, ਅਤੇ ਇੰਦ੍ਰੀਆਂ ਦੇ ਗੋਲਕ, ਕੀਕਣ ਬਣਦੇ, ਇਨ੍ਹਾਂ ਦੇ ਬਗੋਰ ਜੀਵ ਸਾਧਨ ਨਹੀਂ ਕਰ ਸਕਦਾ, ਜਦ ਸਾਧਨ ਨ ਹੁੰਦੇ ਤਾਂ ਸਿਧ ਕਿਥੋਂ ਹੁੰਦਾ? ਜੀਵ ਭਾਵੇਂ ਜੇਹਾ ਸਾਧਨ ਕਰਕੇ ਸਿਧ ਹੋ ਜਾਵੇ ਤਾਂ ਬੀ ਜਿਹੜੀ ਪਰਮੇਸ਼੍ਵਰ ਦੀ ਸ੍ਵਯੰ ਸਨਾਤਨ ਅਨਾਦੀ ਸਿਧੀ ਹੈ ਜਿਸ ਵਿਚੱ ਅਨੰਤ ਸਿਧੀਆਂ ਹਨ ਓਸਦੇ ਤੁਲ ਕੋਈ ਬੀ ਜੀਵ ਨਹੀਂ ਹੋ ਸਕਦਾ, ਕਿਂਉ ਜੇ ਜੀਵ ਦਾ ਗਿਆਨ ਪਰਮ ਅਵਧੀ ਤੀਕਣ ਵਧੇ ਤਾਂ ਬੀ ਉਹ ਅੰਦਾਜੇ ਦਾ ਗਿਆਨ, ਅਤੇ ਸਮਰਥੱ ਵਾਲਾ ਹੁੰਦਾ ਹੈ, ਅਨੰਤ ਗਿਆਨ ਅਤੇ ਸਮਰਥੱ ਵਾਲਾ ਕਦੀ ਨਹੀਂ ਹੋ ਸਕਦਾ, ਵੇਖੋ ਕੋਈ ਬੀ ਅਜ ਤੀਕਣ ਪਰਮੇਸ਼੍ਵਰ ਕ੍ਰਿਤ ਸ੍ਰਿਸ਼ਟੀ ਕ੍ਰਮ ਨੂੰ ਬਦਲਨ ਵਾਲਾ ਨਹੀਂ ਹੋਇਆ ਹੈ ਅਰ ਨ ਹੋਵੇ ਗਾ, ਜਿਸਤਰਾਂ ਅਨਾਦੀ ਸਿਧ ਪਰਮੇਸ਼੍ਵਰ ਨੇ ਅੱਖਾਂ ਥੀਂ ਵੇਖਣ ਅਤੇ ਕੱਨਾਂ ਥੀਂ ਸੁਣਨ ਦਾ ਪ੍ਰਬੰਧ ਕੀਤਾ ਹੈ ਏਸ ਨੂੰ ਕੋਈ ਬੀ ਯੋਗੀ ਬਦਲ ਨਹੀਂ ਸਕਦਾ, ਜੀਵ ਪਰਮੇਸ਼੍ਵਰ ਕਦੀ ਨਹੀਂ ਹੋ ਸਕਦਾ,

(ਪ੍ਰਸਨ) ਕਲਪ ਕਲਪਾਂਤ੍ਰਾਂ ਵਿਚੱ ਪਰਮੇਸ਼੍ਵਰ ਨਵੀਂ ੨ ਪ੍ਰਕਾਰ ਦੀ ਸ੍ਰਿਸ਼ਟੀ ਬਣਾਂਦਾ ਹੈ ਜਾਂ ਇਕੋ ਜੇਹੀ?

(ਉਤ੍ਰ) ਜੇਹੋ ਜਹੀ ਹੁਣ ਹੈ ਓਹੋ ਜਹੀ ਪਹਲੋਂ ਸੀ, ਅਰ ਅਗੇ ਬੀ

ਏਹੋ ਸਹੀ ਹੋਵੇਗੀ ਭੇਦ ਨਹੀਂ ਕਰਦਾ,

सूर्या चन्द्रमसौ धाता यथापूर्वमकल्पयत् । दिवं च पृथवीं
चान्तरिक्षमथो स्वः ॥ ऋ० ॥ मं० १० । सू० १९० मं० ३ ॥

(ਧਾਤਾ) ਪਰਮੇਸ਼੍ਵਰ ਨੇ ਜਿਸਤਰਾਂ ਪਹਲੇ ਕਲਪ ਵਿਚੱ ਸੂਰਜ ਚੰਦ੍ਰਮਾ, ਬਿਜਲੀ ਪ੍ਰਿਥ੍ਵੀ, ਤਾਰੇ ਆਦੀ ਨੂੰ ਬਣਾਇਆ ਸੀ ਉਸੇ ਤਰਾਂ ਓਸਨੇ ਹੁਣ ਬੀ ਬਣਾਏ ਹਨ ਅਰ ਅਗੇ ਨੂੰ ਬੀ ਉਹੋ ਜਹੇ ਹੀ ਬਣਾਵੇਗਾ, ਪਰਮੇਸ਼੍ਵਰ ਦੇ ਕੰਮ ਭੁਲ ਚੁਕ ਤੋਂ ਰਹਤ ਹੋਣ ਕਰਕੇ ਸਦਾ ਇਕੋ ਜਹੇ ਹੀ ਹੁੰਦੇ ਹਨ, ਜਿਹੜਾ ਅੱਲਪਗੱ ਅਰ ਜਿਸਦਾ ਗਿਆਨ ਵਧੇ ਘਟੇ ਉਸੇ ਦੇ ਕੰਮ ਵਿਚ ਭੁਲ ਚੁੱਕ ਹੁੰਦੀ ਹੈ ਈਸ਼੍ਵਰ ਦੇ ਕੰਮ ਵਿਚੱ ਨਹੀਂ ।

(ਪ੍ਰਸ਼ਨ) ਸ੍ਰਿਸ਼ਟੀ ਵਿਸ਼ੇ ਵਿਚ ਵੇਦ ਆਦੀ ਸ਼ਾਸਤ੍ਰਾਂ ਦਾ ਇਕ ਮਤ ਹੈ ਜਾਂ ਵਿਰੋਧ,

[illegible] ਕ ਮਤੱ ਹੈ ।

(ਉਤ੍ਰ) [illegible] ਧਰ ਹੈ ਤਾਂ:—

(ਪ੍ਰਸ਼ਨ) ਜੇ ਇਕ [illegible]

[illegible] आकाश: सम्भूत: । आकाशा-
तस्मा द्वा एतस्मा दात्मन [illegible] : पृथवी । पृथिव्या
द्वायु: । वायोरग्नि: । अग्नेराप: । अद्भ्य: [illegible] षध: । स
ओषधय: । ओषधिभ्योऽन्नम् । अन्नाद्रेत: । रेतस: [illegible] न।
वा एष पुरुषोऽन्नरसमय: ॥ तैत्तिरीयोपनि० ब्रह्मानन्दव० [illegible]

ਇਹ ਤੈਤ੍ਰੀ ਉਪਨਿਸ਼ਦ ਦਾ ਬਚਨ ਹੈ, ਓਸ ਪਰਮੇਸ਼੍ਵਰ ਅਰ ਪ੍ਰਕ੍ਰਿਤੀ ਥਾ ਅਕਾਸ਼ ਅਵਕਾਸ਼ ਅਰਥਾਤ ਜਿਹੜਾ ਕਾਰਨ ਰੂਪ ਦ੍ਰਬ ਸਰਬੱਤ੍ਰ ਫੈਲ ਰਹਿਆ ਸੀ ਓਸ ਨੂੰ ਅਕਠੱਾ ਕਰਨ ਨਾਲ ਅਵਕਾਸ਼ ਉਤਪੰਨ ਜੇਹਾ ਹੁੰਦਾ ਹੈ, ਵਾਸਤਵ ਵਿਚੱ ਅਕਾਸ਼ ਦੀ ਉਤਪੱਤੀ ਨਹੀਂ ਹੁੰਦੀ, ਕਿਉਂਕਿ ਅਕਾਸ਼ ਤੋਂ ਬਿਨਾਂ ਪ੍ਰਕ੍ਰਿਤੀ ਅਰ ਪਰਮਾਂਣੂ ਕਿਥ ਠਹਰ ਸਕਨ, ਅਕਾਸ਼ ਤੋਂ ਪਿਛੇ ਵਾਯੂ, ਵਾਯੂ ਤੋਂ ਪਿੱਛੇ ਅਗਨੀ, ਅਗਨੀ ਦੇ ਪਿੱਛੇ ਜਲ, ਜਲਾਂ ਦੇ ਪਿਛੇ ਪ੍ਰਿਥਵੀ, ਪ੍ਰਿਥਵੀ ਥੀਂ ਔਸ਼ਧੀ, ਔਸ਼ਧੀਆਂ ਥੀਂ ਅੰਨ, ਅੰਨ ਥੀਂ ਬੀਰਜ, ਬੀਰਜ ਥੀਂ ਪੁਰਸ਼ ਅਰਥਾਤ ਸ਼ਰੀਰ ਉਤਪੰਨ ਹੁੰਦਾ ਹੈ, ਈਕਣ ਅਕਾਸ਼ ਆਦੀ ਦੇ ਕ੍ਰਮ ਥੀਂ, ਅਰ ਛਾਂਦੋਗਜ ਵਿਚ ਅਗਨੀ ਆਦੀ, ਐਤ੍ਰੇਜ ਵਿਚ ਜਲ ਆਦੀ ਕ੍ਰਮ ਥੀਂ ਸ੍ਰਿਸ਼ਟੀ ਹੋਈ (ਲਿਖੀਹੈ), ਵੇਦਾਂ ਵਿਚੱ ਕਿਦੇ ਪਰਸ਼ (ਈਸ਼੍ਵਰ) ਕਿਦੇ ਹਿਰਨਗਰਭ (ਪਰਮੇਸ਼੍ਵਰ) ਆਦੀ ਥੀਂ, ਮੀਮਾਸਾ ਵਿਚ ਕਰਮ, ਵੈਸ਼ੇਸ਼ਕ ਵਿਚੱ ਕਾਲ, ਨਿਆਇ ਵਿਚ ਪ੍ਰਮਾਣੂ, ਯੋਗ ਵ੍ਰਿਚ ਪੁਰਸ਼ਾਰਥ, ਸਾਂਖ ਵਿਚੱ ਪ੍ਰਕ੍ਰਿਤੀ ਅਰ ਵੇਦਾਂਤ ਵਿਚੱ ਬ੍ਰਹਮ ਥੀਂ ਸ੍ਰਿਸ਼ਟੀ ਦੀ ਉਤਪੱਤੀ ਮੰਨੀ ਹੈ, ਹੁਣ ਕਿਸ ਨੂੰ ਸੱਚਾ ਅਰ ਕਿਸ ਨੂੰ ਝੂਠਾ ਮਨੀਏਂ ।

(ਉਤ੍ਰ.) ਏਸ ਵਿਚ ਸਭ ਸੱਚੇ ਕੋਈ ਝੂਠਾ ਨਹੀਂ, ਝੂਠਾ ਉਹ ਹੈ ਜਿਹੜਾ

ਉਲਟਾ ਸਮਝਦਾ ਹੈ, ਕਿਉਂਕਿ ਪਰਮੇਸ਼ੂਰ ਨਮਿਤ ਕਾਰਣ ਅਰ ਪ੍ਰਕ੍ਰਿਤੀ ਜਗਤਦਾ ਉਪਾਦਾਂਨ ਕਾਰਣ ਹੈ, ਜਦ ਮਹਾਂ ਪਰਲੈ ਹੁੰਦੀ ਹੈ ਤਦ ਓਸਦੇ ਪਿਛੋਂ ਅਕਾਸ਼ ਆਦੀ ਦੇ ਕ੍ਰਮ ਕਰਕੇ, ਅਰ ਜਦ ਅਕਾਸ਼ ਅਰ ਵਾਯੂ ਦਾ ਪਰਲੈ ਨਹੀਂ ਹੁੰਦਾ ਅਰ ਅਗਨੀ ਆਦੀ ਦਾ ਹੁੰਦਾ ਹੈ ਤਾਂ ਅਗਨੀ ਆਦੀ ਦੇ ਕ੍ਰਮ ਕਰਕੇ, ਅਰ ਜਦ ਬਿਜਲੀ ਅਗਨੀ ਦਾ ਬੀ ਨਾਸ਼ ਨਹੀਂ ਹੁੰਦਾ ਤਦ ਜਲ ਦੇ ਕ੍ਰਮ ਕਰਕੇ ਸ੍ਰਿਸ਼ਟੀ ਹੁੰਦੀ ਹੈ,ਅਰਥਾਤ ਜਿਸ ੨ ਪਰਲੈ ਵਿਚੋਂ ਜਿਥੋਂ ੨ ਤਿਕ ਪਰਲੈ ਹੁੰਦੀ ਹੈ ਓਥੋਂ ੨ ਸ੍ਰਿਸ਼ਟੀ ਦੀ ਉਤਪੱਤੀ ਹੁੰਦੀ ਹੈ, ਪੁਰਸ਼ ਅਰ ਹਿਰਨਜਗਰਭ ਆਦੀ ਪਹਲੇ ਸਮੁੱਲਾਸ ਵਿਚ ਲਿਖ ਚੁੱਕੇ ਹਾਂ, ਉਹ ਸਭ ਪਰਮੇਸ਼ੂਰ ਦੇ ਨਾਉਂ ਹਨ, ਪ੍ਰੰਤੂ ਵਿਰੋਧ ਓਸ ਨੂੰ ਕਹੀਦੇ ਹਨ ਕਿ ਇਕੋ ਕੰਮ ਵਿਚ ਇਕੋ ਵਿਸ਼ੇ ਉੱਤੇ ਵਿਰੋਧ ਕਥਨ ਕੀਤਾ ਹੋਵੇ, ਵੇਖੋ ਛੀਆਂ ਸ਼ਾਸਤ੍ਰਾਂ ਦਾ ਇਕ ਮਤ ਹੋਣਾ ਏਸ ਤਰਾਂ ਨਾਲ ਸਿਧੱ ਹੈ।

ਮੀਮਾਸਾ ਵਿਚੱ ਕਹਿਆ ਹੈ ਕਿ: 'ਅਜੇਹਾਕੋਈ ਬੀ ਕੰਮ ਜਗਤ ਵਿਚ ਨਹੀਂ ਹੁੰਦਾ ਕਿ ਜਿਹਦੇ ਬਣਾਨ ਵਿਚੱ ਕਰਮ ਚੇਸ਼੍ਟਾ ਨ ਕੀਤੀਜਾਵੇ' ਵੈਸ਼ਸ਼ਕ ਵਿਚੱ ਕਹਿਆ ਹੈ ਕਿ:- 'ਸਮਾਂ ਨ ਲਗੇ ਤਾਂ ਬਣ ਹੀ ਨਹੀ ਸਕਦਾ।

ਨਿਆਇ ਵਿਚੱ ਕਹਿਆ ਹੈ ਕਿ:- ਉਪਾਦਾਨ ਕਾਰਣ ਨਹੋਣ ਕਰਕੇ ਕੁਝ ਬੀ ਨਹੀਂ ਬਣ ਸਕਦਾ'

ਯੋਗ ਵਿਚੱ ਕਹਿਆ ਹੈ ਕਿ:- 'ਵਿਦੱਯਾ, ਗਿਆਂਨ, ਵਿਚਾਰ ਨ ਕੀਤਾ ਜਾਵੇ ਤਾਂ ਨਹੀਂ ਬਣ ਸਕਦਾ।

ਸਾਂਖ ਵਿਚ ਕਹਿਆ ਹੈ ਕਿ:-'ਤਤੱਾਂਦਾ ਮੇਲ ਨ ਹੋਣ ਕਰਕੇ ਨਹੀਂ ਬਣ ਸਕਦਾ' ਅਰ ਵੇਦਾਂਤ ਵਿਚੱਕਹਿਆ ਹੈ ਕਿ:-

'ਬਣਾਣ ਵਾਲਾ ਨ ਬਣਾਵੇ ਤਾਂ ਕੋਈ ਬੀ ਪਦਾਰਥ ਉਤਪੰਨ ਨਹੀ ਹੋ' ਸਕਦਾ।

ਏਸ ਲਈ ਸ੍ਰਿਸ਼ਟੀ ਛੀ ਕਾਰਨਾਂ ਥੀਂ ਬਣਦੀ ਹੈ, ਉਨ੍ਹਾਂ ਛੀਆਂ ਕਾਰਨਾਂ ਵਿਚੋਂ ਇਕ ਇਕ ਦੀ ਵਯਾਖਯਾ ਇਕ ਇਕ ਸ਼ਾਸਤ੍ਰ ਵਿਚ ਕੀਤੀ ਹੈ,ਏਸ ਲਈ ਉਨ੍ਹਾਂ ਵਿਚੱ ਵਿਰੋਧ ਕੁਝ ਬੀ ਨਹੀਂ,ਜਿਸਤਰਾਂ ਨਾਲ ਛੀ ਮਨੁਖ ਕੱਠੇ ਹੋਕੇ ਇਕ ਛੱਪਰ ਨੂੰ ਉਠਾਂਨ ਅਰ ਓਸਨੂੰ ਕੰਧਾਂ ਤੇ ਰਖੱਨ ਉਸੇ ਤਰਾਂ ਸ੍ਰਿਸ਼ਟੀ ਰੂਪੀ ਕਾਰਜ ਦੀ ਵਯਾਖਯਾ ਛੀ ਸ਼ਾਸਤ੍ਰਾਂ ਨੇ ਮਿਲਕੇ ਪੂਰੀ ਕੀਤੀ ਹੈ, ਦ੍ਰਿਸ਼ਟਾਂਤ ਹੈ ਕਿ ਪੰਜਾਂ ਅਨ੍ਹਿਆਂ ਅਰ ਇਕ ਅਜਹੇ ਮਨੁਖ ਨੂੰ ਜਿਹ ਨੂੰ ਘਟ ਵੱਧ ਨਜਰ ਆਉਂਦਾ ਸੀ ਕਿਸੇ ਨੇ ਹਾਥੀ ਦਾ ਇਕ੨ ਅੰਗ ਦਸਿਆ, ਉਨ੍ਹਾਂ ਥੀਂ ਪੁਛਿਆ ਕਿ ਹਾਥੀ ਕੇਹੋ ਜੇਹਾ ਹੈ, ਉਨ੍ਹਾਂ ਵਿਚੋਂ ਇਕਨੇ ਕਹਿਆ ਥਮ ਵਰਗਾ, ਦੂਜੇ ਨੇ ਕਹਿਆ ਛਜ ਵਰਗਾ,ਤੀਜੇਨੇ ਕਹਿਆ ਮੋਹਲੇ ਵਰਗਾ,ਚੌਥੇਨੇ ਬਹਾਰੀ ਵਰਗਾ,ਪੰਜਵੇਂ ਨੇ ਕਿਹਾ ਥੜ੍ਹੇ ਵਰਗਾ,ਅਰ ਛੇਵੇਂ ਨੇ ਕਿਹਾ ਕਾਲਾ੨ਚਹੁੰ ਥਮਾਂ ਦੇ ਉਪੱਰ ਕੁਝ

ਮਸ਼ੀਦੀ ਸ਼ਕਲ ਵਾਲਾ ਹੈ, ਇਸੇ ਤਰਾਂ ਨਾਲ ਅਜ ਕਲ ਦੇ ਅਨਾਰਸ਼ ਨਵੇਂ ਗ੍ਰੰਥਾਂ ਦੇ ਪੜ੍ਹਨੇ ਅਰ ਪ੍ਰਾਕ੍ਰਿਤ ਭਾਸ਼ਾ ਵਾਲਿਆਂ ਨੇ ਰਿਸੀਆਂ ਦੇ ਬਣਾਏ ਹੋਏ ਗ੍ਰੰਥਾਂ ਨੂੰ ਪੜ੍ਹ ਕੇ ਨਵੀਂ ਮੋਟੀ ਬੁਧ ਵਾਲੇ ਲੋਂਗਾਂ ਦੇ ਬਣਾਏ ਹੋਏ ਸੰਸਕ੍ਰਿਤ ਅਰ ਹੋਰ ੨ ਜ਼ਬਾਨਾਂ ਦੇ ਗ੍ਰੰਥ ਪੜ੍ਹਕੇ ਇਕਦੂਜੇ ਦੀ ਨਿੰਦਜਾ ਵਿਚ ਲਗ ਕੇ ਝੂਠਾ ਝਗੜਾ ਮਚਾ ਰਖਿਆ ਹੈ, ਇਨਾਂ ਦਾ ਕਥਨ ਬੁਧਵਾਨਾਂ ਦੇ ਜਾਂ ਹੋਰਨਾਂ ਦ ਮਨੱਣ ਜੋਗ ਨਹੀਂ, ਕਿਉਂਕਿ ਜੇ ਅਨ੍ਹਿਆਂ ਦੇ ਪਿਛੇ ਅਨ੍ਹੇ ਚਲਨ ਤਾਂ ਦੁਖ ਕਿਉ ਨ ਪਾਂਨ? ਇਸੇ ਤਰਾਂ ਅਜ ਕੱਲ ਦੇ ਥੋੜੀ ਵਿਦਜਾ ਵਾਲੇ, ਸੁਾਰਥੀ ਇੰਦ੍ਰੀ ਅਰਾਮੀ, ਪੁਰਸ਼ਾਂ ਦੀ ਲੀਲਾ ਸੰਸਾਰਦਾ ਨਾਸ਼ ਕਰਨ ਵਾਲੀ ਹੈ।

(ਪ੍ਰਸ਼ਨ)ਜਦ ਕਾਰਣ ਦੇ ਬਗੈਰ ਕਾਰਜ ਨਹੀ ਹੁੰਦਾ ਤਾਂ ਕਾਰਨ ਦਾ ਕਾਰਨ ਕਿਉ ਨਹੀਂ?

(ਉਤ੍ਰ) ਹੇ ਭੋਲੇ ਭਰਾਉ! ਕੁਝ ਅਪਣੀ ਬੁਧ ਨੂੰ ਕੰਮ ਵਿੱਚ ਕਿਉਂ ਨਹੀਂ ਲਿਆਉਂਦੇ? ਵੇਖੋ ਸੰਸਾਰ ਵਿੱਚ ਦੋ ਹੀ ਪਦਾਰਥ ਹੁੰਦੇ ਹੈਨ ਇਕ ਕਾਰਨ ਦੂਜਾ ਕਾਰਜ, ਜਿਹੜਾ ਕਾਰਣ ਹੈ ਉਹ ਕਾਰਜ ਨਹੀਂ ਅਰ ਜਿਸ ਸਮੇ ਕਾਰਜ ਹੈ ਉਹ ਕਾਰਣ ਨਹੀ,ਜਦ ਤਿਕ ਮਨੁਖ ਸ੍ਰਿਸ਼ਟੀ ਨੂੰ ਠੀਕ ੨ ਨਹੀ ਸਮਝਦਾ ਤਦ ਤਿਕ ਓਸਨੂੰ ਠੀਕ ੨ ਗਿਆਂਨ ਪ੍ਰਾਪਤ ਨਹੀਂ ਹੁੰਦਾ॥

नित्यायाः सत्वरजस्तमसां साम्यावस्थायाः प्रकृतेरुत्पन्ना नां
परमसूक्ष्माणां पृथक् पृथग्वर्त्तमानानां तत्त्वपरमाणूनां प्रथमः
संयोगारम्भः संयोगविशेषादवस्थान्तरस्य स्थूलाकारप्राप्तिः
सृष्टिरुच्यते।

ਅਨਾਦੀ ਨਿਤ ਸਰੂਪ, ਸਤ, ਰਜ, ਅਰ ਤਮ, ਗੁਣਾਂ ਦੀ ਇਕ ਅਵਸਥਾ ਰੂਪ ਪ੍ਰਕ੍ਰਿਤੀ ਥੀਂ ਉਤਪੰਨ ਹੋਏ ਜੇਹੜੇ ਪਰਮ ਸੁਖਮ ਵਖੋ ਵਖਰੇ ਤਤ ਅਵੇਵਵਿਦਮਾਨ ਹਨ ਉਨ੍ਹਾਂਦੇ ਪ੍ਰਿਥਮਸੰਜੋਗ ਦੇ ਅਰੰਭ ਅਰਥਾਤਵਸ਼ੇਸ਼ਸੰਜੋਗਾਂ ਕਰਕੇ ਅਵਸਥਾ ਬਦਲਣ ਕਰਕੇ(ਓਹ ਸੂਖਮ ਚੀਜ)ਦੂਜੀਆਂ ਅਵਸਥਾਂ ਵਿਚ ਸਥੂਲ ੨ ਬਣਦੀ ਬਣਦੀ ਬਚਿੱਤ੍ਰ ਰੂਪ ਬਣਗਈ ਹੈ, ਇਸੇ ਤਰ੍ਹਾਂ ਸੰਸਰਗ ਹੋਣ ਕਰਕੇ ਏਸ ਨੂੰ ਸ੍ਰਿਸ਼ਟੀ ਕਹਿੰਦੇ ਹਨ॥

ਜਿਹੜੀ ਪ੍ਰਥਮ ਸੰਜੋਗ ਵਿਚ ਮਿਲੱਣ ਅਤੇ ਮਿਲਾਂਣ ਵਾਲੀ ਚੀਜ਼ ਹੈ ਜਿਹੜਾ ਸੰਜੋਗ ਦਾ ਆਦੀ ਅਰ ਵਿਭਾਗ ਦਾ ਅੰਤ ਹੈ ਅਰਥਾਤ ਜਿਸਦੇ ਭਾਗ ਨਹੀ ਹੋ ਸਕਦੇ ਓਸਨੂੰ ਕਾਰਣ, ਅਰ ਜਿਹੜੀ ਸੰਜੋਗ ਦੇ ਪਿੱਛੇ ਬਣਦੀ ਅਰ ਵਿਜੋਗ ਦੇ ਪਿਛੇ ਓਹੋ ਜਹੀ ਨਹੀਂ ਰਹਿੰਦੀ ਓਸਨੂੰ ਕਾਰਜ ਕਹਿੰਦੇ ਹਨ, ਜਿਹੜਾ ਮਨੁਖ ਓਸ ਕਾਰਨ ਦਾ ਕਾਰਨ ਕਾਰਜ ਦਾ ਕਾਰਜ ਕਰਤਾ ਦਾ ਕਰਤਾ ਸਾਧਨ ਦਾ ਸਾਧਨ ਅਰ ਸਾਧਜ ਦਾ ਸਾਧਜ ਕਹਿੰਦਾ ਹੈ ਉਹ ਵੇਖਦਾ ਹੋਇਆ ਅਨ੍ਹਾਂ, ਸੁਣਦਾ ਹੋਇਆ ਬੋਲਾ, ਅਰ ਜਾਣਦਾ ਹੋਇਆ ਮੂੜ ਹੈ,

ਅੱਖ ਦੀ ਅੱਖ, ਦੀਵੇ ਦਾ ਦੀਵਾ, ਅਰ ਸੂਰਜ ਦਾ ਸੂਰਜ ਕਦੀ ਹੋ ਸਕਦਾ ਹੈ ? ਜਿਸਥੀਂ ਉਤਪੰਨ ਹੁੰਦਾ ਹੈ ਉਹ ਕਾਰਨ, ਅਰ ਜਿਹੜਾ ਉਤਪੰਨ ਹੁੰਦਾ ਹੈ ਉਹ ਕਾਰਜ, ਅਰ ਜਿਹੜਾ ਕਾਰਣ ਨੂੰ ਕਾਰਜ ਰੂਪ ਬਣਾਣਹਾਰਾ ਹੈ ਉਹ ਕਰਤਾ ਕਹਾਉਂਦਾ ਹੈ ॥

नासतो विद्यते भावो नाभावो विद्यते सतः ।
उभयोरपि दृष्टोऽन्तस्त्वनयोस्तत्त्वदर्शिभिः ॥
भगवद्गी० अ० २ । १६ ॥

ਕਦੇ ਅਸਤ ਦਾ ਭਾਵ ਵਰਤਮਾਨ, ਅਰ ਸਤ ਦਾ ਅਭਾਵ ਵਰਤਮਾਨ ਨਹੀਂ ਹੁੰਦਾ, ਇਨ੍ਹਾਂ ਦੋਹਾਂ ਦਾ ਨਿਰਨਾ ਤਤ੍ਵ ਦਰਸ਼ੀ ਲੋਕਾਂ ਨੇ ਜਾਣਿਆ ਹੈ, ਹੋਰ ਪਖਪਾਤੀ, ਹਠੀ, ਮਲੀਨ ਆਤਮਾ, ਅਵਿਦਵਾਂਨ ਲੋਕ ਏਸ ਬਾਤ ਨੂੰ ਸਹਜ ਨਾਲ ਕਿਸਤਰਾਂ ਜਾਣ ਸਕਦੇ ਹਨ? ਕਿਉਂਕਿ ਜਿਹੜਾ ਮਨੁਖ ਵਿਦਵਾਂਨ ਸਤ ਸੰਗੀ ਹੋਕੇ ਪੂਰਾ ਵਿਚਾਰ ਨਹੀਂ ਕਰਦਾ ਉਹ ਸਦਾ ਭਰਮ ਰੂਪੀ ਜਾਲ ਵਿਚ ਫਸਿਆ ਰਹਿੰਦਾ ਹੈ, ਧੰਨ ਉਹ ਪੁਰਸ਼ ਹਨ ਕਿ ਸਭਨਾ ਵਿਦਿਆਂ ਦੇ ਸਿਧਾਂਤਾਂਨੂੰ ਜਾਂਣਦੇ ਹਨ, ਅਰ ਜਾਨਣ ਦੇ ਲਈ ਜਤਨ ਕਰਦੇ ਹਨ, ਜਾਣਕੇ ਹੋਰਨਾਂ ਨੂੰ ਨਿਸ਼ਕਪਟ ਭਾਵ ਨਾਲ ਜਣਾਂਦੇ ਹਨ, ਏਸਲਈ ਜਿਹੜਾ ਕਾਰਨ ਤੋਂ ਬਗੈਰ ਸ੍ਰਿਸ਼ਟੀ ਮੰਨਦਾ ਹੈ ਉਹ ਕੁਝਬੀ ਨਹੀਂ ਜਾਂਣਦਾ, ਜਦ ਸ੍ਰਿਸ਼ਟੀ ਬਣਨ ਦਾ ਸਮਾਂ ਆਉਂਦਾ ਹੈ ਤਦ ਪਰਮੇਸ਼ੁਰ ਉਨਾਂ ਪਰਮ ਸੂਖਮ ਪਦਾਰਥਾਂ ਨੂੰ ਕਠਾ ਕਰਦਾ ਹੈ ਏਸ ਉਤਪਤੀ ਦੀ ਪ੍ਰਿਥਮ ਅਵਸਥਾ ਵਿਚੋਂ ਜਿਹੜਾ ਪਰਮ ਸੂਖਮ ਪ੍ਰਕ੍ਰਿਤੀ ਰੂਪ ਕਾਰਨ ਥੀਂ ਕੁਝ ਸਥੂਲ ਹੁੰਦਾ ਹੈ ਓਸਦਾ ਨਾਉਂ ਮਹਤਤ, ਅਰ ਜਿਹੜਾ ਓਸਤੋਂ ਕੁਝ ਸਥੂਲ ਹੁੰਦਾ ਹੈ ਓਸਦਾ ਨਾਉਂ ਅਹੰਕਾਰ, ਅਰ ਅਹੰਕਾਰ ਥੀਂ ਭਿੰਨ ੨ ਪੰਜ ਸੂਖਮ ਭੂਤ। ਕੰਨ, ਤੁਚਾ, ਨੇਤ੍ਰ, ਜੀਭ, ਨਕ, ਪੰਜ ਗਿਆਨ ਇੰਦ੍ਰੀਆਂ, ਵਾਕ, ਹਥ, ਪੈਰ, ਉਪਸਤ ਅਰ ਗੁਦਾ ਇਹ ਪੰਜ ਕਰਮ ਇੰਦ੍ਰੀਆਂ ਅਰ ਯਾਹਰਵਾਂ ਮਨ ਕੁਝ ਸਥੂਲ ਉਤਪੰਨ ਹੁੰਦਾ ਹੈ, ਅਰ ਉਨ੍ਹਾਂ ਪੰਜਾਂ ਤਨਮਾਤ੍ਰਾਂ ਥੀਂ ਅਨੇਕ ਸਥੂਲ ਅਵਸਥਾਂ ਨੂੰ ਪ੍ਰਾਪਤ ਹੁੰਦੇ ਹੋਏ ਕ੍ਰਮ ਨਾਲ ਪੰਜ ਸਥੂਲ ਭੂਤ ਜਿਨ੍ਹਾਂ ਨੂੰ ਅਸੀਂ ਲੋਕ ਪ੍ਰਤਖ ਵੇਖਦੇ ਹਾਂ ਉਤਪੰਨ ਹੁੰਦੇ ਹਨ, ਉਨ੍ਹਾਂ ਥੀਂ ਨਾਨਾਂ ਪ੍ਰਕਾਰ ਦੀ ਔਸ਼ਧੀਆਂ ਬ੍ਰਿਖਤ ਆਦੀ, ਉਨ੍ਹਾਂ ਥੀਂ ਅੰਨ, ਅੰਨ ਥੀਂ ਬੀਰਜ ਅਰ ਬੀਰਜ ਥੀਂ ਸ਼ਰੀਰ ਹੁੰਦਾ ਹੈ, ਪ੍ਰੰਤੂ ਆਦੀ ਸ੍ਰਿਸ਼ਟੀ ਮੈਥਨੀ ਨਹੀਂ ਹੁੰਦੀ, ਕਿਉਂਕਿ ਜਦ ਪਰਮੇਸ਼ੁਰ ਇਸਤ੍ਰੀ ਅਰ ਮਰਦ ਦੇ ਸ਼ਰੀਰ ਬਣਾ ਕੇ ਉਨ੍ਹਾਂ ਵਿਚ ਜੀਵਾਂ ਦਾ ਸੰਜੋਗ ਕਰਦੇਂਦਾ ਹੈ ਓਸਤੋਂ ਪਿਛੋਂ ਮੈਥਨੀ ਸ੍ਰਿਸ਼ਟੀ ਚਲਦੀ ਹੈ।

ਵੇਖੋ ਸ਼ਰੀਰ ਵਿਚੋਂ ਕੇਹੋਜੇਹੀ ਗਿਆਂਨ ਪੂਰਬਕ ਸ੍ਰਿਸ਼ਟੀ ਰਚੀ ਹੈ ਕਿ ਜਿਸ ਨੂੰ ਵਿਦਵਾਂਨ ਲੋਗਬੀ ਵੇਖ ਕੇ ਹਕੇ ਬਕੇ ਰਹ ਜਾਂਦੇ ਹਨ, ਅੰਦਰ ਹਡੀਆਂ ਦਾ

ਜੋੜ, ਨਾੜੀਆਂ ਦਾ ਬੰਧੇਜ, ਮਾਸਦੀ ਲਿਪਾਈ, ਚਮੜੇ ਦਾ ਢਕੱਣ, ਤਿਲੀ ਜਿਗਰ, ਫਿਫੜਾ, ਪਖੇ ਦੀ ਕਲਾ ਦਾ ਸਥਾਪਨ, ਜੀਉਦਾ ਸੰਯੋਜਨ, ਸ਼ਿਰੋ ਰੂਪੀ ਮੂਲ ਰਚਨਾ, ਵਾਲ, ਨਹੁੰ ਆਦੀ ਦਾ ਸਥਾਪਨ, ਅੱਖਦੀ ਅਤੀ ਸੂਖਮ ਸ਼ਿਰਾ ਦਾ ਤਾਰ ਵਰਗਾ ਗ੍ਰੰਥਨ, ਇੰਦ੍ਰੀਆਂ ਦੇ ਮਾਰਗਾਂ ਦਾ ਪ੍ਰਕਾਸ਼ਨ, ਜੀਉ ਦੀ ਜਾਗ੍ਰਤ, ਸ੍ਵਪਨ, ਸਖੋਪਤੀ ਅਵਸਥਾ ਦੇ ਭੋਗਣ ਵਾਸਤੇ ਵਸ਼ੇਸ਼ ਸਥਾਨਾਂ ਦਾ ਨਿਰਮਾਣ, ਸਭ ਧਾਤੂ ਦਾ ਵਿਭਾਗ ਕਰਨਾ, ਕਲਾ ਕੌਸ਼ਲ ਸਥਾਪਨ ਆਦੀ ਅਚਰਜ ਸ੍ਰਿਸ਼ਟੀ ਨੂੰ ਬਗੈਰ ਪਰਮੇਸ਼੍ਵਰ ਦੇ ਕੌਣ ਕਰ ਸਕਦਾ ਹੈ? ਏਸ਼ਤੋਂਵਧੀ ਕ ਨਾਨਾ ਪ੍ਰਕਾਰ ਦੇ ਰਤਨ, ਧਾਤੂ ਨਾਲ ਜੜੀ ਹੋਈ ਜਮੀਨ, ਤਰਾਂ ੨ਦੇਬੋਹੜ ਬ੍ਰਿਖ ਆਦੀ ਦੇ ਜੀਵਾਂ ਵਿਚ ਅਤੀ ਸੂਖਮ ਰਚਨਾ, ਅਸੰਖ ਹਰੇ ੨ ਚਿਟੇ, ਪੀਲੇ, ਕਾਲੇ, ਚਿਤ੍ਰ ਮਿਤ੍ਰ ਕੀਤੇ ਹੋਏ ਪਤੇ, ਫੁਲ, ਫਲ, ਮੂਲ ਦਾ ਬਣਾਣਾ ਮਿਠੇ ਖਾਰੇ, ਕੌੜੇ, ਥਕ ਥਕੇ, ਚੜਪੜੇ, ਖਟੇ ਆਦੀ ਤਰਾਂ ੨ ਦੇਸ੍ਵਾਦ, ਸੁਗੰਧੀ ਵਾਲੇ ਪਤੇ, ਫੁਲ, ਫਲ, ਆਦੀ ਦੀ ਰਚਨਾ, ਅਨੇਕਾਂ ਅਨੇਕ ਕਰੋੜਾਂ ਜਮੀਨਾਂ ਸੂਰਜ ਚੰਦ੍ਰਮਾ ਆਦੀ ਲੋਕਾਂ ਦਾ ਬਣਾਣਾ, ਉਨ੍ਹਾਂ ਨੂੰ ਧਾਰਨ ਕਰਨਾ ਅਤੇ ਚਕ੍ਰ ਵਿਚ ਚਲਾਉਣਾ, ਉਨ੍ਹਾਂ ਨੂੰਨੇਮਾ ਵਿਚ ਰਖਣਾ ਆਦੀ ਪਰਮੇਸ਼੍ਵਰ ਦੇ ਬਿਨਾ ਕੋਈ ਬੀ ਨਹੀਂ ਕਰ ਸਕਦਾ।

ਜਦ ਕੋਈ ਕਿਸੇ ਪਦਾਰਥ ਨੂੰ ਵੇਖਦਾ ਹੈ ਤਾਂ ਦੋ ਪ੍ਰਕਾਰ ਦਾ ਗਿਆਨ ਉਤਪੰਨ ਹੁੰਦਾ ਹੈ, ਇਕ ਜਿਸਤਰਾਂ ਦੀ ਓਹ ਚੀਜ ਹੈ ਅਰ ਦੂਜਾ ਓਸ ਵਿੱਚ ਰਚਨਾ ਵੇਖਕੇ ਬਣਾਣ ਵਾਲੇ ਦਾ ਗਿਆਨ, ਜਿਸਤ੍ਰਾਂ ਕਿਸੇ ਪੁਰਸ਼ ਨੇ ਸੋਹਣਾ ਗਹਣਾ ਜੰਗਲ ਵਿਚ ਪਾਇਆ ਵੇਖਕੇ ਮਲੂੰਮ ਹੋਇਆ ਕਿ ਇਹ ਸੋਨੇ ਦਾ ਹੈ, ਅਰ ਕਿਸੇ ਬੁਧਵਾਨ ਕਾਰੀਗਰ ਨੇ ਬਣ੍ਹਾਇਆ ਹੈ, ਇਸੇ ਤਰਾਂ ਦੁਨੀਆਂ ਵਿੱਚ ਤਰਾਂ੨ ਦੀ ਰਚਨਾ ਬਣਾਣ ਵਾਲੇ ਪਰਮੇਸ਼੍ਵਰ ਨੂੰ ਸਿਧ ਕਰਦੀ ਹੈ॥

(ਪ੍ਰਸ਼ਨ) ਮਨੁਖ ਦੀ ਸ੍ਰਿਸ਼੍ਟੀ ਪਹਲੋਂ ਹੋਈ ਜਾਂ ਪ੍ਰਿਥਵੀ ਆਦੀ ਦੀ ?

(ਉਤ੍ਰ) ਪ੍ਰਿਥਵੀ ਆਦੀ ਦੀ ਕਿਂਉਕਿ ਪ੍ਰਿਥਵੀ ਆਦੀ ਦੇ ਬਗੈਰ ਮਨੁਖ ਦਾ ਟਿਕਣ ਅਰ ਪਾਲਣ ਨਹੀਂ ਹੋ ਸਕਦਾ॥

(ਪ੍ਰਸ਼ਨ)ਸ਼੍ਰਿਸਟੀ ਦੇ ਆਦ ਵਿਚੱ ਇਕ ਮਨੁਖ ਵਾ ਅਨੇਕ ਮਨੁਖ ਉਤਪੰਨ ਕੀਤੇ ਸਨ?

(ਉਤ੍ਰ )ਅਨੇਕ, ਕਿੰਉਕਿ ਜਿਨਾਂ ਜੀਵਾਂ ਦੇ ਕਰਮ ਈਸ਼੍ਵਰ ਦੀ ਸ਼੍ਰਿਸਟੀ ਵਿਚ ਜਨਮ ਲੈਣਦੇ ਸਨ ਉਨ੍ਹਾਂ ਨੂੰ ਜਨਮ ਸ਼੍ਰਿਸਟੀ ਦੇ ਆਦ ਵਿਚ ਈਸ਼੍ਵਰ ਨੇ ਦਿਤਾ ਕਿਂਉਕਿਃ—

"मनुष्या ऋषयश्चये। ततो मनुष्या अजायन्त"

ਇਹ ਯਜੁਰ ਵੇਦ ਵਿਚ ਲਿਖਿਆ ਹੈ

ਏਸ ਪ੍ਰਮਾਣ ਥੀਂ ਇਹੀ ਨਿਸਚੇ ਹੈ ਕਿ ਆਦ ਵਿਚੱ ਅਨੇਕ ਅਰ-

ਬਾਤ ਸੈਂਕੜੇ ਹਜਾਰਾਂ ਮਨੁਖ ਉਤਪੰਨ ਹੋਏ ਅਰ ਸ੍ਰਿਸ਼ਟੀ ਵਿਚ ਵੇਖਣ ਨਾਲ ਬੀ ਨਿਸਚਾ ਹੁੰਦਾ ਹੈ ਕਿ ਮਨੁਖ ਅਨੇਕ ਮਾਂ, ਪਿਉ, ਦੀ ਸੰਤਾਨ ਹਨ।

(ਪ੍ਰਸ਼ਨ) ਆਦੀ ਸ੍ਰਿਸ਼ਟੀ ਵਿਚ ਮਨੁਖ ਆਦੀ ਦੀ ਬਾਲ, ਜੁਆਨੀ ਜਾਂ ਬ੍ਰਿਧ ਅਵਸਥਾ ਵਿਚ, ਸ੍ਰਿਸ਼ਟੀ ਹੋਈ ਸੀ ਅਥਵਾ ਤਿੰਨਾਂ ਵਿਚ ?

(ਉਤ੍ਰ) ਜੁਆਨੀ ਦੀ ਅਵਸਥਾ ਵਿਚ, ਕਿਉਂਕਿ ਜੇ ਬਾਲਕ ਉਤ-ਪੰਨ ਕਰਦਾ ਤਾਂ ਉਨ੍ਹਾਂ ਦੇ ਪਾਲਣ ਵਾਸਤੇ ਦੂਜੇ ਮਨੁਖਾਂ ਦੀ ਲੋੜ ਹੁੰਦੀ, ਅਰ ਜੇ ਬੁਢੇ ਬਣਾਉਂਦਾ ਤਾਂ ਮੈਥਨੀ ਸ੍ਰਿਸ਼ਟੀ ਨ ਹੁੰਦੀ ਇਸ ਲਈ ਜੁਆਨੀ ਦੀ ਅਵਸਥਾ ਵਿਚ ਸ੍ਰਿਸ਼ਟੀ ਕੀਤੀ ਹੈ।

(ਪ੍ਰਸ਼ਨ) ਕਦੀ ਸ੍ਰਿਸ਼ਟੀ ਦਾ ਅਰੰਭ ਹੈ ਜਾਂ ਨਹੀਂ ?

(ਉਤ੍ਰ) ਨਹੀਂ ਜਿਸਤਰਾਂ ਦਿਨ ਦੇ ਪਹਲੇ ਰਾਤ, ਅਰ ਰਾਤ ਦੇ ਪਹਲੇ ਦਿਨ ਤਥਾ ਦਿਨ ਦੇ ਪਿਛੇ ਰਾਤ, ਅਰ ਰਾਤ ਦੇ ਪਿਛੇ ਦਿਨ ਬਰਬੱਰ ਚਲਿਆ ਆਉਂਦਾ ਹੈ, ਇਸੇ ਤਰਾਂ ਸ੍ਰਿਸ਼ਟੀ ਦੇ ਪਹਲੇ ਪਰਲੈ ਅਰ ਪਰਲੈ ਦੇ ਪਹਲੇ ਸ੍ਰਿਸ਼ਟੀ, ਤਥਾ ਸ੍ਰਿਸ਼ਟੀ ਦੇ ਪਿਛੇ ਪਰਲੈ ਅਰ ਪਰਲੈ ਦੇਅਗੇ ਸ੍ਰਿਸ਼ਟੀ ਅਨਾਦੀ ਕਾਲ ਥੀਂ ਏਹੋ ਚਕ੍ਰ ਚਲਿਆ ਆਂਉਦਾ ਹੈ ਇਸ ਦਾ ਆਦ ਜਾਂ ਅੰਤ ਨਹੀਂ, [illegible] ਜਿਸਤਰਾਂ ਦਿਨ ਜਾਂ ਰਾਤ ਦਾ ਅਰੰਭ ਅਰ ਅੰਤ ਵੇਖਣ ਵਿੱਚ ਆਉਂਦਾ ਹੈ ਉਸੇ ਤਰਾਂ ਸ੍ਰਿਸ਼ਟੀ ਅਰ ਪਰਲੈ ਦਾ ਆਦ ਅੰਤ ਹੁੰਦਾ ਹੈ, ਕਿਉਂਕਿ ਜਿਸਤਰਾਂ ਪਰਮੇਸ਼੍ਵਰ, ਜੀਵ, [illegible] ਜਗਤ ਦਾ ਕਾਰਨ ਤਿੰਨੋ ਸਰੂਪ ਬੀ ਅਨਾਦੀ ਹਨ ਉਸੇ ਤਰਾਂ ਜਗਤ ਦੀ ਉਤਪ[illegible], ਇਸਥਿਤੀ, ਅਰ ਪਰਲੈ ਪ੍ਰਵਾਹ ਥੀਂ ਅਨਾਦੀ ਹਨ, ਜਿਸਤਰਾਂ ਕਦੀ ਨਦੀ ਦਾ ਪ੍ਰਵਾਹ [illegible] ਆਉਂਦਾ ਹੈ ਕਦੀ ਸੁੱਕ ਜਾਂਦਾਹੈ ਕਦੀ ਨਜਰ ਨਹੀਂ ਆਉਂਦਾ, ਫੇਰਬਰਸਾਤ ਵਿਚਨਜਰ [illegible]ਉਂਦਾ, ਅਰ ਗਰਮੀਆਂ ਵਿੱਚ ਨਹੀਂ ਨਜਰ ਆਉਂਦਾ ਇਸ ਪ੍ਰਕਾਰ ਦੇ [illegible] ਪ੍ਰਵਾਹ ਰੂਪ ਜਾਂਣਨਾ ਚਾਹੀਏ, ਜਿਸਤਰਾਂ ਪਰਮੇਸ਼੍ਵਰ ਦੇ ਗੁਣ, [illegible]ਹਾਰਾਂ ਨੂੰ [illegible] ਹਨ ਉਸੇ ਤਰਾਂ ਨਾਲ ਓਸਦੇ ਕੰਮ ਜਗਤ ਦੀ [illegible]ਰਮ ਸੁਭਾਉ ਅਨਾ[illegible] ਕਰਨਾ ਬੀ ਅਨਾਦੀ ਹਨ, ਜਿਸਤਰਾਂ ਨਾਲ [illegible]ਤਪੱਤੀ ਸਥਿਤੀ, ਅਰ ਪਰਲ[illegible] [illegible]ਦੀ ਪਰਮੇਸ਼੍ਵਰ ਦੇ ਗੁਣ ਕਰਮ ਸੁਭਾਉ [illegible]ਦਾ ਅਰੰਭਅਰ ਅੰਤ ਨਹੀਂ ਉਸੇ ਤਰਾਂ ਉਸਦੇ ਕੰਮਾ ਦਾ ਬੀ ਅਰੰਭ ਅਰ ਅੰਤ ਨਹੀਂ ॥

(ਪ੍ਰਸ਼ਨ) ਪਰਮੇਸ਼੍ਵਰ ਨੇ ਕਈਆਂ ਜੀਵਾਂ ਨੂੰ ਮਨੁਖ ਜਨ[illegible], ਕਈਆਂ ਨੂੰ [illegible]ਘ ਆਦੀ ਕ੍ਰੂਰ ਜਨਮ, ਕਈਆਂ ਨੂੰ ਹਰਨ ਗਊ ਆਦੀ ਪਸ਼ੂਆਂ ਦਾ [illegible]ਨਮ, ਕਈਆਂ ਨੂੰ ਦ੍ਰਖਤ ਆਦੀ ਅਰ ਕੀੜੇ ਮਕੌੜੇ ਪਤੰਗ ਆਦੀ ਦੇ [illegible]ਨਮ ਦਿੱਤੇ ਹਨ, ਇਸ ਕਾਰਨ ਪਰਮੇਸ਼੍ਵਰ ਪਖਪਾਤੀ ਠਹਿਰਦਾ ਹੈ।

(ਉਤ੍ਰ) ਪਖਪਾਤੀ ਨਹੀਂ ਠਹਿਰਦਾ ਕਿਉਂ ਜੋ ਉਨ੍ਹਾਂ ਜੀਵਾਂ ਦੇ ਪਿਛਲੇ [illegible]ਨਮ ਵਿਚਕੀਤੇ ਹੋਏ ਕਰਮਾਂ ਦੇ ਅਨੁਸਾਰ ਬਵਸਥਾਕਰਦਾ ਹੈ ਜੇ ਕਰਮ

ਦੇ ਬਿਨਾਂ ਜਨਮ ਦੇਂਦਾ ਤਾਂ ਪਖਪਾਤੀ ਹੁੰਦਾ॥

(ਪ੍ਰਸ਼ਨ) ਮਨੁੱਖਾਂ ਦੀ ਆਦੀ ਸ੍ਰਿਸ਼ਟੀ ਕੇਹੜੀ ਜਗਾ ਹੋਈ।

(ਉਤ੍ਰ) ਤ੍ਰਿਵਿਸ਼ਟਪ ਅਰਥਾਤ ਜਿਸਨੂੰ ਤਿੱਬਤ ਕਹਿੰਦੇ ਹਨ?।

(ਪ੍ਰਸ਼ਨ) ਆਦੀ ਸ੍ਰਿਸ਼ਟੀ ਵਿੱਚ ਇਕ ਜਾਤੀ ਸੀ ਜਾਂ ਅਨੇਕ ?

(ਉਤ੍ਰ )ਇਕ ਮਨੁਖ ਜਾਤੀ ਸੀ ਫੇਰ

"विजानीह्यार्यान्ये च दस्यवः"

ਇਹ ਰਿਗ ਵੇਦ ਦਾ ਬਚਨ ਹੈ

ਸ੍ਰੇਸ਼ਟਾਂ ਦਾ ਨਾਉਂ ਆਰੀਆ, ਵਿਦਵਾਂਨ ਦੇਵ, ਅਰ ਦੁਸ਼ਟਾਂ ਦਾ ਨਾਉਂ ਦਸ੍ਯੁ ਅਰਥਾਤ ਡਾਕੂ ਮੂਰਖ ਹੋਣ ਕਰਕੇ ਆਰੀਆ ਅਰ ਦਸ੍ਯੁ ਦੋ ਨਾਉਂ ਹੋਗਏ॥

"उत शूद्रे उतार्ये"

ਆਰੀਆਂ ਵਿਚ ਉੱਪਰ ਲਿਖੇ ਪ੍ਰਕਾਰ ਬ੍ਰਾਹਮਣ, ਖਤ੍ਰੀ, ਵੈਸ਼ ਅਰ ਸ਼ੂਦ੍ਰ ਚਾਰ ਭੇਦ ਹੋਏ, ਦ੍ਵਿਜ ਵਿਦਵਾਨਾਂ ਦਾ ਨਾਮ ਆਰੀਆ, ਅਰ ਮੂਰਖਾਂ ਦਾ ਨਾਉ, ਸ਼ੂਦਰ, ਅਨਾਰੀਆ ਅਰਥਾਤ ਅਨਾੜੀ ਹੋਇਆ॥

(ਪ੍ਰਸ਼ਨ, ਫੇਰ ਉਹ ਏਥੇ ਕਿਸਤਰਾਂ ਆਏ?

(ਉਤ੍ਰ ਆਰੀਆ ਅਰ ਦਸ੍ਯੂਆਂ ਵਿੱਚ, ਅਰਥਾਤ੍ ਵਿਦਵਾਨਾਂ ਦੇਵਤਿਆਂ ਅਰ ਅਵਿਦਵਾਨਾਂ ਅਸੁਰਾਂ ਵਿਚ [illegible] ਲੜਾਈ ਬਖੇੜਾ ਹੁੰਦਾ ਰਹਿਆ ਹੈ, ਜਦ ਬਹੁਤ ਉਪੱਦ੍ਰਵ [illegible] ਲੱਗਾ ਤਦ ਆਰੀਆ ਲੋਗ ਸਾਰੀ ਪ੍ਰਿਥਵੀ ਵਿਚੋਂ [illegible] ਭੂਮੀ ਦੇ ਖੰਡ ਨੂੰ ਉੱਤਮ ਜਾਣਕੇ ਏਥੇ ਹੀ ਆਨ ਵਸੇ ਏਸ ਕਰਕੇ ਏਸ ਦੇਸ਼ ਦਾ ਨਾਮ 'ਆਰੀਆਵਰਤ ਹੋਇਆ'

(ਪ੍ਰਸਨ)ਆਰੀਆ ਵਰਤ ਦੀ ਔਧੀ ਕਿਥੋਂ ਤੀਕਣ ਹੈ॥

(ਉਤ੍ਰ):–

आसमुद्रातु वै पूर्वादासमु[illegible]तु पश्चिमात्।
तयोरेवान्तरं गिर्यो[illegible]र्यावर्तं विदुर्बुधाः॥

सरस्[illegible]नादृषद्वत्योर्देवनद्योर्यदन्तरम्।
तं देवनि[illegible]मितं देशमार्यावर्तं प्रचक्षते॥ मनु० २। २२। १७॥

ਉਤ੍ਰ ਵਿਚ ਹਿਮਾਲਾ, ਦਖੱਣ ਵਿਚ ਬਿੰਧਯਾਚਲ, ਪੂਰਬ ਅਰ ਪਛੱਮ ਵਿਚੱ ਸਮੁੰਦਰ ਅਤੇ ਪਛੱਮ ਵਿਚ ਸਰੁਸੱਤੀ ਅਰਥਾਤ ਅਟਕ ਨਦੀ, ਪੂਰਬਵਿਚ ਦ੍ਰਿਸ਼ਦ੍ਵਤੀ ਜੇਹੜੀ ਨਿਪਾਲ ਦੇ ਪੂਰਬ ਭਾਗ ਦੇ ਪਹਾੜ ਥੀਂ ਨਿਕਲਕੇ ਬੰਗਾਲ ਅਰ ਆਸਾਮ ਦੇ ਪੂਰਬ ਅਰ ਬ੍ਰਹਮਾ ਦੇ ਪਛੱਮ ਵਲ ਹੋਕੇ ਦਖਣ ਦੇ ਸਮੁੰਦਰ ਵਿਚ ਮਿਲੀ ਹੈ ਜਿਸ ਨੂੰ ਬ੍ਰਹਮਪੁਤ੍ਰਾ ਕਹਿੰਦੇ ਹਨ ਅਰ ਜਿਹੜੀ ਉਤ੍ਰ ਦੇ ਪਹਾੜਾਂ ਥੀਂ ਨਿਕਲਕੇ ਦਖੱਣ ਦੇ ਸਮੁੰਦਰ ਦੀ ਖਾੜੀ ਵਿਚ ਅਟਕ ਮਿਲੀ ਹੈ

ਹਿਮਾਲ਼ਾ ਦੀ ਮਧ ਰੇਖਾ ਥੀਂ ਦਖਣ ਅਰ ਪਹਾੜਾਂ ਦੇ ਅੰਦਰ ਅਰ ਰਾਮੇਸ਼੍ਵਰ ਪ੍ਰਜੰਤ ਬਿੰਧਯਾਚਲ ਦੇ ਅੰਦਰ ਅੰਦਰ ਜਿਨੇ ਦਸ਼ ਹਨ ਉਨ੍ਹਾਂ ਸਾਰਿਆਂ ਨੂੰ ਆਰੀਆਂ ਵਰਤ ਏਸ ਲਈ ਕਹਿੰਦੇ ਹਨ ਕਿ ਇਹ ਆਰੀਆਵਰਤ ਦੇਵ ਅਰਥਾਤ ਵਿਦਵਾਨਾਂ ਨੇ ਵਸਾਇਆ ਅਰ ਆਰੀਆ ਜਨਾਂ ਦੇ ਨਿਵਾਸ ਕਰਨੇ ਥੀਂ ਆਰੀਆਵਰਤ ਕਹਾਉਂਦਾ ਹੈ।

(ਪ੍ਰਸ਼ਨ) ਪਹਲੇ ਏਸ ਦੇਸ਼ ਦਾ ਕੀ ਨਾਉਂ ਸੀ ਅਰ ਏਸ ਵਿਚ ਕੌਣ ਵਸਦੇ ਸਨ?

(ਉਤ੍ਰ) ਏਸ ਤੋਂ ਪਹਲੇ ਏਸ ਦੇਸ਼ ਦਾ ਕੋਈ ਬੀ ਨਾਉਂ ਨਹੀਂ ਸੀ ਅਰ ਨ ਕੋਈ ਆਰੀਆ ਤੋਂ ਪਹਲੇ ਏਸ ਦੇਸ਼ ਵਿਚ ਵਸਦੇ ਸਨ, ਕਿਉਂਕਿ ਆਰੀਆ ਲੋਕ ਸ੍ਰਿਸ਼ਟੀ ਦੇ ਆਦ ਵਿਚ ਕੁਝ ਕਾਲ ਦੇ ਪਿਛੋਂ ਤਿਬੱਤ ਤੋਂ ਸਿਧੇ ਇਸੇ ਦੇਸ਼ ਵਿਚ ਆਕੇ ਵਸੇ ਸਨ।

(ਪ੍ਰਸ਼ਨ) ਕਈ ਕਹਿੰਦੇ ਹਨ ਕਿ ਇਹ ਲੋਗ ਈਰਾਨ ਤੋਂ ਆਏ ਅਰ ਏਸ ਕਾਰਨ ਥੀਂ ਇਨ੍ਹਾਂ ਲੋਕਾਂ ਦਾ ਨਾਉਂ ਆਰੀਆ ਹੋਇਆ, ਇਨ੍ਹਾਂ ਤੋਂ ਪਹਲੇਂ ਇਥੇ ਜੰਗਲੀ ਲੋਗ ਵੱਸਦੇ ਸਨ ਜਿਨ੍ਹਾਂ ਨੂੰ ਅਸੁਰ ਅਰ ਰਾਖਸ ਕਹਿੰਦੇ ਸਨ, ਆਰੀਆ ਲੋਕ ਅਪਣੇ ਨੂੰ ਦੇਵਤਾ ਦਸਦੇ ਸਨ ਅਰ ਉਨਾਂ ਦਾ ਜਦ ਸੰਗ੍ਰਾਮ ਹੋਇਆ ਤਾਂ ਓਸਦਾ ਨਾਂਉ, 'ਦੇਵ ਅਸੁਰ ਸੰਗ੍ਰਾਮ' ਕਥਾ ਦੇ ਵਿਚ ਠਹਿਰਾਇਆ।

(ਉਤ੍ਰ) ਏਹ ਬਾਤ ਸਰਬਥਾ ਝੂਠੀ ਹੈ ਕਿਉਂਕਿ—

विजानीह्यार्यान्ये च दस्यवो बर्हिष्मते रन्धया शासदव्रतान्। ऋ० मं० १। सू० ५१। मं० ८॥

उत शूद्रे उतार्ये॥ अथर्व० कां० १९। व० ६२॥

ਇਹ ਲਿਖ ਚੁਕੇ ਹਾਂ ਕਿ ਆਰੀਆ ਨਾਉਂ ਧਰਮ ਤੇ ਚਲਨ ਵਾਲੇ, ਵਿਦਵਾਂਨ ਸੱਤ ਵਕਤਾ ਪੁਰਖਾਂ ਦਾ ਅਰ ਇਨ੍ਹਾਂ ਦੇ ਵਿਪ੍ਰੀਤ ਲੋਕਾਂ ਦਾ ਨਾਉਂ ਦਸਯੂ ਅਰਥਾਤ ਡਾਕੂ, ਦੁਸ਼ਟ, ਧਰਮ ਤੇ ਨ ਚਲਨ ਵਾਲੇ ਅਰ ਅਵਿਦੱਵਾਂਨ ਹੈ, ਤਥਾ ਬ੍ਰਾਹਮਣ, ਖੱਤ੍ਰੀ ਵੈਸ਼, ਦ੍ਵਿਜਾਂ ਦਾ ਨਾਉਂ ਆਰੀਆ ਅਰ ਸ਼ੂਦ੍ਰ ਦਾ ਨਾਉਂ ਅਨਾਰੀਆ ਅਰਥਾਤ ਅਨਾੜੀ ਹੈ, ਜਦ ਵੇਦ ਅਜੇਹਾ ਕਹਿੰਦਾ ਹੈ ਤਾਂ ਹੋਰ ਬਦੇਸ਼ੀਆਂ ਦੇ ਢਕਵੰਜਾਂ ਨੂੰ ਬੁਧਮਾਨ ਲੋਕ ਕਦੀ ਨਹੀਂ ਮੰਨ ਸਕਦੇ, ਅਰ ਦੇਵ ਅਸੁਰ ਸੰਗ੍ਰਾਮ ਵਿਚ ਆਰੀਆ ਵਰਤ ਬਾਸੀ ਅਰਜੁਨ ਅਰ ਮਹਾਰਾਜਾ ਦਸ਼ਰਥ ਆਦੀ ਆਰਯਾ ਅਰ ਦਸਯੂ ਮਲੇਛ ਅਸੁਰਾਂ ਦੇ ਯੁਧ ਵਿਚ ਜੇਹੜਾ ਹਿਮਾਲੇ ਦੇ ਪਹਾੜ ਵਿਚ ਹੋਇਆ ਸੀ ਦੇਵ ਅਰਥਾਤ ਆਰੀਆਂ ਦੀ ਰਖਯਾ ਅਰ ਅਸੁਰਾਂ ਕੇ ਜਿਤਣ ਨੂੰ ਸਹਾਇਕ ਹੋਏ ਸਨ, ਏਸਥੀਂ ਇਹ ਸਿਧੱ ਹੁੰਦਾ ਹੈ ਕਿ ਆਰੀਆ ਵਰਤ ਦੇ ਬਾਹਰ ਚਹੁੰ ਪਾਸੇ ਜਿਹੜੇ ਹਿਮਾ-

ਲੇ ਦੇ ਪੂਰਬ ਅਰ ਆਗਨੇਯ, ਦਖੱਣ, ਨੈਰਤ, ਪਛੱਮ, ਵਾਇਵ, ਉਤ੍ਰ,ਅਰ ਈਸ਼ਾਨ ਦੇਸ਼ ਵਿਚੱ ਜਿਹੜੇ ਮਨੁਖ ਰਹਿੰਦੇ ਹਨ, ਉਨ੍ਹਾਂ ਦਾ ਹੀ ਨਾਉਂ ਅਸੁਰ ਸਿਧ ਹੁੰਦਾ ਹੈ, ਕਿਉਂਕਿ ਜਦ ੨ (ਅਸੁਰ ਹਿਮਾਲੇ ਦੇ ਵਿਚੱ ਰਹਣ ਵਾਲੇ ਆਰੀਆਂ ਉਤੇ ਲੜਨੇ ਨੂੰ ਚੜ੍ਹਾਈ ਕਰਦੇ ਸਨ, ਤਦ ੨ ਐਥੋਂ ਦੇ ਰਾਜਾ ਮਹਾਂ ਰਾਜਾ ਲੋੱਗ ਉਨ੍ਹਾਂ ਉਤ੍ਰ ਆਦੀ ਦੇਸ਼ਾਂ ਵਿਚੱ ਆਰੀਆਂ ਦੇ ਸਹਾਇਕ ਹੁੰਦੇ ਸਨ, ਅਰ ਜਿਹੜਾ ਸ੍ਰੀ ਰਾਮਚੰਦ੍ਰ ਜੀ ਨਾਲ ਦਖੱਣ ਵਿਚੱ ਜੁਧੱ ਹੋਇਆ ਹੈ ਓਸਦਾ ਨਾਉਂ ਦੇਵ ਅਸੁਰ ਸੰਗ੍ਰਾਮ ਨਹੀਂ ਹੈ ਕਿੰਤੂ ਓਸਨੂੰ ਰਾਮ ਰਾਵਣ ਅਥਵਾ ਆਰੀਆ ਅਤੇ ਰਾਖਸਾਂ ਦਾ ਸੰਗ੍ਰਾਮ ਕਹਿੰਦੇ ਹਨ, ਕਿਸੇ ਸੰਸਕ੍ਰਿਤ ਦੇ ਗ੍ਰੰਥ ਵਿਚੱ ਜਾਂ ਇਤੀਹਾਸ ਵਿਚੱ ਨਹੀਂ ਲਿਖਿਆ ਕਿ ਆਰੀਆ ਲੋੱਗ ਈਰਾਨ ਥੀਂ ਆਏ ਅਰ ਐਥੋਂ ਦੇ ਜੰਗਲੀਆਂ ਨਾਲ ਲੜਕੇ ਉਨ੍ਹਾਂ ਨੂੰ ਜਿਤਕੇ ਕਢ ਦਿਤੱਾ ਹੋਵੇ ਅਰ ਏਸ ਦੇਸ ਦੇ ਰਾਜਾ ਹੋਏ ਹੋਨ, ਫੇਰ ਕੀਕਣ ਬਿਦੇਸੀਆਂ ਦਾ ਲੇਖ ਮੰਨਿਆਂ ਜਾ ਸਕਦਾ ਹੈ? ਅਰਃ—

म्लेच्छवाचश्चार्यवाचः सर्वे ते दस्यवः स्मृताः। मनु० १०। ४५॥

म्लेच्छदेशस्त्वतः परः॥ मनु० २। २३॥

ਆਰੀਆਵਰਤ ਦੇਸ਼ ਤੋਂ ਭਿੰਨ ਜਿਹੜੇ ਦੇਸ਼ ਹਨ। ਉਹ ਦਸੂ ਦੇਸ਼ ਅਰ ਮਲੇਛ ਦੇਸ਼ ਕਹਾਉਂਦੇ ਹਨ, ਏਸ ਤੋਂ ਬੀ ਇਹ ਸਿਧ ਹੁੰਦਾ ਹੈ ਕਿ ਆਰੀਆ ਵਰਤ ਨੂੰ ਛਡਕੇ ਪੂਰਬ ਈਸ਼ਾਨ, ਉਤ੍ਰ, ਵਾਇਵ, ਅਰ ਪਛੱਮ ਦੇਸ਼ਾਂ ਵਿਚੱ ਰਹਣ ਵਾਲਿਆਂ ਦਾ ਨਾਉਂ ਦਸੂ ਅਰ ਮਲੇਛ ਤਥਾ ਅਸੁਰ ਹੈ, ਅਰ ਨੈਰਤ ਦਖੱਣ ਤਥਾ ਆਗਨੇਯਦਿਸ਼ਾ ਵਿਚੱ ਆਰੀਆ ਵਰਤਦੇ ਰਹਣ ਵਾਲਿਆਂ ਨੂੰ ਛਡੱ ਕੇ ਬਾਹਰ ਰਹਣ ਵਾਲੇ ਲੋਕਾਂ ਦਾ ਨਾਉਂ ਰਾਖਸ ਹੈ, ਹੁਣ ਬੀ ਵੇਖ ਲੋ ਹਬਸ਼ੀ ਲੋਕਾਂ ਦਾ ਸਰੂਪ ਅਜੇਹਾ ਡਰਾਉਣਾ ਦਿਸਦਾ ਹੈ ਜਿਹੋ ਜਿਹਾ ਰਾਖਸ਼ਾਂ ਦਾ ਵਰਨਨ ਕੀਤਾ ਹੈ, ਅਰ ਆਰੀਆ ਵਰਤ ਦੀ ਸੀਧ ਵਿਚੱ ਹੇਠਾਂ ਰਹਣ ਵਾਲਿਆਂ ਦਾ ਨਾਉਂ ਨਾਗ ਅਰ ਓਸ ਦੇਸ਼ਦਾ ਪਤਾਲ ਨਾਉਂ ਹੋਣ ਦਾ ਇਹ ਕਾਰਨ ਹੈ ਕਿ ਉਹ ਦਸ਼ ਆਰੀਆ ਵਰਤੀ ਮਨਖਾਂ ਦੇ ਪਾਦ ਅਰਥਾਤ ਪੈਰਾਂ ਦੇ ਤਲੇ ਅਰ ਉਨਾਂ ਦੇ ਨਾਗ ਬੰਸੀ ਅਰਥਾਤ ਨਾਗ ਨਾਉਂ ਵਾਲੇ ਪੁਰਖ ਦੇ ਬੰਸਦੇ ਰਾਜਾ ਹੁੰਦੇ ਸਨ ਉਸੇ ਬੰਸ ਦੀ ਅਲੋਪੀ ਰਾਜ ਕੰਨਿਆਂ ਨਾਲ ਅਰਜੁਨ ਦਾ ਵਿਆਹ ਹੋਇਆ ਸੀ, ਇਖਵਾਕ ਥੀਂ ਲੈਕੇ. ਕੈਰੋਪਾਡੋਂ ਤੀਕਣ ਸਾਰੀ ਪ੍ਰਿਥਵੀ ਉਤ ਆਰੀਆਂ ਦਾ ਰਾਜ ਅਤੇ ਵੇਦਾਂ ਦਾ ਥੋੜਾ ੨ ਪ੍ਰਚਾਰ ਆਰੀਆਵਰਤ ਨੂੰ ਛਡਕੇ ਹੋਰ ਦਸਾਂਵਿਚ ਬੀ ਰਿਹਾ,ਤਥਾ ਏਸਵਿਚ ਏਹਪ੍ਰਮਾਣ ਹੈ ਕਿ ਬ੍ਰਹਮਾ ਦਾਪੁਤ੍ਰ ਵਰਾਟ, ਵਰਾਟ ਦਾ ਮਨੂੰ, ਮਨੂੰ ਦੇ ਮਰੀਚੀ ਆਦੀ ੧੦ ਪੁੱਤ੍ਰ ਅਰ ਉਨ੍ਹਾਂ ਦੇ ਸ੍ਵਯੰਭੂ ਆਦੀ ਸਤ ਰਾਜੇ, ਅਰ ਉਨ੍ਹਾਂ ਦੀ ਸੰਤਾਂਨ ਇਖਵਾਕੂ ਆਦੀ ਰਾਜਾ ਜਿਹੜੇ ਆਰੀਆਵਰਤ ਦੇ ਪਹਲੇ ਰਾਜਾ ਹੋਏ ਜਿਨ੍ਹਾਂ ਨੇ ਇਹ ਆਰੀਆ

ਵਰਤ ਵਸਾਇਆ ਹੈ, ਹੁਣ ਮੰਦੇ ਭਾਗਾਂ ਅਤੇ ਆਰੀਆ ਦੇ ਆਲਸ,ਪਰਮਾਦ ਅਰ ਪਰਸਪਰ ਦੀ ਫੁਟ ਹੋਣ ਕਰਕੇ ਹੋਰਨਾਂ ਦੇਸ਼ਾਂ ਵਿਚ ਰਾਜ ਕਾਜ ਦੀ ਤਾਂ ਗਲ ਹੀ ਕੀ ਕਹਣੀ, ਕਿੰਤੂ ਆਰੀਆ ਵਰਤ ਵਿਚ ਬੀ ਆਰੀਆਂ ਦਾ ਅਖੰਡ ਸੁਤੰਤ੍ਰ ਸ੍ਵਾਧੀਨ, ਨਿਰਭੈ ਰਾਜ ਏਸ ਵਲੇ ਨਹੀਂ ਹੈ, ਜੋ ਕੁਝ ਹੈ ਸੋ ਬੀ ਪ੍ਰਦੇਸੀਆਂ ਦੇ ਪੈਰਾਂ ਦੇ ਹੇਠਾਂ ਦੁਲਰਹਿਆ ਹੈ,ਕੁਝ ਥੋੜੇ ਜਹੇ ਰਾਜੇ ਸੁਤੰਤ੍ਰ ਹਨ,ਭੈੜੇ ਦਿਨ ਜਦ ਆਉਂਦੇ ਹਨ ਤਦ ਦੇਸ਼ ਵਾਸੀਆਂ ਨੂੰ ਅਨੇਕਪ੍ਰਕਾਰ ਦੇ ਦੁਖ ਭੋਗਣੇ ਪੈਂਦੇ ਹਨ ਭਾਵੇਂ ਕੋਈ ਕਿੰਨਾਂ ਕਰੇ ਪ੍ਰੰਤੂ ਜਿਹੜਾ ਸੁਦੇਸ਼ੀ ਰਾਜ ਹੁੰਦਾ ਹੈ ਓਹ ਸਭਨਾ ਤੋਂ ਵਧੀਕ ਉੱਤਮ ਹੁੰਦਾ ਹੈ, ਮਤੱ ਮਤਾਂਤ੍ਰਾਂ ਦੀ ਹਠ ਤੋਂ ਰਹਿਤ ਅਰ ਪ੍ਰਾਏ ਦਾ ਪਖ ਪਾਤ ਰਹਿਤ ਪਰਜਾ ਉਤੇ ਪਿਉ ਮਾਂ ਵਾਙਣ ਕ੍ਰਿਪਾ ਨਿਆਇ ਅਰ ਦਇਆ ਦੇ ਨਾਲ ਬੀ ਰਾਜ ਹੋਵੇ ਤਾਂ ਬੀ ਉਹ ਪਰਦੇਸੀਆਂ ਦਾ ਰਾਜ ਪੂਰਨ ਸੁਖ ਦਾਇਕ ਨਹੀਂ ਹੈ, ਪ੍ਰੰਤੂ ਭਿੰਨ ੨ ਭਾਖਾ, ਵਖੋ ਵਖਰੀ ਸਿਖਯਾ, ਵਖੋ ਵਖਰੇ ਵਿਹਾਰਾਂ ਦਾ ਵਿਰੋਧ ਛੁਟਣਾ ਅਤੀ ਕਠਨ ਹੈ, ਅਰ ਇਸਦੇ ਛੁੱਟੇ ਬਗੈਰ ਇਕ ਦੂਜੇ ਦਾ ਪੂਰਾ ਉਪਕਾਰ ਅਰ ਅਭਿਪ੍ਰਾਇ ਸਿਧੱ ਹੋਣਾ ਕਠਿਨ ਹੈ, ਏਸ ਲਈ ਜੋ ਕੁਝ ਵੇਦ ਆਦੀ ਸ਼ਾਸਤ੍ਰਾਂ ਵਿਚ ਬਵਸਥਾ ਜਾਂ ਇਤਹਾਸ ਲਿਖੇ ਹਨ ਉਸੇ ਦਾ ਮਾਨ ਕਰਨਾ ਭਲੇ ਮਨੁਖਾਂ ਦਾ ਕੰਮ ਹੈ।

(ਪ੍ਰਸ਼ਨ) ਜਗਤ ਨੂੰ ਬਣਿਆਂ ਕਿੱਨਾਂ ਸਮਾਂ ਹੋਇਆ ਹੈ?

(ਉਤ੍ਰ) ਇਕ ਅਰਬ ਛਿਆਨਵੇਂ ਕਰੋੜ ਕਈ ਲਖ ਅਰ ਕਈ ਹਜਾਰ ਵਰ੍ਹੇ ਜਗਤ ਦੀ ਉਤਪੱਤੀ ਅਰ ਵੇਦਾਂ ਦੇ ਪ੍ਰਕਾਸ਼ ਹੋਏ ਹੋ ਚੁੱਕੇ ਹਨ, ਏਸਦਾ ਪੂਰਾ ਵਖਯਾਨ ਮੇਰੀ ਬਣਾਈ *ਭੂਮਕਾ ਵਿਚੱ ਲਿਖਯਾ ਹੈ, ਵੇਖ ਲੌ ਇਤਯਾਦੀ ਪ੍ਰਕਾਰ ਸ੍ਰਿਸ਼ੀ ਦੇ ਬਣਾਣੇ ਅਰ ਬਣਨ ਦਾ ਹੈ, ਅਰ ਇਹ ਬੀ ਹੈ ਕਿ ਸਭ ਤੋਂ ਸੂਖਮ ਭਾਗ ਅਰਥਾਤ ਜਿਹੜਾ ਕਟਿਆ ਨਹੀਂ ਜਾਂਦਾ ਉਸਦਾ ਨਾਉਂ ਪ੍ਰਮਾਣੂ,ਸਠ ਪ੍ਰਮਾਣੂਆਂ ਦੇ ਮਿਲੇ ਹੋਏ ਦਾ ਨਾਉਂ ਅਣੂ, ਦੋਹਾਂ ਅਣੂਆਂ ਦਾ ਇਕ ਦ੍ਵਿਣਕ ਜਿਹੜੀ ਸਥੂਲ ਵਾਯੂ ਹੈ, ਤਿੰਨ ਦ੍ਵਿਣਕ ਦੀ ਅਗਨੀ, ਚਾਰ ਦ੍ਵਿਣਕ ਦਾ ਜਲ, ਪੰਜ ਦ੍ਵਿਣਕ ਦੀ ਪ੍ਰਿਥਵੀ ਅਰਥਾਤ ਤਿੰਨ ਦ੍ਵਿਣਕ ਦਾ ਤ੍ਰਿਸਰੇਣੂ ਅਰ ਉਸਦਾ ਦੂਣਾ ਹੋਣ ਕਰਕੇ ਪ੍ਰਿਥਵੀ ਆਦੀ ਨਜਰ ਆਉਣ ਵਾਲੀਆਂ ਚੀਜਾਂ ਹੁੰਦੀਆਂ ਹਨ.ਇਸੇ ਪ੍ਰਕਾਰ ਕ੍ਰਮ ਨਾਲ ਮੇਲ ਕਰਕੇ ਪ੍ਰਿਥਵੀ ਆਦੀ ਪਰਮੇਸ਼ੂਰ ਨੇ ਬਣਾਏ ਹਨ।

(ਪ੍ਰਸ਼ਨ) ਏਸ ਦਾ ਧਾਰਣ ਕੌਣ ਕਰਦਾ ਹੈ? ਕੋਈ ਕਹਿੰਦਾ ਹੈ ਕਿ ਸ਼ੇਸ਼ ਅਰਥਾਤ ਹਜਾਰ ਫਣ ਵਾਲੇ ਸਪੱ ਦੇ ਸਿਰ ਉਤੇਂ ਪ੍ਰਿਥਵੀ ਹੈ, ਦੂਜਾ ਕਹਿੰਦਾ ਹੈ ਬੈਲ ਦੇ ਸਿੰਗ ਉਤੇ, ਤੀਜਾ ਕਹਿੰਦਾ ਹੈ ਕਿ ਕਿਸੇ ਤੇ ਨਹੀਂ, ਚੌਥਾ

*ਰਿਗ ਵੇਦ ਆਦੀ ਭਾਸ਼ ਭੂਮਕਾ ਦੇ ਵੇਦ ਉਤਪੱਤੀ ਵਿਸ਼ੇ ਨੂੰ ਵੇਖੋ।

ਕਹਿੰਦਾ ਹੈ ਕਿ ਹਵਾ ਦੇ ਆਸਰੇ, ਪੰਜਵਾਂ ਕਹਿੰਦਾ ਹੈ ਕਿ ਸੂਰਜ ਦੇ ਆਕਰ-ਖਣ ਕਰਕੇ ਖਿਚੀ ਹੋਈ ਆਪਣੇ ਠਿਕਾਣੇ ਠਹਿਰੀ ਹੋਈ ਹੈ, ਛੇਵਾਂ ਕਹਿੰਦਾ ਹੈ, ਕਿ ਪ੍ਰਿਥਵੀ ਭਾਰੀ ਹੋਣ ਕਰਕੇ ਹੇਠਾਂ ੨ ਅਕਾਸ਼ ਵਿਚ ਚਲੀ ਜਾਂਦੀ ਹੈ,ਇਨ੍ਹਾਂ ਸਭਨਾ ਵਿਚੋਂ ਕਿਸ ਦੀ ਗਲ ਨੂੰ ਸਚਾ ਮਨੀਏਂ ?

(ਉਤ੍ਰ)ਜਿਹੜਾ ਜਮੀਂਨ ਨੂੰ ਸ਼ੇਸ਼ ਸਪ, ਅਰ ਬਲਦ ਦੇ ਸਿੰਗ ਉਤੇ ਟਿਕੀ ਹੋਈ ਦੱਸਦਾ ਹੈ, ਓਸ ਨੂੰ ਪੁਛੱਣਾ ਚਾਹੀਏ ਕਿ ਸਪ ਅਰ ਬਲਦ ਦੇ ਮਾਂ ਪਿਉ ਦੇ ਜਨਮ ਵੇਲੇ ਕਿਸਦੇ ਉਤੇ ਸੀ ? ਤਥਾ ਸਪ ਅਰ ਬਲਦ ਆਦੀ ਕਿੱਸ ਉਤੇ ਹਨ? ਬਲਦ ਵਾਲੇ ਮੁਸਲਮਾਂਨ ਤਾਂ ਚੁਪ ਹੀ ਕਰ ਜਾਂਨਗੇ, ਪ੍ਰੰਤੂ ਸੱਪ ਵਾਲੇ ਕਹਨ ਗੇ ਕਿ ਸੱਪ ਕੱਛੂ ਉੱਤੇ, ਕੱਛੂ ਪਾਂਣੀ ਉਤੇ, ਪਾਣੀ ਅੱਗ ਉਤੇ, ਅਗੱ ਹਵਾ ਤੇ,ਅਰ ਹਵਾ ਅਕਾਸ਼ ਵਿਚੱ ਠਹਰੀ ਹੋਈ ਹੈ,ਉਨਾਂ ਤੋਂ ਪੁਛਣਾ ਚਾਹੀਏ ਕਿ ਸਭ ਕਿਸ ਉੱਤੇ ਹਨ ਤਾਂ ਜਰੂਰ ਕਹਨ ਗੇ ਕਿ ਪਰਮੇਸ੍ਰਰ ਉੱਤੇ, ਜਦ ਉਨ੍ਹਾਂ ਤੋਂ ਕੋਈ ਪੁਛੇਗਾ ਕਿ ਸ਼ੇਸ਼ ਅਰ ਬਲਦ ਕਿਸਦਾ ਬੱਚਾ ਹੈ ਤਾਂ ਕਹਨ ਗੇ ਕਿ (ਸ਼ੇਸ਼)ਕਸਪ ਕਦਰੂ ਦਾ ਅਰ (ਬਲਦ) ਗਊ ਬੈਲ ਦਾ, ਕਸ਼ਪ ਮਰੀਚੀ ਦਾ, ਮਰੀਚੀ ਮੰਨੂ ਦਾ, ਮੰਨੂ ਵਰਾਟ ਦਾ, ਅਰ ਵਰਾਟ ਬ੍ਰਹਮ ਦਾ ਪੁੱਤ੍ਰ ਸੀ,ਅਤੇ ਬ੍ਰਹਮਾਂ ਆਦ ਸ੍ਰਿਸ਼ਟੀ ਦਾ ਸੀ, ਜਦ ਸ਼ੇਸ਼ ਦਾ ਜਨਮ ਨਹੀਂ ਹੋਇਆ ਸੀ, ਅਰ ਓਸ ਤੋਂ ਪਹਲੋਂ ਪੰਜ ਪੀਹੜੀਆਂ ਹੋ ਚੁਕੀਆਂ ਹਨ ਤਦ ਕਿਸ ਨੈ ਧਾਰਣ ਕੀਤੀ ਸੀ? ਅਰਥਾਤ ਕਸ਼ਪ ਦੇ ਜਮੱਣ ਵੇਲੇ ਪ੍ਰਿਥਵੀ ਕਿਸ ਉਤੇ ਸੀ,ਤਾਂ 'ਤੇਰੀ ਚੁਪ' ਮੇਰੀ ਬੀ ਚੁਪ ਅਰ ਲੜਨ ਲਗ ਜਾਂਨ ਗੇ, ਏਸ ਦਾ ਸੱਚਾ ਮਤਬਲ ਇਹ ਹੈ ਜਿਹੜਾ 'ਬਾਕੀ' ਰਹਿੰਦਾ ਹੈ ਸ਼ੇਸ਼। ਕਹਿੰਦੇ ਹਨ ਸੋ ਕਿਸੇ ਕਵੀ ਨੇ:-

"शेषाधारा पृथिवी त्युक्तम्"।

ਇਹ ਕਹਿਆ ਕਿ ਸ਼ੇਸ਼ ਦੇ ਆਸਰੇ ਜਮੀਨ ਹੈ,ਦੂਜੇ ਨੇ ਓਸਦੇ ਅਭਿਪ੍ਰਾਯ ਨੂੰ ਨ ਸਮਝਕੇ ਸੱਪਦੀ ਝੂਠੀ ਕਲਪਣਾ ਕਰ ਲੀਤੀ,ਪਰਮੇਸ਼ਰ ਉਤਪੱਤੀ ਅਰ ਪ੍ਰਲੈ ਥੋਂ ਬਾਕੀ ਅਰਥਾਤ ਵਖਰਾ ਰਹਿੰਦਾ ਹੈ,ਏਸ ਕਾਰਨ ਓਸ ਨੂੰ ਸ਼ੇਸ਼ ਕਹਿੰਦੇ ਹਨ ਅਰ ਉਸੇ ਦੇ ਆਸ਼੍ਰੇ ਪ੍ਰਿਥਵੀ ਹੈ:-

सत्येनोत्तभिता भूमिः ॥ अथर्व० कां० १४ । व० । मं० १ ॥

(ਸਤ) ਅਰਥਾਤ ਜਿਹੜਾ ਤ੍ਰੈਕਾਲਾਬਾਧ ਜਿਸਦਾ ਕਦੇ ਨਾਸ਼ ਨਹੀਂ ਹੁੰਦਾ, ਓਸ ਪਰਮੇਸ਼੍ਵਰ ਨੇ ਜਮੀਨ, ਸੂਰਜ, ਅਰ ਸਭ ਲੋਕਾਂ ਨੂੰ ਧਾਰਣ ਕੀਤਾ ਹੈ।

उक्षा दाधार पृथिवीमुत द्याम् ॥

ਇਹ ਰਿਗ ਵੇਦ ਦਾ ਬਚਨ ਹੈ, ਇਸੇ(उक्षा।)ਸ਼ਬਦ ਨੂੰ ਵੇਖਕੇ ਕਿਸੇ ਨੇ ਬਲਦ ਸਮਝ ਲਿਆ ਹੋਵੇਗਾ ਕਿਉਂਕਿ ਓਖਜ ਬੈਲ ਦਾ ਬੀ ਨਾਉਂ ਹੈ,

ਪ੍ਰੰਤੂ ਓਸ ਮੂੜ ਨੂੰ ਇਹ ਸਮਝ ਨ ਆਈ ਕਿ ਇੱਨੀ ਵਡੀ ਜਮੀਨ ਦੇ ਧਾਰਨ ਕਰਨ ਦਾ ਸਮਰਥ ਬੈਲ ਵਿਚ ਕਿਥੋਂ ਆਵੇਗਾ? ਏਸ ਲਈ ਬਰਖਾ ਦੁਆਰਾ ਜਮੀਨ ਨੂੰ ਸੀਂਚਣੇ ਦੇ ਕਾਰਨ ਉਖਸ਼ਾ ਸੂਰਜ ਦਾ ਨਾਉਂ ਹੈ, ਓਸ ਨੇ ਆਪ ਣੀ ਆਕਰਖਣ ਦੁਆਰਾ ਪ੍ਰਿਥਵੀ ਨੂੰ ਧਾਰਣ ਕੀਤਾ ਹੈ, ਪ੍ਰੰਤੂ ਸੂਰਜ ਆਦੀ ਦਾ ਧਾਰਣ ਕਰਨ ਵਾਲਾ ਪਰਮੇਸ਼੍ਵਰ ਦੇ ਬਗੇਰ ਦੂਜਾ ਕੋਈ ਬੀ ਨਹੀਂ ਹੈ।

(ਪ੍ਰਸ਼ਨ) ਏਡੀਆਂ ੨ ਵਡੀਆਂ ਜਮੀਨਾਂ ਨੂੰ ਪਰਮੇਸ਼੍ਵਰ ਕੀਕਣ ਧਾਰਣ ਕਰ ਸਕਦਾ ਹੋਵੇਗਾ ?

(ਉਤ੍ਰ) ਜਿਸਤਰਾਂ ਅਨੰਤ ਅਕਾਸ ਦੇ ਸਾਮਣੇ ਵਡੀਆਂ ੨ ਜਮੀਨਾਂ ਕੁਝ ਬੀ ਨਹੀਂ ਅਰਥਾਤ ਸਮੁੰਦ੍ਰ ਦੇ ਅਗੇ ਜੱਲ ਦੀ ਛੋਟੀ ਬੂੰਦ ਵਰਗੀਆਂ ਬੀ ਨਹੀ ਹਨ, ਉਸੇ ਤਰਾਂ ਅਨੰਤ ਪਰਮੇਸ਼੍ਵਰ ਦੇ ਸਾਮਣੇ ਅਸੰਖਯਾਤ ਲੋਕ ਇਕ ਪ੍ਰਮਾਣੂ ਦੇ ਤੁਲ ਬੀ ਨਹੀਂ ਕਹ ਸਕਦੇ, ਉਹ ਬਾਹਰ ਅੰਦਰ ਸੱਭ ਜਗਾ ਵਿਆਪਕ ਅਰਥਾਤ ਇਹ ਯਜੁਰ ਵੇਦ ਦਾ ਬਚਨ ਹੈ।

"ਵਿਭੁ: ਪ੍ਰਜਾਸੁ"

ਉਹ ਪਰਮੇਸ਼੍ਵਰ ਸਭਣਾਂ ਜੀਵਾਂ ਵਿਚ ਵਿਆਪਕ ਹੋਕੇ ਸਭਦਾ ਧਾਰਣ ਕਰ ਰਹਿਆ ਹੈ, ਜੇ ਉਹ ਈਸਾਈ ਮੁਸਲਮਾਂਨ ਪੁਰਾਣੀਆਂ ਦੇ ਕਥਨ ਅਨੁਸਾਰ ਵਿਭੂ ਨ ਹੁੰਦਾ ਤਾਂ ਏਸ ਸਾਰੀ ਸ੍ਰਿਸ਼ਟੀ ਦਾ ਧਾਰਣ ਕਦੀ ਨ ਕਰ ਸਕਦਾ ਕਿਉਂਕਿ ਬਿਆਪਕ ਹੋਣ ਦੇ ਬਗੇਰ ਕਿਸੇ ਨੂੰ ਕੋਈ ਧਾਰਨ ਨ ਕਰ ਸਕਦਾ, ਜੇ ਕੋਈ ਕਹੇ ਕਿ ਸਾਰੇ ਲੋਕ ਇਕ ਦੂਜੇ ਦੇ ਆਕਰਸ਼ਨ ਕਰਕੇ ਧਾਰੇ ਹੋਏ ਹੋਨਗੇ ਫੇਰ ਪਰਮੇਸ਼੍ਵਰ ਦੇ ਧਾਰਨ ਕਰਨ ਦੀ ਕੀ ਜਰੂਰਤ ਹੈ? ਓਸਨੂੰ ਇਹ ਉਤ੍ਰ ਦੇਣਾ ਚਾਹੀਏ ਕਿ ਸਾਰੀ ਸ੍ਰਿਸ਼ਟੀ ਅਨੰਤ ਹੈ ਜਾਂ ਸਾਂਤ? ਜੇ ਅਨੰਤ ਆਖੋ ਤਾਂ ਅਕਾਰ ਵਾਲੀ ਵਸਤੂ ਅਨੰਤ ਕਦੀ ਨਹੀਂ ਹੋ ਸਕਦੀ ਅਰ ਜੇ ਸਾਂਤ ਕਹੋ ਤਾਂ ਉਨਾਂ ਦੇ ਪਰ ਭਾਗ ਸੀਮਾਂ ਅਰਥਾਤ ਜਿਸਥੀਂ ਪਰੇ ਕੋਈ ਬੀ ਦੂਜਾ ਲੋਕ ਨਹੀਂ ਹੈ ਓਥੇ ਕਿਸਦੀ ਆਕਰਸ਼ਨ ਕਰਕੇ ਧਾਰਣ ਹੋਵੇਗਾ? ਜੀਕਣ ਸਮਸ਼ਟੀ ਅਰ ਵਯਸ਼ਟੀ ਅਰਥਾਤ ਜਦ ਸਭ 'ਸਮੁਦਾਇ' ਦਾ ਨਾਉਂ ਬਣਾ ਰਖਦੇ ਹਨ ਤਦ ਸਮਸ਼ਟੀ ਕਹਾਉਂਦੀ ਹੈ, ਅਰ ਇਕ ੨ ਦ੍ਰਖਤ ਆਦੀ ਦੀ ਭਿੰਨ ਭਿੰਨ ਗਿਣਤੀ ਕਰੀਏ ਤਾਂ ਵਯਸ਼ਟੀ ਕਹਾਉਂਦੀ ਹੈ, ਊਕਣ ਸਭ ਜਮੀਨਾਂ ਨੂੰ ਸਮਸ਼ਟੀ ਗਿਣਕੇ ਜਗਤ ਕਹੀਏ ਤਾਂ ਸਭਜਗਤ ਦਾ ਧਾਰਨ ਅਰ ਆਕਰਸ਼ਨ ਦਾ ਕਰਤਾ ਬਿਨਾ ਪਰਮੇਸ਼੍ਵਰਦੇ ਦੂਜਾ ਕੋਈ ਬੀ ਨਹੀਂ, ਏਸ ਲਈ ਜਿਹੜਾ ਸਾਰੇ ਜਗਤ ਨੂੰ ਰਚਦਾ ਹੈ ਓਹੋ

स दाधार पृथिवीं द्यामुतेमाम्॥ यजु॰ अ॰ १३। मं॰ ४

ਇਹ ਯਜੁਰ ਵੇਦ ਦਾ ਬਚਨ ਹੈ।

ਜਿਹੜਾ ਪਰਮੇਸ਼ੁਰ ਪ੍ਰਿਥਵੀ ਆਦੀ ਪ੍ਰਕਾਸ਼ ਰਹਤ ਲੋਕ ਲੋਕਾਂਤ੍ਰ ਅਰ ਪਦਾਰਥ ਤਥਾ ਸੂਰਜ ਆਦੀ ਪ੍ਰਕਾਸ਼ ਸਹਿਤ ਲੋਕ ਅਰ ਪਦਾਰਥਾਂ ਨੂੰ ਰਚਦਾ ਅਰ ਧਾਰਣ ਕਰਦਾ ਹੈ, ਅਰ ਜਿਹੜਾ ਸਭ ਵਿਚ ਬਿਆਪਕ ਹੋ ਰਿਹਾ ਹੈ ਉਹੋ ਸਭ ਜਗਤ ਦਾ ਕਰਤਾ ਅਰ ਧਾਰਣ ਕਰਨ ਵਾਲਾ ਹੈ।

(ਪ੍ਰਸ਼ਨ) ਪ੍ਰਿਥਵੀ ਆਦੀ ਲੋਕ ਭਉਂਦੇ ਹਨ ਜਾਂ ਖਲੋਤੇ ਹਨ ?

(ਉਤ੍ਰ) ਭਾਉਂਦੇ ਹਨ।

(ਪ੍ਰਸ਼ਨ) ਕਿੰਨੇ ਲੋਕ ਕਹਿੰਦੇ ਹਨ ਕਿ ਸੂਰਜ ਭਉਂਦਾ ਹੈ ਅਰ ਪ੍ਰਿਥਵੀ ਨਹੀ ਭਉਂਦੀ, ਹੋਰ ਕਹਿੰਦੇ ਹਨ ਕਿ ਪ੍ਰਿਥਵੀ ਭਉਂਦੀ ਹੈ ਸੂਰਜ ਨਹੀਂ ਭਉਂਦਾ ਇਨ੍ਹਾਂ ਵਿਚੋਂ ਸਚ ਕੀ ਮੰਨਿਆਂ ਜਾਵੇ?

(ਉਤ੍ਰ) ਇਹ ਦੋਨੋਂ ਅੱਧੇ ਝੂਠੇ ਹਨ ਕਿਉਂ ਕਿ ਵੇਦ ਵਿਚ ਲਿਖਣਾ ਹੈ ਕਿ:—

आयं गौः पृश्निरक्रमीदसदन्मातरं पुरः। पितरं च प्रयन्स्वः॥ यजुः० अ० ३। मं० ६॥

ਅਰਥਾਤ ਇਹ ਪ੍ਰਿਥਵੀ ਪਾਣੀ ਦੇ ਸਮੇਤ ਸੂਰਜ ਦੇ ਚਹੁੰ ਪਾਸੇ ਭਉਂਦੀ ਜਾਂਦੀ ਹੈ ਏਸ ਲਈ ਜਮੀਨ ਭਉਂਦੀ ਹੈ।

आकृष्णेन रजसा वर्त्तमानो निवेशयन्नमृतं मर्त्यं च।
हिरण्ययेन सविता रथेना देवो याति भुवनानि पश्यन्॥
यजुः० अ० ३३ मं० ४३॥

ਜਿਹੜਾ 'ਸਵਿਤਾ' ਅਰਥਾਤ ਬਰਖਾ ਆਦੀ ਦਾ ਕਰਨ ਵਾਲਾ, ਪ੍ਰਕਾਸ਼ ਰੂਪ, ਤੇਜਵਾਨ, ਸੁੰਦ੍ਰ, ਸਭਨਾਂ ਪ੍ਰਾਣੀਆਂ ਅਰ ਅਪ੍ਰਾਣੀਆਂ ਵਿਚ ਅੰਮ੍ਰਿਤ ਰੂਪੀ ਬਰਖਾ ਜਾਂ ਕਿਰਨਾਂ ਦੁਆਰਾ ਅੰਮ੍ਰਿਤ ਦਾ ਪਰਵੇਸ਼ ਕਰਦਾ ਅਰ ਸਭੱ ਮੂਰਤੀ ਮਾਂਨ ਚੀਜਾਂ ਨੂੰ ਦਸਾਂਦਾ ਹੋਇਆ ਸਭਨਾ ਲੋਕਾਂ ਨੂੰ ਆਕਰਸ਼ਨ ਕਰਦਾ ਹੋਇਆ ਅਪਣੀ 'ਪਰਧੀ' ਵਿਚੱ ਭਉਂਦਾ ਰਹਿੰਦਾ ਹੈ ਕਿੰਤੂ ਕਿਸੇ ਲੋਕ ਦੇ ਚਹੁੰ ਪਾਸੇ ਨਹੀਂ ਘੁਮਦਾ, ਉਕਣ ਹੀ ਇਕ ੨ ਬ੍ਰਹਮਾਂਡ ਵਿਚੱ ਇਕ ਸੂਰਜ ਪ੍ਰਕਾਸ਼ ਦਾ ਕਰਨ ਵਾਲਾ ਅਰ ਹੋਰ ਸਭੱ ਲੋਕਾਂਤ੍ਰ ਓਸ ਤੋਂ ਪ੍ਰਕਾਸ਼ ਪਾਂਦੇ ਹਨ ਜੀਕਣ:—

दिवि सोमो अधि श्रितः॥ अथ० कां० १४। अनु० १। मं० १॥

ਜੀਕਣ ਚੰਦ੍ਰਮਾਂ ਸੂਰਜ ਥੀਂ ਪ੍ਰਕਾਸ਼ ਪਾਂਦਾ ਹੈ, ਉਕਣ ਹੀ ਪ੍ਰਿਥਵੀ ਆਦੀ ਲੋਕ ਬੀ ਸੂਰਜ ਦ ਪ੍ਰਕਾਸ਼ ਥੀਂ ਪ੍ਰਕਾਸ਼ ਪਾਂਦੇ ਹਨ, ਪ੍ਰੰਤੂ ਰਾਤ੍ਰ ਅਰ ਦਿਨ ਸਰਬਦਾ ਬਣੇ ਰਹਿੰਦੇ ਹਨ, ਕਿਸ ਕਰਕੇ ਪ੍ਰਿਥਵੀ ਆਦੀ ਲੋਕਾਂ ਦੇ ਫਿਰਨ ਕਰਕੇ ਜਿੰਨਾਂ ਭਾਗ ਸੂਰਜ ਦੇ ਸਾਮਣੇ ਆਉਂਦਾ ਹੈ, ਓਨੇ ਵਿਚੱ ਦਿਨ

ਅਰ ਜਿੱਨਾਂ ਪਿਠੱ ਦੇ ਪਾਸੇ ਅਰਥਾਤ ਓਹਲੇ ਵਿਚੱ ਹੁੰਦਾ ਜਾਂਦਾ ਹੈ ਉੱਨੇ ਵਿਚੱ ਰਾਤ ਅਰਥਾਤ ਸੂਰਜ ਚੜ੍ਹਨ ਵੇਲਾ, ਸੂਰਜ ਡੁਬਣ ਵੇਲਾ, ਸੰਧਯਾ, ਦੁਪਹਰ, ਅੱਧੀ ਰਾਤ, ਆਦੀ ਜਿੱਨੇ ਸਮੇ ਦੇ ਭਾਗ ਹਨ ਉਹ ਦਸ਼ ਦੇਸ਼ਾਂਤ੍ਰਾਂ ਵਿਚੱ ਸਦਾ ਬਣੇ ਰਹਿੰਦੇ ਹਨ,ਅਰਥਾਤ ਜਦ ਆਰੀਆ ਵਰਤ ਵਿਚੱ ਸੂਰਜ ਚੜ੍ਹਦਾ ਹੈ ਓਸ ਵੇਲੇ ਪਾਤਾਲ ਅਰਥਾਤ 'ਅਮ੍ਰੀਕਾ'ਵਿਚ ਲੈਂਹਦਾ ਹੁੰਦਾਹੈ,ਅਰ ਜਦ ਆਰੀਆ ਵਰਤ ਵਿਚ ਲੈਂਹਦਾ ਹੈ,ਤਦ ਪਾਤਾਲ ਦੇਸ਼ ਵਿਚੱ ਚੜ੍ਹਦਾ ਹੈ,ਜਦ ਆਰਯਾ ਵਰਤ ਵਿਚੱ ਦੁਪਹਰ ਜਾਂ ਅਧੀ ਰਾਤ ਹੈ ਉਸੇ ਵੇਲੇ ਪਾਤਾਲ ਦੇਸ਼ ਵਿਚ ਅੱਧੀ ਰਾਤ ਅਰ ਦੁਪਹਰ ਦਿਨ ਦੀ ਹੁੰਦੀ ਹੈ।

ਜਿਹੜੇ ਲੋਕ ਕਹਿੰਦੇ ਹਨ ਕਿ ਸੂਰਜ ਭਉਂਦਾ ਅਰ ਪ੍ਰਿਥਵੀ ਨਹੀਂ ਭਉਂਦੀ ਉਹ ਸਾਰੇ ਅਗਯਾਨੀ ਹਨ, ਕਿਉਂਕਿ ਜੇ ਏਸ ਤਰਾਂ ਹੂੰਦਾ ਤਾਂ ਕਈ ਹਜਾਰ ਵਰ੍ਹੇ ਦੇ ਦਿਨ ਅਰ ਰਾਤ ਹੁੰਦੇ,

ਸੂਰਜ ਦਾ ਨਾਉਂ 'ਬ੍ਰਧਨ' ਹੈ ਅਰਥਾਤ ਉਹ ਜਮੀਨ ਥੀਂ ਲਖਾਂ ਗੁਣਾਂ ਵਡਾ ਅਰ ਕ੍ਰੋੜਾਂ ਕੋਹਾਂ ਦੂਰ ਹੈ, ਜਿਸਤਰਾਂ ਰਾਈ ਦੇ ਸਾਂਮਣੇ ਪਹਾੜ ਭਉਂਵੇਂ ਤਾਂ ਬਹੁਤ ਦੇਰ ਲਗਦੀ ਅਰ ਰਾਈ ਦੇ ਭਓਣ ਵਿਚ ਬਹੁਤ ਸਮਾ ਨਹੀਂ ਲਗ ਦਾ, ਉੱਕਣ ਪ੍ਰਿਥਵੀ ਦੇ ਘੁਮਣ ਥੀਂ ਠੀਕ੨ ਦਿਨ ਰਾਤ ਹੁੰਦਾ ਹੈ, ਸੂਰਜ ਦੇ ਘੁਮਣ ਥੀਂ ਨਹੀਂ, ਅਰ ਜਿਹੜੇ ਸੂਰਜ ਨੂੰ ਸਥਿਰ ਦਸਦੇ ਹਨ ਉਹ ਬੀ ਜੋ-ਤਸ਼ ਸ਼ਾਸਤ੍ਰ ਦੇ ਜਾਣਨ ਵਾਲੇ ਨਹੀਂ,ਕਿਂਉਕਿ ਜੇ ਸੂਰਜ ਨ ਭਉਂਦਾ ਹੁੰਦਾ ਤਾਂ ਇਕ ਰਾਸ ਦੇ ਸਥਾਨ ਤੋਂ ਦੂਜੇ ਰਾਸ ਅਰਥਾਤ ਸਥਾਨ ਨੂੰ ਪ੍ਰਾਪਤ ਨ ਹੁੰਦਾ, ਅਰ ਭਾਰੀ ਪਦਾਰਥ ਭਉਵੇਂ ਬਗੈਰ ਅਕਾਸ ਵਿਚੱ ਨਿਯੱਤ ਸਥਾਨ ਉਪਰ ਕਦੀ ਨਹੀਂ ਰਹਿ ਸਕਦਾ, ਅਰ ਜੋ ਜੈਨੀ ਕਹਿੰਦੇ ਹਨ ਕਿ ਪ੍ਰਿਥਵੀ ਭਉਂਦੀ ਨਹੀਂ ਕਿੰਤੂ ਹਿਠਾਂ੨ ਚਲੀ ਜਾਂਦੀ ਹੈ ਅਰ ਦੋ ਸੂਰਜ ਅਰ ਦੋ ਚੰਦ੍ਰਮਾਂ ਜੰਬੂ ਦੀਪ ਵਿਚ ਹੈਗੇਨੇ, ਉਹ ਤਾਂ ਗਾਹੜੀ ਭੰਗ ਦੇ ਨਸ਼ੇ ਵਿਚ ਡੁਬੇ ਹੋਏ ਹਨ, ਕਿਂਉਂ ਜੇ ਹੇਠਾਂ੨ ਚਲੀ ਜਾਂਦੀ ਤਾਂ ਚਵਾਂ ਪਾਸੇ ਹਵਾ ਦੇ ਚਕੱ੍ਰ ਨ ਬਣਨ ਕਰਕੇ ਪ੍ਰਿਥਵੀ ਛਿਨ ਭਿਨ ਹੁੰਦੀ,ਅਰ ਉਪਰਲੀ ਜਗਾ ਵਿਚ ਰਹਨ ਵਾਲਿਆਂ ਨੂੰ ਹਵਾ ਦਾ ਸਪਰਸ ਨ ਹੁੰਦਾ, ਹੇਠਾਂ ਵਾਲਿਆਂ ਨੂੰ ਵਧੀਕ ਹੁੰਦਾ, ਅਰ ਇਕੋ ਜਹੀ ਹਵਾ ਦੀ ਗਤੀ ਹੁੰਦੀ, ਜੇ ਦੋ ਸੂਰਜ ਅਰ ਚੰਦ੍ਰਮਾਂ ਹੁੰਦੇ ਤਾਂ ਰਾਤ ਅਰ ਕ੍ਰਿਸ਼ਨ ਪਖ ਦਾ ਹੋਣਾ ਹੀ ਟੁਟ ਫੁਟ ਜਾਂਦਾ ਏਸ ਲਈ ਇਕ ਜਮੀਂਨ ਦੇ ਕੋਲ ਇਕ ਚੰਦ੍ਰਮਾਂ ਅਰ ਅਨੇਕ ਜਮੀਨਾਂ ਦੇ ਵਿਚ ਇਕ ਸੂਰਜ ਰਹਿੰਦਾ ਹੈ।

(ਪ੍ਰਸ਼ਨ)ਸੂਰਜ, ਚੰਦ੍ਰਮਾਂ, ਅਰ ਤਾਰੇ ਕੀ ਵਸਤੂ ਹਨ ਅਰ ਉਨਾਂ ਵਿਚ ਮਨੁਖ ਆਦੀ ਸ੍ਰਿਸ਼ਟੀ ਹੈ ਕਿ ਨਹੀਂ?

(ਉਤ੍ਰ)ਇਹ ਸਭੇ ਭੂਗੋਲ ਲੋਕ ਅਰ ਇਨਾਂ ਵਿਚ ਮਨੁਖ ਆਦੀ ਪਰ ਜਾ ਬੀ ਰਹਿੰਦੀ ਹੈ ਕਿਂਉਕਿ:—

एतेषु हीदं सर्वं वसु हितमेते हीदं सर्वं वासयन्ते तद्यदिदं सर्वं वासयन्ते तस्माद्वसव इति ॥ शत० कां० १४। प्र० ६। ब्रा० ७। कं० ४॥

ਪ੍ਰਿਥਵੀ, ਜਲ, ਅਗਨੀ, ਹਵਾ, ਅਕਾਸ਼, ਚੰਦ੍ਰਮਾਂ, ਤਾਰੇ, ਅਰ ਸੂਰਜ ਇਨ੍ਹਾਂ ਦਾ ਵਸੂ ਨਾਉਂ ਏਸ ਲਈ ਹੈ ਕਿ ਇਨ੍ਹਾਂ ਦੇ ਵਿਚੱ ਸਭੱ ਪਦਾਰਥ ਅਰ ਪ੍ਰਜਾ ਵਸਦੀਆਂ ਹਨ ਅਰ ਇਹ ਹੀ ਸਭ ਨੂੰ ਵਸਾਂਦੇ ਹਨ, ਜਿਸ ਕਰਕੇ ਨਿਵਾਸ ਕਰਨੇ ਦੇ ਘਰ ਹਨ ਏਸ ਕਰਕੇ ਇਨ੍ਹਾਂ ਦਾ ਨਾਉਂ ਵਸੂ ਹੈ ਜਦ ਸੂਰਜ ਚੰਦ੍ਰਮਾਂ ਅਰ ਤਾਰੇ ਬੀ ਜਮੀਨ ਵਾਂਙਣ ਵਸੂ ਹਨ ਤਾਂ ਫੇਰ ਇਨ੍ਹਾਂ ਵਿਚ ਇਸੇ ਪ੍ਰਕਾਰ ਵਸੋਂ ਦੇ ਹੋਣ ਵਿਚ ਸੰਦੇਹ ਕੀ ਹੈ?
ਅਰ ਜਿਸਤਰਾਂ ਪਰਮੇਸ਼ੁਰ ਦੀ ਇਹ ਛੋਟੀ ਜਹੀ ਦੁਨੀਆਂ ਮਨੁਖ ਆਦੀ ਦੀ ਸ੍ਰਿਸ਼ਟੀ ਨਾਲ ਭਰਪੂਰ ਹੈ ਤਾਂ ਕੀ ਇਹ ਸਾਰੇ ਲੋਕ ਸੁੰਨੇ ਹੋਣਗੇ? ਪਰਮੇਸ਼ੁਰ ਦਾ ਕੋਈ ਬੀ ਕੰਮ ਨਿਸ਼ਪ੍ਰਯੋਜਨ ਨਹੀਂ ਹੁੰਦਾ, ਤਾਂ ਕੀ ਇਨੇ ਅਸੰਖ ਲੋਕਾਂ ਵਿਚ ਮਨੁਖ ਆਦੀ ਸ੍ਰਿਸ਼ਟੀ ਨ ਹੋਵੇ ਤਾਂ ਈਸ਼੍ਵਰ ਦਾ ਕੰਮ ਸਫਲ ਕਦੀ ਹੋ ਸਕਦਾ ਹੈ? ਏਸ ਲਈ ਸਭ ਜਗਾ ਮਨੁਖ ਆਦੀ ਦੀ ਸ੍ਰਿਸ਼ਟੀ ਹੈ।

(ਪ੍ਰਸ਼ਨ) ਜਿਸਤਰਾਂ ਏਸ ਦੇਸ ਵਿਚ ਮਨੁਖ ਆਦੀ ਸ੍ਰਿਸ਼ਟੀ ਦੀ ਸ਼ਕਲ ਅਰ ਅਵੈਵ ਹਨ ਉਸੇ ਤਰਾਂ ਹੋਰ ਲੋਕਾਂ ਵਿਚ ਹੋਣਗੇ ਜਾਂ ਏਸਤੋਂ ਉਲਟ?

(ਉਤ੍ਰ) ਕੁਝ੨ ਸ਼ਕਲ ਵਿਚ ਭੇਦ ਹੋਣਾਂ ਸੰਭਵ ਹੈ, ਜਿਸਤਰਾਂ ਏਸ ਪ੍ਰਿਥਵੀ ਉਤੇ ਚੀਨੀ, ਹਬਸ਼ੀ, ਅਰ ਆਰੀਆ ਵਰਤ ਅਰ ਯੂਰਪ ਵਾਲਿਆਂ ਦੇ ਅੰਗ, ਅਰ ਰੰਗ, ਰੂਪ, ਅਰ ਸ਼ਕਲ ਵਿਚ ਥੋੜ੍ਹਾ੨ਭੇਦ ਹੁੰਦਾ ਹੈ ਉਸੇ ਤਰਾਂ ਲੋਕ ਲੋਕਾਂਤ੍ਰਾਂ ਵਿਚ ਬੀ ਭੇਦ ਹੁੰਦਾ ਹੈ, ਪ੍ਰੰਤੂ ਜਿਸ ਜਾਤੀ ਦੀ ਜੇਹੋ ਜਹੀ ਸ੍ਰਿਸ਼ਟੀ ਏਸ ਦੁਨੀਆਂ ਵਿਚ ਹੈ ਓਹੋ ਜਿਹੀ ਜਾਤੀ ਦੀ ਸ੍ਰਿਸ਼ਟੀ ਹੋਰਨਾਂ ਲੋਕਾਂ ਵਿਚ ਬੀ ਹੈ, ਸ੍ਰੀਰ ਦੀ ਜਿਹੜੀ੨ ਥਾਂ ਵਿਚ ਨੇਤ੍ਰ ਆਦੀ ਰੰਗ ਹਨ ਉਸੇ੨ ਥਾਂ ਵਿਚ ਹੋਰਨਾਂ ਲੋਕਾਂ ਵਿਚ ਬੀ ਉਸੇ ਜਾਤੀ ਦੇ ਅਵੈਵ ਬੀ ਓਹੋ ਜਹੇ ਹੀ ਹੁੰਦੇ ਹਨ ਕਿਉਂਕਿ:-

सूर्याचन्द्रमसौ धाता यथापूर्वमकल्पयत्। दिवं च पृथिवीं चान्तरिक्षमथो स्वः॥ ऋ०॥ मं० १०। सू० १९०॥

ਧਾਤਾ ਪਰਮੇਸ਼ੁਰ ਨੇ ਜਿਸ ਪ੍ਰਕਾਰ ਦੇ ਸੂਰਜ, ਚੰਦ੍ਰਮਾਂ, ਚਾਨਣ, ਜਮੀਨ ਅਕਾਸ਼ ਅਰ ਉਨ੍ਹਾਂ ਦੇ ਅੰਦ੍ਰ ਸੁਖ ਭੋਗਣ ਦ ਪਦਾਰਥਾਂ ਨੂੰ ਪਿਛਲੇ ਕਲਪ ਵਿਚ ਰਚਿਆ ਸੀ ਉਹੋ ਜਿਹੇ ਹੀ ਏਸ ਕਲਪ ਅਰਥਾਤ ਏਸ ਸ੍ਰਿਸ਼ਟੀ ਵਿਚ ਬੀ ਰਚੇ ਹਨ, ਤਥਾ, ਸਭਨਾ ਲੋਕ ਲੋਕਾਂਤ੍ਰਾਂ ਵਿਚ ਬੀ ਬਣਾਏ ਹਨ, ਭੇਦ ਜਰਾ ਬੀ ਨਹੀਂ ਹੁੰਦਾ।

(ਪ੍ਰਸ਼ਨ)ਜਿਨ੍ਹਾਂ ਵੇਦਾਂ ਦਾ ਏਸ ਲੋਕ ਵਿਚ ਪ੍ਰਕਾਸ਼ ਹੈ ਉਨ੍ਹਾਂ ਦਾ ਹੀ ਉਨ੍ਹਾਂ ਲੋਕਾਂ ਵਿਚ ਬੀ ਪ੍ਰਕਾਸ਼ ਹੈ ਜਾਂ ਨਹੀਂ ?

(ਉਤ੍ਰ)ਉਨਾਂ ਦਾ ਹੀ ਹੈ, ਜਿਸਤਰਾਂ ਇਕ ਰਾਜਾ ਦੀ ਬਵਸਥਾ ਨੀਤੀ ਸਭਨਾਂ ਦੇਸ਼ਾਂ ਵਿਚ ਸਮਾਨ ਹੁੰਦੀ ਹੈ, ਉਸੇ ਤਰਾਂ ਪਰਮਸ੍ਵਰ ਰਾਜ ਰਾਜੇਸ੍ਵਰ ਦੀ ਵੇਦ ਕਰਕੇ ਕਹੀ ਹੋਈ ਨੀਤੀ ਅਪਣੇ ਅਪਣੇ ਸ੍ਰਿਸ਼ਟੀ ਰੂਪੀ ਸਭ ਰਾਜ ਵਿਚ ਇਕੋ ਜਹੀ ਹੈ।

(ਪ੍ਰਸ਼ਨ)ਜਦ ਇਹ ਜੀਵ ਅਰ ਪ੍ਰਕ੍ਰਿਤੀ ਦੇ ਤਤੱ ਅਨਾਦੀ ਅਰ ਈਸ੍ਵਰ ਦੇ ਬਣਾਏ ਹੋਏ ਨਹੀਂ ਹਨ ਤਾਂ ਪਰਮੇਸ੍ਵਰ ਦਾ ਅਧਕਾਰ ਬੀ ਇਨ੍ਹਾਂ ਉਤੇ ਨਹੀ ਹੋਣਾ ਚਾਹੀਏ ਕਿਉਂਕਿ ਸਭ ਸੁਤੰਤ੍ਰ ਹੋਏ।

(ਉਤ੍ਰ)ਜੀਕਣ ਰਾਜਾ ਅਰ ਪਰਜਾ ਇਕੋ ਵੇਲੇ ਹੀ ਹੁੰਦੇ ਹਨ ਅਰ ਰਾਜਾ ਦੇ ਅਧੀਨ ਪਰਜਾ ਹੁੰਦੀ ਹੈ, ਉਸੇ ਤਰਾਂ ਪਰਮੇਸ੍ਵਰ ਦੇ ਅਧੀਨ ਜੀਵ ਅਰ ਜੜ ਪਦਾਰਥ ਹਨ। ਜਦ ਪਰਮੇਸ੍ਵਰ ਸਭ ਸ੍ਰਿਸ਼ਟੀ ਦਾ ਬਣਾਂਣ ਅਰ ਜੀਵਾਂ ਦੇ ਕਰਮ ਫਲਾਂ ਦਾ ਦੇਣ ਵਾਲਾ,ਸਭ ਦੀ ਠੀਕ ੨ਰਖਿਆ ਕਰਨ ਵਾਲਾ, ਅਰ ਅਨੰਤ ਸਮਰਥੱ ਵਾਲਾ ਹੈ ਤਾਂ ਅਲਪ ਸਮਰੱਥਾ ਵਾਲੇ ਜੀਵ ਅਰ ਜੜ ਪਦਾ-ਰਥ ਓਸਦੇ ਅਧੀਨ ਕਿਉਂ ਨ ਹੋਂਣ? ਏਸ ਲਈ ਜੀਵ ਕਰਮ ਕਰਨ ਵਿਚ ਸੁਤੰਤ੍ਰ,ਪ੍ਰੰਤੂ ਕਰਮਾਂ ਦੇ ਫਲ ਭੋਗਣ ਵਿਚ ਈਸ੍ਵਰ ਦੀ ਬਵਸਥਾ ਵਿਚ ਪਰਤੰਤ੍ਰ ਹਨ, ਇਸੇ ਤਰਾਂ ਸਰਬ ਸ਼ਕਤੀ ਮਾਨ ਪਰਮੇਸ੍ਵਰ ਉਤਪਤੀ, ਪਰਲੇ, ਅਰ ਪਾਲਨਾ ਕਰਨੇ ਵਾਲਾ ਅਰ ਸਾਰੇ ਸੰਸਾਰ ਦਾ ਬਣਾਂਣ ਵਾਲਾ ਹੈ ।

ਏਸ ਤੋਂ ਅਗੇ ਵਿਦੱਯਾ, ਅਵਿਦਯਾ ਬੰਧ ਅਰ ਮੁਕਤੀ ਦੇ ਵਿਸ਼ੇ ਵਿਚ ਲਿਖਯਾ ਜਾਵੇਗਾ

ਇਹ ਅਠਵਾਂ ਸਮੁਲਾੱਸ ਪੂਰਾ ਹੋਇਆ ।

इति श्रीमद्दयानन्दसरस्वतीस्वामिकृते सत्यार्थप्रकाशे
सुभाषाविभूषिते सृष्ट्युत्पत्तिस्थितिप्रलय-
विषयेऽष्टमः समुल्लासः सम्पूर्णः ॥ ८ ॥

# ਨੌਵਾਂ ਸਮੁੱਲਾਸ

## ਵਿਦ੍ਯਾ ਅਵਿਦ੍ਯਾ ਬੰਦ ਮੋਖ ਦੇ ਵਿਸ਼ੇ ਵਿਚ

विद्यां चाऽविद्यां च यस्तद्वेदोभयं सह। अविद्यया मृत्युं
तीर्त्वा विद्ययाऽमृतमश्नुते ॥ यजुः० ॥ अ० ४० मं० ।१४ ॥

ਜਹਿੜਾ ਮਨੁਖ ਵਿਦ੍ਯਾ ਅਰ ਅਵਿਦ੍ਯਾ ਦੇ ਸਰੂਪ ਨੂੰ ਸੰਗਹੀ ਸੰਗ ਜਾਂਣਦਾ ਹੈ ਉਹ ਅਵਿਦ੍ਯਾ ਅਰਥਾਤ ਕਰਮ ਉਪਾਸਨਾ ਦ੍ਵਾਰਾ ਮੌਤ ਨੂੰ ਤਰਕੇ ਵਿਦਿਆ ਅਰਥਾਤ ਜਥਾਰਥ ਗਿਆਨ ਦਆਰਾ ਮੋਖ ਨੂੰ ਪ੍ਰਾਪਤ ਹੁੰਦਾ ਹੈ। ਅਵਿਦ੍ਯਾ ਦਾ ਲਖਣ:—

अनित्याशुचिदुःखानात्मसु नित्यशुचिसुखात्मख्यातिर-
विद्या। पातं० द० साधनपादे सू० ५ ॥

ਏਹ ਜੋਗ ਸੂਤ੍ਰ ਦਾ ਬਚਨ ਹੈ ਜੋ ਅਨਿਤ ਸੰਸਾਰ ਅਰ ਦੇਹ ਆਦੀ ਵਿਚ ਨਿਤ ਅਰਥਾਤ ਜੋ ਕਾਰਜ ਜਗਤ ਵੇਖਿਆ ਸੁਣਿਆਂ ਜਾਂਦਾ ਹੈ ਸਦਾ ਰਹ੍ਹੇਗਾ, ਸਦਾ ਤੋਂ ਹੈ, ਅਰ ਜੋਗ ਬਲ ਕਰਕੇ ਏਹੋ ਦੇਵਾਂ ਦਾ ਸ਼ਰੀਰ ਸਦਾ ਰਹਿੰਦਾਹੈ ਉਹੋ ਜਹੀ ਉਲਟੀ ਬੁਧ ਹੋਣੀ ਅਵਿਦਿਆ ਦਾ ਪਹਲਾ ਭਾਗ ਹੈ। ਅਸ਼ੁਚੀ ਅਰਥਾਤ ਮਲ ਮੈ ਇਸਤ੍ਰੀ ਦੇ ਅਰ ਮਿਥਿਆ ਭਾਸ਼ਣ ਚੋਰੀ ਆਦੀ ਅਪਵਿਤ੍ਰ ਵਿਚ ਪਵਿਤ੍ਰ ਬੁਧੀ, ਦੂਜਾ ਅਤਯੰਤ ਵਿਸ਼ੇ ਸੇਵਨ ਰੂਪੀ ਦੁਖ ਵਿਚ ਸੁਖ ਬੁਧੀ ਆਦੀ, ਤੀਜਾ ਅਨਾਤਮਾ ਵਿਚ ਆਤਮ ਬੁਧੀ ਕਰਨਾ ਅਵਿਦਯਾ ਦਾ ਚੌਥਾ ਭਾਗ ਹੈ।

ਏਹ ਚਹੁੰ ਪਰਕਾਰਾਂ ਦਾ ਉਲਟਾ ਗਿਆਨ ਅਵਿਦਯਾ ਕਹਾਂਦੀ ਹੈ,ਏਸ ਤੋਂ ਉਲਟ ਅਰਥਾਤ ਅਨਿਤ ਵਿਚ ਅਨਿਤ,ਅਰ ਨਿਤ ਵਿਚ ਨਿਤ,ਅਪਵਿਤ੍ਰ ਵਿਚ ਅਪਵਿਤ੍ਰ,ਅਰ ਪਵਿਤ੍ਰਵਿਚ ਪਵਿਤ੍ਰ ਦੁਖ ਵਿਚ ਦੁਖ,ਸੁਖ ਵਿਚ ਸੁਖ,ਅਨਾਤਮਾ ਵਿਚ ਅਨਾਤਮਾ,ਅਰ ਆਤਮਾ ਵਿਚ ਆਤਮਾ ਦਾ ਗਿਆਂਨ ਹੋਣਾ ਵਿਦਿਆ ਹੈ ਅਰਥਾਤ਼

"वेत्ति यथावत्तत्वपदार्थस्वरूपं यया सा विद्या + यया"॥

तत्वस्वरूपं न जानाति भ्रमादन्यस्मिन्नन्यन्निश्चिनोति यया साऽविद्या' ॥

ਜਿਸ ਕਰਕੇ ਪਦਾਰਥਾਂ ਦਾ ਯਥਾਰਥ ਸਰੂਪ ਬੋਧ ਹੋਵੇ ਓਹ ਵਿਦੱਯਾ, ਅਰ ਜਿਸ ਕਰਕੇ ਤਤ ਸਰੂਪ ਨਾਂ ਜਾਣ ਪਵੇ ਹੋਰ ਵਿਚੋਂ ਹੋਰ ਬੁਧ ਹੋਵੇ ਉਹ ਅਵਿਦੱਯਾ ਕਹਾਂਦੀ ਹੈ,ਅਰਥਾਤ ਕਰਮ ਉਪਾਸਨਾਂ ਅਵਿਦੱਯਾ ਏਸ ਲਈ ਹੈ ਕਿ ਏਹ ਬਾਹਰ ਅਰ ਅੰਤਰ ਕ੍ਰਿਆ ਵਸ਼ੇਸ਼ ਦਾ ਨਾਮ ਹੈ ਗਿਆਂਨ ਵਸ਼ੇਸ਼ਨਹੀਂ, ਇਸੇ ਕਰਕੇ ਮੰਤ੍ਰ ਵਿਚੋਂ ਕਹਿਆ ਹੈ ਕਿ ਬਗੈਰ ਸ਼ੁਧ ਕਰਮ, ਅਰ ਪਰਮੇਸ਼੍ਵਰ ਦੀ ਉਪਾਸ਼ਨਾਂ ਦੇ ਮੌਤ ਦੇ ਦੁਖ ਤੋਂ ਪਾਰ ਕੋਈ ਨਹੀਂ ਹੁੰਦਾ ਅਰਥਾਤ ਪਵਿਤ੍ਰ ਕਰਮ, ਪਵਿਤ੍ਰ ਉਪਾਸ਼ਨਾ, ਅਰ ਪਵਿਤ੍ਰ ਗਿਆਂਨ ਕਰਕੇ ਮੁਕਤੀ, ਅਰ ਅਪਵਿਤ੍ਰ ਮਿਥਿਆ ਭਾਸ਼ਣ ਆਦੀ ਕਰਮ, ਪਾਖਾਣ ਮੂਰਤੀ ਆਦੀ ਦੀ ਉਪਾਸ਼ਨਾਂ, ਅਰ ਮਿਥਿਆ ਗਿਆਂਨ ਥੀਂ ਬੰਧ ਹੁੰਦਾ ਹੈ,ਕੋਈ ਬੀ ਮਨੁੱਖ ਛਿਨ ਮਾਤ੍ਰ ਬੀ ਕਰਮ ਉਪਾਸ਼ਨਾਂ ਅਰ ਗਿਆਂਨ ਥੀਂ ਰਹਿਤ ਨਹੀਂ ਹੁੰਦਾ, ਏਸ ਲਈ ਧਰਮ ਜੁਕਤ ਸਤ ਭਾਸ਼ਣ ਆਦੀ ਕਰਮ ਕਰਨਾ, ਅਰ ਮਿਥਿਆ ਭਾਸ਼ਣ ਆਦੀ ਅਧਰਮ ਨੂੰ ਛਡ ਦੇਣਾ ਹੀ ਮੁਕਤੀ ਦਾ ਸਾਧਨ ਹੈ।

(ਪ੍ਰਸ਼ਨ) ਮੁਕਤੀ ਕਿਸ ਨੂੰ ਪ੍ਰਾਪਤ ਨਹੀਂ ਹੁੰਦੀ ।

(ਉਤ੍ਰ) ਜੇਹੜਾ ਬਧਹੈ।

(ਪ੍ਰਸ਼ਨ) ਬਧ ਕਉਣ ਹੈ ।

(ਉਤ੍ਰ) ਜੇਹੜਾ ਅਧਰਮ ਅਗਿਆਂਨ ਵਿਚ ਫਸਿਆ ਹੋਇਆ ਜੀਵ ਹੈ।

(ਪ੍ਰਸ਼ਨ) ਬੰਧ ਅਰ ਮੋਖ ਸੁਭਾਉ ਥੀਂ ਹੁੰਦਾ ਹੈ ਵਾ ਨਮਿਤ ਕਰਕੇ ।

(ਉਤ੍ਰ) ਨਮਿਤ ਥੀਂ ਕਿਉਂਕਿ ਜੇ ਸੁਭਾਉ ਥੀਂ ਹੁੰਦਾ ਤਾਂ ਬੰਧ ਅਰ ਮੁਕਤੀ ਦੀ ਨਿਵਰਤੀ ਕਦੀ ਨਾ ਹੁੰਦੀ ॥

(ਪ੍ਰਸ਼ਨ):—

न निरोधो नचोत्पत्तिर्नबद्धो न च साधकः।

न मुमुक्षुर्न वै मुक्त इत्येषा परमार्थता ॥

गौडपादीयकारिका प्र० २। का० ३२ ॥

ਏਹ ਸ਼ਲੋਕ ਮਾਂਡੂਕ ਉਪਨਿਸ਼ਦ ਉਤੇ ਹੈ, ਜੀਵ ਬ੍ਰਹਮ ਹੋਣ ਕਰਕੇ ਸਰਮੂਰ ਜੀਵ ਦਾ ਨਿਰੋਧ ਅਰਥਾਤ ਨਾ ਕਦੀ ਆਵਰਣ ਵਿਚ ਆਇਆ, ਨਾਂ ਜਨਮ ਲੈਂਦਾ, ਨਾ ਬੰਧ ਹੈ, ਅਰ ਨਾ ਸਾਧਕ ਅਰਥਾਤ ਨਾ ਕੁਝ ਸਾਧਨਾ ਕਰਨੇਹਾਰਾ ਹੈ, ਨਾ ਛੁਟਣ ਦੀ ਇਛਿਆ ਕਰਦਾ, ਅਰ ਨਾਂ ਏਸਦੀ ਕਦੀ ਮੁਕ੍ਤੀ ਹੈ ਕਿਉਂ ਕਿ ਜਦ ਪ੍ਰਮਾਰਥ ਥੀਂ ਬੰਧਹੀ ਨਹੀ ਹੋਇਆ ਤਾਂ ਮੁਕ੍ਤੀ ਕੀ?

( ਉਤ੍ਰ ) ਏਹ ਨਵੀਂ ਨਵੇਦਾਂਤੀਆਂ ਦਾ ਕਹਿਣਾ ਸਚ ਨਹੀ ਕਿਉਂਕਿ ਜੀਵਦਾ ਸਰੂਪ ਅਲਪ ਹੋਣ ਕਰਕੇ ਆਵਰਣ ਵਿਚ ਆਂਵਦਾ,ਸ਼ਰੀਰ ਦੇ ਨਾਲ ਪ੍ਰਗਟ ਹੋਣਾ ਰੂਪੀ ਜਨਮ ਲੈਂਦਾ, ਪਾਪ ਰੂਪੀ ਕਰਮਾਂਦੇ ਫਲ ਭੋਗਰੂਪੀ ਬੰਧਨ ਵਿਚ ਫਸਦਾ, ਓਸਨੂੰ ਛੁਡਾਣ ਦਾ ਸਾਧਨ ਕਰਦਾ,ਦੁਖ ਤੋਂ ਛੁਟਣਦੀ ਇਛਿਆ ਕਰਦਾ, ਅਰ ਦੁਖਾਂ ਥੀਂ ਛੁਟਕੇ ਪਰਮਾਨੰਦ ਪਰਮੇਸ੍ਵਰ ਨੂੰ ਪ੍ਰਾਪਤ ਹੋਕੇ ਮੁਕ੍ਤੀ ਨੂੰ ਬੀ ਭੋਗਦਾ ਹੈ ॥

( ਪ੍ਰਸ਼ਨ ) ਏਹ ਸਭ ਧਰਮ ਦੇਹ ਅਰ ਅੰਤਹਿਕਰਣਦੇ ਹਨ ਜੀਵ ਦੇ ਨਹੀਂ, ਕਿਉਂਕਿ ਜੀਵ ਤਾਂ ਪਾਪ ਪੁੰਨ ਤੋਂ ਰਹਿਤ ਸ਼ਾਖੀ ਮਾਤ੍ਰ ਹੈ। ਸਰਦੀ ਗਰਮੀ ਆਦੀ ਸ਼ਰੀਰ ਆਦੀਦੇ ਧਰਮ ਹੈਂਨ ਆਤਮਾ ਨਿਰਲੇਪ ਹੈ ॥

( ਉਤ੍ਰ )ਦੇਹ ਅਰ ਅੰਤਹਿਕਰਣ ਜੜ ਹੈਂਨ ਉਨ੍ਹਾਂ ਨੂੰ ਸਰਦੀ ਗਰਮੀ ਦੀ ਪ੍ਰਾਪਤੀ ਅਰ ਭੋਗ ਨਹੀ ਹੈ। ਜੇਹੜਾ ਚੇਤਨ ਮਨੁਖ ਆਦੀ ਪ੍ਰਾਣੀ ਓਸਨੂੰ ਸਪਰਸ਼ ਕਰਦਾ ਹੈ ਉਸੇਨੂੰ ਸਰਦੀ ਗਰਮੀ ਦਾ ਭਾਨ ਅਰ ਭੋਗ ਹੁੰਦਾ ਹੈ। ਉਸੇ ਤਰਾਂ ਪ੍ਰਾਣ ਬੀ ਜੜ ਹਨ, ਨਾਂ ਉਨਾਂ ਨੂੰ ਭੁਖ ਨਾਂ ਤੇਹ ,ਕਿੰਤੂ ਪ੍ਰਾਣ ਵਾਲੇ ਜੀਵ ਨੂੰ ਭੁਖ ਤੇਹ ਲਗਦੀ ਹੈ ਉਸੇਤਰਾਂ ਮਨਬੀ ਜੜ ਹੈ ਨਾਂ ਓਸਨੂੰ ਹਰਖ, ਨਾਂ ਸੋਗ ਹੋ ਸਕਦਾ ਹੈ। ਕਿੰਤੂ ਮਨ ਦ੍ਵਾਰਾ ਹਰਖ ਸੋਗ ਦੁਖ ਸੁਖ ਦਾ ਭੋਗ ਜੀਵ ਕਰਦਾ ਹੈ,ਜਿਸਤਰਾਂ ਬਹਿਸ਼ਕਰਣ ਸ਼੍ਰੋਤ੍ਰ ਆਦੀ ਇੰਦ੍ਰੀਆਂ ਥੀਂ ਅੱਛੇ ਬੁਰੇ ਸ਼ਬਦ ਆਦੀ ਵਿਸ਼ਿਆਂ ਦਾ ਗ੍ਰਹਿਣ ਕਰਕੇ ਜੀਵ ਸੁਖੀ ਦੁਖੀ ਹੁੰਦਾ ਹੈ, ਉਸੇਤਰਾਂ ਅੰਤਹਿਕਰਣ ਅਰਥਾਤ ਮਨ, ਬੁਧਿ, ਚਿਤ ਅਹੰਕਾਰ, ਥੀਂ ਸੰਕਲਪ, ਵਿਕਲਪ ਨਿਸਚੇ,ਸਿਮਰਣ ਅਰ ਅਭਿਮਾਨ ਦਾ ਕਰਨ ਵਾਲਾ ਡੰਡ ਅਰ ਮਾਨਦਾ ਭਾਗੀ ਹੁੰਦਾ ਹੈ, ਜਿਸਤਰਾਂ ਤਲਵਾਰ ਥੀਂ ਮਾਰਨੇਵਾਲਾ ਡੰਡਦੇ ਜੋਗ ਹੁੰਦਾ ਹੈ, ਤਲਵਾਰ ਨਹੀ ਹੁੰਦੀ, ਉਸੇਤਰਾਂ ਦੇਹ ਇੰਦ੍ਰੀਆਂ ਅੰਤਹਿਕਰਣ ਅਰ ਪ੍ਰਾਣਰੂਪੀ ਸਾਧਨਾਂ ਥੀਂ ਚੰਗੇ ਬੁਰੇ ਕੰਮਾਂ ਦਾ ਕਰਨਵਾਲਾ ਜੀਵ ਸੁਖਦੁਖਦਾ ਭੋਗਣ ਵਾਲਾ ਹੈ, ਜੀਵ ਕਰਮਾਂ ਦਾ ਸਾਖੀ ਨਹੀ ਕਿੰਤੂ ਕਰਤਾ ਭੋਗਤਾ ਹੈ , ਕਰਮਾਂ ਦਾ ਸਾਖੀ ਤਾਂ ਇਕ ਅਦ੍ਵਿਤੀਯ ਪ੍ਰਮੇਸ਼੍ਵਰ ਹੈ। ਜੋ ਕਰਮ ਕਰਨੇ ਵਾਲਾ ਜੀਵ ਹੈ ਉਹੋ ਹੀ ਕਰਮਾਂ ਵਿਚ ਲਿਪਤ ਹੁੰਦਾ ਹੈ, ਉਹ ਜੀਵ ਸਾਖੀ ਨਹੀਂ ॥

( ਪ੍ਰਸ਼ਨ ) ਜੀਵ ਬ੍ਰਹਮ ਦਾ ਪ੍ਰਤਿਬਿੰਬ ਹੈ ਜਿਸਤਰਾਂ ਸ਼ੀਸ਼ੇ ਦੇ ਟੁਟੱਣ ਭਜਣ ਨਾਲ ਬਿੰਬਦੀ ਕੁਝ ਹਾਨੀ ਨਹੀ ਹੁੰਦੀ, ਇਸੇਤਰਾਂ ਅੰਤਹਿ ਕਰਣ ਵਿਚ

ਬ੍ਰਹਮ ਦਾ ਪ੍ਰਤੀਬਿੰਬ ਜੀਵ ਤਦ ਤਿਕ ਹੈ ਕਿ ਜਦ ਤਿਕ ਉਹ ਅੰਤਹਿਕਰਣ ਉ ਪਾਧੀ ਹੈ, ਜਦ ਅੰਤਹਿਕਰਣ ਨਸ਼ਟ ਹੋਗਿਆ ਤਦ ਜੀਵ ਮੁਕ੍ਤ ਹੈ॥

( ਉਤ੍ਰ ) ਏਹ ਬਾਲਪਣੇਦੀ ਗਲ ਹੈ ਕਿਉਂਕਿ ਪ੍ਰਤੀਬਿੰਬ ਸਕਾਰ ਦਾ ਸਕਾਰ ਵਿਚ ਹੁੰਦਾ ਹੈ, ਜੀਕਣ ਮੂੰਹ ਅਰ ਸ਼ੀਸ਼ਾ ਅਕਾਰ ਵਾਲੇ ਹਨ ਅਰ ਵਖਰੇ ਬੀ ਹਨ, ਜੇ ਵਖਰੇ ਨਾਂ ਹੋਨ ਤਾਂਬੀ ਪ੍ਰਤੀਬਿੰਬ ਨਹੀ ਹੋ ਸਕਦਾ, ਬ੍ਰਹਮ ਦੇ ਨਿਰਾਕਾਰ ਸਰਬ ਵਿਆਪਕ ਹੋਣ ਕਰਕੇ ਓਸਦਾ ਪ੍ਰਤੀਬਿੰਬ ਹੋਹੀ ਨਹੀ ਸਕਦਾ॥

( ਪ੍ਰਸ਼ਨ ) ਵੇਖੋ ਡੂੰਘੇ ਨਿਰਮਲ ਜਲ ਵਿਚ ਨਿਰਾਕਾਰ ਅਰ ਵਿਆ ਪਕ ਅਕਾਸ਼ ਦਾ ਪ੍ਰਤੀਬਿੰਬ ਪੈਂਦਾ ਹੈ, ਇਸੇਤਰਾਂ ਨਿਰਮਲ ਅੰਤਹਿਕਰਣ ਵਿਚ ਪ੍ਰਮੇਸ਼੍ਵਰਦਾ ਅਭਾਸ ਹੈ। ਏਸ ਲਈ ਏਸਨੂੰ ਚਿਦਾਭਾਸ ਕਹਿੰਦੇ ਹਨ॥

( ਉਤ੍ਰ ) ਏਹ ਬਾਲਬੁਧਦਾ ਮਿਥਿਆ ਪ੍ਰਲਾਪ ਹੈ, ਕਿਉਂਕਿ ਅ-ਕਾਸ਼ ਦ੍ਰਿਸ਼ਟ ਨਹੀ ਤਾਂ ਓਸਨੂੰ ਅਖ ਨਾਲ ਕੋਈ ਬੀ ਕਿਉਂਕਰ ਵੇਖ ਸਕਦਾ ਹੈ

( ਪ੍ਰਸ਼ਨ ) ਏਹ ਜੇਹਿੜਾ ਉਪਰ ਵਲ ਨੀਲਾ ਅਰ ਧੁੰਧਲਾਪਨ ਨ-ਜਰ ਆਂਵਦਾ ਹੈ ਉਹ ਅਕਾਸ਼ ਨੀਲਾ ਨਜਰ ਆਂਵਦਾ ਹੈ ਵਾ ਨਹੀ?

( ਉਤ੍ਰ ) ਨਹੀ॥

( ਪ੍ਰਸ਼ਨ ) ਤਾਂ ਉਹ ਕੀ ਹੈ?

( ਉਤ੍ਰ ) ਵਖੋ ਵਖਰੇ ਪ੍ਰਿਥ੍ਵੀ, ਜਲ, ਅਰ ਅਗਨੀ ਦੇ ਤ੍ਰਿਸਰੇਣੂ ਨ ਜਰ ਆਂਵਦੇ ਹਨ ਓਸ ਵਿਚ ਜੋ ਨੀਲਾਪਨ ਨਜਰ ਆਂਵਦਾ ਹੈ ਉਹ ਵਧੀਕ ਜਲ ਹੈ ਜੇਹਿੜਾ ਵਸਦਾ ਹੈ, ਜੇਹਿੜਾ ਧੁੰਧਲਾਪਨ ਨਜਰ ਆਂਵਦਾ ਹੈ ਉਹ ਪ੍ਰਿਥਵੀ ਥੀਂ ਧੂੜ ਉਡਕੇ ਹਵਾ ਵਿਚ ਭਉਂਦੀ ਹੈ ਉਹ ਨਜਰਆਉਂਦੀ ਹੈ ਅਰ ਉਸੇਦਾ ਪ੍ਰਤੀਬਿੰਬ ਜਲ ਵਾ ਸ਼ੀਸ਼ੇ ਵਿਚ ਨਜਰਆਉਂਦਾਹੈਅਕਾਸ਼ਦਾ ਕਦੀ ਨਹੀ

( ਪ੍ਰਸ਼ਨ ) ਜਿਸਤਰਾਂ ਘਟਾਕਾਸ਼, ਮੇਘਾਕਾਸ਼ ਅਰ ਮਹਦ ਅਕਾਸ਼ ਦੇ ਭੇਦ ਵਿਹਾਰ ਵਿਚ ਹੁੰਦੇ ਹਨ ਉਸੇਤਰਾਂ ਹੀ ਬ੍ਰਹਮ ਦੇ ਬ੍ਰਹਮਾਂਡ ਅਰ ਅੰਤਹਿ ਕਰਣ ਉਪਾਧੀਦੇ ਭੇਦ ਕਰਕੇ ਈਸ਼੍ਵਰ ਅਰ ਜੀਵ ਨਾਂਮ ਹੁੰਦਾ ਹੈ, ਜਦ ਘਟ ਆਦੀ ਨਸ਼ਟ ਹੋ ਜਾਂਦੇ ਹਨ ਤਦ ਮਹਾਂਕਾਸ਼ ਹੀ ਕਹਾਂਦਾ ਹੈ॥

( ਉਤ੍ਰ ) ਏਹ ਬੀ ਗਲ ਅਵਿਦਵਾਨਾਂ ਦੀ ਹੈ, ਕਿਉਂਕਿ ਅਕਾ ਕਦੀ ਛਿੰਨ ਭਿੰਨ ਨਹੀ ਹੁੰਦਾ ਵਿਹਾਰ ਵਿਚ ਬੀ ਘੜਾ ਲੈ ਆਓ ਇਤਆਦ ਵਿਹਾਰ ਹੁੰਦੇ ਹਨ, ਕੋਈ ਨਹੀ ਕਹਿੰਦਾ ਕਿ ਘੜੇਦਾ ਅਕਾਸ਼ ਲੈ ਆਓ ਏ ਲਈ ਏਹ ਬਾਤ ਠੀਕ ਨਹੀ॥

( ਪ੍ਰਸ਼ਨ ) ਜਿਸਤਰਾਂ ਸਮੁੰਦ੍ਰ ਦੇ ਵਿਚ ਮਛੀ ਕੀੜੇ ਅਰ ਅਕਾਸ਼ ਵਿਚ ਪੰਛੀ ਆਦੀ ਉਡਦੇ ਹਨ ਉਸੇਤਰਾਂ ਚਿਦਾਕਾਸ਼ ਬ੍ਰਹਮ ਵਿਚ ਸਭ ਅੰਤਹਿ ਕਰਣ ਭਉਂਦੇਹਨ ਓਹ ਆਪੋਂ ਤਾਂ ਜੜ ਹਨ ਪ੍ਰੰਤੂ ਸਰਬ ਵਿਆਪਕ ਪ

ਮੇਸ਼੍ਵਰ ਦੀ ਸਤਾ ਬੀ ਜਿਸਤਰਾਂ ਕਿ ਅਗ ਕਰਕੇ ਲੋਹਾ ਉਸੇਤਰਾਂ ਚੇਤਨ ਹੋ ਰਹੇ ਹਨ। ਜੀਕਣ ਉਹ ਚਲਦੇ ਫਿਰਦੇ ਅਰ ਅਕਾਸ਼ ਤਥਾ ਬ੍ਰਹਮ ਨਿੱਸਚਲ ਹਨ ਉਸੇ ਤਰਾਂ ਜੀਵਨੂੰ ਬ੍ਰਹਮ ਮਨਣ ਵਿਚ ਕੋਈ ਦੋਸ਼ ਨਹੀ ਆਉਂਦਾ ॥

( ਉਤ੍ਰ ) ਏਹ ਬੀ ਤੁਹਾਡਾ ਦ੍ਰਿਸ਼ਟਾਂਤ ਸੱਚਾ ਨਹੀ ਕਿਉਂਕਿ ਜੋ ਸਰਬ ਵਿਆਪੀ ਬ੍ਰਹਮ ਅੰਤਹਿ ਕਰਣਾਂ ਵਿਚ ਪ੍ਰਕਾਸਮਾਨ ਹੋਕੇ ਜੀਵ ਹੁੰਦਾ ਹੈ ਤਾਂ ਸ ਰਬਗੱ ਆਦੀ ਗੁਣ ਓਸ ਵਿਚ ਹੁੰਦੇ ਹਨ ਵਾ ਨਹੀ ? ਜੇ ਕਹੋ ਕਿ ਆਵਰਣ ਹੋਣ ਕਰਕੇ ਸਰਬਗਤਾ ਨਹੀ ਹੁੰਦੀ ਤਾਂ ਦਸੋ ਕਿ ਬ੍ਰਹਮ ਢਕਿਆ ਹੋਇਆ ਅਰ ਖੰਡਤ ਹੈ ਵਾ ਅਖੰਡਤ? ਜੇ ਆਖੋ ਕਿ ਅਖੰਡਤ ਹੈ ਤਾਂ ਵਿਚਕਾਰ ਕੋਈ ਬੀ ਪਰਦਾ ਨਹੀ ਸੁਟ ਸਕਦਾ, ਜਦ ਪਰਦਾ ਨਹੀ ਤਾਂ ਸਰਬਗਤਾ ਕਿਉਂ ਨਹੀਂ' ਜੇ ਆਖੋ ਕਿ ਅਪਣੇ ਸਰੂਪ ਨੂੰ ਭੁਲਕੇ ਅੰਤਹਿਕਰਣ ਦੇ ਨਾਲ ਚਲਦਾ ਜੇਹਾ ਹੈ ਸ੍ਵਰੂਪ ਕਰਕੇ ਨਹੀ, ਜਦ ਆਪੇ ਨਹੀ ਚਲਦਾ ਤਾਂ ਅੰਤਹਿਕਰਣ ਜਿੱਨਾਂ ਜਿੱਨਾਂ ਪਹਿਲੇ ਮਿਲੀ ਹੋਈ ਜਗਹ ਛਡਦਾ ਅਰ ਅਗੇ ਅਗੇ ਜਿਥੇ ਜਿਥੇ ਖਿਸ਼ਕਦਾ ਜਾਵੇਗਾ ਉਥੋਂ ਉਥੋਂ ਦਾ ਬ੍ਰਹਮ ਭਰਮੀ ਅਗਿਆਨੀ ਹੋ ਜਾਵੇ ਗਾ। ਅਰ ਜਿੱਨਾਂ ਜਿੱਨਾਂ ਛੁਟਦਾ ਜਾਵੇਗਾ ਉਥੋਂ ਉਥੋਂ ਦਾ ਗਿਆਨੀ ਪਵਿਤ੍ਰ ਅਰ ਮੁਕਤ ਹੁੰਦਾ ਜਾਵੇਗਾ। ਇਸੇ ਪ੍ਰਕਾਰ ਸਭ ਥਾਂ ਸ੍ਰਿਸ਼ਟੀ ਦੇ ਬ੍ਰਹਮ ਨੂੰ ਅੰਤਹਿ ਕਰਣ ਵਿਗਾੜਿਆ ਕਰਨ ਗੇ ਅਰ ਬੰਧ ਮੁਕ੍ਤੀ ਬੀ ਛਿਨ ਛਿਨ ਵਿਚ ਹੋਇਆ ਕਰੇਗੀ, ਤੁਹਾਡੇ ਕਹਿਣ ਦੇ ਅਨੁਸਾਰ ਜੇ ਏਸਤਰਾਂ ਦਾ ਹੋਂਦਾ ਤਾਂ ਕਿਸੇ ਜੀਵ ਨੂੰ ਪਹਿਲਾਂ ਵੇਖੇ ਸੁਣੇ ਦੀ ਯਾਦਗੀਰੀ ਨਾਂ ਹੁੰਦੀ ਕਿਉਂਕਿ ਜਿਸ ਬ੍ਰਹਮ ਨੇ ਵੇ ਖਿਆ ਉਹ ਨਹੀ ਰਹਿਆ ਏਸ ਲਈ ਬ੍ਰਹਮ ਜੀਵ ਅਰ ਜੀਵ ਬ੍ਰਹਮ ਇਕ ਕਦੀ ਨਹੀ ਹੁੰਦੇ ਸਦਾ ਵਖੋ ਵਖਰੇ ਹਨ ॥

( ਪ੍ਰਸ਼ਨ ) ਏਹ ਸਭ ਅਧਿਆਰੋਪ ਮਾਤ੍ਰ ਹੈ ਅਰਥਾਤ ਹੋਰ ਬਸਤੂ ਵਿਚ ਹੋਰ ਬਸਤੂ ਦਾ ਸਥਾਪਨ ਕਰਨਾ ਅਧਿਆਰੋਪ ਕਹਾਂਦਾ ਹੈ। ਉਸੇਤਰਾਂ ਬ੍ਰਹਮ ਵਸਤੂ ਵਿਚ ਸਭ ਜਗਤ ਅਰ ਏਸਦੇ ਵਿਹਾਰ ਦਾ ਅਧਿਆਰੋਪ ਕਰਨ ਨਾਲ ਜਗਿਆਸੂ ਨੂੰ ਬੋਧ ਕਰਾਣਾ ਹੋਂਦਾ ਹੈ ਵਾਸਤਵ ਵਿਚ ਸਭ ਬ੍ਰਹਮ ਹੀ ਹਨ।

( ਪ੍ਰਸ਼ਨ ) ਅਧਿਆਰੋਪ ਦਾ ਕਰਨ ਵਾਲਾ ਕੌਣ ਹੈ ॥

( ਉਤ੍ਰ ) ਜੀਵ।

( ਪ੍ਰਸ਼ਨ ) ਜੀਵ ਕਿਸਨੂੰ ਕਹਿੰਦੇ ਹਨ?

( ਉਤ੍ਰ ) ਅੰਤਹਕਰਣਾਵਿਛਿਨ ਚੇਤਨ ਨੂੰ ॥

( ਪ੍ਰਸ਼ਨ ) ਅੰਤਹਿ ਕਰਣਾ ਵਿਛਿੰਨ ਚੇਤਨ ਦੂਜਾ ਹੈ ਵਾ ਉਹੋ ਬ੍ਰਹਮ ?

( ਉਤ੍ਰ ) ਉਹੋ ਬ੍ਰਹਮ ਹੈ ॥

( ਪ੍ਰਸ਼ਨ ) ਤਾਂ ਕੀ ਬ੍ਰਹਮ ਹੀ ਨੇ ਅਪਣੇ ਵਿਚ ਜਗਤ ਦੀ ਝੂਠੀ ਕਲ ਪਣਾ ਕਰ ਲੀਤੀ?

( ਉਤ੍ਰ ) ਹੋਵੇ, ਬ੍ਰਹਮ ਦੀ ਏਸ ਕਰਕੇ ਕੀ ਹਾਂ ਨੀ ॥

( ਪ੍ਰਸ਼ਨ ) ਜੇਹੜਾ ਮਿਥਿਆ ਕਲਪਣਾ ਕਰਦਾ ਹੈ ਕੀ ਉਹ ਝੂਠਾ ਨ-ਹੀਂ ਹੁੰਦਾ?

( ਉਤ੍ਰ ) ਨਹੀ,ਕਿਉਂਕਿ ਜੋ ਮਨ ਬਾਣੀ ਕਰਕੇ ਕਲਪਤ ਵਾ ਕਿਹਾ ਹੋਇਆ ਹੈ ਉਹ ਸਭ ਝੂਠਾ ਹੈ ॥

( ਪ੍ਰਸ਼ਨ ) ਫੇਰ ਮਨ ਬਾਣੀ ਕਰਕੇ ਝੂਠੀ ਕਲਪਣਾ ਕਰਨੇ ਅਰ ਮਿਥਿਆ ਬੋਲਣ ਵਾਲਾ ਬ੍ਰਹਮ ਕਲਪਤ,ਅਰ ਮਿਥਿਆਵਾਦੀ ਹੋਇਆ ਵਾਨਹੀ?

( ਉਤ੍ਰ )ਹੋਵੇ, ਸਾਨੂੰ ਆਪਣੀ ਗਲ ਸਿਧ ਕਰਨੀ ਹੈ। ਵਾਹਰ ਝੂਠੇ ਵੇਦਾਂਤੀਓ ਤੁਸਾਂ ਨੇ ਸਤ ਸਰੂਪ, ਸਤ ਕਾਂਮ, ਸਤ ਸੰਕਲਪ, ਪ੍ਰਮਾਤਮਾਂ ਨੂੰ ਮਿਥਿਆਚਾਰੀ ਕਰ ਦਿੱਤਾ, ਕੀ ਇਹ ਤੁਹਾਡੀ ਦੁਰਗਤੀ ਦਾ ਕਾਰਨ ਨਹੀਂ ਹੈ?ਕੇਹਿੜੀ ਉਪਨਿਸ਼ਦ, ਸੂਤ੍ਰ , ਵਾ ਵੇਦ ਵਿਚ ਲਿਖਿਆ ਹੈ ਕਿ ਪਰਮੇਸ਼ੁਰ ਮਿਥਿਆ ਸੰਕਲਪ, ਅਰ ਮਿਥਿਆ ਬਾਦੀ ਹੈ ਜਿਸਤਰਾਂ ਕਿਸੇ ਚੋਰ ਨੈ ਕਟਵਾਲ ਨੂ ਡੰਡ ਦਿੱਤਾ ਅਰਥਾਤ ਉਲਟਾ ਚੋਰ ਕਟਵਾਲ ਨੂੰ ਡੰਡੇ, ਏਸ ਕਹਾਣੀ ਵਰਗੀ ਤੁਹਾਡੀ ਬਾਤ ਹੋਈ ਏਹ ਤਾਂ ਬਾਤ ਉੱਚਿਤ ਹੈ ਕਿ ਕਟਵਾਲ ਚੋਰ ਨੂੰ ਡੰਡ ਦੇਵੇ, ਪ੍ਰੰਤੂ ਇਹ ਬਾਤ ਉਲਟੀ ਹੈ ਕਿ ਚੋਰ ਕਟਵਾਲ ਨੂੰ ਡੰਡ ਦੇਵੇ,ਉਸੇ ਤਰਾਂ ਤੁਸੀ ਮਿਥਿਆ ਸੰਕਲਪ ਅਰ ਮਿਥਿਆ ਬਾਦੀ ਹੋਕੇ ਉਹੋ ਅਪਣਾ ਦੋਸ਼ ਬ੍ਰਹਮ ਨੂੰ ਵਿਅਰਥ ਲਗਾਂਉਂਦੇ ਹੋ, ਜੇ ਬ੍ਰਹਮ ਮਿਥਿਆ ਗਿਆਂਨੀ, ਮਿਥਿਆ ਬਾਦੀ, ਮਿਥਿਆਕਾਰੀ ਹੋਵੇ ਤਾਂ ਸਭ ਅਨੰਤ ਬ੍ਰਹਮ ਉਸੇ ਤਰਾਂ ਦਾ ਹੀ ਹੋ ਜਾਵੇ, ਕਿਉਂਕਿ ਉਹ ਇਕ ਰਸ ਹੈ,ਸਤ ਸਰੂਪ, ਸਤਮਾਂਨੀ, ਸਤਬਾਦੀ, ਅਰ ਸਤਕਾਰੀ ਹੈ ਏਹ ਸਭ ਦੋਸ਼ ਤੁਹਾਡੇ ਹਨ ਬ੍ਰਹਮ ਦੇ ਨਹੀਂ, ਜਿਸ ਨੂੰ ਤੁਸੀਂ ਵਿਦਿਆ ਕਹਿੰਦੇ ਹੋ ਉਹ ਅਵਿਦਯਾ ਹੈ ਅਰ ਤੁਹਾਡਾ ਅਧਿਆਰੋਪ ਬੀ ਮਿ-ਥਿਆ ਹੈ ਕਿਉਕਿ ਆਪ ਬ੍ਰਹਮ ਨਾਂ ਹੋਕੇ ਆਪਣੇ ਨੂੰ ਬ੍ਰਹਮ,ਅਰ ਬ੍ਰਹਮ ਨੂੰ ਜੀਵ ਮਨਣਾ ਏਹ ਮਿਥਿਆ ਗਿਆਂਨ ਨਹੀਂ ਤਾਂ ਕੀ ਹੈ?ਜੇਹਿੜਾਸਰਬ ਵਿਆਪਕ ਹੈ ਉਹ ਪਰੀਛਿਨ, ਅਗਿਆਂਨ, ਅਰ ਬੰਧ ਵਿਚ ਕਦੀ ਨਹੀਂ ਡਿਗਦਾ, ਕਿਉਕਿ, ਅਗਿਆਨ ਪਰੀਛਿਨ, ਇਕ ਦੇਸ਼ੀ, ਅਲਪ ਅਲਪਗੱਯ ਜੀਵ ਹੁੰਦਾ ਹੈ ਸਰਬਗੱਯ, ਸਰਬ ਵਿਆਪੀ, ਬ੍ਰਹਮ ਨਹੀਂ ।

ਹੁਣ ਮਕਤੀ ਅਤੇ ਬੰਧ ਦਾ ਵਰਣਨ ਕਰਦੇ ਹਾਂ ।

(ਪ੍ਰਸ਼ਨ)ਮੁਕਤੀ ਕਿਸ ਨੂੰਹਿੰਦੇ ਹਨ ?

(ਉਤ੍ਰ)

"मुञ्चन्ति पृथग्भवन्ति जना यस्यां सा मुक्ति:"

ਜਿਸ ਵਿਚ ਛੁਟ ਜਾਣਾ ਹੋਵੇ ਓਸਦਾ ਨਾਂਉ ਮੁਕਤੀ ਹੈ

(ਪ੍ਰਸ਼ਨ)ਕਿਸ ਕੋਲੋਂ ਛੁਟ ਜਾਣਾ ?

(ਉਤ੍ਰ)ਜਿਸਥੀਂ ਛੁਟਣੇ ਦੀ ਇੱਛਾ ਸਭ ਜੀਵ ਕਰਦੇ ਹਨ।

(ਪ੍ਰਸ਼ਨ)ਕਿਸਥੀਂ ਛੁਟਣੇ ਦੀ ਇਛਾ ਕਰਦੇ ਹਨ ?

(ਉਤ੍ਰ)ਜਿਸਥੀਂ ਛੁਟਣਾ ਚਾਹੰਦੇ ਹਨ।

(ਪ੍ਰਸ਼ਨ)ਕਿਸਥੀਂ ਛੁਟਣਾ ਚਾਹਿੰਦੇ ਹਨ ?

(ਉਤ੍ਰ)ਦੁਖਥੀਂ।

(ਪ੍ਰਸ਼ਨ)ਛੁਟਕੇ ਕਿਸ ਨੂੰ ਪ੍ਰਾਪਤ ਹੁੰਦੇ ਅਰ ਕਿਥੇ ਰਹਿੰਦੇ ਹਨ ?

(ਉਤ੍ਰ)ਸੁਖ ਨੂੰ ਪ੍ਰਾਪਤ ਹੁੰਦੇ ਅਰ ਬ੍ਰਹਮ ਵਿਚ ਰਹਿੰਦੇ ਹਨ।

(ਪ੍ਰਸ਼ਨ)ਮੁਕਤ ਅਰ ਬੰਧ ਕਿਨਾਂ ਕਿਨਾਂ ਬਾਤਾਂ ਕਰਕੇ ਹੁੰਦਾ ਹੈ ?

(ਉਤ੍ਰ)ਪਰਮੇਸ਼੍ਵਰ ਦੀ ਆਗਿਆ ਪਾਲਣੇ,ਅਧਰਮ, ਅਵਿਦਯਾ ਕੁਸੰਗ ਕੁਸੰਸਕਾਰ ਬੁਰੇ ਠਰਕਾਂ ਥੀਂ ਪਰੇ ਰਹਿਣੇ, ਅਰ ਸਤ ਬੋਲਣੇ, ਪਰਉਪਕਾਰ, ਵਿਦਯਾ, ਪਖਪਾਤ ਤੋਂ ਰਹਿਤ ਨਿਆਇ ਧਰਮ ਦੀ ਬ੍ਰਿਧੀ ਕਰਨੇ, ਉੱਪਰ ਕਹੇ ਹੋਏ ਪਰਕਾਰ ਕਰਕੇ ਪਰਮੇਸ਼੍ਵਰ ਦੀ ਉਸਤਤੀ,ਪ੍ਰਾਰਥਨਾ,ਉਪਾਸਨਾ,ਅਰ ਬਾਤ ਯੋਗਾਭਿਆਸ ਕਰਨੇ, ਵਿਦਯਾ ਪੜਨੇ, ਪੜਾਣੇ, ਅਰ ਧਰਮ ਨਾਲ ਪੁਰਸ਼ਾਰਥ ਕਰਕੇ ਗਿਆਂਨ ਦੀ ਉਨੱਤੀ ਕਰਨੇ, ਸਭ ਥੀਂ ਉੱਤਮ ਸਾਧਨਾਂ ਨੂੰ ਕਰਨੇ ਅਰ ਜੋ ਕੁਝ ਕਰੇ ਉਹ ਸਭ ਪਖਪਾਤ ਤੋਂ ਰਹਤ ਹੋਕੇ ਨਿਆਂ ਧਰਮ ਅਨੁਸਾਰ ਹੀ ਕਰੇ ਇਤਆਦੀ ਸਾਧੂਨਾਂ ਕਰਕੇ ਮੁਕ੍ਤੀ,ਅਰ ਇਨਾਂ ਥੀਂ ਉਲਟ ਈਸ਼੍ਵਰ ਆਗਿਆ ਭੰਗ ਕਰਨੇ ਆਦੀ ਕੰਮਾਂ ਥੀਂ ਬੰਧ ਹੋਦਾਂ ਹੈ।

(ਪ੍ਰਸ਼ਨ) ਮੁਕਤੀ ਵਿਚ ਜੀਵਦਾ ਲੈ ਹੁੰਦਾ ਹੈ ਵਾ ਵਿਦਮਾਂਨ ਰਹਿੰਦਾ ਹੈ।

(ਉਤ੍ਰ)ਵਿਦਮਾਂਨ ਰਹਿੰਦਾ ਹੈ।

(ਪ੍ਰਸ਼ਨ) ਕਿਥੇ ਰਹਿੰਦਾ ਹੈ?

(ਉਤ੍ਰ) ਬ੍ਰਹਮ ਵਿਚ

(ਪ੍ਰਸ਼ਨ) ਬ੍ਰਹਮ ਕਿਥੇ ਹੈ ਅਰ ਉਹਮੁਕਤ ਜੀਵ ਇਕ ਠਿਕਾਂਣੇ ਰਹਿੰਦਾ ਹੈ ਅਰ ਆਪਣੀ ਮਰਜੀ ਵਾਲਾ ਹੋਕੇ ਸਰਬਤ੍ਰ ਵਿਚਰਦਾ ਹੈ ?

(ਉਤ੍ਰ)ਜੋ ਬ੍ਰਹਮ ਸਰਬਤ੍ਰ ਪੂਰਣ ਹੈ ਉਸੇ ਵਿਚ ਮੁਕਤ ਜੀਵ ਅਵਯਹਤ ਗਤੀ ਅਰਥਾਤ ਉਸ ਨੂੰ ਕਿਦੇ ਰੋਕ ਨਹੀ, ਬਿਗਿਆਂਨ ਆਨੰਦ ਪੂਰਵਕ ਆਪਣੀ ਮਰਜੀ ਨਾਲ ਬਿਚਰਦਾ ਹੈ।

(ਪ੍ਰਸ਼ਨ) ਮੁਕਤ ਜੀਵ ਦਾ ਸਥੂਲ ਸ਼ਰੀਰ ਹੁੰਦਾ ਹੈ ਵਾ ਨਹੀਂ।

(ਉਤ੍ਰ)ਨਹੀਂ ਰਹਿੰਦਾ।

(ਪ੍ਰਸ਼ਨ) ਫੇਰ ਉਹ ਸੁਖ ਅਰ ਅਨੰਦ ਭੋਗ ਕਿਸਤਰਾਂ ਕਰਦਾ ਹੈ ?

(ਉਤ੍ਰ) ਓਸ ਦੇ ਸਤਸੰਕਲਪ ਆਦੀ ਸੁਭਾਵਕ ਗੁਣ, ਸਮ੍ਰਥ ਸਭ

ਰਹਿੰਦੇ ਹਨ,ਭਊਤਕ ਸੰਗ ਨਹੀ ਰਹਿੰਦਾ,ਜਿਸਤਰਾਂ:-

> शृण्वन् श्रोत्रं भवति, स्पर्शयन् त्वग्भवति, पश्यन् चक्षुर्भवति, रसयन् रसना भवति, जिघ्रन् घ्राणं भवति, मन्वानो मनो भवति, बोधयन् बुद्धिर्भवति, । चेतयंश्चित्तम्भवत्यहङ्कुर्वाणो ऽहङ्कारो भवति ॥ शतपथ० कां० १४ ॥

ਮੁਕਤੀ ਵਿਚ ਭਉਤਕ ਸ਼ੀਰ,ਵਾ ਇੰਦ੍ਰੀਆਂ ਦੇ ਗੋਲਕ ਜੀਵਾਤਮਾ ਦ ਨਾਲ ਨ ਹੀਂ ਰਹਿੰਦੇ,ਕਿੰਤੂ ਅਪਣੇ ਸੁਭਾਵਕ ਸ਼ੁਧ ਗੁਣ ਰਹਿੰਦੇ ਹਨ, ਜਦ ਸੁਣਨਾ ਚਾਹੁੰਦਾ ਹੈ ਤਦ ਕੰਨ,ਸਪਰਸ਼ ਕਰਨਾ ਚਾਹਿੰਦਾ ਹੈ, ਤਦ ਖਲੜੀ, ਵੇਖਣ ਦੇ ਸੰਕਲਪ ਕਰਕੇ ਅਖਾਂ,ਸ੍ਵਾਦ ਦੇ ਵਾਸਤੇ ਜਬਾਨ,ਗੰਧ ਦੇ ਵਾਸਤੇ ਨਕ, ਸੰਕਲਪ ਵਿਕਲਪ ਕਰਨਦੇ ਸਮੇ ਮਨ,ਨਿਸਚੇ ਕਰਨ ਦੇ ਸ਼ਮੇਂ ਬੁਧੀ,ਯਾਦਕਰਨ ਦੇ ਲਈ ਚਿਤ, ਅਰ ਅਹੰਕਾਰ ਦੇ ਅਰਥ ਅਹੰਕਾਰ ਰੂਪ, ਅਪਣੀਸ੍ਵਾਸਕ੍ਤੀ ਵਾਲਾ ਜੀਵਾਤਮਾ ਮੁਕ੍ਤੀ ਵਿਚ ਹੋ ਜਾਂਦਾ ਹੈ, ਅਰ ਸੰਕਲਪ ਮਾਤ੍ਰ ਸ਼ੀਰ ਹੋਂਦਾ ਹੈ, ਜਿਸਤਰਾਂ ਸ਼ੀਰ ਦੇ ਆਸ਼੍ਰੇ ਰਹਿਕੇ ਇੰਦ੍ਰੀਆਂ ਗੋਲਕ ਦੇ ਦ੍ਵਾਰਾ ਜੀਵ ਅਪਣਾ ਕਾਰਜ ਕਰਦਾ ਹੈ ਉਸੇਤਰਾਂ ਅਪਣੀ ਸ਼ਕਤੀ ਨਾਲ ਮੁਕਤੀ ਵਿਚ ਸਭ ਅਨੰਦ ਭੋਗ ਲੈਂਦਾਹੈ ॥

(ਪ੍ਰਸ਼ਨ) ਉਸਦੀ ਸ਼ਕਤੀ ਕਿੱਨੇ ਪ੍ਰਕਾਰ ਦੀ ਅਰ ਕਿਨੀ ਹੈ?

(ਉਤ੍ਰ) ਮੁਖ ਇਕ ਪ੍ਰਕਾਰ ਦੀ ਸ਼ਕਤੀ ਹੈ,ਪ੍ਰੰਤੂ ਬਲ, ਪ੍ਰਾਕ੍ਰਮ, ਆਕਰਖਣ, ਪ੍ਰੇਰਣਾ ਗਤੀ, ਭੀਸ਼ਣ ਵਵੇਚਨ, ਕ੍ਰਿਆ, ਉਤਸਾਹ, ਸਿਮਰਣ, ਨਿਸਚਾ,ਇਛਾ,ਪ੍ਰੇਮ ਦ੍ਵੈਖ,ਸੰਜੋਗ,ਵਿਭਾਗ,ਸੰਜੋਜਕ,ਵਿਭਾਜਕ,ਸਰਵਣ ਸਪਰਸ਼ਣ ਦਰਸ਼ਨ, ਸ੍ਵਾਦਨ, ਅਰ ਗੰਧਗ੍ਰਿਹਣ ਤਥਾ ਗਿਆਨ, ਇਨਾਂ ਚਹ੍ਹੀ ਪ੍ਰਕਾਰ ਦੀ ਸਮਰੱਥਾ ਜੁਕਤੀ ਜੀਵ ਹੈ ਏਸ ਥੀਂ ਮੁਕਤੀ ਵਿਚ ਬੀ ਅਨੰਦ ਦੀ ਪ੍ਰਾਪਤੀ ਭੋਗ ਕਰਦਾ ਹੈ,ਜੇ ਮੁਕਤੀ ਵਿਚ ਜੀਵ ਦਾ ਲੈਹੁੰਦਾ ਤਾਂ ਮੁਕਤੀ ਦਾ ਸੁਖ ਕੌਣ ਭੋਗਦਾ ਅਰ ਜੇਹੜੇ ਜੀਵ ਦੇ ਨਾਸ਼ ਨੂੰ ਹੀ ਮੁਕਤੀ ਸਮਝਦੇ ਹਨ ਉਹ ਤਾਂ ਮਹਾਂ ਮੂੜ ਹਨ,ਕਿਂਉਕਿ ਮੁਕਤੀ ਜੀਵ ਦੀ ਇਹ ਹੈ ਕਿ ਦੁਖਾਂ ਤੋਂ ਛੁਟਕੇ ਅਨੰਦ ਸਰੂਪ ਸਰਬ ਵਿਆਪਕ, ਅਨੰਤ ਪਰਮੇਸ੍ਵਰ ਵਿਚ ਜੀਵਦਾ ਅਨੰਦਵਿਚ ਰਹਿਣਾ,ਵੇਖੋ ਵੇਦਾਂਤ ਸ਼ਾਰੀਰਕ ਸੂਤ੍ਰਾਂ ਵਿਚ।

> अभावं बादरिराह ह्येवम् ॥ वेदान्तद० ४ । ४ । १० ॥

ਜੋਵਾਦ੍ਰੀ ਵਿਆਸ ਜੀਦੇ ਪਿਤਾ ਹਨ ਉਹ ਮੁਕਤੀ ਵਿਚ ਜੀਵਦਾ ਅਰ ਉਸ ਦੇ ਨਾਲ ਮਨਦਾ ਭਾਵ ਮਨਦੇ ਹਨ ਅਰਥਾਤ ਜੀਵ ਅਰ ਮਨ ਦਾ ਲੈ ਪ੍ਰਾਸ਼ਰ ਜੀ ਨਹੀਂ ਮਨ ਦੇ ਉਸੇ ਤਰਾਂ:-

> भावं जैमिनिर्विकल्पामननात् ॥ वेदान्तद० ४ । ४ । ११ ॥

ਅਰ ਜੈਮਨੀ ਅਚਾਰਜ ਮੁਕਤ ਪੁਰਸ਼ ਦਾ ਮਨ ਦੇ ਸਮਾਂਨ ਸੂਖਮ ਸ਼ੀਰ ਇੰਦ੍ਰੀਆਂ ਅਰ ਪ੍ਰਾਂਣ ਆਦੀ ਦਾ ਬੀ ਵਿਦਮਾਂਨ ਮਨਦੇ ਹਨ ਅਭਾਵ ਨਹੀਂ–

द्वादशाहवदुभयविधं बादरायणोऽतः ॥ वेदान्तद० ४ । ४ । १२

ਵਿਆਸ ਮੁਨੀ ਮੁਕਤੀ ਵਿਚ ਭਾਵ, ਅਰ ਅਭਾਵ, ਇਨਾਂ ਦੋਹਾਂ ਨੂੰ ਮਨਦੇ ਹਨ ਅਰਥਾਤ ਸ਼ੁਧ ਸਮ੍ਰਥਾ ਕਰਕੇ ਜੁਕਤ ਜੀਵ ਮੁਕਤੀ ਵਿਚ ਬਣਿਆਂ ਰਹਿੰਦਾ ਹੈ। ਅਪਵਿਤ੍ਰਤਾ, ਪਾਪਾਚਰਣ, ਦੁਖ, ਅਗਿਆਂਨ ਆਦੀ ਦਾ ਅ-ਭਾਉ ਮਨਦੇ ਹਨ ।:–

यदा पञ्चावतिष्ठन्ते ज्ञानानि मनसा सह ।
बुद्धिश्च न विचेष्टते तामाहुः परमां गतिम् ॥
कठो० अ०२ । व० ६ । मं० १० ॥

ਏਹ ਉਪਨਿਖਦ ਦਾ ਬਚਨ ਹੈ ਜਦ ਸ਼ੁਧ ਮਨ ਯੁਕਤ ਪੰਚ ਗਿਆਂਨ ਇੰਦ੍ਰੀਯਾਂ ਜੀਵਦੇ ਨਾਲ ਰਹਿੰਦੀਆਂ ਹਨ ਅਰ ਬੁਧਿਦਾ ਨਿਸਚੇ ਸਥਿਰ ਹੁੰਦਾ ਹੈ ਓਸ ਨੂੰ ਪਰਮਗਤੀ ਅਰਥਾਤ ਮੋਖ ਕਹਿੰਦੇ ਹਨ :–

य आत्मा अपहतपाप्मा विजरो विमृत्युर्विशोकोऽविजि-
घत्सोऽपिपासः सत्यकामः सत्यसंकल्पः सोऽन्वेष्टव्यः स वि-
जिज्ञासितव्यः सर्वांश्च लोकानाप्नोति सर्वांश्च कामान्
यस्तमात्मानमनुविद्य विजानातीति । छान्दो० प्र० ८ ।
खं० ७ । मं० १ ॥

स वा एष एतेन दैवेन चक्षुषा मनसैतान् कामान् पश्य-
न् रमते ॥ य एते ब्रह्मलोके तं वा एतं देवा आत्मानमुपा-
सते तस्मात्तेषाꣳ सर्वे च लोका आत्ताः सर्वे च कामाः स
सर्वाꣳश्च लोकानाप्नोति सर्वाꣳश्च कामान्यस्तमात्मान मनु-
विद्य विजानातीति ॥ छान्दो० प्र० ८ खं० १२ । मं०५ । ६ ॥

मघवन्मर्त्यं वा इदꣳशरीरमात्तं मृत्युना तदस्याऽमृत-
स्याशरीरस्यात्मनोधिष्ठानमात्तो वै स शरीरः प्रियाप्रियाभ्या
न वै स शरीरस्य सतः प्रियाप्रिययोरपहतिरस्त्यशरीरं वाव
सन्तं न प्रियाप्रिये स्पृशतः छान्दो० प्र० ८ । खं० १२ । मं० १ ॥

ਜੋ ਪਰਮਾਤਮਾ 'ਅਪਹਤ ਪਾਪਮਾ' ਸਬ ਪਾਪਾਂ, ਬੁਢੇਪਾ, ਮੌਤ, ਸੋਗ, ਭੁਖ, ਤ੍ਰਿਹ ਥੀਂ ਰਹਿਤ, ਸਤਕਾਂਮ, ਸਤ ਸੰਕਲਪ ਹੈ ਓਸ ਦੀ ਖੋਜ ਅਰ ਓਸ ਦੀ ਜਾਂਣਨ ਦੀ ਇੱਛਾ ਕਰਨੀ ਚਾਹੀਏ, ਜਿਸ਼ ਪਰਮਾਤਮਾ ਦੇ ਸਬੰਧਥੀਂ ਮੁਕਤ

ਜੀਵ ਸਭ ਲੋਕਾਂ ਅਰ ਸਭ ਕਾਮਣਾਂ ਨੂੰ ਪ੍ਰਾਪਤ ਹੁੰਦਾ ਹੈ, ਜੋ ਪ੍ਰਮਾਤਮਾ ਨੂੰ ਜਾਂਣਕੇ ਮੁਕਤੀ ਦੇ ਸਾਧਨ ਅਰ ਆਪਣੇ ਨੂੰ ਸੁਧਾਰ ਕਰਨਾ ਜਾਣਦਾ ਹੈ ਸੋ ਇਹ ਮੁਕਤੀ ਨੂੰ ਪ੍ਰਾਪਤ ਜੀਵ ਸ਼ੁਧ ਦਿਬ ਨੇਤ੍ਰ ਅਰ ਸ਼ੁਧ ਮਨ ਥੀਂ ਕਮੋਂ ਨੂੰ ਵੇਖਦਾ, ਪ੍ਰਾਪਤ ਹੁੰਦਾ ਹੋਇਆ ਰਮਣ ਕਰਦਾ ਹੈ, ਜੋ ਏਹ ਬ੍ਰਹਮ ਲੋਕ ਅਰਥਾਤ ਦਰਸ਼ਨੀਯ ਪ੍ਰਮਾਤਮਾ ਵਿਚ ਸਥਿਤ ਹੋਕੇ ਮੁਕਤੀ ਸੁਖਨੂੰ ਭੋਗਦੇ ਹਨ ਅਰ ਇਸੇ ਪ੍ਰਮਾਤਮਾ ਦਾ ਜੋ ਕਿ ਸਭ ਦਾ ਅੰਤ੍ਰਜਾਮੀ ਆਤਮਾ ਹੈ ਓਸਦੀ ਉਪਾਸਨਾ ਮੁਕਤੀ ਦੀ ਪ੍ਰਾਪਤੀ ਕਰਨ ਵਾਲੇ ਵਿਦਵਾਂਨ ਲੋਗ ਕਰਦੇ ਹਨ, ਓਸ ਥੀਂ ਉਨ੍ਹਾਂ ਨੂੰ ਸਭ ਲੋਕ ਅਰ ਸਭ ਕਾਮਣਾਂ ਪ੍ਰਾਪਤ ਹੁੰਦੀਆਂ ਹਨ ਅਰਥਾਤ ਜੋ ਜੋ ਸੰਕਲਪ ਕਰਦੇ ਹਨ ਉਹ ਉਹ ਲੋਕ ਅਰ ਉਹ ਉਹ ਕਾਂਮਨਾ ਪ੍ਰਾਪਤ ਹੁੰਦੀ ਹੈ, ਅਰ ਉਹ ਮੁਕਤ ਜੀਵ ਸਥੂਲ ਸ਼ਰੀਰ ਛਡਕੇ ਸੰਕਲਪ ਮੈਂ ਸ਼੍ਰੀਰ ਨਾਲ ਅਕਾਸ਼ ਵਿਚ ਪਰਮੇਸ਼੍ਵਰ ਵਿਚ ਬਿਚਰਦੇ ਹਨ, ਕਿੰਉ ਕਿ ਜੋ ਸ਼੍ਰੀਰ ਵਾਲੇ ਹੁੰਦੇ ਹਨ ਓਹ ਸੰਸਾਰਕ ਦੁਖਾਂ ਥੀਂ ਰਹਿਤ ਨਹੀਂ ਹੋ ਸਕਦੇ, ਜਿਸਤਰਾਂ ਇੰਦ੍ਰ ਨੂੰ ਪਰਜਾ ਪਤੀ ਨੇ ਕਹਿਆਹੈ ਕਿ ਹੇ ਪਰਮ ਆਦਰ ਜੋਗ ਧਨਵਾਨ ਪੁਰਸ਼, ਏਹ ਸਥੂਲ ਸ਼੍ਰੀਰ ਮਰਣ ਧਰਮਾਂ ਹੈ। ਅਰ ਜਿਸਤਰਾਂ ਸ਼ੇਰ ਦੇ ਮੂੰਹ ਵਿਚ ਬਕ੍ਰੀ ਹੋਵੇ ਉਸੇ ਤਰਾਂ ਏਹ ਸ਼੍ਰੀਰ ਮੌਤ ਦੇ ਮੂੰਹ ਵਿਚ ਹੈ, ਸੋ ਸ਼੍ਰੀਰ ਏਸ ਮਰਣ ਅਰ ਸ਼੍ਰੀਰ ਰਹਿਤ ਜੀਵਾਤਮਾ ਦੇ ਰਹਨ ਦਾ ਠਿਕਾਣਾ ਹੈ, ਏਸ ਲਈ ਏਹ ਜੀਵ ਸੁਖ ਅਰ ਦੁਖ ਥੀਂ ਸਦਾ ਗ੍ਰਸਤ ਰਹਿੰਦਾ ਹੈ, ਕਿੰਉਕਿ ਸ਼੍ਰੀਰ ਸਹਿਤ ਜੀਵ ਦੀ ਸੰਸਾਰਕ ਪ੍ਰਸੰਨਤਾ ਦੀ ਨਿਵਰਤੀ ਹੁੰਦੀ ਹੈ, ਅਰ ਜੋ ਸ਼੍ਰੀਰ ਰਹਿਤ ਮੁਕਤ ਜੀਵਾਤਮਾ ਬ੍ਰਹਮ ਵਿਚ ਰਹਿੰਦਾ ਹੈ ਓਸ ਨੂੰ ਸੰਸਾਰਕ ਸੁਖ ਦੁਖ ਦਾ ਸਪਰਸ਼ ਥੀ ਨਹੀਂ ਹੁੰਦਾ ਕਿੰਤੂ ਸਦਾ ਅਨੰਦ ਵਿਚ ਰਹਿੰਦਾ ਹੈ।

(ਪ੍ਰਸ਼ਨ) ਜੀਵ ਮੁਕਤੀ ਨੂੰ ਪ੍ਰਾਪਤ ਹੋਕੇ ਫੇਰ ਜਨਮ ਮਰਣ ਰੂਪ ਦੁਖ ਵਿਚ ਕਦੀ ਆਉਂਦੇ ਹਨ ਵਾ ਨਹੀਂ ਕਿੰਉਕਿ:—

न च पुनरावर्त्तते न च पुनरावर्त्तत इति । छान्दो॰ प्र॰ ८ । खं॰ १५ ॥

अनावृत्तिः शब्दादनावृत्तिः शब्दात् ॥ वेदान्तद॰ अ॰ ४ । पा॰ ४ । सू॰ ३३ ॥

यद् गत्वा न निवर्तन्ते तद्धाम परमं मम । भगवद्गी॰

ਇਤਆਦੀ ਬਚਨਾਂ ਥੀਂ ਮਲੂੰਮ ਹੁੰਦਾ ਹੈ ਕਿ ਮੁਕਤੀ ਉਹੋ ਹੈ ਕਿ ਜਿਸ ਥੀਂ ਹਟ ਕੇ ਫਿਰ ਸੰਸਾਰ ਵਿਚ ਕਦੀ ਨਹੀਂ ਆਉਂਦਾ।

(ਉਤ੍ਰ) ਏਹ ਬਾਤ ਠੀਕ ਨਹੀਂ ਕਿੰਉਕਿ ਵੇਦ ਵਿਚ ਏਸ ਬਾਤ ਦਾ ਨਿਖੇਧ ਕੀਤਾ ਹੈ:—

कस्य नूनं कतमस्यामृतानां मनामहे चारुदेवस्य नाम ।
को नो मह्या अदितये पुनर्दात् पितरं च दृशेयं मातरं च ॥ १ ॥
अग्नेर्वयं प्रथमस्यामृतानां मनामहे चारु देवस्य नाम । स नो
मह्या अदितये पुनर्दात् पितरं च दृशेयं मातरं च ॥ २ ॥
ऋ० ॥ मं० १ । सू० २४ । मं० १ । २ ॥

इदानीमिव सर्वत्र नात्यन्तोच्छेदः ॥ ३ ॥ सांख्य० अ० । १ । सू० १५९ ॥

(ਪ੍ਰਸ਼ਨ) ਅਸੀ ਲੋਗ ਕਿਸਦਾ ਨਾਂਮ ਪਵਿਤ੍ਰ ਜਾਂਣੀਏ, ਕਉਣ ਨਾਸ਼ ਰਹਿਤ ਪਦਾਰਥਾਂ ਵਿਚ ਵਰਤਮਾਨ ਦੇਵ, ਸਦਾ ਪ੍ਰਕਾਸ਼ਕ ਸ੍ਵਰੂਪ ਹੈ ਜੋ ਸਾਨੂੰ ਮੁਕਤੀ ਦੇ ਸੁਖਦਾ ਭੋਗ ਕਰਾਕੇ ਫੇਰ ਏਸ ਸੰਸਾਰ ਵਿਚ ਜਨਮ ਦੇਂਦਾ ਹੈ ਅਰ ਮਾਂ ਤਥਾ ਪਿਉ ਦਾ ਦਰਸ਼ਨ ਕਰਾਂਦਾ ਹੈ।

( ਉਤ੍ਰ ) ਅਸੀ ਏਸ ਸ੍ਵਪ੍ਰਕਾਸ਼ਕ ਸ੍ਵਰੂਪ ਅਨਾਦੀ, ਸਦਾ ਮੁਕਤ ਪ੍ਰਮਾਤਮਾ ਦਾ ਨਾਂਮ ਪਵਿਤ੍ਰ ਜਾਣੀਏ ਜੋ ਸਾਨੂੰ ਮੁਕਤੀ ਵਿਚ ਅਨੰਦ ਦਾ ਭੋਗ ਕਰਾਕੇ ਪ੍ਰਿਥਵੀ ਵਿਚ ਫੇਰ ਮਾਂ ਪਿਉਦੇ ਸੰਬੰਧ ਵਿਚ ਜਨਮ ਦੇਕੇ ਮਾਂ, ਪਿਉ, ਦਾ ਦਰਸ਼ਨ ਕਰਾਂਦਾ ਹੈ ਉਹੋ ਪਰਮਾਤਮਾ ਮੁਕਤੀ ਦੀ ਬਿਵਸਥਾ ਕਰਦਾ ਸਭਦਾ ਸ੍ਵਾਮੀ ਹੈ, ਜੀਕਣ ਏਸ ਸਮੇਂ ਬੰਧ ਮੁਕਤ ਜੀਵ ਹੈਂਨ ਉਸੇ ਤਰਾਂ ਹੀ ਸਦਾ ਰਹਿੰਦੇ ਹਨ, ਅਤਯੰਤ ਵਿਛੇਦ ਬੰਧ ਮੁਕਤੀ ਦਾ ਕਦੀ ਨਹੀਂ ਹੁੰਦਾ ਕਿੰਤੂ ਬੰਧ ਅਰ ਮੁਕਤੀ ਸਦਾ ਨਹੀ ਰਹਿੰਦੇ।

( ਪ੍ਰਸ਼ਨ ):–

तदत्यन्तविमोक्षोऽपवर्गः । दुःखजन्मप्रवृत्तिदोषमिथ्याज्ञानानामुत्तरोत्तरापाये'
तदनन्तरापायादपवर्गः । न्यायद० अ० १ । सू० २२ । २ ॥

ਜੋ ਦੁਖ ਦਾ ਅਤਯੰਤ ਵਿਛੇਦ ਹੋਂਦਾ ਹੈ ਉਹੋ ਮੁਕਤੀ ਕਹਾਂਦੀ ਹੈ, ਕਿੰਉਕਿ ਜਦ ਮਿਥਿਆ ਗਿਆਂਨ, ਅਵਿਦ੍ਯਾ, ਲੋਭ ਆਦੀ ਦੋਸ਼, ਵਿਸ਼ੇ ਦੁਸ਼ਟ ਠਰਕਾਂ ਵਿਚ ਪਰਵਿਰਤੀ, ਜਨਮ, ਅਰ ਦੁਖਦਾ, ਉਤ੍ਰ ੨ ਦੇ ਛੁਟਣ ਕਰਕੇ ਪੂਰਬ ੨ ਦੇ ਦੂਰ ਹੋਣ ਕਰਕੇ ਹੀ ਮੁਕਤੀ ਹੁੰਦੀ ਹੈ ਜੇਹੜੀ ਕਿ, ਸਦਾ ਬਣੀ ਰਹਿੰਦੀ ਹੈ।

( ਉਤ੍ਰ ) ਏਹ ਜਰੂਰੀ ਨਹੀਂ ਹੈ ਕਿ ਅੰਤਯੰਤ ਸ਼ਬਦ, ਅਤਯੰਤਾ ਭਾਉ ਹੀ ਦਾ ਨਾਮ ਹੋਵੇ ਜਿਸਤਰਾਂ:–"अत्यन्तं दुःखं सत्यन्तं सुखं चास्य वर्तते"

ਬਹੁਤ ਦੁਖ ਅਰ ਬਹੁਤ ਸੁਖ ਏਸ ਮਨੁਖ ਨੂੰ ਹੈ ਏਸ ਤੋਂ ਇਹ ਵਿਦਤ ਹੁੰਦਾ ਹੈ ਕਿ ਏਸ ਨੂੰ ਬਹੁਤ ਸੁਖ ਵਾ ਦੁਖ ਹੈ ਇਸੇ ਪ੍ਰਕਾਰ ਏਥੇ ਬੀ ਅਤਯੰਤ ਸ਼ਬਦ ਦਾ ਅਰਥ ਜਾਂਨਣਾ ਚਾਹੀਏ।

(ਪ੍ਰਸ਼ਨ ਜੋ ਮੁਕਤੀ ਥੀਂ ਬੀ ਜੀਵ ਫਿਰ ਆਂਵਦਾ ਹੈ ਤਾਂ ਉਹ ਕਿਨੇ ਸਮੇ ਤਿਕ ਮੁਕਤੀ ਵਿਚ ਰਹਿੰਦਾ ਹੈ ?

(ਉੱਤਰ) ते ब्रह्मलोकेषु परान्तकाले परामृताः परिमुच्यन्ति सर्वे ।
मुण्डक ३ खं० २ । मं० ६ ॥

ਏਹੁ ਮੁੰਡਕ ਉਪਨਿਸ਼ਦ ਦਾ ਬਚਨ ਹੈ ਉਹ ਮੁਕਤ ਜੀਵ ਮੁਕਤੀ ਵਿੱਚ ਪ੍ਰਾਪਤ ਹੋਕੇ ਬ੍ਰਹਮ ਵਿਚ ਅਨੰਦ ਨੂੰ ਤਦ ਤਿਕ ਭੋਗ ਕੇ ਫੇਰ ਮਹਾਂ ਕਲਪ ਦੇ ਪਿਛੋਂ ਮੁਕਤੀ ਸੁਖ ਨੂੰ ਛਡਕੇ ਸੰਸਾਰ ਵਿਚ ਆਂਵਦੇ ਹਨ, ਏਸ ਦੀ ਸੰਖਿਆ ਏਹੁ ਹੈ ਕਿ ਤ੍ਰਿਤਾਲੀ ਲਖ ਬੀਹ ਹਜਾਰ ੪੩੨੦੦੦੦ਵਰਿਹਾਂ ਦੀ ਇਕ ਚਤੁਰ ਯੁਗੀ,ਦੋ ਹਜਾਰ੨ ੦੦੦ਚਤੁਰ ਜੁਗੀਆਂਦਾ ਇਕ ਅਹੋਰਾਤ੍ਰ,ਅਜਹੇ ਤੀਹ੩੦ ਅਹੋਰਾਤ੍ਰਾਂ ਦਾ ਇਕ ਮਹੀਨਾਂ, ਅਜੇਹੇ ਬਾਰਾਂ ੧੨ ਮਹੀਨਿਆਂ ਦਾ ਇਕ ਵਰ੍ਹਾ, ਅਜਹੇ ੧੦੦ਸੌ ਵਰੇਹਾਂ ਦਾ ਪ੍ਰਾਂਤ ਕਾਲ ਹੁੰਦਾ ਹੈ, ਏਸ ਨੂੰ ਗਣਿਤ (ਹਿਸਾਬ) ਦੀ ਰੀਤੀ ਨਾਲ ਠੀਕ ਸਮਝ ਲੌ, ਇਨੌਂ ਸਮਾਂ ਮੁਕਤੀ ਵਿਚ ਸੁਖ ਭੋਗਣ ਦਾ ਹੈ।

(ਪ੍ਰਸ਼ਨ) ਸਭ ਸੰਸਾਰ ਅਰ ਗ੍ਰੰਥਕਾਰਾਂ ਦਾ ਇਹੁ ਮਤ ਹੈ ਕਿ ਜਿਸਥੀਂ ਫੇਰ ਜਨਮ ਮਰਣ ਵਿਚ ਕਦੀ ਨ ਆਉਂਣ।

(ਉਤ੍ਰ)ਏਹ ਬਾਤ ਕਦੀ ਨਹੀਂ ਹੋ ਸਕਦੀ ਕਿਂਉਕਿ ਪਹਲੇ ਤਾਂ ਜੀਵਦਾ ਸਮ੍ਰਥ ਸ਼ੀਰ ਆਦੀ ਪਦਾਰਥ, ਅਰ ਸਾਧਨ ਅੰਤ ਵਾਲੇ ਹਨ, ਫੇਰ ਓਸਦਾ ਫਲ ਅਨੰਤ ਕਿਸਤਰਾਂ ਹੋ ਸਕਦਾ ਹੈ?

ਅਨੰਤ ਅਨੰਦ ਨੂੰ ਭੋਗਣ ਦਾ ਅਸੀਮ ਸਮ੍ਰਥ, ਕਰਮ, ਅਰ ਸਾਧਨ, ਜੀਵਾਂ ਵਿਚ ਨਹੀਂ,ਏਸ ਲਈ ਅਨੰਤ ਸੁਖ ਨਹੀਂ ਭੋਗ ਸਕਦ। ਜਿਨਾਂ ਦੇ ਸਾਧਨ ਅਨਿਤ ਹਨ ਉਨਾਂ ਦਾ ਫਲ ਨਿਤ ਕਦੀ ਨਹੀਂ ਹੋ ਸਕਦਾ, ਅਰ ਜੇ ਮੁਕਤੀ ਵਿਚੋਂ ਕੋਈ ਬੀ ਮੁੜਕੇ ਜੀਵ ਏਸ ਸੰਸਾਰ ਵਿਚ ਨਾ ਆਵੇ ਤਾਂ ਸੰਸਾਰ ਦਾ ਉਛੇਦ ਅਰਥਾਤ੍ ਜੀਵ ਨਿਸ਼ਸ਼ (ਬਾਕੀ ਨਾ ਰਹਿਨ) ਹੋ ਜਾਣੇ ਚਾਹੀਏ।

(ਪ੍ਰਸ਼ਨ) ਜਿਨੇ ਜੀਵ ਮੁਕਤ ਹੁੰਦੇ ਹਨ ਉਨੇ ਈਸ਼੍ਵਰ ਨਵੇਂ ਉਤਪੰਨ ਕਰਕੇ ਸੰਸਾਰ ਵਿਚ ਰਖ ਦੇਂਦਾ ਹੈ ਏਸ ਲਈ ਮੁਕਦੇ ਨਹੀਂ।

(ਉਤ੍ਰ) ਜੇ ਏਸ ਤਰਾਂ ਹੋਵੇ ਤਾਂ ਜੀਵ ਅਨਿਤ ਹੋ ਜਾਂਨ ਕਿਂਉਕਿ ਜਿਸਦੀ ਉਤਪਤੀ ਹੁੰਦੀ ਹੈ ਓਸਦਾ ਨਾਸ਼ ਜਰੂਰ ਹੁੰਦਾ ਹੈ ਫੇਰ ਤੁਹਾਡੇ ਮਤ ਅਨੁਸਾਰ ਮੁਕਤੀ ਪਾਕੇ ਹੀ ਨਾਸ਼ ਹੋ ਜਾਂਨ ਮੁਕਤੀ ਅਨਿਤ ਹੋਗਈ ਅਰ ਮੁਕਤੀ ਦੇ ਸਥਾਂਨ ਿਚ ਬਹੁਤ ਸਾਰਾ ਭੀੜ ਭੜੱਕਾ ਹੋ ਜਾਵੇਗਾ, ਕਿਂਉਕਿ ਉਥੇ ਆਮਦਨ ਬਹੁਤੀ ਅਰ ਖਰਚ ਕੁਝ ਬੀ ਨਹੀਂ ਹੋਣ ਕਰਕੇ ਵਾਧੇ ਦਾ ਪਾਰਾ ਵਾਰ ਨਾ ਰਹੇਗਾ, ਅਰ ਦੁਖਦੇ ਅਨਭਉ ਦੇ ਬਗੈਰ ਸੁਖ ਕੁਝ ਬੀ ਨਹੀਂ ਹੋ ਸਕਦਾ,ਜੀਕਣ ਕੌੜਾ ਨਾ ਹੋਵੇ ਤਾਂ ਮਿਠੌ ਕੀ ਹੋਵੇ,ਜੇ ਮਿਠਾ ਨ ਹੋਵੇ ਤਾਂ ਕੌੜਾ ਕੀ ਕਹਾਵੇ, ਕਿਂਉਕਿ ਇਕ ਸ੍ਵਾਦ ਦੇ ਇਕ ਰਸਦੇ ਵਿਰੋਧ ਹੋਣ ਥੀਂ ਦੋਹਾਂ ਦੀ ਪ੍ਰੀਖਿਆ ਹੁੰਦੀ ਹੈ,ਜਿਸਤਰਾਂ ਕੋਈ ਮਨੁਖ ਮਿਠੌ ਮਿਠੌ ਹੀ ਖਾਂਦਾ ਪੀਂਦਾ ਜਾਵੇ

ਓਸ ਨੂੰ ਅਜੇਹਾ ਸੁਖ ਨਹੀਂ ਹੁੰਦਾ ਜਿਸਤਰਾਂ ਸਭ ਪ੍ਰਕਾਰ ਦੇ ਰਸਾਂ ਦੇ ਭੋਗਣ ਵਾਲੇ ਨੂੰ ਹੁੰਦਾ ਹੈ,ਅਰ ਜੇ ਈਸ਼੍ਵਰ ਅੰਤ ਵਾਲੇ ਕਰਮਾਂ ਦਾ ਅਨੰਤ ਫਲ ਦੇਵੇ ਤਾਂ ਓਸਦਾ ਨਿਆਂ ਨਸ਼ਟ ਹੋ ਜਾਵੇ, ਜੋ ਜਿਨੱਾਂ ਭਾਰ ਚੁਕ ਸਕੇ ਉਨੱਾਂ ਓਸ ਦੇ ਉਤੇ ਰਖਣਾ ਬੁਧੀ ਮਾਂਨਾਂ ਦਾ ਕੰਮ ਹੈ,ਜਿਸਤਰਾਂ ਇਕ ਮਣ ਭਾਰ ਉਠਾਂਣ ਵਾਲੇ ਦੇ ਸਿਰ ਉਤੇ ਦਸਮਣ ਧਰਨ ਕਰਕੇ ਭਾਰ ਧਰਣ ਵਾਲੇ ਦੀ ਨਿੰਦਿਆ ਹੁੰਦੀ ਹੈ ਉਸੇ ਤਰਾਂ ਅਲਪ, ਅਲਪਗੱਜ ਸਮ੍ਰਥਾ ਵਾਲੇ ਜੀਵ ਉਤੇ ਅਨੰਤ ਸੁਖ ਦਾ ਭਾਰ ਧਰਨਾ ਈਸ਼੍ਵਰ ਦੇ ਲਈ ਠੀਕ ਨਹੀਂ, ਅਰ ਜੇ ਪਰਮੇਸ਼੍ਵਰ ਨਵੇਂ ਜੀਵ ਉਤਪੰਨ ਕਰਦਾ ਹੈ ਤਾਂ ਜਿਸ ਕਾਰਣ ਥੀਂ ਉਤਪੰਨ ਹੁੰਦੇ ਹਨ ਉਹ ਮੁਕ ਜਾਵੇ-ਗਾ,ਕਿੰਉਕਿ ਭਾਵੇਂ ਕਿਨੱਾ ਹੀ ਵਡਾ ਧਨ ਦਾ ਖਜਾਨਾ ਹੋਵੇ ਪ੍ਰੰਤੂ ਜਿਸ ਵਿਚ ਖਰਚ ਹੈ ਅਰ ਆਮਦਨ ਨਹੀਂ ਓਸਦਾ ਕਦੀ ਨਾ ਕਦੀ ਦਿਵਾਲਾ ਨਿਕਲ ਹੀ ਜਾਂਦਾ ਹੈ ਏਸ ਲਈ ਏਹੁ ਬਿਵਥਾ ਠੀਕ ਹੈ ਕਿ ਮੁਕਤੀ ਵਿਚ ਜਾਂਣਾ ਉਥੋਂ ਮੁੜਕੇ ਆਉਣਾ ਹੀ ਚੰਗਾ. ਹੈ, ਕੀ ਥੋੜੇ ਜੇਹੇ ਕੈਦਖਾਂਨੇ ਥੀਂ ਜਨਮ ਕੈਦਖਾਂਨਾ ਡੰਡ ਵਾਲੇ ਪ੍ਰਾਣੀ ਅਥਵਾ ਫਾਂਸੀ ਨੂੰ ਕੋਈ ਚੰਗਾ ਮਨਦਾ ਹੈ?ਜਦ ਓਥੋਂ ਆਉਂਣਾ ਹੀ ਨਾ ਹੋਵੇ ਤਾਂ ਜਨਮ ਕੈਦ ਥੀਂ ਇਨੱਾ ਹੀ ਫਰਕ ਹੈ ਕਿ ਉਥੇ ਮਜੂਰੀ ਨਹੀਂ ਕਰਨੀਪੈਂਦੀ,ਅਰ ਬ੍ਰਹਮਵਿਚ ਲੈ ਹੋਣਾ, ਸਮੁੰਦਰ ਵਿਚ ਡੁਬ ਮਰਨਾ ਹੈ।

( ਪ੍ਰਸ਼ਨ ) ਜਿਸਤਰਾਂ ਪ੍ਰਮੇਸ਼੍ਵਰ ਨਿਤ ਮੁਕਤ ਪੂਰਣ ਸੁਖੀ ਹੈ ਉਸੇਤਰਾਂ ਜੀਵ ਬੀ ਨਿਤ ਮੁਕ੍ਤ, ਅਰ ਸੁਖੀ ਰਹੂਗਾ ਤਾਂ ਕੋਈ ਬੀ ਦੋਸ਼ ਨਾ ਆਵੇ ਗਾ।

( ਉਤ੍ਰ ) ਪ੍ਰਮਸ਼੍ਵਰ ਅਨੰਤ ਸਰੂਪ, ਸਮ੍ਰਥਾ, ਗੁਣ, ਕਰਮ, ਸੁਭਾਵ, ਵਾਲਾ ਹੈ ਏਸ ਲਈ ਉਹ ਕਦੀ ਅਵਦਿਆ, ਅਰ ਦੁਖ ਬੰਧਨ ਵਿਚ ਨਹੀ ਪੈਸ-ਕਦਾ। ਜੀਵ ਮੁਕਤ ਹੋਕੇ ਬੀ ਸੁਧ ਸਰੂਪ, ਅਲਪਗ, ਅਰ ਪਰੀਮਿਤਗੁਣ,ਕਰਮ, ਸੁਭਾਵ ਵਾਲਾ ਰਹਿੰਦਾ ਹੈ ਪ੍ਰਮੇਸ਼੍ਵਰ ਵਰਗਾ ਕਦੀ ਨਹੀ ਹੁੰਦਾ।

( ਪ੍ਰਸ਼ਨ ) ਅਜੇਹੀ ਤਾਂ ਮੁਕਤੀ ਬੀ ਜਨਮ ਮਰਣ ਦੀ ਨਿਆਂਈ ਹੈ, ਏਸ ਲਈ ਪੁਰਸ਼ਾਰਥ ਕਰਨਾ ਵਿਅਰਥ ਹੈ॥

( ਉਤ੍ਰ )ਮੁਕਤੀ ਜਨਮ ਮਰਣ ਵਰਗੀ ਨਹੀ,ਕਿਉਂਕਿ ਜਦ ਤਿਕ ਛਤੀ ਹਜਾਰ ( ੩੬੦੦ )ਵੇਰੀ ਉਤਪਤੀ ਅਰ ਪਰਲੋਦਾ ਜਿਨੱਾ ਸਮਾ ਹੁੰਦਾ ਹੈ ਉਨੇ ਸਮੇਂ ਤਿਕ ਜੀਵਾਂ ਨੂੰ ਮੁਕਤੀ ਦੇ ਅਨੰਦ ਵਿਚ ਰਹਿਣਾ ਦੁਖਦਾ ਨਾਂ ਹੋਣਾ ਕੀ ਥੋੜੀ ਜਹੀ ਗਲ ਹੈ? ਜਦ ਅਜ ਖਾਂਦੇ ਪੀਂਦੇ ਹੋ ਕਲ ਭੁਖ ਲਗਣ ਵਾਲੀ ਹੈ ਫੇਰ ਏਸਦਾ ਉਪਾ ਕਿਉਂ ਕਰਦੇ ਹੋ, ਜਦ ਭੁਖ ਤੇਹ ਥੋੜਾ ਜੇਹਾ ਧਨ ਰਾਜ, ਪ੍ਰਤਿਸ਼ਟਾ, ਇਸਤ੍ਰੀ, ਸੰਤਾਨ ਆਦੀ ਦੇ ਵਾਸਤੇ ਉਪਾ ਕਰਨਾ ਜਰੂਰੀ ਹੈ ਤਾਂ ਮੁਕਤੀ ਦੇ ਵਾਸਤੇ ਕਿਉਂ ਨਾ ਕਰਨਾ, ਜਿਸਤਰਾਂ ਮਰਨਾ ਜਰੂਰ ਹੈ ਤਾਂ ਬੀਜੀਉਂਦੇ ਰਹਿਨ ਦਾ ਉਪਾਇ ਕੀਤਾ ਜਾਂਦਾ ਹੈ, ਉਸੇਤਰਾਂ ਹੀ ਮੁਕਤੀ ਥੀਂ ਹਟਕੇ ਜਨਮ

ਵਿਚ ਆਉਣਾ ਹੈ ਤਾਂ ਬੀ ਓਸਦਾ ਉਪਾ ਕਰਨਾ ਬਹੁਤ ਜਰੂਰੀ ਹੈ।

(ਪ੍ਰਸ਼ਨ) ਮੁਕਤੀ ਦੇ ਕੀ ਸਾਧਨ ਹਨ ?

(ਉਤ੍ਰ) ਕੁਝ ਸਾਧਨ ਤਾਂ ਪਹਿਲੋਂ ਲਿਖ ਚੁਕੇ ਹਾਂ ਪਰੰਤੂ ਵਸ਼ੇਸ਼ ਉਪਾ ਏਹ ਹਨ, ਜੇਹੜਾ ਮੁਕਤੀ ਚਾਹਵੇ ਉਹ ਜੀਵਣ ਮੁਕਤ ਅਰਥਾਤ ਜਿੱਨਾਂ ਝੂਠ ਬੋਲਣ ਆਦੀ ਪਾਪ ਕਰਮਾਂ ਦਾ ਫਲ ਦੁਖ ਹੈ ਉਨਾਂ ਨੂੰ ਛਡਕੇ ਸੁਖ ਰੂਪੀ ਫਲ ਨੂੰ ਦੇਣ ਵਾਲੇ ਸਚ ਬੋਲਣ ਆਦੀ ਧਰਮਾਚਰਣ ਜਰੂਰ ਕਰੇ, ਜੋ ਕੋਈ ਦੁਖ ਨੂੰ ਛੁਡਾਣਾ ਅਰ ਸੁਖ ਨੂੰ ਪ੍ਰਾਪਤ ਹੋਣਾ ਚਾਹਵੇ ਉਹ ਅਧਰਮ ਨੂੰ ਛਡ ਧਰਮ ਜਰੂਰ ਕਰੇ, ਕਿਉਂਕਿ ਦੁਖਦਾ ਪਾਪਾਚਰਣ ਅਰ ਸੁਖਦਾ ਧਰਮਾਚਰਣ ਮੂਲ ਕਾਰਣ ਹੈ, ਸਤ ਪੁਰਖਾਂ ਦੇ ਸੰਗ ਥੀਂ ਬਬੇਕ ਅਰਥਾਤ ਸਤ ਅਸਤ, ਧਰਮ, ਅਧਰਮ, ਕਰਤਬ, ਅਕਰਤਬ, ਦਾ ਨਿਸਚਾ ਜਰੂਰ ਕਰੇ, ਵਖੋ ਵਖਰਾ ਜਾਂਣੇ, ਅਰ ਸ਼੍ਰੀਰ ਅਰਥਾਤ ਜੀਵ ਪੰਜਾਂ ਕੋਸ਼ਾਂ ਦਾ ਵਵੇਚਨ ਕਰੇ, ਇਕ ਅਨਮੈ, ਜੋ ਖਲੜੀ ਥੀਂ ਲੈਕੇ ਹਡੀਆਂ ਤਿਕ ਜਿਨੱਾ ਸਮੁਦਾ ਪ੍ਰਿਥਵੀ ਮੈ ਹੈ॥ ਦੂਜਾ ਪ੍ਰਾਨਮੈ, ਜਿਸ ਵਿਚ ਪ੍ਰਾਣ ਅਰਥਾਤ ਜੋ ਅੰਦਰ ਥੀਂ ਬਾਹਿਰ ਜਾਂਦਾ, ਅਪਾਂਨ ਜੋ ਬਾਹਿਰ ਥੀਂ ਅੰਦਰ ਆਂਉਦਾ, ਸਮਾਂਨ, ਜੋ ਧੁਨੀ ਵਿਚ ਹੋਕੇ ਸਾਰੇ ਸ਼੍ਰੀਰ ਵਿਚ ਰਸ ਪਹੁਚਾਂਦਾ, ਉਦਾਂਨ, ਜਿਸ ਕਰਕੇ ਕੰਠ ਵਿਚ ਅੰਨ ਪਾਂਨ ਖਿਚਿਆ ਜਾਂਦਾ, ਅਰ ਬਲ ਪ੍ਰਾਕ੍ਰਮ ਹੁੰਦਾ ਹੈ, ਵਿਆਂਨ, ਜਿਸਕਰਕੇ ਸਭ ਸ਼੍ਰੀਰ ਵਿਚ ਚੇਸ਼ਟਾਆਦੀ ਕਰਮ ਜੀਵ ਕਰਦਾ ਹੈ। ਤੀਜਾ ਮਨੋ ਮੈ, ਜਿਸ ਵਿਚ ਮਨਦੇ ਨਾਲ ਅਹੰਕਾਰ ਵਾਕ, ਪੈਰ ਹਥ, ਗੁਦਾ ਅਰ ਉਪਸਤ, ਪੰਚਕਰਮ ਇੰਦ੍ਰੀਆਂ ਹਨ। ਚੌਥਾ ਵਿਗਿਆਂਨਮੈ ਜਿਸ ਵਿਚ ਬੁਧ, ਚਿਤ, ਕੰਨ, ਖਲੜੀ, ਅਖਾਂ, ਜਬਾਂਨ ਅਰ ਨਕ, ਇਹ ਪੰਜ ਗਿਆਂਨ ਇੰਦ੍ਰੀਆਂ ਜਿਨਾਂ ਕਰਕੇ ਜੀਵ ਗਿਆਂਨ ਆਦੀ ਵਿਹਾਰ ਕਰਦਾ ਹੈ॥ ਪੰਜਵਾਂ ਅਨੰਦ ਮੈ ਕੋਸ਼, ਜਿਸ ਵਿਚ ਪ੍ਰੀਤ, ਪ੍ਰਸੰਨਤਾ, ਥੋੜਾ ਅਨੰਦ, ਅਧਿਕ ਅਨੰਦ, ਆਨੰਦ, ਅਰ ਅਧਾਰ ਕਾਰਣ ਰੂਪੀ ਪ੍ਰਕ੍ਰਿਤੀ ਹੈ। ਇਹ ਪੰਜ ਕੋਸ਼ ਕਹਾਂਦੇ ਹਨ। ਇਨਾਂ ਕਰਕੇ ਜੀਵ ਸਭ ਪ੍ਰਕਾਰ ਦੇ ਕਰਮ ਉਪਾਸ਼ਨਾ, ਅਰ ਗਿਆਂਨ ਆਦੀ ਵਿਹਾਰਾਂ ਨੂੰ ਕਰਦਾ ਹੈ॥ ਤਿਨ ਅਵਸਥਾ– ਇਕ ਜਾਗ੍ਰਤ–ਦੂਜੀ ਸੁਪਨ, ਅਰ ਤੀਜੀ ਸਸੁਪਤੀ ਅਵਸਥਾ ਕਹਾਂਦੀ ਹੈ। ਤਿਨ ਸ਼੍ਰੀਰ ਹਨ ਇਕ ਸਥੂਲ, ਜੋ ਏਹ ਨਜਰ ਆਂਵਦਾ ਹੈ– ਦੂਜਾ ਪੰਜ ਪ੍ਰਾਂਣ, ਪੰਜ ਗਿਆਂਨ ਇੰਦ੍ਰੀਆਂ, ਪੰਜ ਸੂਖਮ ਭੂਤ ਅਰ ਮਨ, ਤਥਾ ਬੁਧਿ ਇਨਾਂ ਸਤਾਰਾਂ ਤੱਤਾਂ ਦਾ ਅਕੱਠ ਸੂਖਮ ਸ਼੍ਰੀਰ ਕਹਾਂਦਾ ਹੈ, ਏਹ ਸੂਖਮ ਸ਼੍ਰੀਰ ਜਨਮ ਮਰਣ ਆਦੀ ਵਿਚ ਬੀ ਜੀਵਦੇ ਨਾਲ ਰਹਿੰਦਾ ਹੈ। ਏਸਦੇ ਦੋ ਭੇਦ ਹਨ– ਇਕ ਭਉਤਕ ਅਰਥਾਤ ਜੋ ਸੂਖਮ ਭੂਤਾਂ ਦੇ ਅੰਸ਼ਾਂ ਥੀਂ ਬਣਿਆ ਹੈ, ਦੂਜਾ ਸੁਭਾਵਕ, ਜੋ ਜੀਵਦੇ ਸੁਭਾਵਕ ਗੁਣ ਰੂਪ ਹਨ, ਏਹ ਦੂਜਾ, ਅਰ ਭਉਤਕ ਸ਼੍ਰੀਰ ਮੁਕਤੀ ਵਿਚ ਬੀ ਰਹਿੰਦਾ ਹੈ– ਏਸਥੀਂ ਜੀਵ ਮੁਕਤੀ ਵਿਚ ਸੁਖ ਨੂੰ ਭੋਗਦਾ ਹੈ॥ ਤੀਜਾ ਕਾਰਣ ਜਿਸ ਵਿਚ

ਸਸ਼ੁਪਤੀ ਅਰਥਾਤ ਗਾਢੀ ਨੀਂਦ ਹੁੰਦੀ ਹੈ ਉਹ ਪ੍ਰਕ੍ਰਿਤੀ ਰੂਪ ਹੋਣ ਕਰਕੇ ਸਰ ਬਤ੍ਰ ਵਿਭੂ ਅਰ ਸਭ ਜੀਵਾਂਦੇ ਲਈ ਇਕੋ ਹੈ॥ਚੌਥਾ ਤੁਰਯਾ ਸ਼੍ਰੀਰ, ਉਹਕਹਾਂਵ ਦਾ ਹੈਜਿਸਵਿਚ ਸਮਾਧੀ ਥੀਂ ਪਰਮਾਤਮਾ ਦੇ ਅਨੰਦ ਸਰੂਪ ਵਿਚ ਜੀਵਮਗਨਹੁੰਦੇ ਹਨ ਇਸੇ ਸਮਾਧੀ ਦੇ ਸੰਸਾਕਾਰ ਤੋਂ ਹੋਣ ਵਾਲ ਸ਼ੁਧ ਸ਼੍ਰੀਰ ਦਾਪ੍ਰਾਕ੍ਰਮ ਮੁਕਤੀ ਵਿਚ ਥੀ ਜਥਾਵਤ ਸਹਾਇਕ ਰਹਿੰਦਾ ਹੈ।ਇਨਾਂ ਸਭ ਕੋਸ਼ਾਂ, ਅਵਸਥਾ ਥੀਂ ਜੀਵ ਵਖਰਾ ਹੈ।ਕਿਉਂਕਿ ਏਹ ਸਾਰਿਆਂ ਨੂੰ ਮਲੂਮ ਹੈ ਕਿ ਅਵਸਥਾਂਓਂ ਥੀਂ ਜੀਵ ਵਖਰਾ ਹੈ।ਕਿਉਂ ਜਦ ਮੌਤ ਹੁੰਦੀ ਹੈ ਤਾਂ ਸਭ ਕੋਈਕਹਿੰਦੇ ਹਨਕਿ ਜੀਵਨਿਕਲਗਿਆ॥ ਏਹੋ ਜੀਵ ਸਭ ਦਾ ਪ੍ਰੇਰਕ,ਸਭ ਦਾ ਧਰਤਾ ਸਾਖੀ, ਕਰਤਾ, ਭੋਗਤਾ, ਕਹਾਂਦਾ ਹੈ ਜੋ ਕੋਈ ਏਹੁ ਕਹ੍ਹੇ ਕਿ ਜੀਵ ਕਰਤਾ ਭੋਗਤਾ ਨਹੀਂ ਤਾਂ ਓਸਨੂੰ ਜਾਣੋ ਕਿ ਉਹ ਅਗਿਆਂਨੀ, ਅਵੱਵੇਕੀ ਹੈ ਕਿੰਉਂਕਿ ਬਿਨਾਂ ਜੀਵ ਦੇ ਜੋ ਏਹ ਸਭ ਜੜ ਪਦਾਰਥ ਹਨ ਉਨ੍ਹਾਂ ਨੂੰ ਸੁਖ ਦੁਖ ਦਾ ਭੋਗ, ਵਾ ਪਾਪ ਪੁੰਨ ਕਰਨਾ ਕਦੀ ਨਹੀਂ ਹੋ ਸਕਦਾ,ਹਾਂ ਇਨ੍ਹਾਂ ਦੇ ਸਬੰਧ ਨਾਲ ਜੀਵ ਪਾਪ ਪੁਨਾਂ ਦਾ ਕਰਤਾ, ਅਰ ਸਬ ਦੁਖਾਂ ਦਾ ਭੋਗਤਾ ਹੈ,ਜਦ ਇੰਦ੍ਰੀਆਂ ਅਰਥਾਂ ਵਿਚੋਂ, ਮਨ, ਇੰਦ੍ਰੀਆਂ, ਅਰ ਆਤਮਾ, ਮਨ ਦੇ ਨਾਲ ਸੰਜੁਗਤ ਹੋਕੇ ਪ੍ਰਾਣਾਂ ਨੂੰ ਪ੍ਰੇਰਣਾ ਕਰਕੇ ਅਛੇ ਵਾ ਬੁਰੇ ਕਰਮਾਂ ਵਿਚੱ ਲਗਾਂਦਾ ਹੈ ਤਦ ਹੀ ਉਹ ਬਾਹਿਰ ਮੁਖ ਹੋ ਜਾਂਦਾ ਹੈ, ਓਸ ਵੇਲੇ ਅੰਦ੍ਰੋਂ ਅਨੰਦ, ਉਤਸਾਹ, ਨਿਰਭੈਤਾ, ਅਰ ਬੁਰੇ ਕਰਮਾਂ ਵਿਚੱ ਭੈ, ਸ਼ੰਕਾ, ਲਜਾਂ ਉਤਪੰਨ ਹੁੰਦੀ ਹੈ,ਉਹ ਅੰਤ੍ਰਜਾਮੀ ਪਰਮਾਤਮਾ ਦੀ ਸਿਖਿਆ ਹੈ, ਜੇਹਿੜਾ ਕੋਈ ਏਸ ਸਿਖਿਆ ਦੇ ਅਨਕੂਲ ਵਰਤਦਾ ਹੈ ਉਹੋ ਮੁਕਤੀ ਤੋਂ ਹੋਣ ਵਾਲੇ ਸੁਖਾਂ ਨੂੰ ਪ੍ਰਾਪਤ ਹੁੰਦਾ ਹੈ,ਅਰ ਜੋ ਉਲਟਾ ਚਲ ਦਾ ਹੈ ਉਹੋ ਬੰਧ ਤੋਂ ਹੋਣ ਵਾਲੇ ਦੁਖ ਭੋਗਦਾ ਹੈ, ਦੂਜਾ ਸਾਧਨ ਵੈਰਾਗ ਅਰਥਾਤ ਜੋ ਬਬੇਕ ਥੀਂ ਸਤ ਅਸਤ ਨੂੰ ਜਾਣਨਾ ਹੋਵੇ ਓਸ ਵਿਚੋਂ ਸਤ ਅਚਰਣ ਦਾ ਗ੍ਰਿਹਣ ਅਰ ਅਸਤ ਅਚਰਣ ਦਾ ਤਿਆਗ ਕਰਨਾ ਬਬੇਕ ਹੈ, ਜੋ ਪ੍ਰਿਥਵੀ ਥੀਂ ਲੈਕੇ ਪਰਮੇਸ਼ੁਰ ਤਿਕ ਪਦਾਰਥਾਂ ਨੂੰ ਗੁਣ, ਕਰਮ ਸੁਭਾਵ ਥੀਂ ਜਾਣਕੇ ਓਸਦੀ ਆਗਿਆ ਪਾਲਣੀ, ਅਰ ਉਪਾਸ਼ਨਾਂ ਵਿਚੱ ਤਤਪਰ ਹੋਣਾ, ਓਸ ਥੀਂ ਵਿਰੁਧੱ ਨਾ ਚਲਣਾ, ਸ੍ਰਿਸ਼ਟੀ ਥੀਂ ਉਪਕਾਰ ਲੈਣਾ ਬਬੇਕ ਕਹਾਂਦਾ ਹੈ,ਤਿਸਤੇ ਪਿਛੋਂ ਤੀਜਾ ਸਾਧਨ'ਸ਼ਟਕ ਸਮਪੱਤੀ' ਅਰਥਾਤ ਛੇ ਪ੍ਰਕਾਰ ਦੇ ਕਰਮ ਕਰਨਾ। ਇਕਸ਼ਮ, ਜਿਸ ਥੀਂ ਅਪਣੇ ਆਤਮਾ ਅਰ ਅੰਤਹ ਕਰਣ ਨੂੰ ਅਧਰਮਾਚਰਣ ਥੀਂ ਹਟਾਕੇ ਧਰਮਾ ਚਰਣ ਵਿਚੱ ਸਦਾ ਪ੍ਰਵਿਰਤ ਰਖੱਣਾ, ਦੂਜਾ'ਦਮ' ਜਿਸ ਥੀਂ ਕੰਨ ਆਦੀ ਇੰਦ੍ਰੀਆਂ ਅਰ ਸ਼੍ਰੀਰ ਨੂੰ ਵਿਭਚਾਰ ਆਦੀ ਬੁਰੇ ਕਰਮਾਂ ਥੀਂ ਹਟਾਕੇ ਜਿਤਿੰਦ੍ਰੀਪਣਾ ਆਦੀ ਸੁਭ ਕਰਮਾਂ ਵਿੱਚ ਲਗਾ ਰਖਣਾ। ਤੀਜਾ'ਉਪ੍ਰਤੀ' ਜਿਸਕਰਕੇ ਦੁਸ਼ਟ ਕਰਮ ਕਰਨ ਵਾਲੇ ਪਰਸ਼ਾਂ ਥੀਂ ਸਦਾ ਦੂਰ ਰਹਿਣਾ। ਚੌਥਾ 'ਤਿਤਿਖੱਜਾ' ਭਾਂਵੇਂ ਨਿੰਦਿਆ, ਉਸਤਤ

ਹਾਨੀ, ਅਰ ਲਾਭ ਕਿਨਾਂ ਹੀ ਕਿਉਂ ਨ ਹੋਵੇ ਪ੍ਰੰਤੂ ਹਰਖ, ਸੋਗ, ਨੂੰ ਛਡ ਕੇ ਮੁਕਤੀ ਸਾਧਨਾਂ ਵਿਚ ਸਦਾ ਲਗੇ ਰਹਿਣਾ । ਪੰਜਵਾਂ–ਸ਼੍ਰਧਾ ਜੋ ਵੇਦ ਆਦੀ ਸਤ ਸ਼ਾਸਤ੍ਰ, ਅਰ ਇਨਾਂ ਦੇ ਬੋਧ ਥੀਂ ਪੂਰਣ ਆਪਤ ਵਿਦਵਾਂਨ, ਸਤ ਉਪ ਦੇਸ਼ਟਾ ਮਹਾਸ਼ਿਆਂਦੇ ਬਚਨਾਂ ਉਪਰਵਿਸ਼੍ਵਾਸ ਕਰਨਾ,ਛੇਵਾਂ-'ਸਮਾਧਾਨ'ਚਿਤ ਦੀ ਇਕਾਗ੍ਰਤਾ,ਏਹ ਛੇ ਮਿਲਕੇ ਇਕ ਸਾਧਨ ਤੀਜਾ ਕਹਾਂਦਾ ਹੈ,ਚੌਥਾ–'ਮਮੁਖਜਤ੍ਰ' ਅਰਥਾਤ ਜੀਕਣ ਭੁਖੇ ਤਿਹਾਏ ਨੂੰ ਬਿਨਾਂ ਅੰਨ ਜਲਦੇ ਦੂਜਾ ਕੁਝਬੀ ਅਛਾ ਨਹੀਂ ਲਗਦਾ,ਉਸੇ ਤਰਾਂ ਬਗੈਰ ਮੁਕਤੀ ਦੇ ਸਾਧਨ ਅਰ ਮੁਕਤੀ ਦੇ ਦੂਜੇ ਵਿਚ ਪ੍ਰੀਤੀ ਨਾਂ ਹੋਣੀ ਏਹੁ ਚਾਰ ਸਾਧਨ, ਅਰ ਚਾਰ ਅਨੂੰਬੰਧ, ਅਰਥਾਤ ਸਾਧਨਾਂ ਦੇ ਪਿਛੋਂ ਏਹੁ ਕਰਮ ਕਰਨੇ ਹੁੰਦੇ ਹਨ, ਇਨਾਂ ਵਿਚੋਂ ਜੋ ਇਨਾਂ ਚਹੁੰ ਸਾਧਨਾਂ ਥੀਂ ਜੁਕਤ ਪੁਰਖ ਹੁੰਦਾ ਹੈ ਉਹੋ ਮੁਕਤੀ ਦਾ ਅਧਿਕਾਰੀ ਹੁੰਦਾ ਹੈ । ਦੂਜਾ 'ਸੰਬੰਧ' ਬ੍ਰਹਮ ਦੀ ਪ੍ਰਾਪਤੀ ਰੂਪੀ ਮੁਕਤੀ ਪ੍ਰਤੀਪਾਦਜ ਅਰ ਵੇਦ ਆਦੀ ਸ਼ਾਸਤ੍ਰ ਪ੍ਰਤੀਪਾਦਜ ਨੂੰ ਜਥਾਵਤ ਸਮਝਕੇ ਅਨ੍ਵਿਤ ਕਰਨਾ । ਤੀਜਾ–'ਵਿਸ਼ਈ' ਸਭ ਸ਼ਾਸਤ੍ਰਾਂ ਦਾ ਪ੍ਰਤੀਪਾਦਨ ਵਿਸ਼ੇ ਬ੍ਰਹਮ, ਓਸ ਦੀ ਪ੍ਰਾਪਤੀ ਰੂਪੀ ਵਿਸ਼ੇ ਵਾਲੇ ਪੁਰਸ਼ ਦਾ ਨਾਮ ਵਿਸ਼ਈ ਹੈ । ਚੌਥਾ–'ਪ੍ਰਯੋਜਨ'ਸਭ ਦੁੱਖਾਂ ਦੀ ਨਿਵਿਰ ਤੀ ਅਰ ਪਰਮਾਨੰਦ ਨੂੰ ਪ੍ਰਾਪਤ ਹੋਕੇ ਮੁਕਤੀ ਸੁਖ ਦਾ ਹੋਣਾ ਏਹੁ ਚਾਰ ੪ ਅਨੂੰ ਬੰਧ ਕਹਾਂਦੇ ਹਨ, ਤਦ ਅਨੰਤ੍ਰ 'ਸ਼੍ਰਵਣ ਚਤੁਸ਼ਟੈ ਇਕ– 'ਸ਼੍ਰਵਣ' ਜਦ ਕੋਈ ਵਿਦਵਾਂਨ ਉਪਦਸ਼ ਕਰੇ ਤਾਂ ਸ਼ਾਂਤ ਧਿਆਂਨ ਦੇਕੇ ਸੁਣਨਾਂ ਵਸ਼ੇਸ ਬ੍ਰਹਮ ਵਿਦਿਆ ਦੇ ਸੁਣਨ ਵਿਚ ਅਤਯੰਤ ਧਿਆਂਨ ਦੇਣਾ ਚਾਹੀਏ, ਕਿ ਇਹ ਸਭ ਵਿਦਿਆਓਂ ਵਿਚ ਸੂਖਮ ਵਿਦਿਆ ਹੈ । ਸੁਣਕੇ ਦੂਜਾ 'ਮਨਨ' ਇਕਾਂਤ ਦੇਸ਼ ਵਿਚ ਬੈਠਕੇ ਸੁਣੇ ਹੋਏ ਦਾ ਵਿਚਾਰ ਕਰਨਾ, ਜਿਸ ਬਾਤ ਵਿਚ ਸ਼ੰਕਾ ਹੋਵੇ ਫੇਰ ਪੁਛਣਾ,ਅਰ ਸੁਣਦੇ ਸਮੇਂ ਬੀ ਵਕਤਾ ਅਰ ਸ਼੍ਰੋਤਾ ਉਚਿੱਤ ਸਮਝਨ ਤਾਂ ਪੁਛਣਾ ਅਰ ਸਮਾਧਾਂਨ ਕਰਨਾ । ਤੀਜਾ 'ਨਿਦਿਧੱਜਾਸਨ' ਜਦ ਸੁਣਨ ਅਰ ਮਨਨ ਕਰਕੇ ਸੰਦੇਹ ਰਹਿਤ ਹੋਜਾਵੇ ਤਦ ਸਮਾਧਿ ਲਾਕੇ ਓਸ ਬਾਤ ਨੂੰ ਵੇਖਣਾ, ਸਮਝਣਾ, ਕਿ ਉਹ ਜਿਸ ਤਰਾਂ ਸੁਣਿਆ ਸੀ ਵਿਚਾਰਿਆ ਸੀ ਉਹੋ ਜੇਹਾ ਹੀ ਹੈ ਵਾ ਨਹੀਂ?ਧਿਆਂਨ ਯੋਗ ਕਰਕੇ ਵੇਖਣਾ।ਚੌਥਾ ੪ ਸਾਖਿਆਤਕਾਰ ਅਰਥਾਤ ਜਿਸਤਰਾਂ ਦਾ ਪਦਾਰਥ ਦਾ ਸਰੂਪ ਗੁਣ, ਅਰ ਸੁਭਾਉ ਹੋਵੇ ਓਸ ਤਰਾਂ ਠੀਕ ਠੀਕ ਜਾਂਣ ਲੈਣਾ ਸ਼੍ਰਵਣ ਚਤੁਸ਼ਟੈ ਕਹਾਂਦਾ ਹੈ । ਸਦਾ ਤਮੋਗੁਣ ਅਰਥਾਤ ਕ੍ਰੋਧ ਮਲੀਨਤਾ, ਆਲਸ, ਪ੍ਰਮਾਦ ਆਦੀ ਰਜੋਗੁਣ, ਅਰਥਾਤ ਈਰਖਾ, ਦ੍ਵੇਸ਼ ਕਾਂਮ, ਅਭਿਮਾਂਨ, ਵਿਖੇਪ ਆਦੀ ਦੋਸ਼ਾਂ ਥੀਂ ਵਖਰਾ ਹੋਕੇ ਸਤ ਅਰਥਾਤ ਸਾਂਤ ਪ੍ਰਕ੍ਰਿਤੀ, ਪਵਿਤ੍ਰਤਾ, ਵਿਦਿਆ,ਬਿਚਾਰ ਆਦੀ ਗੁਣਾਂ ਨੂੰ ਧਾਰਣ ਕਰੇ । ( ਮੈਤ੍ਰੀ ) ਸੁਖੀ ਜਨਾਂ ਨਾਲ ਮਿਤ੍ਰਤਾ, (ਕਰੁਣਾ) ਦੁਖੀ ਜਨਾਂ ਤੇ ਦਇਆ, (ਮੁਦੱਤਾ) ਪੁੰਨ ਆਤਮਾਂ ਥੀਂ ਖੁਸ਼ ਹੋਣਾ । (ਉਪੇਖਿਆ) ਦੁਸ਼ਟ ਆਤਮਾਂਓ

ਨਾਲ ਨਾ ਪ੍ਰੀਤੀ,ਅਰ ਨਾ ਵੈਰ ਕਰਨਾ,ਨਿਤ ਪ੍ਰਤੀ ਘਟੋਂ ਘਟ ਦੋ ਘੰਟੇ ਤਿਕ ਮੁਮੁਖ਼ੂ ਧਿਆਨ ਜ਼ਰੂਰ ਕਰੇ ਜਿਸ ਥੀਂ ਅੰਦਰ ਦੇ ਮਨ ਆਦੀ ਪਦਾਰਥ ਸਾਖਿਆਤ ਹੋਂਨ, ਵੇਖੋ ਅਸੀ ਚੈਤਨ ਸ੍ਵਰੂਪ ਹਾਂ ਏਸ ਕਰਕੇ ਗਿਆਨ ਸਰੂਪ ਅਰ ਮਨਦੇ ਸਾਖੀ ਹਾਂ,ਕਿਉਂਕਿ ਜਦ ਮਨ ਸ਼ਾਂਤ,ਚੰਚਲ, ਅਨੰਦਤ, ਵਾ ਦੁਖੀ ਹੁੰਦਾ ਹੈ ਓਸ ਨੂੰ ਜਥਾਵਤ ਵੇਖਨੇ ਹਾਂ,ਉਸੇ ਤਰਾਂ ਇੰਦ੍ਰੀਯਾਂ ਪ੍ਰਾਂਣ ਆਦੀ ਦੇ ਜਾਨਣ ਵਾਲੇ,ਪਹਲਾਂ ਵੇਖੇ ਦੇ ਯਾਦ ਕਰਨ ਵਾਲੇ, ਅਰ ਇਕ ਕਾਲ ਵਿਚ ਅਨੇਕ ਪਦਾਰਥਾਂ ਦੇ ਜਾਨਣ,ਵਾਲੇ ਧਾਰਨ ਆਕਰਸ਼ਣ ਕਰਨ ਵਾਲੇ, ਅਰ ਸਭ ਤੋਂ ਵਖਰ ਹਾਂ,ਜੇ ਵਖਰੇ ਨਾ ਹੁੰਦੇ ਤਾਂ ਸ੍ਵਤੰਤ੍ਰਤਾ ਨਾਲ ਕਰਨ ਵਾਲੇ ਇਨਾਂ ਦੇ ਪ੍ਰੇਰਣਾ ਕਰਨ ਵਾਲੇ ਸ੍ਵਾਮੀ ਕਦੀ ਨਾ ਹੋ ਸਕਦੇ।

अविद्याऽस्मितारागद्वेषाभिनिवेशाः पञ्च क्लेशाः ।

ਯੋਗਸ਼ਾਸ੍ਤ੍ਰੇ ਪਾਦੇ ੨। ਸੂ੦ ੩ ॥

ਇਨਾਂ ਵਿਚੋਂ ਅਵਿਦਯਾ ਦਾ ਸਰੂਪ ਆਖ ਚੁਕੇ,ਪ੍ਰਿਥਕ ਵਰਤਮਾਨ (ਵਖਰੀ ਰਹਿਣ ਵਾਲਾ)ਬੁਧਾ ਨੂੰ ਆਤਮਾਂ ਥੀਂ ਭਿੰਨ ਨਾ ਸਮਝਣਾ ਅਸਮਿਤਾ ਹੈ, ਸੁਖ ਵਿਚ ਪ੍ਰੀਤ ਰਾਗ, ਦੁਖ ਵਿਚ ਅਪਰੀਤੀ ਦ੍ਵੇਸ਼, ਅਰ ਸਭ ਪ੍ਰਾਨੀ ਮਾਤ੍ਰ ਨੂੰਇਹ ਇਛਿਆ ਸਦਾ ਰਹਿੰਦੀ ਹੈ ਕਿ ਮੈ ਸਦਾ ਸ਼ਰੀਰ ਵਿਚ ਰਹੂੰ, ਮਰਾਂ ਨਾਂ, ਮੌਤ ਦੇ ਦੁਖ ਥਾਂ ਤ੍ਰਾਸ ( ਡਰ ) ਅਭੀ ਨਵੇਸ਼ ਅਖਾਂ ਦਾ ਹੈ, ਇਨਾਂ ਪੰਜਾਂ ਕਲੇਸ਼ਾਂ ਨੂੰ ਯੋਗਾਭਿਆਸ ਵਿਗਿਆਨ ਨਾਲ ਛੁਡਾਕੇ ਬ੍ਰਹਮ ਨੂੰ ਪ੍ਰਾਪਤ ਹੋਕੇ ਮੁਕਤੀ ਦੇ ਪਰਮਾਨੰਦ ਨੂੰ ਭੋਗਣਾ ਚਾਹੀਏ॥

( ਪ੍ਰਸ਼ਨ ) ਜਿਸਤਰਾਂ ਦੀ ਮੁਕਤੀ ਆਪ ਮਨਦੇ ਹੋ ਉਹੋ ਜਹੀ ਹੋਰਕੋਈ ਨਹੀ ਮਨਦਾ, ਵਖੋ ਜੈਨਾ ਲੋਗ ਮੋਖਸਿਲਾ, ਸ਼ਿਵਪੁਰ ਵਿਚ ਜਾਕੇ ਚੁਪ ਚਾਪ ਬੈਠ ਰਹਿਣਾ, ਈਸਾਈ ਚੌਥਾ ਅਸਮਾਂਨ, ਜਿਸ ਵਿਚ ਵਿਆਹ ਲੜਾਈ, ਬਾਜੇ ਗਾਜੇ, ਬਸਤ੍ਰ ਆਦੀ ਧਾਰਣ ਥੀਂ ਅਨੰਦ ਭੋਗਣਾ, ਉਸੇਤਰਾਂ ਮੁਸਲਮਾਂਨ ਸਤਵੇਂ ਅਸਮਾਨ, ਵਾਮ ਮਾਰਗੀ ਸ਼੍ਰੀਪੁਰ, ਸ਼ਿਵ ਕੈਲਾਸ, ਵੈਸ਼ਨਵ ਵੈਕੁੰਠ, ਅਰ ਗੋਕਲੀਏ ਗੁਸਾਈ ਗੋਲੋਕ ਆਦਾ ਵਿਚ ਜਾਕੇ,ਉਤਮ ਇਸਤ੍ਰੀ, ਅੰਨ, ਪਾਨ ਬਸਤ੍ਰ, ਸਥਾਨ ਆਦੀ ਨੂੰ ਪ੍ਰਾਪਤ ਹੋਕੇ ਅਨੰਦ ਵਿਚ ਰਹਿਣ ਨੂੰ ਮੁਕਤੀਮਨਦੇ ਹਨ, ਪੁਰਾਣਕ ਲੋਗ ( ਸਾਲੋਕਜ ) ਈਸ਼੍ਵਰ ਦੇ ਲੋਕ ਵਿਚ ਨਿਵਾਸ, ( ਸਾਨੁਜਜ ) ਛੋਟੇ ਭ੍ਰਾ ਵਾਂਙਣ ਈਸ਼੍ਵਰ ਦੇ ਨਾਲ ਰਹਿਣਾ, ( ਸਾਰੂਪ ) ਜਿਸਤਰਾਂ ਉਪਾਸਜ ਦੇਵਦੀਆਕ੍ਰਤੀ ਹੈ ਉਸੇਤਰਾਂ ਬਨ ਜਾਣਾ, ( ਸਮੀਪ ) ਸੇਵਕ ਦੇ ਸਮਾਨ ਈਸ਼੍ਵਰਦੇ ਸਮੀਪ ਰਹਿਣਾ, ( ਸਾਜੁਜਜ ) ਈਸ਼੍ਵਰ ਨਾਲ ਸੰਜੁਗਤ ਹੋ ਜਾਣਾ ਇਹੁ ਚਾਰ ਪ੍ਰਕਾਰ ਦੀ ਮੁਕਤੀ ਮਨਦੇ ਹਨ, ਵੇਦਾਂਤੀ ਲੋਗ ਬ੍ਰਹਮ ਵਿਚ ਲੈ ਹੋਣ ਨੂੰ ਮੁਕਤੀ ਸਮਝਦੇ ਹਨ॥

( ਉਤ੍ਰ ) ਜੈਨੀ ਬਾਹਰਵੇਂ ੧੨ ਈਸਾਈ ਤੇਹਰਵੇਂ ਅਰ ਚੌਦਵੇਂ ਸਮੁਲਾਸ ਵਿਚ ਮੁਸਲਮਾਨਾਂ ਦੀ ਮੁਕਤੀ ਆਦੀ ਵਿਸ਼ੇ ਵਸ਼ੇਸ਼ ਕਰ ਲਿਖ ਗੇ। ਜੋ ਵਾਂਮਮਾਰਗੀ ਸ਼੍ਰੀਪੁਰ ਵਿਚ ਜਾਕੇ ਲਖਮੀ ਦੇ ਵਰਗੀ ਇਸਤ੍ਰੀਆਂ, ਸ਼ਰਾਬ, ਮਾਸ, ਆਦੀ ਖਾਣਾ ਪੀਣਾ ਰੰਗ ਰਾਗ, ਭੋਗ ਕਰਨਾ ਮਨਦੇ ਹਨ ਉਹ ਏਥੋਂ ਤੋਂ ਕੁਝ ਵਸ਼ੇਸ਼ ਨਹੀ, ਉਸੇਤਰਾਂ ਮਹਾਂਦੇਵ ਅਰ ਵਿਸ਼ਨੂੰ ਦੀ ਨਿਆਈਂ ਆਕ੍ਰਿਤੀ ਵਾਲੇ ਪਾਰਬਤੀ ਅਰ ਲਖਮੀਂ ਦੇ ਸਦ੍ਰਸ਼ ਇਸਤ੍ਰੀ ਜੁਗਤ ਹੋਕੇ ਅਨੰਦ ਭੋਗਣਾ, ਏਥੋਂ ਦੇ ਧਨਵਾਂਨ ਰਾਜਿਆਂ ਤੋਂ ਵਧੀਕ ਇੰਨਾਂ ਹੀ ਲਿਖਦੇ ਹਨ ਕਿ ਉਥੇ ਰੋਗ ਨਾਂਹੋਨਗੇ, ਅਰ ਜੁਆਨੀ ਸਦਾ ਰਹੇਗੀ ਇਹ ਉਨਾਂ ਦੀ ਬਾਤ ਮਿਥਿਆ ਹੈ ਕਿਉਂਕਿ ਜਿਥੇ ਭੋਗ, ਉਥੇ ਰੋਗ, ਅਰ ਜਿਥੇ ਰੋਗ ਉਥੇ ਬੁਢੇਪਾ ਜਰੂਰ ਹੁੰਦਾ ਹੈ। ਅਰ ਪੁਰਾਣਕਾਂ ਥੀਂ ਪੁਛਣਾ ਚਾਹੀਏ ਕਿ ਜਿਸਤਰਾਂ ਤੁਹਾਡੀ ਚਾਰ ਤਰਾਂ ਦੀ ਮੁਕਤੀ ਹੈ ਉਹੋ ਜਹੀ ਤਾਂ ਕੀੜੇ, ਮਕੌੜੇ,ਪਤੰਗੇ,ਪਸ਼ੂ ਆਦਿਕਾਂ ਦੀ ਬੀ ਸ੍ਵਤਾ ਸਿਧ ਪ੍ਰਾਪਤ ਹੈ ਕਿਉਂਕਿ ਇਹ ਜਿੰਨੇ ਲੋਕ ਹਨ ਉਹ ਸਭ ਈਸ਼੍ਵਰ ਦੇ ਹਨ ਇਨਾਂ ਵਿਚ ਸਭ ਜੀਵ ਰਹਿੰਦੇ ਹਨ,ਏਸ ਵਾਸਤੇ ਸਾਲੋਕਜ ਮਕਤੀ ਆਪੇਹੀਪ੍ਰਾਪਤ ਹੈ। 'ਸਾਮੀਪ, ਈਸ਼੍ਵਰ ਸਰਬਤ੍ਰ ਵਿਆਪਤ ਹੋਣ ਕਰਕੇ ਸਭ ਉਸਦੇ ਸਮੀਪ ਹਨ ਏਸ ਲਈ ਸਾਮੀਪ ਮੁਕਤੀ ਬੀ ਸ੍ਵਤਾ ਸਿਧ ਹੈ 'ਸਾਨੁਜਜ'ਜੀਵ ਈਸ਼੍ਵਰ ਥੀਂ ਸਭ ਪਰਕਾਰ ਛੋਟਾ ਅਰ ਚੇਤਨ ਹੋਣ ਕਰਕੇ ਸ੍ਵਤਾ ਬੰਧੂ ਦੀ ਨਿਆਈਂ ਹੈ ਏਸ ਲਈ ਸਾਨੁਜਜ ਮੁਕਤੀ ਬੀ ਬਗੈਰ ਜਤਨ ਦੇ ਸਿਧ ਹੈ, ਅਰ ਸਭ ਜੀਵ ਸਰਬ ਵਿਆਪਕ ਪਰਮਾਤਮਾਂ ਵਿਚ ਵਿਆਪਜ ਹੋਣ ਕੇ ਸੰਜੁਕਤ ਹਨ ਏਸ ਥੀਂ ਸਾਯੁਜ ਮੁਕਤੀ ਬੀ ਸ੍ਵਤਾ ਸਿਧ ਹੈ।ਅਰ ਜੋ ਹੋਰ ਸਧਾਰਣ ਨਾਸਤਿਕ ਲੋਗ ਮਰਣ ਕਰਕੇ ਤੱਤਾਂ ਵਿਚ ਤੱਤ ਮਿਲਕੇ ਪਰਮ ਮੁਕਤੀ ਮਨਦੇ ਹਨ ਉਹ ਤਾਂ ਕੁੱਤੇ ਗਧੇ ਆਦੀ ਨੂੰ ਬੀ ਪ੍ਰਾਪਤ ਹੈ, ਇਹ ਮੁਕਤੀਆਂ ਨਹੀਂ ਹਨ ਕਿੰਤੂ ਇਕ ਪ੍ਰਕਾਰ ਦਾ ਬੰਧਨ ਹੈ, ਕਿਉਂਕਿ ਏਹ ਲੋਗ ਸ਼ਿਵ ਪੁਰ, ਮੋਖਸਿਲਾ, ਚੌਥੇ ਆਸਮਾਨ,ਸਤਵੇਂ ਅਸਮਾਂਨ, ਸ਼੍ਰੀਪੁਰ, ਕੈਲਾਸ ਵੈਕੁੰਠ, ਗੋਲੋਕ ਨੂੰ ਇਕ ਦੇਸ਼ ਵਿਚ ਸਥਾਨ ਵਸ਼ੇਸ਼ ਮਨਦੇ ਹਨ ਜੋ ਉਹ ਉਨਾਂ ਸਥਾਨਾਂ ਥੀਂ ਵਖਰੇ ਹੋਂਨ ਤਾਂ ਮੁਕਤੀ ਛੁਟ ਜਾਵੇ,ਇਸੇ ਤਰਾਂ ਜਿਸਤਰਾਂ ਬਾਰਾਂ ੧੨ ਪਥਰ ਦੇ ਅੰਦਰ ਨਜਰ ਬੰਦ ਹੋਂਦੇ ਹਨ ਓਸ ਦੇ ਸਮਾਂਨ ਬੰਧਨ ਵਿਚ ਹੋਂਨਗੇ? ਮੁਕਤੀ ਤਾਂ ਇਹੋ ਹੈ ਕਿ ਜਿਥੇ ਇਛਿਆ ਹੋਵੇ ਓਥੇ ਬਿਚਰੇ ਕਿਦੇ ਅਟਕੇ ਨਹੀਂ,ਨਾਂ ਭੈ, ਨਾਂ ਸ਼ੰਕਾ, ਨਾਂ ਦੁਖ ਹੁੰਦਾ ਹੈ,ਜੋ ਜਨਮ ਹੈ ਉਹ ਉਤਪੱਤੀ, ਅਰ ਮਰਣਾ ਪਰਲੋ ਕਹਿਆ ਹੈ, ਸਮੇ ਉਤੇ ਜਨਮ ਲੈਂਦੇ ਹਨ।

( ਪ੍ਰਸ਼ਨ ) ਜਨਮ ਇਕ ਹੈ ਵਾ ਅਨੇਕ?

( ਉਤ੍ਰ ) ਅਨੇਕ।

( ਪ੍ਰਸ਼ਨ ) ਜੇ ਅਨੇਕ ਹੋਂਨ ਤਾਂ ਪਿਛਲੇ ਜਨਮ ਅਰ ਮੌਤ ਦੀ ਬਾਤਾਂ

ਦਾ ਸਿਮਰਣ ਕਿਉਂ ਨਹੀ, ਰਹਿੰਦਾ ॥

( ਉਤ੍ਰ ) ਜੀਵ ਅਲਪਗੱ ਹੈ ਤਿੱਨਾਂ ਸਮਿਆਂ ਦੀ ਜਾਣਨ ਵਾਲਾ ਨਹੀ ਏਸ ਲਈ ਸਿਮਰਣ ਨਹੀ ਰਹੰਦਾ। ਅਰ ਜਿਸ ਮਨ ਨਾਲ ਗਿਆਂਨ ਕਰਦਾ ਹੈ ਉਹ ਬੀ ਇਕ ਸਮੇਂ ਵਿਚ ਦੋ ਗਿਆਨ ਨਹੀ ਕਰ ਸਕਦਾ। ਭਲਾਪਿਛਲੇ ਜਨਮ ਦੀ ਬਾਤ ਤਾਂ ਦੂਰ ਰਹਿਣ ਦੇਓ ਇਸੇ ਦੇਹ ਵਿਚ ਜਦ ਗਰਭ ਵਿਚ ਜੀਵ ਸੀ, ਸ਼ੀਰ ਬਣਿਆਂ ਪਿਛੋਂ ਜਮਿਆਂ ਪੰਜਵੇਂ ਵਰ੍ਹੇ ਤੋਂ ਪਹਿਲੇ ਪਹਿਲੇ ਜੋ ਜੋਬਾਤਾਂ ਹੋਈਆਂ ਹਨ ਉਨਾਂ ਦਾ ਸਿਮਰਣ ਕਿਉਂ ਨਹੀ ਕਰ ਸਕਦਾ? ਅਰ ਜਾਗ੍ਰਤ ਵਾ ਸੁਪਨੇ ਵਿਚ ਬਹੁਤ ਸਾਰਾ ਵਿਹਾਰ ਪ੍ਰਤੱਖ ਵਿਚ ਕਰਕੇ ਜਦ ਸਸ਼ੁਪਤੀ ਅਰਥਾਤ ਗਾਢੀ ਨੀਂਦ ਹੁੰਦੀਹੈ ਤਦ ਜਾਗ੍ਰਤ ਆਦੀ ਵਿਹਾਰਦਾ ਸਿਮਰਣ ਕਿਉਂ ਨਹੀ ਕਰ ਸਕਦਾ?ਅਰ ਤੁਹਾਂਨੂੰ ਕੋਈ ਪੁਛੇ ਕਿ ਬਾਰਾਂ ੧੨ ਵਰ੍ਹਿਆਂ ਤੋਂ ਪਿਛੋਂ ਤੇਹਰਵੇਂ ੧੩ ਵਰਹੇ ਦੇ ਪੰਜਵੇਂ ਮਹੀਨੇਂ ਦੇ ਨਵੇਂ ਦਿਨ ਦਸ ਬਜੇ ਉਤੇ ਪਹਿਲੇ ਮਿੰਟ ਵਿਚ ਤੁਸਾਂ ਨੇ ਕੀ ਕੀਤਾ ਸੀ। ਤੁਹਾਡਾ ਮੂੰਹ, ਹਥ, ਕੰਨ, ਅੱਖ ਸ਼ੀਰ ਕਿਸ ਰੰਗ ਢੰਗ ਦਾਸੀ? ਅਰ ਮਨ ਵਿਚ ਕੀ ਬਿਚਾਰ ਸੀ? ਜਦ ਇਸੇ ਸ਼ੀਰ ਵਿਚ ਇਹ ਹਾਲ ਹੈ ਤਾਂ ਪਿਛਲੇ ਜਨਮ ਦੀਆਂ ਬਾਤਾਂ ਦੇ ਸਿਮਰਣ ਵਿਚ ਸ਼ੰਕਾ ਕਰਨੀ ਕੇਵਲ ਬਾਲਪਨ ਦੀ ਬਾਤ ਹੈ,ਅਰ ਜੋ ਸਿਮਰਣ ਨਹੀ ਹੁੰਦਾ ਹੈ ਇਸੇ ਕਰਕੇ ਜੀਵ ਸੁਖੀ ਹੈ ਨਹੀ ਤਾਂ ਸਭ ਜਨਮਾਂ ਦੇ ਦੁਖਾਂ ਨੂੰ ਵੇਖ ਵੇਖ ਦੁਖੀ ਹੋਕੇ ਮਰ ਜਾਂਦਾ, ਜੋ ਕੋਈ ਅਗਲੇ, ਅਰ ਪਿਛਲੇ ਜਨਮ ਦੇ ਬ੍ਰਿਤਾਂਤ ਨੂੰ ਜਾਂਣਨਾ ਚਾਹੇ ਤਾਂਬੀ ਨਹੀ ਜਾਂਣ ਸਕਦਾ, ਕਿਉਂਕਿ ਜੀਵਦਾ ਗਿਆਂਨ, ਅਰ ਸਰੂਪ ਅਲਪ ਹੈ। ਏਹ ਬਾਤ ਈਸ਼੍ਵਰ ਦੇ ਜਾਣਨ ਜੋਗ ਹੈ ਜੀਵ ਦੇ ਨਹੀ ॥

( ਪ੍ਰਸ਼ਨ ) ਜਦ ਜੀਵ ਨੂੰ ਪੂਰਬ ਦਾ ਗਿਆਨ ਨਹੀ ਅਰ ਈਸ਼੍ਵਰ ਏਸ ਨੂੰ ਡੰਡ ਦੇਂਦਾ ਹੈ ਤਾਂ ਜੀਵ ਦਾ ਸੁਧਾਰ ਨਹੀ ਹੋ ਸਕਦਾ, ਕਿਉਂਕਿ ਜਦਓਸਨੂੰ ਗਿਆਂਨ ਹੋਵੇ ਕਿ ਅਸਾਂਨੇਂ ਫਲਾਣਾ ਕੰਮ ਕੀਤਾ ਸੀ ਉਸੇ ਦਾ ਇਹ ਫਲ ਹੈ ਤਦ ਹੀ ਉਹ ਪਾਪ ਕਰਮਾਂ ਥੀਂ ਬਚ ਸਕਨ।

( ਉਤ੍ਰ ) ਤੁਸੀ ਗਿਆਂਨ ਕਿੱਨੇਂ ਪ੍ਰਕਾਰ ਦਾ ਮਨਦੇ ਹੋ?

( ਪ੍ਰਸ਼ਨ ) ਪ੍ਰਤਖ ਆਦੀ ਪ੍ਰਮਾਣਾਂ ਥੀਂ ਅਠ ਪ੍ਰਕਾਰ ਦਾ।

( ਉਤ੍ਰ ) ਤਾਂ ਜਦ ਤੁਸੀ ਜਨਮ ਤੋਂ ਲੈਕੇ ਸਮੇਂ ਸਮੇਂ ਉਤੇ ਰਾਜ, ਧਨ, ਬੁਧੀ, ਵਿਦਿਆ, ਗਰੀਬੀ, ਨਿਰਬੁਧੀ, ਮੂਰਖਤਾ ਆਦੀ ਸੁਖ, ਦੁਖ, ਸੰਸਾਰ ਵਿਚ ਵੇਖਕੇ ਪੂਰਬ ਜਨਮ ਦਾ ਗਿਆਂਨ ਕਿਉਂ ਨਹੀ ਕਰਦੇ? ਜਿਸਤਰਾਂਇਕ ਅਵੈਦ, ਅਰ ਇਕ ਵੈਦ ਨੂੰ ਕੋਈ ਰੋਗ ਹੋਵੇ ਓਸਦਾ ਨਿਦਾਨ ਅਰਥਾਤ ਕਾਰਣ ਵੈਦ ਜਾਂਣ ਲੈਂਦਾ ਅਰ ਅਵਿਦ੍ਵਾਂਨ ਨਹੀ ਜਾਂਣ ਸਕਦਾ, ਓਸਨੈਂ ਵੈਦਕ ਵਿਦਿਆ ਪੜ੍ਹੀ ਹੈ ਅਰ ਦੂਜੇ ਨੈ ਨਹੀ ਪ੍ਰੰਤੂ ਜੂਰ ( ਬੁਖਾਰ ) ਆਦੀ ਰੋਗ ਦੇ ਹੋਣ ਕਰਕੇ ਅਵੈਦ ਬੀ ਇਨੱਾਂ ਜਾਂਣ ਸਕਦਾ ਹੈ ਕਿ ਮੇਰੇ ਪਾਸੋਂ ਕੋਈ ਕੁਪਥ ਹੋ ਗਿ

ਆ ਹੈ ਜਿਸ ਕਰਕ ਮੈਨੂੰ ਇਹੁ ਰੋਗ ਹੋਇਆ ਹੈ ਉਸੇਤਰਾਂ ਜਗਤ ਵਿਚ ਬਿਚਿਤ੍ਰ ਸੁਖ ਦੁਖ ਆਦੀ ਦਾ ਘਾਟਾ ਵਾਧਾ ਵੇਖਕੇ ਪੂਰਬ ਜਨਮ ਦਾ ਅਨੁਮਾਂਨ ਕਿਉਂ ਨਹੀ ਜਾਣ ਲੈਂਦੇ,ਅਰ ਜੇ ਪੂਰਬ ਜਨਮ ਨੂੰ ਨਾਂ ਮਨੋਂਗੇ ਤਾਂ ਪ੍ਰਮੇਸ਼੍ਵਰ ਪਖਪਾਤੀ ਹੋ ਜਾਂਦਾ ਹੈ, ਕਿਉਂਕਿ ਬਗੇਰ ਪਾਪਦੇ ਗਰੀਬੀ ਆਦੀ ਦੁਖ, ਅਰ ਬਗੇਰ ਪੂਰਬ ਸਿੰਚਤ ਪੁੰਨਦੇ ਰਾਜ ਧਨਾਢਜਤਾ, ਅਰ ਨਿਰ ਬੁਧਤਾ ਓਸਨੂੰ ਕਿਉਂ ਦਿਤੀ। ਅਰ ਪੂਰਬ ਜਨਮ ਦੇ ਪਾਪ ਪੁੰਨ ਦੇ ਅਨੁਸਾਰ ਦੁਖ, ਸੁਖ, ਦੇ ਦੇਣ ਨਾਲ ਪਰਮੇਸ਼੍ਵਰ ਨਿਆਂਕਾਰੀ ਜਥਾਵਤ ਰਹਿੰਦਾ ਹੈ॥

( ਪ੍ਰਸ਼ਨ ) ਇਕ ਜਨਮ ਹੋਣ ਕਰਕੇ ਬੀ ਪਰਮੇਸ਼੍ਵਰ ਨਿਆਂਇ ਕਾਰੀ ਹੋ ਸਕਦਾ ਹੈ,ਜਿਸਤਰਾਂ ਸਾਰਿਆਂ ਨਾਲੋਂ ਉਚਾ ਰਾਜਾ ਜੋ ਕਰੇ ਸੋ ਨਿਆਂ,ਜਿ-ਸਤਰਾਂ ਮਾਲੀ ਅਪਣੇ ਬਗੀਚੇ ਵਿਚ ਛੋਟੇ ਅਰ ਵਡੇ ਦ੍ਰਖਤ ਲਗਾਂਦਾ ਕਿਸੇ ਨੂੰ ਕਟਦਾ ਪੁਟਦਾ ਅਰ ਕਿਸੇ ਦੀ ਰਖਿਆ ਕਰਦਾ ਵਧਾਂਦਾ ਹੈ ਜਿਸਦੀ ਜੋ ਵਸਤੂ ਹੈ ਓਸ ਨੂੰ ਉਹ ਜਿਸਤਰਾਂ ਚਾਹੇ ਰਖੇ ਓਸਦੇ ਉੱਤੇ ਕੋਈ ਬੀ ਦੂਜਾ ਨਿਆਂ ਕਰਨ ਵਾਲਾ ਨਹੀਂ ਜੋ ਉਸ ਨੂੰ ਡੰਡ ਦੇ ਸਕੇ ਵਾ ਈਸ਼੍ਵਰ ਕਿਸੇ ਕੋਲੋਂ ਡਰੇ।

(ਉਤ੍ਰ )ਪਰਮਾਤਮਾ ਜਿਸ ਲਈ ਨਿਆਂ ਚਾਹਿੰਦਾ ਕਰਦਾ, ਅਨਿਆਂ ਕਦੀ ਨਹੀਂ ਕਰਦਾ ਏਸ ਲਈ ਉਹ ਪੂਜਾ ਦੇ ਜੋਗ ਅਰ ਵਡਾ ਹੈ,ਜੋ ਨਿਆਂ ਤੋਂ ਵਿਰੁਧ ਕਰੇ ਉਹ ਈਸ਼੍ਵਰ ਹੀ ਨਹੀਂ ਜਿਸਤਰਾਂ ਮਾਲੀ ਜੁਗਤੀ ਦੇ ਬਗੇਰ ਮਾਰਗ ਵਾ ਇਸਥਾਂਨ ਵਿਚ ਦ੍ਰਖਤ ਲਗਾਂਣੇ ਨਾਂ ਕਟੱਨ ਜੋਗ ਨੂੰ ਕਟਣੇ,ਅ-ਜੋਗ ਨੂੰ ਵਧਾਂਣ ਜੋਗ ਨੂੰ ਨਾਂ ਵਧਾਂਣ ਕਰਕੇ ਦੋਸ਼ ਵਾਲਾ ਹੁੰਦਾ ਹੈ,ਇਸੇ ਪ੍ਰਕਾਰ ਬਿਨਾਂ ਕਾਰਣ ਦੇ ਕਰਨ ਕਰਕੇ ਈਸ਼੍ਵਰ ਨੂੰ ਦੋਸ਼ ਲੱਗੇ,ਪ੍ਰਮੇਸ਼੍ਵਰ ਨੂੰ ਨਿਆਂ ਕਰ ਕੇ ਜੁਗਤ ਕੰਮ ਕਰਨਾਂ ਜਰੂਰੀ ਹੈ ਕਿਂਉਕਿ ਉਹ ਸੁਭਾਵ ਥੀਂ ਪਵਿਤ੍ਰ, ਅਰ ਨਿਆਕਾਰੀ ਹੈ,ਜੇ ਪਾਗਲ ਦੀ ਨਿਆਂਈਂ ਕੰਮ ਕਰੇ ਤਾਂ ਜਗਤ ਦੇ ਚੰਗੇ ਨਿਆਂਧੀਸ਼ ਕੋਲੋਂ ਬੀ ਘਟ, ਅਰ ਅਪ੍ਰਤਿਸ਼ਟਤ ਹੋਵੇ। ਕੀ ਏਸ ਜਗਤ ਵਿਚ ਬਿਨਾਂ ਜੋਗਤਾ ਦੇ ਉਤਮ ਕੰਮ ਕੀਤੇ ਪ੍ਰਤਿਸਠਾ, ਅਰ ਦੁਸ਼ਟ ਕੰਮ ਕੀਤੇ ਬਗੇਰ ਡੰਡ ਦੇਣ ਵਾਲਾ ਨਿੰਦਿਆ ਦੇ ਜੋਗ,ਅਪ੍ਰਤਿਸਠਿਤ ਨਹੀਂ ਹੁੰਦਾ?ਇਸ ਲਈ ਈਸ਼੍ਵਰ ਅਨਿਆਂ ਨਹੀਂ ਕਰਦਾ ਇਸੇ ਕਰਕੇ ਕਿਸੇ ਕੋਲੋਂ ਨਹੀਂ ਡਰਦਾ।

( ਪ੍ਰਸ਼ਨ ) ਪਰਮਾਤਮਾਂ ਨੇ ਪਹਿਲੇ ਤੋਂ ਹੀ ਜਿਸ ਦੇ ਵਾਸਤੇ ਜਿੱਨਾਂ ਦੇਣਾ ਵਿਚਾਹਿਆ ਹੈ ਉਨੌਂ ਦੇਂਦਾ ਅਰ ਜਿੱਨਾ ਕੰਮ ਕਰਨਾ ਹੈ ਉਨਾਂ ਕਰਦਾ ਹੈ।

( ਉਤ੍ਰ ) ਓਸਦਾ ਬਿਚਾਰ ਜੀਵਾਂਦੇ ਕਰਮ ਅਨੁਸਾਰ ਹੁੰਦਾ ਹੈ ਹੋਰ ਤਰਾਂ ਨਹੀਂ,ਜੇ ਹੋਰ ਤਰਾਂ ਹੋਵੇ ਤਾਂ ਉਹੋ ਅਪ੍ਰਾਧੀ ਅਨਿਆਂਕਾਰੀ ਹੋਵੇ।

( ਪ੍ਰਸ਼ਨ ) ਵਡੇ ਛੋਟਿਆਂ ਨੂੰ ਇਕੋ ਜੇਹਾ ਹੀ ਸੁਖ ਦੁਖ ਹੈ, ਵਡਿਆਂ ਨੂੰ ਵੱਡੀ ਚਿੰਤਾ, ਅਰ ਛੋਟਿਆਂ ਨੂੰ ਛੋਟੀ, ਜਿਸਤਰਾਂ ਕਿਸੇ ਸ਼ਾਹੂਕਾਰ ਦਾ ਝਗੜਾ ਕਚੈਹਰੀ ਵਿਚ ਲਖ ਰੁਪਯੇ ਦਾ ਹੋਵੇ ਤਾਂ ਉਹ ਆਪਣੇ ਘਰੋਂ ਪਾਲਕੀ ਵਿਚ ਬੈਠਕੇ ਕਚੈਹਰੀ ਵਿਚ ਗਰਮੀ ਦੇ ਮੌਸਮ ਵਿਚ ਜਾਂਦਾ ਹੋਵੇ, ਬਜਾਰ ਵਿਚ ਹੋਕੇ ਓਸ ਨੂੰ ਜਾਂਦਾ ਵੇਖਕੇ ਅਗਿਆਨੀ ਲੋਗ ਕਹਿੰਦੇ ਹਨ ਕਿ ਵੇਖੋ ਪੁੰਨ ਪਾਪ ਦਾ ਫਲ ਇਕ ਪਾਲਕੀ ਵਿਚ ਅਨੰਦ ਪੂਰਬਕ ਬੈਠਾ ਹੈ ਅਰ ਦੂਜੇ ਬਗੈਰ ਜੁਤੀ ਪਾਏ ਹੋਏ ਉਪਰੋਂ ਹੇਠੋਂ ਸੜਦੇ ਹੋਏ, ਪਾਲਕੀ ਨੂੰ ਚੁਕ ਕੇ ਲੈ ਜਾਂਦੇ ਹਨ ਪ੍ਰੰਤੂ ਬੁਧੀਮਾਨ ਲੋਗ ਏਸ ਵਿਚ ਏਹ ਜਾਣਦੇ ਹਨ ਕਿ ਜਿਉਂ ਜਿਉਂ ਕਚੈਹਰੀ ਪਾਸ ਆਉਂਦੀ ਜਾਂਦੀ ਹੈ ਤਿਉਂ ਤਿਉਂ ਸ਼ਾਹੂਕਾਰ ਨੂੰ ਬੜਾ ਸੋਗ, ਅਰ ਸੰਦੇਹ ਵਧਦਾ ਜਾਂਦਾਹੈ ਅਰ ਮੈਹਰਿਆਂ ਨੂੰ ਅਨੰਦ ਹੁੰਦਾ ਜਾਂਦਾ ਹੈ ਜਦ ਕਚੈਹਰੀ ਵਿਚ ਪੌਂਹੁਚਦੇ ਹਨ ਤਦ ਸੇਠ ਜੀ ਇਦੇ ਉਦੇ ਜਾਂਣਦਾ ਬਿਚਾਰ ਕਰਦੇ ਹਨ ਕਿ ਪ੍ਰਾੜ ਵਿਵਾਕ' (ਵਕੀਲ ਦੇ ਪਾਸ ਜਾਵਾਂ ਵਾ ਸਿ੍ਸ਼ਤੇਦਾਰ ਦੇ ਪਾਸਅਜ ਹਾਰਾਂ ਗਾ ਵਾ ਜਿਤਾਂਗਾ ਨਾ ਜਾਣੇ ਕੀ ਹੋਵੇਗਾ, ਅਰ ਮੈਹਰੇ ਤਮਾਕੂ ਪੀਂਦੇ ਇਕ ਦੂਜੇ ਨਾਲ ਬਾਤ ਚੀਤ ਕਰਦੇ ਹੋਏ ਪ੍ਰਸੰਨ ਹੋਕੇ ਅਨੰਦ ਵਿਚ ਸੌਂ ਜਾਂਦੇ ਹਨ । ਜੇ ਉਹ ਜਿਤ ਜਾਵੇ ਤਾਂ ਕੁਝ ਸੁਖ, ਅਰ ਹਾਰ ਜਾਵੇ ਤਾਂ ਸੇਠ ਜੀ ਦੁਖ ਸਾਗਰ ਵਿਚ ਡੁਬ ਜਾਵੇ, ਅਰ ਉਹ ਮਹਰੇ ਜਿਉਂ ਦੇ ਤਿਉਂ ਰਹਿੰਦੇ ਹਨ, ਇਸੇਤਰਾਂ ਜਦ ਰਾ-ਜਾ ਸੁੰਦਰ ਕੋਮਲ ਬਿਛੌਨੇ ਵਿਚਹੁੰਦਾ ਹੈ ਤਾਂ ਬੀ ਜਲਦੀ ਨੀਂਦ ਨਹੀਂ ਆਂਉਦੀ ਅਰ ਮਜੂਰ ਕੰਕੂ ਪਥੱਰ, ਅਰ ਮਿੱਟੀ ਉੱਚੀ ਨੀਵੀਂ ਜਮੀਨ ਉੱਤੇ ਸੌਂਦਾ ਹੈ ਉਸ ਨੂੰ ਝਟ ਹੀ ਨੀਂਦ੍ ਆਉਂਦੀ ਹੈ ਇਸੇ ਤਰਾਂ ਸਰਬਤ੍ਰ ਸਮਝੋ।

( ਉਤ੍ਰ ) ਇਹ ਸਮਝ ਅਗਿਆਨੀਆਂ ਦੀ ਹੈ ਕੀ ਕਿਸੇ ਸ਼ਾਹੂਕਾਰ ਨੂੰ ਆਖੀਏ ਕਿਤੂੰ ਮੈਹਰਾ ਬਣਜਾ ਅਰ ਮੈਹਰੇ ਨੂੰ ਕਹੀਏਕਿ ਤੂੰ ਸਾਹੂਕਾਰ ਬਣਜਾ ਤਾਂ ਸ਼ਹੂਕਾਰ ਕਦੀ ਮੈਹਰਾ ਬਣਨਾ ਨਹੀ, ਅਰ ਮੈਹਰਾ ਸ਼ਾਹੂਕਾਰ ਬਣਨਾ ਚਾਹੀ-ਦੇ ਹਨ?ਜੇ ਸੁਖ ਦੁਖ ਬ੍ਰਾਬਰ ਹੋਂਦਾ ਤਾਂ ਆਪਣੀ ਆਪਣੀ ਬਵਸਥਾ ਛਡਕੇ ਨੀਵੇਂ ਅਰ ਉਚੇ ਬਣਨਾ ਦੋਨੋ ਨਾਂ ਚਾਹਿੰਦੇ, ਵੇਖੋ ਇਕ ਜੀਵ ਵਿਦਵਾਂਨ, ਪੁੰਨ ਆਤਮਾ ਸ਼੍ਰੀਮਾਨ ਰਾਜਾਦੀ ਰਾਣੀ ਦੇ ਗਰਭ ਵਿਚ ਆਂਉਦਾ, ਅਰ ਦੂਜਾ ਬੜੀ ਗਰੀਬਣੀ ਪੀਹਣ ਵਾਲੀ ਦੇ ਗਰਭ ਵਿਚ ਆਂਉਦਾ ਹੈ ਇਕਨੂੰ ਗਰਭ ਥੀਂ ਲੈਕੇ ਸਰਬਥਾ ਸੁਖ ਅਰ ਦੂਜੇ ਨੂੰ ਸਭ ਪ੍ਰਕਾਰ ਦੁਖ ਮਿਲਦਾ ਹੈ ਇਕ ਜਦ ਜਨਮ ਲੈਂਦਾ ਹੈ ਤਦ ਸੁੰਦ੍ਰ ਖਸ਼ਬੋ ਵਾਲੇ ਜਲ ਆਦੀ ਨਾਲ ਸਨਾਨ ਕਰਾਂਦੇ ਹਨ , ਜੁਕਤੀ ਨਾਲ ਨਾੜੂ ਕਟਿਆ ਜਾਂਦਾ ਦੁਧ ਦਾ ਪੀਣਾ ਆਦੀ ਜਥਾ ਜੋਗ ਪ੍ਰਾਪਤ ਹੁੰਦੇ ਹਨ, ਜਦ ਉਹ ਦੁਧ ਪੀਣਾ ਚਾਹੁੰਦਾ ਹੈ ਤਦ ਓਸਦੇ ਨਾਲ ਮਿਸ਼ਰੀ ਆਦੀ ਮਿਲਾਕੇ ਇਛਾ ਦੇ ਅਨੁਸਾਰ ਮਿਲਦਾ ਹੈ।ਉਸਨੂੰ ਪ੍ਰਸੰਨ ਰਖਣ ਦੇ ਲਈ ਨੌਕਰ ਚਾਕਰ, ਖਿਡਾਉਣਾ ਸਵਾਰੀ ਉਤਮ ਸਥਾਨਾਂ ਵਿਚ ਲਾਡ ਨਾਲ ਅਨੰਦ ਮਿਲਦਾਂ

ਹੈ। ਦੂਜੇ ਦਾ ਜਨਮ ਜੰਗਲ ਵਿਚ ਹੁੰਦਾ, ਇਸ਼ਨਾਨ ਦੇ ਲਈ ਜਲਬੀ ਨਹੀ ਮਿਲਦਾ,ਜਦ ਦੁਧ ਪੀਣਾ ਚਾਹਦਾ, ਤਦ ਦੁਧਦੇ ਬਦਲੇ ਮੁਕਾ, ਚਪੇੜ, ਆਦੀ ਨਾਲ ਮਾਰ ਪੈਂਦੀ ਹੈ। ਅਤਯੰਤ ਦੁਖੀ ਸੁਰ ਨਾਲ ਰੋਂਦਾ ਹੈ ਕੋਈ ਨਹੀ ਪੁਛਦਾ ਇਤ ਆਦੀ ਜੀਵਾਂ ਨੂੰ ਬਗੇਰ ਪੁੰਨ ਪਾਪਦੇ ਸੁਖ ਦੁਖ ਹੋਣ ਕਰਕੇ ਪ੍ਰਮੇਸ਼ੁਰ ਉਤੇ ਦੋਸ਼ ਆਂਵਦਾ ਹੈ। ਦੂਜਾ ਜਿਸਤਰਾਂ ਬਗੇਰ ਕੀਤੇ ਕਰਮਾਂ ਦੇ ਸੁਖ ਦੁਖ ਮਿਲਦੇ ਹੋਨ ਤਾਂ ਅਗੇ ਨਰਕ ਸੁਰਗ ਬੀ ਨਾਂ ਹੋਣੇ ਚਾਹੀਏ। ਕਿਉਂਕਿ ਜਿਸਤਰਾਂ ਪਰਮੇ-ਸ਼੍ਵਰ ਨੇ ਏਸ ਸਮੇ ਬਗੇਰ ਕਰਮਾਂ ਦੇ ਸੁਖਦੁਖ ਦਿਤਾ ਹੈ ਉਸੇਤਰਾਂ ਮਰਣ ਤੋਂ ਪਿਛੇ ਬੀ ਜਿਸਨੂੰ ਚਾਹੇਗਾ ਉਸਨੂੰ ਸ੍ਵਰਗ ਵਿਚ, ਅਰ ਜਿਸਨੂੰ ਚਾਹੇ ਨਰਕ ਵਿਚ ਭੇਜ ਦੇਵੇਗਾ, ਫਿਰ ਤਾਂ ਸਭ ਜੀਵ ਅਧਰਮ ਵਾਲੇ ਹੋ ਜਾਂਨਗੇ, ਧਰਮ ਕਿਉਂ ਕਰਨਗੇ ਕਿਉਂਕਿ ਧਰਮ ਦਾ ਫਲ ਮਿਲਨ ਵਿਚ ਸੰਦੇਹ ਹੈ,ਪਰਮੇਸ਼੍ਵਰ ਦੇ ਹਥ ਹੈ ਜਿਸਤਰਾਂ ਉਸਦੀ ਮਰਜੀ ਹੋਵੇਗੀ ਉਸੇਤਰਾਂ ਕਰੇਗਾ ਤਾਂ ਪਾਪ ਕਰਮਾਂ ਵਿਚ ਭੈ ਨਾ ਹੋਕੇ ਸੰਸਾਰ ਵਿਚ ਪਾਪਦੀ ਬ੍ਰਿਧੀ ਅਰ ਧਰਮ ਦਾ ਖੈ ਹੋ ਜਾਵੇਗਾ। ਏਸ ਲਈ ਪੂਰਬ ਜਨਮ ਦੇ ਪੁੰਨ ਪਾਪ ਦੇ ਅਨੁਸਾਰ ਵਰਤਮਾਂਨ (ਏਹ) ਜਨਮ ਅਰ ਵਰਤਮਾਂਨ ਤਥਾ ਪੂਰਬ ਜਨਮ ਦੇ ਕਰਮ ਅਨੁਸਾਰ ਅਗੇ ਹੋਣ ਵਾਲੇ ਜਨਮ ਹੁੰਦੇ ਹਨ॥

(ਪ੍ਰਸ਼ਨ) ਮਨੁਖੱ ਅਰ ਹੋਰ ਪਸ਼ੂ ਆਦੀ ਦੇ ਸ਼੍ਰੀਰ ਵਿਚ ਜੀਵ ਇਕੋ ਜੇਹਾ ਹੈ ਵਾ ਭਿੰਨ ਭਿੰਨ ਜਾਤੀ ਦਾ।

(ਉਤ੍ਰ) ਜੀਵ ਇਕੋ ਜਹੇ ਹਨ, ਪ੍ਰੰਤੂ ਪਾਪ ਪੁੰਨ ਦੇ ਜੋਗ ਕਰਕੇ ਮਲੀਨ ਅਰ ਪਵਿਤ੍ਰ ਹੁੰਦੇ ਹਨ।

(ਪ੍ਰਸ਼ਨ) ਮਨੁਖੱ ਦਾ ਜੀਵ ਪਸ਼ੂ ਆਦੀ ਵਿਚ, ਅਰ ਪਸ਼ੂ ਆਦੀ ਦਾ ਮਨੁਖੱ ਦੇ ਸ਼੍ਰੀਰ ਵਿਚ, ਅਰ.ਇਸਤ੍ਰੀ ਦਾ ਪੁਰਖ ਦੇ ਅਰ ਪੁਰਖ ਦਾ ਇਸਤ੍ਰੀ ਦੇ ਸ਼੍ਰੀਰ ਵਿਚ, ਜਾਂਦਾ ਆਂਵਦਾ ਹੈ ਵਾ ਨਹੀਂ।

(ਉਤ੍ਰ) ਆਹੋ ਜਾਂਦਾ ਆਂਵਦਾ ਹੈ ਕਿਉਂਕਿ ਜਦ ਪਾਪ ਵਧ ਜਾਂਦਾ ਪੁੰਨ ਘਟ ਹੁੰਦਾ ਹੈ ਤਦ ਮਨੁਖੱ ਦਾ ਜੀਵ ਪਸ਼ੂ ਆਦੀ ਨੀਚ ਸ਼੍ਰੀਰ ਅਰ ਜਦ ਧਰਮ ਵਧੀਕ ਤਥਾ ਅਧਰਮ ਘਟ ਹੁੰਦਾ ਹੈ ਤਦ ਵੇਦ ਅਰਥਾਤ ਵਿਦ੍ਵਾਂਨਾਂ ਦਾ ਸ਼੍ਰੀਰ ਮਿਲਦਾ ਅਰ ਜਦ ਪੁੰਨ ਪਾਪ ਬਰਾਬਰ ਹੁੰਦਾ ਹੈ ਤਦ ਸਧਾਰਣ ਮਨੁਖੱ ਦਾ ਜਨਮ ਹੁੰਦਾ ਹੈ ਏਸ ਵਿਚ ਬੀ ਪੁੰਨ ਪਾਪ ਦੇ ਉਤੱਮ, ਮਧੱਮ, ਅਰ ਨਕ੍ਰਿਸ਼੍ਟ ਹੋਣ ਕਰਕੇ ਮਨੁਖੱ ਆਦੀ ਵਿਚ ਬੀ ਉਤੱਮ, ਮਧੱਮ, ਨਕ੍ਰਿਸ਼ਟ ਸ਼੍ਰੀਰ ਆਦੀ ਸਮਿਗ੍ਰੀ ਵਾਲੇ ਹੁੰਦੇ ਹਨ,ਅਰ ਜਦ ਅਧਿਕ ਪਾਪ ਦਾ ਫਲ ਪਸ਼ੂ ਆਦੀ ਦੇ ਸ਼੍ਰੀਰ ਵਿਚ ਭੋਗ ਲੀਤਾ ਫਰ ਪਾਪ ਪੁੰਨ ਦੇ ਬਰਾਬਰ ਰਹਿ ਜਾਂਣ ਕਰਕੇ ਮਨੁਖੱ ਸ਼੍ਰੀਰ ਵਿਚ ਆਂਵਦਾ ਅਰ ਪੁੰਨ ਦੇ ਫਲ ਭੋਗਕੇ ਫੇਰ ਬੀ ਮਧੱਮ ਮਨੁਖੱ ਦੇ ਸ਼੍ਰੀਰ ਵਿਚ ਆਂਵਦਾ ਹੈ, ਜਦ ਸ਼੍ਰੀਰ ਥੀਂ ਨਿਕਲਦਾ ਹੈ ਉਸੇ ਦਾ

ਨਾਮ ਮੌਤ, ਅਰ ਸ਼੍ਰੀਰ ਦੇ ਨਾਲ ਸੰਜੋਗ ਹੋਣ ਦਾ ਨਾਮ ਜਨਮ ਹੈ, ਜਦ ਸ਼੍ਰੀਰ ਛਡਦਾ ਹੈ ਤਦ ਯਮ ਆਲੈ ਅਰਥਾਤ ਅਕਾਸ਼ ਵਿਚ ਇਸਥਿਤ ਵਾਯੂ ਵਿਚ ਰਹਿੰਦਾ ਹੈ ਕਿਉਂਕਿ:-

"यमेन वायुना"

ਵੇਦ ਵਿਚ ਲਿਖਿਆ ਹੈ ਕਿ ਯਮ ਨਾਮ ਵਾਯੂਦਾ ਹੈ. ਗਰੜ ਪੁਰਾਣ ਦਾ ਮਨਘੜਤ ਯਮ ਨਹੀ, ਏਸਦਾ ਵਸ਼ੇਸ਼ ਖੰਡਨ ਮੰਡਨ ਯਾਹਰਵੇਂ ੧੧ ਸਮੁਲਾਸ ਵਿਚ ਲਿਖਾਂਗੇ, ਪਿਛੋਂ ਧਰਮਰਾਜ, ਅਰਥਾਤ ਪ੍ਰਮੇਸ਼੍ਵਰ ਓਸ ਜੀਵਦੇ ਪੁੰਨ, ਪਾਪ, ਅਨੁਸਾਰ ਜਨਮ ਦੇਂਦਾ ਹੈ, ਉਹ ਹਵਾ ਅੰਨ, ਜਲ, ਅਥਵਾ ਸ਼੍ਰੀਰ ਦੇ ਛੇਦ ਦੁਆਰਾ ਦੂਜੇ ਦੇ ਸ਼੍ਰੀਰ ਵਿਚ ਈਸ਼੍ਵਰ ਦੀ ਪ੍ਰੇਰਣਾ ਕਰਕੇ ਪਰਵੇਸ਼ ਕਰਦਾ ਹੈ ਪਰਵੇਸ਼ ਹੋਕੇ ਕ੍ਰਮ ਨਾਲ ਬੀਰਜ ਵਿਚ ਜਾਕੇ ਗਰਭ ਵਿਚ ਸਥਿਤ ਹੋਕੇ ਸ਼੍ਰੀਰ ਧਾਰਣ ਕਰਕੇਬਾਹਿਰ ਆਂਉਦਾ ਹੈ ਜੋ ਇਸਤ੍ਰੀ ਦੇ ਸ਼੍ਰੀਰ ਧਾਰਣ ਕਰਨੇ ਜੋਗ ਕਰਮ ਹੋਨ ਤਾਂ ਇਸਤ੍ਰੀ ਅਰ ਪੁਰਖਦੇ ਸ਼੍ਰੀਰ ਧਾਰਣ ਕਰਨੈ ਜੋਗ ਕਰਮ ਹੋਂਨ ਤਾਂ ਪੁਰਖ ਦੇ ਸ਼੍ਰੀਰ ਵਿਚ ਪ੍ਰਵੇਸ਼ ਕਰਦਾ ਹੈ। ਅੰਰ ਨਪੁੰਸ਼ਕ ਗਰਭ ਠਹਰਨ ਸਮੇ ਇਸਤ੍ਰੀ ਪੁਰਖਦੇ ਸ਼੍ਰੀਰ ਵਿਚ ਸਬੰਧ ਕਰਕੇ ਰਜ ਬੀਰਜ ਦੇ ਬਰਾਬਰ ਹੋਣ ਕਰਕੇ ਹੁੰਦਾ ਹੈ ਇਸੇ ਤਰਾਂ ਨਾਨਾ ਪ੍ਰਕਾਰ ਦੇ ਜਨਮ ਮਰਨਵਿਚ ਤਦ ਤਿਕ ਜੀਵ ਪਿਆ ਰਹਿੰਦਾ ਹੈ ਕਿ ਜਦ ਤਿਕ ਉਤੱਮ ਕਰਮ, ਉਪਾਸਨਾ, ਗਿਆਂਨ ਨੂੰ (ਪ੍ਰਾਪਤ) ਹੋਕਰਕੇ ਮੁਕਤੀ ਨੂੰ ਨਹੀ ਪਾਂਦਾ ਕਿਉਂਕਿ ਉਤਮ ਕਰਮ ਆਦੀ ਕਰਨ ਕਰਕੇ ਮਨੁੱਖਾਂ ਵਿਚ ਉਤੱਮ ਜਨਮ ਅਰ ਮੁਕਤੀ ਵਿਚ ਮਹਾਂ ਕਲਪ ਤਿਕ ਜਨਮ ਮਰਣ ਦੁਖਾਂ ਥੀਂ ਰਹਿਤ ਹੋਕੇ ਅਨੰਦ ਵਿਚ ਰਹਿੰਦਾ ਹੈ॥

(ਪ੍ਰਸ਼ਨ) ਮੁਕਤੀ ਇਕ ਜਨਮ ਵਿਚ ਹੁੰਦੀ ਹੈ ਵਾ ਅਨੇਕ ਜਨਮਾਂਵਿਚ?

(ਉਤ੍ਰ) ਅਨੇਕ ਜਨਮਾਂ ਵਿਚ ਕਿਉਂਕਿ –

भिद्यते हृदयग्रन्थिश्छिद्यन्ते सर्वसंशयाः

क्षीयन्ते चास्य कर्माणि तस्मिन् दृष्टे पराऽवरे॥

मुण्डक २। खं २। मं० ८॥

ਜਦ ਏਸ ਜੀਵ ਦੇ ਹਿਰਦੇ ਦੀ ਅਵਿਦਯਾ, ਅਗਿਆਂਨ ਰੂਪੀ ਗੰਢ ਟੁਟ ਜਾਂਦੀ ਸਭ ਸੰਸ਼ੇ ਦੂਰ ਹੋ ਜਾਂਦੇ, ਅਰ ਦੁਸ਼ਟ ਕਰਮ ਖੈ ਨੂੰ ਪ੍ਰਾਪਤ ਹੁੰਦੇ ਹਨ ਤਦ ਹੀ ਓਸ ਪਰਮੇਸ਼੍ਵਰ ਜੋ ਕਿ ਅਪਣੇ ਆਤਮਾ ਦੇ ਅੰਦਰ ਅਰ ਬਾਹਰ ਵਿਆਪ ਰਹਿਆ ਹੈ ਓਸ ਵਿਚ ਨਿਵਾਸ ਕਰਦਾ ਹੈ।

(ਪ੍ਰਸ਼ਨ) ਮੁਕਤੀ ਵਿਚ ਪ੍ਰਮੇਸ਼੍ਵਰ ਵਿਚ ਜੀਵ ਮਿਲ ਜਾਂਦਾ ਹੈ ਵਾ ਵਖਰਾ ਰਹਿੰਦਾ ਹੈ?

( ਉਤ੍ਰ ) ਵਖਰਾ ਰਹਿੰਦਾ ਹੈ ਕਿੰਉ ਜੋ ਮਿਲ ਜਾਵੇ ਤਾਂ ਮੁਕਤੀ ਦਾ ਸੁਖ ਕੌਣ ਭੋਗੇ ? ਅਰ ਮੁਕਤੀ ਦੇ ਜਿੱਨ ਸਾਧਨ ਹਨ ਉਹ ਸਾਰੇ ਨਿਸ਼ਫਲ ਹੋ ਜਾਂਨ, ਉਹ ਮੁਕਤੀ ਕਾਧੀ ਕਿੰਤੂ ਜੀਵਦਾ ਪਰਲੇ ਜਾਣਨਾ ਚਾਹੀਏ, ਜਦ ਜੀਵ ਪਰਮੇਸ਼ੁਰ ਦੀ ਆਗਿਆ ਪਾਲਣ, ਉਤਮ ਕਰਮ, ਸਤਸੰਗ, ਯੋਗਾਭਿਆਸ ਪੂਰਬਕ ਕਹੇ ਹੋਏ ਸਭ ਸਾਧਨ ਕਰਦਾ ਹੈ ਉਹੋ ਮੁਕਤੀ ਨੂੰ ਪਾਂਦਾ ਹੈ ॥

सत्यं ज्ञानमनन्तं ब्रह्म यो वेद निहितं गुहायां परमे व्योमन् ।
सोऽश्नुते सर्वान् कामान् सह ब्रह्मणा विपश्चितेति ॥ तैत्तिरी० ।
आनन्दवल्ली । अनु० १ ॥

ਜੋ ਜੀਵਾਤਮਾ ਅਪਣੀ ਬੁਧੀ ਅਰ ਆਤਮਾ ਵਿਚ ਸਥਿਤ ਸਤਗਿਆਂਨ ਅਰ ਅਨੰਤ ਅਨੰਦਸਰੂਪ, ਪ੍ਰਮੇਸ਼ੁਰ ਨੂੰ ਜਾਂਣਦਾ ਹੈ ਉਹ ਓਸ ਵਿਆਪਕ ਸਰੂਪ ਬ੍ਰਹਮ ਵਿਚ ਸਥਿਤ ਹੋਕੇ ਓਸ ਅਨੰਤ ਵਿਦਿਆ ਜੁਕਤ ਬ੍ਰਹਮ ਦੇ ਨਾਲ ਸਭ ਕਾਮਣਾਂ ਨੂੰ ਪ੍ਰਾਪਤ ਹੁੰਦਾ ਹੈ ਅਰਥਾਤ ਜਿਸ ਜਿਸ ਅਨੰਦ ਦੀਕਾਂਮਣਾਂ ਕਰਦਾ ਹੈ, ਉਸ ਉਸ ਅਨੰਦ ਨੂੰ ਪ੍ਰਾਪਤ ਹੁੰਦਾ ਹੈ ਇਹੁ ਮੁਕਤੀ ਅਖਵਾਂਦੀ ਹੈ ।

( ਪ੍ਰਸ਼ਨ ) ਜਿਸਤਰਾਂ ਸ਼ਰੀਰ ਦੇ ਬਗੈਰ ਸੰਸਾਰ ਦਾ ਸੁਖ ਨਹੀ ਭੋਗ ਸਕਦਾ ਉਸੇ ਤਰਾਂ ਮੁਕਤੀ ਵਿਚ ਬਗੈਰ ਸ਼ਰੀਰ ਦੇ ਅਨੰਦ ਕਿਸਤਰਾਂ ਭੋਗ ਸਕੇਗਾ?

( ਉਤ੍ਰ ) ਇਸਦਾ ਸਮਾਧਾਂਨ ਪਹਿਲੇ ਕਹਿ ਆਏਹਾਂ ਅਰ ਇਨੱਾ ਵਧੀਕ ਸੁਣ ਲੌ ਜਿਸਤਰਾਂ ਸੰਸਾਰ ਦਾ ਸੁਖ ਸ਼ਰੀਰ ਦੇ ਆਸਰੇ ਭੋਗਦਾ ਹੈ ਉਸੇਤਰਾਂ ਪਰਮਸ਼ੁਰ ਦੇ ਆਸਰੇ ਮੁਕਤੀ ਦੇ ਅਨੰਦ ਨੂੰ ਜੀਵਾਤਮਾ ਭੋਗਦਾ ਹੈ, ਉਹ ਮੁਕਤ ਜੀਵ, ਅਨੰਤ, ਬਿਆਪਕ ਬ੍ਰਹਮ ਵਿਚ ਸ੍ਵਛੰਦ ( ਅਪਣੀ ਇੱਛਾ ਅਨੁਸਾਰ ) ਭਉਂਦਾ, ਸ਼ੁਧ ਗਿਆਂਨ ਕਰਕੇ ਸਭ ਸ੍ਰਿਸ਼ਟੀ ਨੂੰ ਵੇਖਦਾ, ਹੋਰਨਾਂ ਮੁਕਤ ਜੀਵਾਂ ਦੇ ਨਾਲ ਮਿਲਦਾ, ਸ੍ਰਿਸ਼ਟੀ ਵਿਦਿਆ ਨੂੰ ਕ੍ਰਮ ਨਾਲ ਵੇਖਦਾ ਹੋਇਆ ਸਭ ਲੋਕ ਲੋਕਾਂਤ੍ਰਾਂ ਵਿਚ ਅਰਥਾਤ ਜਿੰਨੇ ਏਹ ਲੋਕ ਨਜਰ ਆਂਵਦੇ ਹਨ ਅਰ ਨਹੀ ਆਂਵਦੇ ਉਨਾਂ ਸਭਨਾ ਵਿਚ ਭਉਂਦਾ ਹੈ। ਉਹ ਸਭ ਪਦਾਰਥਾਂ ਨੂੰ ਜੇਹੜੇ ਓਸਦੇ ਗਿਆਂਨ ਦੇ ਅਗੇ ਹਨ ਵੇਖਦਾ ਹੈ, ਜਿੰਨਾਂ ਗਿਆਂਨ ਵਧੀਕ ਹੁੰਦਾ ਹੈ ਓਸਨੂੰ ਉਨੱਾਂ ਹੀ ਅਨੰਦ ਵਧੀਕ ਹੁੰਦਾ ਹੈ, ਮੁਕਤੀ ਵਿਚ ਜੀਵਾਤਮਾ ਨਿਰਮਲ ਹੋਣ ਕਰਕੇ ਪੂਰਣ ਗਿਆਂਨੀ ਹੋਕੇ ਓਸਨੂੰ ਸਭ ਸਨਿੱਹਿਤ ਪਦਾਰਥਾਂ ਦਾ ਭਾਂਨ ਜਥਾਵਤ ਹੁੰਦਾ ਹੈ, ਏਹੋ ਸੁਖ ਵਸ਼ੇਸ਼ ਸ੍ਵਰਗ, ਅਰ ਵਿਸ਼ੇ ਤ੍ਰਿਸ਼ਨਾ ਵਿਚ ਫਸਕੇ ਦੁਖ ਵਸ਼ੇਸ਼ ਭੋਗ ਕਰ ਨਾ ਨਰਕ ਅਖਾਂਵਦਾ ਹੈ ਸ੍ਵਃ ਸੁਖਦਾ ਨਾਂਮ ਹੈ

„स्वः सुखं गच्छति यस्मिन् स स्वर्गः" 'अतोप विरीतो दुःखभोगो नरक इति

ਜੋ ਸੰਸਾਰਕ ਸੁਖ ਹੈ ਉਹ ਸਾਮਾਨਜਸ੍ਵਰਗ, ਅਰ ਜੋ ਪਰਮੇਸ਼ੁਰ ਦੀ ਪ੍ਰਾਪਤੀ ਥੀਂ ਅਨੰਦ ਹੈ ਉਹੋ ਹੀ ਵਸ਼ੇਸ਼ ਸ੍ਵਰਗ ਕਹਾਂਦਾ ਹੈ । ਸਭ ਜੀਵ

ਸੁਭਾਵ ਥੀਂ ਸੁਖ ਪ੍ਰਾਪਤੀ ਦੀ ਇਛਿਆ ਅਰ ਦੁਖਦਾ ਵਿੰਜੋਗ ਹੋਣਾ ਚਾਹਿੰਦੇ ਹਨ ਪ੍ਰੰਤੂ ਜਦ ਤਿਕ ਧਰਮ ਨਹੀ ਕਰਦੇ ਅਰ ਪਾਪ ਨਹੀਂ ਛਡਦੇ ਤਦ ਤ੍ਰਿਕ ਉਨਾਂ ਨੂੰ ਸੁਖਦਾ ਮਿਲਣਾ ਅਰ ਦੁਖਦਾ ਛੁਟਣਾ ਨਹੀਂ ਹੋਵੇਗਾ ਕਿੰਉਕਿ ਜਿਸਦਾ ਕਾਰਣ ਅਰਥਾਤ ਮੂਲ ਹੁੰਦਾ ਹੈ ਉਹ ਨਸ਼ਟ ਕਦੀ ਨਹੀ ਹੁੰਦਾ ਜਿਸਤਰਾਂ:—

विषयोपसेवा चाजस्रं राजसं गुणलक्षणम् ॥ १० ॥

ਜੜ੍ਹ ਕਟ ਜਾਣ ਕਰਕੇ ਦ੍ਰਖਤ ਨਸ਼ਟ ਹੁੰਦਾ ਹੈ ਉਸੇਤਰਾਂ ਪਾਪ ਨੂੰ ਛੱਡਣ ਕਰਕੇ ਦੁਖ ਨਸ਼੍ਟ ਹੁੰਦਾ ਹੈ ਵੇਖੋ ਮਨੂ ਸਿਮ੍ਰਤੀ ਵਿਚ ਪਾਪ ਅਰ ਪੁੰਨ ਦੀ ਬਹੁਤ ਪ੍ਰਕਾਰ ਦੀ ਗਤੀ ਲਿਖੀ ਹੈ।

मानसं मनसैवायमुपभुङ्क्ते शुभाऽशुभम् ।
वाचा वाचाकृतं कर्म कायेनैव च कायिकम् ॥ १ ॥
शरीरजैः कर्मदोषैर्याति स्थावरतां नरः ।
वाचिकैः पक्षिमृगतां मानसैरन्त्यजातिताम् ॥ २ ॥
यो यदैषां गुणो देहे साकल्येनातिरिच्यते ।
स तदा तद्गुणप्रायं तं करोति शरीरिणम् ॥ ३ ॥
सत्त्वं ज्ञानं तमोऽज्ञानं रागद्वेषौ रजः स्मृतम् ।
एतद् व्याप्तिमदेतेषां सर्वभूताश्रितं वपुः ॥ ४ ॥
तत्र यत्प्रीतिसंयुक्तं किञ्चिदात्मनि लक्षयेत् ।
प्रशान्तमिव शुद्धाभं सत्त्वं तदुपधारयेत् ॥ ५ ॥
यत्तु दुःखसमायुक्तमप्रीतिकरमात्मनः ।
तद्रजोऽप्रतिपं विद्यात्सततं हारि देहिनाम् ॥ ६ ॥
यत्तु स्यान्मोहसंयुक्तमव्यक्तं विषयात्मकम् ।
अप्रतर्क्यमविज्ञेयं तमस्तदुपधारयेत् ॥ ७ ॥
त्रयाणामपि चैतेषां गुणानां यः फलोदयः ।
अग्र्यो मध्यो जघन्यश्च तं प्रवक्ष्याम्यशेषतः ॥ ८ ॥
वेदाभ्यासस्तपो ज्ञानं शौचमिन्द्रियनिग्रहः ।
धर्मक्रियात्मचिन्ता च सात्त्विकं गुणलक्षणम् ॥ ९ ॥
आरम्भरुचिताऽधैर्यमसत्कार्यपरिग्रहः ।
विषयोपसेवा चाजस्रं राजसं गुणलक्षणम् ॥ १० ॥
लोभः स्वप्नो धृतिः क्रौर्यं नास्तिक्यं भिन्नवृत्तिता ।
याचिष्णुता प्रमादश्च तामसं गुणलक्षणम् ॥ ११ ॥
यत्कर्म कृत्वा कुर्वंश्च करिष्यंश्चैव लज्जति ।
तज्ज्ञेयं विदुषा सर्वं तामसं गुणलक्षणम् ॥ १२ ॥

यमास्मिन्कर्मणा लोके ख्यातिमिच्छति पुष्कलाम् ।
न च शोचत्यसम्पत्तौ तद्विज्ञेयं तु राजसम् ॥ १३ ॥
यत्सर्वेणेच्छति ज्ञातुं यन्न लज्जति चाचरन् ।
येन तुष्यति चात्मास्य तत्सत्त्वगुणलक्षणम् ॥ १४ ॥
तमसो लक्षणं कामो रजसस्त्वर्थ उच्यते ।
सत्त्वस्य लक्षणन्धर्मः श्रैष्ठ्यमेषां यथोत्तरम् ॥ १५ ॥

मनु० अ० १२ ॥ श्लो० ८ । ९ । २५ - ३३ । ३५ - ३८ ॥

ਮਨੁਖ ਏਸ ਪ੍ਰਕਾਰ ਆਪਣੇ ਸ੍ਰੇਸ਼੍ਟ, ਮਧੱਮ, ਅਰ ਨਕ੍ਰਿਸ਼੍ਟ ਸੁਭਾਵ ਨੂੰ ਜਾਂਣਕੇ ਉਤੱਮ ਸੁਭਾਵ ਦਾ ਗ੍ਰਹਣ, ਮਧੱਮ ਅਰ ਨਕ੍ਰਿਸ਼੍ਟ ਦਾ ਤਿਆਗ ਕਰਨ, ਅਰ ਇਹ ਬੀ ਨਿਸਚੇ ਜਾਣਨ ਕਿ ਇਹ ਜੀਵ ਮਨ ਥੀਂ ਜਿਸ ਸ਼ੁਭ ਵਾ ਅਸ਼ੁਭ ਕਰਮ ਨੂੰ ਕਰਦਾ ਹੈ ਓਸਨੂ ਮਨ, ਬਾਣੀ ਨਾਲ ਕੀਤੇ ਨੂੰ ਬਾਣੀ, ਅਰ ਸ਼੍ਰੀਰ ਨਾਲ ਕੀਤੇ ਨੂੰ ਸ਼ਰੀਰ ਨਾਲ ਅਰਥਾਤ ਸੁਖ ਦੁਖ ਨੂੰ ਭੋਗਦਾ ਹੈ। ਜੋ ਨਰ ਸ਼੍ਰੀਰ ਥੀਂ ਚੋਰੀ, ਪਰ ਇਸਤ੍ਰੀ ਗਮਨ, ਸ੍ਰੇਸ਼ਟਾਂ ਨੂੰ ਮਾਰਣ, ਆਦੀ ਦੇ ਦੁਸ਼੍ਟ ਕਰਮ ਕਰਦਾ ਹੈ ਓਸ ਨੂੰ ਦ੍ਰਖਤ ਆਦੀ ਸਥਾਵਰ ਦਾ ਜਨਮ, ਬਾਣੀ ਦੇ ਕੀਤੇ ਪਾਪ ਕਰਮਾਂ ਥੀਂ ਪੰਛੀ ਅਰ ਮ੍ਰਿਗ ਆਦੀ, ਤਥਾ ਮਨ ਥੀਂ ਕੀਤੇ ਦੁਸ਼ਟ ਕਰਮਾਂ ਥੀਂ ਚੰਡਾਲ ਆਦੀ ਦਾ ਸ਼੍ਰੀਰ ਮਿਲਦਾ ਹੈ।ਜੋ ਗੁਣ ਇਨਾਂ ਜੀਵਾਂ ਦੇ ਦੇਹ ਵਿਚ ਵਧੀਕ ਕਰਕੇ ਰਹਿੰਦਾ ਹੈ ਉਹ ਗੁਣ ਓਸ ਜੀਵ ਨੂੰ ਅਪਣੇ ਵਰਗਾ ਕਰ ਦਿੰਦਾ ਹੈ, ਜਦ ਆਤਮਾਂ ਵਿਚ ਗਿਆਂਨ ਹੋਵੇ ਤਦ ਸਤ, ਜਦ ਅਗਿਆਂਨ ਰਹੇ ਤਦ ਤਮ, ਅਰ ਜਦ ਰਾਗ ਦ੍ਵੇਸ਼ ਵਿਚ ਆਤਮਾ ਲੱਗੇ ਤਦ ਰਜੋਗੁਣ ਜਾਂਣਨਾ ਚਾਹੀਏ, ਇਹ ਤਿਨ ਪ੍ਰਕ੍ਰਿਤੀ ਦੇ ਗੁਣ, ਸਭ ਸੰਸਾਰ ਦੇ ਪਦਾਰਥਾਂ ਵਿਚ ਵਿਆਪਤ ਹੋਕੇ ਰਹਿੰਦੇ ਹਨ ਓਸਦਾ ਬਬੇਕ ਏਸ ਪ੍ਰਕਾਰ ਕਰਨਾ ਚਾਹੀਏ ਕਿ ਜਦ ਆਤਮਾ ਵਿਚ ਪ੍ਰਸੰਨਤਾ, ਮਨ ਪ੍ਰਸੰਨ, ਸ਼ਾਂਤ ਦੇ ਸਦ੍ਰਸ ਸ਼ੁਧ ਭਾਂਨ ਯੁਕਤ ਵਰਤੇ, ਤਦ ਸਮਝਣਾ ਚਾਹੀਏ ਕਿ ਸਤੋ ਗੁਣ ਪ੍ਰਧਾਂਨ, ਅਰ ਰਜੋ ਗੁਣ ਤਥਾ ਤਮੋਗੁਣ ਅਪ੍ਰਧਾਂਨ ਹਨ। ਜਦ ਆਤਮਾਂ ਅਰ ਮਨ ਦਖ ਕਰਕੇ ਜੁਕਤ ਪ੍ਰਸੰ-ਨਤਾ ਰਹਿਤ ਵਿਸ਼ੇ ਵਿਚ ਇੱਦੇ ਉਦੇ ਜਾਂਣ ਆਣ ਵਿਚ ਲਗੇ ਤਦ ਸਮਝਣਾ ਚਾਹੀਏ ਕਿ ਰਜੋਗੁਣ ਪ੍ਰਧਾਂਨ, ਸਤੋਗੁਣ, ਅਰ ਤਮੋਗਣ, ਅਪ੍ਰਧਾਂਨ ਹਨ। ਜਦ ਮੋਹ ਅਰਥਾਤ ਸੰਸਾਰ ਦੇ ਪਦਾਰਥਾਂ ਵਿਚ ਫਸਿਆ ਹੋਇਆ ਆਤਮਾ ਅਰ ਮਨ ਹੋਵੇ ਜਦ ਆਤਮਾ ਅਰ ਮਨ ਵਿਚ ਕੁਝ ਬਬੇਕ ਨਾਂ ਰਹੇ, ਵਿਸ਼ਿਆਂ ਵਿਚ ਡੁਬਿਆ ਹੋਇਆ ਤਰਕ ਬਿਤਰਕ ਰਹਿਤ, ਜਾਂਨਣ ਦੇ ਜੋਗ ਨਾ ਹੋਵੇ ਤਦ ਨਿਸਚੇ ਸਮਝਣਾ ਚਾਹੀਏ ਕਿ ਏਸ ਸਮੇ ਮੇਰੇ ਵਿਚ ਤਮੋਗੁਣ ਪ੍ਰਧਾਂਨ, ਅਰ ਸਤੋਗੁਣ ਤਥਾ ਰਜੋ ਗੁਣ, ਅਪ੍ਰਧਾਨ ਹਨ, ਹੁਣ ਜੋ ਇਨਾਂ ਤਿਨੱਾਂ ਗੁਣੱਾਂ ਦਾ ਉਤੱਮ, ਮਧੱਮ, ਅਰ ਨਕ੍ਰਿਸ਼ਟ ਫਲਦਾ ਉਦੇ ਹੁੰਦਾ ਹੈ ਓਸਨੂੰ ਪੂਰਣ ਭਾਵ ਨਾਲ

ਕਹਿਨੇ ਹਾਂ । ਜੋ ਵੇਦਾਂ ਦਾ ਅਭਿਆਸ, ਧਰਮ ਅਨੁਸ਼ਠਾਂਨ, ਗਿਆਂਨ ਦੀ ਬ੍ਰਿਧੀ, ਪਵਿਤ੍ਰਤਾ ਦੀ ਇਛਿਆ, ਇੰਦ੍ਰੀਆਂ ਦਾ ਰੋਕਣਾ, ਧਰਮ ਕ੍ਰਿਆ, ਅਰ ਆਤਮਾ ਦਾ ਚਿੰਤਨ ਹੁੰਦਾ ਹੈ ਇਹੋ ਸਤੋਗੁਣ ਦਾ ਲਖਣ ਹੈ। ਜਦ ਰਜੋਗੁਣ ਦਾ ਉਦੇ, ਸਤੋ ਅਰ ਤਮੋ ਗੁਣਦਾ ਅੰਤ੍ਰਭਾਵ ਹੁੰਦਾ ਹੈ ਤਦ ਅਰੰਭ ਵਿਚ ਰੁਚੀ ਧੀਰਜ ਤਿਆਗ, ਅਸਤ ਕਰਮਾਂ ਦਾ ਗ੍ਰਹਣ, ਨਿਰੰਤ੍ਰ ਵਿਸ਼ਿਆਂ ਦੇ ਸੇਵਨ ਵਿਚ ਪ੍ਰੀਤੀ ਹੁੰਦੀ ਹੈ ਤਦ ਸਮਝਣਾ ਚਾਹੀਏ ਕਿ ਰਜੋ ਗੁਣ ਪ੍ਰਧਾਂਨਤਾ ਨਾਲ ਮੇਰੇ ਵਿਚ ਵਰਤ ਰਹਿਆ ਹੈ। ਜਦ ਤਮੋ ਗੁਣ ਦਾ ਉਦੇ, ਅਰ ਦੋਹਾਂਦਾ ਅੰਤ੍ਰਭਾਵ ਹੁੰਦਾ ਹੈ ਤਦ ਅਤਯੰਤ ਲੋਭ ਅਰਥਾਤ ਸਭ ਪਾਪਾਂ ਦਾ ਮੂਲ ਵਧਦਾ, ਅਤਯੰਤ੍ਰ ਆਲਸ, ਅਰ ਨੀਂਦ, ਧੀਰਜ ਦਾ ਨਾਸ਼, ਕਰੂਰਤਾ ਦਾ ਹੋਣਾ, ਨਾਸਤਿਕਪਣ ਅਰਥਾਤ ਵੇਦ ਅਰ ਈਸ਼੍ਵਰ ਵਿਚ ਸ਼੍ਰਧਾ ਦਾ ਨਾ ਰਹਣਾ, ਭਿੰਨ ਭਿੰਨ ਅੰਤਹਿਕਰਣ ਦੀ ਬ੍ਰਿੱਤੀ ਅਰ ਇਕਾਗ੍ਰਤਾ ਦਾ ਅਭਾਵ, ਅਰ ਕਈ ਵਿਅਸਨਾਂ ਵਿਚ ਫਸਨਾ ਹੋਵੇ ਤਦ ਤਮੋਂ ਗੁਣ ਦਾ ਲਖਣ ਵਿਦਵਾਂਨ ਨੂੰ ਜਾਣਨਾ ਜੋਗ ਹੈ। ਤਥਾ ਜਦ ਅਪਣਾ ਆਤਮਾ ਜਿਸ ਕਰਮ ਨੂੰ ਕਰਕੇ, ਕਰਦਾ ਹੋਇਆ ਅਰ ਕਰਨ ਦੀ ਇਛਿਆ ਨਾਲ ਲਜਿਆ ਸ਼ੰਕਾ, ਅਰ ਭੈ ਨੂੰ ਪ੍ਰਾਪਤ ਹੋਵੇ ਤਦ ਜਾਣੋ ਕਿ ਮੇਰੇ ਵਿਚ ਤਮੋਗੁਣ ਵਧ ਰਹਿਆ ਹੈ। ਜਿਸਕਰਮ ਥੀਂ ਇਸ ਲੋਕ ਵਿਚ ਜੀਵਾਤਮਾ ਪੂਰੀ ਪ੍ਰਸਿਧੀ (ਨਾਮਵਰੀ) ਚਾਂਹਿਦਾ, ਗਰੀਬੀ ਹੋਣ ਉਤੇ ਬੀ ਖੁਸ਼ਾਮਦੀ ਭਟ ਆਦੀ ਨੂੰ ਦਾਂਨ ਦੇਣਾ ਨਹੀ ਛਡਦਾ ਤਦ ਸਮਝਣਾ ਚਾਹੀਏ ਕਿ ਮੇਰੇ ਵਿਚ ਰਜੋਗੁਣ ਪ੍ਰਬਲ ਹੈ। ਅਰ ਜਦ ਮਨੁੱਖ ਦਾ ਆਤਮਾ ਸਭਕੋਲੋਂ ਜਾਂਣਨਾ ਚਾਹੇ, ਗੁਣ ਗ੍ਰਹਿਣ ਕਰਦਾ ਜਾਵੇ, ਚੰਗੇ ਕਰਮਾਂ ਵਿਚ ਲਜਿਆ ਨਾ ਕਰੇ, ਅਰ ਜਿਸ ਕਰਮ ਥੀਂ ਆਤਮਾ ਪ੍ਰਸ਼ੰਨ ਹੋਵੇ ਅਰਥਾਤ ਧਰਮਾਚਰਣ ਵਿਚ ਰੁਚੀ ਹੋਵੇ ਤਦ ਸਮਝਣਾ ਚਾਹੀਏ ਕਿ ਮੇਰੇ ਵਿਚ ਸਤੋ ਗੁਣ ਪ੍ਰਬਲ ਹੈ। ਤਮੋਗੁਣ ਦਾ ਲਖਣ ਕਾਂਮ, ਰਜੋਗੁਣ ਦਾ ਅਰਥ ਸੰਗ੍ਰਹਿ (ਧਨਜੋੜਨੇ) ਦੀ ਇਛਿਆ, ਅਰ ਸਤੋਗੁਣ ਦਾ ਲਖਣ ਧਰਮ ਦਾ ਸੇਵਨ ਕਰਨਾ ਹੈ, ਪ੍ਰੰਤੂ ਤਮੋਗੁਣ ਥੀਂ ਰਜੋਗੁਣ, ਅਰ ਰਜੋਗੁਣਥੀਂ ਸਤੋਗੁਣ ਸ੍ਰੇਸ਼ਟ ਹੈ। ਹੁਣ ਜਿਸ ਜਿਸ ਗੁਣ ਥੀਂ ਜਿਸ ਜਿਸ ਗਤੀ ਨੂੰ ਜੀਵ ਪ੍ਰਾਪਤ ਹੁੰਦਾ ਹੈ ਓਸ ਓਸ ਨੂੰ ਅਗੇ ਲਿਖਨੇ ਹਾਂ:

देवत्वं सात्त्विका यान्ति मनुष्यत्वञ्च राजसाः ।
तिर्यक्त्वं तामसा नित्यमित्येषा त्रिविधा गतिः ॥ १ ॥

स्थावराः कृमिकीटाश्च मत्स्याः सर्पाश्च कच्छपाः ।
पशवश्च मृगाश्चैव जघन्या तामसी गतिः ॥ २ ॥

हस्तिनश्च तुरङ्गाश्च शूद्रा म्लेच्छाश्च गर्हिताः ।

सिंहा व्याघ्रा वराहाश्च मध्यमा तामसी गतिः ॥ ३ ॥
चारणाश्च सुपर्णाश्च पुरुषाश्चैव दाम्भिकाः ।
रक्षांसि च पिशाचाश्च तामसीषूत्तमा गतिः ॥ ४ ॥
झल्ला मल्ला नटाश्चैव पुरुषाः शस्त्रवृत्तयः ।
द्यूतपानप्रसक्ताश्च जघन्या राजसी गतिः ॥ ५ ॥
राजानः क्षत्रियाश्चैव राज्ञां चैव पुरोहिताः ।
वादयुद्धप्रधानाश्च मध्यमा राजसी गतिः ॥ ६ ॥
गन्धर्वा गुह्यका यक्षा विबुधानुचराश्च ये ।
तथैवाप्सरसः सर्वा राजसीषूत्तमा गतिः ॥ ७ ॥
तापसा यतयो विप्रा ये च वैमानिका गणाः ।
नक्षत्राणि च दैत्याश्च प्रथमा सात्त्विकी गतिः ॥ ८ ॥
यज्वान ऋषयो देवा वेदा ज्योतींषि वत्सराः ।
पितरश्चैव साध्याश्च द्वितीया सात्त्विकी गतिः ॥ ९ ॥
ब्रह्मा विश्वसृजो धर्मो महानव्यक्तमेव च ।
उत्तमां सात्त्विकीमेतां गतिमाहुर्मनीषिणः ॥ १० ॥
इन्द्रियाणां प्रसंगेन धर्मस्यासेवनेन च ।
पापान्संयान्ति संसारानविद्वांसो नराधमाः ॥ ११ ॥
मनु० अ० १२ । श्लो० ४० । ४२—५० । ५२ ॥

ਜੇਹੜੇ ਮਨੁਖ ਸਾਤ੍ਵਿਕ ਹਨ ਉਹ ਦੇਵ ਅਰਥਾਤ ਵਿਦ੍ਵਾਂਨ, ਜੋ ਰਜੋ ਗੁਣੀ ਹੁੰਦੇ ਹਨ ਉਹ ਮਧੱਮ ਮਨੁਖ, ਅਰ ਜੋ ਤਮੋ ਗੁਣ ਥੀਂ ਜੁਕਤ ਹੁੰਦੇ ਹਨ ਉਹ ਨੀਚ ਗਤੀ ਨੂੰ ਪ੍ਰਾਪਤ ਹੁੰਦੇ ਹਨ। ਜੋ ਅਤਯੰਤ ਤਮੋ ਗੁਣੀ ਹਨ ਉਹਸਥਾਵਰ ਬ੍ਰਿਛ ਆਦੀ, ਕੀੜੇ ਮਕੌੜੇ, ਮਛੀ, ਸੱਪ, ਕੱਛੂ, ਪਸ਼ੂ, ਅਰ ਮ੍ਰਿਗ ਦੇ ਜਨਮ ਨੂੰ ਪ੍ਰਾਪਤ ਹੁੰਦੇ ਹਨ। ਜੋ ਮਧੱਮ ਤਮੋ ਗੁਣੀ ਹਨ ਉਹ ਹਾਥੀ, ਘੋੜਾ, ਸ਼ੂਦ੍ਰ,ਮਲੇਛ ਨਿੰਦਤ ਕਰਮ ਕਰਨ ਵਾਲੇ ਸ਼ੇਰ, ਬਘਿਆੜ,ਸੂਰ ਦੇ ਜਨਮ ਨੂੰ ਪ੍ਰਾਪਤ ਹੁੰਦੇ ਹਨ।ਜੋ ਉੱਤਮ ਤਮੋਗੁਣੀ ਹਨ ਉਹ ਚਾਰਣ(ਜੋ ਕਿ ਕਬਿਤ ਦੋਹਾ ਆਦੀ ਬਣਾਕੇ ਮਨੁੱਖਾਂ ਦੀ ਵਡਿਆਈ ਕਰਦੇਹਨ) ਸੋਹਿਣੇ ਪੰਛੀ,ਦੰਭੀ ਪੁਰਖ,ਅਰਥਾਤ ਅਪਣੇ ਸੁਖਦੇ ਲਈ ਅਪਣੀ ਵਡਿਆਈ ਕਰਨ ਵਾਲੇ।ਰਾਖਸ਼ ਅਰਥਾਤ ਹਿੰਸਾ ਕਰਨ ਵਾਲੇ ਪਿਸ਼ਾਚ,ਅਰਥਾਤ ਅਨਾਚਾਰੀ ਅਰਥਾਤਮਧ ਆਦੀ ਦਾ ਭੋਜਨ ਕਰਨ ਵਾਲੇ।ਅਰ ਮਲੀਨ ਰਹਿੰਦੇ ਹਨ ਉਹ ਉੱਤਮ ਤਮੋਗੁਣ ਦੇ ਕਰਮਾ ਦਾ ਫਲ ਹੈ। ਜੋ ਨੀਚ ਰਜੋਗੁਣੀ ਹਨ ਉਹ ਝਲੱਾ ਅਰਥਾਤ ਤਲਵਾਰ ਆਦੀ ਥੀਂ ਮਾਰਣੇ ਵਾ ਕਹੀ ਆਦੀ ਨਾਲ ਪੱਟਣ ਵਾਲੇ। ਮਲਾਹ ਅਰਥਾਤ ਬੇੜੀ ਆਦੀ ਚਲਾਂਣ ਵਾਲੇ। ਨਟ ਜੋ ਬਾਂਸ ਆਦੀ ਉਤੇ ਬਾਜ਼ੀਆਂ ਲਗਾਂਦੇ,ਚੜ੍ਹਨਾ ਉਤ੍ਰਨਾ

ਆਦੀ ਕਰਦੇ ਹਨ। ਸ਼ਸਤ੍ਰ ਧਾਰਨ ਵਾਲੇ ਸਿਪਾਹੀ, ਅਰ ਸ਼ਰਾਬ ਪੀਣ ਵਿਚ ਡੁਬੇ ਹੋਏ ਹੋਂਨ ਅਜਹੇ ਜਨਮ ਨੀਚ ਰਜੋਗੁਣ ਦਾ ਫਲ ਹੈ।ਜੋ ਮਧੱਮ ਰਜੋ ਗੁਣੀ ਹੁੰਦੇ ਹਨ ਉਹ ਰਾਜਾ ਖਤ੍ਰੀ ਵਰਣ ਵਾਲੇ ਰਾਜਿਆਂ ਦੇ ਪ੍ਰੋਹਤ, ਵਾਦ ਵਿਵਾਦ ਕਰਨ ਵਾਲੇ ਦੂਤ,ਪ੍ਰਾੜ ਵਿਵਾਕ (ਵਕੀਲ ਬੈਰਿਸ਼ਟਰ)ਯੁਧ ਵਿਭਾਗ ਦੇ ਅਧੱਖਜ ਦੇ ਜਨਮ ਪਾਂਦੇ ਹਨ। ਜੋ ਉਤੱਮ ਰਜੋਗੁਣੀ ਹਨ ਉਹ ਗੰਧਰਬ ( ਗਾਂਣ ਵਾਲੇ ) ਗੁਹਜਕ ( ਬਾਜੇ ਬਜਾਂਵਣ ਵਾਲੇ )। ਯਖਜ ( ਧਨਾਢਜ ) ਵਿਦਵਾਨਾਂ ਦੇ ਸੇਵਕ,ਅਰ ਅਪਸ੍ਰਾ ਅਰਥਾਤ ਜੋ ਉੱਤਮ ਰੂਪ ਵਾਲੀ ਇਸਤ੍ਰੀ ਉਨਾਂ ਦਾ ਜਨਮ ਪਾਂਦੇ ਹਨ। ਜੋ ਤਪੀ, ਜਤੀ,ਸਨਿਆਸੀ,ਵੇਦ ਪਾਠੀ, ਵਿਮਾਂਨ ( ਉਡਣ ਖਟੋਲਾ ) ਦੇ ਚਲਾਣ ਵਾਲੇ, ਜੋਤਸ਼ੀ, ਅਰ ਦੈਤ ਅਰਥਾਤ ਦੇਹ ਦੀ ਪਾਲਣਾ ਕਰਨ ਵਾਲੇ ਮਨੁਖ ਹੁੰਦੇ ਹਨ ਉਨਾਂ ਨੂੰ ਪ੍ਰਿਥਮ ਸਤੋਗੁਣ ਦੇ ਕਰਮ ਦਾ ਫਲ ਜਾਂਣੋ, ਜੋ ਮਧੱਮ ਸਤੋਗੁਣ ਜੁਕਤ ਹੋਕੇ ਕਰਮ ਕਰਦੇ ਹਨ ਉਹ ਜੀਵ ਯਗੱਦੇ ਕਰਨ ਵਾਲੇ ਵੇਦਦੇ ਅਰਥ ਜਾਂਨਣਵਾਲੇ ਵਿਦਵਾਂਨ, ਵੇਦ, ਵਿਦ੍ਰਿਤ ( ਬਿਜਲੀ ) ਆਦੀ ਅਰ ਕਾਲ ਵਿਦਿਆ ਦੇ ਗਿਆਤਾ, ਰਖਕ, ਗਿਆਂਨੀ, ਅਰ ( ਸਾਧਜ ) ਕਾਰਜ ਸਿੱਧੀ ਦੇ ਲਈ ਸੇਵਨ ਕਰਨੇ ਜੋਗ ਅਧਿਆਪਕ ਦਾ ਜਨਮ ਪਾਂਦੇ ਹਨ। ਜੋ ਉੱਤਮ ਸਤੋ ਗੁਣ ਜੁਕਤ ਹੋਕੇ ਉਤੱਮ ਕਰਮ ਕਰਦੇ ਹਨ ਉਹ ਬ੍ਰਹਮਾ ਸਭ ਵੇਦਾਂ ਦੇ ਜਾਂਨਣ ਹਾਰੇ।'ਵਿਸ਼੍ਵ ਸ੍ਰਿਜ' ਸਭ ਸ੍ਰਿਸ਼ਟੀ ਕ੍ਰਮ ਵਿਦਿਆ ਨੂੰ ਜਾਂਣਕਰ ਅਨੇਕ ਪ੍ਰਕਾਰ ਦੇ ਵਿਮਾਂਨ ਆਦੀ ਯਾਂਨਾਂ ਨੂੰ ਬਣਾਨ ਹਾਰੇ, ਧਾਰਮਿਕ,ਸਰਬ ਉੱਤਮ ਬੁਧੀ ਜੁਕਤ ਅਰ ਅਵ੍ਯਕਤ ਦੇ ਜਨਮ ਅਰ ਪ੍ਰਕ੍ਰਿਤੀ ਵਸ਼ਿਤ੍ਵ ਸਿਧੀ ਨੂੰ ਪ੍ਰਾਪਤ ਹੁੰਦੇ ਹਨ। ਜੋ ਇੰਦ੍ਰੀਆਂ ਦੇ ਬਸ ਵਿਚਹੋਕੇ ਵਿਸ਼ਈ ਧਰਮ ਨੂੰ ਛਡਕੇ ਅਧਰਮ ਕਰਨਹਾਰੇ ਅਵਿਦਵਾਂਨ ਹਨ,ਉਹ ਮਨੱਖਾਂ ਵਿਚ ਨੀਚ ਜਨਮ ਬੁਰੇ ਬੁਰੇ ਦੁਖ ਰੂਪੀ ਜਨਮ ਨੂੰ ਪਾਂਦੇ ਹਨ, ਏਸ ਪ੍ਰਕਾਰ ਸਤ, ਰਜ, ਅਰ ਤਮੋਗੁਣ ਜੁਕਤ ਵੇਗ ਨਾਲ ਜਿਸ ਜਿਸ ਪ੍ਰਕਾਰ ਦਾ ਕਰਮ ਜੋ ਕਰਦਾ ਹੈ ਉਸ ਉਸਨੂੰ ਉਸੀ ਉਸੀ ਪਰਕਾਰ ਫਲ ਪਰਾਪਤ ਹੁੰਦਾ ਹੈ।ਜੋ ਮੁਕਤ ਹੁੰਦੇ ਹਨ ਉਹ ਗੁਣਾਤੀਤ ਅਰਥਾਤ ਸਭ ਗੁਣਾਂ ਦੇ ਸੁਭਾਵਾਂ ਵਿਚ ਨਾ ਫਸਕੇ ਮਹਾਂ ਜੋਗੀ ਹੋਕੇ ਮੁਕਤੀ ਦਾ ਸਾਧਨ ਕਰਨ, ਕਿਉਂਕਿ:—

योगश्चित्त वृत्तिनिरोधः ॥ १ ॥ पा० १ । २ ॥
तदा द्रष्टुः स्वरूपेऽवस्थानम् ॥ २ ॥ पा० १ । ३ ॥

ਇਹ ਯੋਗਸ਼ਾਸਤ੍ਰ ਪਾਤੰਜਲ ਦੇ ਸੂਤ੍ਰ ਹਨ, ਮਨੁਖ ਰਜੋਗੁਣ, ਤਮੋਂਗੁਣ, ਜੁਕਤ ਕਰਮਾਂ ਥੀਂ ਮਨ ਨੂੰ ਰੋਕ, ਸ਼ੁਧ ਸਤੋਗੁਣ ਜੁਕਤ ਕਰਮਾਂ ਥੀਂ ਬੀ ਮਨ ਨੂੰ ਰੋਕ, ਸ਼ੁਧ ਸਤੋਗੁਣ ਜੁਕਤ ਹੋ ਪਿਛੋਂ ਓਸਦਾ ਨਿਰੋਧ ਕਰ, ਏਕਾਗ੍ਰ ਅਰਥਾਤ ਇਕਪਰਮੇਸ਼੍ਵਰ ਅਰ ਧਰਮ ਜੁਕਤ ਕਰਮ ਇਨਾਂ ਦੇ ਅਗ੍ਰਭਾਗ ਵਿਚ ਚਿਤ ਦਾ ਠਰਾ ਰਖਣਾ। ਨਿਰੋਧ ਅਰਥਾਤ ਸਭ ਪਾਸਿਓਂ ਮਨਦੀ ਬ੍ਰਿੱਤੀ ਨੂੰ

ਰੋਕਣਾ, ਜਦ ਚਿਤ ਇਕਾਗ੍ਰ ਅਰ ਨਿਰੁਧ ਹੁੰਦਾ ਹੈ ਤਦ ਸਭ ਦੇ ਦ੍ਰਸ਼ਟਾ ਈਸ਼੍ਵਰ ਦੇ ਸ੍ਵਰੂਪ ਵਿਚ ਜੀਵਾਤਮਾ ਦੀ ਸਥਿਤੀ ਹੁੰਦੀ ਹੈ,ਇਤ ਆਦੀ ਸਾਧਨ ਮੁਕਤੀ ਦੇ ਲਈ ਕਰੇ ਅਰ: —

अथ त्रिविधदुःखात्यन्तनिवृत्तिरत्यन्तपुरुषार्थः। सांख्यो। अ० १। सू० १॥

ਇਹ ਸਾਂਖ ਸ਼ਾਸਤ੍ਰ ਦਾ ਸੂਤ੍ਰ ਹੈ:— ਜੋ 'ਅਧਿਆਤਮਕ' ਅਰਥਾਤ ਸ਼ਰੀਰ ਸਬੰਧੀ ਪੀੜਾ 'ਅਧੀਭਊਤਕ' ਜੋ ਦੂਜੇ ਪ੍ਰਾਣੀਆਂ ਤੋਂ ਦੁਖੀ ਹੋਣਾ 'ਅਧੀਦੈਵਕ' ਜੋ ਅਤੀ ਬਰਖਾ, ਅਤੀਤਪਤ, ਅਤੀਸੀਤ, ਮਨ ਇੰਦ੍ਰੀਆਂ ਦੀ ਚੰਚਲਤਾ ਕਰਕੇ ਹੁੰਦਾ ਹੈ, ਏਸ ਤਿੰਨ ਪ੍ਰਕਾਰ ਦੇ ਦੁਖ ਨੂੰ ਛੁਡਾ ਕੇ ਮੁਕਤੀ ਪਾਣਾ ਅਤਯੰਤ ਪੁਰਖਾਰਥ ਹੈ। ਏਸਤੋਂ ਅਗੇ ਆਚਾਰ, ਅਨਾਚਾਰ, ਅਰਭਖ, ਅਭਖ, ਦਾ ਵਿਸ਼ਾ ਲਿਖਾਂਗੇ ॥

इति श्रीमद्दयानन्दसरस्वतीस्वामिनिर्मिते सत्यार्थप्रकाशे
सुभाषाविभूषिते विद्याऽविद्याबन्धमोक्षविषये
नवमः समुल्लासः सम्पूर्णः ॥९॥

# ਦਸਵਾਂ ਸਮੁੱਲਾਸ

## ਅਚਾਰ ਅਨਾਚਾਰ ਅਰ ਭਖ ਅਭਖ ਵਿਸ਼ੇ ਵਿਚ ॥

---

ਹੁਣ ਜੋ ਧਰਮ ਜੁਕਤ ਕਰਮਾਂ ਦਾ ਕਰਨਾ, ਸੁਸ਼ੀਲਤਾ ਸਤਪੁਰਖਾਂ ਦਾ ਸੰਗ, ਅਰ ਸਤਵਿਦ੍ਯਾ ਦੇ ਗ੍ਰਹਣ ਵਿਚ ਰੁਚੀ ਆਦੀ ਆਚਾਰ; ਅਰ ਇਨਾਂ ਥੀਂ ਉਲਟ ਅਨਾਚਾਰ ਕਹਾਂਦਾ ਹੈ ਉਨਾ ਨੂੰ ਲਿਖਨੇ ਹਾਂ:—

विद्वद्भिः सेवितः सद्भिर्नित्यमद्वेषरागिभिः ।
हृदयेनाभ्यनुज्ञातो यो धर्मस्तन्निबोधत ॥ १ ॥
कामात्मता न प्रशस्ता न चैवेहास्त्यकामता ।
काम्यो हि वेदाधिगमः कर्मयोगश्च वैदिकः ॥ २ ॥
सङ्कल्पमूलः कामो वै यज्ञाः सङ्कल्पसंभवाः
व्रतानि यमधर्माश्च सर्वे सङ्कल्पजाः स्मृताः ॥३॥
अकामस्य क्रिया काचिद् दृश्यते नेह कर्हिचित् ।
यद्यद्धि कुरुते किञ्चित् तत्तत्कामस्य चेष्टितम् ॥ ४ ॥
वेदोऽखिलो धर्ममूलं स्मृतिशीले च तद्विदाम् ।
आचारश्चैव साधूनामात्मनस्तुष्टिरेव च ॥ ५ ॥
सर्वन्तु समवेक्ष्येदं निखिलं ज्ञानचक्षुषा ।
श्रुतिप्रामाण्यतो विद्वान् स्वधर्मे निविशेत वै ॥ ६ ॥
श्रुतिस्मृत्युदितं धर्ममनुतिष्ठन् हि मानवः ।

इह कीर्तिमवाप्नोति प्रेत्य चानुत्तमं सुखम् ॥ ७ ॥
योऽवमन्येत ते मूले हेतुशास्त्राश्रयाद् द्विजः ।
स साधुभिर्बहिष्कार्यो नास्तिको वेदनिन्दकः ॥ ८ ॥
वेदः स्मृतिः सदाचारः स्वस्य च प्रियमात्मनः ।
एतच्चतुर्विधं प्राहुः साक्षाद्धर्मस्य लक्षणम् ॥ ९ ॥
अर्थकामेष्वसक्तानां धर्मज्ञानं विधीयते ।
धर्मं जिज्ञासमानानां प्रमाणं परमं श्रुतिः ॥ १० ॥
वैदिकैः कर्मभिः पुण्यैर्निषेकादिर्द्विजन्मनाम् ।
कार्य्यः शरीरसंस्कारः पावनः प्रेत्य चेह च ॥ ११ ॥
केशान्तः षोडशे वर्षे ब्राह्मणस्य विधीयते ।
राजन्यबन्धोर्द्वाविंशे वैश्यस्य द्व्यधिके ततः ॥ १२ ॥ मनु० अ० २
श्लो० १-४ । ६ । ८ । ९ । ११-१३ । २६ । ६५ ॥

ਮਨੁਖੱਾਂ ਨੂੰ ਸਦਾ ਏਸ ਬਾਤ ਉੱਤੇ ਧਿਆਂਨ ਰਖਣਾ ਚਾਹੀਏ ਕਿ ਜਿਸਦਾ ਸੇਵਨ ਰਾਗ ਦ੍ਵੈਖ ਰਹਿਤ ਵਿਦਵਾਂਨ ਲੋਗ ਨਿਤ ਕਰਨ, ਜਿਸਨੂੰ ਹਿਰਦੇ ਅਰਥਾਤ ਆਤਮਾ ਨਾਲ ਸਤਜ ਕਰਤੱਬ ਜਾਣਨ ਉਹੋ ਧਰਮ ਮੱਨਣ ਅਰ ਕਰਨ ਦੇ ਜੋਗ ਹੈ, ਕਿਉਂਕਿ ਏਸ ਸੰਸਾਰ ਵਿਚ ਅਤਯੰਤ ਕਾਂਮਣਾ, ਅਰ ਨਿਸ਼ ਕਾਂਮਤਾ ਚੰਗੀ ਨਹੀ ਹੈ, ਵੇਦ ਅਰਥ ਗਿਆਂਨ, ਅਰ ਵੇਦ ਵਿਚ ਕਹੇ ਹੋਏ ਕਰਮ ਇਹ ਸਭ ਕਾਂਮਣਾ ਹੀ ਨਾਲ ਸਿਧ ਹੁੰਦੇ ਹਨ, ਜੇ ਕੋਈ ਕਹੇ ਕਿ ਮੈ, ਇਛਿਆ ਤੋਂ ਬਿਨਾਂ ਅਰ ਨਿਸ਼ਕਾਮ ਹਾਂ ਵਾ ਹੋ ਜਾਵਾਂ ਤਾਂ ਉਹ ਕਦੀ ਨਹੀਂ ਹੋ ਸਕਦਾ, ਕਿਉਂਕਿ ਸਭ ਕਾਂਮ ਅਰਥਾਤ ਯਗ, ਸਤ ਭਾਖਣ ਆਦੀ ਬ੍ਰੱਤ ਯਮਨਿਯੱਮ ਰੂਪੀ ਧਰਮ ਆਦੀ ਸੰਕਲਪ ਥੀਂ ਹੀ ਬਣਦੇ ਹਨ, ਕਿਉਂਕਿ ਜੋ ਜੋ ਹਥ, ਪੈਰ, ਨੇਤ੍ਰ, ਮਨ ਆਦੀ ਚਲਾਏ ਜਾਂਦੇ ਹਨ ਉਹ ਸਭ ਕਾਂਮਣਾ ਹੀ ਨਾਲ ਚਲਦੇ ਹਨ, ਜੇ ਇਛੱਾ ਨਾ ਹੋਵੇ ਤਾਂ ਅਖਦਾ ਖੋਲਣਾ ਅਰ ਮੀਟਣਾ ਬੀ ਨਹੀਂ ਹੋ ਸਕਦਾ, ਏਸਲਈ ਸਮਪੂਰਣ ਵੇਦ, ਮਨੂ ਸਿੰਮ੍ਰਤੀ, ਤਥਾ ਰਿਖੀ ਪ੍ਣੀਤ ਸ਼ਾਸਤ੍ਰ, ਸਤ ਪੁਰਖਾਂ ਦਾ ਆਚਾਰ, ਅਰ ਜਿਸ ਜਿਸ ਕਰਮ ਵਿਚ ਅਪਣਾ ਆਤਮਾ ਪ੍ਰਸੰਨ ਰਹ੍ਵੇ ਅਰਥਾਤ ਭੈ, ਸ਼ੰਕਾ, ਲਜਜਾ, ਜਿਨਾਂ ਵਿਚ ਨਾਂ ਹੋਵੇ ਓਨਾਂ ਕਰਮਾਂ ਦਾ ਸੇਵਨ ਕਰਨਾ ਉਚਿੱਤ ਹੈ ਵੇਖੋ ਜਦ ਕੋਈ ਮਿਥਿਆ ਭਾਖਣ, ਚੋਰੀ ਆਦੀ ਦੀ ਇਛਿਆ ਕਰਦਾ ਹੈ ਤਦੇ ਓਸਦੇ ਆਤਮਾ ਵਿਚ ਭੈ, ਸ਼ੰਕਾ, ਲਜਜਾ, ਜਰੂਰ ਉਤਪੰਨ ਹੁੰਦੀ ਹੈ, ਏਸ ਲਈ ਏਹੁ ਕਰਮ ਕਰਨੇ ਜੋਗ ਨਹੀਂ। ਮਨੁਖ ਸੰਪੂਰਣ ਸ਼ਾਸਤ੍ਰ, ਵੇਦ, ਸਤ ਪੁਰਖਾਂ ਦਾ ਆਚਾਰ, ਅਪਣੇ ਆਤਮਾ ਦੇ ਅਵਿਰੁਧ ਅਛੇ ਪ੍ਰਕਾਰ ਵਿਚਾਰ ਕਰ ਗਿਆਂਨ ਨੇਤ੍ਰ ਕਰਕੇ ਸ਼੍ਰੁਤੀ ਪ੍ਰਮਾਂਣ ਥੀਂ ਅਪਣੇ ਆਤਮਾ ਦੇ ਅਨੁਕੂਲ ਧਰਮ ਵਿਚ ਪ੍ਰਵੇਸ਼ ਕਰੇ, ਕਿਉਂ ਕਿ

ਮਨੁਖ ਵੇਦ ਉਕਤ ਧਰਮ, ਅਰ ਜੋ ਵੇਦ ਥੀਂ ਅਵਿਰੁਧ ਸਿਮ੍ਰਤੀ ਜੁਕਤ
ਰਮ ਦਾ ਅਨੁਸ਼ਟਾਂਨ ਕਰਦਾ ਹੈ ਉਹ ਏਸ ਲੋਕ ਵਿਚ ਕੀਰਤੀ, ਅਰ ਮਰਕੇ
ਥ ਉੱਤਮ ਸੁਖ ਨੂੰ ਪ੍ਰਾਪਤ ਹੁੰਦਾ ਹੈ। ਸ਼੍ਰੁਤੀ ਵੇਦ, ਅਰ ਸਿਮ੍ਰਤੀ ਧਰਮ ਸ਼ਾਸਤ੍ਰ
ਕਹਿੰਦੇ ਹਨ, ਇਨਾਂ ਕਰਕੇ ਸਭ ਕਰਤੱਬ, ਅਕਰਤੱਬ ਦਾ ਨਿਸਚਾ ਕਰਨਾ
ਹੀਏ, ਜੋ ਕੋਈ ਮਨੁਖ ਵੇਦ, ਅਰ ਵੇਦ ਅਨੁਕੂਲ ਆਪਤ ਗ੍ਰੰਥਾਂ ਦਾ ਅਪ-
ਨ ਕਰੇ ਓਸ ਨੂੰ ਸ੍ਰੇਸ਼ਟ ਲੋਗ ਜਾਤੀ ਤੋਂ ਬਾਹਿਰ ਕਢ ਦੇਂਨ, ਕਿਉਂਕਿ ਜੋ
: ਦੀ ਨਿੰਦਜਾ ਕਰਦਾ ਹੈ ਉਹੋ ਨਾਸਤਿਕ ਕਹਾਂਦਾ ਹੈ, ਏਸ ਲਈ ਵੇਦ,
ਮ੍ਰਤੀ, ਸਤ ਪੁਰਖਾਂ ਦਾ ਆਚਾਰ, ਅਰ ਅਪਣੇ ਆਤਮਾ ਦੇ ਗਿਆਂਨ ਥੀਂ
ਵਿਰੁਧ ਪ੍ਰਿਆ ਚਰਣ, ਇਹ ਚਾਰ ਧਰਮ ਦੇ ਲੱਖਣ ਅਰਥਾਤ ਇਨਾਂ ਕਰਕੇ
ਧਰਮ ਜਾਣਿਆਂ ਜਾਂਦਾ ਹੈ, ਪ੍ਰੰਤੂ ਜੋ ਧਨ ਦੇ ਲੋਭ ਅਰ ਕਾਂਮ ਅਰਥਾਤ
ਸੇਵਾ ਵਿਚ ਫਸਿਆ ਹੋਇਆ ਨਹੀਂ ਹੁੰਦਾ ਉਸੇ ਨੂੰ ਧਰਮ ਦਾ ਗਿਆਂਨ
ਹੈ, ਜੋ ਧਰਮ ਨੂੰ ਜਾਣਨ ਦੀ ਇਛਿਆ ਕਰਨ ਉਨ੍ਹਾਂ ਦੇ ਵਾਸਤੇ
ਹੀ ਪਰਮ ਪ੍ਰਮਾਂਣ ਹੈ, ਏਸ ਕਰਕੇ ਸਭ ਮਨੁਖਾਂ ਨੂੰ ਉਚੱਤ ਹੈ ਕਿ ਵੇਦ
ਤ ਪੁੰਨ ਰੂਪੀ ਕਰਮਾਂ ਥੀਂ ਬ੍ਰਾਹਮਣ, ਖਤ੍ਰੀ, ਵੈਸ, ਅਪਣੇ ਸੰਤਾਨਾਂ ਦਾ ਨਿਸ਼ੇਕ
ਦੀ- ਸੰਸਕਾਰ ਕਰਨ, ਜੋ ਏਸ ਜਨਮ ਵਾ ਪਰ ਜਨਮ ਵਿਚ ਪਵਿਤ੍ਰ ਕਰਨੇ
ਲਾ ਹੈ। ਬ੍ਰਾਹਮਣ ਦੇ ਸੋਹਲਵੇਂ ੧੬ ਖਤ੍ਰੀ ਦੇ ਬਾਈਵੇਂ ੨੨ ਅਰ ਵੈਸ਼ਦੇ
ਵੇਂ ੨੪ ਵਰ੍ਹੇ ਵਿਚ ਕੇਸ਼ਾਂਤ ਕਰਮ ਖਰੌਰ ਮੁੰਡਨ ਹੋ ਜਾਣਾ ਚਾਹੀਏ ਅਰ-
ਤ ਏਸ ਵਿਧੀ ਦੇ ਪਿਛੇ ਕੇਵਲ ਚੋਟੀ ਨੂੰ ਰਖਕੇ ਹੋਰ ਦਾੜ੍ਹੀ ਮੁਛ ਅਰ ਸਿਰ
ਵਾਲ ਸਦਾ ਮੁਨਾਂਦੇ ਰਹਿਣਾ ਚਾਹੀਏ, ਅਰਥਾਤ ਫੇਰ ਕਦੀ ਨਾ ਰਖਣਾ,
ਜੇ ਸੀਤ ਪ੍ਰਧਾਨ ਦੇਸ਼ ਹੋਵੇ ਤਾਂ ਜਿਸਤਰਾਂ ਮਨ ਕਰੇ ਭਾਵੇਂ ਜਿੱਨੇ ਕੇਸ
, ਅਰ ਜੇ ਬਹੁਤ ਗਰਮ ਦੇਸ਼ ਹੋਵੇ ਤਾਂ ਸਭ ਚੋਟੀ ਸਮੇਤ ਛੇਦਨ ਕਰਾ ਦੇਣਾ
ਹੀਏ, ਕਿਉਂਕਿ ਸਿਰ ਵਿਚ ਬਾਲ ਰਹਿਣ ਕਰਕੇ ਗਰਮੀ ਵਧੀਕ ਹੁੰਦੀ ਹੈ,
ਓਸਥੀਂ ਬੁਧੀ ਘਟ ਜਾਂਦੀ ਹੈ, ਦਾੜ੍ਹੀ, ਮੁਛੱ ਰਖੱਣ ਨਾਲ ਖਾਣਾ, ਪੀਣਾ
ੀ ਤਰਾਂ ਨਹੀਂ ਹੁੰਦਾ, ਅਰ ਜੂਠ ਥੀਵਾਲਾਂ ਵਿਚ ਰਹਿ ਜਾਂਦੀ ਹੈ:-

इन्द्रियाणां विचरतां विषयेष्वपहारिषु ।
संयमे यत्नमातिष्ठेद्विद्वान् यन्तेव वाजिनाम् ॥ १ ॥
इन्द्रियाणां प्रसङ्गेन दोषमृच्छत्यसंशयम् ।
सन्नियम्य तु तान्येव ततः सिद्धिं नियच्छति ॥ २॥
न जातु कामः कामानामुपभोगेन शाम्यति ।
हविषा कृष्णवर्त्मेव भूय एवाभिवर्द्धते ॥ ३ ॥
वेदास्त्यागश्च यज्ञाश्च नियमाश्च तपांसि च ।
न विप्रदुष्टभावस्य सिद्धिं गच्छन्ति कर्हिचित् ॥ ४ ॥

वशे कृत्वेन्द्रियग्रामं संयम्य च मनस्तथा ।
सर्वान् संसाधयेदर्थानक्षिण्वन् योगतस्तनुम् ॥ ५ ॥
श्रुत्वा स्पृष्ट्वा च दृष्ट्वा च भुक्त्वा घ्रात्वा च यो नरः ।
न हृष्यति ग्लायति वा स विज्ञेयो जितेन्द्रियः ॥ ६ ॥
नापृष्टः कस्यचिद् ब्रूयान्न चान्यायेन पृच्छतः ।
जानन्नपि हि मेधावी जडवल्लोक आचरेत् ॥ ७ ॥
वित्तं बन्धुर्वयः कर्म विद्या भवति पञ्चमी ।
एतानि मान्यस्थानानि गरीयो यद्यदुत्तरम् ॥ ८ ॥
अज्ञो भवति वै बालः पिता भवति मन्त्रदः ।
अज्ञं हि बालमित्याहुः पितेत्येव तु मन्त्रदम् ॥ ९ ॥
न हायनैर्न पलितैर्न वित्तेन न बन्धुभिः ।
ऋषयश्चक्रिरे धर्मं योऽनूचानः स नो महान् ॥ १० ॥
विप्राणां ज्ञानतो ज्यैष्ठ्यं क्षत्रियाणान्तु वीर्यतः ।
वैश्यानां धान्यधनतः शूद्राणामेव जन्मतः ॥ ११ ॥
न तेन वृद्धो भवति येनास्य पलितं शिरः ।
यो वै युवाप्यधीयानस्तं देवाः स्थविरं विदुः ॥ १२ ॥
यथा काष्ठमयो हस्ती यथा चर्ममयो मृगः ।
यश्च विप्रोऽनधीयानस्त्रयस्ते नाम बिभ्रति ॥ १३ ॥
अहिंसयैव भूतानां कार्यं श्रेयोऽनुशासनम् ।
वाक् चैव मधुरा श्लक्ष्णा प्रयोज्या धर्ममिच्छता ॥ १४ ॥
मनु० अ० २ ॥ श्लो० ८८ । ९३ । ९४ । ९७ । १०० ।
९८ । ११० । १३६ । १५३ – १५७ । १५९ ॥

ਮਨੁੱਖ ਦਾ ਏਹੋ ਮੁਖ ਆਚਾਰ ਹੈ ਕਿ ਜੋ ਇੰਦ੍ਰੀਆਂ ਚਿਤ ਨੂੰ ਹਰਨ ਕਰਨ ਵਾਲਿਆਂ ਵਿਸ਼ਿਆਂ ਵਿਚ ਲੈ ਜਾਂਦੀਆਂ ਹਨ ਉਨਾਂ ਨੂੰ ਰੋਕਣ ਵਿਚ ਜਤਨ ਕਰ ਜਿਸਤਰਾਂ ਘੋੜੇ ਨੂੰ ਸਾਰਥੀ ਰੋਕ ਕੇ ਸੁਧ ਮਾਰਗ ਵਿਚ ਚਲਾਂਦਾ ਹੈ ਇਸੇ ਪ੍ਰਕਾਰ ਇਨਾਂ ਨੂੰ ਅਪਣੇ ਬਸ ਵਿਚ ਕਰਕੇ ਅਧਰਮ ਮਾਰਗ ਥੀਂ ਹਟਾਕੇ ਧਰਮ ਮਾਰਗ ਵਿਚ ਸਦਾ ਚਲਾਇਆ ਕਰੇ, ਕਿਉਂਕਿ ਇੰਦ੍ਰੀਆਂ ਨੂੰ ਵਿਸ਼ੇ ਆਸਕਤੀ, ਅਰ ਅਧਰਮ ਵਿਚ ਚਲਾਂਣ ਕਰਕੇ ਮਨੁੱਖ ਨਿਸਚਿਤ ਦੋਸ਼ ਨੂੰ ਪ੍ਰਾਪਤ ਹੁੰਦਾ ਹੈ, ਅਰ ਜਦ ਇਨਾਂ ਨੂੰ ਜਿਤ ਕੇ ਧਰਮ ਵਿਚ ਚਲਾਂਦਾ ਹੈ ਤਦ ਹੀ ਮਨ ਮਾਨੀ ਸਿਧੀ ਨੂੰ ਪ੍ਰਾਪਤ ਹੁੰਦਾ ਹੈ, ਏਹੁ ਨਿਸਚੇ ਹੈ ਕਿ ਜਿਸਤਰਾਂ ਅੱਗ ਵਿਚ ਲਕੜੀਆਂ ਅਰ ਘਿਉ ਪਾਂਣ ਨਾਲ ( ਅਗ ) ਵਧਦੀ ਜਾਂਦੀ ਹੈ ਉਸੇ ਤਰਾਂ ਵਿਸ਼ਿਆਂ ਦੇ ਭੋਗਣ ਨਾਲ ਕਾਂਮ ਸ਼ਾਂਤ ਕਦੀ ਨਹੀਂ ਹੁੰਦਾ ਕਿੰਤੂ

ਵਧਦਾ ਹੀ ਜਾਂਦਾ ਹੈ,ਏਸ ਲਈ ਮਨੁਖ ਨੂੰ ਵਿਸ਼ੇ ਵਿਚ ਕਦੀ ਬੀ ਡੁਬਣਾ ਨਾ ਚਾਹੀਏ। ਜੋ ਅਜਿਤਿੰਦ੍ਰੀ ਪੁਰਖ ਹੈ ਓਸ ਨੂੰ ਵਿਪ੍ਰਦੁਸ਼ਟ ਕਹਿੰਦੇ ਹਨ, ਓਸਦੇ ਕਰਨ ਨਾਲ ਨਾ ਵੇਦ ਗਿਆਨ, ਨਾਂ ਤਿਆਗ, ਨਾ ਯਗ,ਨਾ ਨਿਯੱਮ, ਅਰ ਨਾ ਧਰਮਾਚਰਣ ਸਿਧੀ ਨੂੰ ਪ੍ਰਾਪਤ ਹੁੰਦੇ ਹਨ,ਕਿੰਤੂ ਏਹ ਸਭ ਜਿਤਿੰਦ੍ਰੀ, ਧਾਰ-ਮਿਕ ਜਨ ਨੂੰ ਸਿਧ ਹੁੰਦੇ ਹਨ। ਏਸ ਲਈ ਪੰਜ ਕਰਮ ਇੰਦ੍ਰੀ, ਪੰਜ ਗਿਆਨ ਇੰਦ੍ਰੀ, ਅਰ ਯਾਹਰਵੇਂ ਮਨ ਨੂੰ, ਆਪਣੇ ਬਸ ਵਿਚ ਕਰਕੇ ਜੁਗਤ ਅਹਾਰ (ਭੋਜਨ) ਵਿਹਾਰ ਜੋਗ ਨਾਲ ਸ਼ੀਰ ਦੀ ਰਖਿਆ ਕਰਦਾ ਹੋਇਆ ਸਭ ਅਰਥਾਂ ਨੂੰ ਸਿਧ ਕਰੇ। ਜਿਤਿੰਦ੍ਰੀ ਓਸਨੂੰ ਕਹਿੰਦੇ ਹਨ ਕਿ ਜੇਹੜਾ ਉਸਤਤੀ ਸੁਣਕੇ ਖੁਸ਼, ਅਰ ਨਿੰਦਿਆ ਸੁਣਕੇ ਸੋਗ, ਚੰਗਾ ਸਪਰਸ਼ ਕਰਕੇ ਸੁਖ,ਅਰ ਦੁਸ਼ਟ ਸ ਪਰਸ਼ ਕਰਕੇ ਦੁਖ, ਸੁੰਦਰ ਰੂਪ ਵੇਖਕੇ ਪ੍ਰਸੰਨ, ਅਰ ਦੁਸ਼ਟ ਰੂਪ ਵੇਖਕੇ ਅਪ੍ਸੰਨ, ਉੱਤਮ ਭੋਜਨ ਕਰਕੇ ਅਨੰਦਤ,ਅਰ ਨਕ੍ਰਿਸ਼ਟ ਭੋਜਨ ਕਰਕੇ ਦੁਖਤ,ਸੁਗੰਧ ਵਿਚ ਰੁਚੀ ਅਰ ਦੁਰਗੰਧ ਵਿਚ ਅਰੁਚੀ ਨਹੀਂ ਕਰਦਾ,ਕਦੀ ਬਗੈਰ ਪੁਛੇ ਵਾ ਅਨਿਆਇ ਨਾਲ ਪੁਛਣ ਵਾਲੇ ਨੂੰ ਕਿ ਜੋ ਕਪਟ ਨਾਲ ਪੁਛਦਾ ਹੋਵੇ ਓਸ ਨੂੰਉਤ੍ਰ ਦੇਵੇ ਉਨਾਂਦੇ ਸਾਮਣੇ ਬੁਧੀਮਾਨ ਜੜਦੇ ਸਮਾਨ ਰਹਿਨ। ਹਾਂ ਜੇਹੜੇ ਨਿਸ਼ਕਪਟ ਅਰ ਜਗਿਆਸੂ ਹੋਨ ਉਨਾਂਨੂੰ ਬਗਰ ਪੁਛੇ ਬੀ ਉਪਦੇਸ਼ ਕਰੇ।ਇਕ ਧਨ, ਦੂਜੇ ਬੰਧੂ, ਕੁਟੰਬ ਕੁਲ,ਤੀਜੀ ਅਵਸਥਾ, ਚੌਥੇ ਉਤੱਮ ਕਰਮ, ਅਰ ਪੰਜਵੀਂ ਸ੍ਰੇਸ਼ਟ ਵਿਦਿਆ, ਇਹ ਪੰਜ ਮਾਂਨ ਦੇ ਸਥਾਂਨ ਹਨ,ਪ੍ਰੰਤੂ ਧਨ ਤੋਂ ਉ-ਤੱਮ ਬੰਧੁ, ਬੰਧੂ ਥੀਂ ਵਧੀਕ ਅਵਸਥਾ, ਅਵਸਥਾ ਥੀਂ ਵਧੀਕ ਚੰਗੇ ਕਰਮ, ਅਰ ਕਰਮ ਥੀਂ ਪਵਿਤ੍ ਵਿਦਿਆ ਵਾਲੇ ਉਤ੍ਰੋਤ੍ਰ ਵਧੀਕ ਮਾਂਨ ਦੇ ਜੋਗ ਹਨ, ਕਿਉਂਕਿ ਭਾਵੇਂ ਸੌ ੧੦੦ ਵਰ੍ਹੇ ਦਾ ਬੀ ਹੋਵੇ ਪ੍ਰੰਤੂ ਜੋ ਵਿਦਿਆ ਵਿਗਿਆਂਨ ਰਹਿਤ ਹੈ ਉਹ ਬਾਲਕ, ਅਰ ਜੋ ਵਿਦਿਆ ਵਿਗਿਆਂਨ ਦਾ ਦਾਤਾ ਹੈ ਓਸ ਬਾਲਕ ਨੂੰ ਬੀ ਬ੍ਰਿਧ ਮਨਣਾ ਚਾਹੀਏ, ਕਿਉਂਕਿ ਸਭ ਸ਼ਾਸਤ੍ਰ ਅਰ ਆਪਤ ਵਿਦਵਾਂਨ ਅਗਿਆਨੀਨੂੰ ਬਾਲਕ ਅਰ ਗਿਆਂਨੀ ਨੂੰ ਪਿਤਾ ਕਹਿੰਦੇ ਹਨ, ਬਹੁਤ ਵਰ੍ਹਿਆਂ ਦੇ ਬੀਤਣੇ, ਚਿਟੇ ਵਾਲਾਂ ਦੇ ਹੋਣੇ, ਬਹਤ ਧਨ ਕਰਕੇ ਅਰ ਵਡੇ ਕੁਟੰਬ ਦੇ ਹੋਣ ਕਰਕੇ ਬ੍ਰਿਧ ਨਹੀਂ ਹੁੰਦਾ, ਕਿੰਤੂ ਰਿਖੀ ਮਹਾਤਮਾਓਂ-ਦਾਂ ਇਹੀ ਨਿਸਚਾ ਹੈ ਕਿ ਜੋ ਸਾਡੇ ਵਿਚ ਵਿਦਿਆ, ਬ੍ਰਿਗਿਆਂਨ ਵਿਚ ਵਧੀਕ ਹੈ ਉਹੋ ਬ੍ਰਿਧ ਪੁਰਖ ਕਹਾਂਦਾ ਹੈ।ਬ੍ਰਾਹਮਣ ਗਿਆਂਨ ਕਰਕੇ,ਖਤ੍ਰੀ ਬਲ ਕਰਕੇ, ਵੈਸ਼ ਧਨ ਧਾਂਨ ਕਰਕੇ, ਅਰ ਸ਼ੂਦ੍ਰ ਜਨਮ ਅਰਥਾਤ ਬਹੁਤੀ ਉਮਰ ਹੋਣ ਕਰਕੇ ਬ੍ਰਿਧ (ਵਡਾ)ਹੁੰਦਾ ਹੈ, ਸ਼ੀਰ ਦੇ ਵਾਲ ਚਿਟੇ ਹੋਣ ਕਰਕੇ ਬੁਢਾ ਨਹੀਂ ਹੁੰਦਾ, ਕਿੰਤੂ ਜੋ ਜੁਆਂਨ ਵਿਦਿਆ ਪੜ੍ਹਿਆ ਹੋਇਆ ਹੈ ਉਸੇ ਨੂੰ ਵਿਦਵਾਂਨ ਲੋਗ ਵਡਾ ਜਾਂਣਦੇ ਹਨ, ਅਰ ਜੋ ਵਿਦਿਆ ਨਹੀਂ ਪੜ੍ਹਿਆ ਹੈ ਉਹ ਜਿਸਤਰਾਂ ਕਾਠ ਦਾ ਹਾਥੀ ਤਥਾ ਚਮ ਦਾ ਮਿਰਗ ਹੁੰਦਾ ਹੈ ਉਸੀ ਤਰਾਂ ਅਵਿਦਵਾਂਨ ਮਨੁਖ

ਜਗਤ ਵਿਚ ਨਾਮ ਮਾਤ੍ਰ ਮਨੁਖ ਕਹਾਂਦਾ ਹੈ, ਏਸ ਲਈ ਵਿਦਿਆ ਪੜ੍ਹ, ਵਿਦਵਾਂਨ ਧਰਮਾਤਮਾ ਹੋਕੇ ਨਿਰਵੈਰ ਭਾਵ ਨਾਲ ਸਭ ਪ੍ਰਾਣੀਆਂ ਦੇ ਕਲਿਆਂਣ ਦਾ ਉਪਦੇਸ਼ ਕਰੇ, ਅਰ ਉਪਦੇਸ਼ ਵਿਚ ਬਾਣੀ ਮਿੱਠੀ ਅਰ ਕੋਮਲ ਬੋਲੇ, ਜੋ ਸਤ ਉਪਦੇਸ਼ ਨਾਲ ਧਰਮ ਦੀ ਬ੍ਰਿਧੀ ਅਰ ਅਧਰਮ ਦਾ ਨਾਸ਼ ਕਰਦੇ ਹਨ ਉਹ ਪੁਰਖ ਧੰਨ ਹਨ ਨਿਤ ਇਸ਼ਨਾਨ ਕਰਨ, ਬਸਤ੍ਰ, ਅੰਨ, ਪਾਂਨ, ਸਥਾਨ ਸਭ ਸ਼ੁਧ ਰਖਨਕਿਉਂਕਿ ਇਨਾਂ ਦੇ ਸ਼ੁਧ ਹੋਣ ਵਿਚ ਚਿਤ ਦੀ ਸ਼ੁਧੀ, ਅਰ ਅਰੋਗਤਾ ਪ੍ਰਾਪਤਹੋਕੇ ਪੁਰਖਾਰਥ ਵਧਦਾ ਹੈ। ਸੌਚ ਉਨਾਂ ਕਰਨਾ ਜਰੂਰੀਹੈ ਕਿ ਜਿੱਨੇਨਾਲ ਮਲਦੁਰਗੰਧ ਦੂਰ ਹੋ ਜਾਵੇ।

आचारः प्रथमो धर्मः, श्रुत्युक्तः स्मार्त्त एव च ॥
मनु० अ० १ । १०८ ॥

ਜੋ ਸਤ ਭਾਖਣ ਆਦੀ ਕਰਮਾਂ ਦਾ ਅਚਰਣ ਕਰਨਾ ਹੈ ਉਹੋ ਵੇਦ ਅਰ ਸਿਮ੍ਰਤੀ ਵਿਚ ਕਹਿਆ ਹੋਇਆ ਆਚਾਰ ਹੈ ॥

मा नो वधीः पितरं मोत मातरम् ॥
यजुः० अ० १६ । मं० १५ ॥
आचार्य्यो ब्रह्मचर्य्येण ब्रह्मचारिणमिच्छते ॥
अथर्व० कां० ११ । व० १५ । मं० १७॥
मातृदेवो भव । पितृदेवो भव । आचार्य्यदेवो भव । अतिथिदेवो भव ॥ तैत्तिरीयारण्यके ॥ प्र० ७ । अनु० ११ ॥

ਮਾਂ, ਪਿਉ, ਅਚਾਰਜ, ਅਰ ਅਤਿਥੀ ਦੀ ਸੇਵਾ ਕਰਨੀ ਪੂਜਾ ਕਹਾਂਦੀ ਹੈ, ਅਰ ਜਿਸ ਜਿਸ ਕਰਮ ਥੀਂ ਜਗਤ ਦਾ ਉਪਕਾਰ ਹੋਵੇ ਉਹ ਉਹ ਕਰਮ ਕਰਨਾ ਅਰ ਹਾਨੀ ਕਾਰਕ ਛਡ ਦੇਣਾਹੀਮਨੁੱਖ ਦਾ ਮੁਖ ਕਰਤੱਬ ਕਰਮ ਹੈ॥ ਕਦੀ ਨਾਸਤਕ, ਵਿਸ਼ੇਲੰਪਟ, ਵਿਸ਼੍ਵਾਸ ਘਾਤੀ, ਮਿਥਿਆ ਬਾਦੀ, ਸ੍ਵਾਰਥੀ, ਕਪਟੀ, ਛਲੀ, ਆਦੀ ਦੁਸ਼ਟ ਮਨੁਖਾਂਦਾ ਸੰਗ ਨਾ ਕਰੇ,ਆਪਤ ਜੋ ਸਤਬਾਦੀ ਧਰਮਾਤਮਾ, ਪਰਉਪਕਾਰ ਦੇ ਪਿਆਰੇ ਪੁਰਖ ਹਨ ਉਨਾਂ ਦਾ ਸਦਾ ਸੰਗ ਕਰਨੇਹੀ ਦਾ ਨਾਮ ਸ਼੍ਰੇਸ਼ਟ ਅਚਾਰ ਹੈ ।

(ਪ੍ਰਸ਼ਨ)ਆਰਯਾਵਰਤ ਦੇਸ ਬਾਸੀਆਂ ਦਾ ਆਰਯਾਵਰਤ ਦੇਸ਼ ਥੀਂ ਭਿੰਨ ਭਿੰਨ ਦੇਸ਼ਾਂ ਵਿਚ ਜਾਂਣ ਕਰਕੇ ਅਚਾਰ ਨਸ਼ਟ ਹੋ ਜਾਂਦਾ ਹੈ ਵਾ ਨਹੀ ?

(ਉਤ੍ਰ)ਏਹੁ ਬਾਤ ਮਿਥਿਆਹੈ ਕਿਉਂਕਿ ਜੋ ਬਾਹਰ ਅੰਦਰ ਦੀ ਪਵਿਤ੍ਰਤਾ ਕਰਨੀ ਸਤ ਭਾਖਣ ਆਦੀ ਅਚਰਣ ਕਰਨਾ ਹੈ ਉਹ ਜਿੱਥੇ ਕਿੱਥੇ ਕਰੇਗਾ ਅਚਾਰ, ਅਰ ਧਰਮ ਭ੍ਰਸ਼ਟ ਕਦੀ ਨਾਹੋਵੇਗਾ,ਅਰ ਜੋ ਆਰਯਾਵਰਤ ਵਿਚ ਰਹਿਕੇ ਬੀ ਦੁਸ਼ਟਾਚਾਰ ਕਰੇਗਾ ਉਹੋ ਧਰਮ ਅਰ ਅਚਾਰ ਭ੍ਰਸ਼ਟ ਕਹਾਵੇਗਾ,ਜੇ ਏਸ ਤਰਾਂ ਦੀ ਗਲ ਹੁੰਦੀ ਤਾਂ:-

मेरोर्हरेश्च द्वे वर्षे वर्षं हैमवतं ततः ॥
क्रमेणैव व्यतिक्रम्य भारतं वर्षमासदत् ।
स देशान् विविधान् पश्यंश्चीनहूणनिषेवितान् ॥
महाभार० शान्ति० मोक्षध० । अ० ३२७ ॥

ਇਹ ਸ਼ਲੋਕ ਭਾਰਥ ਸ਼ਾਂਤੀ ਪਰਬ ਮੋਖਧਰਮ ਵਿਚ, ਬਿਆਸ, ਸ਼ੁਕ, ਸੰਬਾਦ ਵਿਚ ਹਨ, ਅਰਥਾਤ ਇਕ ਸਮੇ ਬਿਆਸ ਜੀ ਅਪਣੇ ਪੁਤ੍ਰ ਸ਼ੁਕ, ਅਰ ਸ਼ਿਸ਼ ਸਮੇਤ, ਪਤਾਲ ਅਰਥਾਤ ਜਿਸ ਨੂੰ ਏਸ ਸਮੇਂ ਅਮ੍ਰੀਕਾ ਕਹਿੰਦੇ ਹਨ ਓਸ ਵਿਚ ਨਿਵਾਸ ਕਰਦੇ ਸਨ, ਸ਼ੁਕਾਚਾਰਜ ਨੈਂ ਪਿਤਾ ਕੋਲੋਂ ਇਕ ਪ੍ਰਸ਼ਨ ਪੁਛਿਆ ਕਿ ਆਤਮ ਵਿਦਯਾ ਇੰਨੀਹੀ ਹੈ ਵਾ ਵਧੀਕ? ਵਿਆਸ ਜੀਨੈ ਜਾਂਣਕੇ ਓਸ ਬਾਤ ਦਾ ਉਤ੍ਰ ਨਾਂ ਦਿੱਤਾ, ਕਿੰਉਕਿ ਓਸ ਬਾਤ ਦਾ ਉਪਦੇਸ਼ ਕਰ ਚੁਕੇ ਸੀ, ਦੂਜੇ ਦੀ ਸਾਖੀ ਦੇ ਵਾਸਤੇ ਅਪਣੇ ਬੇਟੇ ਸ਼ੁਕ ਨੂੰ ਕਹਿਆ ਕਿ ਹੇ ਪੁਤ੍ਰ ਤੂੰ ਮਿਥਲਾ ਪੁਰੀ ਵਿਚ ਜਾਕੇ ਇਹੋ ਪ੍ਰਸ਼ਨ ਜਨਕ ਰਾਜਾ ਥੀਂ ਕਰ, ਉਹ ਏਸਦਾ ਜਥਾ ਜੋਗ ਉਤ੍ਰ ਦੇਵੇਗਾ। ਪਿਤਾ ਦਾ ਬਚਨ ਸੁਣਕੇ ਸ਼ੁਕਅਚਾਰਜ ਪਤਾਲ ਥੀਂ ਮਿਥਲਾ ਪੁਰੀ ਦੇ ਵਲ ਚਲੇ, ਪ੍ਰਿਥਮ ਮੇਰੂ ਅਰਥਾਤ ਹਿਮਾਲੇ ਥੀਂ ਈਸ਼ਾਂਨ-ਉਤ੍ਰ, ਅਰ ਵਾਯਵ ਕੋਣ ਵਿਚ ਜੋ ਦੇਸ਼ ਬਸਦੇ ਹਨ ਉਨ੍ਹਾਂ ਦਾ ਨਾਮ ਹਰੀ ਵੰਸ਼ ਸੀ, ਅਰਥਾਤ ਹਰੀ ਕਹਿੰਦੇ ਹਨ ਬੰਦਰ ਨੂੰ ਓਸ ਦੇਸ਼ ਦੇ ਮਨੁਖ ਹੁਣ ਬੀ ਲਾਲ ਮੂੰਹ, ਅਰ ਬੰਦਰ ਵਰਗੇ ਭਉਰੇ ਨੇਤ੍ਰ ਵਾਲੇ ਹੁੰਦੇ ਹਨ, ਜਿਨ੍ਹਾਂ ਦੇਸ਼ਾਂ ਦਾ ਨਾਮ ਏਸ ਵੇਲੇ ਯੂਰਪ ਹੈ ਉਨ੍ਹਾਂ ਨੂੰ ਹੀ ਸੰਸਕ੍ਰਿਤ ਵਿਚ ਹਰੀਵੰਸ਼ ਕਹਿੰਦ ਸਨ, ਉਨ੍ਹਾਂ ਦੇਸ਼ਾਂ ਨੂੰ ਵੇਖਦੇ ਹੋਏ ਅਰ ਜਿਨ੍ਹਾਂ ਨੂੰ ਹੁਣ (ਯਹੂਦੀ) ਬੀ ਕਹਿੰਦੇ ਹਨ ਉਨ੍ਹਾਂ ਦੇਸਾਂ ਨੂੰ ਵੇਖਕੇ ਚੀਨ ਵਿਚ ਆਏ, ਚੀਨ ਥੀਂ ਹਿਮਾਲੇ, ਅਰ ਹਿਮਾਲੇ ਥੀਂ, ਮਿਥਲਾ ਪੁਰੀ ਨੂੰ ਆਏ, ਅਰ ਸ਼੍ਰੀ ਕ੍ਰਿਸ਼ਨ ਤਥਾ ਅਰਜੁਨ ਪਤਾਲ ਵਿਚ ਅਸ਼੍ਵਤਰੀ ਅਰਥਾਤ ਜਿਸ ਨੂੰ ਅਗਨੀਯਾਂਨ ਨੌਕਾ ਕਹਿੰਦੇ ਹਨ ਓਸ ਉਤੇ ਬੈਠਕੇ ਪਤਾਲ ਵਿਚ ਜਾਕੇ, ਮਹਾਂਰਾਜਾ ਯੁਧਿਸ਼੍ਰ ਦੇ ਯਗ ਵਿਚ ਉਦਾਲਕ ਰਿਖੀ ਨੂੰ ਲੈ ਆਏ ਸਨ, ਧ੍ਰਿਤਰਾਸ਼ਟ੍ਰ ਦਾ ਬਿਆਹ ਗੰਧਾਰ ਜਿਸ ਨੂੰ ਕੰਧਾਰ ਕਹਿੰਦੇ ਹਨ ਉਥੋਂ ਦੀ ਰਾਜ ਪੁਤ੍ਰੀ ਨਾਲ ਹੋਇਆ। ਮਾਦ੍ਰੀ ਪਾਂਡੂ ਦੀ ਇਸਤ੍ਰੀ ਈਰਾਂਨ ਦੇ ਰਾਜਾ ਦੀ ਕੰਨਿਆ ਸੀ, ਅਰ ਅਰਜੁਨ ਦਾ ਬਿਆਹ ਪਤਾਲ ਵਿਚ ਜਿਸ ਨੂੰ ਅਮ੍ਰੀਕਾ ਕਹੰਦੇ ਹਨ ਉਥੋਂ ਦੇ ਰਾਜਾ ਦੀ ਲੜਕੀ ਉਲੋਪੀ ਦੇ ਨਾਲ ਹੋਇਆ ਸੀ। ਜੇ ਦੇਸ਼ ਦੇਸ਼ਾਂਤ੍ਰ, ਦੀਪ, ਦੀਪਾਂਤ੍ਰ ਵਿਚ ਨਾਂ ਜਾਂਦੇ ਹੁੰਦੇ ਤਾਂ ਇਹੁ ਸਭ ਬਾਤਾਂ ਕਿੰਉਂ ਕਰ ਹੋ ਸਕਦੀਆਂ? ਮਨੂੰ ਸਿਮ੍ਰਤੀ ਵਿਚ ਜੋ ਸਮੁੰਦਰ ਵਿਚ ਜਾਂਣ ਵਾਲੀ ਨੌਕਾ ਉਤੇ ਮਸੂਲ ਲੈਣਾ ਲਿਖਿਆ ਹੈ ਉਹ ਬੀ ਆਰੀਯਾ ਵਰਤ ਥੀਂ ਦੂਜੇ ਦੀਪ ਵਿਚ ਜਾਂਣੇ ਦੇ ਕਾਰਣ ਹੈ, ਅਰ ਜਦ ਮਹਾਰਾਜਾ ਯੁਧਿਸ਼ਟਰ ਨੈ ਰਾਜਸੂ ਯੱਗ ਕੀਤਾ ਸੀ ਓਸ ਵਿਚ ਸਾਰੀ ਪ੍ਰਿਥਵੀ ਦੇ ਰਾਜਿਆਂ ਨੂੰ ਬੁਲਾਣ

ਦੇ ਨਿਮੰਤ੍ਰਣ ਦੇਣ ਵਾਸਤੇ ਭੀਮ, ਅਰਜੁਨ, ਨੁਕਲ, ਅਰ ਸਹਦੇਵ, ਚਾਰੇ ਪਾਸੇ ਗਏ ਸਨ, ਜੇ ਦੋਸ਼ ਮੰਨਦੇ ਹੁੰਦੇ ਤਾਂ ਕਦੀ ਨਾਂ ਜਾਂਦੇ, ਸੋ ਪਹਿਲੇ ਆਰਯਾ ਵਰਤ ਦੇਸ਼ ਦੇ ਲੋਗ ਬਪਾਰ, ਰਾਜ ਕਾਰਜ, ਅਰ ਭ੍ਰਮਣ ਦੇ ਵਾਸਤੇ ਸਾਰੀ ਪ੍ਰਿਥਵੀ ਵਿਚ ਜਾਂਦੇ ਸਨ। ਅਰ ਜੋ ਅਜ ਕਲ ਛੋਹ ਛਾਹ ਅਰ ਧਰਮ ਨਸ਼ਟ ਹੋਣ ਦੀ ਸ਼ੰਕਾ ਹੈ ਉਹ ਕੇਵਲ ਮੂਰਖਾਂ ਦੇ ਬਕਾਂਣ, ਅਰ ਅਗਿਆਂਨ ਦੇ ਵਧੱਣ ਕਰਕੇ ਹੈ। ਜੇਹੜੇ ਮਨਖ ਦੇਸ਼ ਦੇਸ਼ਾਂਤ੍ਰ, ਅਰ ਦੀਪ ਦੀਪਾਂਤ੍ਰ ਵਿਚ ਜਾਂਣ ਆਂਣ ਵਿਚ ਸ਼ੰਕਾ ਨਹੀਂ ਕਰਦੇ ਉਹ ਦੇਸ਼ ਦੇਸ਼ਾਂਤ੍ਰ ਦੇ ਕਈ ਪ੍ਰਕਾਰ ਦੇ ਮਨੁਖੱਾਂ ਦੇ ਸਮਾਗਮ, ਰੀਤੀ, ਭਾਂਤੀ, ਵੇਖਣ ਅਪਣਾ ਰਾਜ ਅਰ ਵਿਹਾਰ ਵਧਾਂਣ ਨਾਲ ਨਿਰਭੈ, ਸੂਰਬੀਰ ਹੋਣ ਲਗਦੇ, ਅਰ ਅਛੇ ਵਿਹਾਰ ਦਾ ਗ੍ਰਹਣ, ਬੁਰੀ ਬਾਤਾਂ ਦੇ ਛੋਡਣ ਵਿਚ ਤਤਪਰ ਹੋਕੇ ਬਡੇ ਈਸ਼੍ਵਰਜ ਨੂੰ ਪ੍ਰਾਪਤ ਹੁੰਦੇ ਹਨ। ਭਲਾ ਜੋ ਮਹਾਂ ਭ੍ਰਿਸ਼ਟ ਮਲੇਛ ਕੁਲ ਉਤਪੰਨ ਵੇਸ਼ਜਾ (ਕੰਜਰੀ) ਆਦੀ ਦੇ ਸਮਾਗਮ ਨਾਲ ਆਚਾਰ ਭ੍ਰਸ਼ਟ ਧਰਮ ਹੀਣ ਨਹੀਂ ਹੁੰਦੇ ਕਿੰਤੂ ਦੇਸ਼ ਦੇਸ਼ਾਂਤ੍ਰ ਦੇ ਉਤੱਮ ਪੁਰਖਾਂ ਦੇ ਨਾਲ ਸਮਾਗਮ ਵਿਚ ਛੋਹ ਅਰ ਦੋਸ਼ ਮਨਦੇ ਹਨ ਏਹ ਕੇਵਲ ਮੂਰਖਤਾ ਦੀ ਬਾਤ ਨਹੀਂ ਤਾਂ ਕੀ ਹੈ? ਹਾਂ ਇਨੱਾਂ ਕਾਰਣ ਤਾਂ ਹੈ ਕਿ ਜੋ ਲੋਗ ਮਾਸ ਖਾਂਦੇ, ਅਰ ਸ਼ਿਰਾਬ ਪੀਂਦੇ ਹਨ ਉਨਾਂ ਦੇ ਸ਼ਰੀਰ ਅਰ ਬੀਰਜ ਆਦੀ ਧਾਤੂ ਬੀ ਦੁਰਗੰਧ ਆਦੀ ਥੀਂ ਦੂਸ਼ਤ ਹੁੰਦੇ ਹਨ, ਏਸ ਲਈ ਉਨਾਂ ਦੇ ਸੰਗ ਕਰਨ ਨਾਲ ਆਰਯਾਂ ਨੂੰ ਬੀ ਇਹ ਕੁਲਖਣ ਨਾਂ ਲਗ ਜਾਵੇ ਇਹ ਤਾਂ ਠੀਕ ਹੈ ਪ੍ਰੰਤੂ ਜਦ ਇਨਾਂ ਥੀਂ ਵਿਹਾਰ, ਅਰ ਗੁਣ ਗ੍ਰਹਿਣ ਕਰਨ ਵਿਚ ਕੋਈ ਬੀ ਦੋਸ਼ ਵਾ ਪਾਪ ਨਹੀਂ ਹੈ ਕਿੰਤੂ ਇਨਾਂ ਦ ਮਧ ਪਾਂਨ ਆਦੀ ਦੋਸ਼ਾਂ ਨੂੰ ਛਡ ਗੁਣਾਂ ਨੂੰ ਗ੍ਰਹਿਣ ਕਰਨ ਤਾਂ ਕੁਝ ਬੀ ਹਾਨੀ ਨਹੀਂ। ਜਦ ਇਨਾਂ ਦੇ ਛੋਹਣ, ਅਰ ਵੇਖਣ ਨਾਲ ਬੀ ਮੂਰਖ ਲੋਗ ਪਾਪ ਗਿਣਦੇ ਹਨ ਇਸੇ ਕਰਕੇ ਉਨਾਂ ਨਾਲ ਜੁਧ ਕਦੀ ਨਹੀ ਕਰ ਸਕਦੇ ਕਿਂਉਕਿ ਜੁਧ ਵਿਚ ਉਨਾਂ ਨੂੰ ਵੇਖਣਾ ਅਰ ਛੋਹਣਾ ਜਰੂਰੀ ਹੈ।

ਸਜੱਨ ਲੋਗਾਂ ਨੂੰ ਰਾਗ, ਦ੍ਵੇਸ਼, ਅਨਿਆਂ ਮਿਥਿਆ ਭਾਖਣ ਆਦੀ ਦੋਸ਼ਾਂ ਨੂੰ ਛਡ ਨਿਰਵੈਰ, ਪ੍ਰੀਤੀ, ਪਰਉਪਕਾਰ ਸਜੱਨਤਾ ਆਦੀ ਦਾ ਧਾਰਣ ਕਰਨਾ ਉਤੱਮ ਆਚਾਰ ਹੈ, ਅਰ ਇਹ ਬੀ ਸਮਝ ਲੈਨ ਕਿ ਧਰਮ ਸਾਡੇ ਆਤਮਾ ਅਰ ਕਰਤਬੱ ਦੇ ਨਾਲ ਹੈ, ਜਦ ਅਸੀ ਅਛੇੱ ਕੰਮ ਕਰਨੇ ਹਾਂ ਤਾਂ ਸਾਨੂੰ ਦੇਸ਼ ਦੇਸ਼ਾਂਤ੍ਰ, ਅਰ ਦੀਪ ਦੀਪਾਂਤ੍ਰ ਜਾਣ ਵਿਚ ਕੁਝ ਬੀ ਦੋਸ਼ ਨਹੀਂ ਲਗ ਸਕਦਾ, ਦੋਸ਼ ਤਾਂ ਪਾਪ ਦੇ ਕੰਮ ਕਰਨ ਵਿਚ ਲਗਦੇ ਹਨ, ਹਾਂ ਇਨੱਾਂ ਜਰੂਰ ਚਾਹੀਏ ਕਿ ਵੇਦ ਉਕਤ ਧਰਮ ਦਾ ਨਿਸਚੇ, ਅਰ ਪਖੰਡ ਮਤ ਦਾ ਖੰਡਨ ਕਰਨਾ ਜਰੂਰ ਸਿਖ ਲੈਨ, ਜਿਸ ਕਰਕੇ ਕੋਈ ਸਾਂਨੂੰ ਝੂਠਾ ਨਿਸਚਾ ਨਾ ਕਰਾ ਸਕੇ। ਕੀ, ਬਿਨਾਂ ਦੇਸ਼

ਉਨੱਤੀ ਕਦੀ ਹੋ ਸਕਦੀ ਹੈ ? ਜਦ ਅਪਨੇ ਦੇਸ਼ ਵਿਚ ਹੀ ਸ੍ਵਦੇਸ਼ੀ ਲੋਗ ਵਿਹਾਰ ਕਰਦੇ ਅਰ ਪਰਦੇਸੀ ਅਪਨੇ ਦੇਸ਼ ਵਿਚ ਵਿਹਾਰ ਵਾ ਰਾਜ ਕਰਨ ਤਾਂ ਬਿਨਾਂ ਗ੍ਰੀਬੀ ਅਰ ਦੁਖ ਦੇ ਹੋਰ ਕੁਝ ਬੀ ਨਹੀਂ ਹੋ ਸਕਦਾ। ਪਖੰਡੀ ਲੋਗ ਇਹ ਸਮਝਦੇ ਹਨ ਕਿ ਜੇ ਅਸੀ ਇਨ੍ਹਾਂ ਨੂੰ ਵਿੱਦਿਆ ਪੜ੍ਹਾਵਾਂਗੇ ਅਰ ਦੇਸ਼ ਦੇਸ਼ਾਂਤ੍ਰ ਵਿਚ ਜਾਂਣ ਦੀ ਆਗਿਆ ਦੇਵਾਂਗੇ ਤਾਂ ਇਹ ਬੁਧੀਮਾਂਨ ਹੋਕੇ ਸਾਡੇ ਪਖੰਡ ਜਾਲ ਵਿਚ ਨਾ ਫੱਸਣ ਕਰਕੇ ਸਾਡੀ ਪ੍ਰਤਿਸਠਾ, ਅਰ ਰੋਜੀ ਨਸ਼ਟ ਹੋ ਜਾਵੇਗੀ, ਏਸ ਕਰਕੇ ਭੋਜਨ ਛਾਦਨ ਵਿਚ ਬਖੜਾ ਪਾਂਦੇ ਹਨ ਕਿ ਉਹ ਦੂਜੇ ਦੇਸ਼ ਵਿਚ ਨਾ ਜਾ ਸਕੱਨ, ਹਾਂ ਇਨੋਂ ਜਰੂਰ ਚਾਹੀਏ ਕਿ ਸ਼ਰਾਬ ਮਾਂਸ ਦਾ ਗ੍ਰਹਿਣ ਕਦੀ ਭੁਲਕੇ ਬੀ ਨਾਂ ਕਰਨ। ਕੀ, ਸਭ ਬੁਧੀਮਾਨਾਂ ਨੇ ਇਹੁ ਨਿਸਚੇ ਨਹੀਂ ਕੀਤਾ ਹੈ ਕਿ ਰਾਜਪੁਰਖਾਂ ਵਿਚ ਜੁਧ ਸਮੇਂ ਵਿਚ ਬੀ ਚੌਕਾ ਲਗਾਕੇ ਰਸੋਈ ਬਣਾਕੇ ਖਾਨਾ ਜਰੂਰ ਹਾਰਦਾ ਹੇਤੂ ਹੈ,ਕਿੰਤੂ ਖਤ੍ਰੀ ਲੋਗਾਂ ਦਾ ਜੁਧ ਵਿਚ ਇਕ ਹਥ ਨਾਲ ਰੋਟੀ ਖਾਂਦੇ, ਜਲ ਪੀਂਦੇ ਜਾਂਣਾ ਅਰ ਦੂਜੇ ਹਥ ਨਾਲ ਸ਼ਤ੍ਰੂਆਂ ਨੂੰ ਘੋੜੇ, ਹਾਥੀ, ਰਥ, ਉਤੇ ਚੜ੍ਹ ਵਾ ਪੈਦਲ ਹੋਕੇ ਮਾਰਦੇ ਜਾਂਣਾ ਅਪੌਣੀ ਜਿਤ ਕਰਨਾ ਹੀ ਅਚਾਰ, ਅਰ ਹਾਰਣਾ ਅਨਾਚਾਰ ਹੈ। ਇਸੇ ਮੂੜ੍ਹਤਾ ਦੇ ਕਾਰਣ ਇਨ੍ਹਾਂ ਲੋਕਾਂ ਨੇ ਚੌਕਾ ਲਗਾਂਦੇ ਲਗਾਂਦੇ ਵਿਰੋਧ ਕਰਦੇ ਕਰਾਂਦੇ ਸਾਰੀ ਸ੍ਵਤੰਤ੍ਰਤਾ, ਅਨੰਦ, ਧਨ, ਰਾਜ, ਵਿਦੱਜਾ,ਅਰ ਪੁਰਖਾਰਥ ਉਤੇਂ ਚੌਕਾ ਲਗਾਕੇ ਹਥ ਦੇ ਉਤੇ ਹਥ ਧਰ ਬੈਠੇ ਹਨ,ਅਰ ਇਛਿਆ ਕਰਦੇ ਹਨ ਕਿ ਕੁਝ ਪਦਾਰਥ ਮਿਲੇ ਤਾਂ ਪਕਾਕੇ ਖਾਈਏ, ਪ੍ਰੰਤੂ ਓਸ ਤਰਾਂ ਨਾਲ ਨਾ ਹੋਣ ਕਰਕੇ ਜਾਂਣੋ ਸਾਰੇ ਆਰਯਾ ਦੇਸ਼ ਭਰ ਵਿਚ ਚੌਕਾ ਲਗਾਕੇ ਸਰਬਥਾ ਨਸ਼ਟ ਕਰ ਦਿਤਾਂ ਹੈ।ਹਾਂ ਜਿਥੇਂ ਭੋਜਨ ਬਣਾਂਨ ਓਸ ਜਗਹਿ ਨੂੰ ਧੋਣੇ, ਲਿਪਣੇ ਝਾੜੂ ਲ-ਗਾਣੇ,ਕੂੜਾ,ਕਰਕਟ,ਦੂਰ ਕਰਨ ਵਿਚ ਜਤਨ ਜਰੂਰ ਕਰਨਾ ਚਾਹੀਏ,ਨਾ ਕਿ ਮੁਸਲਮਾਂਨਾਂ ਵਾ ਈਸਾਈਆਂ ਵਾਙਣ ਭ੍ਰਸ਼ਟ ਰਸੋਈ ਘਰ ਕਰ ਛਡਣਾ।

(ਪ੍ਰਸ਼ਨ) ਸਖ੍ਰੀ ਨਿਖ੍ਰੀ ਕੀ ਹੈ (ਉਤ੍ਰ) ਸਖ੍ਰੀ ਜੋ ਜਲ ਆਦੀ ਵਿਚ ਅੰਨ ਪਕਾਏ ਜਾਂਦੇ, ਅਰ ਜੋ ਘਿਉ ਦੁਧ ਵਿਚ ਪਕਾਂਦੇ ਹਨ ਉਹ ਨਿਖ੍ਰੀ ਅਰਥਾਤ ਚੰਗੀ,ਇਹੁ ਬੀ ਇਨ੍ਹਾਂ ਧੂਰਤਾਂ ਦਾ ਚਲਾਇਆ ਹੋਇਆ ਪਖੰਡ ਹੈ ਕਿਉਂਕਿ ਜਿਸ ਵਿਚ ਘਿਉ ਦੁਧ ਵਧੀਕ ਲਗੇ ਓਸ ਨੂੰ ਖਾਣ ਵਿਚ ਸੁਆਦ, ਅਰ ਪੇਟ ਵਿਚ ਚਿਕਨਾ ਪਦਾਰਥ ਵਧੀਕ ਜਾਵੇ ਇਸੇ ਵਾਸਤੇ ਇਹੁ ਪ੍ਰਪੰਚ ਰਚਿਆ ਹੈ, ਨਹੀਂ ਤਾਂ ਜੋ ਅੱਗ ਵਾ ਕਾਲ ਕਰਕੇ ਪਕਿਆ ਹੋਇਆ ਪਦਾਰਥ ਹੈ ਸੋ ਪਕੱਾ, ਅਰ ਨਾਂ ਪਕਾ ਹੋਇਆ ਕਚੱਾ ਹੈ।ਜੋ ਪਕੱਾ ਹੀ ਖਾਂਣਾ, ਅਰ ਕੱਚਾ ਨਾ ਖਾਂਣਾ ਹੈ ਇਹੁ ਬੀ ਸਰਬਤ੍ਰ ਠੀਕ ਨਹੀਂ ਕਿਉਂਕਿ ਛੋਲੇ ਆਦੀ ਕਚੇ ਬੀ ਖਾਏ ਜਾਂਦੇ ਹਨ।

(ਪ੍ਰਸ਼ਨ) ਦ੍ਵਿਜ ਲੋਗ ਅਪਣੇ ਹਥ ਦੀ ਰਸੋਈ ਬਣਾਕੇ ਖਾਂਨ,ਵਾ ਸ਼ੂਦ੍ਰ

ਦੇ ਹਥ ਦੀ ਬਣਾਈ ਹੋਈ ਖਾਂਨ ।

(ਉਤ੍ਰ) ਸ਼ੂਦ੍ਰ ਦੇ ਹਥ ਦੀ ਬਣਾਈ ਹੋਈ ਖਾਂਨ, ਕਿਂਉਕਿ ਬ੍ਰਾਹਮਣ ਖਤ੍ਰੀ, ਅਰ ਵੈਸ਼ ਵਰਣ ਵਾਲੇ ਇਸਤ੍ਰੀ, ਪੁਰਖ, ਵਿਦਿੱਆ ਪੜ੍ਹਾਨੇ, ਰਾਜ ਪਾਲਣ, ਅਰ ਪਸ਼ੂ ਪਾਲਣ, ਖੇਤੀ, ਅਰ ਬਪਾਰ ਦੇ ਕੰਮ ਵਿਚ ਤਤ ਪਰ ਰਹਿਨ, ਅਰ ਸ਼ੂਦ੍ਰ ਦੇ ਭਾਂਡੇ, ਤਥਾ ਓਸਦੇ ਘਰ ਦਾ ਪਕਿਆ ਹੋਇਆ ਅੰਨ ਆਪਤ ਕਾਲਦੇ ਬਿਨਾਂ ਨਾ ਖਾਂਨ ਸੁਣੋ ਪ੍ਰਮਾਂਣ:-

आर्याधिष्ठता वा शूद्राः संस्कर्त्तारः स्युः॥ आपस्तम्ब धर्मसूत्र॥
प्रपाठक २। पटल २। खण्ड २। सूत्र ४॥

ਇਹ ਆਪਸ ਤੰਬ ਦਾ ਸੂਤ੍ਰ ਹੈ, ਆਰਜਾਂ ਦੇ ਘਰ ਵਿਚ ਸ਼ੂਦ੍ਰ ਅਰਥਾਤ ਮੂਰਖ ਇਸਤ੍ਰੀ, ਪੁਰਖ ਰਸੋਈ ਬਣਾਂਨ ਦੇ ਕੰਮ ਕਰਨ, ਪ੍ਰੰਤੂ ਉਹ ਸ਼ਰੀਰ ਬਸਤ੍ਰ ਆਦੀ ਥੀਂ ਪਵਿਤ੍ਰ ਰਹਿਨ, ਆਰਯਾਂ ਦੇ ਘਰ ਵਿਚ ਜਦ ਰਸੋਈ ਬਣਾਨ ਤਦ ਮੂੰਹ ਬਨ੍ਹਕੇ ਬਣਾਂਨ, ਕਿਂਉਂਕਿ ਉਨ੍ਹਾਂ ਦੇ ਮੂੰਹ ਥੀਂ ਜੂਠਾ ਅਰ ਨਿਕਲਿਆ ਹੋਇਆ ਸਾਹ ਬੀ ਅੰਨ ਵਿਚ ਨਾ ਪਵੇ, ਅਠਵੇਂ ਦਿਨ ਹਜਾਮਤ ਬਣਵਾਨ, ਨਿਹੌਂ ਲਹਾਨ, ਇਸ਼ਨਾਨ ਕਰਕੇ ਰਸੋਈ ਬਣਾਇਆ ਕਰਨ, ਆਰਯਾਂ ਨੂੰ ਖਵਾਕੇ ਆਪ ਖਾਂਨ ।

(ਪ੍ਰਸ਼ਨ) ਸ਼ੂਦ੍ਰ ਦੇ ਛੁਹੇ ਹੋਏ ਪਕੇ ਹੋਏ ਅੰਨ ਦੇ ਖਾਣ ਵਿਚ ਜਦ ਦੋਸ਼ ਲਗਾਂਦੇ ਹਨ ਤਾਂ ਓਸਦੇ ਹਥ ਦਾ ਬਣਾਇਆ ਕਿਸਤਰਾਂ ਖਾ ਸਕਦੇ ਹਨ ?

( ਉਤ੍ਰ ) ਇਹੁ ਬਾਤ ਮਨਘੜਤ ਝੂਠੀ ਹੈ ਕਿਂਉਕਿ ਜਿਨਾਂ ਨੇ ਗੁੜ, ਖੰਡ, ਘਿਉ, ਦੁਧ, ਆਟਾ, ਸਾਗ, ਫਲ, ਮੂਲ ਖਾਧਾ ਉਨਾਂ ਨੇ ਜਾਣੋ ਸਭ ਜਗਤ ਭਰਦੇ ਹਥਦਾ ਬਣਾਇਆ ਅਰ ਜੂਠਾ ਖਾਲੀਤਾ, ਕਿੰਉਂਕਿ ਜਦ ਸ਼ੂਦ੍ਰ, ਚਮਾਰ, ਭੰਗੀ, ਮੁਸਲਮਾਂਨ, ਈਸਾਈ ਆਦੀ ਲੋਗ ਖੇਤਾਂ ਵਿਚੋਂ ਗੰਨਿਆਂ ਨੂੰ ਕਟਦੇ, ਛਿਲਦੇ ਪੀੜਕੇ ਰਸ ਕਢਦੇ ਹਨ ਤਦ ਝਾੜੇ ਪਾਣੀ ਕਰਕੇ ਉਨ੍ਹਾਂ ਹੀ ਬਿਨਾਂ ਧੋਤੇ ਹਥਾਂ ਨਾਲ ਛੁਹੰਦੇ ਚੁਕਦੇ, ਧਰਦੇ, ਅੱਧਾ ਟੋਟਾ ਚੂਪ ਰਸ ਪੀ ਕੇ ਅੱਧਾ ਓਸ ਵਿਚ ਹੀ ਪਾ ਦਿੰਦੇ, ਅਰ ਰਸ ਪਕਾਂਦੇ ਹੋਏ ਓਸ ਰਸ ਵਿਚ ਰੋਟੀ ਬੀ ਪਕਾਕੇ ਖਾਂਦੇ ਹਨ, ਜਦ ਖੰਡ ਬਣਾਂਦੇ ਹਨ ਤਦ ਪੁਰਾਣੇ ਜੁੱਤੇ ਕਿ ਜਿਸ ਦੇ ਤੱਲੇ ਵਿਚ ਮੈਲਾ, ਮੂਤ੍ਰ ਗੋਹਾ, ਮਿਟੀ ਲਗੀ ਰਹਿੰਦੀ ਹੈ ਉਨਾਂ ਹੀ ਜੁਤੀਆਂ ਨਾਲ ਓਸ ਨੂੰ ਰਗੜਦੇ ਹਨ, ਦੁਧ ਵਿਚ ਆਪਣੇ ਘਰਦੇ ਜੂਠਿਆਂ ਭਾਂਡਿਆਂ ਦਾ ਪਾਣੀ ਪੀਦੇ ਉਸੇ ਵਿਚ ਘਿਉ ਆਦੀ ਰਖਦੇ, ਅਰ ਆਟਾ ਪੀਹਣ ਦੇ ਵੇਲੇ ਬੀ ਉਸੇ ਤਰਾਂ ਹੀ ਜੂਠੇ ਹਥਾਂ ਨਾਲ ਉਠਾਂਦੇ, ਅਰ ਪਸੀਨਾ ਬੀ ਆਟੇ ਵਿਚ ਚੋਂਦਾ ਜਾਂਦਾ ਹੈ ਇਤਆਦੀ, ਅਰ ਫਲ ਮੂਲ ਕੰਦ ਵਿਚ ਬੀ ਅਜੇਹੀ ਲੀਲਾ ਹੁੰਦੀ ਹੈ ਜਦ ਇਨਾਂ ਪਦਾਰਥਾਂ ਨੂੰ ਖਾਧਾ ਤਾਂ ਜਾਣੋ ਸਭਦੇ ਹਥ ਦਾ ਖਾਲੀਤਾ।

( ਪ੍ਰਸ਼ਨ ) ਫਲ, ਮੂਲ, ਕੰਦ, ਅਰ ਰਸ, ਇਤਆਦੀ ਅਦ੍ਰਿਸ਼ਟ ਵਿਚ ਦੋਸ਼ ਨਹੀਂ।

( ਉਤ੍ਰ ) ਚੰਗਾ, ਤਾਂ ਭੰਗੀ ਵਾ ਮੁਸਲਮਾਨ, ਅਪਣੇ ਹਥੋਂ ਦੂਜੇ ਸਥਾਨ ਵਿਚ ਬਣਾਕੇ ਤੁਹਾ ਨੂੰ ਆਕੇ ਦੇਵ ਤਾਂ ਖਾਓਗੇ ਵਾ ਨਹੀਂ?ਜੋ ਕਹੋ ਕਿ ਨਹੀਂ ਤਾਂ ਅਦ੍ਰਿਸ਼ਟਵਿਰਥੀ ਦੋਸ਼ ਹੈ, ਹਾਂ ਮੁਸਲਮਾਨ,ਈਸਾਈ ਆਦੀ ਸ਼ਿਰਾਬ,ਮਾਸ,ਖਾਂਣ ਵਾਲਿਆਂ ਦੇ ਹਥ ਦੇ ਖਾਂਣ ਵਿਚ ਆਰਯਾਂ ਨੂੰ ਬੀ ਮਧ, ਮਾਸ, ਆਦੀ ਖਾਂਣਾ, ਪੀਣਾ ਅਪ੍ਰਾਧ ਪਿਛੇ ਲਗ ਪੈਂਦਾ ਹੈ,ਪ੍ਰੰਤੂ ਆਪਸ ਵਿਚ ਆਰਯਾਂ ਦਾ ਇਕ ਭੋਜਨ ਹੋਣ ਵਿਚ ਕੋਈ ਬੀ ਦੋਸ਼ ਨਹੀਂ ਨਜਰ ਆਂਉਂਦਾ। ਜਦ ਇਕ ਮਤ ਇਕ ਹਾਂਨੀ ਲਾਭ, ਇਕ ਸੁਖ, ਦੁਖ, ਆਪਸ ਵਿਚ ਨਾਂ ਮਨਨ ਤਦ ਤਿਕ ਉਨੱਤੀ ਹੋਣੀ ਬਹੁਤ ਕਠਨ ਹੈ,ਪ੍ਰੰਤੂ ਨਿਰਾ ਖਾਂਣਾ, ਪੀਣਾ ਹੀ ਇਕ ਹੋਣ ਕਰਕੇ ਸੁਧਾਰ ਨਹੀਂ ਹੋ ਸਕਦਾ ਕਿੰਤੂ ਜਦ ਤਿਕ ਬੁਰੀਆਂ ਗਲਾਂ ਨਹੀਂ ਛਡਦੇ ਅਰ ਅਛੀਆਂ ਬਾਤਾਂ ਨਹੀਂ ਕਰਦੇ, ਤਦ ਤਿਕ ਵਾਧੇ ਦੇ ਬਦਲ ਹਾਨੀ ਹੁੰਦੀ ਹੈ।

ਦੂਜੇ ਦੇਸ਼ ਵਾਲਿਆਂ ਦੇ ਆਰਯਾਵਰਤ ਵਿਚ ਰਾਜ ਹੋਣ ਦੇ ਕਾਰਣ ਏਹ ਹਨ,ਆਪਸਦੀ ਫੁਟ, ਮਤ ਭੇਦ, ਬ੍ਰਹਮਚਰਜ ਦਾ ਸੇਵਨ ਨਾ ਕਰਨਾ, ਵਿਦਿਆ ਨਾ ਪੜਨੀ,ਪੜਾਨੀ, ਵਾ ਬਾਲ ਅਵਸਥਾ ਵਿਚ ਬਿਨਾਂ ਸ੍ਵਯੰਬਰ ਦੇ ਵਿਆਹ ਕਰਨਾ, ਵਿਸ਼ੇ ਆਸਕਤੀ, ਮਿਥਿਆ ਭਾਖਣ ਆਦੀ ਖੋਟੇ ਲਖਣ, ਵੇਦ ਵਿਦਯਾ ਦਾ ਪ੍ਰਚਾਰ ਨਾ ਹੋਣਾ ਆਦੀ ਕੁਕਰਮ ਹਨ, ਜਦ ਆਪ ਵਿਚ ਭ੍ਰਿ, ਭ੍ਰਿ ਲੜਦੇ ਹਨ ਤਦ ਹੀ ਤੀਜਾ ਦੂਜੇ ਦੇਸ਼ਵਾਲਾ ਆਕੇ ਪੈਂਚ ਬਣ ਬੈਠਦਾ ਹੈ। ਕੀ ਤੁਸੀ ਲੋਗ ਮਹਾਂ ਭਾਰਥ ਦੀਆਂ ਬਾਤਾਂ ਜੋ ਪੰਜ ਹਜਾਰ ਵਰ੍ਹੇ ਤੋਂ ਪਹਲੇ ਹੋਈਆਂ ਸਨ ਓਸ ਨੂੰ ਬੀ ਭੁਲ ਗਏ,ਵੇਖੋ ਮਹਾਂ ਭਾਰਥ ਦੇ ਜੁਧ ਵਿਚ ਸਭ ਲੋਗ ਲੜਾਈ ਵਿਚ ਸਵਾਰੀਆਂ ਉਤੇ ਖਾਂਦੇ ਪੀਂਦੇ ਸਨ ਆਪਸ ਦੀ ਫੁਟ ਕਰਕੇ ਕਊਰਵਾਂ, ਪਾਂਡਵਾਂ, ਅਰ ਜਾਦਵਾਂ ਦਾ ਸਤਯਾ ਨਾਸ਼ ਹੋਗਿਆ ਸੋ ਤਾਂ ਹੋਗਿਆ ਪ੍ਰੰਤੂ ਹੁਣ ਤਿਕ ਬੀ ਉਹੋ ਰੋਗ ਪਿਛੇ ਲਗਿਆਹੈ ਨਾਜਾਣੀਏ ਏਹ ਭੈੜਾ ਰਾਖਸ਼ ਕਦੀ ਛੁਟੇਗਾ ਵਾ ਆਰਯਾਂ ਨੂੰ ਸਭ ਸੁੱਖਾਂ ਤੋਂ ਛੁਡਾਕੇ ਦੁਖ ਸਾਗਰ ਵਿਚ ਡੁਬਾ ਮਾਰੇਗਾ,ਉਸੇ ਦੁਸ਼ਟ ਦੁਰਯੋਧਨ ਗੋਤ੍ਰ ਹਤਿਆਰੇ, ਸ੍ਵਦੇਸ਼ ਬਿਨਾ-ਸ਼ਕ ਨੀਚ ਦੇ ਦੁਸ਼ਟ ਮਾਰਗ ਵਿਚ ਆਰਯਾ ਲੋਗ ਹੁਣ ਤਿਕ ਬੀਚਲਕੇ ਦੁਖ ਵਧਾ ਰਹੇ ਹਨ,ਪਰਮੇਸ਼੍ਵਰ ਕ੍ਰਿਪਾ ਕਰੇ ਕਿ ਇਹੁ ਰਾਜਰੋਗ ਅਸਾਂ ਆਰਯਾਂ ਵਿਚੋਂ ਨਸ਼ਟ ਹੋ ਜਾਵੇ।

ਭਖ, ਅਭਖ, ਦੋ ਤਰਾਂ ਦਾ ਹੁੰਦਾ ਹੈ,ਇਕ ਧਰਮਸ਼ਾਸਤ੍ਰ ਵਿਚ ਕਹਿਆ ਹੋਇਆ, ਦੂਜਾ ਵੈਦਕ ਸ਼ਾਸਤ੍ਰ ਵਿਚ ਕਹਿਆ ਹੋਇਆ।ਧਰਮਸ਼ਾਸਤ੍ਰ ਵਿਚ ਏਸ ਤਰਾਂ ਹੈ:—

अभक्ष्याणि द्विजातीनाममेध्यप्रभवाणि च। मनु० ५।५॥

ਦ੍ਵਿਜ, ਅਰਥਾਤ ਬ੍ਰਾਹਮਣ, ਖਤ੍ਰੀ, ਅਰ ਵੈਸ਼ ਨੂੰ ਮਲੀਨ, ਮੈਲਾ, ਮੂਤ੍ਰ ਆਦੀ ਦ ਸੈਸਰਗ ਥੀਂ ਉਤਪੰਨ ਹੋਏ ਸਾਗ, ਫਲ, ਮੂਲ, ਆਦੀ ਨਾ ਖਾਣੇ ਚਾਹੀਏ।

वर्जयेन्मधु मांसं च मनु० २। १७७

ਜਿਸ ਤਰਾਂ ਅਨੇਕ ਪ੍ਰਕਾਰ ਦੀ ਸ਼੍ਰਾਬ, ਗਾਂਜਾ, ਭੰਗ, ਹਫੀਮ, ਆਦੀ।

बुद्धिं लुम्पति यद् द्रव्यं मदकारि तदुच्यते। शार्ङ्गधर अ० ४। श्लो० २१॥

ਜੋ ਜੋ ਬੁਧੀ ਦੇ ਨਾਸ਼ ਕਰਨ ਵਾਲੇ ਪਦਾਰਥ ਹਨ ਉਨ੍ਹਾਂ ਦਾ ਸੇਵਨ ਕਦੀ ਨਾਂ ਕਰਨ। ਅਰ ਜਿਨੇਂ ਅਨਾਜ, ਸੜੇ ਬਿਗੜੇ ਦੁਰਗੰਧੀ ਆਦੀ ਕਰਕੇ ਦੂਸ਼ਤ, ਚੰਗੀ ਤਰਾਂ ਨਾ ਬਣੇ ਹੋਏ, ਅਰ ਮਧ, ਮਾਸ ਖਾਂਣ ਵਾਲੇ ਮਲੇਛ, ਕਿ ਜਿਨ੍ਹਾਂ ਦਾ ਸ਼ਰੀਰ ਸ਼੍ਰਾਬ ਮਾਸ ਦੇ ਪ੍ਰਮਾਣੂਆਂ ਨਾਲ ਹੀ ਭਰ ਰਹਿਆ ਹੈ ਉਨ੍ਹਾਂ ਦੇ ਹਥ ਦਾ ਨਾਂ ਖਾਂਨ ਜਿਸ ਵਿਚ ਉਪਕਾਰਕ ਪ੍ਰਾਣੀਆਂ ਦੀ ਹਿੰਸਾ ਅਰਥਾਤ ਜਿਸਤਰਾਂ ਇਕ ਗਊ ਦੇ ਸ਼ਰੀਰ ਥੀਂ ਦੁਧ, ਘਿਉ, ਬਲਦ, ਗਊਆਂ, ਉਤਪੰਨ ਹੋਣ ਕਰਕੇ, ਇਕ ਪੀਹੜੀ ਵਿਚ ਚਾਰ ਲਖ ਪੰਜੱਤ੍ਰ ਹਜਾਰ ਛੇ ਸੌ ੪੭੫੬੦੦ ਮਨੁਖੱਾਂ ਨੂੰ ਸੁਖ ਪੁਜਦਾ ਹੈ ਉਸੇ ਤਰਾਂ ਦੇ ਪਸ਼ੂਆਂ ਨੂੰ ਨਾਂ ਮਾਰਨ ਨਾ ਮਾਰਣ ਦੇਣ, ਜਿਸ ਤਰਾਂ ਕਿਸੇ ਗਊ ਕੋਲੋਂ ਵੀਹ ੨੦ ਸੇਰ, ਅਰ ਕਿਸੇ ਕੋਲੋਂ ਦੋ ੨ ਸੇਰ ਦੁਧ ਪ੍ਰਤੀਦਿਨ ਹੋਵੇ ਤਾਂ ਓਸਦਾ ਮਧ ਭਾਗ ਯਾਰਾਂ ੧੧ ਸੇਰ ਪ੍ਰਤ੍ਯੇਕ ਗਊ ਕੋਲੋਂ ਦੁਧ ਹੁੰਦਾ ਹੈ। ਕੋਈ ਗਊ ਅਠਾਰਾਂ ੧੮ ਅਰ ਕੋਈ ਛੇ ੬ ਮਹੀਨੇ ਤਿਕ ਦੁਧ ਦੇਂਦੀ ਹੈ, ਓਸਦਾ ਬੀ ਮਧ ਭਾਗ ਬਾਰਾਂ ੧੨ ਮਹੀਨੇ ਹੋਏ, ਹੁਣ ਪ੍ਰਤ੍ਯੇਕ ਗਊ ਦੇ ਜਨਮ ਭਰ ਦੇ ਦੁਧ ਥੀਂ ਚਹੀ ਹਜਾਰ ਨੌਂ ਸੌ ਸਠ ੨੪੯੬੦ ਮਨੁਖੱ ਇਕ ਥੇਰ ਰਜ ਸਕਦੇ ਹਨ, ਓਸਦੇ ਛੀ ੬ ਵਛੀਆਂ ੬ ਵਛੇ ਹੁੰਦੇ ਹਨ, ਉਨ੍ਹਾਂ ਵਿਚੋਂ ਦੋ ਮਰਜਾਂਨ ਤਾਂ ਬੀ ਦਸ ੧੦ ਰਹੇ। ਉਨ੍ਹਾਂ ਵਿਚੋਂ ਪੰਜਾਂ ਵਛੀਆਂ ਦੇ ਜਨਮ ਭਰਦ ਦੁਧ ਨੂੰ ਮਿਲਾਕੇ ਇਕ ਲਖ ਚਹੀ ਹਜਾਰ ਅਠ ਸੌ ੧੨੪੮੦੦ ਮਨੁਖੱ ਰਜ ਸਕਦੇ ਹਨ, ਹੁਣ ਰਹੇ ਪੰਜ ਬਲਦ ਉਹ ਜਨਮ ਭਰ ਵਿਚ ਪੰਜ ਹਜਾਰ ੫੦੦੦ ਮਣ ਅਨਾਜ ਘਟ ਤੋਂ ਘਟ ਉਤਪੰਨ ਕਰ ਸਕਦੇ ਹਨ ਓਸ ਅੰਨ ਵਿਚੋਂ ਪ੍ਰਤ੍ਯੇਕ ਮਨੁਖੱ ਤਿਨ ਪਾ ਖਾਵੇ ਤਾਂ ਢਾਈ ਲਖ ੨੫੦੦੦੦ ਮਨੁਖੱਾਂ ਦੀ ਤ੍ਰਿਪਤੀ ਹੁੰਦੀ ਹੈ, ਦੁਧ ਅਰ ਅੰਨ ਮਿਲਾਕੇ ਤਿਨ ਲਖ ਚੁਹੱਤ੍ਰ ਹਜਾਰ ਅਠ ਸੌ ੩੭੪੮੦੦ ਮਨੁਖੱ ਤ੍ਰਿਪਤ ਹੁੰਦੇ ਹਨ, ਦੋਹਾਂ ਗੇਣਤੀਆਂ ਨੂੰ ਮਿਲਾਕੇ ਇਕ ਗਊ ਦੀ ਇਕ ਪੀਹੜੀ ਵਿਚ ਚਾਰ ਲਖ ਪੰਜੱਤ੍ਰ ਹਜਾਰ ਛੇ ਸੌ ੪੭੫੬੦੦ ਮਨੁਖੱ ਇਕ ਵੇਲੇ ਪਲਦੇ ਹਨ, ਅਰ ਪੀਹੜੀ ਤੇ ਪੀਹੜੀ ਵਧਾਕੇ ਲੇਖਾ ਕਰੀਏ ਤਾਂ ਅਸੰਖ ਮਨੁਖੱਾਂ ਦਾ ਪਾਲਣ ਹੁੰਦਾ ਹੈ, ਏਸ ਤੋ

ਭਿੰਨ ਬੈਲ, ਗਡੀ, ਸਵਾਰੀ ਭਾਰ ਚੁਕੱਣ ਆਦੀ ਕੰਮਾਂ ਥੀਂ ਮਨੁਖਾਂ ਨੂੰ ਬਹੁਤ ਉਪਕਾਰ ਹੁੰਦੇ ਹਨ, ਤਥਾ ਗਊ ਦੁਧ ਦੇਣ ਵਿਚ ਵਧੀਕ ਉਪਕਾਰ ਕਰਨ ਵਾਲੀ ਹੁੰਦੀ ਹੈ, ਅਰ ਜੀਕਣ ਬਲਦ ਉਪਕਾਰ ਕਰਨ ਵਾਲੇ ਹੁੰਦੇ ਹਨ, ਉਕਣ ਝੋਟੇ ਬੀ ਹਨ, ਪ੍ਰੰਤੂ ਗਊ ਦੇ ਦੁਧ, ਘਿਉ ਨਾਲ ਜਿੱਨੇ ਬੁਧੀ ਵਧਣ ਦੇ ਲਾਭ ਹੁੰਦੇ ਹਨ ਉੱਨੇ ਮਝ ਦੇ ਦੁਧ ਨਾਲ ਨਹੀਂ, ਏਸ ਕਰਕੇ ਮੁਖ ਉਪਕਾਰ ਕਰਨ ਵਾਲੀ ਆਰਯਾਂ ਨੇ ਗਊ ਨੂੰ ਗਿਣਿਆ ਹੈ, ਅਰ ਜੋ ਕੋਈ ਹੋਰ ਵਿਦਵਾਂਨ ਹੋਵੇਗਾ ਉਹ ਬੀ ਇਸੇ ਤਰਾਂ ਸਮਝੇਗਾ।

ਬਕਰੀ ਦੇ ਦੁਧ ਨਾਲ ਪੰਜੀਹ ਹਜ਼ਾਰ ਨੌਂ ਸੌ ਵੀਹ ੨੫੯੨੦ ਆਦਮੀਆਂ ਦਾ ਪਾਲਣ ਹੁੰਦਾ ਹੈ, ਇਸੇ ਤਰਾਂ ਹਾਥੀ, ਘੋੜੇ ਊਂਠ, ਭੇਡ, ਖੋਤੇ ਆਦੀ ਥੀਂ ਬੀ ਬਹੁਤ ਉਪਕਾਰ ਹੁੰਦੇ ਹਨ, ਇਨਾਂ ਪਸ਼ੂਆਂ ਦੇ ਮਾਰਣ ਵਾਲਿਆਂ ਨੂੰ ਸਭ ਮਨੁੱਖਾਂ ਦੀ ਹਤਿਆ ਕਰਨ ਵਾਲੇ ਜਾਣੋ, ਵੇਖੋ ਜਦ ਆਰਯਾਂ ਦਾ ਰਾਜ ਸੀ ਤਦ ਇਹ ਮਹੋਪਕਾਰਕ ਗਊ ਆਦੀ ਪਸ਼ੂ ਨਹੀਂ ਮਾਰੇ ਜਾਂਦੇ ਸਨ ਤਦ ਹੀ ਆਰਯਾਵਰਤ ਵਾ ਹੋਰ ਪ੍ਰਿਥਵੀ ਦੇ ਦੇਸ਼ਾਂ ਵਿਚ ਵਡੇ ਅਨੰਦ ਵਿਚ ਮਨੁਖ ਆਦੀ ਪ੍ਰਾਣੀ ਰਹਿੰਦੇ ਸਨ ਕਿਉਂਕਿ ਦੁਧ ਘਿਉ ਬਲਦ ਆਦੀ ਪਸ਼ੂਆਂ ਦਾ ਵਾਧਾ ਹੋਣ ਕਰਕੇ ਅੰਨ, ਰਸ, ਪੁਸਕਲ ( ਚੰਗੀ ਤਰਾਂ ) ਪ੍ਰਾਪਤ ਹੁੰਦੇ ਸਨ, ਜਦ ਥੀਂ ਬਿਦੇਸ਼ੀ ਮਾਸ ਦੇ ਖਾਣ ਵਾਲੇ ਏਸ ਦੇਸ਼ ਵਿਚ ਆਕੇ ਗਊ ਆਦੀ ਪਸ਼ੂਆਂ ਦੇ ਮਾਰਣ ਵਾਲੇ, ਸ਼੍ਰਾਬ ਪੀਣ ਵਾਲੇ ਰਾਜ ਅਧਿਕਾਰੀ ਹੋਏ ਹੈਂਨ ਤਦ ਤੋਂ ਹੀ ਸਹਿਜ ੨ ਨਾਲ ਆਰਯਾਂ ਦੇ ਦੁਖ ਦੀ ਬਧੁਤੀ ਹੁੰਦੀ ਜਾਂਦੀ ਹੈ ਕਿਉਂਕਿ:—

नष्टे मूले नैव फलं न पुष्पम् । वृद्धचाणक्य अ० १० । १३ ॥

ਜਦ ਦ੍ਰਖਤ ਦੀ ਜੜ੍ਹ ਕਟ ਦਿੱਤੀ ਜਾਵੇ ਤਾਂ ਫਲ ਫੁਲ ਕਿਥੋਂ ਹੋਂਨ।

( ਪ੍ਰਸ਼ਨ ) ਜੇ ਸਾਰੇ ਅਹਿੰਸਕ ਹੋ ਜਾਂਨ ਤਾਂ ਬਿਘਿਆੜ ਆਦੀ ਪਸ਼ੂ ਇੱਨੇ ਵਧ ਜਾਂਨ ਕਿ ਸਭ ਗਊ ਆਦੀ ਪਸ਼ੂਆਂ ਨੂੰ ਮਾਰਖਾਂਨ ਤੁਹਾਡਾ ਪੁਰਖਾਰਥ ਹੀ ਬਿਅਰਥ ਹੋ ਜਾਵੇ।

( ਉਤ੍ਰ ) ਇਹ ਰਾਜ ਪੁਰਖਾਂ ਦਾ ਕੰਮ ਹੈ ਕਿ ਜੋ ਹਾਨੀਕਾਰਕ ਪਸ਼ੂ ਵਾ ਮਨੁਖ ਹੋਂਨ ਉਨਾਂ, ਨੂੰ ਡੰਡ ਦੇਂਨ ਅਰ ਜਾਂਨ ਤੋਂ ਬੀ ਮਾਰ ਸੁੱਟਨ।

( ਪ੍ਰਸ਼ਨ ) ਫੇਰ ਕੀ ਉਨਾਂ ਦਾ ਮਾਸ ਸੁਟਪਾਨ? -

( ਉਤ੍ਰ ) ਭਾਵੇਂ ਸੁਟ ਦੇਂਨ ਭਾਵੇਂ ਕੁੱਤੇ ਆਦੀ ਮਾਸ ਖਾਂਣ ਵਾਲਿਆਂ ਨੂੰ ਪਾ ਦੇਂਨ, ਭਾਵੇਂ ਅਗ ਵਿਚ ਪਾ ਦੇਂਨ, ਭਾਵੇਂ ਕੋਈ ਮਾਸ ਖਾਣ ਵਾਲਾ ਖਾ ਲਵੇ ਤਾਂ ਬੀ ਸੰਸਾਰ ਦੀ ਕੁਝ ਹਾਨੀ ਨਹੀਂ ਹੁੰਦੀ ਕਿੰਤੂ ਓਸ ਮਨੁਖ ਦਾ ਸੁਭਾਉ ਮਾਂਸ ਅਹਾਰੀ ਹੋਕੇ ਹਿੰਸਕ ਹੋ ਸਕਦਾ ਹੈ।

ਜਿੱਨਾਂ ਹਿੰਸਾ, ਅਰ ਚੋਰੀ, ਵਿਸ਼੍ਵਾਸ ਘਾਤ, ਛਲ, ਕਪਟ ਆਦੀ,

ਕਰਕੇ ਪਦਾਰਥਾਂ ਨੂੰ ਪ੍ਰਾਪਤ ਹੋਕੇ ਭੋਗ ਕਰਨਾ ਹੈ ਉਹ ਅਭਖ, ਅਰ ਅਹਿੰਸਾ ਧਰਮ ਆਦੀ ਕਰਮਾਂ ਥੀਂ ਪ੍ਰਾਪਤ ਕਰਕੇ ਭੋਜਨ ਆਦੀ ਕਰਨਾ ਭਖ ਹੈ। ਜਿਨਾਂ ਪਦਾਰਥਾਂ ਥੀਂ ਦੇਹ ਅਰੋਗਤਾ, ਰੋਗ ਨਾਸ਼, ਬੁਧੀ, ਬਲ, ਪ੍ਰਾਕ੍ਰਮ ਦਾ ਵਾਧਾ, ਅਰ ਉਮਰ ਵਧੇ, ਉਹ ਚਾਵਲ ਆਦੀ ਕਣਕ, ਫਲ, ਮੂਲ, ਕੰਦ, ਦੁਧ, ਘਿਉ, ਮਿਠੇ ਆਦੀ ਪਦਾਰਥਾਂ ਦਾ ਭੋਜਨ ਜਥਾ ਜੋਗ ਪੱਕਾ ਬਣਾਕੇ ਠੀਕ ਠੀਕ ਸਮੇਂ ਤੇ ਮਿਜ਼ਾਦਾ ਨਾਲ ਭੋਜਨ ਕਰਨਾ ਸਭ ਭਖ ਕਹਾਂਦਾ ਹੈ। ਜਿਨੇ ਪਦਾ-ਰਥ ਅਪਣੇ ਸੁਭਾਉ ਤੋਂ ਵਿਰੁਧ ਵਿਗਾੜ ਕਰਨ ਵਾਲੇ ਹਨ ਉਨਾਂ ਉਨਾਂ ਦਾ ਸਰਬਥਾ ਤਿਆਗ ਕਰਨਾ, ਅਰ ਜੋ ਜੋ ਜਿਸ ਜਿਸ ਦੇ ਲਈ ਹਿਤ ਵਾਲੇ ਹਨ ਉਨਾ ਉਨਾਂ ਪਦਾਰਥਾਂ ਦਾ ਗ੍ਰਹਣ ਕਰਨਾ ਇਹ ਬੀ ਭਖ ਹੈ॥

(ਪ੍ਰਸ਼ਨ) ਅਕਠੇ ਖਾਣ ਵਿਚ ਕੁਝ ਦੋਸ਼ ਹੈ ਵਾ ਨਹੀਂ ?

(ਉਤ੍ਰ) ਦੋਸ਼ ਹੈ ਕਿਉਂਕਿ ਇਕ ਦੇ ਨਾਲ ਦੂਜੇ ਦਾ ਸੁਭਾਉ ਅਰ ਪ੍ਰਕ੍ਰਿਤੀ ਨਹੀਂ ਮਿਲਦੀ ਜਿਸਤਰਾਂ ਕੋਹੜੀ ਆਦੀ ਦੇ ਖਾਂਣ ਕਰਕੇ ਅਛੇ ਆਦ-ਮੀ ਦਾ ਬੀ ਲਹੂ ਵਿਗੜ ਜਾਂਦਾ ਹੈ ਉਸੇ ਤਰਾਂ ਦੂਜੇ ਨਾਲ ਖਾਂਣ ਵਿਚ ਬੀ ਕੁਝ ਵਿਗਾੜ ਹੀ ਹੁੰਦਾ ਹੈ ਸੁਧਾਰ ਨਹੀਂ ਏਸ ਲਈ:—

नोच्छिष्टं कस्यचिद्दद्यान्नाद्याच्चैव तथान्तरा
न चैवात्यशनं कुर्यान्नचोच्छिष्टः क्वचिद् व्रजेत्   मनु० २ । ५६

ਨਾਂ ਕਿਸੇ ਨੂੰ ਅਪਣਾ ਜੂਠਾ ਪਦਾਰਥ ਦੇਵੇ, ਅਰ ਨਾ ਕਿਸੇ ਦੇ ਭੋਜਨ ਦੇ ਵਿਚ ਆਪ ਖਾਵੇ, ਨਾ ਬਹੁਤਾ ਭੋਜਨ ਕਰੇ, ਅਰ ਨਾਂ ਭੋਜਨ ਕਰਨ ਤੋਂ ਪਿਛੋਂ ਹਥ ਮੂੰਹ ਧੋਤੇ ਬਗੈਰ ਕਿਦੇ ਇਧਰ ਉਧਰ ਜਾਵੇ।

(ਪ੍ਰਸ਼ਨ) 'ਗੁਰੂ ਉਛਿਸ੍ਰ ਭੋਜਨੰ' ਏਸ ਵਾਕ ਦਾ ਕੀ ਅਰਥ ਹੋਵੇਗਾ।

(ਉਤ੍ਰ) ਇਸਦਾ ਏਹ ਅਰਥ ਹੈ ਕਿ ਗੁਰੂ ਦੇ ਭੋਜਨ ਕਰਨ ਤੋਂ ਪਿਛੋਂ ਜੋ ਵਖਰਾ ਅੰਨ ਸ਼ੁਧ ਪਿਆ ਹੋਇਆ ਹੈ ਓਸਦਾ ਭੋਜਨ ਕਰਨਾ ਅਰਥਾਤ ਗੁਰੂ ਨੂੰ ਪਹਿਲੋਂ ਭੋਜਨ ਕਰਾਕੇ ਫੇਰ ਸ਼ਿਸ਼ ਨੂੰ ਭੋਜਨ ਕਰਨਾ ਚਾਹੀਏ।

(ਪ੍ਰਸ਼ਨ) ਜੇ ਨਿਰਾ ਜੂਠ ਦਾ ਨਿਖੇਧ ਹੈ ਤਾਂ ਮਖੀਆਂ ਦਾ ਜੂਠਾ ਸ਼ਹਿਤ, ਵਛੇ ਦਾ ਜੂਠਾ ਦੁਧ, ਅਰ ਇਕ ਗ੍ਰਾਹੀ ਖਾਂਣ ਤੋਂ ਪਿਛੋਂ ਅਪਣੀ ਬੀ ਜੂਠ ਹੁੰਦੀ ਹੈ ਫੇਰ ਓਸਨੂੰ ਬੀ ਨਾ ਖਾਂਣਾ ਚਾਹੀਏ।

(ਉਤ੍ਰ) ਸ਼ਹਿਤ ਕਹਿਣ ਮਾਤ੍ਰ ਹੀ ਜੂਠਾ ਹੁੰਦਾ ਹੈ ਪ੍ਰੰਤੂ ਉਹ ਬਹੁਤਸਾਰੀ ਔਸ਼ਧੀਆਂ ਦਾ ਸਾਰ ਕਢਿਆ ਹੋਇਆ ਹੈ। ਵਛਾ ਅਪਣੀ ਮਾਂ ਦੇ ਬਾਹਰ ਦਾ ਦੁਧ ਪੀਂਦਾ ਹੈ ਅੰਦ੍ਰ ਦੇ ਦੁਧ ਨੂੰ ਨਹੀਂ ਪੀ ਸਕਦਾ ਏਸ ਲਈ ਜੂਠ ਨਹੀਂ ਪ੍ਰੰਤੂ ਵਛੇ ਦੇ ਪੀਣ ਤੋਂ ਪਿਛੋਂ ਪਾਂਣੀ ਨਾਲ ਓਸ ਦੀ ਮਾਂ ਦੇ ਥਣ ਨੂੰ ਧੋਕੇ ਸ਼ੁਧ ਭਾਂਡੇ ਵਿਚ ਦੁਧ ਚੋਣਾ ਚਾਹੀਏ, ਅਰ ਅਪਣਾ ਜੂਠਾ ਆਪੇ ਨੂੰ ਵਿਗਾੜ ਨਹੀਂ ਕਰਦਾ, ਵੇਖੋ ਸੁਭਾਉ ਥੀਂ ਇਹੁ ਬਾਤ ਸਿਧ ਹੈ ਕਿ ਕਿਸੇ ਦਾ ਜੂਠਾ ਕੋਈ

ਬੀ ਨਾਂ ਖਾਵੇ, ਜਿਸਤਰਾਂ ਅਪਣੇ ਮੂੰਹ, ਨਕ, ਕੰਨ, ਅਖ, ਉਪਸਥ, ਅਰ ਗੁਹਜ ਇੰਦ੍ਰੀਆਂ ਦੇ ਮਲ, ਮੂਤ੍ਰ, ਆਦੀ ਦੇ ਛੁਹਣ ਵਿਚ ਘਿਣ ਨਹੀਂ ਹੁੰਦੀ ਉਸੇ ਤਰਾਂ ਕਿਸੇ ਦੂਜੇ ਦੇ ਮਲ ਮੂਤ੍ਰ ਨੂੰ ਛੁਹਣ ਨਾਲ ਹੁੰਦੀ ਹੈ ਏਸਲਈ ਇਹ ਸਿਧ ਹੁੰਦਾ ਹੈ ਕਿ ਇਹ ਵਿਹਾਰ ਸ੍ਰਿਸ਼ਟੀ ਕ੍ਰਮ ਥੀਂ ਉਲਟਾ ਨਹੀਂ ਹੈ ਏਸ ਲਈ ਮਨੁਖ ਮਾਤ੍ਰ ਨੂੰ ਉਚੱਤ ਹੈ ਕਿ ਕਿਸੇ ਦਾ ਜੂਠਾ ਨਾ ਖਾਵੇ।

(ਪ੍ਰਸ਼ਨ) ਭਲਾ ਇਸਤ੍ਰੀ ਪੁਰਖ ਬੀ ਇਕ ਦੂਜੇ ਦੀ ਜੂਠ ਨਾ ਖਾਨ।

(ਉਤ੍ਰ) ਨਹੀਂ, ਕਿਉਂਕਿ ਉਨ੍ਹਾਂ ਦੇ ਬੀ ਸ਼ੀਰਾਂ ਦਾ ਸੁਭਾ ਭਿੰਨ ਭਿੰਨ ਹੈ।

(ਪ੍ਰਸ਼ਨ) ਦਸੋ ਜੀ ਮਨੁਖੱ-ਮਾਤ੍ਰ ਦੇ ਹਥ ਦੀ ਕੀਤੀ ਹੋਈ ਰਸੋਈ ਦੇ ਖਾਣ ਵਿਚ ਕੀ ਦੋਸ਼ ਹੈ? ਕਿਉਂਕਿ ਬ੍ਰਾਹਮਣ ਤੋਂ ਲੈਕੇ ਚੰਡਾਲ ਤਿਕ ਦੇ ਸ਼ੀਰ ਹਡੀਆਂ, ਮਾਂਸ, ਚਮੜੇ ਦੇ ਹਨ, ਅਰ ਜਿਸਤਰਾਂ ਦਾ ਲਹੂ ਬ੍ਰਾਹਮਣ ਦੇ ਸ਼ੀਰ ਵਿਚ ਹੈ ਉਹੋ ਜੇਹਾ ਹੀ ਚੰਡਾਲ ਆਦੀ ਦੇ, ਫਰ ਮਨੁਖ ਮਾਤ੍ਰ ਦੇ ਹਥ ਦੀ ਪੱਕੀ ਹੋਈ ਰਸੋਈ ਦੇ ਖਾਂਣ ਵਿਚ ਕੀ ਦੋਸ਼ ਹੈ।

(ਉਤ੍ਰ) ਦੋਸ਼ ਹੈ ਕਿਉਂਕਿ ਜਿਨ੍ਹਾਂ ਉਤੱਮ ਪਦਾਰਥਾਂ ਦੇ ਖਾਂਣ ਪੀਣ ਕਰ ਕੇ ਬ੍ਰਾਹਮਣ, ਅਰ ਬ੍ਰਾਹਮਣੀ, ਦੇ ਸ਼ੀਰ ਵਿਚ ਦੁਰਗੰਧ ਆਦੀ ਦੋਸ਼ ਰਹਿਤ ਰਜ, ਬੀਰਜ, ਉਤਪੰਨ ਹੁੰਦਾ ਹੈ ਉਸੇ ਤਰਾਂ ਚੰਡਾਲ ਅਰ ਚੰਡਾਲੀ ਦੇ ਸ਼ੀਰ ਵਿਚ ਨਹੀਂ ਕਿਉਂਕਿ ਚੰਡਾਲ ਦਾ ਸ਼ੀਰ ਦੁਰਗੰਧ ਦੇ ਪ੍ਰਮਾਣੂਆਂ ਨਾਲ ਭਰਿਆ ਹੋਇਆ ਹੁੰਦਾ ਹੈ ਉਸੇ ਤਰਾਂ ਬ੍ਰਾਹਮਣ ਆਦੀ ਵਰਣਾਂ ਦਾ ਨਹੀਂ, ਏਸ ਲਈ ਬ੍ਰਾਹਮਣ ਆਦੀ ਉਤੱਮ ਵਰਨਾਂ ਦੇ ਹਥ ਦਾ ਖਾਣਾ, ਅਰ ਚੰਡਾਲ ਆਦੀ ਨੀਚ ਭੰਗੀ, ਚਮਾਰ ਆਦੀ ਦਾ ਨਾ ਖਾਣਾ, ਭਲਾ ਜਦ ਕੋਈ ਤੁਹਾਂਨੂੰ ਪੁਛੇਗਾ ਕਿ ਜਿਸਤਰਾਂ ਚਮੜੇ ਦਾ ਸ਼ੀਰ, ਸਸ, ਧੀ, ਨੂੰਹ, ਦਾ ਹੈ ਉਸੇ ਤਰਾਂ ਦਾ ਅਪਣੀ ਇਸਤ੍ਰੀ ਦਾ ਬੀ ਹੈ, ਤਾਂ ਕੀ ਮਾਂ, ਆਦੀ ਜਨਾਨੀਆਂ ਦੇ ਨਾਲ ਬੀ ਅਪਣੀ ਇਸਤ੍ਰੀ ਦੇ ਵਾਂਙਣ ਵਰਤੋਗੇ, ਤਦ ਤੁਹਾਨੂੰ ਸ਼ਰਮ ਕਰਕੇ ਚੁਪ ਹੀ ਰਹਿਣਾ ਪਵੇਗਾ, ਜਿਸਤਰਾਂ ਉਤੱਮ ਅੰਨ, ਹਥ ਅਰ ਮੂੰਹ ਨਾਲ ਖਾਧਾ ਜਾਂਦਾ ਹੈ ਉਸੇ ਤਰਾਂ ਦੁਰਗੰਧ ਬੀ ਖਾਧਾ ਜਾ ਸਕਦਾ ਹੈ ਤਾਂ ਕੀ ਮਲ ਆਦੀ ਬੀ ਖਾਓਗੇ, ਕੀ ਏਸ ਤਰਾਂ ਦਾ ਬੀ ਕੋਈ ਹੋਸਕਦਾ ਹੈ?

(ਪ੍ਰਸ਼ਨ) ਜੋ ਗਾਂ ਦੇ ਗੋਹੇ ਨਾਲ ਚੌਕਾ ਲਗਾਂਦੇਓ ਤਾਂ ਅਪਣੇ ਗੋਹੇ ਨਾਲ ਚੌਕਾ ਕਿਉਂ ਨਹੀਂ ਲਗਾਂਦੇ ? ਅਰ ਗੋਹੇ ਦੇ ਚੌਕੇ ਵਿਚ ਜਾਣ ਨਾਲ ਚੌਕਾ ਅਸ਼ੁਧ ਕਿਉਂ ਨਹੀਂ ਹੁੰਦਾ।

(ਉਤ੍ਰ) ਗਾਂ ਦੇ ਗੁਹੇ ਵਿਚ ਉਹੋ ਜੇਹਾ ਦੁਰਗੰਧ ਨਹੀਂ ਹੁੰਦਾ ਜੇਹੋ ਜੇਹਾ ਕਿ ਮਨੁਖੱ ਦੇ ਮਲਦਾ ਹੁੰਦਾ ਹੈ, ਗੋਹਾ ਚਿਕਣਾ ਹੋਣ ਕਰਕੇ ਜਲਦੀ ਨਹੀਂ ਉਖੜਦਾ ਨਾਂ ਕਪੜਾ ਵਿਗੜਦਾ ਨਾ ਮੈਲਾ ਹੁੰਦਾ ਹੈ ਜੇਹੋ ਜੇਹਾ ਮਿਟੀ ਥੀਂ ਮੈਲ ਚੜ੍ਹਦਾ ਹੈ ਉਹੋ ਜੇਹਾ ਸੁਕੇ ਹੋਏ ਗੋਹੇ ਥੀਂ ਨਹੀਂ ਹੁੰਦਾ, ਮਿੱਟੀ ਅਰ ਗੋਹੇ ਨਾਲ ਜਿਸ

ਥਾਂ ਦਾ ਲੇਪਨ ਕਰਨੇ ਹਾਂ ਉਹ ਵੇਖਣ ਵਿਚ ਅਤੀ ਸੁੰਦਰ ਹੁੰਦਾ ਹੈ,ਅਰ ਜਿੱਥੇ ਰਸੋਈ ਬਣਦੀ ਹੈ ਓਥੇ ਭੋਜਨ ਆਦੀ ਕਰਨ ਨਾਲ ਘਿਉ, ਮਿੱਠਾ, ਅਰ ਜੂਠ ਬੀ ਡਿਗਦੀ ਹੈ ਓਸ ਕਰ ਕੇ ਮੱਖੀ, ਕੀੜੀ, ਆਦੀ ਬਹੁਤ ਸਾਰੇ ਜਨਾਉਰ ਮੈਲੀ ਜਗਹਿ ਦੇ ਰਹਿਣ ਕਰਕੇ ਆਉਂਦੇ ਹਨ,ਜੇ ਓਥੇ ਝਾੜੂ ਲੇਪਨ ਆਦੀ ਨਾਲ ਸ਼ੁਧੀ ਰੋਜ ਰੋਜ ਨਾ ਕੀਤੀ ਜਾਵੇ ਤਾਂ ਜਾਂਣੋ ਪਖਾਨੇ ਦੇ ਸਮਾਂਨ ਉਹ ਸਥਾਂਨ ਹੋ ਜਾਂਦਾ ਹੈ,ਏਸ ਲਈ ਰੋਜ ੨ ਗੋਹੇ,ਮਿਟੀ,ਝਾੜੂ ਨਾਲ ਸ਼ਰਬਥਾ ਸ਼ੁਧ ਰਖਣਾ,ਅਰ ਜੇ ਪੱਕਾ ਮਕਾਂਨ ਹੋਵੇ ਤਾਂ ਪਾਣੀ ਨਾਲ ਧੋਕੇ ਸ਼ੁਧ ਰਖਣਾ ਚਾਹੀਏ। ਏਸ ਥੀਂ ਉਪਰ ਕਹੇ ਹੋਏ ਦੋਸ਼ਾਂ ਦੀ ਨਿਵਰਤੀ ਹੋ ਜਾਂਦੀ ਹੈ,ਜਿਸਤਰਾਂ ਮੀਆਂ ਜੀਦੇ ਰਸੋਈ ਦੇ ਸਥਾਂਨ ਵਿਚ ਕਿਦੇ ਕੋਲੇ, ਕਿਦੇ ਸੁਆਹ, ਕਿਦੇ ਲਕੜੀ, ਕਿਦੇ ਟੁਟੀ ਹੋਈ ਹਾਂਡੀ, ਕਿਦੇ ਜੂਠੀ ਰਕੇਬੀ,ਕਿਦੇ ਹਡ ਗੋਡੇ, ਪਏ ਰਹਿੰਦੇ ਹਨ ਅਰ ਮਖੀਆਂ ਦਾ ਕੀ ਕਹਿਣਾ ਉਹ ਜਗਹਿ ਏਹੋ ਜੇਹੀ ਭੈੜੀ ਲਗਦੀ ਹੈ ਕਿ ਜੋ ਕੋਈ ਭਲਾ ਮਾਣਸ ਜਾਕੇ ਬੈਠੇ ਤਾਂ ਓਸ ਨੂੰ ਉਤੋਂ ਬੀ ਆਜਾਂਣਾ ਸਚ ਹੈ, ਅਰ ਓਸ ਦੁਰਗੰਧ ਜਗਹਿ ਵਾਙਣ ਹੀ ਉਹ ਜਗਹਿ ਨਜਰ ਆਂਵਦੀ ਹੈ। ਭਲਾ ਜੇ ਕੋਈ ਇਨ੍ਹਾਂ ਤੋਂ ਪੁਛੇ ਜੇ ਗੋਹੇ ਨਾਲ ਚੌਕਾ ਲਗਾਂਣ ਵਿਚ ਤਾਂ ਤੁਸੀਂ ਦੋਸ਼ ਗਿਣਦੇ ਹੋ ਪ੍ਰੰਤੂ ਚੁਲ੍ਹੇ ਵਿਚ ਏਰਨੇ ਬਾਂਲਣੇ, ਓਸਦੀ ਅਗ ਨਾਲ ਤਮਾਕੂ ਪੀਣੇ, ਘਰਦੀਆਂ ਕੰਧਾਂ ਉਪਰ ਲੇਪਣ ਕਰਨੇ ਆਦੀ ਨਾਲ ਮੀਆਂ ਜੀ ਦਾ ਬੀ ਚੌਂਕਾ ਭ੍ਰਿਸ਼ਟ ਹੋ ਜਾਂਦਾ ਹੋਵੇਗਾ ਏਸ ਵਿਚ ਕੀ ਸੰਦੇਹ।

(ਪ੍ਰਸ਼ਨ) ਚੌਂਕੇ ਵਿਚ ਬੈਠਕੇ ਭੋਜਨ ਕਰਨਾ ਚੰਗਾ ਵਾ ਬਾਹਰ ਬੈਠਕੇ॥

(ਉੱਤਰ)ਜਿਥੇ ਅੱਛਾ ਉੱਤਮ ਸੁੰਦਰ ਸਥਾਂਨ ਦਿਸੇ ਉੱਥੇਭੋਜਨ ਕਰਨਾ ਚਾਹੀਏ,ਪ੍ਰੰਤੂ ਜਰੂਰੀ ਜੁਧ ਆਦਕਾਂ ਵਿਚ ਤਾਂ ਘੋੜੇ ਆਦੀ ਸਵਾਰੀਆਂਤੇ ਬੈਠਕੇ ਵਾ ਖਲੇ ਖਲੋਤੇ ਬੀ ਖਾਣਾ ਪੀਣਾ ਅਤਯੰਤ ਉਚੱਤ ਹੈ।

(ਪ੍ਰਸ਼ਨ) ਕੀ ਆਪਣੇ ਹੀ ਹਥਦਾ ਖਾਣਾ ਅਰ ਦੂਜੇ ਦੇ ਹਥਦਾ ਨਹੀਂ।

(ਉਤ੍ਰ) ਜੋ ਆਰਯਾਂ ਵਿਚ ਸ਼ੁਧ ਰੀਤੀ ਨਾਲ ਬਣਾਵੇ ਤਾਂ ਬ੍ਰਾਬ੍ਰ ਸਭ ਆਰਯਾਂ ਨਾਲ ਖਾਂਣ ਵਿਚ ਕੁਝ ਬੀ ਹਾਨੀ ਨਹੀ, ਕਿੰਉਂਕਿ ਜੇ ਬ੍ਰਾਹਮਣ ਆਦੀ ਵਰਣ ਵਾਲੇ ਇਸਤ੍ਰੀ, ਪੁਰਖ, ਰਸੋਈ ਬਣਾਣੇ, ਚੌਂਕਾ ਦੇਣੇ, ਬਰਤਨ ਭਾਂਡੇ ਮਾਂਜਣੇ ਆਦੀ ਧੰਦਿਆਂ ਵਿਚ ਪਏ ਰਹਿਨ ਤਾਂ ਵਿਦਿੱਆ ਆਦੀ ਸ਼ੁਭ ਗੁਣਾਂ ਦੀ ਬ੍ਰਿਧੀ ਕਦੀ ਨਹੀਂ ਹੋ ਸਕੇ, ਵੇਖੋ ਮਹਾਂਰਾਜਾ ਯੁਧਿਸ਼ਟਰ ਦੇ ਰਾਜਸੂ ਯਗੱ ਵਿਚ ਪ੍ਰਿਥਵੀ ਦੇ ਰਾਜਰਿਖੀ, ਮਹਾਂ ਰਿਖੀ ਆਏ ਸਨ, ਇਕੋ ਹੀ ਰਸੋਈ ਖਾਨੇ ਵਿਚੋਂ ਭੋਜਨ ਕਰਦੇ ਸਨ, ਜਦ ਥੀਂ ਈਸਾਈ, ਮੁਸਲਮਾਂਨ ਆਦੀ ਦੇ ਮਤੱ ਮਤਾਂਤ੍ਰ ਚਲੇ, ਆਪਸ ਵਿਚ ਵੈਰ ਵਿਰੋਧ ਹੋਇਆ, ਓਨ੍ਹਾਂ ਨੇ

ਸ਼ਰਾਬ ਪੀਣਾ, ਗਊ ਮਾਸ ਦਾ ਖਾਣਾ ਅਰੰਭ ਕੀਤਾ, ਉਸੇ ਵੇਲੇ ਤੋਂ ਭੋਜਨ ਆਦੀ ਵਿਚ ਬਖੇੜਾ ਹੋਗਿਆ,ਵੇਖੋ ਕਾਬਲ, ਕੰਧਾਰ, ਈਰਾਨ, ਅਮ੍ਰੀਕਾ, ਯੂਰਪ ਆਦੀ ਦੇਸ਼ਾਂ ਦੇ ਰਾਜਿਆਂ ਦੀਆਂ ਕਨਿਆਂ ਗੰਧਾਰੀ, ਮਾਦ੍ਰੀ, ਉਲੋਪੀ ਆਦੀ ਦੇ ਨਾਲ ਆਰਯਾਵਰਤੀ ਰਾਜਾ ਲੋਗ ਵਿਆਹ ਆਦੀ ਵਿਹਾਰ ਕਰਦੇ ਸਨ, ਸ਼ਕੁਨੀ ਆਦੀ ਕਉਰਵ ਪਾਂਡਵਾਂ, ਦੇ ਨਾਲ ਖਾਂਦੇ ਪੀਂਦੇ ਸਨ, ਕੁਝ ਵਿਰੋਧ ਨਹੀਂ ਕਰਦੇ ਸਨ, ਕਿਉਂਕਿ ਓਸ ਸਮੇਂ ਸਰਬ ਭੂਗੋਲ ਵਿਚ ਵੇਦੋਕਤ ਇਕ ਮਤ ਸੀ, ਉਸੇ ਵਿਚ ਸਭ ਦੀ ਨਿਸ਼ਟਾ ਸੀ, ਅਰ ਇਕ ਦੂਜੇ ਦਾ ਸੁਖ, ਦੁਖ, ਹਾਨੀ ਲਾਭ, ਆਪਸ ਵਿਚ ਅਪਣੇ ਜੇਹਾ ਸਮਝ ਦੇ ਸਨ, ਤਦੇ ਤਾਂ ਭੂਗੋਲ (ਪ੍ਰਥਵੀ) ਵਿਚ ਸੁਖ ਸੀ,ਹੁਣ ਤਾਂ ਬਹੁਤ ਸਾਰੇ ਮਤ ਵਾਲੇ ਹੋਣ ਕਰਕੇ ਬਹੁਤ ਸਾਰਾ ਦੁਖ, ਅਰ ਵਿਰੋਧ ਵਧਗਿਆ ਹੈ,ਏਸਦਾ ਦੂਰ ਕਰਨਾ ਬੁਧੀਮਾਨਾਂ ਦਾ ਕੰਮ ਹੈ। ਪਰਮੇਸ਼੍ਵਰ ਸਭ ਦੇ ਮਨ ਵਿਚ ਸਚੇ ਮਤ ਦਾ ਅਜੇਹਾ ਬੀ ਬੀਜੇ ਕਿ ਜਿਸ ਕਰਕੇ ਮਿਥਿਆ ਮਤ ਸ਼ਿਤਾਬੀ ਹੀ ਨਾਸ਼ ਨੂੰ ਪ੍ਰਾਪਤ ਹੋਂਨ,ਏਸ ਵਿਚ ਸਭ ਵਿਦਵਾਂਨ ਲੋਗ, ਬਿਚਾਰ ਕਰਕੇ ਵਿਰੋਧ ਭਾਵ ਨੂੰ ਛਡਕੇ ਅਨੰਦ ਨੂੰ ਵਧਾਂਨ।

ਇਹ ਥੋੜਾ ਜੇਹਾ ਆਚਾਰ, ਅਨਾਚਾਰ, ਭਖ, ਅਭਖ, ਵਿਸ਼ੇ ਵਿਚ ਲਿਖਿਆ ਏਸ ਗ੍ਰੰਥ ਦਾ ਪੂਰਬਾਰਧ ਇਸੇ ਦਸਵੇਂ ਸਮੁਲਾਸ ਦੇ ਨਾਲ ਪੂਰਾ ਹੋਗਿਆ, ਇਨ੍ਹਾਂ ਸਮੁਲਾਸਾਂ ਵਿਚ ਵਿਸ਼ੇਸ਼ ਖੰਡਨ, ਮੰਡਨ, ਏਸ ਲਈ ਨਹੀਂ ਲਿਖਿਆ ਕਿ ਜਦ ਤਿਕ ਮਨੁਖੱ ਸਤ,ਅਸਤ ਦੇ ਵਿਚਾਰ ਵਿਚ ਕੁਝ ਬੀ ਸਮ੍ਰਥਾ ਨਹੀਂ ਵਧਾਂਦੇ ਤਦ ਤਿਕ ਸਥੂਲ ਅਰ ਸੂਖਮ ਖੰਡਣਾ ਦੇ ਅਭਿਪ੍ਰਾ ਨੂੰ ਨਹੀਸਮਝ ਸਕਦੇ, ਏਸ ਲਈ ਪ੍ਰਥਮ ਸਭ ਨੂੰ ਸਚੀ ਸਿਖਿਆ ਦਾ ਉਪਦੇਸ਼ ਕਰਕੇ ਹੁਣ ਉਤ੍ਰਾਰਧ ਅਰਥਾਤ ਜਿਸ ਵਿਚ ਚਾਰ ਸਮੁਲਾਸ ਹਨ, ਓਸ ਵਿਚ ਵਿਸ਼ੇਸ਼ ਖੰਡਣ ਮੰਡਨ ਲਿਖਾਂਗੇ,ਇਨ੍ਹਾਂ ਚਹੁੰ ਵਿਚੋਂ੧ਪਹਿਲੇ ਸਮੁਲਾਸ ਵਿਚਆਰਯਾ-ਵਰਤੀ ਮਤ ਮਤਾਂਤ੍ਰ੨ ਦੂਜੇ ਵਿਚ ਜੈਨੀਆਂ ਦੇ,੩ ਤੀਜੇ ਵਿਚ ਈਸਾਈਆਂ ਦੇ ੪ ਚੌਥੇਵਿਚ ਮੁਸਲਮਾਨਾਂ ਦੇ ਮੱਤਮਤਾਂਤ੍ਰਾਂ ਦੇ ਖੰਡਨ ਮੰਡਨ ਦੇ ਵਿਸ਼ੇ ਵਿਚ ਲਿਖਾਂਗੇ ਅਰ ਪਸਚਾਤ ਚੌਦਵੇਂ ਸਮੁਲਾਸ ਦੇ ਅੰਤ ਵਿਚ ਅਪਣਾ ਮਤ ਬੀ ਵਿਖਾਇਆ ਜਾਵੇਗਾ, ਜੋ ਕੋਈ ਵਸ਼ੇਸ਼ ਖੰਡਨ ਮੰਡਨ ਵੇਖਣਾ ਚਾਹਿਨ ਉਹ ਇਨ੍ਹਾਂ ਚਹੁੰ ਸਮੁਲਾਸਾਂ ਵਿਚ ਵੇਖਨ, ਪ੍ਰੰਤੂ ਸਮਾਨ ਕਰਕੇ ਕਿਦੇ ਦਸਾਂ ਸਮੁਲਾਸਾਂ ਵਿਚ ਬੀ ਕੁਝ ਥੋੜਾ ਜੇਹਾ ਖੰਡਨ ਮੰਡਨ ਕੀਤਾ ਹੈ ਜੋ ਇਨ੍ਹਾਂ ਚੌਦਾਂ ਸਮੁਲਾਸਾਂ ਨੂੰ ਪਖ ਪਾਤ ਛਡਕੇ ਨਿਆਂ ਦ੍ਰਿਸ਼ਟੀ ਨਾਲ ਵੇਖੇਗਾ ਓਸਦੇ ਆਤਮਾ ਵਿਚ ਸਤ ਅਰਥ ਦਾ ਪ੍ਰਕਾਸ਼ ਹੋਕੇ ਅਨੰਦ ਹੋਵੇਗਾ, ਅਰ ਜੋ ਹਠ ਦੁਰਾਗ੍ਰਹ ਅਰ ਈਰਖਾ ਦੇ ਨਾਲ ਵੇਖੇ ਸੁਣੇਗਾ ਓਸਨੂੰ ਏਸ ਗ੍ਰੰਥ ਦਾ ਅਭਿਪ੍ਰਾ ਜਥਾਰਥ ਮਲੂੰਮ ਹੋਣਾ ਬਹੁਤ ਅਉਖਾ ਹੈ,ਏਸ ਲਈ ਜੋ ਏਸਨੂੰ ਜਥਾਵਤ ਨਾਂ ਵਿਚਾਰੇਗਾ ਉਹ ਏਸਦਾ

ਅਭਿਪ੍ਰਾ ਨਾ ਪਾਕੇ ਗੋਤੇ ਖਾਂਦਾ ਰਹੇਗਾ, ਵਿਦਵਾਂਨਾਂ ਦਾ ਏਹੋ ਕੰਮ ਹੈ ਕਿ ਸਤ ਅਸਤ ਦਾ ਨਿਰਣੇ ਕਰਕੇ ਸਤ ਦਾ ਗ੍ਰਹਿਣ ਅਸਤ ਦਾ ਤਿਆਗ ਕਰਕੇ ਪਰਮ ਅਨੰਦਤ ਹੁੰਦੇ ਹਨ, ਉਹੋ ਹੀ ਗੁਣ ਗ੍ਰਾਹਕ ਪੁਰਸ਼ ਵਿਦਵਾਂਨ ਹੋਕੇ ਧਰਮ,ਅਰਥ ਕਾਂਮ ਅਰ ਮੋਖ ਰੂਪੀ ਫਲਾਂ ਨੂੰ ਪ੍ਰਾਪਤ ਹੋਕੇ ਪ੍ਰਸੰਨ ਰਹਿੰਦੇ ਹਨ।

इति श्रीमद्दयानन्दसरस्वतीस्वामिकृते सत्यार्थप्रकाशे सुभाषा-
विभूषित आचाराऽनाचारभक्ष्याऽभक्ष्यविषये दशमः समु-
ल्लासः सम्पूर्णः १०॥

समाप्तोयम्पूर्वार्द्धः ॥

# ਉੱਤ੍ਰਾਰਧ:

## ਅਨੁ ਭੂਮਿਕਾ

ਇਹ ਬਾਤ ਸਿਧ ਹੈ ਕਿ ਪੰਜ ਹਜਾਰ ਵਰ੍ਹੇਆਂ ਤੋਂ ਪਹਿਲੇ ਵੇਦ ਮਤ ਥੀਂ ਭਿਨ ਦੂਜਾ ਕੋਈਬੀ ਮਤਨਾਸੀ, ਕਿਉਂਕਿ ਵੇਦ ਵਿਚ ਕਹੀਆਂ ਹੋਈਆਂ ਸਭ ਬਾਤਾਂ ਵਿਦਿਆ ਥੀਂ ਅਵਿਰੁਧ ਹਨ, ਵੇਦਾਂ ਦੀ ਪ੍ਰਵਿਰਤੀ ਰੁੱਕਣ ਦਾ ਕਾਰਣ ਮਹਾਂ ਭਾਰਥ ਦਾ ਜੁਧ ਹੋਇਆ, ਇਨ੍ਹਾਂ ਦੀ ਅਪ੍ਰਬ੍ਰਿਤੀ ਥੀਂ ਅਵਿਦਿਆ ਅੰਧਕਾਰ ਦੇ ਸਾਰੀ ਪ੍ਰਿਥਵੀ ਵਿਚ ਫੈਲ ਜਾਣ ਕਰਕੇ ਮਨੁੱਖਾਂ ਦੀ ਬੁਧੀ ਭ੍ਰਮ ਵਾਲੀ ਹੋਗਈ, ਜਿਸ ਦੇ ਮਨ ਵਿਚ ਜੇਹਿਆ ਆਇਆ ਤੇਹਾ ਮਤ ਚਲਾਇਆ, ਉਨ੍ਹਾਂ ਸਾਰੇ ਮੱਤਾਂ ਵਿਚ ਚਾਰ੪ ਮਤ ਅਰਥਾਤ ਜੋ ਵੇਦ ਵਿਰੁਧ ਪੁਰਾਣੀ, ਜੈਨੀ, ਕ੍ਰਿਾਨੀ, ਅਰ ਕੁਰਾਨੀ, ਸਭ ਮੱਤਾਂ ਦੇ ਮੂਲ ਹਨ, ਉਹ ਕ੍ਰਮ ਨਾਲ ਇਕ ਦੇ ਪਿਛੇ ਦੂਜਾ, ਤੀਜਾ, ਚੌਥਾ ਚਲਿਆ ਹੈ, ਹੁਣ ਇਨ੍ਹਾਂ ਚਹੁਾਂ ਦੀਆਂ ਸ਼ਾਖਾਂ ਇਕ ਹਜਾਰ ੧੦੦੦ ਥੀਂ ਘਟ ਨਹੀਂ ਹਨ, ਇਨ੍ਹਾਂ ਸਾਰੇ ਮਤ ਬਾਦੀਆਂ ਨੂੰ ਇਨ੍ਹਾਂ ਦੇ ਚੇਲਿਆਂ, ਅਰ ਹੋਰ ਸਭ ਨੂੰ ਆਪਸ ਵਿਚ ਸਤ ਅਸਤ ਦੇ ਵਿਚਾਰ ਕਰਨ ਵਿਚ ਵਧੀਕ ਜਤਨ ਹੋਵੇ ਏਸ ਲਈ ਇਹ ਗ੍ਰੰਥ ਬਣਾਇਆ ਹੈ, ਜੋ ਜੋ ਏਸ ਵਿਚ ਸਚੇ ਮਤ ਦਾ ਮੰਡਨ ਅਰ ਅਸਤ ਦਾ ਖੰਡਨ ਲਿਖਿਆ ਹੈ ਉਹ ਸਭ ਨੂੰ ਜਾਂਣਨਾ ਹੀ ਪ੍ਰਯੋਜਨ ਸਮਝਿਆ ਗਿਆ ਹੈ, ਏਸ ਵਿਚ ਜੇਹੋ ਜਿਹੀ ਮੇਰੀ ਬੁੱਧੀ, ਜਿੱਨੀ ਵਿਦਿਆ, ਅਰ ਜਿੱਨਾਂ ਇਨਾਂ ਚਹੁਾਂ ਮੱਤਾਂ ਦੇ ਮੂਲ ਗ੍ਰੰਥ ਵੇਖਣ ਨਾਲ ਬੋਧ ਹੋਇਆ ਹੈ ਓਸ ਨੂੰ ਸਭ ਦੇ ਅਗੇ ਨਿਵੇਦਨ ਕਰ ਦੇਣਾ ਮੈਨੇ ਉੱਤਮ ਸਮਝਿਆ ਹੈ ਕਿਉਂਕਿਵਿਗਿਆਂਨ ਗੁਪਤ ਹੋਏਦਾ ਫੇਰ ਮਿਲਨਾਸਹਿਜ ਨਹੀਂ ਹੈ ਪਖ ਪਾਤ ਛਡਕੇ ਏਸ ਨੂੰ ਵੇਖਣਨਾਲ ਸਤ ਅਸਤ ਮਤ ਸਭ ਨੂੰ ਮਲੂੰਮ ਹੋ ਜਾਵੇਗਾ, ਪਸਚਾਤ ਸਭ ਨੂੰ ਅਪਣੀ ਅਪਣੀ ਸਮਝਦੇ ਅਨੁਸਾਰ ਸਤ ਮਤ ਦਾ ਗ੍ਰਹਣ ਕਰਨਾ ਅਰ ਅਸਤ ਮਤ ਦਾ ਛਡਣਾ ਸਹਿਜ ਹੋਵੇਗਾ।

ਇਨ੍ਹਾਂ ਵਿਚੋਂ ਜੋ ਪੁਰਾਂਣ ਆਦੀ ਗ੍ਰੰਥਾਂ ਥੀਂ ਸ਼ਾਖਾ ਸ਼ਾਖਾਂਤ੍ਰ ਰੂਪ ਮਤ

ਆਰਯਾਵਰਤ ਦੇਸ਼ ਵਿਚ ਚਲੇ ਹਨ ਉਨ੍ਹਾਂ ਦਾ ਸੰਖੇਪ ਨਾਲ ਗੁਣ ਦੋਸ਼ ਏਸ ਯਾਰ੍ਹਵੇਂ ੧੧ ਸਮੁਲਾਸ ਵਿਚ ਵਿਖਾਇਆ ਜਾਂਦਾ ਹੈ। ਏਸ ਮੇਰੇ ਕਰਮ ਥੀ ਜੇਕਰ ਉਪਕਾਰ ਨਾ ਮਨੱਨ ਤਾਂ ਵਿਰੋਧ ਬੀ ਨਾ ਕਰਨ, ਕਿਉਂਕਿ ਮੇਰ ਤਾਤਪਰਜ ਕਿਸੇ ਦੀ ਹਾਨੀ ਵਾ ਵਿਰੋਧ ਕਰਨ ਵਿਚ ਨਹੀਂ ਕਿੰਤੂ ਸਤ ਅਸਤ ਦਾ ਨਿਰਣੇ ਕਰਨ ਕਰਾਂਣ ਦਾ ਹੈ, ਇਸੇ ਪ੍ਰਕਾਰ ਸਭ ਮਨੁਖਾਂ ਨੂੰ ਨਿਆਇ ਦ੍ਰਿਸ਼ਟੀ ਨਾਲ ਵਰਤਣਾ ਅਤੀ ਉਚਿਤ ਹੈ, ਮਨੁਖ ਜਨਮ ਦਾ ਹੋਣਾ ਸਚ ਝੂਠ ਦੇ ਨਿਰਣੇ ਕਰਨੇ ਕਰਾਣੇ ਦੇ ਲਈ ਹੈ, ਨਾਕਿ ਝਗੜਾ, ਬਖੇੜਾ, ਵਿਰੋਧ ਕਰਨ ਕਰਾਂਣ ਦੇ ਲਈ, ਇਸੇ ਮਤ ਮਤਾਂਤ੍ਰਾਂ ਦੇ ਝਗੜੇ ਕਰਕੇ ਜਗਤ ਵਿਚ ਜੋ ਜੋ ਅਨਿਸ਼ਟ (ਮੰਦੇ) ਫਲ ਹੋਏ ਹੁੰਦੇ ਹਨ ਅਰ ਹੋਂਨਗੇ ਉਨ੍ਹਾਂ ਨੂੰ ਪਖਪਾਤ ਤੋਂ ਰਹਿਤ ਵਿਦਵਾਂਨ ਲੋਗ ਜਾਂਣ ਸਕਦੇ ਹਨ, ਜਦ ਤਿਕ ਏਸ ਮਨੁਖ ਜਾਤੀ ਵਿਚ ਆਪਸ ਵਿਚ ਮਿਥਿਆ ਮਤ ਮਤਾਂਤ੍ਰਾਂ ਦਾ ਵਿਰੋਧ ਬਾਦ ਨਾ ਛੁਟੇਗਾ ਤਦ ਤਿਕ ਇਕ ਨੂੰ ਦੂਜੇ ਪਾਸੋਂ ਅਨੰਦ ਨਾ ਹੋਵੇਗਾ, ਜੇਕਰ ਅਸੀ ਸਾਰੇ ਮਨੁਖ ਅਰ ਵਸ਼ੇਸ਼ ਕਰਕੇ ਵਿਦਵਾਂਨ ਲੋਗ ਈਰਖਾ ਦ੍ਵੇਸ਼ ਛਡ, ਸਚ ਝੂਠ ਦਾ ਨਿਰਣੇ ਕਰਕੇ ਸ਼ਚ ਦਾ ਗ੍ਰਹਿਣ, ਅਰ ਝੂਠ ਦਾ ਤਿਆਗ ਕਰਨਾ ਕਰਾਣਾ ਚਾਹਵੀਏ ਤਾਂ ਸਾਡ ਲਈ ਇਹ ਬਾਤ ਕਠਨ ਨਹੀਂ ਹੈ, ਇਹ ਨਿਸਚੇ ਹੈ ਕਿ ਇਨ੍ਹਾਂ ਵਿਦਵਾਨਾਂ ਦ ਵਿਰੋਧ ਹੈ ਨਹੀ, ਸਭ ਨੂੰ ਵਿਰੋਧ ਜਾਲ ਵਿਚ ਫਸਾ ਰਖਿਆ ਹੈ, ਜੇਕਰ ਏਹ ਲੋਗ ਅਪਣੇ ਪ੍ਰਜੋਜਨ ਵਿਚ ਨਾ ਫਸਕੇ ਸਭ ਦੇ ਪ੍ਰਯੋਜਨ ਨੂੰ ਸਿਧ ਕਰਨਾ ਚਾਹਨ ਤਾਂ ਹੁਣ ਇਕ ਮਤ ਹੋ ਜਾਂਨ, ਏਸਦੇ ਹੋਣ ਦੀ ਜੁਗਤੀ ਏਸ ਗ੍ਰੰਥ ਦੀ ਪੂਰਤੀ ਵਿਚ ਲਿਖਾਂਗੇ । ਸਰਬ ਸ਼ਕਤੀਮਾਂਨ ਪਰਮਾਤਮਾਂ ਇਕ ਮਤ ਵਿਚ ਪ੍ਰਵਿਰਤ ਹੋਣ ਦਾ ਉਤਸਾਹ ਸਭ ਮਨੁਖਾਂ ਦੇ ਆਤਮਾਂ ਵਿਚ ਪ੍ਰਕਾਸ਼ ਕਰੇ ।

अलमतिविस्तरेण विपश्चिद्वरशिरोमणिषु ॥

### ਉਤ੍ਰਾਰਧਃ

# ਯਾਰ੍ਹਵਾਂ ਸਮੁੱਲਾਸ

## ਆਰਯਾ ਵਰਤੀ ਮਤ ਮਤਾਂਤ੍ਰਾਂ ਦੇ ਖੰਡਨ ਮੰਡਨ ਦੇ ਵਿਸ਼ੇ ਵਿਚ ॥

---

ਹੁਣ ਆਰਯਾਂ ਲੋਕਾਂ ਦੇ ਕਿ ਜੋ ਆਰਯਾ ਵਰਤ ਦੇਸ਼ ਵਿਚ ਰਹਿਣ ਵਾਲੇ ਹਨ, ਮਤਦੇ ਖੰਡਨ ਤਥਾ ਮੰਡਨਦਾ ਬਿਧਾਨ ਕਰਾਂਗੇ, ਏਹ ਆਰਯਾਵਰਤ ਦੇਸ਼ ਅਜੇਹਾ ਹੈ ਕਿ ਜਿਸਦੇ ਵਰਗਾ ਭੂਗੋਲ ਵਿਚ ਦੂਜਾ ਕੋਈ ਦੇਸ਼ ਨਹੀ ਹੈ, ਇਸੇ ਕਰਕ ਇਸ ਭੂਮੀਦਾ ਨਾਮ ਸ੍ਵਰਣ ਭੂਮੀ ਹੈ, ਕਿਉਂਕਿ ਇਹੋ ਹੀ ਸ੍ਵਰਣ ( ਸੋਨਾ ) ਆਦੀ ਰਤਨਾਂ ਨੂੰ ਉਤਪੰਨ ਕਰਦੀ ਹੈ, ਇਸੇ ਵਾਸਤੇ ਸ੍ਰਿਸ਼ਟਿ ਦੇ ਆਦ ਵਿਚ ਆਰਯਾ ਲੋਕ ਇਸੇ ਦੇਸ਼ ਵਿਚ ਆਕੇ ਵਸੇ, ਇਸੇ ਵਾਸਤੇ ਅਸੀ ਸ੍ਰਿਸ਼ਟਿ ਵਿਸ਼ੇ ਵਿਚ ਕਹਿ ਆਏ ਹਾਂ ਕਿ ਆਰਯਾ ਨਾਂਮ ਉਤਮ ਪੁਰਖਾਂ ਦਾ ਹੈ, ਅਰ ਆਰਯਾਂ ਥੀਂ ਭਿੰਨ ਮਨੁੱਖਾਂ ਦਾ ਨਾਂਮ ਦਸ੍ਯੂ ਹੈ। ਜਿੱਨੇ ਭੂਗੋਲ ਵਿਚ ਦੇਸ਼ ਹਨ ਉਹ ਸਾਰੇ ਇਸੇ ਦੇਸ਼ ਦੀ ਵਡਿਆਈ ਕਰਦੇ ਅਰ ਆਸ਼ਾ ਰਖਦੇ ਹਨ, ਕਿ ਪਾਰਸ ਮਣੀ ਪਥੱਰ ਸੁਣਿਆਂ ਜਾਂਦਾ ਹੈ ਉਹ ਬਾਤ ਤਾਂ ਝੂਠੀ ਹੈ ਪ੍ਰੰਤੂ ਆਰਯਾਵਰਤ ਦੇਸ਼ਹੀ ਸਚਾ ਪਾਰਸਮਣੀ ਹੈ, ਕਿ ਜਿਸਨੂੰ ਲੋਹਾ ਰੂਪੀ ਗਰੀਬ ਬਿਦੇਸ਼ੀ ਛੁਹਣ ਦੇ ਨਾਲ ਹੀ ਸ੍ਵਰਣ ਅਰਥਾਤ ਧਨੀ ਹੋ ਜਾਂਦੇ ਹਨ ॥

एतद्देशप्रसूतस्य सकाशादग्रजन्मनः।
स्वं स्वं चरित्रं शिक्षेरन् पृथिव्यां
सर्वमानवाः॥ मनु० । २ । २० ॥

ਸ੍ਰਿਸ਼੍ਰਿ ਥੀਂ ਲੈਕੇ ਪੰਜ ਹਜਾਰ ੫੦੦੦ ਵਰ੍ਹੇਆਂ ਤੋਂ ਪੂਰਬ ਸਮੇ ਤਿਕ ਆਰਯਾਂ ਦਾ ਸਾਰਿਵ ਭੂਮ ਚਕ੍ਰਵਰਤੀ ਅਰਥਾਤ ਭੂਗੋਲ ਵਿਚ ਸਰਵੋਪਰੀ ਇਕ ਮਾਤ੍ਰ ਰਾਜਸੀ, ਹੋਰ ਦੇਸ਼ਾਂ ਵਿਚ ਮਾਂਡਲਿਕ ਅਰਥਾਤ ਛੋਟੇ ਛੋਟੇ ਰਾਜਾ ਰਹਿੰਦੇ ਸਨ, ਕਿਉਂਕਿ ਕੈਰੋ ਪਾਂਡੋ ਤਿਕ ਏਥੋਂ ਦੇ ਰਾਜ ਅਰ ਰਾਜਸਾਸਨ ਵਿਚ ਸਭ ਭੂਗੋਲ ਦੇ ਸਾਰੇ ਰਾਜਾ ਅਰ ਪਰਜਾ ਚਲਦੇ ਸੀ, ਕਿਉਂਕਿ ਇਹ ਮਨੁਸਿਮ੍ਰਤੀ ਜੋ ਸ੍ਰਿਸ਼ਟਿ ਦੇ ਆਦ ਵਿਚ ਹੋਈ ਹੈ ਓਸਦਾ ਪ੍ਰਮਾਣ ਹੈ, ਇਸੇ ਆਰਯਾਵਰਤ ਦੇਸ਼ ਵਿਚ ਉਤਪੰਨ ਹੋਏ ਬ੍ਰਾਹਮਣ ਅਰਥਾਤ ਵਿਦਵਾਨਾਂ ਥੀਂ ਭੂਗੋਲ ਦ ਮਨੁਖ ਬ੍ਰਾਹਮਣ, ਖਤ੍ਰੀ, ਵੈਸ਼ ਸੂਦ੍ਰ, ਦਸਯੂ ਮਲੇਛ ਆਦੀ ਸਾਰੇ ਅਪਣੇ ਅਪਣੇ ਜੋਗ ਵਿਦਿਆ ਚਰਿਤ੍ਰ ਦੀ ਸਿਖਿਆ ਅਰ ਵਿਦਿੱਆ ਦਾ ਅਭਿਆਸ ਕਰਨ, ਅਰ ਮਹਾਂ ਰਾਜਾ ਯੁਧਿਸ਼ਟਰ ਦੇ ਰਾਜਸੂ ਯਗ ਅਰ ਮਹਾਂ-ਭਾਰਥ ਦੇ ਯੁਧ ਤਿਕ ਏਥੋਂ ਦੇ ਰਾਜ ਦੇ ਅਧੀਨ ਸਭ ਰਾਜਾ ਸਨ, ਸੁਣੋ! ਚੀਨ ਦਾ ਭਗਦੱਤ, ਅਮ੍ਰੀਕਾ ਦਾ ਬਬ੍ਰੂਵਾਹਿਨ, ਯੂਰਪ ਦੇਸ਼ ਦਾ ਵਿਡਾਲਾਖਜ ਅਰਥਾਤ ਬਿੱਲੇ ਵਰਗੀਆਂ ਅਖੱਾਂ ਵਾਲੇ, ਯਵਨ ਜਿਸ ਨੂੰ ਯੂਨਾਂਨ ਕਹਿ ਆਏ, ਅਰ ਈਰਾਨ ਦਾ ਸਲਜ ਆਦੀ ਸਭ ਰਾਜਾ ਰਾਜਸੂ ਯਗ ਅਰ ਮਹਾਂ ਭਾਰਥ ਦੇ ਜੁਧ ਵਿਚ ਆਗਿਆ ਅਨੁਸਾਰ ਆਏ ਸਨ, ਜਦ ਰਘੂ ਗਣ ਰਾਜਾ ਸਨ ਤਦ ਰਾਵਣ ਬੀ ਏਥੋਂ ਦੇ ਅਧੀਨ ਸੀ, ਜਦ ਰਾਮਚੰਦ੍ਰ ਜੀ ਦੇ ਸਮੇ ਵਿਚ ਵਿਰੋਧ ਹੋਗਿਆ ਤਾਂ ਓਸ ਨੂੰ ਰਾਮਚੰਦ੍ਰ ਜੀ ਨੈ ਡੰਡ ਦੇਕੇ ਰਾਜ ਤੋਂ ਨਸ਼ਟ ਕਰ ਓਸਦੇ ਭਰਾ ਭਭੀਖਣ ਨੂੰ ਰਾਜ ਦਿਤੱਾ ਸੀ, ਸ੍ਵਯੰਭਵ ਰਾਜਾ ਥੀਂ ਲੈਕੇ ਪਾਂਡਵ ਤਿਕ ਆਰਯਾਂ ਦਾ ਚਕ੍ਰਵਰਤੀ ਰਾਜ ਰਹਿਆ, ਤਦ ਪਸਚਾਤ ਆਪਸ ਦੇ ਵਿਰੋਧ ਨਾਲ ਲੜਕੇ ਨਸ਼ਟ ਹੋਗਏ, ਕਿਉਂਕਿ ਏਸ ਪਰਮੇਸ਼ੂਰ ਦੀ ਸ੍ਰਿਸ਼ਟੀ ਵਿਚ ਅਭਿਮਾਂਨੀ, ਅਨਿਆਕਾਰੀ, ਅਵਿਦੱਵਾਂਨ ਲੋਕਾਂ ਦਾ ਰਾਜ ਬਹੁਤ ਦਿਨਾਂ ਤਿਕ ਨਹੀਂ ਚਲਦਾ, ਅਰ ਇਹ ਸੰਸਾਰ ਦੀ ਸੁਭਾਉ ਕੀ ਪ੍ਰਵਿਰਤੀ ਹੈ ਕਿ ਜਦ ਬਹੁਤ ਸਾਰਾ ਧਨ ਅਸੰਖ ਪ੍ਰਯੋਜਨ ਥੀਂ ਵਧੀਕ ਹੁੰਦਾ ਹੈ ਤਦ ਆਲਸ, ਪੁਰਖਾਰਥ ਤੋਂ ਰਹਿਤ ਹੋਣਾ, ਈਰਖਾ, ਦ੍ਵੈਖ, ਵਿਖੇ ਆਸਕਤੀ, ਅਰ ਪ੍ਰਮਾਦ ਵਧਦਾ ਹੈ, ਓਸ ਤੋਂ ਦੇਸ਼ ਵਿਚ ਵਿਦਿੱਆ, ਸੁਸ਼ਿਖਿਆ ਨਸ਼ਟ ਹੋਕੇ ਦੁਰਗੁਣ, ਅਰ ਦੁਸ਼ਟ ਵਿਜਸਨ ਵਧ ਜਾਂਦੇ ਹਨ, ਜਿਸਤਰਾਂ ਨਾਲ ਕਿ ਸ਼ਰਾਬ, ਮਾਸ ਦਾ ਖਾਣਾ, ਛੋਟੀ ਉਮਰ ਵਿਚ ਵਿਆਹ, ਅਰ ਮਨ ਮਾਨੇ ਕੰਮ ਕਰਨਾ ਆਦੀ ਦੋਸ਼ ਵਧ ਜਾਂਦੇ ਹਨ, ਅਰ ਜਦ ਜੁਧ ਵਿਭਾਗ ਵਿਚ ਜੁਧ ਵਿਦਜਾ ਕਊਸ਼ਲ ਅਰ ਸੈਨਾ ਇੰਨੀ ਵਧੇ ਕਿ ਜਿਸਦਾ ਸਾਮਣਾ

ਕਰਨ ਵਾਲਾ ਭੂਗੋਲ ਵਿਚ ਦੂਜਾ ਨਾ ਹੋਵੇ ਤਦ ਉਨ੍ਹਾਂ ਲੋਕਾਂ ਦਾ ਪਖ ਪਾਤ, ਅਭਿਮਾਨ ਵਧਕੇ ਅਨਿਆਂ ਵਧ ਜਾਂਦਾ ਹੈ, ਜਦ ਏਹ ਦੋਸ਼ ਹੋ ਜਾਂਦੇ ਹਨ ਤਦ ਆਪਸ ਵਿਚ ਵਿਰੋਧ ਹੋਕੇ ਅਥਵਾ ਉਨ੍ਹਾਂ ਤੋਂ ਵਧੀਕ ਦੂਜੀਆਂ ਛੋਟੀਆਂ ਕੁਲਾਂ ਵਿਚੋਂ ਕੋਈ ਅਜੇਹਾ ਸਮ੍ਰਥ ਪੁਰਖ ਖੜ੍ਹਾ ਹੁੰਦਾ ਹੈ ਕਿ ਉਨ੍ਹਾਂ ਦੀ ਹਾਰ ਕਰਨ ਵਿਚ ਸਮ੍ਰਥ ਹੋਵੇ, ਜਿਸਤਰਾਂ ਮੁਸਲਮਾਨਾਂ ਦੀ ਬਾਦਸ਼ਾਹੀ ਦੇ ਸਾਮਣੇ ਸ਼ਿਵਾ ਜੀ ਅਰ ਗੋਬਿੰਦਸਿੰਘਜੀ ਨੇ ਖੜੇ ਹੋਕੇ ਮੁਸਲਮਾਨਾਂ ਦੇ ਰਾਜ ਨੂੰ ਛਿਨ ਭਿੰਨ ਕਰ ਦਿੱਤਾ ॥

अथ किमेतैर्वा परेऽन्ये महाधनुर्धराश्चक्रवर्तिनः केचित्
सुद्युम्नभूरिद्युम्नेन्द्रद्युम्नकुवलयाश्वयौवनाश्ववद्ध्र्यश्वाश्वपतिशश-
बिन्दुहरिश्चन्द्राऽम्बरीषननक्तुसर्यातिययात्यनरण्याक्षसेनाद-
यः । अथ मरुत्तभरतप्रभृतयो राजानः । मैत्र्युपनि० प्र० १ । खं० ४ ॥

ਇਤਆਦੀ ਪ੍ਰਮਾਣਾਂ ਥੀਂ ਸਿਧ ਹੈ ਕਿ ਸ੍ਰਿਸ਼ਟੀ ਤੋਂ ਲੈਕੇ ਮਹਾਂ ਭਾਰਤ ਤਕ ਚਕ੍ਰ ਵਰਤੀ ਸਾਰਵਭੂਮ ਰਾਜਾ ਆਰਯਾ ਕੁਲ ਵਿਚ ਹੀ ਹੋਏ ਸਨ, ਹੁਣ ਇਨ੍ਹਾਂ ਦੀ ਸੰਤਾਨਾਂ ਦਾ ਅਭਾਗ ਉਦੇ ਹੋਣ ਕਰਕੇ ਰਾਜ ਭ੍ਰਿਸ਼ਟ ਹੋਣ ਕਰਕੇ ਬਿਦਸ਼ੀਆਂ ਦੇ ਪੈਰਾਂ ਦੇ ਤਲੇ ਰਗੜੀਂਦੇ ਹਨ, ਜਿਸਤਰਾਂ ਏਥੇ ਸੁਦਯੁਮਨ, ਭੂਰੀ ਦਯੁਮਨ, ਇੰਦ੍ਰਦਯੁਮਨ ਕੁਵਲਯਾਸ਼੍ਵ, ਯੌਵਨਾਸ਼੍ਵ, ਬਦਧ੍ਯਸ਼੍ਵ, ਅਸ਼੍ਵਪਤੀ, ਸ਼ਸ਼ਬਿੰਦੂ, ਹਰਿਸਚੰਦ੍ਰ, ਅੰਬ੍ਰੀਖ, ਨਨਕਤੂ, ਸਰਯਾਤੀ, ਯਯਾਤੀ ਅਨਰਣਯ, ਅਖੱਸੇਨ, ਮਰੁਤ, ਭਾਰਤ ਸਾਰਵ ਭੂਮ ਸਭ ਭੂਮੀ ਵਿਚ ਪ੍ਰਸਿਧ ਚਕ੍ਰਵਰਤੀ ਰਾਜਿਆਂ ਦੇ ਨਾਮ ਲਿਖੇ ਹਨ, ਉਸੇ ਤਰਾਂ ਸ੍ਵਾਯੰਭਵ ਆਦੀ ਚਕ੍ਰਵਰਤੀ ਰਾਜਿਆਂ ਦੇ ਨਾਮ ਸਪਸ਼ਟ ਮਨੂੰਸਿਮ੍ਰਤੀ ਮਹਾਂ ਭਾਰਥ ਆਦੀ ਗ੍ਰੰਥਾਂ ਵਿਚ ਲਿਖੇ ਹਨ ਏਸ ਨੂੰ ਮਿਥਿਆ ਕਰਨਾ ਅਗਿਆਨੀ, ਅਰ ਪਖਪਾਤੀਆਂ ਦਾ ਕੰਮ ਹੈ।

( ਪ੍ਰਸ਼ਨ ) ਜੋ ਆਗਨੇਯਾਸਤ੍ਰ ਆਦੀ ਵਿਦਿਆ ਲਿਖੀਆਂ ਹਨ ਉਹ ਸਚ ਹਨ ਵਾ ਨਹੀ? ਅਰ ਤੋਪ ਤਥਾ ਬੰਦੂਕ ਤਾਂ ਓਸ ਸਮੇਂ ਵਿਚ ਹੈਗੀਆਂ ਸਨ, ਵਾ ਨਹੀ ?

( ਉਤ੍ਰ ) ਇਹ ਬਾਤ ਸਚੀ ਹੈ ਏਹ ਸ਼ਸਤ੍ਰ ਬੀ ਸਨ, ਕਿਉਂਕਿ ਪਦਾਰਥ ਵਿਦਿਆ ਥੀਂ ਇਨ੍ਹਾਂ ਦਾ ਹੋਣਾ ਸੰਭਵ ਹੈ।

( ਪ੍ਰਸ਼ਨ ) ਕੀ ਏਹੁ ਦੇਵਤਿਆਂ ਦੇ ਮੰਤ੍ਰਾਂ ਨਾਲ ਸਿਧ ਹੁੰਦੇ ਸਨ?

( ਉਤ੍ਰ ) ਨਹੀ ਏਹੁ ਸਭ ਬਾਤਾਂ ਜਿਨਾਂ ਕਰਕੇ ਅਸਤ੍ਰ ਸ਼ਸਤ੍ਰਾਂ ਦੀ ਸਿਧੀ ਕਰਦੇ ਸਨ ਉਹ ਮੰਤ੍ਰ ਅਰਥਾਤ ਬਿਚਾਰ ਥੀਂ ਸਿਧ ਕਰਦੇ ਅਰ ਚਲਾਂਦੇ ਸਨ, ਅਰ ਜੋ ਮੰਤ੍ਰ ਅਰਥਾਤ ਸਬਦ ਮੈ ਹੁੰਦਾ ਹੈ ਓਸਥੀਂ ਕੋਈ ਦ੍ਰਬ ਉਤਪੰਨ ਨ ਹੀ ਹੁੰਦਾ, ਅਰ ਜੇ ਕੋਈ ਕਹ੍ਹੇ ਕਿ ਮੰਤ੍ਰ ਥੀਂ ਅਗਨੀ ਉਤਪੰਨ ਹੁੰਦੀ ਹੈ ਤਾਂ ਉਹ ਮੰਤ੍ਰ ਦੇ ਜਪ ਕਰਨ ਵਾਲੇ ਦੇ ਹਿਰਦੇ ਅਰ ਜ਼ਬਾਨ ਨੂੰ ਭਸਮ ਕਰ ਦੇਵੇ,

ਮਾਰਣ ਜਾਵੇ ਸ਼ਤ੍ਰ ਨੂੰ ਅਰ ਮਰ ਰਹੇ ਆਪ । ਏਸਲਈ ਮੰਤ੍ਰ ਨਾਂਮ ਹੈ ਵਿ-
ਚਾਰਦਾ ਜਿਸਤਰੌਂ ਰਾਜਮੰਤ੍ਰੀ ਅਰਥਾਤ ਰਾਜਦੇ ਕੰਮਾਂ ਦਾ ਵਿਚਾਰਕਰਨਵਾਲਾ
ਕਹਾਂਦਾ ਹੈ ਉਸੇਤਰਾਂ ਮੰਤ੍ਰ ਅਰਥਾਤ ਬਿਚਾਰ ਨਾਲ ਸ੍ਰਿਸ਼ਟੀ ਦੇ ਪਦਾਰਥਾਂ ਦਾ
ਪਹਿਲੋਂ ਗਿਆਨ, ਅਰ ਫੇਰ ਕ੍ਰਿਆ ਕਰਨ ਨਾਲ ਅਨੇਕ ਪ੍ਰਕਾਰ ਦੇਪਦਾਰਥ
ਅਰ ਕ੍ਰਿਆ ਕਉਸ਼ਲ ਉਤਪੰਨ ਹੁੰਦੇ ਹਨ, ਜਿਸਤਰਾਂ ਕੋਈ ਇਕ ਲੋਹੇਦਾਬਾਣ
ਵਾ ਗੋਲਾ ਬਣਾਕੇ ਓਸ ਵਿਚ ਅਜੇਹੇ ਪਦਾਰਥ ਰਖੇ ਕਿ ਜੋ ਅਗ ਦੇ ਲਗਾਂਣ
ਨਾਲ ਹਵਾ ਵਿਚ ਧੂੰਆਂ ਫੈਲੇ ਅਰ ਸੂਰਜ ਦੀ ਕਿਰਨ ਵਾ ਹਵਾ ਦੇ ਛੁਹਣ ਨਾ
ਲ ਅਗ ਬਲ ਪਵੇ ਇਸ਼ੇ ਦਾ ਨਾਂਮ ਆਗਨੇਯਾਸਤ੍ਰ ਹੈ,ਜਦ ਦੂਜਾ ਏਸਦਾ ਨਿਵਾ
ਰਣ ਕਰਨਾ ਚਾਹੇ ਤਾਂ ਓਸਦੇ ਉਤੇ ਵਰਣ ਅਸਤ੍ਰ ਛਡ ਦੇਵੇ ਅਰਥਾਤ ਜਿਸ
ਤਰਾਂ ਸ਼ਤ੍ਰ ਨੇ ਸ਼ਤਰੂ ਦੀ ਸੈਨਾ ਉਤੇ ਆਗਨੇਯ ਅਸਤ੍ਰ ਛੋਡਕੇ ਨਸ਼ਟ ਕਰਨਾ
ਚਾਹਿਆ ਉਸੇਤਰਾਂ ਅਪਣੀ ਸੈਨਾ ਦੀ ਰਖਿਆ ਲਈ ਸੈਨਾਪਤੀ ਵਾਰੁਣਅਸਤ੍ਰ
ਨਾਲ ਆਗਨੇਯ ਅਸਤ੍ਰ ਦਾ ਨਿਵਾਰਣ ਕਰੇ। ਉਹ ਅਜੇਹੇ ਪਦਾਰਥਾਂ ਦੇ ਜੋਗ
ਨਾਲ ਹੁੰਦਾ ਹੈ। ਜਿਸਦਾ ਧੂੰਆਂ ਹਵਾ ਨਾਲ ਲਗਦਿਆਂ ਹੀ ਬਦਲ ਹੋਕੇ
ਝਟ ਵਸੱਣ ਲਗ ਪਵੇ ਅਰ ਅਗ ਨੂੰ ਬੁਝਾ ਦੇਵੇ,ਇਸੇ ਤਰਾਂ ਹੀ ਨਾਗਫਾਂਸ
ਅਰਥਾਤ ਜੋ ਸ਼ਤ੍ਰ ਉੱਤੇ ਛਡੱਣ ਨਾਲ ਓਸਦੇ ਅੰਗਾਂ ਨੂੰ ਜਕੜਕੇ ਬੰਨ੍ਹ ਲੈਂਦਾ
ਹੈ ਉਸੇ ਤਰਾਂ ਹੀਇਕ ਮੋਹਿਨਾਸਤ੍ਰ ਅਰਥਾਤ ਜਿਸ ਵਿਚ ਨਸ਼ੇ ਦੀਆਂ ਚੀਜਾਂ
ਪਾਣ ਨਾਲ ਜਿਸਦੇ ਧੂੰਏਂ ਦੇ ਲਗਣੇ ਨਾਲ ਸਭ ਸ਼ਤ੍ਰ ਦੀ ਸੈਨਾਂ ਮੂਰਛਤ ਹੋ
ਜਾਵੇ,ਇਸੇ ਤਰਾਂ ਨਾਲ ਸਭ ਸ਼ਸਤ੍ਰ ਅਸਤ੍ਰ ਹੁੰਦੇ ਸਨ, ਅਰ ਇਕ ਤਾਰ ਨਾਲ
ਵਾ ਸ਼ੀਸ਼ੇ ਨਾਲ ਅਥਵਾ ਕਿਸੇ ਹੋਰ ਪਦਾਰਥ ਨਾਲ ਬਿਜਲੀ ਉਤਪੰਨ ਕਰਕੇ
ਸ਼ਤ੍ਰੂਆਂ ਦਾ ਨਾਸ਼ ਕਰਦੇ ਸਨ ਓਸ ਨੂੰ ਬੀ ਆਗਨੇਯ ਅਸਤ੍ਰ ਤਥਾ ਪਾਸ਼ੂਪ
ਤਾਸੱਤ੍ਰ ਕਹਿੰਦੇ ਹਨ,ਤੋਪ ਅਰ ਬੰਦੂਕ ਏਹ ਨਾਮ ਦੂਜੇ ਦੇਸ਼ ਦੀ ਭਾਸ਼ਾ ਦੇ ਹਨ
ਸੰਸਕ੍ਰਿਤ ਅਰ ਆਰਯਾਵਰਤੀ ਭਾਸ਼ਾ ਦੇ ਨਹੀਂ, ਕਿੰਤੂ ਜਿਸ ਨੂੰ ਬਿਦੇਸ਼ੀ ਲੋਕ
ਤੋਪ ਕਹਿੰਦੇ ਹਨ,ਸੰਸਕ੍ਰਿਤ ਅਰਆਰਯਾ ਭਾਸ਼ਾ ਵਿਚ ਓਸਦਾ ਨਾਂਮ ਸ਼ਤਘਨੀ
ਅਰ ਜਿਸ ਨੂੰ ਬੰਦੂਕ ਕਹੰਦੇ ਹਨ ਓਸਨੂੰ ਸੰਸਕ੍ਰਿਤ ਅਰ ਆਰਯਾ ਭਾਸ਼ਾ ਵਿਚ
ਭੁਸ਼ੁੰਡੀ ਕਹਿੰਦੇ ਹਨ,ਜੋ ਸੰਸਕ੍ਰਿਤ ਵਿਦਿੱਆ ਨੂੰ ਨਹੀਂ ਪੜ੍ਹੇ ਉਹ ਭ੍ਰਮ ਵਿਚ
ਪੈਕੇ ਕੁਝ ਦਾ ਕੁਝ ਲਿਖਦੇ ਅਰ ਕੁਝ ਦਾ ਕੁਝ ਬਕਦੇ ਹਨ । ਓਸਨੂੰ ਬੁਧੀ
ਮਾਂਨ ਲੋਗ ਪ੍ਰਮਾਣ ਨਹੀਂ ਕਰ ਸਕਦੇ,ਅਰ ਜਿੱਨੀ ਵਿਦਿੱਆ ਭੂਗੋਲ ਵਿਚ
ਫੈਲੀ ਹੈ ਉਹ ਸਭ ਆਰਯਾ ਵਰਤ ਦੇਸ਼ ਥੀਂ ਮਿਸਰ ਵਾਲਿਆਂ ਵਿਚ, ਉਨ੍ਹਾਂ ਤੋਂ
ਯੂਨਾਨੀਆਂ ਵਿਚ, ਉਨ੍ਹਾਂ ਥੀਂ ਰੋਮ, ਅਰ ਉਨ੍ਹਾਂ ਥੀਂ ਯੂਰਪ ਦੇਸ਼ ਵਿਚ, ਅਰ
ਉਨ੍ਹਾਂ ਥੀਂ ਅਮ੍ਰੀਕਾ ਆਦੀ ਦੇਸ਼ਾਂ ਵਿਚ ਫੈਲੀ ਹੈ, ਹੁਣ ਤਿਕ ਜਿਨੱਾਂ ਪ੍ਰਚਾਰ
ਸੰਸਕ੍ਰਿਤ ਵਿਦਿੱਆ ਦਾ ਆਰਯਾ ਵਰਤ ਦੇਸ਼ ਵਿਚ ਹੈ ਉਨੱਾਂ ਕਿਸੇ ਹੋਰ ਦੇਸ਼
ਵਿਚ ਨਹੀ, ਜੇਹੜੇ ਲੋਗ ਕਹਿੰਦੇ ਹਨ ਕਿ ਜਰਮਨੀ ਦੇਸ਼ ਵਿਚ ਸੰਸਕ੍ਰਿਤ

ਵਿਦਿੱਆ ਦਾ ਬਹੁਤ ਪ੍ਰਚਾਰ ਹੈ ਅਰ ਜਿਨਾਂ ਸੰਸਕ੍ਰਿਤ ਮੈਕਸਮੂਲਰ ਸਾਹਿਬ ਪੜ੍ਹੇ ਹਨ ਉਨਾਂ ਕੋਈ ਨਹੀਂ ਪੜ੍ਹਿਆ ਇਹ ਬਾਤ ਕਹਿਣ ਮਾਤ੍ਰ ਹੈ ਕਿਉਂਕਿ

"निरस्तपादपे देश एरण्डोऽपि द्रुमायते

ਅਰਥਾਤ ਜਿਸ ਦੇਸ਼ ਵਿਚ ਕੋਈ ਦ੍ਰਖਤ ਨਹੀ ਹੁੰਦਾ ਓਸ਼ ਦੇਸ਼ ਵਿਚ ਹਰਿੰਡ ਨੂੰ ਹੀ ਵਡਾ ਦ੍ਰਖਤ ਮਨ ਲੈਂਦੇ ਹਨ, ਉਸੇ ਤਰਾਂ ਯੂਰਪ ਦੇਸ਼ ਵਿਚ ਸੰਸਕ੍ਰਿਤ ਵਿਦਿਆ ਦਾ ਪ੍ਰਚਾਰ ਨਾ ਹੋਣ ਕਰਕੇ ਜਰਮਨੀ ਦੇ ਲੋਕਾਂ ਅਰ ਮੈਕਸਮੂਲਰ ਸਾਹਿਬ ਨੇ ਥੋੜਾ ਜਿਨਾਂ ਪੜ੍ਹਿਆ ਉਹੋਹੀ ਓਸ ਦੇਸ਼ਦੇਵਾਸਤੇ ਬਹੁਤ ਹੈ। ਪ੍ਰੰਤੂ ਆਰਯਾ ਵਰਤ ਦੇਸ਼ ਵਲ ਵੇਖੀਏ ਤਾਂ ਉਨ੍ਹਾਂਦੀ ਬਹੁਤ ਹੇਠਾਂ ਗਿਣਤੀ ਹੈ,ਕਿਉਂਕਿ ਮੈਨੇ ਜਰਮਨੀ ਦੇਸ਼ ਨਿਵਾਸੀ ਦੇ ਇਕ ਪ੍ਰਿੰਸੀਪਲ ਦੇ ਖਤਥੀਂ ਜਾਣਿਆ ਕਿ ਜਰਮਨੀ ਦੇਸ਼ ਵਿਚ ਸੰਸਕ੍ਰਿਤ ਚਿੱਠੀ ਦੇ ਅਰਥ ਕਰਨ ਵਾਲੇ ਬੀ ਬਹੁਤ ਘਟ ਹਨ, ਅਰ ਮੈਕਸਮੂਲਰ ਸਾਹਿਬ ਦੇ ਸੰਸਕ੍ਰਿਤ ਸਾਹਿਤਜ ਅਰ ਥੋੜੀ ਜੇਹੀ ਵੇਦਦੀ ਵਿਆਖਿਆ ਵੇਖਕੇ ਮੈਨੂੰ ਮਲੂਮ ਹੁੰਦਾ ਹੈ ਕਿ ਮੈਕਸਮੂਲਰ ਸਾਹਿਬ ਨੇ ਇਧਰ ਉਧਰ ਆਰਯਾਵਰਤੀ ਲੋਕਾਂ ਦੀ ਕੀਤੀ ਹੋਈ ਟੀਕਾ ਵੇਖਕੇ ਕੁਝ ਕੁਝ ਜਥਾ ਤਥਾ ਲਿਖਿਆ ਹੈ। ਜਿਸਤਰਾਂਕਿ

"युञ्जन्ति ब्रध्नमरुषं चरन्तं परितस्थुषः। रोचन्ते रोचना दिवि"

ਏਸ ਮੰਤ੍ਰ ਦਾ ਅਰਥ ਘੋੜਾ ਕੀਤਾ ਹੈ,ਏਸਤੋ ਤਾਂ ਸਾਇਣਾ ਚਾਰਯ ਨੇ ਸੂਰਜ ਅਰਥ ਕੀਤਾ ਹੈ ਸੋ ਅਛਾ ਹੈ। ਪ੍ਰੰਤੂ ਏਸਦਾ ਠੀਕ ਅਰਥ ਪਰਸੇਸ਼ੁਰ ਹੈ ਸੋ ਮੇਰੀ ਬਣਾਈ ਰਿਗਵੇਦ ਆਦੀ ਭਾਸ਼ ਭੂਮਕਾ ਵਿਚ ਵੇਖਲੌ ਓਸਵਿਚ ਏਸ ਮੰਤ੍ਰ ਦਾ ਅਰਥ ਜਥਾਰਥ ਕੀਤਾ ਹੈ ਇਨੇ ਤੋਂ ਹੀ ਜਾਣ ਲੌ ਕਿ ਜਰਮਨੀ ਦੇਸ਼ ਅਰ ਮੈਕਸਮੂਲਰ ਸਾਹਿਬ ਵਿਚ ਸੰਸਕ੍ਰਿਤ ਵਿਦਿੱਆ ਦੀ ਕਿੰਨੀ ਪੰਡਤਾਈ ਹੈ, ਇਹ ਨਿਸਚੇ ਹੈ ਕਿ ਜਿੱਨੀ ਵਿਦਿਆ ਅਰ ਮਤ ਭੂਗੋਲ ਵਿਚ ਫੈਲੇ ਹਨ ਉਹ ਸਭ ਆਰਯਾਵਰਤ ਦੇਸ਼ਹੀ ਤੋਂ ਪ੍ਰਚਲਤ ਹੋਏ ਹਨ,ਵੇਖੋ ਇਕਜੇ ਕਾਲੀਯਟ ਸਾਹਬ ਪਾਰਸ ਅਰਥਾਤ ਫ੍ਰਾਂਸ ਦੇਸ਼ ਨਿਵਾਸੀ ਅਪਣੇ ਗਰੰਥ 'ਬਾਇਬਲ ਇਨ ਇੰਡੀਆ' ਵਿਚ ਲਿਖਦ ਹਨ ਕਿ ਸਭ ਵਿਦਿਆ ਅਰ ਭਲਿਆਈਆਂ ਦਾ ਭੰਡਾਰ ਆਰਯਾਵਰਤ ਦੇਸ਼ ਹੈ, ਅਰ ਸਭ ਵਿਦੱਜਾ, ਤਥਾ ਮਤ, ਏਸ ਦੇਸ਼ ਤੋਂ ਪ੍ਰਚਲਤ ਹੋਏ ਹਨ, ਅਰ ਪਰਮਾਤਮਾਂ ਦੀ ਪ੍ਰਾਰਥਨਾ ਕਰਦੇ ਹਨ, ਕਿ ਹੇ ਪਰਮੇਸ਼ੁਰ ਜਿਸ ਤਰਾਂ ਦੀ ਉਨੱਤੀ ਆਰਯਾਵਰਤ ਦੇਸ਼ ਦੀ ਪਹਿਲੇ ਜਮਾਨੇ ਵਿਚ ਸੀ ਉਹੋ ਜੇਹੀ ਸਾਡੇ ਦੇਸ਼ਦੀ ਕਰੋ। ਏਹ ਲਿਖਦੇ ਹਨ ਓਸ ਗ੍ਰੰਥ ਵਿਚ ਵੇਖ ਲੌ, ਤਥਾ ਦਾਰਾਸ਼ਕੋਹ ਬਾਦਸ਼ਾਹ ਨੇ ਬੀ ਇਹੁ ਨਿਸਚੇ ਕੀਤੀ ਸੀ ਕਿਜਿਸ ਤਰਾਂ ਦੀ ਪੂਰੀ ਵਿਦਿਆ ਸੰਸਕ੍ਰਿਤ ਵਿਚ ਹੈ ਓਸਤਰਾਂ ਦੀ ਕਿਸੇ ਭਾਸ਼ਾ ਵਿਚ ਨਹੀ ਉਹ ਏਸਤਰਾਂ ਦੀ ਬਾਤ ਉਪਨਿਸ਼ਦਾਂ ਦੇ ਤਰਜਮੇ ਵਿਚ ਲਿਖਦੇ ਹਨ ਕਿ ਮੈਂਨੇ

ਅਰਬੀ ਆਦੀ ਬਹੁਤੇਰੀਆਂ ਭਾਸ਼ਾ ਪੜੀਆਂ ਪ੍ਰੰਤੂ ਮੇਰੇ ਮਨ ਦਾ ਸੰਦੇਹ ਛੁਟਕੇ ਅਨੰਦ ਨਾ ਹੋਇਆ, ਜਦ ਸੰਸਕ੍ਰਿਤ ਵੇਖੀ ਅਰ ਸੁਣੀ ਤਦ ਨਿਰ ਸੰਦੇਹ ਹੋਕੇ ਮੈਨੂੰ ਬਡਾ ਅਨੰਦ ਹੋਇਆ ਹੈ। ਵੇਖੋ ਕਾਂਸ਼ੀ ਦੇ ਮਾਂਨ ਮੰਦ੍ਰ ਵਿਚ ਸ਼ਿਸ਼ੁਮਾਰ ਚਕ੍ਰ ਨੂੰ ਕਿ ਜਿਸਦੀ ਪੂਰੀ ਰਖਿਆ ਬੀ ਨਹੀ ਰਹੀ ਹੈ ਤਾਂਬੀ ਕਿਨੱਾ ਉਤਮ ਹੈ ਕਿ ਜਿਸ ਵਿਚ ਹੁਣਤਿਕ ਬੀ ਖਗੋਲ ਦਾ ਬਹੁਤ ਸਾਰਾ ਬ੍ਰਿਤਾਂਤ ਮਲੂੰਮ ਹੁੰਦਾ ਹੈ, ਜੇਕਰ ਸ੍ਵਾਈਜੈ ਪੁਰਾਧੀਸ਼ ਓਸਦੀ ਸੰਭਾਲਣਾ ਕਰਨ ਗੇ ਅਰ ਟੁਟੇ ਫੁਟੇ ਨੂੰ ਬ ਣਵਾਂਦੇ ਰਿਹਾ ਕਰਨ ਗੇ ਤਾਂ ਬਹੁਤ ਅਛਾ ਹੋਵੇਗਾ। ਪ੍ਰੰਤੂ ਅਜੇਹੇ ਸਿਰੋਮਣੀ ਦੇਸ਼ ਨੂੰ ਮਹਾਂਭਾਰਥ ਦੇ ਜੁਧ ਨੇ ਅਜੇਹਾ ਧੱਕਾ ਮਾਰਿਆ ਹੈ ਕਿ ਹੁਣ ਤਿਕ ਬੀ ਏਹ ਅਪਣੀ ਪਹਿਲੀ ਅਵਸਥਾ ਵਿਚ ਨਹੀਂ ਆਇਆ, ਕਿਉਂਕਿ ਜਦ ਭਰਾ ਨੂੰ ਭਰਾ ਮਾਰਨ ਲਗੇ ਤਾਂ ਨਾਸ਼ ਹੋਣ ਵਿਚ ਕੀ ਸੰਦੇਹ।

## "ਵਿਨਾਸ਼ ਕਾਲੇ ਵਿਪ੍ਰੀਤ ਬੁਧੀ"

ਏਹ ਕਿਸੇ ਕਵੀ ਦਾ ਬਚਨ ਹੈ ਕਿ ਜਦ ਨਾਸ਼ ਹੋਣ ਦਾ ਸਮਾ ਨਜੀਕ ਆਂਉਦਾ ਹੈ ਤਦ ਉਲਟੀ ਬੁਧ ਹੋਕੇ ਉਲਟੇ ਕੰਮ ਕਰਦੇ ਹਨ, ਕੋਈ ਉਨ੍ਹਾਂ ਨੂੰ ਸਿਧੱਾ ਸਮਝਾਵੇ ਤਾਂ ਉਲਟਾ ਮਨਨ, ਅਰ ਉਲਟਾ ਸਮਝਾਵੇ ਓਸਨੂੰ ਸਿਧੱਾ ਮਨਨ, ਜਦ ਵਡੇ ਵਡੇ ਵਿਦਵਾਂਨ, ਰਾਜਾ, ਮਹਾਂਰਾਜਾ, ਰਿਖੀ, ਮਹਾਂ ਰਿਖੀ ਲੋਗ ਮਹਾਂਭਾਰਥ ਦੇ ਜੁਧ ਵਿਚ ਬਹੁਤ ਸਾਰੇ ਮਾਰੇ ਗਏ ਤਦ ਵਿਦਯਾ ਅਰ ਵੇਦੋਕਤ ਧਰਮ ਦਾ ਪ੍ਰਚਾਰ ਨਸ਼ਟ ਹੋਗਿਆ, ਈਰਖਾ, ਦ੍ਵੈਸ਼, ਅਭਿਮਾਂਨ, ਆਪਸ ਵਿਚ ਕਰਨ ਲਗੇ, ਜੋ ਬਲਵਾਂਨ ਹੋਇਆ ਉਹ ਦੇਸ਼ ਨੂੰ ਦਬਾਕੇ ਰਾਜਾ ਬਣ ਬੈਠਾ, ਉਸੇ ਤਰਾਂ ਹੀ ਸਰਬਤ੍ਰ ਆਰਯਾ ਵਰਤ ਦੇਸ਼ ਵਿਚ ਖੰਡ ਬੰਡ ਰਾਜ ਹੋਗਿਆ ਫੇਰ ਦੀਪ ਦੀਪਾਂਤ੍ਰ ਦੇ ਰਾਜ ਦੀ ਬਿਵਸ਼ਥਾ ਕੌਣ ਕਰੇ, ਜਦ ਬ੍ਰਾਹਮਣ ਲੋਗ ਵਿਦਿੱਆ ਹੀਨ ਹੋਏ ਤਦ ਖਤ੍ਰੀ ਵੈਸ਼ ਅਰ ਸ਼ੂਦ੍ਰਾਂ ਦੇ ਅਵਿਦਵਾਂਨ ਹੋਣ ਦੀ ਤਾਂ ਕਥਾ ਹੀ ਕੀ ਕਹਿਣੀ, ਜੋ ਪਰੰਪ੍ਰਾਥੀਂ ਵੇਦ ਆਦੀ ਸ਼ਾਸਤ੍ਰਾਂ ਦਾ ਅਰਥ ਸਹਿਤ ਪੜ੍ਹਨ ਦਾ ਪ੍ਰਚਾਰ ਸੀ ਉਹ ਬੀ ਛੁਟ ਗਿਆ, ਕੇਵਲ ਗੁਜਾਰੇ ਲਈ ਪਾਠ ਮਾਤ੍ਰ ਬ੍ਰਾਹਮਣ ਲੋਗ ਪੜ੍ਹਦੇ ਰਹੇ, ਸੋ ਪਾਠਮਾਤ੍ਰ ਬੀ ਖਤ੍ਰੀਆਂ ਨੂੰ ਨਾ ਪੜ੍ਹਾਇਆ, ਕਿਉਂਕਿ ਜਦ ਅਵਿਦੱਵਾਂਨ ਹੋਏ ਗੁਰੂ ਬਣ ਗਏ ਤਦ ਛਲ, ਕਪਟ, ਅਧਰਮ ਬੀ ਉਨ੍ਹਾਂ ਵਿਚ ਵਧਨ ਲਗਾ, ਬ੍ਰਾਹਮਣਾਂ ਨੈ ਵਿਚਾਰਿਆ ਕਿ ਅਪਣੀ ਰੋਟੀ ਦਾ ਪ੍ਰਬੰਧ ਬਨ੍ਹਣਾ ਚਾਹੀਏ, ਸਮਤੀ ਕਰਕੇ ਏਹੀ ਨਿਸਚੇ ਕਰਕੇ ਖਤ੍ਰੀ ਆਦੀ ਨੂੰ ਓਪਦੇਸ਼ ਕਰਨ ਲਗੇ ਕਿ ਅਸੀ ਹੀ ਤੁਹਾਡੇ ਪੂਜਦੇਵ ਹਾਂ, ਬਗੈਰ ਸਾਡੀ ਸੇਵਾ ਕੀਤੇ ਤੁਹਾਨੂੰ ਸ੍ਵਰਗ ਵਾ ਮੁਕਤੀ ਨਾ ਮਿਲਗੀ, ਕਿੰਤੂ ਜੇ ਤੁਸੀ ਸਾਡੀ ਸੇਵਾ ਨਾ ਕਰੋਗੇ ਤਾਂ ਘੋਰ ਨਰਕ ਵਿਚ ਪਵੋਗੇ, ਜੋ ਜੋ ਪੂਰਣ ਵਿਦਿੱਆ ਵਾਲੇ ਧਾਰਮਿਕਾਂ ਦਾ ਨਾਮ ਬ੍ਰਾਹਮਣ ਅਰ ਪੂਜਾ ਦੇ ਜੋਗ ਵੇਦ ਅਰ ਰਿਖੀ ਮਨੀਆਂ

ਦੇ ਸ਼ਾਸਤ੍ਰਾਂ ਵਿਚ ਲਿਖਿਆ ਸੀ ਉਨ੍ਹਾਂ ਨੂੰ ਅਪਣੇ ਜੇਹੇ ਮੂਰਖ, ਵਿਸ਼ਈ, ਕਪਟੀ, ਲੰਪਟ, ਅਧਰਮੀਆਂ ਉਤੇ ਘਟਾ ਬੈਠੇ, ਭਲਾ ਉਹ ਆਪਤ ਵਿਦਵਾਨਾਂ ਦੇ ਲਖਣ ਇਨ੍ਹਾਂ ਮੂਰਖਾਂ ਉਤੇ ਕਦ ਘਟ ਸਕਦੇ ਹਨ, ਪ੍ਰੰਤੂ ਜਦ ਖਤ੍ਰੀ ਆਦੀ ਜਜਮਾਂਨ ਸੰਸਕ੍ਰਿਤ ਵਿਦਿੱਆ ਥੀਂ ਅਤਯੰਤ ਰਹਿਤ ਹੋਏ ਤਦ ਉਨ੍ਹਾਂ ਦੇ ਸਾਂਮਣੇ ਜੋ ਜੋ ਗਪ ਮਾਰੀ ਸੋ ਸੋ ਵਿਚਾਰਿਆਂ ਨੈ ਸਭ ਮੰਨ ਲੀਤੀ, ਤਦ ਇਨ੍ਹਾਂ ਨਾਮ ਦੇ ਬ੍ਰਾਹਮਣਾਂ ਦੀ ਬਣ ਪਈ, ਸਭ ਨੂੰ ਅਪਣੇ ਬਚਨ ਜਾਲ ਵਿਚ ਬੰਨ੍ਹਕੇ ਵਸ ਵਿਚ ਕਰ ਲੀਤਾ ਅਰ ਕਹਿਣ ਲਗੇ,

## 'ਬ੍ਰਹਮ ਵਾਕਯੰ ਜਨਾਰਦਨः'

ਅਰਥਾਤ ਜੋ ਕੁਝ ਬ੍ਰਾਹਮਣਾਂ ਦ ਮੁਖ ਥੀਂ ਬਚਨ ਨਿਕਲਦਾ ਹੈ ਉਹ ਜਾਣੋ ਸਾਖਿਆਤ ਭਗਵਾਂਨ ਦੇ ਮੁਖ ਥੀਂ ਨਿਕਲਿਆ। ਜਦ ਖਤ੍ਰੀ ਆਦੀ ਵਰਣ ਅਖੱ ਦੇ ਅੰਨ੍ਹੇ ਅਰ ਗੰਢ ਦੇ ਪੂਰੇ ਅਰਥਾਤ ਅੰਦ੍ਰਲੀ ਵਿਦਿੱਆ ਦੀ ਅਖੱ ਫੁੱਟੀ ਹੋਈ ਅਰ ਜਿਨ੍ਹਾਂ ਦੇ ਪਾਸ ਧਨ ਬਹੁਤੇਰਾ ਹੈ ਏਹੋ ਜੇਹੇ ਚੇਲੇ ਮਿਲੇ ਫੇਰ ਤਾਂ ਇਨ੍ਹਾਂ ਬਿਅਰਥ ਬ੍ਰਾਹਮਣ ਨਾਂਮ ਵਾਲਿਆਂ ਨੂੰ ਵਿਸ਼ੇ ਆਨੰਦ ਦਾ ਬਾਗ ਮਿਲ ਗਿਆ, ਏਹ ਬੀ ਉਨ੍ਹਾਂ ਲੋਕਾਂ ਨੈ ਪ੍ਰਸਿਧ ਕੀਤਾ ਕਿ ਜੋ ਕੁਝ ਪ੍ਰਿਥਵੀ ਵਿਚ ਉਤੱਮ ਪਦਾਰਥ ਹਨ ਉਹ ਸਭ ਬ੍ਰਾਹਮਣਾਂ ਦੇ ਲਈ ਹਨ, ਅਰਥਾਤ ਜੋ ਗੁਣ, ਕਰਮ, ਸੁਭਾਉ ਥੀਂ ਬ੍ਰਾਹਮਣ ਆਦੀ ਵਰਣ ਬਿਵਸਥਾ ਸੀ ਉਸਨੂੰ ਨਸ਼ਟ ਕਰਕੇ ਜਨਮ ਉੱਤੇ ਰਖ ਦਿਤੀ, ਅਰ ਮੁਏ ਹੋਏ ਤ੍ਰਿਕ ਦਾ ਬੀ ਦਾਂਨ ਜਜਮਾਨਾਂ ਕੋਲੋਂ ਲੈਣ ਲਗੇ, ਜਿਸਤਰਾਂ ਅਪਣੀ ਇਛਿਆ ਹੋਈ ਉਸੇਤਰਾਂ ਵਰਤਣਲਗੇ, ਏਥੋਂ ਤਿਕ ਕੀਤਾ ਕਿ ਅਸੀ ਭੂਦੇਵ ਹਾਂ, ਸਾਡੀ ਸੇਵਾ ਤੋਂ ਬਗੈਰ ਦੇਵਲੋਕ ਕਿਸੇ ਨੂੰ ਨਹੀਂ ਮਿਲ ਸਕਦਾ, ਇਨ੍ਹਾਂ ਕੋਲੋਂ ਪੁਛਣਾ ਚਾਹੀਏ ਕਿ ਤੁਸੀ ਕਿਸ ਲੋਕ ਵਿਚ ਪਵੋਗੇ, ਤੁਹਾਡੇ ਕੰਮ ਤਾਂ ਘੋਰ ਨਰਕ ਭੋਗਣ ਦੇ ਹਨ, ਕੀੜੇ, ਮਕੌੜੇ, ਜਨਾਉਰ ਆਦੀ ਬਣੋਗੇ ਤਦ ਤਾਂ ਵਡੇ ਗੁਸੇ ਹੋਕੇ ਕਹਿੰਦੇ ਹਨ ਅਸੀ ਸ਼੍ਰਾਪ ਦੇਵਾਂਗੇ ਤਾਂ ਤੁਹਾਡਾ ਨਾਸ਼ ਹੋਜਾਵੇਗਾ, ਕਿਉਂਕਿ ਲਿਖਿਆ ਹੈ ਕਿ

## 'ਬ੍ਰਹਮ ਦ੍ਰੋਹੀ ਵਿਨਸ਼ਯਤੀ'

ਕਿ ਜੋ ਬ੍ਰਾਹਮਣਾਂ ਨਾਲ ਵਿਰੋਧ ਕਰਦਾ ਹੈ ਓਸਦਾ ਨਾਸ਼ ਹੋ ਜਾਂਦਾ ਹੈ, ਹਾਂ ਇਹ ਬਾਤ ਤਾਂ ਸਚੀ ਹੈ ਕਿ ਜੋ ਪੂਰਣ ਵੇਦ ਅਰ ਪਰਮੇਸ਼੍ਵਰ ਨੂੰ ਜਾਣਨ ਵਾਲੇ ਧਰਮਾਤਮਾ, ਸਭ ਜਗਤ ਦੇ ਉਪਕਾਰਕ ਪੁਰਖਾਂ ਨਾਲ ਕੋਈ ਦ੍ਵੇਸ਼ ਕਰੇਗਾ ਉਹ ਜਰੂਰ ਨਸ਼ਟ ਹੋਵੇਗਾ, ਪ੍ਰੰਤੂ ਜੋ ਬ੍ਰਾਹਮਣ ਨਾ ਹੋਂਨ, ਨਾ ਉਨ੍ਹਾਂ ਦਾ ਬ੍ਰਾਹਮਣ ਨਾਮ, ਅਰ ਨਾਂ ਉਨ੍ਹਾਂ ਦੀ ਸੇਵਾ ਕਰਨੀ ਜੋਗ ਹੈ।

(ਪ੍ਰਸ਼ਨ) ਤਾਂ ਅਸੀ ਕਉਣ ਹਾਂ ?

(ਉਤ੍ਰ) ਤੁਸੀ ਪੋਪ ਹੋ।

(ਪ੍ਰਸ਼ਨ) ਪੋਪ ਕਿਸ ਨੂੰ ਕਹਿੰਦੇ ਹਨ?

(ਉਤ੍ਰ) ਉਸਦੀ ਸੂਚਨਾ ਰੋਮਨ ਭਾਸ਼ਾ ਵਿਚ ਤਾਂ ਵਡੇ ਅਰ ਪਿਤਾ ਦਾ ਨਾਂਉ ਪੋਪ ਹੈ, ਪ੍ਰੰਤੂ ਹੁਣ ਛਲ ਕਪਟ ਨਾਲ ਦੂਜੇ ਨੂੰ ਠਗਕੇ ਅਪਣਾ ਪ੍ਰਯੋਜਨ ਸ਼ਾਧਨ ਵਾਲੇ ਨੂੰ ਪੋਪ ਕਹਿੰਦੇ ਹਨ।

(ਪ੍ਰਸ਼ਨ) ਅਸੀ ਤਾਂ ਬ੍ਰਾਹਮਣ ਅਰ ਸਾਧੂ ਹਾਂ ਕਿਉਂਕਿ ਸਾਡਾ ਪਿਉ ਬ੍ਰਾਹਮਣ ਅਰ ਮਾਂ ਬ੍ਰਾਹਮਣੀ ਤਥਾ ਅਸੀ ਫਲਾਣੇ ਸਾਧੂ ਦੇ ਚੇਲੇ ਹਾਂ।

(ਉਤ੍ਰ) ਏਹ ਸਚ ਹੈ, ਪ੍ਰੰਤੂ ਸੁਣੋ ਭਰਾਓ! ਮਾ, ਪਿਉ, ਬ੍ਰਹਮਣ, ਬ੍ਰਾਹਮਣੀ ਹੋਣ ਕਰਕੇ ਅਰ ਕਿਸੇ ਸਾਧੂ ਦੇ ਚੇਲੇ ਹੋਣ ਉੱਤੇ ਬ੍ਰਾਹਮਣ ਵਾ ਸਾਧੂ ਨਹੀਂ ਹੋ ਸਕਦੇ ਕਿੰਤੂ ਬ੍ਰਾਹਮਣ ਅਰ ਸਾਧੂ ਅਪਣੇ ਉੱਤਮ ਗੁਣ, ਕਰਮ, ਸੁਭਾਉ ਕਰਕੇ ਹੁੰਦੇ ਹਨ, ਜੋਕਿ ਪਰਉਪਕਾਰੀ ਹੋਵੇ, ਸੁਣਿਆ ਹੈ ਕਿ ਜਿਸ ਤਰਾਂ ਰੋਮ ਦੇ ਪੋਪ ਅਪਣੇ ਚੇਲਿਆਂ ਨੂੰ ਕਹਿੰਦੇ ਸਨ ਕਿ ਤੁਸੀ ਅਪਣੇ ਪਾਪ ਸਾਡੇ ਸਾਮਣੇ ਕਹੋਗੇ ਤਾਂ ਅਸੀ ਖਿਮਾਂ ਕਰ ਦਿਆਂਗੇ, ਬਗੇਰ ਸਾਡੀ ਸੇਵਾ ਅਰ ਆਗਿਆ ਦੇ ਕੋਈ ਬੀ ਸ੍ਵਰਗ ਵਿਚ ਨਹੀਂ ਜਾਂ ਸਕਦਾ, ਜੇ ਤੁਸੀ ਸ੍ਵਰਗ ਵਿਚ ਜਾਣਾ ਚਾਹੋ ਤਾਂ ਸਾਡੇ ਪਾਸ ਜਿਨੇਂ ਰੁਪਯੇ ਜਮਾਂ ਕਰੋਗੇ ਉੱਨੇ ਦੀ ਹੀ ਸਮਗ੍ਰੀ ਤੁਹਾਨੂੰ ਸ੍ਵਰਗ ਵਿਚ ਮਿਲੇਗੀ, ਏਸਤਰਾਂ ਜਦ ਕੋਈ ਸੁਣਕੇ ਅੱਖ ਦਾ ਅਨ੍ਹਾਂ ਅਰ ਗੰਢ ਦਾ ਪੂਰਾ ਸ੍ਵਰਗ ਵਿਚ ਜਾਣ ਦੀ ਇਛਿਆ ਕਰਕੇ ਪੋਪ ਜੀ ਨੂੰ ਪੂਰੇ ਰੁਪਯੇ ਦੇਂਦਾ ਸੀ ਤਦ ਉਹ ਪੋਪ ਜੀ ਈਸਾ ਅਰ ਮਰਯਮ ਦੀ ਮੂਰਤੀ ਦੇ ਸਾਮਣੇ ਖਲੋਕੇ ਏਸ ਪ੍ਰਕਾਰ ਦੀ ਹੁੰਡੀ ਲਿਖਾਕਰ ਦੇਂਦਾ ਸੀ, ਹੇ 'ਖੁਦਾਵੰਦ ਈਸ਼ਾਮਸੀਹ' ਫਲਾਣੇ ਮਨੁਖੱ ਨੈ ਤੇਰੇ ਨਾਮ ਉਤੇ ਲਖ ਰੁਪਯੇ ਸ੍ਵਰਗ ਵਿਚ ਆਵਣ ਦੇ ਵਾਸਤੇ ਸਾਡੇ ਪਾਸ ਜਮਾਂ ਕਰ ਦਿਤੇ ਹਨ, ਜਦ ਉਹ ਸ੍ਵਰਗ ਵਿਚ ਆਵੇ ਤਦ ਤੂੰ ਅਪਣੇ ਪਿਉ ਦੇ ਸ੍ਵਰਗ ਦੇ ਰਾਜ ਵਿਚ ਪੰਜੀ ਹਜਾਰ ੨੫੦੦੦ ਰੁਪੱਯਾਂ ਵਿਚ ਬਾਗ ਬਗੀਚੇ, ਅਰ ਮਕਾਨ ਆਦੀ, ਪੰਜੀ ਹਜਾਰ ੨੫੦੦੦ ਰੁਪੱਯਾਂ ਵਿਚ ਸਵਾਰੀ ਸ਼ਿਕਾਰੀ ਅਰ ਨੌਕਰ ਚਾਕਰ, ਪੰਜੀ ਹਜਾਰ ੨੫੦੦੦ ਰੁਪਯੱਾਂ ਵਿਚ ਖਾਂਣਾ ਪੀਣਾ, ਕਪੜਾ ਲਤੱਾ, ਅਰ ਪੰਜੀ ਹਜਾਰ ੨੫੦੦੦ ਰੁਪਯੇ ਏਸ ਦੇ ਇਸ਼ਟ ਮਿਤ੍ਰ, ਭਰਾ, ਸਰਬੰਧੀ ਆਦੀ ਦੀ ਜ਼ਿਆਫਤ ਦੇ ਵਾਸਤੇ ਦਿਵਾ ਦੇਣੇ, ਫੇਰ ਓਸ ਹੁੰਡੀ ਦੇ ਹੇਠਾਂ ਪੋਪ ਜੀ ਅਪਣੀ ਸਹੀ ਕਰਕੇ ਹੁੰਡੀ ਓਸਦੇ ਹਥ ਵਿਚ ਦੇਕੇ ਕਹਿੰਦੇ ਸਨ ਕਿ ਜਦ ਤੂੰ ਮਰੇਂ ਤਦ ਏਸ ਹੁੰਡੀ ਨੂੰ ਕਬਰ ਵਿਚ ਅਪਣੇ ਸਿਰ੍ਹਾਣੇ ਧਰ ਲੈਣ ਦੇ ਵਾਸਤੇ ਅਪਣੇ ਕੁਟੰਬ ਨੂੰ ਕਹਿ ਰਖਣਾ, ਫੇਰ ਤੈਨੂੰ ਲੈ ਜਾਂਣ ਦੇ ਵਾਸਤੇ ਫਰਿਸ਼ਤੇ ਆਂਵਨਗੇ, ਤਦ ਤੈਨੂੰ ਅਰ ਤੇਰੀ ਹੁੰਡੀ ਨੂੰ ਸ੍ਵਰਗ ਵਿਚ ਲਿਜਾਕੇ ਲਿਖੇ ਪ੍ਰਮਾਣ ਸਭ

ਚੀਜਾਂ ਤੈਨੂੰ ਦਿਵਾ ਦੇਨਗੇ।

ਹੁਣ ਵੇਖੋ ਜਾਣੋ ਸ੍ਵਰਗ ਦਾ ਠੇਕਾ ਪੋਪ ਜੀਨੇ ਲੈ ਲੀਤਾ ਹੈ, ਜਦ ਤਿਕ ਯੂਰਪ ਦੇਸ਼ ਵਿਚ ਮੂਰਖਤਾ ਸੀ ਤਦੋਂ ਤਿਕ ਓਥੇ ਪੋਪ ਜੀਦੀ ਲੀਲਾ ਚਲਦੀ ਸੀ ਪ੍ਰੰਤੂ ਹੁਣ ਵਿਦਿਆ ਦੇ ਹੋਣ ਕਰਕੇ ਪੋਪ ਜੀਦੀ ਝੂਠੀ ਲੀਲਾ ਬਹੁਤ ਨਹੀਂ ਚਲਦੀ ਕਿੰਤੂ ਜੜ੍ਹ ਤੋਂ ਪੁੱਟੀ ਬੀ ਨਹੀਂ ਗਈ, ਉਸੇ ਤਰਾਂ ਆਰਯਾ ਵਰਤ ਦੇਸ਼ ਵਿਚ ਬੀ ਜਾਣੋ ਪੋਪ ਜੀਨੇ ਲਖ ਔਤਾਰ ਲੈਕੇ ਲੀਲਾ ਫਲਾਈ ਹੈ ਅਰਥਾਤ ਰਾਜਾ ਅਰ ਪਰਜਾ ਨੂੰ ਵਿਦਯਾ ਨ ਪੜਨ ਦੇਣਾ, ਚੰਗੇ ਪੁਰਖਾਂ ਦਾ ਸੰਗ ਨ ਹੋਣ ਦੇਣਾ, ਰਾਤ ਦਿਨ ਬਕਾਣ ਤੋਂ ਬਗੈਰ ਦੂਜਾ ਕੁਝ ਬੀ ਕੰਮ ਨਾ ਕਰਨਾ, ਪ੍ਰੰਤੂ ਏਹ ਬਾਤ ਧਿਆਂਨ ਵਿਚ ਰਖਣੀ ਕਿ ਜੋ ਜੋ ਛਲ, ਕਪਟ, ਆਦੀ ਖਰਾਬ ਵਿਹਾਰ ਕਰਦੇ ਹਨ ਉਹੋ ਹੀ ਪੋਪ ਕਹਾਂਦੇ ਹਨ, ਜੋ ਕੋਈ ਉਨ੍ਹਾਂ ਵਿਚ ਬੀ ਧਾਰਮਿਕ ਵਿਦਵਾਂਨ ਪਰ ਉਪਕਾਰੀ ਹਨ ਉਹ ਸਚੇ ਬ੍ਰਾਹਮਣ ਅਰ ਸਾਧੂ ਹਨ। ਹੁਣ ਉਨ੍ਹਾਂ ਛਲੀਏ,ਕਪਟੀ, ਸ੍ਵਾਰਥੀ ਲੋਕਾਂ (ਮਨੁੱਖਾਂ ਨੂੰ ਠਗਕੇ ਅਪਣਾ ਪ੍ਰਯੋਜਨ ਸਿਧ ਕਰਨ ਵਾਲੇ) ਹੀ ਦਾ ਗ੍ਰਹਿਣ 'ਪੋਪ' ਸ਼ਬਦ ਕਰਕੇ ਕਰਨਾ, ਅਰ ਬ੍ਰਾਹਮਣ ਤਥਾ ਸਾਧੂ ਨਾਂਮ ਕਰਕੇ ਉਤੱਮ ਪੁਰਖਾਂ ਦਾ ਸ੍ਵੀਕਾਰ ਕਰਨਾ ਜੋਗ ਹੈ,ਵੇਖੋ! ਜੋ ਕੋਈ ਬੀ ਉਤੱਮ ਬ੍ਰਾਹਮਣ ਵਾ ਸਾਧੂ ਨਾ ਹੁੰਦਾ ਤਾਂ ਵੇਦ ਆਦੀ ਸਤ ਸ਼ਾਸਤ੍ਰਾਂ ਦੇ ਪੁਸਤਿਕ ਸ੍ਵਰ ਸਹਿਤ ਦਾ ਪਠਨ ਪਾਠਨ, ਜੈਨ, ਮੁਸਲਮਾਂਨ, ਈਸਾਈ ਆਦੀ ਦੇ ਜਾਲ ਥੀਂ ਬਚਕੇ ਆਰਯਾਂ ਨੂੰ ਵੇਦ ਆਦੀ ਸਤ ਸ਼ਾਸਤ੍ਰਾਂ ਵਿਚ ਪ੍ਰੀਤੀ ਜੁਕਤ ਵਰਣ ਆਸ਼੍ਰਮਾਂ ਵਿਚ ਰਖਣਾ ਇਸ ਤਰਾਂ ਕਉਣ ਕਰ ਸਕਦਾ ਬਗੈਰ ਬ੍ਰਾਹਮਣ ਸਾਧੂਆਂ ਦੇ

"विषादप्यमृतंग्राह्यम्" मनु० ॥

ਬਿਖ ਥੀਂ ਬੀ ਅੰਮ੍ਰਿਤਦੇ ਗ੍ਰਹਿਣ ਕਰਨ ਦੇ ਸਮਾਨ, ਪੋਪ ਲੀਲਾ ਦੀ ਬਕਾਵਟ ਵਿਚੋਂ ਬੀ ਆਰਯਾਂ ਦਾ ਜੈਨ ਆਦੀ ਮਤਾਂ ਥੀਂ ਬਚ ਰਹਣਾ ਜਾਣੋ ਬਿਖ ਵਿਚ ਅੰਮ੍ਰਿਤ ਦੇ ਸ ਮਾਂਨ ਗੁਣ ਸਮਝਣਾ ਚਾਹੀਏ, ਜਦ ਜਜਮਾਂਨ ਵਿਦਯਾ ਹੀ ਨ ਹੋਏ ਅਰ ਆਪ ਕੁਝ ਪਾਠ ਪੂਜਾ ਪੜ੍ਹਕੇ ਅਭਿਮਾਂਨ ਵਿਚ ਆਕੇ ਸਭ ਲੋਕਾਂ ਨੇ ਇਕ ਦੂਜੇ ਨਾਲ ਸਮਤੀ ਕਰਕੇ ਰਾਜਾ ਆਦੀ ਨੂੰ ਆਖਿਆ ਕਿ ਬ੍ਰਾਹਮਣ ਅਰ ਸਾਧੂ ਅਦੰਡ ਹਨ ਵੇਖੋ:—

## 'ਬ੍ਰਾਮਣੋ ਨਹੰਤਵਯਃ ਸਾਧੁਰਨ ਹੰਤਵਯਃ

ਅਜੇਹੇ ਅਜੇਹੇ ਬਚਨਜੋ ਕਿ ਸਚੇ ਬ੍ਰਾਹਮਣ ਅਰ ਸਾਧੂਆਂਦੇ ਵਿਸ਼ੇ ਵਿਚ ਸਨ ਸੋ ਪੋਪਾਂ ਨੇ ਆਪਣੇ ਉਤੇ ਘਟਾ ਲੀਤੇ,ਹੋਰ ਬੀ ਝੂਠੇ੨ਬਚਨਾਂ ਵਾਲੇ ਗ੍ਰੰਥ ਰਚਕੇ ਉਨ੍ਹਾਂ ਵਿਚ ਰਿਖੀ ਮੁਨੀਆਂ ਦ ਨਾਂਮ ਧਰਕੇ ਉਨਾਂ ਦੇ ਹੀ ਨਾਂਮ ਕਰਕੇ ਸੁਣਦੇ ਰਹੇ, ਉਨ੍ਹਾਂ ਮਨੇ ਧੰਨੇਂ ਰਿਖੀ ਮਹਾਂ ਰਿਖੀਆਂ ਦੇ ਨਾਉਂ ਕਰਕੇ ਆਪਣੇ ਉਤੋਂਡੰਡ ਦੀ ਬਿਵਸਥਾ ਦੂਰ ਕਰਵਾ ਦਿੱਤੀ, ਫੇਰ ਮਨ ਮਨੀਆਂ ਗਲਾਂ ਕਰਨ

ਲਗੇ ਅਰਥਾਤ ਇਹੋ ਜਹੇ ਡਾਢੇ ਕਨੂੰਨ ਬਨ੍ਹੇ ਕਿ ਉਨਾਂ ਪੋਪਾਂ ਦੀ ਆਗਿਆ ਦੇ ਬਗੈਰ ਸੌਣਾ, ਉਠਣਾ, ਬੈਠਣਾ, ਜਾਣਾ, ਆਣਾ, ਖਾਣਾ, ਪੀਣਾ, ਆਦੀ ਬੀ ਨਹੀਂ ਕਰ ਸ਼ਕਦੇ ਸਨ, ਰਾਜਿਆਂ ਨੂੰ ਅਜੇਹਾ ਨਿਸਚਾ ਕਰਾਇਆ ਕਿ ਪੋਪ ਜਿਨਾਂ ਦਾ ਨਾਮ ਹੈ ਅਰ ਕਹਿਣ ਵਿਚ ਬ੍ਰਾਹਮਣ ਸਾਧੂ ਕਹੇ ਜਾਂਦੇ ਹਨ ਉਹ ਜੋ ਚਾਹਨ ਸੋ ਕਰਨ, ਉਨ੍ਹਾਂ ਨੂੰ ਕਦੀ ਡੰਡ ਨਾ ਦੇਣਾ ਅਰਥਾਤ ਉਨ੍ਹਾਂ ਨੂੰ ਮਨ ਵਿਚ ਡੰਡ ਦੇਣਦੀ ਇਛਿਆ ਨ ਕਰਨੀ ਚਾਹੀਏ ।

ਜਦ ਅਜੇਹੀ ਮੂਰਖਤਾ ਹੋਈ ਤਦ ਜਿਸਤਰਾਂ ਪੋਪਾਂ ਦੀ ਇਛਿਆ ਹੋਈ ਉਸੇ ਤਰਾਂ ਕਰਨ ਕਰਾਂਨ ਲਗੇ, ਅਰਥਾਤ ਏਸ ਵਿਗਾੜ ਦੇ ਮੂਲ ਮਹਾਂਭਾਰਥਦੇ ਜੁਧ ਥੀਂ ਪਹਲੇ ਇਕ ਹਜਾਰ ਵਰੇਹਾਂ ਤੋਂ ਪ੍ਰਵਿਰਤ ਹੋਏ ਸਨ, ਕਿਉਂਕਿ ਓਸ ਸਮੇ ਵਿਚ ਰਿਖੀ ਮੁਨੀ ਬੀ ਸਨ, ਤਥਾਪੀ ਕੁਝ ਕੁਝ ਆਲਸ ਪ੍ਰਮਾਦ ਈਰਖਾ ਦ੍ਵੇਸ਼ ਦੇ ਅੰਕੁਰ ਉਗ ਪਏ ਸਨ ਉਹ ਵਧਦੇ ਵਧਦੇ ਵਡੇਹੋ ਗਏ, ਜਦ ਸਚਾ ਉ-ਪਦੇਸ਼ਨਾ ਰਹਿਆ ਤਦ ਆਰਯਾਵਰਤ ਵਿਚ ਅਵਿਦਿਆ ਫੈਲ ਗਈ ਅਰ ਆਪਸ ਵਿਚ ਲੜਨ ਝਗੜਨ ਲਗੇ ਕਿਉਂਕਿ:—

उपदेश्योपदेष्टृत्वात् तत्सिद्धिः । इतरथान्धपरम्परा ।
सांख्य० अ० ३ । सू० ७९ । ८१ ॥

ਅਰਥਾਤ ਜਦ ਉਤੱਮ ਉਤੱਮ ਉਪਦੇਸ਼ਕ ਹੁੰਦੇ ਹਨ ਤਦ ਅੱਛੇ ਪ੍ਰਕਾਰ ਧਰਮ ਅਰਥ, ਕਾਂਮ ਅਰ ਮੋਖ ਸਿਧ ਹੁੰਦੇ ਹਨ ਅਰ ਜਦ ਉਤੱਮ ਉਪਦੇਸ਼ਕ ਅਰ ਸ਼੍ਰੋਤਾ ਨਹੀ ਰਹਿੰਦੇ ਤਦ ਅੰਧਮ ਪ੍ਰੰਪ੍ਰਾ ਚਲਦੀ ਹੈ, ਫੇਰ ਬੀ ਜਦ ਸਤਪੁਰਖ ਉਤਪੰਨ ਹੋਕੇ ਸਤ ਉਪਦੇਸ਼ ਕਰਦੇ ਹਨ ਤਦ ਅੰਧਮ ਪਰੰਪਰਾ ਨਸ਼ਟ ਹੋਕੇ ਪ੍ਰਕਾਸ਼ ਦੀ ਪਰੰਪਰਾ ਚਲਦੀ ਹੈ, ਫੇਰ ਉਹ ਪੋਪ ਲੋਗ ਅਪਣੀ ਅਰ ਅਪਣੇ ਚਰਨਾਂ ਦੀ ਪੂਜਾ ਕਰਾਣੇ ਅਰ ਕਹਿਣੇ ਲਗੇ ਕਿ ਇਸੇ ਵਿਚ ਤੁਹਾਡਾ ਕਲਿ-ਆਂਣ ਹੈ, ਜਦ ਏਹ ਲੋਗ ਇਨ੍ਹਾਂ ਦੇ ਬਸ ਵਿਚ ਹੋਗਏ ਤਦ ਪ੍ਰਮਾਦ ਅਰ ਵਿਸ਼ੇ ਭੋਗ ਵਿਚ ਡੁਬਕੇ ਗਦੜੀਏ ਦੀ ਨਿਆਈਂ ਝੂਠੇ ਗੁਰੂ ਅਰ ਚੇਲੇ ਫਸੇ, ਵਿਦਿ-ਆ, ਬਲ, ਬੁਧੀ, ਪ੍ਰਾਕ੍ਰਮ, ਸੂਰਬੀਰਤਾ ਆਦੀ ਸ਼ੁਭ ਗੁਣ ਸਭ ਨਸ਼ਟ ਹੁੰਦੇ ਗਏ, ਫੇਰ ਜਦ ਵਿਸ਼ੇ ਭੋਗ ਵਿਚ ਡੁਬੇ ਤਾਂ ਮਾਸ ਸ਼ਿਰਾਬ ਦਾ ਸੇਵਨ ਚੋਰੀ ਚੋਰੀ ਕਰਨ ਲਗੇ ਪਸਚਾਤ ਉਨਾਂ ਵਿਚੋਂ ਹੀ ਇਕ ਵਾਂਮ ਮਾਰਗ ਖੜਾ ਕੀਤਾ, ਸ਼ਿਵੋ ਵਾਚ, ਪਾਰਬਤੀ ਉਵਾਚ, ਭੈਰਵੋ ਵਾਚ, ਇਤਆਦੀ ਨਾਮ ਲਿਖਕਰ ਉਨਾਂ ਦਾ ਤੰਤ੍ਰ ਨਾਂਮ ਧਰਿਆ ਉਨਾਂ ਗ੍ਰੰਥਾਂ ਵਿਚ ਅਜੇਹੀ ਅਜੇਹੀ ਬਚਿਤ੍ਰ ਲੀਲਾ ਦੀਆਂ ਗਲਾਂ ਲਿਖੀਆਂ ਕਿ:—

मद्यं मांसं च मीनं च मुद्रा मैथुनमेव च ।
एते पञ्च मकाराः स्युर्मोक्षदा हि युगे युगे ॥
काली तंत्रादि में ।

प्रवृत्ते भैरवीचक्रे सर्वे वर्णा द्विजातयः।
निवृत्ते भैरवीचक्रे सर्ववर्णाः पृथक्पृथक्॥
कुलार्णव तन्त्र॥

पीत्वा पीत्वा पुनः पीत्वा यावत्पतति भूतले।
पुनरुत्थाय वै पीत्वा पुनर्जन्म न विद्यते॥
महानिर्वाण तन्त्र॥
मातृयोनिं परित्यज्य विहरेत् सर्वयोनिषु।
वेदशास्त्रपुराणानि सामान्यगणिका इव॥
एकैव शाम्भवी मुद्रा गुप्ता कुलवधूरिव।
ज्ञानसंकलनी तन्त्र॥

ਵੇਖੋ ਇਨਾਂ ਗਬਰ ਗੰਡ ਪੋਪਾਂ ਦੀ ਲੀਲਾ, ਜੋ ਕਿ ਵੇਦ ਵਿਰੁਧ ਮਹਾਂ ਅਧਰਮ ਦੇ ਕੰਮ ਹਨ ਉਨਾਂ ਨੂੰ ਹੀ ਚੰਗਾ ਵਾਂਮ ਮਾਰਗੀਆਂ ਨੈ ਮਨਿਆਂ ਸ਼ਿਰਾਬ, ਮਾਸ, ਮਛੀ, ਮੁਦ੍ਰਾ, ਪੂਰੀ, ਕਚੌਰੀ, ਅਰ ਵੜੇ, ਰੋਟੀ ਆਦੀ, ਚਰਬਣ, ਯੋਨੀ ਪਾਤ੍ਰ, ਆਧਾਰ ਮੁਦ੍ਰਾ, ਅਰ ਪੰਜਵਾਂ ਮੈਥਨ ਅਰਥਾਤ ਪੁਰਸ਼ ਸਭ ਸ਼ਿਵ, ਅਰ ਇਸਤ੍ਰੀਆਂ ਸਭ ਪਾਰਬਤੀ ਦੀ ਨਿਆਈਂ ਮਨਕੇ

अहं भैरवस्त्वं भैरवी ह्यावयोरस्तु सङ्गमः।

ਭਾਵੇਂ ਕੋਈ ਪੁਰਸ਼ ਵਾ ਇਸਤ੍ਰੀ ਹੋਵੇ ਏਸ ਊਟਪਟਾਂਗ ਨੂੰ ਪੜਕੇ ਸਮਾਗਮ ਕਰਨ ਵਿਚ ਵਾਂਮ ਮਾਰਗੀ ਦੋਸ਼ ਨਹੀ ਮਨਦੇ ਅਰਥਾਤ ਜਿਨਾਂ ਨੀਚ ਇਸ-ਤ੍ਰੀਆਂ ਨੂੰ ਛੂਹਣਾ ਨਹੀ ਉਨਾਂ ਨੂੰ ਅਤੀ ਪਵਿਤ੍ਰ ਉਨਾਂਨੈ ਮਨਿਆ ਹੈ,ਜਿਸਤਰਾਂ ਸ਼ਾਸਤ੍ਰਾਂ ਵਿਚ ਰਜਸ੍ਵਲਾ ਆਦੀ ਇਸਤ੍ਰੀਆਂ ਦੇ ਛੂਹਣ ਦਾ ਨਿਖੇਧ ਹੈ ਉ-ਨਾਂ ਨੂੰ ਵਾਂਮਮਾਰਗੀਆਂ ਨੈ ਅਤੀ ਪਵਿਤ੍ਰ ਮਨਿਆਂ ਹੈ,ਸੁਣੋ ਇਨਾਂ ਦੇ ਸ਼ਲੋਕ ਅੰਡਬੰਡ—

रजस्वला पुष्करं तीर्थं चाण्डाली तु स्वयं काशी चर्म-
कारी प्रयागः स्याद्रजकी मथुरा मता। अयोध्या पुक्कसी
प्रोक्ता॥ रुद्रयामल तन्त्र॥

ਇਤ ਆਦੀ ਰਜਸ੍ਵਲਾ ਦੇ ਨਾਲ ਸਮਾਗਮ ਕਰਨ ਨਾਲ ਜਾਣੋ ਪੁਸ਼ਕਰ ਦਾ ਇਸ਼ਨਾਨ, ਚੰਡਾਲਣੀ ਦੇ ਨਾਲ ਸਮਾਗਮ ਵਿਚ ਕਾਂਸ਼ੀ ਦੀ ਜਾਤ੍ਰਾ, ਚਮਾਰੀ ਦੇ ਨਾਲ ਸਮਾਗਮ ਕਰਨ ਵਿਚ ਮਾਨੋ ਪ੍ਰਯਾਗ ਦਾ ਇਸ਼ਨਾਨ, ਧੋਬੀ ਦੀ ਇਸ਼ਤ੍ਰੀ ਦੇ ਨਾਲ ਸਮਾਗਮ ਕਰਨ ਵਿਚ ਮਥਰਾ ਦੀ ਜਾਤ੍ਰਾ ਅਰ ਕੰਜਰੀ ਦੇ ਨਾਲ ਲੀਲਾ ਕਰਨ ਵਿਚ ਮਾਨੋ ਅਜੁਧਿਆ ਤੀਰਥ ਕਰ, ਆਏ,ਸ਼੍ਰਾਬ ਦਾ ਨਾਮ ਧਰਿਆ ਤੀਰਥ, ਮਾਸਦਾ ਨਾਮ ਸ਼ੁਧੀ, ਅਰ ਪੁਸ਼ਪ ਮਛੀਦਾ ਨਾਮ ਤ੍ਰਿਤੀਆ, ਜਲਤੁੰਬਕਾ, ਮੁਦ੍ਰਾ ਦਾ ਨਾਮ ਚਤੁਰਥੀ, ਅਰ ਮੈਥਨ ਦਾ ਨਾਮ

ਪੰਚਮੀ, ਏਸ ਲਈ ਅਜੇਹੇ ਅਜੇਹੇ ਨਾਮ ਧਰੇ ਹਨ ਕਿ ਜਿਸ ਕਰਕੇ ਦੂਜਾ ਨਾ ਸਮਝ ਸਕੇ। ਅਪਣੇ ਕਉਲ ਆਰਦ੍ਰ ਵੀਰ, ਸਾਂਭਵ, ਅਰ ਗਣ ਆਦੀਨਾਂਮ ਰਖੇ ਹਨ, ਅਰਜੋ ਵਾਂਮਮਾਰਗ ਮਤ ਵਿਚ ਨਹੀਂ ਹਨ ਉਨਾਂ ਦਾ ਕੰਟਕ,ਬੇਮੁਖ ਸੁਸ਼ਕਪਸ਼ੂ ਆਦੀ ਨਾਂਮ ਧਰੇ ਹਨ ਅਰ ਕਹਿੰਦੇ ਹਨ, ਕਿ ਜਦ ਭੈਰਵੀ ਚਕ੍ਰ ਹੋਵੇ ਤਦ ਓਸਵਿਚ ਬ੍ਰਾਮਣ ਤੋਂ ਲੈਕੇ ਚੰਡਾਲ ਤਿਕ ਦਾ ਨਾਂਮ ਦ੍ਵਿਜ ਹੋ ਜਾਂਦਾ ਹੈ ਅਰ ਜਦ ਭੈਰਵੀ ਚਕ੍ਰ ਤੋਂ ਵਖਰੇ ਹੋਂਨ ਤਦ ਸਭ ਅਪਣੇ ਅਪਣੇ ਵਰਣ ਵਿਚ ਹੋ ਜਾਂਨ,ਭੈਰਵੀ ਚਕ੍ਰ ਵਿਚ ਵਾਂਮਮਾਰਗੀ ਲੋਗ ਜਮੀਨ ਵਾ ਪਟਰੇ ਉਪਰ ਇਕ ਬਿੰਦੂ ਤ੍ਰਿਕੋਣ, ਚਤੁਸ਼ਕੋਣ, ਗੋਲ ਬਣਾਕੇ ਓਸ ਉਤੇ ਸ਼ਿਰਾਬਦਾ ਘੜਾਰਖ ਕੇ ਓਸਦੀ ਪੂਜਾ ਕਰਦੇ ਹਨ ਫੇਰ ਇਹੁ ਮੰਤ੍ਰ ਪੜਦੇ ਹਨ:-

"ਬ੍ਰਹਮ ਸ਼ਾਪੰ ਵਿਮੋਚਥ"

ਹੇ ਸ਼ਰਾਬ ਤੂੰ ਬ੍ਰਹਮਾ ਆਦੀਦੇ ਸਰਾਪਤੋਂ ਰਹਿਤ ਹੋਜਾ। ਇਕ ਗੁਪਤ ਜਗਹ ਵਿਚ ਕਿ ਜਿਥੇ ਬਿਨਾਂ ਵਾਮਮਾਰਗੀਦੇ ਦੂਜੇ ਨੂੰ ਨਹੀ ਆਵਣ ਦਿੰਦੇ ਉਥੇ ਇਸਤ੍ਰੀ ਅਰ ਪੁਰਸ਼ ਇਕਠੇ ਹੁੰਦੇ ਹਨ ਓਥੇ ਇਕ ਇਸਤ੍ਰੀ ਨੂੰ ਨੰਗੀ ਕਰਕੇ ਪੂਜਦੇ, ਅਰ ਇਸਤ੍ਰੀਆਂ ਕਿਸੇ ਪੁਰਸ਼ ਨੂੰ ਨੰਗਾ ਕਰਕੇ ਪੂਜਦੀਆਂ ਹਨ, ਫ਼ੇਰ ਕੋਈ ਕਿਸੇਦੀ ਇਸਤ੍ਰੀ,ਕੋਈ ਅਪਣੀ ਵਾ ਦੂਜੇ ਦੀ ਕੰਨਿਆਂ, ਕੋਈ ਕਿਸੇ ਦੀ ਵਾ ਅਪਣੀ ਮਾਂ, ਭੈਣ, ਨੂੰਹ, ਆਦੀ ਆਂਉਦੀਆ ਹਨ, ਫੇਰ ਇਕ ਭਾਂਡੇ ਵਿਚ ਸ਼ਰਾਬ ਭਰਕੇ ਮਾਸ ਅਰ ਵੜੇ ਆਦੀ ਇਕ ਥਾਲੀ ਵਿਚ ਧਰ ਰਖਦੇ ਹਨ, ਓਸ ਸ਼ਰਾਬਦੇ ਪਿਆਲੇ ਨੂੰ ਜੋ ਕਿ ਉਨਾਂ ਦਾ ਅਚਾਰਜ ਹੁੰਦਾ ਹੈ ਉਹ ਹਥ ਵਿਚ ਲੈਕੇ ਬੋਲਦਾ ਹੈ ਕਿ ਭੈਰਵੋਹੰ, ਸ਼ਿਵੋਹੰ,ਅਰਥਾਤ ਮੈਂ ਭੈਰਵ ਹਾਂ ਵਾ ਸ਼ਿਵ ਹਾਂ ਕਹਿਕੇ ਪੀ ਜਾਂਦਾ ਹੈ ਫੇਰ ਓਸੇ ਜੂਠੇ ਪਾਤ੍ਰ ਵਿਚੋਂ ਸਭ ਪੀਂਦੇ ਹਨ, ਅਰ ਜਦ ਕਿਸੇ ਦੀ ਇਸਤ੍ਰੀ ਵਾ ਕੰਜਰੀ ਨੂੰ ਨੰਗੀਕਰਕੇ ਅਥਵਾ ਕਿਸੇ ਪੁਰਸ਼ ਨੂੰ ਨੰਗਾ ਕਰਕੇ ਹਥ ਵਿਚ ਤਲਵਾਰ ਦੇਕੇ ਓਸਦਾ ਨਾਮ ਦੇਵੀ ਅਰ ਪੁਰਸ਼ ਦਾ ਨਾਮ ਮਹਾਂਦੇਵ ਧਰਦੇ ਹਨ ਉਨਾਂਦੀ ਉਪਸਥ ਇੰਦ੍ਰ ਦੀ ਪੂਜਾ ਕਰਦੇ ਹਨ, ਤਦ ਓਸ ਦੇਵੀ ਵਾ ਸ਼ਿਵ ਨੂੰ ਸ਼ਰਾਬਦਾ ਪਿਆਲਾ ਪਿਆਕੇ ਉਸੇ ਜੂਠੇ ਭਾਂਡੇ ਨਾਲ ਸਭ ਲੋਕ ਇਕ ਇਕ ਪਿਆਲਾ ਪੀਂਦੇ,ਫੇਰ ਓਸੇਤਰਾਂ ਕ੍ਰਮਨਾਲ ਪੀਪੀਕੇ ਮਸਤ ਹੋਕੇ ਭਾਂਵੇ ਕੋਈ ਕਿਸੇਦੀ ਭੈਣ, ਧੀ ਵਾ ਮਾਂ ਕਿਉਂ ਨਾ ਹੋਵੇ ਜਿਸਦੀ ਜਿਸਦੇ ਨਾਲ ਇਛਿਆ ਹੋਵੇ ਉਸਦੇ ਨਾਲ ਕੁਕਰਮ ਕਰਦੇ ਹਨ। ਕਦੀ ਕਦੀ ਬਹੁਤ ਨਸ਼ਾ ਚੜਨ ਕਰਕੇ ਜੁਤੀਆਂ, ਲਤਾਂ ਮੁਕਾ ਮੁਕੀ ਬਾਲਪੁਟਾਈ, ਆਪਸ ਵਿਚ ਲੜਦੇ ਹਨ, ਕਿਸੇ ਕਿਸੇ ਨੂੰ ਓਥੇ ਹੀ ਉਪਰਛਲ ਆਂਉਦੀ ਹੈ,ਉਨਾਂ ਵਿਚ ਜੇਹੜਾ ਪਹੁਚਿਆ ਹੋਇਆ ਅਘੋਰੀ ਅਰਥਾਤ ਸਭਨਾਂਵਿਚ ਸਿਧ ਗਿਣਿਆਂ ਜਾਂਦਾ ਹੈ ਉਹ ਉਪਰਛਲ ਨੂੰ ਬੀ ਖਾ ਲੈਂਦਾ ਹੈ ਅਰਥਾਤ ਇਨਾਂ, ਦੇ ਸਭ ਤੋਂ ਵਡੇ ਸਿਧਦੀਆਂ ਏਹੁ ਬਾਤਾਂ ਹਨ ਕਿ:-

हालां पिबति दीक्षितस्य मन्दिरेसुप्तो निशायां गणिका-
गृहेषु। विराजते कौलवचक्रवर्ती ॥

ਜੋ ਦੀਖਤ ਅਰਥਾਤ ਕਲਾਲਦੇ ਘਰ ਵਿਚ ਜਾਕੇ ਬੋਤਲ ਤੇ ਬੋਤਲ ਚੜ੍ਹਾਵੇ ਕੰਜਰੀਆਂ ਦੇ ਘਰ ਵਿਚ ਜਾਕੇ ਉਨਾਂਨਾਲ ਕੁਕਰਮ ਕਰਕੇ ਸਵੇਂ,ਜੋ ਏਸਤਰਾਂ ਦੇ ਕਰਮ ਨਿਰਲਜ ਨਿਸੰਕ ਹੋਕੇ ਕਰੇ ਉਹ ਵਾਂਮਮਾਰਗੀਆਂ ਵਿਚ ਸਰਵੋਪਰੀ ਮੁਖ ਚਕ੍ਰਵਰਤੀ ਰਾਜਾਦੇ ਸਮਾਂਨ ਮਨਿਆਂ ਜਾਂਦਾ ਹੈ ਅਰਥਾਤਜੋਵਡਾਕੁਕਰਮੀ ਓਹੋ ਹੀ ਉਨਾਂਵਿਚ ਵਡਾ, ਅਰ ਜੋ ਚੰਗੇ ਕੰਰਮ ਕਰੇ ਅਰ ਬੁਰੇ ਕੰਮਾਂ ਥੀਂ ਡਰੇ ਉਹੋ ਛੋਟਾ ਹੈ। ਕਿਉਕਿਃ—

पाशबद्धो भवेज्जीवः पाशमुक्तः सदा शिवः ॥
ज्ञानसंकलनी तंत्र। श्लो० ४३ ॥

ਏਸਤਰਾਂ ਨਾਲ ਤੰਤ੍ਰ ਵਿਚ ਕਹਿੰਦੇ ਹਨ ਕਿ ਜੋ ਲੋਕਲਜਿਆ, ਸ਼ਾਸ਼ਤ੍ਰ ਲਜਿਆ, ਕੁਲ ਲਜਿਆ, ਦੇਸ਼ ਲਜਿਆ ਆਦੀ ਫਾਹੀਆਂ ਵਿਚ ਬੰਨ੍ਹਿਆਂ ਹੋਇਆ ਹੈ ਉਹ ਜੀਵ,ਅਰ ਜੋ ਨਿਰਲਜ ਹੋਕੇ ਬੁਰੇ ਕੰਮ ਕਰੇ ਉਹੋ ਹੀ ਸਦਾ ਸ਼ਿਵ ਹੈ। ਉਡੀਸ ਤੰਤ੍ਰਗ੍ਰੰਥ ਵਿਚ ਇਕ ਪਰਜੋਗ ਲਿਖਿਆ ਹੈ ਕਿ ਇਕਘਰ ਵਿਚ ਚਹੁੰ ਪਾਸੇ ਆਲੇ ਹੋਂਨ ਓਨਾਂ ਵਿਚ ਸ਼ਰਾਬਦੀਆਂ ਬੋਤਲਾਂ ਭਰਕੇ ਧਰ ਦੇਵੇ, ਇਨ੍ਹਾਂ ਆਲਿਆਂ ਵਿਚੋਂ ਇਕ ਬੋਤਲ ਪੀਕੇ ਦੂਜੇ ਆਲੇ ਤੇ ਜਾਵੇ ਓਸ ਵਿਚੋਂ ਪੀਕੇ ਤੀਜੇ, ਅਰ ਤੀਜੇ ਵਿਚੋਂ ਪੀਕੇ ਚੌਥੇ ਆਲੇ ਵਿਚ ਜਾਵੇ ਖਲੋਤਾ ਖਲੋਤਾ ਤਦ ਤਿਕ ਸ਼ਰਾਬ ਪੀਵੇ ਕਿ ਜਦ ਤਿਕ ਲਕੜ ਦੀ ਨਿਆਈਂ ਜਮੀਨ ਓਤੇ ਨਾ ਡਿਗ ਪਵੇ, ਫੇਰ ਜਦ ਨਸ਼ਾ ਉਤ੍ਰੇ ਤਦ ਉਸੇਤਰਾਂ ਪੀਕੇ ਡਿਗ ਪਵੇ, ਫੇਰ ਤੀਜੀ ਵਾਰ ਪੀਕੇ ਡਿਗਕੇ ਉਠੇ ਤਾਂ ਓਸਦਾ ਪੁਨਰ ਜਨਮ ਨਾ ਹੋਵੇ ਅਰਥਾਤ ਸਚ ਤਾਂ ਇਹੁ ਹੈ ਕਿ ਅਜੇਹੇ ਅਜੇਹੇ ਮਨੁਖਾਂ ਦਾਫੇਰ ਮਨੁਖ ਜਨਮ ਹੋਣਾ ਹੀ ਕਠਨ ਹੈ,ਕਿੰਤੂ ਨੀਚ ਜੂਨੀ ਵਿਚ ਪੈਕੇ ਬਹੁਤ ਕਾਲ ਤਿਕ ਪਇਆ ਰਹੇਗਾ, ਵਾ ਮੀਆਂ ਦੇ ਤੰਤ੍ਰ ਗ੍ਰੰਥਾਂ ਵਿਚ ਇਹ ਨਿਯੱਮ ਹੈ ਕਿ ਇਕ ਮਾਂ ਨੂੰ ਛਡਕੇ ਕਿਸੇ ਇਸਤ੍ਰੀ ਨੂੰ ਬੀ ਨਾ ਛਡਣਾ ਚਾਹੀਏ ਅਰਥਾਤ ਭਾਵੇਂ ਕਨਿਆਂ ਹੋਵੇ, ਭਾਵੇਂ ਭੈਣ ਆਦੀ ਕਿਉਂ ਨਾ ਹੋਵੇ ਸਭਦੇ ਨਾਲ ਸੰਗਮ ਕਰਨਾ ਚਾਹੀਏ,ਇਨਾਂ ਵਾਂਮ ਮਾਰਗੀਆਂ ਵਿਚ ਦਸ ਮਹਾਂ ਵਿਦਿਆ ਪ੍ਰਸਿਧ ਹਨ ਉਨਾਂ,ਵਿਚੋਂ ਇਕ ਮਾਤੰਗੀ ਵਿਦਿਆ ਵਾਲਾ ਕਹਿੰਦਾ ਹੈਃ—

## ‘ਮਾਤ੍ਰ ਮਪਿਨਤ੍ਯਜੇਤ’

ਅਰਥਾਤ ਮਾਂ ਨੂੰ ਬੀ ਸਮਾਗਮ ਕੀਤੇ ਬਗੈਰ ਨਾ ਛਡਣਾ ਚਾਹੀਏ,ਅਰ ਇਸਤ੍ਰੀ ਪੁਰਖ ਦੇ ਸਮਾਗਮ ਵਿਚ ਮੰਤ੍ਰ ਜਪਦੇ ਹਨ ਕਿ ਸਾਨੂੰ ਸਿਧੀ ਪ੍ਰਾਪਤ ਹੋ ਜਾਵੇ,ਅਜੇਹੇ ਪਾਗਲ ਮਹਾਂ ਮੂਰਖ ਬੀ ਸੰਸਾਰ ਵਿਚ ਬਹੁਤ ਘਟ ਹੋਂਨਗੇ

ਜੋ ਮਨੁਖ ਝੂਠ ਚਲਾਂਣਾ ਚਾਹਿੰਦਾ ਹੈਉਹ ਸਚਦੀ ਨਿੰਦਿਆ ਜ਼ਰੂਰ ਹੀ ਕਰਦਾ ਹੈ,ਵੇਖੋ ਵਾਮ ਮਾਰਗੀ ਕਹਿੰਦੇ ਹਨ ਵੇਦ, ਸ਼ਾਸਤ੍ ਅਰ ਪੁਰਾਂਣ ਇਹੁ ਸਭ ਸਾਮਾਨਜ ਵੇਸਿਜਾਉਂ ਦੇ ਸਮਾਂਨ ਹਨ,ਅਰ ਜੋ ਇਹ ਸਾਂਭਵੀ ਵਾਂਮ ਮਾਰਗ ਦੀ ਮੁਦ੍ਰਾ ਹੈ ਉਹ ਗੁਪਤ ਕੁਲ ਦੀ ਇਸਤ੍ਰੀ ਦੇ ਤੁਲ ਹੈ,ਇਸੇ ਵਾਸਤੇ ਇਨਾਂ ਲੋਕਾਂ ਨੈ ਕੇਵਲ ਵੇਦ ਵਿਰੁਧ ਮਤ ਖੜਾ ਕੀਤਾ ਹੈ, ਪਸਚਾਤ ਇਨਾਂ ਲੋਕ ਦਾ ਮਤ ਬਹੁਤ ਚਲਿਆ ਤਦ ਧੂਰਤਤਾ ਕਰਕੇ ਵੇਦਾਂ ਦਾ ਨਾਂਮ ਲੈਕੇ ਬੀ ਵਾਂਮ ਮਾਰਗ ਦੀ ਥੋੜੀ ਥੋੜੀ ਲੀਲਾ ਚਲਾਈ ਅਰਥਾਤ:—

सौत्रामण्यां सुरां पिवेत् । प्रोक्षितं भक्षयेन्मांसं वैदिकी
हिंसा हिंसा न भवति ॥
न मांसभक्षणे दोषो न मद्ये न च मैथुने ।
प्रवृत्तिरेषा भूतानां निवृत्तिस्तु महाफला ॥
मनु० अ० ५ । ५६ ॥

ਸਉਤ੍ਰਾਮਣੀ ਯੱਗ ਵਿਚ ਸ਼ਰਾਬ ਪੀਵੇ, ਏਸਦਾ ਅਰਥ ਤਾਂ ਇਹ ਹੈ ਕਿ ਸਉਤ੍ਰਾਮਣੀ ਯੱਗ ਵਿਚ ਸੋਮਰਸ ਅਰਥਾਤ ਸੋਮਵਲੀ ਦਾ ਰਸ ਪੀ ਵੇ। ਪ੍ਰੋਖਿਤ ਅਰ ਥਾਤ ਯੱਗ ਵਿਚ ਮਾਸ ਖਾਂਣ ਵਿਚ ਦੋਸ਼ ਨਹੀ, ਅਜੇਹੇ ਪਾਮਰ ਪਣ ਦੀਆਂ ਗੱਲਾਂ ਵਾਂਮਮਾਰਗੀਆਂ ਨੈ ਚਲਾਈਆਂ ਹਨ। ਉਨਾਂਨੂੰ ਪੁਛਣਾ ਚਾਹੀਏ ਕਿ ਜੇ ਵੈਦਕੀ ਹਿੰਸਾ ਹਿੰਸਾ ਨਾਂ ਹੋਵੇ ਤਾਂ ਤੈਨੂੰ ਅਰ ਤੇਰੇ ਕੁਟੰਬ ਨੂੰ ਮਾਰਕੇ ਹੋਮ ਕਰ ਦੇਈਏ ਤਾਂ ਕੀ ਚਿੰਤਾ ਹੈ, ਮਾਸ ਖਾਣੇ, ਸ਼ਰਾਬ ਪੀਣੇ ਪਰ ਇਸਤ੍ਰੀ ਗਮਨ ਕ ਰਨੇ ਆਦੀ ਵਿਚ ਦੋਸ਼ ਨਹੀ ਹੈ ਇਹ ਛੋਕਰਾਪਣ ਹੈ, ਕਿਉਂਕਿ ਬਿਨਾਂ ਪ੍ਰਾਣੀ ਆਂ ਨੂੰ ਪੀੜਾ ਦਿਤੇ ਮਾਸ ਪ੍ਰਾਪਤ ਨਹੀਂ ਹੁੰਦਾ, ਅਰ ਬਿਨਾਂ ਅਪ੍ਰਾਧ ਦੇ ਪੀੜਾ ਦੇਣਾ ਧਰਮ ਦਾ ਕੰਮ ਨਹੀ, ਸ਼੍ਰਾਬ ਪੀਣਦਾ ਤਾਂ ਸਰਬਥਾ ਨਿਖੇਧ ਹੀ ਹੈ,ਕਿਂਉਂ ਕਿ ਹੁਣਤਿਕ ਵਾਂਮਮਾਰਗੀਆਂ ਦੇ ਬਿਨਾਂ ਕਿਸੇ ਗ੍ਰੰਥ ਵਿਚ ਨਹੀ ਲਿਖਿਆ, ਕਿੰਤੂ ਸਭ ਥਾਂ ਨਿਖੇਧ ਹੈ, ਅਰ ਬਗੇਰ ਵਿਆਹ ਦੇ ਮੈਥਨ ਵਿਚ ਬੀ ਦੋਸ਼ ਹੈ,ਏ ਸਨੂੰ ਨਿਰਦੋਸ਼ ਕਹਿਣਵਾਲਾ ਸਦੋਸ਼ ਹੈ, ਅਜੇਹੇ ਅਜੇਹੇ ਵਚਨ ਬੀ ਰਿਖੀਆਂ ਦੇ ਗ੍ਰੰਥਾਂ ਵਿਚ ਪਾਕੇ ਕਿੱਨੇਹੀ ਰਿਖੀਆਂ,ਮੁਨੀਆਂ ਦੇ ਨਾਂਮ ਧਰਕੇ ਗ੍ਰੰਥ ਬਣਾ ਕੇ ਗੋਮੇਧ, ਅਸ਼੍ਵਮੇਧ,ਦੇ ਨਾਂਮ ਦੇ ਯਗ ਬੀ ਕਰਾਂਣ ਲਗੇ, ਅਰਥਾਤ ਇਨ੍ਹਾਂ ਪਸ਼ੂਆਂ ਨੂੰ ਮਾਰਕੇ ਹੋਮ ਕਰਨ ਨਾਲ ਜਜਮਾਂਨ ਅਰ ਪਸ਼ੂ ਨੂੰ ਸ੍ਵਰਗ ਦੀ ਪਰਾਪਤੀ ਹੁੰਦੀ ਹੈ, ਅਜੇਹੇ ਪ੍ਰਸਿਧੀ ਦਾ ਨਿਸਚੇ ਤਾਂ ਏਹ ਹੈ ਕਿ ਜੋ ਬ੍ਰਾਹਮਣ ਗ੍ਰੰਥ ਵਿਚ ਅਸ਼੍ਵਮੇਧ, ਗੋਮੇਧ, ਨਰਮੇਧ, ਆਦੀ ਸ਼ਬਦ ਹਨ ਉਨ੍ਹਾਂ ਦਾ ਠੀਕ ਠੀਕ ਅਰਥ ਨਹੀ ਜਾਣਿਆ ਹੈ। ਕਿਂਉਂਕਿ ਜੇ ਜਾਣਦੇ ਤਾਂ ਅਜੇਹਾ ਅਨਰਥ ਕਿਂਉ ਕਰਦੇ ॥

(ਪ੍ਰਸ਼ਨ) ਅਸ਼੍ਵਮੇਧ, ਗੋਮੇਧ, ਨਰਮੇਧ, ਆਦੀ ਸ਼ਬਦਾਂ ਦਾ ਅਰਥ ਕੀ ਹੈ?

( ਉਤ੍ਰ ) ਇਨਾਂ ਦਾ ਅਰਥ ਤਾਂ ਇਹੁ ਹੈ ਕਿਃ–

राष्ट्र वा अश्वमेधः । शत० १३ । १ । ६ । ३ ॥ अन्नं हि गौः । शत० ४ । ३ । १ । २५ ॥ अग्निर्वा अश्वः । आज्यं मेधः ॥ शतपथब्राह्मणे ॥

ਘੋੜੇ, ਗਊਆਂ ਆਦੀ ਪਸ਼ੂ ਤਥਾ ਮਨੁਖ ਮਾਰਕੇ ਹੋਮ ਕਰਨਾ ਕਿਦੇ ਨਹੀ ਲਿਖਿਆ, ਕੇਵਲ ਵਾਂਮਮਾਰਗੀਆਂ ਦੇ ਗ੍ਰੰਥਾਂ ਵਿਚ ਅਜੇਹਾ ਅਨਰਥ ਲਿਖਿਆ ਹੈ, ਕਿੰਤੂ ਏਹ ਬੀ ਬਾਤ ਵਾਂਮਮਾਰਗੀਆਂ ਨੇ ਚਲਾਈ, ਅਰ ਜਿਥੇ ਜਿਥੇ ਲੇਖ ਹੈ ਉਥੇ ਉਥੇ ਬੀ ਵਾਂਮਮਾਰਗੀਆਂ ਨੇ ਮਿਲਾਵਟ ਕੀਤੀ ਹੈ,ਵੇਖੋ ਰਾਜਾ ਨਿਆਇ ਧਰਮ ਨਾਲ ਪਰਜਾ ਦਾ ਪਾਲਣ ਕਰੇ,ਵਿਦਿਆ ਆਦੀ ਦਾ ਦਾਨ ਦੇਣਹਾਰਾ ਜਜਮਾਨ ਅਰ ਅਗ ਵਿਚ ਘਿਉ ਆਦੀ ਦਾ ਹੋਮ ਕਰਨਾ ਅਸ਼੍ਵਮੇਧ ਹੈ, ਅੰਨ ਇੰਦ੍ਰੀਆਂ,ਕਿਰਣ ਪ੍ਰਿਥਵੀ ਆਦੀ ਨੂੰ ਪਵਿਤ੍ਰ ਰਖਣਾ ਗੋਮੇਧ,ਜਦ ਮਨੁਖ ਮਰ ਜਾਵੇ ਤਦ ਓਸਦੇ ਸ਼੍ਰੀਰ ਦਾ ਵਿਧੀਪੂਰਬਕ ਦਾਹ ਕਰਨਾ ਨਰ ਮੇਧ ਕਹਾਂਦਾਹੈ।

( ਪ੍ਰਸ਼ਨ ) ਯੱਗ ਕਰਤਾ ਕਹਿੰਦੇ ਹਨ ਕਿ ਯੱਗ ਕਰਨ ਨਾਲ ਜਜਮਾਂਨ ਅਰ ਪਸ਼ੂ ਸ੍ਵਰਗਗਾਮੀ ਤਥਾ ਹੋਮ ਕਰਕੇ ਫੇਰ ਪਸ਼ੂ ਨੂੰ ਜੀਂਵਦਾ ਕਰਦੇ ਸਨ,ਇਹ ਬਾਤ ਸਚੀ ਹੈ ਵਾ ਨਹੀ?

( ਉਤ੍ਰ ) ਨਹੀ ਜੇ ਸ੍ਵਰਗ ਨੂੰ ਜਾਂਦੇ ਹੋਂਨ ਤਾਂ ਅਜੇਹੀ ਬਾਤ ਕਹਿਣ ਵਾਲੇਨੂੰ ਮਾਰਕੇ ਹੋਮ ਕਰਕੇ ਸ੍ਵਰਗ ਵਿਚ ਪੁਚਾਣਾ ਚਾਹੀਏ, ਵਾ ਓਸਦੀ ਪਿਆਰੀ ਮਾਂ, ਪਿਉ ਇਸਤ੍ਰੀ ਅਰ ਪੁਤ੍ਰ ਆਦੀ ਨੂੰ ਮਾਰ ਹੋਮ ਕਰਕੇ ਕਿਉਂ ਨਹੀਂ ਪੁਚਾਂਦੇ ਵਾ ਵੇਦੀ ਵਿਚੋਂ ਫੇਰ ਕਿਉਂ ਨਹੀ ਜੁਆ ਲੈਂਦੇ।

( ਪ੍ਰਸ਼ਨ ) ਜਦ ਯੱਗ ਕਰਦੇ ਹਨ ਤਦ ਵੇਦਾਂ ਦੇ ਮੰਤ੍ਰ ਪੜ੍ਹਦੇ ਹਨ, ਵੇਦ ਵਿਚ ਨਾ ਹੁੰਦਾ ਤਾਂ ਕਿਥੋਂ ਪੜ੍ਹਦੇ ॥

( ਉਤ੍ਰ ) ਮੰਤ੍ਰ ਕਿਸੇ ਨੂੰ ਕਿਦੇ ਪੜਨ ਥੀਂ ਨਹੀ ਰੋਕਦਾ, ਕਿੰਉਕਿ ਉਹਇਕ ਸ਼ਬਦ ਹੈ,ਪ੍ਰੰਤੂ ਉਨਾਂਦਾ ਅਰਥ ਅਜੇਹਾ ਨਹੀ ਹੈ ਕਿ ਪਸ਼ੂ ਨੂੰ ਮਾਰਕੇ ਹੋਮ ਕਰਨਾ, ਜਿਸਤਰਾਂ 'ਅਗਨਯੇਸ੍ਵਾਹਾ' ਇਤ ਆਦੀ ਮੰਤ੍ਰਾਂ ਦਾ ਅਰਥ ਅੱਗ ਵਿਚ ਹਵੀ ਪੁਸ਼੍ਰੀ ਆਦੀ ਕਾਰਕ ਘਿਉ ਆਦੀ ਉਤੱਮ ਪਦਾਰਥਾਂ ਦੇ ਹੋਮ ਕਰਨ ਥੀਂ ਹਵਾ, ਮੀਂਹ, ਪਾਣੀ, ਸ਼ੁਧ ਹੋਕੇ ਜਗਤ ਨੂੰ ਸੁਖਕਾਰਕ ਹੁੰਦੇ ਹਨ, ਪ੍ਰੰਤੂ ਇਨ੍ਹਾਂ ਸਚੇ ਅਰਥਾਂ ਨੂੰ ਉਹ ਮੂੜ ਨਹੀ ਸਮਝਦੇ ਸਨ, ਕਿਉਂਕਿ ਜੋ ਸ੍ਵਾਰਥ ਬੁਧੀ ਹੁੰਦੇ ਹਨ ਉਹ ਕੇਵਲ ਅਪਣੇ ਸ੍ਵਾਰਥ ਸਿਧ ਕਰਨੇ ਦੇ ਬਗੈਰ ਹੋਰ ਕੁਝ ਬੀ ਨਹੀ ਜਾਣਦੇ ਮਨਦੇ, ਜਦ ਇਨਾਂ ਪੋਪਾਂ ਦਾ ਅਜੇਹਾ ਅਨਾਚਾਰ ਵੇਖਿਆ ਅਰ ਦੂਜਾ ਮੁਰਦੇ ਦਾ ਤਰਪਣ, ਸ਼੍ਰਾਧ ਆਦੀ ਕਰਨੇ ਨੂੰ ਵੇਖਕੇ ਇਕ ਮਹ ਭੁਅੰਕਰ ਵੇਦ ਆਦੀ ਸ਼ਾਸਤ੍ਰਾਂਦਾ ਨਿੰਦਕ ਬੋਧ ਵਾ ਜੈਨ ਮਤ ਪ੍ਰਚਲਤ ਹੋਇਆ

ਹੈ।ਸੁਣਨ ਵਿਚ ਆਂਵਦਾ ਹੈ ਕਿ ਇਕ ਇਸੇ ਦੇਸ਼ ਵਿਚ ਗੌਰਖਪਰ ਦਾ ਰਾਜਾ।ਸੀ ਓਸਬੀ ਪੋਪਾਂ ਨੇ ਯਗ ਕਰਾਇਆ, ਓਸਦੀ ਪਿਆਰੀ ਰਾਣੀ ਦਾ ਸਮਾਗਮ ਘੋੜੇ ਦੇ ਨਾਲ ਕਰਾਣ ਕਰਕੇ ਓਸਦੇ ਮਰ ਜਾਂਣ ਉਤੇ ਫਿਰ ਵਿਰਾਗਵਾਂਨ ਹੋਕੇ ਅਪਣ ਪੁਤ੍ਰ ਨੂੰ ਰਾਜ ਦੇ ਕੇ ਸਾਧੂ ਹੋ ਕੇ ਪੋਪਾਂਦੀ ਪੋਲ ਖੋਲਨ ਲਗਾ,ਇਸੇ ਦਾ ਸ਼ਾਖਾ ਰੂਪੀ ਚਾਰਵਾਕ ਅਰ ਆਭਣਕ ਮਤ ਬੀ ਹੋਇਆ ਸੀ, ਉਨਾਂ ਨੇ ਏਸ ਪ੍ਰਕਾਰ ਦੇ ਸ਼ਲੋਕ ਬਣਾਏ ਹਨਃ-

पशुश्चेन्निहतः स्वर्गं ज्योतिष्टोमे गमिष्यति ।
स्वपिता यजमानेन तत्र कस्मान्न हिंस्यते ॥
मृतानामिह जन्तूनां श्राद्धं चेत्तृप्तिकारणम् ।
गच्छतामिह जन्तूनां व्यर्थं पाथेयकल्पनम् ॥

ਜੋ ਪਸ਼ੂ ਨੂੰ ਮਾਰਕੇ ਅੱਗ ਵਿਚ ਹੋਮ ਕਰਨ ਨਾਲ ਪਸ਼ੂ ਸੂਰਗ ਨੂੰ ਜਾਂਦਾ ਹੈ ਤਾਂ ਜਜਮਾਨ ਅਪਣੇ ਪਿਉ ਆਦੀ ਨੂੰ ਮਾਰਕੇ ਸੂਰਗ ਵਿਚ ਕਿਉਂ ਨਹੀ ਭੇਜਦੇ? ਜੋ ਮਰੇ ਹੋਏ ਮਨੁੱਖਾਂ ਦੀ ਤ੍ਰਿਪਤੀ ਦੇ ਵਾਸਤੇ ਸ਼੍ਰਾਧ ਅਰ ਤਰਪਣ ਹੁੰਦਾਹੈ ਤਾਂ ਪ੍ਰਦੇਸ ਵਿਚ ਜਾਂਣ ਵਾਲੇ ਮਨੁਖੱ ਨੂੰ ਰਾਹ ਦਾ ਖਰਚ ਖਾਂਣ ਪੀਣ ਦੇ ਲਈ ਬੰਨ੍ਹਣਾ ਵਿਅ-ਰਥਹੈ, ਕਿਉਂਕਿ ਜਦ ਮੁਰਦੇ ਨੂੰ ਸ਼੍ਰਾਧ ਤਰਪਣ ਕਰਕੇ ਅੰਨ ਜਲ ਪੁਜਦਾ ਹੈ ਤਾਂ ਜੀਂਵਦੇ ਹੋਏ ਪਰਦੇਸ ਵਿਚ ਰਹਣ ਵਾਲੇ ਮਾਰਗ ਵਿਚ ਚਲਣ ਵਾਲਿਆਂ ਨੂੰ ਘਰ ਵਿਚ ਰਸੋਈ ਬਣੀ ਹੋਈ ਦੀ ਪਤਲ ਪਰੋਸ ਗਡਵਾ ਭਰਕੇ ਉਨ੍ਹਾਂ ਦੇ ਨਾਮ ਉੱਤੇ ਰਖਣ ਨਾਲ ਕਿਉਂ ਨਹੀਂ ਪੁਜਦਾ ? ਜੋ ਜੀਂਵਦੇ ਹੋਏ ਦੂਰ ਦੇਸ਼ ਅਥਵਾ ਦਸ ਹਥ ਉੱਤੇ ਦੂਰ ਬੈਠੇ ਹੋਏ ਨੂੰ ਦਿਤਾਂ ਹੋਇਆ ਨਹੀਂ ਪੁਜਦਾ ਤਾਂ ਮੁਏ ਹੋਏ ਦੇ ਪਾਸ ਕਿਸੇ ਤਰਾਂ ਨਾਲ ਨਹੀਂ ਪੁਜ ਸਕਦਾ, ਉਨ੍ਹਾਂ ਦੇ ਅਜੇਹੇ ਯੁਕਤੀ ਸਿਧ ਉਪਦੇਸ਼ਾਂ ਨੂੰ ਮਨੱਣ ਲਗੇੱ, ਅਰ ਉਨ੍ਹਾਂ ਦਾ ਮਤ ਵਧੱਨ ਲਗਾੱ, ਜਦ ਬਹੁਤ ਸਾਰੇ ਰਾਜਾ ਜ਼ਮੀਨ ਦੇ ਮਾਲਕ ਉਨ੍ਹਾਂ ਦੇ ਮਤੱ ਵਿਚ ਹੋਏ ਤਦ ਪੋਪ ਜੀ ਬੀ ਉਨ੍ਹਾਂ ਦੇ ਵਲ ਝੁਕੇ,ਕਿਉਂਕਿ ਇਨ੍ਹਾਂ ਨੂੰ ਜਿਧਰ ਗਫਾੱ ਚੰਗਾ ਮਿਲੇ ਉਧਰ ਹੀ ਚਲੇ ਜਾਂਨ, ਝਟ ਜੈਨ ਬਣਨ ਲਗੇ, ਜੈਨੀਆਂ ਵਿਚ ਬੀ ਹੋਰ ਪ੍ਰਕਾਰ ਦੀ ਪੋਪ ਲੀਲਾ ਬਹੁਤ ਹੈ ਸੋ ਬਾਹ੍ਰਵੇਂ ੧੨ ਸਮੁਲਾੱਸ ਵਿਚ ਲਿਖਾੱਂਗੇ। ਬਹੁਤਿਆਂ ਨੇ ਇਨਾਂ ਦਾ ਮਤ ਸ੍ਵੀਕਾਰ ਕੀਤਾ, ਪ੍ਰੰਤੂ ਕਿਨਿਆਂ ਨੇ ਕਿਦੇ ਕਿਦੇ ਜੋ ਪਰਬਤ,ਕਾਂਸ਼ੀ,ਕਨੌਜ ਪਛੱਮ,ਦਖਣ,ਦੇਸ਼ ਵਾਲੇ ਸਨ ਉਨਾਂ ਨੇ ਜੈਨੀਆਂ ਦਾ ਮਤ ਸ੍ਵੀਕਾਰ ਨਹੀਂ ਕੀਤਾ ਸੀ, ਉਹ ਜੈਨੀ ਵੇਦ ਦਾ ਅਰਥ ਨਹੀਂ ਜਾਣਦੇ ਸਨ, ਬਾਹਿਰ ਦੀ ਪੋਪ ਲੀਲਾ ਨੂੰ ਭ੍ਰਾਂਤੀ ਨਾਲ ਵੇਦਾਂ ਦੀ ਮਨਕੇ ਵੇਦਾਂ ਦੀ ਬੀ ਨਿੰਦਿਆ ਕਰਨ ਲਗੇੱ, ਓਸ ਦੇ ਪਠਨ, ਪਾਠਨ, ਯਗਯੋਪਵੀਤ ਆਦੀ,ਅਰ ਬ੍ਰਹਮਚਰਜ ਆਦੀ ਨਿਯੱਮਾਂ ਦਾ ਬੀ ਨਾਸ਼ ਕੀਤਾ,ਜਿਥੇ ਜਿੱਨੇਪੁਸਤਕ

ਵੇਦ ਆਦੀ ਲਭੇ ਨਸ਼ਟ ਕੀਤੇ, ਆਰਯਾਂ ਉੱਤੇ ਬਹੁਤ ਸਾਰੀ ਰਾਜ ਸ਼ਤ੍ਰ
ਚਲਾਈ, ਦੁਖ ਦਿੱਤਾ, ਜਦ ਉਨਾਂ ਨੂੰ ਭੈ, ਸ਼ੰਕਾ ਨਾ ਰਹੀ ਤਦ ਅਪਣੇ ਮਤ
ਵਾਲੇ ਗ੍ਰਹਸਥ, ਅਰ ਸਾਧੂਆਂ ਦੀ ਪ੍ਰਤਿਸ਼ਠਾ, ਅਰ ਵੇਦ ਮਾਰਗੀਆਂ ਦਾ
ਅਪਮਾਨ, ਅਰ ਪਖਪਾਤ ਨਾਲ ਡੰਡ ਬੀ ਦੇਣ ਲਗੇ, ਅਰ ਆਪ ਸੁਖ,
ਅਰਾਮ ਅਰ ਘਮੰਡ ਵਿਚ ਆ ਫੁਲਕੇ ਫਿਰਨ ਲਗੇ, ਰਿਖਭ ਦੇਵ ਥੀਂ ਲੈਕੇ
ਮਹਾਂਬੀਰ ਤਿਕ ਅਪਣੇ ਤੀਰਥੰਕਰਾਂ ਦੀ ਵਡੀ ਵਡੀ ਮੂਰਤਾਂ ਬਣਾਕੇ ਪੂਜਾ
ਕਰਨ ਲਗੇ, ਅਰਥਾਤ ਪਾਖਾਣ ਆਦੀ ਮੂਰਤੀ ਪੂਜਾ ਦੀ ਜੜ੍ਹ ਜੈਨੀਆਂ
ਕੋਲੋਂ ਚਲੀ, ਪਰਮੇਸ਼੍ਵਰ ਦਾ ਮਨਣਾ ਘਟ ਹੋਇਆ, ਪਾਖਾਣ ਆਦੀ ਮੂਰਤੀ
ਪੂਜਾ ਵਿਚ ਪੈਗਏ, ਏਸ ਤਰਾਂ ਤਿਨ ਸੌ ੩੦੦ ਵਰਿਹਾਂ ਤਿਕ ਆਰਯਾਵਰਤ
ਵਿਚ ਜੈਨੀਆਂ ਦਾ ਰਾਜ ਰਿਹਾ। 'ਪ੍ਰਾਯ': (ਬਹੁਤ ਲੋਗ) ਵੇਦ
ਦੇ ਅਰਥਾਂ ਦੇ ਗਿਆਂਨ ਆਦੀ ਤੋਂ ਰਹਿਤ ਹੋਗਏ ਸਨ, ਏਸ ਬਾਤ ਨੂੰ ਲਗ ਭਗ
ਢਾਈ ਹਜਾਰ ੨੫੦੦ ਵਰ੍ਹੇ ਬੀਤੇ ਹੋਨਗੇ।

ਬਾਈ ਸੌ ਵਰਹੇ ੨੨੦੦ ਹੋਏ ਕਿ ਇਕ ਸ਼ੰਕ੍ਰਾਚਾਰਜ ਦ੍ਰਾਵੜ ਦੇਸ਼
ਉਤਪੰਨ ਬ੍ਰਾਹਮਣ, ਬ੍ਰਹਮ ਚਰਜ ਕਰਕੇ ਵਿਆਕਰਣ ਆਦੀ ਸਭ ਸ਼ਾਸਤ੍ਰਾਂ
ਨੂੰ ਪੜ੍ਹਕੇ ਸੋਚਣ ਲਗੇ ਕਿ ਹਾਏ ਸਤ ਆਸਤਕ ਵੇਦ ਮਤ ਦਾ ਛੁਟਣਾ ਅਰ
ਜੈਨ ਨਾਸਤਕ ਮਤ ਦਾ ਚਲਣਾ ਬਡੀ ਹਾਂਨੀ ਦੀ ਬਾਤ ਹੋਈ ਹੈ ਏਸ ਨੂੰ ਕਿਸੇ
ਤਰਾਂ ਹਟਾਣਾ ਚਾਹੀਏ। ਸ਼ੰਕ੍ਰਾਚਾਰਜ ਜੀ ਸ਼ਾਸਤ੍ਰ ਤਾਂ ਪੜ੍ਹੇ ਹੀ ਸਨ, ਪ੍ਰੰਤੂ ਜੈਨ
ਮਤ ਦੀਆਂ ਪੁਸਤਕਾਂ ਨੂੰ ਬੀ ਪੜ੍ਹੇ ਸਨ, ਅਰ ਉਨ੍ਹਾਂ ਦੀ ਜੁਕਤੀ ਬੀ ਬਹੁਤ
ਪ੍ਰਬਲ ਸੀ, ਉਨਾਂ ਨੇ ਵਿਚਾਰਿਆ ਕਿ ਇਨ੍ਹਾਂ ਨੂੰ ਕਿਸੇ ਤਰਾਂ ਹਟਾਈਏ,
ਨਿਸ਼ਚੇ ਹੋਇਆ ਕਿ ਉਪਦੇਸ਼ ਅਰ ਸ਼ਾਸਤ੍ਰਾਥ ਕਰਨ ਨਾਲ ਇਹ ਲੋਗ
ਹਟੱਨ ਗੇ ਏਸ ਤਰਾਂ ਦਾ ਵਿਚਾਰ ਕਰਕੇ ਉਜੈਨ ਨਗਰੀ ਵਿਚ ਆਏ, ਉਥੇ ਓਸ
ਵੇਲੇ ਸੁਧੰਨਵਾ ਰਾਜਾ ਸੀ, ਜੋ ਜੈਨੀਆਂ ਦੇ ਗ੍ਰੰਥ ਅਰ ਕੁਛ ਸੰਸਕ੍ਰਿਤ ਬੀ
ਪੜ੍ਹਿਆ ਸੀ, ਉੱਥੇ ਜਾਕੇ ਵੇਦ ਦਾ ਉਪਦੇਸ਼ ਕਰਨ ਲਗੇ, ਅਰ ਰਾਜਾ ਨੂੰ ਮਿਲਕੇ
ਕਹਿਆ ਕਿ ਤੁਸੀ ਸੰਸਕ੍ਰਿਤ ਅਰ ਜੈਨੀਆਂ ਦੇ ਬੀ ਗ੍ਰੰਥਾਂ ਨੂੰ ਪੜ੍ਹੇ ਹੋ ਅਰ ਜੈਨ
ਮਤ ਨੂੰ ਮਨਦੇ ਹੋ ਏਸ ਲਈ ਤੁਹਾ ਨੂੰ ਮੈਂ ਕਹਿੰਦਾ ਹਾਂ ਕਿ ਜੈ-
ਨੀਆਂ ਦੇ ਪੰਡਤਾਂ ਦੇ ਨਾਲ ਮੇਰਾ ਸ਼ਾਸਤ੍ਰਾਰਥ ਕਰਾਈਏ, ਏਸ ਪ੍ਰਤਗਿਆ ਉੱਤੇ
ਜੋ ਹਾਰੇ ਸੋ ਜਿੱਤਣ ਵਾਲੇ ਦਾ ਮਤ ਸ੍ਵੀਕਾਰ ਕਰ ਲਵੇ, ਅਰ ਤੁਸੀਂ ਬੀ ਜਿਤਨ
ਵਾਲੇ ਦਾ ਮਤ ਸ੍ਵੀਕਾਰ ਕਰ ਲੈਣਾ, ਜੱਦਪੀ ਸੁਧੰਨਵਾ ਰਾਜਾ ਜੈਨ ਮਤ ਵਿਚ
ਸਨ ਤਥਾਪੀ ਸੰਸਕ੍ਰਿਤ ਦੇ ਗ੍ਰੰਥ ਪੜ੍ਹਨ ਨਾਲ ਉਨਾਂ ਦੀ ਬੁਧੀ ਵਿਚ ਕੁਛ
ਵਿਦਿਆ ਦਾ ਪ੍ਰਕਾਸ਼ ਸੀ ਏਸ ਕਰਕੇ ਉਨਾਂ ਦੀ ਬੁਧ ਵਿਚ ਅਤਯੰਤ ਪਸ਼ੂਤਾ ਨਹੀਂ
ਛਾਈ ਸੀ, ਕਿੰਉਕਿ ਜੋ ਵਿਦਵਾਂਨ ਹੁੰਦਾ ਹੈ ਉਹ ਸਤ ਅਸਤ ਦੀ ਪ੍ਰੀਖਿਆ
ਕਰਕੇ ਸਚ ਦਾ ਗ੍ਰਹਣ ਅਰ ਝੂਠ ਨੂੰ ਛਡ ਦੇਂਦਾ ਹੈ, ਜਦ ਤਿਕ ਸੁਧੰਨਵਾ ਰਾਜਾ

ਨੂੰ ਵਡਾ ਵਿਦਵਾਂਨ ਉਪਦੇਸ਼ਕ ਨਹੀਂ ਮਿਲਿਆ ਸੀ, ਤਦ ਤਿਕ ਸੰਦੇਹ ਵਿਚ ਪਏ ਹੋਏ ਸਨ ਕਿ ਇਨਾਂ ਵਿਚੋਂ ਕੇਹੜਾ ਸਚਾ ਅਰ ਕੇਹੜਾ ਝੂਠਾ ਹੈ ਜਦ ਸ਼ੰਕ੍ਰਾਚਾਰਜ ਦੀ ਇਹ ਬਾਤ ਸੁਣੀ ਤਾਂ ਬਡੀ ਪ੍ਰਸੰਨਤਾ ਦੇ ਨਾਲ ਬੋਲੇ ਕਿ ਅਸੀ ਸ਼ਾਸਤ੍ਰਾਰਥ ਕਰਾਕੇ ਸਤ ਅਸਤ ਦਾ ਨਿਰਣਾ ਜਰੂਰ ਕਰਾਂਵਾਂਗੇ, ਜੈਨੀਆਂ ਦੇ ਪੰਡਤਾਂ ਨੂੰ ਦੂਰ ਦੂਰ ਥੀਂ ਬੁਲਾਕੇ ਸਭਾ ਕਰਾਈ, ਓਸ ਵਿਚ ਸ਼ੰਕ੍ਰਾਚਾਰਜ ਦਾ ਵੇਦਮਤ, ਅਰ ਜੈਨੀਆਂ ਦਾ ਵੇਦ ਵਿਰੁਧ ਮਤ ਸੀ ਅਰਥਾਤ ਸ਼ੰਕ੍ਰਾਚਾਰਜ ਦਾ ਪਖ ਵੇਦ ਮਤ ਦਾ ਅਸਥਾਪਣ, ਅਰ ਜੈਨੀਆਂ ਦਾ ਖੰਡਨ, ਅਰ ਜੈਨੀਆਂ ਦਾ ਪਖ ਆਪਣੇ ਮਤ ਦਾ ਅਸਥਾਪਨ, ਅਰ ਵੇਦ ਦਾ ਖੰਡਨ ਸੀ, ਸ਼ਾਸਤ੍ਰਾਰਥ ਕਈਆਂ ਦਿਨਾਂ ਤਿਕ ਹੋਇਆ, ਜੈਨੀਆਂ ਦਾ ਮਤ ਇਹੁ ਸੀ ਕਿ ਸ੍ਰਿਸ਼ਟੀ ਦਾ ਕਰਤਾ ਅਨਾਦੀ ਈਸ਼੍ਵਰ ਕੋਈ ਨਹੀਂ ਇਹ ਜਗਤ ਅਰ ਜੀਵ ਅਨਾਦੀ ਹਨ, ਇਨਾਂ ਦੋਹਾਂ ਦੀ ਉਤਪੱਤੀ ਅਰ ਨਾਸ਼ ਕਦੀ ਨਹੀਂ ਹੁੰਦਾ, ਏਸ ਤੋਂ ਵਿਰੁਧ ਸ਼ੰਕ੍ਰਾਚਾਰਜ ਦਾ ਮਤ ਸੀ ਕਿ ਅਨਾਦੀ ਸਿਧ ਪਰਮੇਸ਼੍ਵਰ ਹੀ ਜਗਤ ਦਾ ਕਰਤਾ ਹੈ ਇਹ ਜਗਤ ਅਰ ਜੀਵ ਝੂਠਾ ਹੈ, ਕਿਉਂਕਿ ਓਸ ਪ੍ਰਮੇਸ਼੍ਵਰ ਨੇ ਅਪਣੀ ਮਾਇਆ ਨਾਲ ਜਗਤ ਬਣਾਇਆ, ਉਹੋ ਧਾਰਣ ਅਰ ਪਰਲੋ ਕਰਦਾ ਹੈ, ਅਰ ਇਹ ਜੀਵ ਅਰ ਪ੍ਰਪੰਚ ਸੁਪਨੇ ਦੀ ਨਿਆਈਂ ਹੈ ਪਰਮੇਸ਼੍ਵਰ ਆਪਹੀ ਸਭ ਜਗਤ ਰੂਪ ਹੋਕੇ ਲੀਲਾ ਕਰ ਰਹਿਆ ਹੈ, ਬਹੁਤ ਦਿਨਾਂ ਤਿਕ ਸ਼ਾਸਤ੍ਰਾਰਥ ਹੁੰਦਾ ਰਹਿਆ ਪ੍ਰੰਤੂ ਅੰਤ ਵਿਚ ਯੁਕਤੀ ਅਰ ਪ੍ਰਮਾਂਣ ਨਾਲ ਜੈਨੀਆਂ ਦਾ ਮਤ ਖੰਡਤ, ਅਰ ਸ਼ੰਕ੍ਰਾਚਾਰਜ ਦਾ ਮਤ ਅਖੰਡਤ ਰਹਿਆ, ਤਦ ਉਨਾਂ ਜੈਨੀਆਂ ਦੇ ਪੰਡਤ, ਅਰ ਸੁਧੰਨਵਾ ਰਾਜਾ ਨੇ ਵੇਦ ਮਤ ਦਾ ਸ੍ਵੀਕਾਰ ਕਰ ਲੀਤਾ, ਜੈਨ ਮਤ ਨੂੰ ਛਡ ਦਿੱਤਾ, ਫੇਰ ਬਡਾ ਹੱਲਾ ਗੁੱਲਾ ਹੋਇਆ ਅਰ ਸੁਧੰਨਵਾ ਰਾਜਾ ਨੇ ਹੋਰ ਅਪਣੇ ਇਸ਼ਟ ਮਿਤ੍ਰ ਰਾਜਿਆਂ ਨੂੰ ਲਿਖਕੇ ਸ਼ੰਕ੍ਰਾਚਾਰਜ ਨਾਲ ਸ਼ਾਸਤ੍ਰਾਰਥ ਕਰਾਇਆ, ਪ੍ਰੰਤੂ ਜੈਨੀਆਂ ਦਾ ਪ੍ਰਾਜੈ ਸਮੇਂ ਹੋਣ ਕਰਕੇ ਹਾਰਦੇ ਚਲੇਗਏ, ਪਸਚਾਤ ਸ਼ੰਕ੍ਰਾਚਾਰਜ ਦੇ ਸਾਰੇ ਆਰਯਾਵਰਤ ਦੇਸ਼ ਵਿਚ ਫਿਰਨ ਦਾ ਪ੍ਰਬੰਧ ਸੁਧੰਨਵਾ ਆਦੀ ਰਾਜਿਆਂ ਨੇ ਕਰ ਦਿੱਤਾ ਅਰ ਉਨਾਂ ਦੀ ਰਖਿਆ ਦੇ ਵਾਸਤੇ ਨਾਲ ਨੌਕਰ ਚਾਕਰ ਭੀ ਰਖ ਦਿਤੇ, ਓਸ ਵੇਲੇ ਤੋਂ ਸਭਦੇ ਯਗੋਪਵੀਤ ਹੋਣ ਲੱਗੇ ਅਰ ਵੇਦਾਂ ਦਾ ਪਠਨ ਪਾਠਨ ਬੀ ਚਲਿਆ, ਦਸਾਂ ਵਰੇਹਾਂ ਦੇ ਅੰਦਰ ਸਾਰੇ ਆਰਯਾਵਰਤ ਦੇਸ਼ ਵਿਚ ਫਿਰਕੇ ਜੈਨੀਆਂ ਦਾ ਖੰਡਨ ਅਰ ਵੇਦਾਂ ਦਾ ਮੰਡਨ ਕੀਤਾ, ਪ੍ਰੰਤੂ ਸ਼ੰਕ੍ਰਾਚਾਰਜ ਦੇ ਸਮੇਂ ਵਿਚ ਜੈਨ ਮਤ ਵਿਧ੍ਵੰਸ ਅਰਥਾਤ ਜਿਨੀਆਂ ਮੂਰਤਾਂ ਜੈਨੀਆਂ ਦੀਆਂ ਨਿਕਲਦੀਆਂ ਹਨ ਉਹ ਸ਼ੰਕ੍ਰਾਚਾਰਜ ਦੇ ਸਮੇਂ ਵਿਚ ਟੁਟੀਆਂ ਸਨ, ਅਰ ਜੋ ਸਬੂਤ ਨਿਕਲਦੀਆਂ ਹਨ ਉਹ ਜੈਨੀਆਂ ਨੇ ਜਮੀਨ ਵਿਚ ਗਡ ਦਿਤੀਆਂ ਸਨ ਕਿ ਤੋੜੀਆਂ ਨਾ ਜਾਂਨ, ਉਹ ਹੁਣ ਤਿਕ ਕਿਦੇ ਕਿਦੇ ਜਿਮੀਨ ਵਿਚੋਂ ਨਿਕਲਦੀਆਂ ਹਨ। ਸ਼ੰਕ੍ਰਾਚਾਰਜ

ਥੀਂ ਪਹਿਲੇ ਸ਼ੈਵ ਮਤ ਬੀ ਥੋੜਾ ਜਿਹਾ ਪ੍ਰਚਲਤ ਸੀ, ਉਸਦਾ ਬੀ ਖੰਡਨ ਕੀਤਾ, ਵਾਂਮਮਾਰਗ ਦਾ ਖੰਡਨ ਕੀਤਾ,ਉਸ ਸਮੇ ਏਸ ਦੇਸ਼ ਵਿਚ ਧਨ ਬਹੁਤ ਸੀ,ਅਰ ਸ੍ਵਦੇਸ਼ ਭਗਤੀ ਬੀ ਸੀ, ਜੈਨੀਆਂ ਦੇ ਮੰਦਰ ਸ਼ੰਕ੍ਰਾਚਾਰਜ ਅਰ ਸੁਧੰਨਵਾ ਰਾਜਾ ਨੇ ਨਹੀ ਤੁੜਵਾਏ ਸਨ,ਕਿਉਂਕਿ ਉਨਾਂ ਵਿਚ ਵੇਦ ਆਦੀ ਦੀ ਪਾਠਸ਼ਾਲਾ ਕਰਨ ਦੀ ਇਛਿਆ ਸੀ, ਜਦ ਵੇਦਮਤ ਦਾ ਅਸਥਾਪਨ ਹੋ ਚੁਕਿਆ ਅਰ ਵਿਦਿਆ ਪ੍ਰਚਾਰ ਕਰਨ ਦਾ ਬਿਚਾਰ ਕਰਦੇ ਹੀ ਸਨ ਇੱਨੇ ਵਿਚ ਦੋ ਜੈਨੀ ਉਪਰੋਂ ਕਹਿਣ ਮਾਤ੍ਰ ਵੇਦ ਮਤ ਅਰ ਅੰਦੋਂ ਕਟੱਰ ਜੈਨ ਅਰਥਾਤ ਕਪਟ ਮੁਨੀ ਸਨ,ਸ਼ੰਕ੍ਰਾਚਾਰਜ ਉਨਾਂ ਉਤੇ ਅਤਿ ਪ੍ਰਸੰਨ ਸਨ ।

ਉਨਾਂ ਦੋਹਾਂ ਨੇ ਵੇਲਾ ਪਾਕੇ ਸ਼ੰਕ੍ਰਾਚਾਰਜ ਨੂੰ ਅਜੇਹੀ ਜ਼ੈਹਿਰ ਵਿਚ ਮਿਲੀ ਹੋਈ ਚੀਜ ਖਵਾਈ ਕਿ ਉਨਾਂ ਦੀ ਭੁਖ ਬੰਦ ਹੋ ਗਈ, ਪਸਚਾਤ ਸ਼ੀਰ ਵਿਚ ਫੋੜੇ ਫੁੰਸੀ ਹੋਕੇ ਛੀਆਂ ਮਹੀਨਿਆਂ ਦੇ ਅੰਦਰ ਸ਼ਰੀਰ ਛੁਟ ਗਿਆ ਤਦ ਸਾਰੇ ਨਿਰ ਉਤਸਾਹੀ ਹੋ ਗਏ, ਅਰ ਜੋ ਵਿਦਿਆ ਦਾ ਪ੍ਰਚਾਰ ਹੋਣ ਵਾਲਾ ਸੀ ਉਹ ਬੀ ਨਾ ਹੋਇਆ,ਜੋ ਜੋ ਉਨਾਂ ਨੇ ਸ਼ਾਰੀਰਕ ਭਾਸ਼ ਆਦੀ ਬਣਾਏ ਸਨ ਉਨਾਂ ਦਾ ਪ੍ਰਚਾਰ ਸ਼ੰਕ੍ਰਾਚਾਰਜ ਦੇ ਚੇਲੇ ਕਰਨ ਲਗੇ, ਅਰਥਾਤ ਜੋ ਜੈਨੀਆਂ ਦੇ ਖੰਡਣ ਦੇ ਵਾਸਤੇ ਬ੍ਰਹਮਸਤ, ਜਗਤ ਮਿਥਿਆ ਅਰ ਜੀਵ ਬ੍ਰਹਮ ਦੀ ਏਕਤਾ ਕਥਨ ਕੀਤੀ ਸੀ ਉਸਦਾ ਉਪਦੇਸ਼ ਕਰਨ ਲਗੇ,ਦਖਣ ਵਿਚ ਸ਼੍ਰਿੰਗੇਰੀ, ਪੂਰਬ ਵਿਚ ਭੂਗੋਬਰਧਨ, ਉਤ੍ਰ ਵਿਚ ਜੋਸੀ, ਅਰ ਦੁਆਰਕਾ ਵਿਚ ਸ਼ਾਰਦਾ ਮਠ ਬਣਾਕੇ ਸ਼ੰਕ੍ਰਾਚਾਰਜ ਦੇ ਚੇਲੇ ਮਹੰਤ ਬਣਕੇ ਅਰ ਸ਼੍ਰੀਮਾਂਨ ਹੋਕੇ ਅਨੰਦ ਕਰਨ ਲਗੇ, ਕਿਂਉਕਿ ਸ਼ੰਕ੍ਰਾਚਾਰਜ ਦੇ ਪਿਛੋਂ ਉਨਾਂਦੇ ਚੇਲਿਆਂ ਦੀ ਬਡੀ ਪ੍ਰਤਿਸ਼ਟਾ ਹੋਣ ਲਗੀ ॥

ਹੁਣ ਏਸ ਵਿਚ ਵਿਚਾਰਨਾ ਚਾਹੀਏ ਕਿ ਜੋ ਜੀਵ ਬ੍ਰਹਮ ਦੀਏਕਤਾ,ਜਗਤ ਮਿਥਿਆ ਸ਼ੰਕ੍ਰਾਚਾਰਜ ਦਾ ਨਿਜਮਤ ਸੀ ਤਾਂ ਉਹ ਚੰਗਾ ਮਤ ਨਹੀ,ਅਰ ਜੋ ਜੈਨੀਆਂ ਦੇ ਖੰਡਣ ਵਾਸਤੇ ਉਸ ਮਤ ਨੂੰ ਸ੍ਵੀਕਾਰ ਕੀਤਾਹੋਵੇ ਤਾਂ ਕੁਝ ਚੰਗਾ ਹੈ। ਨਵੀਨ ਵੇਦਾਂਤੀਆਂ ਦਾ ਮਤ ਅਜਹਾ ਹੈ ॥

(ਪ੍ਰਸ਼ਨ) ਜਗਤ ਸੁਪਨੇ ਦੀ ਨਿਆਈਂ,ਰਸੀ ਵਿਚ ਸਪ, ਸਿਪ ਵਿਚ ਚਾਂਦੀ, ਮ੍ਰਿਗਤ੍ਰਿਸ਼ਨਾ ਵਿਚ ਪਾਣੀ, ਗੰਧਰਬ ਨਗਰ, ਇੰਦ੍ਰਜਾਲ ਵਤ ਇਹ ਸੰਸਾਰ ਝੂਠਾ ਹੈ, ਇਕ ਬ੍ਰਹਮ ਹੀ ਸਚੱ ਹੈ। ਸਿਧਾਂਤੀ) ਝੂਠਾ ਤੁਸੀ ਕਿਸ ਨੂੰ ਕਹਿੰਦੇ ਹੋ ? ਨਵੀਨ ਜੋ ਬਸਤੂ ਨਾ ਹੋਵੇ ਅਰ ਪ੍ਰਤੀਤ ਹੋਵੇ। (ਸਿਧਾਂਤੀ) ਜੋ ਬਸਤੂ ਹੀ ਨਹੀਂ ਉਸਦੀ ਪ੍ਰਤੀਤੀ ਕਿਸ ਤਰਾਂ ਹੋ ਸਕਦੀ ਹੈ ? (ਨਵੀਂਨ) ਅਧਿਆਰੋਪ ਕਰਕੇ। (ਸਿਧਾਂਤੀ) ਅਧਿਆਰੋਪ ਕਿਸਨੂੰ ਕਹਿੰਦੇ ਹਨ? (ਨਵੀਨ)।

"वस्तुन्यवस्त्वारोपणमध्या सः" "अध्यारोपापवादाभ्यां निष्प्रपंचंप्रपंच्यते"

ਪਦਾਰਥ ਕੁਝ ਹੋਰ ਹੋਵੇ ਓਸ ਵਿਚ ਹੋਰ ਬਸਤੂ ਦਾ ਅਰੋਪਣ ਕਰਨਾ ਅਧਿਆਸ, ਅਧਿਆਰੋਪ, ਅਰ ਓਸ ਦਾ ਨਿਰਾਕਰਨ ਕਰਨਾ ਅਪਵਾਦ ਕਹਾਂਦਾ ਹੈ,ਇਨਾਂ ਦੋਹਾਂ ਥੀਂ ਪ੍ਰਪੰਚ ਰਹਿਤ, ਬ੍ਰਹਮ ਵਿਚ ਪ੍ਰਪੰਚ ਰੂਪੀ ਜਗਤ ਵਿਸਤਾਰ ਕਰਦੇ ਹਨ। ( ਸਿਧਾਂਤੀ )ਤੁਸੀ ਰਸੀ ਨੂੰ ਬਸਤੂ ਅਰ ਸਪ ਨੂੰ ਅਬਸਤੂ ਮਨਕੇ ਏਸ ਭ੍ਰਮ ਜਾਲ ਵਿਚ ਪਏ ਹੋ,ਕੀ ਸਪ ਬਸਤੂ ਨਹੀਂ ਹੈ ? ਜੇ ਕਹੋ ਕਿ ਰਸੀ ਵਿਚ ਨਹੀਂ ਤਾਂ ਦੂਜੇ ਦੇਸ਼ ਵਿਚ ਤਾਂ ਹੈ, ਅਰ ਓਸਦਾ ਸੰਸਕਾਰ ਮਾਤ੍ਰ ਹਿਰਦੇ ਵਿਚ ਹੈ ਫੇਰ ਉਹ ਸਪ ਬੀ ਅਬਸਤੂ ਨਹੀ ਰਹਿਆ, ਉਸ਼ੇਤਰਾਂ ਥੰਮ ਵਿਚ ਪੁਰਸ਼, ਸਿਪ ਵਿਚ ਚਾਂਦੀ ਆਦੀ ਦੀ ਬਵਸਥਾ ਸਮਝ ਲੈਣੀ ਅਰ ਸੁਪਨੇ ਵਿਚ ਬੀ ਜਿਨਾਂਦਾ ਭਾਂਨ ਹੁੰਦਾ ਹੈ ਉਹ ਦੂਜੇ ਦੇਸ਼ ਵਿਚ ਹਨ ਅਰ ਉਨਾਂਦੇ ਸੰਸਕਾਰ ਆਤਮਾ ਵਿਚ ਬੀ ਹਨ ਏਸ ਲਈ ਉਹ ਸੁਪਨਾਂ ਬੀ ਬਸਤੂ ਵਿਚ ਅਬਸਤੂ ਦੇ ਅਰੋਪਣ ਦੇ ਸਮਾਂਨ ਨਹੀ ॥

( ਨਵੀਂਨ ) ਜੋ ਕਦੀ ਨਾ ਡਿਠਾ ਨਾ ਸੁਣਿਆਂ ਜਿਸਤਰਾਂ ਕਿ ਅਪਣਾ ਸਿਰ ਕਟਿਆ ਹੈ ਅਰ ਆਪ ਰੋਂਦਾ ਹੈ,ਪਾਂਣੀ ਦੀ ਧਾਰ ਉਪਰ ਵਲ ਚਲੀ ਜਾਂਦੀਹੈ, ਜੋ ਕਦੀ ਨਾ ਹੋਇਆ ਸੀ ਵੇਖਿਆ ਜਾਂਦਾ ਹੈ ਉਹ ਸਚ ਕਿਸਤਰਾਂ ਹੋ ਸਕੇ,

( ਸਿਧਾਂਤੀ ) ਏਹ ਬੀ ਦ੍ਰਿਸ਼ਟਾਂਤ ਤੁਹਾਡੇ ਪਖ ਨੂੰ ਸਿਧ ਨਹੀ ਕਰਦਾ ਕਿਉਂਕਿ ਬਗੈਰ ਵੇਖ ਸੁਣੇ ਸੰਸਕਾਰ ਨਹੀ ਹੁੰਦਾ, ਸੰਸਕਾਰ ਦੇ ਬਿਨਾਂ ਸਿਮ੍ਰਤੀ, ਅਰ ਸਿਮ੍ਰਤੀ ਦੇ ਬਿਨਾਂ ਸਾਖਿਆਤ ਅਨਭਵ ਨਹੀ ਹੁੰਦਾ ਜਦ ਕਿਸੇ ਕੋਲੋਂ ਸੁਣਿਆਂ ਵਾ ਡਿਠਾ ਕਿ ਫਲਾਂਣੇ ਦਾ ਸਿਰ ਕਟਿਆ ਅਰ ਓਸਦੇ ਭਰਾ ਵਾ ਪਿਉ ਆਦੀ ਨੂੰ ਲੜਾਈ ਵਿਚ ਪ੍ਰਤਖ ਰੋਂਦੇ ਡਿਠਾ,ਅਰ ਪੁਹਾਰੇ ਦਾ ਪਾਣੀ ਉਪਰ ਚੜ੍ਹਦੇ ਡਿਠਾ ਵਾ ਸੁਣਿਆਂ ਓਸਦਾ ਸੰਸਕਾਰ ਓਸੇਦੇ ਆਤਮਾਂ ਵਿਚ ਹੁੰਦਾ ਹੈ,ਜਦ ਏਹ ਜਾਗ੍ਰਤ ਦੇ ਪਦਾਰਥਾਂ ਥੀਂ ਵਖਰਾ ਹੋਕੇ ਵੇਖਦਾ ਹੈ ਤਦ ਅਪਣੇ ਆਤਮਾਂ ਵਿਚ ਉਨਾਂ ਪਦਾਰਥਾਂ ਨੂੰ ਜਿਨਾਂ ਨੂੰ ਵੇਖਿਆ ਵਾ ਸੁਣਿਆ ਹੋਵੇ ਵੇਖਦਾ ਹੈ,ਜਦ ਅਪਣੇ ਹੀ ਵਿਚ ਵੇਖਦਾ ਹੈ ਤਦ ਜਾਂਣੋ ਅਪਣਾ ਸਿਰ ਕਟਿਆ ਆਪ ਰੋਂਦਾ ਅਰ ਉਪੱਰ ਜਾਂਦੀ ਪਾਂਣੀ ਦੀ ਧਾਰ ਨੂੰ ਵੇਖਦਾ ਹੈ ਏਹ ਬੀ ਵਸਤੂ ਵਿਚ ਅਬਸਤੂ ਦੇ ਅਰੋਪਣ ਦੇ ਸਦਰਸ ਨਹੀਂ, ਕਿੰਤੂ ਜਿਸਤਰਾਂ ਨਕਸ਼ਾ, ਖਿਚਣ ਵਾਲੇ ਪਹਲੇ ਤੋਂ ਵੇਖੇ ਸੁਣੇ ਦਾ ਵਾ ਕੀਤੇ ਹੋਏ ਕੰਮਾਂ ਨੂੰ ਆਤਮਾ ਵਿਚੋਂ ਕਢਕੇ ਕਾਗਤ ਉਤੇ ਲਿਖ ਦੇਂਦੇ ਹਨ ਅਥਵਾ ਪ੍ਰਤੀਬਿੰਬ ਦਾ ਲਾਹਣ ਵਾਲਾ ਬਿੰਬ ਨੂੰ ਵੇਖਕੇ ਆਤਮਾ ਵਿਚ ਮੂਰਤੀ ਨੂੰ ਧਰਕੇ ਬਰਾਬਰ ਲਿਖ ਦੇਂਦਾ ਹੈ। ਹਾਂ ਇਨਾਂ ਹੈ ਕਿ ਕਿਦੇ ਕਿਦੇ ਸੁਪਨੇ ਵਿਚ ਸਿਮ੍ਰਣ ਜੁਗਤ ਪ੍ਰੀਤੀਤੀ ਜਿਸਤਰਾਂ ਕਿ ਅਪਣੇ ਅਧਿਆਪਕ ਨੂੰਵੇਖਦਾ ਹੈ,ਅਰ ਕਦੀ ਬਹੁਤ ਕਾਲ ਵੇਖਣੇ ਅਰ ਸੁਣਨੇ ਵਿਚ ਬੀਤੇ ਹੋਏ ਗਿਆਂਨ ਨੂੰ ਸਾਖਿਆਤ ਕਾਰ ਕਰਦਾ ਹੈ ਤਦ ਸਿਮਰਣ ਨਹੀ ਰਹਿੰਦਾ ਕਿ ਜੋ ਮੈਨੇ

ਓਸ ਸਮੇਂ ਵੇਖਿਆ ਸੁਣਿਆ ਵਾ ਕੀਤਾ ਸੀ ਓਸੇ ਨੂੰ ਵੇਖਦਾ ਸੁਣਦਾ ਵਾ ਕਰਨਾ ਹਾਂ, ਜਿਸਤਰਾਂ ਜਾਗ੍ਰਤ ਵਿਚ ਸਿਮ੍ਰਣ ਕਰਦਾ ਹੈ ਉਸੇਤਰਾਂ ਸੁਪਨੇ ਵਿਚ ਨਹੀ ਹੁੰਦਾ, ਏਸ ਲਈ ਤੁਹਾਡਾ ਅਧਿਆਸ ਅਰ ਆਰੋਪਦਾ ਲਖਣ ਝੂਠਾ ਹੈ, ਅਰ ਜੋ ਵੇਦਾਂਤੀ ਲੋਕ ਵਿਵਰਤ ਵਾਦ ਅਰਥਾਤ ਰਜੂ ਵਿਚ ਸਰਪ ਆਦੀ ਦੇ ਭਾਂਨ ਹੋਣਦਾ ਦ੍ਰਿਸ਼ਟਾਂਤ ਬ੍ਰਹਮ ਵਿਚ ਜਗਤ ਦੇ ਭਾਂਨ ਹੋਣਦੇ ਵਿਚ ਦੇਂਦੇ ਹਨ ਉਹਬੀ ਠੀਕ ਨਹੀ।

(ਨਵੀਂਨ) ਅਧਿਸ਼ਟਾਂਨ ਦੇ ਬਗੈਰ ਅਧਿਅਸਤ ਪ੍ਰਤੀਤ ਨਹੀ ਹੁੰਦਾ, ਜਿਸਤਰਾਂ ਰਜੂ ਨਾ ਹੋਵੇ ਤਾਂ ਸਰਪ ਦਾ ਬੀ ਭਾਂਨ ਨਹੀ ਹੋ ਸਕਦਾ, ਜਿਸਤਰਾਂ ਰਜੂ ਵਿਚ ਸਪ ਤਿੰਨ ਕਾਲ ਵਿਚ ਨਹੀਂ ਹੈ ਪ੍ਰੰਤੂ ਅੰਧਕਾਰ ਅਰ ਕੁਝ ਚਾਂਨਣੇ ਦੇ ਮੇਲ ਵਿਚ ਅਕਸਮਾਤ੍ ਰਜੂ ਨੂੰ ਵੇਖਣ ਥੀਂ ਸਪ ਦਾ ਭਰਮ ਹੋਕੇ ਭੈ ਨਾਲ ਕੰਮਦਾ ਹੈ ਜਦ ਓਸ ਨੂੰ ਦੀਵੇ ਆਦੀ ਨਾਲ ਵੇਖ ਲੈਂਦਾ ਹੈ ਉਸ ਵੇਲੇ ਭਰਮ ਅਤੇ ਭੈ ਨਵਿਰਤ ਹੋ ਜਾਂਦਾ ਹੈ, ਉਸੇ ਤਰਾਂ ਬ੍ਰਹਮ ਵਿਚ ਜੋ ਜਗਤ ਦੀ ਮਿਥਿਆ ਪ੍ਰੀਤੀਤੀ ਹੋਈ ਹੈ ਉਹ ਬ੍ਰਹਮ ਦੇ ਸਾਖਿਆਤ ਕਾਰ ਹੋਣ ਵਿਚ ਜਗਤ ਦੀ ਨਿਵਿਰਤੀ ਅਰ ਬ੍ਰਹਮ ਦੀ ਪ੍ਰਤੀਤੀ ਹੋ ਜਾਂਦੀ ਹੈ, ਜਿਸਤਰਾਂ ਕਿ ਸਪ ਦੀ ਨਿਵਿਰਤੀ ਅਰ ਰਸੀ ਦੀ ਪ੍ਰਤੀਤੀ ਹੁੰਦੀ ਹੈ।

(ਸਿਧਾਂਤੀ) ਬ੍ਰਹਮ ਵਿਚ ਜਗਤ ਦਾ ਭਾਂਨ ਕਿਸ ਨੂੰ ਹੋਇਆ?

(ਨਵੀਨ) ਜੀਵ ਨੂੰ। (ਸਿਧਾਂਤੀ) ਜੀਵ ਕਿਥੋਂ ਹੋਇਆ?

(ਨਵੀਂਨ) ਅਗਿਆਂਨ ਕਰਕੇ (ਸਿਧਾਂਤੀ) ਅਗਿਆਂਨ ਕਿਥੋਂ ਹੋਇਆ ਅਰ ਕਿੱਥੇ ਰਹਿੰਦਾ ਹੈ? (ਨਵੀਂਨ) ਅਗਿਆਂਨ ਅਨਾਦੀ ਅਰ ਬ੍ਰਹਮ ਵਿਚ ਰਹਿੰਦਾ ਹੈ॥ (ਸਿਧਾਂਤੀ) ਬ੍ਰਹਮ ਵਿਚ ਬ੍ਰਹਮ ਦਾ ਅਗਿਆਨ ਹੋਇਆ ਵਾ ਕਿਸੇ ਹੋਰਦਾ ਅਰ ਉਹ ਅਗਿਆਂਨ ਕਿਸ ਨੂੰ ਹੋਇਆ? (ਨਵੀਂਨ) ਚਿਦਾ ਭਾਸ ਨੂੰ।

(ਸਿਧਾਂਤੀ) ਚਿਦਾਭਾਸ ਦਾ ਸਰੂਪ ਕੀ ਹੈ।

(ਨਵੀਂਨ) ਬ੍ਰਹਮ, ਬ੍ਰਹਮ ਨੂੰ ਬਹਮ ਦਾ ਅਗਿਆਂਨ ਅਰਥਾਤ ਆਪਣੇ ਸਰੂਪ ਨੂੰ ਆਪਹੀ ਭੁਲ ਜਾਂਦਾ ਹੈ (ਸਿਧਾਂਤੀ) ਓਸ ਦੇ ਭੁਲੱਣ ਵਿਚ ਨਮਿਤਕੀ ਹੈ?

(ਨਵੀਂਨ) ਅਵਿੱਦਿਆ (ਸਿਧਾਂਤੀ) ਅਵਿੱਦਿਆ ਸਰਬ ਵਿਆਪੀ ਸਰਬੱਗ ਦਾ ਗੁਣ ਹੈ ਵਾ ਅਲਪੱਗ ਦਾ? (ਨਵੀਂਨ) ਅਲਪੱਗ ਦਾ

(ਸਿਧਾਂਤੀ ਤਾਂ ਤੁਹਾਡੇ ਮਤ ਵਿਚ ਬਗੈਰ ਇਕ ਅਨੰਤ ਸਰਬੱਗ ਚੇਤਨ ਦੇ ਦੂਜਾ ਕੋਈ ਚੇਤਨ ਹੈ ਵਾ ਨਹੀਂ? ਅਰ ਅਲਪੱਗ ਕਿਥੋਂ ਆਇਆ। ਹਾਂ ਜੇ ਅਲਪੱਗ ਚੇਤੰਨ ਬ੍ਰਹਮ ਥੀਂ ਵਖਰਾ ਮੰਨੋ ਤਾਂ ਠੀਕ ਹੈ ਜਦ ਇਕ ਠਿਕਾਣੇ ਬ੍ਰਹਮ ਨੂੰ ਅਪਣੇ ਸਰੂਪ ਦਾ ਅਗਿਆਂਨ ਹੋਵੇ ਤਾਂ ਸਰਬਤ੍ਰ ਅਗਿਆਂਨ ਫੈਲ ਜਾਵੇ। ਜਿਸਤਰਾਂ ਸ਼ਰੀਰ ਵਿਚ ਫੋੜੇ ਦੀ ਪੀੜ ਸਭ ਸ਼ਰੀਰ ਦੇ ਅੰਗਾਂ ਨੂੰ

ਨਿਕੰਮੀਆਂ ਕਰ ਦੇਂਦੀ ਹੈ,ਇਸੇ ਪ੍ਰਕਾਰ ਬ੍ਰਹਮ ਬੀ ਇਕ ਦੇਸ਼ ਵਿਚ ਅਗਿਆਨੀ ਅਰ ਕਲੇਸ਼ ਯੁਕਤ ਹੋਵੇ ਤਾਂ ਸਭ ਬ੍ਰਹਮ ਬੀ ਅਗਿਆਨੀ ਅਰ ਪੀੜਾ ਦੇ ਅਨਭਉ ਯੁਕਤ ਹੋ ਜਾਵੇ। ( ਨਵੀਨ ) ਏਹ ਸਭ ਉਪਾਧੀ ਦਾ ਧਰਮ ਹੈ ਬ੍ਰਹਮ ਦਾ ਨਹੀਂ। ( ਸਿਧਾਂਤੀ ) ਉਪਾਧੀ ਜੜ ਹੈ ਵਾ ਚੇਤੰਨ, ਅਰ ਸਤ ਹੈ ਵਾ ਅਸਤ? ( ਨਵੀਨ ) ਅਨਿਰਬਚਨੀਯ ਹੈ ਅਰਥਾਤ ਜਿਸ ਨੂੰ ਜੜ ਵਾ ਚੈਤੰਨ,ਸਤ ਵਾ ਅਸਤ ਨਹੀਂ ਕਹ ਸਕਦੇ। ( ਸਿਧਾਂਤੀ ) ਏਹ ਤੁਹਾਡਾ ਕਹਣਾ 'ਵਦਤੋਵਿਆਘਾਤ' ਦੇ ਤੁਲ ਹੈ,ਕਿਉਂਕਿ ਕਹਿੰਦੇ ਹੋ ਅਵਿਦਿਆ ਹੈ ਜਿਸ ਨੂੰ ਜੜ, ਚੇਤੰਨ, ਸਤ, ਅਸਤ ਨਹੀਂ ਕਹਸਕਦੇ,ਏਹ ਅਜੇਹੀ ਗਲ ਹੈ ਕਿ ਜਿਸਤਰਾਂ ਸੋਨੇ ਵਿਚ ਪਿਤੱਲ ਮਿਲਿਆ ਹੋਵੇ ਓਸ ਨੂੰ ਸਰਾਫ ਦੇ ਪਾਸ ਪ੍ਰੀਖਿਆ ਕਰਾਵੇ ਕਿ ਇਹ ਸੋਨਾ ਹੈ ਵਾ ਪਿਤੱਲ? ਤਦ ਏਹੋ ਆਖੋਗੇ ਕਿ ਏਸ ਨੂੰ ਅਸੀ ਨਾ ਸੋਨਾ ਨਾ ਪਿਤੱਲ ਕਹ ਸਕਨੇ ਹਾਂ ਕਿੰਤੂ ਏਸ ਵਿਚ ਦੋਨੋ ਧਾਤਾਂ ਮਿਲੀਆਂ ਹਨ। (ਨਵੀਨ) ਵੇਖੋ ਜਿਸਤਰਾਂ ਘਟਾਕਾਸ਼, ਮਠਾਕਾਸ਼, ਮੇਘਾਕਾਸ਼, ਅਰ ਮਹਾਂਕਾਸ਼ ਉਪਾਧੀ ਅਰਥਾਤ ਘੜੇ, ਘਰ, ਅਰ ਮੇਘਦੇ ਹੋਣ ਕਰਕੇ ਭਿੰਨ ਭਿੰਨ ਪ੍ਰਤੀਤ ਹੁੰਦ ਹਨ ਵਾਸਤਵ ਵਿਚ ਮਹਾਂਅਕਾਸ਼ ਹੀ ਹੈ, ਇਸੇ ਤਰਾਂ ਹੀ ਮਾਇਆ, ਅਵਿਦਿਆ, ਸਮਸ਼ਟੀ,ਵਜਸ਼ਟੀ ਅਰ ਅੰਤਹਿਕਰਨਾਂ ਦੀਆਂ ਉ-ਪਾਧੀਆਂ ਥੀਂ ਬ੍ਰਹਮਅਗਿਆਨੀਆਂ ਨੂੰ ਵਖੋ ਵਖਰਾ ਪਰਤੀਤ ਹੋ ਰਹਿਆ ਹੈ ਵਾਸਤਵ ਵਿਚ ਇਕ ਹੀ ਹੈ,ਵੇਖੋ ਅਗਲੇ ਪ੍ਰਮਾਂਣ ਵਿਚ ਕੀ ਕਹਿਆ ਹੈ:—

अग्निर्यथैको भुवनं प्रविष्टो रूपं रूपं प्रतिरूपो बभूव।

एकस्तथा सर्वभूतान्तरात्मा रूपं रूपं प्रतिरूपो बहिश्च ॥

कठउ० वल्ली ५। मं० ९॥

ਜਿਸਤਰਾਂ ਅੱਗ ਲੰਮੇ, ਚੌੜੇ, ਗੋਲ, ਛੋਟੇ, ਵਡੇ, ਸਭ ਸ਼ਕਲ ਵਾਲੇ ਪਦਾਰਥਾਂ ਵਿਚ ਵਿਆਪਕ ਹੋਕੇ ਤਦਾਕਾਰ ਨਜ਼ਰ ਆਂਉਦੀ, ਅਰ ਉਨਾਂ ਥੀਂ ਵਖਰੀ ਹੈ, ਉਸੇ ਤਰਾਂ ਸਰਬ ਵਿਆਪਕ ਪਰਮੇਸ਼ੁਰ ਅੰਤਹਿਕਰਨਾਂ ਵਿਚ ਵਿਆਪਕ ਹੋਕੇ ਅੰਤਹਿ ਕਰਨ ਰੂਪ ਹੋ ਰਹਿਆ ਹੈ, ਪ੍ਰੰਤੂ ਉਨਾਂ ਥੀਂ ਵਖਰਾ ਹੈ। ( ਸਿਧਾਂਤੀ ) ਏਹ ਬੀ ਤੁਹਾਡਾ ਕਹਣਾ ਬਿਅਰਥ ਹੈ, ਕਿਉਂਕਿ ਜਿਸਤਰਾਂ ਘੜੇ, ਕੋਠੇ, ਬਦਲ, ਅਰ ਅਕਾਸ਼ ਨੂੰ ਭਿੰਨ ਮਨਦੇ ਹੋ ਉਸੇ ਤਰਾਂ ਕਾਰਣ ਕਾਰਜ ਰੂਪੀ ਜਗਤ ਅਰ ਜੀਵ ਨੂੰ ਬ੍ਰਹਮ ਥੀਂ ਅਰ ਬ੍ਰਹਮ ਨੂੰ ਇਨਾਂ ਥੀਂ ਵਖਰਾ ਮਨ ਲੌ।

(ਨਵੀਨ) ਜਿਸਤਰਾਂ ਅੱਗ ਸਭ ਵਿਚ ਪ੍ਵਿਸ਼ਟ ਹੋਕੇ ਦਿਸੱਣ

ਵਿਚ ਤਦਾਕਾਰ ਨਜਰ ਆਂਉਂਦੀ ਹੈ ਇਸੇ ਤਰਾਂ ਪਰਮੇਸ਼੍ਵਰ ਜੜ ਅਰ ਜੀਵ ਵਿਚ ਵਿਆਪਕ ਹੋਕੇ ਅਕਾਰਵਾਲਾ ਅਗਿਆਂਨੀਆਂ ਨੂੰ ਅਕਾਰ ਯੁਕਤ ਨਜਰ ਆਂਉਦਾ ਹੈ,ਵਾਸਤਵ ਵਿਚ ਬ੍ਰਹਮ ਨਾ ਜੜ, ਅਰ ਨਾ ਜੀਵ ਹੈ, ਜਿਸਤਰਾਂ ਪਾਣੀ ਦੇ ਹਜਾਰ ਕੂੰਡੇ ਧਰੇ ਹੋਂਨ ਉਨਾਂ ਵਿਚ ਸੂਰਜ ਦੇ ਹਜਾਰ ਪ੍ਰਤੀਬਿੰਬ ਨਜਰ ਆਂਉਦੇ ਹਨ ਵਾਸਤਵ ਵਿਚ ਸੂਰਜ ਇਕ ਹੈ ਕੂੰਡਿਆਂ ਦੇ ਨਸ਼ਟ ਹੋਣ ਨਾਲ ਪਾਣੀ ਦੇ ਚਲੱਣ ਵਾ ਫੈਲਣ ਕਰਕੇ ਸੂਰਜ ਨਾ ਨਸ਼ਟ ਹੁੰਦਾ ਨਾ ਚਲਦਾ ਅਰ ਨਾ ਫੈਲਦਾ ਹੈ, ਇਸੇ ਪ੍ਰਕਾਰ ਅੰਤਹਕਰਨਾਂ ਵਿਚ ਬ੍ਰਹਮ ਦਾ ਅਭਾਸ ਜਿਸ ਨੂੰ ਚਿਦਾਭਾਸ ਕਹਿੰਦੇ ਹਨ ਪਿਆ ਹੈ ਜਦ ਤਿਕ ਅੰਤਹ ਕਰਨ ਹੈ ਤਦੋਂ ਤਿਕ ਜੀਵ ਹੈ, ਜਦ ਅੰਤਹ ਕਰਨ ਗਿਆਂਨ ਕਰਕੇ ਨਸ਼ਟ ਹੁੰਦਾ ਹੈ ਤਦ ਜੀਵ ਬ੍ਰਹਮਸਰੂਪ ਹੈ, ਇਸ ਚਿਦਾਭਾਸ ਨੂੰ ਅਪਣੇ ਬ੍ਰਹਮ ਸਰੂਪ ਦਾ ਅਗਿਆਂਨ, ਕਰਤਾ, ਭੋਗਤਾ, ਸੁਖੀ, ਦੁਖੀ, ਪਾਪੀ, ਪੁੰਨਆਤਮਾ, ਜਨਮ, ਮਰਣ, ਅਪਣੇ ਵਿਚ ਅਰੋਪਣ ਕਰਦਾ ਹੈ ਤਦ ਤਿਕ ਸੰਸਾਰ ਦੇ ਬੰਧਨਾਂ ਥੀਂ ਨਹੀਂ ਛੁਟਦਾ।

( ਸਿਧਾਂਤੀ ) ਏਹ ਦ੍ਰਿਸ਼ਟਾਂਤ ਤੁਹਾਡਾ ਬਿਅਰਥ ਹੈ, ਕਿੰਉਕਿ ਸੂਰਜ ਅਕਾਰ ਵਾਲਾ ਜਲ ਦੇ ਕੂੰਡੇ ਬੀ ਸਕਾਰ ਹਨ, ਸੂਰਜ ਜਲਦੇ ਕੂੰਡਿਆਂ ਥੀਂ ਭਿੰਨ, ਅਰ ਸੂਰਜ ਥੀਂ ਜਲਦੇ ਕੂੰਡੇ ਭਿੰਨ ਹਨ ਤਦੇ ਹੀ ਪ੍ਰਤੀ ਬਿੰਬ ਪੈਂਦਾ ਹੈ, ਜੇਕਰ ਨਿਰਾਕਾਰ ਹੁੰਦੇ ਤਾਂ ਉਨਾਂ ਦਾ ਪ੍ਰਤੀ ਬਿੰਬ ਕਦੀ ਨਾਂ ਹੁੰਦਾ, ਅਰ ਜਿਸ-ਤਰਾਂ ਪਰਮੇਸ਼੍ਵਰ ਨਿਰਾਕਾਰ ਸਰਬਤ੍ਰ ਅਕਾਸ਼ ਵਤ ਵਿਆਪਕ ਹੋਣ ਕਰਕੇ ਬ੍ਰਹਮ ਥੀਂ ਕੋਈ ਪਦਾਰਥ ਵਾ ਪਦਾਰਥਾਂ ਥੀਂ ਬ੍ਰਹਮ ਵਖਰਾ ਨਹੀਂ ਹੋ ਸਕਦਾ, ਅਰ ਵਿਆਪ੍ਯ, ਵਿਆਪਕ ਸਬੰਧ ਕਰਕੇ ਇਕ ਬੀ ਨਹੀਂ ਹੋ ਸਕਦਾ ਅਰ-ਥਾਤ ਅਨ੍ਵੈਯਵ੍ਯਤੀਰੇਕ ਭਾਉ ਕਰਕੇ ਵੇਖਣ ਨਾਲ ਵਿਆਪ੍ਯ ਵਿਆਪਕ ਮਿਲੇ ਹੋਏ ਅਰ ਸਦਾ ਵਖਰੇ ਰਹਿੰਦੇ ਹਨ, ਜੇ ਇੱਕ ਹੋਂਨ ਤਾਂ ਅਪਣੇ ਵਿਚ ਵਿਆਪ੍ਯ ਵਿਆਪਕ ਭਾਵ ਸਬੰਧ ਕਦੀ ਨਹੀਂ ਘਟ ਸਕਦਾ, ਸੋ ਬ੍ਰਿਹਦਾਰ-ਨੱਕ ਦੇ ਅੰਤਰਜਾਂਮੀ ਬ੍ਰਾਹਮਣ ਵਿਚ ਸਪਸ਼ਟ ਲਿਖਿਆ ਹੈ, ਅਰ ਬ੍ਰਹਮ ਦਾ ਅਭਾਸ ਬੀ ਨਹੀਂ ਪੈ ਸਕਦਾ, ਕਿੰਉਕਿ ਬਿਨਾਂ ਅਕਾਰ ਦੇ ਅਭਾਸ ਦਾ ਹੋਣਾ ਅਸੰਭਵ ਹੈ, ਜੋ ਅੰਤਹਕਰਨ ਉਪਾਧੀ ਥੀਂ ਬ੍ਰਹਮ ਨੂੰ ਜੀਵ ਮਨਦੇ ਹੋ ਸੋ ਤੁਹਾਡੀ ਬਾਤ ਬਾਲਕ ਦੀ ਨਿਆਂਈ ਹੈ, ਅੰਤਹਿਕਰਣ ਚਲੰਣ ਵਾਲਾ, ਖੰਡ ਖੰਡ, ਅਰ ਬ੍ਰਹਮ ਅਚਲ ਅਰ ਅਖੰਡ ਹੈ। ਜੇਕਰ ਤੁਸੀ ਬ੍ਰਹਮ ਅਰ ਜੀਵ ਨੂੰ ਵਖੋ ਵਖਰਾ ਨਾ ਮਨੋਂਗੇ ਤਾਂ ਏਸਦਾ ਉੱਤਰ ਦੇਓ ਕਿ ਜਿੱਥੇ ਜਿੱਥੇ ਅੰਤਹਿਕਰਨ ਚਲਿਆ ਜਾਵੇਗਾ ਉੱਥੋਂ ਉੱਥੋਂ ਦੇ ਬ੍ਰਹਮ ਨੂੰ ਅਗਿਆਂਨੀ, ਅਰ ਜਿਸ ਜਿਸ ਦੇਸ਼ ਨੂੰ ਛੱਡੇਗਾ ਉੱਥੋਂ ਉੱਥੋਂ ਦੇ ਬ੍ਰਹਮ ਨੂੰ ਗਿਆਂਨੀ ਕਰ ਦੇਵੇਗਾ ਵਾ ਨਹੀਂ ? ਜਿਸਤਰਾਂ ਛਤ੍ਰੀ ਪ੍ਰਕਾਸ਼ ਦੇ ਵਿਚ ਜਿੱਥੇ ਜਿੱਥੇ ਜਾਂਦੀ ਹੈ

ਓੱਥੇ ਓੱਥੇ ਪ੍ਰਕਾਸ਼ ਨੂੰ ਢਕ ਲੈਂਦੀ, ਅਰ ਜਿੱਥੋਂ ਹਟਦੀ ਹੈ ਉੱਥੋਂ ਉੱਥੋਂ ਦੇ ਪ੍ਰਕਾਸ਼ ਨੂੰ ਅਵਰਣ ਤੋਂ ਰਹਿਤ ਕਰ ਦਿੰਦੀ ਹੈ, ਉਸੇ ਤਰਾਂ ਅੰਤਹਕਰਨ ਬ੍ਰਹਮ ਨੂੰ ਛਿੰਨ ਛਿੰਨ ਵਿਚ ਗਿਆਨੀ, ਅਗਿਆਨੀ, ਬਧ ਅਰ ਮੁਕਤ ਕਰਦਾ ਜਾਵੇਗਾ, ਅਖੰਡ ਬ੍ਰਹਮ ਦੇ ਇਕ ਦੇਸ਼ ਵਿਚ ਅਵਰਣ ਦਾ ਪ੍ਰਭਾਉ ਸਰਬ ਦੇਸ਼ ਵਿਚ ਹੋਣ ਕਰਕੇ ਸਭ ਬ੍ਰਹਮ ਅਗਿਆਨੀ ਹੋ ਜਾਵੇਗਾ, ਕਿਉਂਕਿ ਉਹ ਚੈਤੰਨ ਹੈ, ਅਰ ਮਥਰਾ ਵਿਚ ਜਿਸ ਅੰਤਹਿਕਰਣਿ ਵਾਲੇ ਬ੍ਰਹਮ ਨੈ ਜੋ ਬਸਤੂ ਵੇਖੀ ਓਸਦਾ ਸਿਮ੍ਰਣ ਉਸੇ ਅੰਤਹਿਕਰਣ ਥੀਂ ਕਾਂਸ਼ੀ ਵਿਚ ਨਹੀਂ ਹੋ ਸਕਦਾ ਕਿਉਂਕਿਃ—

"अन्यदृष्टमन्यो न स्मरतीति न्यायात्"

ਹੋਰਦੇ ਵੇਖੇ ਦਾ ਸਿਮਰਣ ਹੋਰਨੂੰ ਨਹੀਂ ਹੁੰਦਾ, ਜਿਸ ਚਿਦਾਭਾਸਨੇ ਮਥਰਾ ਵਿਚ ਵੇਖਿਆ ਉਹ ਚਿਦਾਭਾਸ ਕਾਂਸ਼ੀ ਵਿਚ ਨਹੀਂ ਰਹਿੰਦਾ, ਕਿੰਤੂ ਜੋ ਮਥਰਾ ਵਿਚ ਹੋਣ ਵਾਲੇ ਅੰਤਹਿਕਰਣ ਦਾ ਪ੍ਰਕਾਸ਼ਕ ਹੈ ਉਹ ਕਾਂਸ਼ੀ ਵਿਚ ਹੋਣ ਵਾਲਾ ਬ੍ਰਹਮਨ ਨਹੀਂ ਹੁੰਦਾ, ਜੇਕਰ ਬ੍ਰਹਮ ਹੀ ਜੀਵ ਹੈ ਕਿੰਤੂ ਵਖਰਾ ਨਹੀਂ ਤਾਂ ਜੀਵ ਨੂੰ ਸਰਬੱਗ ਹੋਣਾ ਚਾਹੀਏ, ਯਦੀ ਬ੍ਰਹਮ ਦਾ ਪ੍ਰਤੀਬਿੰਬ ਵਖਰਾ ਹੈ ਤਾਂ ਪ੍ਰਤੀਭਿਗਿਆ ਅਰਥਾਤ ਪਿਛੇ ਵੇਖੇ ਸੁਣੇ ਦਾ ਗਿਆਨ ਕਿਸੇ ਨੂੰ ਨਹੀਂ ਹੋ ਸੱਕੇਗਾ, ਜੇ ਕਹੋਂਕਿ ਬ੍ਰਹਮ ਇਕ ਹੈ ਏਸ ਲਈ ਸਿਮਰਣ ਹੁੰਦਾ ਹੈ ਤਾਂ ਇਕ ਠਿਕਾਣੇ ਅਗਿਆਨ ਵਾ ਦੁਖ ਹੋਣ ਕਰਕੇ ਸਭ ਬ੍ਰਹਮ ਨੂੰ ਅਗਿਆਨ ਵਾ ਦੁਖ ਹੋ ਜਾਂਣਾ ਚਾਹੀਏ ਅਜੇਹੇ ਅਜੇਹੇ ਦ੍ਰਿਸ਼ਟਾਂਤਾਂ ਥੀਂ ਨਿਤ, ਸ਼ੁਧ, ਬੁਧ, ਮੁਕਤ ਸੁਭਾਉ ਬ੍ਰਹਮ ਨੂੰ ਤੁਸਾਂ ਨੈ ਅਸ਼ੁਧ, ਅਗਿਆਨੀ ਅਰ ਬਧ ਆਦੀ ਦੋਸ਼ ਵਾਲਾ ਕਰ ਦਿੱਤਾ ਹੈ, ਅਰ ਅਖੰਡ ਨੂੰ ਖੰਡ ਖੰਡ ਕਰ ਦਿੱਤਾ ॥

(ਨਵੀਂਨ) ਨਿਰਾਕਾਰ ਦਾ ਬੀ ਅਭਾਸ ਹੁੰਦਾ ਹੈ, ਜਿਸਤਰਾਂ ਕਿ ਦਰਪਣ ਵਾ ਜਲ ਆਦੀ ਵਿਚ ਅਕਾਸ਼ ਦਾ ਅਭਾਸ ਪੈਂਦਾ, ਉਹ ਨੀਲਾ ਵਾ ਕਿਸੇ ਹੋਰਤਰਾਂ ਗੰਭੀਰ ਗਹਿਰਾ ਦਿਸਦਾ ਹੈ, ਉਸੇਤਰਾਂ ਬ੍ਰਹਮ ਦਾ ਬੀ ਸਭ ਅੰਤਹ ਕਰਣਾਂ ਵਿਚ ਅਭਾਸ ਪੈਂਦਾ ਹੈ। (ਸਿਧਾਂਤੀ) ਜਦ ਅਕਾਸ਼ ਦਾ ਰੂਪ ਹੀ ਨਹੀਂ ਹੈ ਤਾਂ ਓਸਨੂੰ ਅੱਖ ਨਾਲ ਕੋਈ ਬੀ ਨਹੀਂ ਵੇਖ ਸਕਦਾ, ਜੋ ਪਦਾਰਥ ਦਿਸਦਾ ਹੀ ਨਹੀਂ ਉਹ ਦਰਪਣ ਅਰ ਜਲ ਆਦੀ ਵਿਚ ਕਿਸਤਰਾਂ ਨਜਰ ਆਵੇਗਾ, ਗਹਿਰੀ ਵਾ ਛਿਦ੍ਰੀ ਸਕਾਰ ਬਸਤੂ ਨਜਰ ਆਂਉਦੀ ਹੈ ਨਿਰਾਕਾਰ ਨਹੀਂ।

( ਨਵੀਂਨ ) ਤਾਂ ਫੇਰ ਜੇਹਿੜਾ ਏਹ ਉਪਰ ਨੀਲਾ ਜੇਹਾ ਨਜਰ ਆਉਂਦਾ ਹੈ ਉਹੋ ਅਦਰਸ ਵਿਚ ਭਾਂਨ ਹੁੰਦਾ ਹੈ ਉਹ ਕੀ ਪਦਾਰਥ ਹੈ? ( ਸਿਧਾਂਤੀ ) ਉਹ ਪ੍ਰਿਥਵੀ ਥੀਂ ਉਡਕੇ ਜਲ, ਪ੍ਰਿਥਵੀ, ਅਰ ਅਗ ਦੇ ਤ੍ਰਿਸਰੇਣੂ ਹਨ, ਜਿਥੋਂ ਬਰਖਾ ਹੁੰਦੀ ਹੈ ਉੱਥੇ ਜਲ ਨਾ ਹੋਵੇ ਤਾਂ ਵਰਖਾ ਕਿੱਥੋਂ

ਹੋਵੇ? ਏਸ ਲਈ ਜੋ ਦੂਰ ਦੂਰ ਤੰਬੂ ਦੀ ਨਿਆਂਈ ਨਜਰ ਆਉਂਦਾ ਹੈ ਉਹ ਪਾਨੀ ਦਾ ਚਕ੍ਰ ਹੈ, ਜਿਸਤਰਾਂ ਕੁਹੀੜ ਦੂਰ ਥੀਂ ਸਘਨੀ ਨਜਰ ਆਉਂਦੀ ਹੈ ਅਰ ਕੋਲੋਂ ਛਿਦਰਾਂ ਅਰ ਡੇਰੇ ਵਾਕਣ ਬੀ ਦਿਸਦੀ ਹੈ ਉਸੇ ਤਰਾਂ ਅਕਾਸ਼ ਵਿਚ ਪਾਨੀ ਨਜਰ ਆਉਂਦਾ ਹੈ।

(ਨਵੀਂਨ) ਕੀ, ਸਾਡੇ ਰਸੀ, ਸਪ, ਅਰ ਸੁਪਨੇ ਆਦੀ ਦੇ ਦ੍ਰਿਸ਼ਟਾਂਤ ਮਿਥਿਆ ਹਨ? (ਸਿਧਾਂਤੀ) ਨਹੀਂ, ਤੁਹਾਡੀ ਸਮਝ ਮਿਥਿਆ ਹੈ, ਸੋ ਅਸਾਂ ਨੈ ਪਹਲੋਂ ਲਿਖ ਦਿੱਤਾ, ਭਲਾ ਏਹ ਤਾਂ ਦੱਸੋ ਪਹਿਲੋਂ ਅਗਿਆਨ ਕਿਸ ਨੂੰ ਹੁੰਦਾ ਹੈ (ਨਵੀਂਨ) ਬ੍ਰਹਮ ਨੂੰ (ਸਿਧਾਂਤੀ) ਬ੍ਰਹਮ ਅਲਪੱਗ ਹੈ ਵਾ ਸਰਬੱਗ? (ਨਵੀਂਨ) ਨਾ ਸਰਬੱਗ, ਅਰ ਨਾਂ ਅਲਪੱਗ, ਕਿਉਂਕਿ ਸਰਬੱਗਤਾ ਅਰ ਅਲਪੱਗਤਾ ਉਪਾਧੀ ਸਹਿਤ ਵਿਚ ਹੁੰਦੀ ਹੈ। (ਸਿਧਾਂਤੀ) ਉਪਾਧੀ ਸਹਿਤ ਕਉਣ ਹੈ? (ਨਵੀਂਨ) ਬ੍ਰਹਮ। (ਸਿਧਾਂਤੀ) ਤਾਂ ਬ੍ਰਹਮ ਹੀ ਸਰਬੱਗ ਅਰ ਅਲਪੱਗ ਹੋਇਆ ਤਾਂ ਤੁਸਾਂ ਨੈ ਸਰਬੱਗ ਅਰ ਅਲਪਗੱ ਦਾ ਨਖੇਧ ਕਿਉਂ ਕੀਤਾਸੀ? ਜੇ ਆਖੋ ਕਿ ਉਪਾਧੀ ਕਲਪਤ ਅਰਥਾਤ ਮਿਥਿਆ ਹੈ ਤਾਂ ਕਲਪਣਾ ਕਰਨੇ ਵਾਲਾ ਕਉਣ ਹੈ?

(ਨਵੀਂਨ) ਜੀਵ ਬ੍ਰਹਮ ਹੈ ਵਾ ਹੋਰ? (ਸਿਧਾਂਤੀ) ਹੋਰ ਹੈ, ਕਿਉਂਕਿ ਜੋ ਬ੍ਰਹਮ ਸਰੂਪ ਹੈ ਤਾਂ ਜਿਸਨੈ ਮਿਥਿਆ ਕਲਪਣਾ ਕੀਤੀ ਉਹ ਬ੍ਰਹਮ ਹੀ ਨਹੀਂ ਹੋ ਸਕਦਾ, ਜਿਸਦੀ ਕਲਪਣਾ ਮਿਥਿਆ ਹੈ ਉਹ ਸਚਾ ਕਦ ਹੋ ਸਕਦਾ ਹੈ? (ਨਵੀਂਨ) ਅਸੀਂ ਸਤ ਅਰ ਅਸਤ ਨੂੰ ਝੂਠ ਮਨਦੇ ਹਾਂ, ਅਰ ਬਾਣੀ ਥੀਂ ਬੋਲਣਾ ਬੀ ਮਿਥਿਆ ਹੈ।

(ਸਿਧਾਂਤੀ) ਜਦ ਤੁਸੀਂ ਝੂਠ ਕਹਣੇ ਅਰ ਮਨਣੇ ਵਾਲੇ ਹੋ ਤਾਂ ਝੂਠ ਕਿਉਂ ਨਹੀਂ? (ਨਵੀਂਨ) ਰਹੋ ਝੂਠ ਅਰ ਸਚ ਸਾਡੇ ਵਿਚ ਹੀ ਕਲਪਤ ਹੈ ਅਰ ਅਸੀਂ ਦੋਹਾਂ ਦੇ ਸਾਖੀ ਅਧਿਸ਼ਟਾਨ ਹਾਂ। (ਸਿਧਾਂਤੀ) ਜਦ ਤੁਸੀਂ ਸਚ ਅਰ ਝੂਠ ਦੇ ਅਧਾਰ ਹੋਏ ਤਾਂ ਸ਼ਹੂਕਾਰ ਅਰ ਚੋਰ ਦੇ ਸਦ੍ਰਸ ਤੁਸੀ ਹੀ ਹੋਏ, ਏਸ ਲਈ ਤੁਸੀ ਪ੍ਰਮਾਣਕ ਬੀ ਨਹੀ ਰਹੇ, ਕਿਉਂਕਿ ਪ੍ਰਮਾਣਕ ਉਹ ਹੁੰਦਾ ਹੈ ਜੋ ਸਰਬਦਾ ਸਚ ਮਨੇ, ਸਚ ਬੋਲੇ, ਸਚ ਕਰੇ, ਝੂਠ ਨਾ ਮੱਨੇ, ਝੂਠ ਨਾ ਬੋਲੇ, ਅਰ ਝੂਠ ਕਦਾ ਚਿਤ ਨਾ ਕਰੇ, ਜਦ ਤੁਸੀਂ ਆਪਣੀ ਬਾਤ ਨੂੰ ਆਪ ਹੀ ਝੂਠਾ ਕਰਦੇ ਹੋ ਤਾਂ ਤੁਸੀਂ ਅਪਣੇ ਆਪ ਮਿਥਿਆ ਬਾਦੀ ਹੋ। (ਨਵੀਂਨ) ਅਨਾਦੀ ਮਾਇਆ ਜੋ ਕਿ ਬ੍ਰਹਮ ਦੇ ਆਸ਼੍ਰੇ ਅਰ ਬ੍ਰਹਮ ਹੀ ਦਾ ਅਵਰਣ ਕਰਦੀ ਹੈ ਓਸ ਨੂੰ ਮਨਦੇ ਹੋ ਵਾ ਨਹੀਂ?

(ਸਿਧਾਂਤੀ) ਨਹੀਂ ਮਨਦੇ, ਕਿਉਂਕਿ ਤੁਸੀ ਮਾਇਆ ਦਾ ਅਰਥ ਅਜੇਹਾ ਕਰਦੇ ਹੋ ਕਿ ਜੋ ਬਸਤੂ ਨਾ ਹੋਵੇ ਅਰ ਭਾਸੇ, ਤਾਂ ਏਸ ਬਾਤ ਨੂੰ ਉਹ ਮਨੇਗਾ ਜਿਸਦੇ ਹਿਰਦੇ ਦੀ ਅੱਖ ਫੁਟ ਗਈ ਹੋਵੇ, ਕਿਉਂਕਿ ਜੋ ਬਸਤੂ ਨਹੀਂ

ਓਸਦਾ ਭਾਸਨਾ ਸਰਬਥਾ ਅਸੰਭਵ ਹੈ, ਜਿਸਤਰਾਂ ਬਾਂਝ ਦੇ ਪਤ੍ਰ ਦਾ ਪ੍ਰਤੀ ਬਿੰਬ ਕਦੀ ਨਹੀਂ ਹੋ ਸਕਦਾ ਅਰ ਏਹ:-

"सन्मूलाः सोम्येमाः प्रजाः"

ਇਤ ਆਦੀ ਛਾਂਦੋਗ ਉਪਨਿਸ਼ਦਾਂ ਦੇ ਬਚਨਾਂ ਥੀਂ ਵਿਰੁਧ ਕਹਿੰਦੇ ਹੋ।

(ਨਵੀਂਨ) ਕੀ, ਤੁਸੀ ਬਿਸ਼ਸ਼ਟ, ਸ਼ੰਕਰਾਚਾਰਜ ਆਦੀ ਅਰ ਨਿਸ ਚਲਦਾਸ ਤਿਕ ਜੋ ਤੁਹਾਡੇ ਕੋਲੋਂ ਵਧੀਕ ਪੰਡਤ ਹੋਏ ਹਨ, ਅਰ ਜੋ ਉਨ੍ਹਾਂ ਨੇ ਲਿਖਿਆ ਹੈ ਓਸਨੂੰ ਖੰਡਨ ਕਰਦੇ ਹੋ ਸਾਨੂੰ ਤਾਂ ਬਸ਼ਿਸ਼ਟ, ਸ਼ੰਕ੍ਰਾਚਾਰਜ, ਅਰ ਨਿਸਚਲਦਾਸ ਆਦੀ ਵਧੀਕ ਨਜਰ ਆਂਉਦੇ ਹਨ।

(ਸਿਧਾਂਤੀ) ਤੁਸੀ ਵਿਦਵਾਂਨ ਹੋ ਵਾ ਅਵਿਦਵਾਂਨ ? (ਨਵੀਂਨ) ਅਸੀ ਕੁਝ ਤਾਂ ਵਿਦਵਾਂਨ ਹਾਂ (ਸਿਧਾਂਤੀ)ਅਛਾ ਤਾਂ ਬਸ਼ਿਸ਼ਟ ਸ਼ੰਕ੍ਰਾਚਾਰਜ ਅਰ ਨਿਸਚਲਦਾਸ ਦੇ ਪਖ ਦੀ ਸਾਡੇ ਸਾਮਣੇ ਸਥਾਪਣਾ ਕਰੋ, ਅਸੀ ਖੰਡਨ ਕਰਦੇ ਹਾਂ, ਜਿਸਦਾ ਪਖ ਸਿਧ ਹੋਵੇ ਉਹੋ ਹੀ ਵਡਾ ਹੈ, ਜੇ ਉਨ੍ਹਾਂ ਦੀ ਅਰ ਤੁਹਾਡੀ ਬਾਤ ਅਖੰਡਨੀਯ ਹੁੰਦੀ ਤਾਂ ਤੁਸੀ ਉਨ੍ਹਾਂ ਦੀਆਂ ਜੁਗਤੀਆਂ ਲੈਕੇ ਸਾਡੀ ਬਾਤ ਨੂੰ ਖੰਡਨ ਕਿਉ ਨਾ ਕਰ ਸਕਦੇ, ਤਦ ਤੁਹਾਡੀ ਅਰ ਉਨ੍ਹਾਂ ਦੀ ਬਾਤ ਮੰਨਣ ਜੋਗ ਹੋਵੇ, ਅਨੁਮਾਂਨ ਹੈ ਕਿ ਸ਼ੰਕ੍ਰਾਚਾਰਜ ਆਦੀ ਨੇ ਤਾਂ ਜੈਨੀਆਂ ਦੇ ਮੱਤ ਦੇ ਖੰਡਨ ਕਰਨ ਦੇ ਵਾਸਤੇ ਏਹ ਮੱਤ ਸ੍ਵੀਕਾਰ ਕੀਤਾ ਹੋਵੇਗਾ, ਕਿਂਉਕਿ ਦੇਸ਼ ਕਾਲ ਦੇ ਅਨਕੂਲ ਅਪਣੇ ਪਖ ਨੂੰ ਸਿਧ ਕਰਨ ਦੇ ਵਾਸਤੇ ਬਹੁਤ ਸਾਰੇ ਸ੍ਵਾਰਥੀ ਵਿਦਵਾਂਨ ਅਪਣੇ ਆਤਮਾਂ ਦੇ ਗਿਆਂਨ ਤੋਂ ਵਿਰੁਧ ਬੀ ਕਰ ਲੈਂਦੇ ਹਨ, ਅਰ ਜੋ ਇਨ੍ਹਾਂ ਬਾਤਾਂ ਨੂੰ ਅਰਥਾਤ ਜੀਵ ਈਸ਼੍ਵਰ ਦੀ ਏਕਤਾ, ਜਗਤ ਮਿਥਿਆ ਆਦੀ ਵਿਹਾਰ ਸਚਾ ਨਹੀਂ ਮਨਦੇ ਸਨ ਤਾਂ ਉਨ੍ਹਾਂ ਦੀ ਬਾਤ ਸੱਚੀ ਨਹੀਂ ਹੋ ਸ਼ਕਦੀ ਅਰ ਨਿਸਚਲਦਾਸ ਦੀ ਪੰਡਤਾਈ ਵੇਖੋ ਅਜੇਹੀ ਹੈ:-

"जीवो ब्रह्माऽभिन्नश्चेतनत्वात्"

ਉਨ੍ਹਾਂ ਨੇ ਬ੍ਰਿੱਤੀਪ੍ਰਭਾਕਰ ਵਿਚ ਜੀਵ ਬ੍ਰਹਮ ਦੀ ਏਕਤਾ ਦੇ ਵਾਸਤੇ ਅਨੁਮਾਨ ਲਿਖਿਆ ਹੈ ਕਿ ਚੇਤਨ ਹੋਣ ਕਰਕੇ ਹੀ ਜੀਵ ਬ੍ਰਹਮ ਥੀਂ ਅਭਿੰਨ ਹੈ, ਏਹ ਬਹੁਤ ਕੰਮਸਮਝ ਪੁਰਸ਼ਾਂ ਦੀ ਬਾਤ ਦੇ ਸਦਰਸ ਬਾਤ ਹੈ, ਕਿਂਉਕਿ ਸਾਧਰਮ ਮਾਤ੍ਰ ਥੀਂ ਇਕ ਦੂਜੇ ਦ ਨਾਲ ਏਕਤਾ ਨਹੀ ਹੁੰਦੀ, ਵੈਧਰਮ ਭੇਦ ਕਰਨ ਵਾਲਾ ਹੁੰਦਾ ਹੈ, ਜਿਸਤਰਾਂ ਕੋਈ ਆਖੇ ਕਿ:-

"पृथिवी जलाऽभिन्ना जडत्वात्"

ਜੜ ਦੇ ਹੋਣ ਕਰਕੇ ਪ੍ਰਿਥਵੀ ਜਲ ਥੀਂ ਅਭਿੰਨ ਹੈ, ਜਿਸਤਰਾਂ ਏਹ ਵਾਕ ਸੰਗਤ ਕਦੀ ਨਹੀਂ ਹੋ ਸਕਦਾ ਉਸੇਤਰਾਂ ਨਿਸਚਲਦਾਸ ਦਾ ਬੀ

ਲੱਖਣ ਬਿਅਰਥ ਹੈ, ਕਿਉਂਕਿ ਜੋ ਅਲਪ ਅਲਪਗੱਤਾ, ਅਰ ਭ੍ਰਾਂਤੀ ਮਤ੍ਵਾਦੀ ਧਰਮ ਜੀਵ ਵਿਚ ਬ੍ਰਹਮ ਥੀਂ, ਅਰ ਸਰਬਗੱਤ; ਸਰਬਗੱਤਾ, ਅਰ ਨਿਰਭ੍ਰਾਂਭਿਤ੍ਰ ਆਦੀ ਵੈਧਰਮ ਬ੍ਰਹਮ ਵਿਚ ਜੀਵ ਥੀਂ ਵਿਰੁਧ ਹਨ ਏਸ ਥੀਂ ਬ੍ਰਹਮ ਅਰ ਜੀਵ ਭਿੰਨ ਭਿੰਨ ਹਨ, ਜਿਸਤਰਾਂ ਗੰਧਪਣ, ਕਠ ਨਾਈ ਆਦੀ ਭੂਮੀ ਦੇ ਧਰਮ, ਰਸਪਣਾ, ਦ੍ਰਵਪਣਾ ਆਦੀ ਜਲਦੇ ਧਰਮ ਥੀਂ ਵਿਰੁਧ ਹੋਣ ਕਰਕੇ ਪ੍ਰਿਥਵੀ ਅਰ ਜਲ ਇਕ ਨਹੀਂ, ਉਸੇਤਰਾਂ ਜੀਵ ਅਰ ਬ੍ਰਹਮ ਦੇ ਵੈਧਰਮ ਹੋਣ ਕਰਕੇ ਜੀਵ ਅਰ ਬ੍ਰਹਮ ਇਕ ਨਾ ਕਦੀ ਸਨ, ਨਾ ਹਨ, ਅਰ ਨਾ ਕਦੀ ਹੋਣਗੇ, ਐਨੇਂ ਤੋਂ ਹੀ ਨਿਸਚਲਦਾਸ ਆਦੀ ਨੂੰ ਸਮਝ ਲਓ ਕਿ ਉਨ੍ਹਾਂ ਵਿਚ ਕਿੰਨੀ ਪੰਡਤਾਈ ਸੀ, ਅਰ ਜਿਸਨੇ ਜੋਗ ਬਸ਼ਿਸ਼ਟ ਬਣਾਇਆ ਹੈ ਉਹ ਕੋਈ ਨਵੀਂਨ ਵੇਦਾਂਤੀ ਸੀ। ਬਾਲਮੀਕ, ਬਸ਼ਿਸਟ ਅਰ ਰਾਮਚੰਦ੍ਰ ਦਾ ਬਣਾਇਆ ਵਾ ਕਹਿਆ ਸੁਣਿਆਂ ਨਹੀਂ ਹੈ, ਕਿਉਂਕਿ ਉਹ ਸਭ ਵੇਦ ਅਨੁਯਾਈ ਸਨ, ਵੇਦ ਥੀਂ ਵਿਰੁਧ ਨਾ ਬਣਾ ਸਕਦੇ ਅਰ ਨਾਂ ਕਹ ਸੁਣ ਸਕਦੇ ਸਨ।

(ਪ੍ਰਸ਼ਨ) ਬਿਆਸ ਜੀ ਨੇ ਜੋ ਸ਼ਾਰੀਰਕ ਸੂਤ੍ਰ ਬਣਾਏ ਹਨ ਉਨ੍ਹਾਂ ਵਿਚ ਬੀ ਜੀਵ ਬ੍ਰਹਮ ਦੀ ਏਕਤਾ ਦਿਸਦੀ ਹੈ ਵੇਖੋ:—

सम्पद्याऽऽविर्भावः स्वेन शब्दात् ॥ १ ॥

ब्राह्मेण जैमिनिरुपन्यासादिभ्यः ॥ २ ॥

चितितन्मात्रेण तदात्मकत्वादित्यौडुलोमिः ॥ ३ ॥

एवमप्युपन्यासात् पूर्वभावादविरोधं बादरायणः ॥ ४ ॥

अत एव चानन्याधिपतिः ॥ ५ ॥ वेदान्तद० अ० ४ ।
पा० ४ । सू० १ । ५-७ । ९ ॥

ਅਰਥਾਤ ਜੀਵ ਆਪਣੇ ਨਿਜ ਸਰੂਪ ਨੂੰ ਪ੍ਰਾਪਤ ਹੋਕੇ ਪ੍ਰਗਟ ਹੁੰਦਾ ਹੈ ਜੋ ਕਿ ਪੂਰਬ ਬ੍ਰਹਮ ਸਰੂਪ ਸੀ, ਕਿਉਂਕਿ ਸ੍ਵ ਸ਼ਬਦ ਥੀਂ ਆਪਣੇ ਬ੍ਰਹਮ ਸਰੂਪ ਦਾ ਗ੍ਰਹਣ ਹੁੰਦਾ ਹੈ ॥ ੧ ॥

"अयमात्मा अपहतपाप्मा"

ਇਤਆਦੀ ਉਪਨਿਆਸ ਈਸ਼੍ਵਰਜ ਪ੍ਰਾਪਤੀ ਹੇਤੂਆਂ ਥੀਂ ਬ੍ਰਹਮ ਸਰੂਪ ਥੀਂ ਜੀਵ ਸਥਿਤ ਹੁੰਦਾ ਹੈ, ਅਜੇਹਾ ਜੈਮਨੀ ਅਚਾਰਜ ਦਾ ਮਤ ਹੈ ॥ ੨ ॥ ਅਰ ਅਉਡੂਲੋਮੀ ਅਚਾਰਜ ਤਦਾਤਮਕ ਸਰੂਪ ਨਿਰੂਪਣ ਆਦੀ ਬ੍ਰਿਹਦਾ ਰਣਜਕ ਦੇ ਹੇਤੂ ਰੂਪ ਦੇ ਬਚਨਾਂ ਥੀਂ ਚੈਤੰਨ ਮਾਤ੍ਰ ਸਰੂਪ ਥੀਂ ਜੀਵ ਮੁਕਤੀ ਵਿਚ ਸਥਿਤ ਰਹਿੰਦਾ ਹੈ। ਬਿਆਸ ਜੀ ਇਨ੍ਹਾਂ ਹੀ ਉਪਰ ਕਹੇ ਉਪਨਿਆਸ

ਆਦੀ ਈਸ਼੍ਵਰਜ ਪ੍ਰਾਪਤੀ ਰੂਪ ਹੇਤੂਆਂ ਥੀਂ ਜੀਵ ਦਾ ਬ੍ਰਹਮਸਰੂਪ ਹੋਣ ਵਿਚ ਅਵਿਰੋਧ ਮਨਦੇ ਹਨ। ਜੋਗੀ ਈਸ਼੍ਵਰਜ ਸਹਿਤ ਅਪਣੇ ਬ੍ਰਹਮ ਸਰੂਪ ਨੂੰ ਪ੍ਰਾਪਤ ਹੋਕੇ ਦੂਜੇ ਅਧੀਪਤੀ ਤੋਂ ਰਹਿਤ ਅਰਥਾਤ ਸ੍ਵਯੰ ਅਪਣਾ ਆਪ ਅਰ ਸਭਦਾ ਅਧੀਪਤੀ ਰੂਪ ਬ੍ਰਹਮ ਸਰੂਪ ਕਰਕੇ ਮੁਕਤੀ ਵਿਚ ਸਥਿਤ ਰਹਿੰਦਾ ਹੈ ॥

( ਉਤ੍ਰ ) ਇਨਾਂ ਸੂਤ੍ਰਾਂ ਦਾ ਅਰਥ ਏਸ ਪ੍ਰਕਾਰ ਦਾ ਨਹੀਂ ਕਿੰਤੂ ਇਨਾਂ ਦਾ ਜਥਾਰਥ ਅਰਥ ਏਹ ਹੈ ਸੁਣੋ! ਜਦ ਤਿਕ ਜੀਵ ਅਪਣੇ ਨਿਜ ਸ਼ੁਧ ਸਰੂਪ ਨੂੰ ਪ੍ਰਾਪਤ ਸਭ ਮਲਾਂ ਥੀਂ ਰਹਿਤ ਹੋਕੇ ਪਵਿਤ੍ਰ ਨਹੀਂ ਹੁੰਦਾ, ਤਦ ਤਿਕ ਜੋਗ ਥੀਂ ਈਸ਼੍ਵਰਜ ਨੂੰ ਪ੍ਰਾਪਤ ਹੋਕੇ, ਅਪਣੇ ਅੰਤ੍ਰਜਾਮੀ ਬ੍ਰਹਮ ਨੂੰ ਪ੍ਰਾਪਤ ਹੋਕੇ ਅਨੰਦ ਵਿਚ ਸਥਿਤ ਨਹੀਂ ਹੋ ਸਕਦਾ, ਇਸੇ ਪ੍ਰਕਾਰ ਜਦ ਪਾਪ ਆਦੀ ਰਹਿਤ ਈਸ਼੍ਵਰਜ ਜੁਗਤ ਜੋਗੀ ਹੁੰਦਾ ਹੈ ਤਦੋਂ ਬ੍ਰਹਮ ਦੇ ਨਾਲ ਮੁਕਤੀ ਦੇ ਅਨੰਦ ਨੂੰ ਭੋਗ ਸਕਦਾ ਹੈ, ਇਸੇ ਤਰਾਂ ਦਾ ਜੈਮਨੀ ਅਚਾਰਜ ਦਾ ਮਤ ਹੈ। ਜਦ ਅਵਿਦਿਆ ਆਦੀ ਦੋਸ਼ਾਂ ਥੀਂ ਛੁਟ ਸ਼ੁਧ ਚੈਤੰਨ ਮਾਤ੍ਰ ਸਰੂਪ ਥੀਂ ਜੀਵ ਸਥਿਤ ਹੁੰਦਾ ਹੈ ਤਦ ਹੀ ਤਦ ਆਤਮਕਤ੍ਰ ਅਰਥਾਤ ਬ੍ਰਹਮ ਸਰੂਪ ਦੇ ਨਾਲ ਸਬੰਧ ਨੂੰ ਪ੍ਰਾਪਤ ਹੁੰਦਾ ਹੈ, ਜਦ ਬ੍ਰਹਮ ਦੇ ਨਾਲ ਈਸ਼੍ਵਰਜ, ਅਰ ਸ਼ੁਧ ਗਿਆਨ ਦੇ ਜੀਉਂਦਿਆਂ ਹੀ ਜੀਵਨ ਮੁਕਤ ਹੁੰਦਾ ਹੈ ਤਦ ਅਪਣੇ ਨਿਰ-ਮਲ ਪੂਰਬ ਸਰੂਪ ਨੂੰ ਪ੍ਰਾਪਤ ਹੋਕੇ ਅਨੰਦ ਵਾਲਾ ਹੁੰਦਾ ਹੈ ਏਸ ਤਰਾਂ ਦਾ ਬਿਆਸ ਮੁਨੀ ਜੀਦਾ ਮਤ ਹੈ, ਜਦ ਜੋਗੀ ਦਾ ਸਤ ਸੰਕਲਪ ਹੁੰਦਾ ਹੈ ਤਦ ਆਪ ਪਰਮੇਸ਼੍ਵਰ ਨੂੰ ਪ੍ਰਾਪਤ ਹੋਕੇ ਮੁਕਤੀ ਸੁਖ ਨੂੰ ਪਾਂਦਾ ਹੈ, ਉਥੇ ਆਪਣੇ ਅਧੀਨ ਸ੍ਵਤੰਤ੍ਰ ਰਹਿੰਦਾ ਹੈ, ਜਿਸਤਰਾਂ ਸੰਸਾਰ ਵਿਚ ਇਕ ਪ੍ਰਧਾਨ ਦੂਜਾ ਅਪ੍ਰਧਾਨ ਹੁੰਦਾ ਹੈ ਓਸਤਰਾਂ ਮੁਕਤੀ ਵਿਚ ਨਹੀਂ ਕਿੰਤੂ ਸਾਰੇ ਮੁਕਤ ਜੀਵ ਇਕੋ ਜੇਹੇ ਰਹਿੰਦੇ ਹਨ, ਜੇ ਅਜੇਹੀ ਗਲ ਨਾ ਹੋਵੇ ਤਾਂ:-

नेतरोनुपपत्तेः ॥ १ । १ । १६ ॥

भेदव्यपदेशाच्च ॥ १ । १ ।-१७ ॥

विशेषणभेदव्यपदेशाभ्यां च नेतरौ ॥ १ । २ । २२ ॥

अस्मिन्नस्य च तद्योगं शास्ति ॥ १ । १ । १८ ॥

अन्तस्तद्धर्मोपदेशात् ॥ १ । १ । २० ॥

भेदव्यपदेशाच्चान्यः ॥ १ । १ । २१ ॥

गुहां प्रविष्टावात्मानौ हि तद्दर्शनात् ॥ १ । २ । ११ ॥

अनुपपत्तेस्तु न शारीरः ॥ १ । २ । ३ ॥

अन्तर्याम्यधिदैवादिषु तद्धर्मव्यपदेशात् ॥ १ । २ । १८ ॥

शारीरश्चोऽभयेऽपि हि भेदेनैनमधीयते ॥ १ २ । २० ॥

व्यासमुनिकृतवेदान्तसूत्राणि ॥

ਬ੍ਰਹਮ ਤੋਂ ਇਤ੍ਰ ਜੀਵ ਸ੍ਰਿਸ਼ਟੀ ਦਾ ਕਰਨਵਾਲਾ ਨਹੀਂ ਹੈ, ਕਿਉਂ ਏਸ ਅਲਪ, ਅਲਪੱਗ ਸਮ੍ਰਥਾ ਵਾਲ ਜੀਵ ਵਿਚ ਸ੍ਰਿਸ਼ਟੀ ਦਾ ਕਰਨਾ ਨਹੀਂ ਘਟ ਸਕਦਾ, ਏਸ ਕਰਕੇ ਜੀਵ ਬ੍ਰਹਮ ਨਹੀਂ।

"रसं ह्येवायं लब्ध्वानन्दी भवति"

ਏਹ ਉਪਨਿਸ਼ਦ ਦਾ ਬਚਨ ਹੈ, ਜੀਵ ਅਰ ਬ੍ਰਹਮ ਭਿੰਨ ਹਨ ਕਿਉਂਕਿ ਇਨ੍ਹਾਂ ਦੋਹਾਂ ਦਾ ਭੇਦ ਪ੍ਰਤੀਪਾਦਨ ਕੀਤਾ ਹੈ, ਜੇਕਰ ਅਜੇਹਾ ਨਾਂ ਹੁੰਦਾ ਤਾਂ ਰਸ ਅਰਥਾਤ ਅਨੰਦਸਰੂਪ ਬ੍ਰਹਮ ਨੂੰ ਪ੍ਰਾਪਤ ਹੋਕੇ ਜੀਵ ਅਨੰਦ ਸਰੂਪ ਹੁੰਦਾ ਹੈ ਏਹ ਪ੍ਰਾਪਤੀ ਵਿਸ਼ੇ, ਬ੍ਰਹਮ ਅਰ ਪ੍ਰਾਪਤ ਹੋਣ ਵਾਲੇ ਜੀਵ ਦਾ ਨਿਰੂਪਣ ਨਹੀਂ ਘਟ ਸਕਦਾ, ਏਸ ਲਈ ਜੀਵ ਅਰ ਬ੍ਰਹਮ ਇਕ ਨਹੀਂ।

दिव्यो ह्यमूर्तः पुरुषः स बाह्याभ्यन्तरो ह्यजः। अप्राणो
ह्यमनाः शुभ्रो ह्यक्षरात्परतः परः ॥ मुण्डकोपनिषदि मु० २।
खं० १। मं० २ ॥

ਦਿੱਬ, ਸ਼ੁਧ ਮੂਰਤੀ ਤੋਂ ਰਹਿਤ, ਸਭ ਵਿਚ ਪੂਰਣ, ਬਾਹਿਰ ਅੰਦਰ ਨਿਰੰਤ੍ਰ ਵਿਆਪਕ, ਅਜ, ਜਨਮ ਮਰਣ, ਸ੍ਰੀਰ ਧਾਰਣ ਆਦੀ ਰਹਿਤ, ਸ੍ਵਾਸ ਪ੍ਰਸ੍ਵਾਸ ਸ੍ਰੀਰ ਅਰ ਮਨਦੇ ਸਬੰਧ ਥੀਂ ਰਹਿਤ, ਪ੍ਰਕਾਸ਼ ਸਰੂਪ, ਇਤਆਦੀ ਪਰਮਾਤਮਾ ਦੇ ਵਸ਼ੇਸ਼ਣ ਅਰ 'ਅਖੱਰ' ਨਾਸ਼ ਰਹਿਤ, ਪ੍ਰਕ੍ਰਿਤੀ ਥੀਂ ਪਰੇ ਅਰਥਾਤ ਸੂਖਮ ਜੀਵ ਓਸ ਤੋਂ ਬੀ ਪਰਮੇਸ਼੍ਵਰ ਪਰੇ ਅਰਥਾਤ ਬ੍ਰਹਮ ਸੂਖਮ ਹੈ, ਪ੍ਰਕ੍ਰਿਤੀ ਅਰ ਜੀਵਾਂ ਥੀਂ ਬ੍ਰਹਮ ਦਾ ਭੇਦ ਪ੍ਰਤੀਪਾਦਨ ਰੂਪ ਹੇਤੂਆਂ ਥੀਂ ਪ੍ਰਕ੍ਰਿਤੀ ਅਰ ਜੀਵਾਂ ਥੀਂ ਬ੍ਰਹਮ ਭਿੰਨ ਹੈ, ਇਸੇ ਸਰਬ ਵਿਆਪਕ ਬ੍ਰਹਮ ਵਿਚ ਜੀਵਦਾ ਜੋਗ ਵਾ ਜੀਵ ਵਿਚ ਬ੍ਰਹਮ ਦਾ ਜੋਗ ਪ੍ਰਤੀਪਾਦਨ ਕਰਨ ਨਾਲ ਜੀਵ ਅਰ ਬ੍ਰਹਮ ਭਿੰਨ ਹਨ, ਕਿਉਂਕਿ ਜੋਗ ਭਿੰਨ ਪਦਾਰਥਾਂ ਦਾ ਹੋਇਆ ਕਰਦਾ ਹੈ, ਏਸ ਬ੍ਰਹਮ ਦੇ ਅੰਤ੍ਰਜਾਮੀ ਆਦੀ ਧਰਮ ਕਥਨ ਕੀਤੇ ਹਨ, ਅਰ ਜੀਵ ਦੇ ਅੰਦਰ ਵਿਆਪਕ ਹੋਣ ਕਰਕੇ ਵਿਆਪਜ ਜੀਵ, ਵਿਆਪਕ ਬ੍ਰਹਮ ਥੀਂ ਭਿੰਨ ਹੈ, ਕਿਉਂਕਿ ਬਿਆਪ ਬਿਆਪਕ ਸੰਬੰਧ ਬੀ ਭੇਦ ਵਿਚ ਘਟਦਾ ਹੈ, ਜਿਸਤਰਾਂ ਪਰਮੇਸ਼੍ਵਰ ਜੀਵ ਥੀਂ ਭਿੰਨ ਸ੍ਵਰੂਪ ਹੈ ਉਸੇ ਤਰਾਂ ਇੰਦ੍ਰੀ, ਅੰਤਹਕਰਣ ਪ੍ਰਿਥਵੀ ਆਦੀ ਭੂਤ, ਦਿਸ਼ਾ, ਵਾਯੂ, ਸੂਰਜ ਆਦੀ ਦਿੱਬ ਗੁਣਾਂ ਦੇ ਭੋਗ ਥੀਂ ਦੇਵਤਾ ਵਾਚੀ ਵਿਦਵਾਨਾਂ ਥੀਂ ਬੀ ਪਰਮੇਸ਼੍ਵਰ ਭਿੰਨ ਹੈ।

"गुहां प्रविष्टौ सुकृतस्य लोके"

ਇਤਆਦੀ ਉਪਨਿਸ਼ਦਾਂ ਦੇ ਬਚਨਾਂ ਥੀਂ ਜੀਵ ਅਰ ਪਰਮੇਸ਼੍ਵਰ ਭਿੰਨ ਹਨ, ਇਸੇ ਤਰਾਂ ਉਪਨਿਸ਼ਦਾਂ ਵਿਚ ਬਹੁਤ ਜਗਹਿ ਵਿਖਾਇਆ ਹੈ।

"ਸ਼ਰੀਰੇ ਭਵः ਸ਼ਾਰੀਰः"

ਸ਼੍ਰੀਰਧਾਰੀ ਜੀਵ ਬ੍ਰਹਮ ਨਹੀਂ ਹੈ ਕਿੰਉਕਿ ਬ੍ਰਹਮ ਦੇ ਗੁਣ, ਕਰਮ, ਸੁਭਾਵ ਜੀਵ ਵਿਚ ਨਹੀਂ ਘਟਦੇ ॥

( ਅਧੀਦੈਵ ) ਸਭ ਦਿਵ ਮਨ ਆਦੀ ਇੰਦ੍ਰੀਆਂ ਆਦੀ ਪਦਾਰਥਾਂ ( ਅਧੀਭੂਤ ) ਪ੍ਰਿਥਵੀ ਆਦੀ ਭੂਤ। ( ਅਧਿਆਤਮ ) ਸਭ ਜੀਵਾਂ ਵਿਚ ਪਰਮੇਸ਼੍ਵਰ ਅੰਤ੍ਰਜਾਂਮੀ ਰੂਪ ਥੀਂ ਸਥਿਤ ਹੈ, ਕਿੰਉਕਿ ਉਸੇ ਪਰਮੇਸ਼੍ਵਰ ਦੇ ਵਿਆਪਕਤ੍ਵ ਆਦੀ ਧਰਮ ਸਾਰੀਆਂ ਉਪਨਸ਼ਦਾਂ ਵਿਚ ਬਿਖਿਆਤ ਹਨ, ਸ਼੍ਰੀਰ ਧਾਰੀ ਜੀਵ ਬ੍ਰਹਮ ਨਹੀਂ ਹੈ, ਕਿੰਉਕਿ ਬ੍ਰਹਮ ਥੀਂ ਜੀਵ ਦਾ ਭੇਦ ਸਰੂਪ ਥੀਂ ਸਿਧ ਹੈ, ਇਤਆਦੀ ਸ਼ਾਰੀਰਕ ਸੂਤ੍ਰਾਂ ਤੋਂ ਬੀ ਸਰੂਪ ਤੋਂਹੀ ਬ੍ਰਹਮ ਅਰ ਜੀਵ ਦਾ ਭੇਦ ਸਿਧ ਹੈ, ਉਸੇਤਰਾਂ ਵੇਦਾਂਤੀਆਂ ਦਾ ਉਪਕ੍ਰਮ ਅਰ ਉਪਸੰਘਾਰ ਬੀ ਨਹੀ ਘਟ ਸਕਦਾ, ਕਿਉਂਕਿ ਉਪਕ੍ਰਮ ਅਰਥਾਤ ਅਰੰਭ ਬ੍ਰਹਮ ਥੀਂ, ਅਰ ਉਪਸੰਘਾਰ ਅਰਥਾਤ ਪਰਲੈ ਬੀ ਬ੍ਰਹਮ ਵਿਚ ਕਰਦੇ ਹਨ, ਜਦ ਦੂਜੀ ਕੋਈ ਵਸਤੂ ਨਹੀ ਮਨਦੇ ਤਾਂ ਉਤਪੱਤੀ ਅਰ ਪਰਲੈ ਬੀ ਬ੍ਰਹਮ ਦੇ ਧਰਮ ਹੋ ਜਾਂਦੇ ਹਨ, ਅਰ ਉਤਪਤੀ ਬਿਨਾਸ਼ ਰਹਿਤ ਬ੍ਰਹਮ ਦਾ ਪ੍ਰਤੀਪਾਦਨ ਵਦ ਆਦੀ ਸਤ ਸ਼ਾਸਤ੍ਰਾਂ ਵਿਚ ਕੀਤਾ ਹੈ ਉਹ ਨਵੀਂਨ ਵੇਦਾਂਤੀਆਂ ਉਤੇ ਕੋਪ ਕਰੇਗਾ, ਕਿਉਂਕਿ ਨਿਰਬਿਕਾਰ, ਅਪ੍ਰੀਣਾਮੀ, ਸ਼ੁਧ, ਸਨਾਤਨ, ਨਿਰਭ੍ਰਾਂਤਿਤ੍ਵ ਆਦੀ ਵਸ਼ੇਸ਼ਣ ਜੁਕਤ ਬ੍ਰਹਮੇ ਵਿਚ ਵਿਕਾਰ, ਉਤਪੱਤੀ ਅਰ ਅਗਿਆਂਨ ਆਦੀ ਦਾ ਸੰਭਵ ਕਿਸੇ ਤਰਾਂ ਨਹੀ ਹੋ ਸਕਦਾ, ਤਥਾ ਉਪਸੰਘਾਰ (ਪ੍ਰਲੈ)ਦੇ ਹੋਣ ਉਤੇ ਬੀ ਬ੍ਰਹਮ ਕਾਰਣ ਜੜ ਅਰ ਜੀਵ ਬਰਾਬਰ ਬਣੇ ਰਹਿੰਦੇ ਹਨ, ਏਸਲਈ ਉਪਕ੍ਰਮ, ਅਰ ਉਪਸੰਘਾਰ ਬੀ ਇਨ੍ਹਾਂ ਵੇਦਾਂਤੀਆਂ ਦੀ ਕਲਪਣਾ ਝੂਠੀ ਹੈ, ਇਸੇਤਰਾਂ ਦੀਆਂ ਹੋਰ ਬਹੁਤ ਸਾਰੀਆਂ ਅਸ਼ੁਧ ਬਾਤਾਂ ਹਨ ਕਿ ਜੋ ਸ਼ਾਸਤ੍ਰ ਅਰ ਪ੍ਰਤੱਖ ਆਦੀ ਪ੍ਰਮਾਣਾਂ ਥੀਂ ਵਿਰੁਧ ਹਨ ॥

ਏਸਦੇ ਪਿਛੇ ਕੁਝ ਜੈਨੀਆਂ ਅਰ ਸ਼ੰਕ੍ਰਾਚਾਰਜ ਦੇ ਅਨੁਯਾਈ ਲੋਕਾਂਦੇ ਉਪਦੇਸ਼ ਦੇ ਸੰਸਕਾਰ ਆਰਯਾਵਰਤ ਵਿਚ ਫੈਲੇ ਸਨ,ਅਰ ਆਪਸ ਵਿਚ ਖੰਡਨ ਮੰਡਨ ਬੀ ਚਲਦਾ ਸੀ, ਸ਼ੰਕ੍ਰਾਚਾਰਜ ਦੇ ਤਿੰਨਸੌ ਵਰ੍ਹਿਆਂ ਤੋਂ ਪਿਛੇ ਉਜੈਨ ਨਗਰੀ ਵਿਚ ਬਿਕ੍ਰਮਾਜੀਤ ਰਾਜਾ ਕੁਝ ਪਰਤਾਪ ਵਾਲਾ ਹੋਇਆ,ਜਿਸਨੈ ਸਭ ਰਾਜਿ ਆਂ ਦੇ ਮਧ ਪ੍ਰਵਿਰਤ ਹੋਈ ਲੜਾਈ ਮਿਟਾਕੇ ਸ਼ਾਂਤੀ ਸਥਾਪਨ ਕੀਤੀ, ਓਸਤੋਂ ਪਿਛੇ ਭਰਥਰੀਹਰੀਰਾਜਾ ਕਾਵ੍ਯ ਆਦੀ ਸ਼ਾਸਤ੍ਰ ਅਰ ਹੋਰਨਾਂ ਵਿਚ ਬੀ ਕੁਝਕ ਵਿਦਵਾਂਨ ਹੋਇਆ ਓਸਨੈ ਬੈਰਾਗਵਾਂਨ ਹੋਕੇ ਰਾਜਨੂੰ ਛਡ ਦਿੱਤਾ, ਬਿਕਰਮਾ ਜੀਤ ਦੇ ਪੰਜਸੌ ਵਰ੍ਹਿਆਂ ਤੋਂ ਪਿਛੇ ਰਾਜਾ ਭੋਜ ਹੋਇਆ ਓਸਨੈ ਥੋੜਾ ਜੇਹਾ

ਵਿਆਕਰਨ ਅਰ ਕਾਵ੍ਯ ਅਲੰਕਾਰ ਆਦੀ ਦਾ ਇਨੋਂ ਪ੍ਰਚਾਰ ਕੀਤਾ ਕਿ ਜਿਸਦੇ ਰਾਜ ਵਿਚ ਕਾਲੀਦਾਸ ਬਕ੍ਰੀ ਚਰਾਣਵਾਲਾ ਬੀ ਰਘੁਵੰਸ਼ ਕਾਵ ਦਾ ਕਰਤਾ ਹੋਇਆ, ਰਾਜਾ ਭੋਜ ਦੇ ਪਾਸ ਜੋ ਕੋਈ ਚੰਗਾ ਸ਼ਲੋਕ ਬਣਾਕੇ ਲੈ ਜਾਂਦਾ ਸੀ ਓਸਨੂੰ ਬਹੁਤਸਾਰਾ ਧਨ ਦੇਂਦੇ ਸਨ ਅਰ ਪ੍ਰਤਿਸ਼ਟਾ ਹੁੰਦੀ ਸੀ, ਓਸਦੇ ਪਿਛੋਂ ਰਾਜਿਆਂ ਅਤੇ ਸ੍ਰੀਮਾਨਾਂ ਨੇ ਪੜ੍ਹਨਾ ਹੀ ਛਡ ਦਿੱਤਾ, ਯਦੱਪੀ ਸ਼ੰਕ੍ਰਾਚਾਰਜ ਤੋਂ ਪਹਿਲੇ ਵਾਂਮਮਾਰਗੀਆਂ ਦੇ ਪਿਛੋਂ ਸ਼ੈਵ ਆਦੀ ਸੰਪ੍ਰਦਾ ਵਾਲੇ ਮਤ ਬਾਦੀ ਬੀ ਹੋਏ ਸਨ ਪ੍ਰੰਤੂ ਉਨਾਂ ਦਾ ਬਹੁਤ ਜੋਰ ਨਹੀ ਹੋਇਆ ਸੀ, ਮਹਾਰਾਜਾ ਬਿਕ੍ਰਮਾਂਜੀਤ ਤੋਂ ਲੈਕੇ ਸ਼ੈਵ ਮਤ ਵਾਲਿਆਂ ਦਾ ਜੋਰ ਵਧਦਾ ਆਇਆ, ਸ਼ਿਵ ਮਤ ਵਾਲਿਆਂ ਵਿਚ ਪਾਸ਼ੂਪਤੀ ਆਦੀ ਬਹੁਤਸਾਰੀਆਂ ਸ਼ਾਖਾਂ ਫੁਟੀਆਂ, ਜਿਸ ਤਰਾਂ ਵਾਂਮਮਾਰਗੀਆਂ ਵਿਚ ਦਸ ਮਹਾਂ ਵਿਦਿਆ ਆਦੀ ਦੀਆਂ ਸ਼ਾਖਾਂ ਹਨ, ਲੋਕਾਂ ਨੇ ਸ਼ੰਕ੍ਰਾਚਾਰਜ ਨੂੰ ਸ਼ਿਵ ਦਾ ਅਉਤਾਰ ਠੈਰਾਇਆ, ਉਨਾਂ ਦੇ ਅਨੁਯਾਈ ਸਨਿਆਸੀ ਬੀ ਸ਼ਿਵ ਮਤ ਵਿਚ ਪ੍ਰਵਿਰਤ ਹੋਗਏ, ਅਰ ਵਾਂਮਮਾਰਗੀਆਂ ਨੂੰ ਵੀ ਮਿਲਦੇ ਰਹੇ, ਵਾਂਮ ਮਾਰਗੀ ਦੇਵੀ ਜੋ ਸ਼ਿਵਜੀ ਦੀ ਇਸਤ੍ਰੀ ਹੈ ਓਸਦੇ ਉਪਾਸ਼ਕ, ਅਰ ਸ਼ੈਵ ਮਹਾਂਦੇਵ ਦੇ ਉਪਾਸ਼ਕ ਹੋਏ, ਏਹ ਦੋਨੋਂ ਰੁਦ੍ਰਾਖ, ਅਰ ਭਸਮ, ਅਜ ਤਿਕ ਧਾਰਨ ਕਰਦੇ ਹਨ, ਪ੍ਰੰਤੂ ਜਿੱਨੇ ਵਾਂਮਮਾਰਗੀ ਵੇਦ ਵਿਰੋਧੀ ਹਨ ਉਨੇ ਸ਼ੈਵ ਮਤ ਵਾਲੇ ਨਹੀ ਹਨ॥—

> धिग् धिक् कपालं भस्मरुद्राक्षविहीनम् ॥ १ ॥
> रुद्राक्षान् कण्ठदेशे दशनपरिमितान्मस्तके विंशती द्वे
> षट् षट् कर्णप्रदेशे करयुगलगतान् द्वादशान्द्वादशैव ।
> बाह्वोरिन्दोः कलाभिः पृथगिति गदितमेकमेवं शिखायाम्
> वक्षस्यष्टाऽधिकं यः कलयति शतकं स स्वयं नीलकण्ठः ॥ २ ॥

ਇਤ ਆਦੀ ਬਹੁਤ ਪ੍ਰਕਾਰ ਦੇ ਸ਼ਲੋਕ ਇਨ੍ਹਾਂ ਲੋਕਾਂ ਨੇ ਬਣਾਏ, ਅਰ ਕਹਣ ਲਗੇ ਕਿ ਜਿਸਦੇ ਕਪਾਲ ਵਿਚ ਭਸਮ ਅਰ ਕੰਠ ਵਿਚ ਰੁਦ੍ਰਾਖ ਨਹੀ ਹੈ ਓਸਨੂੰ ਧਿਕਾਰ ਹੈ

"तं त्यजेदन्त्यजं यथा"

ਓਸਨੂੰ ਚੰਡਾਲ ਦੇ ਤੁਲ ਤਿਆਗ ਕਰਨਾ ਚਾਹੀਏ, ਜੋ ਕੰਠ ਵਿਚ ਬਤੀ ੩੨ ਸਿਰ ਵਿਚ ਚਾਲੀ ੪੦ ਛੀ ਛੀ ਕੰਨਾਂ ਵਿਚ, ਬਾਰਾਂ ਬਾਰਾਂ ਹੱਥਾਂ ਵਿਚ, ਸੋਲਾਂ ਸੋਲਾਂ ਬਾਹਵਾਂ ਵਿਚ, ਇਕ ਚੋਟੀ ਵਿਚ ਅਰਹਿਰਦੇ ਵਿਚ, ਇਕਸੌ ਅਠ ਰੁਦ੍ਰਾਖ ਧਾਰਨ ਕਰਦਾ ਹੈ ਉਹ ਸਾਖਿਆਤ ਮਹਾਂਦੇਵ ਦੇ ਸਦ੍ਰਸ ਹੈ ਅਜੇਹਾ ਹੀ ਸ਼ਾਕਤ ਬੀ ਮਨਦੇ ਹਨ, ਪਸਚਾਤ ਇਨ੍ਹਾਂ ਵਾਂਮਮਾਰਗੀ ਅਰ ਸ਼ੈਵ ਮਤ ਵਾਲਿਆਂ ਨੇ ਸਮਤੀ ਕਰਕੇ ਭਗ, ਲਿੰਗਦਾ ਸਥਾਪਨ ਕੀਤਾ, ਜਿਸਨੂੰ ਜਲਾਧਾਰੀ

ਅਰ ਲਿੰਗ ਕਹਿੰਦੇ ਹਨ, ਅਰ ਓਸਦੀ ਪੂਜਾ ਕਰਨ ਲਗੇ, ਉਨ੍ਹਾਂ ਨਿਰਲੱਜਾਂ ਨੂੰ ਜਰਾ ਬੀ ਲਜਿਆ ਨਾ ਆਈ ਕਿ ਇਹ ਪਾਮਰਪਣ ਦਾ ਕੰਮ ਅਸੀ ਕਿਉਂ ਕਰਨੇ ਹਾਂ, ਕਿਸੇ ਕਵੀ ਨੇ ਕਹਿਆ ਹੈ ਕਿ:-

"स्वार्थी दोषं न पश्यति"

ਸ੍ਵਾਰਥੀ ਲੋਗ ਅਪਣੇ ਸ੍ਵਾਰਥ ਸਿਧੀ ਕਰਨ ਵਿਚ ਦੁਸ਼ਟ ਕੰਮਾਂ ਨੂੰ ਬੀ ਚੰਗਾ ਮਨ ਦੋਸ਼ ਨੂੰ ਨਹੀ ਵੇਖਦੇ ਹਨ, ਉਸੇ ਪਾਖਾਣ ਆਦੀ ਮੂਰਤੀ ਅਰ ਭਗਲਿੰਗ ਦੀ ਪੂਜਾ ਵਿਚ ਸਾਰੇ ਧਰਮ, ਅਰਥ, ਕਾਮ, ਮੋਖ, ਆਦੀ ਸਿਧੀਆਂ ਮਨੱਣ ਲਗੇ, ਜਦ ਰਾਜਾ ਭੋਜਦੇ ਪਿਛੋਂ ਜੈਨੀ ਲੋਗ ਅਪਣੇ ਮੰਦਰਾਂਵਿਚ ਮੂਰਤੀ ਸਥਾਪਣ ਕਰਨੇ, ਅਰ ਦਰਸ਼ਨ ਪਰਸ਼ਣ ਨੂੰ ਆਉਣ ਜਾਂਣ ਲਗੇ ਤਦ ਤਾਂ ਇਨ੍ਹਾਂ ਪੋਪਾਂ ਦੇ ਚੇਲੇ ਬੀ ਜੈਨ ਮੰਦਰ ਵਿਚ ਜਾਂਣ ਆਉਣ ਲਗੇ, ਅਰ ਉਧਰ ਪਛੱਮ ਵਿਚ ਕੁਝ ਦੂਜਿਆਂ ਦੇ ਮਤ ਅਰ ਯਵਨ ਲੋਕ ਬੀ ਆਰਯਾਵਰਤ ਵਿਚ ਆਉਣ ਜਾਣ ਲਗੇ ਤਦ ਪੋਪਾਂਨੇ ਏਹ ਸ਼ਲੋਕ ਬਣਾਇਆਃ-

न वदेद्यावनीं भाषां प्राणैः कण्ठगतैरपि ।
हस्तिना ताड्यमानोऽपि न गच्छेज्जैनमन्दिरम् ॥

ਭਾਵੇਂ ਕਿੱਨਾ ਹੀ ਦੁਖ ਪ੍ਰਾਪਤ ਹੋਵੇ ਅਰ ਪ੍ਰਾਣ ਕੰਠਗਤ ਅਰਥਾਤ ਮ੍ਰਿਤੂ ਦਾ ਸਮੇ ਬੀ ਕਿਉਂਨਾਂ ਆਇਆ ਹੋਵੇ ਤਾਂਬੀ ਯਾਂਵਨੀ ਅਰਥਾਤ ਮਲੇਛ ਭਾਸ਼ਾ ਮੁਖ ਥੀਂ ਨਾ ਬੋਲਣੀ, ਅਰ ਮਸਤ ਹਾਥੀ ਮਾਰਣ ਨੂੰ ਕਿਉਂ ਨਾ ਦੌੜਦਾ ਆਉਂਦਾ ਹੋਵੇ, ਅਰ ਜੈਂਨਦੇ ਮੰਦਰ ਵਿਚ ਜਾਂਣ ਨਾਲ ਪ੍ਰਾਂਣ ਬਚਦਾ ਹੋਵੇ ਤਾਂਬੀ ਜੈਨ ਮੰਦਰ ਵਿਚ ਪ੍ਰਵੇਸ਼ ਨਾ ਕਰੇ, ਕਿੰਤੂ ਜੈਨ ਮੰਦਰ ਵਿਚ ਪ੍ਰਵੇਸ਼ ਕਰਕੇ ਬਚਣ ਕੋਲੋਂ ਹਾਥੀ ਦੇ ਸਾਮਣੇ ਜਾਕੇ ਮਰ ਜਾਣਾਂ ਚੰਗਾ ਹੈ, ਅਜੇਹੇ ਅਜੇਹੇ ਅਪਣੇ ਚੇਲਿਆਂ ਨੂੰ ਉਪਦੇਸ ਕਰਨ ਲਗੇ, ਜਦ ਉਨ੍ਹਾਂ, ਕੋਲੋਂ ਕੋਈ ਪ੍ਰਮਾਣ ਪੁਛਦਾ ਸੀ ਕਿ ਤੁਹਾਡੇ ਮਤ ਵਿਚ ਕਿਸੇ ਮਨਣ ਦੇ ਜੋਗ ਗ੍ਰੰਥ ਦਾ ਬੀ ਪ੍ਰਮਾਣ ਹੈ, ਤਾਂ ਕਹੀਦੇ ਸਨ ਕਿ ਹਾਂ ਹੈ, ਜਦ ਉਹ ਪੁਛਦੇ ਸਨ ਕਿ ਵਿਖਾਓ ਤਦ ਮਾਰਕੰਡੇ ਪੁਰਾਣ ਆਦੀ ਦੇ ਬਚਨ ਪੜ੍ਹਦੇ ਅਰ ਸੁਣਾਂਦੇ ਸਨ, ਜਿਸਤਰਾਂ ਕਿ ਦਰਗਾ ਪਾਠ ਵਿਚ ਦੇਵੀ ਦਾ ਵਰਣਨ ਲਿਖਿਆ ਹੈ।ਰਾਜਾ ਭੋਜਦੇ ਰਾਜ ਵਿਚ ਬਿਆਸ ਜੀ ਦਾ ਨਾਂਉ ਕਰਕੇ ਮਾਰਕੰਡੇ ਅਰ ਸ਼ਿਵਪੁਰਾਂਣ ਕਿਸੇ ਨੇ ਬਣਾਕੇ ਖੜਾ ਕੀਤਾ ਸੀ, ਓਸਦਾ ਸਮਾਚਾਰ ਰਾਜਾ ਭੋਜ ਨੂੰ ਜਦ ਮਲੂੰਮ ਹੋਇਆ ਤਦ ਉਨ੍ਹਾਂ ਪੰਡਤਾਂ ਦੇ ਹਥ ਕਟਵਾਕੇ ਛੋਡ ਦਿਤੱ, ਅਰ ਉਨ੍ਹਾਂ ਨੂੰ ਕਹਿਆ ਕਿ ਜੋ ਕੋਈ ਕਾਵ੍ਯ ਆਦੀ ਗ੍ਰੰਥ ਬਣਾਵੇ ਤਾਂ ਅਪਣੇ ਨਾਂਮ ਥੀਂ ਬਣਾਵੇ, ਰਿਖੀ ਮੁਨੀਆਂ ਦਾ ਨਾਉਂ ਲੈਕੇ ਨਹੀਂ, ਇਹ ਬਾਤ ਰਾਜਾ ਭੋਜ ਦੇ ਬਣਾਏ ਸੰਜੀਵ-ਣੀ ਨਾਮੀ ਇਤਹਾਸ ਵਿਚ ਲਿੱਖੀ ਹੈ ਕਿ ਜੋ ਗਵਾਲਿਯਾਰ ਦੇ ਰਾਜ ਅਰ

ਭਿੰਡ ਨਾਮੀ ਨਗਰ ਦੇ ਤਿਵਾੜੀ ਬ੍ਰਾਹਮਣਾਂ ਦੇ ਘਰ ਵਿਚ ਹੈ, ਜਿਸ ਨੂੰ ਲਖੁਨਾਂ ਦੇ ਰਾਉ ਸਾਹਿਬ ਅਰ ਉਨ੍ਹਾਂ ਦੇ ਗੁਮਾਸ਼ਤੇ ਰਾਮ ਦਿਆਲ ਚੋਬੇ ਜੀ ਨੇ ਅਪਣੀ ਅੱਖੀਂ ਵੇਖਿਆ ਹੈ, ਓਸ ਵਿਚ ਸਪਸ਼ਟ ਲਿਖਿਆ ਹੈ ਕਿ ਬਿਆਸ ਜੀ ਨੇ ਚਾਰ ਹਜਾਰ ਚਾਰ ਸੌ ਅਰ ਉਨ੍ਹਾਂ ਦੇ ਸ਼ਿਸ਼ਾਂ ਨੇ ਪੰਜ ਹਜਾਰ ਛੀ ਸੌ ਸ਼ਲੋਕ ਵਾਲਾ ਅਰਥਾਤ ਸਭ ਦਸ ਹਜਾਰ ਸ਼ਲੋਕਾਂ ਦੇ ਪ੍ਰਮਾਂਣ ਭਾਰਤ ਗ੍ਰੰਥ ਬਣਾਇਆ ਸੀ, ਉਹ ਮਹਾਰਾਜਾ ਬਿਕ੍ਰਮਾਜੀਤ ਦੇ ਸਮੇਂ ਵਿਚ ਵੀਹ ੨੦ ਹਜਾਰ, ਮਹਾਂਰਾਜਾ ਭੋਜ ਕਹਿੰਦੇ ਹਨ ਕਿ ਮੇਰੇ ਪਿਤਾ ਜੀ ਦੇ ਸਮੇ ਵਿਚ ਪੰਜੀਹ, ਅਰ ਹੁਣ ਮੇਰੀ ਅੱਧੀ ਉਮਰ ਵਿਚ ਤੀਹ ਹਜਾਰ ਸ਼ਲੋਕ ਵਾਲਾ ਮਹਾਂ ਭਾਰਤ ਦਾ ਪੁਸਤਿਕ ਮਿਲਦਾ ਹੈ, ਜੇ ਏਸ ਤਰਾਂ ਹੀ ਵਧਦਾ ਚਲਾ ਗਿਆ ਤਾਂ ਮਹਾਂਭਾਰਤ ਦਾ ਪੁਸਤਿਕ ਇਕ ਊਠ ਦਾ ਭਾਰ ਹੋ ਜਾਵੇਗਾ, ਅਰ ਰਿਸ਼ੀ ਮੁਨੀਆਂ ਦਾ ਨਾਮ ਕਰਕੇ ਪੁਰਾਂਣ ਆਦੀ ਗ੍ਰੰਥ ਬਣਾਂਨਗੇ ਤਾਂ ਆਰਯਾ ਵਰਤੀ ਲੋਕ ਭ੍ਰਮਜਾਲ ਵਿਚ ਪੈਕੇ ਵੈਦਕ ਧਰਮ ਵਿਹੀਨ ਹੋਕੇ ਭ੍ਰਿਸ਼ਟ ਹੋ ਜਾਂਨਗੇ, ਏਸ ਤੋਂ ਮਲੂੰਮ ਹੁੰਦਾ ਹੈ ਕਿ ਰਾਜਾ ਭੋਜ ਨੂੰ ਕੁਝ ੨ ਵੇਦਾਂ ਦਾ ਸੰਸਕਾਰ ਸੀ, ਇਨ੍ਹਾਂ ਦੇ ਭੋਜ ਪ੍ਰਬੰਧ ਵਿਚ ਲਿਖਿਆ ਹੈ ਕਿ:-

घट्यैकया क्रोशदशैकमश्वः सुकृत्रिमो गच्छति चारुगत्या ।

वायुं ददाति व्यजनं सुपुष्कलं विना मनुष्येण चलत्यजस्रम् ॥

ਰਾਜਾ ਭੋਜ ਦੇ ਰਾਜ ਵਿਚ ਅਰ ਕੋਲ ਕੋਲ ਅਜੇਹੇ ਅਜੇਹੇ ਕਾਰੀਗਰ ਲੋਕ ਸਨ ਕਿ ਜਿਨ੍ਹਾਂ ਨੇ ਘੋੜੇ ਦੀ ਸ਼ਕਲ ਵਾਲੀ ਇਕ ਸਵਾਰੀ ਜੰਤ੍ਰ ਕਲਾ ਵਾਲੀ ਬਣਾਈ ਸੀ ਕਿ ਜੋ ਇਕ ਕੱਚੀ ਘੜੀ ਵਿਚ ਯਾਰਾਂ ਕੋਹ ਅਰ ਇਕ ਘੰਟੇ ਵਿਚ ਸਾਢੇ ਸਤਾਈ ਕੋਹ ਜਾਂਦੀ ਸੀ, ਉਹ ਜਮੀਨ ਅਰ ਹਵਾ ਵਿਚ ਬੀ ਚਲਦੀ ਸੀ, ਅਰ ਦੂਜਾ ਪਖੱਾ ਅਜੇਹਾ ਬਣਾਇਆ ਸੀ ਕਿ ਬਗੈਰ ਮਨੁੱਖ ਦੇ ਹਲਾਇਆਂ ਕਲਾ ਜੰਤ੍ਰ ਦੇ ਜੋਰ ਨਾਲ ਨਿਤ ਚਲਦਾ ਸ਼ੀ, ਅਰ ਬਹੁਤੇਰੀ ਹਵਾ ਦਿੰਦਾ ਸੀ,ਜੋ ਇਹ ਦੋਨੋਂ ਪਦਾਰਥ ਅਜਤਿਕ ਬਣੇ ਰਹੰਦੇ ਤਾਂ ਫਰੰਗੀ ਐਨੇ ਅਭਿਮਾਂਨ ਵਿਚ ਨਾਂ ਚੜ੍ਹ ਜਾਂਦੇ।

ਜਦ ਪੋਪ ਜੀ ਅਪਣੇ ਚੇਲਿਆਂ ਨੂੰ ਜੈਨੀਆਂ ਤੋਂ ਰੋਕਣ ਲਗੇ ਤਾਂ ਬੀ ਮੰਦਰਾਂ ਵਿਚ ਜਾਂਣ ਤੋਂ ਨਾਂ ਰੁਕ ਸਕੇ, ਅਰ ਜੈਨੀਆਂ ਦੀ ਕਥਾ ਵਿਚ ਬੀ ਲੋਕ ਜਾਂਣ ਲਗੇ,ਜੈਨੀਆਂ ਦੇ ਪੋਪ ਇਨ੍ਹਾਂ ਪੁਰਾਣੀਆਂ ਦੇ ਪੋਪਾਂ ਦੇ ਚੇਲਿਆਂ ਨੂੰ ਬਕਾਂਣ ਲੱਗੇ,ਤਦ ਪੁਰਾਣੀਆਂ ਨੇ ਵਿਚਾਰਿਆ ਕਿ ਏਸਦਾ ਕੋਈ ਉਪਾ ਕਰਨਾ ਚਾਹੀਏ ਨਹੀਂ ਤਾਂ ਅਪਣੇ ਚੇਲੇ ਜੈਨੀ ਹੋਜਾਨਗੇ, ਪਸਚਾਤ ਪੋਪਾਂ ਨੇ ਏਹੋ ਸਮੱਤੀ ਕੀਤੀ ਕਿ ਜੈਨੀਆਂ ਦੀ ਨਿਆਂਈਂ ਅਪਣੇ ਬੀ ਅਉ-ਤਾਰ ਮੰਦਰ ਮੂਰਤੀ ਅਰ ਕਥਾ ਦੇ ਪਸਤਕ ਬਣਾਈਏ. ਇਨਾਂ ਲੋਕਾਂ ਨੇ

ਜੈਨੀਆਂ ਦੇ ਚਹੀ ਤੀਰਥੰਕ੍ਰਾਂ ਦੀ ਨਿਆਂਈ ਚਹੀ ਅਉਤਾਰ ਮੰਦਰ ਅਰ ਮੂਰਤੀਆਂ ਬਣਾਈਆਂ, ਅਰ ਜਿਸਤਰਾਂ ਜੈਨੀਆਂ ਦੇ ਆਦੀ ਅਰ ਉਤ੍ਰ ਪੁਰਾਂਣ ਆਦੀ ਹਨ ਉਸੇਤਰਾਂ ਅਠਾਰਾਂ ਪੁਰਾਣ ਬਣਾਨ ਲਗੇ,ਰਾਜਾ ਭੋਜ ਦੇ ਡੂਢ ਸੌ ਵਰਹੇ ਦੇ ਪਿਛੇ ਵੈਸ਼ਨਵ ਮਤ ਦਾ ਅਰੰਭ ਹੋਇਆ, ਇਕਸ਼ਠ ਕੋਪ ਨਾਂਮੀ ਕੰਜਰ ਵਰਣ ਵਿਚ ਜਮਿਆਂ ਸੀ ਓਸਥੀਂ ਥੋੜਾ ਜੇਹਾ ਚਲਿਆ, ਓਸਦੇ ਪਿਛੋਂ ਮੁਨੀਂਵਾਹਿਨ ਭੰਗੀ ਕੁਲ ਵਿਚ ਜਮਿਆ ਹੋਇਆ, ਅਰ ਤੀਜਾ ਯਵਨਾ ਚਾਰਜ ਯਵਨ ਕੁਲ ਉਤਪੰਨ ਅਚਾਰਜ ਹੋਇਆ, ਤਦ ਪਸਚਾਤ ਬ੍ਰਾਹਮਣ ਕੁਲ ਉਤਪੰਨ੍ਹ ਚੌਥਾ ਰਾਮਾਨੁਜ ਹੋਇਆ ਓਸ ਨੇ ਅਪਣਾ ਮਤ ਫੈਲਾਇਆ, ਸ਼ਿਵ ਮਤ ਵਾਲਿਆਂ ਨੇ ਸ਼ਿਵ ਪੁਰਾਂਣ ਆਦੀ, ਸ਼ਾਕਤ ਮਤ ਵਾਲਿਜਾਂ ਨੇ ਦੇਵੀ ਭਾਗਵਤ ਆਦੀ, ਵੈਸ਼ਨਵ ਮਤ ਵਾਲਿਆਂ ਨੇ ਵਿਸ਼ਨੂ ਪੁਰਾਣ ਆਦੀ ਬਣਾਏ,ਉਨਾਂ ਵਿਚ ਅਪਣਾ ਨਾਂਉਂ ਏਸ ਲਈ ਨਹੀਂ ਧਰਿਆ ਕਿ ਸਾਡੇ ਨਾਂਮ ਕਰਕੇ ਬਣਨ ਗੇ ਤਾਂ ਕੋਈ ਪ੍ਰਮਾਣ ਨਾ ਕਰੇਗਾ ਏਸ ਲਈ ਬਿਆਸ ਆਦੀ ਰਿਸ਼ੀਆਂਮੁਨੀਆਂ ਦੇ ਨਾਂਮ ਰਖਕੇ ਪੁਰਾਂਣ ਬਣਾਏ,ਨਾਉਂ ਬੀ ਇਨਾਂਦਾ ਵਾਸਤ-ਵ ਵਿਚ ਨਵੀਂਨ ਰਖਣਾ ਚਾਹੀਏ ਸੀ,ਪ੍ਰੰਤੂ ਜਿਸਤਰਾਂ ਕੋਈ ਗਰੀਬ ਅਪਣੇ ਪੁਤ ਦਾ ਨਾਉਂ ਮਹਾਰਾਜਾ ਅਧੀਰਾਜ,ਅਰ ਨਵੀਂਨ ਪਦਾਰਥ ਦਾ ਨਾਉਂ ਸਨਾਤਨ ਰਖ ਦੇਵੇ ਤਾਂ ਕੀ ਅਚਰਜ ਹੈ। ਹੁਣ ਇਨਾਂਦੇ ਆਪਸ ਦੇ ਜਿਸਤਰਾਂਦੇ ਝਗੜੇ ਹਨ ਉਸੇਤਰਾਂ ਨਾਲ ਪੁਰਾਣਾਂ ਵਿਚ ਬੀ ਰਖੇ ਹਨ॥

ਵੇਖੋ ਦੇਵੀ ਭਾਗਵਤ ਵਿਚ "ਸ਼੍ਰੀ" ਨਾਂਮ ਇਕ ਦੇਵੀ ਇਸਤ੍ਰੀ ਹੈ ਜੋ ਸ਼੍ਰੀਪੁਰ ਦੀ ਮਾਲਕ ਲਿਖੀ ਹੈ, ਓਸ ਨੇ ਸਾਰੇ ਜਗਤ ਨੂੰ ਬਣਾਇਆ, ਅਰ ਬ੍ਰਹਮਾਂ ਵਿਸ਼ਨੂੰ ਮਹਾਂਦੇਵ ਨੂੰ ਬੀ ਉਸੇਨੇ ਰਚਿਆ, ਜਦ ਓਸ ਦੇਵੀ ਦੀ ਇਛਿਆ ਹੋਈ ਤਦ ਓਸਨੇ ਅਪਣਾ ਹਥ ਘਸਿਆ ਓਸ ਕਰਕੇ ਹਥ ਵਿਚ ਇਕ ਛਾਲਾ ਪੈ ਗਿਆ ਓਸ ਵਿਚੋਂ ਬ੍ਰਹਮਾਂ ਦੀ ਉਤਪੱਤੀ ਹੋਈ ਓਸ ਦੇਵੀ ਨੇ ਕਹਿਆ ਕਿ ਤੂੰ ਮੇਰੇ ਨਾਲ ਵਿਆਹ ਕਰ,ਬ੍ਰਹਮਾਂ ਨੇ ਕਹਿਆ ਕਿ ਤੂੰ ਮੇਰੀ ਮਾਂ ਹੈ ਮੈਂ ਤੇਰੇਨਾਲ ਵਿਆਹ ਨਹੀ ਕਰ ਸਕਦਾ, ਏਹ ਗਲ ਸੁਣਕੇ ਮਾਂ ਨੂੰ ਗੁੱਸਾ ਚੜ੍ਹਿਆ ਅਰ ਲੜਕੇ ਨੂੰ ਭਸਮ ਕਰ ਦਿੱਤਾ, ਅਰ ਫੇਰ ਹਥ ਰਗੜਕੇ ਉਸੇਤਰਾਂ ਦੂਜਾ ਪੁਤ ਉਤਪੰਨ ਕੀਤਾ ਓਸਦਾ ਨਾਉਂ ਬਿਸ਼ਨੂੰ ਰਖਿਆ, ਓਸਨੂੰ ਬੀ ਉਸੇਤਰਾਂ ਕਹਿਆ ਓਸਨੇ ਨਾਂ ਮਨਿਆਂ ਤਾਂ ਓਸਨੂੰ ਬੀ ਭਸਮ ਕਰ ਦਿੱਤਾ, ਫੇਰ ਉਸੇ ਤਰਾਂ ਤੀਜੇ ਲੜਕੇ ਨੂੰ ਉਤਪੰਨ ਕੀਤਾ ਓਸਦਾ ਨਾਂਉਂ ਮਹਾਂਦੇਵ ਰਖਿਆ ਅਰ ਓਸ ਨੂੰ ਕਹਿਆ ਕਿ ਤੂੰ ਮੇਰੇ ਨਾਲ ਵਿਆਹ ਕਰ, ਮਹਾਂਦੇਵ ਬੋਲਿਆ ਕਿ ਮੈਂ ਤੇਰੇ ਨਾਲ ਵਿਆਹ ਨਹੀਂ ਕਰ ਸਕਦਾ ਤੂੰ ਦੂਜੀ ਇਸਤ੍ਰੀ ਦਾ ਸ਼੍ਰੀਰ ਧਾਰਣ ਕਰ,ਉਸੇ ਤਰਾਂ ਦੇਵੀ ਨੇ ਕੀਤਾ, ਤਦ ਮਹਾਂਦੇਵ ਬੋਲਿਆ

ਭਰਾ ਹਨ ਇਨ੍ਹਾਂ ਨੇ ਮੇਰੀ ਆਗਿਆ ਨਹੀਂ ਮਨੀ ਏਸ ਲਈ ਭਸਮ ਕਰ ਦਿਤੇ, ਮਹਾਂਦੇਵ ਨੇ ਕਹਿਆ ਕਿ ਮੈਂ ਅਕਲੋਂ ਕੀ ਕਰਾਂਗਾ ਇਨ੍ਹਾਂ ਨੂੰ ਜੁਆਦੇ ਅਰ ਦੋ ਇਸਤ੍ਰੀਆਂ ਹੋਰ ਉਤਪੰਨ ਕਰ, ਤਿੰਨਾਂ ਦਾ ਵਿਆਹ ਤਿੰਨਾਂ ਨਾਲ਼ ਹੋਵੇਗਾ, ਅਜੇਹਾ ਹੀ ਦੇਵੀ ਨੇ ਕੀਤਾ, ਫੇਰ ਤਿੰਨਾਂ ਦਾ ਤਿਨਾਂ ਨਾਲ ਵਿਆਹ ਹੋਇਆ, ਵਾਹ ਭਈ ਮਾਂ ਨਾਲ ਵਿਆਹ ਨਾ ਕੀਤਾ ਅਰ ਭੈਣ ਨਾਲ ਕਰ ਲੀਤਾ ਕੀ ਏਸ ਨੂੰ ਉਚਿਤ ਸਮਝਣਾ ਚਾਹੀਏ, ਪਸਚਾਤ ਇੰਦ੍ਰ ਆਦੀ ਨੂੰ ਉਤਪੰਨ ਕੀਤਾ, ਬ੍ਰਹਮਾ, ਵਿਸ਼ਨੂੰ, ਸ਼ਿਵ, ਰੁਦ੍ਰ, ਅਰ ਇੰਦ੍ਰ ਇਨ੍ਹਾਂ ਨੂੰ ਪਾਲਕੀ ਦੇ ਉਠਾਣ ਵਾਲੇ ਕਹਾਰ ਬਣਾਇਆ, ਇਤ ਆਦੀ ਗਪੌੜੇ ਲੰਮੇ ਚੌੜੇ ਮਨ ਮਾਂਨੇ ਲਿਖੇ ਹਨ, ਕੋਈ ਇਨ੍ਹਾਂ ਥੀਂ ਪੁੱਛੇ ਕਿ ਉਸ ਦੇਵੀ ਦਾ ਸ਼ਰੀਰ ਅਰ ਉਸ ਸ੍ਰੀਪੁਰ ਦਾ ਬਣਾਨ ਵਾਲਾ ਅਰ ਦੇਵੀ ਦੇ ਮਾਂ, ਪਿਉ ਕਉਣ ਸਨ? ਜੋ ਕਹੋ ਕਿ ਦੇਵੀ ਅਨਾਦੀ ਹੈ ਤਾਂ ਜੇਹਿੜੀ ਸੰਜੋਗ ਕਰਕੇ ਉਤਪੰਨ ਹੋਈ ਬਸਤੂ ਹੈ ਉਹ ਅਨਾਦੀ ਕਦੀ ਨਹੀਂ ਹੋ ਸਕਦੀ, ਜੇ ਮਾਂ ਪੁਤ੍ਰ ਦੇ ਵਿਆਹ ਕਰਨ ਵਿਚ ਡਰ ਗਏ ਤਾਂ ਭਰਾ ਭੈਣ ਦੇ ਵਿਆਹ ਵਿਚ ਕੇਹੜੀ ਚੰਗੀ ਗਲ ਨਿਕਲ ਦੀ ਹੈ, ਜਿਸਤਰਾਂ ਨਾਲ ਏਸ ਦੇਵੀ ਭਾਗਵਤ ਵਿਚ ਮਹਾਂਦੇਵ, ਬਿਸ਼ਨੂੰ, ਅਰ ਬ੍ਰਹਮਾ ਆਦੀ ਦੀ ਛੋਟਿਆਈ ਅਰ ਦੇਵੀ ਦੀ ਵਡਿਆਈ ਲਿਖੀ ਹੈ ਇਸੇ ਪ੍ਰਕਾਰ ਸ਼ਿਵਪੁਰਾਂਣ ਵਿਚ ਦੇਵੀ ਆਦੀ ਦੀ ਬਹੁਤ ਛੁਟਿਆਈ ਲਿਖੀ ਹੈ ਅਰਥਾਤ ਏਹ ਸਭ ਮਹਾਂਦੇਵ ਦੇ ਦਾਸ ਅਰ ਮਹਾਂਦਵ ਸਭਦਾ ਈਸ਼੍ਵਰ ਹੈ, ਜੇ ਰੁਦ੍ਰਾਖ ਅਰਥਾਤ ਇਕ ਦ੍ਰਖਤ ਦੇ ਫਲਦੀ ਗੁਠਲੀ ਅਰ ਸ੍ਵਾਹ ਪਾਣਨਾਲ ਮੁਕਤੀ ਮਨਦੇ ਹਨ ਤਾਂ ਸ੍ਵਾਹ ਵਿਚ ਲੇਟਣ ਵਾਲੇ ਗਧੇ ਆਦੀ ਪਸ਼ੂ ਅਰ ਰਤਕਾਂ ਆਦੀ ਦੇ ਧਾਰਨ ਕਰਨ ਵਾਲੇ ਭੀਲ ਕੰਜਰ ਆਦੀ ਮੁਕਤੀ ਕਿਉਂ ਨਾਂ ਪਾਂਨ, ਅਰ ਸੂਰ ਕੁੱਤੇ ਗਧੇ ਆਦੀ ਪਸ਼ੂ ਸ੍ਵਾਹ ਵਿਚ ਲੇਟਣ ਵਾਲਿਆਂ ਦੀ ਮੁਕਤੀ ਕਿਉਂ ਨਹੀ ਹੁੰਦੀ ॥

(ਪ੍ਰਸ਼ਨ) ਕਾਲ ਅੰਗਨੀ ਰੁਦ੍ਰ ਉਪਨਿਸ਼ਦ ਵਿਚ ਭਸਮ ਲਗਾਣ ਦਾ ਵਿਧਾਂਨ ਲਿਖਿਆ ਹੈ ਉਹ ਕੀ ਝੂਠਾ ਹੈ ? ਅਰ

"ਤ੍ਰਯਾਯੁਸ਼ੰ ਜਮਦਗ੍ਨੇ"

ਯਜੁਰ ਵੇਦ ਦਾ ਬਚਨ ਹੈ, ਇਤ ਆਦੀ ਵੇਦ ਮੰਤ੍ਰਾਂ ਥੀਂ ਬੀ ਭਸਮ ਧਾਰਣ ਦਾ ਬਿਧਾਂਨ ਅਰ ਪੁਰਾਣਾਂ ਵਿਚ ਰੁਦ੍ਰ ਦੀ ਅੱਖਦੇ ਅਥਰੂਆਂ ਥੀਂ ਜੋ ਦ੍ਰਖਤ ਹੋਇਆ ਉਸੇ ਦਾ ਨਾਉਂ ਰੁਦ੍ਰਾਖ ਹੈ, ਏਸ ਲਈ ਉਸਦੇ ਧਾਰਣ ਵਿਚ ਪੁੰਨ ਲਿਖਿਆ ਹੈ, ਇਕ ਬੀ ਰੁਦ੍ਰਾਖ ਧਾਰਣ ਕਰੇ ਤਾਂ ਸਭਣਾ ਪਾਪਾਂ ਤੋਂ ਛੁਟ ਸ੍ਵਰਗ ਨੂੰ ਜਾਵੇ, ਯਮਰਾਜ ਅਰ ਨਰਕ ਦਾ ਡਰ ਨਾ ਰਹੇ ॥

(ਉਤ੍ਰ) ਕਾਲ ਅਗਨੀ ਰੁਦ੍ਰ ਉਪਨਿਸ਼ਦ ਕਿਸੇ ਰਖੋਡੀਆ ਮਨੁਖ ਅਰਥਾਤ ਕਿਸੇ ਸੁਆਹ ਧਾਰਨ ਕਰਨ ਵਾਲੇ ਨੇ ਬਣਾਈ ਹੈ ਕਿਉਂਕਿ:—

"यस्य प्रथमा रेखा सा भूलोकः"

ਇਤਆਦੀ ਬਚਨ ਓਸ ਵਿਚ ਅਨਰਥਕ ਹਨ, ਜੋ ਪ੍ਰਤੀ ਦਿਨ ਹਥ ਨਾਲ ਬਣਾਈ ਰੇਖਾ ਹੈ ਉਹ ਭੂ ਲੋਕ ਵਾ ਓਸਦਾ ਵਾਚਕ ਕਿਸਤਰਾਂ ਹੋ ਸਕਦੀ ਹੈ ਅਰ ਜੋ

"त्र्यायुषं जमदग्ने०"

ਇਤਆਦੀ ਮੰਤ੍ਰ ਹਨ ਉਹ ਭਸਮ ਵਾ ਤ੍ਰਿਪੁੰਡ ਧਾਰਣ ਦੇ ਵਾਚਕ ਨਹੀਂ ਕਿੰਤੂ

चक्षुर्वै जमदग्निः" शतप० ।

ਏਹ ਸ਼ਥਪਥ ਵਿਚ ਲਿਖਿਆ ਹੈ ਹੇ ਪਰਮੇਸ਼੍ਵਰ ਮਰੀ ਅੱਖਾਂ ਦੀ ਜੋਤੀ (ਤ੍ਰਯਾਯੁਸ਼ੰ) ਤਿਗਣੀ ਅਰਥਾਤ ਤਿੰਨ ਸੌ ਵਰੇਹਾਂ ਤਿਕ ਰਹ੍ਹੇ, ਅਰ ਮੈਂਬੀ ਅਜੇਹੇ ਧਰਮ ਦੇ ਕੰਮ ਕਰਾਂ ਕਿ ਜਿਸ ਕਰਕੇ ਨਜਰ ਨਾਸ਼ ਨਾ ਹੋਵੇ, ਭਲਾ ਏਹ ਕਿੱਨੀ ਭਾਰੀ ਮੂਰਖਤਾ ਦੀ ਬਾਤ ਹੈ ਕਿ ਅੱਖਦੀ ਅਥ੍ਰਆਂ ਨਾਲ ਬੀ ਦੁਖਤ ਉਤਪੰਨ ਹੋ ਸਕਦਾ ਹੈ ? ਕੀ ਪਰਮੇਸ਼੍ਵਰ ਦੇ ਸ੍ਰਿਸ਼ਟੀ ਕ੍ਰਮ ਨੂੰ ਕੋਈ ਉਲਟਾ ਕਰ ਸਕਦਾ ਹੈ? ਜਿਸਤਰਾਂ ਜਿਸ ਦ੍ਰਖਤ ਦਾ 'ਬੀ' ਪਰਮੇਸ਼੍ਵਰ ਨੈ ਰਚਿਆ ਹੈ ਓਸ ਤੋਂ ਉਹੋ ਦ੍ਰਖਤ ਉਤਪੰਨ ਹੋ ਸਕਦਾ ਹੈ ਹੋਰ ਨਹੀ, ਏਸ ਲਈ ਜਿੱਨਾਂ ਰੁਦ੍ਰਾਖ, ਭਸਮ, ਤੁਲਸੀ, ਕਮਲਾਖਜ, ਘਾਹ, ਚਨੰਣ ਆਦੀ ਨੂੰ ਕੰਠ ਵਿਚ ਧਾਰਣ ਕਰਨਾ ਹੈ ਉਹ ਸਭ ਜੰਗਲੀ ਪਸ਼ੂ ਦੇ ਸਮਾਨ ਮਨੁੱਖ ਦਾ ਕੰਮ ਹੈ, ਏਸਤਰਾਂ ਵਾਂਮ ਮਾਰਗੀ ਅਰ ਸ਼ੈਵ ਮਤ ਵਾਲੇ ਬਹੁਤ ਖੋਟੇ ਕੰਮ ਕਰਨ ਵਾਲੇ ਵਿਰੋਧੀ ਅਰ ਕਰਤਵ ਕਰਮ ਦੇ ਤਿਆਗੀ ਹੁੰਦੇ ਹਨ, ਉਨਾਂ ਵਿਚ ਜੋ ਕੋਈ ਚੰਗਾ ਪੁਰਸ਼ ਹੈ ਉਹ ਇਨਾਂ ਬਾਤਾਂ ਦਾ ਨਾ ਵਿਸਾਹ ਕਰਕੇ ਚੰਗੇ ਕੰਮ ਕਰਦਾ ਹੈ। ਜੇ ਰੁਦ੍ਰਾਖ ਭਸਮ ਧਾਰਣ ਕਰਨ ਨਾਲ ਯਮਰਾਜਾ ਦੇ ਦੂਤ ਡਰਦੇ ਹਨ ਤਾਂ ਪੁਲਸ ਦੇ ਸਿਪਾਹੀ ਬੀ ਡਰਦੇ ਹੋਂਨਗੇ? ਜਦ ਰੁਦ੍ਰਾਖ ਭਸਮ ਧਾਰਣ ਕਰਨ ਵਾਲਿਆਂ ਥੀਂ ਕੁਤਾ, ਸ਼ੇਰ, ਸਪ, ਬਿਛੂ, ਮੱਖੀ ਅਰ ਮੱਛਰ ਬੀ ਨਹੀਂ ਡਰਦੇ ਤਾਂ ਨਿਆਂਧੀਸ਼ ਦ ਗਣ ਕਿੰਉ' ਡਰਨ ਗੇ ?

(ਪ੍ਰਸ਼ਨ) ਵਾਮਮਾਰਗੀ ਅਰ ਸ਼ੈਵਮਤ ਵਾਲੇ ਤਾਂ ਚੰਗੇ ਨਹੀਂ ਪ੍ਰੰਤੂ ਵੈਸ਼ਨਵ ਤਾਂ ਚੰਗੇ ਹਨ ?

(ਉਤ੍ਰ) ਏਹ ਬੀ ਵੇਦ ਵਿਰੋਧੀ ਹੋਣ ਕਰਕੇ ਉਨਾਂ ਥੀਂ ਬੀ ਵਧੀਕ ਬੁਰ ਹਨ।

(ਪ੍ਰਸ਼ਨ)

"नमस्ते रुद्र मन्यवे"। "वैष्णवमसि" "वामनाय च"।
"गणानान्त्वा गणपतिं हवामहे"। "भगवती भूयाः"।

"सूर्य आत्मा जगतस्तस्थुषश्च"।

ਇਤਆਦੀ ਵੇਦ ਪ੍ਰਮਾਣਾਂ ਥੀਂ ਸ਼ਿਵ ਆਦੀ ਮਤ ਸਿਧ ਹੁੰਦੇ ਹਨ ਫੇਰ ਕਿਉਂ ਖੰਡਨ ਕਰਦੇ ਹੋ?

(ਉੱਤਰ)ਇਨਾਂ ਬਚਨਾਂ ਥੀਂ ਸ਼ਿਵ ਆਦੀ ਸੰਪ੍ਰਦਾ ਸਿਧ ਨਹੀਂ ਹੁੰਦੇ ਕਿਉਂਕਿ ਰੁਦ੍ਰ, ਪਰਮੇਸ਼੍ਵਰ,ਪ੍ਰਾਣ ਆਦੀ ਵਾਯੂ, ਜੀਵ, ਅੱਗ ਆਦੀ ਦਾ ਨਾਉਂ ਹੈ ਜੋ ਕ੍ਰੋਧ ਕਰਤਾ ਅਰਥਾਤ ਦੁਸ਼ਟਾਂ ਦੇ ਰੁਆਣ ਵਾਲੇ ਪਰਮੇਸ਼੍ਵਰ ਨੂੰ ਨਮਸਕਾਰ ਕਰਨਾਂ, ਪ੍ਰਾਣ ਅਰ ਜਠਰਾ ਅਗਨੀ ਨੂੰ ਅੰਨਦੇਣਾ (ਇਹ ਅਰਥ ਹਨ ਵੇਖੋ ਨਿਘੰਟੂ ੨।੭ ਨਮ ਇਤੀ ਅੰਨ ਨਾਂਮ)ਜੋ ਮੰਗਲ ਕਾਰੀ ਸਭ ਸੰਸਾਰ ਦਾ ਅਤਯੰਤ ਕਲਿਆਣ ਕਰਨ ਵਾਲਾ ਹੈ ਓਸ ਪਰਮੇਸ਼੍ਵਰ ਨੂੰ ਨਮਸਕਾਰ ਕਰਨਾ ਚਾਹੀਏ।

"शिवस्य परमेश्वरस्यायं भक्तः शैव"।
"विष्णोः परमात्मनोऽयं भक्तो वैष्णवः"।
"गणपतेः सकल जगत्स्वामिनोऽयं सेवको गाणपतः"।
"भगवत्या वाण्या अयं सेवकः भागवतः"।
"सूर्यस्य चराचरात्मनोऽयं सेवकः सौरः"।

ਏਹ ਸਭ ਰੁਦ੍ਰ, ਸ਼ਿਵ, ਵਿਸ਼ਨੂੰ, ਗਣਪਤੀ, ਸੂਰਜ ਆਦੀ ਪਰਮੇਸ਼੍ਵਰ ਦੇ ਅਰ ਭਗਵਤੀ ਸਤ ਭਾਸ਼ਣ ਜੁਕਤ ਬਾਣੀ ਦਾ ਨਾਉਂ ਹੈ ਏਸ ਵਿਚ ਬਗੈਰ ਸਮਝਿਆਂ ਅਜੇਹਾ ਝਗੜਾ ਮਚਾਇਆ ਹੈ ਜਿਸਤਰਾਂ:—

ਇਕ ਬਿਰਾਗੀ ਦੇ ਦੋ ਚੇਲੇ ਸਨ ਉਹ ਰੋਜ ਰੋਜ ਗੁਰੂ ਦੇ ਪੈਰ ਦਬਿਆ ਕਰਦੇ ਸਨ,ਇਕ ਸਜੇ ਪੈਰ ਅਰ ਦੂਜੇ ਨੇ ਖਬੇ ਪੈਰ ਦੀ ਸੇਵਾ ਕਰਨੀ ਵੰਡ ਲੀਤੀ ਸੀ ਇਕ ਦਿਨ ਅਜੇਹਾ ਹੋਇਆ ਕਿ ਇਕ ਚੇਲਾ ਕਿਧਰੇ ਬਜਾਰ ਹਟ ਨੂੰ ਚਲਿਆ ਗਿਆ ਅਰ ਦੂਜਾ ਅਪਣੀ ਸੇਵਾ ਦੇ ਜੋਗ ਪੈਰਦੀ ਸੇਵਾ ਕਰ ਰਹਿਆ ਸੀ, ਇਨੇ ਵਿਚ ਗੁਰੂਜੀਨੇ ਪਾਸਾ ਫੇਰਿਆ ਤਾਂ ਓਸਦੇ ਪੈਰ ਉਤੇ ਦੂਜੇ ਗੁਰਭਾਈ ਦਾ ਸੇਵਾ ਵਾਲਾ ਪੈਰ ਪੈ ਗਿਆ ਓਸਨੇ ਡੰਡਾ ਪੈਰ ਉਤ ਧਰ ਮਾਰਿਆ ਗੁਰੂਨੇ ਕਹਿਆ ਕਿ ਹੇ ਦੁਸ਼ਟ ਤੂੰਨੇ ਏਹ ਕੀ ਕੀਤਾ ਚੇਲਾ ਬੋਲਿਆ ਕਿ ਮੇਰੀ ਸੇਵਾ ਵਾਲੇ ਪੈਰ ਉਤੇ ਏਹ ਪੈਰ ਕਿਉਂ ਆ ਚੜ੍ਹਿਆ ਏਨੇ ਵਿਚ ਦੂਜਾ ਚੇਲਾ ਜੇਹੜਾ ਬਜਾਰ ਹਟ ਨੂੰ ਗਿਆ ਸੀ ਆ ਪਹੁੰਚਿਆ, ਉਹ ਬੀ ਅਪਣੀ ਸੇਵਾ ਵਾਲੇ ਪੈਰਦੀ ਸੇਵਾ ਕਰਨ ਲਗਾ, ਵੇਖਿਆ ਤਾਂ ਪੈਰ ਸੁਜਿਆ ਹੋਇਆ ਪਿਆ ਹੈ, ਬੋਲਿਆ ਕਿ ਗੁਰੂਜੀ ਏਹ ਮੇਰੀ ਸੇਵਾ ਵਾਲੇ ਪੈਰ ਵਿਚ ਕੀ ਹੋਇਆ, ਤਾਂ ਗੁਰੂ ਨੇ ਸਭ ਬ੍ਰਿਤਾਂਤ ਸੁਣਾ ਦਿੱਤਾ, ਉਹ ਬੀ ਮੂਰਖ ਨਾਂ ਬੋਲਿਆ ਨਾਂ ਚਾਲਿਆ ਚੁਪ ਚਾਪ ਡੰਡਾ ਉਠਾਕੇ ਬਡੇ ਜੋਰ ਨਾਲ ਗੁਰੂਦੇ ਦੂਜੇ ਪੈਰ ਵਿਚ

ਮਾਰਿਆ, ਤਾਂ ਗੁਰੂਨੇ ਜ਼ੋਰਦੀ ਅਵਾਜ਼ ਨਾਲ ਡੰਡ ਮਚਾਈ, ਤਦ ਦੋਨੋਂ ਚੇਲੇ ਡੰਡਾ ਲੈਕੇ ਪਏ ਅਰ ਗੁਰੂ ਦੇ ਪੈਰਨੂੰ ਮਾਰਣ ਲਗੇ, ਤਦ ਤਾਂ ਬੜਾ ਰੌਲਾ ਮਚਿਆ ਅਰ ਲੋਗ ਸੁਣਕੇ ਆਏ, ਕਹਣੇ ਲਗੇ ਸਾਧੂਜੀ ਕੀ ਹੋਇਆ, ਉਨਾਂ ਵਿਚੋਂ ਕਿਸੇ ਬੁਧਵਾਂਨ ਪੁਰਸ਼ ਨੇ ਸਾਧੂ ਨੂੰ ਛੁੜਾਕੇ ਪਸਚਾਤ ਉਨਾਂ ਮੂਰਖ ਚੇਲਿਆਂ ਨੂੰ ਉਪਦੇਸ਼ ਕੀਤਾ ਕਿ ਵੇਖੋ ਏਹ ਦੋਨੋਂ ਪੈਰ ਤੁਹਾਡੇ ਗੁਰੂਦੇ ਹਨ ਉਨਾਂ ਦੁਹਾਂਦੀ ਸੇਵਾ ਕਰਨ ਨਾਲ ਉਸੇ ਨੂੰ ਸੁਖ ਪੁਜਦਾ ਅਰ ਦੁਖ ਦੇਣ ਨਾਲ ਬੀ ਉਸੇ ਇਕਨੂੰ ਦੁਖ ਹੁੰਦਾ ਹੈ ॥

ਜਿਸਤਰਾਂ ਇਕ ਗੁਰੂਦੀ ਸੇਵਾ ਵਿਚ ਚੇਲਿਆਂ ਨੇ ਲੀਲਾ ਕੀਤੀ, ਇਸੇਤਰਾਂ ਜੋ ਇਕ ਅਖੰਡ, ਸਚਿਦਾਨੰਦ, ਅਨੰਤਸਰੂਪ ਪਰਮਾਤਮਾ ਦੇ ਬਿਸ਼ਨੂੰ ਰੁਦ੍ਰ ਆਦੀ ਅਨੇਕ ਨਾਮ ਹਨ ਇਨਾਂ ਨਾਮਾ ਦਾ ਅਰਥ ਜਿਸਤਰਾਂ ਕਿ ਪਹਿਲੇ ਸਮੁੱਲਾਸ ਵਿਚ ਪ੍ਰਕਾਸ਼ ਕਰ ਆਏ ਹਾਂ ਓਸ ਸਤਯਾਰਥ ਨੂੰ ਨਾ ਜਾਣਕੇ ਸ਼ਿਵ, ਸ਼ਾਕਤ ਵੈਸ਼ਨਵ ਆਦੀ ਸੰਪ੍ਰਦਾਈ ਲੋਕ ਪਰਸਪਰ ਇਕ ਦੂਜੇ ਦੇ ਨਾਉਂ ਦੀ ਨਿੰਦਿਆ ਕਰਦੇ ਹਨ, ਮੰਦਮਤੀ ਜਰਾ ਬੀ ਅਪਨੀ ਅਕਲ ਨੂੰ ਵਧਾਕੇ ਨਹੀ ਵਿਚਾਰਦੇ ਹਨ ਕਿ ਇਹ ਸਭ ਵਿਸ਼ਨੂ ਰੁਦ੍ਰ ਸ਼ਿਵ ਆਦੀ ਨਾਉਂ ਇਕ ਅਦ੍ਵਿਤੀ ਸਰਬਨਿਯੰਤਾ, ਸਰਬ ਅੰਤ੍ਰਜਾਮੀ, ਜਗਦੀਸ਼੍ਵਰ ਦੇ ਅਨੇਕ ਗੁਣ, ਕਰਮ, ਸੁਭਾਉ ਜੁਕਤ ਹੋਣ ਕਰਕੇ ਉਸੇਦ ਵਾਚਕ ਹਨ, ਭਲਾ ਕੀ ਅਜੇਹੇ ਲੋਕਾਂ ਉਤੇ ਈਸ਼੍ਵਰ ਦਾ ਕੋਪ ਨਾਂ ਹੂੰਦਾ ਹੋਵੇ ਗਾ? ਹੁਣ ਵੇਖੀਏ ਚਕ੍ਰਾਂਕਿਤ ਵੈਸ਼ਨਵਾਂ ਦੀ ਅਦਭੁਤ ਮਾਇਆ:—

तापः पुण्ड्रं तथा नाम माला मंत्रस्तथैव च।
अमी हि पञ्च संस्काराः परमैकान्तहेतवः॥
अतप्ततनूर्न तदामो अश्नुते। इतिश्रुतेः॥
रामानुजपटलपद्धती॥

ਅਰਥਾਤ ਤਾਪ, ਸ਼ੰਖ, ਚੱਕ੍ਰ ਗਦਾ ਅਰ ਪਦਮ, ਦੇ ਚਿੰਨ੍ਹਾਂ, ਨੂੰ ਅੱਗ ਵਿਚ ਤਪਾਕੇ ਬਾਂਹ ਦੇ ਮੂਲ ਵਿਚ ਦਾਗ ਦੇਕੇ ਪਸਚਾਤ ਦੁਧ ਵਾਲੇ ਭਾਂਡੇ ਵਿਚ ਬੁਝਾਂਦੇ ਹਨ। ਅਰ ਕੋਈ ਓਸ ਦੁਧ ਨੂੰ ਬੀ ਪੀ ਲੈਂਦੇ ਹਨ। ਹੁਣ ਵੇਖੀਏ ਪ੍ਰਤਖ ਹੀ ਮਨੁਖਦੇ ਮਾਸ ਦਾ ਬੀ ਸ੍ਵਾਦ ਓਸ ਵਿਚ ਆਂਉਦਾ ਹੋਵੇ ਗਾ ਅਜੇਹੇ ਅਜੇਹੇ ਕੰਮਾਂ ਥੀਂ ਪਰਮੇਸ਼੍ਵਰ ਨੂੰ ਪ੍ਰਾਪਤ ਹੋਣਦੀ ਆਸ਼ਾ ਕਰਦੇ ਹਨ ਅਰ ਕਹਿੰਦੇ ਹਨ ਕਿ ਬਗੈਰ ਸ਼ੰਖ ਚਕ੍ਰ ਆਦੀ ਥੀਂ ਸ਼ਰੀਰ ਤਪਾਇਆਂ ਜੀਵ ਪ੍ਰਮੇਸ਼੍ਵਰ ਨੂੰ ਪ੍ਰਾਪਤ ਨਹੀ ਹੁੰਦਾ ਕਿਉਂਕਿ ਉਹ ( ਆਮਃ) ਅਰਥਾਤ ਕੱਚਾ ਹੈ, ਅਰ ਜਿਸਤਰਾਂ ਰਾਜ ਦੇ ਚਪੜਾਸ ਆਦੀ ਚਿਨ੍ਹਾਂ ਦੇ ਹੋਣ ਕਰਕੇ ਰਾਜ ਪੁਰਸ਼ ਜਾਂ ਓਸਥੀਂ ਸਭ ਲੋਗ ਡਰਦੇ ਹਨ, ਉਸੇਤਰਾਂ ਬਿਸਨੂੰ ਦੇ ਸ਼ੰਖ, ਚਕ੍ਰ ਆਦੀ ਹਥੀਆਰਾਂ ਦੇ ਚਿੰਨ੍ਹ ਵੇਖਕੇ ਯਮਰਾਜ ਅਰ ਉਨਾਂ ਦੇ ਗਣ ਡਰਦੇ ਹਨ ਅਰ ਕਹਿੰਦੇ ਹਨ ਕਿਃ—

**ਦੋਹਿਰਾ—ਬਾਨਾ ਬੜਾ ਦਿਆਲ ਕਾ ਤਿਲਕ ਛਾਪ ਅਰ ਮਾਲ। ਜਮ ਡਰਪੇ ਕਾਲੂ ਕਹੇ ਭੈ ਮਾਨੈ ਭੂਪਾਲ॥**

ਅਰਥਾਤ ਭਗਵਾਂਨ ਦਾ ਬਾਨਾ ਤਿਲਕ ਛਾਪ, ਅਰ ਮਾਲਾ ਧਾਰਨ ਕਰਨਾ ਵਡਾ ਹੈ ਜਿਸਥੀਂ ਯਮਰਾਜ ਅਰ ਰਾਜਾ ਬੀ ਡਰਦਾ ਹੈ ( ਪੁੰਡਰਮ ) ਤ੍ਰਿਸੂਲ ਦੀ ਨਿਆਈ ਮੱਥੇ ਵਿਚ ਚਿਤ੍ਰ ਕਢਣਾ। ( ਨਾਮ ) ਨਾਰਾਇਣ ਦਾਸ, ਬਿਸ਼ਨੂ ਦਾਸ, ਅਰਥਾਤ ਦਾਸ ਸ਼ਬਦ ਅੰਤ ਵਿਚ ਹੋਵੇ ਅਜੇਹਾ ਨਾਂਉ ਰਖਣਾ ( ਮਾਲਾ )ਕਉਲਡੋਡੇ ਦੀ ਰਖਣੀ ਅਰ ਪੰਜਵਾਂ ਮੰਤ੍ਰ ਜਿਸਤਰਾਂ:—

श्रीं नमोनारायणाय॥

ਇਹ ਇਨਾਂ ਨੈ ਸਧਾਰਨ ਮਨੁੱਖਾਂਦੇ ਵਾਸਤੇ ਮੰਤ੍ਰ ਬਣਾ ਰਖਿਆ ਹੈ ਤਥਾ

श्रीमन्नारायणचरणंशरणं प्रपद्ये ॥ श्रीमते नारायणाय नमः

श्रीमते रामानुजाय नमः ॥

ਇਤ ਆਦੀ ਮੰਤ੍ਰ ਧਨਾਢ ਅਰ ਵਡੇ ਪੁਰਸ਼ਾਂ ਦੇ ਵਾਸਤੇ ਬਣਾ ਰਖੇ ਹਨ, ਵੇਖੀਏ ਏਹਬੀ ਇਕ ਦੁਕਾਂਨਠੈਹਰੀ ਜੇਹਾ ਮੂੰਹ ਤੇਹਾ ਤਿਲਕ, ਇਨਾਂ ਪੰਜਾਂ ਸੰਸਕਾਰਾਂ ਨੂੰ ਚਕ੍ਰਾਂਕਿਤ ਮੁਕਤੀ ਦੇ ਹੇਤੂ ਮਨਦੇ ਹਨ, ਇਨਾਂ ਮੰਤ੍ਰਾਂ ਦੇ ਅਰਥ ਮੈਂ ਨਾਰਾਇਣ ਨੂੰ ਨਮਸਕਾਰ ਕਰਨਾ ਹਾਂ, ਅਰ ਮੈਂ ਲਖਮੀ ਵਾਲੇ ਨਾਰਾਇਣ ਦੇ ਚਰਨਾਂ ਦੀ ਸ਼ਰਣ ਨੂੰ ਪ੍ਰਾਪਤ ਹੁੰਦਾ ਹਾਂ ਅਰ ਸ਼੍ਰੀਯੁਤ ਨਾਰਾਇਣ ਨੂੰ ਨਮਸਕਾਰ ਕਰਦਾ ਹਾਂ ਅਰਥਾਤ ਜੋ ਸ਼ੋਭਾ ਜੁਕਤ ਨਾਰਾਇਣ ਹੈ ਓਸਨੂੰ ਮੇਰਾ ਨਮਸਕਾਰ ਹੋਵੇ, ਜਿਸਤਰਾਂ ਵਾਂਮਮਾਰਗੀ ਪੰਜ ਮਕਾਰ ਮਨਦੇ ਹਨ ਉਸੇਤਰਾਂ ਚਕ੍ਰਾਂਕਿਤ ਪੰਜ ਸੰਸਕਾਰ ਮਨਦੇ ਹਨ, ਅਰ ਅਪਣੇ ਸ਼ੰਖ, ਚਕ੍ਰ, ਨਾਲ ਦਾਗ ਦੇਣਦੇ ਵਾਸਤੇ ਜੋ ਵੇਦ ਮੰਤ੍ਰ ਦਾ ਪ੍ਰਮਾਣ ਰਖਿਆ ਹੈ ਓਸਦਾ ਏਸ ਪ੍ਰਕਾਰ ਪਾਠ ਅਰ ਅਰਥ ਹੈ:—

पवित्रं ते विततं ब्रह्मणस्पते प्रभुर्गात्राणि पर्येषि विश्वतः।

अतप्ततनूर्न तदामो अश्नुते शृतास इद्वहन्तस्तत्समाशत ॥ १ ॥

तपोष्पवित्रं विततं दिवस्पदे ॥ २ ॥ ऋ० मं० ९। सू० ८३। मन्त्र १।२॥

ਹੇ ਬ੍ਰਹਮਾਂਡ ਅਰ ਵੇਦਾਂ ਦੇ ਪਾਲਣ ਕਰਨ ਵਾਲੇ ਪਰਮੇਸ਼੍ਵਰ ਸਰਬ ਸਮੱਥਾ ਥੀਂ ਜੁਕਤ ਸਰਬ ਸ਼ਕਤੀਮਾਨ ਤੁਸਾਂ ਨੈ ਅਪਣੀ ਵਿਆਪਤੀ ਨਾਲ ਸੰਸਾਰ ਦੇ ਸਭ ਅਵੇਵਾਂ ਨੂੰ ਵਿਆਪਤ ਕਰ ਰਖਿਆ ਹੈ, ਤੁਹਾਡਾ ਜੋ ਵਿਆਪਕ ਪਵਿਤ੍ਰ ਸਰੂਪ ਹੈ ਓਸਨੂੰ ਬ੍ਰਹਮਚਰਜ, ਸਤਭਾਸ਼ਣ, ਸ਼ਮ, ਦਮ, ਯੋਗਾ ਭਿਆਸ ਜਿਤਿੰਦ੍ਰੀ ਸਤਸੰਗਤ ਆਦੀ ਤਪਸਿਆ ਥੀਂ ਰਹਿਤ ਜੋ ਅਪਰੀ ਪੱਕ੍ਰ ਆਤਮਾ ਅੰਤਹਕਰਣ ਜੁਕਤ ਹੈ ਉਹ ਓਸ ਤੇਰੇ ਸਰੂਪ ਨੂੰ ਪ੍ਰਾਪਤ ਨਹੀਂ ਹੁੰਦਾ, ਅਰ ਜੋ ਉਪਰ ਕਹੇ ਤਪ ਕਰਕੇ ਸ਼ੁਧ ਹਨ ਉਹੋ ਹੀ ਏਸ ਤਪ ਨੂੰ

ਕਰਦੇ ਹੋਏ ਓਸੇ ਤੇਰੇ ਸ਼ੁਧ ਸਰੂਪ ਨੂੰ ਚੰਗੇ ਪ੍ਰਕਾਰ ਪ੍ਰਾਪਤ ਹੁੰਦੇ ਹਨ, ਜੋ ਪ੍ਰਕਾਸ਼ ਸਰੂਪ ਪਰਮੇਸ਼ੁਰ ਦੀ ਸ੍ਰਿਸਟੀ ਵਿਚ ਵਡੇ ਪਵਿਤ੍ਰ ਆਚਰਣ ਰੂਪ ਤਪ ਕਰਦੇ ਹਨ ਉਹੋ ਪਰਮੇਸ਼ੁਰ ਨੂੰ ਪ੍ਰਾਪਤ ਹੋਣ ਵਿਚ ਜੋਗ ਹੁੰਦੇ ਹਨ। ਹੁਣ ਵਿਚਾਰ ਲੌ ਕਿ ਰਾਮਾਨੁਜ ਮਤ ਵਾਲੇ ਏਸ ਮੰਤ੍ਰ ਥੀਂ ਚਕ੍ਰਾਂਕਿਤ ਹੋਣਾ ਕਿੰਉਂ ਕਰ ਸਿਧ ਕਰਦੇ ਹਨ, ਭਲਾ ਦਸੋ ਉਹ ਵਿਦਵਾਂਨ ਸਨ ਵਾ ਅਵਿਦਵਾਂਨ ? ਜੇ ਆਖੋ ਕਿ ਵਿਦਵਾਂਨ ਸਨ ਤਾਂ ਅਜੇਹਾ ਅਸੰਭਵ ਅਰਥ ਏਸ ਮੰਤ੍ਰ ਦਾ ਕਿੰਉਂ ਕਰਦੇ, ਕਿੰਉਂਕਿ ਏਸ ਮੰਤ੍ਰ ਵਿਚ 'ਅਤਪਤ ਤਨੂ' ਸ਼ਬਦ ਹੈ ਕਿੰਤੂ 'ਅਤਪਤ ਭੁਜੈਕਦੇਸ਼ਃ' ਫੇਰ 'ਅਤਪਤ ਤਨੂਃ' ਏਹ ਨਹੋਂ ਤੋਂ ਲੈਕੇ ਸਿਰ ਤਿਕ ਸਭ ਚੀਜ ਦਾ ਅਰਥ ਹੈ ਏਸ ਨੂੰ ਪ੍ਰਮਾਣ ਕਰਕੇ ਅਗੱ ਨਾਲ ਹੀ ਤਪਾਣਾ ਚਕ੍ਰਾਂਕਿਤ ਲੋਗ ਸ੍ਵੀਕਾਰ ਕਰਨ ਤਾਂ ਅਪਣੇ ਅਪਣੇ ਸ਼ੀਰ ਨੂੰ ਭਠੀ ਵਿਚ ਪਾਕੇ ਸਾਰੇ ਸ਼ੀਰ ਨੂੰ ਜਲਾ ਦੇਨ ਤਾਂ ਬੀ ਏਸ ਮੰਤ੍ਰ ਦੇ ਅਰਥ ਥੀਂ ਵਿਰੁਧ ਹੈ, ਕਿੰਉਂਕਿ ਏਸ ਮੰਤ੍ਰ ਵਿਚ ਸਤਭਾਸ਼ਣ ਆਦੀ ਪਵਿਤ੍ਰ ਕਰਮ ਕਰਨੇ ਤਪ ਲੀਤਾ ਹੈ ॥

ऋतं तपः सत्यं तपः श्रुतं तपः शान्तं तपो दमस्तपः ॥
तैत्तिरी० प्र० १० । अ० ८ ॥

ਇਤਆਦੀ ਤਪ ਕਹਾਂਦਾ ਹੈ ਅਰਥਾਤ (ਰਿਤੰ ਤਪਃ) ਜਥਾਰਥ ਸ਼ੁਧ ਭਾਵ, ਸਤ ਮਨਣਾ, ਸਤ ਬੋਲਣਾ, ਸਤ ਕਰਨਾ, ਮਨ ਨੂੰ ਅਧਰਮ ਵਿਚ ਨਾ ਜਾਂਣ ਦੇਣਾ, ਬਾਹਿਰ ਦੀਆਂ ਇੰਦ੍ਰੀਆਂ ਨੂੰ ਅਨਿਆਂ ਦੇ ਕਮਾਂ ਵਿਚ ਜਾਂਣ ਥੀਂ ਰੋਕਣਾ ਅਰਥਾਤ ਸ਼ੀਰ ਇੰਦ੍ਰੀਆਂ ਅਰ ਮਨ ਥੀਂ ਸ਼ੁਭ ਕਮਾਂ ਦਾ ਆਚਰਣ ਕਰਨਾ, ਵੇਦ ਆਦੀ ਸਤ ਵਿਦਿਆ ਨੂੰ ਪੜ੍ਹਨਾ, ਪੜ੍ਹਾਨਾ, ਵੇਦ ਦੇ ਅਨੁਸਾਰ ਆਚਰਣ ਕਰਨਾ ਆਦੀ ਉਤੱਮ ਧਰਮ ਜੁਕਤ ਕੰਮਾਂ ਦਾ ਨਾਉਂ ਤਪ ਹੈ, ਧਾਤ ਨੂੰ ਤਪਾਕੇ ਚਮੜੇ ਨੂੰ ਸਾੜਨਾ ਤਪ ਨਹੀਂ ਕਹਾਂਦਾ, ਵੇਖੋ ਚਕ੍ਰਾਂਕਿਤ ਲੋਕ ਅਪਣ ਨੂੰ ਵਡੇ ਵੈਸ਼ਨਵ ਮਨਦੇ ਹਨ ਪ੍ਰੰਤੂ ਅਪਣੀ ਪ੍ਰੰਪਰਾ ਅਰ ਕੁਕਰਮ ਵਲ ਧਿਆਂਨ ਨਹੀਂ ਦਿੰਦੇ ਕਿ ਪਹਿਲੇ ਏਸ ਦਾ ਮੂਲ ਪੁਰਖ ਸ਼ਠਕੋਪ ਹੋਇਆ ਜੋ ਚਕ੍ਰਾਂਕਤ੍ਰਾਂ ਦੇ ਗ੍ਰੰਥਾਂ ਅਰ ਭਗਤਮਾਲ ਗ੍ਰੰਥ ਵਿਚ ਜੋਣਾ ਭਾਭੂੰਮ ਨੇ ਬਣਾਇਆ ਹੈ ਓਸ ਵਿਚ ਲਿਖਿਆ ਹੈ:-

विक्रीय शूर्पं विचचार योगी ॥

ਇਤਆਦੀ ਬਚਨ ਚਕ੍ਰਾਂਕਿਤਾਂ ਦੇ ਗ੍ਰੰਥਾਂ ਵਿਚ ਲਿਖੇ ਹਨ, ਸ਼ਠਕੋਪ ਜੋਗੀ ਛਜੱ ਨੂੰ ਬਣਾ ਵੇਚਕੇ ਬਿਚਰਦਾ ਸੀ ਅਰਥਾਤ ਕੰਜਰ ਜਾਤ ਵਿਚ ਉਤਪੰਨ ਹੋਇਆ ਸੀ, ਜਦਓਸਨੇ ਬ੍ਰਾਹਮਣਾ ਕੋਲੋਂ ਪੜ੍ਹਨਾ ਵਾ ਸੁਣਨਾ ਚਾਹਿਆ ਹੋਵੇਗਾ ਤਦ ਬ੍ਰਹਮਣਾ ਨੇ ਨਿਰਾਦਰ ਕੀਤਾ ਹੋਵੇਗਾ ਓਸ ਨੇ

ਬ੍ਰਹਮਣਾ ਦੇ ਵਿਰੁਧ ਸੰਪ੍ਰਦਾ ਤਿਲਕ ਚਕ੍ਰਾਂਕਿਤ ਆਦੀ ਸ਼ਾਸਤ੍ਰ ਵਿਰੁਧ ਮਨ ਮਾਨੀਆਂ ਬਾਤਾਂ ਚਲਾਈਆਂ ਹੋਨਗੀਆਂ, ਓਸਦਾ ਚੇਲਾ ਮੁਨੀ ਵਾਹਨ ਜੋਕਿ ਚੰਡਾਲ ਵਰਣ ਵਿਚ ਉਤਪੰਨ ਹੋਇਆ ਸੀ, ਓਸਦਾ ਚੇਲਾ ਯਵਨਾਂਚਾਰਜ ਜੋ ਕਿ ਯਵਨ ਕੁਲ ਵਿਚ ਉਤਪੰਨ ਹੋਇਆ ਸੀ ਜਿਸਦਾ ਨਾਂਉਂ ਬਦਲ ਕੇ ਕੋਈ ੨ 'ਯਾਮੁਨਾਚਾਰਜ' ਬੀ ਕਹਿੰਦੇ ਹਨ, ਉਨਾਂ ਤੋਂ ਪਿਛੋਂ ਰਾਮਾਨੁਜ ਬ੍ਰਾਹਮਣ ਕੁਲ ਵਿਚ ਉਤਪੰਨ ਹੋਕੇ ਚਕ੍ਰਾਂਕਿਤ ਹੋਇਆ। ਓਸ ਤੋਂ ਪਹਿਲੇ ਸਾਰੇ ਭਾਸ਼ਾ ਦੇ ਗ੍ਰੰਥ ਬਣਾਏ ਸਨ, ਰਾਮਾਨੁਜ ਨੇ ਕੁਝ ਸੰਸਕ੍ਰਿਤ ਪੜਕੇ ਸੰਸਕ੍ਰਿਤ ਵਿਚ ਸ਼ਲੋਕ ਬਣਾਕ ਗ੍ਰੰਥ ਅਰ ਸ਼ਾਰੀਰਕ ਸੂਤ੍ਰ, ਅਰ ਉਪਨਿਸ਼ਦਾਂ ਦੀ ਟੀਕਾ, ਸ਼ੰਕ੍ਰਾਚਾਰਜ ਦੀ ਟੀਕਾ ਥੀਂ ਵਿਰੁਧ ਬਣਾਈ, ਅਰ ਸ਼ੰਕ੍ਰਾਚਾਰਜ ਦੀ ਬਹੁਤ ਸਾਰੀ ਨਿੰਦਿਆ ਕੀਤੀ, ਜਿਸਤਰਾਂ ਸ਼ੰਕ੍ਰਾਚਾਰਜ ਦਾ ਮਤ ਹੈ ਕਿ ਅਦ੍ਵੈਤ ਅਰਥਾਤ ਜੀਵ ਬ੍ਰਹਮ ਇਕ ਹੀ ਹਨ, ਦੂਜੀ ਕੋਈ ਵਸਤੂ ਵਾਸਤਵ ਵਿਚ ਨਹੀਂ, ਜਗਤ, ਪ੍ਰਪੰਚ ਸਭ ਮਿਥਿਆ ਮਾਇਆ ਰੂਪੀ ਅਨਿਤ ਹੈ, ਏਸਦੇ ਵਿਰੁਧ ਰਾਮਾਨੁਜ ਦਾ ਜੀਵ, ਬ੍ਰਹਮ, ਅਰ ਮਾਇਆ ਤਿਨੋਂ ਨਿਤ ਹਨ। ਏਥੇ ਸ਼ੰਕ੍ਰਾਚਾਰਜ ਦਾ ਮਤ ਬ੍ਰਹਮ ਥੀਂ ਭਿੰਨ ਜੀਵ, ਅਰ ਕਾਰਣ ਵਸਤੂ ਨੂੰ ਨਾ ਮਨਣਾ ਅਛਾ ਨਹੀਂ, ਅਰ ਰਾਮਾਨੁਜ ਦਾ ਏਸ ਅੰਸ਼ ਵਿਚ ਜੋ ਕਿ ਵਿਸ਼ਿਸ਼ਟਾਦ੍ਵੈਤ ਜੀਵ ਅਰ ਮਾਇਆ ਸਹਤ ਪਰਮੇਸ਼੍ਵਰ ਇਕ ਹੈ ਏਹ ਤਿੰਨਾਂ ਦਾ ਮਨਣਾ ਅਰ ਅਦ੍ਵੈਤ ਦਾ ਕਹਣਾ ਸਰਬਥਾ ਵਿਅਰਥ ਹੈ, ਇਹ ਸਰਬਥਾ ਈਸ਼੍ਵਰ ਦੇ ਅਧੀਨ, ਪ੍ਰਤੰਤ੍ਰ ਜੀਵ ਨੂੰ ਮਨਣਾ ਕੰਠੀ ਤਿਲਕ, ਮਾਲਾ, ਮੂਰਤੀ ਪੂਜਨ ਆਦੀ ਪਖੰਡ ਮਤ ਚਲਾਣਾ ਆਦੀ ਬੁਰੀਆਂ ਬਾਤਾਂ ਚਕ੍ਰਾਂਕਿਤ ਆਦੀ ਵਿਚ ਹਨ ਜਿਸਤਰਾਂ ਚਕ੍ਰਾਂਕਿਤ ਆਦੀ ਵੇਦ ਵਿਰੋਧੀ ਹਨ ਓਸਤਰਾਂ ਸੰਕ੍ਰਾਚਾਰਜ ਦੇ ਮਤ ਦੇ ਨਹੀਂ।

( ਪ੍ਰਸ਼ਨ ) ਮੂਰਤੀ ਪੂਜਾ ਕਿਥੋਂ ਚਲੀ ?

( ਉਤ੍ਰ ) ਜੈਨੀਆਂ ਥੀਂ।

( ਪ੍ਰਸ਼ਨ ) ਜੈਨੀਆਂ ਨੇ ਕਿਥੋਂ ਚਲਾਈ ?

( ਉਤ੍ਰ ) ਅਪਣੀ ਮੂਰਖਤਾ ਥੀਂ।

( ਪ੍ਰਸ਼ਨ ) ਜੈਨੀ ਲੋਗ ਕਹਿੰਦੇ ਹਨ ਕਿ ਸ਼ਾਂਤ ਧਿਆਨਾਵਸਥਿਤ ਬੈਠੀ ਹੋਈ ਮੂਰਤੀ ਵੇਖਕੇ ਅਪਣੇ ਜੀਵਦਾ ਬੀ ਸ਼ੁਭ ਪਰੀਣਾਮ ਉਹੋ ਜੇਹਾ ਹੀ ਹੁੰਦਾਹੈ

( ਉਤ੍ਰ ) ਜੀਵ ਚੈਤੰਨ ਅਰ ਮੂਰਤੀ ਜੜ। ਕੀ ਮੂਰਤੀ ਦੀ ਨਿਆਈ ਜੀਵ ਬੀ ਜੜ ਹੋ ਜਾਵੇ ਗਾ, ਏਹ ਮੂਰਤੀ ਪੂਜਨ ਕੇਵਲ ਪਖੰਡ ਮਤ ਹੈ, ਜੈਨੀਆਂ ਨੇ ਚਲਾਈ ਹੈ, ਏਸ ਲਈ ਏਸਦਾ ਖੰਡਨ ਬਾਰਵੇਂ ਸਮੁਲਾਸ ਵਿਚ ਕਰਾਂਗੇ॥

( ਪ੍ਰਸ਼ਨ ) ਸ਼ਾਕਤ ਆਦੀ ਨੇ ਮੂਰਤੀਆਂ ਵਿਚ ਜੈਨੀਆਂ ਦੀ ਰੀਸ ਨਹੀਂ ਕੀਤੀ ਹੈ ਕਿਉਂਕਿ ਜੈਨੀਆਂ ਦੀ ਮੂਰਤੀਆਂ ਦੇ ਸਦ੍ਰਸ਼ ਵੈਸ਼ਨਵ ਆਦੀ ਦੀਆਂ

ਮੂਰਤੀਆਂ ਨਹੀ ਹਨ ।

( ਉਤ੍ਰ ) ਹਾਂ ਏਹ ਠੀਕ ਹੈ ਜੇ ਜੈਨੀਆਂ ਦੇ ਤੁਲ ਬਣਾਂਦੇ ਤਾਂ ਜੈਨ ਮਤ ਵਿਚ ਮਿਲ ਜਾਂਦੇ,ਏਸ ਲਈ ਜੈਨੀਆਂ ਦੀ ਮੂਰਤੀਆਂ ਥੀਂ ਵਿਰੁਧ ਬਣਾਈਆਂ ਕਿਂਉਕਿ ਜੈਨੀਆਂ ਨਾਲ ਵਿਰੋਧ ਕਰਨਾ ਇਨਾਂ ਦਾ ਕੰਮ,ਅਰ ਇਨਾਂ ਨਾਲ ਵਿਰੋਧ ਕਰਨਾ ਮੁਖ ਉਨਾਂ ਦਾ ਕੰਮ ਸੀ, ਜਿਸਤਰਾਂ ਜੈਨੀਆਂ ਨੈ ਮੂਰਤੀਆਂ ਨੰਗੀ ਧਿਆਨਾਵਸਥਿਤ ਅਰ ਵਿਰਕਤ ਮਨੁਸ਼ ਦੀ ਨਿਆਂਈ ਬਣਾਈਆਂ ਹਨ ਉਨਾਂ ਥੀਂ ਵਿਰੁਧ ਵੈਸ਼ਨਵ ਆਦੀ ਨੇ ਚੰਗੀ ਤਰਾਂ ਨਾਲ ਸਿੰਗਾਰ ਵਾਲੀਆਂ ਇਸਤ੍ਰੀਆਂ ਦੇ ਸਮੇਤ ਰੰਗ ਰਾਗ ਭੋਗ ਵਿਸ਼ੇ ਆਸਕਤੀ ਦੇ ਅਕਾਰ ਵਾਲੀਆਂ ਖਲੋਤੀਆਂ ਅਰ ਬੈਠੀਆਂ ਹੋਈਆਂ ਬਣਾਈਆਂ ਹਨ,ਜੈਨੀ ਲੋਗ ਬਹੁਤ ਸਾਰੇ ਸ਼ੰਖ, ਘੰਟੇ, ਘੜਿਆਲ ਆਦੀ ਬਾਜੇ ਨਹੀਂ ਬਜਾਂਦੇ, ਏਹ ਲੋਗ ਬੜਾ ਰੌਲਾ ਮਚਾਂਦੇ ਹਨ ਤਦੇਹੀ ਅਜੇਹੀ ਲੀਲਾ ਕਰਨ ਨਾਲ ਵਿਸ਼ਨੂੰ ਆਦੀ ਸੰਪ੍ਰਦਾਈ ਪਾਂਦੇ ਚੇਲੇ ਜੈਨੀਆਂ ਦੇ ਜਾਲ ਥੀਂ ਬਚਕੇ ਇਨਾਂ ਦੀ ਲੀਲਾ ਵਿਚ ਆਫਸੇ ਅਰ ਬਹੁਤ ਸਾਰੇ ਬਿਆਸ ਆਦੀ ਮਹਾਂ ਰਿਸ਼ੀਆਂ ਦਾ ਨਾਉਂ ਕਰਕੇ ਮਨਮਾਂਨੇ ਅਸੰਭਵ ਕਹਾਂਣੀਆਂ ਵਾਲੇ ਗ੍ਰੰਥ ਬਣਾਏ,ਉਨਾਦਾ ਨਾਂਮ ਪੁਰਾਣ ਰਖਕੇ ਕਥਾ ਬੀ ਸੁਣਾਨ ਲਗੇ,ਅਰ ਫੇਰ ਅਜੇਹੀ ਬਚਿਤ੍ਰ ਮਾਇਆ ਰਚੱਣ ਲਗੇ ਕਿ ਪਥੱਰ ਦੀਆਂ ਮੂਰਤੀਆਂ ਬਣਾਕੇ ਲਕੋਕੇ ਕਿਦੇ ਪਹਾੜ ਵਾ ਜੰਗਲ ਆਦੀ ਵਿਚ ਧਰ ਆਏ ਵਾ ਜਮੀਨ ਵਿਚ ਦੱਬ ਦਿਤੀਆਂ, ਪਸਚਾਤ ਅਪਣੇ ਚੇਲਿਆਂ ਵਿਚ ਪ੍ਰਸਿਧ ਕੀਤਾ ਕਿ ਮੈਨੂੰ ਰਾਤ ਨੂੰ ਸੁਪਨੇ ਵਿਚ ਮਹਾਂਦੇਵ, ਪਾਰਬਤੀ, ਰਾਧਾ, ਕ੍ਰਿਸ਼ਨ ਸੀਤਾ,ਰਾਮ,ਵਾ ਲਖਮੀ ਨਾਰਾਇਣ ਅਰ ਭੈਰੋਂ, ਹਨੂਮਾਂਨ ਆਦੀ ਨੇ ਕਹਿਆ ਹੈ ਕਿ ਅਸੀ ਫਲਾਣੇ ਫਲਾਣੇ ਟਿਕਾਣੇ ਹਾਂ ਸਾਨੂੰ ਉਥੋਂ ਲਿਆ ਮੰਦਰ ਵਿਚ ਰਖ, ਅਰ ਤੂੰ ਹੀ ਸਾਡਾ ਪੁਜਾਰੀ ਹੋਵੇਂ ਤਾਂ ਅਸੀ ਮਨ ਮੰਗੀ ਮੁਰਾਦ ਦੇਵੀਏ, ਜਦ ਅੱਖੇਂ ਦੇ ਅੰਨ੍ਹੇ ਅਰ ਗੰਢਦੇ ਪੂਰੇ ਲੋਕਾਂ ਨੇ ਪੋਪਜੀਦੀ ਲੀਲਾ ਸੁਣੀ ਤਦ ਤਾਂ ਸਚ ਹੀ ਮਨ ਲੀਤੀ, ਅਰ ਉਨਾਂ ਥੀਂ ਪੁਛਿਆ ਕਿ ਅਜੇਹੀ ਉਹ ਮੂਰਤ ਕਿੱਥੇ ਹੈ ਤਦ ਤਾਂ ਪੋਪਜੀ ਬੋਲੇ ਕਿ ਫਲਾਂਣੇ ਪਹਾੜ ਵਾ ਜੰਗਲ ਵਿਚ ਹੈ ਚਲੋ ਮੇਰੇ ਨਾਲ ਵਿਖਾ ਦੇਵਾਂ, ਤਦ ਤਾਂ ਉਹ ਅਨ੍ਹੇ ਓਸ ਧੂਰਤ ਦੇ ਨਾਲ ਚਲਕੇ ਉਥੇ ਪੁਜੇ ਅਰ ਵੇਖਿਆ ਅਚਰਜ ਹੋਕੇ ਓਸ ਪੋਪ ਦੇ ਪੈਰ ਵਿਚ ਡਿਗਕੇ ਕਹਿਆ ਕਿ ਤੁਹਾਡੇ ਉਤੇ ਏਸ ਦੇਵਤਾ ਦੀ ਬਡੀ ਹੀ ਕ੍ਰਿਪਾ ਹੈ ਹੁਣ ਤੁਸੀ ਲੈ ਚਲੋ ਅਰ ਅਸੀ ਮੰਦਰ ਬਣਵਾ ਦੇਵਾਂ ਗੇ ਓਸ ਵਿਚ ਏਸ ਦੇਵਤਾਦੀ ਸਥਾਪਣਾ ਕਰਕੇ ਆਪੇਹੀ ਪੂਜਾ ਕਰਨਾ ਅਰ ਅਸੀ ਲੋਕ ਬੀ ਏਸ ਪ੍ਰਤਾਪੀ ਦੇਵਤਾ ਦੇ ਦਰਸ਼ਨ, ਸਪਰਸ਼ਨ ਕਰਕੇ ਮਨਮੰਗੀ ਮੁਰਾਦ ਪਾਵਾਂ ਗੇ,ਏਸ ਪ੍ਰਕਾਰ ਜਦ ਇਕਨੇ ਲੀਲਾ ਰਚੀ ਤਦ ਤਾਂ ਓਸਨੂੰ ਵੇਖ ਸਭ ਪੋਪ ਲੋਕਾਂ ਨੇ ਅਪਣੀ ਅਜੀਵਕਾ ਦੇ ਅਰਥ ਛਲ ਕਪਟ ਨਾਲ ਮੂਰਤੀ ਸਥਾਪਣ ਕੀਤੀ ॥

( ਪ੍ਰਸ਼ਨ ) ਪਰਮੇਸ਼੍ਵਰ ਨਿਰਾਕਾਰ ਹੈ ਉਹ ਧਿਆਂਨ ਵਿਚ ਨਹੀ ਆ ਸਕਦਾ ਏਸ ਲਈ ਜਰੂਰ ਮੂਰਤੀ ਹੋਣੀ ਚਾਹੀਏ,ਭਲਾ ਜੇ ਕੁਝ ਬੀ ਨਾ ਕਰੇ ਤਾਂਮੂਰਤੀ ਦੇ ਸਾਮਣੇ ਜਾਕੇ ਹਥ ਜੋੜਕੇਪਰਮੇਸ਼੍ਵਰ ਦਾ ਸਿਮਰਣ ਕਰਦੇ ਅਰ ਨਾਂਉ ਲੈਂਦੇ ਹਨ ਏਸ ਵਿਚ ਕੀ ਹਾਨੀ ਹੈ।

( ਉਤ੍ਰ )ਜਦ ਪਰਮੇਸ਼੍ਵਰ ਨਿਰਾਕਾਰ ਸਰਬ ਵਿਆਪਕ ਹੈ ਤਦ ਓਸ ਥੀਂਮੂਰਤ ਹੀ ਨਹੀ ਬਣ ਸਕਦੀ, ਅਰ ਜੇ ਮੂਰਤੀ ਦੇ ਦਰਸ਼ਨ ਮਾਤ੍ਰਥੀਂਪਰਮੇਸ਼੍ਵਰਦਾ ਸਿ ਮਰਣ ਹੋਵੇ ਤਾਂ ਪਰਮੇਸ਼੍ਵਰ ਦੇ ਬਣਾਏ ਪ੍ਰਿਥਵੀ,ਜਲ,ਅਗਨੀ,ਵਾਯੂ ਅਰਬਨਸ ਪਤੀ ਆਦੀ ਅਨੇਕ ਪਦਾਰਥ ਹਨ ਜਿਨਾਂ ਵਿਚ ਈਸ਼੍ਵਰ ਨੈ ਅਦਭੁਤ ਰਚਨਾ ਕੀਤੀ ਹੈ, ਕੀ ਅਜੇਹੀ ਰਚਨਾ ਵਾਲੀ ਪ੍ਰਿਥਵੀ ਪਹਾੜ ਆਦੀ ਪਰਮੇਸ਼੍ਵਰ ਦੀ ਬਣਾਈਆਂ ਹੋਈਆਂ ਮਹਾਂ ਮੂਰਤੀਆਂ ਕਿ ਜਿਨਾਂ ਪਹਾੜ ਆਦੀ ਥੀਂ ਮਨੁ ਸ਼ ਕ੍ਰਿਤ ਮੂਰਤੀਆਂ ਬਣਦੀਆਂ ਹਨ ਉਨਾਂ ਨੂੰ ਵੇਖਕੇ ਪਰਮੇਸ਼੍ਵਰ ਦਾ ਸਿਮ੍ਰਣ ਨਹੀਂ ਹੋ ਸਕਦਾ ? ਜੇ ਤੁਸੀ ਆਖੋ ਕਿ ਮੂਰਤੀ ਦੇ ਵੇਖਣ ਨਾਲ ਪਰਮੇਸ਼੍ਵਰ ਦਾ ਸਿਮ੍ਰਣ ਹੁੰਦਾ ਹੈ ਏਹ ਤੁਹਾਡਾ ਕਹਣਾ ਸਰਬਥਾ ਝੂਠ ਹੈ, ਅਰ ਜਦ ਉਹ ਮੂਰਤੀ ਸਾਂਮਣੇ ਨਾ ਹੋਵੇਗੀ ਤਾਂ ਪਰਮੇਸ਼੍ਵਰ ਦੇ ਸਿਮ੍ਰਣ ਨਾ ਹੋਣ ਕਰਕੇ ਮਨੁੱਖ ਅਕਲੱਾ ਸਮਝਕੇ ਚੋਰੀ ਜਾਰੀ ਆਦੀ ਕੁਕਰਮ ਕਰਨ ਵਿਚ ਪ੍ਰਵਿਰਤ ਬੀ ਹੋ ਸਕਦਾ ਹੈ, ਕਿੰਉਂਕਿ ਉਹ ਜਾਣਦਾ ਹੈ ਕਿ ਏਸ ਸਮੇਂ ਏਥੋਂ ਮੈਨੂੰ ਕੋਈ ਨਹੀਂ ਵੇਖਦਾ ਏਸ ਲਈ ਉਹ ਅਨਰਥ ਕੀਤੇ ਬਗੈਰ ਨਹੀਂ ਹਟਦਾ ਇਤਆਦੀ ਅਨੇਕ ਦੋਸ਼ ਪਾਖਾਂਣ ਆਦੀ ਮੂਰਤੀ ਪੂਜਾ ਦੇ ਕਰਨ ਕਰਕੇ ਸਿਧ ਹੁੰਦੇ ਹਨ। ਹੁਣ ਵੇਖੋ! ਜੋ ਪਖਾਂਣ ਆਦੀ ਮੂਰਤੀਆਂ ਨੂੰ ਨਾ ਮਨਕੇ ਸਦਾ ਸਰਬ ਬਿਆਪਕ, ਅੰਤ੍ਰਜਾਮੀ, ਨਿਆਕਾਰੀ, ਪਰਮੇਸ਼੍ਵਰ ਨੂੰ ਸਰਬਤ੍ਰ ਜਾਂਣ ਦਾ ਅਰ ਮਨਦਾ ਹੈ ਉਹ ਮਨੁਖ ਸਭ ਥਾਂ ਸਦਾ ਪਰਮੇਸ਼੍ਵਰ ਨੂੰ ਸਭ ਦੇ ਬੁਰੇ ਭਲੇ ਕਰਮਾਂ ਦਾ ਵੇਖਣਵਾਲਾ ਜਾਂਣਕੇ ਇਕ ਛਿਨ ਮਾਤ੍ਰ ਬੀ ਪਰਮਾਤਮਾਂ ਥੀਂ ਆਪ ਨੂੰ ਵਖਰਾ ਨਾ ਜਾਂਣ ਕੇ ਕੁਕਰਮ ਕਰਨਾ ਤਾਂ ਕਿਦੇ ਰਹਿਆ ਕਿੰਤੂ ਮਨ ਵਿਚ ਕੁਚੇਸ਼ਟਾ ਬੀ ਨਹੀਂ ਕਰ ਸਕਦਾ,ਕਿੰਉਂਕਿ ਉਹ ਜਾਣਦਾ ਹੈ ਕਿ ਜੇ ਮੈਂ ਮਨ, ਬਚਨ, ਅਰ ਕਰਮ ਥੀਂ ਬੀ ਕੁਝ ਬੁਰਾ ਕਰਮ ਕਰਾਂਗਾ ਤਾਂ ਏਸ ਅੰਤ੍ਰਜਾਂਮੀ ਦੇ ਨਿਆਂ ਥੀਂ ਬਗੈਰ ਡੰਡ ਪਾਏ ਕਦੀ ਨਾ ਬਚਾਂਗਾ, ਅਰ ਨਾਮ ਸਿਮ੍ਰਣ ਮਾਤ੍ਰ ਥੀਂ ਕੁਝ ਬੀ ਫਲ ਨਹੀਂ ਹੁੰਦਾ,ਜਿਸਤਰਾਂ ਕਿ ਮਿਸ਼੍ਰੀ ਮਿਸ਼੍ਰੀ ਕਹਣ ਕਰਕੇ ਮੂੰਹ ਮਿਠੱਾ ਅਰ ਨਿਮ ਨਿਮ ਕਹਿਣ ਨਾਲ ਕੌੜਾ ਨਹੀਂ ਹੁੰਦਾ ਕਿੰਤੂ ਜਬਾਨ ਨਾਲ ਚਖੱਣ ਕਰਕੇ ਹੀ ਮਿਠੱਾ ਵਾ ਕਉੜਾ ਪਣ ਜਾਣਿਆਂ ਜਾਂਦਾ ਹੈ।

(ਪ੍ਰਸ਼ਨ) ਕੀ ਨਾਉਂ ਲੈਣਾ ਸਰਬਥਾ ਮਿਥਿਆ ਹੈ,ਜੋ ਸਭ ਥਾਂ ਪੁਰਾਣਾਂ

ਵਿਚ ਨਾਮ ਸਿਮ੍ਰਣ ਦਾ ਬੜਾ ਮਹਾਤਮ ਲਿਖਿਆ ਹੈ।

(ਉਤ੍ਰ) ਨਾਂਮ ਲੈਣ ਦੀ ਤੁਹਾਡੀ ਰੀਤੀ ਉੱਤਮ ਨਹੀਂ ਜਿਸ ਪ੍ਰਕਾਰ ਤੁਸੀ ਨਾਮ ਸਿਮ੍ਰਣ ਕਰਦੇ ਹੋ ਉਹ ਰੀਤੀ ਝੂਠੀ ਹੈ।

(ਪ੍ਰਸ਼ਨ) ਸਾਡੀ ਕੇੜ੍ਹੀ ਰੀਤ ਹੈ?

(ਉਤ੍ਰ) ਵੇਦ ਵਿਰੁਧ।

(ਪ੍ਰਸ਼ਨ) ਭਲਾ ਹੁਣ ਤੁਸੀ ਸਾਨੂੰ ਵੇਦ ਅਨੁਸਾਰ ਨਾਮ ਸਿਮ੍ਰਣ ਦੀ ਰੀਤ ਦਸੋ।

(ਉਤ੍ਰ) ਨਾਂਮ ਸਿਮ੍ਰਣ ਏਸ ਪ੍ਰਕਾਰ ਕਰਨਾ ਚਾਹੀਏ ਜਿਸਤਰਾਂ ਨਿਆਂਕਾਰੀ ਈਸ਼੍ਵਰ ਦਾ ਇਕ ਨਾਂਉ ਹੈ ਏਸ ਨਾਮ ਥੀਂ ਜੋ ਏਸਦਾ ਅਰਥ ਹੈ ਕਿ ਜਿਸਤਰਾਂ ਪਖ ਪਾਤ ਤੋਂ ਰਹਿਤ ਹੋਕੇ ਪਰਮੇਸ਼੍ਵਰ ਸਭਦਾ ਜਥਾਵਤ ਨਿਆਂ ਕਰਦਾ ਹੈ ਓਸੇ ਤਰਾਂ ਓਸਨੂੰ ਗ੍ਰਹਣ ਕਰਕੇ ਨਿਆਂ ਕਰਕੇ ਜੁਕਤ ਵਿਹਾਰ ਸਦਾ ਕਰਨਾ,ਅਨਿਆਂ ਕਦੀ ਨਾ ਕਰਨਾ,ਏਸ ਪ੍ਰਕਾਰ ਇਕ ਨਾਉਂ ਕਰਕੇ ਬੀ ਮਨੁੱਖ ਦਾ ਕਲਿਆਣ ਹੋ ਸਕਦਾ ਹੈ।

( ਪ੍ਰਸ਼ਨ ) ਅਸੀਂ ਬੀ ਜਾਂਣਦੇ ਹਾਂ ਕਿ ਪਰਮੇਸ਼੍ਵਰ ਨਿਰਾਕਾਰ ਹੈ ਪ੍ਰੰਤੂ ਓਸਨੈ ਸ਼ਿਵ, ਬਿਸ਼ਨੂੰ, ਗਣੇਸ਼, ਸੂਰਜ, ਅਰ ਦੇਵੀ ਆਦੀ ਦੇ ਸ਼੍ਰੀਰ ਧਾਂਰਣ ਕਰ ਰਾਂਮਕ੍ਰਿਸ਼ਨ ਆਦੀ ਅਉਤਾਰ ਲੀਤੇ ਏਸ ਲਈ ਓਸਦੀ ਮੂਰਤੀ ਬਣਦੀ ਹੈ ਕੀ ਏਹ ਬੀ ਬਾਤ ਝੂਠੀਹੈ ?

( ਉਤ੍ਰ ) ਹਾਂ ਹਾਂ ਝੂਠੀ ਕਿਉਂਕਿਃ—

तिथि......

"अज एकपात् अकायम्"

ਇਤਆਦੀ ਵਸੇਸ਼ਣਾ ਥੀਂ ਪਰਮੇਸ਼੍ਵਰ ਨੂੰ ਜਨਮ ਮਰਣ ਅਰ ਸ਼੍ਰੀਰ ਧਾਰਣ ਥੀਂ ਰਹਿਤ ਵੇਦਾਂ ਵਿਚ ਕਹਿਆ ਹੈ, ਤਥਾ ਯੁਕਤੀ ਕਰਕੇ ਬੀ ਪਰਮੇ-ਸ਼੍ਵਰ ਦਾ ਅਉਤਾਰ ਕਦੀ ਨਹੀਂ ਹੋ ਸਕਦਾ, ਕਿਂਉਕਿ ਜੋ ਅਕਾਸ਼ ਦੀ ਨਿਆਂਈ ਸਭ ਥਾਂ ਵਿਆਪਕ, ਅਨੰਤ, ਅਰ ਸੁਖ, ਦੁਖ, ਦ੍ਰਿਸ ਆਦੀ ਗੁਣ ਰਹਿਤ ਹੈ ਉਹ ਇਕ ਛੋਟੇ ਜੇਹੇ ਬੀਰਜ ਅਤੇ ਗਰਭ ਆਸ਼ੇ ਅਰ ਸ਼੍ਰੀਰ ਵਿਚ ਕਿਂਉਕਰ ਆ ਸਕਦਾ ਹੈ? ਆਉਂਦਾ ਜਾਂਦਾ ਉਹ ਹੈ ਕਿ ਜੋ ਇਕ ਦੇਸ਼ੀ ਹੋਵੇ, ਅਰ ਜੋ ਅਚਲ ਅਦ੍ਰਿਸ ਜਿਸਦੇ ਬਗੇਰ ਇਕ ਪ੍ਰਮਾਂਣੂ ਬੀ ਖਾਲੀ ਨਹੀਂ ਹੈ, ਓਸਦਾ ਅਉਤਾਰ ਕਹਣਾ ਜਾਂਣੋ ਕਿ ਸੈਂਢਦੇ ਪੁਤ ਦਾ ਵਿਆਹ ਕਰਕੇ ਓਸ ਦੇ ਪੋਤ੍ਰੇ ਦੇ ਦਰਸ਼ਨ ਕਰਨ ਦੀ ਬਾਤ ਆਖਣੀ ਹੈ।

ਜਦ ਪਰਮੇਸ਼੍ਵਰ ਬਿਆਪਕ ਹੈ ਤਾਂ ਮੂਰਤੀ ਵਿਚ ਬੀ ਹੈ ਫੇਰ ਭਾਂਵੇ ਕਿਸੇ

ਪਦਾਰਥ ਵਿਚ ਭਾਉਣਾ ਕਰਕੇ ਪੂਜਾ ਕਰਨੀ ਚੰਗੀ ਬਾਤ ਕਿਉਂ ਨਹੀਂ? ਵੇਖੋ ਤਾਂ:-

न काष्ठे विद्यते देवो न पाषाणे न मृण्मये ।
भावे हि विद्यते देवस्तस्माद्भावो हि कारणम् ॥

ਪਰਮੇਸ਼੍ਵਰ ਦੇਵ ਨਾ ਕਾਠ, ਨਾ ਪਥੱਰ, ਨਾਂ ਮਿੱਟੀ ਥੀਂ ਬਣਾਏ ਪਦਾਰਥਾਂ ਵਿਚ ਹੈ ਕਿੰਤੂ ਪਰਮੇਸ਼੍ਵਰ ਤਾਂ ਭਾਵ ਵਿਚ ਹਾਜਰ ਹੈ, ਜਿਥੇ ਭਾਉ ਕਰੀਏ ਉਥੇ ਹੀ ਪਰਮੇਸ਼੍ਵਰ ਸਿਧ ਹੁੰਦਾ ਹੈ।

(ਉਤ੍ਰ) ਜਦ ਪਰਮੇਸ਼੍ਵਰ ਸਰਬਤ੍ਰ ਵਿਆਪਕ ਹੈ ਤਾਂ ਕਿਸੇ ਇਕ ਬਸਤੂ ਵਿਚ ਪਰਮੇਸ਼੍ਵਰ ਦੀ ਭਾਉਣਾ ਕਰਨਾ ਹੋਰ ਥਾਂ ਨਾ ਕਰਨਾ ਏਹ ਅਜੇਹੀ ਗਲ ਹੈ ਕਿ ਜਿਸਤਰਾਂ ਚਕ੍ਰਵਰਤੀ ਰਾਜ ਨੂੰ ਸਭ ਰਾਜਾ ਦੀ ਸਤੱਾ ਥੀਂ ਹਟਾ ਕੇ ਇਕ ਛੋਟੀ ਜੇਹੀ ਝੁਗੀ ਦਾ ਮਾਲਕ ਮਨਣਾ, ਵੇਖੋ! ਏਹ ਕਿੰਨਾ ਵਡਾ ਅਪਮਾਨ ਹੈ,ਇਸੇ ਤਰਾਂ ਤੁਸੀ ਪਰਮੇਸ਼੍ਵਰ ਦਾ ਬੀ ਅਪਮਾਨ ਕਰਦੇ ਹੋ, ਜਦ ਬਿਆਪਕ ਮਨਦੇ ਹੋ ਤਾਂ ਬਗੀਚੀ ਵਿਚੋਂ ਫੁਲ ਤੋੜਕੇ ਕਿਉਂ ਚੜ੍ਹਾਂਦੇ ਹੋ, ਚਨੱਣ ਰਗੜਕੇ ਕਿਉਂ ਲਗਾਂਦੇ, ਧੂਪ ਨੂੰ ਕਿਉਂ ਜਗਾ ਕੇ ਦਿੰਦੇ, ਘੰਟੇ, ਘੜੀਆੱਲ, ਛੈਣੇ, ਢੋਲਾਂ ਨੂੰ ਲਕੜੀ ਨਾਲ ਕੁਟਣਾ ਪਿਟਣਾ ਕਿਉਂ ਕਰਦੇ ਹੋ, ਤੁਹਾਡੇ ਹਥ ਵਿਚ ਹੈ ਕਿਉਂ ਜੋੜਦੇ, ਸਿਰ ਵਿਚ ਹੈ ਕਿਉਂ ਮਥੱਾ ਟੇਕਦੇ, ਅੰਨ ਜਲਾਦੀ ਵਿਚ ਹੈ ਕਿਉਂ ਨੈਵੇਦ ਧਰਦੇ, ਪਾਣੀ ਵਿਚ ਹੈ ਅਸ਼ਨਾਂਨ ਕਿਉਂ ਕਰਾਂਦੇ, ਕਿਉਂਕਿ ਉਨ੍ਹਾਂ ਸਭਨਾਂ ਪਦਾਰਥਾਂ ਵਿਚ ਪਰਮੇਸ਼੍ਵਰ ਬਿਆਪਕ ਹੈ, ਅਰ ਤੁਸੀ ਵਿਆਪਕਦੀ ਪੂਜਾ ਕਰਦ ਹੋ ਵਾ ਵਿਆ ਪਜਦੀ, ਜੇ ਬਿਆਪਕ ਦੀ ਕਰਦੇ ਹੋ ਤਾਂ ਪਥੱਰ ਲਕੜੀ ਆਦੀ ਉਤੇ ਚਨੱਣ ਫੁਲ ਆਦੀ ਕਿਉ ਚੜਾਂਦੇ ਹੋ?ਅਰ ਜੋ ਵਿਆਪਜ ਦੀ ਕਰਦੇ ਹੋਤਾਂ ਅਸੀਂ ਪਰਮੇਸ਼੍ਵਰ ਦੀ ਪੂਜਾ ਕਰਨੇ ਹਾਂ ਅਜੇਹਾ ਝੂਠ ਕਿਉ ਬੋਲਦੇ ਹੋ ਅਸੀ ਪਥੱਰ ਆਦੀ ਦੇ ਪੁਜਾਰੀ ਹਾਂ ਅਜੇਹਾ ਸਚ ਕਿਉ ਨਹੀਂ ਬੋਲਦੇ,ਹੁਣ ਕਹੀਏ ਭਾਉ ਸਚੱ ਹੈ ਵਾ ਝੂਠਾ?ਜੇ ਆਖੋ ਸਚੱਾ ਹੈ ਤਾਂ ਤੁਹਾਡੇ ਭਾਉਦੇ ਅਧੀਨ ਹੋਕੇ ਪਰਮੇਸ਼੍ਵਰ ਬਧ ਹੋ ਜਾਵੇਗਾ, ਅਰ ਤੁਸੀਂ ਮਿੱਟੀ ਵਿਚ ਸੋਨਾ, ਰਜਤ ਆਦੀ, ਪੱਥਰ ਵਿਚ ਹੀਰਾ, ਪੱਨਾ ਆਦੀ, ਸਮੁੰਦ੍ਰ ਝਗ ਵਿਚ ਮੋਤੀ,ਪਾਣੀ ਵਿਚ ਘਿਉ ਦੁਧ ਦਹੀ ਆਦੀ, ਅਰ ਧੂੜ ਵਿਚ ਮੈਦਾ ਸ਼ਕ੍ਰ ਆਦੀ ਦੀ ਭਾਉਣਾ ਕਰਕੇ ਉਨਾਂ ਨੂੰ ਓਸਤਰਾਂ ਦਾ ਕਿਉ ਨਹੀ ਬਣਾ ਲੈਂਦੇ ਤੁਸੀਂਲੋਗ ਦੁਖ ਦੀ ਭਾਉਣਾ ਕਦੀ ਨਹੀਂ ਕਰਦੇ ਉਹ ਕਿਉਂ ਹੁੰਦਾ, ਅਰ ਸੁਖ ਦੀ ਭਾਉਣਾ ਸਦਾ ਕਰਦੇ ਹੋ ਉਹ ਕਿਉਂ ਨਹੀਂ ਪ੍ਰਾਪਤ ਹੁੰਦਾ, ਅਨ੍ਹਾਂ ਪੁਰਖ ਅੱਖ

ਆਦੀ ਦੀ ਭਾਉਨਾ ਕਰਕੇ ਕਿੰਉ ਨਹੀਂ ਵੇਖਦਾ,ਮਰਨ ਦੀ ਭਾਉਣਾ ਨਹੀਂ ਕਰਦੇ ਕਿਉਂ ਮਰਜਾਂਦੇ ਹੋ,ਇਸ ਲਈ ਤੁਹਾਡੀ ਭਾਉਨਾ ਸਚੀ ਨਹੀਂ, ਕਿੰਉ ਕਿ ਜੇਹੇ ਵਿਚ ਤੇਹਾ ਕਰਨ ਦਾ ਨਾਂਉ ਭਾਉਣਾ ਹੈ ਜਿਸਤਰਾਂ ਅਗੱ ਵਿਚ ਅਗ, ਪਾਣੀ ਵਿਚ ਪਾਣੀ ਜਾਨਣਾ, ਅਰ ਪਾਣੀ ਵਿਚ ਅਗੱ, ਅਗੱ ਵਿਚ ਪਾਣੀ ਸਮਝਣਾ ਅਭਾਉਨਾ ਹੈ, ਕਿੰਉਂਕਿ ਜੇਹੇ ਨੂੰ ਤੇਹਾ ਜਾਨਣਾ ਗਿਆਂਨ, ਅਰ ਹੋਰ ਤਰਾਂ ਜਾਣਨਾ ਅਗਿਆਂਨ ਹੈ ਇਸ ਲਈ ਤੁਸੀ ਭਾਉਨਾ ਨੂੰ ਅਭਾਉਣਾ, ਅਭਾਉਨਾ ਨੂੰ ਭਾਉਨਾ ਕਹਿੰਦੇ ਹੋ।

(ਪ੍ਰਸ਼ਨ) ਅਜੀ, ਜਦ ਤਿਕ ਵੇਦ ਮੰਤ੍ਰਾਂ ਨਾਲ ਅਵਾਹਿਨ ਨਹੀਂ ਕਰਦੇ ਤਦ ਤਿਕ ਦੇਵਤਾ ਨਹੀਂ ਆਉਂਦਾ, ਅਰ ਅਵਾਹਨ ਕਰਨ ਨਾਲ ਝਟ ਆਉਂਦਾ, ਅਰ ਬਿਸਰਜਨ ਕਰਨ ਨਾਲ ਚਲਿਆ ਜਾਂਦਾ ਹੈ।

(ਉਤ੍ਰ) ਜੇ ਮੰਤ੍ਰ ਨੂੰ ਪੜ੍ਹਕੇ ਅਵਾਹਨ ਕਰਨ ਨਾਲ ਦੇਵਤਾ ਆਜਾਂਦਾ ਹੈ, ਤਾਂ ਮੂਰਤੀ ਚੇਤੰਨ ਕਿੰਉ ਨਹੀਂ ਹੋ ਜਾਂਦੀ ? ਅਰ ਬਿਸਰਜਨ ਕਰਨ ਨਾਲ ਚਲੀ ਕਿੰਉਂ ਨਹੀਂ ਜਾਂਦੀ ? ਅਰ ਉਥੇ ਕਿਥੋਂ ਆਉਂਦਾ ਅਰ ਕਿੱਥੇ ਜਾਂਦਾ ਹੈ ? ਸੁਣੋ ਭ੍ਰਾਓ ! ਪੂਰਣ ਪਰਮੇਸ੍ਵਰ ਨਾ ਆਉਂਦਾ ਅਰ ਨਾ ਜਾਂਦਾ ਹੈ ਜੋ ਤੁਸੀ ਮੰਤ੍ਰ ਦੇ ਜੋਰ ਨਾਲ ਪਰਮੇਸ੍ਵਰ ਨੂੰ ਬੁਲਾ ਲੈਂਦੇ ਹੋ ਤਾਂ ਉਨ੍ਹਾਂ ਮੰਤ੍ਰਾਂ ਕਰਕੇ ਅਪਣੇ ਮੁਏ ਹੋਏ ਪੁਤ ਦੇ ਸ਼ਰੀਰ ਵਿਚ ਜੀਵ ਨੂੰ ਕਿੰਉਂ ਨਹੀਂ ਬੁਲਾ ਲੈਂਦੇ ? ਅਰ ਸ਼ਤ੍ਰੂ ਦੇ ਸ਼ਰੀਰ ਵਿਚ ਜੀਵਾਤਮਾ ਦਾ ਬਿਸਰਜਨ ਕਰਕੇ ਕਿੰਉ ਨਹੀਂ ਮਾਰ ਸਕਦੇ ? ਸੁਣੋ ਭ੍ਰਾਓ ਭੋਲੇ ਭਾਲੇ ਲੋਕੋ ! ਏਹ ਪੋਪ ਜੀ ਤੁਹਾਨੂੰ ਠਗਕੇ ਅਪਣਾ ਪ੍ਰਜੋਜਨ ਸਿਧ ਕਰਦੇ ਹਨ ਵੇਦਾਂ ਵਿਚ ਪਥੱਰ ਆਦੀ ਮੂਰਤੀ ਪੂਜਾ ਅਰ ਪਰਮੇਸ੍ਵਰ ਦੇ ਅਵਾਹਿਨਬਿਸਰਜਨ ਕਰਨ ਦਾ ਇਕ ਅਖੱਰ ਬੀ ਨਹੀਂ ਹੈ। (ਪ੍ਰਸ਼ਨ)

> प्राणाइहागच्छन्तुसुखं चिरं तिष्ठन्तु स्वाहा । आत्मेहागच्छतु
> सुखं चिरं तिष्ठतु स्वाहा । इन्द्रियाणीहागच्छन्तु सुखं चिरं ति-
> ष्ठन्तु स्वाहा ॥

(ਪ੍ਰਸ਼ਨ) ਇਤ ਆਦੀ ਵੇਦ ਮੰਤ੍ਰ ਹਨ ਕਿਉਂ ਕਹੀਦੇ ਹੋ ਨਹੀਂ ਹਨ ?

(ਉਤ੍ਰ) ਓ ਭਰਾਓ ! ਜਰਾ ਜਿੱਨੀ ਬੁਧ ਤਾਂ ਅਪਣੇ ਕੰਮ ਵਿਚ ਲਿਆਓ ਏਹ ਸਭ ਕਪੋਲਕਲਪਤ ਵਾਮਮਾਰਗੀਆਂਦੀਆਂ ਵੇਦ ਵਿਰੁਧ ਤੰਤ੍ਰ ਗ੍ਰੰਥਾਂ ਦੀਆਂ ਪੋਪ ਰਚਤ ਪੰਕਤੀਆਂ ਹਨ ਵੇਦ ਬਚਨ ਨਹੀਂ।

(ਪ੍ਰਸ਼ਨ) ਕੀ, ਤੰਤ੍ਰ ਝੂਠਾ ਹੈ ?

(ਉਤ੍ਰ) ਆਹੋ ਸਰਬਥਾ ਝੂਠਾ ਹੈ, ਜਿਸਤਰਾਂ ਅਵਾਹਨ, ਪ੍ਰਾਣ ਪ੍ਰਤਿਸ਼ਠਾ ਆਦੀ ਪਥੱਰ ਆਦੀ ਮੂਰਤੀ ਸਬੰਧੀ ਵਦਾਂ ਵਿਚ ਇਕ ਮੰਤ੍ਰ ਬੀ ਨਹੀਂ ਉਸੇ ਤਰਾਂ:-

"ध्यानं समर्पयामि"

ਇਤ੍ਯਾਦੀ ਬਚਨ ਬੀ ਨਹੀਂ ਅਰਥਾਤ ਇਨ੍ਹਾਂ ਬੀ ਨਹੀਂ ਹੈ

"पाषाणादिमूर्तिं रचयित्वा मन्दिरेषु संस्थाप्य गन्धादिभिरर्चयेत्"

ਅਰਥਾਤ ਪਥੱਰ ਦੀ ਮੂਰਤੀ ਬਣਾ ਮੰਦਰਾਂ ਵਿਚ ਰਖਕੇ ਚਨੱਣ ਚਾਉਲ ਨਾਲ ਪੂਜੇ ਅਜੇਹਾ ਲੇਸ਼ ਮਾਤ੍ਰ ਬੀ ਨਹੀਂ।

(ਪ੍ਰਸ਼ਨ) ਜੇ ਵੇਦਾਂ ਵਿਚ ਬਿਧੀ ਨਹੀਂ ਤਾਂ ਖੰਡਨ ਬੀ ਨਹੀਂ ਹੈ ਅਰ ਜੇ ਖੰਡਨ ਹੈ ਤਾਂ:—

"प्राप्तौ सत्यांनिषेधः"

ਮੂਰਤੀ ਦੇ ਹੋਣ ਕਰਕੇ ਹੀ ਖੰਡਨ ਹੋਸਕਦਾ ਹੈ।

(ਉਤ੍ਰ) ਬਿਧੀ ਤਾਂ ਨਹੀਂ ਪ੍ਰੰਤੂ ਪਰਮੇਸ਼੍ਵਰ ਦੇ ਬਦਲੇ ਕਿਸੇ ਹੋਰ ਪਦਾਰਥ ਨੂੰ ਪੂਜਾ ਦੇ ਜੋਗ ਨਾ ਮਨਣਾ, ਹੋਰਦਾ ਸਰਬਥਾ ਨਿਖੇਧ ਕੀਤਾ ਹੈ, ਕੀ ਅਪੂਰਬ ਬਿਧੀ ਨਹੀਂ ਹੁੰਦੀ। ਸੁਣੋ ਇਹ ਹੈ।

अन्धन्तमः प्रविशन्ति येऽसम्भूतिमुपासते। ततो भूय इव
ते तमो य उ सम्भूत्याꣳरताः॥ १ ॥ यजुः० ॥ अ० ४० । मं० ९ ॥
न तस्य प्रतिमा अस्ति ॥ २ ॥ यजुः० ॥ अ० ३२ । मं० ३ ॥

यद्वाचानभ्युदितं येन वागभ्युद्यते।
तदेव ब्रह्म त्वं विद्धि नेदं यदिदमुपासते ॥ ३ ॥
यन्मनसा न मनुते येनाहुर्मनोमतम् ॥
तदेव ब्रह्म त्वं विद्धि नेदं यदिदमुपासते ॥ ४ ॥
यच्चक्षुषा न पश्यति येन चक्षूंषि पश्यन्ति ।
तदेव ब्रह्म त्वं विद्धि नेदं यदिदमुपासते ॥ ५ ॥
यच्छ्रोत्रेण न शृणोति येन श्रोत्रमिदꣳ श्रुतम्
तदेव ब्रह्म त्वं विद्धि नेदं यदिदमुपासते ॥ ६ ॥
यत्प्राणेन न प्राणिति येन प्राणः प्रणीयते।
तदेव ब्रह्म त्वं विद्धि नेदं यदिदमुपासते ॥ ७ ॥
केनोपनि० ॥

ਜੋ ਅਸੰਭੂਤੀ ਅਰਥਾਤ ਅਨੁਤਪੰਨ ਅਨਾਦੀ ਪ੍ਰਕ੍ਰਿਤੀ ਕਾਰਣ ਦੀ ਬ੍ਰਹਮ ਦੇ ਸਥਾਨ ਵਿਚ ਉਪਾਸਨਾ ਕਰਦੇ ਹਨ ਉਹ ਅੰਧਕਾਰ ਅਰਥਾਤ ਅਗਿਆਨ ਅਰ ਦੁਖ ਸਾਗਰ ਵਿਚ ਡੁਬਦੇ ਹਨ, ਅਰ ਸੰਭੂਤੀ ਜੋ ਕਾਰਣ ਥੀਂ ਉਤਪੰਨ ਹੋਏ ਕਾਰਜ ਰੂਪੀ ਪ੍ਰਿਥਵੀ ਆਦੀ ਭੂਤ, ਪਥੱਰ ਅਰ ਬ੍ਰਿਖਤ ਆਦੀ ਅਵੈਵ, ਅਰ ਮਨੁਖ ਆਦੀ ਦੇ ਸ਼ਰੀਰਦੀ ਉਪਾਸਨਾ ਬ੍ਰਹਮ ਦੇ ਬਦਲੇ ਕਰਦੇ ਹਨ ਉਹ ਉਸ ਅੰਧਕਾਰ ਥੋਂ ਬੀ ਵਧੀਕ ਅੰਧਕਾਰ ਅਰਥਾਤ ਮਹਾਂ ਮੂਰਖ ਚਿਰਕਾਲ ਘੋਰ ਦੁਖ ਰੂਪੀ ਨਰਕ ਵਿਚ ਪੈਕੇ ਮਹਾਂ ਕਲੇਸ਼ ਭੋਗਦੇ ਹਨ, ਜੋ ਸਭ ਜਗਤ

ਵਿਚ ਬਿਆਪਕ ਹੈ ਓਸ ਨਿਰਾਕਾਰ ਪਰਮੇਸ਼੍ਵਰ ਦੀ ਪ੍ਰਤਮਾ, ਪਰੀਮਾਣ, ਸਾਦ੍ਰਿਸ਼ ਵਾ ਮੂਰਤੀ ਨਹੀ ਹੈ, ਜੋ ਬਾਣੀਦੀ'ਇਯਤਾ'ਅਰਥਾਤ ਏਹ ਪਾਣੀ ਹੈ ਲੈ ਓਸਤਰਾਂ ਦਾ ਵਿਸ਼ ਨਹੀ, ਅਰ ਜਿਸਦੇ ਧਾਰਣ ਅਰ ਸੱਤਾ ਥੀਂ ਬਾਣੀ ਦੀ ਪ੍ਰਵਿਰਤੀ ਹੁੰਦੀ ਹੈ ਓਸਨੂੰ ਬ੍ਰਹਮ ਜਾਂਣ ਅਰ ਉਪਾਸਨਾ ਕਰ, ਅਰ ਜੋ ਓਸਥੀਂ ਭਿੰਨ ਹੈ ਉਹ ਉਪਾਸਨਾ ਦੇ ਜੋਗ ਨਹੀ, ਜੋ ਮਨਦੀ ਇਯੱਤਾ ਕਰਕੇ ਮਨ ਵਿਚ ਨਹੀਂ ਆਉਂਦਾ ਜੋ ਮਨ ਨੂੰ ਜਾਂਣਦਾ ਹੈ ਉਸੇ ਬ੍ਰਹਮ ਨੂੰ ਤੂੰ ਜਾਂਣ ਅਰ ਉਸੇ ਦੀ ਉਪਾਸਨਾ ਕਰ, ਜੋ ਓਸ ਤੋਂ ਭਿੰਨ ਜੀਵ ਅਰ ਅੰਤਹਕਰਨ ਹੈ ਓਸਦੀ ਉਪਾਸਨਾ ਬ੍ਰਹਮ ਦੇ ਸਥਾਂਨ ਵਿਚ ਮਤ ਕਰ। ਜੋ ਅੱਖ ਨਾਲ ਨਹੀ ਨਜਰ ਆਉਂਦਾ ਅਰ ਜਿਸ ਕਰਕੇ ਸਭ ਅੱਖਾਂ ਵੇਖਦੀਆਂ ਹਨ ਉਸੇ ਨੂੰ ਤੂੰ ਬ੍ਰਹਮ ਜਾਂਨ ਅਰ ਉਸੇ ਦੀ ਉਪਾਸਨਾ ਕਰ, ਅਰ ਜੋ ਓਸਥੀਂ ਭਿੰਨ ਸੂਰਜ, ਬਿਜਲੀ ਅਰ ਅਗ ਆਦੀ ਜੜ੍ਹ ਪਦਾਰਥ ਹਨ ਉਨਾਂਦੀ ਉਪਾਸਨਾ ਨਾ ਕਰ। ਜੋ ਕੰਨਾਂ ਨਾਲ ਨਹੀ ਸੁਣਿਆਂ ਜਾਂਦਾ ਅਰ ਜਿਸਥੀਂ ਕੰਨ ਸੁਣਦਾ ਹੈ ਓਸਨੂੰ ਤੂੰ ਬ੍ਰਹਮ ਜਾਣ ਅਰ ਉਸੇਦੀ ਉਪਾਸਨਾ ਕਰ। ਅਰ ਓਸਥੀਂ ਭਿੰਨ ਸ਼ਬਦ ਆਦੀ ਦੀ ਉਪਾਸਨਾ ਓਸਦੀ ਥਾਂ ਨਾ ਕਰ, ਜੋ ਪ੍ਰਾਣਾ ਕਰਕੇ ਚਲਾਇਮਾਨ ਨਹੀਂ ਹੁੰਦਾ, ਜਿਸ ਕਰਕੇ ਪ੍ਰਾਂਣ ਗਮਨ ਨੂੰ ਪ੍ਰਾਪਤ ਹੁੰਦਾ ਹੈ ਉਸੇ ਬ੍ਰਹਮ ਨੂੰ ਤੂੰ ਜਾਂਣ, ਅਰ ਉਸੇ ਦੀ ਉਪਾਸਨਾ ਕਰ। ਜੋ ਇਹ ਓਸਥੀਂ ਭਿੰਨ ਹਵਾ ਹੈ ਓਸਦੀ ਉਪਾਸਨਾ ਨਾ ਕਰ, ਇਤ ਆਦੀ ਬਹੁਤਸਾਰੇ ਨਖੇਧ ਹਨ, ਨਿਖੇਧ ਪ੍ਰਾਪਤ ਅਰ ਅਪ੍ਰਾਪਤ ਦਾ ਬੀ ਹੁੰਦਾ ਹੈ। ਪ੍ਰਾਪਤ ਦਾ ਜਿਸਤਰਾਂ ਕੋਈ ਕਿਧਰੇ ਬੈਠਾ ਹੋਵੇ ਓਸਨੂੰ ਓਥੋਂ ਉਠਾ ਦੇਣਾ। ਅਰ ਅਪ੍ਰਾਪਤ ਦਾ ਹੇ ਪੁਤ ਤੈ ਨੈ ਚੋਰੀ ਕਦੀ ਨਾ ਕਰਨਾ, ਖੂਹ ਵਿਚ ਨਾ ਡਿਗਣਾ, ਦੁਸ਼ਟਾਂਦਾ ਸੰਗ ਨਾ ਕਰਨਾ, ਵਿਦਿਆ ਤੋਂ ਹੀਨਮਤ ਨਾ ਰਹਿਣਾ, ਇਤ ਆਦੀ ਅਪ੍ਰਾਪਤ ਦਾ ਬੀ ਨਿਖੇਧ ਹੁੰਦਾ ਹੈ, ਸੋ ਮਨੁੱਖਾਂ ਦੇ ਗਿਆਂਨ ਵਿਚ ਅਪ੍ਰਾਪਤ ਪ੍ਰਮੇਸ਼੍ਵਰ ਦੇ ਗਿਆਨ ਵਿਚ ਪ੍ਰਾਪਤ ਦਾ ਨਿਖੇਧ ਕੀਤਾ ਹੈ, ਏਸ ਲਈ ਪਥੱਰ ਆਦੀ ਮੂਰਤੀ ਪੂਜਾ ਅਤਯੰਤ ਨਿਖਿਧ ਹੈ॥

(ਪ੍ਰਸ਼ਨ) ਮੂਰਤੀ ਪੂਜਾ ਵਿਚ ਪੁੰਨ ਨਹੀ ਤਾਂ ਪਾਪ ਬੀ ਨਹੀ ਹੈ।

(ਉਤ੍ਰ) ਕਰਮ ਦੋ ਹੀ ਪ੍ਰਕਾਰਦੇ ਹੁੰਦੇ ਹਨ ਵਿਹਤ ਜੋ ਕਰਨਜੋਗ ਵੇਦਾਂ ਵਿਚ, ਸਤ ਭਾਸ਼ਣ ਆਦੀ ਪ੍ਰਤੀਪਾਦਤ ਹਨ, ਦੂਜੇ ਨਿਖਿਧ, ਜੋ ਅਕਰਤਵਯਤਾ ਕਰਕੇ ਮਿਥਿਆ ਭਾਸ਼ਣ ਆਦੀ ਵੇਦ ਵਿਚ ਨਖਿਧ ਹਨ, ਜਿਸਤਰਾਂ ਵਿਹਤ ਦਾ ਅਨੁਸਠਾਂਨ ਕਰਨਾ ਉਹ ਧਰਮ, ਓਸਦਾ ਨਾ ਕਰਨਾ ਅਧਰਮ ਹੈ, ਉਸੇਤ੍ਰਾਂ ਨਿਖਿਧ ਕਰਮ ਦਾ ਕਰਨਾ ਅਧਰਮ, ਅਰ ਨਾ ਕਰਨਾ ਧਰਮ ਹੈ। ਜਦ ਵੇਦਾਂ ਦੇ ਨਖੇਧ ਕੀਤੇ ਹੋਏ ਮੂਰਤੀ ਪੂਜਾ ਆਦੀ ਕਰਮਾਂ ਨੂੰ ਤੁਸੀ ਕਰਦੇ ਹੋ ਤਾਂ ਪਾਪ ਕਿਉਂ ਨਹੀ।

(ਪ੍ਰਸ਼ਨ) ਵੇਖੋ, ਵੇਦ ਅਨਾਦੀ ਹੈ ਓਸ ਸਮੇਂ ਮੂਰਤੀ ਦਾ ਕੀ ਕੰਮ ਸੀ,

ਕਿਉਂਕਿ ਪਹਿਲੇ ਤਾਂ ਦੇਵਤਾ ਪ੍ਰਤਖ ਸਨ, ਏਹ ਰੀਤ ਤਾਂ ਪਿਛੇ ਤੋਂ ਤੰਤ੍ਰ ਅਰ ਪੁਰਾਣਾਂ ਥੀਂ ਚਲੀ ਹੈ, ਜਦ ਮਨੁਖਾਂ ਦਾ ਗਿਆਨ ਅਰ ਸਮਰੱਥਾ ਘਟ ਗਈ ਤਦ ਪਰਮੇਸ਼੍ਵਰ ਨੂੰ ਧਿਆਨ ਵਿਚ ਨਹੀਂ ਲਿਆ ਸਕੇ ਅਰ ਮੂਰਤੀ ਦਾ ਧਿਆਨ ਤਾਂ ਕਰ ਸਕਦੇ ਹਨ ਏਸ ਕਾਰਣ ਅਗਿਆਨੀਆਂ ਦੇ ਵਾਸਤੇ ਮੂਰਤੀ ਪੂਜਾ ਹੈ ਕਿਉਂਕਿ ਪੌੜੀ ਪੌੜੀ ਚੜ੍ਹੇ ਤਾਂ ਕੋਠੇ ਤੇ ਜਾ ਪੁਜੇ, ਪਹਿਲੀ ਪੌੜੀ ਛਡਕੇ ਉਪਰ ਜਾਣਾ ਚਾਹੇ ਤਾਂ ਨਹੀ ਜਾ ਸਕਦਾ, ਏਸ ਲਈ ਮੂਰਤੀ ਪਹਿਲੀ ਪੌੜੀ ਹੈ ਏਸਨੂੰ ਪੂਜਦੇ ਪੂਜਦੇ ਜਦ ਗਿਆਨ ਹੋਵੇਗਾ ਅਰ ਅੰਤਹਿਕਰਣ ਪਵਿਤ੍ਰ ਹੋਵੇ ਗਾ ਤਦ ਪਰਮਾਤਮਾ ਦਾ ਧਿਆਨ ਕਰ ਸਕੇ ਗਾ, ਜਿਸਤਰਾਂ ਨਿਸ਼ਾਨਾ ਮਾਰਣ ਵਾਲਾ ਪਹਿਲੋਂ ਮੋਟੇ ਨਿਸ਼ਾਨੇ ਵਿਚ ਤੀਰ ਵਾ ਗੋਲੀ ਆਦੀ ਮਾਰਦਾ ਮਾਰਦਾ ਪਿਛੋਂ ਸੂਖਮ ਵਿਚ ਬੀ ਨਿਸ਼ਾਨਾ ਮਾਰ ਸਕਦਾ ਹੈ, ਉਸੇਤਰਾਂ ਸਥੂਲ ਮੂਰਤੀ ਦੀ ਪੂਜਾ ਕਰਦਾ ਕਰਦਾ ਫੇਰ ਸੂਖਮ ਬ੍ਰਹਮ ਨੂੰ ਬੀ ਪ੍ਰਾਪਤ ਹੁੰਦਾ ਹੈ, ਜਿਸਤਰਾਂ ਕੁੜੀਆਂ ਗੁਡੀਆਂ ਦੀ ਖੇਡ ਤਦ ਤਿਕ ਕਰਦੀਆਂ ਹਨ ਕਿ ਜਦ ਤਿਕ ਸਚੇ ਖਾਉਂਦ ਨੂੰ ਪ੍ਰਾਪਤ ਨਹੀ ਹੁੰਦੀਆਂ, ਇਤ ਆਦੀ ਪ੍ਰਕਾਰ ਥੀਂ ਮੂਰਤੀ ਪੂਜਾ ਕਰਨਾ ਦੁਸ਼ਟ ਕੰਮ ਨਹੀ ॥

( ਉਤ੍ਰ ) ਜਦ ਵੇਦ ਵਿਹਤ ਧਰਮ ਅਰ ਵੇਦ ਵਿਰੁਧ ਕੰਮ ਵਿਚ ਅਧਰਮ ਹੈ ਤਾਂਫੇਰ ਤੁਹਾਡੇ ਕਹਣ ਕਰਕੇ ਬੀ ਮੂਰਤੀ ਪੂਜਾ ਕਰਨਾ ਅਧਰਮ ਠੈਹਰਿਆ, ਜੋ ਜੋ ਗ੍ਰੰਥ ਵੇਦਥੀਂ ਵਿਰੁਧ ਹਨ ਉਨਾਂ ਉਨਾਂ ਦਾ ਪ੍ਰਮਾਣ ਕਰਨਾ ਜਾਣੋ ਨਾਸ-ਤਕ ਹੋਣਾ ਹੈ ਸੁਣੋ!

नास्तिको वेदनिन्दकः ॥ १ ॥ मनु॰ २ । ११ ॥
या वेदबाह्याः स्मृतयो याश्च काश्च कुदृष्टयः ।
सर्वास्ता निष्फलाः प्रेत्य तमोनिष्ठा हि ताः स्मृताः ॥ २ ॥
उत्पद्यन्ते च्यवन्ते च यान्यतोऽन्यानि कानि चित् ।
तान्यर्वाक्कालिकतया निष्फलान्यनृतानि च ॥ ३ ॥
मनु॰ अ॰ १२ । ९५ । ९६ ॥

ਮਨੂਜੀ ਕਹਿੰਦੇ ਹਨ ਕਿ ਜੋ ਵੇਦਾਂਦੀ ਨਿੰਦਿਆ ਅਰਥਾਤ ਅਪਮਾਨ, ਤਿਆਗ, ਵਿਰੁਧਆਚਰਣ ਕਰਦਾ ਹੈ ਉਹ ਨਾਸਤਕ ਕਹਾਂਦਾ ਹੈ, ਜੋ ਗ੍ਰੰਥ ਵੇਦ ਤੋਂ ਵਿਰੁਧ ਖੋਟੇ ਪੁਰਸ਼ਾਂਦੇ ਬਣਾਏ ਸੰਸਾਰ ਨੂੰ ਦੁਖ ਸਾਗਰ ਵਿਚ ਡੁਬਾਣ ਵਾਲੇ ਹਨ ਉਹ ਸਾਰੇ ਨਿਸ਼ਫਲ ਅਸਤ ਅੰਧਕਾਰ ਰੂਪੀ ਏਸ ਲੋਕ ਅਰ ਪ੍ਰਲੋਕ ਵਿਚ ਦੁਖਦਾਇਕ ਹਨ, ਜੋ ਇਨਾਂ ਵੇਦਾਂ ਥੀਂ ਵਿਰੁਧ ਗ੍ਰੰਥ ਉਤਪੰਨ ਹੁੰਦੇ ਹਨ ਉਹ ਨਵੀਂਨ ਹੋਣ ਕਰਕੇ ਸ਼ੀਘਰ ਨਸ਼ਟ ਹੋ ਜਾਂਦੇ ਹਨ ਉਨਾਂਦਾ ਮਨਣਾ ਨਿਸਫਲ ਅਰ ਝੂਠਾ ਹੈ, ਇਸੇ ਪ੍ਰਕਾਰ ਬ੍ਰਹਮਾਂ ਤੋਂ ਲੈਕੇ ਜੈਮਨੀ ਮਹਾਂਰਿਸ਼ੀ ਤਿਕ ਦਾ ਮਤ ਹੈ ਕਿ ਵੇਦ ਵਿਰੁਧ ਨੂੰ ਨਾ ਮਨਣਾ ਕਿੰਤੂ

ਵੇਦ ਅਨਕੂਲ ਉਤੇ ਹੀ ਚਲਣਾ ਧਰਮ ਹੈ, ਕਿਉਂਕਿ ਵੇਦ ਸਚੇ ਅਰਥ ਦਾ ਪ੍ਰਤੀਪਾਦਕ ਹੈ, ਏਸਥੀਂ ਵਿਰੁਧ ਜਿਨੇ ਤੰਤ੍ਰ ਅਰ ਪੁਰਾਣ ਹਨ ਵੇਦ ਵਿਰੁਧ ਹੋਣ ਕਰਕੇ ਝੂਠੇ ਹਨ, ਕਿ ਜੋ ਵੇਦ ਥੀਂ ਵਿਰੁਧ ਚਲਦੇ ਹਨ ਉਨਾਂ ਵਿਚ ਕਹੀ ਹੋਈ ਮੂਰਤੀ ਪੂਜਾ ਬੀ ਅਧਰਮ ਰੂਪ ਹੈ। ਮਨੁੱਖਾਂ ਦਾ ਗਿਆਂਨ ਜੜ ਦੀ ਪੂਜਾ ਥੀਂ ਨਹੀ ਵਧ ਸਕਦਾ, ਕਿੰਤੂ ਜੋ ਕੁਝ ਗਿਆਂਨ ਹੈ ਉਹ ਬੀ ਨਸ਼ਟ ਹੋ ਜਾਂਦਾ ਹੈ ਏਸ ਲਈ ਗਿਆਨੀਆਂ ਦੀ ਸੇਵਾ ਸੰਗ ਥੀਂ ਗਿਆਂਨ ਵਧਦਾ ਹੈ ਪਥੱਰ ਆਦੀ ਥੀਂ ਨਹੀਂ, ਕੀ ਪਥੱਰ ਆਦੀ ਮੂਰਤੀ ਪੂਜਾ ਥੀਂ ਪਰਮੇਸ਼੍ਵਰ ਨੂੰ ਕੋਈ ਧਿਆਂਨ ਵਿਚ ਲਾ ਸਕਦਾ ਹੈ? ਨਹੀਂ ਨਹੀਂ ਮੂਰਤੀ ਪੂਜਾ ਪੌੜੀ ਨਹੀ ਕਿੰਤੂ ਇਕ ਵਡੀ ਖਾਈ ਹੈ ਜਿਸ ਵਿਚ ਡਿਗਕੇ ਚਕਨਾਚੂਰ ਹੋ ਜਾਂਦਾ ਹੈ ਫੇਰ ਓਸ ਖਾਈ ਵਿਚੋਂ ਨਿਕਲ ਨਹੀ ਸਕਦਾ ਕਿੰਤੂ ਉਸੇ ਵਿਚ ਮਰ ਜਾਂਦਾ ਹੈ, ਹਾਂ ਛੋਟੇਧਾਰਮਿਕ ਵਿਦਵਾਂਨਾਂ ਥੀਂ ਲੈਕੇ ਪਰਮ ਵਿਦਵਾਂਨ ਯੋਗੀਆਂ ਦੇ ਸੰਗ ਨਾਲ ਸਤਵਿਦਿਆ ਅਰ ਸਤ ਭਾਸ਼ਣ ਆਦੀ ਪਰਮੇਸ਼੍ਵਰ ਦੀ ਪ੍ਰਾਪਤੀ ਦੀਆਂ ਪੌੜੀਆਂ ਹਨ, ਜਿਸਤਰਾਂ ਉਪੱਰ ਘਰ ਵਿਚ ਜਾਂਣ ਨੂੰ ਪੌੜੀਆਂ ਹੁੰਦੀਆਂ ਹਨ, ਕਿੰਤੂ ਮੂਰਤੀ ਪੂਜਾ ਕਰਦੇ ਕਰਦੇ ਗਿਆਂਨੀ ਤਾਂ ਕੋਈ ਨਾਂ ਹੋਇਆ, ਏਸਤੋਂ ਉਲਟਾ ਸਾਰੇ ਮੂਰਤੀ ਪੂਜਕ ਅਗਿਆਂਨੀ ਰਹਿਕੇ ਮਨੁਖ ਜਨਮ ਬਿਅਰਥ ਖੋਕੇ ਬਹੁਤਸਾਰੇ ਮਰ ਗਏ, ਅਰ ਜੋ ਹੁਣ ਹਨ ਵਾ ਹੋਂਨਗੇ ਉਹਬੀ ਮਨੁਖ ਜਨਮ ਦੇ ਧਰਮ, ਅਰਥ, ਕਾਂਮ, ਮੋਖ, ਦੀ ਪ੍ਰਾਪਤੀ ਰੂਪੀ ਫਲਾਂ ਥੀਂ ਬੇਮੁਖ ਹੋਕੇ ਵਿਅਰਥ ਨਸ਼ਟ ਹੋ ਜਾਂਨ ਗੇ। ਮੂਰਤੀ ਪੂਜਾ ਬ੍ਰਹਮ ਦੀ ਪ੍ਰਾਪਤੀ ਵਿਚ ਸਥੂਲ ਲਖਵਤ ਨਹੀ ਕਿੰਤੂ ਧਾਰਮਿਕ ਵਿਦਵਾਂਨ ਅਰ ਸ੍ਰਿਸ਼ਟੀ ਵਿਦਿਆ ਹੈ, ਏਸਨੂੰ ਵਧਾਂਦਾ ਵਧਾਂਦਾ ਬ੍ਰਹਮ ਨੂੰ ਬੀ ਪਾਂਦਾ ਹੈ, ਅਰ ਮੂਰਤੀ ਗੁਡੀਆਂ ਦੀ ਖੇਡਦੀ ਨਿਆਂਈ ਬੀ ਨਹੀ, ਕਿੰਤੂ ਪਹਿਲੋਂ ਅਖਰਾਂ ਦਾ ਅਭਿਆਸ, ਸੁਸ਼ਿਖਿਆ ਦਾ ਹੋਣਾ, ਗੁਡੀਆਂਦੀ ਖੇਡਦੀ ਨਿਆਂਈ ਬ੍ਰਹਮ ਦੀ ਪ੍ਰਾਪਤੀ ਦਾ ਸਾਧਨ ਹੈ। ਸੁਣੋ ਜਦ ਚੰਗੀ ਸਿਖਿਆ ਅਰ ਵਿਦਿਆ ਨੂੰ ਪ੍ਰਾਪਤ ਹੋਵੇਗਾ ਤਦ ਸਚੇ ਸ੍ਵਾਮੀ ਪਰਮੇਸ਼੍ਵਰ ਨੂੰ ਬੀ ਪ੍ਰਾਪਤ ਹੋ ਜਾਵੇ ਗਾ।

( ਪ੍ਰਸ਼ਨ ) ਸਕਾਰ ਵਿਚ ਮਨ ਅਸਥਿਰ ਹੁੰਦਾ ਅਰ ਨਿਰਾਕਾਰ ਵਿਚ ਇਸ ਥਿਰ ਹੋਣਾ ਅਉਖਾ ਹੈ ਏਸ ਲਈ ਮੂਰਤੀ ਪੂਜਾ ਰਹਿਣੀ ਚਾਹੀਏ।

( ਉਤ੍ਰ ) ਸਕਾਰ ਵਿਚ ਮਨ ਇਸਥਿਰ ਕਦੀ ਨਹੀ ਹੋ ਸਕਦਾ ਕਿਉਂਕਿ ਓਸ ਨੂੰ ਮਨ ਝਟ ਗ੍ਰਹਣ ਕਰਕੇ ਓਸਦੇ ਇਕ ਇਕ ਅਵੇਵ ਵਿਚ ਫਿਰਦਾ ਅਰ ਦੂਜੇ ਵਿਚ ਦੌੜ ਜਾਂਦਾ ਹੈ, ਅਰ ਨਿਰਾਕਾਰ ਪਰਮਾਤਮਾ ਦੇ ਗ੍ਰਹਣ ਵਿਚ ਜਿੱਨਾਂ ਸਮ੍ਰਥ ਹੋਵੇ ਮਨ ਅਤਯੰਤ ਦੌੜਦਾ ਹੈ ਤਾ ਬੀ ਅੰਤ ਨਹੀ ਪਾਂਦਾ, ਨਿਰਾ ਵੇਵ ਹੋਣ ਥੀਂ ਚੰਚਲ ਬੀ ਨਹੀ ਰਹਿੰਦਾ ਕਿੰਤੂ ਓਸਦੇ ਗੁਣ, ਕਰਮ, ਸੁਭਾਉ ਦਾ ਵਿਚਾਰ ਕਰਦਾ ਕਰਦਾ ਅਨੰਦ ਵਿਚ ਮਗਨ ਹੋਕੇ ਸਥਿਰ ਹੋ ਜਾਂਦਾ ਹੈ।

ਅਰ ਜੇ ਸਕਾਰ ਵਿਚ ਸਥਿਰ ਹੁੰਦਾ ਤਾਂ ਸਭ ਜਗਤ ਦਾ ਮਨ ਸਥਿਰ ਹੋ ਜਾਂਦਾ ਕਿਉਂਕਿ ਜਗਤ ਵਿਚ ਮਨੁਖ, ਇਸਤ੍ਰੀ,ਪੁਤ੍ਰ, ਧਨ,ਮਿਤ੍ਰ ਆਦੀ ਸਕਾਰ ਵਿਚ ਫਸਿਆ ਰਹਿੰਦਾ ਹੈ ਪ੍ਰੰਤੂ ਕਿਸੇਦਾ ਮਨ ਸਥਿਰ ਨਹੀਂ ਹੁੰਦਾ, ਜਦਤਿਕ ਨਿਰਾਕਾਰ ਵਿਚ ਨਾ ਲਗਾਵੇ ਕਿਉਂਕਿ ਨਿਰਾਵੇਵ ਹੋਣ ਕਰਕੇ ਓਸ ਵਿਚ ਮਨ ਸਥਿਰ ਹੋ ਜਾਂਦਾ ਹੈ ਏਸ ਲਈ ਮੂਰਤੀ ਪੂਜਾ ਕਰਨਾ ਅਧਰਮ ਹੈ॥

ਦੂਜੀ– ਇਹ ਗਲ ਕਿ ਓਸ ਵਿਚ ਕ੍ਰੋੜਾਂ ਰੁਪਯੇ ਮੰਦਰਾਂ ਵਿਚ ਖਰਚ ਕਰਕੇ ਗਰੀਬ ਹੋ ਜਾਂਦੇ ਹਨ ਅਰ ਓਸ ਵਿਚ ਪ੍ਰਮਾਦ ਹੁੰਦਾ ਹੈ। ਤੀਜੀ–ਇਸਤ੍ਰੀ ਪੁਰਸ਼ਾਂ ਦਾ ਮੰਦ੍ਰਾਂ ਵਿਚ ਮੇਲ ਹੋਣ ਕਰਕੇ ਵਿਭਚਾਰ, ਲੜਾਈ, ਬਖੇੜਾ, ਅਰ ਰੋਗ ਆਦੀ ਉਤਪੰਨ ਹੁੰਦੇ ਹਨ, ਉਸੇਨੂੰ ਧਰਮ, ਅਰਥ,ਕਾਂਮ ਅਰ ਮੁਕਤੀ ਦਾ ਸਾਧਨ ਮਨਕੇ ਪੁਰਸ਼ਾਰਥ ਰਹਿਤ ਹੋਕੇ ਮਨੁਖ ਜਨਮ ਬਿਅਰਥ ਗੁਆਂਦਾ ਹੈ। ਪੰਜਵੀਂ–ਨਾਨਾ ਪ੍ਰਕਾਰ ਦੀ ਵਿਰੁਧ ਸਰੂਪ ਨਾਮ ਚਰਿਤ੍ਰ ਵਾਲੀ ਮੂਰਤੀਆਂ ਦੇ ਪੁਜਾਰੀਆਂ ਦਾ ਇਕ ਮਤ ਨਸ਼ਟ ਹੋਕੇ ਵਿਰੁਧ ਮਤ ਵਿਚ ਚਲਕੇ ਆਪਸ ਵਿਚ ਫੁਟ ਵਧਾਕੇ ਦੇਸ਼ਦਾ ਨਾਸ਼ ਕਰਦੇ ਹਨ। ਛੀਵੀਂ–ਉਸੇਦੇ ਭਰੋਸੇ ਦੁਸ਼ਮਣ ਦੀ ਹਾਰ ਅਰ ਅਪਣੀ ਜਿਤ ਮਨਕੇ ਬੈਠੇ ਰਹਿੰਦੇ ਹਨ, ਅਪਣੀ ਹਾਰ ਕਰਾਕੇ ਰਾਜ, ਸੁਤੰਤ੍ਰਤਾ, ਅਰ ਧਨ ਦਾ ਸੁਖ ਅਪਣੇ ਦੁਸ਼ਮਣਾਂ ਦੇ ਅਧੀਨ ਹੋ ਜਾਂਦਾ ਹੈ, ਅਰ ਆਪ ਪ੍ਰਾਧੀਂਨ ਹੋਕੇ ਭਠਿਆਰੀ ਦੇ ਟਟੂ ਅਰ ਕੁੰਮਿਹਾਰ ਦੇ ਖੋਤੇ ਦੀ ਨਿਆਂਈ ਦੁਸ਼ਮਣਾਂ ਦੇ ਬਸ ਵਿਚ ਹੋਕੇ ਅਨੇਕ ਵਿਧ ਦੁਖ ਪਾਂਦੇ ਹਨ।

ਸਤਵੀਂ–ਜਦ ਕੋਈ ਕਿਸੇਨੂੰ ਆਖੇ ਕਿ ਅਸੀ ਤੇਰੇ ਬੈਠਣ ਦੀ ਜਗਹਿ ਵਾ ਨਾਮ ਉੱਤੇ ਪਥੱਰ ਧਰਾਂਗੇ ਤਾਂ ਜਿਸਤਰਾਂ ਉਹ ਓਸ ਉਤੇ ਕ੍ਰੋਧਵਾਂਨ ਹੋਕੇ ਮਾਰਦਾ ਵਾ ਗਾਲੀਆਂ ਦਿੰਦਾ ਹੈ ਉਸੇਤਰਾਂ ਜੋ ਪਰਮੇਸ਼ੁਰ ਦੀ ਉਪਾਸਨਾ ਦੀ ਜਗਹਿ ਹਿਰਦੇ ਅਰ ਨਾਮ ਉੱਤੇ ਪਥੱਰ ਆਦੀ ਮੂਰਤੀਆਂ ਧਰਦੇ ਹਨ ਉਨਾਂ ਖੋਟੀ ਬੁਧ ਵਾਲਿਆਂ ਦਾ ਸਤਿਆਨਾਸ਼ ਪਰਮੇਸ਼ੁਰ ਕਿਉਂ ਨਾ ਕਰੇ। ਅਠਵੀਂ–ਭਰਮ ਵਿਚ ਪੈਕੇ ਮੰਦਰ, ਮੰਦਰ, ਦੇਸ, ਬਿਦੇਸ, ਵਿਚ ਫਿਰਦੇ ਫਿਰਦੇ ਦੁਖ ਪਾਂਦੇ, ਧਰਮ ਸੰਸਾਰ ਅਰ ਪ੍ਰਮਾਰਥ ਦੇ ਕੰਮ ਨਸ਼ਟ ਕਰਦੇ, ਚੋਰ ਆਦੀ ਥੀਂ ਪੀੜਾਂ ਪਾਂਦੇ, ਠਗਾਂ ਥੀਂ ਠਗੇ ਜਾਂਦੇ ਹਨ। ਨੌਵੀਂ–ਦੁਸ਼ਟ ਪੁਜਾਰੀਆਂ ਨੂੰ ਧਨ ਦਿੰਦੇ ਹਨ ਉਹ ਓਸ ਧਨ ਨੂੰ ਬੇਸਵਾ,ਪਰਇਸਤ੍ਰੀ ਗਮਨ, ਮਾਸ, ਸ਼੍ਰਾਬ, ਦੇ ਖਾਂਣ ਪੀਂਣ, ਲੜਾਈ ਬਖੇੜੇ ਵਿਚ ਖਰਚ ਕਰਦੇ ਹਨ, ਜਿਸਥੀਂ ਦਾਤਾ ਦੇ ਸੁਖ ਦਾ ਮੂਲ ਨਸ਼ਟ ਹੋਕੇ ਦੁਖ ਹੁੰਦਾ ਹੈ। ਦਸਵੀਂ–ਮਾਂ ਪਿਓ ਆਦੀ ਮਾਨ ਦੇ ਜੋਗਾਂ ਦਾ ਅਪਮਾਨ ਕਰ ਪਥੱਰ ਆਦੀ ਮੂਰਤੀਆਂ ਦਾ ਮਾਨ ਕਰਕੇ ਕ੍ਰਿਤਘਨ ( ਨਾਸ਼ੁਕ੍ਰੇ) ਹੋ ਜਾਂਦ ਹਨ। ਯਾਰ੍ਹਵੀਂ–ਉਨ੍ਹਾਂ ਮੂਰਤੀਆਂ ਨੂੰ ਕੋਈ ਤੋੜ ਸੁਟਦਾ ਵਾ ਚੋਰ ਲੈਜਾਂਦਾ ਹੈ ਤਦ ਹਾਏ ਹਾਏ ਕਰਕੇ ਰੋਂਦੇ ਰਹਿੰਦ ਹਨ। ਬਾਰ੍ਹਵੀਂ–ਪੁਜਾਰੀ ਪਰਾਈ ਇਸਤ੍ਰੀਆਂ ਦੇ ਸੰਗ ਅਰ ਪੁਜਾਰਨ

ਪਰਾਏ ਪੁਰਸ਼ਾਂ ਦੇ ਸੰਗ ਹੋਣ ਕਰਕੇ ਪ੍ਰਾਇਆ ਦੁਖ ਪਾਕੇ ਇਸਤ੍ਰੀ ਪੁਰਸ਼ ਦੇ ਪ੍ਰੇਮ ਦੇ ਅਨੰਦ ਨੂੰ ਹਥੋਂ ਖੋ ਬੈਠਦੇ ਹਨ।ਤੇਰ੍ਹਵੀਂ-ਸ੍ਵਾਮੀ ਸੇਵਕ ਦੀ ਆਗਿਆ ਦਾ ਪਾਲਣ ਜਥਾਵਤ ਨਾ ਹੋਣ ਕਰਕੇ ਪਰਸਪਰ ਵਿਰੁਧ ਭਾਵ ਹੋਕੇ ਨਸ਼ਟ ਭ੍ਰਸ਼ਟ ਹੋ ਜਾਂਦੇ ਹਨ। ਚੌਦਵੀਂ-ਜੜ੍ਹ ਦਾ ਧਿਆਂਨ ਕਰਨ ਵਾਲੇ ਦਾ ਆਤਮਾ ਬੀ ਜੜ੍ਹ ਬੁਧੀ ਹੋਜਾਂਦਾ ਹੈ, ਕਿਉਂਕਿ ਧਿਆਨ ਕਰਨ ਵਾਲੇ ਦਾ ਜੜ੍ਹਪਣਾ ਅੰਤਹਕਰਣ ਦੁਆਰਾ ਆਤਮਾ ਵਿਚ ਜ਼ਰੂਰ ਆਉਂਦਾ ਹੈ। ਪੰਦ੍ਰਵੀਂ-ਪਰਮੇਸ਼੍ਵਰ ਨੇ ਸੁਗੰਧੀ ਜੁਗਤ ਫੁਲ ਆਦੀ ਪਦਾਰਥ ਹਵਾ ਪਾਣੀ ਦੇ ਦੁਰਗੰਧ ਨਿਵਾਰਣ ਅਰ ਅਰੋਗਤਾ ਦੇ ਲਈ ਬਣਾਏ ਹਨ ਉਨ੍ਹਾਂ ਨੂੰ ਪੁਜਾਰੀ ਜੀ ਤੋੜ ਤਾੜ ਦਿੰਦੇ ਹਨ, ਨਾ ਜਾਣੀਏ ਉਨ੍ਹਾਂ ਫੁਲਾਂ ਦੀ ਕਿਨੇਂ ਦਿਨ ਤਿਕ ਸੁਗੰਧੀ ਅਕਾਸ਼ ਵਿਚ ਚੜ੍ਹਕੇ ਹਵਾ ਪਾਣੀ ਦੀ ਸ਼ੁਧੀ ਪੂਰਣ ਸੁਗੰਧ ਦੇ ਸਮੇਂ ਤਿਕ ਓਸਦਾ ਸੁਗੰਧ ਹੁੰਦਾ ਹੈ ਓਸਦਾ ਨਾਸ਼ ਵਿਚਕਾਰ ਹੀ ਕਰ ਦਿੰਦੇ ਹਨ, ਫੁਲ ਆਦੀ ਚਿਕੱੜ ਦੇ ਨਾਲ ਮਿਲ ਸੜਕੇ ਉਲਟੀ ਬਦਬੋ ਉਤਪੰਨ ਕਰਦੇ ਹਨ, ਕੀ ਪਰਮੇਸ਼੍ਵਰ ਨੇ ਪਥੱਰ ਉਤੇਂ ਚਿੜ੍ਹਾਨ ਦੇ ਵਾਸਤੇ ਫੁਲ ਆਦੀ ਸਗੰਧੀ ਜੁਗਤ ਪਦਾਰਥ ਰਚੇ ਹਨ। ਸੋਲਵੀਂ-ਪਥੱਰ ਉਤੇਂ ਚੜ੍ਹੇ ਹੋਏ ਫੁਲ, ਚਨੱਣ, ਅਰ ਚਾਉਲ ਆਦੀ ਸਭਦਾ ਜਲ ਅਰ ਮਿੱਟੀ ਨਾਲ ਸੰਜੋਗ ਹੋਣ ਕਰਕੇ ਮੋਰੀ ਵਾ ਕੁੰਡ ਵਿਚ ਆਕੇ ਸੜਕੇ ਓਸਥੀਂ ਇਨੱਾ ਦੁਰਗੰਧ ਅਕਾਸ਼ ਵਿਚ ਚੜ੍ਹਦਾ ਹੈ ਕਿ ਜਿਨੱਾ ਮਨੁਖੱ ਦੇ ਮਲਦਾ, ਅਰ ਹਜਾਰਾਂ ਜਨਾਓਰ ਓਸ ਵਿਚ ਪੈਂਦੇ ਓਸ ਵਿਚ ਮਰਦੇ ਸੜਦੇ ਹਨ, ਅਜੇਹੇ ਅਜੇਹੇ ਅਨਕ ਮੂਰਤੀ ਪੂਜਾ ਦੇ ਕਰਨ ਵਿਚ ਦੋਸ਼ ਆਉਂਦੇ ਹਨ,ਏਸ ਲਈ ਸਰਬਥਾ ਪਥੱਰ ਆਦੀ ਮੂਰਤੀ ਪੂਜਾ ਸਜੱਣ ਲੋਕਾਂ ਦੇ ਛਡੱਣ ਜੋਗ ਹੈ। ਅਰ ਜਿਨ੍ਹਾਂ ਨੇ ਪਥੱਰ ਦੀ ਮੂਰਤੀ ਦੀ ਪੂਜਾ ਕੀਤੀ ਹੈ, ਕਰਦੇ ਹਨ, ਅਰ ਕਰਨ ਗੇ ਉਹ ਉਪਰ ਲਿਖੇ ਹੋਏ ਦੋਸ਼ਾਂ ਥੀਂ ਨਾ ਬਚੇ, ਨਾ ਬਚਦੇ ਹਨ, ਅਰ ਨਾ ਬਚਨਗੇ।

(ਪ੍ਰਸ਼ਨ) ਕਿਸੇ ਪ੍ਰਕਾਰ ਦੀ ਮੂਰਤੀ ਪੂਜਾ ਕਰਨੀ ਕਰਾਣੀ ਨਹੀਂ, ਅਰ ਜੋ ਅਪਣੇ ਆਰਯਾਵਰਤ ਵਿਚ ਪੰਜਦੇਵਪੂਜਾ ਸ਼ਬਦ ਪ੍ਰਾਚੀਨ ਪ੍ਰੰਪ੍ਰਾ ਥੀਂ ਚਲਿਆ ਆਉਂਦਾ ਹੈ ਓਸਦਾ ਏਹੋ 'ਪੰਚਾਇਤਨ ਪੂਜਾ' ਜੋਕਿ ਸ਼ਿਵ, ਬਿਸ਼ਨੂ, ਅੰਬਕਾ, ਗਣੇਸ਼, ਅਰ ਸੂਰਜ ਦੀ ਮੂਰਤੀ ਬਣਾਕੇ ਪੂਜਦੇ ਹਨ, ਏਹ'ਪੰਚਾਇਤਨ' ਪੂਜਾ ਹੈ ਵਾ ਨਹੀਂ ?

(ਉਤ੍ਰ) ਕਿਸੇ ਪ੍ਰਕਾਰ ਦੀ ਮੂਰਤੀ ਪੂਜਾ ਨਾ ਕਰਨਾ ਕਿੰਤੂ ਮੂਰਤੀ ਮਾਨ ਜੋ ਹੇਠਾਂ ਕਹਾਂਗੇ ਉਨ੍ਹਾਂ ਦੀ ਪੂਜਾ, ਅਰਥਾਤ ਆਦਰ ਭਾ ਕਰਨਾ ਚਾਹੀਏ, ਅਰ ਪੰਜ ਦੇਵ ਪੂਜਾ ਪੰਚਾਇਤਨ ਪੂਜਾ ਸ਼ਬਦ ਬਹੁਤ ਅਛੇਂ ਅਰਥ ਵਾਲਾ ਹੈ ਪ੍ਰੰਤੂ ਵਿਦਿਆ ਹੀਨ ਮੂੜਾਂ ਨੇ ਓਸਦੇ ਉਤੱਮ ਅਰਥ ਨੂੰ ਛਡਕੇ ਖੋਟੇ ਅਰਥ ਪਕੜ ਲੀਤੇ, ਜੋ ਅਜ ਕਲ ਸ਼ਿਵ ਆਦੀ ਪੰਜਾਂ ਦੀਆਂ ਮੂਰਤੀਆਂ

ਬਣਾਕੇ ਪੂਜਦੇ ਹਨ ਉਨ੍ਹਾਂ ਦਾ ਖੰਡਨ ਤਾਂ ਹੁਣੇ ਕਰ ਚੁਕੇ ਹਾਂ,ਪਰ ਸੱਚੀ ਪੰਚਾਇਤਨ ਵੇਦਉਕਤ ਅਰ ਵੇਦ ਅਨੁਕੂਲ ਕਹੀ ਹੋਈ ਦੇਵ ਪੂਜਾ ਅਰ ਮੂਰਤੀ ਪੂਜਾ ਹੈ ਸੁਣੋ:-

मा नो वधीः पितरं मोत मातरम् ॥ यजुः०
अ० १६ । मं० १५ ॥

आचार्य्यो ब्रह्मचर्येण ब्रह्मचारिणमिच्छते ॥
अथर्व० कां० ११ । व० ५ । मं० १७ ॥

अतिथिर्गृहानागच्छेत् ॥ अथर्व० ॥
कां० १५ । व० १३ । मं० ६ ॥

अर्चत प्रार्चत प्रियमेधासो अर्चत ॥ ऋग्वेदे ॥

त्वमेव प्रत्यक्षं ब्रह्मासि त्वामेव प्रत्यक्षं ब्रह्म वदिष्यामि ॥
तैत्तिरीयोपनि० ॥ वल्ली० १ । अनु० १ ॥

कतम एको देव इति स ब्रह्म त्यदित्याचक्षते ॥
शतपथ० कां० १४ । प्रपाठ० ६ । ब्राह्म०७ । कंडिका १० ॥

मातृ देवो भव पितृ देवो भव आचार्यदेवो भव अतिथि-
देवो भव ॥ तैत्तिरीयोपनि० ॥ व० १ । अनु० ११ ॥

पितृभिर्भ्रातृभिश्चैताः पतिभिर्देवरैस्तथा ।
पूज्या भूषयितव्याश्च बहुकल्याणमीप्सुभिः ॥ मनु०
अ० ३ । ५५ ॥

उपचर्यः स्त्रिया साध्व्या सततं देववत्पतिः ॥ मनुस्मृतौ ॥

(ਪਹਿਲੇ)ਮਾਂ,ਮੂਰਤੀਮਤੀ ਪੂਜਾ ਦੇ ਜੋਗ ਦੇਵਤਾ ਅਰਥਾਤ ਸੰਤਾਨਾਂ ਨੂੰ ਤਨ, ਮਨ, ਧਨ, ਥੀਂ ਸੇਵਾ ਕਰਕੇ ਮਾਂ ਨੂੰ ਪ੍ਰਸੰਨ ਰਖਣਾ। ਹਿੰਸਾ ਅਰਥਾਤ ਤਾੜਨਾ ਕਦੀ ਨਾ ਕਰਨਾ। (ਦੂਜਾ) ਪਿਉ ਸਤਕਰਤਵ ਦੇਵਤਾ ਓਸਦੀ ਬੀ ਮਾਂ ਦੇ ਸਮਾਨ ਸੇਵਾ ਕਰਨੀ। (ਤੀਜਾ) ਅਚਾਰਜ ਜੋ ਵਿਦਿਆ ਦਾ ਦੇਣ ਵਾਲਾ ਹੈ ਓਸਦੀ ਤਨ,ਮਨ,ਧਨ ਕਰਕੇ ਸੇਵਾ ਕਰਨੀ(ਚੌਥਾ)ਅਤਿਥੀ ਜੋ ਵਿਦਵਾਂਨ,ਧਾਰਮਿਕ ਨਿਸ਼ਕਪਟੀ, ਸਭਦੀ ਉਨੱਤੀ ਚਾਹਣ ਵਾਲਾ, ਜਗਤ ਵਿਚ ਭ੍ਰਮਣ ਕਰਦਾ ਹੋਇਆ ਸਤ ਉਪਦੇਸ਼ ਥੀਂ ਸਭ ਨੂੰ ਸੁਖੀ ਕਰਦਾ ਹੈ ਓਸਦੀ ਸੇਵਾ ਕਰਨ। ਪੰਜਵਾਂ ਇਸਤ੍ਰੀ ਦੇ ਵਾਸਤੇ ਖਾਂਉਦ ਅਰ ਖਾਂਉਦ ਦੇ ਵਾਸਤੇ ਇਸਤ੍ਰੀ ਪੂਜਾ ਦੇ ਜੋਗ ਹੈ,ਇਹ ਪੰਜ ਮੂਰਤੀ ਮਾਂਨ ਦੇਵਤੇ ਜਿਨਾਂਦੇ ਸੰਗ ਥੀਂ ਮਨੁਖ ਦੇਹ ਦੀ ਉਤਪਤੀ, ਪਾਲਣ, ਸਚੀ ਸਿਖਿਆ, ਵਿਦਿਆ, ਅਰ ਸਚੇ ਉਪਦੇਸ਼ ਦੀ ਪ੍ਰਾਪਤੀ ਹੁੰਦੀ ਹੈ ਇਹੀ ਪਰਮੇਸ਼੍ਵਰ ਦੀ ਪ੍ਰਾਪਤੀ ਹੋਣਦੀਆਂ ਪੌੜੀਆਂ ਹਨ ਇਨਾਂ ਦੀ ਸੇਵਾ ਨਾ ਕਰਕੇ ਜੋ ਪਥੱਰ ਆਦੀ ਮੂਰਤੀ ਪੂਜਦੇ ਹਨ ਉਹ ਅਤਯੰਤਵੇਦਵਿਰੋਧੀ ਹਨ।

(ਪ੍ਰਸ਼ਨ) ਮਾਂ,ਪਿਉ ਆਦੀ ਦੀ ਸੇਵਾ ਕਰੀਏ ਅਰ ਮੂਰਤੀਪੂਜਾ ਬੀ ਕਰੀਏ ਤਦ ਤਾਂ ਕੋਈ ਦੋਸ਼ ਨਹੀ।

(ਉਤ੍ਰ) ਪਥੱਰ ਆਦੀ ਮੂਰਤੀ ਪੂਜਾ ਤਾਂ ਸਰਬਥਾ ਛਡਣ ਦੇ ਜੋਗ,ਅਰ ਮਾਂ ਆਦੀ ਮੂਰਤੀਮਾਨਾਂ ਦੀ ਸੇਵਾ ਕਰਨ ਵਿਚ ਹੀ ਕਲਿਆਣ ਹੈ। ਬਡੇ ਅਨਰਥ ਦੀ ਬਾਤ ਹੈ ਕਿ ਸਾਖਿਆਤ ਮਾਂ ਆਦੀ ਪ੍ਰਤਖ ਸੁਖਦਾਇਕ ਦੇਵਤਿਆਂ ਨੂੰ ਛਡਕੇ ਅਦੇਵ ਪਥੱਰ ਆਦੀ ਵਿਚ ਸਿਰ ਮਾਰਨਾ ਸ੍ਵੀਕਾਰ ਕੀਤਾ,ਇਨਾਂ ਨੂੰ ਲੋਕਾਂ ਨੇ ਏਸ ਵਾਸਤੇ ਸ੍ਵੀਕਾਰ ਕੀਤਾ ਹੈ ਕਿ ਜੇ ਮਾਂ ਪਿਉ ਆਦੀ ਦੇ ਸਾਮਣੇ ਨਈਵੇਦ ਵਾ ਭੇਟ ਪੂਜਾ ਧਰਾਂਗੇ ਤਾਂ ਉਹ ਆਪ ਖਾ ਲੈਂਨਗੇ ਅਰ ਭੇਟ ਪੂਜਾ ਲੈ ਲੈਂਨ ਗੇ ਤਾਂ ਸਾਡ ਮੂੰਹ ਵਾ ਹਥ ਵਿਚ ਕੁਝ ਨਾ ਪਵੇਗਾ ਏਸਲਈ ਪਥੱਰ ਆਦੀ ਦੀ ਮੂਰਤੀ ਬਣਾਕੇ ਓਸਦੇ ਅਗੇ ਨਈਵੇਦ ਧਰਕੇ ਘੰਟਾ, ਨਾਦ, ਟਨ ਟਨ ਪੂੰ ਪੂੰ ਅਰ ਸ਼ੰਖ ਬਜਾਕੇ ਰੌਲਾ ਪਾਕੇ ਅੰਗੂਠਾ ਵਿਖਾਕੇ ਅਰਥਾਤ—

"त्वमंगुष्ठं गृहाण भोजनं पदार्थं वाऽहं ग्रहीष्यामि"

ਜਿਸਤਰਾਂ ਕੋਈ ਕਿਸੇ ਨੂੰ ਛੱਲੇ ਵਾ ਚਿੜ੍ਹਾਵੇ ਕਿ ਤੂੰ ਘੰਟਾ ਲੈ ਅਰ ਅੰਗੂਠਾ ਦੱਸੇ, ਓਸਦੇ ਅੱਗੋਂ ਥੀਂ ਸਭ ਪਦਾਰਥ ਲੈਕੇ ਆਪ ਖਾ ਜਾਵੇ, ਉਸੇ ਤਰਾਂ ਦੀ ਲੀਲਾ ਇਨਾਂ ਪੁਜਾਰੀਆਂ ਅਰਥਾਤ ਪੂਜਾ ਨਾਮ ਸਤਕਰਮ ਦੇ ਵੈਰੀਆਂ ਦੀ ਹੈ,ਇਹ ਲੋਕ ਚਟਕ, ਮਟਕ, ਚਲਕ ਝਲਕ, ਮੂਰਤੀਆਂ ਨੂੰ ਬਣਾ, ਠਣਾ ਆਪ ਠੱਗਾਂ ਦੇ ਤੁਲ ਬਣ ਠਨ ਕੇ ਬਿਚਾਰੇ ਨਿਰਬੁਧੀ, ਅਨਾਥਾਂ ਦਾ ਮਾਲ ਮਾਰਕੇ ਮੌਜ ਕਰਦੇ ਹਨ, ਜੇ ਕੋਈ ਧਰਮ ਉੱਤੇ ਚਲੱਣ ਵਾਲਾ ਰਾਜਾ ਹੁੰਦਾ ਤਾਂ ਇਨ੍ਹਾਂ ਪਥੱਰ ਦੇ ਪ੍ਰੇਮੀਆਂ ਨੂੰ ਪਥੱਰ ਭੰਨਣੇ, ਬਣਾਣੇ, ਅਰ ਘਰ ਬਣਾਣ ਆਦੀ ਕੰਮਾਂ ਵਿਚ ਲਗਾਕੇ ਖਾਂਣ ਪੀਂਣ ਨੂੰ ਦਿੰਦਾ ਅਤੇ ਨਿਰ-ਬਾਹ ਕਰਾਂਦਾ।

(ਪ੍ਰਸ਼ਨ) ਜਿਸਤਰਾਂ ਇਸਤ੍ਰੀ ਆਦੀ ਦੀ ਪਥੱਰ ਆਦੀ ਦੀ ਮੂਰਤੀ ਵੇਖਣ ਨਾਲ ਕਾਂਮ ਦੀ ਉਤਪੱਤੀ ਹੁੰਦੀ ਹੈ ਉਸੇਤਰਾਂ ਵੈਰਾਗੀ ਸ਼ਾਂਤ ਦੀ ਮੂਰਤੀ ਵੇਖਣ ਨਾਲ ਵੈਰਾਗ ਅਰ ਸ਼ਾਂਤੀ ਦੀ ਪ੍ਰਾਪਤੀ ਕਿਉਂ ਨਾ ਹੋਵੇਗੀ?

(ਉਤ੍ਰ) ਨਹੀਂ ਹੋ ਸਕਦੀ ਕਿਉਂਕਿ ਉਹ ਮੂਰਤੀ ਦੇ ਜੜ੍ਹਪਣਾ ਆਦੀ ਧਰਮ ਆਤਮਾ ਵਿਚ ਆਉਣ ਕਰਕੇ ਬਿਚਾਰ ਸ਼ਕਤੀ ਘਟ ਜਾਂਦੀ ਹੈ, ਬਬੇਕ ਦੇ ਬਿਨਾ ਨਾ ਵੈਰਾਗ, ਅਰ ਵੈਰਾਗ ਦੇ ਬਿਨਾ ਵਿਗਿਆਂਨ, ਬਿਗਿ-ਆਂਨ ਦੇ ਬਿਨਾ ਸ਼ਾਂਤੀ ਨਹੀਂ ਹੁੰਦੀ, ਅਰ ਜੋ ਕੁਝ ਹੁੰਦਾ ਹੈ ਸੋ ਉਨਾਂ ਦੇ ਸੰਗ ਉਪਦੇਸ਼,ਅਰ ਉਨਾਂ ਦੇ ਇਤਹਾਸ ਆਦੀ ਦੇ ਵੇਖਣ ਥੀਂ ਹੁੰਦਾ ਹੈ,ਕਿਉਂਕਿ ਜਿ-ਸ ਦਾ ਗੁਣ ਵਾ ਦੋਸ਼ ਨਾ ਜਾਂਣ ਕੇ ਓਸਦੀ ਨਿਰੀ ਪੂਰੀ ਮੂਰਤੀ ਵੇਖਣ ਨਾਲ

ਪ੍ਰੀਤੀ ਨਹੀ ਹੁੰਦੀ,ਪ੍ਰੀਤੀ ਹੋਣ ਦਾ ਕਾਰਣ ਗੁਣ ਗਿਆਨ ਹੈ, ਅਜੇਹੇ ਮੂਰਤੀ ਪੂਜਾ ਆਦੀ ਬੁਰੇ ਕਾਰਣਾਂ ਕਰਕੇ ਆਰਯਾਵਰਤ ਵਿਚ ਨਿਕੰਮੇ ਪੁਜਾਰੀ, ਭਿਖਾਰੀ, ਆਲਸੀ, ਪਰਮਾਰਥ ਰਹਿਤ ਕ੍ਰੋੜਾਂ ਮਨੁੱਖ ਹੋਏ ਹਨ, ਸਾਰੇ ਸੰਸਾਰ ਵਿਚ ਮੂੜ੍ਹਪਣਾ ਓਨਾਂ ਨੇ ਫਲਾਇਆ ਹੈ, ਝੂਠ ਛਲ ਬੀ ਬਹੁਤ ਫੈਲਿਆ ਹੈ।

(ਪ੍ਰਸ਼ਨ) ਵੇਖੋ ਕਾਂਸ਼ੀ ਵਿਚ ਅਉਰੰਗਜੇਬ ਬਾਦਸ਼ਾਹ ਨੂੰ "ਲਾਟ ਭੈਰਵ" ਆਦੀ ਨੇ ਵਡੇ੨ ਚਮਤਕਾਰ ਵਿਖਾਏ ਸਨ, ਜਦ ਮੁਸਲਮਾਨ ਉਨਾਂ ਨੂੰ ਤੋੜਨ ਗਏ ਅਰ ਉਨਾਂ ਨੇ ਜਦ ਉਨਾਂ ਉੱਤੇ ਤੋਪ ਗੋਲਾ ਆਦੀ ਮਾਰੇ ਤਦ ਵਡੇ ਵਡੇ ਭੂੰਡ ਨਿਕਲਕੇ ਆਏ ਅਰ ਸਾਰੀ ਫੌਜ ਨੂੰ ਬਿਆਕੁਲ ਕਰਕੇ ਨਠਾ ਦਿੱਤਾ॥

(ਉਤ੍ਰ) ਏਹ ਪਥੱਰ ਆਦੀ ਦਾ ਚਮਤਕਾਰ ਨਹੀਂ ਕਿੰਤੂ ਉਥੇ ਭੂੰਡਾਂ ਦੇ ਖਖੱਰ ਲਗੇ ਹੋਏ ਹੋਂਨਗੇ,ਉਨ੍ਹਾਂ ਦਾ ਸੁਭਾਉ ਹੀ ਜਾਲਮ ਹੈ, ਜਦ ਕੋਈ ਉਨ੍ਹਾਂ ਨੂੰ ਛੇੜੇ ਤਾਂ ਉਹ ਡੰਗ ਮਾਰਣ ਨੂੰ ਦੌੜਦੇ ਹਨ, ਅਰ ਜੋ ਦੁਧ ਦੀ ਧਾਰ ਦਾ ਚਮਤਕਾਰ ਹੁੰਦਾ ਸੀ ਉਹ ਪੁਜਾਰੀ ਜੀ ਦੀ ਲੀਲਾ ਸੀ।

(ਪ੍ਰਸ਼ਨ) ਵੇਖੋ ਮਹਾਦੇਵ ਮਲੇਛ ਨੂੰ ਦਰਸ਼ਨ ਨਾ ਦੇਣ ਦੇ ਵਾਸਤੇ ਖੂਹ ਵਿਚ ਅਰ ਬੇਣੀਮਾਧੋ ਇਕ ਬ੍ਰਾਹਮਣ ਦੇ ਘਰ ਵਿਚ ਜਾ ਲੁਕੇ ਕੀ ਏਹਬੀ ਚਮਤਕਾਰ ਨਹੀਂ ਹੈ?

(ਉਤ੍ਰ) ਭਲਾ ਜਿਸਦੇ ਕਟਵਾਲ ਕਾਲਭੈਰੋਂ, ਲਾਟਭੈਰੋਂ ਆਦੀ ਭੂਤ ਪ੍ਰੇਤ ਅਰ ਗਰੜ ਆਦੀ ਗਣ ਹੋਂਨ ਉਨਾਂ ਨੇ ਮੁਸਲਮਾਨਾਂ ਨੂੰ ਲੜਕੇ ਕਿਉਂ ਨਾ ਹਟਾਇਆ? ਜਿਸਤਰਾਂ ਮਹਾਦੇਵ ਅਰ ਬਿਸ਼ਨੂੰ ਦੀ ਪੁਰਾਣਾ ਵਿਚ ਕਥਾ ਹੈ ਕਿ ਅਨੇਕ ਤ੍ਰਿਪ੍ਰਾਸੁਰ ਆਦੀ ਬਡੇ ਭਿਅੰਕਰ ਦੁਸ਼ਟਾਂ ਨੂੰ ਭਸਮ ਕਰ ਦਿੱਤਾ ਤਾਂ ਮੁਸਲਮਾਨਾ ਨੂੰ ਭਸਮ ਕਿਉਂ ਨਾ ਕੀਤਾ? ਏਸ ਥੀਂ ਏਹ ਸਿਧ ਹੁੰਦਾ ਹੈ ਕਿ ਉਹ ਬਿਚਾਰੇ ਪਥਰ ਕੀ ਲੜਦੇ ਲੜਾਂਦੇ,ਜਦ ਮੁਸਲਮਾਨ ਮੰਦਰ ਅਰ ਮੂਰਤੀਆਂ ਨੂੰ ਤੋੜਦੇ ਫੋੜਦੇ ਹੋਏ ਕਾਂਸ਼ੀ ਦੇ ਪਾਸ ਆਏ ਤਦ ਪੁਜਾਰੀਆਂ ਨੇ ਓਸ ਪਥੱਰ ਦੇ ਲਿੰਗ ਨੂੰ ਖੂਹ ਵਿਚ ਸੁਟਕੇ ਅਰ ਬੇਣੀ ਮਾਧੋ ਨੂੰ ਬ੍ਰਾਹਮਣ ਦੇ ਘਰ ਵਿਚ ਲਕੋ ਦਿੱਤਾ,ਜਦ ਕਾਂਸ਼ੀ ਵਿਚ ਕਾਲ ਭੈਰੋ ਦੇ ਡਰਦੇ ਮਾਰੇ ਜਮ-ਦੂਤ ਨਹੀਂ ਜਾਂਦੇ ਅਰ ਪਰਲੇ ਸਮੇਂ ਵਿਚ ਬੀ ਕਾਂਸ਼ੀ ਦਾ ਨਾਸ਼ ਹੋਣ ਨਹੀਂ ਦਿੰਦੇ ਤਾਂ ਮਲੇਛਾਂ ਦੇ ਦੂਤ ਕਿਉਂ ਨਾ ਡਰਾਏ,ਅਰ ਅਪਣੇ ਰਾਜ ਦੇ ਮੰਦਰ ਦਾ ਕਿਉਂ ਨਾਸ਼ ਹੋਣ ਦਿੱਤਾ ਏਹ ਸਭ ਪੋਪ ਮਾਇਆ ਹੈ।

(ਪ੍ਰਸ਼ਨ) ਗਯਾ ਵਿਚ ਸ਼੍ਰਾਧ ਕਰਨ ਨਾਲ ਪਿਤ੍ਰਾਂ ਦਾ ਪਾਪ ਛੁਟਕੇ ਉਥੋਂ ਦੇ ਸ਼੍ਰਾਧ ਦੇ ਪੁੰਨ ਪ੍ਰਭਾਉ ਕਰਕੇ ਪਿਤ੍ਰ ਸ੍ਵਰਗ ਵਿਚ ਜਾਂਦੇ ਅਰ ਪਿਤ੍ਰ ਅਪਣਾ ਹੱਥ ਕਢਕੇ ਪਿੰਡ ਲੈਂਦੇ ਹਨ ਕੀ ਏਹ ਬੀ ਬਾਤ ਝੂਠੀ ਹੈ?

(ਉਤ੍ਰ) ਸਰਬਥਾ ਝੂਠ, ਜੋ ਉਥੇ ਪਿੰਡ ਦੇਣਦਾ ਉਹੋ ਪ੍ਰਭਾਉ ਹੈ ਤਾਂ ਜਿਨ੍ਹਾਂ ਪੰਡਿਆਂ ਨੂੰ ਪਿਤ੍ਰਾਂ ਦੇ ਸੁਖ ਦੇ ਵਾਸਤੇ ਲਖਾਂ ਰੁਪਏ ਦਿੰਦੇ ਹਨ ਉਨ੍ਹਾਂ ਦਾ ਖਰਚ ਗਯਾ ਵਾਲੇ ਰੰਡੀ ਬਾਜੀ ਆਦੀ ਪਾਪ ਵਿਚ ਕਰਦੇ ਹਨ ਉਹ ਪਾਪ ਕਿਉਂ ਨਹੀਂ ਛੁਟਦਾ ? ਅਰ ਹਥ ਕਢਣਾ ਅਜਕਲ ਕਿਦੇ ਨਹੀਂ ਨਜਰ ਆਉਂਦਾ ਬਿਨਾਂ ਪਾਂਡਿਆਂ ਦੇ ਹਥਾਂ ਦੇ, ਏਹ ਕਦੀ ਕਿਸੇ ਧੂਰਤ ਨੇ ਪ੍ਰਿਥਵੀ ਵਿਚ ਗੁਫਾ ਕਢਕੇ ਓਸ ਵਿਚ ਇਕ ਮਨੁਖ ਬਿਠਾ ਦਿਤਾ ਹੋਇਗਾ, ਪਸ਼ਚਾਤ ਓਸਦੇ ਮੂੰਹ ਉਤੇ ਕੁਸ਼ਾ ਵਿਛਾ ਪਿੰਡ ਦਿਤਾ ਹੋਵੇਗਾ, ਅਰ ਓਸ ਕਪਟੀ ਨੇ ਉਠਾ ਲੀਤਾ ਹੋਵੇਗਾ, ਕਿਸੇ ਅਖ ਦੇ ਅਨ੍ਹੇ ਗੰਢ ਦੇ ਪੂਰੇ ਨੇ ਏਸ ਪ੍ਰਕਾਰ ਠਗਿਆ ਹੋਵੇ ਤਾਂ ਅਚਰਜ ਨਹੀਂ, ਉਸੇ ਤਰਾਂ ਬੈਜਨਾਥ ਨੂੰ ਰਾਵਣ ਲਿਆਇਆ ਸੀ ਏਹ ਬੀ ਝੂਠੀ ਬਾਤ ਹੈ।

(ਪ੍ਰਸ਼ਨ) ਵੇਖੋ ਕਲਕਤੇ ਦੀ ਕਾਲੀ ਅਰ ਕਾਮਾਛਿਆ ਆਦੀ ਦੇਵੀ ਨੂੰ ਲਖਾਂ ਮਨੁਖ ਮਨਦੇ ਹਨ, ਕੀ ਏਹ ਚਮਤਕਾਰ ਨਹੀਂ ?

(ਉਤ੍ਰ) ਕੁਝ ਬੀ ਨਹੀਂ। ਏਹ ਅਨ੍ਹੇ ਲੋਗ ਭੇਡ ਦੀ ਨਿਆਂਈ ਇਕ ਦੇ ਪਿਛੇ ਦੂਜੇ ਚਲਦੇ ਹਨ ਖੂਹ ਖਡ ਵਿਚ ਡਿਗਦੇ ਹਨ ਹਟ ਨਹੀਂ ਸਕਦੇ, ਉਸੇ ਤਰਾਂ ਇਕ ਮੂਰਖ ਦੇ ਪਿਛੇ ਦੂਜੇ ਚਲਕੇ ਮੂਰਤੀ ਪੂਜਾ ਰੂਪੀ ਟੋਏ ਵਿਚ ਫਸਕੇ ਦੁਖ ਪਾਂਦੇ ਹਨ।

(ਪ੍ਰਸ਼ਨ) ਭਲਾ ਇਹ ਤਾਂ ਜਾਂਣਦੇਓ ਪ੍ਰੰਤੂ ਜਗਨਾਥ ਜੀ ਵਿਚ ਪ੍ਰਤਖ ਚਮਤਕਾਰ ਹੈ ਇਕ ਕਲੇਵਰ ਬਦਲਨ ਦੇ ਸਮੇ ਚੰਨਣ ਦੀ ਲਕੜੀ ਸਮੁੰਦਰ ਵਿਚੋਂ ਆਪੇ ਹੀ ਆ ਜਾਂਦੀ ਹੈ, ਚੁਲ੍ਹੇ ਉਤੇ ਉਪਰ ਉਪਰ ਸਤ ਹਾਂਡੀਆਂ ਧਰਨ ਨਾਲ ਉਪਰ ਉਪਰ ਦੇ ਪਹਿਲੋਂ ਪਕਦੇ ਹਨ, ਅਰ ਜੋ ਕੋਈ ਓਥੇ ਜਗਨੋਥ ਦੀ ਪ੍ਰਸਾਦੀ ਨਾ ਖਾਵੇ ਤਾਂ ਕੋੜ੍ਹੀ ਹੋ ਜਾਂਦਾ ਹੈ, ਅਰ ਰਥ ਆਪ ਤੋਂ ਆਪ ਚਲਦਾ, ਪਾਪੀ ਨੂੰ ਦਰਸ਼ਨ ਨਹੀਂ ਹੁੰਦਾ ਹੈ, ਇੰਦ੍ਰਦਮਨ ਦੇ ਰਾਜ ਵਿਚ ਦੇਵਤਿਆਂ ਨੇ ਮੰਦਰ ਬਣਾਇਆ ਹੈ, ਕਲੇਵਰ ਬਦਲਣ ਦੇ ਸਮੇਂ ਇਕ ਰਾਜਾ ਇਕ ਪੰਡਾ ਇਕ ਤਰਖਾਣ ਮਰ ਜਾਂਦਾ ਹੈ ਇਤ ਆਦੀ ਚਮਤਕਾਰਾਂ ਨੂੰ ਤੁਸੀ ਝੂਠਾ ਨਾ ਕਰ ਸਕੋਗੇ।

(ਉਤ੍ਰ) ਜਿਸਨੇ ਬਾਰਾਂ ਵਰ੍ਹਿਆਂ ਤਿਕ ਜਗੱਨਾਥ ਦੀ ਪੂਜਾ ਕੀਤੀ ਸੀ ਉਹ ਵਿਰਕਤ ਹੋਕੇ ਮਥਰਾ ਵਿਚ ਆਇਆ ਸੀ ਮੈਨੂੰ ਮਿਲਿਆ ਸੀ, ਮੈਂਨੇ ਇਨਾਂ ਗਲਾਂ ਦਾ ਉਤ੍ਰ ਪੁਛਿਆ ਸੀ ਉਨਾਂ ਨੇ ਇਹ ਸਭ ਬਾਤਾਂ ਝੂਠੀਆਂ ਦਸੀਆਂ ਕਿੰਤੂ ਬਿਚਾਰ ਥੀਂ ਏਹ ਨਿਸਚੇ ਹੈ ਕਿ ਜਦ ਕਲੇਵਰ ਬਦਲਾਣ ਦਾ ਵੇਲਾ ਆਉਂਦਾ ਹੈ ਤਦ ਬੇੜੀ ਵਿਚ ਚਨੱਣ ਦੀ ਲਕੜੀ ਲੈਕੇ ਸਮੁੰਦਰ ਵਿਚ ਪਾਂਦੇ ਹਨਉਹ ਸਮੁੰਦਰ ਦੀ ਲਹਿਰਾਂ ਨਾਲ ਕੰਢੇ ਤੇ ਲਗ ਜਾਂਦੀ ਹੈ ਓਸਨੂੰ ਲੈਕੇ

ਕਾਰੀਗਰ ਲੋਗ ਮੂਰਤੀਆਂ ਬਣਾਦੇ ਹਨ, ਜਦ ਰਸੋਈ ਬਣਦੀ ਹੈ ਤਦ ਕਿਵਾੜ ਬੰਦ ਕਰਕੇ ਰਸੋਈਆਂ ਦੇ ਬਿਨਾਂ ਹੋਰ ਕਿਸੇ ਨੂੰ ਨਾ ਜਾਂਣ ਨਾ ਵੇਖਣ ਦਿੰਦੇ ਹਨ, ਜਮੀਨ ਉਤੇ ਚਹੁੰ ਪਾਸੇ ਛੀ, ਅਰ ਵਿਚਕਾਰ ਇਕ ਗੋਲ ਚੁਲ੍ਹੇ ਬਣਦੇ ਹਨ ਉਨਾਂ ਹਾਂਡੀਆਂ ਦੇ ਹੇਠਾਂ ਘਿਉ ਮਿਟੀ ਅਰ ਸੁਆਹ ਲਗਾਕੇ ਛੀ ਚੁਲਿਆਂ ਉਤੇ ਚਾਉਲ ਪਕਾਕੇ ਉਨਾਂਦੇ ਹੇਠਲੇ ਪਾਸੇ ਮਾਂਜਕੇ ਓਸ ਵਿਚਲੇ ਭਾਂਡੇ ਵਿਚ ਉਸ ਵੇਲੇ ਚਾਉਲ ਪਾਕੇ ਛੀ ਚੁਲਿਆਂ ਦੇ ਮੂੰਹ ਲੋਹੇ ਦੇ ਤਵਿਆਂ ਨਾਲ ਢਕਕੇ ਦਰਸ਼ਨ ਕਰਨ ਵਾਲਿਆਂ ਨੂੰ ਜੇਹੜੇ ਕਿ ਧਨਾਢ ਹੋਂਨ ਬੁਲਾਕੇ ਵਿਖਾਂਦੇ ਹਨ ਉਪਰ ਉਪਰ ਦ ਭਾਂਡਿਆਂ ਵਿਚੋਂ ਚਾਉਲ ਕਢਕੇ ਪਕੇ ਹੋਏ ਚਾਉਲਾਂ ਨੂੰ ਦਸਕੇ ਹੇਠਾਂਦੇ ਕਚੇ ਚਾਉਲ ਕਢਕੇ ਵਿਖਾਕੇ ਉਨਾਂ ਨੂੰ ਕਹਿੰਦੇ ਹਨ ਕਿ ਕੁਝ ਭਾਂਡਿਆਂ ਦੇ ਨਮਿਤ ਰਖ ਦੇਓ, ਅੱਖ ਦੇ ਅਨ੍ਹੇ ਗੰਢਦੇ ਪੂਰੇ ਰੁਪਯੇ, ਮਹਰਾਂ, ਧਰਦੇ ਅਰ ਕੋਈ ਕੋਈ ਮਹੀਨਾ ਬੀ ਬਨ੍ਹ ਦਿੰਦੇ ਹਨ, ਸ਼ੂਦਰ ਨੀਚ ਲੋਗ ਮੰਦਰ ਵਿਚ ਨਈਵੇਦ ਲਿਆਂਵਦੇ ਹਨ, ਜਦ ਨੈਵੇਦ ਹੋਚੁਕਦਾ ਹੈ ਤਦ ਉਹ ਸ਼ੂਦਰ ਨੀਚ ਲੋਗ ਜੂਠਾ ਕਰ ਦਿੰਦੇ ਹਨ, ਪਸਚਾਤ ਜੋ ਕੋਈ ਰੁਪਯੇ ਦੇਕੇ ਹੰਡਾ ਲੇਵੇ ਓਸਦੇ ਘਰ ਪੁਚਾਂਦੇ ਅਰ ਬਿਚਾਰੇ ਗ੍ਰਿਹਸਤੀ ਅਰ ਸਾਧੂ ਸੰਤਾਂ ਥੀਂ ਲੈਕੇ ਸ਼ੂਦ੍ਰ ਅਰ ਚੰਡਾਲ ਤਿਕ ਇਕ ਪੰਕਤੀ ਵਿਚ ਬੈਠ ਜੂਠਾ ਇਕ ਦੂਜੇ ਦਾ ਭੋਜਨ ਕਰਦੇ ਹਨ, ਜਦ ਉਹ ਪੰਕਤੀ ਉਠਦੀ ਹੈ ਤਦ ਉਨਾਂ ਪਤਲਾਂ ਉਤੇ ਦੂਜਿਆਂ ਨੂੰ ਬਿਠਾਂਦੇ ਜਾਂਦੇ ਹਨ ਮਹਾਂ ਅਨਾਚਾਰ ਹੈ, ਅਰ ਬਹੁਤੇਰੇ ਮਨੁਖ ਉਥੇ ਜਾਕੇ ਉਨਾਂਦਾ ਜੂਠਾ ਨਾ ਖਾਕੇ ਅਪਣੇ ਹਥਦਾ ਬਣਾ ਖਾਕੇ ਚਲੇ ਆਉਂਦੇ ਹਨ, ਕੁਝ ਬੀ ਕੋਹੜ ਆਦੀ ਰੋਗ ਨਹੀ ਹੁੰਦੇ, ਅਰ ਓਸ ਜਗਨੱਥ ਪੁਰੀ ਵਿਚ ਬੀ ਬਹੁਤਸਾਰੇ ਪ੍ਰਸਾਦੀ ਨਹੀ ਖਾਦੇ ਉਨਾਂ ਨੂੰ ਬੀ ਕੋਹੜ ਆਦੀ ਰੋਗ ਨਹੀ ਹੁੰਦੇ, ਅਰ ਓਸ ਜਗਨਾਥ ਪੁਰੀ ਵਿਚ ਬੀ ਬਹੁਤਸਾਰੇ ਕੋਹੜੇ ਹਨ ਰੋਜ ਰੋਜ ਜੂਠਦੇ ਖਾਂਣ ਨਾਲ ਬੀ ਰੋਗ ਨਹੀ ਹਟਦਾ, ਅਰ ਏਹ ਜਗਨੱਥ ਵਿਚ ਵਾਂਮ ਮਾਰਗੀਆਂ ਨੇ ਭੈਰਵੀ ਚਕ੍ਰ ਬਣਾਇਆ ਹੈ ਕਿਉਂਕਿ ਸੁਭਦ੍ਰਾਂ ਸ਼੍ਰੀ ਕ੍ਰਿਸ਼ਨ ਅਰ ਬਲਦੇਵ ਦੀ ਭੈਣ ਲਗਦੀ ਹੈ ਉਸੇ ਨੂੰ ਦੁਹਾਂ ਭ੍ਰਾਵਾਂ ਦੇ ਵਿਚਕਾਰ ਇਸਤ੍ਰੀ ਅਰ ਮਾਂ ਦੀ ਜਗਹਿ ਬਿਠਾਈ ਹੈ, ਜੇ ਭੈਰਵੀ ਚਕ੍ਰ ਨਾਂ ਹੁੰਦਾ ਤਾਂ ਏਹ ਬਾਤ ਕਦੀ ਨਾਂ ਹੁੰਦੀ, ਅਰ ਰਥਦੇ ਪਹੀਆਂ ਦੇ ਨਾਲ ਕਲਾ ਬਣਾਈਆਂ ਹਨ, ਜਦ ਓਸਨੂੰ ਸਿਧੀ ਮਰੋੜਦੇ ਹਨ ਉਹ ਮਰੋੜੇ ਖਾਂਦੀਆਂ ਹਨ ਤਦ ਰਥ ਚਲਦਾ ਹੈ, ਜਦ ਮੇਲੇ ਦੇ ਵਿਚਕਾਰ ਰਥ ਪਹੁੰਚਦਾ ਹੈ ਤਦ ਓਸਦੀ ਕਿਲੀ ਨੂੰ ਪੁਠੀ ਮਰੋੜ ਦਿੰਦੇ ਹਨ ਰਥ ਖੜਾ ਖਲੋਤਾ ਰਹ ਜਾਂਦਾ ਹੈ, ਪੁਜਾਰੀ ਲੋਕ ਪੁਕਾਰਦੇ ਹਨ ਦਾਨ ਦੇਓ ਪੁੰਨ ਕਰੋ ਜਿਸਥੀਂ ਜਗਨੱਥ ਪ੍ਰਸੰਨ ਹੋਕੇ ਅਪਣਾ ਰਥ ਚਲਾਨ ਅਪਣਾ ਧਰਮ ਰਹੇ, ਜਦ ਤਿਕ ਭੇਟ ਆਉਂਦੀ ਜਾਂਦੀ ਹੈ ਤਦਤਿਕ ਇਸੇਤਰਾਂਹੀ ਪੁਕਾਰਦੇ ਜਾਂਦੇ ਹਨ ਜਦ ਆ ਚੁਕਦੀ ਹੈ ਤਦ ਇਕ

ਬ੍ਰਿਜਬਾਸੀ ਰੰਗੇ ਕਪੜੇ ਦੁਸ਼ਾਲਾ ਉਪਰ ਲੈਕੇ ਅਗੇ ਖਲੋਕੇ ਹਥ ਜੋੜਕ ਬੇਨਤੀ ਕਰਦਾ ਹੈ ਕਿ ਹੇ ਜਗਨਾੱਥ ਸ੍ਵਾਮੀ ਆਪ ਕ੍ਰਿਪਾ ਕਰਕੇ ਰਥ ਨੂੰ ਚਲਾਓ ਸਾਡਾ ਧਰਮ ਰੱਖੋ ਇਤਆਦੀ ਬੋਲਕੇ ਸਾਸ਼ਟਾਂਗ ਡੰਡੌਤ ਪ੍ਰਣਾਮ ਕਰਕੇ ਰਥ ਉਤੇ ਚੜਦਾ ਹੈ ਉਸੇ ਵੇਲੇ ਕਿਲੀ ਨੂੰ ਸਿਧਾ ਮਰੋੜ ਦਿੰਦੇ ਹਨ ਅਰ ਜੈ ਜੈ ਸਬਦ ਬੋਲਕੇ ਹਜਾਰਾਂ ਮਨੁਖ ਰਸੀ ਖਿਚਦੇ ਹਨ ਰਥ ਚਲਦਾ ਹੈ, ਜਦ ਬਹੁਤ ਸਾਰੇ ਲੋਗ ਦਰਸ਼ਨ ਨੂੰ ਜਾਂਦੇ ਹਨ ਤਦ ਇੰਨਾ ਵਡਾ ਮੰਦਰ ਹੈ ਕਿ ਜਿਸ ਵਿਚ ਦਿਨ ਦੇ ਵੇਲੇ ਬੀ ਹਨੇਰਾ ਰਹਿੰਦਾ ਹੈ ਅਰ ਦੀਵਾ ਜਿਗਾਂਣਾ ਪੈਂਦਾ ਹੈ,ਉਨਾਂ ਮੂਰਤੀਆਂ ਦੇ ਅਗੇ ਖਿਚਕੇ ਲਾਣ ਦੇ ਪਰਦੇ ਦੁਹਾਂ ਪਾਸੇ ਰਹਿੰਦੇ ਹਨ ਪੰਡੇ ਪੁਜਾਰੀ ਅੰਦਰ ਖਲੋਤੇ ਰਹਿੰਦੇ ਹਨ ਜਦ ਇਕ ਪਾਸੇ ਵਾਲੇ ਨੇ ਪਰਦੇ ਨੂੰ ਖਿਚਿਆ ਝਟ ਮੂਰਤੀ ਓਹਲੇ ਵਿਚ ਆ ਜਾਂਦੀ ਹੈ ਤਦ ਸਭ ਪਾਂਡੇ ਅਰ ਪੁਜਾਰੀ ਕਹਿੰਦੇ ਹਨ ਤੁਸੀਂ ਭੇਟ ਧਰੋ ਤੁਹਾਡੇ ਪਾਪ ਛੁਟ ਜਾਂਨਗੇ ਤਦ ਦਰਸ਼ਨ ਹੋਵੇਗਾ ਛੇਤੀ ਕਰੋ ਉਹ ਵਿਚਾਰੇ ਭੋਲੇ ਮਨੁਖ ਧੂਰਤਾਂ ਕੋਲੋਂ ਠੱਗੇ ਜਾਂਦੇ ਹਨ ਅਰ ਝਟ ਪਰਦਾ ਦੂਜਾ ਖਿਚ ਲੈਂਦੇ ਹਨ ਤਦੇ ਹੀ ਦਰਸ਼ਨ ਹੁੰਦਾ ਹੈ ਤਦ ਜੈ ਸ਼ਬਦ ਬੋਲਕੇ ਪ੍ਰਸੰਨ ਹੋਕੇ ਧਿੱਕੇ ਖਾਕੇ ਦੁਰਕਾਰੇ ਹੋਏ ਚਲੇ ਆਉਂਦੇ ਹਨ, ਇੰਦ੍ਰ ਦਮਨ ਉਹੋ ਹੈ ਜਿਸਦੇ ਕੁਲਦੇ ਲੋਗ ਹੁਣ ਤਿਕ ਕਲਕੱਤੇ ਵਿਚ ਹਨ, ਉਹ ਧਨਵਾਂਨ ਰਾਜਾ ਅਰ ਦੇਵੀ ਦਾ ਉਪਾਸ਼ਕ ਸੀ ਓਸਨੇ ਲੱਖਾਂ ਰੁਪਏ ਲਗਾਕੇ ਮੰਦਰ ਬਣਵਾਇਆ ਸੀ ਏਸ ਲਈ ਕਿ ਆਰਯਾਵਰਤ ਦੇਸ਼ਦੇ ਭੋਜਨ ਦਾ ਬਖੇੜਾ ਏਸ ਰੀਤੀ ਨਾਲ ਛੁਡਾਵਾਂ,ਪ੍ਰੰਤੂ ਉਹ ਮੂਰਖ ਕਦ ਛਡਦੇ ਹਨ, ਦੇਵਤਾ ਮੰਨੋਂ ਤਾਂ ਉਨਾਂ ਕਾਰੀਗਰਾਂ ਨੂੰ ਮੰਨੋ ਕਿ ਜਿਨਾਂ ਕਾਰੀਗਰਾਂ ਨੇ ਮੰਦਰ ਬਣਾਇਆ, ਰਾਜਾ, ਪੰਡਾ, ਅਰ ਤਰਖਾਂਣ ਓਸ ਸਮੇਂ ਨਹੀਂ ਮਰਦੇ ਪ੍ਰੰਤੂ ਉਹ ਤਿਨੋਂ ਓਥੇ ਪ੍ਰਧਾਂਨ ਰਹਿੰਦੇ ਹਨ ਛੋਟੇ ਮਨੁੱਖਾਂ ਨੂੰ ਦੁਖ ਦਿੰਦੇ ਹੋਂਨਗੇ,ਉਨਾਂ ਨੇ ਸਲਾਹ ਕਰਕੇ ਓਸ ਸਮੇਂ ਅਰਥਾਤ ਕਲੇਵਰ ਬਦਲਣ ਦੇ ਵੇਲੇ ਉਹ ਤਿਨੋਂ ਉਪਸਥਿਤ ਰਹਿੰਦੇ ਹਨ, ਮੂਰਤੀ ਦਾ ਹਿਰਦਾ ਪੋਲਾ ਰਖਿਆ ਹੈ, ਓਸ ਵਿਚ ਸੋਨ ਦੀ ਡੱਬੀ ਵਿਚ ਸ਼ਾਲਗ੍ਰਾਂਮ ਰਖਦੇ ਹਨ ਕਿ ਜਿਸ ਨੂੰ ਪ੍ਰਤੀ ਦਿਨ ਧੋਕੇ ਚਰਣਾਮ੍ਰਿਤ ਬਣਾਦੇ ਹਨ, ਓਸ ਉਤੇ ਰਾਤ ਨੂੰ ਸੌਣ ਵੇਲੇ ਦੀ ਆਰਤੀ ਵਿਚ ਉਨਾਂ ਲੋਕਾਂ ਨੇ ਜੈਹਰ ਵਾ ਤੇਜਾਬ ਲਪੇਟ ਦਿਤਾ ਹੋਵੇਗਾ ਓਸ ਨੂੰ ਧੋਕੇ ਉਨਾਂ ਨੇ ਤਿੱਨਾਂ ਨੂੰ ਪਿਆਇਆ ਹੋਵੇਗਾ ਕਿ ਜਿਸ ਕਰਕੇ ਉਹ ਕਦੀ ਮਰਗਏ ਹੋਂਨਗੇ, ਮਰੇ ਤਾਂ ਏਸ ਤਰਾਂ ਹੋਂਨਗੇ ਪਰ ਭੋਜਨ ਭਟਾਂ ਨੇ ਪ੍ਰਸਿਧ ਕੀਤਾ ਹੋਵੇਗਾ ਕਿ ਜਗਨਾਥ ਜੀ ਅਪਣੇ ਸ਼੍ਰੀਰ ਬਦਲਣ ਵੇਲੇ ਤਿੱਨਾਂ ਭਗਤਾਂ ਨੂੰ ਬੀ ਨਾਲ ਲੈ ਗਏ,ਅਜੇਹੀਆਂ ਝੂਠੀਆਂ ਗਲਾਂ ਬਿਗਾਂਨੇ ਮਾਲ ਠਗੱਣ ਦੇ ਵਾਸਤੇ ਬਹੁਤ ਸਾਰੀਆਂ ਹੋਇਆਂ ਕਰਦੀਆਂ

ਹਨ॥

(ਪ੍ਰਸ਼ਨ) ਜੋ ਰਾਮੇਸ਼੍ਵਰ ਵਿਚ ਗੰਗੋਤ੍ਰੀ ਦੇ ਜਲ ਚੜ੍ਹਾਂਨ ਦੇ ਸਮੇਂ ਲਿੰਗ ਵਧ ਜਾਂਦਾ ਹੈ ਕੀ ਏਹ ਬੀ ਬਾਤ ਝੂਠੀ ਹੈ ?

(ਉਤ੍ਰ) ਝੂਠੀ ਕਿਉਂਕਿ ਓਸ ਮੰਦਰ ਵਿਚ ਬੀ ਹਨੇਰਾ ਰਹਿੰਦਾ ਹੈ ਦੀਵੇ ਦਿਨ ਰਾਤ ਜਗਦੇ ਰਹਿੰਦੇ ਹਨ ਜਦ ਜਲਦੀ ਧਾਰ ਛਡਦੇ ਰਹਿੰਦੇ ਤਦ ਓਸ ਜਲ ਵਿਚ ਬਿਜਲੀ ਦੀ ਨਿਆਂਈ ਦੀਵੇ ਦਾ ਪਤੀਬਿੰਬ ਚਮਕਦਾ ਹੈ, ਹੋਰ ਕੁਝ ਬੀ ਨਹੀਂ, ਨਾਂ ਪਥੱਰਘਟੇ ਨਾ ਵੱਧੇ ਜਿੱਨੇ ਦਾ ਤਿੱਨਾ ਰਹਿੰਦਾ ਹੈ ਅਜੇਹੀ ਲੀਲਾ ਕਰਕੇਵਿਚਾਰੇ ਬੁਧੂਆਂ ਨੂੰ ਠਗਦੇ ਹਨ।

(ਪ੍ਰਸ਼ਨ) ਰਾਮੇਸ਼੍ਵਰ ਨੂੰ ਰਾਮਚੰਦ੍ਰ ਨੇ ਸਥਾਪਨ ਕੀਤਾ ਹੈ, ਜੇ ਮੂਰਤੀ ਪੂਜਾ ਵੇਦ ਵਿਰੁਧ ਹੁੰਦੀ ਤਾਂ ਰਾਮਚੰਦ੍ਰ ਮੂਰਤੀ ਸਥਾਪਨ ਕਿਉਂ ਕਰਦੇ? ਅਰ ਬਾਲਮੀਕ ਜੀ ਰਾਮਾਇਣ ਵਿਚ ਕਿਉਂ ਲਿਖਦੇ?

(ਉਤ੍ਰ) ਰਾਮਚੰਦ੍ਰ ਦੇ ਵੇਲੇ ਓਸ ਲਿੰਗ ਦੇ ਮੰਦਰ ਦਾ ਨਾਂਉ ਨਿਸ਼ਾਂਨ ਬੀ ਨਹੀਂ ਸੀ ਕਿੰਤੂ ਏਹ ਠੀਕ ਹੈ ਕਿ ਦਖੱਣ ਦੇਸ਼ ਵਾਲੇ ਰਾਮਨਾਮੀ ਰਾਜੇ ਨੇ ਮੰਦਰ ਬਣਾਕੇ ਲਿੰਗ ਦਾ ਨਾਂਉ ਰਾਮੇਸ਼੍ਵਰ ਧਰ ਦਿਤਾ ਹੈ, ਜਦ ਰਾਮਚੰਦ੍ਰ ਸੀਤਾਜੀ ਨੂੰ ਲੈਕੇ ਹਨੂੰਮਾਂਨ ਆਦੀ ਦੇ ਨਾਲ ਲੰਕਾ ਥੀਂ ਚਲੇ ਅਕਾਸ਼ਮਾਰਗ ਵਿਚਬਿਬਾਂਨ ਵਿਚ ਬੈਠਕੇ ਅਜੁਧਿਆ ਨੂੰ ਆਂਉਦੇ ਸਨ ਤਦ ਸੀਤਾਜੀ ਨੂੰ ਕਹਿਆ ਕਿ:—

अत्र पूर्वं महादेवः प्रसादमकरोद्विभुः ।

सेतुबन्ध इति विख्यातम् ॥ वाल्मीकि रा० ।

लंकाकां० सर्ग १२५ । श्लो० २० ॥

ਹੇ ਸੀਤਾ ਤੇਰੇ ਵਿੰਜੋਗ ਦੇ ਕਾਰਣ ਅਸੀ ਬਿਆਕੁਲ ਹੋਕੇ ਫਿਰਦੇ ਸਾਂ, ਅਰ ਇਸੇ ਥਾਂ ਵਿਚ ਚੌਮਾਸਾ ਕੀਤਾ ਸੀ, ਅਰ ਪਰਮੇਸ਼੍ਵਰ ਦੀ ਉਪਾਸਨਾ ਧਿਆਂਨ ਬੀ ਕਰਦੇ ਸਾਂ, ਉਹ ਜੇਹਿੜਾ ਸਭ ਥਾਂ ਬਿਆਪਕ, ਦੇਵਾਂ ਦਾ ਦੇਵ ਮਹਾਂਦੇਵ ਪਰਮੇਸ਼੍ਵਰ ਹੈ ਓਸਦੀ ਕ੍ਰਿਪਾ ਕਰਕੇ ਸਾਨੂੰ ਸਭ ਸਮਗੀ ਏਥੇ ਪ੍ਰਾਪਤ ਹੋਈ, ਅਰ ਵੇਖ ਏਹ ਪੁਲ ਅਸਾਂਨੇ ਬਨ੍ਹਕੇ ਲੰਕਾ ਵਿਚ ਆਕੇ ਓਸ ਰਾਉਣ ਨੂੰ ਮਾਰਕੇ ਤੈਨੂੰ ਲੈ ਆਏ, ਏਸਤੋਂ ਬਿਨਾਂ ਉਥੇ ਬਾਲਮੀਕ ਨੇ ਹੋਰ ਕੁਝਬੀ ਨਹੀ ਲਿਖਿਆ।

(ਪ੍ਰਸ਼ਨ):—

"ਰੰਗ ਹੈ ਕਲੀਆ ਕੰਤਕੋ। ਜਿਸਨੇ ਹੁੱਕਾ ਪਿਲਾਇਆ ਸੰਤਕੋ"

ਦਖੱਣ ਵਿਚ ਕਲੀਆ ਕੰਤਦੀ ਮੂਰਤੀ ਹੈ ਉਹ ਹੁਣ ਤਿਕ ਹੁੱਕਾ ਪੀਂਦੀ ਹੈ। ਜੇ ਮੂਰਤੀ ਪੂਜਾ ਝੂਠੀ ਹੋਵੇ ਤਾਂ ਏਹ ਚਮਤਕਾਰ ਬੀ ਝੂਠਾ ਹੋ ਜਾਵੇ।

(ਉਤ੍ਰ) ਝੂਠ ਹੈ ਝੂਠ ਹੈ ਏਹ ਸਭ ਪੋਪ ਲੀਲਾ ਹੈ ਕਿਉਂਕਿ ਓਸ ਮੂਰਤੀਦਾ

ਮੂੰਹ ਪੋਲਾ ਹੋਵੇ ਗਾ,ਓਸਦੀ ਪਿਠ ਵਿਚ ਛੇਕ ਕਰਕੇ ਕੰਧ ਦੇ ਪਾਰ ਦੂਜੇ ਮਕਾਂਨ ਵਿਚ ਨਲ ਲਗਿਆ ਹੋਵਗਾ ਜਦ ਪੁਜਾਰੀ ਹੁੱਕਾ ਭਰਵਾਕੇ ਪੇਚਵਾਂਨ ਲਗਾ ਕੇ ਮੂੰਹ ਵਿਚ ਨਲੀ ਜਮਾਕੇ ਪਰਦੇ ਸੁਟਕੇ ਨਿਕਲ ਆਉਂਦਾ ਹੋਵੇਗਾ ਤਦੇ ਹੀ ਪਿਛੇ ਵਾਲਾ ਆਦਮੀ ਮੂੰਹ ਨਾਲ ਖਿਚਦਾ ਹੋਵੇਗਾ ਤਾਂ ਇਧਰ ਹੁੱਕਾ ਗੁੜ ਗੁੜ ਬੋਲਦਾ ਹੋਵੇ ਗਾ,ਦੂਜਾ ਛੇਕ ਨੱਕ ਅਰ ਮੂੰਹ ਦੇ ਨਾਲ ਲਗਿਆ ਹੋਵੇਗਾ ਜਦ ਪਿਛੋਂ ਫੂਕ ਮਾਰ ਦਿੰਦਾ ਹੋਵੇਗਾ ਤਦ ਨਕ ਅਰ ਮੂੰਹ ਦੇ ਛੇਕਾਂ ਥੀਂ ਧੂੰਆਂ, ਨਿਕਲਦਾ ਹੋਵੇਗਾ ਓਸਵੇਲੇ ਬਹੁਤ ਸਾਰੇ ਮੂਰਖਾਂ ਨੂੰ ਧਨ ਆਦੀ ਪਦਾਰਥਾਂ ਥੀਂ ਲੁਟਕੇ ਧਨ ਰਹਿਤ ਕਰ ਦਿੰਦੇ ਹੋਂਨ ਗੇ॥

(ਪ੍ਰਸ਼ਨ) ਵੇਖੋ ਡਾਕੌਰ ਜੀਦੀ ਮੂਰਤੀ ਦੁਆਰਕਾ ਤੋਂ ਭਗਤ ਦੇ ਨਾਲ ਚਲੀ ਆਈ,ਇਕ ਸਵਾ ਰੱਤੀ ਸੋਨੇ ਵਿਚ ਕਈ ਮਣ ਦੀ ਮੂਰਤੀ ਤੁਲ ਗਈ ਕੀ ਏਹ ਬੀ ਚਮਤਕਾਰ ਨਹੀ।

(ਉਤ੍ਰ) ਨਹੀ ਉਹ ਭਗਤ ਮੂਰਤੀ ਨੂੰ ਚੁਰਾ ਲਿਆਇਆ ਹੋਵੇਗਾ ਅਰ ਸਵਾ ਰੱਤੀ ਦੇ ਬਰਾਬਰ ਮੂਰਤੀ ਦਾ ਤੁਲਣਾ ਕਿਸੇ ਭੰਗੜ ਆਦਮੀ ਨੇ ਗੱਪ ਮਾਰੀ ਹੋਵੇਗੀ।

(ਪ੍ਰਸ਼ਨ) ਵੇਖੋ ਸੋਮਨਾਥਜੀ ਪ੍ਰਿਥਵੀ ਤੋਂ ਉਪਰ ਰਹਿੰਦਾ ਸੀ, ਅਰ ਵਡਾ ਚਮਤਕਾਰ ਸੀ,ਕੀ ਏਹ ਬੀ ਬਾਤ ਝੂਠੀ ਹੈ ?

(ਉਤ੍ਰ) ਆਹੋ ਝੂਠੀ ਹੈ, ਸੁਣੋ ਉਪਰ ਹੇਠਾਂ ਚਮਕਪਥੱਰ ਲਗਾ ਰਖਿਆ ਸੀ ਓਸਦੀ ਆਕਰਖਣ ਨਾਲ ਉਹ ਮੂਰਤੀ ਵਿਚਕਾਰ ਖਲੋਤੀ ਰਹਿੰਦੀ ਸੀ, ਜਦ 'ਮੈਹਮੂਦ ਗਜਨਵੀ'ਆਕੇ ਲੜਿਆ ਤਦ ਏਹ ਚਮਤਕਾਰ ਹੋਇਆ ਕਿ ਓਸਦਾ ਮੰਦਰ ਢਾਹਿਆਗਿਆ ਅਰ ਪੁਜਾਰੀ ਭਗਤਾਂਦੀ ਦੁਰਦਸ਼ਾ ਹੋ ਗਈ, ਅਰ ਲਖਾਂ ਦੀ ਫੌਜ ਦਸ ਹਜਾਰ ਫੌਜ ਥੀਂ ਨਠ ਗਈ,ਜੋ ਪੋਪ ਪੁਜਾਰੀ ਪੂਜਾ, ਪੁਰਸ ਚਰਣ ਉਸਤੁਤੀ,ਪ੍ਰਾਰਥਨਾਂ ਕਰਦੇ ਸਨ ਕਿ ਹੇ ਮਹਾਂਦੇਵ ਏਸ ਮਲੇਛ ਨੂੰ ਤੂੰ ਮਾਰਸੁਟ, ਸਾਡੀ ਰਖਿਆ ਕਰ,ਅਰ ਉਹ ਅਪਣੇ ਚੇਲੇ ਰਾਜਿਆਂ ਨੂੰਸਮਝਾਂਦੇ ਸਨ ਕਿ ਆਪ ਨਿਸ਼ਚਿੰਤ ਰਹੋਏ ਮਹਾਂਦੇਵ ਜੀ ਭੈਰੋਂ ਅਥਵਾ ਬੀਰਭਦ੍ਰ ਨੂੰ ਭੇਜ ਦੇਨ ਗੇ,ਅਰ ਸਭ ਮਲੇਛਾਂ ਨੂੰ ਮਾਰ ਸੁਟਨ ਗੇ ਵਾ ਅਨ੍ਹਾਂ ਕਰ ਦੇਂਨ ਗੇ, ਹੁਣੇ ਸਾਡਾ ਦੇਵਤਾ ਪ੍ਰਸਿਧ ਹੁੰਦਾ ਹੈ ਹਨੂੰਮਾਨ, ਦੁਰਗਾ, ਅਰ ਭੈਰੋਂ ਨੈ ਸੁਪਨਾਂ ਦਿੱਤਾ ਹੈ ਕਿ ਅਸੀ ਸਭ ਕੰਮ ਕਰ ਦਿਆਂਗੇ ਉਹ ਬਿਚਾਰੇ ਭੋਲੇ ਰਾਜਾ ਅਰ ਖਤਰੀ ਪੋਪਾਂਦੇ ਬਕਾਣ ਕਰਕੇ ਵਿਸ਼੍ਵਾਸ ਵਿਚ ਰਹੇ, ਕਿੰਨੇ ਹੀ ਜੋਤਸੀ ਪੋਪਾਂ ਨੈ ਕਹਿਆ ਕਿ ਹੁਣ ਤੁਹਾਡੀ ਚੜ੍ਹਾਈ ਦਾ ਮਹੂਰਤ ਨਹੀ ਹੈ,ਇਕਨੈ ਅਠਵਾਂ ਚੰਦ੍ਰਮਾ ਦਸਿਆ,ਦੂਜੇ ਨੈ ਜੋਗਣੀ ਸਾਮਣੇ ਦੱਸੀ ਇਤ ਆਦੀ ਬਕਾਵਟ ਵਿਚ ਰਹੇ,ਜਦ ਮਲੇਛਾਂ ਦੀ ਫੌਜ ਨੈ ਆਕੇ ਘੇਰ ਲੀਤਾ ਤਦ ਦੁਰਦਸ਼ਾ ਨਾਲ ਨੱਠੇ ਕਿੰਨੇ ਹੀ ਪੋਪ ਪੁਜਾਰੀ ਅਰ ਉਨਾਂਦੇ ਚੇਲੇ ਪਕੜੇ ਗਏ,ਪੁਜਾਰੀਆਂ ਨੈ ਏਹ ਬੀ

ਹਥ ਜੋੜਕੇ ਕਹਿਆ ਕਿ ਤ੍ਰਿੰਨ ਕ੍ਰੋੜ ਰੁਪਯੇ ਲੈ ਲਵੋ ਮੰਦਿਰ ਅਰ ਮੂਰਤੀ ਨਾਂ ਭਨੋਂ ਮੁਸਲਮਾਨਾਂ ਨੇ ਕਹਿਆ ਕਿ ਅਸੀ ਬੁਤਪ੍ਰਸਤ ਨਹੀ ਕਿੰਤੂ ਬੁਤਸ਼ਕਨ ਅਰਥਾਤ ਮੂਰਤੀ ਪੂਜਕ ਨਹੀ ਕਿੰਤੂ ਮੂਰਤੀ ਭੰਜਕ ਹਾਂ,ਜਾਕੇ ਝਟ ਮੰਦਿਰ ਢਾਹ ਦਿੱਤਾ,ਜਦ ਉਪਰ ਦੀ ਛਤ ਟੁੱਟੀ ਤਦ ਚੁਮਕ ਪਥੱਰ ਵਖਰਾ ਹੋਣ ਕਰਕੇ ਮੂਰਤੀ ਡਿਗ ਪਈ,ਜਦ ਮੂਰਤੀ ਭੱਨੀ ਤਦ ਸੁਣਿਆਂ ਜਾਂਦਾ ਹੈ ਕਿ ਅਠਾਰਾਂ ਕ੍ਰੋੜ ਦੇ ਰਤਨ ਨਿਕਲੇ, ਜਦ ਪੁਜਾਰੀ ਅਰ ਪੋਪਾਂ ਨੂੰ ਕੋਲੜੇ ਪਏ ਤਦ ਰੋਣ ਲਗੇਕਿਹਾ ਕਿ ਖਜਾਨਾਂ ਦਸੋ ਮਾਰਦੇ ਮਾਰੇ ਝਟ ਦਸ ਦਿੱਤਾ ਤਦ ਸਭ ਖਜਾਨਾ ਲੁਟ ਮਾਰ ਲੀਤਾ ਪੋਪ ਅਰ ਉਨਾਂਦੇ ਚੇਲਿਆਂ ਨੂੰ ਗੁਲਾਂਮ ਵਿਗਾਰੀ ਬਣਾਕੇ ਆਟਾ ਪਿਹਾਇਆ, ਘਾਹ ਪੁਟਾਇਆ, ਮਲ ਮੂਤ੍ਰ ਆਦੀ ਉਠਵਾਇਆ, ਅਰ ਛੋਲੇ ਖਾਂਣ ਨੂੰ ਦਿਤੇ,ਹਾਏ ਕਿਉਂ ਪਥੱਰ ਦੀ ਪੂਜਾ ਕਰਕੇ ਸਤਿਆ ਨਾਸ਼ ਨੂੰ ਪ੍ਰਾਪਤ ਹੋਏ ਕਿਉਂ ਪਰਮੇਸ੍ਵਰ ਦੀ ਭਗਤੀ ਨਾਂ ਕੀਤੀ, ਕਿ ਮਲੇਛਾਂ ਦੇ ਦੰਦ ਤੋੜ ਸੁਟਦੇ ਅਰ ਅਪਣੀ ਜਿਤ ਕਰਦੇ ਵੇਖੋ! ਜਿਨੀਆਂ ਮੂਰਤੀਆਂ ਹਨ ਉਨਾਂ ਦੀ ਥਾਂ ਸੂਰਬੀਰਾਂ ਦੀ ਪੂਜਾ ਕਰਦੇ ਤਾਂ ਬੀ ਕਿਨੀ ਰਖਿਆ ਹੁੰਦੀ ਪੁਜਾਰੀਆਂ ਨੇ ਇਨਾਂ ਪਥਰਾਂ ਦੀ ਐਨੀ ਭਗਤੀ ਕੀਤੀ ਪ੍ਰੰਤੂ ਮੂਰਤੀ ਇਕ ਬੀ ਉਨਾਂ ਦੁਸ਼ਮਣਾਂ ਦੇ ਸਿਰ ਉਡਕੇ ਨਾ ਲਗੀ,ਜੇ ਕਿਸੇ ਇਕ ਸੂਰਬੀਰ ਪੁਰਸ਼ ਦੀ ਮੂਰਤੀ ਚਾਕਰ ਸੇਵਾ ਕਰਦੇ ਤਾਂ ਉਹ ਅਪਣੇ ਸੇਵਕਾਂ ਨੂੰ ਜਥਾਸ਼ਕਤੀ ਬਚਾਂਦਾ ਅਰ ਉਨਾਂ ਦੁਸ਼ਮਣਾਂ ਨੂੰ ਮਾਰਦਾ॥

(ਪ੍ਰਸ਼ਨ) ਦੁਆਰਕਾ ਜੀਦੇ ਰਣਛੋੜਜੀ ਜਿਨਾਂ ਨੇ ਨਰਸੀ ਮਹਿਤਾ ਦੇ ਪਾਸ ਹੁੰਡੀ ਭੇਜ ਦਿਤੀ ਅਰ ਓਸਦਾ ਰਿਣ ਚੁਕਾ ਦਿਤਾ ਇਤ ਆਦੀ ਬਾਤ ਬੀ ਕੀ ਝੂਠੀ ਹੈ ?

(ਉਤ੍ਰ) ਕਿਸੇ ਸ਼ਾਹੂਕਾਰ ਨੇ ਰੁਪਯੇ ਦੇ ਦਿੱਤੇ ਹੋਣਗੇ,ਕਿਸੇ ਨੇ ਝੂਠਾ ਨਾਂਉ ਉਡਾ ਦਿਤਾ ਹੋਵੇ ਗਾ ਕਿ ਸ਼੍ਰੀ ਕ੍ਰਿਸ਼ਨ ਨੇ ਭੇਜੇ, ਜਦ ਸਮਤ ੧੯੧੪ ਦੇ ਵਰ੍ਹੇ ਵਿਚ ਤੋਪਾਂ ਦੇ ਮਾਰੇ ਮੰਦਰ ਮੂਰਤੀਆਂ ਅੰਗ੍ਰੇਜਾਂ ਨੇ ਉਡਾ ਦਿਤੀਆਂ ਸਨ ਤਦ ਮੂਰਤਾਂ ਕਿਥੇ ਗਈਆਂ ਸਨ? ਪਰਬਾਘੇਰ ਦੇ ਲੋਕਾਂ ਨੇ ਜਿੱਨੀ ਬੀਰਤਾ ਕੀਤਾ ਅਰ ਲੜੇ ਦੁਸ਼ਮਣਾਂ ਨੂੰ ਮਾਰਿਆ ਪ੍ਰੰਤੂ ਮੂਰਤੀ ਇਕ ਮਖੀ ਦੀ ਟੰਗ ਬੀ ਨਾ ਭਨ ਸਕੀ,ਜੇ ਸ੍ਰੀ ਕ੍ਰਿਸ਼ਨ ਵਰਗਾ ਕੋਈ ਹੁੰਦਾ ਤਾਂ ਇਨਾਂਦੇ ਧੁਰੇ ਉਡਾ ਦਿੰਦਾ ਅਰ ਏਹ ਨਠਦੇ ਫਿਰਦੇ। ਭੁਲਾ ਏਹ ਤਾਂ ਦਸੋ ਕਿ ਜਿਸਦੀ ਰਖਿਆ ਕਰਨਵਾਲੇ ਮਾਰ ਖਾਂਨ ਓਸਦੀ ਸ਼ਰਨ ਆਵਣ ਵਾਲੇ ਕਿਉਂ ਨਾ ਮਾਰ ਖਾਨ॥

(ਪ੍ਰਸ਼ਨ) ਜੁਆਲਾਮੁਖੀ ਤਾਂ ਪ੍ਰਤਖ ਦੇਵੀ ਹੈ ਸਭਨੂੰ ਖਾ ਜਾਂਦੀ ਹੈ, ਅਰ ਪ੍ਰਸਾਦ ਦੇਵੇਂ ਤਾਂ ਅਧਾ ਖਾ ਜਾਂਦੀ ਅਰ ਅੱਧਾ ਛਡ ਦਿੰਦੀ ਹੈ, ਮੁਸਲਮਾਨ ਬਾਦਸਾਹ ਨੇ ਓਸ ਉਤੇ ਪਾਣੀ ਦੀ ਨੇਹਰ ਛੁਡਵਾਈ ਅਰ ਲੋਹੇ ਦੇ ਤਵੇ ਜਕੜ

ਦਿਤੇ ਤਾਂ ਬੀ ਜੁਆਲਾ ਨਾ ਬੁਝੀ ਅਰ ਨਾ ਰੁਕੀ, ਇਸੇਤਰਾਂ ਹਿੰਗਲਾਜ ਬੀ ਅਧੀ ਰਾਤ ਨੂੰ ਸੁਆਰੀ ਕਰਕੇ ਪਹਾੜ ਉਤੇਂ ਦਿਖਾਲੀ ਦਿੰਦੀ ਪਹਾੜ ਨੂੰ ਗਜਾਂਦੀ ਹੈ, ਚੰਦ੍ਰਕੂਪ ਬੋਲਦਾ ਅਰ ਜੋਨੀਜੰਤ੍ਰ ਵਿਚੋਂ ਨਿਕਲਣ ਕਰਕੇ ਫੇਰ ਜਨਮ ਨਹੀਂ ਹੁੰਦਾ, ਠੁਮਰਾ ਬੰਨ੍ਹਨ ਨਾਲ ਪੂਰਾ ਮਹਾਂ ਪੁਰਸ਼ ਅਖਾਂਉਂਦਾ, ਜਦ ਤਿਕ ਹਿੰਗਲਾਜ ਨਾ ਹੋ ਆਵੇ ਤਦ ਤਿਕ ਅਧੱਾ ਮਹਾਂ ਪੁਰਸ਼ ਅਖਵਾਂਦਾ ਹੈ ਇਤਆਦੀ ਸਭ ਬਾਤਾਂ ਕੀ, ਮਨੱਣ ਜੋਗ ਨਹੀਂ ?

(ਉਤ੍ਰ) ਨਹੀਂ, ਕਿਉਂਕਿ ਉਹ ਜੁਆਲਾਮੁਖੀ ਪਹਾੜ ਵਿਚੋਂ ਅਗ ਨਿਕਲਦੀ ਹੈ ਓਸ ਵਿਚ ਪੁਜਾਰੀ ਲੋਕਾਂ ਦੀ ਬਿਚਿਤ੍ਰ ਲੀਲਾ ਹੈ, ਜਿਸਤਰਾਂ ਘਿਉ ਪਘਾਰ ਕੇ ਘਿਉ ਦੇ ਚਮਚੇ ਵਿਚ ਲਾਟ ਆਜਾਂਦੀ ਹੈ, ਵਖਰੀ ਕਰਨ ਨਾਲ ਜਾਂ ਫੂਕ ਮਾਰਣ ਨਾਲ ਉਹ ਬੁਝ ਜਾਂਦੀ ਹੈ, ਅਰ ਥੋੜੇ ਜੇਹੇ ਘਿਉ ਨੂੰ ਖਾ ਜਾਂਦੀ, ਅਰ ਰਹਿੰਦ ਖੂੰਹਦ ਨੂੰ ਛਡ ਜਾਂਦੀ ਹੈ, ਓਸ ਵਾਕਰ ਓਥੇ ਬੀ ਹੈ, ਜਿਸਤਰਾਂ ਚੁਲ੍ਹੇ ਦੀ ਲਾਟ ਵਿਚ ਜੋ ਡਾਲਿਆ ਜਾਂਦਾ ਹੈ ਸਭ ਭਸਮ ਹੋ ਜਾਂਦਾ, ਜੰਗਲ ਵਾ ਘਰ ਵਿਚ ਲਗ ਜਾਂਣ ਨਾਲ ਸਭ ਨੂੰ ਖਾ ਜਾਂਦੀ ਹੈ ਏਸ ਤੋਂ ਉਥੇਂ ਕੀ ਵਧੀਕ ਹੈ ਬਗੈਰ ਇਕ ਮੰਦਰ ਕੁੰਡ, ਅਰ ਇਧਰ ਉਧਰ ਨਲ ਰਚਨਾਂ ਦੇ, ਹਿੰਗਲਾਜ ਵਿਚ ਨਾ ਕੋਈ ਸੁਆਰੀ ਹੁੰਦੀ ਅਰ ਜੋ ਕੁਝ ਹੁੰਦਾ ਹੈ ਉਹ ਸਭ ਪੁਜਾਰੀਆਂ ਦੀ ਲੀਲਾ ਤੋਂ ਬਿਨਾਂ ਦੂਜਾ ਕੁਝ ਬੀ ਨਹੀਂ। ਇਕ ਪਾਣੀ ਅਰ ਰੇਤ ਛਲੇ ਦਾ ਕੁੰਡ ਬਣਾ ਰਖਿਆ ਹੈ ਜਿਸਦੇ ਹੇਠੋਂ ਬੁਲਬੁਲੇ ਉਠਦੇ ਹਨ ਓਸਨੂੰ ਸਫਲ ਜਾਤ੍ਰਾ ਹੋਣਾ ਮੂੜ ਮਨਦੇ ਹਨ, ਜੂੰਨੀ ਦਾ ਜੰਤ੍ਰ ਉਨ੍ਹਾਂ ਲੋਕਾਂ ਨੇ ਧਨ ਲੁਟੱਣ ਦੇ ਵਾਸਤੇ ਬਣਾ ਰਖਿਆ ਹੈ, ਅਰ ਠੁਮਰੇ ਬੀ ਉਸੇ ਤਰਾਂ ਪੋਪ ਲੀਲਾ ਦੇ ਹਨ, ਜੇ ਓਸ ਥੀਂ ਮਹਾਂ ਪੁਰਸ਼ ਬਣੇ ਤਾਂ ਇਕ ਪਸ਼ੂ ਉਤੇ ਠੁਮਰੇ ਦਾ ਭਾਰ ਲਦ ਦੇਈਏ ਤਾਂ ਕੀ ਉਹ ਮਹਾਂ ਪੁਰਸ਼ ਹੋ ਜਾਵੇਗਾ? ਮਹਾਂ ਪੁਰਸ਼ ਤਾਂ ਬੜੇ ਉਤੱਮ ਧਰਮ ਜੁਕਤ ਪੁਰਸ਼ਾਰਥ ਕਰਨ ਨਾਲ ਹੁੰਦਾ ਹੈ।

(ਪ੍ਰਸ਼ਨ) ਅਮ੍ਰਿਤਸਰ ਦਾ ਤਲਾ ਅਮ੍ਰਿਤ ਰੂਪ, ਮੋਰੇਠੀ ਦਾ ਫਲ ਅਧੱਾ ਮਿਠੱਾ, ਅਰ ਇਕ ਕੰਧ ਨਿਉਂ ਜਾਂਦੀ ਹੈ ਪਰ ਡਿਗਦੀ ਨਹੀਂ, ਰਵਾਲਸਰ ਵਿਚ ਵੜੇ ਤਰਦੇ, ਅਮਰਨਾਥ ਵਿਚ ਆਪ ਥੀਂ ਆਪ ਲਿੰਗ ਬਣ ਜਾਂਦੇ, ਹਿਮਾਲਾ ਤੋਂ ਕਬੂਤਰ ਦੇ ਜੋੜੇ ਆਕੇ ਸਭ ਨੂੰ ਦਰਸ਼ਨ ਦੇਕੇ ਚਲੇ ਜਾਂਦੇ ਹਨ, ਕੀ ਏਹ ਬੀ ਮਨੱਣ ਜੋਗ ਨਹੀਂ ?

(ਉਤ੍ਰ) ਨਹੀਂ, ਓਸ ਤਲਾ ਦਾ ਨਾਮ ਮਾਤ੍ਰ ਅਮ੍ਰਿਤਸਰ ਹੈ, ਜਦ ਕਦੀ ਜੰਗਲ ਹੋਵੇਗਾ ਤਦ ਓਸਦਾ ਪਾਣੀ ਚੰਗਾ ਹੋਵੇਗਾ ਏਸ ਥੀਂ ਓਸਦਾ ਨਾਉਂ ਅਮ੍ਰਿਤਸਰ ਧਰਿਆ ਹੋਵੇਗਾ। ਜੇ ਅੰਮ੍ਰਿਤ ਹੁੰਦਾ ਤਾਂ ਪਾਣੀਆਂ ਦੇ ਮਨੱਣ ਦੇ ਤੁਲ ਕੋਈ ਕਿਂਉਂ ਮਰਦਾ?

ਕੰਧ ਦੀ ਕੁਝ ਬਨਾਉਟ ਅਜੇਹੀ ਹੋਵੇਗੀ ਜਿਸ ਕਰਕੇ ਨੀਂਉਦੀ ਹੋਵੇਗੀ ਅਰ ਡਿਗਦੀ ਨਾ ਹੋਵੇਗੀ। ਰੇਠੇ ਕਉਲ ਦੇ ਪੇਂਉਦੀ ਹੋਂਨਗੇ ਅਥਵਾ ਗਪਉੜਾ ਹੋਵੇਗਾ, ਰਵਾਲਸਰ ਵਿਚ ਵੜੇ ਤਰਨ ਵਿਚ ਕੁਝ ਕਾਰਾਗਰੀ ਹੋਵੇਗੀ। ਅਮਨਾਥ ਵਿਚ ਬਰਫ ਦੇ ਪਹਾੜ ਬਣਦੇ ਹਨ ਤਾਂ ਜਲ ਦਾ ਜਮਕੇ ਛੋਟੇ ਲਿੰਗ ਦਾ ਬਣਨਾ ਕੇਹੜੀ ਅਚਰਜ ਦੀ ਗਲ ਹੈ। ਅਰ ਕੁਬੂਤਰ ਦੇ ਜੋੜੇ ਪਾਲਤੂ ਹੋਂਨਗੇ ਪਹਾੜ ਦੇ ਪਿਛੋਂ ਮਨੁਖ ਛਡਦੇ ਹੋਂਨਗੇ ਵਿਖਾਕੇ ਟਕਾ ਲੁਟਦੇ ਹੋਂਨਗੇ।

(ਪ੍ਰਸ਼ਨ) ਹਰ ਦੁਆਰ ਸੁਰਗ ਦਾ ਦੁਆਰ, ਹਰ ਦੀ ਪੌੜੀ ਵਿਚ ਅਸ਼ਨਾਨ ਕਰੇ ਤਾਂ ਪਾਪ ਛੁਟ ਜਾਂਦੇ ਹਨ। ਅਰ ਤਪੋ ਬਨ ਵਿਚ ਰਹਿਣ ਨਾਲ ਤਪਸ੍ਵੀ ਹੁੰਦਾ, ਦੇਵ ਪ੍ਰਯਾਗ, ਗੰਗੋਤ੍ਰੀ ਵਿਚ ਗੋਮੁਖ, ਉਤ੍ਰਕਾਂਸ਼ੀ ਵਿਚ ਗੁਪਤਕਾਂਸ਼ੀ, ਤ੍ਰਿਜੁਗੀ ਨਾਰਾਇਣ ਦੇ ਦਰਸ਼ਨ ਹੁੰਦੇ ਹਨ, ਕੇਦਾਰ ਅਰ ਬਦਰੀ ਨਾਰਾਇਣ ਦੀ ਪੂਜਾ ਛੀ ਮਹੀਨੇ ਤਿਕ ਮਨੁਖ ਅਰ ਛੀ ਮਹੀਨੇ ਤਿਕ ਦੇਵਤਾ ਕਰਦੇ ਹਨ, ਮਹਾਂ ਦੇਵ ਦਾ ਮੂੰਹ ਨਿਪਾਲ ਵਿਚ, ਪਸ਼ੂਪਤੀ ਚੁਤੜ ਕੇਦਾਰ ਅਰ ਤੁੰਗ ਨਾਥ ਵਿਚ, ਗੋਡੇ ਪੈਰ ਅਮਰਨਾਥ ਵਿਚ ਇਨ੍ਹਾਂ ਦੇ ਦਰਸ਼ਨ ਪਰਸ਼ਨ ਸਨਾਨ ਕਰਨ ਨਾਲ ਮੁਕਤੀ ਹੋਜਾਂਦੀ ਹੈ, ਉਥੇ ਕੇਦਾਰ ਅਰ ਬਦਰੀ ਥੀਂ ਸੁਰਗ ਜਾਂਣਾ ਚਾਹੇ ਤਾਂ ਜਾ ਸਕਦਾ ਹੈ ਇਤ ਆਦੀ ਬਾਤਾਂ ਕੇਹੋ ਜੇਹੀਆਂ ਹਨ।

(ਉਤ੍ਰ) ਹਰਦੁਆਰ ਉਤ੍ਰ ਥੀਂ ਪਹਾੜਾਂ ਵਿਚ ਜਾਣ ਦੇ ਇਕ ਮਾਰਗ ਦਾ ਅਰੰਭ ਹੈ, ਹਰ ਦੀ ਪੌੜੀ ਇਕ ਅਸ਼ਨਾਨ ਦੇ ਵਾਸਤੇ ਕੁੰਡ ਦੀ ਪੌੜੀਆਂ ਨੂੰ ਬਣਾਇਆ ਹੈ। ਸਚ ਪੁਛੋ ਤਾਂ 'ਹਡ ਪੌੜੀ ਹੈ' ਕਿਉਂਕਿ ਦੇਸ਼ ਦਿਸਾਵਰਾਂ ਦੇ ਮੁਏ ਹੋਇਆਂ ਦੇ ਹਡ ਓਸ ਵਿਚ ਪੈਂਦੇ ਹਨ, ਪਾਪ ਕਦੀ ਨਹੀਂ ਕਿਧੇ ਛੁਟ ਸਕਦਾ ਬਿਨਾਂ ਭੋਗੇ, ਅਥਵਾ ਨਹੀਂ ਕਟਦੇ, ਤਪੋਬਨ ਜਦ ਹੋਵੇਗਾ ਤਦ ਹੋਵੇਗਾ ਹੁਣ ਤਾਂ ਮੰਗਤਿਆਂ ਦਾ ਬਨ ਹੋ ਰਹਿਆ ਹੈ, ਤਪੋ ਬਨ ਵਿਚ ਜਾਂਣ ਅਰ ਰਹਿਣ ਨਾਲ ਤਪ ਨਹੀਂ ਹੁੰਦਾ ਕਿੰਤੂ ਤਪ ਤਾਂ ਕਰਨ ਨਾਲ ਹੀ ਹੁੰਦਾ ਹੈ, ਕਿਉਂਕਿ ਓਥੇ ਬਹੁਤ ਸਾਰੇ ਦੁਕਾਂਨਦਾਰ ਝੂਠ ਬੋਲਣ ਵਾਲੇ ਥੀ ਰਹਿੰਦੇ ਹਨ।

"ਹਿਮਵਤ: ਪ੍ਰਭਵਤਿ ਗੰਗਾ"

ਪਹਾੜਦੇ ਉਪਰੋਂ ਪਾਂਣੀ ਡਿਗਦਾ ਹੈ, ਗੋਮੁਖਦੀ ਮੂਰਤ ਟਕਾ ਲੈਣ ਵਾਲਿਆਂ ਨੇ ਬਣਾਈ ਹੋਵੇਗੀ। ਅਰ ਉਹੋ ਪਹਾੜ ਪੋਪ ਦਾ ਸੁਰਗ ਹੈ ਓਥੇ ਉਤ੍ਰ ਕਾਂਸ਼ੀ ਆਦੀ ਅਸਥਾਂਨ ਧਿਆਨੀਆਂ ਦੇ ਵਾਸਤੇ ਚੰਗਾ ਹੈ ਪ੍ਰੰਤੂ ਦੁਕਾਂਨ ਦਾਰਾਂ ਦੇ ਵਾਸਤੇ ਉਥੇ ਬੀ ਦੁਕਾਂਨ ਦਾਰੀ ਹੈ।

ਦੇਵ ਪ੍ਰਯਾਗ ਪੁਰਾਂਣ ਦੇ ਗਪੌੜਿਆਂ ਦੀ ਲੀਲਾ ਹੈ ਅਰਥਾਤ ਜਿਥੇ ਅਲਖ

ਨੰਦਾ ਅਰ ਗੰਗਾ ਮਿਲੀ ਹੈ ਏਸ ਲਈ ਓਥੇ ਦੇਵਤਾ ਵਸਦੇ ਹਨ ਅਜਹੇ ਗਪੌੜੇ ਨਾ ਮਾਰਨ ਤਾਂ ਓਥੇ ਕਉਣ ਜਾਵੇ ਅਰ ਟਕਾ ਕਉਣ ਦੇਵੇ, ਗੁਪਤ ਕਾਂਸ਼ੀ ਤਾਂ ਨਹੀ ਹੈ ਉਹ ਤਾਂ ਪ੍ਰਸਿਧ ਕਾਂਸ਼ੀ ਹੈ, ਤਿੰਨਾਂ ਜੁਗਾਂਦੀ ਧੂਣੀ ਤਾਂ ਨਹੀ ਨਜਰ ਆਉਂਦੀ ਪ੍ਰੰਤੂ ਪੋਪਾਂ ਦੀ ਦਸਾਂ ਵੀਹਾਂ ਪੀਹੜੀਆਂ ਦੀ ਹੋਵੇਗੀ, ਜਿਸਤਰਾਂ ਖਾਖੀਆਂ ਦੀ ਧੂਣੀ ਅਰ ਪਾਰਸੀਆਂ ਦੀ ਅੰਗਿਆਰੀ ਸਦਾ ਜਗਦੀ ਰਹਿੰਦੀ ਹੈ, ਤਪਤ ਕੁੰਡ ਬੀ ਪਹਾੜਾਂ ਦੇ ਅੰਦਰ ਗਰਮੀ ਹੁੰਦੀ ਹੈ ਓਸ ਵਿਚੋਂ ਤਪਕੇ ਪਾਂਣੀ ਆਉਂਦਾ ਹੈ ਓਸਦੇ ਪਾਸ ਦੂਜੇ ਕੁੰਡ ਵਿਚ ਉਪਰ ਦਾ ਪਾਣੀ ਜਿਥੇ ਗਰਮੀ ਨਹੀ ਉਥੋਂਦਾ ਆਉਂਦਾ ਹੈ ਏਸਲਈ ਠੰਡਾ ਹੈ ।ਕੇਦਾਰ ਦਾ ਇਸਥਾਂਨ ਉਹ ਜਮੀਨ ਬਹੁਤ ਚੰਗੀ ਹੈ ਪ੍ਰੰਤੂ ਉਥੇ ਬੀ ਇਕ ਜੰਮੇ ਹੋਏ ਪਥੱਰ ਉਤੇ ਪੁਜਾਰੀ ਵਾ ਉਨਾਂਦੇ ਚੇਲਿਆਂ ਨੇ ਮੰਦਰ ਬਣਾ ਰਖਿਆ ਹੈ ਉਥੇ ਮਹੰਤ ਪੁਜਾਰੀ ਪੰਡੇ ਅਖ ਦੇ ਅੰਨ੍ਹੇ ਗੰਢਦੇ ਪੂਰਿਆਂ ਕੋਲੋਂ ਮਾਲ ਲੈਕੇ ਵਿਸ਼ੇਅਨੰਦ ਕਰਦੇ ਹਨ, ਉਸੇਤਰਾਂ ਬਦਰੀ ਨਾਰਾਇਣ ਵਿਚ ਠਗ ਵਿਦਿਆ ਵਾਲੇ ਬਹੁਤਸਾਰੇ ਬੈਠੇ ਹਨ ਰਾਵਲ ਜੀ ਓਥੋਂਦੇ ਮੁਖ ਹਨ ਇਕ ਇਸਤ੍ਰੀ ਛਡਕੇ ਅਨੇਕ ਇਸਤ੍ਰੀਆਂ ਰਖ ਬੈਠੇਹਨ। ਪਸ਼ੂਪਤੀ ਇਕ ਮੰਦਰ ਅਰ ਪੰਚਮੁਖੀ ਮੂਰਤ ਦਾ ਨਾਂਉ ਧਰ ਰਖਿਆ ਹੈ ਜਦ ਕੋਈ ਨਾਂ ਪੁਛੇ ਤਦੇ ਹੀ ਅਜੇਹੀ ਲੀਲਾ ਬਲਵਾਂਨ ਹੁੰਦੀ ਹੈ ਪ੍ਰੰਤੂ ਜੇਹੇ ਤੀਰਥ ਦੇ ਲੋਗ ਧੂਰਤ ਧਨ ਹਰਨ ਵਾਲੇ ਹੁੰਦੇ ਹਨ ਓਸਤਰਾਂ ਦੇ ਪਹਾੜੀ ਲੋਗ ਨਹੀਂ ਹੁੰਦੇ ਉਥੋਂਦੀ ਜਮੀਨ ਬੀ ਵਡੀ ਸੁੰਦਰ ਅਤੇ ਪਵਿਤ੍ਰ ਹੈ ॥

( ਪ੍ਰਸ਼ਨ ) ਬੰਧਿਆਚਲ ਵਿਚ ਵਿੰਧੇਸ਼੍ਵਰੀ, ਕਾਲੀ, ਅਸ਼ਟਭੁਜੀ, ਪ੍ਰਤਖ ਸਤ ਹਨ, ਵਿੰਧੇਸ਼੍ਵਰੀ ਤਿਨਾਂ ਵੇਲਿਆਂ ਵਿਚ ਤਿਨ ਰੂਪ ਬਦਲਦੀ ਹੈ ਅਰ ਓਸਦੇ ਬਾੜੇ ਵਿਚ ਮੱਖੀ ਇਕ ਬੀ ਨਹੀ ਹੁੰਦੀ,ਪ੍ਰਯਾਗ ਤੀਰਥਰਾਜ ਉਥੇ ਸਿਰਮੁਨਾਏ ਸਿਧ, ਗੰਗਾ ਜਮਨਾ ਦੇ ਮੇਲ ਵਿਚ ਅਸ਼ਨਾਨ ਕਰਨ ਨਾਲ ਇਛਿਆ ਦੀ ਸਿਧੀ ਹੁੰਦੀ ਹੈ,ਉਸੇਤਰਾਂ ਅਜੁਧਿਆ ਕਈ ਵੇਰੀ ਉਡਕੇ ਸਭ ਵਸੋਂ ਸਮੇਤ ਸੁਰਗ ਵਿਚ ਚਲੀ ਗਈ। ਮਥਰਾ ਸਭ ਤੀਰਥਾਂ ਤੋਂ ਵਧੀਕ,ਬਿੰਦ੍ਰਾਬਨ ਲੀਲਾ ਸਥਾਂਨ, ਅਰ ਗੋਬਰਧਨ, ਬ੍ਰਿਜ ਜਾਤ੍ਰਾ ਬਡ ਭਾਗਾਂ ਕਰਕੇ ਹੁੰਦੀ ਹੈ, ਸੂਰਜ ਗ੍ਰਹਣ ਦੇ ਸਮੇ ਕੁਰਖੇਤ੍ਰ ਵਿਚ ਲਖੱਾਂ ਮਨੁਖੱਾਂ ਦਾ ਮੇਲ ਹੁੰਦਾ ਹੈ,ਕੀ ਏਹ ਸਾਰੀਆਂ ਝੂਠੀਆਂ ਹਨ?

( ਉਤ੍ਰ ) ਪ੍ਰਤਖ ਤਾਂ ਅਖੱਾਂ ਨਾਲ ਤਿੰਨੋ ਮੂਰਤਾਂ ਦਿਸਦੀਆਂ ਹਨ ਕਿ ਪਥੱਰ ਦੀਆਂ ਮੂਰਤੀਆਂ ਹਨ, ਅਰ ਤਿੱਨ ਕਾਲ ਵਿਚ ਤਿੰਨ ਪ੍ਰਕਾਰ ਦੇ ਰੂਪ ਹੋਣ ਦਾ ਕਾਰਣ ਪੁਜਾਰੀ ਲੋਕਾਂਦੇ ਵਸਤ੍ਰ ਆਦੀ ਗਹਣੇ ਪਾਂਣ ਦੀ ਚਤ੍ਰਾਈ ਹੈ, ਅਰ ਮੱਖੀਆਂ ਹਜਾਰਾਂ ਲਖੱਾਂ ਹੁੰਦੀਆਂ ਹਨ ਮੈਨੇ ਅਪਨੀ ਅਖੀਂ ਡਿਠੱਾ ਹੈ,ਪ੍ਰਯਾਗ ਵਿਚ ਕੋਈ ਨਾਈ ਸ਼ਲੋਕ ਬਣਾਂਨ ਹਾਰਾ ਹੋਵੇਗਾ ਅਥਵਾ ਪੋਪਜੀ ਨੂੰ ਕੁਝ ਧਨ ਦੇਕੇ ਸਿਰ ਮੁਨਾਂਣ ਦਾ ਮਹਾਤਮ ਬਣਾਇਆ ਵਾ ਬਣਵਾਇਆ ਹੋਵੇਗਾ,

ਪ੍ਰਯਾਗ ਵਿਚ ਅਸਨਾਂਨ ਕਰਕੇ ਸੁਰਗ ਨੂੰ ਜਾਂਦਾ ਤਾਂ ਹਟਕੇ ਘਰ ਵਿਚ ਕਿਉਂ ਆਉਂਦਾ, ਕੋਈ ਬੀ ਨਜਰ ਨਹੀ ਆਂਉਦਾ, ਕਿੰਤੂ ਘਰ ਨੂੰ ਸਭ ਆਂਉਦੇ ਹੋਏ ਦਿਸਦੇ ਹਨ,ਅਥਵਾ ਜੋ ਕੋਈ ਉਥੇ ਡੁਬ ਮਰਦਾ ਅਰ ਓਸਦਾ ਜੀਵ ਬੀ ਅਕਾਸ਼ ਵਿਚ ਹਵਾਦੇ ਨਾਲ ਭਉਂਕੇ ਜਨਮ ਲੈਂਦਾ ਹੋਵੇ ਗਾ,ਤੀਰਥਰਾਜ ਬੀ ਨਾਂਉ ਟਕਾ ਲੈਣ ਵਾਲਿਆਂ ਨੇ ਧਰਿਆ ਹੈ, ਜੜ ਵਿਚ ਰਾਜਾ ਪਰਜਾ ਭਾਉ ਕਦੀ ਨਹੀ ਹੋ ਸਕਦਾ, ਏਹ ਬਡੀ ਅਸੰਭਵ ਬਾਤ ਹੈ ਕਿ ਅਜੁਧਿਆ ਨਗਰੀ ਵਸੋਂ, ਕੁੱਤੇ, ਖੋਤੇ, ਭੰਗੀ, ਚਮਾਰ, ਜਾਜਰੂ ਸ਼ਮੇਤ ਤ੍ਰਿਨਵਾਰ ਸੁਰਗ ਵਿਚ ਗਈ, ਸੁਰਗ ਵਿਚ ਤਾਂ ਨਹੀ ਗਈ ਉਥੇ ਦੀ ਉਥੇ ਹੈ ਪ੍ਰੰਤੂ ਪੋਪਜੀ ਦੇ ਮੂੰਹ ਦੇ ਗਪੋੜਿਆਂ ਵਿਚ ਅਜੁਧਿਆ ਸੁਰਗ ਨੂੰ ਉਡ ਗਈ, ਏਹ ਗਪੌੜਾ ਸ਼ਬਦ ਰੂਪੀ ਉਡਦਾ ਫਿਰਦਾ ਹੈ, ਏਸੇਤਰਾਂ ਨੈਮੀਸ਼ਾਰਨਜ ਆਦੀ ਦੀ ਬੀ ਇਨ੍ਹਾਂ ਲੋਕਾਂ ਦੀ ਲੀਲਾ ਜਾਣੋ, ਮਥਰਾ ਤਿੱਨਾਂ ਲੋਕਾਂ ਥੀਂ ਨਿਆਰੀ ਤਾਂ ਨਹੀ ਪ੍ਰੰਤੂ ਓਸ ਵਿਚ ਤਿਨ ਜੀਵ ਬਡੇ ਲੀਲਾਧਾਰੀ ਹਨ ਕਿ ਜਿਨਾਂ ਦੇ ਮਾਰੇ ਜਲ ਥਲ ਅਰ ਅਸਮਾਂਨ ਵਿਚ ਕਿਸੇ ਨੂੰ ਸੁਖ ਮਿਲਣਾ ਕਠਨ ਹੈ,ਇਕ ਚੋਬੇ,ਜੋ ਕੋਈ ਨ੍ਹਾਉਣ ਨੂੰ ਜਾਵੇ ਅਪਣਾ ਮਸੂਲ ਲੈਣ ਨੂੰ ਖਲੋਕੇ ਬਕਦੇ ਰਹਿੰਦੇ ਹਨ ਲਿਆਓ ਜਜਮਾਨ ਭੰਗ, ਮਰਚਾਂ, ਅਰ ਲਡੂ ਖਾਈਏ ਪੀਵੀਏ ਜਜਮਾਂਨ ਦਾ ਜੈ ਜੈ ਮਨਾਈਏ। ਦੂਜੇ ਪਾਂਣੀ ਵਿਚ ਕਛੂਕੁਮੇ ਵਢ ਖਾਂਦੇ ਹਨ ਜਿਨ੍ਹਾਂਦੇ ਮਾਰੇ ਨ੍ਹਾਉਣਾ ਬੀ ਘਾਟ ਉਤੇ ਅਉਖਾ ਪੈਂਦਾ ਹੈ, ਤੀਜੇ ਅਕਾਸ਼ ਵਿਚ ਲਾਲ ਮੂੰਹ ਦੇ ਬਾਂਦਰ ਪਗੜੀ, ਟੋਪੀ ਗਹਿਣੇ ਅਰ ਜੁੱਤੇ ਤਿਕ ਬੀ ਨਾਂ ਛਡਨ,ਕਟ ਖਾਂਨ ਧਕੇ ਦੇਕੇ ਡੇਗ ਸੁਟਨ,ਮਾਰ ਸੁਟਨ, ਅਰ ਇਹ ਤਿੱਨੋ ਪੋਪ ਅਰ ਪੋਪਜੀਦੇ ਚੇਲਿਆਂ ਦੇ ਪੂਜਾ ਦੇ ਜੋਗ ਹਨ, ਮਣਾਂ ਮੂੰਹੀ ਛੋਲੇ ਆਦੀ ਅੰਨ, ਕਛੂਕੁੰਮਿਆਂ ਅਰ ਬਾਂਦਰਾਂ ਨੂੰ ਛੋਲੇ ਗੁੜ ਆਦੀ ਅਰ ਚੋਬਿਆਂਦੀ ਦਖਣਾ ਅਰ ਲਡੂਆਂ ਕਰਕੇ ਉਨਾਂਦੇ ਸੇਵਕ ਸੇਵਾ ਕਰਦੇ ਹਨ, ਅਰ ਬਿੰਦਰਾਬਨ ਜਦ ਸੀ ਤਦ ਸੀ, ਹੁਣ ਤਾਂ ਬੇਸਵਾ ਬਨ ਮੁੰਡੇ ਕੁੜੀ ਅਰ ਗੁਰੂ ਚੇਲਿਆਂ ਦੀ ਲੀਲਾ ਮਚ ਰਹੀ ਹੈ, ਉਸੇਤਰਾਂ ਦਿਵਾਲੀ ਦਾ ਮੇਲਾ ਗੋਬਰਧਨ,ਅਰ ਬ੍ਰਿਜ ਜਾਤ੍ਰਾ ਵਿਚ ਬੀ ਪੋਪਾਂ ਦੀ ਬਣ ਪੈਂਦੀ ਹੈ। ਕੁਰ ਛੇਤ੍ਰ ਵਿਚ ਬੀ ਉਹੋ ਜੀਵਕਾ ਦੀ ਲੀਲਾ ਸਮਝ ਲੌ, ਇਨਾਂ ਵਿਚ ਜੋ ਕੋਈ ਧਰਮ ਉਤੇ ਚਲਣ ਵਾਲਾ ਅਰ ਪਰਉਪਕਾਰੀ ਪੁਰਸ਼ ਹੈ ਏਸ ਪੋਪ ਲੀਲਾਥੀਂ ਵਖਰਾ ਹੋ ਜਾਂਦਾ ਹੈ ॥

(ਪ੍ਰਸ਼ਨ) ਇਹ ਮੂਰਤੀਪੂਜਾ ਅਰ ਤੀਰਥ ਸਨਾਤਨ ਥੀਂ ਚਲੇ ਆਉਂਦੇ ਹਨ ਝੂਠੇ ਕੀਕਣ ਹੋ ਸਕਦੇ ਹਨ ?

(ਉਤ੍ਰ) ਤੁਸੀਂ ਸਨਾਤਨ ਕਿਸ ਨੂੰ ਕਹਿੰਦੇ ਹੋ ਜੋ ਸਦਾ ਥੀਂ ਚਲਿਆ ਆਉਂਦਾ ਹੈ?ਜੇ ਏਹ ਸਦਾ ਥੀਂ ਹੁੰਦਾ ਤਾਂ ਵੇਦ ਅਰ ਬ੍ਰਾਹਮਣ ਆਦੀ ਰਿਸ਼ੀ ਮੁਨੀ ਕ੍ਰਿਤ ਪੁਸਤਕਾਂ ਵਿਚ ਇਨਾਂ ਦਾ ਨਾਉਂ ਕਿਉਂ ਨਹੀਂ, ਏਹ ਮੂਰ-

ਤੀ ਪੂਜਾ ਢਾਈਤਿੱਨ ਹਜਾਰ ਵਰੇਹਾਂ ਥੀਂ ਇਦੇਰ ਵਾਂਮ ਮਾਰਗੀ ਅਰ ਜੈਨੀਆਂ ਥੀਂ ਚਲੀ ਹੈ,ਪਹਿਲੋਂ ਆਰੀਯਾਵਰਤ ਵਿਚ ਨਹੀਂ ਸੀ, ਅਰ ਏਹ ਤੀਰਥ ਬੀ ਨਹੀਂ ਸਨ, ਜਦ ਜੈਨੀਆਂ ਨੈ ਗਿਰਨਾਰ ਪਾਲੀਟਾਨਾ, ਸ਼ਿਖਰ, ਸਤ੍ਰੁਵ ਜੈ, ਅਰ ਆਬੂ ਆਦੀ ਤੀਰਥ ਬਣਾਏ ਉਨਾਂ ਦੇ ਅਨੁਕੂਲ ਇਨਾਂ ਲੋਕਾਂ ਨੈ ਬੀ ਬਣਾ ਲੀਤੇ, ਜੋ ਕੋਈ ਇਨਾਂ ਦੇ ਅਰੰਭ ਹੋਣ ਦੀ ਪ੍ਰੀਖਿਆ ਕਰਨਾ ਚਾਹੇ ਉਹ ਪੰਡਿਆਂ ਦੀ ਪੁਰਾਂਣੀ ਥੀਂ ਪੁਰਾਣੀ ਬਹੀ ਅਰ ਤਾਂਬੇ ਦੇ ਪਤ੍ਰ ਆਦੀ ਲੇਖ ਵੇਖਨ ਤਾਂ ਨਿਸਚੇ ਹੋਜਾਵੇਗਾ ਕਿ ਏਹ ਸਭ ਤੀਰਥ ਪੰਜ ਸੌ ਅਥਵਾ ਇਕ ਹਜਾਰ ਵਰਹੇ ਤੋਂ ਇਧਰ ਹੀ ਬਣੇ ਹਨ, ਹਜਾਰ ਵਰਹੇ ਤੋਂ ਉਪਰ ਦਾ ਲੇਖ ਕਿਸੇ ਦੇ ਪਾਸ ਨਹੀਂ ਨਿਕਲਦਾ ਏਸ ਕਰਕੇ ਨਵੀਂਨ ਹਨ ।

( ਪ੍ਰਸ਼ਨ ) ਜੋ ੨ ਤੀਰਥ ਵਾ ਨਾਂਮ ਦਾ ਮਹਾਤਮ ਅਰਥਾਤ ਜਿਸਤਰਾਂਃ—

"अन्यक्षेत्रे कृतं पापं काशीक्षेत्रे विनश्यति"

ਇਤਆਦੀ ਬਾਤਾਂ ਹਨ ਉਹ ਸੱਚੀ ਹਨ ਵਾ ਨਹੀਂ ?

( ਉਤ੍ਰ ) ਨਹੀਂ ਕਿਂਉਕਿ ਜੇ ਪਾਪ ਛੁਟ ਜਾਂਦੇ ਹੋਂਨ ਤਾਂ ਗਰੀਬਾਂ ਨੂੰ ਧਨ, ਰਾਜ ਪਾਟ, ਅਨ੍ਹਿਆਂ ਨੂੰ ਅੱਖਾਂ ਮਿਲ ਜਾਂਦੀਆਂ, ਕੋੜ੍ਹਿਆਂ ਦੇ ਕੋੜ੍ਹ ਆਦੀ ਰੋਗ ਛੁਟ ਜਾਂਦੇ ਏਹ ਨਹੀਂ ਹੁੰਦਾ ਏਸਲੀ ਪਾਪ ਵਾ ਪੁੰਨ ਕਿਸੇ ਦਾ ਨਹੀਂ ਛੁਟਦਾ ॥

( ਪ੍ਰਸ਼ਨ ):—

गङ्गागङ्गेति यो ब्रूयाद्योजनानां शतैरपि।
मुच्यते सर्वपापेभ्यो विष्णुलोकं स गच्छति ॥ १ ॥
हरिर्हरति पापानि हरिरित्यक्षरद्वयम् ॥ २ ॥
प्रातःकाले शिवं दृष्ट्वा निशि पापं विनश्यति।
आजन्मकृतं मध्यह्ने सायह्ने सप्तजन्मनाम् ॥ ३ ॥

ਇਤਆਦੀ ਸ਼ਲੋਕ ਪੋਪ ਪੁਰਾਂਣ ਦੇ ਹਨ ਜੋ ਸੈਕੜੇ ਹਜਾਰਾਂ ਕੋਹ ਦੂਰ ਥੀਂ ਬੀ ਗੰਗਾ ੨ ਕਹੇ ਤਾਂ ਉਸਦੇ ਪਾਪ ਨਸ਼ਟ ਹੋਕੇ ਉਹ ਬਿਸ਼ਨੂੰ ਲੋਕ ਅਰਥਾਤ ਬਕੁੰਠ ਨੂੰ ਜਾਂਦਾ ਹੈ, ਹਰੀ ਇਨਾਂ ਦੁਹਾਂ ਅਖਰਾਂ ਦਾ ਨਾਉਂ ਉਚਾਰਣ ਸਭ ਪਾਪਾਂ ਨੂੰ ਹਰ ਲੈਂਦਾ ਹੈ, ਉਸੇਤਰਾਂ ਹੀ ਰਾਂਮ ਕ੍ਰਿਸ਼ਨ ਸ਼ਿਵ,ਭਗਵਤੀ ਆਦੀ ਨਾਮਾ ਦੇ ਮਹਾਤਮ ਹਨ,ਅਰ ਮਨੁਖ ਪ੍ਰਾਤਾ ਕਾਲ ਵਿਚ ਸ਼ਿਵ ਅਰਥਾਤ ਲਿੰਗ ਵਾ ਓਸਦੀ ਮੂਰਤ ਦਾ ਦਰਸ਼ਨ ਕਰੇ ਤਾਂ ਰਾਤ ਵਿਚ ਕੀਤਾ ਹੋਇਆ, ਦੁਪੈਹਰ ਵੇਲੇ ਦਰਸ਼ਨ ਕਰਨ ਨਾਲ ਜਨਮ ਭੁਰਦਾ, ਸਾਂਝ ਵੇਲੇ ਦਰਸ਼ਨ

ਕਰਨ ਨਾਲ ਸੱਤਾਂ ਜਨਮਾਂ ਦਾ ਪਾਪ ਛੁਟ ਜਾਂਦਾ ਹੈ, ਏਹ ਦਰਸ਼ਨ ਦਾ ਮਹਾਤਮ ਹੈ ਕੀ ਝੂਠ ਹੋਜਾਵੇਗਾ ?

( ਉਤ੍ਰ ) ਝੂਠ ਹੋਣ ਵਿਚ ਕੀ ਸ਼ੰਕਾ, ਕਿਉਂਕਿ ਰੀਗਾ੨ ਵਾ ਹਰੇਰਾਂਮ, ਕ੍ਰਿਸ਼ਨ, ਨਾਰਾਇਣ, ਸ਼ਿਵ, ਅਰ ਭਗਵਤੀ ਨਾਂਮ ਸਿਮਰਣ ਥੀਂ ਪਾਪ ਕਦੀ ਨਹੀਂ ਛੁਟਦਾ, ਜੇ ਛੁੱਟੇ ਤਾਂ ਦੁਖੀ ਕੋਈ ਨਾ ਰਹੇ ਅਰ ਪਾਪ ਕਰਨ ਥੀਂ ਕੋਈ ਬੀ ਨਾ ਡਰੇ, ਜਿਸਤਰਾਂ ਅਜ ਕਲ ਪੋਪ ਲੀਲਾ ਵਿਚ ਪਾਪ ਵਧਕੇ ਹੋ ਰਹੇ ਹਨ, ਮੂੜ੍ਹਾਂ ਨੂੰ ਵਿਸ਼੍ਵਾਸ ਹੈ ਕਿ ਅਸੀ ਪਾਪ ਕਰਕੇ ਨਾਮ ਸਿਮ੍ਰਣ ਵਾ ਤੀਰਥ ਜਾਤ੍ਰਾ ਕਰਾਂਗੇ ਤਾਂ ਪਾਪਾਂ ਦੀ ਨਿਵਿਰਤੀ ਹੋ ਜਾਵੇਗੀ, ਏਸ ਵਿਸ਼੍ਵਾਸ ਉਤੇ ਪਾਪ ਕਰਕੇ ਏਸ ਲੋਕ ਅਰ ਪਰਲੋਕ ਦਾ ਨਾਸ਼ ਕਰਦੇ ਹਨ ਪਰ ਕੀ ਹੋਇਆ ਪਾਪ ਭੋਗਣਾ ਹੀ ਪੈਂਦਾ ਹੈ।

( ਪ੍ਰਸ਼ਨ ) ਤਾਂ ਕੋਈ ਤੀਰਥ, ਨਾਮ ਸਿਮ੍ਰਣ ਸਤ ਹੈ ਵਾ ਨਹੀਂ?

( ਉੱਤਰ ) ਹੈ, ਵੇਦ ਆਦੀ ਸਤ ਸ਼ਾਸਤ੍ਰਾਂ ਦਾ ਪੜ੍ਹਨਾਂ, ਪੜ੍ਹਾਣਾ, ਧਾਰ ਮਿਕ ਵਿਦਵਾਂਨਾਂ ਦਾ ਸੰਗ, ਪਰ ਉਪਕਾਰ, ਧਰਮ ਅਨੁਸਠਾਂਨ, ਯੋਗਾ ਅਭਿਆਸ, ਨਿਰਵੈਰਤਾ, ਨਿਸ਼ਕਪਟ, ਸਤ ਭਾਸ਼ਣ, ਸਤ ਦਾ ਮਨਣਾ, ਸਤ ਕਰਨਾ, ਬ੍ਰਹਮ ਚਰਜ ਸੇਵਣ, ਅਚਾਰਜ, ਅਤਿਥੀ, ਮਾਂ, ਪਿਉ ਦੀ ਸੇਵਾ, ਪਰਮੇਸ਼੍ਵਰ ਦੀ ਸਤੁਤੀ, ਪ੍ਰਾਰਥਨਾਂ, ਉਪਾਸਨਾ, ਸ਼ਾਂਤੀ, ਜਿਤਿੰਦ੍ਰਤਾ, ਸੁਸ਼ੀਲਤਾ, ਧਰਮ ਜੁਕਤ ਪੁਰਸ਼ਾਰਥ, ਗਿਆਂਨ, ਬਿਗਿਆਂਨ ਆਦੀ ਸ਼ੁਭ ਗੁਣ, ਕਰਮ, ਦੁਖਾਂ ਥੀਂ ਤਰਾਂਣ ਵਾਲੇ ਹੋਣ ਕਰਕੇ ਤੀਰਥ ਹਨ, ਅਰ ਜੋ ਜਲ, ਸਥਲ ਵਾਲੇ ਹਨ ਉਹ ਤੀਰਥ ਕਦੀ ਨਹੀਂ ਹੋ ਸਕਦੇ ਕਿਉਂਕਿ:—

"जनायैस्तरन्ति तानि तीर्थानि"

ਮਨੁੱਖ ਜਿਨਾਂ ਕਰਕੇ ਦੁਖਾਂ ਥੀਂ ਤਰਨ ਉਨਾਂ ਦਾ ਨਾਮ ਤੀਰਥ ਹੈ, ਜਲ ਸਥਲ ਤਰਾਣ ਵਾਲੇ ਨਹੀਂ ਕਿੰਤੂ ਡੁਬਾਕੇ ਮਾਰਨ ਵਾਲੇ ਹਨ, ਹਾਂ ਬੇੜੀ ਆ ਦੀ ਦਾ ਨਾਂਉ ਤੀਰਥ ਹੋ ਸਕਦਾ ਹੈ ਕਿਉਂਕਿ ਉਨਾਂ ਕਰਕੇ ਬੀ ਸਮੁੰਦਰ ਆਦੀਨੂੰ ਤਰਦੇ ਹਨ ॥

समानतीर्थे वासी ॥ अ० ४ । पा० ४ । १०८ ॥

नमस्तीर्थ्याय च ॥ यजुः ॥ अ० १६ ॥

ਜੋ ਬ੍ਰਹਮਚਾਰੀ ਇਕ ਅਚਾਰਜ, ਅਰ ਇਕ ਸ਼ਾਸਤ੍ਰ ਨੂੰ ਸੰਗ ਸੰਗ ਪੜ੍ਹਦੇ ਹੋਂਨ ਉਹ ਸਭ ਸਤੀਰਥ, ਅਰਥਾਤ ਸਮਾਨ ਤੀਰਥ ਸੇਵੀ ਹੁੰਦੇ ਹਨ, ਜੋ ਵੇਦ ਆਦੀ ਸ਼ਾਸਤ੍ਰ, ਅਰ ਸਤ ਭਾਸ਼ਣ ਆਦੀ ਧਰਮ ਦੇ ਲਖਣਾਂ ਵਿਚ

ਸਾਧੂ ਹੋਂਨ ਉਨ੍ਹਾਂ ਨੂੰ ਅੰਨ ਆਦੀ ਪਦਾਰਥ ਦੇਣਾ, ਅਰ ਉਨਾਂ ਤੋਂ ਵਿਦਿਆ ਲੈਣੀ ਇਤਆਦੀ ਤੀਰਥ ਕਹਾਂਦੇ ਹਨ,ਨਾਮ ਸਿਮ੍ਰਣ ਏਸ ਨੂੰ ਕਹਿੰਦੇ ਹਨ ਕਿ:—

यस्य नाम महद्यशः ॥ यजुः

ਪਰਮੇਸ਼੍ਵਰ ਦਾ ਨਾਂਉ ਬਡੇ ਜਸ ਅਰਥਾਤ ਧਰਮ ਜੁਕਤ ਕੰਮਾਂ ਦਾ ਕਰਨਾ ਹੈ ਜਿਸਤਰਾਂ ਬ੍ਰਹਮ, ਪਰਮੇਸ਼੍ਵਰ, ਈਸ਼੍ਵਰ, ਨਿਆਕਾਰੀ, ਦਿਆਲੂ, ਸਰਬ ਸ਼ਕਤੀਮਾਂਨ ਆਦੀ ਨਾਮ ਪਰਮੇਸ਼੍ਵਰ ਦੇ ਗੁਣ, ਕਰਮ, ਸੁਭਾਉ ਕਰਕੇ ਹਨ, ਜਿਸਤਰਾਂ ਬ੍ਰਹਮ ਸਭ ਥੀਂ ਵਡਾ ਪਰਮੇਸ਼੍ਵਰ ਈਸ਼੍ਵਰਾਂ ਦਾ ਈਸ਼੍ਵਰ, ਈਸ਼੍ਵਰ ਸਮੱਥਾ ਵਾਲਾ, ਨਿਆਕਾਰੀ, ਕਦੀ ਅਨਿਆਂ ਨਹੀਂ ਕਰਦਾ। ਦਿਆਲੂ ਸਭ ਉਤੇ ਕ੍ਰਿਪਾ ਦ੍ਰਿਸ਼ਟੀ ਰਖਦਾ। ਸਰਬਸ਼ਕਤੀਮਾਨ ਅਪਣੀ ਸਮ੍ਰਥਾ ਹੀ ਨਾਲ ਸਭ ਜਗਤ ਦੀ ਉਤਪਤੀ,ਸਥਿਤੀ,ਪਰਲੈ ਕਰਦਾ,ਸਹਾਇਤਾ ਕਿਸੇ ਦੀ ਨਹੀਂ ਲੈਂਦਾ। ਬ੍ਰਹਮ ਵਿਵਧ ਜਗਤ ਦੇ ਪਦਾਰਥਾਂ ਦਾ ਬਣਾਨਹਾਰਾ। ਬਿਸ਼ਨੂੰ ਸਭ ਵਿਚ ਬਿਆਪਕ ਹੋਕੇ ਰਖਿਆ ਕਰਦਾ। ਮਹਾਂ ਦੇਵ ਸਭ ਦੇਵਾਂ ਦਾ ਦੇਵ। ਰੁਦ੍ਰ ਪ੍ਰਲੈ ਕਰਨਹਾਰਾ ਆਦੀ ਨਾਮਾ ਦੇ ਅਰਥਾਂ ਨੂੰ ਅਪਣੇ ਵਿਚ ਧਾਰਨ ਕਰੇ ਅਰਥਾਤ ਵਡਿਆਂ ਕੰਮਾਂ ਥੀਂ ਵਡਾ ਬਣੇ, ਸਮ੍ਰੱਥਾਂ ਵਿਚ ਸਮ੍ਰਥ ਹੋਵੇ,ਸ਼ਕਤੀਆਂ ਨੂੰ ਵਧਾਂਦਾ ਜਾਵੇ, ਅਧਰਮ ਕਦੀ ਨਾ ਕਰੇ, ਸਭ ਉਤੋਂ ਦਿਆ ਰਖੇ, ਸਭ ਪ੍ਰਕਾਰ ਦੇ ਸਾਧਨਾ ਨੂੰਸਮ੍ਰਥ ਕਰੇ, ਸਿਲਪ ਵਿਦਿਆ ਥੀਂ ਨਾਨਾ ਪ੍ਰਕਾਰ ਦੇ ਪਦਾਰਥਾਂ ਨੂੰ ਬਣਾਵੇ, ਸਭ ਸੰਸਾਰ ਵਿਚ ਅਪਣੇ ਆਤਮਾ ਦੇ ਤੁਲ ਸੁਖ ਦੁਖ ਸਮਝੇ, ਸਭਦੀ ਰਖਿਆ ਕਰੇ, ਵਿਦਵਾਨਾਂ ਵਿਚ ਵਿਦਵਾਂਨ ਹੋਵੇ, ਦੁਸ਼ਟ ਕਰਮ ਅਰ ਦੁਸ਼ਟ ਕਰਮ ਕਰਨ ਵਾਲਿਆਂ ਨੂੰ ਜਤਨ ਨਾਲ ਡੰਡ, ਅਰ ਸਜੱਨਾ ਦੀ ਰਖਿਆ ਕਰੇ, ਏਸ ਪ੍ਰਕਾਰ ਪਰਮੇਸ਼੍ਵਰ ਦੇ ਨਾਮਾ ਦਾ ਅਰਥ ਜਾਂਣਕੇ ਪਰਮੇਸ਼੍ਵਰ ਦੇ ਗੁਣ, ਕਰਮ, ਸੁਭਾਉ ਨੂੰ ਕਰਦੇ ਜਾਣਾ ਹੀ ਪਰਮੇਸ਼੍ਵਰ ਦਾ ਨਾਮ ਸਿਮ੍ਰਣ ਹੈ।

( ਪ੍ਰਸ਼ਨ ):—

गुरुर्ब्रह्मा गुरुर्विष्णुर्गुरुर्देवो महेश्वरः ।
गुरुरेव परं ब्रह्म तस्मै श्रीगुरवे नमः ॥

ਇਤਆਦੀ ਗੁਰੂ ਮਹਾਤਮ ਤਾਂ ਸੱਚਾ ਹੈ ਗੁਰੂ ਦੇ ਪੈਰ ਧੋਕੇ ਪੀਣਾ ਜਿਸ-ਤਰਾਂ ਆਗਿਆ ਕਰੇ ਓਸਤਰਾਂ ਕਰਨਾ ਗੁਰੂ ਲੋਭੀ ਹੋਵੇ ਤਾਂ ਵਾਂਮਨ ਦੇ ਸਮਾਂਨ, ਕ੍ਰੋਧੀ ਹੋਵੇ ਤਾਂ ਨਰਸਿੰਘ ਦੀ ਨਿਆਈਂ, ਮੋਹੀ ਹੋਵੇ ਤਾਂ ਰਾਮ ਦੇ ਤੁਲ, ਅਰ ਕਾਂਮੀ ਹੋਵੇ ਤਾਂ ਕ੍ਰਿਸ਼ਨ ਦੀ ਨਿਆਂਈ ਗੁਰੂ ਨੂੰ ਜਾਣਨਾ, ਭਾਵੇਂ ਗੁਰੂ ਜੀ ਕੇਹਾ ਹੀ ਪਾਪ ਕਰੇ ਤਾਂ ਬੀ ਅਸ਼੍ਰੱਧਾ ਨਾ ਕਰਨੀ, ਸੰਤ ਵਾ ਗੁਰੂ ਦੇ ਦਰਸ਼ਨ

ਨੂੰ ਜਾਂਣ ਵਿਚ ਪਗ ਪਗ ਵਿਚ ਅਸ਼੍ਵ ਮੇਧ ਦਾ ਫਲ ਹੁੰਦਾ ਹੈ ਏਹ ਬਾਤ ਠੀਕਹੈ ਵਾ ਨਹੀਂ ?

( ਉਤ੍ਰ ) ਠੀਕ ਨਹੀ, ਬ੍ਰਹਮਾ, ਬਿਸ਼ਨੂੰ, ਮਹੇਸ਼੍ਵਰ ਅਰ ਪਰ ਬ੍ਰਹਮਪ੍ਰਮੇਸ਼੍ਵਰ ਦੇ ਨਾਮ ਹਨ ਓਸਦੇ ਤੁਲ ਗੁਰੂ ਕਦੀ ਨਹੀ ਹੋ ਸਕਦਾ, ਏਹ ਗੁਰੂ ਮਹਾਤਮ ਗੁਰੂ ਗੀਤਾ ਬੀ ਇਕ ਵਡੀ ਪੋਪ ਲੀਲਾ ਹੈ, ਗੁਰੂ ਤਾਂ ਮਾਂ, ਪਿਉ, ਅਚਾਰਜ ਅਰ ਅਤਿਥੀ ਹੁੰਦੇ ਹਨ ਉਨਾਂਦੀ ਸੇਵਾ ਕਰਨੀ, ਉਨਾਂ ਤੋਂ ਵਿਦਿਆ, ਸਿਖਿਆ ਲੈਣੀਦੇਣੀ ਸ਼ਿਸ ਅਰ ਗੁਰੂ ਦਾ ਕੰਮ ਹੈ, ਪ੍ਰੰਤੂ ਜੋ ਗੁਰੂ ਲੋਭੀ ਕ੍ਰੋਧੀ ਮੋਹੀ ਅਰ ਕਾਂਮੀ ਹੋਵੇ ਤਾਂ ਓਸਨੂੰ ਸਰਬਥਾ ਛਡ ਦੇਣਾ, ਸਿਖਿਆ ਕਰਨੀ, ਸਹਿਜ ਸਿਖਿਆ ਥੀਂ ਨਾ ਮਨੇ ਤਾਂ ਅਰਧ ਪਾਦਜ ਅਰਥਾਤ ਤਾੜਨਾ, ਡੰਡ, ਪ੍ਰਾਣ ਹਰਣ ਤਿਕਥੀ ਕਰਨ ਵਿਚ ਕੁਝ ਦੋਸ਼ ਨਹੀ। ਜੋ ਵਿਦਿਆ ਆਦੀ ਸਤ ਗੁਣਾ ਵਿਚ ਗੁਰੂ ਤਾਂ ਨਹੀ ਹੈ, ਝੂਠ ਮੂਠ ਕੰਠੀ ਤਿਲਕ ਵੇਦ ਵਿਰੁਧ ਮੰਤ੍ਰ ਉਪਦੇਸ਼ ਕਰਨਵਾਲੇ ਹਨ ਉਹ ਗੁਰੂਹੀ ਨਹੀ ਕਿੰਤੂ ਗਦੜੀਏ ਵਾਕਰ ਹਨ ਜਿਸਤਰਾਂ ਗਦੜੀਏ ਅਪਨੀ ਭੇਡ ਬਕਰੀਆਂ ਥੀਂ ਦੁਧ ਆਦੀ ਨਾਲ ਪ੍ਰਜੋਜਨ ਸਿਧ ਕਰਦੇ ਹਨ ਉਸੇਤਰਾਂ ਸ਼ਿਸ ਚੇਲੇ ਚੇਲੀਆਂ ਦੇ ਧਨ ਹਰਕੇ ਅਪਣਾ ਪ੍ਰੋਜਨ ਕਰਦੇ ਹਨ ਉਹ:—

## ਦੋਹਿਰਾ

**ਲੋਭੀ ਗੁਰੂ ਲਾਲਚੀ ਚੇਲਾ ਦੋਨੋਂ ਖੇਲੇ ਦਾਵ।**
**ਭਵ ਸਾਗਰ ਮੈਂ ਡੂਬਤੇ ਬੈਠ ਪਥੱਰ ਕੀ ਨਾਵ**

ਗੁਰੂ ਸਮਝਨ ਕਿ ਚੇਲੇ ਚੇਲੀ ਕੁਝ ਨਾ ਕੁਝ ਦੇਨਗੇ ਹੀ, ਅਰ ਚੇਲਾ ਸਮਝੇ ਕਿ ਚਲੋ ਗੁਰੂ ਝੂਠੇ ਸੌਗੰਦ ਖਾਂਣੇ, ਪਾਪ ਛੁਡਾਣੇ ਆਦੀ ਲਾਲਚ ਥੀਂ ਦੋਨੋਂ ਕਪਟ ਮੁਨੀ ਭਵਸਾਗਰ ਦੇ ਦੁਖ ਵਿਚ ਡੁਬਦੇ ਹਨ ਜਿਸਤਰਾਂ ਪਥਰ ਦੀ ਬੇੜੀ ਵਿਚ ਬੈਠਣ ਵਾਲੇ ਸਮੁੰਦਰ ਵਿਚ ਡੁਬ ਮਰਦੇ ਹਨ ਅਜੇਹੇ ਗੁਰੂ ਅਰ ਚੇਲਿਆਂ ਦੇ ਮੂੰਹ ਉਤੇ ਧੂੜ ਅਤੇ ਸੁਆਹ ਪਵੇ ਓਸਦੇ ਪਾਸ ਕੋਈ ਬੀ ਖਲੋਤਾ ਨਾ ਰਹੇ ਜੋ ਰਹੇ ਉਹ ਦੁਖ ਸਾਗਰ ਵਿਚ ਪਵੇਗਾ। ਜਿਸਤਰਾਂ ਦੀ ਲੀਲਾ ਪੁਜਾਰੀ ਪੁਰਾਣੀਆਂ ਨੇ ਚਲਾਈ ਹੈ ਉਹੋ ਜੇਹੀ ਇਨਾਂ ਗਦੜੀਏ ਗੁਰੂਆਂ ਨੇ ਬੀ ਲੀਲਾ ਮਚਾਈ ਹੈ ਇਹ ਸਭ ਕੰਮ ਸ੍ਵਾਰਥੀ ਲੋਕਾਂ ਦਾ ਹੈ ਜੋ ਪ੍ਰਮਾਰਥੀ ਲੋਕ ਹਨ ਉਹ ਆਪ ਦੁਖਪਾਂਨ ਤਾਂ ਬੀ ਜਗਤ ਦਾ ਉਪਕਾਰ ਕਰਨਾ ਨਹੀ ਛਡਦੇ, ਅਰ ਗੁਰੂਮਹਾਤਮ ਤਥਾ ਗੁਰੂ ਗੀਤਾ ਆਦੀ ਬੀ ਇਨਾਂਹੀ ਕੁਕਰਮੀ ਗੁਰੂ ਲੋਕਾਂ ਨੇ ਬਣਾਈਆਂ ਹਨ।

(ਪ੍ਰਸ਼ਨ)

अष्टादशपुराणानां कर्ता सत्यवतीसुत: ॥ १ ॥

इतिहासपुराणाभ्यां वेदार्थमुपबृंहयेत् ॥ २ ॥ महाभारते ॥

पुराणान्यखिलानि च ॥ ३ ॥ मनु० ॥

इतिहासपुराणं पंचमं वेदानां वेद: ॥ ४ ॥

छान्दोग्य० प्र० ७ ॥ खं० १ ॥

दशमेऽहनि किंचित्पुराणमाचक्षीत ॥ ५ ॥

पुराणविद्या वेद: ॥ ६ ॥ सूत्रम् ॥

ਅਠਾਰਾਂ ਪੁਰਾਣਾ ਦੇ ਕਰਤਾ ਬਿਆਸ ਜੀ ਹਨ, ਬਿਆਸ ਬਚਨ ਦਾ ਪ੍ਰਮਾਣ ਜ਼ਰੂਰ ਕਰਨਾ ਚਾਹੀਏ, ਇਤੀਹਾਸ, ਮਹਾਂਭਾਰਤ,ਅਠਾਰਾਂ ਪੁਰਾਣਾ ਥੀਂ ਵੇਦਾਂ ਦਾ ਅਰਥ ਪੜ੍ਹਨ,ਪੜ੍ਹਾਂਨ,ਕਿਉਂਕਿ ਇਤਹਾਸ ਅਰ ਪੁਰਾਣ ਵੇਦਾਂ ਦੇ ਹੀ ਅਰਥ ਦੇ ਅਨੁਕੂਲ ਹਨ, ਪਿਤ੍ਰੀ ਕਰਮ ਵਿਚ ਪੁਰਾਣ ਅਰ ਹਰੀ ਵੰਸਦੀਕਥਾ ਸੁਣਨ, ਅਸ਼੍ਵਮੇਧ ਦੀ ਸਮਾਪਤੀ ਉੱਤੇ ਦਸਵੇਂ ਦਿਨ ਥੋੜੀ ਜੇਹੀ ਪੁਰਾਣ ਦੀਕਥਾ ਸੁਣਨ, ਪੁਰਾਣ ਵਿਦਿਆ ਵੇਦ ਦੇ ਅਰਥ ਜਾਣਨ ਕਰਕੇ ਵੇਦ ਹੈ, ਇਤੀਹਾਸ ਅਰ ਪੁਰਾਣ ਪੰਜਵਾਂ ਵੇਦ ਕਹਾਂਦੇ ਹਨ, ਇਤ੍ਯਾਦੀ ਪ੍ਰਮਾਣਾ ਥੀਂ ਪੁਰਾਣਾ ਦਾ ਪ੍ਰਮਾਣ, ਅਰ ਇਨ੍ਹਾਂ ਦੇ ਪ੍ਰਮਾਣਾ ਥੀਂ ਮੂਰਤੀ ਪੂਜਾ ਅਰ ਤੀਰਥਾਂ ਦਾ ਬੀ ਪ੍ਰਮਾਣ ਹੈ,ਕਿਉਂਕਿ ਪੁਰਾਣਾ ਵਿਚ ਮੂਰਤੀ ਪੂਜਾ ਅਰ ਤੀਰਥਾਂ ਦਾ ਬਿਧਾਂਨ ਹੈ।

(ਉਤ੍ਰ) ਜੇ ਅਠਾਰਾਂ ਪੁਰਾਣਾ ਦੇ ਕਰਤਾ ਬਿਆਸ ਜੀ ਹੁੰਦੇ ਤਾਂ ਉਨ੍ਹਾਂ ਵਿਚ ਐਨੇ ਗਪੌੜੇ ਨਾ ਹੁੰਦੇ, ਕਿਉਂਕਿ ਸ਼ਾਰੀਰਕਸੂਤ੍ਰ, ਜੋਗਸ਼ਾਸਤ੍ਰ ਦੇ ਭਾਸ਼ ਆਦੀ ਬਿਆਸ ਜੀਦੇ ਕਹੇ ਹੋਏ ਗ੍ਰੰਥਾਂ ਦੇ ਵੇਖਣ ਥੀਂ ਵਿਦਤ ਹੁੰਦਾ ਹੈ ਕਿ ਬਿਆਸ ਜੀ ਬੜੇ ਵਿਦ੍ਵਾਂਨ, ਸਤਬਾਦੀ, ਧਾਰਮਿਕ, ਜੋਗੀਸਨ,ਓਹ ਅਜੇਹਾ ਮਿਥਿਆ ਕਦੀ ਨਾ ਲਿਖਦੇ, ਅਰ ਏਸਥੀਂ ਏਹ ਸਿਧ ਹੁੰਦਾ ਹੈ ਕਿ ਜਿਨ੍ਹਾਂ ਸੰਪ੍ਰਦਾਈ ਪਰਸਪਰ ਵਿਰੋਧੀ ਲੋਕਾਂ ਨੈ ਭਾਗਵਤ ਆਦੀ ਨਵੀਂ-ਨ ਕਪੋਲ ਕਲਪਤ ਗ੍ਰੰਥ ਬਣਾਏ ਹਨ ਉਨ੍ਹਾਂ ਵਿਚ ਬਿਆਸਜੀਦੇ ਗੁਣਾ ਦਾ ਲੇਸਬੀ ਨਹੀ ਸੀ,ਅਰ ਵੇਦ,ਸ਼ਾਸਤ੍ਰ ਵਿਰੁਧ ਅਸੱਤ ਬਾਦ ਲਿਖਣਾ ਬਿਆਸ ਸਦ੍ਰਸ ਵਿਦਵਾਨਾਂ ਦਾ ਕੰਮ ਨਹੀ ਕਿੰਤੂ ਏਹ ਕੰਮ ਵਿਰੋਧੀ, ਸ੍ਵਾਰਥੀ ਅਵਿ-ਦਵਾਨਾਂ ਲੋਕਾਂ ਦਾ ਹੈ। ਇਤੀਹਾਸ ਅਰ ਪੁਰਾਣ ਸ਼ਿਵਪੁਰਾਣ ਆਦੀ ਦਾ ਨਾਂਉ ਨਹੀ ਕਿੰਤੁ:—

ब्राह्मणानीतिहासान् पुराणानि कल्पान् गाथानाराशंसीरिति ॥

ਏਹ ਬ੍ਰਾਹਮਣ ਅਰ ਸੂਤ੍ਰਾਂ ਦਾ ਬਚਨ ਹੈ,ਐਤ੍ਰੇਯ, ਸ਼ਤਪਥ, ਸ਼ਾਂਮ, ਅਰ ਗੋਪਥ ਬ੍ਰਾਹਮਣ ਗ੍ਰੰਥਾਂ ਹੀਦੇ ਇਤੀਹਾਸ , ਪੁਰਾਣ, ਕਲਪ, ਗਾਥਾ ਨਾਰਾਸ਼ੰਸੀ ਏਹ

ਪੰਜ ਨਾਮ ਹਨ ॥ ( ਇਤੀਹਾਸ ) ਜਿਸਤਰਾਂ ਜਨਕ ਅਰ ਯੋਗਵਲਕ ਦਾ ਸੰਬਾਦ। ( ਪੁਰਾਣ ) ਜਗਤ ਉਤਪੱਤੀ ਆਦੀ ਦਾ ਬਰਣਨ ( ਕਲਪ ) ਵੇਦ ਸ਼ਬਦਾਂ ਦੇ ਸਮ੍ਰੱਥ ਦਾ ਵਰਣਨ ਅਰਥ ਨਿਰੂਪਣ ਕਰਨਾ। ( ਗਾਥਾ ) ਕਿਸੇ ਦਾ ਦ੍ਰਿਸਟਾਂਤ ਦਾਰਸ਼ਟਾਂਤ ਰੂਪ ਕਥਾ ਪ੍ਰਸੰਗ ਕਹਿਣਾ। ( ਨਾਰਾਸ਼ੰਸੀ ) ਮਨੁਖਾਂ ਦੇ ਚੰਗੇ ਵਾ ਮੰਦੇ ਕਰਮਾਂ ਦਾ ਕਥਨ ਕਰਨਾ, ਇਨ੍ਹਾਂ ਕਰਕੇ ਹੀ ਵੇਦਾਰਥ ਦਾ ਬੋਧ ਹੁੰਦਾ ਹੈ। ਪਿਤ੍ਰੀ ਕਰਮ ਅਰਥਾਤ ਗਿਆਨੀਆਂ ਦੀ ਵਡਿਆਈ ਵਿਚ ਕੁਝ ਸੁਣਨਾ, ਅਸ਼੍ਵਮੇਧ ਦੇ ਅੰਤ ਵਿਚ ਬੀ ਇਨ੍ਹਾਂ ਦਾ ਸੁਣਨਾ ਲਿਖਿਆ ਹੈ, ਕਿਉਂਕਿ ਜੋ ਬਿਆਸਕ੍ਰਿਤ ਗ੍ਰੰਥ ਹਨ ਉਨ੍ਹਾਂ ਦਾ ਸੁਣਨਾਂ, ਸੁਣਾਣਾ, ਬਿਆਸ ਜੀਦੇ ਜਨਮਦੇ ਪਿਛੋਂ ਹੋ ਸਕਦਾ ਹੈ ਪਹਿਲੋਂ ਨਹੀਂ। ਜਦ ਬਿਆਸ ਜੀਦਾ ਜਨਮ ਬੀ ਨਹੀ ਸੀ ਤਦ ਵੇਦਾਰਥ ਨੂੰ ਪੜ੍ਹਦੇ, ਪੜ੍ਹਾਂਦੇ, ਸੁਣਦੇ ਸੁਣਾਦੇ ਸਨ, ਏਸਲਈ ਸਭ ਥੀਂ ਪ੍ਰਾਚੀਨ ਬ੍ਰਾਹਮਣ ਗ੍ਰੰਥਾਂ ਵਿਚ ਹੀ ਏਹ ਸਭ ਘਟਣਾ ਹੋ ਸਕਦੀਆਂ ਹਨ, ਇਨ੍ਹਾਂ ਨਵੀਂਨ ਮਨਘੜਤ ਸ਼੍ਰੀਮਦਭਾਗਵਤ, ਸ਼ਿਵਪੁਰਾਣ ਆਦੀ ਮਿਥਿਆ ਵਾ ਦੂਸ਼ਤ ਗ੍ਰੰਥਾਂ ਵਿਚ ਨਹੀ ਘਟ ਸਕਦੀ। ਜਦ ਬਿਆਸ ਜੀ ਨੇ ਵੇਦ ਪੜ੍ਹੇ ਅਰ ਪੜ੍ਹਾਕੇ ਵੇਦਾਰਥ ਫਲਾਇਆ ਏਸਲਈ ਉਨ੍ਹਾਂ ਦਾ ਨਾਉਂ ਵੇਦਬਿਆਸ ਹੋਇਆ, ਕਿਉਂਕਿ ਬਿਆਸ ਕਹਿੰਦੇ ਹਨ ਵਾਰ ਪਾਰ ਦੀ ਮਧ ਰੇਖਾ ਨੂੰ ਅਰਥਾਤ ਰਿਗਵੇਦ ਦੇ ਅਰੰਭ ਥੀਂ ਲੈਕੇ ਅਥਰਵਵੇਦ ਦੇ ਪਾਰ ਪ੍ਰਜੰਤ ਚਾਰੇ ਵੇਦ ਪੜ੍ਹੇ ਸਨ, ਅਰ ਸ਼ੁਕਦੇਵ ਤਥਾ ਜੈਮਨੀ ਆਦੀ ਸ਼ਿਸ਼ਾਂ ਨੂੰ ਪੜ੍ਹਾਏ ਬੀ ਸਨ, ਨਹੀਤਾਂ ਉਨ੍ਹਾਂ ਦੇ ਜਨਮ ਦਾ ਨਾਉਂ 'ਕ੍ਰਿਸ਼ਨ ਦ੍ਵੈ ਪਾਇਨ' ਸੀ, ਜੋ ਕੋਈ ਏਹ ਕਹਿੰਦੇ ਹਨ ਕਿ ਵੇਦਾਂ ਨੂੰ ਬਿਆਸਜੀ ਨੇ ਕੱਠਾ ਕੀਤਾ ਏਹ ਬਾਤ ਝੂਠੀ ਹੈ, ਕਿਉਂਕਿ ਬਿਆਸਜੀਦ ਪਿਉ, ਦਾਦਾ, ਪੜਦਾਦਾ, ਪ੍ਰਾਸ਼ਰ, ਸ਼ਕਤੀ, ਵਸ਼ਿਸ਼ਠ ਅਰ ਬ੍ਰਹਮਾ ਆਦੀ ਨੇ ਬੀ ਚਾਰੇ ਵੇਦ ਪੜ੍ਹੇ ਸਨ ਏਹ ਬਾਤ ਕਿਉਂਕਰ ਘਟ ਸਕੇ।

( ਪ੍ਰਸ਼ਨ ) ਪੁਰਾਣਾ ਵਿਚ ਸਭ ਬਾਤਾਂ ਝੂਠੀਆਂ ਹਨ ਵਾ ਕੋਈ ਸੱਚੀ ਬੀ ਹੈ?

( ਉਤ੍ਰ ) ਬਹੁਤ ਸਾਰੀਆਂ ਬਾਤਾਂ ਝੂਠੀਆਂ ਹਨ ਅਰ ਕੋਈ ਘੁਣ ਅੱਖਰ ਨਿਆਂ ਕਰਕੇ ਸੱਚੀ ਬੀ ਹੈ, ਜੋ ਸੱਚੀ ਹੈ ਉਹ ਵੇਦ ਆਦੀ ਸਤਸ਼ਾਸਤ੍ਰਾਂ ਹੈ, ਅਰ ਜੋ ਝੂਠੀ ਹਨ ਉਹ ਇਨ੍ਹਾਂ ਪੋਪਾਂਦੇ ਪੁਰਾਣ ਰੂਪੀ ਘਰਦੀਆਂ ਹਨ, ਜਿਸਤਰਾਂ ਸ਼ਿਵਪੁਰਾਣ ਵਿਚ ਸ਼ਿਵਮਤ ਵਾਲਿਆਂ ਨੇ ਸ਼ਿਵ ਨੂੰ ਪਰਮੇਸ਼੍ਵਰ ਮਨਕੇ ਬਿਸ਼ਨੂੰ ਬ੍ਰਹਮਾ, ਇੰਦ੍ਰ, ਗਣੇਸ਼, ਅਰ ਸੂਰਜ ਆਦੀ ਨੂੰ ਉਨ੍ਹਾਂਦੇ ਦਾਸ ਠਰਾਇਆਂ ਹੈ। ਵੈਸ਼ਨਵਾਂ ਨੇ ਵਿਸ਼ਨੂੰਪੁਰਾਣ ਆਦੀ ਵਿਚ ਵਿਸ਼ਨੂੰ ਨੂੰ ਪਰਮੇਸ਼੍ਵਰ ਮਨਿਆਂ ਅਰ ਸ਼ਿਵ ਆਦੀ ਨੂੰ ਬਿਸਨੂੰ ਦੇ ਦਾਸ। ਦੇਵੀ ਭਾਗਵਤ ਵਿਚ ਦੇਵੀ ਨੂੰ ਪਰਮੇਸ਼੍ਵਰ ਅਰ ਸ਼ਿਵ, ਬਿਸ਼ਨੂੰ ਆਦੀ ਨੂੰ ਉਸਦੇ ਨੌਕਰ

ਬਣਾਏ। ਗਣੇਸ਼ ਖੰਡ ਵਿਚ ਗਣੇਸ਼ ਨੂੰ ਈਸ਼੍ਵਰ ਅਰ ਬਾਕੀ ਸਭਨੂੰ ਦਾਸ ਬਣਾਯਾ ਭੁਲਾ ਏਹ ਬਾਤ ਇਨ੍ਹਾਂ ਸੰਪ੍ਰਦਾਈ ਲੋਕਾਂਦੀ ਨਹੀ ਤਾਂ ਕਿਨ੍ਹਾਂ ਦੀ ਹੈ? ਇਕ ਮਨੁਖ ਦੇ ਬਣਾਨ ਵਿਚ ਅਜੇਹੀ ਪਰਸਪਰ ਵਿਰੁਧ ਬਾਤ ਨਹੀਂ ਹੁੰਦੀ ਤਾਂ ਵਿਦਵਾਂਨ ਦੇ ਬਣਾਏ ਹੋਏ ਵਿਚ ਕਦੀ ਨਹੀ ਆ ਸਕਦੀ, ਏਸ ਵਿਚੋਂ ਇਕ ਗਲਨੂੰ ਸਚੀ ਮਨੀਏ ਤਾਂ ਦੂਜੀ ਝੂਠੀ, ਅਰ ਜੇ ਦੂਜੀ ਨੂੰ ਸੱਚੀ ਮਨੀਏਂ ਤਾਂ ਤੀਜੀ ਝੂਠੀ, ਅਰ ਜੇ ਤੀਜੀ ਨੂੰ ਸਚੀ ਮਨੀਏ ਤਾਂ ਹੋਰ ਸਭ ਝੂਠੀਆਂ ਹੁੰਦੀਆਂ ਹਨ। ਸ਼ਿਵਪੁਰਾਣ ਵਾਲੇ ਸ਼ਿਵ ਥੀਂ, ਬਿਸ਼ਨੂੰ ਪੁਰਾਂਣ ਵਾਲੇ ਬਿਸ਼ਨੂੰ ਥੀਂ, ਦੇਵੀ ਪੁਰਾਣ ਵਾਲੇ ਨੈ ਦੇਵੀ ਥੀਂ, ਗਣੇਸ਼ਖੰਡ ਵਾਲੇ ਨੈ ਗਣੇਸ਼ ਥੀਂ, ਸੂਰਜ ਪੁਰਾਣ ਵਾਲੇ ਨੈ ਸੂਰਜ ਥੀਂ, ਅਰ ਵਾਯੂਪੁਰਾਣ ਵਾਲੇ ਨੈ ਵਾਯੂ ਥੀਂ ਸ੍ਰਿਸ਼ਟੀ ਦੀ ਉਤਪੱਤੀ, ਪਰਲੋ ਲਿਖਕੇ ਫੇਰ ਇਕ ਇਕ ਥੀਂ ਇਕ ਇਕ ਜੋ ਜਗਤਦੇ ਕਾਰਣ ਲਿਖੇ ਉਨ੍ਹਾਂਦੀ ਉਤਪਤੀ ਇਕ ਇਕ ਥੀਂ ਲਿਖੀ, ਕੋਈ ਪੁਛੇ ਕਿ ਜੋ ਜਗਤ ਦੀ ਉਤਪੱਤੀ, ਸਥਿਤੀ ਪਰਲੋ ਕਰਨ ਵਾਲਾ ਹੈ ਉਹ ਉਤਪੰਨ, ਅਰ ਜੋ ਉਤਪੰਨ ਹੁੰਦਾ ਹੈ ਉਹ ਸ੍ਰਿਸ਼੍ਟੀ ਦਾ ਕਾਰਣ ਕਦੀ ਹੋ ਸਕਦਾ ਹੈ ਵਾ ਨਹੀ? ਤਾਂ ਨਿਰੇ ਚੁਪ ਰਹਿਣ ਦੇ ਬਿਨਾ ਕੁਝ ਬੀ ਨਹੀ ਕਹ ਸਕਦੇ, ਅਰ ਇਨ੍ਹਾਂ ਸਭਨਾ ਦੇ ਸ਼ਰੀਰ ਦੀ ਉਤਪੱਤੀ ਬੀ ਏਸਤੋਂ ਹੀ ਹੋਈ ਹੋਵੇ ਗੀ, ਫੇਰ ਉਹ ਆਪ ਸ੍ਰਿਸ਼ਟੀਪਦਾਰਥ ਅਰ ਪਰੀਛਿੰਨ ਹੋਕੇ ਸੰਸਾਰ ਦੀ ਉਤਪੱਤੀ ਦੇ ਕਰਤਾ ਕਿਉਂਕਰ ਹੋ ਸਕਦੇ ਹਨ, ਅਰ ਉਤਪੱਤੀ ਬੀ ਵਖੋ ਵਖਰੇ ਢੰਗ ਨਾਲ ਮਨੀ ਹੈ ਜੋਕਿ ਸਰਬਥਾ ਅਸੰਭਵ ਹੈ ਜਿਸਤਰਾਂ:-

ਸ਼ਿਵ ਪੁਰਾਂਣ ਵਿਚ ਸ਼ਿਵ ਨੈ ਇਛਿਆ ਕੀਤੀ ਕਿ ਮੈਂ ਸ੍ਰਿਸ਼ਟੀ ਕਰਾਂ ਤਾਂ ਇਕ ਨਾਰਾਇਣ ਜਲਦੇ ਕੁੰਡ ਨੂੰ ਉਤਪੰਨ ਕਰਕੇ ਓਸਦੀ ਨਾਭੀ ਵਿਚੋਂ ਕਉਲਫੁਲ, ਕਉਲਫੁਲ ਵਿਚੋਂ ਬ੍ਰਹਮਾ ਉਤਪੰਨ ਹੋਇਆ, ਓਸਨੈ ਵੇਖਿਆ ਕਿ ਸਭ ਜਲਮਈ ਹੈ, ਜਲਦੀ ਚੁੱਲੀ ਚੁਕ ਕੇ ਵੇਖੀ ਅਰ ਜਲ ਵਿਚ ਸੁਟ ਦਿਤੀ, ਓਸ ਥੀਂ ਇਕ ਬੁਲਬੁਲਾ ਉਠਿਆ ਅਰ ਬੁਲਬੁਲੇ ਵਿਚੋਂ ਇਕ ਆਦਮੀ ਉਤਪੰਨ ਹੋਇਆ, ਓਸਨੈ ਬ੍ਰਹਮਾ ਨੂੰ ਕਹਿਆ ਕਿ ਹੇ ਪੁਤ ਸ੍ਰਿਸ਼ਟੀ ਉਤਪੰਨ ਕਰ, ਬ੍ਰਹਮਾ ਨੈ ਓਸ ਨੂੰ ਕਹਿਆ ਕਿ ਮੈਂ ਤੇਰਾ ਪੁਤ ਨਹੀਂ ਕਿੰਤੂ ਤੂੰ ਮੇਰਾ ਪੁਤ੍ਰ ਹੈਂ, ਉਨਾਂ ਵਿਚ ਝਗੜਾ ਹੋਇਆ ਅਰ ਦਿੱਬ ਹਜਾਰ ਵਰੇਹਾਂ ਤਿਕ ਦੋਨੋਂ ਪਾਣੀ ਉੱਤੇ ਲੜਦੇ ਰਹੇ, ਤਦ ਮਹਾਂ ਦੇਵ ਨੈ ਵਿਚਾਰ ਕੀਤਾ ਕਿ ਜਿਨ੍ਹਾਂ ਨੂੰ ਮੈਨੇ ਸ੍ਰਿਸ਼੍ਟੀ ਕਰਨ ਦੇ ਵਾਸਤੇ ਭੇਜਿਆ ਸੀ ਉਹ ਦੋਨੋਂ ਆਪਸ ਵਿਚ ਲੜ ਝਗੜ ਰਹੇ ਹਨ, ਤਦ ਉਨ੍ਹਾਂ ਦੁਹਾਂ ਵਿਚੋਂ ਇਕ ਤੇਜੋਮਈ ਲਿੰਗ ਉਤਪੰਨ ਹੋਇਆ ਅਰ ਉਹ ਜਲਦੀ ਅਕਾਸ਼ ਵਿਚ ਚਲਾਗਿਆ, ਓਸ ਨੂੰ ਵੇਖਕੇ ਦੋਨੋਂ ਅਚਰਜ ਹੋਗਏ, ਵਿਚਾਰ ਕੀਤਾ ਕਿ ਏਸਦਾ ਆਦ ਅੰਤ ਲੈਣਾ ਚਾਹੀਏ, ਜੋ ਆਦ ਅੰਤ ਲੈਕੇ ਜਲਦੀ ਚਲਾ ਆਵੇ ਉਹ ਪਿਤਾ, ਅਰ ਜੋ ਪਿਛੋਂ ਵਾ ਥਾਹ

ਲੈਕੇ ਨਾਂ ਆਵੇ ਉਹ ਪੁਤ੍ਰ ਕਹਾਵੇ,ਬਿਸ਼ਨੂੰ ਕਛੂ ਦਾ ਸਰੂਪ ਧਰਕੇ ਹੇਠਾ ਨੂੰ ਚਲਿਆ,ਅਰ ਬ੍ਰਹਮਾ ਹੰਸਦਾ ਸ਼੍ਰੀਰ ਧਾਰਣ ਕਰਕੇ ਉਪਰ ਨੂੰ ਉਡਿਆ, ਦੋਨੋਂ ਮਨੋਂ ਬੇਗ ਨਾਲ ਚਲੇ ਦਿਬਹਜਾਰ ਵਰੇਹਾਂ ਤਿਕ ਦੋਨੋਂ ਚਲਦੇ ਰਹੇ ਤਾਂ ਬੀ ਓਸਦਾ ਅੰਤ ਨਾਂ ਪਾਇਆ, ਤਦ ਹੇਠਾਂ ਥੀਂ ਉਪੱਰ ਵਿਸ਼ਨੂੰ ਅਰ ਉਪਰ ਥੀਂ ਹੇਠਾਂ ਬ੍ਰਹਮਾ ਨੈ ਵਿਚਾਰਿਆ ਕਿ ਜੇ ਉਹ ਪਤਾ ਲੈ ਆਇਆ ਹੋਵੇ ਗਾ ਤਾਂ ਮੈਨੂੰ ਪੁਤ੍ਰ ਬਣਨਾ ਪਵੇ ਗਾ ਏਹ ਗਲ ਵਿਚਾਰ ਰਹਿਆ ਸੀ ਕਿ ਉਸੇ ਵੇਲੇ ਇਕ ਗਊ ਅਰ ਇਕ ਕੇਤਕੀ ਦਾ ਦ੍ਰਖਤ ਉਪਰ ਥੀਂ ਉਤ੍ਰ ਆਇਆ, ਉਨ੍ਹਾਂ ਕੋਲੋਂ ਬ੍ਰਹਮਾ ਨੈ ਪੁਛਿਆ ਕਿ ਤੁਸੀ ਕਿਥੋਂ ਆਏ? ਉਨਾਂਨੈ ਕਹਿਆ ਅਸੀ ਹਜਾਰ ਵਰੇਹਾਂ ਥੀਂ ਏਸ ਲਿੰਗ ਦੇ ਆਸ਼੍ਰੇ ਚਲੇ ਆਉਂਨੇ ਹਾਂ,ਬ੍ਰਹਮਾ ਨੈ ਪੁਛਿਆ ਕਿ ਏਸ ਲਿੰਗਦਾ ਥਾਹ ਹੈ ਵਾ ਨਹੀ ? ਉਨ੍ਹਾਂ ਨੈ ਕਹਿਆ ਕਿ ਨਹੀ, ਬ੍ਰਹਮਾ ਨੈ ਉਨ੍ਹਾਂਨੂੰ ਕਹਿਆ ਕਿ ਤੁਸੀ ਸਾਡੇ ਨਾਲ ਚਲੋ ਅਰ ਏਹ ਉਗਾਹੀ ਦੇਓ ਕਿ ਮੈ ਏਸ ਲਿੰਗਦੇ ਸਿਰ ਉਤੇ ਦੁਧ ਦੀ ਧਾਰ ਕਰਦੀ ਸਾਂ,ਅਰ ਦ੍ਰਖਤ ਆਖੇ ਕਿ ਮੈਂ ਫੁਲ ਵਸਾਂਦਾ ਸਾਂ ਇਹ ਉਗਾਹੀ ਦੇਓ ਤਾਂ ਮੈ ਤੁਹਾਨੂੰ ਠਿਕਾਣੇ ਉਤੇ ਲੈ ਚਲਾਂ ਉਨਾਂਨੈ ਕਹਿਆ ਕਿ ਅਸੀ ਝੂਠੀ ਉਗਾਹੀ ਨਹੀ ਦਿਆਂ ਗੇ ਤਦ ਬ੍ਰਹਮਾ ਗੁਸੇ ਹੋਕੇ ਬੋਲਿਆ ਜੇ ਉਗਾਹੀ ਨਾ ਦੇਓਗੇ ਤਾਂ ਮੈਂ ਤੁਹਾਨੂੰ ਹੁਣੇ ਭਸਮ ਕਰ ਦਿੰਦਾ ਹਾਂ,ਤਦ ਦੋਹਾਂ ਨੈ ਡਰਕੇ ਕਹਿਆ ਕਿ ਅਸੀ ਜਿਸਤਰਾਂ ਨਾਲ ਤੁਸੀ ਕਹਿੰਦੇ ਹੋ ਉਸੇਤਰਾਂ ਉਗਾਹੀ ਦੇਵਾਂਗੇ,ਤਦ ਤਿੰਨੇ ਹੇਠਾਂ ਨੂੰ ਚਲੇ, ਬਿਸ਼ਨੂੰ ਪਹਿਲੇ ਹੀ ਆਗਿਆ ਸੀ ਬ੍ਰਹਮਾ ਬੀ ਪੁਜਿਆ, ਵਿਸ਼ਨੂੰ ਨੂੰ ਪੁਛਿਆ ਕਿ ਤੂੰ ਪਤਾ ਲੈ ਆਇਆ ਵਾ ਨਹੀ?ਤਦ ਬਿਸ਼ਨੂੰ ਬੋਲਿਆ ਮੈਨੂੰ ਏਸਦੀ ਥਾਹ ਨਹੀ ਮਿਲੀ। ਬ੍ਰਹਮਾ ਨੈ ਕਹਿਆ ਮੈਂ ਲੈ ਆਇਆ, ਬਿਸ਼ਨੂੰ ਨੈ ਕਿਹਾ ਕੋਈ, ਉਗਾਹੀ ਦੇਓ ਤਦ ਗਊ ਅਰ ਦ੍ਰਖਤ ਨੈ ਉਗਾਹੀ ਦਿਤੀਕਿ ਅਸੀ ਦੋਨੋਂ ਲਿੰਗ ਦੇ ਸਿਰ ਉਤੇ ਹੈਗੇ ਸਾਂ, ਤਦ ਲਿੰਗ ਵਿਚੋਂ ਸ਼ਬਦ ਨਿਕਲਿਆ ਅਰ ਪਹਿਲੇ ਦ੍ਰਖਤ ਨੂੰ ਸ਼੍ਰਾਪ ਦਿਤਾ ਕਿ ਜਿਸ ਕਰਕੇ ਤੂੰ ਝੂਠ ਬੋਲਿਆ ਏਸ ਲਈ ਤੇਰਾ ਫੁਲ ਮੇਰੇ ਵਾ ਹੋਰ ਦੇਵਤੇ ਉਤੇ ਜਗਤ ਵਿਚ ਕਦੀ ਨਹੀ ਚੜ੍ਹੇਗਾ, ਅਰ ਜੋ ਕੋਈ ਚੜ੍ਹਾਵੇ ਗਾ ਓਸਦਾ ਸਤਿਆਨਾਸ਼ ਹੋਵੇ ਗਾ,ਗਊ ਨੂੰ ਸ਼੍ਰਾਪ ਦਿਤਾ ਕਿ ਜਿਸ ਮੂੰਹ ਨਾਲ ਤੂੰ ਝੂਠ ਬੋਲੀ ਉਸੇ ਨਾਲ ਮੈਲਾ ਖਾਇਆ ਕਰੇਂਗੀ ਤੇਰੇ ਮੂੰਹ ਦੀ ਪੂਜਾ ਕੋਈ ਨਹੀ ਕਰੇਗਾ ਕਿੰਤੂ ਪੂਛਦੀ ਕਰਨ ਗੇ, ਅਰ ਬ੍ਰਹਮਾ ਨੂੰ ਸ਼੍ਰਾਪ ਦਿਤਾ ਕਿ ਤੂੰ ਝੂਠ ਬੋਲਿਆ ਏਸ ਲਈ ਤੇਰੀ ਪੂਜਾ ਸੰਸਾਰ ਵਿਚ ਕਦੇ ਨਾਂ ਹੋਵੇ ਗੀ,ਅਰ ਬਿਸ਼ਨੂੰ ਨੂੰ ਬਰ ਦਿਤਾ ਤੂੰ ਸਚ ਬੋਲਿਆ ਇਸਲਈ ਤੇਰੀ ਪੂਜਾ ਸਭ ਥਾਂ ਹੋਵੇ ਗੀ, ਫੇਰ ਦੁਹਾਂਨੈ ਲਿੰਗ ਦੀ ਉਸਤਤ ਕੀਤੀ ਓਸਥੀਂ ਪਰਸੰਨ ਹੋਕੇ ਓਸ ਲਿੰਗ ਵਿਚੋਂ ਇਕ ਜਟਾਜੂਟ ਮੂਰਤ ਨਿਕਲ ਆਈ ਅਰ ਕਹਿਆ ਕਿ ਤੈਨੂੰ ਮੈਂਨੇ ਸ੍ਰਿਸ਼ਟੀ ਕਰਨ ਦੇ ਵਾਸਤੇ ਭੇਜਿਆ ਸੀ ਝਗੜੇ ਵਿਚ

ਕਿਉਂ ਲਗੇ ਰਹੇ ? ਬ੍ਰਹਮਾ ਅਰ ਬਿਸ਼ਨੂੰ ਨੇ ਕਹਿਆ ਕਿ ਅਸੀ ਬਗੈਰ ਸਮਿਗਰੀ ਦੇ ਸ੍ਰਿਸ਼ਟੀ ਕਿਥੋਂ ਕਰੀਏ?ਤਦ ਮਹਾਂਦੇਵ ਨੇ ਅਪਨੀ ਜਟਾਂ ਵਿਚੋਂ ਇਕ ਭਸਮ ਦਾ ਗੋਲਾ ਕਢਕ ਦਿਤਾ ਕਿ ਜਾਓ ਏਸ ਵਿਚੋਂ ਸਭ ਸ੍ਰਿਸ਼ਟੀ ਬਣਾਓ ਇਤ ਆਦੀ, ਭਲਾ ਕੋਈ ਇਨਾਂ ਪੁਰਾਣਾ ਦੇ ਬਣਾਣ ਵਾਲਿਆਂ ਕੋਲੋਂ ਪੁਛੇ ਕਿ ਜਦ ਸ੍ਰਿਸ਼ਟੀ ਤਤ੍ਵ ਅਰ ਪੰਜ ਮਹਾਂ ਭੂਤ ਬੀ ਨਹੀ ਸਨ ਤਾਂ ਬ੍ਰਹਮਾ, ਬਿਸ਼ਨੂੰ, ਮਹਾਂਦੇਵ ਦੇ ਸ਼ੀਰ ਜਲ, ਕਉਲਫੁਲ, ਲਿੰਗ, ਗਊ ਅਰ ਕੇਤਕੀ ਦਾ ਦ੍ਰਖਤ, ਅਰ ਭਸਮ ਦਾ ਗੋਲਾ ਕੀ ਤੁਹਾਡੇ ਬਾਬਾਦੇ ਘਰ ਵਿਚੋਂ ਆ ਪਏ ?

ਇਸੇਤਰਾਂ ਭਾਗਵਤ ਵਿਚ ਬਿਸ਼ਨੂ ਦੀ ਨਾਭੀ ਵਿਚੋਂ ਕੌਲ,ਕੌਲਫੁਲ ਤੋਂ ਬ੍ਰਹਮਾ,ਅਰ ਬ੍ਰਹਮਾ ਦੇ ਸੱਜੇ ਪੈਰ ਦੇ ਅੰਗੂਠੇ ਥੀਂ ਸ੍ਵਯੰਭਵ,ਅਰ ਖੱਬੇ ਅੰਗੂਠੇ ਥੀਂ ਸ਼ਤਰੂਪਾ ਰਾਣੀ,ਮਥੇ ਥੀਂ ਰੁਦ੍ਰ ਅਰ ਮ੍ਰੀਚੀ ਆਦੀ ਦਸ ਪੁਤ੍ਰ,ਉਨ੍ਹਾਂ ਥੀਂ ਦਸ ਪਰਜਾਪੱਤੀ,ਉਨਾਂ ਦੀਆਂ ਤੇਰਾਂ ਕੁੜੀਆਂ ਦਾ ਵਿਆਹ ਕਸ਼ਪ ਨਾਲ,ਉਨ੍ਹਾਂ ਵਿੱਚੋਂ ਦਿਤੀ ਥੀ ਦੈਤ, ਦਨੂ ਵਿਚੋਂ ਦਾਨਵ, ਅਦਿੱਤੀ ਥੀਂ ਆਦਿਤ੍ਯ, ਬਿਨਤਾ ਥੀਂ ਪੰਖੀ, ਕਦਰੂ ਥੀਂ ਸਪ, ਸ਼ਰਮਾ ਥੀਂ ਕੁੱਤੇ, ਬਿਘਿਆੜ ਆਦੀ, ਅਰ ਹੋਰਨਾ ਇਸਤ੍ਰੀਆਂ ਥੀਂ ਹਾਥੀ,ਘੋੜੇ, ਊਠ,ਖੋਤੇ,ਮਹੀਆਂ, ਘਾਹ,ਤੂੜੀ, ਅਰ ਕਿਕੱਰ ਆਦੀ ਦ੍ਰਖਤ ਕੰਡਿਆਂ ਸਮੇਤ ਉਤਪੰਨ ਹੋਗਏ, ਵਾਹ ਭਈ ਵਾਹ! ਭਾਗਵਤ ਦੇ ਬਣਾਣ ਵਾਲੇ ਭੁਜੱਕੜ ਕੀ ਕਹਨਾ ਤੈਨੂੰ ਅਜੇਹੀਆਂ ਅਜੇਹੀਆਂ ਝੂਠੀਆਂ ਗੱਲਾਂ ਲਿੱਖਣ ਵਿਚ ਜਰਾ ਬੀ ਲਜਿਆ ਅਰ ਸ਼ਰਮ ਨਾ ਆਈ,ਨਿਰਾ ਅੰਨ੍ਹਾ ਹੀ ਬਣਗਿਆ, ਇਸਤ੍ਰੀ ਪੁਰਸ਼ ਦੇ ਰਜਬੀਰਜ ਦੇ ਸੰਜੋਗ ਥੀਂ ਮਨੁਖੱ ਤਾਂ ਬਣਦੇ ਹੀ ਹਨ ਪ੍ਰੰਤੂ ਪਰਮੇਸ਼੍ਰ ਦੀ ਸ੍ਰਿਸ਼ਟੀ ਕ੍ਰਮ ਦੇ ਵਿਰੁਧ ਪਸ਼ੂ, ਪਖੀ, ਸਪ ਆਦੀ ਕਦੀ ਉਤਪੰਨ ਨਹੀਂ ਹੋ ਸਕਦੇ, ਅਰ ਹਾਥੀ, ਊਠ, ਸ਼ੇਰ ਕੁੱਤੇ ਖੋਤੇ, ਅਰ ਦ੍ਰਖਤ ਦਾ ਇਸਤ੍ਰੀ ਦੇ ਗਰਭ ਆਸ਼ੇ ਵਿਚ ਠੈਹਰਨ ਦਾ ਅਵਕਾਸ਼ ਕਿਥੋਂ ਹੋ ਸਕਦਾ ਹੈ ਅਰ ਸ਼ੇਰ ਆਦੀ ਉਤਪੰਨ ਹੋਕੇ ਅਪਣੇ ਮਾਂ,ਪਿਉ ਨੂੰ ਕਿਉਂ ਨਾ ਖਾ ਗਏ,ਅਰ ਮਨੁਖ ਸ਼ਰੀਰ ਥੀਂ ਪਸ਼ੂ, ਪਖੀ, ਦ੍ਰਖਤ ਆਦੀ ਦਾ ਉਤਪੰਨ ਹੋਣਾ ਕਿਉਂਕਰ ਸੰਭਵ ਹੋ ਸਕਦਾ ਹੈ,ਸ਼ੋਕ ਹੈ ਇਨਾਂ ਲੋਕਾਂਦੀ ਰਚੀ ਹੋਈ ਏਸ ਮਹਾਂ ਅਸੰਭਵ ਲੀਲਾ ਉਤੇ ਜਿਸਨੇ ਸੰਸਾਰ ਨੂੰ ਹੁਣ ਤਿਕ ਭਰਮਾ ਰਖਿਆ ਹੈ, ਭਲਾ ਇਨ੍ਹਾਂ ਮਹਾਂ ਝੂਠ ਗਲਾਂ ਨੂੰ ਉਹ ਅੰਨ੍ਹੇ ਪੋਪ ਅਰ ਬਾਹਿਰ ਭੀਤਰਦੀਆਂ ਫੁਟੀਆਂ ਅਖਾਂ ਵਾਲੇ ਉਨ੍ਹਾਂ ਦੇ ਚੇਲੇ ਸੁਣਦੇ ਅਰ ਮਨਦੇ ਹਨ, ਬੜੀ ਹੀ ਅਚਰਜ ਦੀ ਬਾਤ ਹੈ ਕਿ ਏਹ ਮਨੁਖ ਹਨ ਵਾ ਹੋਰ ਕੋਈ? ਇਹ ਭਾਗਵਤ ਆਦੀ ਪੁਰਾਣਾਂਦੇ ਬਣਾਣਹਾਰੇ ਜਮਦੇ ਹੀ ਕਿਉਂ ਨਾ ਗਰਭ ਵਿਚ ਹੀ ਨਸ਼ਟ ਹੋ ਗਏ, ਵਾ ਜਮਣ ਵੇਲੇ ਮਰ ਕਿਉਂ ਨਾ ਗਏ,ਕਿਉਂਕਿ ਇਨ੍ਹਾਂ ਪੋਪਾਂ ਥੀਂ ਬਚਦੇ ਤਾਂ ਆਰਯਾਵਰਤ ਦੇਸ਼ ਦੁੱਖਾਂ ਥੀਂ ਬਚ ਜਾਂਦਾ ।

( ਪ੍ਰਸ਼ਨ ) ਇਨ੍ਹਾਂ ਬਾਤਾਂ ਵਿਚ ਵਿਰੋਧ ਨਹੀ ਆ ਸਕਦਾ ਕਿਉਂਕਿ

ਜਿਸਦਾ ਵਿਆਹ ਉਸੇਦੇ ਗੀਤ, ਜਦ ਬਿਸਨੂ ਦੀ ਉਸਤਤ ਕਰਨ ਲਗੇ ਤਾਂ ਬਿਸਨੂ ਨੂੰ ਪਰਮੇਸ਼ੁਰ, ਹੋਰਨਾਂ ਨੂੰ ਦਾਸ, ਜਦ ਸ਼ਿਵਦੇ ਗੁਣ ਗਾਂਣ ਲਗੇ ਤਦ ਸ਼ਿਵ ਨੂੰ ਪਰਮੇਸ਼ੁਰ ਹੋਰਨਾਂ ਨੂੰ ਨੌਕਰ ਬਣਾਇਆ, ਅਰ ਪਰਮੇਸ਼ੁਰ ਦੀ ਮਾਇਆ ਵਿਚ ਸਭ ਬਣ ਸਕਦਾ ਹੈ, ਮਨੁਖ ਥੀਂ ਉਤਪੱਤੀ ਪਰਮੇਸ਼ੁਰ ਕਰ ਸਕਦਾ ਹੈ, ਵੇਖੋ ਬਿਨਾ ਕਾਰਣ ਅਪਣੀ ਮਾਇਆ ਥੀਂ ਸਭ ਸ੍ਰਿਸ਼ਟੀ ਖੜੀ ਕਰ ਦਿਤੀ ਹੈ, ਓਸ ਵਿਚ ਕੇਹੜੀ ਗਲ ਨਹੀ ਘਟ ਸਕਦੀ ਜੋ ਕਰਨਾ ਚਾਹੇ ਸੋ ਸਭ ਕਰ ਸਕਦਾ ਹੈ।

(ਉਤ੍ਰ) ਓ ਭੋਲੇ ਲੋਕੋ! ਵਿਆਹ ਵਿਚ ਜਿਸ ਦੇ ਗੀਤ ਗਾਂਉਦੇ ਹਨ ਓਸ ਨੂੰ ਸਭ ਥੀਂ ਵਡਾ ਅਰ ਦੂਜਿਆਂ ਨੂੰ ਛੋਟਾ ਵਾ ਨਿੰਦਾ, ਅਥਵਾ ਉਸ ਨੂੰ ਸਭ ਦਾ ਪਿਉ ਤਾਂ ਨਹੀਂ ਬਣਾਂਦੇ, ਦਸੋ ਤਾਂ ਪੋਪ ਜੀ ਤੁਸੀਂ ਭੰਡ ਅਰ ਖੁਸ਼ਾਮਦੀ ਚਾਰਣਾ ਥੀਂ ਬੀ ਵਧੀਕ ਗੱਪੀ ਹੋ ਅਥਵਾ ਨਹੀਂ? ਕਿ ਜਿਸਦੇ ਪਿਛੇ ਲੱਗੋ ਓਸ ਨੂੰ ਸਭ ਤੋਂ ਵਡਾ ਬਣਾਓ, ਅਰ ਜਿਸ ਨਾਲ ਵਿਰੋਧ ਕਰੋ ਓਸ ਨੂੰ ਸਭ ਥੀਂ ਨੀਚ ਠਰਾਓ, ਤੁਹਾਨੂੰ ਸਚ ਅਰ ਧਰਮ ਨਾਲ ਕੀ ਵਾਸਤਾ, ਕਿੰਤੂ ਤੁਹਾਨੂੰ ਤਾਂ ਆਪਣੇ ਸ੍ਵਾਰਥ ਨਾਲ ਹੀ ਕੰਮ ਹੈ, ਮਾਇਆ ਮਨੁਖੱ ਵਿਚ ਹੋ ਸਕਦੀ ਹੈ, ਜੋ ਛਲੀ ਕਪਟੀ ਹਨ ਉਨ੍ਹਾਂ ਨੂੰ ਹੀ ਮਾਇਆ ਵਾਲੇ ਕਹਿੰਦੇ ਹਨ, ਪਰਮਸ਼ੁਰ ਵਿਚ ਛਲ, ਕਪਟ ਆਦੀ ਦੋਸ਼ ਨਾ ਹੋਣ ਕਰਕੇ ਓਸ ਨੂੰ ਮਾਇਆ ਵਾਲਾ ਨਹੀਂ ਕਹ ਸਕਦੇ, ਜੇ ਆਦੀ ਸ੍ਰਿਸ਼ਟੀ ਵਿਚ ਕਸ਼ਪ ਅਰ ਕਸ਼ਪ ਦੀ ਇਸਤ੍ਰੀਆਂ ਥੀਂ ਪਸ਼ੂ, ਪਖੀ, ਸਪ, ਦ੍ਰਖਤ ਆਦੀ ਹੋਏ ਹੁੰਦੇ ਤਾਂ ਅਜ ਕਲ ਭੀ ਉਹੋ ਜੇਹੀ ਸੰਤਾਂਨ ਕਿਉ ਨਹੀਂ ਹੁੰਦੀ? ਸ੍ਰਿਸ਼ਟੀ ਕ੍ਰਮ ਜੋ ਪਹਿਲੇ ਲਿਖ ਆਏ ਉਹੋ ਠੀਕ ਹੈ, ਅਰ ਅਨੁਮਾਨ ਹੈ ਕਿ ਪੋਪ ਜੀ ਏਥੋਂ ਧੋਖਾ ਖਾਕੇ ਬਕੇ ਹੋਣਗੇ:—

तस्मात् काश्यप्य इमाः प्रजाः ॥ शत० ७ । ५ । १५ । ५ ॥

ਸ਼ਤਪਥ ਵਿਚ ਏਹ ਲਿਖਿਆ ਹੈ ਕਿ ਏਹ ਸਭ ਸ੍ਰਿਸ਼ਟੀ ਕਸ਼ਪ ਦੀ ਬਣਾਈ ਹੋਈ ਹੈ ॥—

कश्यपः कस्मात् पश्यको भवतीति ॥ निरु० अ० २ । खं० २ ॥

ਸ੍ਰਿਸ਼ਟੀ ਕਰਤਾ ਪਰਮੇਸ਼ੁਰ ਦਾ ਨਾਉਂ ਕਸ਼ਪ ਏਸ ਲਈ ਹੈ ਕਿ ਪਸ਼ਯਕ ਅਰਥਾਤ

"पश्यतीति पश्यः पश्य एवपश्यकः"

ਜੋ ਨਿਰਭਰਮ ਹੋਕੇ ਚਰਾਚਰ ਜਗਤ ਸਭ ਜੀਵ ਅਰ ਇਨ੍ਹਾਂ ਦੇ ਕਰਮ ਸਕਲ ਵਿਦਿਆ ਨੂੰ ਜਥਾਵਤ ਵੇਖਦਾ ਹੈ ਅਰ:—

"आद्यन्त विपर्यय"

ਏਸ ਮਹਾਂਭ੍ਰਾਸ਼ ਦੇ ਬਰਨ ਥੀਂ ਆਦੀ ਦਾ ਅਖੱਰ ਅੰਤ, ਅਰ ਅੰਤ ਦਾ ਵਰਣ ਆਦੀ ਵਿਚ ਆਉਂਣ ਨਾਲ 'ਪਸ਼ਯਕ' ਥੀਂ ਕਸ਼ਪ ਬਣਗਿਆ ਹੈ ਏਸ ਦਾ ਅਰਥ ਨਾ ਜਾਣਕੇ ਭੰਗ ਦੇ ਲੋਟੇ ਚੜ੍ਹ, ਅਪਣਾ ਜਨਮ ਸ੍ਰਿਸ਼ਟੀ ਕ੍ਰਮ ਥੀਂ ਵਿਰੁਧ ਕਥਨ ਕਰਨ ਵਿਚ ਨਸ਼ਟ ਕੀਤਾ ॥

ਜਿਸਤਰਾਂ ਮਾਰਕੰਡੇ ਪੁਰਾਣ ਦੇ ਦੁਰਗਾ ਪਾਠ ਵਿਚ ਦੇਵਤਿਆਂ ਦੇ ਸ੍ਰੀਰਾਂ ਥੀਂ ਤੇਜ ਨਿਕਲਕੇ ਇਕ ਦੇਵੀ ਬਣੀ ਓਸਨੇ ਮਹੀਖਾਸੁਰ ਨੂੰ ਮਾ-ਰਿਆ, ਰਕਤਬੀਜ ਦੇ ਸ੍ਰੀਰ ਵਿਚੋਂ ਇਕ ਬੂੰਦ ਜਮੀਂਨ ਉਤੇ ਪੈਣ ਨਾਲ ਉਸ ਵਰਗੇ ਰਕਤ ਬੀਜਦੇ ਉਤਪੰਨ ਹੋਣ ਕਰਕੇ ਸਭ ਜਗਤ ਵਿਚ ਰਕਤ ਬੀਜ ਭਰ ਜਾਣਾ ਲਹੂ ਦੀ ਨਦੀ ਦਾ ਵਗਟੁਰਨਾ ਆਦੀ ਗਪੌੜੇ ਬਹੁਤ ਸਾਰੇ ਲਿਖ ਰਖੇ ਹਨ, ਜਦ ਰਕਤਬੀਜ ਨਾਲ ਸਭ ਜਗਤ ਭਰ ਗਿਆ ਸੀ ਤਾਂ ਦੇਵੀ ਅਰ ਦੇਵੀ ਦਾ ਸ਼ੇਰ ਅਰ ਓਸਦੀ ਫੌਜ ਕਿਥੇ ਰਹੀ ਸੀ? ਜੇ ਆਖੋ ਕਿ ਦੇਵੀ ਥੀਂ ਦੂਰ ਦੂਰ ਰਕਤਬੀਜ ਸਨ ਤਾਂ ਸਾਰਾ ਜਗਤ ਰਕਤ ਬੀਜ ਨਾਲ ਨਹੀ ਭਰਿਆ ਸੀ, ਜੇ ਭਰ ਜਾਂਦਾ ਤਾਂ ਪਸ਼ੂ,ਪਖੀ,ਮਨੁਖ ਆਦੀ ਪ੍ਰਾਣੀ ਅਰ ਜਲ,ਸਥਲ,ਮਗਰਮਛ,ਕਛੂ, ਮਛੀ ਆਦੀ ਬਨਸਪਤੀ ਆਦੀ ਦ੍ਰਖਤ ਕਿਥੇ ਰਹਿੰਦੇ,ਏਥੇ ਏਹੋ ਨਿਸਚੇ ਜਾਣੋ ਕਿ ਦੁਰਗਾ ਪਾਠ ਬਣਾਣ ਵਾਲੇ ਦੇ ਘਰ ਵਿਚ ਨਠਕੇ ਚਲੇ ਗਏ ਹੋਂਨਗੇ, ਵੇਖੋ! ਕਹੀ ਅਸੰਭਵ ਕਥਾ ਦਾ ਗਪੌੜਾ ਭੰਗਦੀ ਲੈਹਰ ਵਿਚ ਉਡਾਇਆ ਕਿ ਜਿਸ ਦਾ ਠਉਰ ਨਾ ਠਿਕਾਣਾ ॥

ਹੁਣ ਜਿਸਨੂੰ ਸ਼੍ਰੀਮਦਭਾਗਵਤ ਕਹਿੰਦੇ ਹਨ ਓਸਦੀ ਲੀਲੀ ਸੁਣੋ! ਬ੍ਰਹਮਾਜੀਨੂੰ ਨਾਰਾਇਣ ਨੈ ਚਾਰਸ਼ਲੋਕੀ ਭਾਗਵਤ ਦਾ ਉਪਦੇਸ਼ ਕੀਤਾ ॥

ज्ञानं परमगुह्यं मे यद्विज्ञानसमन्वितम् ।

सरहस्यं तदङ्गञ्च गृहाण गदितं मया ॥

भा० स्कं० २ । अ० ९ । श्लोक ३० ॥

ਹੇ ਬ੍ਰਹਮਾ ਜੀ! ਤੂੰ ਮੇਰਾ ਪਰਮ ਗੂੜ ਗਿਆਂਨ ਜੋ ਬਿਗਿਆਂਨ ਅਰ ਗੂੜ ਬਾਤ ਨਾਲ ਭਰਿਆ ਹੋਇਆ ਅਰ ਧਰਮ, ਅਰਥ, ਕਾਮ, ਮੋਖ ਦਾ ਅੰਗ ਹੈਓਸਨੂੰ ਮੈਥੋਂ ਗ੍ਰਹਣ ਕਰ, ਜਦ ਬਿਗਿਆਂਨ ਜੁਕਤ ਗਿਆਂਨ ਕਿਹਾ ਤਾਂ ਪਰਮ ਅਰਥਾਤ ਗਿਆਂਨ ਦਾ ਵਸ਼ੇਸਣ ਰਖਣਾ ਬਿਅਰਥ ਹੈ,ਅਰ ਗੂੜ੍ਹ ਵਸ਼ੇਸ਼ਣ ਥੀਂ ਰਹਸਜ ( ਗੂੜ ) ਬੀ ਪੁੰਨ ਰੁਕਤ ਹੈ, ਜਦ ਮੂਲ ਸ਼ਲੋਕ ਅਨਰਥਕ ਹੈ ਤਾਂ ਗ੍ਰੰਥ ਅਨਰਥਕ ਕਿਉਂ ਨਹੀਂ ? ਬ੍ਰਹਮਾਂਜੀਨੂੰ ਵਰ ਦਿਤਾ ਕਿ:—

भवान् कल्पविकल्पेषु न विमह्यति कर्हिचित् ॥

भाग० स्कं० २। अ० ९ श्लोक ३६ ॥

ਤੁਸੀ ਕਲਪ ਸ੍ਰਿਸ਼ਟੀ ਅਰ ਵਿਕਲਪ ਪਰਲੋ ਵਿਚ ਬੀ ਮੋਹ ਨੂੰ ਕਦੀ ਨਾ ਪ੍ਰਾਪਤ ਹੋਵੋ ਗੇ, ਇਹ ਲਿਖਕੇ ਫੇਰ ਦਸਵੇਂ ਸਕੰਧ ਵਿਚ ਮੋਹਤ ਹੋਕੇ ਵਛਾ ਚੁਰਾਇਆ,ਇਨ੍ਹਾਂ ਦੁਹਾਂ ਵਿੱਚੋਂ ਇਕ ਬਾਤ ਸੱਚੀ ਦੂਜੀ ਝੂਠੀ, ਏਸ ਕਰਕੇ ਦੋਏ ਬਾਤਾਂ ਝੂਠੀਆਂ,ਜਦ ਬਕੁੰਠ ਵਿਚ ਰਾਗ,ਦ੍ਵੇਸ਼,ਕ੍ਰੋਧ,ਈਰਖਾ, ਦੁਖ ਨਹੀਂ, ਹਨ ਤਾਂ ਸਨਕਾਦਕਾਂ ਨੂੰ ਬਕੁੰਠ ਦੇ ਦੁਆਰ ਵਿਚ ਕ੍ਰੋਧ ਕਿੰਉ ਹੋਇਆ ? ਜੇ ਕ੍ਰੋਧ ਹੋਇਆ ਤਾਂ ਉਹ ਸੁਰਗ ਹੀ ਨਹੀਂ, ਤਦ ਜੈ ਬਜੈ ਦੁਆਰਪਾਲ ਸਨ, ਸ੍ਵਾਮੀ ਦੀ ਆਗਿਆ ਪਾਲਣੀ ਜਰੂਰ ਸੀ, ਉਨ੍ਹਾਂ ਨੇ ਸਨਕਾਦਕਾਂ ਨੂੰ ਰੋਕਿਆ ਤਾਂ ਕੀ ਅਪ੍ਰਾਧ ਹੋਇਆ, ਏਸ ਉਤੇ ਬਿਨਾਂ ਅਪ੍ਰਾਧ ਸ਼੍ਰਾਪ ਹੀ ਨਹੀਂ ਲਗ ਸਕਦਾ, ਜਦ ਸ਼੍ਰਾਪ ਲੱਗਾ ਕਿ ਤੁਸੀਂ ਪ੍ਰਿਥਵੀ ਵਿਚ ਜਾ ਪਵੋ ਏਸ ਕਹਣ ਕਰਕੇ ਏਹ ਸਿਧ ਹੁੰਦਾ ਹੈ ਕਿ ਉਥੇ ਪ੍ਰਿਥਵੀ ਨਾ ਹੋਵੇਗੀ, ਅਕਾਸ਼, ਵਾਯੂ, ਅਗ, ਅਰ ਜਲ ਹੋਵੇਗਾ ਤਾਂ ਅਜੇਹੇ ਦੁਆਰ,ਮੰਦਰ,ਅਰ ਜਲ ਕਿਸਦੇ ਅਧਾਰ ਸਨ? ਫੇਰ ਜੈ ਬਜੈ ਨੈ ਸਨਕਾਦਕਾਂ ਦੀ ਉਸਤਤੀ ਕੀਤੀ ਮਹਾਂਰਾਜ! ਫੇਰ ਅਸੀਂ ਬਕੁੰਠ ਵਿਚ ਕਦ ਆਵਾਂਗੇ,ਉਨਾਂ ਨੈ ਉਨ੍ਹਾਂ ਨੂੰ ਕਹਿਆ ਕਿ ਜੇ ਪ੍ਰੇਮ ਨਾਲ ਨਾਰਾਇਣ ਦੀ ਭਗਤੀ ਕਰੋਗੇ ਤਾਂ ਸਤਵੇਂ ਜਨਮ, ਅਰ ਜੇ ਵਿਰੋਧ ਨਾਲ ਭਗਤੀ ਕਰੋਗੇ ਤਾਂ ਤੀਜੇ ਜਨਮ ਬੈਕੁੰਠ ਨੂੰ ਪ੍ਰਾਪਤ ਹੋਵੋਗੇ, ਏਸ ਵਿਚ ਬਿਚਾਰਨਾ ਚਾਹੀਏ ਕਿ ਜੈ ਬਿਜੈ ਨਾਰਾਇਣ ਦੇ ਨੌਕਰ ਸਨ ਉਨ੍ਹਾਂ ਦੀ ਰਖਿਆ ਅਰ ਸਹਾਇਤਾ ਕਰਨਾ ਨਾਰਾਇਣ ਦਾ ਕਰਤਬ ਕੰਮ ਸੀ, ਜੋ ਨੌਕ੍ਰਾਂ ਨੂੰ ਬਿਨਾਂ ਅਪ੍ਰਾਧ ਦੁਖ ਦੇਂਨ ਉਨ੍ਹਾਂ ਨੂੰ ਉਨ੍ਹਾਂ ਦਾ ਸ੍ਵਾਮੀ ਡੰਡ ਨਾ ਦੇਵੇ ਤਾਂ ਓਸਦੇ ਨੌਕਰਾਂ ਦੀ ਦੁਰਦਸ਼ਾ ਸਭ ਕੋਈ ਕਰ ਡਾਲੇ, ਨਾਰਾਇਣ ਨੂੰ ਉਚਤ ਸੀ ਕਿ ਜੈ,ਬਿਜੈ ਦਾ ਸਤਕਾਰ, ਅਰ ਸਨਾਦਕਾਂ ਨੂੰ ਚੰਗੀ ਤਰਾਂ ਨਾਲ ਡੰਡ ਦਿੰਦੇ, ਕਿੰਉਕਿ ਉਨ੍ਹਾਂ ਨੇ ਅੰਦਰ ਆਉਣ ਵਾਸਤੇ ਹਠ ਕਿੰਉ ਕੀਤਾ?ਅਰ ਨੌਕਰਾਂ ਨਾਲ ਲੜੇ ਕਿਉ ਸ਼੍ਰਾਪ ਦਿਤਾ? ਉਨਾਂ ਦੇ ਬਦਲੇ ਸਨਕਾਦਕਾਂ ਨੂੰ ਪ੍ਰਿਥਵੀ ਉੱਤੇ ਸੁਟ ਦੇਣਾ ਨਾਰਾਇਣ ਦਾ ਨਿਆਂਸੀ ਜਦ ਇੱਨਾਂ ਹਨੇਰ ਨਾਰਾਇਣ ਦੇ ਘਰ ਵਿਚ ਹੈ ਤਾਂ ਓਸਦੇ ਸੇਵਕ ਜੋਕਿ ਵੈਸ਼ਨਵ ਕਹਾਂਦੇ ਹਨ ਉਨਾਂ ਦੀ ਜਿੱਨੀ ਦੁਰਦਸ਼ਾ ਹੋਵੇ ਉਨੀ ਥੋੜੀ ਹੈ, ਫੇਰ ਉਹ ਹਿਰਨਾਖਜ, ਅਰਹਿਰਨਜਕਸ਼ਪ ਉਤਪੰਨ ਹੋਏ ਉਨਾਂ ਵਿਚੋਂ ਹਿਰਨਾਖਜ ਨੂੰ ਵਿਰਾਹ ਨੇ ਮਾਰਿਆ ਓਸਦੀ ਕਥਾ ਏਸ ਪ੍ਰਕਾਰ ਨਾਲ ਲਿਖੀ ਹੈ ਕਿ ਉਹ ਪ੍ਰਿਖਵੀ ਨੂੰ ਫੂੜੀ ਦੀ ਨਿਆਈਂ ਵਲ੍ਹੇਟਕ ਸਿਰ੍ਹਾਣੇ ਧਰ ਕੇ ਸੌਂਗਿਆ, ਬਿਸ਼ਨੂੰ ਨੈ ਵਿਰਾਹ ਦਾ ਸਰੂਪ ਧਾਰਣ ਕਰਕੇ ਓਸਦੇ ਸਿਰਦੇ ਹੇਠੋਂ ਪ੍ਰਿਥਵੀ ਨੂੰ ਮੂੰਹ ਵਿਚ ਧਰ ਲੀਤਾ, ਉਹ ਉਠਿਆ ਦੁਹਾਂਦੀ ਲੜਾਈ ਹੋਈ,ਵਿਰਾਹ ਨੇ ਹਿਰਨਾਖਜ ਨੂੰ ਮਾਰ ਸੁਟਿਆ,ਇਨਾਂ ਕੋਲੋਂ ਕੋਈ ਪੁਛੇ ਕਿ ਜਮੀਨ ਗੋਲ ਹੈ ਵਾ ਫੂੜੀ ਦੀ ਨਿਆਈਂ ? ਤਾਂ ਕੁਝ ਨਾ ਕਹ

ਸਕਨ ਗੇ, ਕਿਉਂਕਿ ਪੁਰਾਣਕ ਲੋਗ ਭੂਗੋਲ ਵਿਦਿਆ ਦੇ ਵੈਰੀ ਹਨ,ਭਲਾ ਜਦ ਵਲੇਟਕੇ ਸਿਰ੍ਹਾਨੇ ਧਰ ਲਈ ਤਾਂ ਆਪ ਕਿਸ ਉਤੇ ਸੁੱਤਾ? ਅਰ ਵਿਰਾਹ ਜੀ ਕਿਸ ਉਤੇ ਪੈਰ ਰਖਕੇ ਦੌੜ ਆਏ? ਪ੍ਰਿਥਵੀ ਤਾਂ ਵਿਰਾਹਜੀ ਨੇ ਮੂੰਹ ਵਿਚ ਰਖੀ ਫੇਰ ਦੋਨੋਂ ਕਿਸ ਉਤੇ ਖਲੋਕੇ ਲੜੇ ਉਥੇ ਤਾਂ ਹੋਰ ਕੋਈ ਠੈਹਰਣ ਦੀ ਜਗਾਹਿ ਨਹੀ ਸੀ ਕਿੰਤੂ ਭਾਗਵਤ ਆਦੀ ਪੁਰਾਣ ਬਨਾਣ ਵਾਲੇ ਪੋਪਜੀਦੀ ਛਾਤੀ ਉਤੇ ਖਲੋਕੇ ਲੜੇ ਹੋਣਗੇ, ਪ੍ਰੰਤੂ ਪੋਪਜੀ ਕਿਸ ਉਤੇ ਸੁਤਾ ਹੋਵੇ ਗਾ?ਏਹ ਬਾਤ ਜੀਕਣਃ-

## "ਗੱਪੀ ਦੇ ਘਰ ਗੱਪੀ ਆਏ ਬੋਲੇ ਗਪੀ ਜੀ"

ਜਦ ਮਿਥਿਆ ਬਾਦੀਆਂ ਦੇ ਘਰ ਵਿਚ ਦੂਜੇ ਗਪੀ ਲੋਕ ਆਂਉਦੇ ਹਨ ਫਰ ਏਸ ਪ੍ਰਕਾਰ ਦੀ ਗਪ ਮਾਰਣ ਦੀ ਕੀ ਕਮਤੀ ਹੈ। ਹੁਣ ਰਹਿਆ ਹਿਰਨਜ ਕਸ਼ਪ, ਓਸ ਦਾ ਮੁੰਡਾ ਜੋ ਪ੍ਰਹਲਾਦ ਸੀ ਉਹ ਭਗਤ ਹੋਇਆ ਸੀ, ਓਸਦਾ ਪਿਉ ਪੜ੍ਹਾਨ ਵਾਸਤੇ ਪਾਠਸ਼ਾਲਾ ਵਿਚ ਭੇਜਦਾਸੀ ਤਦ ਉਹ ਪੜ੍ਹਾਨ ਵਾਲਿਆਂ ਨੂੰ ਕਹਿੰਦਾ ਸੀ ਕਿ ਮੇਰੀ ਪਟੀ ਉਤੇ ਰਾਮ ਰਾਮ ਲਿਖ ਦੇਓ,ਜਦ ਓਸਦੇ ਪਿਉਨੇ ਸੁਣਿਆਂ ਓਸਨੂੰ ਕਹਿਆ ਸਾਡੇ ਵੈਰੀ ਦਾ ਭਜਨ ਕਿਉਂ ਕਰਨਾ ਹੈ? ਮੁੰਡੇ ਨੇ ਨਾ ਮਨਿਆਂ ਤਦ ਓਸਦੇ ਪਿਉ ਨੇ ਓਸਨੂੰ ਬਨ੍ਹਕੇ ਪਹਾੜ ਉਤੋਂ ਡੇਗਿਆ, ਖੂਹ ਵਿਚ ਸੁਟਿਆ ਪ੍ਰੰਤੂ ਓਸਨੂੰ ਕੁਝ ਨਾ ਹੋਇਆ, ਤਦ ਓਸਨੇ ਇਕ ਲੋਹੇ ਦਾ ਥੰਮ ਅਗ ਵਿਚ ਤਪਾਇਆ, ਓਸਨੂੰ ਕਿਹਾ ਕਿ ਜੇ ਤੇਰਾ ਇਸ਼ਟਦੇਵ ਰਾਮ ਸੱਚਾ ਹੈ ਤਾਂ ਤੂੰ ਏਸਨੂੰ ਪਕੜਨ ਨਾਲ ਨਾ ਸੜੇਂਗਾ, ਪ੍ਰਹਿਲਾਦ ਪਕੜਨ ਵਾਸਤੇ ਚਲਿਆ, ਮਨ ਵਿਚ ਸ਼ੰਕਾ ਹੋਈ ਸੜ ਜਾਂਣਤੋਂ ਬਚਾਂ ਗਾ ਵਾ ਨਹੀ? ਨਾਰਾਇਣ ਨੇ ਓਸ ਥੰਮ ਉਤੇ ਛੋਟੀ ਛੋਟੀ ਕੀੜੀਆਂ ਦੀ ਪੰਗਤੀ ਚਲਾਈ, ਓਸਨੂੰ ਨਿਸਚੇ ਹੋ ਗਿਆ ਝਟ ਥੰਮ ਨੂੰ ਜਾ ਪਕੜਿਆ, ਉਹ ਫੁਟ ਗਿਆ, ਓਸ ਵਿਚੋਂ ਨਰਸ਼ਿੰਘ ਨਿਕਲਿਆ, ਓਸਦੇ ਪਿਉ ਨੂੰ ਪਕੜ ਢਿਡ ਚੀਰ ਸੁਟਿਆ, ਪਸਚਾਤ ਪ੍ਰਹਲਾਦ ਨੂੰ ਲਾਡ ਨਾਲ ਚਟੱਣ ਲਗਾ, ਪ੍ਰਲਾਦ ਨੂੰ ਕਿਹਾ ਵਰ ਮੰਗ, ਓਸਨੇ ਅਪਣੇ ਪਿਉ ਦੀ ਸਤ ਗਤੀ ਹੋਣੀ ਮੰਗੀ, ਨਰਸ਼ਿੰਘ ਨੇ ਵਰ ਦਿਤੱਾ ਕਿ ਤੇਰੀ ਇਕੀ ਪੀਹੜੀਆਂ ਸਤ ਗਤੀ ਨੂੰ ਪ੍ਰਾਪਤ ਹੋ ਗਈਆਂ ਹੁਣ ਵੇਖੋ ਏਹ ਬੀ ਦੂਜੇ ਗਪੌੜੇ ਦਾ ਭਰਾ ਗਪੌੜਾ ਹੈ, ਕਿਸੇ ਭਾਗਵਤ ਸੁਣਨ ਵਾ ਵਾਚਣ ਵਾਲੇ ਨੂੰ ਪਕੜਕੇ ਪਹਾੜ ਦੇ ਉਤੋਂ ਡੇਗੀਏ ਤਾਂ ਕੋਈ ਨਾ ਬਚਾਵੇ ਚਕਨਾਚੂਰ ਹੋਕੇ ਮਰਹੀ ਜਾਵੇ, ਪ੍ਰਹਲਾਦ ਨੂੰ ਓਸਦਾ ਪਿਉ ਪਕੜਨ ਵਾਸਤੇ ਭੇਜਦਾ ਸੀ ਤ੍ਹਾਂ ਕੁਝ ਬੁਰਾ ਕੰਮ ਕੀਤਾ ਸੀ?ਅਰ ਉਹ ਪ੍ਰਹਲਾਦ ਅਜੇਹਾ ਮੂਰਖ ਪੜ੍ਹਨਾ ਛਡਕੇ ਬਿਰਾਗੀ ਹੋਣਾ ਚਾਹੁੰਦਾ ਸੀ, ਜੋ

ਤਪੇ ਹੋਏ ਥੰਮ ਨਾਲ ਕੀੜੀਆਂ ਚੜ੍ਹਨ ਲਗੀਆਂ ਅਰ ਪ੍ਰਹਲਾਦ ਛੁਹਣ ਨਾਲ ਬੀ ਨਾ ਸੜਿਆ, ਏਸ ਗਲਨੂੰ ਜੋ ਸੱਚੀ ਮਨੇ ਓਸਨੂੰ ਬੀ ਥੰਮਦੇ ਨਾਲ ਲਗਾ ਦੇਣਾ ਚਾਹੀਏ, ਜੇ ਏਹ ਨਾ ਜਲੇ ਤਾਂ ਜਾਂਣੋ ਉਹਬੀ ਨਾ ਜਲਿਆ ਹੋਵੇ ਗਾ, ਅਰ ਨਰਸਿੰਘ ਬੀ ਕਿਉਂ ਨਾ ਜਲਿਆ? ਪ੍ਰਥਮ ਤੀਜੇ ਜਨਮ ਵਿਚ ਬੈਕੁੰਠ ਵਿਚ ਆਉਣ ਦਾ ਬਰ ਸਨਕਾਦਕ ਦਾ ਸੀ, ਕੀ ਓਸਨੂੰ ਤੁਹਾਡਾ ਨਾਰਾਇਣ ਭੁਲ ਗਿਆ? ਭਾਗਵਤ ਦੇ ਅਨੁਸਾਰ ਬ੍ਰਹਮਾ, ਪਰਜਾਪਤੀ, ਕਸ਼ਪ, ਹਿਰਨਾਖਜ ਅਰ ਹਿਰਨਿਕਸ਼ਪ ਚੌਥੀ ਪੀੜ੍ਹੀ, ਵਿਚ ਹੁੰਦਾ ਹੈ, ਇਕੀ ਪੀਹੜੀਆਂ ਪ੍ਰਹਲਾਦ ਦੀਆਂ ਹੋਈਆਂ ਬੀ ਨਹੀ, ਫੇਰ ਇੱਕੀ ਪੁਰਸ਼ ਸਦਗਤੀ ਨੂੰ ਗਏ ਕਹ ਦੇਣਾ ਕਿਨੱ ਮੂਰਖਪੁਣਾ ਹੈ, ਅਰ ਫੇਰ ਉਹੋ ਹਿਰਨਾਖਜ ਹਿਰਨਿਕਸ਼ਪ, ਰਾਉਂਣ, ਕੁੰਭਕਰਨ, ਫੇਰ ਸ਼ਿਸੁਪਾਲ, ਦੰਤਵਕ੍ਰ, ਉਤਪੰਨ ਹੋਏ ਤਾਂ ਨਰਸਿੰਘ ਦਾ ਬਰ ਕਿਥੇ ਉਡ ਗਿਆ? ਅਜੇਹੀਆਂ ਮੂਰਖਤਾ ਦੀਆਂ ਗਲਾਂ ਮੂਰਖ ਕਰਦੇ, ਸੁਣਦੇ, ਅਰ ਮਨਦੇ ਹਨ, ਵਿਦਵਾਂਨ ਨਹੀ ॥

ਪੂਤਨਾ ਅਰ ਅਕਰੂਰਜੀ ਦੇ ਵਿਸ਼ੇ ਵਿਚ ਵੇਖੋ:—

रथेन वायुवेगेन ॥ भा० स्कं० १० । अ० ३९ । श्लोक ३८ ॥
जगाम गोकुलं प्रति ॥ भा० स्कं० १० । पू० अ० ३८ । श्लो० २४ ॥

ਅਕਰੂਰ ਜੀ ਕੰਸਦੇ ਭੇਜੇ ਹੋਏ ਹਵਾਦੀ ਫੁਰਤੀ ਵਾਕਰ ਦੌੜਨ ਵਾਲੇ ਘੋੜਿਆਂ ਦੇ ਰਥ ਉਤੇ ਬੈਠਕੇ ਸੂਰਜ ਚੜ੍ਹੇ ਚਲੇ, ਅਰ ਚਾਰ ਮੀਲ ਗੋਕਲ ਵਿਚ ਸੂਰਜ ਡੁਬਣ ਵੇਲੇ ਪੁਜੇ, ਘੋੜੇਭਾਗਵਤ ਬਣਾਂਣ ਵਾਲੇ ਦੀ ਪ੍ਰਦਖਣਾ ਕਰਦੇ ਰਹੇ ਹੋਂਨ ਗੇ, ਵਾ ਰਸਤਾ ਭੁਲਕੇ ਭਾਗਵਤ ਬਣਾਣ ਵਾਲੇ ਦੇ ਘਰ ਵਿਚ ਘੋੜੇ ਹਕੱਣ ਵਾਲੇ, ਅਰ ਅਕਰੂਰ ਜੀ ਆਕੇ ਸੌਂ ਰਹੇ ਹੋਂਨਗੇ? ਪੂਤਨਾ ਦਾ ਸ਼ਰੀਰ ਛੀ ਕੋਹ ਚੌੜਾ ਅਰ ਬਹੁਤ ਸਾਰਾ ਲਮੱਾ ਲਿਖਿਆ ਹੈ, ਮਥਰਾ ਅਰ ਗੋਕਲ ਦੇ ਵਿਚ ਓਸਨੂੰ ਮਾਰਕੇ ਸ਼੍ਰੀ ਕ੍ਰਿਸ਼ਨ ਜੀ ਨੈ ਸੁਟ ਦਿਤਾ, ਜੇ ਏਸਤ੍ਰਾਂ ਹੁੰਦਾ ਤਾਂ ਮਥਰਾ ਅਰ ਗੋਕਲ ਦੋਨੋਂ ਦਬੀਕੇ ਏਸ ਪੋਪਜੀਦਾ ਘਰ ਬੀ ਦਬਿਆ ਗਿਆ ਹੁੰਦਾ ਅਰ ਅਜਾਮੇਲ ਦੀ ਕਥਾ ਊਟ ਪਟਾਂਗ ਲਿਖੀ ਹੈ:—

ਓਸਨੇ ਨਾਰਦ ਦੇ ਕਹਿਣ ਨਾਲ ਅਪਣੇ ਪੁਤ ਦਾ ਨਾਉਂ ਨਾਰਾਇਣ ਰਖਿਆ ਸੀ, ਮਰਣ ਵੇਲੇ ਅਪਣੇ ਪੁਤ ਨੂੰ ਪੁਕਾਰਿਆ ਵਿਚੋਂ ਨਾਰਾਇਣ ਕੁਦ ਪਏ, ਕੀ ਨਾਰਾਇਣ ਓਸਦੇ ਅੰਤਹਿਕਰਣ ਦੇ ਭਾਵ ਨੂੰ ਨਹੀਂ ਜਾਣਦੇ ਸਨ ਕਿ ਉਹ ਅਪਣੇ ਪੁਤ ਨੂੰ ਬੁਲਾਂਦਾ ਹੈ ਮੈਨੂੰ ਨਹੀਂ ? ਜੇ ਅਜੇਹਾ ਨਾਉਂ ਦਾ ਮਹਾਤਮ ਹੈ ਤਾਂ ਅਜ ਕਲ ਬੀ ਨਾਰਾਇਣ ਸਿਮ੍ਰਣ ਕਰਨ ਵਾਲਿਆਂ ਦੇ ਦੁਖ ਛੁਡਾਣ ਨੂੰ ਕਿਉਂ ਨਹੀਂ ਆਉਂਦੇ? ਜੇ ਏਹ ਗਲ ਸੱਚੀ ਹੁੰਦੀ ਤਾਂ ਕੈਦੀ ਲੋਗ ਨਾਰਾਇਣ ਨਾਰਾਇਣ ਕਰਕੇ ਕਿਉਂਨਹੀਂ ਛੁਟ ਜਾਂਦੇ? ਏਸਤਰਾਂ ਜੋਤਸ਼

ਸ਼ਾਸਤ੍ਰ ਥੀਂ ਵਿਰੁਧ ਸੁਮੇਰੂਪਰਬਤ ਦਾ ਪਰਮਾਣ ਲਿਖਿਆ ਹੈ, ਅਰ ਪ੍ਰੇਬ੍ਰਤ ਰਾਜਾ ਦੇ ਰਥ ਦੀ ਚਕ੍ਰ ਦੀ ਲੀਕ ਨਾਲ ਸਮੁੰਦਰ ਹੋਏ, ਉਣੰਜਾ ਕ੍ਰੋੜ ਜੋਜਨ ਪ੍ਰਿਥਵੀ ਹੈ,ਇਤਆਦੀ ਮਿਥਿਆ ਬਾਤਾਂ ਦਾ ਗਪੌੜਾ ਭਾਗਵਤ ਵਿਚ ਲਿਖਿਆ ਹੈ ਜਿਸਦਾ ਕੁਛ ਪਾਰਾਵਾਰ ਨਹੀਂ ॥

ਇਹ ਭਾਗਵਤ ਬੋਬਦੇਵ ਦਾ ਬਣਾਇਆ ਹੋਇਆ ਹੈ ਜਿਸਦੇ ਭ੍ਰਾ ਜੈ ਦੇਵ ਨੇ ਗੀਤ ਗੁਬਿੰਦ ਬਣਾਇਆ ਹੈ,ਵੇਖੋ ਓਸ ਨੇ ਏਹ ਸ਼ਲੋਕ ਅਪਣੇ ਬਣਾ ਏ ਹਿਮਾਦਰੀ ਨਾਮੀ ਗ੍ਰੰਥ ਵਿਚ ਲਿਖੇ ਹਨ ਕਿ ਸ਼੍ਰੀਮਦ ਭਾਗਵਤ ਪੁਰਾਣ ਮੈਨੇ ਬਣਾਇਆ ਹੈ, ਓਸ ਲੇਖ ਦੇ ਤਿੰਨ ਪਤ੍ਰੇ ਸਾਡੇ ਪਾਸ ਸਨ, ਉਨ੍ਹਾਂ ਵਿਚੋਂ ਇਕ ਪਤ੍ਰਾ ਗੁਵਾਚ ਗਿਆ ਹੈ,ਓਸ ਪਤ੍ਰੇ ਵਿਚ ਸ਼ਲੋਕਾਂ ਦਾ ਜੋ ਆਸ਼ਾ ਸੀ ਓਸ ਆਸ਼ਾ ਦੇ ਅਸਾਂ ਨੇ ਦੋ ਸ਼ਲੋਕ ਬਣਾਕੇ ਹੇਠਾਂ ਲਿਖੇ ਹਨ ਜਿਸ ਨੂੰ ਵੇਖਣਾ ਹੋਵੇ ਉਹ ਹਿਮਾਦਰੀ ਗ੍ਰੰਥ ਵਿਚ ਵੇਖ ਲਵੇ।

हिमाद्रेः सचिवस्यार्थे सूचना क्रियतेऽना
स्कन्धाऽध्यायकथानां च यत्प्रमाणं समासतः ॥ १ ॥
श्रीमद्भागवतं नाम पुराणं च मयेरितम् ।
विदुषा बोबदेवेन श्रीकृष्णस्य यशोन्वितम् ॥ २ ॥

ਏਸ ਪਕਾਰ ਦੇ ਸ਼ਲੋਕ ਗੁਵਾਚੇ ਹੋਏ ਪਤ੍ਰੇ ਵਿਚ ਸਨ ਅਰਥਾਤ ਰਾਜਾ ਦੇ ਵਜੀਰ ਹਿਮਾਦਰੀ ਨੇ ਬੋਬ ਦੇਵ ਪੰਡਤ ਨੂੰ ਕਿਹਾ ਕਿ ਮੈਨੂੰ ਤੇਰੇ ਬਣਾਏ ਸ਼੍ਰੀਮਦਭਾਗਵਤ ਦੇ ਸੰਪੂਰਣ ਸੁਣਨ ਦਾ ਵੇਲ੍ਹ ਨਹੀ ਹੈ ਏਸ ਲਈ ਤੂੰ ਸੰਖੇਪ ਨਾਲ ਸ਼ਲੋਕਾਂ ਵਿਚ ਸੂਚੀ ਪਤ੍ਰ ਬਣਾ ਜਿਸ ਨੂੰ ਵੇਖਕੇ ਮੈਂਸ਼੍ਰੀ ਮਦ ਭਾਗਵਤ ਦੀ ਕਥਾ ਨੂੰ ਸੰਖੇਪ ਨਾਲ ਜਾਣ ਲਵਾਂ, ਸੋ ਹੇਠਾਂ ਲਿਖਿਆ ਹੋਇਆ ਸੂਚੀਪਤ੍ਰ ਓਸ ਬੋਬ ਦੇਵ ਨੇ ਬਣਾਇਆ ਓਸ ਵਿਚੋਂ ਓਸ ਗੁਵਾਚੇ ਹੋਏ ਪਤ੍ਰੇ ਵਿਚ ਦਸ ਸ਼ਲੋਕ ਸਨ, ਯਾਰੁਵੇਂ ਸ਼ਲੋਕ ਤੋਂ ਲਿਖਣੇ ਹਾਂ, ਏਹ ਹੇਠਾਂ ਲਿਖੇ ਹੋਏ ਸ਼ਲੋਕ ਸਭ ਬੋਬਦੇਵਦੇ ਬਣਾਏ ਹੋਏ ਹਨ ਉਹ:—

बोधन्तीति हि प्राहुः श्रीमद्भागवतं पुनः ।
पञ्च प्रश्नाः शौनकस्य सूतस्यान्चोतरं त्रिषु ॥ ११ ॥
प्रश्नावतारयोश्चैव व्यासस्य निर्वृतिः कृतात् ।
नारदस्यात्र हेतूक्तिः प्रतीत्यर्थं स्वजन्म च ॥ १२ ॥
सुप्तघ्नं द्रौण्यभिभवस्तदस्त्रात्पाण्डवा वनम् ।
भीष्मस्य स्वपदप्राप्तिःकृष्णस्य द्वारिकागमः ॥ १३ ॥
श्रोतः परीक्षितो जन्म धितराष्ट्रस्यनिर्गमः ।

कृष्णमर्त्यत्यागसूचा ततः पार्थमहापथः ॥ १४ ॥
इत्यष्टादशभिः पादैरध्यायार्थः क्रमात् स्मृतः ।
स्वपरप्रतिबन्धोनं स्फीतं राज्यं जहौ नृपः ॥ १५ ॥
इति वैराज्ञो दार्ब्योक्तौ प्रोक्ता द्रौणिजयादयः ।
इति प्रथमः स्कन्धः ॥ १ ॥

ਇਤਆਦੀ ਬਾਰ੍ਹਾਂ ਸਕੰਧਾਂ ਦਾ ਸੂਚੀਪਤ੍ਰ ਇਸੇਤਰਾਂ ਬੋਬਦੇਵ ਪੰਡਤ ਨੈ ਬਣਾਕੇ ਹਿਮਾਦਰੀ ਵਜ਼ੀਰ ਨੂੰ ਦਿੱਤਾ, ਜੋ ਵਿਸਤਾਰ ਨਾਲ ਵੇਖਣਾ ਚਾਹੈ ਉਹ ਬੋਬਦੇਵ ਦੇ ਬਣਾਏ ਹੋਏ ਹਿਮਾਦਰੀ ਗ੍ਰੰਥ ਵਿਚ ਵੇਖ ਲਵੇ, ਇਸੇ ਤਰਾਂ ਹੋਰ ਪੁਰਾਣਾ ਦੀ ਬੀ ਲੀਲਾ ਸਮਝਣੀ,ਪ੍ਰੰਤੂ ਉੰਨ੍ਹੀ੧੯ ਵੀਹ ੨੦ਇਕੀ ੨੧ ਅਰਥਾਤ ਇਕਤੋਂ ਇਕ ਵਧੀਕ ਹੈ।

ਵਖੋ ਸ਼੍ਰੀ ਕ੍ਰਿਸ਼ਨ ਜੀਦਾ ਇਤੀਹਾਸ ਮਹਾਂਭਾਰਤ ਵਿਚ ਅਤੀ ਉੱਤਮ ਹੈ, ਉਨ੍ਹਾਂ ਦਾ ਗੁਣ ਕਰਮ,ਸੁਭਾਉ ਅਰ ਚਰਿਤ੍ਰ ਆਪਤ ਪੁਰਸ਼ਾਂ ਵਰਗਾ ਹੈ ਜਿਸ ਵਿਚ ਕੋਈ ਅਧਰਮ ਦਾ ਆਚਰਣ ਸ਼੍ਰੀ ਕ੍ਰਿਸ਼ਨ ਜੀਨੈ ਜਨਮ ਥੀਂ ਮਰਣ ਪ੍ਰਜੰਤ ਬੁਰਾ ਕੰਮ ਕੁਝ ਬੀ ਕੀਤਾ ਹੋਵੇ ਇਹ ਨਹੀਂ ਲਿਖਿਆ, ਅਰ ਏਸ ਭਾਗਵਤ ਵਾਲੇ ਨੈ ਅਨੁਚਿਤ ਮਨ ਮਾਨੇ ਦੋਸ਼ ਲਗਾਏ ਹਨ, ਦੁਧ, ਦਹੀ ਮਖੱਣ ਆਦੀ ਦੀ ਚੋਰੀ ਲਗਾਈ,ਅਰ ਕੁਬਜਾਂ ਦਾਸੀ ਦੇ ਨਾਲ ਬੁਰਾ ਕੰਮ, ਪਰਾਈਆਂ ਇਸਤ੍ਰੀਆਂ ਨਾਲ ਰਾਸ ਮੰਡਲ ਕਰਕੇ ਖੇਡ ਆਦੀ ਮਿਥਿਆ ਦੋਸ਼ ਸ਼੍ਰੀ ਕ੍ਰਿਸ਼ਨ ਜੀ ਉਤੇ ਲਗਾਏ ਹਨ, ਏਸ ਨੂੰ ਪੜ੍ਹ, ਪੜ੍ਹਾ, ਸੁਣ,ਸੁਣਾਕੇ ਹੋਰ ਮਤ ਵਾਲੇ ਸ਼੍ਰੀ ਕ੍ਰਿਸ਼ਨ ਜੀ ਦੀ ਬਹੁਤ ਸਾਰੀ ਨਿੰਦਿਆ ਕਰਦੇ ਹਨ, ਜੇ ਏਹ ਭਾਗਵਤ ਨਾ ਹੁੰਦਾ ਤਾਂ ਸ਼੍ਰੀ ਕ੍ਰਿਸ਼ਨ ਜੀ ਵਰਗੇ ਮਹਾਤਮਾ ਦੀ ਝੂਠੀ ਨਿੰਦਿਆ ਕੀਕਣ ਹੁੰਦੀ?

ਸ਼ਿਵ ਪੁਰਾਣ ਵਿਚ ਬਾਰ੍ਹਾਂ ੧੨ ਜੋਤੀ ਦੇ ਲਿੰਗ ਅਰ ਜਿਨ੍ਹਾਂ ਵਿਚ ਪ੍ਰਕਾਸ਼ ਦਾ ਲੇਸ਼ ਬੀ ਨਹੀਂ ਰਾਤ ਨੂੰ ਬਿਨਾ ਦੀਵਾ ਵਿਖਾਏ ਲਿੰਗ ਬੀ ਹਨੇਰੇ ਵਿਚ ਨਹੀਂ ਨਜ਼ਰ ਆਉਂਦ ਏਹ ਸਭ ਲੀਲ੍ਹਾ ਪੋਪ ਜੀਦੀਆਂ ਹਨ ।

( ਪ੍ਰਸ਼ਨ )ਜਦ ਵੇਦ ਪੜਨ ਦਾ ਸਮੱਥ ਨਹੀਂ ਰਹਿਆ ਤਦ ਸਿਮ੍ਰਤੀ, ਜਦ ਸਿਮ੍ਰਤੀ ਦੇ ਪੜਨ ਦੀ ਬੁਧ ਨਾ ਰਹੀ ਤਦ ਸ਼ਾਸ਼ਤ੍ਰ , ਜਦ ਸ਼ਾਸਤ੍ਰ ਪੜ੍ਹਨ ਦਾ ਸਮਰਥ ਨਾ ਰਹਿਆ ਤਦ ਪੁਰਾਂਣ ਬਣਾਏ ਨਿਰੇ ਇਸਤ੍ਰੀ ਅਰ ਸ਼ੂਦ੍ਰ ਦੇ ਵਾਸਤੇ,ਕਿਉਂਕਿ ਇਨ੍ਹਾਂ ਨੂੰ ਵੇਦ ਦੇ ਪੜ੍ਹਨ,ਸੁਣਨ ਦਾ ਅਧਕਾਰ ਨਹੀਂ ਹੈ॥

( ਉਤ੍ਰ )ਏਹ ਗਲ ਮਿਥਿਆ ਹੈ ਕਿਉਂਕਿ ਸਮ੍ਰਥ ਪੜਨ ਪੜ੍ਹਾਨ, ਨਾਲ ਹੀ ਹੁੰਦਾ ਹੈ ਅਰ ਵੇਦ ਦੇ ਪੜ੍ਹਨ,ਸੁਣਨ ਦਾ ਅਧਕਾਰ ਸਭ ਨੂੰ ਹੈ,ਵੇਖੋ! ਗਾਰ-ਗੀ ਆਦੀ ਇਸਤ੍ਰੀਆਂ ਅਰ ਛਾਂਦੋਗ ਵਿਚ ਲਿਖਿਆ ਹੈ ਕਿ 'ਜਾਨ ਸ਼੍ਰੁਤੀ'

ਨੇ ਬੀ ਵੇਦ 'ਰੈਕ ਮੁਨੀ' ਦੇ ਪਾਸ ਪੜ੍ਹਿਆ ਸੀ, ਅਰ ਯਜੁਰ ਵੇਦ ਦੇ ਛੱਬੀ-ਵੇਂ ਅਧਿਆ ਦੇ ਦੂਜੇ ਮੰਤ੍ਰ ਵਿਚ ਸਫਾ ਲਿਖਿਆ ਹੈ ਕਿ ਵੇਦਾਂ ਦੇ ਪੜ੍ਹਨ ਅਰ ਸੁਣਨ ਦਾ ਅਧਕਾਰ ਮਨੁੱਖ ਮਾਤ੍ਰ ਨੂੰ ਹੈ ਫੇਰ ਜੋ ਅਜੇਹੇ ਅਜੇਹੇ ਮਿਥਿਆ ਗ੍ਰੰਥ ਬਣਾਕੇ ਲੋਕਾਂ ਨੂੰ ਸਤ ਗ੍ਰੰਥਾਂ ਥੀਂ ਬਮੁਖ ਜਾਲ ਵਿਚ ਫਸਾਕੇ ਅਪਣੇ ਪ੍ਰਯੋਜਨ ਨੂੰ ਸਾਧਦੇ ਹਨ ਉਹ ਮਹਾਂ ਪਾਪੀ ਕਿਉਂ ਨਹੀਂ ?

ਵੇਖੋ ਗ੍ਰਹੁਆਂ ਦਾ ਚਕ੍ਰ ਕਿਹਾ ਚਲਾਇਆ ਹੈ ਕਿ ਜਿਸਨੇ ਵਿਦਿਆ ਹੀਂਨ ਮਨੁੱਖਾਂ ਨੂੰ ਗ੍ਰਸ ਲੀਤਾ ਹੈ। "ਆਕ੍ਰਿਸ਼ਨੇਨ ਰਜਸਾ੦"। ੧। ਸੂਰਜ ਦਾ ਮੰਤ੍ਰ "ਇਮੰਦੇਵਾ ਅਸ਼ਪਤਨਗੁਅੰ ਸੁਵਧ੍ਵੰ ੦ "। ੨ ।

ਚੰਦ੍ਰ੦। ਅਗਨਿਰ ਮੂਰਧਾ ਦਿਵਃ ਕਕੁਤ ਪਤੀਃ੦"। ੩। ਮੰਗਲ। "ਉਦ ਬੁਧਜਸ੍ਵਾਗਨੇ੦ "। ੪। ਬੁਧ। "ਬ੍ਰਿਹਸਪਤੇ ਅਤੀਯਦਰਯੋ ੦"। ੫। ਬ੍ਰਿਹਸਪਤੀ। "ਸ਼ੁਕ੍ਰ ਮੰਧਸਃ"। ੬। ਸ਼ੁਕ੍ਰ। " ਸ਼ਨੋ ਦੇਵੀ ਰਭਿਸ਼ਟਯ੦"। ੭। ਸ਼ਨੀ। "ਕਯਾ ਨ ਸਚਿਤ੍ਰ ਆਭੁਵ੦"। ੮। ਰਾਹੂ। ਅਰ "ਕੇਤੁੰ ਕ੍ਰਿਣ ਵਨੱ ਕਤਵੇ੦"। ੯। ਏਸਨੂੰ ਕੇਤੂ ਦੀ ਕੰਡਿਕਾ ਕਹਿੰਦੇ ਹਨ ( ਆਕ੍ਰਿਸ਼ਨੇਨ ) ਏਹ ਸੂਰਜ ਦਾ ਅਰ ਭੂਮੀ ਦਾ ਆਕਰਸ਼ਣ। ੧। ਦੂਜਾ ਰਾਜ ਗੁਣ ਵਿਧਾਇਕ। ੨। ਤੀਜਾ ਅਗਨੀ। ੩। ਅਰ ਚੌਥਾ ਜਜਮਾਂਨ। ੪। ਪੰਜਵਾਂ ਵਿਦਵਾਂਨ। ੫। ਛੀਵਾਂ ਬੀਰਜ ਅੰਨ। ੬। ਸਤਵਾਂ ਜਲ, ਪ੍ਰਾਣ ਅਰ ਪਰਮੇਸ਼੍ਵਰ। ੭। ਅਠਵਾਂ ਮਿਤ੍ਰ। ੮। ਨੌਵਾਂ ਗਿਆਂਨ ਗ੍ਰਹਣ ਦਾ ਵਿਧਾਇਕ ਮੰਤ੍ਰ ਹੈ। ੯। ਗ੍ਰਹੁਆਂ ਦੇ ਅਰਥ ਵਿਚ ਨਹੀ ਹਨ। ਅਰਥ ਨਾ ਜਾਣਨ ਕਰਕੇ ਭ੍ਰਮ ਜਾਲ ਵਿਚ ਪਏ ਹਨ ॥

( ਪ੍ਰਸ਼ਨ ) ਗ੍ਰਹੁਆਂ ਦਾ ਫਲ ਹੁੰਦਾ ਹੈ ਵਾ ਨਹੀ?

( ਉਤ੍ਰ ) ਜਿਸਤਰਾਂ ਪੋਪ ਲੀਲਾ ਦਾ ਹੈ ਓਸਤਰਾਂ ਦਾ ਨਹੀ, ਕਿੰਤੂ ਜਿਸਤਰਾਂ ਸੂਰਜ, ਚੰਦ੍ਰਮਾ ਦੀ ਕਿਰਨਾ ਦੁਆਰਾ ਗਰਮੀ, ਸਰਦੀ, ਅਥਵਾ ਰਿਤੂਵਤ ਕਾਲ ਚਕ੍ਰ ਦੇ ਸਬੰਧ ਮਾਤ੍ਰ ਥੀਂ ਅਪਣੀ ਪ੍ਰਕ੍ਰਿਤੀ ਦੇ ਅਨੁਕੂਲ, ਪ੍ਰਤੀ ਕੂਲ ਸੁਖ, ਦੁਖ ਦੇ ਨਮਿਤ ਹੁੰਦੇ ਹਨ, ਪ੍ਰੰਤੂ ਜੋ ਪੋਪ ਲੀਲਾ ਵਾਲੇ ਕਹਿੰਦੇ ਹਨ " ਸੁਣੋ ਮਹਾਰਾਜ ਸੇਠਜੀ ਜਜਮਾਨੋ! ਤੁਹਾਡੇ ਅਜ ਅਠਵਾਂ ਚੰਦ੍ਰਮਾ, ਸੂਰਜ ਆਦੀ ਕਰੂਰ ਘਰ ਵਿਚ ਆਏ ਹਨ, ਢਾਈਆਂ ਵਰ੍ਹਿਆਂ ਦਾ ਛਨਛੱਰ ਪੈਰ ਵਿਚ ਆਇਆ ਹੈ, ਤੁਹਾਨੂੰ ਬੜਾ ਬਿਘਨ ਹੋਵੇ ਗਾ, ਘਰ ਬਾਹਰ ਛੁਡਾਕੇ ਪ੍ਰਦੇਸ ਵਿਚ ਘੁਮਾਵੇ ਗਾ, ਪ੍ਰੰਤੂ ਜੇ ਤੁਸੀ ਗ੍ਰਹੁਆਂ ਦਾ ਦਾਨ, ਜਪ, ਪਾਠ, ਪੂਜਾ ਕਰਾਓਗੇ ਤਾਂ ਦੁਖ ਥੀਂ ਬਚੋਗੇ" ਇਨਾਂ ਨੂੰ ਕਹਿਣਾ ਚਾਹੀਏ ਕਿ ਸੁਣੋ ਪੋਪਜੀ ਤੁਹਾਡਾ ਅਰ ਗ੍ਰਹੁਆਂ ਦਾ ਕੀ ਸਰਬੰਧ ਹੈ? ਗ੍ਰਹੁ ਕੀ ਵਸਤੂ ਹਨ? ( ਪੋਪ ਜੀ ):—

दैवाधीनं जगत्सर्वं मन्त्राधीनाश्च देवताः।
ते मन्त्रा ब्राह्मणाधीनास्तस्माद् ब्राह्मणदैवतम् ॥

ਵੇਖੋ!ਕਿਹਾ ਪਰਮਾਣ ਹੈ ਦੇਵਤਿਆਂ ਦੇ ਅਧੀਨ ਸਭ ਜਗਤ, ਮੰਤ੍ਰਾਂ ਦੇ ਅਧੀਨ ਸਭ ਦੇਵਤੇ,ਅਰ ਉਹ ਮੰਤ੍ਰ ਬ੍ਰਾਹਮਣਾ ਦੇ ਅਧੀਨ ਹਨ ਇਸ ਲਈ ਬ੍ਰਾਹਮਣ ਦੇਵਤਾ ਕਹਾਂਦੇਹਨ, ਕਿਉਂਕਿ ਭਾਵੇਂ ਓਸ ਦੇਵਤਾ ਨੂੰ ਮੰਤ੍ਰ ਦੇ ਬਲ ਨਾਲ ਬੁਲਾ ਪ੍ਰਸੰਨ ਕਰ,ਕੰਮ ਸਿਧ ਕਰਾਣ ਦਾ ਸਾਡਾ ਹੀ ਅਧਕਾਰ ਹੈ, ਜੇ ਸਾਡੇ ਵਿਚ ਮੰਤ੍ਰ ਸ਼ਕਤੀ ਨਾ ਹੁੰਦੀ ਤਾਂ ਤੁਹਾਡੇ ਜੇਹੇ ਨਾਸਤਕ ਸਾਨੂੰ ਸੰਸਾਰ ਵਿਚ ਰਹਣ ਹੀ ਨਾ ਦਿੰਦੇ। ( ਸਤਬਾਦੀ ) ਜੋ ਚੋਰ, ਡਾਕੂ ਕੁਕਰਮੀ ਲੋਗ ਹਨ ਉਹ ਬੀ ਤੁਹਾਡੇ ਦੇਵਤਿਆਂ ਦੇ ਅਧੀਨ ਹੋਣਗੇ, ਦੇਵਤੇ ਹੀ ਉਨਾਂ ਥੀਂ ਦੁਸ਼ਟ ਕੰਮ ਕਰਾਂਦੇ ਹੋਣ ਗੇ? ਜੇ ਏਸਤਰਾਂ ਹੈ ਤਾਂ ਤੁਹਾਡੇ ਦੇਵਤਾ ਅਰ ਰਾਖਸ਼ਾਂ ਵਿਚ ਕੁਝ ਭੇਦ ਨਾ ਰਹੇ ਗਾ। ਜੋ ਤੁਹਾਡੇ ਅਧੀਨ ਮੰਤ੍ਰ ਹਨ ਉਨਾਂ ਥੀਂ ਤੁਸੀਂ ਜੋ ਚਾਹੋ ਸੋ ਕਰਾ ਸਕਦੇ ਹੋ ਤਾਂ ਉਨਾਂ ਮੰਤ੍ਰਾਂ ਨਾਲ ਦੇਵਤਿਆਂ ਨੂੰ ਬਸ ਕਰਕੇ ਰਾਜਿਆਂ ਦੇ ਖਜਾਨੇ ਉਠੱਵਾ ਕੇ ਅਪਣੇ ਘਰ ਵਿਚ ਭਰਕੇ ਬੈਠਕੇ ਅਨੰਦ ਕਿਉਂ ਨਹੀ ਭੋਗਦੇ?ਘਰ ਘਰ ਵਿਚ ਛਨਿਛੱਰ ਆਦੀਦੇ ਤੇਲ ਆਦੀ ਦਾ ਛਾਇਆ ਲੈਣ ਨੂੰ ਮਾਰੇ ਮਾਰੇ ਕਿਉਂ ਫਿਰਦੇ ਹੋ?ਅਰ ਜਿਸਨੂੰ ਤੁਸੀ ਕੁਬੇਰ ਮਨਦੇ ਹੋ ਓਸਨੂੰ ਬਸ ਵਿਚ ਕਰਕੇ ਭਾਵੇਂ ਜਿੰਨਾ ਧਨ ਲੀਤਾ ਕਰੋ ਵਿਚਾਰੇ ਗ਼ਰੀਬਾਂ ਨੂੰ ਕਿਉਂ ਲੁਟਦੇ ਓ,ਤੁਹਾਨੂੰਦਾਨ ਦੇਣ ਨਾਲ ਗ੍ਰਹੁ ਪ੍ਰਸੰਨ ਅਰ ਨਾ ਦੇਣ ਨਾਲ ਅਪ੍ਰਸੰਨ ਹੁੰਦੇ ਹੋਨ ਤਾਂ ਸਾਨੂੰ ਸੂਰਜ ਆਦੀ ਗ੍ਰਹੁਆਂ ਦੀਪ੍ਰਸੰਨਤਾ,ਅਪ੍ਰਸੰਨਤਾ,ਪ੍ਰਤੱਖ ਵਿਖਾਓ ਜਿਸਨੂੰ ਅਠਵਾਂ ਸੂਰ ਜ,ਚੰਦ੍ਰਮਾ,ਅਰ ਦੂਜੇ ਨੂੰ ਤੀਜਾ ਹੋਵੇ ਉਨਾਂ ਦੋਹਾਂਨੂੰ ਜੇਠ ਦੇ ਮਹੀਨੇ ਵਿਚ ਬਗੈਰ ਜੁਤੀਦੇ ਤੱਪੀ ਹੋਈ ਜਮੀਨ ਉਤੇ ਚਲਾਓ ਜਿਸ ਉਤੇ ਪ੍ਰਸੰਨ ਹਨ ਉਨਾਂ ਦੇਪੈਰ ਸ਼ਰੀਰ ਨਾ ਸੜਨ, ਅਰ ਜਿਸ ਉਤੇੱ ਕ੍ਰੋਧਵਾਂਨ ਹੋਣ ਉਨਾਂ ਦੇ ਸੜ ਜਾਣੇ ਚਾਹੀ ਦੇ ਹਨ ਤਥਾ ਪੋਹ ਦੇ ਮਹੀਨੇ ਵਿਚ ਦੁਹਾਂ ਨੂੰ ਨੰਗੇ ਪੈਰ, ਪੂਰਣਮਾਸ਼ੀ ਦੀ ਸਾਰੀਰਾਤ, ਮਦਾਨ ਵਿਚ ਰਖੀਏ ਇਕ ਨੂੰ ਸਰਦੀ ਲੱਗੇ ਦੂਜੇ ਨੂੰ ਨਹੀਂ, ਤਾਂ ਜਾਣੋ ਕਿ ਗ੍ਰਹੁ ਕ੍ਰੂਰ ਅਰ ਸੋਮ ਦ੍ਰਿਸ਼ਟੀ ਵਾਲੇ ਹੁੰਦੇ ਹਨ, ਅਰ ਕੀ ਤੁਹਾਡੇ ਗ੍ਰਹੁ ਸਰਬੰਧੀ ਹਨ? ਅਰ ਤੁਹਾਡੀ ਡਾਕ ਵਾ ਤਾਰ ਉਨ੍ਹਾਂ ਦੇ ਪਾਸ ਆਉਂਦੀ ਜਾਂਦੀ ਹੈ?ਅਥਵਾ ਤੁਸੀਂ ਉਨਾਂ ਦੇ ਵਾ ਉਹਤੁਹਾਡੇ ਪਾਸ ਆਉਂਦੇ ਜਾਂਦੇ ਹਨ? ਜੇ ਤੁਹਾਡੇ ਵਿਚ ਮੰਤ੍ਰ ਸ਼ਕਤੀ ਹੋਵੇ ਤਾਂ ਤੁਸੀਂ ਆਪ ਰਾਜਾਵਾ ਧਨਵਾਂਨ ਕਿਉਂ ਨਾ ਬਣ ਜਾਓ?ਵਾ ਸਤ੍ਰੂਆਂ ਨੂੰ ਅਪਣੇ ਬਸ ਵਿਚ ਕਿਉ ਨਹੀਂ ਕਰ ਲੈਂਦੇ ਹੋ? ਨਾਸਤਕ ਉਹ ਹੁੰਦਾ ਹੈ ਜੋ ਵੇਦ, ਈਸ਼੍ਵਰ ਦੀ ਆਗਿਆ, ਵੇਦ ਵਿਰੁਧ, ਪੋਪਲੀਲਾ ਚਲਾਵੇ, ਜਦ ਤੁਹਾ ਨੂੰ ਗ੍ਰਹੁ ਦਾਨ ਨਾਦੇਵੇ ਜਿਸ ਉੱਤੇ ਗ੍ਰਹੁ ਹੈ ਉਹ ਗ੍ਰਹੁ ਦਾਨ ਨੂੰ ਭੋਗੇ ਤਾਂ ਕੀ ਚਿੰਤਾ ਹੈ?ਜੋ ਤੁਸੀਂ ਆਖੋ ਕਿ ਨਹੀਂ ਸਾਨੂੰ ਹੀ

ਦੇਣ ਨਾਲ ਉਹ ਪ੍ਰਸੰਨ ਹੁੰਦੇ ਹਨ ਹੋਰ ਨੂੰ ਦੇਣ ਨਾਲ ਨਹੀਂ, ਤਾਂ ਕੀ ਤੁਸਾਂ ਨੇ ਗ੍ਰਹਿਆਂ ਦਾ ਠੇਕਾ ਲੈ ਲੀਤਾ ਹੈ? ਜੇ ਠੇਕਾ ਲੈ ਲੀਤਾ ਹੋਵੇ ਤਾਂ ਸੂਰਜ ਆਦੀ ਨੂੰ ਅਪਨੇ ਘਰ ਵਿਚ ਬੁਲਾਕੇ ਸੜ ਮਰੋ, ਸਚ ਤਾਂ ਏਹ ਹੈ ਕਿ ਸੂਰਜ ਆਦੀ ਲੋਕ ਜੜ ਹਨ ਉਹ ਨਾ ਕਿਸੇ ਨੂੰ ਦੁਖ ਅਰ ਨਾ ਸੁਖ ਦੇਣਦੀ ਚੇਸ਼ਟਾ ਕਰ ਸਕਦੇ ਹਨ ਕਿੰਤੂ ਜਿੱਨੇ ਤੁਸੀਂ ਗ੍ਰਹੁ ਦਾਨ ਲੈਕੇ ਗੁਜਾਰਾ ਕਰਦੇ ਹੋ ਉਹ ਤੁਸੀ ਸਾਰੇ ਗ੍ਰਹਿਆਂ ਦੀਆਂ ਮੂਰਤਾਂ ਹੋ ਕਿਉਂਕਿ ਗ੍ਰਹੁ ਸ਼ਬਦ ਦਾ ਅਰਥ ਬੀ ਤੁਹਾਡੇ ਵਿਚ ਹੀ ਘਟਦਾ ਹੈ ॥

"ये गृह्णन्ति ते ग्रहाः"

ਜੋ ਗ੍ਰਹਣ ਕਰਦੇ ਹਨ ਉਨ੍ਹਾਂ ਦਾ ਨਾਉਂ ਗ੍ਰਹੁ ਹੈ।

ਜਦ ਤਿਕ ਤੁਹਾਡੇ ਚਰਨ ਰਾਜਾ, ਰਈਸ, ਸੇਠ, ਸ਼ਹੂਕਾਰ, ਅਰ ਗ੍ਰੀਬਾਂ ਦੇ ਪਾਸ ਨਹੀ ਪੁਜਦੇ ਤਦਤਿਕ ਕਿਸੇ ਨੂੰ ਨੌਂ ਗ੍ਰਹਿਆਂ ਦਾ ਸਿਮ੍ਰਣ ਬੀ ਨਹੀ ਹੁੰਦਾ, ਜਦ ਤੁਸੀ ਸਾਖਿਆਤ ਸੂਰਜ, ਛਨਛਰ ਆਦੀ ਦਾ ਰੂਪ ਉਨ੍ਹਾਂ ਉਤੇ ਜਾ ਚੜ੍ਹਦੇਓ ਤਦ ਬਗੈਰ ਗ੍ਰਹਣ ਕੀਤੇ ਉਨ੍ਹਾਂ ਨੂੰ ਕਦੀ ਨਹੀ ਛਡਦੇ, ਅਰ ਜੋ ਕੋਈ ਤੁਹਾਡੇ ਪਾਸ ਨਾ ਆਵੇ ਓਸਦੀ ਨਿੰਦਿਆ ਨਾਸਤਕ ਆਦੀ ਸ਼ਬਦਾਂ ਨਾਲ ਕਰਦੇ ਫਿਰਦੇਓ। (ਪੋਪਜੀ) ਵੇਖੋ! ਜੋਤਸ਼ ਦਾ ਪ੍ਰਤਖ ਫਲ, ਅਕਾਸ਼ ਵਿਚ ਰਹਿਣ ਵਾਲੇ ਸੂਰਜ ਚੰਦ੍ਰਮਾ ਅਰ ਰਾਹੁ ਕੇਤੂਦੇ ਸੰਜੋਗ ਰੂਪੀ ਗ੍ਰਹਣ ਨੂੰ ਪਹਿਲੇ ਤੋਂ ਹੀ ਕਹਿ ਦਿੰਦੇ ਹਾਂ, ਜਿਸਤਰਾਂ ਨਾਲ ਇਹ ਪ੍ਰਤਖ ਹੁੰਦਾ ਹੈ ਓਸਤਰਾਂ ਨਾਲ ਗ੍ਰਹਿਆਂ ਦਾ ਬੀ ਫਲ ਪ੍ਰਤੱਖ ਹੋ ਜਾਂਦਾ ਹੈ, ਵੇਖੋ! ਅਮੀਰ, ਗਰੀਬ, ਰਾਜਾ, ਰੰਕ ਸੁਖੀ, ਦੁਖੀ ਗ੍ਰਹਿਆਂ ਕਰਕੇ ਹੀ ਹੁੰਦੇ ਹਨ। (ਸਤਵਾਦੀ) ਜੋ ਇਹ ਗ੍ਰਹਣ ਰੂਪੀ ਪ੍ਰਤਖ ਫਲ ਹੈ ਸੋ ਗਣਿਤ ਵਿਦਿਆ ਦਾ ਹੈ ਫਲਤ ਦਾ ਨਹੀ, ਜੋ ਗਣਿਤ ਵਿਦਿਆ ਹੈ ਉਹ ਸਚੀ, ਅਰ ਫਲਤ ਵਿਦਿਆ ਸੁਭਾਉਕ ਸੰਬੰਧ ਜਨ ਨੂੰ ਛਡ ਕੇ ਬਾਕੀ ਝੂਠੀ ਹੈ, ਜਿਸਤਰਾਂ ਅਨੁਲੋਮ, ਪ੍ਰਤੀਲੋਮ, ਭਉਣ ਵਾਲੀ ਜਮੀਨ ਅਤੇ ਚੰਦ੍ਰਮਾ ਦੀ ਗਿਣਤੀ ਨਾਲ ਸਪਸ਼ਟ ਮਲੂੰਮ ਹੁੰਦਾ ਹੈ ਕਿ ਅਮੁਕ ਸਮੇ ਅਮੁਕ ਦੇਸ਼, ਅਮੁਕ ਅਵੇਵ ਵਿਚ ਸੂਰਜ ਵਾ ਚੰਦ੍ਰਮਾ ਦਾ ਗ੍ਰਹਣ ਹੋਵੇ ਗਾ ॥ ਜਿਸਤਰਾਂ:—

छादयत्यर्कं मिन्दु र्विधुं भूमिभाः ॥

ਇਹ 'ਸਿਧਾਂਤ ਸਿਰੋਮਣੀ' ਦਾ ਬਚਨ ਹੈ, ਅਰ ਇਸੇਤਰਾਂ ਨਾਲ 'ਸੂਰਜ ਸਿਧਾਂਤ' ਆਦੀ ਵਿਚ ਬੀ ਹੈ ਅਰਥਾਤ ਜਦ ਸੂਰਜ, ਜਮੀਨ ਦੇ ਵਿਚਕਾਰ ਚੰਦ੍ਰਮਾ ਆਉਂਦਾ ਹੈ ਤਦ ਸੂਰਜ ਗ੍ਰਹਿਣ, ਅਰ ਜਦ ਸੂਰਜ ਅਰ ਚੰਦ੍ਰਮਾ ਦੇ ਵਿਚ ਜਮੀਨ ਆਉਂਦੀ ਹੈ ਤਦ ਚੰਦ੍ਰਮਾ ਨੂੰ ਗ੍ਰਹਣ ਲਗਦਾ ਹੈ, ਅਰਥਾਤ ਚੰਦ੍ਰਮਾ ਦੀ ਛਾਇਆ ਜਮੀਨ ਉਤੇ, ਅਰ ਜਮੀਨ ਦੀ ਛਾਇਆ ਚੰਦ੍ਰਮਾ ਉਤੇ

ਪੈਂਦੀ ਹੈ, ਸੂਰਜ ਪ੍ਰਕਾਸ਼ ਰੂਪ ਹੈ ਏਸ ਕਰਕੇ ਓਸਦੇ ਸਾਮਣੇ ਛਾਇਆ ਕਿਸੇ ਦੀ ਨਹੀ ਪੈਂਦੀ ਕਿੰਤੂ ਜਿਸਤਰਾਂ ਪ੍ਰਕਾਸ਼ਮਾਨ ਸੂਰਜ ਵਾ ਦੀਵੇ ਥੀਂ ਸ਼ੀਰ ਆਦੀ ਦੀ ਛਾਇਆ ਉਲਟੀ ਜਾਂਦੀ ਹੈ ਉਸੇਤਰਾਂ ਨਾਲ ਗ੍ਰਹਣ ਵਿਚ ਸਮਝ ਲਵੋ, ਜੋ ਅਮੀਰ, ਗਰੀਬ, ਪਰਜਾ, ਰਾਜਾ ਕੰਗਾਲ ਹੁੰਦੇ ਹਨ ਉਹ ਅਪਣੇ ਕਰਮਾਂ ਕਰਕੇ ਹੁੰਦੇਹਨ ਗ੍ਰਹੁਆਂਕਰਕੇ ਨਹੀ। ਬਹੁਤ ਸਾਰੇ ਜੋਤਸ਼ੀ ਲੋਕਅਪਣੇਮੁੰਡੇਕੁੜੀਦਾ ਵਿਆਹਗ੍ਰਹੁਆਂਦੀਗਿਣਤੀ ਕਰਕੇ ਕਰਦੇ ਹਨ ਫੇਰ ਉਨਾਂ ਵਿਚ ਵਿਰੋਧ ਵਾ ਵਿਧਵਾ ਅਥਵਾ ਮਨੁੱਖ ਰੰਡ ਹੋ ਜਾਂਦੇ ਹਨ, ਜੇ ਫਲ ਸੱਚਾ ਹੁੰਦਾ ਤਾਂ ਇਹ ਕਿੰਉ ਹੁੰਦਾ ? ਏਸ ਲਈ ਕਰਮ ਦੀਗਤੀ ਸੱਚੀ ਅਰ ਗ੍ਰਹੁਆਂ ਦੀ ਗਤੀ ਸੁਖ, ਦੁਖ ਭੋਗਣ ਵਿਚ ਕਾਰਣ ਨਹੀਂ ਹੈ, ਭਲਾ ਗ੍ਰਹ ਅਕਾਸ਼ ਵਿਚ ਅਤੇ ਪ੍ਰਿਥਵੀ ਬੀ ਅਕਾਸ਼ ਵਿਚ ਬਹਤ ਦੂਰ ਹੈ ਇਨ੍ਹਾਂ ਦਾ ਸਰਬੰਧ ਕਰਤਾ, ਅਰ ਕਰਮਾ ਦੇ ਨਾਲ ਸਾਖਿਆਤ ਨਹੀਂ, ਕਰਮ ਅਰ ਕਰਮ ਦੇ ਫਲ ਦਾ ਕਰਤਾ ਭੋਗਤਾ ਜੀਵ, ਅਰ ਕਰਮਾ ਦੇ ਫਲ ਭੁਗਤਾਣ ਵਾਲਾ ਪਰਮੇਸ਼ੁਰ ਹੈ, ਜੇ ਤੁਸੀਂ ਗ੍ਰਹਆਂ ਦਾ ਫਲ ਮੱਨੋ ਤਾਂ ਏਸ ਦਾ ਉਤ੍ਰ ਦੇਓ ਕਿ ਜਿਸ ਛਿੰਨ ਵਿਜ ਇਕ ਮਨੁੱਖ ਦਾ ਜਨਮ ਹੁੰਦਾ ਹੈ ਜਿਸਨੂੰ ਤੁਸੀਂ ਧ੍ਰੁਵਾਤ੍ਰਟੀ ਮਨਕੇ ਜਨਮਪਤ੍ਰੀ ਬਣਾਂਦੇ ਹੋ ਉਸੇ ਵੇਲੇ ਪ੍ਰਿਥਵੀ ਉੱਤੇ ਦੂਜੇ ਦਾ ਜਨਮ ਹੁੰਦਾ ਹੈ ਵਾ ਨਹੀਂ? ਜੇ ਕਹੋ ਨਹੀਂ ਤਾਂ ਝੂਠ, ਅਰ ਜੇ ਕਹੋ ਹੁੰਦਾ ਹੈ ਤਾਂ ਇਕ ਚਕ੍ਰਵਰਤੀ ਵਰਗਾ ਪ੍ਰਿਥਵੀ ਉਤੇ ਦੂਜਾ ਚਕ੍ਰਵਰਤੀ ਰਾਜਾ ਕਿੰਉ ਨਹੀਂ ਹੁੰਦਾ? ਹਾਂ ਇੰਨਾ ਤੁਸੀਂ ਕਹ ਸਕਦੇ ਓ ਕਿ ਇਹ ਲੀਲਾ ਸਾਡੇ ਪੇਟ ਭਰਨ ਦੀ ਹੈ, ਏਸ ਨੂੰ ਕੋਈ ਮਨ ਬੀ ਲਵੇ।

(ਪ੍ਰਸ਼ਨ) ਕੀ ਗਰੜ ਪੁਰਾਣ ਬੀ ਝੂਠਾ ਹੈ?

(ਉਤ੍ਰ) ਆਹੋ ਝੂਠਾ ਹੈ।

(ਪ੍ਰਸ਼ਨ) ਫੇਰ ਮੁਏ ਹੋਏ ਜੀਵ ਦੀ ਕੀ ਗਤੀ ਹੁੰਦੀ ਹੈ?

(ਉਤ੍ਰ) ਜੇਹੋ ਜਹੇ ਓਸਦੇ ਕਰਮ ਹਨ।

(ਪ੍ਰਸਨ) ਜੋ 'ਯਮਰਾਜਾ' ਚਿਤ੍ਰ, ਗੁਪਤ ਮੰਤ੍ਰੀ ਓਸਦੇ ਬਡੇ ਡਰਾਉਂਣ ਵਾਲੇ ਦੂਤ ਕਜਲ ਦੇ ਪਰਬਤ ਦੇ ਤੁਲ ਜਿਨ੍ਹਾਂ ਦਾ ਸ਼ੀਰ ਹੈ ਜੀਵ ਨੂੰ ਪਕੜਕੇ ਲੈ ਜਾਂਦੇ ਹਨ, ਪਾਪ ਪੁੰਨ ਦੇ ਅਨੁਸਾਰ ਨਰਕ, ਸੁਰਗ ਵਿਚ ਸੁਟਦੇ ਹਨ ਉਧੇ ਵਾਸਤੇ ਦਾਨ, ਪੁੰਨ, ਸ਼੍ਰਾਧ, ਤਰਪਣ ਗਊ ਦਾਨ, ਆਦੀ ਵੈਤਰਣੀ ਨਦੀ ਤਰਨ ਦੇ ਵਾਸਤੇ ਕਰਦੇ ਹਨ ਇਹ ਸਾਰੀਆਂ ਗੱਲਾਂ ਝੂਠੀਆਂ ਕੀਕਣ ਹੋ ਸਕਦੀਆਂ ਹਨ?

(ਉਤ੍ਰ) ਇਹ ਸਾਰੀਆਂ ਗੱਲਾਂ ਪੋਪ ਲੀਲਾ, ਦੇ ਗਪੌੜੇ ਹਨ, ਜੇ ਹੋਰ ਥਾਂ ਦੇ ਜੀਵ ਓਥੇ ਜਾਂਦੇ ਹਨ ਅਤੇ ਉਨ੍ਹਾਂ ਦਾ 'ਧਰਮ ਰਾਜ' ਚਿਤ੍ਰ, ਗੁਪਤ ਆਦੀ ਨਿਆਂ ਕਰਦੇ ਹਨ ਤਾਂ ਜੇ ਉਹ ਜਮ ਲੋਕਦੇ ਜੀਵ ਪਾਪ ਕਰਨ ਤਾਂ

ਦੂਜਾ ਜਮਲੋਕ ਮਨਣਾ ਚਾਹੀਏ ਕਿ ਓਥੋਂਦੇ ਨਿਆਂ ਕਰਨ ਵਾਲੇ ਉਨ੍ਹਾਂ ਦਾ ਨਿਆਂ ਕਰਨ, ਅਰ ਪਰਬਤ ਦੀ ਨਿਆਂਈ ਜਮਦੂਤਾਂ ਦੇ ਸ਼ੀਰ ਹੋਂਨ ਤਾਂ ਦਿਸਦੇ ਕਿਉਂ ਨਹੀ? ਅਰ ਮਰਨ ਵਾਲੇ ਜੀਵ ਨੂੰ ਲੈਣ ਵੇਲੇ ਛੋਟੇ ਦਰਵਜੇ ਵਿਚ ਉਨ੍ਹਾਂ ਦੀ ਇਕ ਉਂਗਲ ਬੀ ਨਹੀ ਜਾ ਸਕਦੀ, ਅਰ ਸੜਕ, ਗਲੀ ਵਿਚ ਕਿਉਂ ਨਹੀ ਰੁਕ ਜਾਂਦੇ ? ਜੇ ਆਖੋ ਕਿ ਉਹ ਸੂਖਮ ਸ਼ੀਰ ਬੀ ਧਾਰਣ ਕਰ ਲੈਂਦੇ ਹਨ, ਤਾਂ ਪਹਿਲੇ ਪਰਬਤ ਵਾਙਣ ਸ਼ੀਰ ਦੇ ਵਡੇ ਵਡੇ ਹਡ ਪੋਪਜੀ ਬਿਨਾ ਅਪਣੇ ਘਰਦੇ ਕਿਥੇ ਰਖਨ ਗੇ? ਜਦ ਜੰਗਲ ਵਿਚ ਅਗ ਲਗਦੀ ਹੈ ਤਦ ਇਕੋ ਵਲੇ ਕੀੜੀਆਂ ਆਦੀ ਜੀਵਾਂ ਦੇ ਸ਼ੀਰ ਛੁਟਦੇ ਹਨ ਉਨ੍ਹਾਂ ਦੇ ਪਕੜਨ ਦੇ ਵਾਸਤੇ ਅਸੰਖ ਜਮਦੂਤ ਆਉਂਨ ਤਾਂ ਓਥੇ ਹਨੇਰਾ ਹੋ ਜਾਣਾ ਚਾਹੀਏ, ਅਰ ਜਦ ਆਪਸ ਵਿਚ ਜੀਵਾਂ ਦੇ ਪਕੜਨ ਨੂੰ ਦੌੜਨ ਗੇ ਤਦ ਕਦੀ ਉਨ੍ਹਾਂ ਦੇ ਸ਼ੀਰ ਠੋਕਰ ਖਾ ਜਾਂਨਗੇ, ਤਾਂ ਜਿਸਤਰਾਂ ਪਹਾੜ ਦੇ ਵਡੇ ਵਡੇ ਸ਼ਿਖਰ ਟੁਟਕੇ ਪ੍ਰਿਥਵੀ ਉਤੇ ਡਿਗਦੇ ਹਨ ਉਸੇਤਰਾਂ ਉਨ੍ਹਾਂ ਦੇ ਵਡੇ ਵਡੇ ਅਵੈਵ ਗਰੜ ਪੁਰਾਣ ਦੇ ਵਾਚਣ ਅਤੇ ਸੁਣਨ ਵਾਲਿਆਂ ਦੇ ਘਰ ਵਿਚ ਡਿਗ ਪੈਂਨ ਗੇ, ਤਾਂ ਉਹ ਦਬਕੇ ਮਰਨ ਗੇ ਵਾ ਘਰਦਾ ਦਰਵਜਾ ਅਥਵਾ ਸੜਕ ਰੁਕ ਜਾਵੇ ਗੀ ਤਾਂ ਉਹ ਕਿਸਤਰਾਂ ਨਿਕਲ ਅਤੇ ਚਲ ਸਕਨ ਗੇ ? ਸ਼ਾਧ, ਤਰਪਣ, ਪਿੰਡਦਾਨ ਉਨ੍ਹਾਂ ਮੁਏ ਹੋਏ ਜੀਵਾਂ ਨੂੰ ਤਾਂ ਨਹੀ ਪੁਜਦਾ ਕਿੰਤੂ ਮੁਇਆਂ ਹੋਇਆ ਦੇ ਪ੍ਰਤੀ ਨਿਧੀ ਪੋਪਜੀ ਦੇ ਘਰ ਪੇਟ ਅਰ ਹਥ ਵਿਚ ਪੁਜਦਾ ਹੈ। ਜੇਹੜੇ ਬਿਤਰਣੀ ਦੇ ਵਾਸਤੇ ਗਊ ਦਾਂਨ ਲੈਂਦ ਹਨ ਉਹ ਤਾਂ ਪੋਪਜੀਦੇ ਘਰ ਵਿਚ ਅਥਵਾ ਕਸਾਈ ਆਦੀ ਦੇ ਘਰ ਵਿਚ ਪੁਜਦਾ ਹੈ, ਬਿਤਰਣੀ ਉਤੇ ਗਊ ਨਹੀ ਜਾਂਦੀ ਫੇਰ ਕਿਸਦੀ ਪੁਛ ਪਕੜਕੇ ਤਰੇਗਾ?ਅਰ ਹਥ ਤਾਂ ਏਥੇ ਹੀ ਸੜਿਆ ਵਾ ਦਬਿਆ ਗਇਆ ਫੇਰ ਪੁਛ ਨੂੰ ਕਿਸਤਰਾਂ ਪਕੜੇਗਾ?ਏਥੇ ਇਕ ਦ੍ਰਿਸ਼ਟਾਂਤ ਏਸ ਬਾਤ ਵਿਚ ਹੈ ਇਕ ਜਟ ਸੀ ਓਸਦੇ ਘਰ ਵਿਚ ਇਕ ਗਊ ਬਹੁਤ ਚੰਗੀ ਅਰ ਵੀਹ ੨੦ ਸੇਰ ਦੁਧ ਦੇਣ ਵਾਲੀ ਸੀ, ਦੁਧ ਓਸਦਾ ਵਡਾ ਸੁਆਦੀ ਹੁੰਦਾ ਸੀ , ਕਦੀ ਕਦਾਂ ਪੋਪਜੀਦੇ ਮੂੰਹ ਵਿਚ ਬੀ ਪੈਂਦਾ ਸੀ, ਓਸਦਾ ਪ੍ਰੋਹਤ ਇਹੋ ਧਿਆਂਨ ਕਰ ਰਹਿਆ ਸੀ ਕਿ ਜਦ ਜਟਦਾ ਬੁਢਾ ਪਿਉ ਮਰਨ ਲਗੇ ਗਾ ਤਦ ਇਸੇ ਗਊ ਨੂੰ ਮਣਸਾ ਲਵਾਂ ਗਾ, ਕੁਝ ਦਿਨ ਪਾਕੇ ਦੇਵਜੋਗ ਨਾਲ ਓਸਦੇ ਪਿਉ ਦਾ ਮਰਨ ਵੇਲਾ ਆਇਆ, ਜਬਾਂਨ ਬੰਦ ਹੋ ਗਈ, ਅਰ ਮੰਜੇ ਤੋਂ ਜਮੀਨ ਉਪਰ ਪਾ ਲੀਤਾ,ਅਰਥਾਤ ਪ੍ਰਾਣ ਛਡਣ ਦਾ ਸਮਾ ਆ ਪੁਜਿਆ,ਓਸਵੇਲੇ ਜਟਦੇ ਸਜਣ, ਪਿਆਰੇ, ਅਰ ਸਰਬੰਧੀ ਬੀ ਬੈਠੇ ਹੋਏ ਸਨ ਤਦ ਪੋਪ ਜੀ ਕਹਣ ਲਗੇ ਜਜਮਾਨ ਹੁਣ ਤੂੰ ਏਸਦੇ ਹਥੋਂ ਗਊ ਦਾਨ ਕਰਾ, ਜਟ ਨੇ ਦਸ ਰੁਪਯੇ ਕਢਕੇ ਪਿਉ ਦੇ ਹਥ ਵਿਚ ਰਖੇ ਅਰ ਬੋਲਿਆ ਕਿ ਸੰਕਲਪ ਪੜ, ਪੋਪਜੀ ਬੋਲਿਆ

ਵਾਹ ਵਾਹ, ਕੀ ਪਿਉ ਫੇਰ ਫੇਰ ਮਰਦਾ ਹੈ?ਏਸ ਵੇਲੇ ਤਾਂ ਸਾਖਿਆਤ ਗਊ ਨੂੰ ਲਿਆ ਜੇਹੜੀ ਦੁਧ ਦਿੰਦੀ ਹੋਵੇ,ਬੁਢੀ ਨਾ ਹੋਵੇ,ਸਭ ਪ੍ਰਕਾਰ ਉਤਮ ਹੋਵੇ ਅਜੇ ਹੀ ਗਊ ਦਾ ਦਾਨ ਕਰਾਣਾ ਚਾਹੀਦਾ ਹੈ। ( ਜਟਜੀ ) ਸਾਡੇ ਪਾਸ ਤਾਂ ਇਕ ਹੀ ਗਊ ਹੈ ਓਸਦੇ ਬਿਨਾ ਸਾਡੇ ਲੜਕੇ ਬਾਲਿਆਂ ਦਾ ਨਿਰਬਾਹ ਨਾ ਹੋ ਸੱਕੇ-ਗਾ ਏਸ ਲਈ ਓਸ ਨੂੰ ਤਾਂ ਨਾ ਦੇਆਂਗਾ, ਲੈ ਵੀਹ੨੦ ਰੁਪੱਯਾਂ ਦਾ ਸੰਕਲਪ ਪੜ੍ਹ, ਅਰ ਇਨ੍ਹਾਂ ਰੁਪੱਯਾਂ ਦੀ ਦੂਜੀ ਦੁਧ ਵਾਲੀ ਗਊ ਲੈ ਲਵੀਂ। ( ਪੋਪਜੀ ) ਵਾਹਜੀ ਵਾਹ! ਤੁਸੀਂ ਆਪਣੇ ਪਿਉ ਥੀਂ ਬੀ ਗਊ ਨੂੰ ਵਧੀਕ ਸਮਝਦੇਓ ? ਕੀ ਆਪਣੇ ਪਿਊ ਨੂੰ ਬਿਤਰਣੀ ਨਦੀ ਵਿਚ ਡੁਬਾਕੇ ਦੁਖ ਦੇਣਾ ਚਾਹੰਦੇਓ?ਤੁਸੀਂ ਚੰਗੇ ਸਪੁਤ੍ਰ ਹੋ, ਤਦ ਤਾਂ ਪੋਪ ਜੀ ਵਲ ਸਾਰੇ ਘਰ ਵਾਲੇ ਹੋਗਏ, ਕਿਉਂਕਿ ਉਨ੍ਹਾਂ ਸਾਰਿਆਂ ਨੂੰ ਪਹਿਲੇ ਹੀ ਪੋਪ ਜੀਨੇ ਬਕਾ ਰਖਿਆ ਸੀ, ਅਰ ਓਸ ਵੇਲੇ ਬੀ ਅਖ ਮਾਰ ਦਿੱਤੀ ਸਾਰਿਆਂ ਨੈ ਮਿਲਕੇ ਜਿਦ ਨਾਲ ਉਸੇ ਗਊ ਦਾ ਦਾਨ ਉਸੇ ਪੋਪ ਜੀ ਨੂੰ ਦੁਆ ਦਿਤਾ, ਓਸ ਵੇਲੇ ਜਟ ਕੁਝ ਬੀ ਨਾ ਬੋਲਿਆ, ਓਸਦਾ ਪਿਉ ਮਰਗਿਆ,ਅਰ ਪੋਪ ਜੀ ਵੱਛੇ ਸਮੇਤ ਗਊ ਅਰ ਚੋਣ ਦੀ ਵਲਟੋਹੀ ਨੂੰ ਲੈਕੇ ਅਪਣੇ ਘਰ ਵਿਚ ਗਊ ਨੂੰ ਬਨ੍ਹਕੇ ਵਲਟੋਹੀ ਨੂੰ ਰਖਕੇ ਫਿਰ ਜਟ ਦੇ ਘਰ ਆਇਆ ਅਰ ਮੁਰਦੇ ਦੇ ਨਾਲ ਮਸਾਣਾ ਵਿਚ ਜਾਕੇ ਲੰਬੂ ਦੁਆਇਆ, ਉਥੇ ਬੀ ਥੋੜੀ ਥੋੜੀ ਪੋਪ ਲੀਲਾ ਚਲਾਈ, ਫੇਰ ਦਸ ਗਾਤ੍ਰ ਸਪਿੰਡੀ ਕਰਾਣ ਆਦੀ ਵਿਚ ਬੀ ਓਸ ਨੂੰ ਮੁਨਿਆਂ, ਅਚਾ-ਰਜਾਂ ਨੈ ਬੀ ਲੁਟਿਆ, ਅਰ ਭੁਖੜਾਂ ਨੈ ਬੀ ਬਹੁਤ ਸਾਰਾ ਮਾਲ ਪੇਟ ਵਿਚ ਭਰਿਆ, ਜਦ ਸਭ ਕ੍ਰਿਆ ਹੋ ਚੁੱਕੀ ਤਦ ਜਟ ਨੈ ਇਧਰੋਂ ਉਧਰੋਂ ਕਿਸੇ ਦੇ ਘਰੋਂ ਦੁਧ ਮੰਗ ਤੰਗ ਕੇ ਗੁਜਾਰਾ ਕੀਤਾ, ਚੌਦਵੇਂ ਦਿਨ ਸਵੇਰ ਵੇਲੇ ਪੋਪ ਜੀ ਦੇ ਘਰ ਜਟ ਜਾ ਪੁਜਿਆ, ਵੇਖਿਆ ਤਾਂ ਗਊ ਚੋਕੇ ਵਲਟੋਹੀ ਭਰਕੇ ਪੋਪ ਜੀ ਉਠਣ ਹੀ ਲਗੇ ਸੀ ਇਨੇ ਵਿਚ ਹੀ ਜਟ ਜੀ ਜਾ ਪੁਜੇ, ਓਸ ਨੂੰ ਵੇਖਕੇ ਪੋਪ ਜੀ ਬੋਲੇ ਆਓ ਜਜਮਾਨ ਬੈਠੋ। ( ਜਟਜੀ ) ਤੁਸੀਂ ਬੀ ਪ੍ਰੋਹਤ ਜੀ ਐਧਰ ਆਓ। ( ਪੋਪ ਜੀ ) ਅਛਾ, ਦੁਧ ਰਖ ਆਵਾਂ। ( ਜਟ ਜੀ ) ਨਹੀਂ ਨਹੀਂ ਦੁਧਦੀ ਵਲਟੋਹੀ ਐਧਰ ਲੈ ਆਓ! ( ਪੋਪ ਜੀ ) ਬਿਚਾਰਾ ਜਾ ਬੈਠਾ ਅਰ ਵਲਟੋਹੀ ਸਾਮਣੇ ਰਖ ਲੀਤੀ। ( ਜਟਜੀ )ਤੁਸੀਂ ਬੜੇ ਝੂਠੇ ਹੋ। ( ਪੋਪ ਜੀ) ਕੀ, ਝੂਠ ਕੀਤਾ?(ਜਟ ਜੀ )ਦਸੋ ਤਾਂ ਤੁਸਾਂ ਨੈ ਗਊ ਕਿਸ ਵਾਸਤੇ ਲੀਤੀਸੀ ? ( ਪੋਪ ਜੀ )ਤੁਹਾਡੇ ਪੀਊ ਦੇ ਬਿਤਰਣੀ ਨਦੀ ਤਰਣ ਦੇ ਵਾਸਤੇ। ( ਜਟ ਜੀ) ਅੱਛਾ ਤਾਂ ਤੁਸਾਂ ਨੈ ਓਥੇ ਬਿਤਰਣੀ ਦੇ ਕੰਢੇ ਗਊ ਕਿਉਂ ਨਾ ਭਿਜਵਾਈ? ਅੱਸੀ ਤਾਂ ਤੁਹਾਡੇ ਭਰੋਸੇ ਉਤੇ ਰਹੇ ਅਰ ਤੁਸੀਂ ਅਪਣੇ ਘਰ ਬਨ੍ਹ ਬੈਠੇ ਨਾਂ ਜਾਣੀਏਂ ਮੇਰੇ ਪੀਊ ਨੈ ਬਤਰਣੀ ਵਿਚ ਕਿੱਨੇ ਗੋਤੇ ਖਾਧੇ ਹੋਂਨਗੇ। ( ਪੋਪਜੀ ) ਨਹੀਂ ਨਹੀਂ ਓਥੇ ਏਸ ਦਾਨ ਦੇ ਪੁੰਨ ਦੇ ਪ੍ਰਭਾਉ ਨਾਲ ਦੂਜੀ ਗਊ ਬਣ ਕੇ ਓਸ

ਨੂੰ ਪਾਰ ਉਤਾਰ ਦਿਤਾੱ ਹੋਵੇਗਾ। ( ਜਟ ਜੀ ) ਬਿਤਰਣੀ ਨਦੀ ਏਥੋਂ ਕਿੱਨੀ ਦੂਰ ਅਰ ਕੇਹੜੇ ਪਾਸੇ ਵਲ ਹੈ ?( ਪੋਪ ਜੀ ) ਅਟਕਲ ਨਾਲ ਕੋਈ ਤੀਹ ਕ੍ਰੋੜ ਕੋਹ ਦੂਰ ਹੈ, ਕਿਉਂਕਿ ਉਣੰਜਾੱ ਕ੍ਰੋੜ ਜੋਜਨ ਪ੍ਰਿਥਵੀ ਹੈ ਅਰ ਦੱਖਣ ਅਤੇ ਲੈਂਹਿਦੇ ਵਲ ਬਿਤਰਣੀ ਨਦੀ ਹੈ ( ਜਟਜੀ ) ਐਂਨੀ ਦੂਰ ਤੋਂ ਤੁਹਾਡੀ ਚਿੱਠੀ ਵਾ ਤਾਰ ਦਾ ਸਮਾਚਾਰ ਗਿਆ ਹੋਵੇ ਅਤੇ ਓਸਦਾ ਉਤ੍ਰ ਆਇਆ ਹੋਵੇ ਕਿ ਓਥੇ ਪੁੰਨ ਦੀ ਗਊ ਬਣ ਗਈ ਅਤੇ ਫਲਾਣੇ ਦੇ ਪੀਊ ਨੂੰ ਪਾਰ ਉਤਾਰ ਦਿਤਾ ਤਾਂ ਦਸੋ ? ( ਪੋਪ ਜੀ ) ਸਾਡੇ ਪਾਸ ਗਰੜਪੁਰਾਣ ਦੀ ਲਿਖਤ ਦੇ ਬਿਗੇਰ ਡਾਕ ਵਾ ਤਾਰਬਰਕੀ ਦੂਜੀ ਕੋਈ ਨਹੀਂ। ( ਜਟ ਜੀ ) ਏਸ ਗਰੜ ਪੁਰਾਣ ਨੂੰ ਅਸੀ ਸਚਾੱ ਕਿਸਤਰਾਂ ਮਨੀਏਂ। (ਪੋਪ ਜੀ) ਜਿਸਤਰਾਂ ਸਾਰੇ ਮਨਦੇ ਹਨ। (ਜਟ ਜੀ) ਇਹ ਗ੍ਰੰਥ ਤੁਹਾਡੇ ਵਡਿਆਂ ਨੈ ਤੁਹਾਡੀ ਰੋਟੀ ਵਾਸਤੇ ਬਣਾਇਆ ਹੈ ਕਿਉਂਕਿ ਪਿਊ ਨੂੰ ਬਿਗੇਰ ਅਪਣੇ ਪੁਤ੍ਰਾਂ ਦੇ ਕੋਈ ਪਿਆਰਾ ਨਹੀਂ, ਜਦ ਮੇਰਾ ਪਿਉ ਮੇਰੇ ਪਾਸ ਚਿੱਠੀ ਪਤ੍ਰੀ ਵਾ ਤਾਰ ਭੇਜੇਗਾ ਤਦੇ ਮੈਂ ਬਿਤਰਣੀ ਦੇ ਕੰਢੇ ਗਊ ਪੁਚਾ ਦਿਆਂਗਾ ਅਰ ਓਸਨੂੰ ਪਾਰ ਉਤਾਰ ਫੇਰ ਗਊ ਨੂੰ ਘਰ ਵਿਚ ਲਿਆ ਦੁਧ ਨੂੰ ਮੈਂ ਅਰ ਮੇਰੇ ਲੜਕੇ ਬਾਲੇ ਪੀਤਾ ਕਰਨਗੇ, ਲਿਆ ਦੁਧ ਦੀ ਭਰੀ ਹੋਈ ਵਲਟੋਹੀ, ਗਊ ਵਛਾੱ ਲੈਕੇ ਜਟ ਜੀ ਅਪਣੇ ਘਰ ਨੂੰ ਚਲਿਆ। (ਪੋਪ ਜੀ ) ਤੁਸੀ ਦਾਨ ਦੇਕੇ ਲੈਂਦੇ ਹੋ, ਤੁਹਾਡਾ ਸਤਿਆਨਾਸ਼ ਹੋਜਾਵੇਗਾ । ( ਜਟ ਜੀ ) ਚੁਪ ਕਰ ਨਹੀਂ ਤਾਂ ਤੇਰ੍ਹਾਂ ੧੩ ਦਿਨ ਦੁਧ ਦੇ ਬਿਗੇਰ ਜਿਨੱਾਂ ਦੁਖ ਅਸਾਂ ਨੈ ਪਾਇਆ ਹੈ ਸਭ ਕਸਰ ਕਢ ਦਿਆਂਗਾ, ਤਦ ਪੋਪ ਜੀ ਚੁਪ ਰਹੇ ਅਰ ਜਟ ਜੀ ਗਊ ਵਛਾੱ ਲੈਕੇ ਅਪਣੇ ਘਰ ਪੁਜੇ।

ਜਦ ਏਹੋ ਜਹੇ ਜਟ ਜੀ ਦੇ ਵਰਗ ਪੁਰਖ ਹੋਨ ਤਾਂ ਪੋਪ ਲੀਲ੍ਹਾ ਸੈਂਸਾਰ ਵਿਚ ਨਾ ਚਲੇ, ਜੋ ਇਹ ਲੋਕ ਕਹਿੰਦੇ ਹਨ ਕਿ ਦਸ ਗਾਤ੍ਰ ਦੇ ਪਿੰਡਾਂ ਕਰਕੇ ਦਸ ਅੰਗ, ਸਪਿੰਡੀ ਕਰਨ ਨਾਲ ਸ਼ੀਰ ਦੇ ਨਾਲ ਜੀਵ ਦਾ ਮੇਲ ਹੋਕੇ ਅੰਗੁਠੇ ਜਿਨੱਾਂ ਸ਼ੀਰ ਬਣਕੇ ਪਿਛੋਂ ਜਮਲੋਕ ਨੂੰ ਜਾਂਦਾ ਹੈ ਤਾਂ ਮਰਦੇ ਸਮੇਂ ਦੂਤਾਂ ਦਾ ਆਉਨਾ ਵਿਅਰਥ ਹੁੰਦਾ ਹੈ, ਤੇਹਰਵੀਂ ਦੇ ਪਿਛੋਂ ਆਉਨਾ ਚਾਹੀਏ, ਜੇ ਸ਼ੀਰ ਬਣ ਜਾਂਦਾ ਹੋਵੇ ਤਾਂ ਅਪਣੀ ਇਸਤ੍ਰੀ ਸੈਂਤਾਨ, ਅਰ ਇਸ਼ਟ ਮਿਤ੍ਰਾਂ ਦੇ ਮੋਹ ਦੇ ਮਾਰੇ ਕਿਉਂ ਨਹੀਂ ਮੁੜ ਆਉਂਦਾ ?

(ਪ੍ਰਸ਼ਨ) ਸੁਰਗ ਵਿਚ ਕੁਝ ਬੀ ਨਹੀਂ ਮਿਲਦਾ ਜੋ ਦਾਨ ਕੀਤਾ ਜਾਂਦਾ ਹੈ ਉਹੋ ਓਥੇ ਮਿਲਦਾ ਹੈ ਏਸ ਲਈ ਸਭ ਚੀਜਾਂ ਦੇ ਦਾਨ ਕਰਨੇ ਚਾਹੀਦੇ ਹਨ ।

(ਉਤ੍ਰ) ਓਸ ਤੁਹਾਡੇ ਸੁਰਗ ਕੋਲੋਂ ਇਹੋ ਲੋਕ ਚੰਗਾ ਹੈ ਜਿਸ ਵਿਚ ਧਰਮਸਾਲਾ ਹਨ, ਲੋਕ ਦਾਨ ਦਿੰਦੇ ਹਨ, ਸਜਨ ਮਿਤ੍ਰ ਅਰ ਜਾਤ

ਵਿਚ ਖੂਬ ਭੋਜਨ ਉਡਦੇ ਹਨ, ਚੰਗੇ ਚੰਗੇ ਕਪੜੇ ਮਿਲਦੇ ਹਨ, ਤੁਹਾਡੇ ਆਖੇ ਹੋਏ ਸੁਰਗ ਵਿਚ ਕੁਝ ਬੀ ਨਹੀਂ ਮਿਲਦਾ, ਅਜਹੇ ਨਿਰਦਈ ਮਖੀਚੂਸ ਕੰਗਾਲ, ਸੁਰਗ ਵਿਚ ਪੋਪ ਜੀ ਜਾਕੇ ਖਰਾਬ ਹੋਨ ਓਥੇ ਭਲੇ ਭਲੇ ਮਨੁਖਾਂ ਦਾ ਕੀ ਕੰਮ।

(ਪ੍ਰਸ਼ਨ) ਜਦ ਤੁਹਾਡੇ ਕਹਣ ਕਰਕੇ ਜਮਲੋਕ ਅਰ ਜਮ ਨਹੀਂ ਹਨ ਤਾਂ ਮਰਕੇ ਜੀਵ ਕਿਥੇ ਜਾਂਦਾ ਹੈ? ਅਰ ਇਨ੍ਹਾਂ ਦਾ ਨਿਆਂ ਕਉਣ ਕਰਦਾ ਹੈ।

(ਉਤ੍ਰ) ਤੁਹਾਡੇ ਗਰੜ ਪਰਾਣ ਦਾ ਕਹਿਆ ਹੋਇਆ ਤਾਂ ਪ੍ਰਮਾਣ ਦੇ ਜੋਗ ਨਹੀਂ ਪ੍ਰੰਤੂ ਜੋ ਵੇਦ ਵਿਚ ਇਹ ਕਹਿਆ ਹੈ ਕਿ:

यमेन वायुना सत्यराजन् ॥

ਇਤਆਦੀ ਵੇਦ ਵਚਨਾਂ ਥੀਂ ਨਿਸਰੇ ਹੈ ਕਿ ਯਮ ਨਾਮ ਵਾਯੂ ਦਾ ਹੈ ਸ਼ਰੀਰ ਛਡਕੇ ਵਾਯੂ ਦੇ ਨਾਲ ਅਕਾਸ਼ ਵਿਚ ਜੀਵ ਰਹੰਦੇ ਹਨ, ਅਰ ਜੋ ਸੱਚਾ ਕਰਤਾ, ਪਖ ਪਾਤ ਤੋਂ ਰਹਿਤ ਪਰਮੇਸ਼੍ਵਰ ਧਰਮਰਾਜ ਹੈ ਓਹੀ ਸਭ ਦਾ ਨਿਆਂ ਕਰਦਾ ਹੈ।

(ਪ੍ਰਸ਼ਨ) ਤੁਹਾਡੇ ਕਹਣ ਤੋਂ ਗਊ ਆਦੀ ਦਾਨ ਕਿਸੇ ਨੂੰ ਨਾ ਦੇਣਾ ਅਰ ਨਾ ਕੁਝ ਦਾਨ ਪੁੰਨ ਕਰਨਾ ਇਹ ਸਿਧ ਹੁੰਦਾ ਹੈ।

(ਉਤ੍ਰ) ਇਹੁ ਤੁਹਾਡਾ ਕਹਣਾ ਸਰਬਥਾ ਵਿਅਰਥ ਹੈ, ਕਿਉਂਕਿ ਸੁਪਾਤ੍ਰਾਂ ਨੂੰ ਪਰਉਪਕਾਰੀਆਂ ਨੂੰ ਪਰ ਉਪਕਾਰ ਦੇ ਅਰਥ ਸੋਨਾ, ਚਾਂਦੀ, ਹੀਰਾ ਮੋਤੀ, ਮਾਣਕ, ਅੰਨ, ਜਲ, ਮਕਾਂਨ, ਕਪੜ ਆਦੀ ਦਾਨ ਜਰੂਰ ਕਰਨਾ ਉਚਿੱਤ ਹੈ ਕਿੰਤੂ ਕੁਪਾਤ੍ਰਾਂ ਨੂੰ ਕਦੀ ਨਾ ਦੇਣਾ ਚਾਹੀਏ।

(ਪ੍ਰਸ਼ਨ) ਕੁਪਾਤ੍ਰ ਅਰ ਸੁਪਾਤ੍ਰ ਦਾ ਲੱਖਣ ਕੀ ਹੈ?

(ਉਤ੍ਰ) ਜੋ ਛਲੀਆ, ਕਪਟੀ, ਸੁਆਰਥੀ, ਵਿਸ਼ਈ, ਕਾਮ, ਕ੍ਰੋਧ, ਲੋਭ, ਮੋਹ ਥੀਂ ਜੁਗਤ, ਪਰਾਈ ਹਾਨੀ ਕਰਨ ਵਾਲੇ, ਲੰਪਟੀ, ਮਿਥਿਆ ਵਾਦੀ, ਅਵਿਦਵਾਂਨ, ਕੁਸੰਗੀ, ਆਲਸੀ, ਜੋ ਕੋਈ ਦਾਤਾ ਹੋਵੇ ਓਸ ਕੋਲੋਂ ਬਾਰ ਬਾਰ ਮੰਗੇ, ਧਰਨਾ ਮਾਰੇ, ਨਾਹ ਨੁਕਰ ਕਰਨ ਤੋਂ ਬੀ ਜਿਦ ਨਾਲ ਮੰਗਦੇ ਹੀ ਜਾਣਾ, ਸੰਤੋਖ ਨਾ ਰਖਣਾ, ਜੋ ਨਾਂ ਦੇਵੇ ਓਸਦੀ ਨਿੰਦਿਆ ਕਰਨਾ ਸ੍ਰਾਪ ਅਰ ਗਾਲੀ ਦੇਣਾ, ਅਨੇਕਵਾਰ ਜੋ ਸੇਵਾ ਕਰੇ ਅਰ ਇਕ ਵਾਰ ਨਾ ਕਰੇ ਤਾਂ ਓਸਦਾ ਦੁਸ਼ਮਣ ਬਣ ਜਾਣਾ ਉਪਰੋਂ ਸਾਧੂ ਦਾ ਭੇਸ ਬਣਾ ਲੋਕਾਂ ਨੂੰ ਬਕਾਕੇ ਠਗਣਾ, ਅਰ ਆਪਣੇ ਪਾਸ ਪਦਾਰਥ ਹੋਵੇ ਤਾਂ ਬੀ ਕਹਣਾ ਕਿ ਮੇਰੇ ਪਾਸ ਕੁਝ ਬੀ ਨਹੀਂ, ਸਭ ਨੂੰ ਫੁਸਲਾ ਫੁਸਲਾ ਕੇ ਸੁਆਰਥ ਸਿਧ

ਕਰਨਾ, ਰਾਤ ਦਿਨ ਭੀਖ ਮੰਗਣ ਵਿਚ ਹੀ ਲਗੇ ਰਹਣਾ, ਬੁਲਾਵਾ ਆਉਣ ਉਤੇ ਚੰਗੀ ਤਰਾਂ ਨਾਲ ਭੰਗ ਆਦੀ ਨਸ਼ੇ ਵਾਲੀ ਚੀਜਾਂ ਨੂੰ ਪੀਣਾ, ਅਰ ਬਹੁਤ ਸਾਰਾ ਪਰਾਇਆ ਪਦਾਰਥ ਖਾਣਾ, ਫੇਰ ਮਸਤ ਹੋਕੇ ਆਲਸੀ ਹੋਣਾ, ਸਤ ਮਾਰਗ ਦਾ ਵਿਰੋਧ, ਅਰ ਝੂਠੇ ਮਾਰਗ ਵਿਚ ਅਪਣੇ ਮਤਲਬ ਵਾਸਤੇ ਚਲਣਾ, ਉਸੇ ਤਰਾਂ ਆਪਣੇ ਚੇਲਿਆਂ ਨੂੰ ਕੇਵਲ ਅਪਨੀ ਹੀ ਸੇਵਾ ਕਰਨ ਦਾ ਉਪਦੇਸ਼ ਕਰਨਾ, ਹੋਰ ਜੋਗ ਪੁਰਖਾਂ ਦੀ ਸੇਵਾ ਕਰਨ ਦਾ ਨਹੀ, ਸਤਵਿਦਿਆ ਆਦੀ ਪ੍ਰਵਿਰਤੀ ਦੇ ਵਿਰੋਧੀ ਜਗਤ ਦੇ ਵਿਹਾਰ ਅਰਥਾਤ ਇਸਤ੍ਰੀ, ਪੁਰਖ, ਮਾਂ ਪਿਉ, ਸੰਤਾਂਨ ਰਾਜਾ, ਪਰਜਾ, ਸਜੱਨ, ਮਿਤ੍ਰਾਂ ਵਿਚ ਅਪ੍ਰੀਤੀ ਕਰਾਣਾ ਕਿ ਇਹ ਸਭ ਝੂਠੇ ਹਨ, ਅਰ ਜਗਤ ਬੀ ਝੂਠਾ ਹੈ ਇਤ ਆਦੀ ਦੁਸ਼ਟ ਉਪਦੇਸ਼ ਕਰਨਾ ਕੁਪਾਤ੍ਰਾਂ ਦੇ ਲਖਣ ਹਨ। ਅਰ ਜੋ ਬ੍ਰਹਮਚਾਰੀ, ਜਤਿੰਦ੍ਰੀ ਵੇਦ ਵਿਦਿਆ ਦੇ ਪੜ੍ਹਨ ਪੜ੍ਹਾਨ ਵਾਲੇ, ਸੁਸ਼ੀਲ, ਸਤਵਾਦੀ, ਪਰਉਪਕਾਰ ਦੇ ਪਿਆਰੇ, ਪੁਰਖਾਰਥੀ, ਉਦਾਰ, ਵਿਦਿਆ, ਧਰਮ ਦੀ ਨਿਰੰਤ੍ਰ ਉਨੱਤੀ ਕਰਨ ਵਾਲੇ, ਧਰਮਾਤਮਾ, ਸ਼ਾਂਤ, ਨਿੰਦਿਆ, ਉਸਤਤ ਵਿਚ ਹਰਖ ਸ਼ੋਕ ਥੀਂ ਰਹਿਤ, ਨਿਰਭੈ, ਉਤਸਾਹ, ਜੋਗੀ, ਗਿਆਂਨੀ, ਸ੍ਰਿਸ਼ਟੀਕ੍ਰਮ, ਵੇਦ ਦੀ ਆਗਿਆ, ਈਸ੍ਵਰ ਦੇ ਗੁਣ ਕਰਮ, ਸੁਭਾਦੇ ਅਨੁਕੂਲ ਵਰਤਾਓ ਕਰਨ ਵਾਲੇ, ਨਿਆਂ ਦੀ ਰੀਤੀ ਕਰਕੇ ਯੁਕਤ, ਪਖਪਾਤ ਤੋਂ ਰਹਿਤ, ਸਤ ਉਪਦੇਸ਼ ਅਰ ਸਤ ਸ਼ਾਸਤ੍ਰਾਂ ਦੇ ਪੜ੍ਹਨ ਪੜ੍ਹਾਂਨ ਵਾਲਿਆਂ ਦੀ ਪ੍ਰੀਖਿਆ ਕਰਨ ਵਾਲੇ, ਕਿਸੇ ਦੀ ਲਲੋ ਪਤੋ ਨਾ ਕਰਨੇ, ਪ੍ਰਸ਼ਨਾਂ ਦੇ ਯਥਾਰਥ ਉਤ੍ਰ ਦੇਣ ਵਾਲੇ, ਅਪਣੇ ਆਤਮਾ ਵਾਙਣ ਹੋਰ ਦਾ ਬੀ ਸੁਖ, ਦੁਖ, ਹਾਂਨੀ, ਲਾਭ ਸਮਝਣ ਵਾਲੇ, ਅਵਿਦਿਆ ਆਦੀ ਕਲੇਸ਼, ਜਿਦ, ਹਠ, ਅਭਿਮਾਨ ਤੋਂ ਰਹਿਤ, ਅੰਮ੍ਰਿਤ ਦੇ ਸਮਾਨ ਅਪਮਾਨ ਅਰ ਵਿਖ ਦੀ ਨਿਆਂਈ ਮਾਨ ਨੂੰ ਸਮਝਣ ਵਾਲੇ, ਸੰਤੋਸ਼ੀ ਜੋ ਕੋਈ ਪ੍ਰੀਤੀ ਨਾਲ ਜਿਨੱਾ ਦੇਵੇ ਉੱਨੇ ਵਿਚ ਹੀ ਪ੍ਰਸੰਨ, ਇਕ ਵਾਰ ਬਿਪਦਾ ਕਾਲ ਵਿਚ ਮੰਗਿਆਂ ਬੀ ਨਾ ਦੇਵੇ, ਵਾ ਵਰਜਨ ਕਰਨੇ ਤੇ ਬੀ ਦੁਖ ਵਾ ਬੁਰੀ ਚੇਸ਼ਟਾ ਨਾ ਕਰਨਾ, ਓਥੋਂ ਝਟ ਹਟ ਆਉਣਾ, ਓਸਦੀ ਨਿੰਦਿਆ ਨਾ ਕਰਨੀ, ਸੁਖੀ ਪੁਰਖਾਂ ਦੇ ਨਾਲ ਮਿਤ੍ਰਤਾ ਰਖਣੀ, ਦੁਖੀਆਂ ਉਤੇ ਦਇਆ ਕਰਨੀ, ਪੁੰਨ ਆਤਮਾ ਪੁਰਸ਼ਾਂ ਨਾਲ ਅਨੰਦ ਵਿਚ ਰਹਿਣਾ, ਅਰ ਪਾਪੀਆਂ ਦੇ ਨਾਲ ਉਪੇਖਿਆ ਅਰਥਾਤ ਰਾਗ ਦ੍ਵੇਸ਼ ਥੀਂ ਰਹਿਤ ਰਹਣਾ, ਸਤ ਮਾਨੀ, ਸਤ ਵਾਦੀ, ਸਤ ਕਾਰੀ, ਨਿਸ਼ਕਪਟ, ਈਰਖਾ, ਦ੍ਵੇਸ਼ ਥੀਂ ਰਹਿਤ, ਗੰਭੀਰ ਆਸ਼ਾ, ਸਤ ਪੁਰਸ਼, ਧਰਮ ਥੀਂ ਜੁਕਤ, ਅਰ ਸਰਬਦਾ ਦੁਸ਼ਟਾਚਾਰ ਥੀਂ ਰਹਿਤ, ਅਪਣੇ ਤਨ, ਮਨ, ਧਨ ਨੂੰ ਪਰਉਪਕਾਰ ਕਰਨ ਵਿਚ ਲਗਾਣ ਵਾਲੇ, ਪ੍ਰਾਏ ਸੁਖ ਦੇ ਲਈ ਅਪਣੇ ਪ੍ਰਾਣਾਂ ਨੂੰ ਬੀ ਅਰਪਣ ਕਰਨ ਵਾਲੇ, ਇਹੋ ਜਹੇ ਸ਼ੁਭ ਲਖੱਣਾਂ ਵਾਲੇ ਸੁਪਾਤ੍ਰ ਹੁੰਦੇ ਹਨ, ਪ੍ਰੰਤੂ ਕਾਲ ਆਦੀ ਦੀ

ਬਿਪਦਾ ਦੇ ਵੇਲੇ ਅੰਨ, ਜਲ, ਵਸਤ੍ਰ ਅਰ ਅਉਸ਼ਦੀ ਪਥ, ਸਥਾਨ ਦੇ ਅਧਕਾਰੀ ਸਭ ਪ੍ਰਾਣੀ ਮਾਤ੍ਰ ਹੋਸਕਦੇ ਹਨ।

(ਪ੍ਰਸ਼ਨ) ਦਾਤਾ ਕਿਨੇਂ ਪ੍ਰਕਾਰ ਦੇ ਹੁੰਦੇ ਹਨ ?

ਉਤ੍ਰ) ਤਿੰਨ ਪ੍ਰਕਾਰ ਦੇ, ਉਤੱਮ, ਮਧੱਮ, ਅਰ ਨਕ੍ਰਿਸ਼ਟ, ਉਤੱਮ ਦਾਤਾ ਓਸਨੂੰ ਕਹਿੰਦੇ ਹਨ ਜੋ ਦੇਸ਼ ਕਾਲ ਪਾਤ੍ਰ ਨੂੰ ਜਾਣ ਕੇ ਸਤ ਵਿਦਿਆ, ਧਰਮ ਦੀ ਉਨੱਤੀ ਰੂਪ ਪਰਉਪਕਾਰ ਦੇ ਅਰਥ ਦੇਵੇ। ਮਧੱਮ ਉਹ ਹੈ ਜੋ ਕੀਰਤੀ ਵਾ ਸ੍ਵਾਰਥ ਦੇ ਵਾਸਤੇ ਦਾਨ ਕਰੇ। ਨੀਚ ਉਹ ਹੈ ਕਿ ਅਪਣਾ ਵਾ ਪ੍ਰਾਇਆ ਕੁਝ ਉਪਕਾਰ ਨਾ ਕਰ ਸਕੇ, ਕਿੰਤੂ ਬੇਸਵਾ ਗਮਨ ਆਦੀ ਵਾ ਭੰਡ, ਭਟਾਂ ਨੂੰ ਦੇਵੇ, ਦਿਨ ਦੇ ਸਮੇਂ ਤ੍ਰਿਸਕਾਰ ਨਿਰਾਦਰੀ ਰੂਪੀ ਕੁਚੇਸ਼ਟਾ ਕਰੇ, ਪਾਤ੍ਰ ਕੁਪਾਤ੍ਰ ਦਾ ਕੁਝ ਬੀ ਭੇਦ ਨਾ ਜਾਣੇ ਕਿੰਤੂ ਸਭ ਅੰਨ ਬਾਰਾਂ ਪੰਸੇਰੀ ਵੇਚਣ ਵਾਲਿਆਂ ਦੀ ਨਿਆਈਂ ਲੜਾਈ ਝਗੜਾ, ਦੂਜੇ ਧਰਮਾਤਮਾ ਨੂੰ ਦੁਖ ਦੇਕੇ ਸੁਖੀ ਹੋਵਣ ਦੇ ਵਾਸਤੇ ਦਇਆ ਕਰੇ ਸੋ ਅਧੱਮ ਦਾਤਾ ਹੈ ਅਰਥਾਤ ਜੋ ਪ੍ਰੀਖਿਆਪੂਰਬਕ ਵਿਦਵਾਨ, ਧਰਮਾ ਤਮਾ ਮਨੁਖਾਂ ਦਾ ਸਤਕਾਰ ਕਰੇ ਉਹ ਉਤਮ, ਅਰ ਜੋ ਕੁਝ ਪ੍ਰੀਖਿਆ ਕਰੇ ਵਾ ਨਾ ਕਰੇ ਪ੍ਰੰਤੂ ਜਿਸ ਵਿਚ ਅਪਣੀ ਵਡਿਆਈ ਹੋਵੇ ਓਸਨੂੰ ਮਧਮ, ਅਰ ਅੰਧਾ ਧੁੰਧ ਪ੍ਰੀਖਿਆ ਰਹਿਤ ਨਿਸਫਲ ਦਾਨ ਦਿਤਾ ਕਰੇ ਉਹ ਨੀਚ ਦਾਤਾ ਕਹਾਂਦਾ ਹੈ।

( ਪ੍ਰਸ਼ਨ ) ਦਾਨ ਦੇ ਫਲ ਏਥੇ ਹੁੰਦੇ ਹਨ ਵਾ ਪ੍ਰਲੋਕ ਵਿਚ?

( ਉਤ੍ਰ ) ਸਬ ਥਾਂ ਹੁੰਦੇ ਹਨ।

( ਪ੍ਰਸ਼ਨ ) ਅਪਣੇ ਆਪ ਹੁੰਦੇ ਹਨ ਵਾ ਕੋਈ ਫਲ ਦੇਣ ਵਾਲਾ ਹੈ।

( ਉਤ੍ਰ ) ਫਲ ਦੇਣ ਵਾਲਾ ਈਸ਼੍ਵਰ ਹੈ, ਜਿਸਤਰਾਂ ਕੋਈ ਚੋਰ ਡਾਕੂ ਅਪਣੇ ਆਪ ਕੈਦਖਾਨੇ ਵਿਚ ਜਾਣਾ ਨਹੀਂ ਚਾਹੰਦਾ ਰਾਜਾ ਓਸਨੂੰ ਜਰੂਰ ਭੇਜਦਾ ਹੈ, ਧਰਮਾਤਮਾ ਮਨੁਖਾਂ ਦ ਸੁਖਦੀ ਰਖਿਆ ਕਰਦਾ, ਭੁਗਾਂਦਾ, ਡਾਕੂ ਆਦੀ ਥੀਂ ਬਚਾਕੇ ਉਨ੍ਹਾਂ ਨੂੰ ਸੁਖ ਵਿਚ ਰਖਦਾ ਹੈ ਉਸੇਤਰਾਂ ਹੀ ਪਰ ਮੇਸ਼੍ਵਰ ਸਭਨੂੰ ਪਾਪ ਪੁੰਨਦੇ ਦੁਖ ਅਰ ਸੁਖ ਰੂਪੀ ਫਲਾਂ ਨੂੰ ਜਥਾਵਤ ਭੁਗਾਂਦਾ ਹੈ।

(ਪ੍ਰਸ਼ਨ) ਜੋ ਇਹ ਗਰੜ ਪੁਰਾਣ ਆਦੀ ਗ੍ਰੰਥ ਹਨ ਵੇਦ ਦੇ ਅਰਥ ਵਾ ਵੇਦ ਦੀ ਪੁਸ਼ਟੀ ਕਰਨ ਵਾਲੇ ਹਨ ਵਾ ਨਹੀਂ ?

( ਉਤ੍ਰ ) ਨਹੀਂ, ਕਿੰਤੂ ਵੇਦ ਦੇ ਵਿਰੋਧੀ ਅਰ ਉਲਟੇ ਚਲੱਣ ਵਾਲੇ ਹਨ, ਤਥਾ ਤੰਤ੍ਰ ਗ੍ਰੰਥ ਬੀ ਉਹੋ ਜਹੇ ਹੀ ਹਨ, ਜਿਸਤਰਾਂ ਕੋਈ ਮਨੁਖੱ ਇਕ ਦਾ ਮਿਤ੍ਰ ਅਤੇ ਸਭ ਸੰਸਾਰ ਦਾ ਸ਼ਤ੍ਰੂ ਹੋਵੇ ਉਸੇਤਰਾਂ ਹੀ ਪੁਰਾਣ ਅਰ ਤੰਤ੍ਰ ਦਾ ਮਨੱਣ ਵਾਲਾ ਪੁਰਖ ਹੁੰਦਾ ਹੈ, ਕਿਉਂਕਿ ਇਕ ਦੂਜੇ ਥੀਂ ਵਿਰੋਧ ਕਰਾਣ

ਵਾਲੇ ਇਹ ਗ੍ਰੰਥ ਹਨ, ਇਨ੍ਹਾਂ ਦਾ ਮਨਣਾ ਕਿਸੇ ਵਿਦਵਾਨ ਦਾ ਕੰਮ ਨਹੀਂ, ਕਿੰਤੂ ਇਨ੍ਹਾਂ ਨੂੰ ਮਨਣਾ ਮੂਰਖਤਾ ਹੈ। ਵੇਖੋ ਸ਼ਿਵ ਪੁਰਾਣ ਵਿਚ ਤ੍ਰਿਅਉਦਸੀ, ਸੋਮਵਾਰ, ਆਦਿਤ ਪੁਰਾਣ ਵਿਚ ਆਇਤਵਾਰ, ਚੰਦ੍ਰ ਖੰਡ ਵਿਚ ਸੋਮ ਗ੍ਰਹ ਵਾਲੇ ਮੰਗਲ, ਬੁਧ, ਵੀਰ, ਸ਼ੁਕ੍ਰ, ਛਨਿਛੱਰ, ਰਾਹੂ, ਕੇਤੂ ਦੀ, ਵੈਸ਼ਨਵ ਦੀ ਇਕਾਦਸੀ, ਵਾਮਨ ਦੀ ਦ੍ਵਾਦਸੀ, ਨਰਸਿੰਘ ਵਾ ਅਨੰਤ ਦੀ ਚੌਦਸ, ਚੰਦ੍ਰਮਾ ਦੀ ਪੂਰਨਮਾਸ਼ੀ, ਦਿਗਪਾਲਾਂ ਦੀ ਦਸਮੀ, ਦੁਰਗਾਦੀ ਨੌਮੀ, ਵਸੂਆਂ ਦੀ ਅਸ਼ਟਮੀ, ਮੁਨੀਆਂ ਦੀ ਸਪਤਮੀ, ਸ੍ਵਾਮੀ ਕਾਰਤਕ ਦੀ ਛਠ, ਨਾਗ ਦੀ ਪੰਚਮੀ, ਗਣੇਸ਼ ਦੀ ਚੌਥ, ਗਉਰੀ ਦੀ ਤ੍ਰਿਤੀਆ, ਅਸ੍ਵਨੀਕੁਮਾਰ ਦੀ ਦੂਜ, ਆਦਿਆ ਦੇਵੀ ਦੀ ਏਕਮ, ਅਰ ਪਿਤ੍ਰਾਂ ਦੀ ਉਮਸਿਆ, ਪੁਰਾਣ ਦੀ ਰੀਤ ਨਾਲ ਇਹ ਦਿਨ ਉਪਵਾਸ ਅਰਥਾਤ ਅੰਨ ਨਾ ਖਾਣ ਦੇ ਹਨ, ਅਰ ਸਭ ਥਾਂ ਇਹੋ ਲਿਖਿਆ ਹੈ ਕਿ ਜੋ ਮਨੁਖ ਇਨ੍ਹਾਂ ਦਿਨਾਂ ਅਰ ਤਿਥਾਂ ਵਿਚ ਅੰਨ ਪਾਨ ਗ੍ਰਹਣ ਕਰੇ ਗਾ ਉਹ ਨਰਕ ਗਾਮੀ ਹੋਵੇਗਾ। ਹੁਣ ਪੋਪ ਅਰ ਪੋਪ ਜੀਦੇ ਚੇਲਿਆਂ ਨੂੰ ਚਾਹੀਏ ਕਿ ਕਿਸੇ ਦਿਨ ਅਥਵਾ ਕਿਸੇ ਤਿਥ ਵਿਚ ਭੋਜਨ ਨਾ ਕਰਨ, ਕਿਉਂਕਿ ਜੇ ਭੋਜਨ ਵਾ ਪਾਨ ਕੀਤਾ ਤਾਂ ਨਰਕਗਾਮੀ ਹੋਂਨਗੇ। ਹੁਣ 'ਨਿਰਣੇ ਸਿੰਧੂ' 'ਧਰਮ ਸਿੰਧੂ' 'ਬ੍ਰਤਾਰਕ' ਆਦੀ ਗ੍ਰੰਥਾਂ ਵਿਚ ਜੋਕਿ ਪਾਗਲ ਪੁਰਖਾਂਨੈ ਬਣਾਏ ਹਨ ਇਕ ਇਕ ਵਰਤ ਦੀ ਅਜਹੀ ਦੁਰਦਸ਼ਾ ਕੀਤੀ ਹੈ ਕਿ ਜਿਸਤਰਾਂ ਇਕਾਦਸ਼ੀ ਨੂੰ ਸ਼ੈਵ ਦਸਮੀ ਵਿਧਾ, ਕੋਈ ਦ੍ਵਾਦਸ਼ੀ ਵਿਚ ਇਕਾਦਸ਼ੀ ਬ੍ਰਤ ਕਰਦੇ ਹਨ ਅਰਥਾਤ ਕਿਡੀ ਵਡੀ ਅਣੋਖੀ ਪੋਪ ਲੀਲਾ ਹੈ ਕਿ ਭੁਖੇ ਮਰਣ ਵਿਚ ਬੀ ਲੜਾਈ, ਝਗੜਾ ਹੀ ਕਰਦੇ ਹਨ, ਜੋ ਇਕਾਦਸ਼ੀ ਦਾ ਵਰਤ ਚਲਾਇਆ ਹੈ ਓਸ ਵਿਚ ਅਪਣਾ ਮਤਬਲ ਹੀ ਹੈ ਅਰ ਦਇਆ ਕੁਝ ਨਹੀ ਉਹ ਕਹੰਦੇ ਹਨ:—

एकादश्या मन्ने पापानि वसन्ति ॥

ਜਿੱਨੇ ਪਾਪ ਹਨ ਉਹ ਸਭ ਇਕਾਦਸ਼ੀ ਦੇ ਦਿਨ ਅੰਨ ਵਿਚ ਰਹਿੰਦੇ ਹਨ, ਏਸ ਪੋਪਜੀ ਨੂੰ ਪੁਛਣਾ ਚਾਹੀਏ ਕਿ ਕਿਸਦੇ ਪਾਪ ਓਸ ਵਿਚ ਰਹਿੰਦੇ ਹਨ? ਤੇਰੇ ਵਾ ਤੇਰੇ ਪਿਉ ਆਦੀ ਦੇ? ਜੋ ਸਾਰਿਆਂ ਦੇ ਸਾਰੇ ਪਾਪ ਇਕਾਦਸ਼ੀ ਵਿਚ ਜਾ ਵਸਨ ਤਾਂ ਇਕਾਦਸ਼ੀ ਦੇ ਦਿਨ ਕਿਸੇਨੂੰ ਦੁਖ ਨਾ ਰਹਣਾ ਚਾਹੀਏ, ਅਜੇਹਾ ਤਾਂ ਨਹੀ ਹੁੰਦਾ ਕਿੰਤੂ ਉਲਟਾ ਭੁਖ ਆਦੀ ਨਾਲ ਦੁਖ ਹੁੰਦਾ ਹੈ, ਦੁਖ ਪਾਪ ਦਾ ਫਲ ਹੈ ਏਸ ਲਈ ਭੁਖੇ ਮਰਨਾ ਪਾਪ ਹੈ, ਏਸ ਦਾ ਵਡਾ ਮਹਾਤਮ ਬਣਾਇਆ ਹੈ ਜਿਸਦੀ ਕਥਾ ਵਾਚ ਕੇ ਬਹੁਤ ਠਗੇ ਜਾਂਦੇ ਹਨ। ਓਸ ਵਿਚ ਇਕ ਕਥਾ ਹੈ ਕਿ:—

ਬ੍ਰਹਮਲੋਕ ਵਿਚ ਇਕ ਬੇਸਵਾ ਸੀ ਉਸਨੇ ਕੁਝ ਅਪਰਾਧ ਕੀਤਾ ਓਸ ਨੂੰ ਸ੍ਰਾਪ ਹੋਇਆ ਕਿ ਤੂੰ ਜਮੀਨ ਉਤੇ ਡਿਗ ਪੌ, ਉਸਨੇ ਮਿਨਤ ਕੀਤੀ ਕਿ ਮੈਂ ਫੇਰ ਸੁਰਗ ਵਿਚ ਕੀਕਣ ਆਵਾਂਗੀ? ਓਸਨੇ ਕਹਿਆ ਜਦ ਕਦੀ ਅਕਾਦਸ਼ੀ ਦੇ ਵਰਤ ਦਾ ਫਲ ਤੈਨੂੰ ਕੋਈ ਦੇਵੇ ਗਾ ਤਦਤੂੰ ਸੁਰਗ ਵਿਚਆਵੇਂ ਗੀ,ਉਹ ਬਿਬਾਨਸਮੇਤ ਕਿਸੇ ਨਗ੍ਰ ਵਿਚਡਿਗਪਈ,ਓਥੋਂ ਦੇ ਰਾਜਾ ਨੇ ਓਸਨੂੰ ਪੁਛਿਆ ਕਿ ਤੂੰ ਕਉਂਣ ਹੈਂ?ਤਦਓਸਨੇ ਸਾਰਾ ਬ੍ਰਿਤਾਂਤਆਖ ਸੁਣਾਇਆ ਅਰ ਕਹਿਆਕਿ ਜੋ ਕੋਈ ਮੈਨੂੰ ਇਕਾਦਸੀ ਦਾ ਫਲ ਅਰਪਣ ਕਰੇ ਤਾਂ ਫੇਰ ਬੀ ਸੁਰਗ ਵਿਚ ਜਾ ਸਕਦੀ ਹਾਂ। ਰਾਜਾ ਨੇ ਨਗਰ ਵਿਚ ਖੋਜ ਕਰਾਈ, ਕੋਈ ਬੀ ਇਕਾਦਸੀ ਦਾ ਵਰਤ ਰਖਣ ਵਾਲਾ ਨਾ ਮਿਲਿਆ, ਕਿੰਤੂ ਇਕ ਦਿਨ ਕਿਸੇ, ਸ਼ੂਦਰ ਇਸਤ੍ਰੀ ਅਤੇ ਪੁਰਸ਼ ਵਿਚ ਲੜਾਈ ਹੋਈ ਸੀ ਕ੍ਰੋਧ ਥੀਂ ਇਸਤ੍ਰੀ ਦਿਨ ਰਾਤ ਭੁੱਖੀ ਰਹੀ ਸੀ, ਦੇਵ ਜੋਗ ਕਰਕੇ ਓਸ ਦਿਨ ਇਕਾਦਸ਼ੀ ਹੀ ਸੀ, ਓਸ ਨੇ ਕਹਿਆ ਕਿ ਮੈਨੇ ਇਕਾਦਸ਼ੀ ਜਾਣਕੇ ਤਾਂ ਨਹੀਂ ਕੀਤੀ,ਅਚੱਣ ਚੇਤੇਓਸ ਦਿਨ ਭੁਖੀ ਰਹ ਗਈਸਾਂ,ਇਹ ਗਲ ਰਾਜਾ ਦੇ ਨੌਕਰਾਂ ਨੂੰ ਕਹੀ ਤਦ ਤਾਂਉਹ ਓਸ ਨੂੰ ਰਾਜਾ ਦੇ ਸਾਮਣੇ ਲੈ ਆਏ, ਓਸ ਨੂੰ ਰਾਜਾ ਨੇ ਕਹਿਆ ਕਿ ਤੂੰ ਏਸ ਬਬਾਣ ਨੂੰ ਹਥ ਲਾ, ਓਸਨੇ ਛੋਹਿਆ ਤਾਂ ਉਸੇ ਵੇਲੇ ਬਬਾਂਣ ਉਪਰ ਨੂੰ ਉਡਗਿਆ।ਇਹ ਤਾਂ ਬਿਨਾ ਜਾਣੇ ਇਕਾਦਸ਼ੀ ਦੇ ਵਰਤ ਦਾ ਫਲ ਹੈ ਜੋ ਜਾਂਣ ਕੇ ਕਰੇ ਤਾਂ ਓਸਦੇ ਫਲ ਦਾ ਕੀ ਠਿਕਾਣਾ ਹੈ,ਵਾਹਰੇ ਅੱਖ ਦੇ ਅਨ੍ਹੇ ਲੋਗੋ! ਜੇਇਹ ਗਲ ਸਚੀ ਹੈ ਤਾਂ ਅਸੀ ਇਕ ਪਾਨ ਦਾ ਬੀੜਾ ਜੋ ਕਿ ਸੁਰਗ ਵਿਚ ਨਹੀਂ ਹੁੰਦਾ ਭੇਜਣਾ ਚਾਹਨੇ ਹਾਂ ਸਾਰੇ ਇਕਾਦਸ਼ੀ ਵਾਲੇ ਅਪਣਾ ਅਪਣਾ ਫਲ ਦੇ ਦੇਓ,ਜੋ ਇਕ ਪਾਨ ਦਾ ਬੀੜਾ ਉਪਰ ਨੂੰ ਚਲਿਆ ਜਾਵੇਗਾ ਤਾਂ ਫਿਰ ਲਖਾਂ ਕ੍ਰੋੜਾਂ ਪਾਨ ਓਥੇ ਭੇਜਾਂਗੇ, ਅਰ ਅਸੀ ਬੀ ਇਕਾਦਸ਼ੀ ਕੀਤਾ ਕਰਾਂਗੇ, ਅਰ ਜੋ ਏਸਤਰਾਂ ਨਾ ਹੋਵੇਗਾ ਤਾਂ ਤੁਹਾਨੂੰ ਏਸ ਭੁਖੇਮਰਨਦੀਬਿਪਦਾ ਥੀਂਬਚਾਵਾਂਗੇ।ਇਨ੍ਹਾਂ ਚਹੁੰ ਇਕਾਦਸ਼ੀਆਂ ਦੇ ਨਾਮ ਵਖੋ ਵਖਰੇ ਹਨ,ਕਿਸੇਦਾ ਨਾਮ 'ਧਨਦਾ' ਕਿਸੇ ਦਾ'ਕਾਮ ਦਾ' ਅਰ ਕਿਸੇ ਦਾ 'ਪੁਤ੍ਰ ਦਾ' ਅਰ ਕਿਸੇ ਦਾ 'ਨਿਰਜਲਾ' ਬਹੁਤ ਸਾਰੇ ਗਰੀਬ ਅਰ ਬਹੁਤ ਸਾਰੇ ਕਾਂਮੀ ਅਰ ਬਹੁਤ ਸਾਰੇ ਬੇ ਅਉਲਾਦੇ, ਇਕਾਦਸ਼ੀ ਕਰਦੇ ਬੁਢੇ ਹੋ ਗਏ ਅਰ ਮਰ ਬੀ ਗਏ ਪ੍ਰੰਤੂ ਧਨ ਕਾਮਨਾ ਅਰ ਪੁਤ੍ਰ ਦੀ ਪ੍ਰਾਪਤੀ ਨਾ ਹੋਈ, ਅਰ ਜੇਠ ਮਹੀਨੇ ਦੇ ਸੁਕਲਪੱਖ ਵਿਚ ਕਿ ਜਿਸ ਵੇਲੇ ਇਕ ਘੜੀ ਭਰ ਜਲ ਨਾ ਪੀਵੇ ਤਾਂ ਮਨੁਖ ਬਿਆਕੁਲ ਹੋ ਜਾਂਦਾ ਹੈ, ਵਰਤ ਕਰਨ ਵਾਲਿਆਂ ਨੂੰ ਮਹਾਂ ਦੁਖ ਪ੍ਰਾਪਤ ਹੁੰਦਾਹੈ ਵਸ਼ੇਸ਼ਕਰ ਬੰਗਾਲ ਵਿਚ ਸਭ ਵਿਧਵਾ ਇਸਤ੍ਰੀਆਂ ਦੀ ਇਕਾਦਸ਼ੀ ਦੇ ਦਿਨ ਬੜੀ ਦੁਰਦਸ਼ਾ ਹੁੰਦੀ ਹੈ, ਏਸ ਨਰਦਈ ਕਸਾਈ ਨੂੰ ਲਿਖਣ ਵੇਲੇ ਕੁਝ ਬੀ ਮਨ ਵਿਚ ਦਇਆ ਨਾ ਆਈ, ਨਹੀਂ ਤਾਂ ਨਿਰਜਲਾ ਦਾ ਨਾਮ ਸਜਲਾ,

ਅਰ ਪੋਹ ਮਹੀਨੇ ਦੀ ਸ਼ੁਕਲ ਪਖ ਦੀ ਇਕਾਦਸ਼ੀ ਦਾ ਨਾਮ ਨਿਰਜਲਾ ਰਖ ਦਿੰਦਾ ਤਾਂ ਬੀ ਕੁਝ ਤਾਂ ਚੰਗਾ ਹੁੰਦਾ, ਪ੍ਰੰਤੂ ਏਸ ਪੋਪ ਨੂੰ ਦਇਆ ਨਾਲ ਕੀ ਕੰਮ? 'ਕੋਈ ਜੀਵੇ ਵਾ ਮਰੇ ਪੋਪਜੀਦਾ ਪੇਟ ਪੂਰਾ ਭਰੇ' ਗਰਭਵਤੀ ਵਾ ਨਵੀਂ ਵਿਆਹੀ ਹੋਈ ਇਸਤ੍ਰੀ, ਲੜਕ ਵਾ ਜੁਆਨ ਪੁਰਖਾਂ ਨੂੰ ਤਾਂ ਕਦੀ ਭੁਖਾ ਨਹੀ ਰਹਿਣਾ ਚਾਹੀਦਾ, ਪ੍ਰੰਤੂ ਕਿਸੇ ਨੂੰ ਕਰਨਾ ਬੀ ਹੋਵੇ ਤਾਂ ਜਿਸ ਦਿਨ ਪੇਟ ਵਿਕ ਹੋਵੇ ਭੁਖ ਨਾ ਲਗੇ ਉਸ ਦਿਨ ਸ਼ਰਬਤ ਵਾ ਦੁਧ ਪੀਕੇ ਰਹਨਾ ਚਾਹੀਏ। ਜੋ ਭੁਖ ਵਿਚ ਨਹੀਂ ਖਾਂਦੇ ਅਰ ਬਿਨਾ ਭੁਖਦੇ ਭੋਜਨ ਕਰਦੇ ਹਨ ਉਹ ਦੋਨੋਂ ਰੋਗ ਸਾਗਰ ਵਿਚ ਗੋਤੇ ਖਾਕੇ ਦੁਖ ਪਾਂਦੇ ਹਨ, ਇਨ੍ਹਾਂ ਪ੍ਰਮਾਦੀਆਂ ਦੇ ਕਹਣੇ ਲਿਖਣੇ ਦਾ ਪ੍ਰਮਾਣ ਕੋਈ ਬੀ ਨਾ ਕਰੇ॥

ਹੁਣ ਗੁਰੂ ਚੇਲੇ ਦੇ ਮੰਤ੍ਰ ਉਪਦੇਸ਼ ਅਰ ਮਤ ਮਤਾਤ੍ਰਾਂ ਦੇ ਚਰਿਤ੍ਰਾਂ ਦਾ ਹਾਲ ਲਿਖਨੇ ਹਾਂ, ਮੂਰਤੀਪੂਜਕ ਸੰਪ੍ਰਦਾ ਵਾਲੇ ਲੋਕ ਪ੍ਰਸ਼ਨ ਕਰਦੇ ਹਨ ਕਿ ਵੇਦ ਅਨੰਤ ਹਨ, ਰਿਗਵੇਦ ਦੀਆਂ ਇਕੀ ੨੧, ਯਜੁਰਵੇਦ ਦੀਆਂ ਇਕੋਤ੍ਰਸੌ ੧੦੧, ਸ਼ਾਮਵੇਦ ਦੀਆਂ ਇਕ ਹਜਾਰ ੧੦੦੦, ਅਰ ਅਥਰਬ ਵੇਦ ਦੀਆਂ ਨੌ ੯ ਸ਼ਾਖਾਂ ਹਨ, ਇਨ੍ਹਾਂ ਵਿਚੋਂ ਥੋੜੀਆਂ ਜਹੀਆਂ ਸ਼ਾਖਾਂ ਮਿ-ਲਦੀਆਂ ਹਨ ਬਾਕੀ ਲੋਪ ਹੋ ਗਈਆਂ ਹਨ ਉਨ੍ਹਾਂ ਵਿਚ ਮੂਰਤੀ ਪੂਜਾ ਅਰ ਤੀਰਥਾਂ ਦਾ ਪ੍ਰਮਾਨ ਹੋਵੇ ਗਾ, ਜੇ ਨਾਂ ਹੁੰਦਾ ਤਾਂ ਪੁਰਾਣਾਂ ਵਿਚ ਕਿਥੋਂ ਆਉਂਦਾ? ਜਦ ਕਾਰਜ ਵੇਖਕੇ ਕਾਰਣ ਦਾ ਅਨੁਮਾਨ ਹੁੰਦਾ ਹੈ ਤਦ ਪੁਰਾਣਾਂ ਨੂੰ ਵੇਖਕੇ ਮੂਰਤੀ ਪੂਜਾ ਵਿਚ ਕੀ ਸ਼ੰਕਾ ਹੈ?

( ਉਤ੍ਰ ) ਜਿਸਤਰਾਂ ਟਾਹਣੀਆਂ ਜਿਸ ਦ੍ਰਖਤ ਦੀਆਂ ਹੁੰਦੀਆਂ ਹਨ ਉਸ ਵਰਗੀਆਂ ਹੋਇਆਂ ਕਰਦੀਆਂ ਹਨ ਵਿਰੁਧ ਨਹੀ, ਭਾਵੇਂ ਟਾਹਣੀਆਂ ਛੋਟੀਆਂ ਵਡੀਆਂ ਹੋਨ ਉਨ੍ਹਾਂ ਵਿਚ ਵਰੋਧ ਨਹੀ ਹੋ ਸਕਦਾ, ਉਸੇਤਰਾਂ ਜਿਨੀਆਂ ਸ਼ਾਖਾਂ ਮਿਲਦੀਆਂ ਹਨ ਜਦ ਇਨ੍ਹਾਂ ਵਿਚ ਪਥੱਰ ਆਦੀ ਮੂਰਤੀ ਅਰ ਜਲ, ਥਲ, ਵਸ਼ੇਸ਼ ਤੀਰਥਾਂ ਦਾ ਪ੍ਰਮਾਣ ਨਹੀ ਮਿਲਦਾ ਤਾਂ ਉਨ੍ਹਾਂ ਗੁਆਚੀਆਂ ਹੋਈਆਂ ਸ਼ਾਖਾਂ ਵਿਚ ਬੀ ਨਹੀ ਸੀ, ਅਰ ਚਾਰ ਵੇਦ ਪੂਰੇ ਮਿਲਦੇ ਹਨ ਉਨ੍ਹਾਂ ਤੋਂ ਵਿਰੁਧ ਸ਼ਾਖਾਂ ਕਦੀ ਨਹੀ ਹੋ ਸਕਦੀਆਂ, ਅਰ ਜੋ ਵਿਰੁਧ ਹਨ ਉਨਾਂ ਨੂੰ ਸ਼ਾਖਾਂ ਕੋਈ ਬੀ ਸਿਧ ਨਹੀ ਕਰ ਸਕਦਾ, ਜਦ ਏਹ ਗਲ ਹੈ ਤਦ ਪੁਰਾਣ ਵੇਦਾਂ ਦੀਆਂ ਸ਼ਾਖਾਂ ਨਹੀ ਕਿੰਤੂ ਸੰਪ੍ਰਦਾਈ ਲੋਕਾਂ ਨੇ ਪਰਸਪਰ ਵਿਰੋਧ ਰੂਪੀ ਗ੍ਰੰਥ ਬਣਾ ਰਖੇ ਹਨ, ਵੇਦਾਂ ਨੂੰ ਤੁਸੀ ਪਰਮੇਸ਼੍ਵਰ ਵਲੋਂ ਮਨਦੇ ਓ ਤਾਂ 'ਅਸ਼੍ਵਲਾਇਨ' ਆਦੀ ਰਿਖੀ ਮੁਨੀਆਂ ਦੇ ਨਾਮ ਥੀਂ ਪ੍ਰਸਿਧ ਗ੍ਰੰਥਾਂ ਨੂੰ ਵੇਦ ਕਿਉਂ ਮਨਦੇ ਓ? ਜਿਸਤਰਾਂ ਡਾਲੀ ਅਰ

ਪਤਿਆਂ ਨੂੰ ਵੇਖਣ ਨਾਲ ਪਿਪਲ, ਬੋਹੜ, ਅਰ ਅੰਬ ਆਦੀ ਦ੍ਰਖਤਾਂ ਦੀ ਪਛਾਣ ਹੁੰਦੀ ਹੈ, ਉਸੇਤਰਾਂ ਹੀ ਰਿਖੀ ਮੁਨੀਆਂ ਦੇ ਕੀਤੇ ਵੇਦਾਂਗ ਰਾਰੇ ਬ੍ਰਾਹਮਣ, ਅੰਗ, ਉਪਾਂਗ, ਅਰ ਉਪਵੇਦ ਆਦੀ ਥੀਂ ਵੇਦਾਰਥ ਪਛਾਣਿਆਂ ਜਾਂਦਾ ਹੈ, ਏਸਲਈ ਇਨ੍ਹਾਂ ਗ੍ਰੰਥਾਂ ਨੂੰ ਸ਼ਾਖਾ ਮਨਿਆ ਹੈ, ਜੋ ਵੇਦਾਂ ਥੀਂ ਵਿਰੁਧ ਹੈ ਓਸਦਾ ਪ੍ਰਮਾਣ ਅਰ ਅਨੁਕੂਲ ਦਾ ਅਪ੍ਰਮਾਣ ਨਹੀ ਹੋ ਸਕਦਾ ਜੋ ਤੁਸੀ ਅਦ੍ਰਿਸ਼ਟ ਸ਼ਾਖਾਂ ਵਿਚ ਮੂਰਤੀ ਆਦੀ ਦੇ ਪ੍ਰਮਾਂਣ ਦੀ ਕਲਪ ਨਾ ਕਰੋਗੇ ਤਾਂ ਜਦ ਕੋਈ ਏਸਤਰਾਂ ਦਾ ਪਖ ਕਰੇ ਗਾ ਕਿ ਗੁਵਾਚੀਆਂ ਹੋਈਆਂ ਸ਼ਾਖਾਂ ਵਿਚ ਵਰਨ ਆਸ਼੍ਰਮ ਬਿਵਸਥਾ ਉਲਟੀ ਅਰਥਾਤ ਚੰਡਾਲ ਅਰ ਸ਼ੂਦਰ ਦਾ ਨਾਉਂ ਬ੍ਰਾਹਮਣ ਆਦੀ, ਅਰ ਬ੍ਰਾਹਮਣ ਆਦੀ ਦਾ ਨਾਉਂ ਸ਼ੂਦਰ, ਚੰਡਾਲ ਆਦੀ, ਨਾ ਪ੍ਰਾਪਤ ਕਰਨ ਵਾਲੀ ਚੀਜ ਨੂੰ ਪ੍ਰਾਪਤ ਕਰਨਾ, ਨਾ ਕਰਨੇ ਜੋਗ ਨੂੰ ਕਰਨਾ, ਝੂਠ ਬੋਲਣਾ ਆਦੀ ਧਰਮ, ਸਚ ਬੋਲਣਾ ਆਦੀ ਅਧਰਮ, ਲਿਖਿਆ ਹੋਵੇਗਾ ਤਾਂ ਤੁਸੀਂ ਓਸਨੂੰ ਉਹੋ ਉਤ੍ਰ ਦੇਵੋਗੇ ਜੋ ਅਸਾਂਨੇ ਦਿੱਤਾ ਅਰਥਾਤ ਵੇਦ ਅਰ ਪ੍ਰਸਿਧ ਸ਼ਾਖਾਂਵਿਚ ਜਿਸਤਰਾਂ ਬ੍ਰਾਹਮਣ ਆਦੀਦਾ ਨਾ-ਉਂ ਬ੍ਰਾਹਮਣ ਆਦੀ, ਅਰਸ਼ੂਦਰ ਆਦੀ ਦਾ ਨਾਉਂ ਸ਼ੂਦਰ ਆਦੀ ਲਿਖਿਆ ਹੈ ਉਸੇਤਰਾਂ ਹੀ ਅਦ੍ਰਿਸ਼ਟ ਸ਼ਾਖਾਂ ਵਿਚ ਬੀ ਮਨਣਾ ਚਾਹੀਏ, ਨਹੀਂ ਤਾਂ ਵਰਣ ਆਸ਼੍ਰਮ ਬਿਵਸਥਾ ਆਦੀ ਸਭ ਉਲਟੇ ਹੋ ਜਾਂਨਗੇ। ਭਲਾ ਜੈਮਨੀ, ਵਿਆਸ, ਅਰ ਪਤੰਜਲੀ ਦੇ ਸਮੇਂ ਤਿਕ ਤਾਂ ਉਹ ਸਭ ਸ਼ਾਖਾਂ ਹੈਗੀਆ ਸਨ ਵਾ ਨਹੀਂ? ਜੇਕਰ ਸਨ ਤਾਂ ਤੁਸੀਂ ਕਦੀ ਨਖੇਧ ਨਾ ਕਰ ਸੱਕੋਗੇ, ਅਰ ਜੇ ਆਖੋ ਕਿ ਨਹੀਂ ਸਨ ਤਾਂ ਫੇਰ ਸ਼ਾਖਾਂ ਦੇ ਹੋਣ ਦਾ ਕੀ ਪ੍ਰਮਾਂਣ ਹੈ? ਵੇਖੋ ਜੈਮਨੀ ਨੇ 'ਮੀਮਾਂਸਾ' ਵਿਚ ਸਭ ਕਰਮ ਕਾਂਡ, ਪਤੰਜਲ ਮੁਨੀ ਨੇ ਜੋਗ ਸ਼ਾਸਤ੍ਰ ਵਿਚ ਸਭ ਉਪਾਸਨਾ ਕਾਂਡ, ਅਰ ਵਿਆਸ ਮੁਨੀ ਨੇ ਸ਼ਾਰੀਰਕ ਸੂਤ੍ਰਾਂ ਵਿਚ ਸਭ ਗਿਆਂਨ ਕਾਂਡ, ਵੇਦ ਦੇ ਅਨੁਕੂਲ ਲਿਖਿਆ ਹੈ ਉਨ੍ਹਾਂ ਵਿਚ ਪਖਾਂਣ ਆਦੀ ਮੂਰਤੀ ਪੂਜਾ ਵਾ ਪ੍ਰਯਾਗ ਆਦੀ ਤੀਰਥਾਂ ਦਾ ਨਾਉਂ ਤਿਕ ਬੀ ਨਹੀ ਲਿਖਿਆ ਲਿਖਣ ਕਿਥੋਂ ਥੀਂ? ਜੇ ਕਿਧੇ ਵੇਦਾਂ ਵਿਚ ਹੁੰਦੇ ਤਾਂ ਲਿਖੇ ਬਿਨਾ ਕਦੀ ਨਾ ਛਡਦੇ, ਏਸ ਲਈ ਗੁਵਾਚੀਆਂ ਹੋਈਆਂ ਸ਼ਾਖਾਂ ਵਿਚ ਬੀ ਏਸ ਮੂਰਤੀ ਪੂਜਾ ਆਦੀ ਦਾ ਪ੍ਰਮਾਣ ਨਹੀਂ ਸੀ। ਇਹ ਸਭ ਸ਼ਾਖਾਂ ਵੇਦ ਨਹੀਂ ਹਨ, ਕਿਉਂਕਿ ਇਨ੍ਹਾਂ ਵਿਚ ਈਸ਼੍ਵਰ ਕ੍ਰਿਤ ਵੇਦਾਂ ਦੀ ਪ੍ਰਤੀਕ ਧਰਕੇ ਵਿਆਖਿਆ ਅਰ ਸੈਂਸਾਰੀ ਜਨਾ ਦੇ ਇਤਹਾਸ ਆਦੀ ਲਿਖੇ ਹਨ, ਏਸ ਲਈ ਵੇਦ ਵਿਚ ਕਦੀ ਨਹੀਂ ਹੋ ਸਕਦੇ ਵੇਦਾਂ ਵਿਚ ਤਾਂ ਨਿਰਾ ਮਨੁੱਖਾਂ ਨੂੰ ਵਿਦਿਆ ਦਾ ਉਪਦੇਸ਼ ਕੀਤਾ ਹੈ ਕਿਸੇ ਮਨੁਖ ਦਾ ਨਾਮ ਮਾਤ੍ਰ ਬੀ ਨਹੀਂ ਏਸ ਲਈ ਮੂਰਤੀ ਪੂਜਾ ਦਾ ਸਰਬਥਾ ਖੰਡਨ ਹੈ॥

ਵੇਖੋ ਮੂਰਤੀ ਪੂਜਾ ਕਰਕੇ ਸ੍ਰੀ ਰਾਮਚੰਦ੍ਰ, ਸ੍ਰੀ ਕ੍ਰਿਸ਼ਨ, ਨਾਰਾਇਣ,

ਅਰ ਸ਼ਿਵ ਆਦੀ ਦੀ ਬਹੁਤ ਨਿੰਦਿਆ ਅਰ ਉਨ੍ਹਾਂ ਦਾ ਮਖੌਲ ਹੁੰਦਾ ਹੈ ਸਭ ਕੋਈ ਜਾਣਦੇ ਹਨ ਕਿ ਓਹ ਵਡੇ ਮਹਾਰਾਜਾ ਅਧੀਰਾਜ, ਅਰ ਉਨ੍ਹਾਂ ਦੀਆਂ ਇਸਤ੍ਰੀਆਂ ਸੀਤਾ, ਰੁਕਮਣੀ, ਲਖਮੀ ਅਰ ਪਾਰਬਤੀ ਆਦੀ ਮਹਾਂ ਰਾਣੀਆਂ ਸਨ, ਪ੍ਰੰਤੂ ਜਦ ਉਨ੍ਹਾਂ ਦੀਆਂ ਮੂਰਤੀਆਂ ਮੰਦ੍ਰ ਆਦੀ ਵਿਚ ਰਖਕੇ ਪੁਜਾਰੀ ਲੋਕ ਉਨ੍ਹਾਂ ਦੇ ਨਾਉਂ ਲੈਕੇ ਭਿਖਿਆ ਮੰਗਦੇ ਹਨ ਅਰਥਾਤ ਉਨ੍ਹਾਂ ਨੂੰ ਭਿਖ ਮੰਗੇ ਬਣਾਂਦੇ ਹਨ ਕਿ ਆਓ! ਮਹਾਰਾਜਾ ਜੀ, ਸੇਠ ਸ਼ਾਹੂਕਾਰੋ! ਦਰਸਨ ਕਰੋ, ਬੈਠੋ ਚਰਣਾਮ੍ਰਿਤ ਲਵੋ, ਕੁਝ ਭੇਟ ਚੜ੍ਹਾਓ, ਸੀਤਾ, ਰਾਮ, ਕ੍ਰਿਸ਼ਨ, ਰੁਕਮਣੀ, ਵਾ ਰਾਧਾ, ਕ੍ਰਿਸ਼ਨ, ਲਖਮੀ, ਨਾਰਾਇਣ, ਅਰ ਮਹਾਂਦੇਵ, ਪਾਰਬਤੀ ਜੀ ਨੂੰ ਤਿੱਨਾ ਦਿਨਾਂ ਥੀਂ ਬਾਲ ਭੋਗ ਵਾ ਰਾਜ ਭੋਗ ਅਰਥਾਤ ਜਲ ਪਾਨ ਵਾ ਖਾਂਣ ਪੀਣ ਬੀ ਨਹੀਂ ਮਿਲਿਆ ਹੈ, ਅਜ ਇਨ੍ਹਾਂ ਦੇ ਪਾਸ ਕੁਝ ਬੀ ਨਹੀਂ ਹੈ, ਸੀਤਾ ਆਦੀ ਨੂੰ ਨਥ ਆਦੀ, ਰਾਣੀ ਜੀ ਵਾ ਸਿਠਾਣੀ ਜੀ ਬਣਵਾ ਦੇਵੋ, ਅੰਨ ਆਦੀ ਭੇਜੋ ਤਾਂ ਰਾਮ ਕ੍ਰਿਸ਼ਨ ਆਦੀ ਨੂੰ ਭੋਗ ਲਗਾ-ਈਏ, ਵਸਤ੍ਰ ਸਾਰੇ ਪਾਟ ਗਏ ਹਨ, ਮੰਦਰ ਦੀਆਂ ਨੁਕਰਾਂ ਸਾਰੀਆਂ ਡਿਗ ਪਈਆਂ ਹਨ, ਉਪਰੋਂ ਚੋਂਦਾ ਹੈ, ਅਰ ਦੁਸ਼ਟ ਚੋਰ ਜੋ ਕੁਝ ਸੀ ਓਸ ਨੂੰ ਉਠਾਕੇ ਲੈਗਏ, ਕੁਝ ਚੂਹਿਆਂ ਨੈ ਕਪ ਸਟੇ ਹਨ, ਵੇਖੋ ਇਕ ਦਿਨ ਚੂਹਿਆਂ ਨੈ ਅਜੇਹਾ ਅਨਰਥ ਕੀਤਾ ਕਿ ਇਨ੍ਹਾਂ ਦੀ ਅੱਖਾਂ ਬੀ ਕਢਕੇ ਲੈ ਨੱਠੇ। ਹੁਣ ਅਸਾਂ ਨੈ ਚਾਂਦੀ ਦੀਆਂ ਅੱਖਾਂ ਨਹੀਂ ਬਣਵਾਈਆ ਏਸ ਲਈ ਕਉਡੀਆਂ ਦੀ-ਆਂ ਲਾਦਿੱਤੀਆਂ ਹਨ, ਰਾਮਲੀਲਾ ਅਰ ਰਾਸਮੰਡਲ ਬੀ ਕਰਵਾਂਨੇ ਹਾਂ, ਸੀਤਾ, ਰਾਮ, ਰਾਧਾ, ਕ੍ਰਿਸ਼ਨ, ਨਚ ਰਹੇ ਹਨ, ਰਾਜਾ, ਅਰ ਮਹੰਤ ਆਦੀ ਉਨ੍ਹਾਂ ਦੇ ਸੇਵਕ ਅਨੰਦ ਵਿਚ ਬੈਠੇ ਹਨ, ਮੰਦਰ ਵਿਚ ਸੀਤਾਰਾਮ ਆਦੀ ਖਲੋਤੇ ਅਰ ਪੁਜਾਰੀ ਵਾ ਮਹੰਤ ਜੀ ਆਸਨ ਅਥਵਾ ਗੱਦੀ ਉੱਤੇ ਡਕੀਏ ਲਾਕੇ ਬੈਠਦੇ ਹਨ, ਗਰਮੀ ਦੀ ਰੁਤ ਵਿਚ ਬੀ ਤਾਲਾ ਲਾਕੇ ਅੰਦਰ ਬੰਦ ਕਰ ਦਿੰਦੇ ਹਨ, ਅਰ ਆਪ ਠੰਡੀ ਹਵਾ ਵਿਚ ਪਲੰਘ ਵਿਛਾਕੇ ਸੌਂਦੇ ਹਨ, ਬਹੁਤ ਸਾਰੇ ਪੁਜਾਰੀ ਅਪਣੇ ਨਾਰਾਇਣ ਨੂੰ ਡਬੀ ਵਿਚ ਪਾਕੇ ਉਪੱਰ ਥੀਂ ਕ-ਪੜੇ ਆਦੀ ਬਨ੍ਹ ਗਲੇ ਵਿਚ ਲਮਕਾ ਲੈਂਦੇ ਹਨ, ਜਿਸਤਰਾਂ ਕਿ ਬਾਂਦਰੀ ਆਪਣੇ ਬਚੇ ਗਲੇ ਵਿਚ ਲਮਕਾ ਲੈਂਦੀ ਹੈ ਉਸੇ ਤਰਾਂ ਪੁਜਾਰੀਆਂ ਦੇ ਗਲੇ ਵਿਚ ਬੀ ਲਮਕਾਂਦੇ ਹਨ, ਜਦ ਕੋਈ ਮੂਰਤੀ ਨੂੰ ਤੋੜਦਾ ਹੈ ਤਦ ਹਾਇ ਹਾਇ ਕਰ ਛਾਤੀ ਪਿਟ ਬਕਦੇ ਹਨ ਕਿ ਸੀਤਾ ਰਾਮਜੀ, ਰਾਧਾ ਕ੍ਰਿਸ਼ਨ ਜੀ, ਅਰ ਸ਼ਿਵ ਪਾਰਬਤੀ ਜੀ, ਨੂੰ ਦੁਸ਼ਟਾਂ ਨੈ ਤੋੜ ਸੁਟਿਆ! ਹੁਣ ਦੂਜੀ ਮੂਰਤੀ ਮੰਗਵਾਕੇ ਜੋਕਿ ਚੰਗੇ ਕਾਰੀਗਰ ਨੈ ਸੰਗ ਮਰਮਰ ਦੀ ਬਣਾਈ ਹੋਵੇ ਰਖਕੇ ਪੂਜਨੀ ਚਾਹੀਏ, ਨਾਰਾਇਣ ਨੂੰ ਘਿਉ ਦੇ ਬਿਨਾਂ ਭੋਗ ਨਹੀਂ ਲਗਦਾ, ਬਹੁਤ ਨਹੀਂ ਤਾਂ ਥੋੜਾ ਜੇਹਾ ਜਰੂਰ ਭੇਜ ਦੇਣਾ ਇਹੋ ਜਹੀਆਂ ਗਲੋਂ ਇਨ੍ਹਾਂ

ਦੀਆਂ ਬਣਾਂਦੇ ਹਨ । ਅਰ ਰਾਸਮੰਡਲ ਵਾ ਰਾਮ ਲੀਲ੍ਹਾ ਦੇ ਅੰਤ ਵਿਚ ਸੀਤਾ ਰਾਮ, ਵਾ ਰਾਧਾ ਕ੍ਰਿਸ਼ਨ ਤੋਂ ਭਿਖਿਆ ਮੰਗਵਾਂਦੇ ਹਨ, ਜਿਥੇ ਮੇਲਾ ਖੇਲਾ ਹੁੰਦਾ ਹੈ ਓਥੇ ਮੁੰਡੇ ਦੇ ਸਿਰ ਉਤੇ ਮੁਕਟ ਧਰਕੇ, ਕਨਹੱਯਾ ਬਣਾਕੇ ਰਸਤੇ ਵਿਚ ਬਿਠਾਕੇ ਭਿਖਿਆ ਮੰਗਵਾਂਦੇ ਹਨ, ਇਤਆਦੀ ਗੱਲਾਂ ਨੂੰ ਤੁਸੀ ਲੋਕ ਵਿਚਾਰ ਲਵੋ ਕਿ ਕਿਨੇ ਵਡੇ ਸ਼ੋਕ ਦੀ ਗਲ ਹੈ, ਭਲਾ ਦਸੋ ਤਾਂ ਕਿ ਸੀਤਾ ਰਾਮ ਆਦੀ ਅਜਹੇ ਗਰੀਬ ਅਰ ਭਿਖਿਆਰੀ ਸਨ ਇਹ ਉਨ੍ਹਾਂ ਦਾ ਮਖੌਲ ਅਰ ਨਿੰਦਿਆ ਨਹੀਂ ਤਾਂ ਕੀ ਹੈ ? ਏਸ ਥੀਂ ਬਹੁਤ ਅਪਣੇ ਮਾਨੀ ਪੁਰਸ਼ਾਂ ਦੀ ਨਿੰਦਿਆ ਹੁੰਦੀ ਹੈ ਭਲਾ ਜਿਸ ਵੇਲੇ ਇਹ ਜੀਂਉਦੇ ਸਨ ਉਸ ਵੇਲੇ ਸੀਤਾ, ਰੁਕਮਣੀ, ਲਖਮੀ ਅਰ ਪਾਰਬਤੀ ਨੂੰ ਸੜਕ ਉਤੇ ਵਾ ਕਿਸੇ ਮਕਾਨ ਵਿਚ ਖਲਵਾਕੇ ਪੁਜਾਰੀ ਕਹਿੰਦੇ ਕਿ ਆਓ ਇਨ੍ਹਾਂ ਦਾ ਦਰਸ਼ਨ ਕਰੋ ਅਰ ਕੁਝ ਭੇਟ ਪੂਜਾ ਧਰੋ ਤਾਂ ਸੀਤਾ ਰਾਮ ਆਦੀ ਇਨ੍ਹਾਂ ਮੂਰਖਾਂ ਦੇ ਕਹਣ ਕਰਕੇ ਅਜੇਹਾ ਕੰਮ ਕਦੀ ਨਾ ਕਰਦੇ, ਅਰ ਨਾ ਕਰਨ ਦਿੰਦੇ, ਜੋ ਕੋਈ ਅਜੇਹਾ ਮਖੌਲ ਉਨ੍ਹਾਂ ਦਾ ਕਰਦਾ ਓਸਨੂੰ ਬਿਨਾਂ ਦੰਡ ਦਿਤੇ ਕਦੀ ਨਾ ਛਡਦੇ, ਹਾਂ ਜਦ ਉਨ੍ਹਾਂ ਤੋਂ ਦੰਡ ਨਾ ਪਾਇਆ ਤਾਂ ਇਨ੍ਹਾਂ ਦੇ ਕਰਮਾਂ ਨੇ ਪੁਜਾਰੀਆਂ ਨੂੰ ਬਹੁਤ ਸਾਰੇ ਮੂਰਤੀ ਦੇ ਵਿਰੋਧੀਆਂ ਥੀਂ ਪ੍ਰਸਾਦੀ ਦੁਆ ਦਿੱਤੀ ਅਰ ਹੁਣ ਬੀ ਮਿਲਦੀ ਹੈ, ਅਰ ਜਦ ਤੀਕਣ ਏਸ ਕੁਕਰਮ ਨੂੰ ਨਾ ਛਡਨਗੇ ਤਦ ਤੀਕਣ ਮਿਲੇਗੀ ਏਸ ਵਿਚ ਕੀ ਸੰਦੇਹ ਹੈ ਕਿ ਜੋ ਆਰਯਾਵਰਤ ਦੀ ਪ੍ਰਤੀ ਦਿਨ ਮਹਾਂ ਹਾਨੀ ਪਖਾਣ ਆਦੀ ਮੂਰਤੀ ਪੂਜਕਾਂ ਦਾ ਪ੍ਰਾਜੈ ਇਨ੍ਹਾਂ ਕਰਮਾਂ ਕਰਕੇ ਹੁੰਦਾ ਹੈ, ਕਿਉਂਕਿ ਪਾਪ ਦਾ ਫਲ ਦੁਖ ਹੈ, ਇਨ੍ਹਾਂ ਹੀ ਪਖਾਣ ਆਦੀ ਮੂਰਤੀਆਂ ਦੇ ਵਿਸ਼੍ਵਾਸ ਥੀਂ ਬਹੁਤਸਾਰੀ ਹਾਨੀ ਹੋਗਈ, ਜੇ ਨਾ ਛਡੱਨਗੇ ਤਾਂ ਪ੍ਰਤੀ ਦਿਨ ਵਧੀਕ ਵਧੀਕ ਹੁੰਦੀ ਜਾਵੇਗੀ ।

ਇਨ੍ਹਾਂ ਵਿਚੋਂ ਵਾਮਮਾਰਗੀ ਵਡੇ ਅਪ੍ਰਾਧੀ ਹਨ, ਜਦ ਓਹ ਚੇਲਾ ਕਰਦੇ ਹਨ ਤਦ ਸਧਾਰਣ ਨੂੰਃ—

ਦੰ ਦੁਰਗਾਯੈ ਨਮਃ ਮੰ ਭੈਰਵਾਯ ਨਮਃ । ਐਂ ਹ੍ਰੀਂ ਕ੍ਲੀਂ ਚਾਮੁੰਡਾਯੈ ਵਿਚੇ ।

ਇਤ ਆਦੀ ਮੰਤ੍ਰਾਂ ਦਾ ਉਪਦੇਸ਼ ਕਰਦੇ ਹਨ, ਅਰ ਬੰਗਾਲ ਵਿਚ ਸ਼ੇਸ਼ ਕਰਕੇ ਇਕ ਅਖਰੀ ਮੰਤ੍ਰ ਉਪਦੇਸ਼ ਕਰਦੇ ਹਨ ਜਿਸਤਰਾਂਃ—

ਹ੍ਰੀਂ, ਸ਼੍ਰੀਂ, ਕ੍ਲੀਂ ॥ ਸ਼ਾਵਰਤੰ० ਵੰ० ਪ੍ਰਕੀ० ਸ੍ਰ० ੪੪ ॥

ਇਤ ਆਦੀ ਅਰ ਧਨਵਾਂਨ ਪੁਰਖਾਂ ਨੂੰ ਪੂਰਣ ਅਭਿਖੇਕ ਕਰਦੇ ਹਨ ਇਸੇ ਤਰਾਂ ਦਸ ਮਹਾਂ ਵਿਦਿਆਂ ਦੇ ਮੰਤ੍ਰਃ—

ह्रां ह्रीं ह्रूं बगलामुख्यै फट् स्वाहा ॥ या० प्रको० प्र० ४१ ॥

ਕਿਤੇ ਕਿਤੇ

ह्रूं फट् स्वाहा ॥ कामरत्न तंत्र बीज मंत्र ४ ॥

ਅਰ ਮਾਰਣ, ਮੋਹਣ, ਉਚਾਟਨ, ਦੁਏਸ਼ਪਨਾ, ਬਸੀਕਰਣ ਆਦੀ ਪ੍ਰਯੋਗ ਕਰਦੇ ਹਨ, ਸੋ ਮੰਤ੍ਰ ਨਾਲ ਤਾਂ ਕੁਝ ਬੀ ਨਹੀਂ ਹੁੰਦਾ ਕਿੰਤੂ ਕ੍ਰਿਆ ਨਾਲ ਸਭ ਕੁਝ ਕਰਦੇ ਹਨ, ਜਦ ਕਿਸੇ ਨੂੰ ਮਾਰਣ ਦਾ ਪ੍ਰਯੋਗ ਕਰਦੇ ਹਨ ਤਦ ਏਧਰੋਂ ਕਰਾਣ ਵਾਲੇ ਕੋਲੋਂ ਧਨ ਲੈਕੇ ਆਟੇ ਵਾ ਮਿੱਟੀ ਦਾ ਪੁਤਲਾ ਜਿਸਨੂੰ ਮਾਰਨਾ ਚਾਹੁੰਦੇ ਹਨ ਉਸਦਾ ਬਣਾ ਲੈਂਦੇ ਹਨ, ਉਸਦੀ ਛਾਤੀ ਧੁੱਨੀ, ਗਲੇ ਵਿਚ ਛੁਰੇ ਪਰੋ ਦਿੰਦੇ ਹਨ, ਅੱਖ, ਹਥ, ਪੈਰ ਵਿਚ ਕਿੱਲ ਠੋਕਦੇ ਹਨ, ਉਸਦੇ ਉਪਰ ਭੈਰੋਂ ਵਾ ਦੁਰਗਾ ਦੀ ਮੂਰਤੀ ਬਣਾਕੇ ਹਥ ਵਿਚ ਤ੍ਰਿਸੂਲ ਦੇਕੇ ਉਸਦੇ ਹਿਰਦੇ ਉਪਰ ਲਗਾਂਦੇ ਹਨ, ਇਕ ਵੇਦੀ ਬਣਾਕੇ ਮਾਸ ਆਦੀ ਦਾ ਹੋਮ ਕਰਨ ਲਗਦੇ ਹਨ, ਅਰ ਉਧਰ ਦੂਤ ਆਦੀ ਭੇਜਕੇ ਉਸਨੂੰ ਜ਼ੈਹਰ ਆਦੀ ਨਾਲ ਮਾਰਣ ਦਾ ਉਪਾ ਕਰਦੇ ਹਨ, ਜੇਕਰ ਆਪਣੇ ਪੁਰਸ਼ ਚਰਣ ਵਿਚ ਉਸਨੂੰ ਮਾਰ ਸੁਟਿਆ ਤਾਂ ਅਪਣੇ ਨੂੰ ਭੈਰਵ, ਦੇਵੀ ਦਾ ਸਿਧ ਦਸਦੇ ਹਨ।

"भैरवो भूतनाथश्च"

ਇਤਆਦੀ ਦਾ ਪਾਠ ਕਰਦੇ ਹਨ ॥

मारय २, उच्चाटय २, विद्वेषय २, छिन्धि २, भिन्धि २, वशी-

करय २, खादय २, भक्षय २, त्रोटय २, नाशय २, मम शत्रून् वशी-

करु २, हुं फट् स्वाहा ॥ कामरत्नतन्त्र उच्चाटन प्रकरण मं० ५ – ७ ॥

ਇਤ੍ਯਾਦੀ ਮੰਤ੍ਰ ਜਪਦੇ, ਸ਼ਿਰਾਬ, ਮਾਸ ਆਦੀ ਜੀਕਣ ਮਰਜ਼ੀ ਖਾਂਦੇ ਪੀਂਦੇ, ਭ੍ਰਵਟਿਆਂ ਦੇ ਵਿਚਕਾਰ ਵਿਚ ਸਧੂਰ ਦੀ ਰੇਖਾ ਦਿੰਦੇ, ਕਦੀ ਕਦੀ ਕਾਲੀ ਆਦੀ ਦੇ ਵਾਸਤੇ ਕਿਸੇ ਆਦਮੀ ਨੂੰ ਪਕੜ ਮਾਰ ਹੋਮ ਕਰਕੇ ਕੁਝ ਉਸਦਾ ਮਾਸ ਖਾਂਦੇ ਬੀ ਹਨ, ਜੇਹੜਾ ਕੋਈ ਭੈਰਵੀ ਚਕ੍ਰ ਵਿਚ ਜਾਵੇ ਸ਼ਿਰਾਬ ਮਾਸ, ਨਾ ਪੀਵੇ ਨਾ ਖਾਵੇ ਤਾਂ ਉਸ ਨੂੰ ਮਾਰ ਹੋਮ ਕਰ ਦਿੰਦੇ ਹਨ, ਉਨ੍ਹਾਂ ਵਿਚੋਂ ਸੋ ਅਘੋਰੀ ਹੁੰਦਾ ਹੈ ਉਹ ਮੁਏ ਹੋਏ ਮਨੁਖ ਦਾ ਬੀ ਮਾਸ ਖਾਂਦਾ ਹੈ, ਅਜਰੀ, ਬਜਰੀ, ਕਰਨ ਵਾਲੇ ਪਖਾਨਾ, ਮੂਤ੍ਰ ਬੀ ਖਾਂਦੇ ਪੀਂਦੇ ਹਨ।

ਇਕ ਚੋਲੀ ਮਾਰਗੀ, ਅਰ ਦੂਜੇ ਬੀਜ ਮਾਰਗੀ ਬੀ ਹੁੰਦੇ ਹਨ, ਚੋਲੀ ਮਾਰਗ ਵਾਲੇ ਇਕ ਗੁਪਤ ਇਸਥਾਂਨ ਵਾ ਜਮੀਂਨ ਵਿਚ ਇਕ ਜਗਹਿ ਬਣਾਂਦੇ ਹਨ ਓਥੇ ਸਾਰਿਆਂ ਦੀਆਂ ਇਸਤ੍ਰੀਆਂ, ਪੁਰਖ ਮੁੰਡੇ, ਕੁੜੀ, ਭੈਣ, ਮਾਂ, ਨੂੰ-ਹ, ਆਦੀ ਸਾਰੇ ਅਕੱਠੇ ਹੋਕੇ ਸਾਰੇ ਲੋਕ ਮਿਲ ਮਿਲਾਕੇ ਮਾਸ ਖਾਂਦੇ, ਸ਼ਿਰਾਬ ਪੀਂਦੇ, ਇਕ ਇਸਤ੍ਰੀ ਨੂੰ ਨੰਗਿਆਂ ਕਰ ਓਸਦੀ ਗੁਪਤ ਇੰਦ੍ਰੀ ਦੀ ਪੂਜਾ ਸਾਰੇ ਪੁਰਖ ਕਰਦੇ ਹਨ ਅਰ ਓਸਦਾ ਨਾਮ ਦੁਰਗਾ ਦੇਵੀ ਰਖਦੇ ਹਨ, ਇਕ ਪੁਰਖ ਨੂੰ ਨੰਗਿਆਂ ਕਰ ਓਸਦੀ ਗੁਪਤ ਇੰਦ੍ਰੀ ਦੀ ਪੂਜਾ ਸਾਰੀਆਂ ਇ-ਸਤ੍ਰੀਆਂ ਕਰਦੀਆਂ ਹਨ, ਜਦ ਸ਼ਿਰਾਬ ਪੀਪੀ ਕੇ ਮਸਤ ਹੋ ਜਾਂਦੇ ਹਨ ਤਦ ਸਾਰੀਆਂ ਇਸਤ੍ਰੀਆਂ ਦੇ ਛਾਤੀ ਦੇ ਕਪੜੇ, ਜਿਸਨੂੰ ਚੋਲੀ ਕਹਿੰਦੇ ਹਨ ਇਕ ਵਡੀ ਮਿੱਟੀ ਦੀ ਪਰਾਤ ਵਿਚ ਸਾਰੇ ਕਪੜੇ ਮਿਲਾ ਕੇ ਰਖਕੇ ਇਕ ਇਕ ਪੁਰਖ ਓਸ ਵਿਚ ਹਥ ਪਾਕੇ ਜਿਸਦੇ ਹਥ ਵਿਚ ਜਿਸਦਾ ਕਪੜਾ ਆਵੇ ਓਹ ਮਾਂ ਭੈਣ, ਕੰਨਿਆਂ, ਅਰ ਨੂੰਹ, ਕਿਉਂ ਨਾ ਹੋਵੇ ਓਸ ਸਮੇ ਦੇ ਵਾਸਤੇ ਓਸ ਦੀ ਇਸਤ੍ਰੀ ਹੋ ਜਾਂਦੀ ਹੈ, ਆਪਸ ਵਿਚ ਕੁਕਰਮ ਕਰਨੇ ਅਰ, ਬਹੁਤ ਨਸ਼ਾ ਚੜ੍ਹਨ ਨਾਲ ਜੁੱਤੀ ਆਦੀ ਨਾਲ ਲੜਦੇ ਭਿੜਦੇ ਹਨ, ਜਦ ਪ੍ਰਾਤਾਕਾਲ ਮੂੰਹ ਹਨੇਰੇ ਅਪਣੇ ਅਪਣੇ ਘਰ ਨੂੰ ਚਲੇ ਜਾਂਦੇ ਹਨ ਤਦ ਮਾਂ, ਮਾਂ, ਕੰਨਿਆਂ ਕੰਨਿਆਂ ਭੈਣ, ਭੈਣ, ਅਰ ਨੂੰਹ ਨੂੰਹ ਹੋ ਜਾਂਦੀ ਹੈ। ਅਰ ਬੀਜ ਮਾਰਗੀ ਇਸਤ੍ਰੀ ਪੁਰਖ ਦੇ ਸੰਗ ਕਰਕੇ ਪਾਣੀ ਵਿਚ ਬੀਰਜ ਸੁਟਕੇ ਮਿਲਾ ਕੇ ਪੀਂਦੇ ਹਨ, ਏਹ ਪਾਂਬਰ ਅਜੇਹੇ ਕਰਮਾਂ ਨੂੰ ਮੁਕਤੀ ਦੇ ਉਪਾ • ਮਨਦੇ ਹਨ, ਵਿਦਿਆ, ਵਿਚਾਰ, ਸਜਨਤਾ ਆਦੀ ਥੀਂ ਰਹਿਤ ਹੁੰਦੇ ਹਨ।

(ਪ੍ਰਸ਼ਨ) ਸ਼ੈਵਮਤ ਵਾਲੇ ਤਾਂ ਅੱਛੇ ਹੁੰਦੇ ਹਨ?

(ਉਤ੍ਰ) ਅੱਛੇ ਕਿਥੋਂ ਹੁੰਦੇ ਹਨ। ਜੇਹਾ ਪ੍ਰੇਤ ਨਾਥ, ਤੇਹਾ ਭੂਤ ਨਾਥ, ਜਿਸਤਰਾਂ ਵਾਂਮ ਮਾਰਗੀ ਮੰਤ੍ਰ ਉਪਦੇਸ਼ ਆਦੀ ਨਾਲ ਉਨ੍ਹਾਂ ਦਾ ਧੰਨ ਲੁਟਦੇ ਹਨ ਉਸੇਤਰਾਂ ਸ਼ੈਵ ਬੀ

'ਓਂ ਨਮਃ ਸ਼ਿਵਾਯ'

ਇਤ੍ਯਾਦੀ ਪੰਜ ਅਖਰਾਂ ਦੇ ਮੰਤ੍ਰਾਂ ਦਾ ਉਪਦੇਸ਼ ਕਰਦੇ ਰੁਦ੍ਰਾਖ, ਭਸਮ, ਲਗਾਂਦੇ, ਮਿੱਟੀ ਦੇ ਅਰ ਪਖਾਣ ਆਦੀ ਦੇ ਲਿੰਗ ਬਣਾਕੇ ਪੂਜਦੇ ਹਨ, ਅਰ ਹਰ ਹਰ, ਬੰ, ਬੰ ਅਰ ਬਕਰੇ ਦੇ ਸ਼ਬਦ ਦੇ ਵਾਂਙਨ ਬੜ, ਬੜ, ਬੜ, ਮੁਖ ਥੀਂ ਸ਼ਬਦ ਕਰਦੇ ਹਨ, ਓਸਦਾ ਕਾਰਣ ਇਹ ਕਹੀਦੇ ਹਨ ਕਿ ਤੌੜੀ, ਵਜਾਣੇ ਅਰ ਬਮ, ਬਮ ਸ਼ਬਦ ਬੋਲਣ ਥੀਂ ਪਾਰਬਤੀ ਪ੍ਰਸੰਨ, ਅਰ ਮਹਾਂਦੇਵ ਅਪ੍ਰਸੰਨ ਹੁੰਦਾ ਹੈ, ਕਿਉਂਕਿ ਜਦ ਭਸਮਾਸੁਰ ਦੇ ਅੱਗੋਂ ਮਹਾਂਦੇਵ ਨਠੇ ਸਨ ਤਦ ਬਮ, ਬਮ, ਅਰ ਠਠੇ ਦੀ ਤਉੜੀਆਂ ਵਜੀਆਂ ਸਨ ਅਰ ਗਲ੍ਹ ਵਜਾਣ

ਬੀਂ ਪਾਰਬਤੀ ਅਪ੍ਰਸੰਨ, ਅਰ ਮਹਾਂਦੇਵ ਪ੍ਰਸੰਨ, ਹੁੰਦੇ ਹਨ,ਕਿਉਂਕਿ ਪਾਰਬਤੀ ਦੇ ਪਿਉ ਦਖ ਪ੍ਰਜਾਪਤੀ ਦਾ ਸਿਰ ਕਟਕੇ ਅਗ ਵਿਚ ਪਾਕ ਓਸਦੇ ਧੜ ਉੱਤੇ ਬਕਰੇ ਦਾ ਸਿਰ ਲਗਾ ਦਿੱਤਾ ਸੀ,ਓਸੇ ਨਕਲ ਨੂੰ ਬਕਰੇ ਦੇ ਸ਼ਬਦ ਦੇ ਤੁਲ ਗਲ੍ਹ ਬਜਾਣਾ ਮਨਦੇ ਹਨ, ਸ਼ਿਵਰਾਤ੍ਰੀ ਪ੍ਰਦੋਸ਼ ਦਾ ਬ੍ਰਤ ਕਰਦੇ ਹਨ, ਇਤਆਦੀ ਗੱਲਾਂ ਥੀਂ ਮੁਕਤੀ ਮਨਦੇ ਹਨ, ਏਸਲਈ ਜੀਕਣ ਵਾਮਮਾਰਗੀ ਭੁਲੇਖੇ ਵਿਚ ਹਨ ਉਸੇ ਤਰਾਂ ਸ਼ੈਵ ਮਤ ਵਾਲੇ ਬੀ ਹਨ, ਇਨ੍ਹਾਂ ਵਿਚ ਵਸ਼ੇਸ਼ ਕਰਕੇ ਕੰਨਫੱਟੇ ਨਾਥ ਗਿਰੀ, ਪੁਰੀ, ਬਨ, ਆਰਨੱਜ, ਪਰਬਤ, ਅਰ ਸਾਗਰ ਤਥਾ ਗ੍ਰਹਸਥ ਬੀ ਸ਼ੈਵਮਤ ਹੁੰਦੇ ਹਨ, ਕੋਈ ਕੋਈ ਦੁਹਾਂ ਘੋੜਿਆਂ ਉੱਤੇ ਚੜ੍ਹਦੇ ਹਨ ਅਰਥਾਤ ਵਾਮ, ਅਰ ਸ਼ੈਵ, ਦੋਹਾਂ ਮੱਤਾਂ ਨੂੰ ਮਨਦੇ ਹਨ, ਅਰ ਕਿੱਨੇ ਵੈਸ਼ਨੂੰ ਬੀ ਰਹਿੰਦੇ ਹਨ ਉਨ੍ਹਾਂ ਦਾ–

अन्तःशाक्ता बहिश्शैवाः सभामध्ये च वैष्णवाः ।

नानारूपधराः कौला विचरन्ति महीतले ॥

ਇਹ ਤੰਤ੍ਰ ਦਾ ਸ਼ਲੋਕ ਹੈ ਅੰਦ੍ਰੋਂ ਸ਼ਾਕਤ ਅਰਥਾਤ ਵਾਮ ਮਾਰਗੀ,ਬਾਹਰੋਂ ਸ਼ੈਵ ਅਰਥਾਤ ਰੁਦ੍ਰਾਖ, ਭਸਮ ਲਗਾਂਦੇ ਹਨ ਅਰ ਸਭ ਵਿਚ ਵੈਸ਼ਨੂੰ ਕਹਾਂਦੇ ਹਨ ਕਿ ਅਸੀਂ ਵਿਸ਼ਨੂੰ ਦੇ ਉਪਾਸ਼ਕ ਹਾਂ, ਅਜਹੇ ਨਾਨਾਪ੍ਰਕਾਰ ਦੇ ਰੂਪ ਧਾਰਣ ਕਰਕੇ ਵ਼ਾਮਮਾਰਗੀ ਲੋਗ ਪ੍ਰਿਥੀ ਉਤੇ ਵਿਚਰਦੇ ਹਨ।

(ਪ੍ਰਸ਼ਨ) ਵੈਸ਼ਨਵ ਤਾਂ ਚੰਗੇ ਹਨ?

(ਉਤ੍ਰ) ਕੀ ਸੁਆਹ ਚੰਗੇ ਹਨ?

ਜਿਸਤਰਾਂ ਉਹ ਹਨ ਉਸੇ ਤਰਾਂ ਇਹ ਹਨ, ਵੇਖ ਲੋ ਵੈਸ਼ਨਵਾਂ ਦੀ ਲੀਲਾ ਅਪਣੇ ਨੂੰ ਵਿਸ਼ਨੂੰ ਦਾ ਦਾਸ ਮਨਦੇ ਹਨ, ਉਨਾਂ ਵਿਚੋਂ ਸ੍ਰੀ ਵੈਸ਼ਨੋ ਜੋ ਕਿ ਚਕ੍ਰਾਂਕਿਤ ਹੁੰਦੇ ਹਨ ਉਹ ਅਪਣੇ ਨੂੰ ਸਭਤੋਂ ਵਧੀਕ ਮਨਦੇ ਹਨ ਸੋ ਕੁਛ ਬੀ ਨਹੀਂ ਹਨ।

(ਪ੍ਰਸ਼ਨ) ਕਿਉਂ ਸਭ ਕੁਝ ਬੀ ਨਹੀ? ਸ਼ਭ ਕੁਝ ਹਨ ਵੇਖੋ! ਮੱਥੇ ਵਿਚ ਨਾਰਾਇਣ ਦੇ ਚਰਣ ਕਮਲ ਦੇ ਵਾਕਰ ਤਿਲਕ, ਅਰ ਵਿਚੋਂ ਪੀਲੀ ਰੇਖਾ ਸ਼੍ਰੀ ਹੁੰਦੀ ਹੈ ਏਸਲਈ ਅਸੀਂ ਸ਼੍ਰੀ ਵੈਸ਼ਨਵ ਕਹਾਂਦੇ ਹਾਂ, ਇਕ ਨਾਰਾ-ਇਣ ਨੂੰ ਛਡਕੇ ਦੂਜੇ ਕਿਸੇ ਨੂੰ ਨਹੀਂ ਮਨਦੇ,ਮਹਾਂਦੇਵ ਦੇ ਲਿੰਗ ਦਾ ਦਰਸ਼ਨ ਬੀ ਨਹੀਂ ਕਰਦੇ, ਕਿਉਂਕਿ ਸਾਡੇ ਮੱਥੇ ਵਿਚ ਸ਼੍ਰੀ ਬੈਠੀ ਹੋਈ ਹੈ ਉਹ ਸ਼੍ਰਮਾਉਂਦੀ ਹੈ, ਆਲ, ਮੰਦਾਰ, ਆਦੀ ਸਤੋਤ੍ਰਾਂ ਦਾ ਪਾਠ ਕਰਦੇ ਹਨ, ਨਾਰਾਇਣ ਦੀ ਮੰਤ੍ਰ ਪੂਰਬਕ ਪੂਜਾ ਕਰਦੇ ਹਨ, ਮਾਸ ਨਹੀਂ ਖਾਂਦੇ ਨਾ ਸ਼ਿਰਾਬ ਪੀਂਦ ਹਨ ਫੇਰ ਅੱਛੇ ਕਿਓਂ ਨਹੀਂ?

(ਉਤ੍ਰ) ਏਸ ਤੁਹਾਡੇ ਤਿਲਕ ਨੂੰ 'ਹਰੀ ਦੇ ਪੈਰ' ਏਸ ਪੀਲੀ ਰੇਖਾ ਨੂੰ ਸ੍ਰੀ ਮਨਣਾ ਵਿਅਰਥ ਹੈ, ਕਿਉਂਕਿ ਇਹ ਤਾਂ ਹਥਦੀ ਕਾਰਾਗਰੀ, ਅਰ ਮੱਥੇ ਦਾ ਚਿਤ੍ਰ ਹੈ, ਜਿਸਤਰਾਂ ਹਾਥੀ ਦਾ ਮੱਥਾ ਚਿਤ੍ਰ ਵਿਚਿਤ੍ਰ ਕਰਦੇ ਹਨ, ਤੁਹਾਡੇ ਮੱਥੇ ਵਿਚ ਵਿਸ਼ਨੂੰ ਦੇ ਪੈਰ ਦਾ ਨਿਸ਼ਾਂਨ ਕਿਥੋਂ ਆਇਆ? ਕੀ, ਕੋਈ ਬੈਕੁੰਠ ਵਿਚ ਜਾਕੇ ਵਿਸ਼ਨੂੰ ਦੇ ਪੈਰ ਦਾ ਨਿਸ਼ਾਂਨ ਮੱਥੇ ਵਿਚ ਕਰਾ ਲਿਆਇਆ ਹੈ?

(ਬਬੇਕੀ) ਸ੍ਰੀ ਜੜ ਹੈ ਵਾ ਚੇਤਨ?

(ਵੈਸ਼ਨੋ) ਚੇਤਨ ਹੈ। (ਬਬੇਕੀ) ਤਾਂ ਇਹ ਰੇਖਾ ਜੜ ਹੋਣ ਕਰਕੇ ਸ੍ਰੀ ਨਹੀਂ ਅਸੀਂ ਪੁਛਨੇ ਹਾਂ ਕਿ ਸ੍ਰੀ ਬਣਾਈ ਹੋਈ ਹੈ ਵਾ ਬਿਨਾਂ ਬਣਾਈ? ਜੋ ਬਿਨਾਂ ਬਣਾਈ ਹੋਈ ਹੈ ਤਾਂ ਇਹ ਸ੍ਰੀ ਨਹੀਂ, ਕਿਉਂਕਿ ਏਸ ਨੂੰ ਤਾਂ ਤੁਸੀਂ ਨਿਤ ਆਪਣੇ ਹਥ ਨਾਲ ਬਣਾਂਦੇ ਹੋ ਫੇਰ ਸ੍ਰੀ ਨਹੀਂ ਹੋ ਸਕਦੀ, ਜੇ ਤੁਹਾਡੇ ਮਥੇ ਵਿਚ ਸ੍ਰੀ ਹੁੰਦੀ ਤਾਂ ਕਈ ਵੈਸਨੌਂਆਂ ਦਾ ਚੰਦਰਾ ਮੂੰਹ ਅਰਥਾਤ ਸ਼ੋਭਾ ਰਹਿਤ ਕਿਉ ਨਜਰ ਆਉਂਦਾ ਹੈ? ਮਥੇ ਵਿਚ ਸ੍ਰੀ, ਅਰ ਘਰ ਘਰ ਭਿਖਿਆ ਮੰਗਦੇ ਫਿਰਦੇ, ਅਰ ਸਦਾਵਰਤ ਤੋਂ ਲੈਕੇ ਪੇਟ ਭਰਦੇ ਕਿਉਂ ਫਿਰਦੇਓ? ਇਹ ਗਲ ਸ਼ਿਰੜੀ ਅਰ ਨਿਰਲੱਜਾਂ ਦੀ ਹੈ ਕਿ ਮਥੇ ਵਿਚ ਸ੍ਰੀ ਅਰ ਮਹਾਂ ਕੰਗਾਲਾਂ ਦੇ ਕੰਮ ਹੋਂਨ। ਇਨ੍ਹਾਂ ਵਿਚ ਇਕ 'ਪਰੀਕਾਲ' ਨਾਮੀ ਵੈਸ਼ਨੌਂ ਭਗਤ ਹੋਇਆ ਹੈ, ਉਹ ਚੋਰੀ, ਡਾਕਾ ਮਾਰਕੇ ਛਲ, ਕਪਟ ਕਰਕੇ ਪਾਇਆ ਧਨ ਲੁਟਕੇ ਵੈਸਨੋਆਂ ਦੇ ਪਾਸ ਰਖਕੇ ਪ੍ਰਸੰਨ ਹੁੰਦਾ ਸੀ, ਇਕ ਸਮੇਂ ਓਸਨੂੰ ਚੋਰੀ ਵਿਚ ਪਦਾਰਥ ਕੋਈ ਨਾ ਮਿਲਿਆ ਕਿ ਜਿਸਨੂੰ ਲੁੱਟੇ, ਵਿਆਕੁਲ ਹੋਕੇ ਫਿਰਦਾ ਸੀ, ਨਾਰਾਇਣ ਨੇ ਸਮਝਿਆ ਕਿ ਸਾਡਾ ਭਗਤ ਦੁਖ ਪਾਉਂਦਾ ਹੈ, ਸੇਠ ਜੀ ਦਾ ਰੂਪ ਧਰ ਮੁੰਦ੍ਰੀ ਆਦੀ ਗਹਿਣੇ ਪਾ, ਰਥ ਵਿਚ ਬੈਠਕੇ ਸਾਮਣੇ ਆਏ ਤਦ ਤਾਂ ਪਰੀਕਾਲ ਰਥ ਦੇ ਪਾਸ ਗਿਆ ਸੇਠ ਨੂੰ ਕਹਿਆ ਸਾਰੀਆਂ ਚੀਜਾਂ ਛੇਤੀ ਨਾਲ ਉਤਾਰ ਦੇਹ ਨਹੀਂ ਤਾਂ ਮਾਰ ਸੁਟਾਂਗਾ, ਉਤਾਰਦਿਆਂ ਉਤਾਰ ਦਿਆਂ ਮੁੰਦਰੀ ਉਤਾਰਣ ਵਿਚ ਦੇਰ ਲੱਗੀ, ਪਰੀਕਾਲ ਨੇ ਨਾਰਾਇਣ ਦੀ ਅੰਗੁਲੀ ਕਟਕੇ ਮੁੰਦ੍ਰੀ ਲੈ ਲਈ ਨਾਰਾਇਣ ਨੇ ਬਡੇ ਪ੍ਰਸੰਨ ਹੋਕੇ ਚਤੁਰ ਭੁਜ ਸ਼ਰੀਰ ਬਣਾਕੇ ਦਰਸ਼ਨ ਦਿਤਾ, ਕਹਿਆ ਕਿ ਤੂੰ ਮੇਰਾ ਵਡਾ ਪਿਆਰਾ ਭਗਤ ਹੈਂ, ਕਿਉਂਕਿ ਸਾਰਾ ਧਨ, ਮਾਲ ਲੁਟ, ਚੋਰੀ ਕਰ, ਵੈਸ਼ਨਵਾਂ ਦੀ ਸੇਵਾ ਕਰਦਾ ਹੈਂ ਏਸਲਈ ਤੂੰ ਧਨ ਹੈਂ, ਫੇਰ ਓਸਨੇ ਜਾਕੇ ਵੈਸ਼ਨਵਾਂ ਦੇ ਪਾਸ ਸਾਰੇ ਗਹਿਣੇ ਧਰ ਦਿਤੇ। ਇਕ ਸਮੇ 'ਪਰੀਕਾਲ' ਨੂੰ ਕੋਈ ਸ਼ਾਹੂਕਾਰ ਨੌਕਰ ਬਣਾਕੇ ਜਹਾਜ ਵਿਚ ਬਿਠਾਕੇ ਦੂਜੇ ਦੇਸ਼ ਵਿਚ ਲੈਗਿਆ, ਓਥੋਂ ਜਹਾਜ ਵਿਚ ਸੁਪਾਰੀ ਭਰੀ, ਪਰੀਕਾਲ ਨੇ ਇਕ ਸੁਪਾਰੀ ਤੋੜ ਅਧਾ ਟੁਕੜਾ ਕਰ ਬਾਣੀਏਂ ਨੂੰ ਕਹਿਆ ਕਿ ਇਹ ਮੇਰੀ ਅਧੀ ਸੁਪਾਰੀ ਜਹਾਜ ਵਿਚ ਰਖਦਓ ਅਰ ਲਿਖ ਦੇਓ ਕਿ ਜਹਾਜ ਵਿਚ ਅਧੀ ਸੁਪਾਰੀ ਪਰੀਕਾਲ ਦੀ ਹੈ,

ਬਾਣੀਏਂ ਨੇ ਕਹਿਆ ਕਿ ਭਾਵੇਂ ਤੂੰ ਹਜਾਰ ਸੁਪਾਰੀ ਲੈ ਲਵੀਂ, ਪਰੀਕਾਲ ਨੇ ਕਹਿਆ ਨਹੀਂ ਅਸੀਂ ਅਧਰਮੀ ਨਹੀਂ ਜੋ ਅਸੀਂ ਝੂਠ ਮੂਠ ਲਈਏ,ਸਾਨੂੰ ਤਾਂ ਅਧੀ ਚਾਹੀਏ, ਬਾਣੀਆਂ ਵਿਚਾਰਾ ਭੋਲਾ ਭਾਲਾ ਸੀ ਓਸ ਨੇ ਲਿਖ ਦਿੱਤਾ, ਜਦ ਅਪਣੇ ਦੇਸ਼ ਵਿਚ ਬੰਦਰ ਉਤੇ ਜਹਾਜ ਆਇਆ ਅਰ ਸੁਪਾਰੀ ਉਤਾਰਣ ਦੀ ਤਿਆਰੀ ਹੋਈ ਤਦ ਪਰੀਕਾਲ ਨੇ ਕਹਿਆ ਕਿ ਸਾਡੀ ਅੱਧੀ ਸੁਪਾਰੀ ਦੇ ਦੇਓ, ਬਾਣੀਆਂ ਉਹੋ ਅੱਧੀ ਸੁਪਾਰੀ ਦੇਣ ਲੱਗਾ, ਤਦ ਪਰੀਕਾਲ ਝਗੜਨ ਲਗਾ ਕਿ ਮੇਰੀ ਤਾਂ ਜਹਾਜ ਵਿਚ ਅੱਧੀ ਸੁਪਾਰੀ ਹੈ ਅੱਧਾ ਵੰਡ ਲਵਾਂਗਾ, ਰਾਜ ਪੁਰਸ਼ਾਂ ਤਿਕ ਝਗੜਾ ਗਿਆ, ਪਰੀਕਾਲ ਨੇ ਬਾਣੀਏਂ ਦਾ ਲੇਖ ਵਿਖਾਇਆ ਕਿ ਏਸ ਨੇ ਅੱਧੀ ਸੁਪਾਰੀ ਦੇਣੀ ਲਿਖੀ ਹੈ, ਬਾਣੀਆਂ ਬਹੁਤ ਸਾਰਾ ਕਹਿੰਦਾ ਰਹਿਆ ਪ੍ਰੰਤੂ ਓਸ ਨੇ ਨਾ ਮਨਿਆਂ,ਅੱਧੀ ਸੁਪਾਰੀ ਲੈਕੇ ਵੈਸ਼ਨਵਾਂ ਦੇ ਅਰਪਣ ਕਰ ਦਿੱਤੀ,ਤਦ ਤਾਂ ਵੈਸ਼ਨਵ ਵਡੇ ਪ੍ਰਸੰਨ ਹੋਏ,ਹੁਣ ਤਿਕ ਓਸ ਡਾਕੂ ਚੋਰ ਪਰੀਕਾਲ ਦੀ ਮੂਰਤੀ ਮੰਦ੍ਰਾਂ ਵਿਚ ਰਖਦੇ ਹਨ,ਇਹ ਕਥਾ ਭਗ-ਤਮਾਲ ਵਿਚ ਲਿਖੀ ਹੈ ਬੁਧਵਾਂਨ ਵੇਖਲੈਂਨ ਕਿ ਵੈਸ਼ਨਵ,ਉਨ੍ਹਾਂਦੇ ਸੇਵਕ,ਅਰ ਨਾਰਾਇਣ ਤਿੰਨੋਂ ਚੋਰ ਮੰਡਲੀ ਹਨ ਵਾ ਨਹੀਂ? ਯੱਦਪੀ ਮਤ ਮਤਾਂਤ੍ਰਾਂ ਵਿਚ ਕੋਈ ਥੋੜਾ, ਅੱਛਾ ਬੀ ਹੁੰਦਾ ਹੈ ਤਥਾ ਪੀ ਓਸ ਮਤ ਵਿਚ ਰਹਕੇ ਸਰਬਥਾ ਅੱਛਾ ਨਹੀਂ ਹੋ ਸਕਦਾ। ਹੁਣ ਜੇਹਾ ਵੈਸ਼ਨਵਾਂ ਵਿਚ ਫੁਟ ਟੁਟ ਵਖਰੇ ਵਖਰੇ ਤਿਲਕ, ਕੰਠੀ ਧਾਰਣ ਕਰਦੇ ਹਨ, ਰਾਮਾਨੰਦੀ ਬਗਲ ਵਿਚ ਗੋਪੀ ਚਨੱਣ, ਵਿਚਕਾਰ ਲਾਲ'ਨੀਮਾਂਵਤ'ਦੋ ਪਤਲੀ ਲੀਕਾਂ,ਵਿਚਕਾਰ ਕਾਲੀਬਿੰਦੀ'ਮਾਧਵ' ਕਾਲੀ ਰੇਖਾ, ਅਰ ਗੌੜ ਬੰਗਾਲੀ ਕਟਾਰੀ ਵਾਙਣ, ਅਰ ਰਾਮਪ੍ਰਸਾਦ ਵਾਲੇ ਦੋ ਚੰਦ੍ਰਮਾ ਵਰਗੀ ਰੇਖਾ ਦੇ ਵਿਚਕਾਰ ਇਕ ਚਿੱਟਾ ਗੋਲ ਟਿੱਕਾ, ਇਤਆਦੀ ਇਨ੍ਹਾਂ ਦਾ ਕਹਣਾ ਵਖਰਾ ਵਖਰਾ ਹੈ, ਰਾਮਾਨੰਦੀ ਲਾਲ ਰੇਖਾ ਨੂੰ ਲਖਮੀ ਦਾ ਚਿਨ੍ਹ, ਅਰ ਨਾਰਾਇਣ ਦੇ ਹਿਰਦੇ ਸ਼੍ਰੀਕ੍ਰਿਸ਼ਨਚੰਦ੍ਰ ਜੀ, ਹਿਰਦੇ ਵਿਚ ਰਾਧਾ ਬਿਰਾਜਮਾਨ ਹੈ, ਇਤਆਦੀ ਕਥਨ ਕਰਦੇ ਹਨ॥

ਇਕ ਕਥਾ ਭਗਤਮਾਲ ਵਿਚ ਲਿਖੀ ਹੈ,ਕੋਈ ਇਕ ਮਨੁੱਖ ਦ੍ਰਖਤ ਦੇ ਥੱਲੇ ਸੌਂਦਾ ਸੀ,ਸੌਂਦਾ ਸੌਂਦਾ ਹੀ ਮਰਗਿਆ,ਉਪੱਰ ਥੀਂ ਕਾਂ ਨੇ ਵਿਸ਼ਟਾ ਕਰ ਦਿੱਤੀ ਉਹ ਮੱਥੇ ਉਪਰ ਤਿਲਕ ਦੀ ਸ਼ਕਲ ਵਾਙਣ ਹੋਗਈ ਸੀ,ਓਥੇ ਜਮਦੇ ਦੂਤ ਓਸਨੂੰ ਲੈਣ ਆਏ,ਇੱਨੇ ਵਿਚ ਵਿਸ਼ਨੂੰ ਦ ਦੂਤ ਬੀ ਪੁਜ ਪਏ,ਦੋਏ ਝਗੜਾ ਕਰਦੇ ਸਨ ਕਿ ਇਹ ਸਾਡੇ ਸੁਆਮੀ ਦੀ ਆਗਿਆ ਹੈ, ਅਸੀਂਜਮਲੋਕ ਵਿਚ ਲੈ ਜਾਵਾਂਗੇ,ਵਿਸ਼ਨੂੰ ਦੇ ਦੂਤਾ ਨੇ ਕਹਿਆ ਕਿ ਸਾਡੇ ਸ੍ਵਾਮੀ ਦੀ ਆਗਿਆ ਹੈ ਬਕੁੰਠ ਵਿਚ ਲੈ ਜਾਵਾਂਗੇ, ਵੇਖੋ ਏਸਦੇ ਮਥੇ ਉਤੇ ਵੈਸ਼ਨਵੀਤਿਲਕ ਹੈ, ਤੁਸੀਂ ਕਿਸਤਰਾਂ ਲੈਜਾਓਗੇ ? ਤਦ ਤਾਂ ਜਮਦੇ ਦੂਤ ਚੁਪ ਹੋਕੇ ਚਲੇ ਗਏ, ਵਿਸ਼ਨੂੰ ਦੇ ਦੂਤ ਅਰਾਮ ਨਾਲ ਓਸਨੂੰ ਬਕੁੰਠ ਵਿਚ ਲੈਗਏ,

ਨਾਰਾਇਣ ਨੇ ਉਸ ਨੂੰ ਬਕੁੰਠ ਵਿਚ ਰਖਿਆ । ਵੇਖੋ ਜਦ ਅੱਚਣ ਚੇਤ ਤਿਲਕ ਬਣ ਜਾਂਨ ਦਾ ਅਜੇਹਾ ਮਹਾਤਮ ਹੈ ਤਾਂ ਜੋ ਅਪਣੀ ਪ੍ਰੀਤੀ ਅਰ ਹਥ ਨਾਲ ਤਿਲਕ ਕਰਦੇ ਹਨ ਉਹ ਨਰਕ ਥੀਂ ਛੁਟਕੇ ਬਕੁੰਠ ਵਿਚ ਜਾਂਨ ਤਾਂ ਏਸ ਵਿਚ ਕੀ ਅਚਰਜ ਹੈ? ਅਸੀਂ ਪੁਛਨੇ ਹਾਂ ਕਿ ਜਦ ਛੋਟੇ ਜਹੇ ਤਿਲਕ ਦੇ ਕਰਨ ਨਾਲ ਬਕੁੰਠ ਵਿਚ ਜਾਂਦੇ ਹਨ ਤਾਂ ਸਾਰੇ ਮੂੰਹ ਦੇ ਉਤੇ ਲੇਪਨ ਕਰਨ ਨਾਲ ਵਾ ਸ਼ਰੀਰ ਉੱਤੇ ਲੇਪਨ ਕਰਨ ਨਾਲ ਬਕੁੰਠ ਤੋਂ ਬੀ ਅੱਗੇ ਟੁਰ ਜਾਂਦੇ ਹਨ ਵਾ ਨਹੀਂ? ਏਸ ਲਈ ਇਹ ਗੱਲਾਂ ਸਭ ਵਿਅਰਥ ਹਨ ॥

ਹੁਣ ਇਨ੍ਹਾਂ ਵਿਚ ਬਹੁਤ ਸਾਰੇ ਖਾਖੀ ਲੰਗੋਟੀ ਲਗਾਕੇ ਲਕੜੀ ਦੀ ਧੂੰਣੀ ਤਪਦੇ, ਜਟਾਂ ਵਧਾਂਦੇ, ਸਿਧ ਦਾ ਭੇਖ ਕਰ ਲੈਂਦੇ ਹਨ, ਬਗਲੇ ਦੀ ਨਿਆਈਂ ਧਿਆਨਾਵਸਥਿਤ ਹੁੰਦੇ ਹਨ, ਗਾਂਜਾ, ਭੰਗ, ਚਰਸ, ਦੇ ਦੰਮ ਲਗਾਂਦੇ, ਲਾਲ ਅੱਖਾਂ ਕਰਕੇ ਰਖਦੇ, ਸਭ ਕੋਲੋਂ ਚੁਟਕੀ ਚੁਟਕੀ ਅੰਨ ਆਟਾ, ਕੌਡਾਂ, ਪੈਸੇ, ਮੰਗਦੇ, ਗ੍ਰਹਸਥੀਆਂ ਦੇ ਮੁੰਡਿਆਂ ਨੂੰ ਬਕਾਕ ਚੇਲੇ ਬਣਾ ਲੈਂਦੇ ਹਨ, ਬਹੁਤ ਕਰਕੇ ਮਜ਼ੂਰ ਲੋਕ ਉਨ੍ਹਾਂ ਵਿਚ ਹੁੰਦੇ ਹਨ, ਕੋਈ ਵਿਦਿਆ ਨੂੰ ਪੜ੍ਹਦਾ ਹੋਵੇ ਤਾਂ ਉਸ ਨੂੰ ਪੜ੍ਹਨ ਨਹੀਂ ਦਿੰਦੇ ਕਹਿੰਦੇ ਹਨ ਕਿ:—

पठितव्यं तदपि मर्तव्यं दन्तकटाकटेति किं कर्तव्यम् ॥

ਸੰਤਾਂ ਨੂੰ ਵਿਦਿਆ ਪੜ੍ਹਨ ਨਾਲ ਕੀ ਕੰਮ ? ਕਿਉਂਕਿ ਵਿਦਿਆ ਪੜ੍ਹਨ ਵਾਲੇ ਬੀ ਮਰ ਜਾਂਦੇ ਹਨ ਫੇਰ ਦੰਦ ਕਟਾ ਕਟ ਕਿਉਂ ਕਰਨਾ, ਸਾਧਾਂ ਨੂੰ ਚਹੁੰ ਧਾਮਾ ਵਿਚ ਫੇਰ ਆਉਣਾ, ਸੰਤਾਂ ਦੀ ਸੇਵਾ ਕਰਨੀ, ਰਾਮ ਜੀ ਦਾ ਭਜਨ ਕਰਨਾ, ਜੇ ਕਿਸੇ ਨੇ ਮੂਰਖ ਅਰ ਅਵਿਦਿਆ ਦੀ ਮੂਰਤੀ ਨਾ ਵੇਖੀ ਹੋਵੇ ਤਾਂ ਖਾਖੀ ਜੀਦਾ ਦਰਸ਼ਨ ਕਰ ਆਵੇ, ਉਨ੍ਹਾਂ ਦੇ ਪਾਸ ਜੋ ਕੋਈ ਜਾਂਦਾ ਹੈ ਉਨ੍ਹਾਂ ਨੂੰ ਬੱਚਾ, ਬਚੀ ਕਹਿੰਦੇ ਹਨ ਭਾਵੇਂ ਉਹ ਖਾਖੀ ਜੀ ਦੇ ਪਿਉ, ਮਾਂ ਦੇ ਸਮਾਨ ਕਿਉਂ ਨਾ ਹੋਂਨ, ਜਿਸਤਰਾਂ ਖਾਖੀ ਜੀ ਹਨ, ਉਸੇਤਰਾਂ ਹੀ ਰੂੰਘੜ, ਸੂੰਘੜ, ਗੋਦੜੀਏ, ਅਰ ਜਮਾਇਤ ਵਾਲੇ ਸੁਥਰੇ ਸ਼ਾਹੀ, ਅਰ ਅਕਾਲੀ, ਕੰਨਪਾਟੇ ਜੋਗੀ, ਅਉਘੜ ਆਦੀ ਸਭ ਇਕੋ ਜਹੇ ਹਨ।

ਇਕ ਖਾਖੀ ਦਾ ਚੇਲਾ 'ਸ੍ਰੀ ਗਣੇਸਾਯਨਮਃ' ਘੋਖਦਾ ਘੋਖਦਾ ਖੂਹੇ ਉੱਤੇ ਪਾਣੀ ਭਰਨ ਨੂੰ ਗਿਆ, ਉਥੇ ਪੰਡਤ ਬੈਠਾ ਸੀ, ਉਹ ਉਸਨੂੰ ਸ੍ਰੀ ਗਣੇਸਾ ਜਨਮੇਂ ਘੋਖਦੇ ਵੇਖਕੇ ਬੋਲਿਆ ਅਰੇ ਸਾਧੂ ਅਸੁਧ ਘੋਖਦਾ ਹੈਂ ਸ੍ਰੀ ਗਣੇਸਾਯਨਮਃ ਈਕਣ ਘੋਖ! ਉਸਨੇ ਝਟ ਗੜਵਾ ਭਰ ਗੁਰੂ ਜੀ ਦੇ

ਪਾਸ ਜਾਕੇ ਕਹਿਆ ਕਿ ਇਹ ਬਹਮਣ ਮੇਰੇ ਚੇਲੇ ਨੂੰ ਅਸੁਧ ਕਹੰਦਾ ਹੈ, ਇਹ ਗਲ ਸੁਣਕੇ ਝਟ ਖਾਖੀ ਜੀ ਉਠੇ, ਖੂਹ ਉਤੇ ਗਏ ਅਰ ਪੰਡਤ ਨੂੰ ਕਹਿਆ ਕਿ ਤੂੰ ਮੇਰੇ ਚੇਲੇ ਨੂੰ ਬਕਾਨਾ ਹੈਂ,ਤੂੰ ਗੁਰੂ ਦੀ ਲੈਂਡੀ ਕੀ ਪੜ੍ਹਿਆਂਹੈਂ? ਵੇਖ! ਤੂੰ ਇਕ ਪ੍ਰਕਾਰ ਦਾ ਪਾਠ ਜਾਣਨਾ ਹੈਂ ਅਸੀ ਤਿੰਨ ਪ੍ਰਕਾਰ ਦੇ ਜਾਣਨੇ ਹਾਂ, ਸ੍ਰੀ ਗਣੇਸਾ ਜਨਮੇ, ਸ੍ਰੀ ਗਨੇਸਾਯਨਮਮੇਂ, ਸ੍ਰੀ ਗਨੇਸਾਯਨਮੇਂ, (ਪੰਡਤ) ਸੁਣੋ! ਸਾਧੂ ਜੀ ਵਿਦਿਆ ਦੀ ਬਾਤ ਬਹੁਤ ਕਠਨ ਹੈ, ਬਿਨਾਂ ਪੜ੍ਹੇ ਨਹੀਂ ਆਂਉਂਦੀ। (ਖਾਖੀ) ਚਲਬੇ! ਸਬ ਵਿਦਵਾਨ ਅਸਾਂ ਰਗੜ ਮਾਰੇ ਜੋ ਭੰਗ ਵਿਚ ਘੋਟਕੇ ਇਕਦੰਮ ਸਭ ਉਡਾ ਦਿਤੇ, ਸੰਤਾਂ ਦਾ ਘਰ ਵਡਾ ਹੈ ਤੂੰ 'ਬਾਬੂੜਾ' ਕੀ ਜਾਂਣੇ। (ਪੰਡਤ) ਵੇਖੋ! ਜੇ ਤੁਸੀ ਵਿਦਿਆ ਪੜ੍ਹੇ ਹੋਏ ਹੁੰਦੇ ਤਾਂ ਅਜਹੇ ਮੰਦੇ ਬੋਲ ਕਿਉਂ ਬੋਲਦੇ, ਸਭ ਪ੍ਰਕਾਰ ਦਾ ਤੁਹਾਨੂੰ ਗਿਆਨ ਹੁੰਦਾ। (ਖਾਖੀ) ਅਬੇ ਤੂੰ ਸਾਡਾ ਗੁਰੂ ਬਨਦਾ ਹੈ,ਤੇਰਾ ਉਪਦੇਸ਼ ਅਸੀ ਨਹੀਂ ਸੁਣਦੇ। (ਪੰਡਤ) ਸੁਣੋ ਕਿਥੋਂ ਬੁਧ ਹੀ ਨਹੀਂ, ਉਪਦੇਸ ਸੁਣਨੇ, ਸਮਝਣੇ ਦੇ ਵਾਸਤੇ ਵਿਦਿਆ ਚਾਹੀਏ (ਖਾਖੀ) ਜੋ ਸਾਰੇ ਵੇਦ, ਸ਼ਾਸਤ੍ਰ ਪੜ੍ਹੇ, ਸੰਤਾਂ ਨੂੰ ਨਾ ਮਨੇ ਤਾਂ ਜਾਣੋ ਕਿ ਉਹ ਕੁਝ ਬੀ ਨਹੀਂ ਪੜ੍ਹਿਆ। (ਪੰਡਤ) ਹਾਂ ਅਸੀ ਸੰਤਾਂ ਦੀ ਸੇਵਾ ਕਰਦੇ ਹਾਂ, ਪ੍ਰੰਤੂ ਤੁਹਾਡੇ ਜਹੇ ਹੁੜਦੰਗਿਆਂ ਦੀ ਨਹੀਂ ਕਰਦੇ, ਕਿਉਂਕਿ ਸੰਤ, ਸਜੱਨ, ਵਿਦਵਾਂਨ, ਧਰਮਾਤਮਾ, ਪਰਉਪਕਾਰੀ ਪੁਰਖਾਂ ਨੂੰ ਕਹਿੰਦੇ ਹਨ। (ਖਾਖੀ) ਵੇਖ ਅਸੀ ਰਾਤ ਦਿਨ ਨੰਗੇ ਰਹੰਦੇ, ਧੂੰਣੀ ਸੇਕਦੇ, ਗਾਂਜਾ, ਚਰਸ ਦੇ ਸੈਕੜੇ ਦੰਮ ਲਗਾਂਦੇ,ਤਿੰਨ ਤਿੰਨ ਲੋਟੇ ਭੰਗ ਦੇ ਪੀਂਦੇ, ਗਾਂਜੇ, ਭੰਗ, ਧਤੂਰੇ, ਦੇ ਪਤ੍ਰਾਂ ਦਾ ਸਾਗ ਬਣਾਕੇ ਖਾਂਦੇ, ਸੰਖੀਆ ਅਰ ਅਫੀਮ ਬੀ ਝਟ ਨਿਗਲ ਜਾਂਦੇ, ਨਸੇ ਵਿਚ ਡੁਬੇ ਹੋਏ ਰਾਤ ਦਿਨ ਬੇਗੰਮ ਰਹਿੰਦੇ, ਦੁਨੀਆਂ ਨੂੰ ਕੁਝ ਨਹੀਂ ਸਮਝਦੇ, ਭਿਖਿਆ ਮੰਗ ਕੇ ਟਿਕੜ ਬਣਾਕੇ ਖਾਂਦੇ, ਰਾਤ ਭਰ ਅਜੇਹੀ ਖੰਘ ਹੁੰਦੀ ਕਿ ਜੋ ਪਾਸ ਸਵੇਂ ਓਸਨੂੰ ਬੀ ਨੀਂਦ ਕਦੀ ਨਾ ਆਵੇ, ਇਤਆਦੀ ਸਿਧੀਆਂ, ਅਰ ਸਾਧੂ ਪਣ ਸਾਡੇ ਵਿਚ ਹੈ ਫੇਰ ਤੂੰ ਸਾਡੀ ਨਿੰਦਿਆ ਕਿਉਂ ਕਰਦਾ ਹੈਂ? ਖਬਰਦਾਰ ਬਾਬੂੜੇ! ਜੋ ਸਾਨੂੰ ਤੰਗ ਕਰੇਂਗਾ ਤਾਂ ਅਸੀ ਤੈਨੂੰ ਭਸਮਕਰ ਸੁਟਾਂਗੇ। (ਪੰਡਤ) ਏਹ ਸਭ ਲਖਣ ਅਸਾਧੂ, ਮੂਰਖ, ਅਰ ਗਵਰ ਗੰਡਾਂ ਦੇ ਹਨ ਸਾਧੂਆਂ ਦੇ ਨਹੀਂ, ਸੁਣੋ! ਜੋ ਧਰਮ ਥੀਂ ਯੁਕਤ ਉਤੱਮ ਕੰਮ ਕਰੇ, ਸਦਾ ਪਰਉਪਕਾਰ ਵਿਚ ਲਗਿਆ ਰਹੇ, ਕੋਈ ਦੁਰਗੁਣ ਜਿਸ ਵਿਚ ਨਾ ਹੋਵੇ, ਵਿਦਵਾਂਨ, ਸਤ ਉਪਦੇਸ਼ ਨਾਲ ਸਭਦਾ ਉਪਕਾਰ ਕਰੇ, ਓਸਨੂੰ ਸਾਧੂ ਕਹੰਦੇ ਹਨ। (ਖਾਖੀ) ਚਲਬੇ ਤੂੰ ਸਾਧੂ ਦੇ ਕਰਮ ਕੀ ਜਾਂਣੇ, ਸੰਤਾਂ ਦਾ ਘਰ ਵਡਾ ਹੈ,ਕਿਸੇ ਸੰਤ ਨਾਲ ਅਟਕਣਾ ਨਹੀਂ,ਨਹੀਂ ਤਾਂ ਵੇਖ! ਇਕ ਚਿਮਟਾ ਉਠਾਕੇ ਮਾਰਾਂਗਾ ਸਿਰ ਤੁੜਵਾ ਬੈਠੇਂਗਾ। (ਪੰਡਤ) ਅਛੱਾ ਖਾਖੀ ਜਾਓ ਅਪਣੇ ਆਸਨ ਉੱਤੇ

ਸਾਡੇ ਨਾਲ ਬਹੁਤ ਗੁੱਸੇ ਨਾਂ ਹੋਵੋ, ਜਾਣਦੇਓ ! ਰਾਜ ਕਿਸਤਰਾਂ ਦਾ ਹੈ, ਕਿਸੇ ਨੂੰ ਮਾਰੋਗੇ ਤਾਂ ਪਕੜੇ ਜਾਉਗੇ, ਕੈਦਖਾਨਾ ਭੋਗੋਗੇ, ਬੈਂਤ ਖਾਓਗੇ ਵਾ ਕੋਈ ਤੁਹਾਨੂੰ ਬੀ ਮਾਰ ਬੈਠੇਗਾ ਫੇਰ ਕੀ ਕਰੋਗੇ ? ਇਹ ਸਾਧੂ ਦਾ ਲੱਖਣ ਨਹੀਂ। (ਖਾਖੀ )ਚਲਬੇ ਚੇਲੇ ਕਿਸ ਰਾਖਸ਼ ਦਾ ਮੂੰਹ ਵਿਖਾਇਆਈ? ( ਪੰਡਤ ) ਤੁਸਾਂ ਨੇ ਕਦੀ ਕਿਸੇ ਮਹਾਤਮਾ ਦਾ ਸੰਗ ਨਹੀਂ ਕੀਤਾ, ਨਹੀਂ ਤਾਂ ਅਜੇਹੇ ਜੜ ਮੂਰਖ ਨਾ ਰਹਿੰਦੇ । ( ਖਾਖੀ ) ਅਸੀ ਆਪ ਹੀ ਮਹਾਤਮਾ ਹਾਂ ਸਾਨੂੰ ਕਿਸੇ ਦੂਜੇ ਦੀ ਗਰਜ ਨਹੀਂ। (ਪੰਡਤ) ਜਿਨ੍ਹਾਂ ਦੇ ਭਾਗ ਨਸ਼ਟ ਹੁੰਦੇ ਹਨ, ਉਨ੍ਹਾਂ ਦੀ ਤੁਹਾਡੇ ਜਹੀ ਬੁਧ ਅਰ ਅਭਿਮਾਨ ਹੁੰਦਾ ਹੈ।

ਖਾਖੀ ਆਸਣ ਉਤੇ ਚਲਾ ਗਿਆ ਅਰ ਪੰਡਤ ਘਰਨੂੰ ਗਏ, ਜਦ ਸੰਧਿਆ ਆਰਤੀ ਹੋ ਗਈ ਤਦ ਓਸ ਖਾਖੀ ਨੂੰ ਬੁਡਾ ਸਮਝ ਬਹੁਤ ਸਾਰੇ ਖਾਖੀ ਡੰਡੌਤਰ ਕਹੰਦੇ ਸਾਸ਼ਟਾਂਗ ਕਰਕੇ ਬੈਠੇ,ਓਸ ਖਾਖੀ ਨੇ ਪੁਛਿਆ ਅਬੇ ਰਾਮਦਾਸੀਆ ਤੂੰ ਕੀ ਪੜਿਆ ਹੈਂ? ( ਰਾਮਦਾਸ ) ਮਹਾਰਾਜ ਮੈਂਨੇ ਬੇਸਨੂੰ ਸਹਸੱਰ ਨਾਮ ਪੜਿਆ ਹੈ, ਅਬੇ ਗੋਬਿੰਦਦਾਸੀਏ ਤੂੰ ਕੀ ਪੜਿਆ ਹੈਂ? ( ਗੋਬਿੰਦਦਾਸ ) ਮੈਂ ਰਾਮਸਤਵਰਾਜ ਪੜਿਆ ਹਾਂ ਫਲਾਣੇ ਖਾਖੀ ਜੀਦੇ ਪਾਸ, ਤਦ ਰਾਮਦਾਸ ਬੋਲਿਆ ਕਿ ਮਹਾਂਰਾਜ ਤੁਸੀ ਕੀ ਪੜੇ ਹੋ? ( ਖਾਖੀ ) ਅਸੀ ਗੀਤਾ ਪੜ੍ਹੇ ਹਾਂ । ( ਰਾਮਦਾਸ ) ਕਿਧੋ ਕੋਲੋਂ?

( ਖਾਖੀ ਜੀ ) ਚਲਬੇ ਛੋਕਰੇ, ਅਸੀ ਕਿਸੇ ਨੂੰ ਗੁਰੂ ਨਹੀ ਕਰਦੇ, ਵੇਖ ਅਸੀ ਪ੍ਰਾਗਰਾਜ ਵਿਚ ਰਹਿੰਦੇ ਸਾਂ, ਸਾਨੂੰ ਅਖਰ ਨਹੀ ਆਂਉਦਾ ਸੀ,ਜਦ ਕਿਸੇ ਲੰਮੀ ਧੋਤੀ ਵਾਲੇ ਪੰਡਤ ਨੂੰ ਵੇਖਦੇ ਸਾਂ ਤਦ ਗੀਤਾ ਦੇ ਗੁਟਕੇ ਵਿਚੋਂ ਪੁਛਦਾ ਸਾਂ ਕਿ ਏਸ ਕਲਗੀ ਵਾਲੇ ਅਖਰ ਦਾ ਕੀ ਨਾਉਂ ਹੈ? ਏਸਤਰਾਂ ਪੁਛਦੇ ਪੁਛਦੇ ਅਠਾਰਾਂ ਧਿਆ ਗੀਤਾ ਰਗੜ ਮਾਰੀ, ਗੁਰੂ ਇਕ ਬੀ ਨਹੀ ਕੀਤਾ ॥ ਭਲਾ ਅਜੇਹੇ ਵਿਦਿਆ ਦੇ ਸਤਰੂਆਂ ਦੇ ਪਾਸ ਅਵਿਦਿਆ ਠਹਰੇ ਨਾ ਤਾਂ ਕਿਥੇ ਜਾਵੇ ॥

ਇਹ ਲੋਕ ਬਿਨਾਂ ਨਸ਼ਾ,ਪ੍ਰਮਾਦ,ਲੜਨਾ,ਖਾਣਾ,ਸੌਣਾ,ਛੈਣੇ ਵਜਾਣੇ, ਘੰਟਾ, ਘੜਿਆਲ, ਸੰਖ ਬਜਾਣਾ, ਧੂੰਣੀ ਜਗਾ ਰਖਣੀ, ਨ੍ਹਾਉਣਾ, ਧੋਣਾ ਸਭਣਾ ਪਾਸਿਆਂ ਵਲ ਵਿਅਰਥ ਭਉਂਦਿਆਂ ਫਿਰਨਾਂ ਇਨ੍ਹਾ ਗਲਾਂ ਤੋਂ ਬਿਨਾਂ ਹੋਰ ਕੋਈ ਅੱਛਾ ਕੰਮ ਨਹੀ ਕਰਦੇ, ਭਾਵੇਂ ਕੋਈ ਪਥੱਰ ਨੂੰ ਮੋਮ ਕਰ ਲਵੇ ਪ੍ਰੰਤੂ ਇਨਾਂ ਖਾਖੀਆਂ ਦੇ ਆਤਮਾ ਨੂੰ ਬੋਧ ਕਰਾਣਾ ਕਠਨ ਹੈ ਕਿਉਂਕਿ ਬਹੁਤ ਕਰਕੇ ਉਹ ਸ਼ੂਦ੍ਰਵਰਣ ਮਜੂਰ, ਜਿਮੀਂਦਾਰ, ਮੈਹਰੇ ਆਦੀ ਅਪਣੀ ਮਜੂਰੀ ਛਡ ਨਿਰੀ ਸੁਆਹ ਲਗਾਕੇ ਬਰਾਗੀ ਖਾਖੀ ਆਦੀ ਹੋ ਜਾਂਦੇ ਹਨ, ਉਹ ਵਿਦਿਆ ਵਾ ਸਤਸੰਗ ਆਦੀ ਦਾ ਮਹਾਤਮ ਨਹੀਂ

ਜਾਂਣ ਸਕਦੇ।

ਇਨ੍ਹਾਂ ਵਿਚੋਂ ਨਾਥਾਂ ਦਾ ਮੰਤ੍ਰ "ਨਮਃ ਸ਼ਿਵਾਯ"

ਖਾਖੀਆਂ ਦਾ "ਨਰਸ਼ਿੰਘਾਯਨਮਃ"

ਰਾਮ ਅਵਤਾਰਾਂ ਦਾ "ਸ਼੍ਰੀ ਰਾਮ ਚੰਦ੍ਰਾਯਨਮਃ ਅਥਵਾ ਸੀਤਾਰਾਮਾ ਭਯਾਂਨਮਃ"

ਕ੍ਰਿਸ਼ਨ ਉਪਾਸ਼ਕਾਂ ਦਾ "ਸ੍ਰੀ ਰਾਧਾ ਕ੍ਰਿਸ਼ਨਾ ਭਯਾਂਨਮਃ"

"ਨਮੋ ਭਗਵਤੇ ਵਾਸੁਦੇਵਾਯ"

ਅਰ ਬੰਗਾਲੀਆਂ ਦਾ "ਗੋਬਿੰਦਾਯਨਮਃ"

ਇਨਾਂ ਮੰਤ੍ਰਾਂ ਨੂੰ ਕੰਨ ਵਿਚ ਪੜ੍ਹਨ ਮਾਤ੍ਰ ਨਾਲ ਚਲਾ ਕਰ ਲੈਂਦੇਹਨ। ਅਰ ਅਜੇਹੀ ੨ ਸਿਖਿਆ ਕਰਦੇ ਹਨ ਕਿ ਬਚੇ ਤੂੰਬੇ ਦਾ ਮੰਤ੍ਰ ਪੜ੍ਹ ਲੈ॥

## ਜਲ ਪਵਿਤ੍ਰ ਸਥਲ਼ ਪਵਿਤ੍ਰ, ਅਉਰ ਪਵਿਤ੍ਰ ਕੂਆ, ਸ਼ਿਵ ਕਹੇ ਸੁਣ ਪਾਰਬਤੀ, ਤੂੰਬਾ ਪਵਿਤ੍ਰ ਹੂਆ

ਭਲਾ ਅਜਹੇ ਦੀ ਜੋਗਤਾ ਸਾਧੂ ਵਾ ਵਿਦਵਾਨ ਹੋਣੇ ਅਥਵਾ ਜਗਤ ਦੇ ਉਪਕਾਰ ਕਰਨੇ ਦੀ ਕਦੀ ਹੋ ਸਕਦੀ ਹੈ? ਖਾਖੀਰਾਤਦਿਨ ਲਕੜ ਛਾਨੇ ( ਜੰਗਲੀ ਗੋਹੇ ) ਬਾਲਿਆ ਕਰਦੇ ਹਨ, ਇਕ ਮਹੀਨੇ ਵਿਚ ਕਈ ਰੁਪਯੇ ਦੀ ਲਕੜੀ ਫੂਕ ਦਿੰਦੇ ਹਨ, ਜੋ ਇਕ ਮਹੀਨੇ ਦੀ ਲਕੜੀ ਦੇ ਮੁਲ ਨਾਲ ਕੰਬਲ ਆਦੀ ਕਪੜੇ ਲੈ ਲੈਨ ਤਾਂ ਸੌ ਅੰਸ਼ ਧਨ ਨਾਲ ਅਨੰਦ ਵਿਚ ਰਹਿਨ, ਉਨ੍ਹਾਂ ਨੂੰ ਇੱਨੀ ਬੁਧ ਕਿਥੋਂ ਥੀਂ ਆਵੇ?ਅਰ ਅਪਣਾ ਨਾਮ ਉਸੇ ਧੂਣੀ ਵਿਚ ਤਪਣੇ ਹੀ ਨਾਲ ਤਪੀ ਧਰ ਰਖਿਆ ਹੈ, ਜੋ ਏਸ ਤਰਾਂ ਤਪੀ ਹੋ ਸੱਕਨ ਤਾਂ ਜੰਗਲੀ ਮਨੁੱਖ ਇਨ੍ਹਾਂ ਨਾਲੋਂ ਬੀ ਵਧੀਕ ਤਪੀ ਹੋ ਜਾਂਨ, ਜੇ ਜਟਾਂ ਵਧਾਣੇ, ਰਾਖ ਲਗਾਣੇ ਵਾ ਤਿਲਕ ਕਰਨੇ ਨਾਲ ਤਪੀ ਹੋ ਜਾਵੇ ਤਾਂ ਸਭ ਕੋਈ ਕਰ ਸਕੇ, ਇਹ ਉਪਰੋਂ ਤਿਆਗ ਸਰੂਪ ਅਰ ਅੰਦਰ ਦੇ ਵਡੇ ਜੋੜੂਹੁੰਦੇ ਹਨ।

( ਪ੍ਰਸ਼ਨ ) ਕਬੀਰ ਪੰਥੀ ਤਾਂ ਅੱਛੇ ਹਨ ?

( ਉਤ੍ਰ ) ਨਹੀਂ।

( ਪ੍ਰਸ਼ਨ )ਕਿਉਂ ਅੱਛੇ ਨਹੀਂ?ਪਥੱਰ ਆਦੀ ਮੂਰਤੀ ਪੂਜਾ ਦਾ ਖੰਡਨ ਕਰਦੇ ਹਨ,'ਕਬੀਰ ਸਾਹਿਬ'ਫੁਲਾਂ ਥੀਂ ਉਤਪੰਨ ਹੋਏ, ਅਰ ਅੰਤ ਵਿਚ ਬੀ ਫੁਲ ਹੋਗਏ, ਬ੍ਰਹਮਾ , ਵਿਸ਼ਨੂੰ, ਮਹਾਂਦੇਵ ਦਾ ਜਨਮ ਜਦ ਨਹੀਂ ਸੀ ਤਦ ਬੀ

ਕਬੀਰ ਸਾਹਿਬ ਸਨ, ਵਡੇ ਸਿਧ ਕਿ ਜਿਸ ਗਲ ਨੂੰ ਵਦ, ਪੁਰਾਣ ਬੀ ਨਹੀਂ ਜਾਣ ਸਕਦੇ ਹਨ ਓਸ ਨੂੰ ਕਬੀਰ ਜਾਂਣਦੇ ਸਨ, ਸੱਚਾ ਰਸਤਾ ਹੈ, ਸੋ ਕਬੀਰ ਹੀ ਨੈ ਵਿਖਾਇਆ ਹੈ, ਇਨ੍ਹਾਂ ਦਾ ਮੰਤ੍ਰ 'ਸਤ ਨਾਮ ਕਬੀਰ' ਆਦੀ ਹੈ।

(ਉਤ੍ਰ) ਪਥੱਰ ਆਦੀ ਨੂੰ ਛਡ ਪਲੰਘ, ਗੱਦੀ, ਤਕੀਏ, ਖੜਾਵਾਂ ਜਯੋਤੀ, ਅਰਥਾਤ ਦੀਵਾ, ਆਦੀ ਦਾ ਪੂਜਣਾ ਪਥੱਰ ਮੂਰਤੀ ਨਾਲੋਂ ਘਟ ਨਹੀਂ, ਕੀ ਕਬੀਰ ਸਾਹਿਬ ਭਨੂਗਾ ਸੀ ਵਾ ਕਲੀਆਂ ਸੀ? ਜੋ ਫੁਲਾਂ ਥੀਂ ਜੰਮਿਆ, ਅਰ ਅੰਤ ਵਿਚ ਫੁਲ ਹੋਗਿਆ, ਇੱਥੇ ਜੋ ਇਹ ਗਲ ਸੁਣੀ ਜਾਂਦੀ ਹੈ ਓਹੀ ਸੱਚੀ ਹੋਵੇਗੀ, ਕਿ ਕੋਈ ਜੁਲਾਹ ਕਾਂਸ਼ੀ ਵਿਚ ਰਹਿੰਦਾ ਸੀ, ਓਸਦੇ ਬਾਲ ਬੱਚੇ ਨਹੀਂ ਸਨ, ਇਕ ਸਮੇਂ ਥੋੜੀ ਜਹੀ ਰਾਤ ਸੀ ਇਕ ਗਲੀ ਵਿਚ ਚਲਿਆ ਜਾਂਦਾ ਸੀ ਤਾਂ ਵੇਖਿਆ ਸੜਕ ਦੇ ਕੰਢੇ ਇਕ ਟੋਕਰੀ ਵਿਚ ਫੁਲਾਂ ਦੇ ਵਿਚ ਉਸੇ ਰਾਤਦਾ ਜਮਿਆ ਬਾਲਕ ਸੀ, ਉਹ ਓਸ ਨੂੰ ਚੁਕ ਕੇ ਲੈ ਗਇਆ, ਅਪਣੀ ਇਸਤ੍ਰੀ ਨੂੰ ਦਿਤਾ, ਓਸ ਨੈ ਪਾਲਿਆ, ਜਦ ਉਹ ਵਡਾ ਹੋਇਆ ਤਦ ਜੁਲਾਹੇ ਦਾ ਕੰਮ ਕਰਦਾ ਸੀ, ਕਿਸੇ ਪੰਡਤ ਦੇ ਕੋਲ ਸੰਸਕ੍ਰਿਤ ਪੜਨ ਵਾਸਤੇ ਗਿਆ, ਓਸਨੈ ਓਸਦਾ ਅਪਮਾਂਨ ਕੀਤਾ, ਕਿਹਾ ਕਿ ਅਸੀਂ ਜੁਲਾਹੇ ਨੂੰ ਨਹੀਂ ਪੜਾਂਦੇ, ਇਸੇ ਤਰਾਂ ਕਿੱਨੇ ਪੰਡਤਾਂ ਦੇ ਕੋਲ ਗਿਆ ਪ੍ਰੰਤੂ ਕਿਸੇ ਨੈ ਨਾ ਪੜਾਇਆ, ਤਦ ਉਟ ਪਟੰਗ ਭਾਸ਼ਾ ਬਣਾਕੇ ਜੁਲਾਹੇ ਆਦੀ ਨੀਚ ਲੋਗਾਂ ਨੂੰ ਸਮਝਾਣ ਲਗਾ, ਤੰਬੂਰਾ ਲੈਕੇ ਗਾਉਂਦਾ ਸੀ ਭੁਜਨ ਬਣਾਉਂਦਾ ਸੀ, ਵਸ਼ੇਸ਼ ਕਰਕੇ ਬ੍ਰਾਹਮਣਾ, ਸ਼ਾਸਤ੍ਰ ਅਰ ਵੇਦ ਦੀ ਨਿੰਦਿਆ ਕਰਦਾ ਸੀ, ਕੁਝ ਮੂਰਖ ਲੋਗ ਓਸਦੇ ਜਾਲ ਵਿਚ ਫਸ ਗਏ, ਜਦ ਮਰਗਿਆ ਤਾਂ ਲੋਕਾਂ ਨੈ ਓਸ ਨੂੰ ਸਿਧ ਬਣਾਲਿਆ, ਜੋ ਜੋ ਓਸਨੈ ਜੀਉਂਦੇ ਜੀ ਬਣਾਇਆ ਸੀ ਓਸ ਨੂੰ ਓਸਦੇ ਚੇਲੇ ਪੜਦੇ ਰਹੇ, ਕੰਨਾ ਵਿਚ ਉਂਗਲੀਆਂ ਦੇਕੇ ਜੋ ਸ਼ਬਦ ਸੁਣਿਆਂ ਜਾਂਦਾਹੈ ਓਸ ਨੂੰ ਅਨਹਦ ਸ਼ਬਦ ਸਿਧਾਂਤ ਠਰਾਇਆ, ਮਨ ਦੀ ਬ੍ਰਿੱਤੀ ਨੂੰ ਸੁਰਤੀ ਕਹਿੰਦੇ ਹਨ, ਓਸਨੂੰ ਓਸ ਸ਼ਬਦ ਸੁਣਨ ਵਿਚ ਲਗਾਣਾ, ਉਸੇ ਨੂੰ ਸੰਤ ਅਰ ਪਰਮੇਸ਼੍ਵਰ ਦਾ ਧਿਆਨ ਬਤਾਉਂਦੇ ਹਨ, ਓਥੇ ਕਾਲ ਨਹੀਂ ਪੁਜਦਾ, ਬਰਛੀ ਵਾਕਣ ਟਿੱਕਾ ਅਰ ਚਨੱਣ ਆਦੀ ਲਕੱੜ ਦੀ ਕੰਠੀ ਬਨ੍ਹਦੇ ਹਨ, ਭਲਾ ਵਿਚਾਰਕੇ ਵੇਖੋ! ਕਿ ਇਨ੍ਹਾਂ ਗਲੱਾਂ ਥੀਂ ਆਤਮਾਂ ਦੀ ਉਨੱਤੀ ਅਰ ਗਿਆਂਨ ਕੀ ਵਧ ਸਕਦਾ ਹੈ? ਇਹ ਨਿਰੀ ਮੁੰਡਿਆਂ ਦੀ ਖਡ ਵਾਕਣ ਲੀਲਾ ਹੈ।

(ਪ੍ਰਸ਼ਨ) ਪੰਜਾਬ ਦੇਸ਼ ਵਿਚ ਨਾਨਕ ਜੀ ਨੈ ਇਕ ਮਾਰਗ ਚਲਾਇਆ ਹੈ ਕਿਉਂਕਿ ਉਹ ਬੀ ਮੂਰਤੀ ਦਾ ਖੰਡਨ ਕਰਦੇ ਸਨ, ਮੁਸਲਮਾਨ ਹੋਣ ਥੀਂ ਬਚਾਏ, ਉਹ ਸਾਧੂ ਬੀ ਨਹੀਂ ਹੋਏ ਕਿੰਤੂ ਗ੍ਰਹਸਤੀ ਬਣੇ ਰਹੇ, ਵੇਖੋ ਉਨ੍ਹਾਂ

ਨੇ ਇਹ ਮੰਤ੍ਰ ਉਪਦੇਸ਼ ਕੀਤਾ ਹੈ ਏਥੋਂ ਹੀ ਮਲੂਮ ਹੁੰਦਾ ਹੈ ਕਿ ਉਨ੍ਹਾਂ ਦਾ ਆਸ਼ਾ ਚੰਗਾ ਸੀ।

**ੴ ਸਤਨਾਮ, ਕਰਤਾਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤ, ਅਜੂਨੀ ਸੈਭੰਗ, ਗੁਰਪ੍ਰਸਾਦ ਜਪ, ਆਦਿ ਸਚ, ਜੁਗਾਦ ਸਚ, ਹੈ ਭੀ ਸਚ, ਨਾਨਕ ਹੋਸੀ ਭੀ ਸਚ॥**

ੴ ਜਿਸਦਾ ਸੱਚਾ ਨਾਮ ਹੈ ਉਹ ਕਰਤਾ ਪੁਰਖ, ਭੈ, ਅਰ ਵੈਰ ਥੀਂ ਰਹਿਤ, ਅਕਾਲ ਮੂਰਤ, ਜੋ ਕਾਲ ਵਿਚ ਅਰ ਜੂਨੀ ਵਿਚ ਨਹੀਂ ਆਉਂਦਾ, ਪ੍ਰਕਾਸ਼ਮਾਨ ਹੈ, ਓਸਦਾ ਜਪ ਗੁਰੂ ਦੀ ਕ੍ਰਿਪਾ ਨਾਲ ਕਰ, ਓਹ ਪਰਮੇਸ਼੍ਵਰ ਆਦ ਵਿਚ ਸਚ, ਸੀ, ਜੁਗਾਂਦੇ ਆਦ ਵਿਚ ਸੱਚ, ਵਰਤਮਾਂਨ ਵਿਚ ਸਚ, ਅਰ ਹੋਸੀ ਬੀ ਸਚ।

( ਉਤ੍ਰ ) ਨਾਨਕ ਜੀਦਾ ਆਸ਼ਾ ਤਾਂ ਚੰਗਾ ਸੀ, ਪਰ ਵਿਦਿਆ ਕੁਝ ਬੀ ਨਹੀਂ ਸੀ, ਹਾਂ ਭਾਖਾ ਓਸ ਦੇਸ਼ ਦੀ ਜੋ ਕਿ ਪਿੰਡਾਂਦੀ ਹੈ ਓਸਨੂੰ ਜਾਂਣਦੇ ਸਨ, ਵੇਦ ਆਦੀ ਸ਼ਾਸਤ੍ਰ ਅਰ ਸੰਸਕ੍ਰਿਤ ਕੁਝ ਬੀ ਨਹੀਂ ਜਾਣਦੇ ਸਨ, ਜੇ ਜਾਣਦੇ ਹੁੰਦੇ ਤਾਂ ਨਿਰ ਭੈ ਸ਼ਬਦ ਨੂੰ ਨਿਰਭਉ ਕਿਉਂ ਲਿਖਦੇ? ਅਰ ਏਸਦਾ ਦ੍ਰਿਸ਼ਟਾਂਤ ਉਨ੍ਹਾਂ ਦਾ ਬਣਾਇਆ ਸੰਸਕ੍ਰਿਤੀ ਸਤੋਤ੍ਰ ਹੈ, ਚਾਂਹਿਦੇ ਸਨ ਕਿ ਮੈਂ ਬੀ ਸੰਸਕ੍ਰਿਤ ਵਿਚ ਪੈਰ ਅੜਾਵਾਂ, ਪ੍ਰੰਤੂ ਬਿਨਾ ਪੜ੍ਹਿਆਂ ਸੰਸਕ੍ਰਿਤ ਕੀਕਣ ਆ ਸਕਦੀ ਹੈ? ਹਾਂ ਉਨ੍ਹਾਂ ਪੇਂਡੂਆਂ ਦ ਸਾਮਣੇ ਜਿਨ੍ਹਾਂ ਨੇ ਸੰਸਕ੍ਰਿਤ ਕਦੀ ਸੁਣੀ ਬੀ ਨਹੀ ਸੀ ਸੰਸਕ੍ਰਿਤ ਬਣਾਕੇ ਸੰਸਕ੍ਰਿਤ ਦੇ ਬੀ ਪੰਡਤ ਬਣ ਗਏ ਹੋਂਨਗੇ, ਇਹ ਗਲ ਅਪਣੇ ਮਾਨ, ਪ੍ਰਤਿਸ਼ਟਾ, ਅਰ ਅਪਣੀ ਮਸ਼ਹੂਰੀ ਦੀ ਇਛਿਆ ਦੇ ਬਗੈਰ ਕਦੀ ਨਾ ਕਰਦੇ, ਉਨ੍ਹਾਂ ਨੂੰ ਅਪਣੀ ਪ੍ਰਤਿਸ਼ਟਾ ਦੀ ਇਛਿਆ ਜਰੂਰ ਸੀ, ਨਹੀ ਤਾਂ ਜੇਹੋਜਹੀ ਬੋਲੀ ਜਾਂਣਦੇ ਸਨ ਕਹਿੰਦੇ ਰਹਿੰਦੇ, ਅਰ ਇਹ ਬੀ ਕਹ ਦਿੰਦੇ ਕਿ ਮੈਂ ਸੰਸਕ੍ਰਿਤ ਨਹੀ ਪੜ੍ਹਿਆ, ਜਦ ਕੁਝ ਅਭਮਾਨ ਸੀ ਤਾਂ ਮਾਨ ਪ੍ਰਤਿਸ਼ਟਾ ਦੇ ਵਾਸਤੇ ਕੁਝ ਦੰਭ ਬੀ ਕੀਤਾ ਹੋਵੇ ਗਾ, ਏਸ ਲਈ ਉਨ੍ਹਾਂ ਦੇ ਗ੍ਰੰਥ ਵਿਚ ਜਿਥੇ ਕਿਥੇ ਵੇਦਾਂ ਦੀ ਨਿੰਦਿਆ ਅਰ ਉਸਤਤੀ ਬੀ ਹੈ, ਕਿਉਂਕਿ ਜੇ ਏਸਤਰਾਂ ਨਾ ਕਰਦੇ ਤਾਂ ਉਨ੍ਹਾਂ ਕੋਲੋਂ ਬੀ ਕੋਈ ਵੇਦ ਦਾ

ਅਰਥ ਪੜ੍ਹਦਾ ਜਦ ਨਾ ਆਉਂਦਾ ਤਦ ਪ੍ਰਤਿਸ਼ਟਾ ਨਸ਼ਟ ਹੁੰਦੀ, ਏਸ ਲਈ ਪਹਿਲੋਂ ਹੀ ਅਪਣੇ ਚੇਲਿਆਂ ਦੇ ਸਾਮਣੇ ਕਿਧਰੇ ਕਿਧਰੇ ਵੇਦਾਂ ਦੇ ਵਿਰੁਧ ਬੋਲਦੇ ਸਨ, ਅਰ ਕਿਧਰੇ ਕਿਧਰੇ ਵੇਦਾਂ ਦੇ ਵਾਸਤੇ ਅੱਛਾ ਬੀ ਕਹਿਆ ਹੈ ਕਿਉਂਕਿ ਜੋ ਕਿਧੇ ਅਛਾ ਨਾ ਕਹਿੰਦੇ ਤਾਂ ਲੋਕ ਉਨ੍ਹਾਂ ਨੂੰ ਨਾਸਤਿਕ ਕਹਿੰਦੇ ਜਿਸਤਰਾਂ:—

**ਵੇਦ ਪੜਤ ਬ੍ਰਹਮਾ ਮਰੇ ਚਾਰੋਂ ਵੇਦ ਕਹਾਣੀ ਸੰਤਕੀ ਮਹਿਮਾ ਵੇਦ ਨ ਜਾਂਨੀ, ਬ੍ਰਹਮ ਗਿਆਂਨੀ ਆ-ਪ ਪ੍ਰਮੇਸ੍ਵਰ**

ਕੀ ਵੇਦ ਪੜ੍ਹਨ ਵਾਲੇ ਮਰ ਗਏ ਅਰ ਨਾਨਕ ਜੀ ਆਦੀ ਅਪਣੇ ਨੂੰ ਅਮਰ ਸਮਝਦੇ ਸੀ? ਕੀ ਉਹ ਨਹੀਂ ਮਰਗਏ? ਵੇਦ ਤਾਂ ਸਭ ਵਿਦਿਆਂ ਦਾ ਭੰਡਾਰ ਹੈ, ਪ੍ਰੰਤੂ ਜੋ ਚਹੁੰ ਵੇਦਾਂ ਨੂੰ ਕਹਾਣੀ ਕਹੇ ਓਸਦੀਆਂ ਸਭ ਗੱਲਾਂ ਕਹਾਣੀ ਹਨ, ਜੇ ਮੂਰਖਾਂ ਦਾ ਨਾਮ ਸੰਤ ਹੁੰਦਾ ਹੈ ਤਾਂ ਉਹ ਵਿਚਾਰੇ ਵੇਦਾਂ ਦੀ ਮਹਮਾ ਕਦੀ ਨਹੀ ਜਾਣ ਸਕਦੇ, ਜੇ ਨਾਨਕ ਜੀ ਵੇਦਾਂ ਦਾ ਹੀ ਮਾਨ ਕਰਦੇ ਤਾਂ ਉਨ੍ਹਾਂ ਦਾ ਸੰਪ੍ਰਦਾ ਨ ਚਲਦਾ, ਨਾ ਉਹ ਗੁਰੂ ਬਣ ਸਕਦੇ ਸਨ, ਕਿਉਂਕਿ ਸੰਸਕ੍ਰਿਤ ਵਿਦਿਆ ਤਾਂ ਪੜੇ ਹੀ ਨਹੀਂ ਸਨ ਤਾਂ ਦੂਜੇ ਨੂੰ ਪੜਾਕੇ ਚੇਲਾ ਕਿਸ-ਤਰਾਂ ਬਣਾ ਸਕਦੇ ਸਨ, ਇਹ ਸਚ ਹੈ ਕਿ ਜਿਸ ਸਮੇਂ ਨਾਨਕ ਜੀ ਪੰਜਾਬ ਵਿਚ ਹੋਏ ਸਨ ਓਸ ਸਮੇਂ ਪੰਜਾਬ ਸੰਸਕ੍ਰਿਤ ਵਿਦਿਆ ਥੀਂ ਸਰਬਥਾ ਰਹਿਤ ਅਰ ਮੁਸਲਮਾਨਾਂ ਥੀਂ ਪੀੜਤ ਸੀ, ਓਸ ਸਮੇਂ ਉਨ੍ਹਾਂ ਨੇ ਕੁਝ ਲੋਕਾਂ ਨੂੰ ਬਚਾਇਆ, ਨਾਨਕ ਜੀਦੇ ਸਾਮਣੇ ਕੁਝ ਉਨ੍ਹਾਂ ਦਾ ਸੰਪ੍ਰਦਾ ਵਾ ਬਹੁਤ ਸਾਰੇ ਸਿਖ ਨਹੀਂ ਹੋਏ ਸਨ, ਕਿਉਂਕਿ ਅਵਿਦਵਾਨਾਂ ਵਿਚ ਇਹ ਚਾਲ ਹੈ ਕਿ ਮਰੇ ਪਿਛੇ ਉਨ੍ਹਾਂ ਨੂੰ ਸਿਧ ਬਣਾ ਲੈਂਦੇ ਹਨ ਪਿਛੋਂ ਬਹੁਤ ਸਾਰਾ ਮਹਾਤਮ ਕਰਕੇ ਈਸ਼੍ਵਰ ਦਾ ਨਿਆਈਂ ਮੰਨ ਲੈਂਦੇ ਹਨ, ਹਾਂ ਨਾਨਕ ਜੀ ਬਡੇ ਧਨਵਾਂਨ, ਅਰ ਅਮੀਰ ਬੀ ਨਹੀਂ ਸਨ, ਪ੍ਰੰਤੂ ਉਨ੍ਹਾਂ ਦੇ ਚੇਲਿਆਂ ਨੇ ਨਾਨਕ ਚੰਦ੍ਰੋਦੈ ਅਰ ਜਨਮ ਸਾਖੀ ਆਦੀ ਵਿਚ ਵਡੇ ਸਿਧ ਅਰ ਵਡੇ ਈਸ਼੍ਵਰਜ ਵਾਲੇ ਸਨ ਲਿਖਿ-ਆ ਹੈ, ਨਾਨਕ ਜੀ ਬ੍ਰਹਮਾ ਆਦੀ ਨੂੰ ਮਿਲੇ, ਬਡੀਆਂ ਗਲਾਂ ਕੀਤੀਆਂ, ਸਭਨੇ ਇਨ੍ਹਾਂ ਦਾ ਮਾਨ ਕੀਤਾ, ਨਾਨਕ ਜੀਦੇ ਵਿਆਹ ਵਿਚ ਬਹੁਤ ਸਾਰੇ ਘੋੜੇ, ਰਥ, ਹਾਥੀ, ਸੋਨੇ, ਚਾਂਦੀ, ਮੋਤੀ, ਪੰਨਾ, ਆਦੀ ਰਤਨਾ ਨਾਲ ਜੜੇ ਹੋਏ ਅਰ ਅਮੋਲਕ ਰਤਨਾਂ ਦਾ ਪਾਰਾਵਾਰ ਨਹੀਂ ਸੀ ਲਿਖਿਆ ਹੈ, ਭਲਾ ਇਹ ਗਪੋੜੇ ਨਹੀਂ ਤਾਂ ਕੀ ਹਨ? ਏਸ ਵਿਚ ਇਨ੍ਹਾਂ ਦੇ ਚੇਲਿਆਂ ਦਾ ਦੋਸ਼ ਹੈ

ਨਾਨਕ ਜੀ ਦਾ ਨਹੀਂ,ਦੂਜਾ ਜੋ ਉਨ੍ਹਾਂ ਦੇ ਪਿੱਛੇ ਉਨ੍ਹਾਂ ਦੇ ਪੁਤ੍ਰ ਥੋਂ ਉਦਾਸੀ ਚਲੇ ਅਰ ਰਾਮਦਾਸ ਆਦੀ ਥੀਂ ਨਿਰਮਲੇ,ਕਿਨੇ ਹੀ ਗਦੀ ਵਾਲਿਆਂ ਨੈ ਭਾਖਾ ਬਣਾਕੇ ਗ੍ਰੰਥ ਵਿਚ ਰਖੀ ਹੈ ਅਰਥਾਤ ਇਨ੍ਹਾਂ ਦਾ ਗੁਰੂ ਗੁਬਿੰਦਸਿੰਘ ਦਸਵਾਂ ਹੋਇਆਹੈਉਨ੍ਹਾਂ ਦੇ ਪਿੱਛੇ ਓਸ ਗ੍ਰੰਥ ਵਿਚ ਕਿਸੇਦੀਭਾਖਾ,ਨਹੀਂ ਮਿਲਾਈ ਗਈ, ਕਿੰਤੂਓਥੋਂ ਤਿਕ ਜਿਨੇ ਛੋਟੇ ੨ ਪੁਸਤਕ ਸਨ ਉਨ੍ਹਾਂ ਸਭਨਾਂ ਨੂੰ ਇਕਠਾਂ ਕਰਕੇ ਜਿਲਦ ਬਨ੍ਹਵਾ ਦਿੱਤੀ,ਇਨ੍ਹਾਂ ਲੋਕਾਂ ਨੇ ਬੀ ਨਾਨਕ ਜੀ ਦੇ ਪਿਛੋਂ ਬਹੁਤ ਸਾ-ਰੀ ਭਾਖਾ ਬਣਾਈ, ਕਿਨਿਆਂ ਨੇ ਹੀ ਨਾਨਾ ਪ੍ਰਕਾਰ ਦੀ ਪੁਰਾਣਾਂ ਦੀਮਿਥਿਆ ਕਥਾਂ ਦੇ ਤੁਲ ਬਣਾ ਦਿਤੇ,ਪ੍ਰੰਤੂ ਬ੍ਰਹਮਗਿਆਨੀ ਆਪ ਪਰਮੇਸ਼ੂਰ ਬਣਕੇ ਓਸ ਉੱਤੇ ਕਰਮ ਉਪਾਸ਼ਨਾ ਛਡਕੇ ਇਨ੍ਹਾਂ ਦੇ ਚੇਲੇ ਝੁਕਦੇ ਆਏ,ਏਸ ਨੇ ਬਹੁਤ ਵਿਗਾੜ ਕਰ ਦਿਤਾ, ਨਹੀਂ ਤਾਂ ਜੋ ਨਾਨਕ ਜੀ ਨੇ ਕੁਝ ਭਗਤੀ ਵਸ਼ੇਸ਼ ਈਸ਼ੂਰ ਦੀ ਲਿਖੀ ਸੀ ਓਸਨੂੰ ਕਰਦੇ ਆਉਂਦੇ ਤਾਂ ਚੰਗਾ ਸੀ । ਹੁਣ ਉਦਾਸੀ ਕਹਿੰਦੇ ਹਨ ਅਸੀਂ ਵੱਡੇ,ਨਿਰਮਲੇ ਕਹਿੰਦੇ ਹਨ ਅਸੀਂ ਵੱਡੇ,ਅਕਾਲੀ ਤਥਾ ਸੁਥਰੇ ਸ਼ਾਹੀ ਕਹਿੰਦੇ ਹਨ ਕਿ ਸਭ ਤੋਂ ਵੱਡੇ ਅਸੀਂ ਹਾਂ, ਇਨ੍ਹਾਂ ਵਿਚ ਗੁਬਿੰਦ ਸਿੰਘਜੀ ਸੂਰਬੀਰ ਹੋਏ ਹਨ,ਜੋ ਮੁਸਲਮਾਨਾਂ ਨੇ ਓਨ੍ਹਾਂ ਦੇ ਵਡਿਆਂ ਨੂੰ ਬਹੁਤ ਸਾਰਾ ਦੁਖ ਦਿੱਤਾ ਸੀ ਉਨ੍ਹਾਂ ਕੋਲੋਂ ਵੈਰ ਲੈਣਾ ਚਾਹਿੰਦੇ ਸਨ, ਪ੍ਰੰਤੂ ਇਨ੍ਹਾਂ ਦੇ ਪਾਸ ਕੁਝ ਸਮਿਆਂਨ ਨਹੀਂ ਸੀ, ਅਰ ਉਧਰ ਮੁਸਲਮਾਨਾ ਦੀ ਬਾਦਸ਼ਾਹੀ ਜੋਰ ਵਿਚ ਸੀ, ਇਨ੍ਹਾਂ ਨੇ ਇਕ ਪੁਰਸਚਰਨ ਕਰਵਾਇਆ, ਪ੍ਰਸਿਧੀ ਕੀਤੀ ਕਿ ਮੈਨੂੰ ਦੇਵੀ ਨੇ ਵਰ, ਅਰ ਤਲਵਾਰ ਦਿੱਤੀ ਹੈ ਕਿ ਤੁਸੀਂ ਮੁਸਲਮਾਨਾਂ ਨਾਲ ਲੜੋ, ਤੁਹਾਡੀ ਜਿਤ ਹੋਵੇਗੀ, ਬਹੁਤਸਾਰੇ ਲੋਗ ਉਨ੍ਹਾਂ ਦੇ ਸਾਥੀ ਹੋਗਏ, ਅਰ ਉਨ੍ਹਾਂ ਨੇ ਜਿਸਤਰਾਂ ਵਾਮਮਾਰਗੀਆਂ ਨੇ ਪੰਜ ਮਕਾਰ, 'ਚਕ੍ਰਾਂਕਤਾਂ' ਨੇ ਪੰਜ 'ਸੰਸਕਾਰ' ਚਲਾਏ ਸਨ, ਉਸੇ ਤਰਾਂ ਪੰਜ 'ਕਕਾਰ' ਅਰਥਾਤ ਇਨ੍ਹਾਂ ਦੇ ਪੰਜ 'ਕਕਾਰ' ਲੜਾਈ ਦੇ ਕੰਮ ਦੇ ਸਨ, ਇਕ 'ਕੇਸ' ਅਰਥਾਤ ਜਿਸਦੇ ਰਖਣ ਨਾਲ ਲੜਾਈ ਵਿਚ ਸੋਟੀ ਅਰ ਤਲਵਾਰ ਥੀਂ ਕੁਝ ਬਚਾ ਹੋਵੇ। ਦੂਜਾ 'ਕੰਙਣ' ਜੋ ਸਿਰਦੇ ਉਪਰ ਪਗੜੀ ਵਿਚ ਅਕਾਲੀ ਲੋਕ ਰਖਦੇ ਹਨ, ਅਰ ਹਥ ਵਿਚ 'ਕੜਾ' ਜਿਸ ਕਰਕੇ ਹਥ ਅਰ ਸਿਰ ਬਚ ਸੱਕੇ, ਤੀਜਾ 'ਕਛ' ਅਰਥਾਤ ਗੋਡਿਆਂ ਦੇ ਉਪੱਰ ਇਕ ਜਾਂਘੀਆ ਕਿ ਜੋ ਦੌੜਨ ਅਰ ਕੁਦੱਣ ਵਿਚ ਚੰਗਾ ਹੁੰਦਾ ਹੈ, ਬਹੁਤ ਕਰਕੇ ਅਖਾੜੇ ਦੇ ਪਲਵ੍ਹਾਂਨ ਅਰ ਨਟ ਬੀ ਏਸ ਨੂੰ ਏਸ ਵਾਸਤੇ ਪਾਂਦੇ ਹਨ ਕਿ ਜਿਸ ਕਰਕੇ ਸ਼ੀਰ ਦਾ ਮਰਮ ਸਥਾਂਨ ਬਚਿਆ ਰਹੇ, ਅਰ ਅਟਕਾਉ ਨਾ ਹੋਵੇ, ਚੌਥਾ 'ਕੰਘਾ' ਕਿ ਜਿਸ ਨਾਲ ਵਾਲ ਸੁਧਰਦੇ ਹਨ, ਪੰਜਵੀਂ 'ਕਰਦ' ਕਿ ਜਿਸ ਕਰਕੇ ਦੁਸ਼ਮਣ ਨਾਲ ਲੜਾਈ ਭੜਾਈ ਹੋਂਦ ਨਾਲ ਲੜਾਈ ਵਿਚ ਕੰਮ ਆਵੇ, ਏਸ ਲਈ ਇਹ ਰੀਤੀ ਗੋਬਿੰਦ ਸਿੰਘ ਜੀਨੇ ਅਪਣੀ ਬੁਧ ਮਤਾ ਨਾਲ ਓਸ ਸਮੇਂ ਦੇ ਵਾਸਤੇ

ਕੀਤੀ ਸੀ। ਹੁਣ ਏਸ ਸਮੇਂ ਵਿਚ ਉਨਾਂ ਦਾ ਰਖਣਾ ਕੁਝ ਕੰਮ ਦੀ ਗਲ ਨਹੀਂ, ਪ੍ਰੰਤੂ ਜੋ ਜੁਧ ਦੇ ਪ੍ਰੋਜਨ ਵਾਸਤੇ ਬਾਤਾਂ ਕਰਨੀਆਂ ਸਨ ਉਨ੍ਹਾਂ ਨੂੰ ਧਰਮ ਦੇ ਨਾਲ ਮਨ ਲੀਤੀਆਂ ਹਨ ॥

ਮੂਰਤੀ ਪੂਜਾ ਤਾਂ ਨਹੀਂ ਕਰਦੇ ਕਿੰਤੂ ਓਸ ਤੋਂ ਵਧੀਕ ਗ੍ਰੰਥ ਦੀ ਪੂਜਾ ਕਰਦੇ ਹਨ। ਕੀ, ਇਹ ਮੂਰਤੀ ਪੂਜਾ ਨਹੀਂ ਹੈ? ਕਿਸੇ ਜੜ ਪਦਾਰਥ ਦੇ ਸਾਮਣੇ ਮੱਥਾ ਟੇਕਣਾ ਵਾ ਓਸਦੀ ਪੂਜਾ ਕਰਨੀ ਸਭ ਮੂਰਤੀ ਪੂਜਾ ਹੈ, ਜਿਸ ਤਰਾਂ ਮੂਰਤੀ ਵਾਲਿਆਂ ਨੇ ਅਪਨੀ ਦਕਾਂਨ ਜਮਾਕੇ ਜੀਵਕਾ ਠਰਾਈ ਹੈ ਉਸੇ ਤਰਾਂ ਇਨ੍ਹਾਂ ਲੋਕਾਂ ਨੇ ਬੀ ਠਰਾਈ ਹੈ, ਜਿਸਤਰਾਂ ਪੁਜਾਰੀ ਲੋਕ ਮੂਰਤੀ ਦਾ ਦਰਸ਼ਨ ਕਰਾਂਦੇ, ਭੇਟਾ ਲੈਂਦੇ ਹਨ ਉਸੇ ਤਰਾਂ ਨਾਨਕ ਪੰਥੀ ਲੋਕ ਗ੍ਰੰਥ ਦੀ ਪੂਜਾ ਕਰਦੇ, ਕਰਾਂਦੇ, ਭੇਟ ਬੀ ਚੜ੍ਹਾਂਵਦੇ ਹਨ, ਪ੍ਰੰਤੂ ਮੂਰਤੀ ਪੂਜਾ ਵਾਲੇ ਜਿੰਨਾ ਵੇਦ ਦਾ ਮਾਨ ਕਰਦੇ ਹਨ ਉਨਾਂ ਇਹ ਲੋਗ ਗ੍ਰੰਥ ਸਾਹਿਬ ਵਾਲੇ ਨਹੀਂ ਕਰਦੇ, ਹਾਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੇ ਵੇਦਾਂ ਨੂੰ ਨਾ ਸੁਣਿਆਂ ਨਾ ਵੇਖਿਆ, ਕੀ ਕਰਨ ਜੋ ਸੁਣਨ ਅਰ ਵੇਖਣ ਵਿਚ ਆਉਂਨ ਤਾਂ ਬੁਧਵਾਂਨ ਲੋਕ ਜੋਕਿ ਹਠ ਅਰ ਜਿਦ ਵਾਲੇ ਨਹੀਂ ਹਨ ਉਹ ਸਭ ਸੰਪ੍ਰਦਾ ਵਾਲੇ ਵੇਦ ਮਤ ਵਿਚ ਆ ਜਾਂਦੇ ਹਨ, ਇਨ੍ਹਾਂ ਸਾਰਿਆਂ ਨੇ ਭੋਜਨ ਦੀ ( ਛੋਹ ਛਾਹ ) ਦਾ ਬਖੇੜਾ ਬਹੁਤ ਸਾਰਾ ਹਟਾ ਦਿੱਤਾ ਹੈ ਜਿਸਤਰਾਂ ਏਸ ( ਛੋਹ ਛਾਹ) ਨੂੰ ਹਟਾਇਆ ਹੈ ਉਸੇ ਤਰਾਂ ਵਿਸ਼ੇ ਆਸਕਤੀ ਖੋਟੇ ਅਭਮਾਨ ਨੂੰ ਭੀ ਹਟਾਕੇ ਵੇਦ ਮਤ ਦੀ ਉਨੱਤੀ ਕਰਨ ਤਾਂ ਬਹੁਤ ਚੰਗੀ ਗਲ ਹੈ ॥

( ਪ੍ਰਸ਼ਨ ) ਦਾਦੂ ਪੰਥੀਆਂ ਦਾ ਮਾਰਗ ਤਾਂ ਚੰਗਾ ਹੈ ?

( ਉਤ੍ਰ ) ਚੰਗਾ ਤਾਂ ਵੇਦ ਮਾਰਗ ਹੈ ਜੇ ਪਕੜਿਆ ਜਾਵੇ ਤਾਂ ਪਕੜੋ ਨਹੀ ਤਾਂ ਸਦਾ ਗੋਤੇ ਖਾਂਦੇ ਰਹੋਂ ਗੇ, ਇਨਾਂ ਦੇ ਮਤ ਵਿਚ ਦਾਦੂ ਜੀਦਾ ਜਨਮ ਗੁਜਰਾਤ ਵਿਚ ਹੋਇਆ ਸੀ, ਫੇਰ ਜੈਪੁਰਦੇ ਪਾਸ ਅਜਮੇਰਵਿਚ ਰਹਿੰਦੇ ਸਨ, ਤੇਲੀ ਦਾ ਕੰਮ ਕਰਦੇ ਸਨ, ਈਸ਼੍ਵਰ ਦੀ ਸ੍ਰਿਸ਼ਟੀ ਦੀ ਵਚਿਤ੍ਰ ਲੀਲਾ ਹੈ ਕਿ ਦਾਦੂ ਜੀ ਬੀ ਪੁਜੀਣ ਲਗ ਗਏ, ਹੁਣ ਵੇਦ ਆਦੀ ਸ਼ਾਸਤ੍ਰਾਂ ਦੀਆਂ ਸਭ ਗੱਲਾਂ ਛਡਕੇ ਦਾਦੂ ਰਾਮ ਰਾਮ ਵਿਚ ਹੀ ਮੁਕਤੀ ਮਨ ਲੀਤੀ ਹੈ, ਜਦ ਸਚੱ ਉਪਦੇਸ਼ਕ ਨਹੀ ਹੁੰਦਾ ਤਦ ਅਜਹੇ ਅਜਹੇ ਹੀ ਬਖੇੜੇ ਚਲਿਆ ਕਰਦੇ ਹਨ ਥੋੜੇ ਦਿਨ ਹੋਏ ਰਾਮਸਨੇਹੀ ਮਤ ਸ਼ਾਹ-ਪੁਰਾ ਬੀਂ ਚਲਿਆ ਹੈ, ਉਨ੍ਹਾਂ ਨੇ ਵੇਦੋਕਤ ਧਰਮ ਨੂੰ ਛਡਕੇ ਰਾਮ ਰਾਮ ਪੁਕਾਰਨਾ ਚੰਗਾ ਮਨਿਆ ਹੈ, ਉਸੇ ਵਿਚ ਗਿਆਂਨ, ਧਿਆਂਨ ਮੁਕਤੀ ਮਨਦੇ ਹਨ, ਪ੍ਰੰਤੂ ਜਦ ਭੁਖ ਲਗਦੀ ਹੈ ਤਦ ਰਾਮ ਨਾਮ ਵਿਚੋਂ ਰੋਟੀ ਸਾਗ ਨਹੀ ਨਿਕਲਦਾ, ਕਿਉਂਕਿ ਦਾਲ ਰੋਟੀ ਆਦੀ ਤਾਂ ਗ੍ਰਿਹਸਥੀਆਂ ਦੇ ਘਰ ਵਿਚ ਹੀ ਮਿਲਦੀ ਹੈ, ਉਹਬੀ ਮੂਰਤੀ ਪੂਜਾ ਦੁਰਕਾਰਦੇ ਹਨ, ਪ੍ਰੰਤੂ ਆਪ

ਮੂਰਤੀ ਬਣ ਰਹੇ ਹਨ, ਇਸਤ੍ਰੀਆਂ ਦੇ ਸੰਗ ਵਿਚ ਬਹੁਤ ਰਹਿੰਦੇ ਹਨ ਕਿਉਂਕਿ ਰਾਮ ਜੀਨੂੰ ਰਾਮੀ ਦੇ ਬਿਨਾ ਅਨੰਦ ਨਹੀ ਮਿਲ ਸਕਦਾ।

ਇਕ ਰਾਮਚਰਣ ਨਾਮੀ ਸਾਧੂ ਹੋਇਆ ਹੈ, ਜਿਸਦਾ ਮਤ ਮੁਖ ਕਰਕੇ 'ਸ਼ਾਹਪੁਰਾ' ਸਥਾਨ ਮੇਵਾੜ ਥੀਂ ਚਲਿਆ ਹੈ, ਉਹ ਰਾਮ ਰਾਮ ਕਹਣ ਨੂੰ ਹੀ ਪਰਮ ਮੰਤ੍ਰ ਅਰ ਇਸੇ ਨੂੰ ਸਿਧਾਂਤ ਮਨਦੇ ਹਨ, ਉਨ੍ਹਾਂ ਦਾ ਇਕ ਗ੍ਰੰਥ ਕਿ ਜਿਸ ਵਿਚ ਸੰਤਦਾਸ ਜੀ ਆਦੀ ਦੀ ਬਾਣੀਆਂ ਹਨ ਏਸਤਰਾਂ ਲਿਖਦੇ ਹਨਃ ਉਨ੍ਹਾਂ ਦਾ ਬਚਨਃ-

**ਭ੍ਰਮ ਰੋਗ ਤਬ ਹੀ ਮਿਟਿਆ ਰਟਿਆ ਨਿਰੰਜਨ ਰਾਇ। ਤਬ ਜਮਕਾ ਕਾਗਜ ਫਟਿਆ ਕਟਿਆ ਕਰਮ ਤਬ ਜਾਇ॥**

ਹੁਣ ਬੁਧਵਾਨ ਲੋਕ ਵਿਚਾਰ ਲੈਨ ਕਿ ਰਾਮ ਰਾਮ ਕਹਣ ਥੀਂ ਭਰਮ ਜੋਕਿ ਅਗਿਆਨ ਹੈ ਵਾ ਯਮ ਰਾਜ ਦਾ ਪਾਪਦੇ ਅਨੁਸਾਰ ਡੰਡ, ਅਥਵਾ ਕੀਤੇ ਹੋਏ ਕਰਮ ਕਦੀ ਛੁਟ ਸਕਦੇ ਹਨ ਵਾ ਨਹੀ? ਇਹ ਨਿਰਾ ਮਨੁਖਾਂ ਦੇ ਪਾਪਾਂ ਵਿਚ ਫਸਣਾ ਅਰ ਮਨੁਖ ਜਨਮ ਨੂੰ ਨਸ਼ਟ ਕਰ ਦੇਣਾ ਹੈ। ਹੁਣ ਇਨ੍ਹਾਂ ਦਾ ਜੋ ਮੁਖ ਗੁਰੂ ਹੋਇਆ ਹੈ ਰਾਮਚਰਣ ਓਸਦੇ ਵਚਨਃ-

**ਮਹਮਾ ਨਾਮ ਪ੍ਰਤਾਪ ਕੀ ਸੁਣੋ ਸ਼ਰਵਣ ਚਿਤ ਲਾਇ। ਰਾਮਚਰਣ ਰਸਨਾ ਰਟੋ ਕਰਮ ਸਕਲ ਝੜ ਜਾਇ ॥ ਜਿਨ ਜਿਨ ਸੁਮਿਰਿਆ ਨਾਵ ਕੂੰ ਸੋ ਸਭ ਉਤ੍ਰਿਆ ਪਾਰ। ਰਾਮ ਚਰਣ ਜੋ ਵੀਸਰਿਆ ਸੋ ਹੀ ਜਮਕੇ ਦ੍ਵਾਰ॥ ਰਾਮ ਬਿਨਾ ਸਬ ਝੂਠ ਬਤਾਇਓ।**

**ਰਾਮ ਭਜਤ ਛੂਟਿਆ ਸਭ ਕ੍ਰਮਾ। ਚੰਦ ਅਰ ਸੂਰ ਦੇਇ ਪਰਕਮਾ ॥ ਰਾਮ ਕਹੇ ਤਿਨਕੂੰ ਭੈ**

ਨਾਹੀਂ । ਤੀਨ ਲੋਕ ਮੈਂ ਕੀਰਤੀ ਗਾਂਹੀ ॥
ਰਾਮ ਰਟਤ ਜਮ ਜੋਰ ਨ ਲਾਗੈ ॥
ਰਾਮ ਨਾਮ ਲਿਖ ਪਥੱਰ ਤਰਾਈ । ਭਗਤਿ ਹੇਤ ਅਉਤਾਰ ਹੀ ਧਰਹੀ ॥ ਊਚ ਨੀਚ ਕੁਲ ਭੇਦ ਵਿਚਾਰੈ । ਸੋ ਤੋ ਜਨਮ ਆਪਣੋ ਹਾਰੈ ॥ ਸੰਤਾ ਕੈ ਕੁਲ ਦੀਸੈ ਨਾਹੀਂ । ਰਾਮ ਰਾਮ ਕਹ ਰਾਮ ਸਮਹਾਹੀ ॥ ਐਸੋ ਕੁਣ ਜੋ ਕੀਰਤੀ ਗਾਵੈ । ਹਰੀ ਹਰ ਜਨ ਕੋ ਪਾਰ ਨਾ ਪਾਵੈ ॥ ਰਾਮ ਸੰਤਾਂ ਕਾ ਅੰਤ ਨਾ ਆਵੈ । ਆਪ ਆਪ ਕੀ ਬੁਧਿ ਸਮ ਗਾਵੈ ॥

## ਇਨ੍ਹਾਂ ਦਾ ਖੰਡਨ

ਪਹਿਲੋਂ ਤਾਂ ਰਾਮ ਚਰਣ ਆਦੀ ਦੇ ਗ੍ਰੰਥ ਵੇਖਣ ਥੀਂ ਮਲੂੰਮ ਹੁੰਦਾ ਹੈ ਕਿ ਇਹ ਪਿੰਡ ਦਾ ਰਹਣ ਵਾਲਾ ਇਕ ਸਿਧੱਾ ਸਾਧਾ ਮਨੁਖੱ ਸੀ, ਨਾ ਉਹ ਕੁਝ ਪੜ੍ਹਿਆ ਸੀ, ਨਹੋਂ ਤਾਂ ਅਜੇਹੀ ਗਪੜ ਚੌਥ ਕਿਉਂ ਲਿਖਦਾ, ਇਹ ਨਿਰਾ ਇਨ੍ਹਾਂ ਨੂੰ ਭਰਮ ਹੈ ਕਿ ਰਾਮ ਰਾਮ ਕਹਣ ਨਾਲ ਕਰਮ ਛੁਟ ਜਾਂਦੇ ਹਨ, ਨਿਰਾ ਇਹ ਅਪਣਾ ਅਰ ਦੂਜਿਆਂ ਦਾ ਜਨਮ ਗੁਆਂਦੇ ਹਨ, ਜਮ ਦਾ ਡਰ ਤਾਂ ਵਡਾ ਭਾਰਾ ਹੈ ਪ੍ਰੰਤੂ ਰਾਜਾ ਦੇ ਸਿਪਾਹੀ, ਚੋਰ, ਡਾਕੂ, ਬਘਿਹਾੜ, ਸਪ, ਅਠੂਹਾਂ, ਅਰ ਮਛੱਰ ਆਦੀ ਦਾ ਡਰ ਕਦੀ ਨਹੀਂ ਛੁਟਦਾ ਚਾਹੇ ਰਾਤੀਂ ਦਿਹਾਂ ਰਾਮ ਰਾਮ ਕੀਤਾ ਕਰੇ ਕੁਝ ਬੀ ਨਹੀਂ ਹੋਸੀ, ਜੀਕਣ ਸ਼ਕੱਰ ਸ਼ਕੱਰ ਕਹਣ ਨਾਲ ਮੂੰਹ ਮਿਠੱਾ ਨਹੀਂ ਹੁੰਦਾ ਉਕਣ ਸਚ ਬੋਲਣਾ ਆਦੀ ਕਰਮ ਕੀਤੇ ਬਿਨਾਂ ਰਾਮ ਰਾਮ ਕਹਣ ਥੀਂ ਕੁਝ ਬੀ ਨਾ ਹੋਸੀ, ਅਰ ਜੇਕਰ ਰਾਮ ਰਾਮ ਕਰਨਾ ਇਨ੍ਹਾਂ ਦਾ ਰਾਮ ਨਹੀਂ ਸੁਣਦਾ ਤਾਂ ਜਨਮ ਭਰ ਕਹਣ ਥੀਂ ਬੀ ਨਹੀਂ ਸੁਣਸੀ, ਅਰ ਜੇ ਸੁਣਦਾ ਹੈ ਤਾਂ ਦੂਜੀ ਵਾਰ ਬੀ ਰਾਮ ਰਾਮ ਕਹਣਾ ਨਿਕੰਮੱਾ ਹੈ । ਇਨ੍ਹਾਂ ਲੋਕਾਂ ਨੈ ਅਪਣਾ ਪੇਟ ਭਰਨੇ ਅਰ ਦੂਜਿਆਂ ਦਾ ਬੀ ਜਨਮ ਨਸ਼ਟ ਕਰਨ ਦੇ ਵਾਸਤੇ ਇਕ ਪਖੰਡ ਖਲਵਾਇਆ ਹੈ, ਸੋ

ਇਹ ਵਡਾ ਅਸਚਰਜ ਅਸੀ ਸੁਣਦੇ ਅਰ ਵੇਖਦੇ ਹਾਂ ਕਿ ਨਾਉਂ ਤਾਂ ਧਰਿਆ ਰਾਮ ਸਨੇਹੀ ਅਰ ਕੰਮ ਕਰਦੇ ਹਨ ਰਾਂਡ ਸਨੇਹੀ ਦਾ, ਜਿੱਥੇ ਵੇਖੋ ਉੱਥੇ ਰਾਂਡ ਹੀ ਰਾਂਡ ਸੰਤਾਂ ਨੂੰ ਘੇਰ ਰਹੀਆਂ ਹਨ, ਜੇਕਰ ਅਜਹੇ ਅਜਹੇ ਪਖੰਡ ਨਾ ਚਲਦੇ ਤਾਂ ਆਰਯਾਵਰਤ ਦੇਸ਼ ਦੀ ਦੁਰਦਸ਼ਾ ਕਿਉਂ ਹੁੰਦੀ ? ਇਹ ਅਪਣੇ ਚੇਲਿਆਂ ਨੂੰ ਜੂਠ ਖੁਆਂਦੇ ਹਨ, ਅਰ ਇਸਤ੍ਰੀਆਂ ਬੀ ਲੰਮੀਆਂ ਪੈਕੇ ਡੰਡੇ ਵਾਙੂ ਮਥਾ ਟੇਕਦੀਆਂ ਹਨ, ਅਰ ਇਕਾਂਤ ਵਿਚ ਬੀ ਇਸਤ੍ਰੀਆਂ ਅਰ ਸਾਧੂਆਂ ਦੀ ਬੈਠਕ ਹੁੰਦੀ ਰਹਿੰਦੀ ਹੈ । ਹੁਣ ਦੂਜੀ ਇਨ੍ਹਾਂ ਦੀ ਸ਼ਾਖਾ 'ਖੇੜਾਪਾ' ਪਿੰਡ ਮਾਰਵਾੜ ਦੇਸ਼ ਥੀਂ ਟੁਰੀ ਹੈ, ਉਸਦਾ ਇਤਹਾਸ—ਇਕ ਰਾਮ ਦਾਸ ਨਾਮ ਵਾਲਾ ਜਾਤ ਦਾ ਢੇਢ ਚਲਾਕ ਸੀ, ਉਸਦੀਆਂ ਦੋ ਇਸਤ੍ਰੀਆਂ ਸਨ, ਉਹ ਪਹਿਲਾਂ ਬਹੁਤ ਦਿਨ ਤਿਕ ਅਉਘੜ ਹੋਕੇ ਕੁਤਿਆਂ ਨਾਲ ਖਾਂਦਾ ਰਹਿਆ, ਪਿਛੇ ਵਾਮੀ ਕੂੰਡਾ ਪੰਥੀ, ਪਿਛੇ 'ਰਾਮਦੇਵ' ਦਾ 'ਕਾਮੜੀਯਾ*' ਬਣਿਆਂ, ਅਪਣੀ ਦੋਹਾਂ ਇਸਤ੍ਰੀਆਂ ਦੇ ਨਾਲ ਗਾਉਂਦਾ ਸੀ, ਏਸਤਰਾਂ ਫਿਰਦਾ ਫਿਰਦਾ 'ਸੀਥਲ†' ਵਿਚ ਢੇਢਾਂ ਦਾ ਗੁਰੂ 'ਰਾਮਦਾਸ' ਸੀ, ਉਸਨੂੰ ਮਿਲਿਆ, ਉਸਨੇ ਉਸਨੂੰ 'ਰਾਮਦੇਵ' ਦਾ ਪੰਥ ਦਸਕੇ ਅਪਣਾ ਚੇਲਾ ਬਣਾਇਆ, ਉਸ ਰਾਮਦਾਸ ਨੇ 'ਖੇੜਾਪਾ' ਪਿੰਡ ਵਿਚ ਜਗਹਿ ਬਣਾਈ, ਅਰ ਏਸਦਾ ਇਧਰ ਮਤ ਚਲਿਆ । ਉਧਰ ਸ਼ਾਹਪੁਰੇ ਵਿਚ ਰਾਮ ਚਰਣ ਦਾ, ਉਸਦਾ ਬੀ ਇਤਹਾਸ ਈਕਣ ਸੁਣਿਆ ਹੈ ਕਿ ਉਹ ਜੈਪੁਰ ਦਾ ਬਾਣੀਆਂ ਸੀ, ਉਸਨੇ 'ਦਾਂਤੜਾ' ਪਿੰਡ ਵਿਚ ਇਕ ਸਾਧੂ ਕੋਲੋਂ ਭੇਖ ਲਿਆ, ਅਰ ਉਸਨੂੰ ਗੁਰੂ ਕੀਤਾ, ਅਰ ਸ਼ਾਹਪੁਰੇ ਵਿਚ ਆਕੇ ਠਿਕਾਣਾ ਜਮਾਇਆ, ਭੋਲੇ ਮਨੁੱਖਾਂ ਵਿਚ ਪਖੰਡ ਦੀ ਜੜ੍ਹ ਜਲਦੀ ਜਮ ਜਾਂਦੀ ਹੈ ਜਮਗਈ।

ਇਨ੍ਹਾਂ ਸਾਰਿਆਂ ਵਿਚ ਉਪਰਦੇ ਰਾਮਚਰਣ ਦੇ ਬਚਨਾਂ ਦੇ ਪ੍ਰਮਾਣ ਥੀਂ ਚੇਲਾ ਕਰਕੇ ਉਚੇ ਨੀਵੇਂ ਦਾ ਕੁਝ ਫਰਕ ਨਹੀਂ, ਬ੍ਰਾਹਮਣ ਥੀਂ ਚੰਡਾਲ ਪਰਜੰਤ ਇਨ੍ਹਾਂ ਵਿਚ ਚੇਲੇ ਬਣਦੇ ਹਨ। ਹੁਣ ਬੀ ਕੂੰਡਾ-ਪੰਥੀ ਜੇਹੇ ਹੀ ਹਨ, ਕਿਂਉਕਿ ਮਿਟੀ ਦੇ ਕੂੰਡਾਂ ਵਿਚ ਹੀ ਖਾਂਦੇ ਹਨ,

---

*ਰਾਜਪੂਤਾਨੇ ਵਿਚ ਚਮਿਆਰ ਲੋਗ ਭਗਵੇ ਕਪੜੇ ਰੰਗਕੇ ਰਾਮ-ਦੇਵ ਆਦੀ ਦੇ ਗੀਤ ਜਿਨ੍ਹਾਂ ਨੂੰ ਉਹ ਸ਼ਬਦ ਕਹਿੰਦੇ ਹਨ ਚਮਿਆਰਾਂ ਅਰ ਹੋਰੀ ਜਾਤੀਆਂ ਨੂੰ ਸੁਣਾਂਦੇ ਹਨ ਉਹ ਕਾਮੜੀਏ ਅਖਵਾਂਦੇ ਹਨ।

†ਸੀਥਲ 'ਜਉਧਪੁਰ' ਦੇ ਰਾਜ ਵਿਚ ਇਕ ਵਡਾ ਪਿੰਡ ਹੈ।

ਹੋਰ ਸਾਧੂਆਂ ਦੀ ਜੂਠ ਖਾਂਦੇ ਹਨ, ਵੇਦ ਧਰਮ ਥੀਂ ਮਾਂ, ਪਿਉ ਸੰਸਾਰ ਦੇ ਵਿਹਾਰ ਥੀਂ ਬਕਾਕੇ ਛੁਡਾ ਦਿੰਦੇ, ਅਰ ਚੇਲਾ ਬਣਾ ਲੈਂਦੇ ਹਨ, ਅਰ ਰਾਮ ਨਾਮ ਨੂੰ ਮਹਾਂ ਮੰਤ੍ਰ ਮਨਦੇ ਹਨ, ਅਰ ਇਸੇ ਨੂੰ ਛੁਛੱਮ* ਵੇਦ ਬੀ ਕਹਿੰਦੇ ਹਨ, ਰਾਮ ਰਾਮ ਕਹਣ ਨਾਲ ਅਨੰਤ ਜਨਮਾਂ ਦੇ ਪਾਪ ਛੁਟ ਜਾਂਦੇ ਹਨ, ਏਸਦੇ ਬਿਨਾਂ ਮੁਕਤੀ ਕਿਸੇ ਨੂੰ ਨਹੀਂ ਹੁੰਦੀ, ਜੋ ਸ੍ਵਾਸ, ਪ੍ਰ-ਸ੍ਵਾਸ, ਦੇ ਨਾਲ ਰਾਮ ਰਾਮ ਆਖਣਾ ਦਸੇ ਓਸ ਨੂੰ ਸਤ ਗੁਰੂ ਕਹਿੰਦੇ ਹਨ, ਅਰ ਸਤ ਗੁਰੂ ਨੂੰ ਪਰਮੇਸ਼੍ਵਰ ਨਾਲੋਂ ਬੀ ਵਡਾ ਮਨਦੇ ਹਨ, ਅਰ ਓਸਦੀ ਮੂਰਤੀ ਦਾ ਧਿਆਂਨ ਕਰਦੇ ਹਨ। ਸਾਧੂਆਂ ਦੇ ਚਰਨ ਧੋਕੇ ਪੀਂਦੇ ਹਨ, ਜਦ ਗੁਰ ਥੀਂ ਚੇਲਾ ਦੁਰਾਡਾ ਜਾਵੇ ਤਾਂ ਗੁਰੂ ਦੇ ਨਹੁੰ ਅਰ ਦਾਹੜ੍ਹੀ ਦੇ ਵਾਲ ਅਪਣੇ ਪਾਸ ਰਖ ਲਵੇ, ਓਸਦਾ ਚਰਣਾਮ੍ਰਿਤ ਨਿਤ ਲਵੇ, ਰਾਮਦਾਸ, ਅਰ ਹਰ ਰਾਮਦਾਸ ਦੀ ਬਾਣੀ ਦੇ ਪੁਸਤਕ ਨੂੰ ਵੇਦ ਨਾਲੋਂ ਵਧੀਕ ਮਨਦੇ ਹਨ, ਓਸਦੀ ਪਰਕਰਮਾ ਅਰ ਅਠ ਡੰਡੌਤ ਪ੍ਰਣਾਮ ਕਰਦੇ ਹਨ, ਅਰ ਜੇ ਗੁਰੂ ਪਾਸ ਹੋਵੇ ਤਾਂ ਗੁਰੂ ਨੂੰ ਡੰਡੌਤ ਪ੍ਰਣਾਮ ਕਰ ਲੈਂਦੇ ਹਨ, ਇਸਤ੍ਰੀ ਵਾ ਪੁਰਖ ਨੂੰ ਰਾਮ ਰਾਮ ਇਕੋ ਜੇਹਾ ਹੀ ਮੰਤ੍ਰ ਉਪਦੇਸ਼ ਕਰਦੇ ਹਨ, ਅਰ ਨਾਮ ਸਿਮਰਣ ਹੀ ਥੀਂ ਕਲਿਆਣ ਮਨਦੇ ਫੇਰ ਪੜਨ ਵਿਚ ਪਾਪ ਸਮਝਦੇ ਹਨ, ਉਨ੍ਹਾਂ ਦੀ ਸਾਖੀ:—

**ਪੰਡਤਾਈ ਪਾਨੇ ਪੜੀ ਔ ਪੂਰਬ ਲੋ ਪਾਪ।**
**ਰਾਮ੨ ਸੁਮਰਣ ਬਿਨਾ ਰਹੀ ਗਯੋ ਰੀਤੇ ਆਪ॥**
**ਵੇਦ ਪੁਰਾਣ ਪੜੇ ਪੜ ਗੀਤਾ॥**
**ਰਾਮ ਭਜਨ ਬਿਨ ਰਹੀ ਗਏ ਰੀਤਾ।**

ਅਜਹੇ ਅਜੇਹੇ ਪੁਸਤਕ ਬਣਾਏ ਹਨ ਇਸਤ੍ਰੀ ਨੂੰ ਖਾਉਂਦ ਦੀ ਸੇਵਾ ਕਰਨ ਵਿਚ ਪਾਪ, ਅਰ ਗੁਰੂ ਸਾਧੂ ਦੀ ਸੇਵਾ ਵਿਚ ਧਰਮ ਦਸਦੇ ਹਨ, ਵਰਣ ਆਸ਼੍ਰਮ ਨੂੰ ਨਹੀਂ ਮਨਦੇ, ਜੇ ਬ੍ਰਾਹਮਣ ਰਾਮ ਸਨੇਹੀ ਨਾਹੋਵੇ ਤਾਂ ਓਸ ਨੂੰ ਨੀਚ ਅਰ ਚੰਡਾਲ, ਰਾਮ ਸਨੇਹੀ ਹੋਵੇ ਤਾਂ ਓਸ ਨੂੰ ਉੱਤਮ ਜਾਣਦੇ ਹਨ ਹੁਣ ਈਸ਼੍ਵਰ ਦਾ ਅਉਤਾਰ ਨਹੀਂ ਮਨਦੇ, ਅਰ ਰਾਮ ਚਰਨ ਦਾ ਵਚਨ ਜੋ

*ਛੁਛੱਮ ਅਰਥਾਤ ਸੂਖਮ।

ਉਪਰ ਲਿਖ ਆਏ ਕਿ:-

## ਭਗਤਿ ਹੇਤਿ ਅਉਤਾਰ ਹੀ ਧਰਹੀ ॥

ਭਗਤ ਅਰ ਸੰਤਾਂ ਦੇ ਵਾਸਤੇ ਅਉਤਾਰ ਨੂੰ ਬੀ ਮਨਦੇ ਹਨ, ਇਤਆਦੀ ਪਖੰਡ ਪਪੰਚ ਇਨ੍ਹਾਂ ਦਾ ਜਿੱਨਾ ਹੈ ਸੋ ਸਾਰਾ ਆਰਯਾ ਵਰਤ ਦੇਸ਼ਦੀ ਹਾਨੀ ਕਰਨ ਵਾਲਾ ਹੈ, ਇਨੇ ਹੀ ਥੀਂ ਬੁਧਵਾਂਨ ਬਹੁਤ ਸਾਰਾ ਸਮਝ ਲੈਂਨਗੇ ॥

( ਪ੍ਰਸ਼ਨ ) ਗੋਕਲੀਏ ਗੁਸਾਈਆਂ ਦਾ ਮਤ ਤਾਂ ਬਹੁਤ ਅਛੱਾ ਹੈ ਵੇਖੋ ਕਿਹਾ ਈਸ਼੍ਵਰਜ ਭੋਗਦੇ ਹਨ, ਇਹ ਈਸ਼੍ਵਰਜ ਲੀਲਾ ਦੇ ਬਿਨਾਂ ਹੋ ਸਕਦਾ ਹੈ ?

( ਉਤ੍ਰ ) ਇਹ ਈਸ਼੍ਵਰਜ ਗ੍ਰਹਸਤੀ ਲੋਕਾਂ ਦਾ ਹੈ ਗੁਸਾਈਆਂ ਦਾ ਕੁਝ ਨਹੀਂ।

(ਪ੍ਰਸ਼ਨ) ਵਾਹ ਵਾਹ ! ਗੁਸਾਈਆਂ ਦੇ ਪ੍ਰਤਾਪ ਨਾਲ ਹੈ, ਕਿਉਂਕਿ ਅਜੇਹਾ ਈਸ਼੍ਵਰਜ ਦੂਜਿਆਂ ਨੂੰ ਕਿਉਂ ਨਹੀਂ ਮਿਲਦਾ ?

( ਉਤ੍ਰ ) ਦੂਜੇ ਬੀ ਇਸੇ ਪ੍ਰਕਾਰ ਦਾ ਛਲ ਪ੍ਰਪੰਚ ਰਚਨ ਤਾਂ ਈਸ਼੍ਵਰਜ ਮਿਲਣ ਵਿਚ ਕੀ ਸੰਦੇਹ ਹੈ ? ਅਰ ਜੋ ਇਨ੍ਹਾਂ ਥੀਂ ਵਧੀਕ ਛਲ ਕਰੇ ਤਾਂ ਵਧੀਕ ਬੀ ਈਸ਼੍ਵਰਜ ਹੋਸਕਦਾ ਹੈ ।

( ਪ੍ਰਸ਼ਨ ) ਵਾਹ ਜੀ ਵਾਹ ! ਏਸ ਵਿਚ ਕੀ ਧੂਰਤਪਣਾ ਹੈ, ਇਹ ਤਾਂ ਸਭ ਗੋਲੋਕ ਦੀ ਲੀਲਾ ਹੈ।

( ਉਤ੍ਰ ) ਗੋਲੋਕ ਦੀ ਲੀਲਾ ਨਹੀਂ ਕਿੰਤੂ ਗੋਸਾਈਆਂ ਦੀ ਲੀਲਾ ਹੈ, ਜੇ ਗੋਲੋਕ ਦੀ ਲੀਲਾ ਹੈ ਤਾਂ ਗੋਲੋਕ ਬੀ ਅਜੇਹਾ ਹੀ ਹੋਵੇਗਾ, ਇਹ ਮਤ ਤੈਲੰਗ ਦੇਸ਼ ਥੀਂ ਚਲਿਆ ਹੈ, ਕਿਉਂਕਿ ਇਕ ਤੈਲੰਗੀ ਲਖਮਨ ਭਟ ਨਾਮੀ ਬ੍ਰਾਹਮਣ ਵਿਆਹ ਕਰਕੇ ਕਿਸੇ ਕਾਰਣ ਥੀਂ ਮਾਤਾ ਪਿਤਾ ਅਰ ਇਸਤ੍ਰੀ ਨੂੰ ਛਡ ਕਾਂਸ਼ੀ ਵਿਚ ਜਾਕੇ ਓਸਨੇ ਸੱਨਿਆਸ ਲੈ ਲੀਤਾ ਸੀ, ਅਰ ਝੂਠ ਬੋਲਦਾ ਸੀ ਕਿ ਮੇਰਾ ਵਿਆਹ ਨਹੀਂ ਹੋਇਆ, ਦੇਵਜੋਗ ਨਾਲ ਓਸ ਦੇ ਮਾਂ ਪਿਉ ਅਰ ਇਸਤ੍ਰੀ ਨੇ ਸੁਣਿਆਂ ਕਿ ਕਾਂਸ਼ੀ ਵਿਚ ਸਨਿਆਸੀ ਹੋਗਿਆ ਹੈ, ਓਸਦੇ ਮਾਂ ਪਿਉ ਅਰ ਇਸਤ੍ਰੀ ਨੇ ਕਾਂਸ਼ੀ ਵਿਚ ਪਹੁਚਕੇ ਜਿਸਨੈ ਓਸਨੂੰ ਸੱਨਿਆਸ ਦਿਤੱਾ ਸੀ, ਓਸਨੂੰ ਕਹਿਆ ਕਿ ਏਸ ਨੂੰ ਸਨਿਆਸੀ ਕਿਉਂ ਕੀਤੱਾ ? ਵੇਖੋ ਏਸਦੀ ਜੁਆਨ ਇਸਤ੍ਰੀ ਹੈ, ਅਰ ਇਸਤ੍ਰੀ ਨੇ ਕਹਿਆ ਕਿ ਜੇਕਰ ਤੁਸੀ ਮੇਰੇ ਖਾਂਉਂਦ ਨੂੰ ਮੇਰੇ ਨਾਲ ਨਹੀਂ ਕਰਦੇ ਤਾਂ ਮੈਨੂੰ ਬੀ ਸਨਿਆਸ ਦੇ ਦੇਓ, ਤਦ ਤਾਂ ਓਸਨੂੰ ਬੁਲਾਕੇ ਕਹਿਆ ਕਿ ਤੂੰ ਵਡਾ ਝੂਠਾ ਹੈਂ ਸਨਿਆਸ

ਛਡ ਗ੍ਰਹਸਥੀ ਬਣ, ਕਿਉਂਕਿ ਤੂੰਨੇ ਝੂਠ ਬੋਲਕੇ ਸਨਿਆਸ ਲੀਤਾ, ਓਸਨੇ ਫੇਰ ਉਸੇਤਰਾਂ ਕੀਤਾ, ਸਨਿਆਸ ਛਡ ਓਸਦੇ ਨਾਲ ਹੋਗਿਆ, ਵੇਖੋ! ਏਸ ਮਤ ਦਾ ਮੂਲ ਹੀ ਝੂਠ ਕਪਟ ਨਾਲ ਜਮਿਆ ਹੈ, ਜਦ ਤੈਲੰਗ ਦੇਸ ਵਿਚ ਗਏ ਓਸਨੂੰ ਜਾਤ ਵਿਚ ਕਿਸੇ ਨੇ ਨਾ ਲੀਤਾ, ਤਦ ਓਥੋਂ ਨਿਕਲਕੇ ਫਿਰਨ ਲਗਾ, ਚਰਨਾਰਗੜ੍ਹ ਜੋ ਕਾਂਸ਼ੀ ਦੇ ਪਾਸ ਹੈ, ਓਸਦੇ ਕੋਲ ਚੰਪਾਰਨ ਨਾਮੀ ਜੰਗਲ ਵਿਚ ਚਲੇ ਜਾਂਦੇ ਸਨ, ਓਥੇ ਕੋਈ ਇਕ ਮੁੰਡੇ ਨੂੰ ਜੰਗਲ ਵਿਚ ਛਡ, ਓਸਦੇ ਚਵ੍ਹੀਂ ਪਾਸੀਂ ਦੂਰ ੨ ਤੇ ਅਗੱ ਬਾਲ ਕੇ ਚਲਿਆ ਗਿਆ ਸੀ, ਕਿਉਂਕਿ ਛਡੱਣ ਵਾਲੇ ਨੇ ਇਹ ਸਮਝਿਆ ਸੀ ਕਿ ਜੇ ਅਗੱ ਨਾ ਬਾਲਾਂਗਾ ਤ੍ਹਾਂ ਹੁਣੇ ਕੋਈ ਜੀਵ ਮਾਰ ਸੁੱਟੇਗਾ, ਲਖ ਮਨ ਭਟ ਅਰ ਓਸਦੀ ਇਸਤ੍ਰੀ ਨੇ ਮੁੰਡੇ ਨੂੰ ਲੈਕੇ ਅਪਣਾ ਪੁਤ੍ਰ ਬਣਾ ਲੀਤਾ, ਫੇਰ ਕਾਂਸ਼ੀ ਵਿਚ ਜਾ ਰਹੇ, ਜਦੋਂ ਮੁੰਡਾ ਵਡਾ ਹੋਇਆ ਤਦ ਓਸਦੇ ਮਾਂ, ਪਿਉ ਦਾ ਸ਼ਰੀਰ ਛੁਟ ਗਿਆ, ਕਾਂਸ਼ੀ ਵਿਚ ਬਾਲ ਅਵਸਥਾ ਥੀਂ ਜੁਬਾ ਅਵਸਥਾ ਤਿਕ ਕੁਝਪੜਦਾ ਬੀ ਰਹਿਆ ਫੇਰ ਹੋਰ ਕਿਧਰੇ ਜਾਕੇ ਇਕ ਵਿਸ਼ਨੂੰ ਸ੍ਵਾਮੀ ਦੇ ਮੰਦਰ ਵਿਚ ਚੇਲਾ ਹੋਗਿਆ, ਓਥੋਂ ਕਦੀ ਕੁਝ ਖਟ ਪਟ ਹੋਣ ਦੇ ਕਾਰਨ ਕਾਂਸ਼ੀ ਨੂੰ ਫੇਰ ਚਲਿਆ ਗਿਆ ਅਰ ਸੰਨਿਆਸ ਲੈ ਲੀਤਾ ॥

ਫੇਰ ਕੋਈ ਉਸੇਤਰਾਂ ਦਾ ਹੀ ਜਾਤ ਵਿਚੋਂ ਕਢਿਆ ਹੋਇਆ ਬ੍ਰਾਹਮਣ ਕਾਂਸ਼ੀ ਵਿਚ ਰਹਿੰਦਾ ਸੀ, ਓਸਦੀ ਧੀ ਜੁਆਨ ਸੀ, ਓਸਨੇ ਏਸ ਨੂੰ ਕਹਿਆ ਕਿ ਤੂੰ ਸਨਿਆਸ ਛਡਕੇ ਮੇਰੀ ਧੀ ਨਾਲ ਵਿਆਹ ਕਰਲੈ, ਉਸੇ ਤਰਾਂ ਹੀ ਹੋਇਆ, ਜਿਸਦ ਪੀਉ ਨੇ ਜੇਹੀ ਲੀਲਾ ਕੀਤੀ ਸੀ ਓਹੋ ਜੇਹੀ ਪੁਤ੍ਰ ਕਿਉ ਨਾ ਕਰੇ, ਓਸ ਇਸਤ੍ਰੀ ਨੂੰ ਲੈਕੇ ਓਥੋਂ ਚਲਿਆ ਗਿਆ ਕਿ ਜਿਥੇ ਪਹਲ ਵਿਸ਼ਨੂੰ ਸ੍ਵਾਮੀ ਦੇ ਮੰਦਰ ਵਿਚ ਚੇਲਾ ਹੋਇਆਸੀ, ਵਿਆਹ ਕਰਨ ਕਰਕੇ ਉਨ੍ਹਾਂ ਨੂੰ ਓਥੋ ਕਢ ਦਿੱਤਾ, ਫੇਰ ਬ੍ਰਿਜ ਦੇਸ਼ ਵਿਚ ਕਿ ਜਿਥੇ ਅਵਿਦਿਆ ਨੇ ਘਰ ਕਰ ਰਖਿਆ ਹੈ ਜਾਕੇ ਅਪਣਾ ਪ੍ਰਪੰਚ ਅਨੇਕ ਪ੍ਰਕਾਰ ਦੀ ਛਲ ਯੁਕ-ਤੀਆਂ ਨਾਲ ਫਲਾਣ ਲਗਾ ਅਰ ਮਿਥਿਆ ਬਾਤਾਂ ਦੀ ਪ੍ਰਸਿ-ਧੀ ਕਰਨ ਲਗਾਕਿ ਸ਼੍ਰੀਕ੍ਰਿਸ਼ਨ ਮੈਨੂੰ ਮਿਲੇ, ਅਰ ਕਹਿਆ ਕਿ ਜੋ ਗੋਲੋਕ ਥੀਂ 'ਦੇਵੀ ਜੀਵ' ਮਰਤਲੋਕ ਵਿਚ ਆਏ ਹਨ, ਉਨ੍ਹਾਂ ਨੂੰ ਬ੍ਰਹਮ ਸੰਬੰਧ ਆਦੀ ਨਾਲ ਪਵਿਤ੍ਰ ਕਰਕੇ ਗੋਲੋਕ ਵਿਚ ਭੇਜੋ, ਇਤਆਦੀ ਮੂਰਖਾਂ ਨੂੰ ਲੋਭ ਦੀਆਂ ਗਲਾਂ ਸੁਣਾਕੇ ਥੋੜੇ ਜਹੇ ਲੋਗਾਂ ਨੂੰ ਅਰਥਾਤ ਚੁਰਾਸੀ ਲੋਗਾਂ ਨੂੰ ਵੈਸ਼ਨੂੰ ਬਣਾਇਆ, ਅਰ ਹੇਠਾਂ ਲਿਖੇ ਹੋਏ ਮੰਤ੍ਰ ਬਣਾ ਲੀਤੇ ਅਰ ਉਨ੍ਹਾਂ ਵਿਚ ਬੀ ਭੇਦ ਰਖਿਆ ਜਿਸਤਰਾਂ:—

ਸ਼੍ਰੀਕ੍ਰਿਸ਼ਣ: ਸ਼ਰਣੰ ਮਮ ॥

ਕ੍ਲੀਂ ਕ੍ਰਿਸ਼ਣਾਯ ਗੋਪੀਜਨਵੱਲਭਾਯ ਸ੍ਵਾਹਾ ॥ ਗੋਪਾਲ ਸਹਸ੍ਰਨਾਮ ॥

ਇਹ ਦੋਨੋਂ ਸਧਾਰਣ ਮੰਤ੍ਰ ਹਨ, ਪ੍ਰੰਤੂ ਅਗਲਾ ਮੰਤ੍ਰ ਬ੍ਰਹਮ ਸੰਬੰਧ ਅਰ ਸਮਰਪਣ ਕਰਾਣ ਦਾ ਹੈ।

श्रीकृष्णः शरणं मम सहस्रपरिवत्सरमितकालजातकृ-
ष्णवियोगजनिततापक्लेशान्ततिरोभावोऽहं भगवते कृष्णाय
देहेन्द्रियप्राणान्तःकरणतद्धर्मांश्च दारागारपुत्राप्तवित्तेहपरा-
ण्यात्मना सह समर्प्पयामि दासोऽहं कृष्ण तवास्मि ॥

ਏਸ ਮੰਤ੍ਰ ਦਾ ਉਪਦੇਸ਼ ਕਰਕੇ ਚੇਲੇ ਚੇਲੀਆਂ ਨੂੰ ਸਮਰਪਣ ਕਰਾਂਦ ਹਨ, 'ਕਲੀਂ ਕ੍ਰਿਸ਼ਨਾਯਤੀ' ਇਹ ਕਲੀਂ ਤੰਤ੍ਰ ਗ੍ਰੰਥ ਦਾ ਹੈ, ਏਸਥੀਂ ਵਿਦਤ ਹੁੰਦਾ ਹੈ ਕਿ ਇਹ ਵਲਭ ਮਤ ਬੀ ਵਾਮਮਾਰਗੀਆਂ ਦਾ ਭੇਦ ਹੈ, ਇਸੇ ਕਰਕੇ ਇਸਤ੍ਰੀ ਸੰਗ ਗੋਸਾਂਈ ਲੋਗ ਬਹੁਤ ਕਰਦੇ ਹਨ, "ਗੋਪੀ ਵਲਭ ਹੇਤੀ" ਕੀ, ਕ੍ਰਿਸ਼ਨ ਗੋਪੀਆਂ ਦੇਹੀ ਪਿਆਰੇ ਸਨ ? ਹੋਰਨਾਂ ਦੇ ਨਹੀਂ ? ਇਸਤ੍ਰੀਆਂ ਦਾ ਪਿਆਰਾ ਉਹ ਹੁੰਦਾ ਹੈ ਜੋ ਇਸਤ੍ਰੀ ਭੋਗ ਵਿਚ ਫਸਿਆ ਰਹੇ ਕੀ, ਸ੍ਰੀ ਕ੍ਰਿਸ਼ਨ ਜੀ ਅਜਹੇ ਸਨ ?

सहस्रपरिवत्सरेति

ਹਜਾਰ ਵਰ੍ਹਿਆਂ ਦੀ ਗਿਣਤੀ ਵਿਅਰਥ ਹੈ, ਕਿਉਂਕਿ ਵਲਭ ਅਰ ਉਸਦੇ ਚੇਲੇ ਸਰਬੱਗ ਨਹੀਂ ਹਨ, ਕੀ, ਕ੍ਰਿਸ਼ਨ ਦਾ ਵਿਜੋਗ ਹਜਾਰਾਂ ਵਰਿਆਂ ਥੀਂ ਹੋਇਆ ਅਰ ਅਜ ਤਿਕ ਅਰਥਾਤ ਜਦ ਤਿਕ ਵਲਭ ਦਾ ਮਤ ਨਾ ਸੀ ਅਰ ਨਾ ਵਲਭ ਜੰਮਿਆ ਸੀ ਉਸਦੇ ਪੂਰਬ ਅਪਣੇ ਦੈਵੀ ਜੀਵਾਂ ਦੇ ਉਧਾਰ ਕਰਨ ਨੂੰ ਕਿਉਂ ਨਾ ਆਇਆ? 'ਤਾਪ' ਅਰ 'ਕਲੇਸ਼' ਇਹ ਦੋਨੋਂ ਇਕ ਅਰਥ ਵਾਲੇ ਹਨ, ਇਨ੍ਹਾਂ ਵਿਚੋਂ ਇਕ ਦਾ ਗ੍ਰਹਣ ਕਰਨਾ ਉਚਿਤ ਸੀ ਦੁਹਾਂ ਦਾ ਨਹੀਂ, ਅਨੰਤ ਸ਼ਬਦ ਦਾ ਪਾਠ ਕਰਨਾ ਵਿਅਰਥ ਹੈ, ਕਿਉਂਕਿ ਜੇ ਅਨੰਤ ਸ਼ਬਦ ਰਖੋ ਤਾਂ ਸਹਸ੍ਰ ਸ਼ਬਦ ਦਾ ਪਾਠ ਨਾ ਰਖਣਾ ਚਾਹੀਏ, ਅਰ ਜੇ ਸਹਸ੍ਰ ਸ਼ਬਦ ਦਾ ਪਾਠ ਰਖੋ ਤਾਂ ਅਨੰਤ ਸਬਦ ਦਾ ਪਾਠ ਰਖਣਾ ਸਰਬਥਾ ਵਿਅਰਥ ਹੈ, ਅਰ ਜੋ ਅਨੰਤ ਕਾਲ ਤਿਕ ਢਕੇ ਰਹੇ ਉਸਦੀ ਮੁਕਤੀ ਦੇ ਵਾਸਤੇ ਵਲਭ ਦਾ ਹੋਣਾ ਬੀ ਵਿਅਰਥ ਹੈ, ਕਿਉਂਕਿ ਅਨੰਤ ਦਾ ਅੰਤ ਨਹੀਂ ਹੁੰਦਾ, ਭਲਾ ਦੇਹ, ਇੰਦ੍ਰੀ, ਪ੍ਰਾਣ, ਅੰਤਹਕਰਣ, ਅਰ ਉਸਦੇ ਧਰਮ, ਇਸਤ੍ਰੀ ਸਥਾਨ, ਪੁਤ੍ਰ, ਪ੍ਰਾਪਤ ਧਨ ਦਾ ਅਰਪਣ, ਕ੍ਰਿਸ਼ਨ ਨੂੰ ਕਿਉਂ ਕਰਨਾ, ਕਿਉਂਕਿ ਕ੍ਰਿਸ਼ਨ ਪੂਰਣ ਕਾਮ ਹੋਣ ਕਰਕੇ ਕਿਸੇ ਦੇ ਦੇਹ ਆਦੀ ਦੀ ਇਛਿਆ ਨਹੀਂ ਕਰ ਸਕਦੇ ਅਰ ਦੇਹ ਆਦੀ ਦਾ ਅਰਪਣ ਕਰਨਾ ਬੀ ਨਹੀਂ ਹ ਸਕਦਾ, ਕਿਉਂਕਿ ਨਹੁਆਂ

ਥੀਂ ਲੈਕੇ ਸਿਰਦੇਵਾਲਾਂਤ੍ਰਿਕ ਦੇਹ ਕਹਾਂਦੀ ਹੈ, ਓਸਦੇ ਅਰਪਣ ਕਰਨ ਨਾਲ ਜੋ ਕੁਝ ਓਸ ਵਿਚ ਚੰਗੀ ਬੁਰੀ ਵਸਤੂ ਹੈ ਅਰਥਾਤ ਮਲ ਮੂਤ੍ਰ ਆਦੀ ਦਾ ਬੀ ਅਰਪਣ ਕੀਕਣ ਕਰ ਸਕੋਗੇ ? ਅਰ ਜੋ ਪਾਪ ਪੁੰਨ ਕਰਮ ਹੁੰਦੇ ਹਨ ਉਨ੍ਹਾਂ ਨੂੰ ਕ੍ਰਿਸ਼ਨ ਦੇ ਅਰਪਣ ਕਰਨ ਨਾਲ ਉਨ੍ਹਾਂ ਦੇ ਫਲ ਭਾਗੀ ਬੀ ਕ੍ਰਿਸ਼ਨ ਹੀ ਹੋਣਗੇ, ਅਰਥਾਤ ਨਾਮ ਤਾਂ ਕ੍ਰਿਸ਼ਨ ਦਾ ਲੈਂਦੇ ਹਨ ਅਰ ਸਮਰਪਣ ਅਪਣੇ ਵਾਸਤੇ ਕਰਾਂਦੇ ਹਨ, ਜੋ ਕੁਝ ਦੇਹ ਵਿਚ ਮਲ ਮੂਤ੍ਰ ਆਦੀ ਹਨ ਉਹ ਬੀ ਗੋਸਾਂਈ ਜੀ ਦ ਅਰਪਣ ਕਿਉਂ ਨਹੀਂ ਹੁੰਦਾ ? ਕੀ 'ਮਿਠਾ ਮਿਠਾ ਗੜਪ, ਅਰ ਕਉੜਾ ਕਉੜਾ ਥੂਹ' ਅਰ ਇਹ ਬੀ ਲਿਖਿਆ ਹੈ ਕਿ ਗੋਸਾਂਈ ਜੀ ਦੇ ਅਰਪਣ ਕਰਨਾ, ਹੋਰ ਮਤਵਾਲੇ ਦੇ ਨਹੀਂ, ਇਹ ਸਭ ਸ੍ਵਾਰਥ ਸਿੱਧੁਪਣ ਅਰ ਪਰਾਏ ਧਨ ਆਦੀ ਪਦਾਰਥ ਲੁਟਣੇ ਅਰ ਵੇਦੋਕਤ ਧਰਮ ਦੇ ਨਾਸ਼ ਕਰਨ ਦੀ ਲੀਲਾ ਰਚੀ ਹੈ। ਵੇਖੋ ! ਇਹ ਬਲਭ ਦਾ ਪ੍ਰਪੰਚਃ

श्रावणस्यामले पक्ष एकादश्यां महानिशि ।
साक्षाद्भगवता प्रोक्तं तदक्षरश उच्यते ॥ १ ॥
ब्रह्मसम्बन्धकरणात्सर्वेषां देहजीवयोः ।
सर्वदोषनिवृत्तिर्हि दोषाः पञ्चविधाः स्मृताः ॥ २ ॥
सहजा देशकालोत्था लोकवेदनिरूपिताः ।
संयोगजाः स्पर्शजाश्च न मन्तव्याः कदाचन ॥ ३ ॥
अन्यथा सर्वदोषाणां न निवृत्तिः कथञ्चन ।
असमर्पितवस्तूनां तस्माद्वर्जनमाचरेत् ॥ ४ ॥
निवेदिभिः समर्प्यैव सर्वं कुर्यादिति स्थितिः ।
न मतं देवदेवस्य स्वामिभुक्तिसमर्पणम् ॥ ५ ॥
तस्मादादौ सर्वकार्ये सर्ववस्तुसमर्पणम् ।
दत्तापहारवचनं तथा च सकलं हरेः ॥ ६ ॥
न ग्राह्यमिति वाक्यं हि भिन्नमार्गपरं मतम्
सेवकानां यथा लोके व्यवहारः प्रसिध्यति ॥ ७ ॥
तथा कार्यं समर्प्यैव सर्वेषां ब्रह्मता ततः ।
गंगात्वे गुणदोषाणां गुणदोषादिवर्णनम् ॥ ८ ॥

ਇਤਆਦੀ ਸ਼ਲੋਕ ਗੋਸਾਈਆਂ ਦੇ 'ਸਿਧਾਂਤ ਰਹਸ' ਆਦੀ ਗ੍ਰੰਥਾਂ ਵਿਚ ਲਿਖੇ ਹਨ, ਇਹੀ ਗੋਸਾਂਈਆਂ ਦੇ ਮਤ ਦਾ ਮੂਲਤਤ੍ਵ ਹੈ, ਭਲਾ ਇਨ੍ਹਾਂ ਥੀਂ ਕੋਈ ਪੁਛੇ ਕਿ ਸ਼੍ਰੀ ਕ੍ਰਿਸ਼ਨ ਦੀ ਦੇਹ ਛੁਟਿਆਂ ਕੁਝ ਘਟ ਪੰਜ ਹਜਾਰ ਵਰ੍ਹੇ ਬੀਤੇ

ਉਹ ਬਲਭ ਨਾਲ ਸਾਉਣ ਮਹੀਨੇ ਦੀ ਅਧੀਰਾਤ ਨੂੰ ਕਿਸਤਰਾਂ ਮਿਲ ਸਕੇ ? ॥ ੧ ॥ ਜੇਹੜਾ ਗੋਸਾਂਈ ਦਾ ਚੇਲਾ ਹੁੰਦਾ ਹੈ ਅਰ ਉਸਨੂੰ ਸਾਰਿਆਂ ਪਦਾਰਥਾਂ ਦਾ ਸਮਰਪਣ ਕਰਦਾ ਹੈ ਉਸਦੇ ਸ਼ਰੀਰ ਅਰ ਜੀਵਦੇ ਸਾਰਿਆਂ ਦੋਸ਼ਾਂ ਦੀ ਨਿਬ੍ਰਿੱਤੀ ਹੋ ਜਾਂਦੀ ਹੈ,ਇਹੀ ਬਲਭ ਦਾ ਪ੍ਰਪੰਚ ਮੂਰਖਾਂ ਨੂੰ ਬਣਾਕੇ ਅਪਣੇ ਮਤ ਵਿਚ ਲਿਆਉਣ ਦਾ ਹੈ, ਜੇਕਰ ਗੁਸਾਂਈ ਦੇ ਚੇਲੇ ਚੇਲੀਆਂ ਦੇ ਸਾਰੇ ਦੋਸ਼ ਦੂਰ ਹੋ ਜਾਂਨ ਤਾਂ ਰੋਗ, ਗਰੀਬੀ, ਆਦੀ ਦੁਖਾਂ ਨਾਲ ਦੁਖੀ ਕਿਉਂ ਰਹਿਨ? ਅਰ ਉਹ ਦੋਸ਼ ਪੰਜਤਰਾਂ ਦੇ ਹੁੰਦੇ ਹਨ ॥ ੨ ॥ ਇਕ ਸਹਜਦੋਸ਼ ਜੇਹਿੜੇ ਕਿ ਸੁਭਾਵਕ ਅਰਥਾਤ ਕਾਮ, ਕ੍ਰੋਧ ਆਦੀ ਥੀਂ ਉਤਪਤ ਹੁੰਦੇ ਹਨ

ਦੂਜੇ- ਕਿਸੇ ਦੇਸ਼, ਸਮੇਂ ਵਿਚ ਕਈਤਰਾਂ ਦੇ ਪਾਪ ਕੀਤੇ ਜਾਂਨ

ਤੀਜੇ- ਲੋਕ ਵਿਚ ਜਿਨ੍ਹਾਂ ਨੂੰ ਖਾਂਣਜੋਗ, ਨਾ ਖਾਂਣ ਜੋਗ ਕਹਿੰਦੇ ਅਰ ਵੇਦ ਕਰਕੇ ਕਹੇ ਹੋਏ ਜੋਕਿ ਝੂਠ ਬੋਲਣਾ ਆਦੀ ਹਨ। ਚੌਥੇ ਸੰਯੋਗਜ- ਜੇਹਿੜੇ ਕਿ ਬੁਰੇ ਸੰਗ ਥੀਂ ਅਰਥਾਤ ਚੋਰੀ, ਯਾਰੀ,ਮਾਂ,ਭੈਣ, ਕੰਨਿਆਂ,ਨੂੰਹ, ਗੁਰੂਦੀ ਇਸਤ੍ਰੀ ਆਦੀ ਨਾਲ ਸੰਗ ਕਰਨਾ। ਪੰਜਵੇਂ-ਸਪਰਸ਼ ਥੀਂ ਹੋਣ ਵਾਲੇ ਜੇਹਿੜੇ ਨਹੀਂ ਛੂਹਣ ਜੋਗ ਉਨ੍ਹਾਂ ਨੂੰ ਛੂਹਣਾ ਇਨ੍ਹਾਂ ਪੰਜਾਂ ਦੋਸ਼ਾਂ ਨੂੰ ਗੁਸਾਂਈ ਲੋਕਾਂ ਦੇ ਮਤ ਵਾਲੇ ਕਦੀ ਨਾ ਮਨਨ, ਅਰਥਾਤ ਅਪਣੀ ਮਰਜੀ ਵਾਝਣ ਵਿਹਾਰ ਕਰਨ। ੩ ॥ ਹੋਰ ਕੋਈ ਉਪਾ ਦੋਸ਼ਾਂ ਦੇ ਦੂਰ ਕਰਨ ਲਈ ਨਹੀ ਹੈ ਬਿਨਾਂ ਗੁਸਾਂਈ ਦੇ ਮਤ ਦੇ, ਏਸ ਲਈ ਬਿਨਾ ਸਮਰਪਣ ਕੀਤੇ ਪਦਾਰਥ ਨੂੰ ਗੁਸਾਂਈ ਜੀਦੇ ਚੇਲੇ ਨਾਂ ਭੋਗਨ, ਇਸੇ ਲਈ ਇਨ੍ਹਾਂ ਦੇ ਚੇਲੇ ਅਪਣੀ ਇਸਤ੍ਰੀ, ਕੰਨਿਆਂ, ਨੂੰਹ, ਅਰ ਧਨ ਆਦੀ ਪਦਾਰਥਾਂ ਨੂੰ ਬੀ ਅਰਪਣ ਕਰਦੇ ਹਨ, ਪ੍ਰੰਤੂ ਅਰਪਣ ਦਾ ਨੇਮ ਇਹ ਹੈ ਕਿ ਜਦ ਤਿਕ ਗੁਸਾਂਈ ਜੀਦੀ ਚਰਨ ਸੇਵਾ ਵਿਚ ਅਰਪਣ ਨਾ ਹੋਵੇ ਤਦਤਿਕ ਉਸਦਾ ਖਾਂਉਦ ਅਪਣੀ ਇਸਤ੍ਰੀ ਨੂੰ ਸਪਰਸ਼ ਨਾ ਕਰੇ ॥ ॥ ੪ ॥ ਏਸਥੀਂ ਗੁਸਾਈਆਂ ਦੇ ਚੇਲੇ ਅਰਪਣ ਕਰਕੇ ਪਿਛੋਂ ਅਪਣੇ ਅਪਣੇ ਪਦਾਰਥ ਦਾ ਭੋਗ ਕਰਨ, ਕਿਉਂਕਿ ਸ੍ਵਾਮੀ ਦੇ ਭੋਗ ਕੀਤੇ ਪਿਛੋਂ ਸਮਰਪਣ ਨਹੀ ਹੋ ਸਕਦਾ ॥ ੫ ॥ ਏਸ ਵਾਸਤੇ ਪਹਿਲਾਂ ਸਾਰਿਆਂ ਕੰਮਾਂ ਵਿਚ ਸਾਰੀਆਂ ਚੀਜਾਂ ਦਾ ਅਰਪਣ ਕਰਨ, ਪਹਿਲਾਂ ਗੁਸਾਂਈਂ ਜੀ ਨੂੰ ਬਹੁਟੀ ਆਦੀ ਸਮਰਪਣ ਕਰਕੇ ਪਿਛੋਂ ਗ੍ਰਹਣ ਕਰਨ, ਉਕਣ ਹੀ ਹਰੀ ਨੂੰ ਸਾਰੇ ਪਦਾਰਥ ਅਰਪਣ ਕਰਕੇ ਗ੍ਰਹਣ ਕਰਨ ॥ ੬ ॥ ਗੁਸਾਂਈਂ ਜੀ ਦੇ ਮਤ ਥੀਂ ਵਖਰੇ ਮਾਰਗ ਦੇ ਵਾਕ ਮਾਤ੍ਰ ਨੂੰ ਬੀ ਗੁਸਾਂਈ ਦੇ ਚੇਲਾ ਚੇਲੀ ਕਦੀ ਨਾ ਸੁਣਨ, ਨਾ ਗ੍ਰਹਣ ਕਰਨ, ਇਹੀ ਉਨ੍ਹਾਂ ਦੇ ਸਿਖਾਂ ਦਾ ਵਿਹਾਰ ਪ੍ਰਸਿਧ ਹੈ ॥ ੭ ॥ ਉਕਣ ਹੀ ਸਾਰੀਆਂ ਚੀਜਾਂ ਦਾ ਅਰਪਣ ਕਰਕੇ ਸਾਰਿਆਂ ਦੇ ਵਿਚ ਬ੍ਰਹਮ ਬੁਧ ਕਰੇ, ਉਸਦੇ ਪਿਛੋਂ ਜੀਕਣ ਗੰਗਾ

ਵਿਚ ਹੋਰ ਜਲ ਮਿਲਕੇ ਗੰਗਾਰੂਪ ਹੋ ਜਾਂਦੇ ਹਨ ਉਕਨ ਹੀ ਅਪਣੇ ਮਤ ਵਿਚ ਗੁਣ ਅਰ ਦੂਜੇ ਦੇ ਮਤ ਵਿਚ ਦੋਸ਼ ਹਨ, ਏਸ ਲਈ ਅਪਣੇ ਮਤ ਵਿਚ ਗੁਣਾਂ ਦਾ ਕਥਨ ਕੀਤਾ ਕਰੇ।। ੯ ॥ ਹੁਣ ਵੇਖੋ ਗੁਸਾਈਆਂ ਦਾਮਤ ਸਾਰਿਆਂ ਮਤਾਂ ਨਾਲੋਂ ਵਧੀਕ ਅਪਣਾ ਮਤਲਬ ਕਢਣ ਵਾਲਾ ਹੈ, ਭਲਾ ਇਨ੍ਹਾਂ ਗੁਸਾਈਆਂ ਨੂੰ ਕੋਈ ਪੁਛੇ ਕਿ ਬ੍ਰਹਮ ਦਾ ਇਕ ਲਖਣ ਬੀਤੁਸੀ ਨਹੀ ਜਾਣਦੇ ਤਾਂ ਸਿਖ, ਸਿਖਣੀਆਂ ਨੂੰ ਬ੍ਰਹਮ ਨਾਲ ਮੇਲ ਕਿਸਤਰਾਂ ਕਰਾ ਸਕੋਗੇ? ਜੇ ਆਖੋ ਕਿ ਅਸੀ ਹੀ ਬ੍ਰਹਮ ਹਾਂ ਸਾਡੇ ਨਾਲ ਮੇਲ ਹੋਣ ਬੀਂ ਮੇਲਹੋ ਜਾਂਦਾ ਹੈ, ਸੋ ਤੁਹਾਡੇ ਵਿਚ ਬ੍ਰਹਮ ਦੇ ਗੁਣ,ਕਰਮ, ਸੁਭਾਉ ਇਕਬੀ ਨਹੀ ਹਨ ਫੇਰਕੀ ਤੁਸੀ ਨਿਰੇਭੋਗ ਬਿਲਾਸ ਦੇ ਲਈ ਬ੍ਰਹਮ ਬਣ ਬੈਠਹੋ?ਭਲਾਸਿਖਅਰ ਸਿਖਣੀਆਂ ਨੂੰ ਤਾਂ ਤੁਸੀ ਅਪਣੇ ਨਾਲ ਅਰਪਣ ਕਰਕੇ ਸ਼ੁਧ ਕਰਦੇਓ ਪ੍ਰੰਤੂ ਤੁਸੀ ਅਰ ਤੁਹਾਡੀ ਇਸਤ੍ਰੀ ਕੰਨਿਆਂ ਤਥਾ ਨੂੰਹ ਨਾ ਅਰਪਣ ਹੋਣ ਬੀਂ ਅਸ਼ੁਧ ਰਹ ਗਏ ਵਾ ਨਹੀਂ ? ਅਰ ਤੁਸੀ ਨਾ ਅਰਪਣ ਹੋਈ ਚੀਜ ਨੂੰ ਅਪਵਿਤ੍ਰ ਮਨਦੇਓ ਫੇਰ ਉਨ੍ਹਾਂ ਬੀਂ ਉਪਤਪ ਹੋਏ ਤੁਸੀ ਲੋਕ ਅਪਵਿਤ੍ਰ ਕਿਉਂ ਨਹੀਂ ? ਏਸ ਲਈ ਤੁਹਾਨੂੰ ਬੀ ਜੋਗ ਹੈ ਕਿ ਅਪਣੀ ਇਸਤ੍ਰੀ ਕੰਨਿਆਂ, ਤਥਾ ਨੂੰਹ ਆਦੀ ਨੂੰ ਹੋਰੀ ਮਤਵਾਲਿਆਂ ਦੇ ਨਾਲ ਅਰਪਣ ਕਰਾਇਆ ਕਰੋ। ਜੇ ਆਖੋ ਕਿ ਨਹੀਂ ਨਹੀਂ ਤਾਂ ਤੁਸੀ ਬੀ ਹੋਰੀ ਇਸਤ੍ਰੀ ਪੁਰਖ ਤਥਾ ਧਨ ਆਦੀ ਪਦਾਰਥਾਂ ਨੂੰ ਅਰਪਣ ਕਰਨਾ ਕਰਾਣਾ ਛਡਦੇਓ। ਭਲਾ ਹੁਣ ਤਿਕ ਹੋਇਆ ਸੋ ਹੋਇਆ ਪ੍ਰੰਤੂ ਹੁਣ ਤਾਂ ਅਪਣੀ ਮਿਥਿਆ ਪ੍ਰਪੰਚ ਆਦੀ ਬੁਰਿਆਈਆਂ ਨੂੰ ਛਡੋ ਅਰ ਸੁੰਦਰ ਈਸ਼੍ਵਰ ਕਰਕੇ ਕਹੇ ਹੋਏ ਵੇਦ ਵਿਹਤ ਅਛੇ ਮਾਰਗ ਵਿਚ ਆਕੇ ਅਪਣੇ ਮਨੁਖੱ ਰੂਪੀ ਜਨਮ ਨੂੰ ਸਫਲ ਕਰਕੇ ਧਰਮ, ਅਰਥ, ਕਾਮ, ਮੋਖ, ਇਨ੍ਹਾਂ ਚਵ੍ਹਾਂ ਫਲਾਂ ਨੂੰ ਪ੍ਰਾਪਤ ਹੋਕੇ ਅਨੰਦ ਭੋਗੋ। ਹੋਰ ਵੇਖੋ! ਇਹ ਗੁਸਾਂਈ ਲੋਕ ਅਪਣੇ ਸੰਪ੍ਰਦਾ ਨੂੰ ਪੁਸ਼ਟੀ ਮਾਰਗ ਕਹਿੰਦੇ ਹਨ ਅਰਥਾਤ ਖਾਣੇ, ਪੀਣੇ, ਮੋਟਾ ਹੋਣੇ, ਅਰ ਸਾਰੀਆਂ ਇਸਤ੍ਰੀਆਂ ਦੇ ਨਾਲ ਅਪਣੀ ਮਰਜੀ ਵਾਂਙਣ ਭੋਗ ਬਿਲਾਸ ਕਰਨ ਨੂੰ ਪੁਸ਼ਟੀ ਮਾਰਗ ਕਹਿੰਦੇ ਹਨ, ਪ੍ਰੰਤੂ ਇਨ੍ਹਾਂ ਪਾਸੋਂ ਪੁਛਣਾ ਚਾਹੀਏ ਜਦ ਵਡੇ ਦੁਖ ਦੇਣ ਵਾਲੀ ਭਗੰਦਰ ਆਦੀ ਬਮਾਰੀਆਂ ਨਾਲ ਗ੍ਰਸਤ ਹੋਕੇ ਝੀਕ ਝੀਕ ਮਰਦੇ ਹਨ ਕਿ ਜਿਸਨੂੰ ਇਹਾ ਹੀ ਜਾਣਦੇ ਹੋਂਨਗੇ, ਸਚ ਪੁਛੋ ਤਾਂ ਪੁਸ਼ਟੀ ਮਾਰਗ ਨਹੀਂ ਕਿੰਤੂ ਕੁਸ਼ਟੀ (ਕੋਹੜ) ਮਾਰਗ ਹੈ, ਜਿਸਤਰਾਂ ਕੁਸ਼ਟੀ ਦੇ ਸ਼ੀਰ ਦੀਆਂ ਸਾਰੀਆਂ ਧਾਤੂ ਪਘਰ ਪਘਰ ਕੇ ਨਿਕਲ ਜਾਂਦੀਆਂ ਹਨ, ਅਰ ਵਿਰਲਾਪ ਕਰਦਾ ਹੋਇਆ ਸ਼ੀਰ ਛਡਦਾ ਹੈ, ਈਕਣ ਹੀ ਲੀਲਾ ਇਨ੍ਹਾਂ ਦੀ ਬੀ ਵੇਖਣ ਵਿਚ ਆਉਂਦੀ ਹੈ, ਏਸਲਈ ਨਰਕ ਮਾਰਗ ਬੀ ਇਸ ਨੂੰ ਕਹਣਾ ਅਛੀ ਤਰਾਂ ਬਣ ਸਕਦਾ ਹੈ, ਕਿਉਂਕਿ ਦੁਖ ਦਾ ਨਾਉਂ ਨਰਕ, ਅਰ ਸੁਖ ਦਾ ਨਾਉਂ ਸੁਰਗ ਹੈ, ਇਸੇ ਤਰਾਂ

ਮਿਥਿਆ ਜਾਲ ਬਣਾਕੇ ਵਿਚਾਰੇ ਭੋਲੇ ਭਾਲੇ ਮਨੁਖਾਂ ਨੂੰ ਜਾਲ ਵਿਚ ਫਸਾਇਆ ਅਰ ਅਪਣੇ ਆਪ ਨੂੰ ਸ਼੍ਰੀ ਕ੍ਰਿਸ਼ਨ ਮਨਕੇ ਸਾਰਿਆਂ ਦੇ ਸੁਆਮੀ ਬਣਦੇ ਹਨ, ਇਹ ਕਹਿੰਦੇ ਹਨ ਕਿ ਜਿਨੇ ਦੇਵੀਜੀਵ ਗੋਲੋਕ ਥੀਂ ਏਥੇ ਆਏ ਹਨ ਉਨ੍ਹਾਂ ਦੇ ਉਧਾਰ ਕਰਨ ਦੇ ਵਾਸਤੇ ਅਸੀ ਲੀਲਾ ਪੁਰਖੋਤੱਮ ਜਮੇ ਹਾਂ, ਜਦ ਤਿਕ ਸਾਡਾ ਉਪਦੇਸ਼ ਨਾ ਲੈਨ ਤਦ ਤਿਕ ਗੋਲੋਕ ਦੀ ਪ੍ਰਾਪਤੀ ਨਹੀਂ ਹੁੰਦੀ, ਉਥੇ ਇਕ ਸ਼੍ਰੀ ਕ੍ਰਿਸ਼ਨ ਪੁਰਖ ਹੋਰ ਸਾਰੀਆਂ ਇਸਤ੍ਰੀਆਂ ਹਨ। ਵਾਹ ਜੀ ਵਾਹ ! ਭਲਾ ਤੁਹਾਡਾ ਮਤ ਹੈ !! ਗੁਸਾਂਈਆਂ ਦੇ ਜਿਨੇ ਚੇਲੇ ਹਨ, ਉਹ ਸਾਰੀਆਂ ਗੋਪੀਆਂ ਬਣ ਜਾਂਨ ਗੀਆਂ, ਹੁਣ ਵਿਚਾਰੋ ਭਲਾ ਜਿਸ ਪੁਰਖ ਦੀਆਂ ਦੋ ਇਸਤ੍ਰੀਆਂ ਹੁੰਦੀਆਂ ਹਨ ਓਸਦੀ ਵਡੀ ਦੁਰਦਸ਼ਾ ਹੋਜਾਂਦੀ ਹੈ ਤਾਂ ਜਿਥੇ ਇਕ ਪੁਰਖ, ਅਰ ਕ੍ਰੋੜਾਂ ਇਸਤ੍ਰੀਆਂ ਇਕ ਦੇ ਪਿਛੇ ਲਗੀਆਂ ਹੋਂਨ ਓਸਦੇ ਦੁਖ ਦਾ ਕੀ ਪਾਰਾਵਾਰ ਹੈ ? ਜੇ ਆਖੋ ਕਿ ਸ਼੍ਰੀ ਕ੍ਰਿਸ਼ਨ ਵਿਚ ਵਡਾ ਭਾਰਾ ਬਲ ਹੈ, ਸਾਰੀਆਂ ਨੂੰ ਪ੍ਰਸ਼ੰਨ ਕਰਦੇ ਹਨ, ਤਾਂ ਜੋ ਓਸਦੀ ਇਸਤ੍ਰੀ ਜਿਸਨੂੰ ਸੁਆਮਨੀ ਜੀ ਕਹਿੰਦੇ ਹਨ ਓਸ ਵਿਚ ਬੀ ਸ਼੍ਰੀ ਕ੍ਰਿਸ਼ਨ ਦੇ ਵਾਙਣ ਬਲ ਹੋਸੀ, ਕਿਉਂ ਉਹ ਉਨ੍ਹਾਂ ਦੀ ਅਰਧੰਗੀ ਹੈ, ਜੀਕਣ ਏਥੇ ਇਸਤ੍ਰੀ, ਪੁਰਖ ਦੀ ਕਾਂਮਚੇਸ਼ਟਾ ਬਰਾਬਰ ਅਥਵਾ ਪੁਰਖ ਥੀਂ ਇਸਤ੍ਰੀ ਦੀ ਵਧੀਕ ਹੁੰਦੀ ਹੈ, ਤਾਂ ਗੋਲੋਕ ਵਿਚ ਕਿਉਂ ਨਹੀਂ ? ਜੇ ਅਜੇਹਾ ਹੈ ਤਾਂ ਹੋਰਨਾਂ ਇਸਤ੍ਰੀਆਂ ਦੇ ਨਾਲ ਸੁਆਮਨੀ ਜੀ ਦੀ ਅਤੱਤ ਲੜਾਈ, ਬਖੇੜਾ, ਮਚਦਾ ਹੋਸੀ, ਕਿਉਂਕਿ ਸਉਕਣ ਭਾਉ ਬਹੁਤ ਬੁਰਾ ਹੁੰਦਾ ਹੈ, ਫੇਰ ਗੋਲੋਕ ਸੁਰਗ ਦੀ ਅਪੇਖਿਆ ਕਰਕੇ ਨਰਕ ਵਾਙਣ ਹੋਗਿਆ ਹੋਸੀ, ਅਥਵਾ ਜੀਕਣ ਬਹੁਤ ਇਸਤ੍ਰੀ ਗਾਂਮੀ ਪੁਰਖ ਭਗੰਦਰ ਆਦੀ ਬਮਾਰੀਆਂ ਨਾਲ ਦੁਖੀ ਰਹਿੰਦੇ ਹਨ, ਊਕਣ ਹੀ ਗੋਲੋਕ ਵਿਚ ਹੋਸੀ। ਛੀ ! ਛੀ !! ਛੀ !!! ਅਜਹੇ ਗੋਲੋਕ ਥੀਂ ਮਰਤਲੋਕ ਹੀ ਵਿਚਾਰਾ ਭਲਾ ਹੈ, ਵੇਖੋ। ਜੀਕਣ ਇਥੋਂ ਗੁਸਾਂਈ ਜੀ ਅਪਣੇ ਨੂੰ ਸ਼੍ਰੀ ਕ੍ਰਿਸ਼ਨ ਮੰਨਦੇ ਹਨ, ਅਰ ਬਹੁਤ ਇਸਤ੍ਰੀਆਂ ਨਾਲ ਲੀਲਾ ਕਰਨੇ ਥੀਂ ਭਗੰਦਰ, ਤਥਾ *ਪ੍ਰਮੇਹ ਆਦੀ ਬਮਾਰੀਆਂ ਨਾਲ ਦੁਖੀ ਹੋਕੇ ਮਹਾਂ ਦੁਖ ਭੋਗਦੇ ਹਨ। ਹੁਣ ਦਸੋ। ਜਿਨ੍ਹਾਂ ਦਾ ਸਰੂਪ ਗੁਸਾਂਈਂ ਦੁਖੀ ਹੁੰਦਾ ਹੈ ਤਾਂ ਗੋਲੋਕ ਦਾ ਸੁਆਮੀ ਸ਼੍ਰੀ ਕ੍ਰਿਸ਼ਨ ਇਨ੍ਹਾਂ ਰੋਗਾਂ ਨਾਲ ਦੁਖੀ ਕਿਉਂ ਨਾ ਹੋਸੀ ? ਅਰ ਜੇ ਨਹੀਂ ਹੈ ਤਾਂ ਉਨ੍ਹਾਂ ਦਾ ਸਰੂਪ ਗੁਸਾਂਈ ਜੀ ਦੁਖੀ ਕਿਉਂ ਹੁੰਦੇ ਹਨ ?

(ਪ੍ਰਸ਼ਨ) ਮਰਤਲੋਕ ਵਿਚ ਲੀਲਾ ਅਵਤਾਰ ਧਾਰਨ ਕਰਨ ਥੀਂ ਰੋਗ ਦੋਸ਼ ਹੁੰਦਾ ਹੈ ਗੋਲੋਕ ਵਿਚ ਨਹੀਂ, ਕਿਉਂਕਿ ਉਥੇ ਰੋਗ ਦੋਸ਼ ਹੀ ਨਹੀਂ ਹਨ।

---

*ਪ੍ਰਮੇਹ ਧਾਤ ਦੀ ਬਮਾਰੀ ਨੂੰ ਆਖਦੇ ਹਨ। (ਅਨੁਵਾਦ ਕਰਤਾ)

# 'ਭੋਗੇ ਰੋਗ ਭਯੰ'

(ਉਤ੍ਰ) ਜਿਥੇ ਭੋਗ ਹੈ ਉਥੇ ਬਮਾਰੀ ਜ਼ਰੂਰ ਹੁੰਦੀ ਹੈ, ਅਰ ਸ੍ਰੀ ਕ੍ਰਿਸ਼ਨ ਦੀ ਕ੍ਰੋੜਾਂ ਦਰ ਕ੍ਰੋੜਾਂ ਇਸਤ੍ਰੀਆਂ ਥੀਂ ਸੰਤਾਨ ਹੁੰਦੇ ਹਨ ਵਾ ਨਹੀਂ ? ਅਰ ਜੇ ਹੁੰਦੇ ਹਨ ਤਾਂ ਪੁਤ੍ਰ ੨ ਹੁੰਦੇ ਹਨ ਵਾ ਧੀਆਂ ੨ ? ਅਥਵਾ ਦੋਨੋਂ ? ਜੇ ਆਖੋ ਕਿ ਕੁੜੀਆਂ ਹੀ ਕੁੜੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਦਾ ਵਿਵਾਹ ਕਿਨ੍ਹਾਂ ਦੇ ਨਾਲ ਹੁੰਦਾ ਹੋਸੀ ? ਕਿਉਂਕਿ ਉਥੇ ਬਿਨਾਂ ਸ੍ਰੀ ਕ੍ਰਿਸ਼ਨ ਦੇ ਦੂਜਾ ਕੋਈ ਪੁਰਖ ਨਹੀਂ, ਜੇ ਦੂਜਾ ਹੈ ਤਾਂ ਤੁਹਾਡੀ ਪ੍ਰਤਗਿਆ ਦੂਰ ਹੋਈ । ਜੇ ਆਖੋ ਕਿ ਲੜਕੇ ਹੀ ਲੜਕੇ ਹੁੰਦੇ ਹਨ ਤਾਂ ਬੀ ਇਹਾ ਹੀ ਦੋਸ਼ ਆ ਪੈਸੀ, ਕਿ ਉਨ੍ਹਾਂ ਦਾ ਵਿਵਾਹ ਕਿਥੇ ਅਰ ਕਿਨ੍ਹਾਂ ਦੇ ਨਾਲ ਹੁੰਦਾ ਹੈ ? ਅਥਵਾ ਘਰ ਦੇ ਘਰ ਹੀ ਵਿਚ ਗਟ ਪਟ ਕਰ ਲੈਂਦੇ ਹਨ, ਅਥਵਾ ਹੋਰੀ ਕਿਸੇ ਦੀਆਂ ਕੁੜੀਆਂ ਵਾ ਮੁੰਡੇ ਹਨ, ਤਾਂ ਬੀ ਤੁਹਾਡੀ ਪ੍ਰਤਿਗਿਆ ਗੋਲੋਕ ਵਿਚ ਇਕ ਹੀ ਸ੍ਰੀ ਕ੍ਰਿਸ਼ਨ ਪੁਰਖ ਨਸ਼ਟ ਹੋ ਜਾਸੀ । ਅਰ ਜੇ ਆਖੋ ਕਿ ਸੰਤਾਨ ਹੁੰਦੇ ਹੀ ਨਹੀ, ਤਾਂ ਸ੍ਰੀ ਕ੍ਰਿਸ਼ਨ ਵਿਚ, ਨਾਮਰਦਪਣਾ ਅਰ ਇਸਤ੍ਰੀਆਂ ਵਿਚ ਬੰਧਿਆਪਣ ਦੋਸ਼ ਆਉਸੀ । ਭਲਾ ਇਹ ਗੋ ਲੋਕ ਕੀ ਹੋਇਆ ਜਾਣੋ ਦਿਲੀ ਦੇ ਬਾਦਸ਼ਾਹ ਦੀ ਬੀਬੀਆਂ ਦੀ ਸੈਨਾਂ ਹੋਈ । ਹੁਣ ਜੋ ਗੁਸਾਂਈ ਲੋਕ ਸਿਖ ਅਰ ਸਿਖਣੀਆਂ ਦਾ ਤਨ, ਮਨ, ਤਥਾ ਧਨ ਅਪਣੇ ਅਰਪਣ ਕਰਾ ਲੈਂਦੇ ਹਨ ਉਹ ਬੀ ਠੀਕ ਨਹੀ, ਕਿਉਂਕਿ ਤਨਤਾਂ ਵਿਵਾਹ ਸਮੇਂ ਵਿਚ ਇਸਤ੍ਰੀ, ਅਰ ਪਤੀ ਦੇ ਸਮਰਪਣ ਹੋ ਜਾਂਦਾ ਹੈ, ਫੇਰ ਮਨ ਬੀ ਦੂਜੇ ਦੇ ਸਮਰਪਣ ਨਹੀ ਹੋ ਸਕਦਾ, ਕਿਉਂਕਿ ਮਨਹੀਦੇ ਨਾਲ ਤਨਦਾ ਬੀ ਸਮਰਪਣ ਕਰਨਾ ਬਣ ਸਕਦਾ, ਅਰ ਜੇ ਕਰਨ ਤਾਂ ਵਿਭਚਾਰੀ ਅਖਵਾਸਨ । ਹੁਣ ਰਹਿਆ ਧਨ, ਓਸਦੀ ਏਹਾ ਲੀਲਾ ਸਮਝੋ ਅਰਥਾਤ ਮਨਦੇ ਬਿਨਾ ਕੁਝ ਬੀ ਅਰਪਣ ਨਹੀ ਹੋ ਸਕਦਾ, ਇਨ੍ਹਾਂ ਗੁਸਾਈਆਂ ਦਾ ਮਤਲਬ ਏਹ ਹੈ ਕਿ ਕਮਾਨ ਤਾਂ ਚੇਲੇ, ਅਰ ਅਨੰਦ ਭੋਗ ਕਰਾਂ ਅਸੀ। ਜਿਨੇ ਬਲਭ ਸੰਪ੍ਰਦਾਈ ਗੁਸਾਂਈ ਲੋਕ ਹਨ ਉਹ ਹੁਣ ਤਿਕ ਤੈਲੰਗੀ ਜਾਤ ਵਿਚ ਨਹੀ ਹਨ, ਅਰ ਜੋ ਕੋਈ ਭੁਲਿਆ ਭਟਕਿਆ ਕੁੜੀ ਦਿੰਦਾ ਹੈ ਉਹ ਜਾਤ ਤੋਂ ਬਾਹਰ ਹੋਕੇ ਭ੍ਰਿਸ਼ਟ ਹੋ ਜਾਂਦਾ ਹੈ, ਕਿਉਂਕਿ ਇਹ ਜਾਤ ਥੀਂ ਪਤਤ ਕੀਤੇ ਗਏ, ਅਰ ਵਿਦਿਆ ਤੋਂ ਰਹਿਤ, ਰਾਤਦਿਨ ਪ੍ਰਮਾਦ ਵਿਚ ਰਹਿੰਦੇ ਹਨ । ਹੋਰ ਵੇਖੋ! ਜਦ ਕੋਈ ਗੁਸਾਂਈਂ ਜੀ ਨੂੰ ਘਰ ਬੁਲਾਂਦਾ ਹੈ ਤਦ ਓਸਦੇ ਘਰ ਵਿਚ ਜਾ ਚੁਪਚਾਪ ਕਾਠ ਦੀ ਪੁਤਲੀ ਦੇ ਵਾਙਣ ਬੈਠਾ ਰਹਿੰਦਾ ਹੈ, ਨਾ ਕੁਝ ਬੋਲਦਾ, ਨਾ ਚਾਲਦਾ ਵਿਚਾਰਾ ਬੋਲੇ ਤਾਂ ਤਦ ਜੇ ਮੂਰਖ ਨਾ ਹੋਵੇ

## 'ਮੂਰਖਾਣਾਂ ਬਲੰ ਮਉਨੰ'

ਕਿਉਂਕਿ ਮੂਰਖਾਂ ਦਾ ਬਲ ਚੁਪ ਹੈ, ਜੇ ਬੋਲੇ ਤਾਂ ਉਸਦਾ ਪੋਲ ਨਿਕਲ ਜਾਏ, ਪ੍ਰੰਤੂ ਇਸਤ੍ਰੀਆਂ ਦੀ ਤਰਫ ਖੂਬ ਧਿਆਨ ਲਾਕੇ ਤਕਦਾ ਰਹਿੰਦਾ ਹੈ, ਅਰ ਜਿਸਦੇ ਵਲ ਗੁਸਾਂਈ ਜੀ ਵੇਖਨ ਤਾਂ ਜਾਣੋ ਵਡੇਹੀ ਭਾਗ ਦੀ ਗਲ ਹੈ, ਅਰ ਉਸਦਾ ਖਾਉਂਦ, ਭਰਾ, ਸਰਬੰਧੀ, ਮਾ, ਪਿਉ,ਵਡੇ ਰਾਜੀ ਹੁੰਦੇ ਹਨ, ਉਥੇ ਸਾਰੀਆਂ ਇਸਤ੍ਰੀਆਂ ਗੁਸਾਂਈ ਜੀਦੇ ਪੈਰ ਛੁਹੰਦੀਆਂ ਹਨ, ਜਿਸ ਉਪਰ ਗੁਸਾਂਈਂ ਜੀਦਾ ਮਨ ਲਗੇ ਵਾ ਕ੍ਰਿਪਾ ਹੋਵੇ ਉਸਦੀ ਅੰਗੁਲੀ ਪੈਰ ਨਾਲ ਦਬਾ ਦਿੰਦੇ ਹਨ, ਉਹ ਇਸਤ੍ਰੀ ਅਰ ਉਸਦੇ ਖਾਉਂਦ ਆਦੀ ਅਪਣਾ ਧਨ ਭਾਗ ਸਮਝਦੇ ਹਨ, ਅਰ ਉਸ ਇਸਤ੍ਰੀ ਨੂੰ ਸਾਰੇ ਖਾਉਂਦ ਆਦੀ ਕਹਿੰਦੇ ਹਨ ਕਿ ਤੂੰ ਗੁਸਾਈਂ ਜੀਦੀ ਚਰਨ ਸੇਵਾ ਵਿਚ ਜਾਹ, ਅਰ ਜਿਥੇ ਕਿਧਰੇ ਉਸਦੇ ਖਾਉਂਦ ਆਦੀ ਰਾਜੀ ਨਹੀ ਹੁੰਦੇ ਉਥੇ ਦਲੀ ਅਰ ਫਫੇਕੁਟਨੀ ਪਾਸੋਂ ਕੰਮ ਕਢਾ ਲੈਂਦੇ ਹਨ। ਸਚ ਪੁਛੋ ਤਾਂ ਅਜਹੇ ਕੰਮ ਕਰਨ ਵਾਲੇ ਉਨ੍ਹਾਂਦੇ ਮੰਦਰਾਂ ਵਿਚ ਅਰ ਉਨ੍ਹਾਂਦੇ ਨਜੀਕ ਬਹੁਤਸਾਰੇ ਰਹਿਆ ਕਰਦੇ ਹਨ। ਹੁਣ ਇਨ੍ਹਾਂਦੀ ਦਖਣਾ ਦੀ ਲੀਲਾ ਅਰਥਾਤ ਏਸਤਰਾਂ ਮੰਗਦੇ ਹਨ,ਲਿਆਓ ਭੇਟ ਗੁਸਾਂਈ ਜੀਦੀ, ਬਹੂਜੀਦੀ, ਲਾਲਜੀਦੀ, ਬੇਟੀਜੀਦੀ, ਮੁਖੀਆਜੀਦੀ, ਬਹਰੀਯਾ ਜੀਦੀ, ਗਵਯਾਜੀਦੀ, ਅਰ ਠਾਕੁਰ ਜੀਦੀ, ਇਨ੍ਹਾਂ ਸਤਾਂ ਦੁਕਾਨਾਂ ਤੋ ਚੰਗੀਤਰਾਂ ਨਾਲ ਮਾਲ ਮਾਰਦੇ ਹਨ, ਜਦ ਕੋਈ ਗੁਸਾਈਂ ਜੀ ਦਾ ਸੇਵਕ ਮਰਨ ਲਗਦਾ ਹੈ ਤਦ ਉਸਦੀ ਛਾਤੀ ਉਤੇ ਪੈਰ ਗੁਸਾਈਂ ਜੀ ਧਰਦੇ ਹਨ, ਅਰ ਜੋ ਕੁਝ ਮਿਲਦਾ ਹੈ ਉਸਨੂੰ ਗੁਸਾਈਂ ਜੀ ਡਕਾਰ ਜਾਂਦੇ ਹਨ, ਕੀ, ਇਹ ਕੰਮ ਮਹਾਂ ਬ੍ਰਾਹਮਣ,ਅਰ ਮਸਾਣੀਆਂ ਦੇ ਸਮਾਨ ਨਹੀ ਹੈ?ਕੋਈ ਕੋਈ ਚੇਲਾ ਵਿਆਹ ਵਿਚ ਗੁਸਾਂਈ ਜੀ ਨੂੰ ਬੁਲਾਕੇ ਉਨ੍ਹਾਂ ਕੋਲੋਂ ਹੀ ਮੁੰਡੇ ਕੁੜੀਦਾ ਹਥਲੇਵਾ ਕਰਾਂਦੇ ਹਨ, ਅਰ ਕੋਈ ਕੋਈ ਸੇਵਕ ਜਦ ਕੇਸਰੀਆ ਅਸ਼ਨਾਨ ਅਰਥਾਤ ਗੁਸਾਂਈ ਜੀਦੇ ਸ਼ਰੀਰ ਉਤੇ ਇਸਤ੍ਰੀ ਲੋਕ ਕੇਸਰਦਾ ਵਟਣਾ ਮਲਕੇ ਫੇਰ ਇਕ ਵਡੀ ਪਰਾਤ ਵਿਚ ਪਟੜਾ ਰਖਕੇ ਗੁਸਾਈਂ,ਜੀਨੂੰ ਇਸਤ੍ਰੀ ਪੁਰਖ ਮਿਲਕੇ ਅਸ਼ਨਾਨ ਕਰਾਂਦੇ ਹਨ, ਪ੍ਰੰਤੂ ਵਸ਼ੇਸ਼ ਕਰਕੇ ਇਸਤ੍ਰੀਆਂ ਨੁਹਾਂਦੀਆਂ ਹਨ,ਫੇਰ ਜਦ ਗੁਸਾਈਂ ਜੀ ਰੇਸ਼ਮੀ ਮੁਟਕਾ ਬਨ੍ਹਕੇ ਅਰ ਖੜਾਵਾਂ ਉਤੇ ਚੜ੍ਹ ਕੇ ਬਾਹਰ ਨਿਕਲ ਆਉਂਦੇ ਹਨ, ਅਰ ਧੋਤੀ ਉਸੇ ਵਿਚ ਪਟਕ ਦਿੰਦੇ ਹਨ, ਫੇਰ ਉਸ ਜਲਦਾ ਆਚਮਨ ਉਸਦੇ ਸੇਵਕ ਕਰਦੇ ਹਨ, ਅਰ ਚੰਗਾ ਮਸਾਲਾ ਭਰਕ ਪਾਨ,ਬੀੜੀ ਗੁਸਾਈਂ ਜੀਨੂੰ ਦਿੰਦੇ ਹਨ, ਉਹ ਚਬਕੇ ਕੁਝ ਖਾ ਜਾਂਦੇ ਹਨ ਬਾਕੀ ਇਕ ਚਾਂਦੀ ਦੇ ਕਟੋਰੇ ਵਿਚ ਜਿਸਨੂੰ ਉਨ੍ਹਾਂ ਦਾ ਸੇਵਕ ਮੂੰਹ ਦੇ ਅਗੇ ਕਰ ਦਿੰਦਾ ਹੈ ਉਸ ਵਿਚ

ਪੀਕੇ ਉਗਲ ਦਿੰਦੇ ਹਨ, ਓਸਦੀ ਬੀ ਪਰਸਾਦੀ ਵੰਡਦੇ ਹਨ ਜਿਸਨੂੰ ਖਾਸ ਪ੍ਰਸਾਦੀ ਕਹਿੰਦੇ ਹਨ। ਹੁਣ ਵਿਚਾਰੋ ਕਿ ਇਹ ਲੋਗ ਕਿਸ ਪ੍ਰਕਾਰ ਦੇ ਮਨੁਖ ਹਨ, ਮੂੜ੍ਹਪਣਾ ਅਰ ਅਨਾਚਾਰ, ਏਸਤੋਂ ਵਧੀਕ ਕੀ ਹੋਵੇ ਗਾ? ਬਹੁਤਸਾਰੇ ਸਮਰਪਣ ਲੈਂਦੇ ਹਨ, ਉਨ੍ਹਾਂ ਵਿਚੋਂ ਕਿਨੇ ਹੀ ਵੈਸ਼ਨਵਾਂ ਦੇ ਹਥ ਦਾ ਬੀ ਖਾਂਦੇ ਹਨ ਹੋਰਨਾਂ ਦਾ ਨਹੀਂ, ਕਿਨੇ ਵੈਸਨਵਾਂ ਦੇ ਹਥ ਦਾ ਬੀ ਨਹੀ ਖਾਂਦੇ, ਲਕੜਾਂ ਤਿਕ ਧੋ ਲੈਂਦੇ ਹਨ, ਪ੍ਰੰਤੂ ਆਟਾ, ਖੰਡ, ਘਿਉ ਗੁੜ ਆਦੀ ਧੋਵਣ ਨਾਲ ਉਨ੍ਹਾਂ ਦੀ ਛੁਹ ਵਿਗੜ ਜਾਂਦੀ ਹੈ, ਕੀ ਕਰਨ ਵਿਚਾਰੇ, ਜੇ ਇਨ੍ਹਾਂ ਨੂੰ ਧੋਵਨ ਤਾਂ ਪਦਾਰਥ ਹੀ ਹਥੋਂ ਖੋ ਬੈਠਨ, ਓਹ ਕਹਿੰਦੇ ਹਨ ਕਿ ਅਸੀ ਠਾਕੁਰਜੀਦੇ ਰੰਗ, ਰਾਗ, ਭੋਗ ਵਿਚ ਬਹੁਤਸਾਰਾ ਧਨ ਲਾ ਦੇਨੇ ਹਾਂ, ਪ੍ਰੰਤੂ ਉਹ ਰੰਗ ਰਾਗ ਭੋਗ ਆਪਹੀ ਕਰਦੇ ਹਨ, ਅਰ ਸਚ ਪੁਛੋ ਤਾਂ ਵਡੇ ਵਡੇ ਅਨਰਥ ਹੁੰਦੇ ਹਨ ਅਰਥਾਤ ਹੋਲੀਆਂ ਦੇ ਦਿਨਾਂ ਵਿਚ ਪਚਕਾਰੀਆਂ ਭਰਕੇ ਇਸਤ੍ਰੀਆਂ ਦੇ ਗੁਪਤ ਸਥਾਨ ਵਿਚ ਮਾਰਦੇਹਨ ਅਰ ਭੋਜਨ ਦਾ ਵੇਚਣਾ ਬ੍ਰਾਹਮਣ ਵਾਸਤੇ ਨਖਿਧ ਕਰਮ ਹੈ ਓਸਨੂੰ ਬੀ ਕਰਦੇ ਹਨ।

(ਪ੍ਰਸ਼ਨ) ਗੁਸਾਈਂ ਜੀ ਰੋਟੀ, ਦਾਲ, ਕੜ੍ਹੀ, ਸਾਗ, ਅਰ ਮੱਠੀ, ਲਡੂ ਆਦੀ ਨੂੰ ਪ੍ਰਤੱਖ ਹਟ ਵਿਚ ਬੈਹਕੇ ਤਾਂ ਨਹੀਂ ਵੇਚਦੇ, ਕਿੰਤੂ ਅਪਣੇ ਨੌਕਰ ਚਾਕਰਾਂ ਨੂੰ ਪਤਲਾਂ ਵੰਡ ਦਿੰਦੇਹਨ, ਉਹ ਲੋਕ ਵੇਚਦੇ ਹਨ, ਗੁਸਾਈਂ ਜੀ ਨਹੀਂ।

(ਉਤ੍ਰ) ਜੇ ਗੁਸਾਈਂ ਜੀ ਉਨ੍ਹਾਂ ਨੂੰ ਮਹੀਨੇ ਪਿਛੋਂ ਰੁਪਯੇ ਦੇ ਦੇਨ ਤਾਂ ਉਹ ਪਤਲਾਂ ਕਿਉਂ ਲੈਨ, ਗੁਸਾਂਈ ਜੀ ਅਪਣੇ ਨੌਕਰਾਂ ਦੇ ਹਥ ਦਾਲ, ਚਾਉਲ, ਆਦੀ ਨੌਕਰੀ ਦੇ ਬਦਲੇ ਵੇਚ ਦਿੰਦੇ ਹਨ, ਉਹ ਲਿਜਾਕੇ ਹਟੱ ਬਜਾਰ ਵਿਚ ਵੇਚਦੇ ਹਨ, ਜੇ ਗੁਸਾਂਈ ਜੀ ਆਪ ਬਾਹਰ ਵੇਚਦੇ ਤਾਂ ਨੌਕਰ ਜੋ ਬ੍ਰਾਹਮਣ ਆਦੀ ਹਨ ਉਹ ਤਾਂ ਭੋਜਨ ਵੇਚਣ ਦੇ ਦੋਸ਼ ਥੀਂ ਬਚ ਜਾਂਦੇ, ਅਰ ਅਕਲੇ ਗੁਸਾਈਂ ਜੀ ਹੀ ਏਸ ਪਾਪ ਦੇ ਭਾਗੀ ਹੁੰਦੇ, ਪਹਿਲੇ ਤਾਂ ਏਸ ਪਾਪ ਵਿਚ ਆਪ ਡੁਬੇ ਫੇਰ ਹੋਰਨਾਂ ਨੂੰ ਡੁਬਾਇਆ, ਅਰ ਕਿਦੇ ਕਿਦੇ ਨਾਥ ਦੁਆਰਾ ਆਦੀ ਵਿਚ ਗੁਸਾਈਂ ਜੀ ਬੀ ਵੇਚਦੇ ਹਨ, ਰਸ ਬਿਕਰੀ ਕਰਨਾ ਨੀਚਾਂ ਦਾ ਕੰਮ ਹੈ ਚੰਗਿਆਂ ਦਾ ਨਹੀਂ, ਅਜਹੇ ਅਜਹੇ ਲੋਕਾਂ ਨੇ ਏਸ ਆਰਯਾਵਰਤ ਦੀ ਦੁਰਦਸ਼ਾ ਕਰ ਦਿੱਤੀ ॥

(ਪ੍ਰਸ਼ਨ) ਸ੍ਵਾਮੀ ਨਾਰਾਇਣ ਦਾ ਮਤ ਕੇਹੋ ਜੇਹਾ ਹੈ ? (ਉਤ੍ਰ)

**'ਯਾਦ੍ਰਸ਼ੀ ਸੀਤਲਾ ਦੇਵੀ ਤਾਦ੍ਰਸ਼ੋ ਵਾਹਿਨਾਖਰਾ'**

ਜੇਹੋ ਜਹੀ ਗੁਸਾਈਂ ਜੀ ਦੀ ਧਨ ਲੁਟੱਣ ਆਦੀ ਵਿਚ ਵਿਰਿਤ੍ਰ ਲੀਲਾ ਹੈ

ਉਹੋ ਜੇਹੀ ਸ੍ਵਾਮੀ ਨਾਰਾਇਣ ਦੀ ਬੀ ਹੈ, ਵੇਖੋ! ਇਕ ਸਹਜਾਨੰਦ ਨਾਮੀ ਅਜੁਧਿਆ ਦੇ ਕੋਲ ਇਕ ਪਿੰਡ ਵਿਚ ਜਮਿਆਂ ਸੀ, ਉਹ ਬ੍ਰਹਮਚਾਰੀ ਹੋਕੇ 'ਗੁਜਰਾਤ' 'ਕਾਠੀਆਵਾੜ' 'ਕਛਭੁਜ' ਆਦੀ ਦੇਸ਼ਾਂ ਵਿਚ ਫਿਰਦਾ ਸੀ, ਓਸਨੇ ਵੇਖਿਆ ਕਿ ਇਹ ਦੇਸ਼ ਮੂਰਖ ਅਰ ਭੋਲਾ ਭਾਲਾ ਹੈ, ਭਾਵੇਂ ਜਿਸਤਰਾਂ ਇਨ੍ਹਾਂ ਨੂੰ ਅਪਣੇ ਮਤ ਵਿਚ ਝੁਕਾ ਲਵੋ ਉਸੇਤਰਾਂ ਨਾਲ ਹੀ ਏਹ ਲੋਕ ਝੁਕ ਸਕਦੇ ਹਨ, ਓਥੇ ਓਸਨੇ ਦੋ ਚਾਰ ਚੇਲੇ ਬਣਾਏ, ਉਨ੍ਹਾਂ ਨੇ ਆਪਸ ਵਿਚ ਸਲਾਹ ਕਰਕੇ ਪ੍ਰਸਿਧ ਕੀਤਾ ਕਿ ਸਹਜਾਨੰਦ ਨਾਰਾਇਣ ਦਾ ਅਵਤਾਰ ਹੈ, ਅਰ ਵਡਾ ਸਿਧ ਹੈ, ਅੱਰ ਭਗਤਾਂ ਨੂੰ ਚਤੁਰਭੁਜ ਮੂਰਤੀ ਧਾਰਣ ਕਰਕੇ ਸਾਖਿਆਤ ਦਰਸ਼ਨ ਬੀ ਦਿੰਦਾ ਹੈ, ਇਕ ਵੇਰ ਕਾਠੀਆਵਾੜ ਵਿਚ ਇਕ ਕਾਠੀ, ਅਰਥਾਤ ਜਿਸਦਾ ਨਾਂਉਂ ਦਾਦਾਖਾਚਰ ਅਰ ਉਹ ਗੜ੍ਹੜੇ ਦਾ ਜਿਮੀਦਾਰ ਸੀ, ਓਸਨੂੰ ਚੇਲਿਆਂ ਨੇ ਕਹਿਆ ਕਿ ਤੁਸੀ ਚਤੁਰਭੁਜ ਨਾਰਾਇਣ ਦਾ ਦਰਸ਼ਨ ਕਰਨਾ ਚਾਹੁੰਦੇ ਓ ਤਾਂ ਅਸੀ ਸਹਜਾਨੰਦ ਜੀ ਨੂੰ ਕਹੀਏ, ਓਸਨੇ ਕਿਹਾ ਬਹੁਤ ਅਛੀ ਬਾਤ ਹੈ, ਉਹ ਭੋਲਾ ਆਦਮੀ ਸੀ, ਇਕ ਕੋਠੜੀ ਵਿਚ ਸਹਜਾਨੰਦ ਨੇ ਸਿਰ ਉਤੇ ਮੁਕਟ ਰਖਿਆ ਅਰ ਸ਼ੰਖ, ਚਕ੍ਰ, ਅਪਣੇ ਹਥ ਵਿਚ ਉਪੱਰਵਲ ਫੜ ਲੀਤੇ, ਅਰ ਇਕ ਦੂਜਾ ਆਦਮੀ ਓਸਦੇ ਪਿਛੇ ਖਲੋ ਗਿਆ ਜਿਸਨੇ ਗਦਾ, ਪਦਮ, ਅਪਣੇ ਹਥ ਵਿਚ ਲੈਕੇ ਕਛਾਂ ਵਿਚੋਂ ਅੱਗੇ ਨੂੰ ਹਥ ਕਢਕੇ ਚਤਰਭੁਜ ਦੇ ਵਾਙਣ ਬਣ ਠਣ ਗਏ, ਦਾਦਾਖਾਚਰ ਨੂੰ ਓਸਦੇ ਚੇਲਿਆਂ ਨੇ ਕਿਹਾ ਕਿ ਇਕ ਵਾਰੀ ਅਖ ਉਠਾਕੇ ਵੇਖਣਾ ਫੇਰ ਅਖਾਂ ਮੀਟ ਲੈਣੀਆਂ ਅਰ ਝਟ ਏਧਰ ਨੂੰ ਚਲਿਆ ਆਉਣਾ, ਜੇ ਬਹੁਤ ਵੇਖੋਗੇ ਤਾਂ ਨਾਰਾਇਣ ਕ੍ਰੋਧ ਕਰਨ ਗੇ, ਚੇਲਿਆਂ ਦੇ ਮਨ ਵਿਚ ਤਾਂ ਏਹ ਗਲ ਸੀ ਕਿ ਸਾਡੇ ਛਲ ਦੀ ਪ੍ਰੀਖਿਆ ਨਾ ਕਰ ਲਵੇ, ਓਸਨੂੰ ਲੈ ਗਏ, ਉਹ ਸਹਜਾਨੰਦ ਕਲੂੰਨ, ਅਰ ਚਮਕਦੇ ਹੋਏ ਰੇਸ਼ਮ ਦੇ ਕਪੜੇ ਪਾਕੇ ਹਨੇਰੀ ਕੋਠੜੀ ਵਿਚ ਖਲੋਤਾ ਸੀ, ਓਸਦੇ ਚੇਲਿਆਂ ਨੇ ਇਕੋ ਵੇਰੀ ਲਾਲਟੈਨ ਨਾਲ ਕੋਠੜੀ ਵਲ ਉਜਾਲਾ ਕੀਤਾ, ਦਾਦਾਖਾਚਰ ਨੇ ਡਿਠਾ ਤਾਂ ਚਤੁਰਭੁਜ ਮੂਰਤੀ ਨਜਰ ਆਈ, ਫੇਰ ਝਟਪਟ ਦੀਵੇ ਨੂੰ ਲਕੋ ਲੀਤਾ, ਉਹ ਸਾਰੇ ਹੇਠਾਂ ਡਿਗਕੇ ਨਮਸਕਾਰ ਕਰਕੇ ਦੂਜੇ ਪਾਸਿਓਂਆ ਗਏ, ਅਰ ਓਸਵੇਲੇ ਗਲਾਂ ਕੀਤੀਆਂ ਕਿ ਤੁਹਾਡਾ ਧਨ ਭਾਗ ਹੈ, ਹੁਣ ਤੁਸੀ ਮਹਾਂਰਾਜ ਦੇ ਚੇਲੇ ਹੋ ਜਾਓ, ਓਸਨੇ ਕਹਿਆ ਬਹੁਤ ਚੰਗੀ ਗਲ, ਜਦਤਿਕ ਮੁੜਕੇ ਦੂਜੇ ਅਸਥਾਂਨ ਵਿਚ ਗਏ ਤਦ ਤਿਕ ਦੂਜੇ ਵਸਤ੍ਰ ਪਾਕੇ ਸਹਜਾਨੰਦ ਗਦੀ ਉਤੇ ਬੈਠਾ ਮਿਲਿਆ, ਤਦ ਚੇਲਿਆਂ ਨੇਕਹਿਆ ਕਿ ਵੇਖੋ ਹੁਣ ਦੂਜਾ ਸਰੂਪ ਧਾਰਣ ਕਰਕੇ ਏਥੇ ਬੈਠੇ ਹਨ, ਉਹ ਦਾਦਾਖਾਚਰ ਇਨ੍ਹਾਂ ਦੇ ਜਾਲ ਵਿਚ ਫਸ ਗਿਆ, ਓਥੋਂ ਹੀ ਉਨ੍ਹਾਂ ਦੇ ਮਤ ਦੀ ਜੜ੍ਹ ਜਮੀ ਕਿਉਂਕਿ ਉਹ ਇਕ ਵਡਾ ਜਿਮੀਦਾਰ ਸੀ ਓਥੇਅਪਣੀਜੜ੍ਹ ਜਮਾਕਫੇਰ ਏਧਰ

ਓਧਰ ਫਿਰਦਾ ਰਹਿਆ,ਸਭ ਨੂੰ ਉਪਦੇਸ਼ ਕਰਦਾਸੀ, ਬਹੁਤਿਆਂ ਨੂੰ ਸਾਧੂ ਬੀ ਬਣਾਂਦਾ ਸੀ,ਕਦੇ ਕਦੇ ਕਿਸੇ ਸਾਧੂ ਦੀ ਸੰਪਦੀਨਾੜ ਨੂੰਮਲਕੰਬਿਹੋਸ਼ਬੀ ਕਰ ਦਿੰਦਾ ਸੀ, ਅਰ ਸਭ ਨੂੰ ਕਹਿੰਦਾ ਸੀ ਕਿ ਅਸਾਂ ਨੇ ਇਨ੍ਹਾਂ ਨੂੰ ਸਮਾਧੀ ਚੜ੍ਹਾ ਦਿੱਤੀ ਹੈ, ਅਜੇਹੀ ਅਜੇਹੀ ਧੂਰਤਤਾ ਵਿਚ ਕਾਠੀਆਵਾੜ ਦੇ ਭੋਲੇ ਭਾਲੇ ਲੋਕ ਓਸਦੇ ਪੇਚ ਵਿਚ ਫਸ ਗਏ, ਜਦ ਉਹ ਮਰਗਿਆ ਤਦ ਓਸਦੇ ਚੇਲਿਆਂ ਨੇ ਬਹੁਤ ਸਾਰਾ ਪਖੰਡ ਫਲਾਇਆ, ਏਸ ਵਿਚ ਏਹ ਦ੍ਰਿਸ਼ਟਾਂਤ ਜੋਗ ਹੋਸੀ, ਕਿ ਜੇਕਰ ਕੋਈ ਚੋਰੀ ਕਰਦਾ ਪਕੜਿਆ ਗਿਆ ਸੀ, ਨਿਆਂਧੀਸ਼ ਨੇ ਓਸ ਨੂੰ ਨੱਕ ਕਟ ਸੁਟਣੇ ਦੀ ਸਜਾ ਕੀਤੀ, ਜਦ ਓਸਦਾ ਨੱਕ ਕਟਿਆਗਿਆ ਤਦ ਉਹ ਧੂਰਤ ਨਚਣੇ, ਗਾਉਂਣੇ, ਅਰ ਹਸਣੇ ਲਗਾ, ਲੋਕਾਂ ਨੇ ਪੁਛਿਆ ਕਿ ਤੂੰ ਕਿਉਂ ਹਸਦਾ ਹੈਂ? ਓਸਨੇ ਆਖਿਆ ਕਿ ਕੁਝ ਕਹਣੇ ਦੀ ਗਲ ਨਹੀਂ ਹੈ, ਲੋਕਾਂ ਨੇਂ ਪੁਛਿਆ ਅਜਹੀ ਕੇਹੜੀ ਗਲ ਹੈ? ਓਸਨੇ ਕਹਿਆ ਵੱਡੀ ਭਾਰੀ ਅਚਰਜ ਦੀ ਗਲ ਹੈ, ਅਸਾਂ ਨੇ ਅਜੇਹੀ ਕਦੀ ਨਹੀਂ ਵੇਖੀ। ਲੋਕਾਂ ਨੇ ਕਹਿਆਂ ਦਸੋ! ਕੀ ਗਲ ਹੈ? ਓਸਨੇ ਕਹਿਆ ਕਿ ਮੇਰੇ ਸਾਮਣੇ ਸਾਖਿਆਤ ਚਤੁਰ ਭੁਜ ਨਾਰਾਇਣ ਖਲੋਤੇ ਮੈ ਵੇਖਕੇ ਵਡਾ ਪ੍ਰਸੰਨ ਹੋਕੇ ਨਚਦਾ ਗਾਉਂਦਾ ਅਪਣੇ ਭਾਗਾਂ ਨੂੰ ਧਨਵਾਦ ਦਿੰਦਾ ਹਾਂ ਕਿ ਮੈਂ ਨਾਰਾਇਣ ਦਾ ਸਾਖਿਆਤ ਦਰਸ਼ਨ ਕਰ ਰਿਹਾ ਹਾਂ, ਲੋਕਾਂ ਨੇ ਕਿਹਾ ਕਿ ਸਾਂਨੂੰ ਦਰਸ਼ਨ ਕਿਉਂ ਨਹੀਂ ਹੁੰਦਾ? ਉਹ ਬੋਲਿਆ ਨੱਕ ਦਾ ਓਹਲਾ ਹੋ ਰਿਹਾ ਹੈ, ਜੇ ਨੱਕ ਵਢ ਸੁਟੋ ਤਾਂ ਨਾਰਾਇਣ ਵੇਖੋ, ਨਹੀਂ ਤਾਂ ਨਹੀ। ਉਨ੍ਹਾਂ ਵਿਚੋਂ ਕਿਸੇ ਮੂਰਖ ਨੇ ਚਾਹਿਆ ਕਿ ਨੱਕ ਜਾਵੇ ਤਾਂ ਜਾਵੇ ਪ੍ਰੰਤੂ ਨਾਰਾਇਣ ਦਾ ਦਰਸ਼ਨ ਜਰੂਰ ਕਰਨਾ ਚਾਹੀਏ ਓਸ ਨੇ ਕਹਿਆ ਕਿ ਮੇਰਾ ਬੀ ਨਕ ਕੱਟੋ! ਨਾਰਾਇਣ ਨੂੰ ਵਿਖਾਓ ਓਸਨੇ ਓਸਦੀ ਨੱਕ ਕਟਕੇ ਕੰਨ ਵਿਚ ਕਹਿਆ ਕਿ ਤੂੰ ਬੀ ਏਸ ਤਰਾਂ ਹੀ ਕਰ ਨਹੀਂ ਤਾਂ ਮੇਰਾ ਅਰ ਤੇਰਾ ਮਖੌਲ ਹੋਵੇਗਾ, ਓਸ ਨੇ ਬੀ ਸਮਝਿਆ ਕਿ ਹੁਣ ਨੱਕ ਤਾਂ ਆਉਣਾ ਨਹੀਂ ਏਸ ਲਈ ਏਹੋ ਕਹਣਾ ਠੀਕ ਹੈ, ਤਦ ਤਾਂ ਉਹ ਬੀ ਓਥੇ ਉਧੇ ਵਾਂਙਣ ਨਚੱਣੇ, ਕੁਦੱਣੇ, ਗਾਉਂਣੇ, ਵਜਾਣੇ, ਹਸਣੇ, ਅਰ ਕਹਣੇ ਲਗਾ ਕਿ ਮੈਨੂੰ ਬੀ ਨਾਰਾਇਣ ਨਜਰ ਆਉਂਦਾ ਹੈ, ਓਸ ਤਰਾਂ ਹੁੰਦੇ ਹੁੰਦੇ ਇਕ ਹਜਾਰ ਮਨੁਖੱਾਂ ਦਾ ਝੁੰਡ ਹੋਗਿਆ, ਅਰ ਵਡਾ ਰੌਲਾ ਮਚਿਆ ਅਰ ਅਪਣੇ ਸੰਪ੍ਰਦਾ ਦਾ ਨਾਉਂ ਨਾਰਾਇਣਦਰਸ਼ੀ ਰਖਿਆ, ਕਿਸੇ ਮੂਰਖ ਰਾਜਾ ਨੇ ਸੁਣਿਆਂ ਉਨ੍ਹਾਂ ਨੂੰ ਬੁਲਾਇਆ, ਜਦ ਰਾਜਾ ਉਨ੍ਹਾਂ ਦੇ ਪਾਸ ਗਿਆ ਤਦ ਤਾਂ ਉਹ ਬਹੁਤ ਕੁਝ ਨਚੱਣ, ਕੁਦੱਣ, ਹਸੱਣ, ਲਗੇ, ਤਦ ਰਾਜਾ ਨੇ ਪੁਛਿਆ ਕਿ ਇਹ ਕੀ ਗਲ ਹੈ? ਉਨ੍ਹਾਂ ਨੇ ਕਹਿਆ ਕਿ ਸਾਖਿਆਤ ਨਾਰਾਇਣ ਸਾਨੂੰ ਦਿਸਦਾ ਹੈ।

(ਰਾਜਾ) ਸਾਨੂੰ ਕਿਉਂ ਨਹੀਂ ਦਿਸਦਾ?

(ਨਾਰਾਇਣ ਦਰਸ਼ੀ) ਜਦ ਤਿਕ ਨੱਕ ਹੈ ਤਦ ਤਿਕ ਨਹੀਂ ਦਿਸੇਗਾ, ਅਰ ਜਦ ਨਕ ਕਟਵਾ ਲਵੋਗੇ ਤਦ ਨਾਰਾਇਣ ਪ੍ਰਤੱਖ ਨਜਰ ਆਵੇਗਾ, ਓਸ ਰਾਜਾ ਨੈ ਵਿਚਾਰਿਆ ਕਿ ਇਹ ਬਾਤ ਠੀਕ ਹੈ, ਰਾਜਾ ਨੈ ਕਹਿਆ ਜੋਤਸ਼ੀ ਜੀ ਮਹੂਰਤ ਵੇਖੋ! ਜੋਤਸ਼ੀ ਜੀ ਨੈ ਉੱਤਰ ਦਿੱਤਾ ਜੋ ਹੁਕਮ ਅੰਨ-ਦਾਤਾ, ਦਸਮੀ ਦੇ ਦਿਨ, ਪ੍ਰਾਤਾਕਾਲ, ਅਠ ਬਜੇ, ਨੱਕ ਕਟਵਾਣੇ ਅਰ ਨਾਰਾਇਣ ਦੇ ਦਰਸ਼ਨ ਕਰਨੇ ਦਾ ਵਡਾ ਚੰਗਾ ਮਹੂਰਤ ਹੈ, ਵਾਹਰੇ ਪੋਪਜੀ! ਅਪਣੀ ਪੋਥੀ ਵਿਚ ਨਕ ਕਟਣੇ, ਕਟਾਣੇ ਦਾ ਬੀ ਮਹੂਰਤ ਲਿਖ ਦਿਤਾ। ਜਦ ਰਾਜਾ ਦੀ ਇਛਿਆ ਹੋਈ ਅਰ ਉਨ੍ਹਾਂ ਹਜਾਰ ਨਕ ਕਟਿਆਂ ਦੇ ਸੀਧੇ ਬੰਨ੍ਹ ਦਿਤੇ ਤਦ ਤਾਂ ਉਹ ਵਡੇ ਹੀ ਪ੍ਰਸੰਨ ਹੋਕੇ ਨਚਣ, ਕੁਦਣ ਅਰ ਗਾਉਣ ਲਗੇ, ਇਹ ਬਾਤ ਰਾਜਾ ਦੇ ਦਿਵਾਂਨ ਆਦੀ ਕੁਝ ਕੁਝ ਬੁਧਵਾਲਿਆਂ ਨੂੰ ਚੰਗੀ ਨਾ ਲਗੀ, ਰਾਜਾ ਦੇ ਇਕ ਚਹੁੰ ਪੀੜ੍ਹੀਆਂ ਦਾ ਬੁਢਾ ਨੱਵੇ ਵਰ੍ਹਿਆਂ ਦਾ ਦਿਵਾਂਨ ਸੀ ਓਸਨੂੰ ਜਾਕੇ ਓਸਦੇ ਪੜਪੋਤੇ ਨੈ ਜੋਕਿ ਓਸ ਸਮੇ ਦੀਵਾਂਨ ਸੀ ਉਹ ਬਾਤ ਸੁਣਾਈ, ਤਦ ਓਸ ਬੁਢੇ ਨੈ ਕਹਿਆ ਕਿ ਉਹ ਠੱਗ ਹਨ, ਤੂੰ ਮੈਨੂੰ ਰਾਜਾ ਦੇ ਪਾਸ ਲੈ ਚਲ, ਉਹ ਲੈ ਗਿਆ, ਬੈਠਣ ਵੇਲੇ ਰਾਜਾ ਨੈ ਬੜੀ ਖੁਸ਼ੀ ਨਾਲ ਉਨ੍ਹਾਂ ਨਕ ਕਟਿਆਂ ਦੀ ਗਲ ਸੁਣਾਈ, ਦੀਵਾਂਨ ਨੈ ਕਹਿਆ ਕਿ ਸੁਣੀਏਂ ਮਹਾਂਰਾਜ ਅਜੇਹੀ ਜਲਦੀ ਨਹੀ ਕਰਨੀ ਚਾਹੀਏ ਬਿਨਾ ਪ੍ਰੀਖਿਆ ਕੀਤੇ ਪਛਤਾਵਾ ਹੁੰਦਾ ਹੈ।

(ਰਾਜਾ) ਕੀ ਇਹ ਹਜਾਰਾਂ ਪੁਰਖ ਝੂਠ ਬੋਲਦੇ ਹੋਂਨਗੇ?

(ਦੀਵਾਂਨ) ਝੂਠ ਬੋਲੋ ਵਾ ਸਚ, ਬਿਨਾਂ ਪ੍ਰੀਖਿਆ ਦੇ ਸ਼ਚ ਝੂਠ ਕਿਸਤਰਾਂ ਕਹ ਸਕਨੇ ਹਾਂ?

(ਰਾਜਾ) ਪ੍ਰੀਖਿਆ ਕਿਸਪ੍ਰਕਾਰ ਕਰਨੀ ਚਾਹੀਏ?

(ਦੀਵਾਂਨ) ਸ੍ਰਿਸ਼ਟੀ ਕ੍ਰਮ, ਵਿਦਿਆ, ਪ੍ਰਤੱਖ ਆਦੀ ਪ੍ਰਮਾਣਾਂ ਨਾਲ।

(ਰਾਜਾ) ਜੋ ਪੜ੍ਹਿਆ ਨਾਂ ਹੋਵੇ ਉਹ ਪ੍ਰੀਖਿਆ ਕਿਸਤਰਾਂ ਕਰੇ?

(ਦੀਵਾਂਨ) ਵਿਦਵਾਨਾਂ ਦੇ ਸੰਗ ਨਾਲ ਗਿਆਂਨ ਦੀ ਬ੍ਰਿਧੀ ਕਰਕੇ।

(ਰਾਜਾ) ਜੋ ਵਿਦਵਾਂਨ ਨਾ ਮਿਲੇ ਤਾਂ?

(ਦੀਵਾਂਨ) ਪੁਰਖਾਰਥੀ ਨੂੰ ਕੋਈ ਬਾਤ ਦੁਰਲਭ ਨਹੀਂ ਹੈ।

(ਰਾਜਾ) ਤਾਂ ਤੁਸੀ ਹੀ ਦਸੋ ਕਿਸਤਰਾਂ ਕੀਤਾ ਜਾਵੇ?

(ਦੀਵਾਂਨ) ਮੈ ਬੁਢਾ ਅਰ ਘਰ ਵਿਚ ਬੈਠਾ ਰਹਨਾ ਹਾਂ ਅਰ ਹੁਣ ਥੋੜੇ ਦਿਨ ਜੀਵਾਂ ਗਾ ਏਸ ਲਈ ਪਹਿਲੋਂ ਪ੍ਰੀਖਿਆ ਮੈਂ ਕਰ ਲਵਾਂ, ਪਿਛੋਂ ਜੇਹਾ ਉਚਤ ਸਮਝੋ ਤੇਹਾ ਕਰਨਾ॥

(ਰਾਜਾ) ਬਹੁਤ ਚੰਗੀ ਗਲ ਹੈ ਜੋਤਸ਼ੀ ਜੀ ਦੀਵਾਂਨ ਜੀਦੇ ਵਾਸਤੇ ਮਹੂਰਤ ਵੇਖੋ।

( ਜੋਤਸ਼ੀ ) ਜੋ ਮਹਾਰਾਜ ਦੀ ਆਗਿਆ, ਇਹੋ ਸ਼ੁਕਲ ਪੰਚਮੀ ਵਿਚ ਦਸ ਬਜੇ ਦਾ ਮਹੂਰਤ ਚੰਗਾ ਹੈ,ਜਦ ਪੰਚਮੀ ਲਗੀ ਤਦ ਰਾਜਾ ਜੀ ਦੇ ਪਾਸ ਆਕੇ ਅਠ ਵਜੇ ਬੁਢੇ ਦੀਵਾਨ ਜੀ ਨੇ ਰਾਜਾ ਜੀ ਨੂੰ ਕਹਿਆ ਕਿ ਹਜਾਰ ਦੋ ਹਜਾਰ ਫੌਜ ਲੈਕੇ ਚਲਣਾ ਚਾਹੀਏ ।

( ਰਾਜਾ ) ਓਥੇ ਫੌਜਦਾ ਕੀ ਕੰਮ ਹੈ?

( ਦੀਵਾਨ ) ਤੁਸੀ ਰਾਜ ਬਵਸਥਾ ਨੂੰ ਜਾਂਣਦੇ ਨਹੀ ਜਿਸਤਰਾਂ ਮੈ ਕਹਨਾ ਹਾਂ ਓਸੇਤਰਾਂ ਕਰੋ।

( ਰਾਜਾ ) ਅਛਾ ਬਈ ਫੌਜਦੀ ਤਿਆਰੀ ਕਰੋ। ਸਾਢੇ ਨੌਂ ਬਜੇ ਸਵਾਰੀ ਕਰਕੇ ਰਾਜਾ ਸਭ ਨੂੰ ਲੈਕੇ ਗਿਆ, ਉਨ੍ਹਾਂ ਨੂੰ ਵੇਖਕੇ ਉਹ ਨਚਣ ਅਰ ਗਾਉਂਣ ਲਗੇ, ਜਾਕੇ ਬੈਠੇ, ਉਨ੍ਹਾਂ ਦੇ ਮਹੰਤ ਜਿਸਨੇ ਇਹ ਸੰਪ੍ਰਦਾ ਚਲਾਇਆ ਸੀ ਜਿਸਦੀ ਪਹਿਲੋਂ ਨਕ ਕਟੀ ਸੀ ਓਸਨੂੰ ਬੁਲਾਕੇ ਕਿਹਾ ਅਜ ਸਾਡੇ ਦੀਵਾਂਨ ਜੀ ਨੂੰ ਨਾਰਾਇਣ ਦਾ ਦਰਸ਼ਨ ਕਰਾਓ । ਓਸਨੇ ਕਹਿਆ ਅਛਾ, ਦਸ ਬਜੇ ਦਾ ਸਮਾਂ ਜਦ ਆਇਆ ਤਦ ਇਕ ਥਾਲੀ ਮਨੁਖ ਨੇ ਨਕ ਦੇ ਹੇਠਾਂ ਪਕੜ ਰਖੀ, ਓਸਨੇ ਤੇਜ ਚਾਕੂ ਲੈਕੇ ਨਕ ਕਟ ਥਾਲੀ ਵਿਚ ਪਾ ਦਿਤੀ, ਅਰ ਦੀਵਾਂਨ ਜੀਦੇ ਨਕ ਵਿਚੋਂ ਲਹੂਦੀ ਧਾਰ ਵਗਣ ਲਗੀ, ਦੀਵਾਂਨ ਜੀਦਾ ਮੂੰਹ ਮੈਲਾ ਹੋ ਗਿਆ, ਫੇਰ ਓਸ ਧੂਰਤ ਨੇ ਦੀਵਾਂਨ ਜੀਦੇ ਕੰਨ ਵਿਚ ਮੰਤ੍ਰ ਉਪਦੇਸ਼ ਕੀਤਾ ਕਿ ਤੁਸੀ ਬੀ ਹਸਕੇ ਸਭਨੂੰ ਆਖੋ ਕਿ ਮੈਨੂੰ ਨਾਰਾਇਣ ਦਿਸਦਾ ਹੈ,ਹੁਣ ਨਕ ਕਟੀ ਹੋਈ ਨਹੀਆਵੇਗੀ,ਜੇ ਅਜੇਹਾ ਨਾ ਆਖੋਗੇ ਤਾਂ ਤੁਹਾਡਾ ਵਡਾਠੱਠਾ ਹੋਵੇ ਗਾ,ਸਭ ਲੋਗ ਹਸਨ ਗੇ, ਉਹ ਇੱਨਾ ਕਹਕੇ ਪਰੇ ਹੋਇਆ, ਅਰ ਦੀਵਾਂਨ ਜੀਨੇ ਅੰਗੋਛਾ ਹਥ ਵਿਚ ਲੈਕੇ ਨਕ ਦੀ ਆੜ ਵਿਚ ਲਗਾ ਦਿਤਾ, ਜਦ ਦੀਵਾਂਨ ਜੀ ਕੋਲੋਂ ਰਾਜਾ ਨੇ ਪੁਛਿਆ ਦਸੋ ਨਾਰਾਇਣ ਦਿਸਦਾ ਹੈ ਵਾ ਨਹੀ? ਦੀਵਾਂਨਜੀ ਨੇ ਰਾਜਾ ਦੇ ਕੰਨ ਵਿਚ ਆਖਿਆ ਕਿ ਕੁਝਬੀ ਨਹੀ ਦਿਸਦਾ ਬਿਰਥਾ ਏਸ ਧੂਰਤ ਨੇ ਹਜਾਰਾਂ ਮਨੁਖਾਂ ਨੂੰ ਭ੍ਰਿਸ਼ਟ ਕੀਤਾ, ਰਾਜਾ ਨੇ ਦੀਵਾਂਨ ਨੂੰ ਆਖਿਆ ਹੁਣ ਕੀ ਕਰਨਾ ਚਾਹੀਏ? ਦੀਵਾਨ ਨੇ ਕਹਿਆ ਇਨ੍ਹਾਂ ਨੂੰ ਪਕੜਕੇ ਡਾਢਾ ਡੰਡ ਦੇਣਾ ਚਾਹੀਏ,ਜਦ ਤਿਕ ਜੀਉਨ ਤਦ ਤਿਕ ਕੈਦਖਾਂਨੇ ਵਿਚ ਰਖਣਾ ਚਾਹੀਏ, ਅਰ ਏਸ ਦੁਸ਼ਟ ਨੂੰ ਕਿ ਜਿਸਨੇ ਇਨ੍ਹਾਂ ਸਾਰਿਆਂ ਨੂੰ ਵਿਗਾੜਿਆ ਹੈ ਗਧੇ ਉਪਰ ਚਾਹੜ ਡਾਢੀ ਦੁਰਦਸ਼ਾ ਨਾਲ ਮਾਰਣਾ ਚਾਹੀਏ, ਜਦ ਰਾਜਾ ਅਰ ਦੀਵਾਂਨ ਕੰਨਾਂ ਵਿਚ ਬਾਤਾਂ ਕਰਨ ਲਗੇ ਤਦ ਉਨ੍ਹਾਂਨੇ ਡਰਕੇ ਨਸਣ ਦੀ ਤਿਆਰੀ ਕੀਤੀ, ਪ੍ਰੰਤੂ ਚਹੁੰ ਪਾਸਿਓਂ ਫਉਜ ਨੇ ਘੇਰਾ ਦੇ ਰਖਿਆ ਸੀ ਨਾ ਨਸ ਸਕੇ, ਰਾਜਾਨੇ ਆਗਿਆ ਦਿੱਤੀ ਕਿ ਸਾਰਿਆਂ ਨੂੰ ਪਕੜ, ਬੇੜੀਆਂ ਪਾ ਦੇਓ, ਅਰ ਏਸ ਦੁਸ਼ਟ ਦਾ ਮੂੰਹ ਕਾਲਾ ਕਰਕੇ,ਗਧੇ ਉਪਰ ਚੜ੍ਹਾ, ਏਸਦੇ ਗਲ ਵਿਚ ਪੁਰਾਣੀਆਂ ਜੁਤੀਆਂ ਦਾ ਹਾਰ

ਪੂਆ, ਸਬ ਜਗਹਿ ਫਿਰਾ, ਲੜਕਿਆਂ ਥੀਂ ਧੂੜ ਸੁਆਹ ਏਸ ਉਪਰ ਸੁਟਵਾ, ਚੌਂਕ ਚੌਕ ਵਿਚ ਜੁਤੀਆਂ ਨਾਲ ਮਰਵਾ, ਕੁਤਿਆਂ ਤੋਂ ਕਟਵਾ ਮਰਵਾ ਸੁਟਿਆ ਜਾਵੇ, ਜੇ ਅਜੇਹਾ ਨਾਂ ਹੋਵੇ ਤਾਂ ਫੇਰ ਦੂਜੇ ਬੀ ਅਜੇਹਾ ਕੰਮ ਕਰਦੇ ਨਾ ਡਰਨ ਗੇ, ਜਦ ਈਕਣ ਹੋਇਆ ਤਦ ਨਕ ਕਟੇ ਦਾ ਸੰਪ੍ਰਦਾ ਬੰਦ ਹੋਇਆ,ਇਸੇ ਪ੍ਰਕਾਰ ਸਾਰੇ ਵੇਦ ਵਿਰੋਧੀ ਦੂਜਿਆਂ ਦਾ ਧਨ ਖੁਹਣ ਵਿਚ ਵਡੇ ਚਤੁਰ ਹਨ ਏਹ ਸੰਪ੍ਰਦਾਈਆਂ ਦੀ ਲੀਲਾ ਹੈ, ਏਹ ਸ੍ਵਾਮੀ ਨਾਰਾਇਣ ਮਤ ਵਾਲੇ ਧਨ ਖੋਹ ਛਲ ਕਪਟ ਸਮੇਤ ਕੰਮ ਕਰਦੇ ਹਨ, ਕਿੰਨੇਹੀ ਮੂਰਖਾਂ ਨੂੰ ਬਕਾਂਣ ਦੇ ਵਾਸਤੇ ਮਰਣ ਵੇਲੇ ਕਹੰਦੇ ਹਨ ਕਿ ਸੁਪੇਦ ਘੋੜੇ ਉਪਰ ਬੈਠ ਸਹਜਾਨੰਦ ਜੀ ਮੁਕਤੀ ਨੂੰ ਲੈ ਜਾਂਣ ਦੇ ਵਾਸਤੇ ਆਏ ਹਨ, ਅਰ ਨਿਤ ਏਸ ਮੰਦਰ ਵਿਚ ਇਕ ਵਾਰ ਆਇਆ ਕਰਦੇ ਹਨ, ਜਦ ਮੇਲਾ ਹੁੰਦਾ ਹੈ ਤਦ ਮੰਦਰ ਦੇ ਅੰਦਰ ਪੁਜਾਰੀ ਰਹਿੰਦੇ ਹਨ, ਅਰ ਹੇਠਾਂ ਦੁਕਾਂਨ ਲਾ ਰਖੀ ਹੈ, ਮੰਦਰ ਵਿਚੋਂ ਦੁਕਾਂਨ ਵਿਚ ਜਾਂਦੀ ਮੋਰੀ ਰਖਦੇ ਹਨ, ਜੋ ਕਿਸੇ ਨੇ ਨਰਏਲ ਚੜ੍ਹਾ ਇਆ, ਉਹੋ ਦੁਕਾਂਨ ਵਿਚ ਸੁਟ ਦਿਤਾ, ਅਰ ਇਸੇਤਰਾਂ ਇਕ ਨਰਏਲ ਦਿਨ ਵਿਚ ਹਜਾਰ ਵਾਰੀ ਵਿਕਦਾ ਹੈ,ਇਸੇਤਰਾਂ ਸਭ ਪਦਾਰਥਾਂ ਨੂੰ ਵੇਚਦੇ ਹਨ ਜਿਸ ਜਾਤ ਦਾ ਸਾਧੂ ਹੋਵੇ ਓਸਕੋਲੋਂ ਉਹੋਹੀਕੰਮਕਰਾਂਦੇਹਨ,ਜਿਸਤਰਾਂ ਨਾਈਹੋਵੇ ਓਸਕੋਲੋਂਨਾਈਦਾ,ਕੁਮਿਹਾਰਕੋਲੋਂਕੁਮਿਹਾਰਦਾ,ਕਾਰੀਗਰਕੋਲੋਂਕਾਰਾਗਰੀਦਾ ਬਾਣੀਏਂ ਕੋਲੋਂ ਬਣਜ ਦਾ, ਅਰ ਸ਼ੂਦਰ ਕੋਲੋਂ ਸੇਵਾ ਦਾ ਕੰਮ, ਲੈਂਦੇ ਹਨ, ਅਪਣੇ ਚੇਲਿਆਂ ਉੱਤੇ ਟਿਕਸ ਬਨ੍ਹ ਰਖਿਆ ਹੈ, ਲੱਖਾਂ ਕ੍ਰੋੜਾਂ ਰੁਪਏ ਠਗ ਕੇ ਅਕਠੇ ਕਰ ਲੀਤੇ ਹਨ, ਅਰ ਕਰਦੇ ਜਾਂਦੇ ਹਨ, ਜੋ ਗਦੀ ਉੱਤੇ ਬਹਿੰਦਾ ਹੈ ਉਹ ਗ੍ਰਹਸਥੀ ਵਿਆਹ ਕਰਦਾ ਹੈ,ਗਹਣੇ ਆਦੀ ਪਾਂਦਾ ਹੈ, ਜਿਥੇ ਕਿਧਰੇ ਪਧਰਾਉਣੀ ਹੁੰਦੀ ਹੈ ਓਥੇ ਗੋਕਲੀਆਂ ਵਾਙਣ ਗੋਸਾਈਂ ਜੀ ਬਹੂ ਜੀ ਆਦੀ ਦੇ ਨਾਮ ਲੈਕੇ ਭੇਟ ਪੂਜਾ ਲੈਂਦੇ ਹਨ, ਅਪਣੇ ਨੂੰ ਸਤ ਸੰਗੀ ਅਰ ਦੂਜੇ ਮਤ ਵਾਲਿਆਂ ਨੂੰ ਕੁਸੰਗੀ ਕਹਿੰਦੇ ਹਨ, ਅਪਣੇ ਬਿਨਾ ਦੂਜਾ ਕੇਹੋ ਜੇਹਾ ਹੀ ਉਤੱਮ ਧਾਰਮਿਕ ਵਿਦਵਾਂਨ ਪੁਰਖ ਕਿਉਂ ਨਾ ਹੋਵੇ ਪ੍ਰੰਤੂ ਓਸਦਾ ਮਾਨ, ਅਰ ਸੇਵਾ, ਕਦੀ ਨਹੀਂ ਕਰਦੇ, ਕਿਉਂਕਿ ਹੋਰ ਮਤ ਵਾਲੇ ਦੀ ਸੇਵਾ ਕਰਨ ਵਿਚ ਪਾਪ ਗਿਣਦੇ ਹਨ, ਲੋਕਾਂ ਦੇ ਸਾਮਣੇ ਉਨ੍ਹਾਂ ਦੇ ਸਾਧੂ, ਇਸਤ੍ਰੀਆਂ ਦਾ ਮੂੰਹ ਨਹੀਂ ਵੇਖਦੇ, ਪ੍ਰੰਤੂ ਗੁਪਤ ਵਿਚ ਨਾ ਜਾਣੇ ਕੀ ਲੀਲਾ ਹੁੰਦੀ ਹੋਵੇਗੀ ਏਸ ਗਲ ਦੀ ਪ੍ਰਸਿਧੀ ਸਭ ਥਾਂ ਘਟ ਹੋਈ ਹੈ, ਕਿਧੇ ਕਿਧੇ ਸਾਧੂਆਂ ਦੀ ਪਰ ਇਸਤ੍ਰੀ ਗਮਨ ਆਦੀ ਲੀਲਾ ਪ੍ਰਸਿਧ ਹੋਗਈ ਹੈ, ਅਰ ਉਨ੍ਹਾਂ ਵਿਚ ਜੋ ਜੋ ਵਡੇ ਵਡੇ ਹਨ ਉਹ ਜਦ ਮਰਦੇ ਹਨ ਤਦ ਉਨ੍ਹਾਂ ਨੂੰ ਗੁਪਤ ਖੂਹ ਵਿਚ ਸੁਟਕੇ ਪ੍ਰਸਿਧ ਕਰਦੇ ਹਨ ਕਿ ਫਲਾਣੇ ਮਹਾਰਾਜ ਦੇਹ ਦੇ ਨਾਲ ਬਕੁੰਠ ਵਿਚ ਗਏ, ਸਹਜਾਨੰਦ ਜੀ ਆਕੇ ਲੈ ਗਏ, ਅਸਾਂ ਨੇ ਬਹੁਤ ਕਹਿਆ ਕਿ

ਮਹਾਂਰਾਜ ਇਨ੍ਹਾਂ ਨੂੰ ਨਾ ਲਿਜਾਓ ਕਿਉਂਕਿ ਏਸ ਮਹਾਤਮਾ ਦੇ ਇਥੇ ਰਹਣ ਨਾਲ ਚੰਗੀ ਬਾਤ ਹੈ, ਸਹਜਾਨੰਦ ਜੀ ਨੇ ਕਹਿਆ ਕਿ ਨਹੀਂ, ਹੁਣ ਇਨ੍ਹਾਂ ਦੀ ਬਕੁੰਠ ਵਿਚ ਬੜੀ ਲੋੜ ਹੈ, ਏਸ ਲਈ ਲੈਜਾਨੇ ਹਾਂ, ਅਸਾਂ ਨੇ ਅਪਣੀ ਅੱਖੀ ਸਹਜਾਨੰਦ ਜੀ ਨੂੰ ਅਰ ਬਬਾਣ ਨੂੰ ਡਿਠਾ ਸੀ ਜੋ ਮਰਨ ਵਾਲੇ ਸਨ, ਉਨ੍ਹਾਂ ਨੂੰ ਬਿਬਾਣ ਵਿਚ ਬਿਠਾ ਦਿੱਤਾ, ਉਪਰ ਨੂੰ ਲੈਗਏ ਅਰ ਫੁਲਾਂ ਦੀ ਵਰਖਾ ਕਰਦੇ ਗਏ, ਅਰ ਜਦ ਕੋਈ ਸਾਧੂ ਬੀਮਾਰ ਪੈਂਦਾ ਹੈ ਅਰ ਓਸਦੇ ਬਚੱਣ ਦੀ ਆਸ਼ਾ ਨਹੀਂ ਹੁੰਦੀ ਤਦ ਕਹਿੰਦਾ ਹੈ ਕਿ ਮੈਂ ਕਲ ਰਾਤ ਨੂੰ ਬਕੁੰਠ ਵਿਚ ਜਾਵਾਂਗਾ, ਸੁਣਿਆ ਹੈ ਕਿ ਓਸ ਰਾਤ ਵਿਚ ਜੇ ਓਸਦੇ ਪ੍ਰਾਣ ਨਾ ਛੁਟਨ, ਅਰ ਬਿਹੋਸ਼ ਹੋਗਿਆ ਹੋਵੇ, ਤਾਂ ਬੀ ਖੂਹ ਵਿਚ ਸੁਟ ਦਿੰਦੇ ਹਨ, ਕਿਉਂਕਿ ਜੇਕਰ ਓਸ ਰਾਤ ਨੂੰ ਨਾ ਸੁਟ ਦੇਨ ਤਾਂ ਝੂਠੇ ਪੈਂਨ, ਏਸਲਈ ਅਜੇਹਾ ਕੰਮ ਕਰਦੇ ਹੋਂਨਗੇ॥

ਈਕਣ ਹੀ ਜਦ ਗੋਕਲੀਆ ਗੁਸਾਈਂ ਮਰਦਾ ਹੈ ਤਦ ਉਨ੍ਹਾਂ ਦੇ ਚੇਲੇ ਕਹਿੰਦੇ ਹਨ ਕਿ 'ਗੁਸਾਈਂ ਜੀ ਲੀਲਾ ਵਿਸਤਾਰ ਕਰਗਏ' ਜੋ ਇਨ੍ਹਾਂ ਗੁਸਾਈਂ ਸ੍ਵਾਮੀ ਨਾਰਾਇਣ ਵਾਲਿਆਂ ਦਾ ਉਪਦੇਸ਼ ਕਰਨ ਦਾ ਮੰਤ੍ਰ ਹੈ ਉਹ ਇਕ ਹੀ ਹੈ?

"ਸ਼੍ਰੀ ਕ੍ਰਿਸ਼ਨਃ ਸ਼ਰਣੰ ਮਮ"

ਏਸਦਾ ਅਰਥ ਅਜੇਹਾ ਕਰਦੇ ਹਨ ਕਿ ਸ਼੍ਰੀ ਕ੍ਰਿਸ਼ਨ ਮੇਰੀ ਸ਼ਰਣ ਹੈ ਅਰਥਾਤ ਮੈਂ ਸ਼੍ਰੀ ਕ੍ਰਿਸ਼ਨ ਦੇ ਸ਼ਰਣ ਨੂੰ ਪ੍ਰਾਪਤ ਹਾਂ, ਪ੍ਰੰਤੂ ਏਸ ਦਾ ਅਰਥ ਸ਼੍ਰੀ ਕ੍ਰਿਸ਼ਨ ਮੇਰੇ ਸ਼ਰਣ ਨੂੰ ਪ੍ਰਾਪਤ ਅਰਥਾਤ ਮੇਰੇ ਸ਼ਰਣਾਗਤ ਹੋਂਨ ਅਜੇਹਾ ਬੀ ਹੋ ਸਕਦਾ ਹੈ। ਏਹ ਸਾਰੇ ਜਿਨੇ ਮਤ ਹਨ ਉਹ ਸਾਰੇ ਊਟ ਪਟਾਂਗ ਸ਼ਾਸਤ੍ਰ ਵਿਰੁਧ ਵਾਕ ਰਚਨਾ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਵਿਦਿਆ ਹੀਨ ਹੋਣ ਥੀਂ ਵਿਦਿਆ ਦੇ ਨਿਯੱਮਾਂ ਦੀ ਸਮਝ ਨਹੀ ਹੈ॥

( ਪ੍ਰਸ਼ਨ ) ਮਾਧਵ ਮਤ ਤਾਂ ਅੱਛਾ ਹੈ॥

( ਉਤ੍ਰ ) ਜੀਕਣ ਹੋਰ ਮਤ ਵਾਲੇ ਹਨ ਉਕਣ ਹੀ ਮਾਧਵ ਬੀ ਹੈ ਕਿਉਂਕਿ ਏਹ ਬੀ ਚਕ੍ਰਾਂਕਿਤ ਹੁੰਦੇ ਹਨ, ਇਨ੍ਹਾਂ ਵਿਚ ਚਕ੍ਰਾਂਕਿਤਾਂ ਨਾਲੋਂ ਇਨਾਂ ਭੇਦ ਹੈ ਕਿ ਰਾਮਾਨੁਜੀਏ ਇਕ ਵੇਰੀ ਚਕ੍ਰਾਂਕਿਤ ਹੁੰਦੇ ਹਨ, ਅਰ ਮਾਧਵ ਵਰ੍ਹੇ੨ ਵਿਚ ਫਿਰ ਫਿਰ ਚਕ੍ਰਾਂਕਿਤ ਹੁੰਦੇ ਜਾਂਦੇ ਹਨ। ਚਕ੍ਰਾਂਕਿਤ ਮੱਥੇ ਵਿਚ ਪੀਲੀ ਰੇਖਾ, ਅਰ ਮਾਧਵ ਕਾਲੀ ਰੇਖਾ ਲਗਾਂਦੇ ਹਨ।

ਇਕ ਮਾਧਵ ਪੰਡਤ ਨਾਲ ਕਿਸੇ ਇਕ ਮਹਾਤਮਾ ਦਾ ਸ਼ਾਸਤ੍ਰਾਰਥ ਹੋਇਆ ਸੀ।

( ਮਹਾਤਮਾ ) ਤੁਸਾਂ ਨੇ ਏਹ ਕਾਲੀ ਰੇਖਾ, ਅਰ ਚਾਂਦਲਾ ( ਤਿਲਕ ) ਕਿਉਂ ਲਾਇਆ?

( ਸ਼ਾਸਤ੍ਰੀ ) ਏਸ ਦੇ ਲਗਾਣ ਨਾਲ ਅਸੀਂ ਬਕੁੰਠ ਨੂੰ ਜਾਵਾਂਗੇ, ਅਰ ਸ਼੍ਰੀਕ੍ਰਿਸ਼ਨ ਦਾ ਬੀ ਸ਼੍ਰੀਰ ਸ਼ਾਮ ਰੰਗ ਸੀ ਏਸ ਲਈ ਅਸੀਂ ਕਾਲਾ ਤਿਲਕ ਕਰਦੇ ਹਾਂ।

( ਮਹਾਤਮਾ ) ਜੋ ਕਾਲੀ ਰੇਖਾ,ਅਰ ਚਾਂਦਲਾ ਲਗਾਣ ਨਾਲ ਬਕੁੰਠ ਵਿਚ ਜਾਂਦੇ ਹੋਂਨ ਤਾਂ ਸਾਰਾ ਮੂੰਹ ਕਾਲਾ ਕਰ ਲਵੋ ਤਾਂ ਕਿਥੇ ਜਾਸੋ? ਕੀ ਵੈਕੁੰਠ ਦੇ ਪਰੇ ਅਗਾਂਹ ਜਾਸੋ ? ਅਰ ਜੇਹਾ ਸ਼੍ਰੀ ਕ੍ਰਿਸ਼ਨ ਦਾ ਸਾਰਾ ਸ਼੍ਰੀਰ ਕਾਲਾ ਸੀ ਊਕਣ ਤੁਸੀਂ ਬੀ ਸਾਰਾ ਸ਼੍ਰੀਰ ਕਾਲਾ ਕਰ ਲੀਤਾ ਕਰੋ ਤਦ ਸ਼੍ਰੀ ਕ੍ਰਿਸ਼ਨਵਰਗਾ ਹੋ ਸਕਦਾ ਹੈ। ਏਸਲਈ ਏਹ ਬੀ ਪਿਛਲਿਆਂ ਦੇ ਵਾਕਣ ਹੈ।

( ਪ੍ਰਸ਼ਨ ) 'ਲਿੰਗਾਂਕਿਤ' ਦਾ ਮਤ ਕੇਹਾ ਹੈ?

( ਉਤ੍ਰ ) ਜੇਹਾ ਚਕ੍ਰਾਂਕਿਤ ਦਾ, ਜੀਕਣ ਚਕ੍ਰਾਂਕਿਤ ਚਕ੍ਰ ਨਾਲ ਦਾਗੇ ਜਾਂਦੇ ਅਰ ਨਾਰਾਇਣ ਦੇ ਬਿਨਾਂ ਕਿਸੇ ਨੂੰ ਨਹੀਂ ਮਨਦੇ, ਊਕਣ ਲਿੰਗਾਂਕਿਤ ਲਿੰਗ ਆਕ੍ਰਿਤੀ ਨਾਲ ਦਾਗੇ ਜਾਂਦੇ, ਅਰ ਬਿਨਾਂ ਮਹਾਂਦੇਵਦੇ ਹੋਰੀ ਕਿਸੇ ਨੂੰ ਨਹੀਂ ਮਨਦੇ। ਇਨ੍ਹਾਂ ਵਿਚ ਭੇਦ ਇਹ ਹੈ 'ਕਿ ਲਿੰਗਾਂਕਿਤ' ਪਥੱਰ ਦਾ ਇਕ ਲਿੰਗ, ਸੋਨੇ ਅਥਵਾ ਚਾਂਦੀ ਵਿਚ ਮੜ੍ਹਵਾਕੇ ਗਲ ਵਿਚ ਪਾ ਰਖਦੇ ਹਨ, ਜਦ ਪਾਣੀ ਬੀ ਪੀਂਦੇ ਹਨ ਤਦ ਓਸ ਨੂੰ ਵਿਖਾ ਕੇ ਪੀਂਦੇ ਹਨ, ਉਨ੍ਹਾਂ ਦਾ ਬੀ ਮੰਤ੍ਰ ਸ਼ੈਵ ਦੇ ਤੁਲ ਰਹਿੰਦਾ ਹੈ।

## ਬ੍ਰਾਹਮ ਸਮਾਜ ਅਰ ਪ੍ਰਾਰਥਨਾ ਸਮਾਜ

( ਪ੍ਰਸ਼ਨ ) ਬ੍ਰਾਹਮਸਮਾਜ ਅਰ ਪ੍ਰਾਰਥਨਾਸਮਾਜ ਤਾਂ ਅੱਛਾਹੈ ਵਾ ਨਹੀਂ?

( ਉਤ੍ਰ ) ਕੁਝ੨ ਬਾਤਾਂ ਅਛੀਆਂ ਅਰ ਬਹੁਤ ਬੁਰੀਆਂ ਹਨ।

( ਪ੍ਰਸ਼ਨ ) ਬ੍ਰਾਹਮ ਸਮਾਜ ਅਰ ਪ੍ਰਾਰਥਨਾਸਮਾਜ ਸਾਰਿਆਂ ਨਾਲੋਂ ਅੱਛਾ ਹੈ ਕਿਉਂਕਿ ਏਸਦੇ ਨਿਯੱਮ ਬਹੁਤ ਅੱਛੇ ਹਨ।

( ਉਤ੍ਰ ) ਨਿਯੱਮ ਸਭ ਅੰਸ਼ਾਂ ਵਿਚ ਅੱਛੇ ਨਹੀਂ ਕਿਉਂਕਿ ਵੇਦ-ਵਿਦਿਆ ਹੀਨ ਲੋਕਾਂ ਦੀ ਕਲਪਣਾ ਸਭ ਤਰ੍ਹਾਂ ਨਾਲ ਸਚ ਕਿਸਤਰਾਂ ਹੋ ਸਕਦੀ ਹੈ?ਜੋ ਕੁਝ ਬ੍ਰਾਹਮਸਮਾਜ ਅਰ ਪ੍ਰਾਰਥਨਾ ਸਮਾਜੀਆਂਨੇ ਈਸਾਈ ਮਤ ਵਿਚ ਮਿਲੱਣ ਥੀਂ ਥੋੜੇ ਮਨੁੱਖਾਂ ਨੂੰ ਬਚਾਇਆ ਅਰ ਕੁਝ ੨ ਪਥੱਰ ਆਦੀ ਮੂਰਤੀ ਪੂਜਾ ਨੂੰ ਹਟਾਇਆ, ਹੋਰ ਜਾਲ ਗ੍ਰੰਥਾਂ ਦੀ ਫਾਹੀ ਥੀਂ ਬੀ ਕੁਝ ਬਚਾਏ, ਇਤਆਦੀ ਅੱਛੀ ਗਲਾਂ ਹਨ, ਪ੍ਰੰਤੂ ਇਨ੍ਹਾਂ ਲੋਕਾਂ ਵਿਚ ਅਪਣੇ ਦੇਸ਼ਦੀ ਭਗਤੀ ਬਹੁਤ ਘਟ ਹੈ, ਈਸਾਈਆਂ ਦੇ ਆਚਰਣ ਬਹੁਤ ਸਾਰੇ ਲਏ ਹਨ, ਖਾਣਾ,ਪੀਂਣਾ,ਵਿਵਾਹ ਆਦੀ ਦੇ ਨੇਮ ਬੀ ਬਦਲ ਦਿਤੇ ਹਨ ।੨।ਅਪਣੇ

ਦੇਸ਼ ਦੀ ਉਸਤਤਿ ਵਾ ਪ੍ਰਾਚੀਨ ਪੁਰਖਾਂ ਦੀ ਵਡਿਆਈ ਕਰਨੀ ਤਾਂ ਦੂਰ ਰਹੀ ਉਸਦੀ ਜਗਹਿ ਵਿਚ ਰਜਕੇ ਨਿੰਦਿਆ ਕਰਦੇ ਹਨ, ਵਿਆਖਯਾਨਾਂ ਵਿਚ ਈਸਾਈ ਆਦੀ ਅੰਗ੍ਰੇਜ਼ਾਂ ਦੀ ਉਸਤਤਿ ਰਜਕੇ ਕਰਦੇ ਹਨ, ਬ੍ਰਹਮਾ ਆਦੀ ਮਹਾਂ ਰਿਖੀਆਂ ਦਾ ਨਾਉਂ ਬੀ ਨਹੀਂ ਲੈਂਦੇ ਉਲਟਾ ਈਕਣ ਕਹਿੰਦੇ ਹਨ ਕਿ ਬਿਨਾਂ ਅੰਗ੍ਰੇਜ਼ਾਂ ਦੇ ਸ੍ਰਿਸ਼ਟੀ ਵਿਚ ਅਜ ਤਿਕ ਕੋਈ ਬੀ ਵਿਦਵਾਂਨ ਨਹੀਂ ਹੋਇਆ, ਆਰਯਾਵਰਤੀ ਸਦਾ ਥੀਂ ਮੂਰਖ ਚਲੇ ਆਏ ਹਨ, ਇਨ੍ਹਾਂ ਦੀ ਉਨੱਤੀ ਕਦੀ ਨਹੀਂ ਹੋਈ। ੩–ਵੇਦ ਆਦਕਾਂ ਦੀ ਪ੍ਰਤਿਸ਼ਟਾ ਤਾਂ ਦੂਰ ਰਹੀ ਪੰਤੂ ਨਿੰਦਿਆ ਕਰਨ ਥੀਂ ਬੀ ਵਖਰੇ ਨਹੀਂ ਰਹਿੰਦੇ, ਬ੍ਰਾਹਮਸਮਾਜ ਦੇ ਉ-ਪਦੇਸ਼ ਦੇ ਪੁਸਤਕਾਂ ਵਿਚ ਸਾਧਾਂ ਦੀ ਗਿਣਤੀ ਵਿਚ 'ਈਸਾ' 'ਮੂਸਾ' 'ਮੁਹੱਮਦ' 'ਨਾਨਕ' ਅਰ 'ਚੈਤਨ' ਲਿਖੇ ਹਨ, ਕਿਸੇ ਰਿਖੀ ਮਹਾਂ ਰਿਖੀ ਦਾ ਨਾਮ ਬੀ ਨਹੀਂ ਲਿਖਿਆ, ਇਸ ਥੀਂ ਜਾਣਿਆਂ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਨੇ, ਜਿਨ੍ਹਾਂ ਦਾ ਨਾਮ ਲਿਖਿਆ ਹੈ ਉਨ੍ਹਾਂ ਹੀ ਦੇ ਮਤ ਅਨੁਸਾਰ ਮਤ ਵਾਲੇ ਹਨ, ਭਲਾ ਜਦ ਆਰਯਾਵਰਤ ਵਿਚ ਉਤਪੰਨ ਹੋਏ ਹਨ, ਅਰ ਇਸੇ ਦੇਸ਼ ਦਾ ਅੰਨ ਜਲ, ਖਾਧਾ, ਪੀਤਾ, ਹੁਣ ਬੀ ਖਾਂਦੇ ਪੀਂਦੇ ਹਨ, ਅਪਣੇ ਮਾਂ, ਪਿਉ, ਦਾਦਾ ਆਦੀ ਦੇ ਰਸਤੇ ਨੂੰ ਛਡ, ਦੂਜੇ ਪਰਦੇਸੀ ਮਤਾਂ ਉਪੱਰ ਬਹੁਤ ਝੁਕਜਾਣਾ ਬ੍ਰਾਹਮਸਮਾਜੀ ਅਰ ਪ੍ਰਾਰਥਨਾ ਸਮਾਜੀਆਂ ਦਾ ਏਸ ਦੇਸ਼ ਵਿਚ ਇਸ ਥਿਤ ਸੰਸਕ੍ਰਿਤ ਵਿਦਿਆ ਥੀਂ ਰਹਿਤ ਅਪਣੇ ਨੂੰ ਵਿਦਵਾਂਨ ਪ੍ਰਸਿਧ ਕਰਨਾ, ਅੰਗ੍ਰੇਜ਼ੀ ਬੋਲੀ ਪੜ੍ਹਕੇ ਪੰਡਤ ਅਭਮਾਨੀ ਹੋਕੇ ਝਟ ਇਕ ਮਤ ਚਲਾਣ ਵਿਚ ਪਰਬ੍ਰਿਤ ਹੋਣਾ, ਮਨੁਖਾਂ ਦਾ ਠੈਹਰਣ ਵਾਲਾ ਅਰ ਵਧਾਂਣ ਵਾਲਾ ਕੰਮ ਕਿਸਤਰਾਂ ਹੋ ਸਕਦਾ ਹੈ? ।੪।–ਅੰਗ੍ਰੇਜ਼, ਮੁਸਲਮਾਨ, ਚੂਹੜੇ ਆਦੀ ਨਾਲਬੀਖਾਂਣ ਪੀਣ ਦਾ ਭੇਦ ਨਹੀਂ ਰਖਿਆ, ਇਨ੍ਹਾਂ ਨੇ ਇਹੀ ਸਮਝਿਆ ਹੋਸੀ ਕਿ ਖਾਂਣ ਪੀਂਣ ਅਰ ਜਾਤ ਭੇਦ ਤੋੜਨ ਥੀਂ ਅਸੀਂ ਅਰ ਸਾਡਾ ਦੇਸ਼ ਸੁਧਰ ਜਾਸੀ, ਪੰਤੂ ਅਜੇਹੀ ਗਲਾਂ ਨਾਲ ਸੁਧਾਰ ਤਾਂ ਕਿਥੇ ਹੈ ਉਲਟਾ ਵਿਗਾੜ ਹੁੰਦਾ ਹੈ।

( ਪ੍ਰਸ਼ਨ ) ਜਾਤੀ ਭੇਦ ਈਸ਼੍ਵਰ ਨੇ ਕੀਤਾ ਹੈ ਵਾ ਮਨੁਖਨੇ?

( ਉਤ੍ਰ ) ਈਸ਼੍ਵਰ ਕ੍ਰਿਤ ਅਰ ਮਨੁਖ ਕ੍ਰਿਤ ਬੀ ਜਾਤੀ ਭੇਦ ਹੈ।

( ਪ੍ਰਸ਼ਨ ) ਕੇਹੜਾ ਈਸ਼੍ਵਰ ਕ੍ਰਿਤ, ਅਰ ਕੇਹੜਾ ਮਨੁਖ ਕ੍ਰਿਤ।

( ਉਤ੍ਰ ) ਮਨੁਖ, ਪਸ਼ੂ, ਪੰਛੀ, ਦ੍ਰਖਤ, ਜਲਜੀਉ, ਆਦੀ ਜਾਤੀਆਂ ਪਰਮੇਸ਼੍ਵਰ ਕ੍ਰਿਤ ਹਨ, ਜੀਕਣ ਪਸ਼ੂਆਂ ਵਿਚ ਗਊ, ਘੋੜਾ, ਹਾਥੀ, ਆਦੀ ਜਾਤੀਆਂ, ਦ੍ਰਖਤਾਂ ਵਿਚ ਪਿਪਲ, ਬੋਹੜ, ਅੰਬ ਆਦੀ, ਪੰਛੀਆਂ ਵਿਚ ਹੰਸ, ਕਾਂ, ਬਗਲਾ ਆਦੀ। ਜਲ ਜੀਵਾਂ ਵਿਚ ਮਛ, ਕੂਮ੍ਹਾਂ ਆਦੀ ਜਾਤੀ ਭੇਦ ਹਨ, ਉਕਣ ਮਨੁਖਾਂ ਵਿਚ ਬ੍ਰਾਹਮਣ, ਖਤ੍ਰੀ, ਵੈਸ, ਸ਼ੂਦ੍ਰ, ਚੂਹੜਾ, ਜਾਤੀ ਭੇਦ ਈਸ਼੍ਵਰ ਕ੍ਰਿਤ ਹਨ, ਪ੍ਰੰਤੂ ਮਨੁਖਾਂ ਵਿਚ ਬ੍ਰਾਹਮਣ

ਆਦੀ ਨੂੰ ਸਮਾਨ ਜਾਤੀ ਵਿਚ ਨਹੀ, ਕਿੰਤੂ ਸਮਾਨ ਵਿਸ਼ੇਸ਼ ਰੂਪ ਜਾਤੀ ਵਿਚ ਗਿਣਦੇ ਹਨ, ਜੀਕਣ ਪਹਿਲਾਂ ਵਰਣ ਆਸ਼੍ਰਮ ਵਿਵਸਥਾ ਵਿਚ ਲਿਖ ਆਏ,ਉਕਣ ਹੀ ਗੁਣ, ਕਰਮ, ਸੁਭਾਉ ਨਾਲ ਵਰਣ ਵਿਵਸਥਾ ਮਨਣੀ ਜਰੂਰ ਹੈ, ਇਸ ਮਨੁਖ ਦੇ ਕਰਤਵ ਉਨ੍ਹਾਂਦੇ ਗੁਣ, ਕਰਮ, ਸੁਭਾਉ ਥੀਂ ਪਹਿਲਾਂ ਕਹੇ ਅਨੁਸਾਰ ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦ੍ਰ ਆਦੀ ਵਰਣਾਂ ਦੀ ਪ-ਰੀਖਿਆ ਪੂਰਬਕ ਵਿਵਸਥਾ ਕਰਨੀ ਰਾਜਾ ਅਰ ਵਿਦਵਾਨਾਂ ਦਾ ਕੰਮ, ਭੋਜਨ ਭੇਦ ਬੀ ਈਸ਼੍ਵਰ ਕ੍ਰਿਤ ਅਰ ਮਨੁਖ ਕ੍ਰਿਤ ਹੈ,ਜੀਕਣ ਸ਼ੇਰ ਮਾਸ ਖਾਣ ਵਾਲਾ, ਅਰ ਅਰਣਾ, ਮੈਂਢਾ, ਘਾਸ ਆਦੀ ਦਾ ਅਹਾਰ ਕਰਦੇ ਹਨ ਇਹ ਈਸ਼੍ਵਰ ਕ੍ਰਿਤ, ਅਰ ਦੇਸ਼, ਕਾਲ, ਵਸਤੂ ਭੇਦ ਥੀਂ ਭੋਜਨ ਆਦੀ ਭੇਦ ਮਨੁਖ ਕ੍ਰਿਤ ਹੈ ।

( ਪ੍ਰਸ਼ਨ ) ਵੇਖੋ! ਫਰੰਗੀ ਲੋਕ ਨੁਕੱਰ ਤੋਂ ਬਗੇਰ ਜੁਤੇ, ਕੋਟ, ਪਤਲੂਨ ਪਹਿਰਦੇ, ਹੋਟਲ ਵਿਚ ਸਾਰਿਆਂ ਦੇ ਹਥ ਦਾ ਖਾਂਦੇ ਹਨ, ਏਸਲਈ ਅਪਣਾ ਵਾਧਾ ਕਰਦੇ ਜਾਂਦੇ ਹਨ।

( ਉਤ੍ਰ ) ਏਹ ਤੁਹਾਡੀ ਭੁਲ ਹੈ ਕਿਉਂਕਿ ਮੁਸਲਮਾਨ, ਚੂਹੜੇ ਲੋਕ ਸਾਰਿਆਂ ਦੇ ਹਥਾਂ ਦਾ ਖਾਂਦੇ ਹਨ, ਫੇਰ ਉਨ੍ਹਾਂ ਦੀ ਉਨੱਤੀ ਕਿਉਂ ਨਹੀਂ ਹੁੰਦੀ? ਜੋ ਫਰੰਗੀਆਂ ਵਿਚ ਬਾਲ ਅਵਸਥਾ ਵਿਚ ਵਿਵਾਹ ਨਾ ਕਰਨਾ, ਮੁੰਡੇ, ਕੁੜੀ, ਨੂੰ ਵਿਦਿਆ, ਅੱਛੀ ਸਿਖਿਆ, ਕਰਨੀ,ਕਰਾਣੀ, ਸ੍ਵਯੰਬਰ ਵਿਵਾਹ ਹੋਣਾ, ਬੁਰੇ ਬੁਰੇ ਆਦਮੀਆਂ ਦਾ ਉਪਦੇਸ਼ ਨਹੀਂ ਹੁੰਦਾ, ਉਹ ਵਿਦਵਾਂਨ ਹੋਕੇ ਜਿਸ ਕਿਸੇ ਦੇ ਪਖੰਡ ਵਿਚ ਨਹੀਂ ਫਸਦੇ, ਜੋ ਕੁਝ ਕਰਦੇ ਹਨ ਉਹ ਸਾਰੇ ਆਪਸ ਵਿਚ ਵਿਚਾਰ ਅਰ ਸਭਾ ਥੀਂ ਨਿਸਚੇ ਕਰਕੇ ਕਰਦੇ ਹਨ, ਅਪਣੀ ਸ੍ਵਜਾਤੀ ਦੀ ਉਨੱਤੀ ਦੇ ਲਈ ਤਨ, ਮਨ, ਧਨ, ਖਰਚ ਕਰਦੇ ਹਨ, ਆਲਸ ਨੂੰ ਛਡ, ਉਦੱਮ ਕੀਤਾ ਕਰਦੇ ਹਨ, ਵੇਖੋ ! ਅਪਣੇ ਦੇਸ਼ ਦੇ ਬਣੇ ਹੋਏ ਜੁਤੇ ਨੂੰ ਦਫਤਰ ਅਰ ਕਚੇਹਰੀ ਵਿਚ ਜਾਂਣ ਦਿੰਦੇ ਹਨ,ਏਸ ਦੇਸ਼ੀ ਜੁਤੇ ਨੂੰ ਨਹੀਂ, ਇੱਨੇ ਹੀ ਵਿਚ ਸਮਝ ਲਵੋ ਕਿ ਅਪਣੇ ਦੇਸ਼ ਦ ਬਣੇ ਜੁਤੇ ਦਾ ਬੀ ਕਿਨੱਾਂ ਮਾਂਨ, ਪ੍ਰਤਿਸ਼ਟਾ ਕਰਦੇ ਹਨ, ਉਨਾਂ ਬੀ ਹੋਰੀ ਦੇਸ਼ ਵਿਚ ਰਹਣ ਵਾਲੇ ਮਨੁਖੱਾਂ ਦਾ ਨਹੀਂ ਕਰਦੇ, ਵੇਖੋ ! ਕੁਝ ਸੌ ਵਰ੍ਹੇ ਥੀਂ ਉਪੱਰ ਏਸ ਦੇਸ਼ ਵਿਚ ਆਏ ਫਰੰਗੀਆਂ ਨੂੰ ਹੋਏ ਅਰ ਅਜਤਿਕ ਏਹ ਲੋਕ ਮੋਟੇ ਕਪੜੇ ਆਦੀ ਪੇਹਿਰਦੇ ਹਨ, ਜੀਕਣ ਕਿ ਅਪਣੇ ਦੇਸ਼ ਵਿਚ ਪੇਹਰਦੇ ਸਨ, ਪ੍ਰੰਤੂ ਉਨ੍ਹਾਂ ਨੇ ਅਪਣੇ ਦੇਸ਼ ਦਾ ਚਾਲ ਚਲਨ ਨਹੀਂ ਛਡਿਆ, ਅਰ ਤੁਹਾਡੇ ਵਿਚੋਂ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਦੀ ਨਕਲ ਕਰ ਲੀਤੀ, ਇਸੇ ਥੀਂ ਤੁਸੀ ਨਿਰਬੁਧੀ, ਅਰ ਉਹ ਬੁਧਵਾਂਨ ਠੈਰਦੇ ਹਨ,ਨਕਲ ਦਾ ਕਰਨਾ ਕਿਸੇ ਬੁਧਵਾਂਨ ਦਾ ਕੰਮ ਨਹੀ

ਅਰ ਜੋਹਿੜਾ ਜਿਸ ਕੰਮ ਉਪੱਰ ਰਹਿੰਦਾ ਹੈ ਓਸਨੂੰ ਜੀਕਣ ਚਾਹੀਏ ਕਰਦਾ ਹੈ, ਆਗਿਆ ਅਨੁਸਾਰ ਚਲਣ ਵਾਲੇ ਬਰਾਬਰ ਰਹਿੰਦੇ ਹਨ, ਅਪਣੇ ਦੇਸ਼ ਵਾਲਿਆਂ ਨੂੰ ਵਪਾਰ ਆਦੀ ਵਿਚ ਸਹਾਇਤਾ ਦਿੰਦੇ ਹਨ, ਇਤਆਦੀ ਗੁਣਾਂ ਅਰ ਅੱਛੇ ਅੱਛੇ ਕਰਮਾਂ ਕਰਕੇ ਉਨ੍ਹਾਂ ਦਾ ਵਾਧਾ ਹੈ। ਬਿਨੁਕਰੇ ਜੂਤੇ, ਕੋਟ, ਪਤਲੂਨ, ਹੋਟਲ ਵਿਚ ਖਾਂਣ ਪੀਣ ਆਦੀ ਸਧਾਰਣ ਅਰ ਬੁਰੇ ਕਰਮਾਂ ਤੋਂ ਨਹੀਂ ਵਧੇ ਹਨ,ਅਰ ਇਨ੍ਹਾਂ ਵਿਚ ਜਾਤੀ ਭੇਦ ਬੀ ਹੈ। ਵੇਖੋ! ਜਦ ਕੋਈ ਫਰੰਗੀ ਚਾਹੇ ਕਿੱਨੇ ਵਡੇ ਹੁੱਦੇ ਉਪੱਰ ਅਰ ਪ੍ਰਸਿਧ ਹੋਵੇ ਕਿਸੇ ਹੋਰ ਦੇਸ਼ ਹੋਰ ਮਤ ਵਾਲਿਆਂ ਦੀ ਕੁੜੀ ਵਾ ਫਰੰਗੀ ਦੀ ਕੁੜੀ ਹੋਰ ਦੇਸ਼ ਵਾਲੇ ਨਾਲ ਵਿਵਾਹ ਕਰ ਲੈਂਦੀ ਹੈ ਤਾਂ ਉਸੇ ਵੇਲੇ ਓਸਦਾ ਨੇਉਤਾ, ਸੰਗ ਬੈਠਕੇ ਖਾਂਣੇ, ਅਰ ਵਿਵਾਹ ਆਦੀ ਨੂੰ ਹੋਰ ਲੋਗ ਬੰਦ ਕਰ ਦਿੰਦੇ ਹਨ, ਏਹ ਜਾਤੀ ਭੇਦ ਨਹੀਂ ਤਾਂ ਕੀ ਹੈ? ਅਰ ਤੁਹਾਨੂੰ ਭੋਲੇ ਭਾਲਿਆਂ ਨੂੰ ਬਕਾਂਦੇ ਹਨ ਕਿ ਅਸਾਂ ਵਿਚ ਜਾਤੀ ਭੇਦ ਨਹੀਂ ਤੁਸੀ ਅਪਨੀ ਮੂਰਖਤਾ ਨਾਲ ਮਨ ਬੀ ਲੈਂਦੇ ਹੋ ਏਸਲਈ ਜੋ ਕੁਝ ਕਰਨਾ ਉਹ ਸੋਚ ਵਿਚਾਰ ਕੇ ਕਰਨਾ ਚਾਹੀਏ, ਜਿਸ ਵਿਚ ਫੇਰ ਪਛਤਾਵਾ ਕਰਨਾ ਨਾ ਪਵੇ। ਵੇਖੋ! ਵੈਦ ਅਰ ਦਵਾਈ ਦੀ ਜਰੂਰਤ ਬਮਾਰ ਦੇ ਵਾਸਤੇ ਹੈ, ਰੋਗ ਰਹਿਤ ਵਾਸਤੇ ਨਹੀਂ। ਵਿਦਿਆਵਾਂਨ, ਅਰੋਗ, ਅਰ ਅਣਪੜ੍ਹਿਆ ਅਵਿਦਿਆ ਰੋਗ ਨਾਲ ਪਕੜਿਆ ਰਹਿੰਦਾ ਹੈ, ਓਸ ਰੋਗ ਦੇ ਛੁਡਾਣ ਵਾਸਤੇ ਸਤ ਵਿਦਿਆ, ਅਰ ਸਤ ਉਪਦੇਸ਼ ਹੈ, ਉਨ੍ਹਾਂ ਨੂੰ ਅਵਿਦਿਆ ਕਰਕੇ ਏਹ ਰੋਗ ਹੈ ਕਿ ਖਾਂਣ ਪੀਣ ਹੀ ਵਿਚ ਧਰਮ ਰਹਿੰਦਾ ਅਰ ਜਾਂਦਾ ਹੈ ਜਦ ਕਿਸੇ ਨੂੰ ਖਾਂਣ ਪੀਣ ਵਿਚ ਅਨਾਚਾਰ ਕਰਦੇ ਵੇਖਦੇ ਹਨ ਤਦ ਕਹਿੰਦੇ ਅਰ ਜਾਂਣਦੇ ਹਨ ਕਿ ਉਹ ਧਰਮ ਭ੍ਰਿਸ਼ਟ ਹੋਗਿਆ, ਓਸਦੀ ਗਲ ਨਾ ਸੁਣਨੀ ਅਰ ਨਾ ਓਸਦੇ ਪਾਸ ਬੈਹਿੰਦੇ, ਨਾ ਓਸਨੂੰ ਅਪਣੇ ਪਾਸ ਬੈਹਣ ਦਿੰਦੇ, ਹੁਣ ਕਹੀਏ ਤੁਹਾਡੀ ਵਿਦਿਆ ਸ੍ਵਾਰਥ ਲਈ ਹੈ ਅਥਵਾ ਪਰਮਾਰਥ ਦੇ ਲਈ? ਪਰਮਾਰਥ ਤਾਂ ਤਦੇ ਹੁੰਦਾ ਕਿ ਜਦ ਤੁਹਾਡੀ ਵਿਦਿਆ ਥੀਂ ਉਨ੍ਹਾਂ ਅਗਿਆਂਨੀ ਆਂ ਨੂੰ ਲਾਭ ਪਹੁੰਚਦਾ। ਜੇ ਕਹੋ ਕਿ ਉਹ ਨਹੀਂ ਲੈਂਦੇ ਅਸੀ ਕੀ ਕਰੀਏ ਏਹ ਤੁਹਾਡਾ ਕਸੂਰ ਹੈ ਉਨ੍ਹਾਂ ਦਾ ਨਹੀਂ, ਕਿਉਂਕਿ ਤੁਸੀ ਜੋ ਅਪਣਾ ਅਚਰਣ ਅਛਾ ਰਖਦੇ ਤਾਂ ਤੁਹਾਡੇ ਨਾਲ ਪ੍ਰੇਮ ਕਰ ਉਹ ਉਪਕ੍ਰਿਤ ਹੁੰਦੇ, ਸੋ ਤੁਸਾਂ ਨੇ ਹਜਾਰਾਂ ਦਾ ਉਪਕਾਰ ਨਾਸ਼ ਕਰਕੇ ਅਪਣਾ ਸੁਖ ਕੀਤਾ, ਸੋ ਏਹ ਤੁਹਾਨੂੰ ਵਡਾ ਅਪ੍ਰਾਧ ਲਗੂੰ, ਕਿਉਂਕਿ ਪਰਉਪਕਾਰ ਕਰਨਾ ਧਰਮ, ਅਰ ਪਰਾਇਆ ਨੁਕਸਾਨ ਕਰਨਾ ਅਧਰਮ ਕਹਾਂਦਾ ਹੈ, ਏਸ ਲਈ ਵਿਦਵਾਂਨ ਨੂੰ ਜਥਾ ਜੋਗ ਵਿਵਹਾਰ ਕਰਕੇ ਅਗਿਆਨੀਆਂ ਨੂੰ ਦੁਖ ਸਮੁੰਦਰ ਥੀਂ ਤਾਰਣ ਦੇ ਵਾਸਤੇ ਬੇੜੀ ਰੂਪ ਹੋਣਾ ਚਾਹੀਏ, ਹਮੇਸ਼ਾਂ ਮੂਰਖਾਂ ਦੇ ਵਾਕਰ ਕਰਮ ਨਾ ਕਰਨੇ ਚਾਹੀਏ, ਕਿੰਤੂ ਜਿਸ ਵਿਚ ਉਨ੍ਹਾਂ ਦੀ ਅਰ ਅਪਣੀ

ਦਿਨ ਦਿਨ ਪ੍ਰਤੀ ਉਨੱਤੀ ਹੋਵੇ ਉਜਹੇ ਕਰਮ ਕਰਨੇ ਜੋਗ ਹਨ।

(ਪ੍ਰਸ਼ਨ) ਅਸੀ ਕੋਈ ਪੁਸਤਕ ਈਸ਼੍ਵਰ ਕਰਕੇ ਬਣਾਇਆ ਵਾ ਸਾਰੀਆਂ ਅੰਸ਼ਾਂ ਵਿਚ ਸਚਾ ਨਹੀਂ ਮਨਦੇ, ਕਿਉਂਕਿ ਮਨੁਖਾਂ ਦੀ ਬੁਧ ਨਿਰ ਭ੍ਰਮ ਨਹੀਂ ਹੁੰਦੀ ਏਸ ਥੀਂ ਉਨ੍ਹਾਂ ਦੇ ਬਣਾਏ ਗ੍ਰੰਥ ਸਾਰੇ ਭ੍ਰਮ ਵਾਲੇ ਹੁੰਦੇ ਹਨ। ਏਸਲਈ ਅਸੀ ਸਾਰਿਆਂ ਥੀਂ ਸਚ ਗ੍ਰਹਣ ਕਰਦੇ ਅਰ ਝੂਠ ਨੂੰ ਛਡ ਦਿੰਦੇ ਹਾਂ, ਚਾਹੇ ਸਚ ਵੇਦਾਂ ਵਿਚ, ਬਾਇਬਲ ਵਿਚ, ਵਾ ਕੁਰਾਨ ਵਿਚ ਅਰ ਹੋਰ ਕਿਸੇ ਗ੍ਰੰਥ ਵਿਚ ਹੋਵੇ ਸਾਂਨੂੰ ਗ੍ਰਹਣ ਕਰਨ ਜੋਗ ਹੈ ਝੂਠ ਕਿਸੇ ਦਾ ਨਹੀਂ।

(ਉਤ੍ਰ) ਜਿਸ ਬਾਤ ਥੀਂ ਤੁਸੀਂ ਸਤ ਦੇ ਗਾਹਕ ਹੋਣਾ ਚਾਹਿੰਦੇ ਓ ਓਸੇ ਬਾਤ ਥੀਂ ਝੂਠ ਦੇ ਗਾਹਕ ਬੀ ਠੈਹਰਦੇ ਓ, ਕਿਂਉਕਿ ਜਦ ਸਾਰੇ ਮਨੁੱਖ ਭੁਲੇਖੇ ਤੋਂ ਰਹਤ ਨਹੀਂ ਹੋ ਸਕਦੇ ਤਾਂ ਤੁਸੀਂ ਬੀ ਮਨੁੱਖ ਹੋਣ ਥੀਂ ਭੁਲੇਖੇ ਵਾਲੇ ਓ, ਜਦ ਭ੍ਰਾਂਤੀ ਵਾਲੇ ਦੇ ਬਚਨ ਸਾਰੀਆਂ ਅੰਸ਼ਾਂ ਵਿਚ ਮਨੱਣ ਜੋਗ ਨਹੀਂ ਹੋ ਸਕਦੇ ਤਾਂ ਤੁਹਾਡੇ ਬਚਨ ਦਾ ਬੀ ਵਿਸਾਹ ਨਾ ਹੋਸੀ, ਫੇਰ ਤੁਹਾਡੇ ਬਚਨ ਉਪਰ ਬੀ ਸਭ ਤਰ੍ਹਾਂ ਵਿਸਾਹ ਨਾ ਕਰਨਾ ਚਾਹੀਏ। ਜਦ ਅਜੇ-ਹਾ ਹੈ ਤਾਂ ਜ਼ੈਹਰ ਵਾਲੇ ਅੰਨਦੇ ਸਮਾਨ ਤਿਆਗਨ ਦੇ ਜੋਗ ਹਨ, ਫੇਰ ਤੁਹਾਡੇ ਵਿਆਖਿਆਂਨ ਪੁਸਤਕ ਬਣਾਏ ਹੋਏ ਦਾ ਪ੍ਰਮਾਣ ਕਿਸੇ ਨੂੰ ਬੀ ਨਾ ਕਰਨਾ ਚਾਹੀਏ। 'ਚਲੇ ਤਾਂ ਚਉਥੇ ਜੀ ਛਬੇ ਜੀ ਬਣਨੇ ਨੂੰ ਗੰਢਦੇ ਦੋ ਗੁਆਂ ਕੇ ਦੁਬੇ ਜੀ ਬਣ ਗਏ' ਕੁਝ ਤੁਸੀਂ ਸਰਬੱਗ ਨਹੀਂ ਜੀਕਣ ਕਿ ਹੋਰ ਮਨੁੱਖ ਸਰ-ਬੱਗਨਹੀਂ ਹਨ, ਕਦਾਚਿਤ ਭ੍ਰਮ ਥੀਂ ਝੂਠ ਨੂੰ ਗ੍ਰਹਣ ਕਰ ਸਚ ਨੂੰ ਛਡ ਬੀ ਦਿੰਦੇ ਹੋਵੋਗੇ,ਏਸ ਲਈ ਸਰਬੱਗ ਪਰਮਾਤਮਾ ਦੇ ਬਚਨ ਦਾ ਸਹਾਇਕ ਅਸਾਂ ਅਲਪੱਗਾਂ ਨੂੰ ਜਰੂਰ ਹੋਣਾ ਚਾਹੀਏ, ਜੇਹਾ ਕਿ ਵੇਦ ਦੇ ਵਿਆਖਿਆਂਨ ਵਿਚ ਲਿਖ ਆਏ ਹਾਂ ਉਜੇਹਾ ਤੁਹਾਨੂੰ ਜਰੂਰ ਹੀ ਮਨਣਾ ਚਾਹੀਏ,ਨਹੀਂ ਤਾਂ

## "ਯਤੋ ਭ੍ਰਸ਼ਟਸ੍ਤਤੋ ਭ੍ਰਸ਼ਟः"

ਹੋ ਜਾਣਾ ਹੈ। ਜਦ ਸਭ 'ਸਤ' ਵੇਦਾਂ ਥੀਂ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਵਿਚ ਅਸਤ ਕੁਝ ਬੀ ਨਹੀਂ ਤਾਂ ਉਨ੍ਹਾਂ ਦੇ ਗ੍ਰਹਣ ਕਰਨੇ ਵਿਚ ਸ਼ੰਕਾ ਕਰਨੀ ਅਪਣੀ ਅਰ ਪਰਾਈ ਹਾਨੀ ਮਾਤ੍ਰ ਕਰ ਲੈਣੀ ਹੈ, ਇਸੇ ਬਾਤ ਥੀਂ ਤੁਹਾਨੂੰ ਆਰਯ ਵਰਤੀ ਲੋਕ ਅਪਣਾ ਨਹੀਂ ਸਮਝਦੇ, ਅਰ ਤੁਸੀਂ ਆਰਯਾਵਰਤ ਦੇ ਵਾਧੇ ਦੇ ਕਾਰਣ ਬੀ ਨਹੀਂ ਹੋ ਸੱਕਦੇ,ਕਿਉਕਿ ਤੁਸੀਂ ਸਾਰਿਆਂ ਘਰਾਂ ਦੇ ਮੰਗਤੇ ਬਣੇਓ ਤੁਸਾਂ ਨੇ ਸਮਝਿਆ ਹੈ ਕਿ ਏਸ ਬਾਤ ਥੀਂ ਅਸੀਲੋਕ ਅਪਣਾ ਅਰਪਰਾ

ਇਆ ਉਪਕਾਰ ਕਰ ਸਕਾਂਗੇ, ਸੋ ਨਾ ਕਰ ਸਕੋਗੇ, ਜੀਕਨ ਕਿਸੇ ਦੇ ਦੋਹੀ ਮਾਂ ਪਿਉ ਸਾਰੇ ਸੰਸਾਰ ਦੇ ਮੁੰਡਿਆਂ ਦੀ ਪਾਲਨਾ ਕਰਨ ਲਗਨ, ਸਾਰੇ ਸੰਸਾਰ ਦਾ ਪਾਲਣ ਕਰਨਾ ਤਾਂ ਅਸੰਭਵ ਹੈ ਕਿੰਤੂ ਓਸ ਬਾਤ ਥੀਂ ਅਪਣੇ ਮੁੰਡਿਆਂ ਨੂੰ ਬੀ ਨਸ਼ਟ ਕਰ ਬੈਠਨ, ਉਕਣ ਹੀ ਆਪ ਲੋਕਾਂ ਦੀ ਚਾਲ ਹੈ। ਭਲਾ ਵੇਦ ਆਦੀ ਸਤਸ਼ਾਸਤ੍ਰਾਂ ਨੂੰ ਮਨੇ ਬਿਨਾ ਤੁਸੀ ਅਪਣੇ ਬਚਨਾਂ ਦੀ ਸਚਿਆਈ ਅਰ ਝੂਠਿਆਈ ਦੀ ਪ੍ਰੀਖਿਆ ਅਰ ਆਰਯਾਵਰਤ ਦੀ ਉਨੱਤੀ ਬੀ ਕਦੀ ਕਰ ਸਕਦੇ ਓ? ਜਿਸ ਦੇਸ਼ ਨੂੰ ਬਮਾਰੀ ਹੋਈ ਹੈ ਓਸਦੀ ਦੁਆਈ ਤੁਹਾਡੇ ਪਾਸ ਨਹੀ, ਅਰ ਫਰੰਗੀ ਲੋਕ ਤੁਹਾਡੀ ਪਰਵਾਹ ਨਹੀ ਕਰਦੇ, ਅਰ ਆਰਯਾਵਰਤੀ ਲੋਕ ਤੁਹਾਨੂੰ ਹੋਰ ਮਤ ਵਾਲਿਆਂ ਦੇ ਵਾਕਰ ਸਮਝਦੇ ਹਨ, ਹੁਣ ਬੀ ਸਮਝਕੇ ਵੇਦ ਆਦੀ ਦੇ ਮਨਣੇ ਨਾਲ ਦੇਸ਼ ਵਾਧਾ ਕਰਨ ਲਗੋ ਤਾਂ ਬੀ ਅਛਾ ਹੈ। ਜੋ ਤੁਸੀ ਏਹ ਕਹਿੰਦੇ ਓ ਕਿ ਸਾਰਾ ਸਚ ਪਰਮੇਸ਼੍ਵਰ ਥੀਂ ਪ੍ਰਗਟ ਹੁੰਦਾ ਹੈ, ਫੇਰ ਰਿਖੀਆਂ ਦੇ ਆਤਮਾਂ ਵਿਚ ਈਸ਼੍ਵਰ ਥੀਂ ਪ੍ਰਕਾਸਤ ਹੋਏ ਸਚੇ ਅਰਥ ਵਾਲੇ ਵੇਦਾਂ ਨੂੰ ਕਿਉਂ ਨਹੀ ਮਨਦੇ? ਹਾਂ ਇਹਾ ਸਬਬ ਹੈ ਕਿ ਤੁਸੀ ਲੋਕ ਵੇਦ ਨਹੀ ਪੜ੍ਹੇ ਅਰ ਨਾ ਪੜ੍ਹਨ ਦੀ ਇਛਾ ਕਰਦੇ ਓ ਕਿਸਤਰਾਂ ਨਾਲ ਤੁਹਾਨੂੰ ਵੇਦੋਕਤ ਗਿਆਨ ਹੋ ਸਕੇਗਾ ਦੂਜਾ— ਜਗਤ ਦੇ ਉਪਾਦਾਨ ਕਾਰਣ ਦੇ ਬਿਨਾਂ ਜਗਤ ਦੀ ਉਤਪਤੀ ਅਰ ਜੀਵ ਨੂੰ ਬੀ ਉਤਪੰਨ ਮਨਦੇ ਓ, ਜੀਕਣ ਈਸਾਈ ਅਰ ਮੁਸਲਮਾਨ ਆਦੀ ਮਨਦੇ ਹਨ, ਏਸਦਾ ਉਤ੍ਰ ਸ੍ਰਿਸ਼ਟੀ ਉਤਪਤੀ ਅਰ ਜੀਵ ਈਸ਼੍ਵਰ ਦੀ ਵਿਆਖਿਆ ਵਿਚ ਵੇਖ ਲੌ, ਕਾਰਣ ਦੇ ਬਿਨਾ ਕਾਰਯ ਦਾ ਹੋਣਾ ਸਭਤਰਾਂ ਨਹੀ ਬਣਦਾ, ਅਰ ਉਤਪੰਨ ਵਸਤੂ ਦਾ ਨਾਸ਼ ਨਾ ਹੋਣਾ ਬੀ ਉਜੇਹਾ ਹੀ ਅਸੰਭਵ ਹੈ। ਇਕ ਏਹ ਬੀ ਤੁਹਾਡਾ ਦੋਸ਼ ਹੈ ਜੋ ਪਛਤਾਵੇ ਅਰ ਪ੍ਰਾਰਥਨਾ ਨਾਲ ਪਾਪਾਂ ਦਾ ਦੂਰ ਹੋਣਾ ਮਨਦੇ ਓ। ਇਸੇ ਬਾਤ ਥੀਂ ਜਗਤ ਵਿਚ ਬਹੁਤ ਸਾਰੇ ਪਾਪ ਵਧ ਗਏ ਹਨ, ਕਿਉਂਕਿ ਪੁਰਾਣੀ ਲੋਕ ਤੀਰਥ ਆਦੀ ਯਾਤ੍ਰਾ ਨਾਲ, ਜੈਨੀ ਲੋਕ ਬੀ ਨਵਕਾਰ ਮੰਤ੍ਰ ਜਪ ਅਰ ਤੀਰਥ ਆਦੀ ਥੀਂ, ਈਸਾਈ ਲੋਕ ਈਸਾ ਦੇ ਭਰੋਸੇ ਥੀਂ, ਮੁਸਲਮਾਨ ਲੋਕ ਤੋਬਾ ਕਰਨੇ ਥੀਂ ਪਾਪ ਛੁਟ ਜਾਣਾ ਬਿਨਾ ਭੋਗਦੇ ਮਨਦੇ ਹਨ, ਏਸ ਕਰਕੇ ਪਾਪਾਂ ਥੀਂ ਡਰ ਨਾ ਹੋਕੇ ਪਾਪ ਵਿਚ ਪ੍ਰਿਬ੍ਰਤੀ ਬਹੁਤ ਹੋ ਗਈ ਹੈ, ਏਸ ਬਾਤ ਵਿਚ ਬ੍ਰਾਹਮ ਅਰ ਪ੍ਰਾਰਥਨਾ ਸਮਾਜੀ ਬੀ ਪੁਰਾਣੀ ਆਦੀ ਦੇ ਵਾਕਰ ਹਨ, ਜੇਕਰ ਵੇਦਾਂ ਨੂੰ ਸੁਣਦੇ ਤਾਂ ਬਿਨਾਂ ਭੋਗ ਦੇ ਪਾਪ ਪੁੰਨ ਦੀ ਨਿਬ੍ਰਤੀ ਨਾ ਹੋਣ ਥੀਂ ਪਾਪਾਂ ਥੀਂ ਡਰਦੇ, ਅਰ ਧਰਮ ਵਿਚ ਸਦਾ ਲਗੇ ਰਹਿੰਦੇ, ਜੇ ਭੋਗਦੇ ਬਿਨਾ ਨਿਬ੍ਰਤੀ ਮਨੀਏਂ ਤਾਂ ਈਸ਼੍ਵਰ ਅਨਿਆਕਾਰੀ ਹੁੰਦਾ ਹੈ। ੯— ਜੇ ਤੁਸੀ ਜੀਵ ਦੀ ਅਨੰਤ ਉਨੱਤੀ ਮਨਦੇ ਓ ਸੋ ਕਦੀ ਨਹੀ ਹੋ ਸਕਦੀ। ਕਿਉਂ ਕਿ 'ਸਸੀਮ' ਜੀਵ ਦੇ ਗੁਣ, ਕਰਮ, ਸੁਭਾਉ, ਦਾ ਫਲ ਬੀ 'ਸਸੀਮ' ਹੋਣਾ ਜ਼ਰੂਰ ਹੈ।

( ਪ੍ਰਸ਼ਨ )ਪਰਮੇਸ਼੍ਵਰ ਦਿਆਲੂ ਹੈ 'ਸਸੀਮ'* ਕਰਮਾਂ ਦਾ ਫਲ ਅਨੰਤ ਦੇ ਸੀ।

( ਉਤ੍ਰ )ਅਜੇਹਾ ਕਰੇ ਤਾਂ ਪਰਮੇਸ਼੍ਵਰ ਦਾ ਨਿਆਂ ਨਸ਼ਟ ਹੋ ਜਾਵੇ ਅਰ ਸਤ ਕਰਮਾਂ ਦੀ ਉਨਤੀ ਬੀ ਕੋਈ ਨਾ ਕਰਸੀ, ਕਿਉਂਕਿ ਥੋੜੇ ਜੇਹੇ ਥੀਂ ਬੀ ਸਤਕਰਮ ਦਾ ਅਨੰਤ ਫਲ ਪਰਮੇਸ਼੍ਵਰ ਦੇ ਦੇਸੀ, ਅਰ ਪਛਤਾਵੇ ਵਾ ਪ੍ਰਾਰਥਨਾਂ ਥੀਂ ਪਾਪ ਚਾਹੇ ਜਿਨੇ ਹੋਂਨ ਛੁਟ ਜਾਸਨ, ਅਜੇਹੀ ਬਾਤਾਂ ਥੀਂ ਧਰਮ ਦੀ ਹਾਨੀ ਅਰ ਪਾਪ ਕਰਮਾਂ ਦੀ ਬ੍ਰਿਧੀ ਹੁੰਦੀ ਹੈ।

( ਪ੍ਰਸ਼ਨ ) ਅਸੀਂ ਸੁਭਾਉਕ ਗਿਆਂਨ ਨੂੰ ਵੇਦ ਨਾਲੋਂ ਬੀ ਵਡਾ ਮਨਦੇ ਹਾਂ, ਨਮਿਤੱਕ ਨੂੰ ਨਹੀਂ,ਕਿਉਂਕਿ ਜੋ ਸੁਭਾਉਕ ਗਿਆਂਨ ਪਰਮੇਸ਼੍ਵਰ ਦਾ ਦਿਤੱਾ ਅਸਾਂ ਵਿਚ ਨਾ ਹੁੰਦਾ ਤਾਂ ਵੇਦਾਂ ਨੂੰ ਬੀ ਕੀਕਣ ਪੜ੍ਹ, ਪੜ੍ਹਾ, ਸਮਝ, ਸਮਝਾ ਸਕਦੇ, ਏਸ ਲਈ ਅਸਾਂ ਲੋਕਾਂ ਦਾ ਮਤ ਬਹੁਤ ਅੱਛਾ ਹੈ।

( ਉਤ੍ਰ ) ਏਹ ਤੁਹਾਡੀ ਗਲ ਨਿਕੰਮੀ ਹੈ, ਕਿਂਉਕਿ ਜੋ ਕਿਸੇ ਦਾ ਦਿੱਤਾ ਹੋਇਆ ਗਿਆਂਨ ਹੁੰਦਾ ਹੈ, ਉਹ ਸੁਭਾਉਕ ਨਹੀ ਹੁੰਦਾ, ਜੋ ਸੁਭਾਉਕ ਹੈ ਉਹ ਸਹਜ ਗਿਆਂਨ ਹੁੰਦਾ ਹੈ ਅਰ ਨਾ ਉਹ ਘਟ ਵਧ ਸਕਦਾ,ਓਸ ਥੀਂ ਉਨੱਤੀ ਕੋਈ ਬੀ ਨਹੀ ਕਰ ਸਕਦਾ ਕਿਂਉਕਿ ਜੰਗਲੀ ਮਨੁਖਾਂ ਵਿਚ ਬੀ ਸੁਭਾਉਕ ਗਿਆਂਨ ਹੈ ਤਾਂ ਬੀ ਉਹ ਅਪਣੀ ਉਨੱਤੀ ਨਹੀਂ ਕਰ ਸਕਦੇ, ਅਰ ਜੋ ਨਮਿਤਕ ਗਿਆਂਨ ਹੈ ਉਹੀ ਉਨੱਤੀ ਦਾ ਕਾਰਣ ਹੈ ਵੇਖੋ! ਤੁਸੀਂ ਅਸੀਂ ਬਾਲ ਅਵਸਥਾ ਵਿਚ ਕਰਨੇ ਜੋਗ ਨਾ ਕਰਨੇ ਜੋਗ ਅਰ ਧਰਮ, ਅਧਰਮ ਕੁਝ ਬੀ ਠੀਕ ਠੀਕ ਨਹੀਂ ਜਾਣਦੇ ਸਾਂ, ਜਦ ਅਸੀਂ ਵਿਦਿਵਾਨਾਂ ਥੀਂ ਪੜੇ ਤਦੇ ਕਰਨ ਜੋਗ ਨਾ ਕਰਨ ਜੋਗ ਅਰ ਧਰਮ ਅਧਰਮ ਨੂੰ ਸਮਝਣ ਲਗੇ, ਏਸ ਲਈ ਸੁਭਾਉਕ ਗਿਆਂਨ ਨੂੰ ਸਾਰਿਆਂ ਉਪਰ ਮਨਣਾ ਠੀਕ ਨਹੀਂ ॥ ੬ ॥ ਜੋ ਤੁਸਾਂ ਲੋਕਾਂ ਨੈ ਪਿਛਲਾ ਅਰ ਪੁਨਰ ਜਨਮ ਨਹੀਂ ਮਨਿਆ ਹੈ ਉਹ ਈਸਾਈ ਮੁਸਲਮਾਨਾਂ ਥੀਂ ਲੀਤਾਹੋਸੀ, ਏਸਦਾ ਬੀ ਉਤ੍ਰ ਪੁਨਰ ਜਨਮ ਦੀ ਵਿਆਖਿਆ ਥੀਂ ਸਮਝ ਲੈਣਾ, ਪ੍ਰੰਤੂ ਇੱਨਾ ਸਮਝੋ ਕਿ ਜੀਵ ਸ਼ਾਸ੍ਵਤ ਅਰਥਾਤ ਨਿਤ ਹੈ, ਅਰ ਓਸਦੇ ਕਰਮ ਬੀ ਪ੍ਰਵਾਹ ਰੂਪ ਥੀਂ ਨਿਤ ਹਨ, ਕਰਮ ਅਰ ਕਰਮ ਵਾਲੇ ਦਾ ਨਿਤ ਸੰਬੰਧ ਹੁੰਦਾ ਹੈ, ਕੀ ਉਹ ਜੀਵ ਕਿਦੇ ਨਿਕੰਮਾ ਬੈਠਾ ਰਹਿਆ ਸੀ? ਵਾ ਰਹਸੀ? ਅਰ ਪਰਮੇਸ੍ਵਰ ਬੀ ਨਿਕੰਮਾ ਤੁਹਾਡੇ ਕਹਣੇ ਥੀਂ ਹੁੰਦਾ ਹੈ, ਪਿਛਲਾ ਅਗਲਾ ਜਨਮ ਨਾ ਮਨਣੇ ਥੀਂ ਕੀਤੇ ਹੋਏ ਕਰਮਾਂ ਦੀ ਹਾਨੀ ਅਰ ਨਾ ਕੀਤੇ ਹੋਇਆਂ ਦੀ ਪ੍ਰਾਪਤੀ, ਨਿਰ ਦੈਤਾ ਅਰ ਵਿਖਮਤਾ ਦੋਸ਼ ਬੀ ਈਸ਼੍ਵਰ ਵਿਚ ਆਉਂਦੇ ਹਨ, ਕਿਂਉਕਿ ਜਨਮ ਨਾ ਹੋਵੇ ਤਾਂ ਪਾਪ ਪੁੰਨ ਦੇ ਫਲ ਭੋਗਦੀ ਹਾਨੀ ਹੋ ਜਾਵੇ, ਕਿਂਉਕਿ ਜਿਸਤਰਾਂ ਦੂਜੇ ਨੂੰ ਸੁਖ, ਦੁਖ, ਹਾਨੀ,ਲਾਭ ਪੁਚਾਇਆ ਹੁੰਦਾ ਹੈ

*'ਸਸੀਮ'ਔਧਵਾਲਾ (ਅਨੁਵਾਦ ਕਰਤਾ)

ਓਸਤਰਾਂ ਓਸਦਾ ਫਲ ਬਿਨਾ ਸ਼ੀਰ ਧਾਰਣ ਕੀਤੇ ਨਹੀਂ ਹੁੰਦਾ, ਦੂਜਾ ਪੁਨਰ ਜਨਮ ਦੇ ਪਾਪ ਪੁੰਨਾਂ ਦੇ ਬਿਨਾ ਸੁਖ ਦੁਖ ਦੀ ਪ੍ਰਾਪਤੀ ਏਸ ਜਨਮ ਵਿਚ ਕਿਸਤਰਾਂ ਹੋਵੇ, ਜੇਕਰ ਪਿਛਲੇ ਜਨਮ ਦੇ ਪਾਪ ਪੁੰਨ ਦੇ ਅਨੁਸਾਰ ਨਾ ਹੋਵੇ ਤਾਂ ਪਰਮੇਸ਼ੂਰ ਅਨਿਆਂ ਕਰਨ ਵਾਲਾ, ਅਰ ਬਿਨਾਂ ਭੋਗ ਕੀਤੇ ਨਾਸ਼ ਦੇ ਵਾਕਰ ਕਰਮ ਦਾ ਫਲ ਹੋ ਜਾਵੇ, ਏਸ ਲਈ ਏਹ ਬੀ ਬਾਤ ਤੁਸਾਂ ਲੋਕਾਂ ਦੀ ਅੱਛੀ ਨਹੀਂ। ੧੦। ਅਰ ਇਕ ਏਹ ਕਿ ਈਸ਼ੂਰ ਦੇ ਬਿਨਾ ਦਿਵਗੁਣ ਵਾਲੇ ਪਦਾਰਥਾਂ ਅਰ ਵਿਦਵਾਨਾਂ ਨੂੰ ਬੀ 'ਦੇਵ' ਨਾ ਮਨਣਾ ਠੀਕ ਨਹੀਂ, ਕਿਉਂਕਿ ਪਰਮੇਸ਼ੂਰ ਮਹਾਂਦੇਵ, ਅਰ ਜੋ ਦੇਵ ਨਾ ਹੁੰਦਾ ਤਾਂ ਸਭ ਦੇਵਾਂ ਦਾ ਸੁਆਮੀ ਹੋਣ ਥੀਂ ਮਹਾਂਦੇਵ ਕਿਉਂ ਕਹਾਂਦਾ? । ੧੧ ।—ਇਕ ਅਗਨੀ ਹੋਤ੍ਰ ਆਦੀ ਪਰ ਉਪਕਾਰ ਕਰਨੇ ਵਾਲੇ ਕਰਮਾ ਨੂੰ ਕਰਨ ਜੋਗ ਨਾ ਸਮਝਣਾ ਅੱਛਾ ਨਹੀਂ। ੧੨—ਰਿਖੀ, ਮਹਾਂ ਰਿਖੀਆਂ ਦੇ ਕੀਤੇ ਉਪਕਾਰਾਂ ਨੂੰ ਨਾ ਮਨਕੇ ਈਸਾ ਆਦੀ ਦੇ ਪਿਛੇ ਝੁਕ ਪੈਣਾ ਅੱਛਾ ਨਹੀਂ। ੧੩—ਅਰ ਬਿਨਾ ਕਾਰਣ ਵਿਦਿਆ ਵੇਦਾਂ ਦੇ ਹੋਰਨਾ ਕਾਰਜ ਵਿਦਿਆ ਦੀ ਪ੍ਰਵ੍ਰਿਤੀ ਮਨਣਾ ਸਭ ਤਰਾਂ ਅਸੰਭਵ ਹੈ। ੧੪ ।—ਅਰ ਜੋ ਵਿਦਿਆ ਦਾ ਚਿਨ੍ਹ ਜੰਞੂ ਅਰ ਬੋਦੀ ਨੂੰ ਛਡ, ਮੁਸਲਮਾਨ, ਈਸਾਈਆਂ ਦੇ ਵਾਙ ਣ ਬਣ ਬੈਠਣਾ ਏਹ ਬੀ ਵਿਅਰਥ ਹੈ, ਜਦ ਪਤਲੂਨ ਆਦੀ ਕਪੜੇ ਪਾਂਦੇ ਓ ਅਰ ਤਮਗਿਆਂ ਦੀ*ਇਛਾ ਕਰਦੇ ਓ ਤਾਂ ਕੀ ਜੰਞੂ ਆਦੀ ਦਾ ਕੁਝ ਵਡਾ ਭਾਰ ਹੋ ਗਿਆ ਸੀ ੧੫—ਅਰ ਬ੍ਰਹਮਾ ਥੀਂ ਲੈਕੇ ਪਿਛੇ ਪਿਛੇ ਆਰਯਾਵਰਤ ਵਿਚ ਬਹੁਤ ਸਾਰੇ ਵਿਦਵਾਂਨ ਹੋ ਚੁਕੇ ਹਨ ਉਨ੍ਹਾਂ ਦੀ ਉਸਤਤੀ ਨਾ ਕਰਕੇ ਫਰੰਗੀਆਂ ਦੀ ਉਸਤਤੀ ਵਿਚ ਲਗ ਜਾਣਾ ਪਖਪਾਤ ਅਰ ਖੁਸ਼ਾਮਦ ਦੇ ਬਿਨਾ ਕੀ ਆਖਿਆ ਜਾਵੇ। ੧੬— ਅਰ 'ਬੀ' ਅੰਗੂਰੀ ਦੇ ਵਾਕਰ ਜੜ ਚੇਤਨ ਦੇ ਮਿਲਾਪ ਥੀਂ ਜੀਵ ਦੀ ਉਤਪਤੀ ਮਨਣੀ, ਉਤਪਤੀ ਦੇ ਪਹਿਲਾਂ ਜੀਵ ਦੇ ਸਰੂਪ ਦਾ ਨਾ ਮਨਣਾ, ਅਰ ਉਤਪਤੀ ਦਾ ਨਾਸ਼ ਨਾ ਮਨਕੇ ਪਹਿਲਾਂ ਪਿਛੋਂ ਦਾ ਵਿਰੋਧ ਹੈ, ਜੇਕਰ ਉਤਪਤੀ ਦੇ ਪਹਿਲਾਂ ਚੇਤਨ ਅਰ ਜੜ ਵਸਤੂ ਨਾ ਸਨ ਤਾਂ ਜੀਵ ਕਿਥੋਂ ਥੀਂ ਆਇਆ? ਅਰ ਮਿਲਾਪ ਕਿਨ੍ਹਾਂ ਦਾ ਹੋਇਆ? ਜੋ ਇਨ੍ਹਾਂ ਦੁਹਾਂ ਨੂੰ ਸਨਾਤਨ ਮਨਦੇ ਓ ਤਾਂ ਠੀਕ ਹੈ, ਪ੍ਰੰਤੂ ਸ੍ਰਿਸ਼ਟੀ ਦੇ ਪਹਿਲਾਂ ਈਸ਼ੂਰ ਦੇ ਬਿਨਾ ਦੂਜੇ ਕਿਸੇ ਤਤ੍ਵ ਨੂੰ ਨਾ ਮਨਣਾ ਏਹ ਆਪਦਾ ਪਖ ਵਿਅਰਥ ਹੋ ਜਾਸੀ, ਏਸਲਈ ਜੋ ਉਨਤੀ ਕਰਨਾ ਚਾਹੋ ਤਾਂ " ਆਰਯਸਮਾਜ "

---

*'ਤਮਗਾ' ਚਾਂਦੀ ਸੋਨੇ ਦਾ ਰੁਪਏ ਵਾਙਨ ਬਣਿਆ ਹੋਇਆ ਹੁੰਦਾ ਹੈ ਜੋ ਸਿਪਾਹੀ ਅਥਵਾ ਰਾਜ ਦਰਬਾਰੀਆਂ ਨੂੰ ਅੰਗ੍ਰੇਜ਼ਾਂ ਵਲੋਂ ਇਜੱਤ ਦੀ ਨਿਸ਼ਾਨੀ ਮਿਲਦੀ ਹੈ ਜਿਸਨੂੰ ਛਾਤੀ ਉਤੇ ਸਦਾ ਲਕ ਲਮਕਾਈ ਫਿਰਦੇ ਹਨ।
(ਅਨੁਵਾਦਕਰਤਾ)

ਦੇ ਸੰਗ ਮਿਲਕੇ ਓਸਦੇ ਉਦੇਸ਼ ਅਨੁਸਾਰ ਆਚਰਣ ਕਰਨਾ ਅੰਗੀਕਾਰ ਕਰੋ, ਨਹੀ ਤਾਂ ਕੁਝ ਹਥ ਨਾ ਲਗਸੀ, ਕਿਉਂਕਿ ਸਾਨੂੰ ਅਰ ਤੁਹਾਨੂੰ ਅਤੀ ਉਚਤ ਹੈ ਕਿ ਜਿਸ ਦੇਸ਼ ਦੇ ਪਦਾਰਥਾ ਥੀਂ ਅਪਣਾ ਸ਼ੀਰ ਬਣਿਆਂ, ਹੁਣ ਬੀ ਪਾਲਨ ਹੁੰਦਾ ਹੈ, ਅਗੋਂ ਹੋਸੀ, ਓਸਦੀ ਉਨੱਤੀ ਤਨ, ਮਨ, ਧਨ ਨਾਲ ਸਾਰੇ ਜਨ ਮਿਲਕੇ ਪ੍ਰੀਤੀ ਨਾਲ ਕਰਨ, ਏਸਲਈ ਜੇਹਾ ਆਰਯ-ਸਮਾਜ, ਆਰਯਾਵਰਤ ਦੇਸ਼ਦੀ ਉਨਤੀ ਦਾ ਕਾਰਣ ਹੈ ਉਜੇਹਾ ਦੂਜਾ ਨਹੀ ਹੋ ਸਕਦਾ, ਜੇਕਰ ਏਸ ਸਮਾਜ ਨੂੰ ਜੀਕਣ ਚਾਹੀਏ ਸਹਾਇਤਾ ਦੇਂਨ ਤਾਂ ਬਹੁਤ ਅਛੀ ਬਾਤ ਹੈ, ਕਿਉਂਕਿ ਸਮਾਜ ਦਾ ਸੁਭਾਗ ਵਧਾਣਾ ਬਹੁਤਿਆਂ ਦਾ ਕੰਮ ਹੈ ਇਕਦਾ ਨਹੀ।

( ਪ੍ਰਸ਼ਨ ) ਤੁਸੀ ਸਾਰਿਆਂ ਦਾ ਖੰਡਨ ਕਰਦੇ ਹੀ ਆਂਉਦੇ ਹੋ ਪ੍ਰੰਤੂ ਅਪਣੇ ਅਪਣੇ ਧਰਮ ਵਿਚ ਸਾਰੇ ਅਛੇ ਹਨ ਖੰਡਨ ਕਿਸੇਦਾ ਨਾ ਕਰਨਾ ਚਾਹੀਏ, ਜੋ ਕਰਦੇਓ ਤਾਂ ਤੁਸੀ ਇਨ੍ਹਾਂ ਥੀਂ ਵਧੀਕ ਕੀ ਦਸਦੇ ਓ? ਜੋ ਦਸਦੇ ਓ ਤਾਂ ਕੀ ਤੁਸਾਂ ਥੀਂ ਵਧੀਕ ਵਾ ਬਰਾਬਰ ਕੋਈ ਪੁਰਖ ਨਾ ਸੀ, ਅਰਨਾ ਹੈ ਅਜੇਹਾ ਅਭਿਮਾਨ ਕਰਨਾ ਤੁਸਾਂਨੂੰ ਜੋਗ ਨਹੀ, ਕਿਉਂਕਿ ਪਰਮਾਤਮਾ ਦੀ ਸ੍ਰਿਸ਼ਟੀ ਵਿਚ ਇਕ ਇਕ ਥੀਂ ਵਧੀਕ ਬਰਾਬਰ ਅਰ ਘਟ ਬਹੁਤ ਹਨ ਕਿਸੇਨੂੰ ਘਮੰਡ ਕਰਨਾ ਮੁਨਾਸਬ ਨਹੀ।

( ਉਤ੍ਰ ) ਧਰਮ ਸਾਰਿਆਂ ਦਾ ਇਕ ਹੁੰਦਾ ਹੈ ਵਾ ਅਨੇਕ? ਜੇਕਰ ਆਖੋ ਅਨੇਕ ਹੁੰਦੇ ਹਨ ਤਾਂ ਇਕ ਦੂਜੇ ਥੀਂ ਵਿਰੁਧ ਹੁੰਦੇ ਹਨ ਵਾ ਅਵਿਰੁਧ? ਜੇ ਆਖੋ ਕਿ ਵਿਰੁਧ ਹੁੰਦੇ ਹਨ ਤਾਂ ਇਕਦੇ ਬਿਨਾ ਦੂਜਾ ਧਰਮ ਨਹੀ ਹੋ ਸਕਦਾ, ਅਰ ਜੇ ਕਹੋ ਅਵਿਰੁਧ ਹੁੰਦੇ ਹਨ ਤਾਂ ਵਖਰਾ ਵਖਰਾ ਹੋਣਾ ਵਿਅਰਥ ਹੈ, ਏਸ ਲਈ ਧਰਮ, ਅਰ ਅਧਰਮ, ਇਕ ਹੀ ਹੈ ਅਨੇਕ ਨਹੀ, ਇਹੋ ਅਸੀ ਵਧੀਕ ਕਹੀਦੇ ਹਾਂ ਕਿ ਜੀਕਣ ਸਾਰਿਆਂ ਸੰਪ੍ਰਦਾਈਆਂ ਦੇ ਉਪਦੇਸ਼ਾਂ ਨੂੰ ਕੋਈ ਰਾਜਾ ਅਕਠਾ ਕਰੇ ਤਾਂ ਇਕ ਹਜਾਰ ਥੀਂ ਘਟ ਨਹੀ ਹੋਂਨਗੇ, ਪ੍ਰੰਤੂ ਇਨ੍ਹਾਂ ਦਾ ਮੁਖ ਭਾਗ ਵੇਖੋ ਤਾਂ ਪੁਰਾਣੀ, ਕਿਰਾਂਨੀ, ਜੈਨੀ, ਅਰ ਕੁਰਾਨੀ, ਚਾਰ ਹੀ ਹਨ, ਕਿਉਂਕਿ ਇਨ੍ਹਾਂ ਚਹੁੰ ਵਿਚ ਸਾਰੇ ਸੰਪ੍ਰਦਾ ਆ ਜਾਂਦੇ ਹਨ, ਕੋਈ ਰਾਜਾ ਉਨ੍ਹਾਂ ਦੀ ਸਭਾ ਕਰਕੇ ਜਗਿਆਸੂ ਹੋਕੇ ਪਹਿਲਾਂ ਵਾਮਮਾਰਗੀ ਥੀਂ ਪੁਛੇ ਹੇ ਮਹਾਂਰਾਜ ਮੈਨੇ ਅਜ ਤਿਕ ਕੋਈ ਗੁਰੂ ਅਰ ਨਾ ਕਿਸੇ ਧਰਮ ਦਾ ਗ੍ਰਹਣ ਕੀਤਾ ਹੈ, ਦਸੋ ਸਾਰਿਆਂ ਧਰਮਾਂ ਵਿਚੋਂ ਉਤੱਮ ਧਰਮ ਕਿਸਦਾ ਹੈ ਜਿਸਨੂੰ ਮੈ ਗ੍ਰਹਣ ਕਰਾਂ?

( ਵਾਮਮਾਰਗੀ ) ਸਾਡਾ ਹੈ।

( ਜਗਿਆਸੂ ) ਏਹ ਨੌਂ ਸੌ ਨੜਿਨਵੇਂ ਕੇਹੋ ਜੇਹੇ ਹਨ?

( ਵਾਮਮਾਰਗੀ ) ਸਾਰੇ ਝੂਠੇ ਅਰ ਨਰਕ ਗਾਮੀ ਹਨ, ਕਿਂਉਕਿ:—

"कौलात्परतरन्नहि"

ਏਸ ਬਚਨ ਦੇ ਪ੍ਮਾਣ ਥੀ ਸਾਡੇ ਧਰਮ ਥੀਂ ਪਰੇ ਕੋਈ ਧਰਮ ਨਹੀਂ ਹੈ।

( ਜਗਿਆਸੂ ) ਤੁਹਾਡਾ ਕੀ ਧਰਮ ਹੈ?

( ਵਾਮਮਾਰਗੀ ) ਭਗਵਤੀ ਦਾ ਮਨਣਾ, ਮਦ, ਮਾਸ ਆਦੀ ਪੰਜ ਮਕਾਰਾਂ ਦਾ ਸੇਵਨ, ਅਰ ਰੁਦ੍ਰਿਆਮਲ ਆਦੀ ਚੌਂਠ ੬੪ ਤੰਤ੍ਰਾਂ ਦਾ ਮਨਣਾ ਇਤਆਦੀ ਜੇ ਤੂੰ ਮੁਕਤੀ ਦੀ ਇਛਾ ਕਰਦਾ ਹੈਂ ਤਾਂ ਤੂੰ ਸਾਡਾ ਚੇਲਾ ਹੋ ਜਾ।

( ਜਗਿਆਸੂ ) ਅੱਛਾ ਪ੍ਰੰਤੂ ਹੋਰਨਾ ਮਹਾਤਮਾਂ ਦਾ ਬੀ ਦਰਸ਼ਨ ਕਰਕੇ ਪੁਛ ਪਛ ਆਵਾਂਗਾ, ਪਿੱਛੋਂ ਜਿਸ ਵਿਚ ਮੇਰੀ ਸ਼ਰਧਾ ਅਰ ਮੇਰੀ ਪ੍ਰੀਤੀ ਹੋਸੀ ਓਸਦਾ ਚੇਲਾ ਹੋ ਜਾਸਾਂ।

( ਵਾਮਮਾਰਗੀ ) ਅਰੇ ਕਿਉਂ ਭ੍ਰਮ ਵਿਚ ਪਇਆ ਹੈ, ਏਹ ਲੋਕ ਤੈਨੂੰ ਬਕਾਕੇ ਅਪਣੇ ਜਾਲ ਵਿਚ ਫਸਾ ਦੇਣਗੇ ਕਿਸੇ ਦੇ ਪਾਸ ਨਾ ਜਾਹ ਸਾਡੀ ਹੀ ਸ਼ਰਣੀ ਹੋ ਜਾ, ਨਹੀਂ ਤਾਂ ਪਛਤਾਸੇਂ, ਵੇਖ! ਸਾਡੇ ਮਤ ਵਿਚ ਭੋਗ ਅਰ ਮੋਖ ਦੋਏ ਹਨ।

( ਜਗਿਆਸੂ ) ਅੱਛਾ ਵੇਖ ਤਾਂ ਆਵਾਂ, ਅੱਗੇ ਚਲ ਕੇ ਸ਼ੈਵ ਦੇ ਪਾਸ ਜਾਕੇ ਪੁਛਿਆ ਤਾਂ ਅਜੇਹਾ ਹੀ ਉਤ੍ਰ ਓਸਨੇ ਦਿੱਤਾ ਇਨਾਂ ਵਧੀਕ ਕਿਹਾ ਕਿ ਬਿਨਾਂ ਸ਼ਿਵ, ਰੁਦ੍ਰਾਖ, ਭਸਮ ਧਾਰਣ, ਅਰ ਲਿੰਗ ਪੂਜਾ ਦੇ ਮੁਕਤੀ ਕਦੀ ਨਹੀ ਹੁੰਦੀ। ਉਹ ਓਸ ਨੂੰ ਛਡ ਨਵੀਂਨ ਵੇਦਾਂਤੀ ਦੇ ਪਾਸ ਗਿਆ

( ਜਗਿਆਸੂ ) ਦਸੋ ਮਹਾਰਾਜ! ਤੁਹਾਡਾ ਧਰਮ ਕੀ ਹੈ?

( ਵੇਦਾਂਤੀ ) ਅਸੀਂ ਧਰਮ ਅਧਰਮ ਕੁਝ ਬੀ ਨਹੀਂ ਮਨਦੇ, ਅਸੀਂ ਸਾਖਿਆਤ ਬ੍ਰਹਮ ਹਾਂ, ਅਸਾਂ ਵਿਚ ਧਰਮ ਅਧਰਮ ਕਿਥੇ ਹੈ? ਏਹ ਜਗਤ ਸਾਰਾ ਮਿਥਿਆ ਹੈ, ਅਰ ਜੋ ਗਿਆਨੀ ਸ਼ੁਧ ਚੇਤਨ ਹੋਇਆ ਚਾਹੇ ਤਾਂ ਅਪਣੇ ਨੂੰ ਬ੍ਰਹਮ ਮਨਕੇ, ਜੀਵ ਭਾਉ ਨੂੰ ਛਡਕੇ ਨਿਤ ਮੁਕਤ ਹੋ ਜਾਵੇਗਾ।

( ਜਗਿਆਸੂ ) ਜੇ ਤੁਸੀਂ ਬ੍ਰਹਮ ਨੂੰ ਨਿੱਤ ਮੁਕਤ ਮਨਦੇ ਹੋ ਤਾਂ ਬ੍ਰਹਮ ਦੇ ਗੁਣ, ਕਰਮ, ਸੁਭਾਉ ਤੁਹਾਡੇ ਵਿਚ ਕਿਉਂ ਨਹੀਂ? ਅਰ ਸ਼ਰੀਰ ਵਿਚ ਕਿਉਂ ਬਧੇ ਹੋਏ ਹੋ?

( ਵੇਦਾਂਤੀ ) ਤੈਨੂ ਸ਼ਰੀਰ ਦਿਸਦੇ ਹਨ ਇਸੇ ਥੀਂ ਭ੍ਰਮੀ ਹੈਂ ਸਾਨੂੰ ਕੁਝ ਨਹੀਂ ਦਿਸਦਾ ਬਿਨਾਂ ਬ੍ਰਹਮ ਦੇ।

( ਜਗਿਆਸੂ ) ਤੁਸੀਂ ਵੇਖਣ ਵਾਲੇ ਕਉਣ ਅਰ ਕਿਸ ਨੂੰ ਵੇਖਦੇਓ?

( ਵਦਾਂਤੀ ) ਵੇਖਣ ਵਾਲਾ ਬ੍ਰਹਮ, ਅਰ ਬ੍ਰਹਮ ਨੂੰ ਬ੍ਰਹਮ ਵੇਖਦਾ ਹੈ।

( ਜਗਿਆਸੂ ) ਕੀ, ਦੋ ਬ੍ਰਹਮ ਹਨ?

( ਵੇਦਾਂਤੀ ) ਨਹੀਂ ਅਪਣੇ ਆਪ ਨੂੰ ਵੇਖਦਾ ਹੈ।

( ਜਿਗਿਆਸੂ ) ਕੀ, ਕੋਈ ਅਪਣ ਮੋਢੇ ਉੱਤੇ ਆਪ ਚੜ੍ਹ ਸਕਦਾ ਹੈ? ਤੁਹਾਡੀ ਬਾਤ ਕੁਝ ਨਹੀਂ, ਨਿਰੀ ਪਾਗਲ਼ਪਣੇ ਦੀ ਹੈ। ਓਸਨੇ ਅਗੇ ਚਲਕੇ ਜੈਨੀਆਂ ਦੇ ਪਾਸ ਜਾਕੇ ਪੁਛਿਆ ਉਨ੍ਹਾਂ ਨੇ ਬੀ ਊਕਣ ਹੀ ਆਖਿਆ, ਪ੍ਰੰਤੂ ਇਨ੍ਹਾਂ ਵਧੀਕ ਕਿਹਾ ਕਿ 'ਜਿਨ ਧਰਮ' ਦੇ ਬਿਨਾ ਸਭ ਧਰਮ ਖੋਟਾ, ਜਗਤ ਦਾ ਕਰਤਾ ਅਨਾਦੀ ਈਸ਼੍ਵਰ ਕੋਈ ਨਹੀਂ, ਜਗਤ ਅਨਾਦੀ ਕਾਲ ਥੀਂ ਜਿਉਂ ਦਾ ਤਿਉਂ ਬਣਿਆ ਹੈ, ਅਰ ਬਣਿਆ ਰਹਸੀ, ਆ ਤੂੰ ਸਾਡਾ ਚੇਲਾ ਹੋਜਾ, ਕਿਉਂਕਿ ਅਸੀ ਸਮਯਕਤ੍ਰੀ ਅਰਥਾਤ ਸਭ ਪ੍ਰਕਾਰ ਥੀਂ ਅੱਛੇ ਹਾਂ, ਉੱਤਮ ਬਾਤਾਂ ਨੂੰ ਮਨਦੇ ਹਾਂ, ਜੈਨ ਮਾਰਗ ਥੀਂ ਭਿੰਨ ਸਭ ਮਿਥਿਆ ਹਨ। ਅਗੇ ਚਲਕੇ ਈਸਾਈ ਪਾਸੋਂ ਪੁਛਿਆ, ਓਸਨੇ ਵਾਮਮਾਰਗੀ ਦੇ ਤੁਲ ਸਭ ਜਬਾਬ ਸੁਆਲ ਕੀਤੇ, ਇਨਾ ਵਧੀਕ ਦਸਿਆ ਸਾਰੇ ਮਨੁਖ ਪਾਪੀ ਹਨ, ਅਪਣੀ ਸਾਮਰਥ ਨਾਲ ਪਾਪ ਨਹੀਂ ਛੁਟਦਾ ਬਿਨਾ ਈਸਾ ਉਪਰ ਭ੍ਰੋਸੇ ਦੇ ਪਵਿਤ੍ਰ ਹੋਕੇ ਮੁਕਤੀ ਨੂੰ ਨਹੀਂ ਪਾਸਕਦਾ, ਈਸਾ ਨੇ ਸਾਰਿਆਂਦੇ ਪ੍ਰਾਯਸਚਿਤ੍ਰਾ ਦੇ ਲਈ ਅਪਣੇ ਪ੍ਰਾਣ ਦੇਕੇ ਦਇਆ ਪ੍ਰਗਟ ਕੀਤੀ ਹੈ, ਤੂੰ ਸਾਡਾ ਹੀ ਚੇਲਾ ਹੋਜਾ, ਜਿਗਿਆਸੂ ਸੁਣਕੇ ਮਉਲਵੀ ਸਾਹਿਬ ਦੇ ਪਾਸ ਗਿਆ। ਉਨ੍ਹਾਂ ਨਾਲ ਬੀ ਈਕਣ ਹੀ ਜਬਾਬ ਸੁਆਲ ਹੋਏ, ਇਨ੍ਹਾਂ ਵਧੀਕ ਕਿਹਾ 'ਲਾਸ਼੍ਰੀਕ ਖੁਦਾ ਓਸਦੇ ਪੈਗੰਬਰ ਅਰ ਕੁਰਾਂਨਸ਼ਰੀਫ ਦੇ ਬਿਨਾ ਮਨੇ, ਕੋਈ ਮੋਖ ਨਹੀਂ ਪਾ ਸਕਦਾ, ਜੋ ਏਸ ਮਜਹਬ ਨੂੰ ਨਹੀਂ ਮਨਦਾ, ਉਹ ਦੋਜਖੀ ਅਰ ਕਾਫਰ ਹੈ, ਲਾਇਕ ਮਾਰਨ ਦੇ ਹੈ'

ਜਿਗਿਆਸੂ ਸੁਣਕੇ ਵੈਸ਼ਨਵ ਦੇ ਪਾਸ ਗਿਆ, ਊਕਣ ਹੀ ਸੰਬਾਦ ਹੋਇਆ, ਇਨ੍ਹਾਂ ਵਧੀਕ ਕਿਹਾ ਕਿ ਸਾਡੇ ਤਿਲਕ ਛਾਪੇ ਵੇਖਕੇ 'ਯਮਰਾਜ' ਡਰਦਾ ਹੈ। ਜਿਗਿਆਸੂ ਨੇ ਮਨ ਵਿਚ ਸਮਝਿਆ ਕਿ ਜਦ ਮਛੱਰ, ਮੱਖੀ, ਪੁਲਸ ਦੇ ਸਿਪਾਹੀ, ਚੋਰ, ਡਾਕੂ, ਅਰ ਦੁਸ਼ਮਣ ਨਹੀ ਡਰਦੇ ਤਾਂ 'ਯਮਰਾਜ' ਦੇ ਗਣ ਕਿਉਂ ਡਰਨਗੇ, ਫਿਰ ਅਗੇ ਚਲਿਆ ਤਾਂ ਸਭ ਮਤਵਾਲਿਆਂ ਨੇ ਅਪਣੇ ਅਪਣੇ ਨੂੰ ਸਚਾ ਕਿਹਾ, ਕੋਈ ਸਾਡਾ ਕਬੀਰ ਸਚਾ, ਕੋਈ ਨਾਨਕ, ਕੋਈ ਦਾਦੂ, ਕੋਈ ਬਲੱਭ, ਕੋਈ ਸਹਜਾਨੰਦ, ਕੋਈ ਮਾਧਵ ਆਦੀ ਨੂੰ ਵਡਾ ਅਰ ਅਵਤਾਰ ਦਸਦੇ ਸੁਣਿਆਂ, ਹਜਾਰਾਂ ਪਾਸੋਂ ਪੁਛ ਉਨ੍ਹਾਂ ਦੇ ਆਪਸ ਵਿਚ ਇਕ ਦੂਜੇ ਦਾ ਵਿਰੋਧ ਵੇਖ ਅਛੀ ਤਰਾਂ ਨਿਸਚੇ ਕੀਤਾ ਕਿ ਇਨ੍ਹਾਂ ਵਿਚੋਂ ਕੋਈ ਗੁਰੂ ਕਰਨੇ ਜੋਗ ਨਹੀਂ, ਕਿਉਂਕਿ ਇਕ

ਇਕ ਦੇ ਝੂਠ ਵਿਚ ਨੌਸੈ ਨੜਿਨਵੇਂ ਉਗਾਹ ਹੋਗਏ, ਜੀਕਣ ਝੂਠੇ ਦੁਕਾਨਦਾਰ ਵਾ ਕੰਜਰੀ ਅਰ ਭੜੂਆ ਆਦੀ ਅਪਨੀ ਅਪਨੀ ਵਸਤੂ ਦੀ ਵਡਿਆਈ ਦੂਜੇ ਦੀ ਬੁਰਿਆਈ ਕਰਦੇ ਹਨ ਉਕਣ ਹੀ ਏਹ ਹਨ, ਈਕਣ ਜਾਣਕੇ

तद्विज्ञानार्थं स गुरुमेवाभिगच्छेत्। समित्पाणिः श्रोत्रियं ब्रह्मनिष्ठम्॥ १ ॥ तस्मै स विद्वानुपसन्नाय सम्यक् प्रशान्तचित्ताय शमान्विताय। येनाक्षरं पुरुषं वेदसत्यं प्रोवाच तांतत्त्वतो ब्रह्मविद्याम् ॥ २ ॥ मुण्डक १ । खं० २ । मं० १२ । १३ ॥

ਓਸ ਸਤ ਦੇ ਅਛੀਤਰਾਂ ਜਾਨਣੇ ਵਾਸਤੇ ਉਹ ਸਮਿਤ ਪਾਣੀ ਅਰਥਾਤ ਹਥ ਜੋੜ ਨੀਵੇਂ ਹਥ ਕਰਕੇ ਵੇਦਦੇ ਜਾਨਣੇ ਵਾਲੇ, ਬ੍ਰਹਮ ਵਿਚ ਇਸਥਿਤੀ ਵਾਲੇ ਪ੍ਰਮਾਤਮਾ ਨੂੰ ਜਾਨਣੇ ਵਾਲੇ ਗੁਰੂਦੇ ਪਾਸ ਜਾਵੇ, ਇਨ੍ਹਾਂ ਪਖੰਡੀਆਂ ਦੇ ਜਾਲ ਵਿਚ ਨਾ ਡਿਗੇ ॥ ੧ ॥ ਜਦ ਅਜੇਹਾ ਜਿਗਿਆਸੂ ਵਿਦਵਾਂਨ ਦੇ ਪਾਸ ਜਾਵੇ ਓਸ ਸ਼ਾਂਤ ਚਿਤ ਜਿਤਿੰਦ੍ਰੀ ਪਾਸ ਆਏ ਜਿਗਿਆਸੂ ਨੂੰ ਯਥਾਰਥ ਬ੍ਰਹਮ ਵਿਦਿਆ, ਪ੍ਰਮਾਤਮਾ ਦੇ ਗੁਣ, ਕਰਮ, ਸੁਭਾਉ, ਦਾ ਉਪ-ਦੇਸ਼ ਕਰੇ, ਅਰ ਜਿਸ ਜਿਸ ਸਾਧਨ ਥੀਂ ਉਹ ਸ਼੍ਰੋਤਾ ਧਰਮ, ਅਰਥ, ਕਾਂਮ ਮੋਖ ਅਰ ਪ੍ਰਮਾਤਮਾ ਨੂੰ ਜਾਣ ਸਕੇ ਉਜੇਹੀ ਸਿਖਿਆ ਕੀਤਾ ਕਰੇ। ੨। ਜਦ ਉਹ ਅਜੇਹੇ ਪੁਰਸ਼ ਦੇ ਪਾਸ ਜਾਕੇ ਬੋਲਿਆ ਕਿ ਮਹਾਂਰਾਜ ਹੁਣ ਇਨ੍ਹਾਂ ਸੰਪ੍ਰਦਾਈਆਂ ਦੇ ਬਖੇੜਿਆਂ ਥੀਂ ਮੇਰਾ ਚਿਤ ਭਰਮੀ ਹੋ ਗਿਆ। ਕਿਉਂਕਿ ਜੇ ਮੈਂ ਇਨ੍ਹਾਂ ਵਿਚੋਂ ਕਿਸੇ ਇਕ ਦਾ ਚੇਲਾ ਹੋਵਾਂ ਗਾ ਤਾਂ ਨੌਸੌ ਨੜਿਨਵਿਆਂ ਨਾਲ ਵਿਰੋਧੀ ਹੋਣਾ ਪਵੇਗਾ, ਜਿਸਦੇ ਨੌਸੌ ਨੜਿਨਵੇਂ ਦੁਸ਼ਮਣ ਅਰ ਇਕ ਮਿਤ੍ਰ ਹੈ ਓਸ ਨੂੰ ਸੁਖ ਕਦੀ ਨਹੀ ਹੋ ਸਕਦਾ ਏਸ ਲਈ ਤੁਸੀਂ ਮੈਨੂੰ ਉਪਦੇਸ਼ ਕਰੋ ਜਿਸਨੂੰ ਮੈਂ ਗ੍ਰਹਣ ਕਰਾਂ ( ਸਚਿਆਰ ਵਿਦਵਾਂਨ ) ਏਹ ਸਾਰੇ ਮਤ ਅਵਿਦਿਆ ਥੀਂ ਹੋਣ ਵਾਲੇ ਵਿਦਿਆਵਿਰੋਧੀ ਹਨ, ਮੂਰਖ, ਪਾਮਰ, ਅਰ, ਜੰਗਲੀ ਮਨੁਖ ਨੂੰ ਬਕਾਕੇ ਅਪਣੇ ਜਾਲ ਵਿਚ ਫਸਾਕੇ ਅਪਣਾ ਮਤਲਬ ਸਿਧ ਕਰਦੇ ਹਨ, ਉਹ ਵਿਚਾਰੇ ਅਪਣੇ ਮਨੁਖ ਜਨਮ ਦੇ ਫਲ ਥੀਂ ਰਹਿਤ ਹੋਕੇ ਅਪਣੇ ਮਨੁਖ ਜਨਮ ਨੂੰ ਵਿਅਰਥ ਗੁਆਂਦੇ ਹਨ, ਵੇਖ! ਜਿਸ ਬਾਤ ਵਿਚ ਏਹ ਹਜਾਰ ਇਕ ਮਤ ਹੋਂਨ ਉਹ ਵੇਦ ਮਤ ਗ੍ਰਹਣ ਕਰਨੇ ਜੋਗ ਹੈ, ਅਰ ਜਿਸ ਵਿਚ ਪਰਸਪਰ ਵਿਰੋਧ ਹੋਵੇ ਉਹ ਕਲਪਤ, ਝੂਠਾ, ਅਧਰਮ, ਨਾ ਗ੍ਰਹਣ ਕਰਨ ਜੋਗ ਹੈ।

( ਜਿਗਿਆਸੂ ) ਇਸ ਦੀ ਪ੍ਰੀਖਿਆ ਕਿਸਤਰਾਂ ਹੋਵੇ?

( ਸਚਿਆਰ ) ਤੂੰ ਜਾਕੇ ਇਨ੍ਹਾਂ ਇਨ੍ਹਾਂ ਬਾਤਾਂ ਨੂੰ ਪੁਛ ਸਾਰਿਆਂਦੀ ਇਕ ਸਮਤ੍ਹੀ ਹੋ ਜਾਸੀ, ਤਦ ਉਹ ਉਨ੍ਹਾਂ ਹਜਾਰਾਂ ਦੀ ਮੰਡਲੀ ਦੇ ਵਿਚ ਉਠ

ਕੇ ਬੋਲਿਆ ਕਿ ਸੁਣੋ ਸਭ ਲੋਕੋ! ਸਚ ਬੋਲਣ ਵਿਚ ਧਰਮ ਹੈ ਵਾ ਝੂਠ ਵਿਚ? ਸਾਰੇ ਇਕ ਸੁਰ ਹੋਕੇ ਬੋਲੇ ਕਿ ਸੱਚ ਬੋਲਣ ਵਿਚ ਧਰਮ, ਅਰ ਝੂਠ ਬੋਲਣ ਵਿਚ ਅਧਰਮ ਹੈ। ਉਕਣ ਹੀ ਵਿਦਿਆ ਪੜ੍ਹਨੇ, ਬ੍ਰਹਮਚਰਜ ਕਰਨੇ, ਪੂਰੀ ਜੁਆਨ ਉਮਰ ਵਿਚ ਵਿਵਾਹ, ਸਤਸੰਗ, ਉਦਮ, ਸਚਵਿਹਾਰ ਆਦੀ ਵਿਚ ਧਰਮ, ਅਰ ਵਿਦਿਆ ਨਾ ਪੜ੍ਹਨੇ, ਬ੍ਰਹਮਚਰਜ ਨਾ ਕਰਨੇ ਵਿਭਚਾਰ ਕਰਨੇ, ਕੁਸੰਗ, ਝੂਠਾ ਵਿਹਾਰ, ਛਲ, ਕਪਟ, ਜੀਵਾਂ ਨੂੰ ਦੁਖ ਦੇਣਾ, ਪਰਾਇਆ ਨੁਕਸਾਨ ਕਰਨੇ ਆਦੀ ਕਰਮਾਂ ਵਿਚ ਸਾਰਿਆਂ ਨੈ ਇਕ ਮਤ ਹੋਕੇ ਕਿਹਾ ਕਿ ਵਿਦਿਆ ਆਦੀ ਦੇ ਗ੍ਰਹਣ ਵਿਚ ਧਰਮ, ਅਰ ਅਵਿਦਿਆ ਆਦੀ ਦੇ ਗ੍ਰਹਣ ਵਿਚ ਅਧਰਮ, ਤਦ ਜਗਿਆਸੂ ਨੈ ਸਾਰਿਆਂ ਨੂੰ ਕਿਹਾ ਕਿ ਤੁਸੀ ਇਸੇ ਤਰਾਂ ਸਾਰੇ ਜਣੇ ਇਕ ਮਤ ਹੋਕੇ ਸਤਧਰਮ ਦੀ ਉਨਤੀ, ਅਰ ਝੂਠੇ ਮਾਰਗ ਦੀ ਹਾਨੀ ਕਿਉਂ ਨਹੀ ਕਰਦੇ ਹੋ? ਉਹ ਸਾਰੇ ਬੋਲੇ ਜੋ ਅਸੀ ਈਕਣ ਕਰੀਏ ਤਾਂ ਸਾਨੂੰ ਕਉਣ ਪੁਛੇ, ਸਾਡੇ ਚੇਲੇ ਸਾਡੀ ਆਗਿਆ ਵਿਚ ਨਾ ਰਹਨ, ਜੀਉਕਾ ਨਸ਼ਟ ਹੋ ਜਾਵੇ, ਫਿਰ ਜੋ ਅਸੀ ਅਨੰਦ ਕਰ ਰਹੇ ਹਾਂ ਸੋ ਸਭ ਹਥੋਂ ਜਾਵੇ ਏਸ ਲਈ ਅਸੀ ਜਾਂਣਦੇ ਹਾਂ ਤਾਂ ਬੀ ਅਪਣੇ ਅਪਣੇ ਮਤ ਦਾ ਉਪਦੇਸ਼ ਅਰ ਹਠ ਕਰਦੇ ਹੀ ਜਾਂਦੇ ਹਾਂ ਕਿਉਂਕਿ:—

"ਰੋਟੀ ਖਾਈਏ ਸ਼ਕਰ ਸੇ ਅਰ ਦੁਨੀਆਂ ਠਗੀਏ ਮਕਰ ਸੇ"

ਅਜੇਹੀ ਬਾਤ ਹੈ ਵੇਖੋ! ਸੰਸਾਰ ਵਿਚ ਸਿੱਧੇ ਸੱਚੇ ਮਨੁੱਖ ਨੂੰ ਕੋਈ ਨਹੀਂ ਦਿੰਦਾ ਅਰ ਨਾ ਪੁਛਦਾ, ਜੇਹੜਾ ਠਗ ਬਾਜੀ ਅਰ ਧੂਰਤਤਾ ਕਰਦਾ ਹੈ ਉਹੀ ਪਦਾਰਥ ਪਾਂਦਾ ਹੈ।

( ਜਗਿਆਸੂ ) ਜੋ ਤੁਸੀਂ ਅਜੇਹਾ ਪਖੰਡ ਚਲਾਕੇ ਹੋਰਨਾਂ ਮਨੁੱਖਾਂ ਨੂੰ ਠਗਦੇ ਹੋ ਤੁਹਾਨੂੰ ਰਾਜਾ ਡੰਡ ਕਿਉ ਨਹੀਂ ਦਿੰਦਾ?

( ਮਤਵਾਲੇ ) ਅਸਾਂ ਨੈ ਰਾਜਾ ਨੂੰ ਬੀ ਅਪਣਾ ਚੇਲਾ ਬਣਾ ਲੀਤਾ ਹੈ, ਅਸਾਂ ਨੈ ਪੱਕਾ ਬੰਦੋਬਸਤ ਕੀਤਾ ਹੈ ਛੁਟੇਗਾ ਨਹੀਂ।

( ਜਗਿਆਸੂ ) ਜਦ ਤੁਸੀਂ ਛਲ ਨਾਲ ਹੋਰਨਾਂ ਮਤ ਵਾਲਿਆਂ ਮਨੁਖਾਂ ਨੂੰ ਠਗ ਉਨ੍ਹਾਂ ਦੀ ਹਾਨੀ ਕਰਦੇ ਓ ਪਰਮੇਸ਼ੁਰ ਦੇ ਸਾਮਣੇ ਕੀ ਉਤ੍ਰ ਦੇਵੋਗੇ ਅਰ ਘੋਰ ਨਰਕ ਵਿਚ ਪਵੋਗੇ, ਥੋੜੇ ਜੀਉਣ ਦੇ ਲਈ ਇਨੱਾਂ ਵਡਾ ਅਪਰਾਧ ਕਰਨਾ ਕਿਉ ਨਹੀਂ ਛਡਦੇ?

( ਮਤਵਾਲੇ ) ਜਦ ਜੇਹਾ ਹੋਵੇਗਾ ਤਦ ਵੇਖਿਆ ਜਾਸੀ, ਨਰਕ ਅਰ ਪਰਮੇਸ਼ੁਰ ਦਾ ਡੰਡ ਜਦ ਹੋਸੀ ਤਦ ਹੋਸੀ ਹੁਣ ਤਾਂ ਅਨੰਦ ਕਰਦੇ ਹਾਂ ਸਾਨੂੰ ਪ੍ਰਸੰਨਤਾ ਨਾਲ ਧਨ ਆਦੀ ਪਦਾਰਥ ਦਿੰਦੇ ਹਨ ਕੁਝ ਜੋਰ ਨਾਲ ਨਹੀਂ ਲੈਂਦੇ ਫਿਰ ਰਾਜਾ ਡੰਡ ਕਿਉ ਦੇਵੇ।

(ਜਿਗਆਸੂ) ਜੀਕਣ ਕੋਈ ਛੋਟੇ ਬਾਲਕ ਨੂੰ ਫੁਸਲਾਕੇ ਧਨ ਆਦੀ ਪਦਾਰਥ ਖੋਹ ਲੈਂਦਾ ਹੈ ਜੀਕਣ ਓਸਨੂੰ ਡੰਡ ਮਿਲਦਾ ਹੈ ਊਕਣ ਤੁਹਾਨੂੰ ਕਿਉ ਨਹੀਂ ਮਿਲਦਾ ਕਿਉਂਕਿ:-

अज्ञो भवतिवैबाल: पिता भवतिमन्त्रद:॥मनु० अ० २।श्लो०५३॥

ਜੋਗਿਆਨ ਰਹਿਤ ਹੁੰਦਾ ਹੈ ਉਹ ਬਾਲਕ, ਅਰ ਜੋਗਿਆਨ ਦਾ ਦੇਣ ਵਾਲਾ ਹੈ ਉਹ ਪਿਉ ਅਰ ਵਡਾ ਕਹਾਂਦਾ ਹੈ, ਜੇਹਿੜਾ ਬੁਧਵਾਨ ਵਿਦਵਾਨ ਹੈ ਉਹ ਤਾਂ ਤੁਹਾਡੀ ਬਾਤਾਂ ਵਿਚ ਨਹੀਂ ਫਸਦਾ ਕਿੰਤੂ ਅਗਿਆਨੀ ਲੋਗ ਜੋ ਬਾਲਕ ਦੇ ਵਾਕਰ ਹਨ, ਉਨ੍ਹਾਂ ਦੇ ਠਗਣੇ ਵਿਚ ਤੁਹਾਨੂੰ ਰਾਜ ਡੰਡ ਜਰੂਰ ਹੋਣਾ ਚਾਹੀਏ।

(ਮਤਵਾਲੇ) ਜਦ ਰਾਜਾ ਪਰਜਾ ਸਾਰੇ ਸਾਡੇ ਮਤਵਿਚ ਹਨ, ਤਾਂ ਸਾਨੂੰ ਡੰਡ ਕਉਨ ਦੇਣਵਾਲਾ ਹੈ? ਜਦ ਅਜੇਹੀ ਵਿਵਸਥਾ ਹੋਸੀ ਤਦੋਂ ਇਨ੍ਹਾਂ ਬਾਤਾਂ ਨੂੰ ਛਡਕੇ ਦੂਜੀ ਵਿਵਸਥਾ ਕਰਾਂਗੇ।

(ਜਿਗਿਆਸੂ) ਜੋ ਤੁਸੀ ਬੈਠੇ ਬੈਠੇ ਵਿਅਰਥ ਮਾਲ ਮਾਰਦੇਓ ਸੋ ਵਿਦਿਆ ਅਭਿਆਸ ਕਰਕੇ ਗ੍ਰਿਹਸਥੀਆਂ ਦੇ ਮੁੰਡੇ, ਕੁੜੀਆਂ ਨੂੰ ਪੜ੍ਹਾਓ ਤਾਂ ਤੁਹਾਡਾ, ਅਰ ਗ੍ਰਿਹਸਥੀਆਂ ਦਾ ਕਲਿਆਣ ਹੋਜਾਏ।

(ਮਤਵਾਲੇ) ਜਦ ਅਸੀ ਬਾਲ ਅਵਸਥਾ ਥੀਂ ਲੈਕੇ ਮਰਣ ਤਿਕ ਦੇ ਸੁਖਾਂ ਨੂੰ ਛਡੀਏ, ਬਾਲਅਵਸਥਾ ਥੀਂ ਜੁਬਾ ਅਵਸਥਾ ਤਿਕ ਵਿਦਿਆ ਪੜ੍ਹਨੇ ਵਿਚ ਰਹੀਏ, ਪਿਛੋਂ ਪੜ੍ਹਾਣ ਵਿਚ, ਅਰ ਉਪਦੇਸ਼ ਕਰਨ ਵਿਚ ਜਨਮ ਭਰ ਪ੍ਰਜਤਨ ਕਰੀਏ, ਸਾਨੂੰ ਕੀ ਮਤਲਬ, ਸਾਨੂੰ ਇਸੇ ਤਰਾਂ ਹੀ ਲਖਾਂ ਰੁਪਈਏ ਮਿਲ ਜਾਂਦੇ ਹਨ, ਚੈਨ ਕਰਦੇ ਹਾਂ, ਓਸਨੂੰ ਕਿਉਂ ਛਡੀਏ?

(ਜਿਗਿਆਸੂ) ਏਸਦਾ ਫਲ ਤਾਂ ਬੁਰਾ ਹੈ ਵੇਖੋ! ਤੁਹਾਨੂੰ ਵਡੇ ਰੋਗ ਹੁੰਦੇ ਹਨ, ਜਲਦੀ ਮਰਜਾਂਦੇਓ, ਬੁਧੀਵਾਨਾਂ ਵਿਚ ਨਿੰਦਿਆ ਜੋਗ ਹੁੰਦੇ ਓ, ਫੇਰ ਬੀ ਕਿਉਂ ਨਹੀਂ ਸਮਝਦੇ?

(ਮਤਵਾਲੇ) ਓ ਭ੍ਰਾਵਾ!

टका धर्मष्टका कर्म टका हि परमं पदम्।
यस्य गृहे टका नास्ति हा! टका टकटकायते॥१॥
आना अंशकला: प्रोक्ता रूप्योऽसौ भगवान् स्वयम्
अतस्तं सर्वं इच्छन्ति रूप्यं हि गुणवत्तमम्॥२॥

ਤੂੰ ਮੁੰਡਾ ਹੈਂ ਸੰਸਾਰ ਦੀਆਂ ਗਲਾਂ ਨਹੇਂ ਜਾਣਦਾ ਵੇਖ ਟਕੇ ਦੇ ਬਿਨਾਂ 'ਧਰਮ' ਟਕੇ ਦੇ ਬਿਨਾ ਕਰਮ, ਟਕੇ ਦੇ ਬਿਨਾਂ ਪਰਮ ਪਦ, ਨਹੀਂ ਹੁੰਦਾ, ਜਿਸਦੇ ਘਰ ਵਿਚ ਟਕਾ ਨਹੀਂ ਹੈ ਉਹ ਹਾਏ! ਟਕਾ ਟਕਾ ਕਰਦਾ ਕਰਦਾ

ਉਤੱਮ ਪਦਾਰਥਾਂ ਨੂੰ ਬਿਟ ੨ ਵੇਖਦਾ ਰਹਿੰਦਾ ਹੈ ਕਿ ਹਾਏ ! ਮੇਰੇ ਪਾਸ ਟਕਾ ਹੁੰਦਾਂ ਤਾਂ ਏਸ ਉਤੱਮ ਪਦਾਰਥ ਨੂੰ ਮੈਂ ਭੋਗਦਾ ॥ ੧ ॥ ਕਿਉਂਕਿ ਸਭ ਕੋਈ ਸੋਲਾਂ ਕਲਾ ਵਾਲੇ ਅਦ੍ਰਿਸ਼* ਭਗਵਾਂਨ ਦਾ ਕਥਨ ਸੁਣਦੇ ਹਨ ਸੋ ਤਾਂ ਨਹੀਂ ਦਿਸਦਾ ਪ੍ਰੰਤੂ ਸੋਲਾਂ ਆਨੇ, ਅਰ ਪੈਸੇ, ਕੌਡੀ ਰੂਪ ਅੰਸ਼ਕਲਾ ਵਾਲਾ ਜੋ ਰੁਪੱਯਾ ਹੈ ਓਹੀ ਸਾਖਿਆਤ ਭਗਵਾਨ ਹੈ ਏਸ ਲਈ ਸਭ ਕੋਈ ਰੁਪਯਾਂ ਦੀ ਢੂੰਢ ਵਿਚ ਲਗੇ ਰਹਿੰਦੇ ਹਨ, ਕਿਉਂਕਿ ਸਾਰੇ ਕੰਮ ਰੁਪਯਾਂ ਥੀਂ ਸਿਧ ਹੁੰਦੇ ਹਨ ॥ ੨ ॥

(ਜਿਗਿਆਸੂ) ਠੀਕ ਹੈ ਤੁਹਾਡੀ ਅੰਦਰ ਦੀ ਲੀਲਾ ਬਾਹਿਰ ਆਗਈ, ਤੁਸਾਂ ਨੇ ਜਿਨੱਾਂ ਏਹ ਪਖੰਡ ਖੜਾ ਕੀਤਾ ਹੈ ਉਹ ਸਾਰਾ ਅਪਨੇ ਸੁਖ ਦੇ ਲਈ ਕੀਤਾ ਹੈ, ਪ੍ਰੰਤੂ ਏਸ ਵਿਚ ਜਗਤ ਦਾ ਨਾਸ਼ ਹੁੰਦਾ ਹੈ, ਕਿਉਂਕਿ ਜੇਹਾ ਸਤ ਉਪਦੇਸ਼ ਥੀਂ ਸੰਸਾਰਨੂੰ ਲਾਭ ਪੁਜਦਾ ਹੈ, ਉਜੇਹਾ ਝੂਠੇ ਉਪਦੇਸ਼ ਥੀਂ ਹਾਨੀ ਹੁੰਦੀ ਹੈ, ਜਦ ਤੁਸਾਂ ਨੂੰ ਧਨ ਦਾ ਹੀ ਮਤਲਬ ਸੀ ਤਾਂ ਨੌਕਰੀ ਅਰ ਬਪਾਰ ਆਦੀ ਕਰਮ ਕਰਕੇ ਧਨ ਨੂੰ ਅਕੱਠਾ ਕਿਉਂ ਨਹੀ ਕਰ ਲੈਂਦੇ ਓ?

( ਮਤਵਾਲੇ)ਓਸ ਵਿਚ ਪ੍ਰਜਤਨ ਬਹੁਤ ਅਰ ਨੁਕਸਾਂਨ ਬੀ ਹੋ ਜਾਂਦਾ ਹੈ, ਪ੍ਰੰਤੂ ਏਸ ਸਾਡੀ ਲੀਲਾ ਵਿਚ ਨੁਕਸਾਂਨ ਕਦੀ ਨਹੀਂ ਹੁੰਦਾ ਕਿੰਤੂ ਹਮੇਸ਼ਾ ਲਾਭ ਹੀ ਲਾਭ ਹੁੰਦਾ ਹੈ, ਵੇਖੋ ਤੁਲਸੀਦਲ ਪਾਕੇ ਚਰਣਾਮ੍ਰਿਤ ਦੇਕੇ ਕੰਠੀ ਬਨ੍ਹ ਦਿੰਦੇ,ਚੇਲਾ ਮੁਨੱਣ ਥੀਂ ਜਨਮ ਭਰ ਨੂੰ ਪਸ਼ੂ ਵਾਕਰ ਹੋ ਜਾਂਦਾ ਹੈ, ਫੇਰ ਭਾਵੇਂ ਜੀਕਣ ਚਲਾਈਏ ਚਲ ਸਕਦਾ ਹੈ ।

( ਜਗਿਆਸੂ)ਏਹ ਲੋਕ ਤੁਹਾਨੂੰ ਬਹੁਤ ਸਾਰਾ ਧਨ ਕਿਸ ਲਈ ਦਿੰਦੇ ਹਨ?

( ਮਤਵਾਲੇ ) ਧਰਮ, ਸੁਰਗ, ਅਰ ਮੁਕਤੀ ਦੇ ਵਾਸਤੇ ।

( ਜਗਿਆਸੂ ) ਜਦ ਤੁਸੀ ਹੀ ਮੁਕਤ ਨਹੀ ਅਰ ਨਾ ਮੁਕਤੀ ਦਾ ਸਰੂਪ ਵਾ ਸਾਧਨ ਜਾਣਦੇਓ ਤਾਂ ਤੁਹਾਡੀ ਸੇਵਾ ਕਰਨ ਵਾਲਿਆਂ ਨੂੰ ਕੀ ਮਿਲਸੀ?

( ਮਤਵਾਲੇ ) ਕੀ ਏਸ ਲੋਕ ਵਿਚ ਮਿਲਦਾ ਹੈ? ਨਹੀਂ ਕਿੰਤੂਮਰਕੇ ਪਿਛੋਂ ਪਰਲੋਕ ਵਿਚ ਮਿਲਦਾ ਹੈ, ਜਿਨਾਂ ਏਹ ਲੋਕ ਸਾਨੂੰ ਦਿੰਦੇ ਹਨ ਅਰ ਸੇਵਾ ਕਰਦੇ ਹਨ ਉਹ ਸਭ ਇਨ੍ਹਾਂ ਲੋਕਾਂ ਨੂੰ ਪਰਲੋਕ ਵਿਚ ਮਿਲ ਜਾਂਦਾ ਹੈ।

( ਜਗਿਆਸੂ ) ਇਨ੍ਹਾਂ ਨੂੰ ਤਾਂ ਦਿਤਾ ਹੋਇਆ ਮਿਲ ਜਾਂਦਾ ਹੈ ਵਾ ਨਹੀ, ਤੁਸਾਂ ਲੈਂਣ ਵਾਲਿਆਂ ਨੂੰ ਕੀ ਮਿਲਸੀ ਨਰਕ ਵਾ ਹੋਰ ਕੁਝ?

( ਮਤਵਾਲੇ ) ਅਸੀ ਭਜਨ ਕੀਤਾ ਕਰਨੇ ਹਾਂ ਏਸਦਾ ਸੁਖ ਸਾਨੂੰ ਮਿਲਸੀ।

( ਜਗਿਆਸੂ ) ਤੁਹਾਡਾ ਭਜਨ ਤਾਂ ਟਕੇ ਹੀ ਦੇ ਲਈ ਹੈ ਉਹਸਭ

---

*ਜੇਹੜਾ ਵੇਖਣ ਵਿਚ ਨਾ ਆਵੇ ( ਅਨੁਵਾਦ ਕਰਤਾ )

ਟਕੇ ਇਥੇ ਪਏ ਰਹਸਨ, ਅਰ ਜਿਸ ਮਾਸ ਦੇ ਪਿੰਡ ਨੂੰ ਇਥੇ ਪਾਲਦੇ ਓ ਉਹਬੀ ਸੁਆਹ ਹੋਕੇ ਇਥੇ ਹੀ ਰਹ ਜਾਸੀ, ਜੇ ਤੁਸੀ ਪਰਮੇਸ੍ਰ ਦਾ ਭਜਨ ਕਰਦੇ ਹੁੰਦੇ ਤਾਂ ਤੁਹਾਡਾ ਆਤਮਾ ਬੀ ਪਵਿਤ੍ਰ ਹੁੰਦਾ॥

( ਮਤਵਾਲੇ ) ਕੀ ਅਸੀ ਅਪਵਿਤ੍ਰ ਹਾਂ ?

( ਜਿਗਿਆਸੂ ) ਅੰਦਰ ਦੇ ਬੜੇ ਮੈਲ਼ੇ ਓ

( ਮਤਵਾਲੇ ) ਤੁਸਾਂਨੇ ਕੀਕਣ ਜਾਣਿਆਂ ?

( ਜਿਗਿਆਸੂ ) ਤੁਹਾਡੇ ਚਾਲ ਚਲਨ ਵਿਹਾਰ ਥੀਂ।

( ਮਤਵਾਲੇ ) ਮਹਾਤਮਾ ਦਾ ਵਿਹਾਰ ਹਾਥੀ ਦੇ ਦੰਦਾਂ ਦੇ ਵਾਕਰ ਹੁੰਦਾ ਹੈ ਜੀਕਣ ਹਾਥੀ ਦੇ ਦੰਦ ਖਾਂਣ ਦੇ ਵਖਰੇ ਅਰ ਵਿਖਾਂਣ ਦੇ ਵਖਰੇ ਹੋਂਦੇ ਹਨ ਉਕਣ ਹੀ ਅੰਦਰ ਥੀਂ ਅਸੀ ਪਵਿਤ੍ਰ ਹਾਂ ਅਰ ਬਾਹਰ ਥੀਂ ਲੀਲਾ ਮਾਤ੍ਰ ਕਰਦੇ ਹਾਂ।

( ਜਿਗਿਆਸੂ ) ਜੋ ਤੁਸੀ ਅੰਦਰ ਥੀਂ ਪਵਿਤ੍ਰ ਹੁੰਦੇ ਤਾਂ ਤੁਹਾਡੇ ਬਾਹਰ ਦੇ ਕੰਮ ਬੀ ਪਵਿਤ੍ਰ ਹੁੰਦੇ, ਇਸ ਲਈ ਅੰਦਰੋਂ ਬੀ ਮੈਲ਼ੇਓ।

( ਮਤਵਾਲੇ ) ਅਸੀਂ ਚਾਹੇ ਜੀਕਣ ਹੋਵਾਂ ਪ੍ਰੰਤੂ ਸਾਡੇ ਚੇਲੇ ਤਾਂ ਅੱਛੇ ਹਨ।

( ਜਿਗਿਆਸੂ ) ਜੀਕਣ ਤੁਸੀਂ ਗੁਰੂਓ ਉਕਣ ਤੁਹਾਡੇ ਚੇਲੇ ਬੀ ਹੋਂਨਗੇ।

( ਮਤਵਾਲੇ ) ਇਕ ਮਤ ਕਦੀ ਨਹੀਂ ਹੋ ਸਕਦਾ ਕਿਉਂਕਿ ਮਨੁੱਖਾਂ ਦੇ ਗੁਣ, ਕਰਮ, ਸੁਭਾਉ ਵਖਰੇ ਵਖਰੇ ਹਨ।

( ਜਿਗਿਆਸੂ ) ਜੋ ਬਾਲ ਅਵਸਥਾ ਵਿਚ ਇਕੋ ਜੇਹੀ ਸਿਖਿਆ ਹੋਵੇ, ਸਚ ਬੋਲਣਾ, ਆਦੀ ਧਰਮ ਦਾ ਗ੍ਰਹਣ, ਅਰ ਮਿਥਿਆ ਭਾਸ਼ਣ ਆਦੀ ਅਧਰਮ ਦਾ ਤਿਆਗ ਕਰਨ ਤਾਂ ਇਕ ਮਤ ਜਰੂਰ ਹੋਜਾਏ, ਅਰ ਦੋ ਮਤ ਅਰਥਾਤ ਧਰਮਾਤਮਾ, ਅਰ ਅਧਰਮਾਤਮਾ ਸਦਾ ਰਹਿੰਦੇ ਹਨ ਉਹ ਤਾਂ ਰਹਨ ਪ੍ਰੰਤੂ ਧਰਮਾਤਮਾ ਅਧਕ ਹੋਣੇ ਅਰ ਅਧਰਮੀ ਘਟ ਹੋਣੇ ਥੀਂ ਸੰਸਾਰ ਵਿਚ ਸੁਖ ਵਧਦਾ ਹੈ, ਅਰ ਜਦ ਅਧਰਮੀ ਬਹੁਤ ਹੁੰਦੇ ਹਨ ਤਦ ਦੁਖ, ਜਦ ਸਾਰੇ ਵਿਦਵਾਂਨ ਇਕੋ ਜੇਹਾ ਉਪਦੇਸ਼ ਕਰਨ ਤਾਂ ਇਕ ਮਤ ਹੋਣ ਵਿਚ ਕੁਝ ਬੀ ਦੇਰ ਨਾ ਹੋਵੇ।

( ਮਤਵਾਲੇ ) ਅਜ ਕਲ ਕਲਜੁਗ ਹੈ ਸਤ ਜੁਗਦੀ ਬਾਤ ਮਤ ਚਾਹੋ।

( ਜਿਗਿਆਸੂ ) ਕਲਜੁਗ ਨਾਮ ਸਮੇਂਦਾ ਹੈ, ਸਮਾ ਕ੍ਰਿਆ ਰਹਿਤ ਹੋਂਣ ਥੀਂ ਕੁਝ ਧਰਮ, ਅਧਰਮ ਦੇ ਕਰਨ ਵਿਚ ਸਿਧ ਕਰਨ ਵਾਲਾ, ਹਟਾਣ ਵਾਲਾ ਨਹੀ, ਕਿੰਤੂ ਤੁਸੀਂ ਹੀ ਕਲ ਜੁਗਦੀਆਂ ਮੂਰਤੀਆਂ ਬਣ ਰਹੇਓ, ਜੋ ਮਨੁੱਖ ਹੀ

ਸਤਜੁਗ ਕਲ ਜੁਗ ਨਾ ਹੋਂਨ ਤਾਂ ਕੋਈ ਬੀ ਸੰਸਾਰ ਵਿਚ ਧਰਮਾਤਮਾ ਨਹੀਂ ਹੁੰਦਾ, ਏਹ ਸਾਰੇ ਸੰਗ ਦੇ ਗੁਣ ਦੋਸ਼ ਹਨ ਸੁਭਾਉਕ ਨਹੀ । ਇੱਨਾ ਕਹਕੇ ਸਚਿਆਰ ਦੇ ਪਾਸ ਗਿਆ ਉਨ੍ਹਾਂ ਨੂੰ ਕਹਿਆ ਕਿ ਮਹਾਂਰਾਜ ! ਤੁਸਾਂ ਨੈ ਮੇਰਾ ਉਧਾਰ ਕੀਤਾ ਨਹੀਂ ਤਾਂ ਮੈਂ ਬੀ ਕਿਸੇ ਦੇ ਜਾਲ ਵਿਚ ਫਸਕੇ ਨਸ਼ਟ ਭ੍ਰਸ਼ਟ ਹੋ ਜਾਂਦਾ, ਹੁਣ ਮੈਂ ਇਨ੍ਹਾਂ ਪਖੰਡੀਆਂ ਦਾ ਖੰਡਨ ਅਰ ਵੇਦ ਉਕਤ ਸਤ ਮਤ ਦਾ ਖੰਡਨ ਕੀਤਾ ਕਰਾਂਗਾ ।

( ਸਚਿਆਰ ) ਇਹੀ ਸਾਰੇ ਮਨੁਖਾਂ ਦਾ, ਵਸ਼ੇਸ਼ ਵਦਵਾਨਾਂ ਅਰ ਸਨਿਆਸੀਆਂ ਦਾ ਕੰਮ ਹੈ ਕਿ ਸਭ ਮਨੁਖਾਂ ਨੂੰ ਸਤਦਾ ਮੰਡਨ, ਅਰ ਅਸਤ ਦਾ ਖੰਡਨ, ਪੜ੍ਹਾ ਸੁਣਾਕੇ ਸਚੇ ਉਪਦੇਸ਼ ਥੀਂ ਉਪਕਾਰ ਪੁਚਾਣਾ ਚਾਹੀਏ।

( ਪ੍ਰਸ਼ਨ ) ਜੋ ਬ੍ਰਹਮਚਾਰੀ, ਸਨਿਆਸੀ ਹਨ ਉਹਤਾਂ ਠੀਕ ਹਨ?

( ਉਤ੍ਰ ) ਏਹ ਆਸ਼੍ਰਮ ਤਾਂ ਠੀਕ ਹਨ ਪ੍ਰੰਤੂ ਅਜ ਕਲ ਇਨ੍ਹਾਂ ਵਿਚ ਬੀ ਗੜ ਬੜ ਹੈ, ਕਿਨੇਂਹੀ ਨਾਮ ਬ੍ਰਹਮਚਾਰੀ ਰਖਦੇ ਹਨ, ਅਰ ਝੂਠ ਮੂਠ ਜਟਾ ਵਧਾਕੇ ਸਿੱਧ ਤਾਈ ਕਰਦੇ ਅਰ ਜਪ, ਪੁਰਸ਼ ਚਰਣ ਆਦੀ ਵਿਚ ਫਸੇ ਰਹਿੰਦੇ ਹਨ, ਵਿਦਿਆ ਪੜ੍ਹਨ ਦਾ ਨਾਮ ਨਹੀਂ ਲੈਂਦੇ ਕਿ ਜਿਸ ਕਾਰਣ ਥੀ ਬ੍ਰਹਮਚਾਰੀ ਨਾਮ ਹੁੰਦਾ ਹੈ ਓਸ ਬ੍ਰਹਮਚਾਰੀ ਅਰਥਾਤ ਵੇਦ ਪੜ੍ਹਨ ਵਿਚ ਵਰਸਤਨ ਕੁਝ ਬੀ ਨਹੀਂ ਕਰਦੇ, ਉਹ ਬ੍ਰਹਮਚਾਰੀ ਬਕਰੀ ਦੇ ਗਲਦੇ ਥਣਾਂਦੇ ਵਾਕਰ ਨਿਕੰਮੇ ਹਨ। ਅਰ ਜੋ ਉਹੋ ਜਹੇ ਸਨਿਆਸੀ ਵਿਦਿਆ ਰਹਿਤ, ਡੰਡ, ਕਮੰਡਲ ਲੈਕੇ ਭਿਛਿਆ ਮਾਤ੍ਰ ਕਰਦੇ ਫਿਰਦੇ ਹਨ ਜੋ ਕੁਝ ਬੀ ਵੇਦ ਮਾਰਗ ਦੀ ਉਨੱਤੀ ਨਹੀ ਕਰਦੇ, ਛੋਟੀ ਉਮਰ ਵਿਚ ਸਨਿਆਸ ਲੈਕੇ ਫਿਰਿਆ ਕਰਦੇ ਹਨ, ਅਰ ਵਿਦਿਆ ਅਭਿਆਸ ਨੂੰ ਛਡ ਦਿੰਦੇ ਹਨ, ਅਜਹੇ ਬ੍ਰਹਮ-ਚਾਰੀ ਅਰ ਸਨਿਆਸੀ ਇਧਰ ਉਧਰ ਜਲ, ਥਲ, ਪਥੱਰ ਆਦੀ ਮੂਰਤੀਆਂ ਦਾ ਦਰਸ਼ਨ, ਪੂਜਨ ਕਰਦੇ, ਫਿਰਦੇ, ਵਿਦਿਆ ਜਾਣਕੇ ਬੀ ਚੁਪ ਹੋ ਰਹਿੰਦੇ ਹਨ ਇਕਾਂਤ ਜਗਹਿ ਵਿਚ ਜੇਹੜਾ ਅੱਛਾ ਲਗੇ ਖਾ ਪੀਕੇ ਸੁਤੇ ਪਏ ਰਹਿੰਦੇ ਹਨ, ਅਰ ਈਰਖਾ, ਦ੍ਵੇਸ਼ ਵਿਚ ਫਸਕੇ ਨਿੰਦਿਆ, ਕੁਚੇਸ਼ਟਾ ਕਰਕੇ ਨਿਰਬਾਹ ਕਰਦੇ, ਭਗਵੇ ਵਸਤ੍ਰ, ਅਰ ਦੰਡ ਲੈਣ ਮਾਤ੍ਰ ਥੀਂ ਅਪਣੇ ਨੂੰ ਕ੍ਰਿਤ ਕ੍ਰਿਤ ਸਮਝਦੇ, ਅਰ ਸਾਰਿਆਂ ਨਾਲੋਂ ਉਚੱਾ ਜਾਂਣਕੇ ਉਤੱਮ ਕੰਮ ਨਹੀਂ ਕਰਦੇ, ਉਜਹੇ ਸਨਿਆਸੀ ਬੀ ਜਗਤ ਵਿਚ ਨਿਕੰਮੇ ਰਹਿੰਦੇ ਹਨ । ਅਰ ਜੋ ਸਭ ਜਗਤ ਦਾ ਭਲਾ ਸਾਧਦੇ ਹਨ ਉਹ ਠੀਕ ਹਨ।

( ਪ੍ਰਸ਼ਨ ) ਗਿਰੀ, ਪੁਰੀ ਭਾਰਤੀ ਆਦੀ ਗੁਸਾਈਂ ਲੋਗ ਤਾਂ ਅੱਛੇ ਹਨ? ਕਿਉਂਕਿ ਮੰਡਲੀ ਬਨ੍ਹਕੇ ਇਦੇ ਉਦੇ ਫਿਰਦੇ ਹਨ, ਸੈਕੜੇ ਸਾਧਾਂ ਨੂੰ ਅ-ਨੰਦ ਕਰਾਂਦੇ ਹਨ ਅਰ ਸਭ ਜਗਹ ਅਦ੍ਵੈਤ ਮਤ ਦਾ ਉਪਦੇਸ਼ ਕਰਦੇ ਹਨ,

ਅਰ ਕੁਝ ਕੁਝ ਪੜ੍ਹਦੇ ਪੜ੍ਹਾਂਦੇ ਬੀ ਹਨ ਏਸ ਲਈ ਉਹ ਅੱਛੇ ਹੋਣਗੇ।

(ਉਤਰ) ਇਹ ਸਭ ਦਸ ਨਾਮ ਪਿੱਛੋਂ ਥੀਂ ਕਲਪਣਾ ਕੀਤੇ ਹਨ ਸਨਾਤਨ ਨਹੀਂ, ਉਨ੍ਹਾਂ ਦੀਆਂ ਮੰਡਲੀਆਂ ਨਿਰੀਆਂ ਖਾਣ ਵਾਸਤੇ ਹਨ, ਬਹੁਤ ਸਾਰੇ ਸਾਧ ਭੋਜਨ ਦੇ ਹੀ ਵਾਸਤੇ ਮੰਡਲੀਆਂ ਵਿਚ ਰਹਿੰਦੇ ਹਨ, ਦੰਭੀ ਬੀ ਹਨ ਕਿੰਉਂਕਿ ਇਕ ਨੂੰ ਮਹੰਤ ਬਣਾਕੇ ਸੰਧਿਆ ਵੇਲੇ ਇਕ ਮਹੰਤ ਜੇਹੜਾ ਕਿ ਉਨ੍ਹਾਂ ਵਿਚ ਪ੍ਰਧਾਨ ਹੁੰਦਾ ਹੈ ਉਹ ਗੱਦੀ ਉਪਰ ਬੈਠ ਜਾਂਦਾ ਹੈ ਸਾਰੇ ਬ੍ਰਾਹਮਣ ਅਰ ਸਾਧੂ ਖਲੋਕੇ ਹਥਾਂ ਵਿਚ ਫੁਲ ਲੈਕੇ:—

> नारायणं पद्मभवं वसिष्ठं शक्तिं च तत्पुत्रपराशरं च।
> व्यासं शुकं गौडपदं महान्तम्॥

ਇਤ ਆਦੀ ਸ਼ਲੋਕ ਪੜ੍ਹਕੇ ਹਰ ਹਰ ਬੋਲ ਉਨ੍ਹਾਂਦੇ ਉਪਰ ਫੁਲ ਵਸਾਕੇ ਸਾਸ਼ਟਾਂਗ ਨਮਸਕਾਰ ਕਰਦੇ ਹਨ, ਜੋ ਕੋਈ ਅਜੇਹਾ ਨਾ ਕਰੇ ਉਸਨੂੰ ਉਥੇ ਰਹਣਾ ਬੀ ਅਉਖਾ ਹੈ, ਏਹ ਦੰਭ ਸੰਸਾਰ ਦੇ ਦਿਖਾਣ ਦੇ ਲਈ ਕਰਦੇ ਹਨ, ਜਿਸਥੀਂ ਜਗਤ ਵਿਚ ਪ੍ਰਤਿਸ਼ਟਾ ਹੋਕੇ ਮਾਲ ਮਿਲੇ। ਕਿਨੇ ਹੀ ਮਠਧਾਰੀ ਗ੍ਰਿਹਸਥੀ ਹੋਕੇ ਬੀ ਸਨਿਆਸ ਦਾ ਅਭਮਾਨ ਮਾਤ੍ਰ ਕਰਦੇ ਹਨ, ਕਰਮ ਕੁਝ ਨਹੀ, ਸਨਿਆਸ ਦਾ ਓਹੀ ਕਰਮ ਹੈ ਜੋ ਪੰਜਵੇਂ ਸਮੁਲਾਸ ਵਿਚ ਲਿਖ ਆਏ ਹਾਂ, ਉਸਨੂੰ ਨਾ ਕਰਕੇ ਵਿਅਰਥ ਸਮਾਂ ਗੁਆਂਦੇ ਹਨ, ਜੋ ਕੋਈ ਅਛਾ ਉਪਦੇਸ਼ ਕਰੇ ਓਸਦੇ ਬੀ ਵਿਰੋਧੀ ਹੁੰਦੇ ਹਨ ਬਹੁਤਸਾਰੇ ਏਹ ਲੋਕ ਭਸਮ, ਰੁਦ੍ਰਾਖ ਧਾਰਣ ਕਰਦੇ ਅਰ ਕੋਈ ਕੋਈ ਸ਼ੈਵ ਸੰਪ੍ਰਦਾ ਦਾ ਅਭਮਾਨ ਰਖਦੇ ਹਨ, ਅਰ ਜਦ ਕਦੀ ਸ਼ਾਸਤ੍ਰਾਰਥ ਕਰਦੇ ਹਨ ਤਾਂ ਅਪਣੇ ਮਤ ਅਰਥਾਤ ਸ਼ੰਕ੍ਰਾਚਾਰਜ ਦੇ ਕਹੇ ਹੋਏ ਦਾ ਸੰਥਾਪਨ, ਅਰ ਚਕ੍ਰਾਂਕਿਤ ਆਦੀ ਦੇ ਖੰਡਣ ਵਿਚ ਪ੍ਰਬ੍ਰਿਤ ਰਹਿੰਦੇ ਹਨ ਵੇਦਮਾਰਗ ਦੀ ਉਨਤੀ, ਅਰ ਜਿਨੇ ਪਖੰਡ ਮਾਰਗ ਹਨ ਉਨਿਆਂ ਦੇ ਖੰਡਨ ਵਿਚ ਪ੍ਰਬ੍ਰਿਤ ਨਹੀ ਹੁੰਦੇ। ਏਹ ਸਨਿਆਸੀ ਲੋਗ ਈਕਣ ਸਮਝਦੇ ਹਨ ਕਿ ਸਾਨੂੰ ਖੰਡਨ ਮੰਡਨ ਥੀਂ ਕੀ ਮਤਲਬ, ਅਸੀ ਤਾਂ ਮਹਾਤਮਾ ਹਾਂ ਅਜਹੇ ਲੋਕ ਬੀ ਸੰਸਾਰ ਵਿਚ ਭਾਰ ਰੂਪ ਹਨ। ਜਦ ਅਜਹੇ ਹਨ ਤਦੇ ਤਾਂ ਵੇਦਮਾਰਗ ਵਿਰੋਧੀ ਵਾਮਮਾਰਗ ਆਦੀ ਸੰਪ੍ਰਦਾਈ, ਈਸਾਈ, ਮੁਸਲਮਾਨ, ਜੈਨੀ, ਆਦੀ ਵਧ ਗਏ ਹੁਣਬੀ ਵਧਦੇ ਜਾਂਦੇ ਹਨ, ਅਰ ਇਨ੍ਹਾਂ ਦਾ ਨਾਸ਼ ਹੁੰਦਾ ਜਾਂਦਾ ਹੈ ਤਾਂ ਬੀ ਇਨ੍ਹਾਂ ਦੀ ਅਖ ਨਹੀ ਖੁਲ੍ਹਦੀ ਖੁਲ੍ਹੇ ਕਿਥੋਂ ਜੋ ਕੁਝ ਉਨ੍ਹਾਂਦੇ ਮਨ ਵਿਚ ਪਰਉਪਕਾਰ ਬੁਧੀ ਅਰ ਕਰਨ ਜੋਗ ਕਰਮ ਕਰਨ ਵਿਚ ਉਤਸਾਹ ਹੋਵੇ, ਕਿੰਤੂ ਏਹ ਲੋਕ ਅਪਣੀ ਪ੍ਰਤਿਸ਼ਠਾ ਖਾਣ ਪੀਣ ਦੇ ਬਿਨਾ ਹੋਰ ਵਧੀਕ ਕੁਝ ਬੀ ਨਹੀ ਸਮਝਦੇ, ਅਰ ਸੰਸਾਰ

ਦੀ ਨਿੰਦਿਆ ਥੀਂ ਬਹੁਤ ਡਰਦੇ ਹਨ, ਫੇਰ ( ਲੋਕ ਈਖਣਾ ) ਲੋਕ ਵਿਚ ਪ੍ਰਤਿਸ਼ਠਾ ( ਵਿਤ ਈਖਣਾ ) ਧਨ ਵਧਾਣ ਵਿਚ ਤਤਪਰ ਹੋਕੇ ਵਿਸ਼ੇ ਭੋਗ ( ਪੁਤ੍ਰ ਈਖਣਾ ) ਪੁਤ੍ਰ ਵਾਕਰ ਸਿਖਾਂ ਉਪਰ ਮੋਹਿਤ ਹੋਣਾ ਇਨ੍ਹਾਂ ਤਿਨਾਂ ਈਖਣਾਂ ਦਾ ਤਿਆਗ ਕਰਨਾ ਜੋਗ ਹੈ, ਜਦ ਈਖਣਾਹੀ ਨਹੀ ਛੁਟੀ ਫੇਰ ਸਨਿਆਸ ਕਿਸਤਰਾਂ ਹੋ ਸਕਦਾ ਹੈ ਅਰਥਾਤ ਪਖਪਾਤ ਰਹਿਤ ਵੇਦ ਮਾਰਗ ਦੇ ਉਪਦੇਸ਼ ਥੀਂ ਜਗਤਦੇ ਕਲਿਆਣ ਕਰਨ ਵਿਚ ਦਿਨ ਰਾਤ ਪ੍ਰਬ੍ਰਿਤ ਰਹਿਣਾ ਸਨਿਆਸੀਆਂ ਦਾ ਮੁਖ ਕੰਮ ਹੈ, ਜਦ ਅ-ਪਣੇ ਅਪਣੇ ਅਧਕਾਰ ਕਰਮਾਂ ਨੂੰ ਨਹੀ ਕਰਦੇ ਫੇਰ ਸਨਿਆਸ ਆਦੀ ਨਾਮ ਧਰਨਾ ਵਿਅਰਥ ਹੈ, ਨਹੀਂ ਤਾਂ ਜੀਕਣ ਗ੍ਰਿਹਸਥੀ ਵਿਹਾਰ ਅਰ ਅਪਣੇ ਸ੍ਵਾਰਥ ਵਿਚ ਪ੍ਰਜਤਨ ਕਰਦੇ ਹਨ ਉਨ੍ਹਾਂ ਨਾਲੋਂ ਵਧੀਕ ਪ੍ਰਜ-ਤਨ ਪਰਉਪਕਾਰ ਕਰਨੇ ਵਿਚ ਸਨਿਆਸੀ ਬੀ ਤਤਪਰ ਰਹਨ, ਤਦੇ ਸਭ ਆਸ਼੍ਰਮ ਉਨੱਤੀ ਉਤੇ ਰਹਿਨ। ਵੇਖੋ! ਤੁਹਾਡੇ ਸਾਮਣੇ ਪਾਖੰਡ ਮਤ ਵਧਦੇ ਜਾਂਦੇ ਹਨ,ਈਸਾਈ,ਮੁਸਲਮਾਨ ਤਿਕ ਹੁੰਦੇ ਜਾਂਦੇ ਹਨ,ਥੋੜ੍ਹਾ ਜਿਹਾ ਬੀ ਤੁਹਾਡੇ ਪਾਸੋਂ ਅਪਣੇ ਘਰ ਦੀ ਰਖਿਆ ਅਰ ਦੂਜਿਆਂ ਨੂੰ ਮਿਲਾਣਾ ਨਹੀ ਬਣ ਸਕਦਾ, ਬਣੇ ਤਾਂ ਤਦ ਜਦ ਤੁਸੀ ਕਰਨਾ ਚਾਹੋ। ਜਦਤਿਕ ਵਰਤਮਾਨ ਅਰ ਭਵਿਖਤ ਵਿਚ ਵਾਧਾ ਕਰਨ ਦਾ ਸੁਭਾ ਰਖਣ ਵਾਲੇ ਨਹੀ ਹੁੰਦੇ, ਤਦ ਤਿਕ ਆਰਯਾਵਰਤ ਅਰ ਹੋਰ ਦੇਸ਼ ਵਿਚ ਰਹਿਣ ਵਾਲਿਆਂ ਮਨੁਖਾਂ ਦੀ ਬ੍ਰਿਧੀ ਨਹੀ ਹੁੰਦੀ, ਜਦ ਬ੍ਰਿਧੀ ਦੇ ਕਾਰਣ ਵੇਦ ਆਦੀ ਸਤਸ਼ਾਸਤ੍ਰਾਂ ਦਾ ਪੜ੍ਹਨ, ਪੜ੍ਹਾਂਨ, ਬ੍ਰਹਮਚਰਜ ਆਦੀ ਆਸ਼੍ਰਮਾਂ ਦੇ ਜੇਹੇ ਚਾਹੀਏ ਅਨੁਸਠਾਂਨ ਸਤ ਉਪਦੇਸ ਹੁੰਦੇ ਹਨ ਤਦੇ ਦੇਸ਼ ਉਨੱਤੀ ਹੁੰਦੀ ਹੈ, ਯਾਦ ਰਖੋ! ਬਹੁਤ ਸਾਰੀਆਂ ਪਖੰਡ ਦੀਆਂ ਗਲਾਂ ਤੁਹਾਨੂੰ ਸਚਮੁਚ ਦਿਸਦੀਆਂ ਹਨ, ਜੀਕਣ ਕੋਈ ਸਾਧੂ ਦੁਕਾਂਨਦਾਰ ਪੁਤ੍ਰ ਆਦੀ ਦੇਣੇ ਦੀਆਂ ਸਿਧੀਆਂ ਦਸਦਾ ਹੈ ਤਦ ਉਸਦੇ ਪਾਸ ਬਹੁਤ ਇਸਤ੍ਰੀਆਂ ਜਾਂਦੀਆ ਹਨ, ਅਰ ਹਥ ਜੋੜਕੇ ਪੁਤ੍ਰ ਮੰਗਦੀਆਂ ਹਨ, ਅਰ ਬਾਬਾ ਜੀ ਸਾਰਿਆਂ ਨੂੰ ਪੁਤ੍ਰ ਹੋਣੇ ਦਾ ਅਸ਼ੀਰ ਬਾਦ ਦਿੰਦਾ ਹੈ, ਉਨ੍ਹਾਂ ਵਿਚੋਂ ਜਿਸ ਜਿਸ ਨੂੰ ਪੁਤ੍ਰ ਹੁੰਦਾ ਹੈ ਉਹ ਉਹ ਸਮਝਦੀ ਹੈ ਕਿ ਬਾਬਾ ਜੀ ਦੇ ਬਚਨ ਥੀਂ ਹੋਇਆ, ਜਦ ਉਸਥੀਂ ਕੋਈ ਪੁਛੇ ਕਿ ਸੂਰਨੀ, ਕੁਤੀ, ਖੋਤੀ, ਅਰ ਕੁਕੜੀ ਆਦੀ ਦੇ ਕਚੇ ਬਚੇ ਕਿਸ ਬਾਬਾ ਜੀਦੇ ਬਚਨ ਥੀਂ ਹੁੰਦੇ ਹਨ ਤਦ ਕੁਝਬੀ ਉਤ੍ਰ ਨਾ ਦੇ ਸਕੇਗੀ ਜੋ ਕੋਈ ਕਹ੍ਰੇ ਕਿ ਮੈਂ ਮੁੰਡੇ ਨੂੰ ਜੀਉਂਦਾ ਰਖ ਸਕਦਾ ਹਾਂ ਤਾਂ ਆਪਹੀ ਕਿਉਂ ਮਰ ਜਾਂਦਾ ਹੈ? ਕਿਨੇਹੀ ਧੂਰਤ ਲੋਕ ਅਜੇਹੀ ਮਾਇਆ ਰਚਦੇ ਹਨ ਕਿ ਵਡੇ ਵਡੇ ਬੁਧਵਾਂਨ ਬੀ ਧੋਖਾ ਖਾ ਜਾਂਦੇ ਹਨ, ਜੀਕਣ ਧਨਾਸਰੀ ਦੇ ਠਗ ਏਹ ਲੋਕ ਪੰਜ ਸਤ ਮਿਲਕੇ ਦੂਰ ਦੂਰ ਦੇਸ਼ ਵਿਚ ਜਾਂਦੇ ਹਨ, ਜੇਹਿੜਾ

ਸ਼ੀਰ ਕੇਰਕੇ ਡੌਲ ਡਾਲ ਵਿਚ ਅਛਾ ਹੁੰਦਾ ਹੈ ਓਸਨੂੰ ਸਿਧ ਬਣਾਂ ਲੈਂਦੇ ਹਨ, ਜਿਸ ਨਗਰ ਵਾ ਪਿੰਡ ਵਿਚ ਧਨਵਾਨ ਹੁੰਦੇ ਹਨ ਓਸਦੇ ਪਾਸ ਜੰਗਲ ਵਿਚ ਓਸ ਸਿਧ ਨੂੰ ਬਿਠਾਦੇ ਹਨ, ਓਸਦੇ ਸਾਧਕ ਨਗਰ ਵਿਚ ਜਾਕੇ ਅਜਾਣ ਬਣਕੇ ਜਿਸ ਕਿਸੇ ਨੂੰ ਪੁਛਦੇ ਹਨ ਕਿ ਤੁਸਾਂਨੈ ਅਜੇਹੇ ਮਹਾਤਮਾਂ ਨੂੰ ਇਥੇ ਕਿਦੇ ਵੇਖਿਆ ਵਾ ਨਹੀ? ਉਹ ਅਜੇਹਾ ਸੁਣਕੇ ਪੁਛਦੇ ਹਨ ਕਿ ਉਹ ਮਹਾਤਮਾ ਕਉਣ ਅਰ ਕੇਹਾ ਹੈ? ਸਾਧਕ ਕਹਿੰਦਾ ਹੈ ਬੜਾ ਸਿਧ ਪੁਰਖ ਹੈ, ਮਨਦੀਆਂ ਗੱਲਾਂ ਦਸ ਦਿੰਦਾ ਹੈ, ਜੋ ਮੂੰਹ ਥੀਂ ਕਹਿੰਦਾ ਹੈ ਉਹ ਹੋ ਜਾਂਦਾ ਹੈ, ਵਡਾ ਜੋਗੀ ਰਾਜ ਹੈ, ਓਸਦੇ ਦਰਸ਼ਨ ਦੇ ਲਈ ਅਸੀ ਅਪਣੇ ਘਰ ਬਾਹਰ ਛਡਕੇ ਵੇਖਦੇ ਫਿਰਦੇ ਹਾਂ, ਮੈਂਨੇ ਕਿਸੇ ਥੀਂ ਸੁਣਿਆ ਸੀ ਕਿ ਉਹ ਮਹਾਤਮਾ ਏਸ ਤਰਫ ਆਏ ਹਨ, ਗ੍ਰਿਹਸਥੀ ਕਹਿੰਦਾ ਹੈ ਜਦ ਉਹ ਮਹਾਤਮਾ ਤੁਹਾਨੂੰ ਮਿਲਨ ਤਾਂ ਸਾਨੂੰ ਬੀ ਕਹਿਣਾ ਦਰਸ਼ਨ ਕਰਾਂਗੇ ਅਰ ਮਨਦੀਆਂ ਗਲਾਂ ਪੁਛਾਂਗੇ, ਇਸੇ ਤਰਾਂ ਦਿਨ ਭਰ ਨਗਰ ਵਿਚ ਫਿਰਦੇ ਅਰ ਇਕ ਇਕ ਨੂੰ ਓਸਦੀ ਬਾਤ ਕਹਕੇ ਰਾਤ ਨੂੰ ਅਕਠੇ ਸਿਧ, ਸਾਧਕ ਹੋਕੇ ਖਾਂਦੇ ਪੀਂਦੇ ਅਰ ਸੌਂ ਰਹਿੰਦੇ ਹਨ, ਫਿਰ ਬੀ ਪਰਭਾਤ ਵੇਲੇ ਨਗਰ ਵਾ ਪਿੰਡ ਵਿਚ ਜਾਕੇ ਓਸੇ ਤਰਾਂ ਦੋ ਤਿੱਨ ਦਿਨ ਰਹਕੇ ਫਿਰ ਚਾਰੇ ਸਾਧਕ ਕਿਸੇ ਇਕ ਇਕ ਧਨਾਢ ਨੂੰ ਕਹਿੰਦੇ ਹਨ ਕਿ ਉਹ ਮਹਾਤਮਾ ਮਿਲ ਗਏ, ਤੁਹਾਨੂੰ ਦਰਸ਼ਨ ਕਰਨਾ ਹੋਵੇ ਤਾਂ ਚਲ, ਉਹ ਜਦ ਤਿਆਰ ਹੁੰਦੇ ਹਨ ਤਦ ਸਾਧਕ ਉਨ੍ਹਾਂ ਪਾਸ ਪੁਛਦੇ ਹਨ ਕਿ ਤੁਸੀਂ ਕੀ ਬਾਤ ਪੁਛਣੀ ਚਾਹਿੰਦੇ ਹੋ ਸਾਨੂੰ ਦਸੋ? ਕੋਈ ਪੁਤ੍ਰ ਦੀ ਇਛਾ ਕਰਦਾ, ਕੋਈ ਧਨਦੀ, ਕੋਈ ਬਮਾਰੀ ਦੂਰ ਕਰਨ ਦੀ, ਅਰ ਕੋਈ ਦੁਸ਼ਮਣ ਦੇ ਜਿਤਣੇ ਦੀ, ਉਨ੍ਹਾਂ ਨੂੰ ਉਹ ਸਾਧਕ ਲੈ ਜਾਂਦੇ ਹਨ, ਸਿਧ ਸਾਧਕਾਂ ਨੇ ਜੇਹਾ ਨਿਯੱਮ ਕੀਤਾ ਹੁੰਦਾ ਹੈ ਅਰਥਾਤ ਜਿਸ ਨੂੰ ਧਨ ਦੀ ਇਛਾ ਹੋਵੇ ਓਸ ਨੂੰ ਸਜੇ ਪਾਸੇ, ਅਰ ਜਿਸ ਨੂੰ ਪੁਤ੍ਰ ਦੀ ਇੱਛਾ ਹੋਵੇ ਓਸ ਨੂੰ ਸਨਮੁਖ, ਜਿਸ ਨੂੰ ਰੋਗ ਦੂਰ ਕਰਨੇ ਦੀ ਇਛਿਆ ਹੋਵੇ ਓਸ ਨੂੰ ਖੱਬੀ ਤਰਫ, ਅਰ ਜਿਸ ਨੂੰ ਦੁਸ਼ਮਣ ਜਿਤਣੇ ਦੀ ਇਛਿਆ ਹੋਵੇ ਓਸ ਨੂੰ ਪਿਛੋਂ ਥੀਂ ਲੈ ਜਾਕੇ ਸਾਮਣੇ ਵਾਲਿਆਂ ਦ ਵਿਚਕਾਰ ਬਠਾ ਲੈਂਦੇ ਹਨ, ਜਦ ਨਮਸਕਾਰ ਕਰਦੇ ਹਨ ਉਸੇ ਵੇਲੇ ਉਹ ਅਪਣੀ ਸਿਧਤਾਈ ਦੇ ਉਬਾਲ ਵਿਚ ਉੱਚੇ ਅਵਾਜ ਨਾਲ ਬੋਲਦਾ ਹੈ "ਕੀ ਇੱਥੇ ਸਾਡੇ ਪਾਸ ਪੁਤ੍ਰ ਰਖੇ ਹਨ ਜੋ ਤੂੰ ਪੁਤ੍ਰ ਦੀ ਇਛਾਂ ਕਰਕੇ ਆਇਆ ਹੈਂ, ਇਸੇ ਪ੍ਰਕਾਰ ਧਨ ਦੀ ਇਛਿਆ ਵਾਲੇ ਨੂੰ ਕੀ, ਇਥੇ ਥੈਲੀਆਂ ਰਖੀਆਂ ਹਨ ਜੋ ਧਨ ਦੀ ਇਛਿਆ ਕਰਕੇ ਆਇਆ, ਫਕੀਰਾਂ ਦੇ ਪਾਸ ਧਨ ਕਿਦੇ ਧਰਿਆ ਹੈ, ਰੋਗ ਵਾਲੇ ਨੂੰ ਕੀ ਅਸੀ ਹਕੀਮ ਹਾਂ ਜੋ ਤੂੰ ਰੋਗ ਦੂਰ ਕਰਨੇ ਦੀ ਇਛਿਆ ਕਰ ਆਇਆ, ਅਸੀਂ ਵੈਦ ਹਾਂ ਜੋ ਤੇਰਾ ਰੋਗ ਦੂਰ ਕਰੀਏ ਜਾਹ ਕਿਸੇ ਵੈਦ ਦੇ ਪਾਸ" ਪੁਤ੍ਰ

ਜਦ ਉਸਦਾ ਪਿਤਾ ਬਮਾਰ ਹੋਵੇ ਤਾਂ ਉਸ ਦਾ ਸਾਧਕ ਅੰਗੂਠਾ, ਜੋ ਮਾਤਾ ਰੋਗੀ ਹੋਵੇ ਤਾਂ ਤਰਜਨੀ, ਜੋ ਭ੍ਰਾ ਰੋਗੀ ਹੋਵੇ ਤਾਂ ਮਧਮਾ, ਜੇ ਇਸਤ੍ਰੀ ਰੋਗੀ ਹੋਵੇ ਤਾਂ ਅਨਾਮਿਕਾ, ਜੇ ਕੰਨਿਆਂ ਰੋਗੀ ਹੋਵੇ ਤਾਂ ਚੀਚੀ ਉਂਗਲੀ ਵਿਖਾ ਦਿੰਦਾ ਹੈ। ਉਸ ਨੂੰ ਵੇਖ ਉਹ ਸਿਧ ਕਹਿੰਦਾ ਹੈ ਕਿ ਤੇਰਾ ਪਿਉ ਬਮਾਰ ਹੈ, ਤੇਰੀ ਮਾਂ ਤੇਰਾ ਭ੍ਰਾ, ਤੇਰੀ ਇਸਤ੍ਰੀ ਅਰ ਤੇਰੀ ਕੰਨਿਆਂ ਰੋਗੀ ਹੈ, ਤਦ ਤਾਂ ਉਹ ਚਾਰੇ ਦੇ ਚਾਰੇ ਬਡੇ ਮੋਹਤ ਹੋ ਜਾਂਦੇ ਹਨ, ਸਾਧਕ ਲੋਕ ਉਨ੍ਹਾਂ ਨੂੰ ਕਹਿੰਦੇ ਹਨ ਵੇਖੋ ਜੀਕਨ ਅਸਾਂ ਨੇ ਕਹਿਆ ਸੀ ਉਕਨ ਹੀ ਹਨ, ਵਾ ਨਹੀਂ ? ਗ੍ਰਿਹਸਥੀ ਕਹੀਦੇ ਹਨ ਹਾਂ ਜੀਕਨ ਤੁਸਾਂ ਨੇ ਕਿਹਾ ਸੀ ਉਕਨ ਹੀ ਹਨ, ਤੁਸਾਂ ਨੇ ਸਾਡਾ ਵਡਾ ਉਪਕਾਰ ਕੀਤਾ, ਅਰ ਸਾਡਾ ਬੀ ਵਡਾ ਭਾਗ ਜਾਗਿਆ ਸੀ ਜੋ ਅਜੇਹੇ ਮਹਾਤਮਾ ਮਿਲੇ ਜਿਨ੍ਹਾਂ ਦੇ ਦਰਸ਼ਨ ਕਰਕੇ ਅਸੀਂ ਨਿਹਾਲ ਹੋਏ, ਸਾਧਕ ਕਹਿੰਦਾ ਹੈ ਸੁਣੋ ਭ੍ਰਾਵੋ! ਏਹ ਮਹਾਤਮਾ ਮਨਦੀ ਮਰਜੀ ਵਾਲੇ ਹਨ ਇਥੇ ਬਹੁਤ ਦਿਨ ਰਹਿਣ ਵਾਲੇ ਨਹੀਂ, ਜੇਕਰ ਕੁਝ ਇਨ੍ਹਾਂ ਦਾ ਅਸ਼ੀਰਬਾਦ ਲੈਣਾ ਹੋਵੇ ਤਾਂ ਅਪਨੇ੨ਕਦਰ ਦੇ ਅਨੁਸਾਰ ਇਨ੍ਹਾਂ ਦੀ ਤਨ, ਮਨ, ਧਨ, ਥੀਂ ਸੇਵਾ ਕਰੋ, ਕਿਉਂਕਿ ਸੇਵਾ ਥੀਂ ਮੇਵਾ ਮਿਲਦਾ ਹੈ, ਜੋ ਕਿਸੇ ਉਪਰ ਪ੍ਰਸੰਨ ਹੋਗਏ ਤਾਂ ਜਾਣੀਏ ਕੀ ਵਰ ਦਿੰਦੇ ਹਨ 'ਸੰਤਾਂ ਦੀ ਗਤੀ ਅਪਾਰ ਹੈ' ਗ੍ਰਿਹਸਥੀ ਅਜਹੀ ਲੱਲੋ ਪਤੋ ਦੀਆਂ ਗੱਲਾਂ ਸੁਣਕੇ ਬੜੀ ਪ੍ਰਸੰਨਤਾ ਨਾਲ ਉਨ੍ਹਾਂ ਦੀ ਉਸਤਤ ਕਰਦੇ ਹੋਏ ਘਰ ਦੀ ਤਰਫ ਜਾਂਦੇ ਹਨ, ਸਾਧਕ ਬੀ ਉਨ੍ਹਾਂ ਦੇ ਸੰਗ ਹੀ ਚਲੇ ਜਾਂਦੇ ਹਨ, ਕਿਉਂਕਿ ਕੋਈ ਉਨ੍ਹਾਂ ਦਾ ਪਖੰਡ ਖੋਲ੍ਹ ਨਾ ਦੇਵੇ, ਉਨ੍ਹਾਂ ਧਨਵਾਨਾਂ ਦਾ ਜੋ ਕੋਈ ਮਿਤ੍ਰ ਮਿਲਿਆ ਉਸ ਨਾਲ ਉਸਤਤ ਕਰਦੇ ਹਨ, ਇਸ ਤਰਾਂ ਜੋ ਜੋ ਸਾਧਕਾਂ ਦੇ ਸੰਗ ਜਾਂਦੇ ਹਨ ਉਨ੍ਹਾਂ ਉਨ੍ਹਾਂ ਦਾ ਹਾਲ ਸਾਰਾ ਕਹ ਦਿੰਦੇ ਹਨ। ਜਦ ਸ਼ੈਹਰ ਵਿਚ ਹੱਲਾ ਮਚਦਾ ਹੈ ਕਿ ਫਲਾਣੀ ਜਗਾਹ ਇਕ ਵਡੇ ਭਾਰੇ ਸਿਧ ਆਏ ਹਨ ਚਲੋ ਉਨ੍ਹਾਂ ਦੇ ਪਾਸ। ਜਦ ਮੇਲਾ ਦਾ ਮੇਲਾ ਜਾਕੇ ਬਹੁਤ ਸਾਰੇ ਲੋਕ ਪੁਛਣ ਲਗਦੇ ਹਨ, ਕਿ ਮਹਾਰਾਜ ਮੇਰੇ ਮਨਦਾ ਹਾਲ ਦਸੋ, ਤਦ ਤਾਂ ਵਿਵਸਥਾ ਦੇ ਖਰਾਬ ਹੋਜਾਣ ਥੀਂ ਚੁਪਚਾਪ ਹੋਕੇ ਮੋਨ ਸਾਧ ਜਾਂਦਾ ਹੈ ਅਰ ਕਹਿੰਦਾ ਹੈ ਕਿ ਸਾਨੂੰ ਬਹੁਤ ਮਤ ਸਤਾਓ, ਤਦ ਤਾਂ ਝਟ ਉਸਦੇ ਸਾਧਕ ਬੀ ਕਹਣ ਲਗ ਜਾਂਦੇ ਹਨ ਜੋ ਤੁਸੀਂ ਇਨ੍ਹਾਂ ਨੂੰ ਬਹੁਤ ਸਤਾਓਗੇ ਤਾਂ ਚਲੇ ਜਾਨਗੇ, ਅਰ ਜੋ ਕੋਈ ਵਡਾ ਧਨਾਢ ਹੁੰਦਾ ਹੈ ਉਹ ਸਾਧਕ ਨੂੰ ਵਖਰਾ ਬੁਲਾਕੇ ਪੁਛਦਾ ਹੈ ਕਿ ਸਾਡੇ ਮਨ ਦੀ ਬਾਤ ਅਖਵਾ ਦੇਓ ਤਾਂ ਅਸੀ ਸਚ ਮਨੀਏਂ। ਸਾਧਕ ਨੇ ਪੁਛਿਆ ਕਿ ਕੀ ਗੱਲ ਹੈ ? ਧਨਾਢ ਨੇ ਉਸਨੂੰ ਕਹ ਦਿੱਤੀ, ਤਦ ਉਸਨੂੰ ਉਸਤਰਾਂ ਦੇ ਨਿਯਮ ਨਾਲ ਲੈ ਜਾਕੇ ਬੈਠਾ ਦਿੰਦਾ ਹੈ, ਉਸਨੂੰ ਸਿਧ ਨੇ ਸਮਝਕੇ ਝਟ ਕਹ ਦਿਤਾ ਤਦ ਤਾਂ ਸਭ ਮੇਲੇ ਭਰ ਨੇ ਸੁਣ ਲਈ ਕਿ ਵਾਹ! ਵਡੇ ਹੀ ਸਿਧ ਪੁਰਖ ਹਨ, ਕੋਈ

ਮਿਠਿਆਈ, ਕੋਈ ਪੈਸਾ, ਕੋਈ ਰੁਪਯਾ, ਕੋਈ ਮੋਹਰ, ਕੋਈ ਕਪੜਾ, ਅਰ ਕੋਈ ਸੀਧਾ, ਸਮਿਗ੍ਰੀ ਭੇਟ ਕਰਦਾ, ਫਿਰ ਜਦ ਤਿਕ ਮਾਨਤਾ ਬਹੁਤ ਸਾਰੀ ਰਹੀ ਤਦ ਤਿਕ ਅਪਣੀ ਮਰਜੀ ਅਨੁਸਾਰ ਲੁਟ ਕਰਦੇ ਹਨ, ਅਰ ਕਿਸੇ ਕਿਸੇ ਦੇ ਇਕ ਅੱਖਾਂ ਦੇ ਅਨ੍ਹੇ ਗੰਢ ਦੇ ਪੂਰਿਆਂ ਨੂੰ ਪੁਤ੍ਰ ਹੋਣ ਦਾ ਅਸ਼ੀਰਬਾਦ ਵਾ ਸੁਆਹ ਉਠਾਕੇ ਦੇ ਦਿੰਦਾ ਹੈ ਅਰ ਓਸ ਥੀਂ ਹਜਾਰਾਂ ਰੁਪਯੇ ਲੈਕੇ ਕਹ ਦਿੰਦਾ ਹੈ ਕਿ ਜੇਕਰ ਤੇਰੀ ਸਚੀ ਭਗਤੀ ਹੋਵੇਗੀ ਤਾਂ ਪੁਤ੍ਰ ਹੋਜਾਸੀ, ਏਸ ਪ੍ਰਕਾਰ ਦੇ ਬਹੁਤ ਸਾਰੇ ਠਗ ਹੁੰਦੇ ਹਨ ਜਿਨ੍ਹਾਂ ਦੀ ਵਿਦਵਾਂਨ ਹੀ ਪ੍ਰੀਖਿਆ ਕਰ ਸਕਦੇ ਹਨ ਹੋਰ ਕੋਈ ਨਹੀਂ, ਏਸ ਲਈ ਵੇਦ ਆਦੀ ਵਿਦਿਆ ਦਾ ਪੜ੍ਹਨਾ, ਸਤਸੰਗ ਕਰਨਾ ਹੁੰਦਾ ਹੈ ਜਿਸ ਥੀਂ ਕੋਈ ਓਸਨੂੰ ਠਗੀ ਵਿਚ ਨਾ ਲਿਆ ਸਕੇ, ਹੋਰਨਾਂ ਨੂੰ ਬੀ ਬਚਾ ਸਕੇ, ਕਿਉਂਕਿ ਮਨੁਖੱ ਦੀ ਅਖੱ ਵਿਦਿਆ ਹੀ ਹੈ, ਬਿਨਾ ਵਿਦਿਆ ਸਿਖਿਆ ਦੇ ਗਿਆਂਨ ਨਹੀਂ ਹੁੰਦਾ, ਜੋ ਬਾਲ ਅਵਸਥਾ ਥੀਂ ਅੱਛੀ ਸਿਖਿਆ ਪਾਂਦੇ ਹਨ ਉਹਾ ਹੀ ਮਨੁਖੱ ਅਰ ਵਿਦਵਾਂਨ ਹੁੰਦੇ ਹਨ, ਜਿਨ੍ਹਾਂ ਨੂੰ ਕੁਸੰਗ ਹੈ ਉਹ ਦੁਸ਼ਟ ਪਾਪੀ ਮਹਾਂ ਮੂਰਖ ਹੋਕੇ ਬਡੇ ਦੁਖ ਪਾਂਦੇ ਹਨ, ਏਸ ਲਈ ਗਿਆਂਨ ਨੂੰ ਵਧੀਕ ਕਹਿਆ ਹੈ ਕਿ ਜੋ ਜਾਣਦਾ ਹੈ ਉਹੀ ਮਨਦਾ ਹੈ॥

न वेत्ति यो यस्य गुणप्रकर्षं स तस्य निन्दां सततं करोति ।
यथा किराती करिकुम्भजाता मुक्ताः परित्यज्य बिभर्ति गुञ्जाः ॥
वृ०चा० अ० ११ । श्लो० १२ ॥

ਜੋ ਜਿਸਦਾ ਗੁਣ ਨਹੀ ਜਾਂਣਦਾ ਉਹ ਓਸਦੀ ਨਿੰਦਿਆ ਸਦਾ ਕਰਦਾ ਹੈ, ਜੀਕਣ ਜੰਗਲੀ ਭੀਲ ਹਾਥੀ ਦੇ ਮੋਤੀਆਂ ਨੂੰ ਛਡ ਰਤਕਾਂ ਦਾ ਹਾਰ ਪਹਿਰ ਲੈਂਦਾ ਹੈ ਊਕਣ ਹੀ ਜੋ ਪੁਰਖ ਵਿਦਵਾਂਨ, ਗਿਆਂਨੀ, ਧਰਮੀ, ਸਤਪੁਰਖਾਂ ਦਾ ਸੰਗੀ, ਜੋਗੀ, ਉਦਮੀ, ਜਿਤਿੰਦ੍ਰੀ, ਅਛੇ ਸੁਭਾ ਵਾਲਾ ਹੁੰਦਾ ਹੈ ਓਹੀ ਧਰਮ, ਅਰਥ, ਕਾਂਮ, ਮੋਖ, ਨੂੰ ਪ੍ਰਾਪਤ ਹੋਕੇ ਏਸ ਜਨਮ, ਅਰ ਅਗਲੇ ਜਨਮ ਵਿਚ ਸਦਾ ਅਨੰਦ ਵਿਚ ਰਹਿੰਦਾ ਹੈ। ਏਹ ਆਰਯਾਵਰਤ ਵਿਚ ਰਹਿਣ ਵਾਲੇ ਲੋਕਾਂਦੇ ਮਤ ਵਿਸ਼ੇ ਵਿਚ ਸੰਖੇਪ ਨਾਲ ਲਿਖਿਆ, ਏਸਦੇ ਅਗੇ ਜੋ ਥੋੜਾ ਜੇਹਾ ਆਰਯ ਰਾਜਿਆਂ ਦਾ ਇਤਿਹਾਸ ਮਿਲਿਆ ਹੈ ਏਸਨੂੰ ਸਭ ਸਜਣਾਂ ਦੇ ਜਾਣਨੇ ਦੇ ਲਈ ਪ੍ਰਗਟ ਕੀਤਾ ਜਾਂਦਾ ਹੈ॥

ਹੁਣ ਆਰਯਾਵਰਤ ਦੇਸ਼ੀ ਰਾਜਵੰਸ਼ ਕਿ ਜਿਸ ਵਿਚ ਸ੍ਰੀਮਾਂਨ ਮਹਾਂ-ਰਾਜ "ਯੁਧਿਸ਼ਟਿਰ" ਥੀਂ ਲੈਕੇ ਮਹਾਂਰਾਜ "ਯਸ਼ਪਾਲ" ਤਿਕ ਹੋਏ ਹਨ ਓਸ ਇਤਹਾਸ ਨੂੰ ਲਿਖਨੇ ਹਾਂ। ਅਰ ਸ੍ਰੀਮਾਨ ਮਹਾਂਰਜ 'ਸ੍ਵਯੰਭਵਮਨੂੰ' ਥੀਂ ਲੈਕੇ ਮਹਾਂਰਾਜ 'ਯੁਧਿਸ਼ਟਰ' ਤਿਕ ਇਤਹਾਸ ਮਹਾਂਭਾਰਤ ਆਦੀ ਵਿਚ ਲਿਖਿਆ ਹੀ ਹੈ, ਅਰ ਏਸ ਥੀਂ ਸਜਣ ਲੋਕਾਂਨੂੰ ਇਧਰ ਦੇ ਕੁਝ ਇਤਹਾ-

ਸਦਾ ਵਰਤਮਾਂਨ ਮਲੂਮ ਹੋਸੀ, ਯੱਦਪੀ ਏਹ ਵਿਸ਼ਾ ਵਿਦਿਆਰਥੀ ਸੰਮਿਲਤ 'ਹਰਿਸਚੰਦ੍ਰਕਾ' "ਮੋਹਿਨਚੰਦ੍ਰਕਾ" ਜੋ ਕਿ ਪਾਖਿਕ ਪਤ੍ਰ ਸ਼੍ਰੀ ਨਾਥ ਦੁਆਰ ਥੀਂ ਨਿਕਲਦਾ ਸੀ, ਜੋ ਰਾਜ ਪੂਤਾਨਾ ਦੇਸ਼ ਮੇਵਾੜ ਰਾਜ ਉਦੇ ਪੁਰ ਚਿਤੌੜ ਗੜ੍ਹ ਵਿਚ ਸਾਰਿਆਂ ਨੂੰ ਮਲੂਮ ਹੈ ਓਸ ਥੀਂ ਅਸਾਂ ਨੇ ਅਨੁਵਾਦ ਕੀਤਾ ਹੈ। ਜੇਕਰ ਈਕਣ ਹੀ ਸਾਡੇ ਆਰਯ ਸਜੱਣ ਲੋਕ ਇਤਹਾਸ ਅਰ ਵਿਦਿਆ ਪੁਸਤਕਾਂ ਨੂੰ ਢੂੰਢ ਕਰਕੇ ਪ੍ਰਗਟ ਕਰਨਗੇ ਤਾਂ ਦੇਸ਼ ਨੂੰ ਵਡਾ ਹੀ ਲਾਭ ਪੁਜਸੀ, ਓਸ ਪਤ੍ਰ ਦੇ ਸੰਪਾਦਕ ਮਹਾਸ਼ੇ ਨੇ ਅਪਣੇ ਮਿਤ੍ਰ ਥੀਂ ਇਕ ਪੁਰਾਣਾ ਪੁਸਤਕ ਜੋ ਵਿਕ੍ਰਮ ਦੇ ਸੰਵਤ ੧੭੮੨ ( ਸਤਾਰਾਂ ਸੌ ਬਿਆਸੀ ) ਦਾ ਲਿਖਿਆ ਹੋਇਆ ਸੀ ਓਸ ਥੀਂ ਉਕਤ ਪਤ੍ਰ ਦੇ ਸੰਪਾਦਕ ਮਹਾਂਸ਼ੇ ਨੇ ਲੈਕ ਅਪਣੇ ਸੰਵਤ ੧੯੩੯ ਮਘੱਰ ਸ਼ੁਕਲਾ ਪਖ ੧੯–੨੦ ਕਿਰਣ ਅਰਥਾਤ ਦੋ ਪਾਖਿਕ ਪਤ੍ਰਾਂ ਵਿਚ ਛਪਿਆ ਹੈ ਸੋ ਹੇਠਾਂ ਲਿਖੇ ਪ੍ਰਮਾਣੇ ਜਾਣੋ।

## ਆਰਯਾਵਰਤ ਦੇਸ਼ੀ ਰਾਜ ਵੰਸ਼ਾਉਲੀ।

ਇੰਦ੍ਰਪ੍ਰਸਥ ਵਿਚ ਆਰਯ ਲੋਗਾਂਨੇ ਸ਼੍ਰੀਮਨ ਮਹਾਰਾਜ "ਯਸ਼ਪਾਲ" ਤਿਕ ਰਾਜ ਕੀਤਾ, ਜਿਨ੍ਹਾਂ ਵਿਚੋਂ ਸ਼੍ਰੀਮਨ ਮਹਾਂਰਾਜੇ "ਯੁਧਿਸ਼ਟਿਰ" ਥੀਂ ਮਹਾਂਰਾਜੇ "ਯਸ਼ਪਾਲ" ਤਿਕ ਵੰਸ਼ ਅਰਥਾਤ ਪੀੜ੍ਹੀ ਅਨੁਮਾਨ ੧੨੪ ( ਇਕਸੌ ਚਹ੍ਰੀ ) ਰਾਜਾ ਵਰਖ ੪੧੫੭ ਮਾਸ ੯ ਦਿਨ ੧੪ ਸਮੇਂ ਵਿਚ ਹੋਏ ਹਨ, ਇਨ੍ਹਾਂ ਦਾ ਵਿਅਉਰਾਃ———

| ਰਾਜਾ | ਸ਼ਕ | ਵਰਖ | ਮਾਸ | ਦਿਨ |
|---|---|---|---|---|
| ਆਰਯ ਰਾਜਾ | ੧੨੪ | ੪੧੫੭ | ੯ | ੧੪ |

ਸ਼੍ਰੀਮਨ ਮਹਾਂਰਾਜੇ ਯੁਧਿਸ਼ਟਰ ਆਦੀ ਵੰਸ਼
ਅਨੁਮਾਨ ਪੀੜ੍ਹੀ ੩੦ ਵਰਖ ੧੭੭੦ ਮਾਸ ੧੧ ਦਿਨ ੧੦
ਇਨ੍ਹਾਂ ਦਾ ਵਿਸਤਾਰਃ——

| ਆਰਯ ਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਰਾਜਾ ਯੁਧਿਸ਼ਟ | ੩੬ | ੮ | ੨੫ |
| ੨ ਰਾਜਾ ਪਰੀਖਿਤ | ੬੦ | ੦ | ੦ |
| ੩ ਰਾਜਾ ਜਨਮੇਜਾ | ੮੪ | ੭ | ੨੩ |
| ੪ ਰਾਜਾ ਅਸ਼ੂਮੇਧ | ੮੨ | ੮ | ੨੨ |
| ੫ ਦ੍ਵਿਤੀਯਰਾਮ | ੮੮ | ੨ | ੮ |
| ੬ ਛਤ੍ਰਮਲ | ੮੧ | ੧੧ | ੨੭ |
| ੭ ਚਿਤ੍ਰਰਥ | ੭੫ | ੩ | ੧੮ |
| ੮ ਦੁਸ਼ਟ ਸੈਲ | ੭੫ | ੧੦ | ੨੪ |
| ੯ ਰਾਜਾ ਉਗ੍ਰਸੈਨ | ੭੮ | ੭ | ੨੧ |
| ੧੦ ਰਾਜਾ ਸੂਰਸੈਨ | ੭੮ | ੭ | ੨੧ |
| ੧੧ ਭੁਵਨਪਤੀ | ੬੯ | ੫ | ੫ |
| ੧੨ ਰਣਜੀਤ | ੬੫ | ੧੦ | ੪ |
| ੧੩ ਰਿਖੱਕ | ੬੪ | ੭ | ੪ |
| ੧੪ ਸੁਖਦੇਵ | ੬੨ | ੦ | ੨੪ |
| ੧੫ ਨਰ ਹਰੀ ਦੇਵ | ੫੧ | ੧੦ | ੨ |
| ੧੬ ਸੁਚੀਰਥ | ੪੨ | ੧੧ | ੨ |
| ੧੭ ਸੂਰਸੈਨ(ਦੂਜਾ) | ੫੮ | ੧੦ | ੮ |
| ੧੮ ਪਰਬਤਸੈਨ | ੫੫ | ੮ | ੧੦ |
| ੧੯ ਮੇਧਾਵੀ | ੫੨ | ੧੦ | ੧੦ |
| ੨੦ ਸੋਨਚੀਰ | ੫੦ | ੮ | ੨੧ |
| ੨੧ ਭੀਮਦੇਵ | ੪੭ | ੯ | ੨੦ |
| ੨੨ ਨਰਹਰੀਦੇਵ | ੪੫ | ੧੧ | ੨੩ |
| ੨੩ ਪੂਰਨਮਲ | ੪੪ | ੮ | ੭ |
| ੨੪ ਕਰਦਵੀ | ੪੪ | ੧੦ | ੮ |
| ੨੫ ਅਲੰਮਿਕ | ੫੦ | ੧੧ | ੮ |
| ੨੬ ਉਦੈਪਾਲ | ੩੮ | ੯ | ੦ |
| ੨੭ ਦੁਬਨਵੈਲ | ੪੦ | ੧੦ | ੨੬ |
| ੨੮ ਦਮਾਤ | ੩੨ | ੦ | ੦ |
| ੨੯ ਭੀਮਪਾਲ | ੫੮ | ੫ | ੮ |
| ੩੦ ਖੇਮੱਕ | ੪੮ | ੧੧ | ੨੧ |

ਰਾਜਾ ਖੇਮੱਕ ਦੇ ਪ੍ਰਧਾਨ ਵਿਸ਼੍ਰਵਾ ਨੇ ਖੇਮੱਕ ਰਾਜਾ ਨੂੰ ਮਾਰਕੇ ਰਾਜ ਕੀਤਾ ਪੀੜ੍ਹੀ ੧੪ ਵਰਖ ੫੦੦ ਮਾਸ ੩ ਦਿਨ ੧੭

ਇਨ੍ਹਾਂ ਦਾ ਵਿਸਤਾਰਃ—

| ਆਰਯ ਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਵਿਸ਼੍ਰਵਾ | ੧੭ | ੩ | ੨੯ |
| ੨ ਪੁਰਸੈਨੀ | ੪੨ | ੮ | ੨੧ |
| ੩ ਵੀਰਸੈਨੀ | ੫੨ | ੧੦ | ੭ |
| ੪ ਅਨੰਗਸਾਈ | ੪੭ | ੮ | ੨੩ |
| ੫ ਹਰੀਜਿਤ | ੩੫ | ੯ | ੧੭ |
| ੬ ਪਰਮਸੈਨੀ | ੪੪ | ੨ | ੨੩ |
| ੭ ਸੁਖਪਾਤਾਲ | ੩੦ | ੨ | ੨੧ |
| ੮ ਕਦ੍ਰਤ | ੪੨ | ੯ | ੨੪ |
| ੯ ਸੱਜ | ੩੨ | ੨ | ੧੪ |
| ੧੦ ਅਮਰਚੂੜ | ੭੭ | ੩ | ੧੬ |
| ੧੧ ਅਮੀਪਾਲ | ੨੨ | ੧੧ | ੨੫ |
| ੧੨ ਦਸਰਥ | ੨੫ | ੪ | ੧੨ |
| ੧੩ ਵੀਰਸਾਲ | ੩੧ | ੮ | ੧੧ |
| ੧੪ ਵੀਰਸਾਲਸੈਨ | ੪੭ | ੦ | ੧੪ |

ਰਾਜਾ ਵੀਰਸਾਲਸੈਨ ਨੂੰ ਵੀਰਸਿੰਹ ਪ੍ਰਧਾਨ ਨੇ ਮਾਰਕੇ ਰਾਜ ਕੀਤਾ ਵੰਸ਼ ੧੬ ਵਰਖ ੪੪੫ ਮਾਸ ੫ ਦਿਨ ੩

ਇਨ੍ਹਾਂ ਦਾ ਵਿਸਤਾਰਃ—

| ਆਰਯ ਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਰਾਜਾ ਵੀਰਸਿੰਹ | ੩੫ | ੧੦ | ੮ |
| ੨ ਅਜਿਤਸਿੰਹ | ੨੭ | ੭ | ੧੯ |
| ੩ ਸਰਬਦਤ | ੨੮ | ੩ | ੧੦ |
| ੪ ਭੁਵਨਪਤੀ | ੧੫ | ੪ | ੧੦ |

| ਆਰਯਰਾਜਾ | ਵਰਖ | ਮਾਸ | ਦਿਨ |
|---|---|---|---|
| ੫ ਵੀਰਸੈਨ | ੨੧ | ੨ | ੧੩ |
| ੬ ਮਹੀਪਾਲ | ੪੦ | ੮ | ੭ |
| ੭ ਸ਼ਤ੍ਰੁਸਾਲ | ੨੬ | ੪ | ੩ |
| ੮ ਸੰਘੌਰਾਜ | ੧੭ | ੨ | ੧੦ |
| ੯ ਤੇਜ਼ਪਾਲ | ੨੮ | ੧੧ | ੧੦ |
| ੧੦ ਮਾਣਿਕਚੰਦ | ੩੭ | ੭ | ੨੧ |
| ੧੧ ਕਾਂਮਸੇਨੀ | ੪੨ | ੫ | ੧੦ |
| ੧੨ ਸ਼ਤ੍ਰੁਮਰਦਨ | ੮ | ੧੧ | ੧੩ |
| ੧੩ ਜੀਵਨ ਲੋਕ | ੨੮ | ੯ | ੧੭ |
| ੧੪ ਹਰੀਰਾਵ | ੨੬ | ੧੦ | ੨੯ |
| ੧੫ ਵੀਰਸੇਨ(ਦੂਜਾ) | ੩੫ | ੨ | ੧੦ |
| ੧੬ ਆਦਿਤ ਕੇਤੂ | ੨੩ | ੧੧ | ੧੩ |

ਰਾਜਾ ਆਦਿਤਕੇਤੂ ਮਗਧ ਦੇਸ਼ ਦੇ ਰਾਜਾ ਨੂੰ "ਧਨਧਰ" ਨਾਮ ਵਾਲੇ ਰਾਜਾ ਪ੍ਰਯਾਗ ਦੇ ਨੇ ਮਾਰਕੇ ਰਾਜ ਕੀਤਾ ਵੰਸ਼ ਪੀੜ੍ਹੀ ੯ ਵਰਖ ੩੭੪ ਮਾਸ ੧੧ ਦਿਨ ੨੬

ਇਨ੍ਹਾਂ ਦਾ ਵਿਸਤਾਰਃ—

| ਆਰਯ ਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਰਾਜਾ ਧਨਧਰ | ੪੨ | ੭ | ੨੪ |
| ੨ ਮਹੱਰਖੀ | ੨੧ | ੨ | ੨੯ |
| ੩ ਸਨੱਰਚੀ | ੫੦ | ੧੦ | ੧੯ |
| ੪ ਮਹਾਂਯੁਧ | ੩੦ | ੩ | ੮ |
| ੫ ਦੁਰਨਾਥ | ੨੮ | ੫ | ੨੫ |
| ੬ ਜੀਵਨਰਾਜ | ੪੫ | ੨ | ੫ |
| ੭ ਰੁਦ੍ਰਸੇਨ | ੪੭ | ੪ | ੨੮ |
| ੮ ਆਰੀਲਕ | ੫੨ | ੧੦ | ੮ |
| ੯ ਰਾਜਪਾਲ | ੩੬ | ੦ | ੦ |

ਰਾਜਾ ਰਾਜਪਾਲ ਨੂੰ ਸਾਮੰਤ ਮਹਾਂਨ ਪਾਲ ਨੇ ਮਾਰਕੇ ਰਾਜ ਕੀਤਾ ਪੀੜ੍ਹੀ ੧ ਵਰਖ ੨੪ ਮਾਸ ੦ ਦਿਨ ੦ ਇਨ੍ਹਾਂ ਦਾ ਵਿਸਤਾਰ ਨਹੀਂ ਹੈ।

ਰਾਜਾ ਮਹਾਂਨਪਾਲ ਦੇ ਰਾਜ ਉਪਰ ਰਾਜਾ ਵਿਕ੍ਰਮਾਦਿਤ ਨੇ "ਅਵੰਤਿਕਾ" (ਉਜੈਨ) ਥੀਂ ਚੜ੍ਹਾਈ ਕਰਕੇ ਰਾਜਾ ਮਹਾਂਨ ਪਾਲ ਨੂੰ ਮਾਰਕੇ ਰਾਜ ਕੀਤਾ ਪੀੜ੍ਹੀ ੧ ਵਰਖ ੯੩ ਮਾਸ ੦ ਦਿਨ ੦ ਇਨ੍ਹਾਂ ਦਾ ਵਿਸਤਾਰ ਨਹੀ ਹੈ।

ਰਾਜਾ ਵਿਕ੍ਰਮਾਦਿਤ ਨੂੰ ਸਾਲਵਾਹਿਨ ਦਾ ਉਮਰਾਵ ਸਮੁਦ੍ਰਪਾਲ ਜੋਗੀ ਪੈਠਣ ਦੇ ਨੇ ਮਾਰਕੇ ਰਾਜ ਕੀਤਾ ਪੀੜ੍ਹੀ ੧੬ ਵਰਖ ੩੭੨ ਮਾਸ ੪ ਦਿਨ ੨੭

ਇਨ੍ਹਾਂ ਦਾ ਵਿਸਤਾਰਃ—

| ਆਰਯਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਸਮੁਦ੍ਰਪਾਲ | ੫੪ | ੨ | ੨੦ |
| ੨ ਚੰਦ੍ਰਪਾਲ | ੩੬ | ੫ | ੪ |
| ੩ ਸਾਹਾਇਪਾਲ | ੧੧ | ੪ | ੧੧ |
| ੪ ਦੇਵਪਾਲ | ੨੭ | ੧ | ੨੮ |
| ੫ ਨਰਸਿੰਹਪਾਲ | ੧੮ | ੦ | ੨੦ |
| ੬ ਸਾਂਮਪਾਲ | ੨੭ | ੧ | ੧੭ |
| ੭ ਰਘੁਪਾਲ | ੨੨ | ੩ | ੨੫ |
| ੮ ਗੋਵਿੰਦਪਾਲ | ੨੭ | ੧ | ੧੭ |
| ੯ ਅੰਮ੍ਰਿਤਪਾਲ | ੩੬ | ੧੦ | ੧੩ |
| ੧੦ ਬਲੀਪਾਲ | ੧੨ | ੫ | ੨੭ |
| ੧੧ ਮਹੀਪਾਲ | ੧੩ | ੮ | ੪ |
| ੧੨ ਹਰੀਪਾਲ | ੧੪ | ੮ | ੪ |

| ਆਰਯਰਾਜਾ | ਵਰਖ | ਮਾਸ | ਦਿਨ |
|---|---|---|---|
| ੧੩ ਸੀਸਪਾਲ* | ੧੧ | ੧੦ | ੧੩ |
| ੧੪ ਮਦਨਪਾਲ | ੧੭ | ੧੦ | ੧੯ |
| ੧੫ ਕਰਮਪਾਲ | ੧੬ | ੨ | ੨ |
| ੧੬ ਵਿਕ੍ਰਮਪਾਲ | ੨੪ | ੧੧ | ੧੩ |

ਰਾਜਾ ਵਿਕ੍ਰਮਪਾਲ ਨੇ ਪਛੱਮ ਦਿਸ਼ਾ ਦੇ ਰਾਜਾ ( ਮੁਲਖਚੰਦ ਬੋਹਰਾ ਸੀ ) ਓਸ ਉਪਰ ਚੜ੍ਹਾਈ ਕਰਕੇ ਮਦਾਂਨ ਵਿਚ ਲੜਾਈ ਕੀਤੀ ਏਸ ਲੜਾਈ ਵਿਚ ਮਲੁਖਚੰਦ ਨੈਂ ਵਿਕ੍ਰਮਪਾਲ ਨੂੰ ਮਾਰਕੇ ਇੰਦ੍ਰਪ੍ਰਸਥ ਦਾ ਰਾਜ ਕੀਤਾ ਪੀੜ੍ਹੀ ੧੦ ਵਰਖ ੧੯੧ ਮਾਸ ੧ ਦਿਨ ੧੬

ਇਨਾਂ ਦਾ ਵਿਸਤਾਰਃ—

| ਆਰਯ ਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਮਲੁਖ ਚੰਦ | ੫੪ | ੨ | ੧੦ |
| ੨ ਵਿਕ੍ਰਮਚੰਦ | ੧੨ | ੭ | ੧੨ |
| ੩ ਅਮੀਂਨਚੰਦ† | ੧੦ | ੦ | ੫ |
| ੪ ਰਾਂਮਚੰਦ | ੧੩ | ੧੧ | ੮ |
| ੫ ਹਰੀਚੰਦ | ੧੪ | ੯ | ੨੪ |
| ੬ ਕਲਿਆਂਣਚੰਦ | ੧੦ | ੫ | ੪ |
| ੭ ਭੀਮਚੰਦ | ੧੬ | ੨ | ੯ |
| ੮ ਲੋਵਚੰਦ | ੨੬ | ੩ | ੨੨ |
| ੯ ਗੋਵਿੰਦਚੰਦ | ੩੧ | ੭ | ੧੨ |
| ੧੦ ਰਾਣੀਪਦਮਾਵਤੀ‡ | ੧ | ੦ | ੦ |

* ਕਿਸੇ ਇਤਿਹਾਸ ਵਿਚ ਭੀਮਪਾਲ ਬੀ ਲਿਖਿਆ ਹੈ

† ਇਨ੍ਹਾਂ ਦਾ ਨਾਮ ਕਿਦੇ ਮਾਨਕਚੰਦ ਬੀ ਲਿਖਿਆ ਹੈ।

‡ ਏਹ ਪਦਮਾਵਤੀ ਗੋਵਿੰਦ ਚੰਦ ਦੀ ਰਾਣੀ ਸੀ।

ਰਾਣੀ ਪਦਮਾਵਤੀ ਮਰ ਗਈ ਏਸਦਾ ਪੁਤ੍ਰ ਬੀ ਕੋਈ ਨਹੀ ਸੀ ਏਸਲਈ ਸਭ ਮੁਤਸਦੀਓਂ ਨੇ ਸਲਾਹ ਕਰਕੇ ਹਰੀ ਪ੍ਰੇਮ ਵੈਰਾਗੀ ਨੂੰ ਗਦੀ ਉਪਰ ਬਠਾਕੇ ਮੁਤਸੱਦੀ ਰਾਜ ਕਰਨ ਲਗੇ ਪੀੜ੍ਹੀ ੪ ਵਰਖ ੫੦ ਮਾਸ ੦ ਦਿਨ ੨੧

ਹਰੀਪ੍ਰੇਮਦਾ ਵਿਸਤਾਰਃ—

| ਆਰਯ ਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਹਰੀਪ੍ਰੇਮ | ੭ | ੫ | ੧੬ |
| ੨ ਗੋਵਿੰਦ ਪ੍ਰੇਮ | ੨੦ | ੨ | ੮ |
| ੩ ਗੋਪਾਲਪ੍ਰੇਮ | ੧੫ | ੭ | ੨੮ |
| ੪ ਮਹਾਂਬਾਹੂ | ੬ | ੮ | ੨੯ |

ਰਾਜਾ ਮਹਾਂਬਾਹੂ ਰਾਜ ਛਡਕੇ ਬਨ ਵਿਚ ਤਪਸਚਰਯਾ ਕਰਨੇ ਗਏ, ਏਹ ਬੰਗਾਲ ਦੇ ਰਾਜਾ ਆਧੀਸੇਨ ਨੈ ਸੁਣਕੇ ਇੰਦ੍ਰਪ੍ਰਸਥ ਵਿਚ ਆਕੇ ਆਪ ਰਾਜ ਕਰਨ ਲਗੇ ਪੀੜ੍ਹੀ ੧੨ ਵਰਖ ੧੫੧ ਮਾਸ ੧੧ ਦਿਨ ੨

ਇਨਾਂ ਦਾ ਵਿਸਤਾਰਃ—

| ਆਰਯਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਰਾਜਾ ਆਧੀਸੇਨ | ੧੮ | ੫ | ੨੧ |
| ੨ ਵਿਲਾਵਲਸੇਨ | ੧੨ | ੪ | ੨ |
| ੩ ਕੇਸ਼ਵਸੇਨ | ੧੫ | ੭ | ੧੨ |
| ੪ ਮਾਧਸੇਨ | ੧੨ | ੪ | ੨ |
| ੫ ਮਯੂਰਸੇਨ | ੨੦ | ੧੧ | ੨੭ |
| ੬ ਭੀਮਸੇਨ | ੫ | ੧੦ | ੯ |
| ੭ ਕਲਿਆਣਸੇਨ | ੪ | ੮ | ੨੧ |
| ੮ ਹਰੀਸੇਨ | ੧੨ | ੦ | ੨੫ |
| ੯ ਖੇਮਸੇਨ | ੮ | ੧੧ | ੧੫ |

| ਆਰਯਰਾਜਾ | ਵਰਖ | ਮਾਸ | ਦਿਨ |
|---|---|---|---|
| ੧੦ਨਾਰਾਇਣਸੇਨ | ੨ | ੨ | ੨੯ |
| ੧੧ਲਖਮੀਸੇਨ | ੨੬ | ੧੦ | ੦ |
| ੧੨ਦਾਮੋਦਰਸੇਨ | ੧੧ | ੫ | ੧੯ |

ਰਾਜਾਦਾਮੋਦਰਸੇਨ ਨੇਂ ਅਪਣੇ ਉਮਰਾਵ ਨੂੰ ਬਹੁਤ ਦੁਖ ਦਿਤਾ, ਇਸ ਲਈ ਰਾਜਾਦੇ ਉਮਰਾਵ ਦੀਪਸਿੰਹ ਨੇ ਸੈਨਾ ਮਿਲਾਕੇ ਰਾਜਾਦੇ ਨਾਲ ਲੜਾਈ ਕੀਤੀ,ਉਸ ਲੜਾਈ ਵਿਚ ਰਾਜਾ ਨੂੰ ਮਾਰਕੇ ਦੀਪਸਿੰਹ ਆਪ ਰਾਜ ਕਰਨ ਲਗ ਪੀੜ੍ਹੀ ੬ ਵਰਖ ੧੦੭ ਮਾਸ ੬ ਦਿਨ ੨੨

ਇਨ੍ਹਾਂ ਦਾ ਵਿਸਤਾਰਃ-

| ਆਰਯਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਦੀਪਸਿੰਹ | ੧੭ | ੧ | ੨੬ |
| ੨ ਰਾਜਸਿੰਹ | ੧੪ | ੫ | ੦ |
| ੩ ਰਣਸਿੰਹ | ੯ | ੮ | ੧੧ |
| ੪ ਨਰਸਿੰਹ | ੪੫ | ੦ | ੧੫ |
| ੫ ਹਰੀਸਿੰਹ | ੧੩ | ੨ | ੨੯ |
| ੬ ਜੀਵਨਸਿੰਹ | ੮ | ੦ | ੧ |

ਰਾਜਾ ਜੀਵਣਸਿੰਹ ਨੇ ਕੁਝ ਕਾਰਣ ਥੀਂ ਅਪਣੀ ਸਾਰੀ ਸੈਨਾ ਉਤ੍ਰ ਦਿਸ਼ਾ ਨੂੰ ਭੇਜ ਦਿਤੀ, ਇਹ ਖਬਰ ਪ੍ਰਿਥਵੀ ਰਾਜ ਚੌਹਾਣ ਵੈਰਾਟ ਦੇ ਰਾਜਾ ਸੁਣਕੇ ਜੀਵਣਸਿੰਹ ਦੇ ਉਪਰ ਚੜ੍ਹਾਈ ਕਰਕੇ ਆਏ ਅਰ ਲੜਾਈਵਿਚ ਜੀਵਣਸਿੰਹ ਨੂੰ ਮਾਰਕੇ ਇੰਦ੍ਰਪ੍ਰਸਥ ਦਾਰਾਜ ਕੀਤਾ,* ਪੀੜ੍ਹੀ ੫ ਵਰਖ ੮੬ ਮਾਸ ੦ ਦਿਨ ੨੦

ਇਨ੍ਹਾਂ ਦਾ ਵਿਸਤਾਰਃ-

| ਆਰਯਰਾਜਾ | ਵਰਖ | ਮਾਸ | ਦਿਨ |
|---|---|---|---|
| ੧ ਪ੍ਰਿਥ੍ਵੀਰਾਜ | ੧੨ | ੨ | ੧੯ |
| ੨ ਅਭੈਪਾਲ | ੧੪ | ੫ | ੧੭ |
| ੩ ਦੁਰਜਨਪਾਲ | ੧੧ | ੪ | ੧੪ |
| ੪ ਉਦੈਪਾਲ | ੧੧ | ੭ | ੩ |
| ੫ ਯਸ਼ਪਾਲ | ੩੬ | ੪ | ੨੭ |

ਰਾਜਾ ਯਸ਼ਪਾਲ ਦੇ ਉਪਰ ਸੁਲਤਾਂਨ ਸ਼ਹਾਬੁਦੀਨ ਗੌਰੀ, ਗਢ ਗਜਨੀ ਥੀਂ ਚੜ੍ਹਾਈ ਕਰਕੇ ਆਇਆ ਅਰ ਰਾਜਾ ਯਸ਼ਪਾਲ ਨੂੰ ਪ੍ਰਯਾਗ ਦੇ ਕਿਲੇ ਵਿਚ ਸੰਵਤ੧੨੪੯ ਵਰ੍ਹੇ ਵਿਚ ਪਕੜਕੇ ਕੈਦ ਕੀਤਾ,ਪਿਛੋਂ ਇੰਦ੍ਰਪ੍ਰਸਥ ਅਰਥਾਤ

---

ਨੋਟ

* ਏਸਦੇ ਅਗੇ ਹੋਰ ਇਤਹਾਸਾਂ ਵਿਚ ਏਸਤਰਾਂ ਹੈ ਕਿ ਮਹਾਰਾਜ ਪ੍ਰਿਥ੍ਵੀ ਰਾਜਦੇ ਉਪਰ ਸੁਲਤਾਂਨ ਸ਼ਹਾਬੁਦੀਨ ਗੌਰੀ ਚੜ੍ਹਕੇ ਆਇਆ ਅਰ ਕਈ ਵਾਰ ਹਾਰਕੇ ਪਿਛਾਂ ਮੁੜ ਗਿਆ ਅੰਤ ਵਿਚ ਸੰਵਤ ੧੨੪੯ ਵਿਚ ਆਪਸਦੀ ਫੁਟਦੇ ਸਬਬੋਂ ਮਹਾਰਾਜ ਪ੍ਰਿਥ੍ਵੀ ਰਾਜ ਨੂੰ ਜਿਤ ਅਨ੍ਹਾਂ ਕਰ ਅਪਣੇ ਦੇਸ਼ਨੂੰ ਲੈ ਗਿਆ। ਪਿਛੋਂ ਦਿਲੀ (ਇੰਦ੍ਰ ਪ੍ਰਸਥ) ਦਾ ਰਾਜ ਆਪ ਕਰਨ ਲਗਾ- ਮੁਸਲਮਾਨਾਂ ਦਾ ਰਾਜ ਪੀੜ੍ਹੀ ੪੫ ਵਰਖ ੬੧੩ ਰਹਿਆ।

ਦਿਲੀ ਦਾ ਰਾਜ ਆਪ ( ਸੁਲਤਾਂਨ ਸ਼ਹਾਬੁੱਦੀਨ ) ਕਰਨ ਲਗਾ ਪੀੜ੍ਹੀ ੫੩ ਵਰਖ ੭੫੪ ਮਾਸ ੧ ਦਿਨ ੧੭ ਇਨ੍ਹਾਂ ਦਾ ਵਿਸਤਾਰ ਬਹੁਤ ਇਤਹਾਸ ਪੁਸਤਕ ਵਿਚ ਲਿਖਿਆ ਹੈ ਏਸ ਲਈ ਇਥੇ ਨਹੀ ਲਿਖਿਆ ॥

ਏਸਦੇ ਅਗੇ ਬੁਧ, ਜੈਨ ਮਤ ਵਿਸ਼ੇਵਿਚ ਲਿਖਿਆ ਜਾਸੀ ॥

इति श्रीमद्दयानन्दसरस्वती स्वामिनिर्मिते सत्यार्थ प्रकाशे
सुभाषाविभूषित आर्य्यावर्तीय मत खण्डनमण्डन
विषय एकादशः समुल्लासः सम्पूर्णः ॥ ११

# ਅਨੁਭੂਮਕਾ ( ੨ )

ਜਦ ਆਰਯਾਵਰਤ ਵਿਚ ਰਹਿਣ ਵਾਲੇ ਮਨੁਖਾਂ ਵਿਚ ਸਚ, ਝੂਠ ਦਾ ਜੇਹਾ
ਚਾਹੀਏ ਤੇਹਾ ਨਿਰਣਾ ਕਰਾਣੇ ਵਾਲੀ ਵੇਦਵਿਦਿਆ ਛੁਟਕੇ ਅਵਿਦਿਆ
ਫੈਲਕੇ ਮਤ ਮਤਾਂਤ੍ਰ ਖੜੇ ਹੋਏ ਇਹੀ ਜੈਨ ਆਦੀ ਦੇ ਵਿਦਿਆ ਵਿਰੁਧ
ਮਤ ਪ੍ਰਚਾਰ ਦਾ ਕਾਰਣ ਹੋਇਆ, ਕਿਉਂਕਿ ਬਾਲਮੀਕੀਰਾਮਾਇਣ ਅਰ
ਮਹਾਂਭਾਰਤ ਆਦੀ ਵਿਚ ਜੈਨੀਆਂ ਦਾ ਨਾਉਂ ਮਾਤ੍ਰ ਬੀ ਨਹੀ ਲਿਖਿਆ,
ਅਰ ਜੈਨੀਆਂਦੇ ਗ੍ਰੰਥਾਂ ਵਿਚ ਬਾਲਮੀਕੀ ਰਾਮਾਇਣ ਅਰ ਭਾਰਤ ਵਿਚ ਕਹੀ
ਹੋਈ ਰਾਮ ਕ੍ਰਿਸ਼ਨ ਆਦੀ ਦੀ ਕਥਾ ਵਡੇ ਵਿਸਤਾਰ ਨਾਲ ਲਿਖੀਆਂ ਹਨ,
ਏਸ ਥੀਂ ਇਹ ਸਿਧ ਹੁੰਦਾ ਹੈ ਕਿ ਇਹ ਮਤ ਇਨ੍ਹਾਂ ਦੇ ਪਿਛੋਂ ਚਲਿਆ,
ਕਿਉਂਕਿ ਜੇਹਾ ਅਪਣੇ ਮਤਨੂੰ ਬਹੁਤ ਪੁਰਾਣੇ ਜੈਨੀ ਲੋਕ ਲਿਖਦੇ ਹਨ ਉਹੋ
ਜੇਹਾ ਹੁੰਦਾ ਤਾਂ ਬਾਲਮੀਕੀ ਰਮਾਇਣ ਆਦੀ ਗ੍ਰੰਥਾਂ ਵਿਚ ਉਨ੍ਹਾਂਦੀ ਕਥਾ
ਜ਼ਰੂਰ ਹੁੰਦੀ, ਏਸ ਵਾਸਤੇ ਜੈਨ ਮਤ ਇਨ੍ਹਾਂ ਗ੍ਰੰਥਾਂ ਦੇ ਪਿਛੋਂ ਚਲਿਆ ਹੈ,
ਕੋਈ ਆਖੇ ਕਿ ਜੈਨੀਆਂ ਦੇ ਗ੍ਰੰਥਾਂ ਵਿਚੋਂ ਕਥਾ ਨੂੰ ਲੈਕੇ ਬਾਲਮੀਕੀ ਰਮਾ
ਇਣ ਆਦੀ ਗ੍ਰੰਥ ਬਣ ਗਏ ਹੋਂਨ ਗੇ, ਤਾਂ ਉਨ੍ਹਾਂ ਪਾਸੋਂ ਪੁਛਣਾ ਚਾਹੀਏ ਕਿ
ਬਾਲਮੀਕੀਰਮਾਇਣ ਆਦੀ ਵਿਚ ਤੁਹਾਡੇ ਗ੍ਰੰਥਾਂਦਾ ਨਾਉਂ ਲੇਖਬੀ ਕਿਉਂ
ਨਹੀਂ? ਅਰ ਤੁਹਾਡੇ ਗ੍ਰੰਥਾਂਵਿਚ ਕਿਉਂ ਹੈ? ਕੀ, ਪਿਤਾਦੇ ਜਨਮ ਦਾ ਵੇਖਣਾ
ਪੁਤ੍ਰ ਕਰ ਸਕਦਾ ਹੈ? ਕਦੀ ਨਹੀ, ਏਸਥੀਂ ਇਹ ਬੀ ਸਿਧ ਹੁੰਦਾ ਹੈ ਕਿ
ਜੈਨ, ਬਊਧਮਤ, ਸ਼ੈਵ, ਸ਼ਕਤੀ ਆਦੀ ਮਤਾਂਦੇ ਪਿਛੋ ਚਲਿਆ ਹੈ, ਹੁਣ ਏਸ਼
੧੨ ਬਾਰ੍ਹਵੇਂ ਸਮੁਲੱਾਸ ਵਿਚ ਜੋ ਜੋ ਜੈਨੀਆਂ ਦੇ ਮਤ ਵਿਸ਼ੇ ਵਿਚ ਲਿਖਿਆ
ਗਿਆ ਹੈ ਸੋ ਸੋ ਉਨ੍ਹਾਂ ਦੇ ਗ੍ਰੰਥਾਂਦੇ ਪਤੇ ਦੇ ਅਨੁਸਾਰ ਲਿਖਿਆ ਹੈ, ਏਸ ਵਿਚ
ਜੈਨੀ ਲੋਕਾਂ ਨੂੰ ਬੁਰਾ ਨਾ ਮਨਣਾ ਚਾਹੀਏ, ਕਿਉਂਕਿ ਜੋ ਜੋ ਅਸਾਂਨੇ ਇਨ੍ਹਾਂ
ਦੇ ਮਤ ਵਿਸ਼ੇ ਵਿਚ ਲਿਖਿਆ ਹੈ ਉਹ ਕੇਵਲ ਸਚ ਝੂਠ ਦੇ ਨਿਰਣੇ ਵਾਸਤੇ
ਹੈ ਨਾ ਕਿ ਝਗੜਾ ਵਾ ਨੁਕਸਾਂਨ ਕਰਨ ਵਾਸਤੇ। ਏਸ ਲੇਖਨੂੰ ਜਦ ਜੈਨੀ
ਬਊਧ ਵਾ ਹੋਰ ਲੋਕ ਵੇਖਨ ਗੇ ਤਦ ਸਾਰਿਆਂ ਨੂੰ ਸਚ ਝੂਠਦੇ ਨਿਰਣੇ ਵਿਚ
ਵਿਚਾਰ ਅਰ ਲੇਖ ਕਰਨ ਦਾ ਸਮਾਂ ਮਿਲੇਗਾ, ਅਰ ਗਿਆਂਨ ਬੀ ਹੋਵੇਗਾ,

ਜਦ ਤਿਕ ਵਾਦੀ ਪ੍ਰਤੀਵਾਦੀ ਹੋਕੇ ਪ੍ਰੀਤ ਨਾਲ ਵਾਦ ਵਾ ਲੇਖ ਨਾ ਕੀਤਾ ਜਾਵੇ ਤਦ ਤਿਕ ਸਚ ਝੂਠ ਦਾ ਨਿਰਣਾ ਨਹੀ ਹੋ ਸਕਦਾ, ਜਦ ਵਿਦਵਾਂਨ ਲੋਕਾਂ ਵਿਚ ਸਚ ਝੂਠ ਦਾ ਨਿਸਚਾ ਨਹੀ ਹੁੰਦਾ ਤਦੀ ਅਵਿਦਵਾਨਾਂ ਨੂੰ ਵਡੇ ਹਨੇਰੇ ਵਿਚ ਪੈਕੇ ਬਹੁਤ ਦੁਖ ਉਠਾਣਾ ਪੈਂਦਾ ਹੈ, ਏਸ ਵਾਸਤੇ ਸਚ ਦੇ ਜੈ ਅਰ ਝੂਠ ਦੇ ਖੈ ਦੇ ਵਾਸਤੇ ਮਿਤ੍ਰਤਾ ਨਾਲ ਵਾਦ ਵਾ ਲੇਖ ਕਰਨਾ ਸਾਡੀ ਮਨੁਖ ਜਾਤੀ ਦਾ ਮੁਖ ਕੰਮ ਹੈ, ਜੇਕਰ ਅਜੇਹਾ ਨਾ ਹੋਵੇ ਤਾਂ ਮਨੁਖਾਂ ਦੀ ਉਨਤੀ ਕਦੀ ਨਾ ਹੋਵੇ, ਅਰ ਇਹ ਬਉਧ ਜੈਨ ਮਤ ਦਾ ਵਿਸ਼ਾ ਬਿਨਾ ਇਨ੍ਹਾਂਦੇ ਹੋਰਨਾਂ ਮਤ ਵਾਲਿਆਂ ਨੂੰ ਅਪੂਰਬ ਲਾਭ ਅਰ ਬੋਧ ਕਰਨ ਵਾਲਾ ਹੋਵੇ ਗਾ, ਕਿਉਂ ਕਿ ਇਹ ਲੋਕ ਅਪਣੇ ਪੁਸਤਕਾਂ ਨੂੰ ਕਿਸੇ ਹੋਰ ਮਤ ਵਾਲੇ ਨੂੰ ਵੇਖਣ, ਪੜ੍ਹਨ ਵਾ ਲਿਖਣ ਨੂੰ ਬੀ ਨਹੀ ਦਿੰਦੇ, ਵਡੇ ਪਰਜਤਨ ਨਾਲ ਮੇਰੇ ਅਰ ਵਸ਼ੇ ਆਰਯਾਸਮਾਜ ਬੰਬਈ ਦੇ ਮੰਤ੍ਰੀ ਸੇਠ ਸੇਵਕਲਾਲ ਕ੍ਰਿਸ਼ਨਦਾਸ ਦੇ ਪੁਰਖਾਰਥ ਨਾਲ ਗ੍ਰੰਥ ਪ੍ਰਾਪਤ ਹੋਏ ਹਨ, ਤਥਾ ਕਾਂਸ਼ੀ ਵਾਲੇ "ਜੈਨ ਪ੍ਰਭਾਕਰ" ਯੰਤ੍ਰਾਲਯ ਵਿਚ ਛਪਣੇ ਅਰ ਬੰਬਈ ਵਿਚ ਪ੍ਰਕਰਣ ਰਤਨਾਕਰ ਗ੍ਰੰਥ ਦੇ ਛਪੱਣ ਥੀਂ ਬੀ ਸਾਰਿਆਂ ਲੋਕਾਂ ਨੂੰ ਜੈਨੀਆਂ ਦਾ ਮਤ ਵੇਖਣਾ ਸਹਜ ਹੋਇਆ ਹੈ। ਭਲਾ ਇਹ ਕੇਹੜੇ ਵਿਦਵਾਨਾਂ ਦੀ ਗਲ ਹੈ ਕਿ ਅਪਣੇ ਮਤ ਦੀ ਪੁਸਤਕ ਆਪ ਹੀ ਵੇਖਣਾ ਅਰ ਦੂਜਿਆਂ ਨੂੰ ਨਾ ਵਿਖਾਣਾ, ਇਸੇ ਥੀਂ ਮਲੂਮ ਹੁੰਦਾ ਹੈ ਕਿ ਇਨ੍ਹਾਂ ਗ੍ਰੰਥਾਂ ਦੇ ਬਣਾਣ ਵਾਲਿਆਂ ਨੂੰ ਪਹਿਲਾਂ ਹੀ ਸ਼ੰਕਾ ਸੀ ਕਿ ਇਨ੍ਹਾਂ ਗ੍ਰੰਥਾਂ ਵਿਚ ਅਣ ਹੁੰਦੀਆਂ ਗਲਾਂ ਹਨ ਜੋ ਦੂਜੇ ਮਤਵਾਲੇ ਵੇਖਨ ਗੇ ਤਾਂ ਖੰਡਨ ਕਰਨਗੇ, ਅਰ ਸਾਡੇ ਮਤ ਵਾਲੇ ਦੂਜਿਆਂ ਦੇ ਗ੍ਰੰਥ ਵੇਖਨਗੇ ਤਾਂ ਏਸ ਮਤ ਵਿਚ ਸ਼ਰਧਾ ਨਾ ਰਹੇਗੀ। 'ਅਸਤੂ' ਜੋ ਹੋਵੇ ਪ੍ਰੰਤੂ ਬਹੁਤ ਮਨੁਖ ਅਜੇਹੇ ਹਨ ਕਿ ਜਿਨ੍ਹਾਂ ਨੂੰ ਦੋਸ਼ ਤਾਂ ਨਹੀਂ ਦਿਸਦੇ ਕਿੰਤੂ ਦੂਜੇ ਦੇ ਦੋਸ਼ ਵੇਖਣ ਵਿਚ ਤਤਪਰ ਰਹਿੰਦੇ ਹਨ। ਇਹ ਨਿਆਂ ਦੀ ਗਲ ਨਹੀਂ ਕਿਂਉਕਿ ਪਹਿਲਾਂ ਅਪਣੇ ਦੋਸ਼ ਵੇਖ ਕਢਕੇ ਪਿਛੋਂ ਦੂਜੇ ਦੇ ਦੋਸ਼ਾਂ ਵਿਚ ਦ੍ਰਿਸ਼ਟੀ ਦੇਕੇ ਕਢਨ॥

ਹੁਣ ਇਨ੍ਹਾਂ ਬਉਧ, ਜੈਨੀਆਂ ਦੇ ਮਤਦਾ ਵਿਸ਼ਾ ਸਾਰਿਆਂ ਸਜਨਾਂ ਦੇ ਸਾਮਣੇ ਧਰਦਾ ਹਾਂ, ਜੇਹਾ ਹੈ ਉਹੋ ਜੇਹਾ ਵਿਚਾਰਨ।

किमधिकलेखेन बुद्धिमद्वर्य्येषु॥

—+:⊗:+—

# ਬਾਰ੍ਹਵਾਂ ਸਮੁੱਲਾਸ

## ਨਾਸਤਕ ਮਤ ਦੇ ਅੰਤ੍ਰਗਤ ਚਾਰਵਾਕ ਬਊਧ, ਜੈਨ ਮਤ ਦੇ ਖੰਡਨ ਮੰਡਨ ਵਿਸ਼ੇ ਦਾ ਵਿਆਖਿਆਂਨ॥

ਕੋਈਕ ਬ੍ਰਿਹਸਪਤੀ ਨਾਮ ਵਾਲਾ ਪੁਰਖ ਹੋਇਆ ਸੀ, ਜੋ ਵੇਦ, ਈਸ਼੍ਵਰ, ਅਰ ਯੱਗ ਆਦੀ ਉੱਤਮ ਕਰਮਾਂ ਨੂੰ ਬੀ ਨਹੀਂ ਮਨਦਾ ਸੀ। ਵੇਖੋ! ਉਨ੍ਹਾਂ ਦਾ ਮਤ:—

यावज्जीवं सुखं जीवेन्नास्ति मृत्योरगोचरः।
भस्मीभूतस्य देहस्य पुनरागमनं कुतः॥

ਕੋਈ ਮਨੁੱਖ ਆਦੀ ਪ੍ਰਾਣੀ ਮੌਤ ਤੋਂ ਬਚਿਆ ਹੋਇਆ ਨਹੀਂ ਹੈ, ਅਰਥਾਤ ਸਾਰਿਆਂ ਨੂੰ ਮਰਨਾ ਹੈ, ਏਸ ਵਾਸਤੇ ਜਿਥੋਂ ਤਿਕ ਸ਼੍ਰੀਰ ਵਿਚ ਜੀਵ ਰਹੇ ਤਿਥੋਂ ਤਿਕ ਸੁਖ ਨਾਲ ਰਹੇ, ਜੋ ਕੋਈ ਕਹੇ ਕਿ ਧਰਮ ਕਰਨ ਨਾਲ ਦੁਖ ਹੁੰਦਾ ਹੈ, ਜੇਕਰ ਧਰਮ ਨੂੰ ਛਡੇ ਤਾਂ ਪੁਨਰਜਨਮ ਵਿਚ ਵਡਾ ਦੁਖ ਪਾਵੇ!

ਓਸਨੂੰ ਚਾਰ ਵਾਕ ਉਤ੍ਰ ਦਿੰਦਾ ਹੈ ਕਿ ਓ ਭੋਲੇ ਭ੍ਰਾਵਾ! ਜੇਕਰ ਮਰੇ ਦੇ ਪਿਛੋਂ ਸ਼੍ਰੀਰ ਭਸਮ ਹੋ ਜਾਂਦਾ ਹੈ ਕਿ ਜਿਸਨੇ ਖਾਧਾ ਪੀਤਾ ਹੈ ਉਹ ਫੇਰ ਜਗਤ ਵਿਚ ਨਾ ਆਵੇਗਾ ਏਸ ਵਾਸਤੇ ਜਿਸਤਰਾਂ ਹੋ ਸਕੇ ਮਉਜ ਵਿਚ ਰਹੋ, ਲੋਕ ਵਿਚ ਨੀਤੀ ਨਾਲ ਚਲੋ, ਈਸ਼੍ਵਰਜ ਨੂੰ ਵਧਾਓ, ਅਰ ਓਸ ਥੀਂ ਇਛੱਤ ਭੋਗ ਕਰੋ, ਇਹੀ ਲੋਕ ਸਮਝੋ, ਪਰਲੋਕ ਕੁਝਨਹੀਂ। ਵੇਖੋ! ਪ੍ਰਿਥਵੀ, ਜਲ, ਅਗ, ਹਵਾ ਇਨ੍ਹਾਂ ਚਹੁੰ ਤੱਤਾਂ ਦੇ ਪਰੀਣਾਮ ਥੀਂ ਇਹ ਸ਼੍ਰੀਰ ਬਣਿਆ ਹੈ, ਏਸ ਵਿਚ ਇਨ੍ਹਾਂਦੇ ਮਿਲਾਪ ਥੀਂ ਚੇਤੰਨ ਉਤਪੰਨ ਹੁੰਦਾ ਹੈ, ਜਿਸਤਰਾਂ ਨਸ਼ਾ ਦੇਣ ਵਾਲੀਆਂ ਚੀਜਾਂ ਦੇ ਖਾਣ ਪੀਣ ਥੀਂ ਨਸ਼ਾ ਉਤਪੰਨ ਹੁੰਦਾ ਹੈ ਇਸੇਤਰਾਂ ਜੀਵ ਸ਼੍ਰੀਰ ਦੇ ਨਾਲ ਉਤਪੰਨ ਹੋਕੇ ਸ਼੍ਰੀਰ ਦੇ ਮਰਣ ਦੇ ਨਾਲ ਆਪਬੀ ਮਰ ਜਾਂਦਾ ਹੈ, ਫੇਰ ਕਿਸਨੂੰ ਪਾਪ ਪੁੰਨਦਾ ਫਲ ਹੋਵੇਗਾ?

तच्चैतन्यविशिष्टदेह एव आत्मा देहातिरिक्त आत्मनि
प्रमाणाभावात्

ਏਸ ਸ਼੍ਰੀਰ ਵਿਚ ਚਹੁੰ ਤੱਤਾਂ ਦੇ ਮਿਲਣ ਨਾਲ ਜੀਵਾਤਮਾ ਉਤਪੰਨ ਹੋਕੇ ਉਨ੍ਹਾਂਹੀਦੇ ਵਿਛੜਨ ਦੇ ਨਾਲ ਮਰ ਜਾਂਦਾ ਹੈ, ਕਿਸਕਰਕੇ ਮੁਏ ਪਿਛੋਂ ਕੋਈਬੀ ਜੀਵ ਪ੍ਰਤਖ ਨਹੀ ਹੁੰਦਾ, ਅਸੀ ਇਕ ਪ੍ਰਤਖ ਹੀ ਨੂੰ ਮਨਦੇ ਹਾਂ, ਕਿਉਂਕਿ ਪ੍ਰਤਖ ਦੇ ਬਿਨਾ ਅਨੁਮਾਨ ਆਦੀ ਹੁੰਦੇ ਹੀ ਨਹੀ, ਏਸਵਾਸਤੇ ਮੁਖ ਪ੍ਰਤੱਖ ਦੇ ਸਾਮਣੇ ਅਨੁਮਾਨ ਆਦੀ ਗਉਣ ਹੋਣ ਥੀਂ ਉਨ੍ਹਾਂਦਾ ਗ੍ਰਹਣ ਨਹੀ ਕਰਦੇ, ਸੁੰਦ੍ਰ ਇਸਤ੍ਰੀ ਦੇ ਸਪਰਸ਼ ਕਰਕੇ ਅਨੰਦ ਦਾ ਕਰਨਾ ਪੁਰਖਾਰਥ ਦਾ ਫਲ ਹੈ।

( ਉਤ੍ਰ ) ਇਹ ਪ੍ਰਿਥ੍ਵੀ ਆਦੀ ਤਤ ਜੜ ਹਨ, ਉਨ੍ਹਾਂ ਥੀਂ ਚੇਤਨ ਦੀ ਉਤਪੱਤੀ ਕਦੀ ਨਹੀ ਹੋ ਸਕਦੀ, ਜਿਸਤਰਾਂ ਹੁਣ ਮਾਤਾ, ਪਿਤਾ ਦੇ ਸੰਯੋਗ ਥੀਂ ਸ਼ੀਰ ਦੀ ਉਤਪੱਤੀ ਹੁੰਦੀ ਹੈ ਉਸੇਤਰਾਂ ਪਹਿਲਾਂ ਸ੍ਰਿਸ਼ਟੀ ਵਿਚ ਮਨੁਖ ਆਦੀ ਸ਼ੀਰਾਂ ਦੀ ਸ਼ਕਲ ਪਰਮੇਸ਼੍ਵਰ ਕਰਤਾ ਦੇ ਬਿਨਾ ਕਦੀ ਨਹੀਂ ਹੋ ਸਕਦੀ, ਨਸ਼ੇ ਦੇ ਵਾਂਙਣ ਚੇਤਨ ਦੀ ਉਤਪੱਤੀ ਅਰ ਨਾਸ ਨਹੀ ਹੁੰਦਾ, ਕਿਸ ਕਰਕੇ ਨਸ਼ਾ ਚੇਤਨ ਨੂੰ ਹੁੰਦਾ ਹੈ ਜੜ ਨੂੰ ਨਹੀ। ਪਦਾਰਥ ਨਸ਼ਟ ਅਰਥਾਤ ਅਦ੍ਰਿਸ਼ਟ ਹੁੰਦੇ ਹਨ ਪ੍ਰੰਤੂ ਅਭਾਵ ਕਿਸੇਦਾ ਨਹੀ ਹੁੰਦਾ, ਇਸੇਤਰਾਂ ਅਦ੍ਰਿਸ਼ਟ ਹੋਣ ਥੀਂ ਜੀਵਦਾ ਬੀ ਅਭਾਵ ਨਾ ਮਨਣਾ ਚਾਹੀਏ। ਜਦ ਜੀਵਾਤਮਾ ਸ਼੍ਰੀਰ ਦੇ ਨਾਲ ਹੁੰਦਾ ਹੈ ਤਦਹੀ ਓਸਦੀ ਪ੍ਰਗਟਤਾ ਹੁੰਦੀ ਹੈ, ਜਦ ਸ਼੍ਰੀਰ ਨੂੰ ਛਡ ਦਿੰਦਾ ਹੈ ਤਦ ਏਹ ਸ਼੍ਰੀਰ ਜੋ ਮਉਤ ਨੂੰ ਪ੍ਰਾਪਤ ਹੋਇਆ ਹੈ ਉਹ ਜੇਹਾ ਚੇਤਨ ਨਾਲ ਮਿਲਿਆ ਹੋਇਆ ਪਹਿਲਾਂ ਸੀ ਉਹੋ ਜੇਹਾ ਨਹੀ ਹੋ ਸਕਦਾ, ਇਹਾ ਹੀ

ਗਲ ਬ੍ਰਿਹਦਾਰਨਜਕ ਵਿਚ ਕਹੀ ਹੈ:-

नाहं मोहं ब्रवीमि अनुच्छित्तिधर्मायमात्मेति ॥

ਯਾਗਵਲਕ ਕਹਿੰਦੇ ਹਨ ਕਿ ਹੇ ਮੈਤ੍ਰੇਈ! ਮੈ ਮੋਹ ਕਰਕੇ ਗਲ ਨਹੀ ਕਹਿੰਦਾ ਕਿੰਤੂ ਆਤਮਾ ਨਾਸ਼ ਥੀਂ ਰਹਿਤ ਹੈ, ਜਿਸ ਦੇ ਮਿਲਣ ਨਾਲ ਸ਼ਰੀਰ ਬਿਹਾਰ ਕਰਦਾ ਹੈ, ਜਦ ਜੀਵ ਸ਼ਰੀਰ ਨਾਲੋਂ ਵਖਰਾ ਹੋ ਜਾਂਦਾ ਹੈ ਤਦ ਸ਼ਰੀਰ ਵਿਚ ਗਿਆਨ ਕੁਝਬੀ ਨਹੀ ਰਹਿੰਦਾ, ਜੇਕਰ ਸ਼ਰੀਰ ਥੀਂ ਵਖਰਾ ਆਤਮਾ ਨਾ ਹੋਵੇ ਤਾਂ ਜਿਸਦੇ ਮਿਲਣ ਨਾਲ ਚੇਤਨਤਾ, ਅਰ ਵਿਛੜਨ ਥੀਂ ਜੜਤਾ ਹੁੰਦੀ ਹੈ ਓਹ ਸ਼ਰੀਰ ਥੀਂ ਵਖਰਾ ਹੈ, ਜਿਸਤਰਾਂ ਅਖ ਸਾਰਿਆਂ ਨੂੰ ਵੇਖਦੀ ਹੈ ਪ੍ਰੰਤੂ ਅਪਣੇ ਨੂੰ ਨਹੀ, ਇਸੇਤਰਾਂ ਪ੍ਰਤਖ ਦਾ ਕਰਨ ਵਾਲਾ ਅਪਣੇ ਨੂੰ ਇੰਦ੍ਰੀਆਂ ਨਾਲ ਪ੍ਰਤਖ ਨਹੀ ਕਰ ਸਕਦਾ ਜਿਸਤਰਾਂ ਅਪਣੀ ਅਖ ਨਾਲ ਸਾਰੇ ਘੜਾ, ਵਸਤ੍ਰ ਆਦੀ ਪਦਾਰਥ ਵੇਖਦਾ ਹੈ ਉਸੇਤਰਾਂ ਅੱਖ ਨੂੰ ਅਪਣੇ ਗਿਆਨ ਨਾਲ ਵੇਖਦਾ ਹੈ- ਜੋ ਦ੍ਰਿਸ਼ਟਾ ਹੈ ਉਹ ਦ੍ਰਿਸ਼ਟਾ ਹੀ ਰਹਿੰਦਾ ਹੈ ਦ੍ਰਿਸਜ ਕਦੀ ਨਹੀਂ ਹੁੰਦਾ, ਜੀਕਣ ਬਿਨਾ ਅਧਾਰ ਅਧੇਯ, ਕਾਰਣ ਦੇ ਬਿਨਾ ਕਾਰਜ, ਅੰਗਾਂ ਵਾਲੇ ਦੇ ਬਿਨਾ ਅੰਗ, ਅਰ ਕਰਤਾ ਦੇ ਬਿਨਾ ਕਰਮ ਨਹੀਂ ਰਹ ਸਕਦੇ, ਤੂਕਣ ਕਰਤਾ ਦੇ ਬਿਨਾ ਪ੍ਰਤੱਖ ਕਿਸਤਰਾਂ ਹੋ ਸਕਦਾ ਹੈ ? ਜੇਕਰ ਸੁੰਦ੍ਰ ਇਸਤ੍ਰੀ ਦੇ ਨਾਲ ਸਮਾਗਮ ਕਰਨੇ ਹੀ ਨੂੰ ਉਦੱਮ ਦਾ ਫਲ ਮਨੀਏਂ ਤਾਂ ਖਿਣਕ ਸੁਖ ਅਰ ਓਸ ਥੀਂ ਦੁਖ ਬੀ ਹੁੰਦਾ ਹੈ ਓਹ ਬੀ ਉਦੱਮ ਹੀ ਦਾ ਫਲ ਹੋਵੇਗਾ, ਜਦ ਅਜੇਹਾ ਹੈ ਤਾਂ ਸ੍ਵਰਗ ਦਾ ਘਾਟਾ ਹੋਣ ਥੀਂ ਦੁਖ ਪਾਣਾ ਪਵੇਗਾ, ਜੇਕਰ ਆਖੋ ਦੁਖ ਦੇ ਛੁਡਾਣ ਅਰ ਸੁਖ ਦੇ ਵਧਾਣ ਵਿਚ ਯਤਨ ਕਰਨਾ ਚਾਹੀਏ ਤਾਂ ਮੁਕਤੀ ਸੁਖ ਦੀ ਹਾਨੀ ਹੋ ਜਾਂਦੀ ਹੈ, ਏਸ ਵਾਸਤੇ ਉਹ ਉਦੱਮ ਦਾ ਫਲ ਨਹੀਂ। ( ਚਾਰਵਾਕ ) ਜੇਹੜੇ ਦੁਖ ਨਾਲ ਮਿਲੇ ਹੋਏ ਸੁਖ ਦਾ ਤਿਆਗ ਕਰਦੇ ਹਨ ਉਹ ਮੂਰਖ ਹਨ, ਜੀਕਣ ਦਾਣਿਆਂ ਦੀ ਇਛਿਆ ਵਾਲਾ ਦਾਣਿਆਂ ਦਾ ਗ੍ਰਹਣ ਅਰ ਛਿਲੜਾਂ ਦਾ ਤਿਆਗ ਕਰਦਾ ਹੈ, ਉਸੇਤਰਾਂ ਜਗਤ ਵਿਚ ਬੁਧਵਾਨ ਸੁਖ ਦਾ ਗ੍ਰਹਣ ਅਰ ਦੁਖ ਦਾ ਤਿਆਗ ਕਰਨ, ਕਿਸ ਕਰਕੇ ਏਸ ਲੋਕ ਦੇ ਪਾਸ ਹੁੰਦੇ ਸੁਖ ਨੂੰ ਛਡਕੇ ਨਾ ਪਾਸ ਹੁੰਦੇ ਸ੍ਵਰਗ ਦੇ ਸੁਖ ਦੀ ਇਛਿਆ ਕਰਕੇ ਧੂਰਤੋਂ ਕਰਕੇ ਕਹੇ ਹੋਏ ਵੇਦ ਉਕਤ ਅਗਨੀ ਹੋਤ੍ਰ ਆਦੀ ਕਰਮਉਪਾਸਨਾ ਅਰ ਗਿਆਨ-ਕਾਂਡ ਦਾ ਸੇਵਣ ਪਰਲੋਕ ਦੇ ਵਾਸਤੇ ਕਰਦੇ ਹਨ ਉਹ ਅਗਿਆਨੀ ਹਨ, ਜੇਹੜਾ ਪਰਲੋਕ ਹੈ ਹੀ ਨਹੀਂ ਤਾਂ ਓਸਦੀ ਆਸ਼ਾ ਕਰਨੀ ਮੂਰਖਤਾ ਦਾ ਕੰਮ ਹੈ ਕਿਸ ਕਰਕੇ:—

अग्निहोत्रं त्रयो वेदास्त्रिदण्डं भस्मगुण्ठनम् ।

बुद्धिपौरुषहीनानां जीविकेति बृहस्पतिः ॥

ਚਾਰਵਾਕ ਮਤ ਚਲਾਨ ਵਾਲਾ ਬ੍ਰਿਹਸਪਤੀ ਕਹਿੰਦਾ ਹੈ ਕਿ ਅਗਨੀ-ਹੋਤ੍ਰ, ਤ੍ਰਿੱਨਵੇਦ, ਤ੍ਰਿੱਨ ਦੰਡ, ਅਰ ਭਸਮ ਦਾ ਲਗਾਣਾ ਬੁਧ ਅਰ ਉੱਦਮ ਰਹਿਤ ਪੁਰਖਾਂ ਨੇ ਜੀਵ ਕਾ ਬਣਾ ਲਈ ਹੈ। ਕਿੰਤੂ ਕੰਡੇ ਲਗਣੇ ਆਦੀ ਥੀਂ ਉਤਪੰਨ ਹੋਏ ਦੁਖ ਦਾ ਨਾਮ ਨਰਕ, ਲੋਕ ਸਿਧ ਰਾਜਾ ਪਰਮੇਸ਼ੂਰ ਅਰ ਸ਼ਰੀਰ ਦਾ ਮਰਨ ਹੋਣਾ ਮੋਖ, ਹੋਰ ਕੁਝ ਬੀ ਨਹੀਂ ਹੈ।

(ਉਤ੍ਰ) ਵਿਸ਼ੇ ਰੂਪੀ ਸੁਖ ਮਾਤ੍ਰ ਨੂੰ ਉਦੱਮ ਦਾ ਫਲ ਮਨਕ ਵਿਸ਼ੇ ਦੁਖ ਦੂਰ ਕਰਨ ਮਾਤ੍ਰ ਵਿਚ ਕ੍ਰਿਤ ਕ੍ਰਿਤਗਤਾ, ਹੋਰ ਸੁਰਗ ਮਨਣਾ ਮੂਰਖਤਾ ਹੈ, ਅਗਨੀ ਹੋਤ੍ਰ ਆਦੀ ਯੱਗਾਂ ਕਰਕੇ ਹਵਾ, ਮੀਂਹ, ਪਾਣੀ ਦੀ ਸਫਾਈ ਦੁਆਰਾ ਅਰੋਗਤਾ ਦਾ ਹੋਣਾ, ਓਸਥੀਂ ਧਰਮ, ਅਰਥ, ਕਾਮ, ਮੋਖ ਦੀ ਸਿਧੀ ਹੁੰਦੀ ਹੈ, ਓਸਨੂੰ ਨਾ ਜਾਣਕੇ ਵੇਦ, ਈਸ਼੍ਵਰ, ਅਰ ਵੇਦ ਉਕਤ ਧਰਮ ਦੀ ਨਿੰਦਿਆ ਕਰਨੀ ਧੂਰਤਤਾ ਦਾ ਕੰਮ ਹੈ। ਜੇਹੜੇ ਤ੍ਰੈ ਦੰਡ ਅਰ ਭਸਮ ਧਾਰਣ ਦਾ ਖੰਡਨ ਹੈ ਉਹ ਠੀਕ ਹੈ। ਜੇਕਰ ਕੰਡੇ ਆਦੀ ਥੀਂ ਉਤਪੰਨ ਹੋਏ ਦੁਖ ਦਾ ਨਾਮ ਨਰਕ ਹੋਵੇ ਤਾਂ ਓਸ ਨਾਲੋਂ ਵਧੀਕ ਵਡੇ ਰੋਗ ਆਦੀ ਨਰਕ ਕਿਉਂ ਨਹੀਂ? ਯੱਦਪੀ ਰਾਜਾ ਨੂੰ ਈਸ਼੍ਵਰਜ ਵਾਲਾ ਅਰ ਪ੍ਰਜਾ ਪਾਲਣ ਵਿਚ ਸਮਰਥ ਹੋਣੇ ਕਰਕੇ ਅੱਛਾ ਮਨੀਏਂ ਤਾਂ ਠੀਕ ਹੈ, ਪ੍ਰੰਤੂ ਜੇਹੜਾ ਅਨਿਆਂ ਕਰਨ ਵਾਲਾ ਪਾਪੀ ਰਾਜਾ ਹੋਵੇ ਓਸ ਨੂੰ ਬੀ ਪਰਮੇਸ਼੍ਵਰ ਵਾਙਣ ਮਨਦੇਓ ਤਾਂ ਤੁਹਾਡੇ ਜੇਹਾ ਕੋਈ ਬੀ ਮੂਰਖ ਨਹੀ। ਸ਼ਰੀਰ ਦਾ ਛੁਟਣਾ ਮਾਤ੍ਰ ਮੋਖ ਹੈ ਤਾਂ ਖੋਤੇ, ਕੁਤੇ, ਆਦੀ ਅਰ ਤੁਹਾਡੇ ਵਿਚ ਕੀ, ਫਰਕ ਰਹਿਆ? ਕਿੰਤੂ ਸ਼ਕਲ ਮਾਤ੍ਰ ਹੀ ਵਖਰੀ ਰਹੀ।

(ਚਾਰਵਾਕ):-

अग्निरुष्णो जलं शीतं शीतस्पर्शस्तथाऽनिलः ।
केनेदं चित्रितं तस्मात्स्वभावात्तद्व्यवस्थितिः ॥ १ ॥
न स्वर्गो नाऽपवर्गो वा नैवात्मा पारलौकिकः ।
नैव वर्णाश्रमादीनां क्रियाश्च फलदायिकाः ॥ २ ॥
पशुश्चेन्निहतः स्वर्गं ज्योतिष्टोमे गमिष्यति ।
स्वपिता यजमानेन तत्र कस्मान्न हिंस्यते ॥ ३ ॥
मृतानामपि जन्तूनां श्राद्धं चेत्तृप्तिकारणम् ।
गच्छतामिह जन्तूनां व्यर्थं पाथेयकल्पनम् ॥ ४ ॥
स्वर्गस्थिता यदा तृप्तिं ग[illegible]युस्तत्र दानतः ॥

प्रासादस्थोपरिस्थानामत्र कस्मान्न दीयते ॥ ५ ॥

यावज्जीवेत्सुखं जीवेदृणं कृत्वा घृतं पिबेत् ।

भस्मीभूतस्य देहस्य पुनरागमनं कुतः ॥ ६ ॥

यदि गच्छेत्परं लोकं देहादेष विनिर्गतः ।

कस्माद्भूयो न चायाति बन्धुस्नेहसमाकुलः ॥ ७ ॥

ततश्च जीवनोपायो ब्राह्मणैर्विहितस्त्विह ।

मृतानां प्रेतकार्याणि न त्वन्यद्विद्यते क्वचित् ॥ ८ ॥

त्रयो वेदस्य कर्तारो भण्डधूर्तनिशाचराः ।

जर्फरीतुर्फरीत्यादि पण्डितानां वचः स्मृतम् ॥ ९ ॥

अश्वस्यात्र हि शिश्नन्तु पत्नीग्राह्यं प्रकीर्तितम् ।

भण्डैस्तद्वत्परं चैव ग्राह्यजातं प्रकीर्तितम् ॥ १०

मांसानां खादनं तद्वन्निशाचरसमीरितम् ॥ ११

ਚਾਰਵਾਕ, ਆਂਭਣਕ, ਬਊਧ ਅਰ ਜੈਨ ਬੀ ਜਗਤ ਦੀ ਉਤਪੱਤੀ ਸੁਭਾਵ ਥੀਂ ਮਨਦੇ ਹਨ । ਜੇਹੜਾ ਜੇਹੜਾ ਸੁਭਾਵਕ ਗੁਣ ਹੈ ਓਸ ਓਸ ਥੀਂ ਦ੍ਰਵ ਸੰਜੁਗਤ ਹੋਕੇ ਸਾਰੇ ਪਦਾਰਥ ਬਣਦੇ ਹਨ, ਕੋਈ ਜਗਤ ਦਾ ਬਣਾਣ ਵਾਲਾ ਨਹੀ ॥ ੧ ॥ ਪ੍ਰੰਤੂ ਇਨ੍ਹਾਂ ਵਿਚੋਂ ਚਾਰਵਾਕ ਏਸਤਰਾਂ ਮਨਦਾ ਹੈ, ਕਿੰਤੂ ਪਰਲੋਕ ਅਰ ਜੀਵਾਤਮਾ ਬਊਧ,ਜੈਨ ਮਨਦੇ ਹਨ, ਚਾਰਵਾਕ ਨਹੀਂ, ਬਾਕੀ ਇਨ੍ਹਾਂ ਤਿੱਨਾ ਦਾ ਮਤ ਕੋਈ ਕੋਈ ਗਲ ਛਡਕੇ ਇੱਕੋ ਜੇਹਾ ਹੈ । ਨਾ ਕੋਈ ਸ੍ਵਰਗ ਨਾ ਕੋਈ ਨਰਕ, ਅਰ ਨਾ ਕੋਈ ਪਰਲੋਕ ਵਿਚ ਜਾਂਣ ਵਾਲਾ ਆਤਮਾ ਹੈ, ਅਰ ਨਾ ਵਰਣ,ਆਸ਼੍ਰਮ ਦੀ ਕ੍ਰਿਆ ਫਲ ਦੇਣ ਵਾਲੀ ਹੈ ॥ ੨ ॥ ਜੇਕਰ 'ਜਗ' ਵਿਚ ਪਸ਼ੂ ਨੂੰ ਮਾਰ ਕੇ ਹੋਮ ਕਰਨੇ ਥੀਂ ਉਹ ਸ੍ਵਰਗ ਨੂੰ ਜਾਂਦਾ ਹੋਵ ਤਾਂ ਜਜਮਾਂਨ ਅਪਣੇ ਪਿਉ ਆਦੀ ਨੂੰ ਮਾਰਕੇ ਹੋਮ ਕਰਕੇ ਸ੍ਵਰਗ ਨੂੰ ਕਿਉਂ ਨਹੀਂ ਭੇਜਦਾ? ॥ ੩ ॥ ਜੇਕਰ ਮੁਏ ਹੋਏ ਜੀਵਾਂ ਦਾ ਸ਼੍ਰਾਧ ਅਰ ਤਰਪਣ ਰਜਾਂਣ ਵਾਲਾ ਹੁੰਦਾ ਹੈ ਤਾਂ ਪਰਦੇਸ ਵਿਚ ਜਾਣ ਵਾਲੇ ਦੇ ਰਸਤੇ ਵਿਚ ਗੁਜਾਰੇ ਵਾਸਤੇ ਅੰਨ,ਕਪੜਾ ਅਰ ਧਨ ਆਦੀ ਨੂੰ ਕਿਉਂ ਲੈ ਜਾਂਦੇ ਹਨ? ਕਿਉਂਕਿ ਜੀਕਣ ਮੁਏ ਹੋਏ ਦੇ ਨਾਮ ਕਰਕੇ ਦਿੱਤਾ ਹੋਇਆ ਪਦਾਰਥ ਸ੍ਵਰਗ ਵਿਚ ਪੁਜਦਾ ਹੈ ਤਾਂ ਪ੍ਰਦੇਸ ਵਿਚ ਜਾਂਣ ਵਾਲਿਆਂ ਦੇ ਵਾਸਤੇ ਉਨ੍ਹਾਂ ਦੇ ਸਾਕ ਬੀ ਘਰ ਵਿਚ ਉਨ੍ਹਾਂ ਦੇ ਨਾਮ ਦੇ ਅਰਪਣ ਕਰਕੇ ਦੇਸ਼ਾਂਤ੍ਰ ਵਿਚ ਪੁਚਾ ਦੇਨ, ਜੇਕਰ ਇਹ ਨਹੀਂ ਪੁਜਦਾ ਤਾਂ ਸ੍ਵਰਗ ਵਿਚ ਉਹ ਕਿਉਂਕਰ ਪੁਜ ਸਕਦਾ ਹੈ?

॥ ੪ ॥ ਜੇਕਰ ਮਰਤ ਲੋਕ ਵਿਚ ਦਾਨ ਕਰਨ ਕਰਕੇ ਸੁਰਗਵਾਸੀ ਰਜਦੇ ਹਨ ਤਾਂ ਹੇਠਾਂ ਦੇਂਣ ਬੀ ਘਰਦੇ ਉਪਰ ਬੈਠਾ ਹੋਇਆ ਪੁਰਖ ਰਜਦਾ ਕਿਉ ਨਹੀਂ?॥੫॥ਏਸ ਵਾਸਤੇ ਜਿਥੋਂ ਤਿਕ ਜੀਵੇ,ਸੁਖ ਨਾਲ ਜੀਵੇ,ਜਕਰ ਘਰ ਵਿਚ ਪਦਾਰਥ ਨਾ ਹੋਵੇ ਤਾਂ ਕਰਜਾ ਲੈਕੇ ਖੁਸ਼ੀ ਕਰੇ,ਕਰਜਾ ਦੇਣਾ ਨਾ ਪਵੇਗਾ,ਕਿਉਕਿ ਜਿਸ ਸ਼ਰੀਰ ਵਿਚ ਜੀਵਨੈ ਖਾਧਾ ਪੀਤਾ ਹੈ ਉਨ੍ਹਾਂ ਦੁਹਾਂਦਾ ਫੇਰ ਆਉਣਾ ਨਾ ਹੋਵੇ ਗਾ ਫੇਰ ਕਿਸ ਪਾਸੋ ਕਉਂਣ ਮੰਗੇਗਾ ਅਰ ਕੇਹਿੜਾ ਦੇਵੇਗਾ?॥੬। ਜੇਹਿੜੇ ਲੋਕ ਕਹਿੰਦੇ ਹਨ ਕਿ ਮੌਤ ਦੇ ਵੇਲੇ ਜੀਵ ਨਿਕਲਕੇ ਪਰਲੋਕ ਨੂੰ ਜਾਂਦਾ ਹੈ ਇਹ ਗਲ ਝੂਠੀ ਹੈ, ਕਿਉਂਕਿ ਜੇਕਰ ਅਜੇਹਾ ਹੁੰਦਾ ਤਾਂ ਕੁਟੰਬ ਦੇ ਮੋਹ ਕਰਕੇ ਬਧਾ ਹੋਇਆ ਹੋਕੇ ਫੇਰ ਘਰ ਵਿਚ ਕਿਉਂ ਨਹੀ ਆ ਜਾਂਦਾ? ॥ ੭ ॥ ਏਸ ਵਾਸਤੇ ਇਹ ਸਭ ਬ੍ਰਾਹਮਣਾਂ ਨੇ ਅਪਣੀ ਜੀਵਕਾ ਦਾ ਉਪਾ ਕੀਤਾ ਹੈ, ਜੇਹਿੜੇ ਦਸਪੰਡੀ ਆਦੀ ਮ੍ਰਿਤਕ ਕ੍ਰਿਆ ਕਰਦੇ ਹਨ ਇਹਸਾਰੀ ਉਨ੍ਹਾਂ ਦੀ ਜੀਉਕਾ ਦੀ ਲੀਲਾ ਹੈ ॥ ੮ ॥ਵੇਦ ਦੇ ਬਣਾਣਵਾਲੇ ਭੰਡ,ਧੂਰਤ ਅਰ ਨਿਸ਼ਾਚਰ ਅਰਥਾਤ ਰਾਖਸ਼ ਇਹ ਤਿਨ ਹਨ 'ਜਰਫਰੀ' 'ਤੁਰਫਰੀ' ਇਤ ਆਦੀ ਪੰਡਤਾਂ ਦੇ ਧੂਰਤਤਾ ਨਾਲ ਮਿਲੇ ਵਚਨ ਹਨ ॥ ੯ ॥ ਵੇਖੋ ! ਧੂਰਤਾਂ ਦੀ ਬਣਾਉਟ ਘੋੜੇ ਦੇ ਲਿੰਗ ਨੂੰ ਇਸਤ੍ਰੀ ਗ੍ਰਹਣ ਕਰੇ,ਓਸਦੇ ਨਾਲ ਸਮਾਗਮ ਜਜਮਾਨ ਦੀ ਇਸਤ੍ਰੀ ਦਾ ਕਰਾਣਾ, ਕਨਿਆਂ ਨਾਲ ਠੱਠਾ ਆਦੀ ਲਿਖਣਾ ਧੂਰਤਾਂ ਦੇ ਬਿਨਾ ਨਹੀ ਹੋ ਸਕਦਾ ॥ ੧੦ ॥ ਅਰ ਜੋ ਮਾਸ ਦਾ ਖਾਣਾ ਲਿਖਿਆ ਹੈ ਉਹ ਵੇਦ ਭਾਗ ਰਾਖਸ਼ ਦਾ ਬਣਾਇਆ ਹੈ ॥ ੧੧ ॥

(ਉਤ੍ਰ) ਬਿਨਾ ਚੇਤਨ ਪਰਮੇਸ਼੍ਵਰ ਦੇ ਰਚਨਾ ਕੀਤੇ ਜੜ ਪਦਾਰਥ ਅਪਣੇ ਆਪ ਆਪਸ ਵਿਚ ਸੁਭਾਵ ਥੀਂ ਨੇਮ ਕਰਕੇ ਮਿਲਕੇ ਉਤਪੰਨ ਨਹੀ ਹੋ ਸਕਦੇ। ਜੇਕਰ ਸੁਭਾਵ ਹੀ ਥੀਂ ਹੁੰਦੇ ਹੋਂਨ ਤਾਂ ਦੂਜੇ ਸੂਰਜ ਚੰਦ੍ਰਮਾ, ਪ੍ਰਿਥ੍ਵੀ, ਤਾਰੇ ਆਦੀ ਲੋਕ ਆਪਥੀਂ ਆਪ ਕਿਉਂ ਨਹੀ ਬਣ ਜਾਂਦੇ ਹਨ? ॥ ੧ ॥ ਸੁਰਗ ਸੁਖ ਭੋਗ, ਨਰਕ ਦੁਖ ਭੋਗਦਾ ਨਾਮ ਹੈ। ਜੇਕਰ ਜੀਵਾਤਮਾ ਨਾ ਹੁੰਦਾ ਤਾਂ ਸੁਖ ਦੁਖ ਦਾ ਭੋਗਤਾ ਕੇਹਿੜਾ ਹੋ ਸਕੇ? ਜਿਸਤਰਾਂ ਏਸਵੇਲੇ ਸੁਖ ਦੁਖ ਦਾ ਭੋਗਤਾ ਜੀਉ ਹੈ,ਉਸੇਤਰਾਂ ਪਰ ਜਨਮ ਵਿਚ ਬੀ ਹੁੰਦਾ ਹੈ। ਕੰ ਸਚ ਬੋਲਣਾ,ਪਰਉਪਕਾਰ ਆਦੀ ਕ੍ਰਿਆ ਬੀ ਵਰਣਆਸ਼੍ਰਮੀਆਂ ਦੀ ਨਿਸ਼ਫਲ ਹੋਨਗੀਆਂ ਕਦੀ ਨਹੀ ॥ ੨ ॥ ਪਸ਼ੂ ਮਾਰਕੇ ਹੋਮ ਕਰਨਾ ਵੇਦ ਆਦੀ ਸਤ ਸ਼ਾਸਤ੍ਰਾਂ ਵਿਚ ਕਿਧਰੇ ਨਹੀ ਲਿਖਿਆ, ਅਰ ਮ੍ਰਿਤਕਾਂ ਦਾ ਸ਼੍ਰਾਧ, ਤਰਪਣ ਕਰਨਾ ਮਨਘੜਤ ਹੈ, ਕਿਉਂਕਿ ਇਹ ਵੇਦ ਆਦੀ ਸਤ ਸ਼ਾਸਤ੍ਰਾਂ ਦੇ ਵਿਰੁ ਹੋਣ ਕਰਕੇ ਭਾਗਵਤ ਆਦੀ ਪੁਰਾਣ ਮਤ ਵਾਲਿਆਂ ਦਾ ਮਤ ਹੈ, ਏ ਵਾਸਤੇ ਏਸ ਗਲਦਾ ਖੰਡਨ, ਖੰਡਨ ਦੇ ਜੋਗ ਨਹੀ ਹੈ ॥੩॥ ੪॥੫॥ ਜੇਹਿੜ ਵਸਤੂ ਹੈ ਓਸਦਾ ਅਭਾਉ ਕਦੀ ਨਹੀ ਹੁੰਦਾ, ਵਿਦਮਾਨ ਜੀਵਦਾ ਅਭਾਉ

ਨਹੀ ਹੋ ਸਕਦਾ, ਸ਼ਰੀਰ ਭਸਮ ਹੋ ਜਾਂਦਾ ਹੈ ਜੀਵ ਨਹੀ, ਜੀਵ ਤਾਂ ਦੂਜੇ ਸ਼ਰੀਰ ਵਿਚ ਜਾਂਦਾ ਹੈ, ਏਸਵਾਸਤੇ ਜੋ ਕੋਈ ਕਰਜਾ ਆਦੀ ਕਰਕੇ ਬਿਗਾਨੇ ਪਦਾਰ-ਥਾਂ ਨਾਲ ਏਸ ਲੋਕ ਵਿਚ ਭੋਗ ਕਰਕੇ ਨਹੀ ਦਿੰਦੇ ਹਨ ਉਹ ਨਿਸਚੇ ਪਾਪੀਹੋਕੇ ਦੂਜੇ ਜਨਮਵਿਚ ਦੁਖਰੂਪੀ ਨਰਕ ਭੋਗਦੇ ਹਨ, ਏਸ ਵਿਚ ਕੁਝਬੀ ਸੰਸ਼ਾ ਨਹੀ ॥ ੬ ॥ ਸ਼ਰੀਰਬੀਂ ਨਿਕਲਕੇ ਜੀਵ ਹੋਰੀ ਜਗਹਿ, ਅਰ ਹੋਰੀ ਸ਼ਰੀਰ ਨੂੰ ਪ੍ਰਾਪਤ ਹੁੰਦਾ ਹੈ ਅਰ ਓਸਨੂੰ ਪਹਿਲੇ ਜਨਮ ਤਥਾ ਕੁਟੰਬ ਆਦੀ ਦਾ ਗਿਆਨ ਕੁਝ ਬੀ ਨਹੀਂ ਰਹਿੰਦਾ ਏਸ ਵਾਸਤੇ ਫੇਰ ਕੁਟੰਬ ਵਿਚ ਨਹੀਂ ਆ ਸਕਦਾ ॥ ੭ ॥ ਹਾਂ ਬ੍ਰਾਹਮਣਾਂ ਨੇ ਪ੍ਰੇਤ ਕਰਮ ਅਪਣੀ ਜੀਉਕਾ ਵਾਸਤੇ ਬਣਾਲਿਆ ਹੈ, ਪ੍ਰੰਤੂ ਵੇਦ ਉਕਤ ਨਾ ਹੋਣ ਕਰਕੇ ਖੰਡਨ ਜੋਗ ਹੈ ॥ ੮ ॥ ਹੁਣ ਦਸੀਏ ਜੋ ਚਾਰਵਾਕ ਆਦੀ ਨੇ ਵੇਦ ਆਦੀ ਸਤ ਸ਼ਾਸਤ੍ਰ ਵੇਖੇ, ਸੁਣੇ, ਵਾ ਪੜ੍ਹੇ ਹੁੰਦੇ ਤਾਂ ਵੇਦਾਂ ਦੀ ਨਿੰਦਿਆ ਕਦੀ ਨਾ ਕਰਦੇ ਕਿ ਵੇਦ ਭੰਡ ਧੂਰਤ ਅਰ ਰਾਖਸ਼ ਵਾਙਣ ਪੁਰਖਾਂ ਨੇ ਬਣਾਏ ਹਨ, ਅਜੇਹਾ ਬਚਨ ਕਦੀ ਨਾ ਕਢਦੇ, ਹਾਂ ਭੰਡ ਧੂਰਤ ਨਿਸ਼ਾਚਰ ਵਾਙਣ ਮਹੀਧਰ ਆਦੀ ਟੀਕਾਕਾਰ ਹੋਏ ਹਨ, ਉਨ੍ਹਾਂ ਦੀ ਧੂਰਤਤਾ ਹੈ ਵੇਦਾਂ ਦੀ ਨਹੀਂ, ਪ੍ਰੰਤੂ ਸ਼ੋਕ ਹੈ ਚਾਰਵਾਕ, ਆਭਣਕ, ਬਉਧ, ਅਰ ਜੈਨੀਆਂ ਉਪਰ ਕਿ ਇਨ੍ਹਾਂ ਨੇ ਮੂਲ ਚਾਰ ਵੇਦਾਂ ਦੀ ਸੰਘਤਾਂ ਨੂੰ ਬੀ ਨਾ ਵੇਖਿਆ, ਨਾ ਸੁਣਿਆਂ, ਅਰ ਨਾ ਕਿਸੇ ਵਿਦਵਾਂਨ ਪਾਸੋਂ ਪੜ੍ਹਿਆ, ਏਸ ਵਾਸਤੇ ਨਸ਼ਟ ਭ੍ਰਸ਼ਟ ਬੁਧ ਹੋਕੇ ਊਟ ਪਟਾਂਗ ਵੇਦਾਂ ਦੀ ਨਿੰਦਿਆ ਕਰਨ ਲਗੇ, ਦੁਸ਼ਟ ਵਾਂਮਮਾਰਗੀਆਂ ਦੀ ਪ੍ਰਮਾਣ ਤੋਂ ਬਿਨਾਂ ਮਨਘੜਤ ਭ੍ਰਿਸ਼ਟ ਟੀਕਾਂ ਨੂੰ ਵੇਖਕੇ ਵੇਦਾਂ ਬੀਂ ਵਿਰੁਧ ਹੋਕੇ ਅਵਿਦਿਆ ਰੂਪੀ ਅਗਾਧ ਸਮੁੰਦ੍ਰ ਵਿਚ ਜਾ ਡਿਗੇ ॥ ੯ ॥ ਭਲਾ ਵਿਚਾਰਨਾਚਾਹੀਏ ਕਿ ਇਸਤ੍ਰੀ ਪਾਸੋਂ ਘੋੜੇ ਦਾ ਲਿੰਗ ਗ੍ਰਹਣ ਕਰਾਕੇ ਓਸ ਨਾਲ ਸਮਾਗਮ ਕਰਾਣਾ ਅਰ ਜਜਮਾਨ ਦੀ ਕੰਨਿਆਂ ਨਾਲ ਹਾਸੀ ਠੱਠਾ ਆਦੀ ਕਰਨਾ ਬਿਨਾਂ ਵਾਮਮਾਰਗੀ ਲੋਕਾਂ ਬੀਂ ਹੋਰਨਾ ਮਨੁੱਖਾਂ ਦਾ ਕੰਮ ਨਹੀਂ, ਬਿਨਾਂ ਇਨ੍ਹਾਂ ਮਹਾਂ ਪਾਪੀ ਵਾਮਮਾਰਗੀਆਂ ਦੇ, ਭ੍ਰਿਸ਼ਟ ਵੇਦਾਂ ਦੇ ਅਰਥਾਂ ਨਾਲੋਂ ਉਲਟਾ ਅਸ਼ੁਧ ਵਿਆ-ਖਿਆਂਨ ਕਉਣ ਕਰਦਾ? ਅਤਅੰਤ ਸ਼ੋਕ ਤਾਂ ਇਨ੍ਹਾਂ ਚਾਰਵਾਕ ਆਦੀ ਉਪਰ ਹੈ ਜੋ ਕਿ ਬਿਨਾਂ ਵਿਚਾਰੇ ਵੇਦਾਂ ਦੀ ਨਿੰਦਿਆ ਕਰਨ ਉਪਰ ਤਤਪਰ ਹੋਏ, ਥੋੜਾ ਤਾਂ ਆਪਣੀ ਬੁਧ ਨਾਲ ਕੰਮ ਲੈਂਦੇ। ਕੀ ਕਰਨ ਵਿਚਾਰੇ ਉਨ੍ਹਾਂ ਵਿਚ ਇੱਨੀ ਵਿਦਿਆ ਹੀ ਨਹੀਂ ਸੀ ਜੋ ਸਚ, ਝੂਠ ਦਾ ਵਿਚਾਰ ਕਰ ਸਚ ਦਾ ਮੰਡਨ ਅਰ ਝੂਠ ਦਾ ਖੰਡਨ ਕਰਦੇ॥ ੧੦॥ਅਰ ਜੋ ਮਾਸ ਖਾਣਾ ਲਿਖਿਆ ਹੈ ਇਹ ਬੀ ਉਨ੍ਹਾਂ ਹੀ ਵਾਮਮਾਰਗੀ ਟੀਕਾ ਕਾਰਾਂ ਦੀ ਲੀਲਾ ਹੈ, ਏਸ ਵਾਸਤੇ ਉਨ੍ਹਾਂ ਨੂੰ ਰਾਖਸ਼ ਕਹਣਾ ਜੋਗ ਹੈ ਪ੍ਰੰਤੂ ਵੇਦਾਂ ਵਿਚ ਕਿਸੇ ਜਗਹ ਮਾਸ ਦਾ ਖਾਣਾ ਨਹੀਂ ਲਿਖਿਆ, ਏਸ ਵਾਸਤੇ ਇਤਆਦੀ ਝੂਠੀ ਗਲਾਂ ਦਾ ਪਾਪ

ਉਨ੍ਹਾਂ ਟੀਕਾ ਕਾਰਾਂ ਨੂੰ ਅਰ, ਜਿਨ੍ਹਾਂ ਨੇ ਵੇਦਾਂ ਦੇ ਜਾਣੇ, ਸੁਣੇ ਬਿਨਾ ਮਨ ਮਾਨੀ ਨਿੰਦਿਆ ਕੀਤੀ ਹੈ ਨਿਰ ਸੰਦੇਹ ਉਨ੍ਹਾਂ ਨੂੰ ਲਗੇਗਾ। ਸਚ ਤਾਂ ਇਹ ਹੈ ਕਿ ਜਿਨ੍ਹਾਂ ਨੇ ਵੇਦਾਂ ਨਾਲ ਵਿਰੋਧ ਕੀਤਾ ਅਰ ਕਰਦੇ ਹਨ ਅਰ ਕਰਨ ਗੇ, ਉਹ ਜ਼ਰੂਰ ਅਵਿਦਿਆ ਰੂਪੀ ਹਨੇਰੇ ਵਿਚ ਪੈਕੇ ਸੁਖ ਦੇ ਬਦਲੇ ਡਾਢਾ ਦੁਖ ਜਿਨਾ ਪਾਉਨ ਉਨਾ ਹੀ ਥੋੜਾ ਹੈ, ਇਸ ਵਾਸਤੇ ਮਨੁਖ ਮਾਤ੍ਰ ਨੂੰ ਵੇਦ ਦੇ ਅਨੁਸਾਰ ਚਲਨਾ ਅਛੀ ਤਰਾਂ ਜੋਗ ਹੈ ॥ ੨੧ ॥ ਜੋ ਵਾਂਮਮਾਰਗੀਆਂ ਨੇ ਝੂਠਾ ਮਨਘੜਤ ਕਰਕੇ ਵੇਦਾਂ ਦੇ ਨਾਮ ਥੀਂ ਅਪਨਾ ਮਤਲਬ ਸਿਧ ਕਰਨਾ ਅਰਥਾਤ ਅਪਨੀ ਇਛਿਆ ਦੇ ਅਨੁਸਾਰ ਸ਼ਰਾਬ ਪੀਣੇ, ਮਾਸ ਖਾਣੇ, ਅਰ ਬਿਗਾਨੀ ਇਸਤ੍ਰੀ ਗਮਨ ਕਰਨੇ ਆਦੀ ਖੋਟੇ ਕੰਮਾਂ ਦੀ ਪ੍ਰਵਿਤੀ ਹੋਣ ਦੇ ਵਾਸਤੇ ਵੇਦਾਂ ਨੂੰ ਕਲੰਕ ਲਗਾਇਆ, ਇਨ੍ਹਾਂ ਹੀ ਗੱਲਾਂ ਨੂੰ ਵੇਖਕੇ ਚਾਰਵਾਕ, ਬਉਧ ਤਥਾ ਜੈਨ ਲੋਕ ਵੇਦਾਂ ਦੀ ਨਿੰਦਿਆ ਕਰਨ ਲਗੇ, ਅਰ ਵਖਰਾ ਇਕ ਵੇਦ ਵਿਰੁਧ ਅਨੀਸ਼ੂਰ ਵਾਦ ਅਰਥਾਤ ਨਾਸਤਿਕ ਮਤ ਚਲਾ ਲਿਆ। ਜੇਕਰ ਚਾਰਵਾਕ ਆਦੀ ਵੇਦਾਂ ਦਾ ਮੂਲ ਅਰਥ ਵਿਚਾਰਦੇ ਤਾਂ ਝੂਠੀ ਟੀਕਾ ਨੂੰ ਵੇਖਕੇ ਸਚੇ ਵੇਦ ਉਕਤ ਮਤ ਥੀਂ ਕਿਉਂ ਹਥ ਧੋ ਬੈਹੰਦੇ? ਕੀ ਕਥਨ ਵਿਚਾਰੇ—

## (ਵਿਨਾਸ਼ਕਾਲੇ ਵਿਪ੍ਰੀਤ ਬੁਧੀ)

ਜਦ ਨਸ਼ਟ ਭ੍ਰਿਸ਼ਟ ਹੋਣ ਦਾ ਵੇਲਾ ਆਉਂਦਾ ਹੈ ਤਦ ਮਨੁਖ ਦੀ ਉਲਟੀ ਬੁਧ ਹੋ ਜਾਂਦੀ ਹੈ, ਹੁਣ ਜੋ ਚਾਰਵਾਕ ਆਦਕਾਂ ਵਿਚ ਫਰਕ ਹੈ ਉਹ ਲਿਖਨੇ ਹਾਂ, ਇਹ ਚਾਰਵਾਕ ਆਦੀ ਬਹੁਤ ਸਾਰੀਆਂ ਗਲਾਂ ਵਿਚ ਇਕ ਹਨ, ਪ੍ਰੰਤੂ ਚਾਰਵਾਕ ਸ਼ਰੀਰ ਦੀ ਉਤਪੱਤੀ ਦੇ ਨਾਲ ਜੀਵ ਦੀ ਉਤਪੱਤੀ, ਅਰ ਉਸ ਦੇ ਮਰਨ ਦੇ ਨਾਲ ਹੀ ਜੀਵ ਦਾ ਬੀ ਮਰਨ ਮਨਦਾ ਹੈ, ਪੁਨਰਜਨਮ ਅਰ ਪ੍ਰਲੋਕ ਨੂੰ ਨਹੀ ਮਨਦਾ, ਇਕ ਪ੍ਰਤੱਖ ਪ੍ਰਮਾਣ ਦੇ ਬਿਨਾ ਅਨੁਮਾਨ ਆਦੀ ਪ੍ਰਮਾਣਾਂ ਨੂੰ ਬੀ ਨਹੀ ਮਨਦਾ। ਚਾਰਵਾਕ ਸ਼ਬਦ ਦਾ ਅਰਥ ਜੋਹੜਾ ਬੋਲਣ ਵਿਚ ਚਤੁਰ ਅਰ ਵਸ਼ੇਸ਼ ਝਗੜਾ ਕਰਨ ਵਾਲਾ ਹੁੰਦਾ ਹੈ, ਅਰ ਬਉਧ, ਜੈਨ, ਪ੍ਰਤਖ ਆਦੀ ਚਾਰ ਪ੍ਰਮਾਣ, ਅਨਾਦੀ ਜੀਵ, ਪੁਨਰਜਨਮ, ਪਰਲੋਕ, ਅਰ ਮੁਕਤੀ ਨੂੰ ਬੀ ਮਨਦੇ ਹਨ, ਇਨ੍ਹਾਂ ਹੀ ਚਾਰਵਾਕ ਨਾਲੋਂ ਬਉਧ ਅਰ ਜੈਨੀਆਂ ਦਾ ਫਰਕ ਹੈ, ਪ੍ਰੰਤੂ ਨਾਸਤਿਕਤਾ, ਵੇਦ ਈਸ਼ੂਰ ਦੀ ਨਿੰਦਿਆ, ਪ੍ਰਾਏ ਮਤ ਵਿਚ ਦ੍ਵੇਸ਼, ਛਃ ਯਤਨਾ ( ਅਗੇ ਕਹੇ ਛੀ ਕਰਮ ) ਅਰ ਜਗਤ ਦਾ ਬਣਾਨ ਵਾਲਾ ਕੋਈ ਨਹੀ, ਇਤ ਆਦੀ ਗਲਾਂ ਵਿਚ ਸਾਰੇ ਇਕ ਹੀ ਹਨ, ਇਹ ਚਾਰਵਾਕ ਦਾ ਮਤ ਸੰਖੇਪ ਨਾਲ ਦਿਖਾ ਦਿਤਾ॥

# ਹੁਣ ਬੌਧਮਤ ਦੇ ਵਿਸ਼ੇ ਵਿਚ ਸੰਖੇਪ ਨਾਲ ਲਿਖਨੇ ਹਾਂ

कार्य्यकारणभावाद्वा-स्वभावाद्वानियामकात्

अविनाभावनियमो दर्शनान्तरदर्शनात्॥

ਕਾਰਜ, ਕਾਰਨ ਭਾਵ ਅਰਥਾਤ ਕਾਰਜ ਦੇ ਵੇਖਣ ਥੀਂ ਕਾਰਣ ਅਰ ਕਾਰਣ ਦੇ ਵੇਖਣ ਥੀਂ ਕਾਰਜ ਆਦੀ ਦਾ ਸਾਖਿਆਤਕਾਰ ਪ੍ਰਤੱਖ ਤੋਂ ਬਾਕੀ ਵਿਚ ਅਨੁਮਾਨ ਹੁੰਦਾ ਹੈ, ਏਸਦੇ ਬਿਨਾ ਪ੍ਰਾਣੀਆਂ ਦੇ ਸਾਰੇ ਵਿਹਾਰ ਪੂਰੇ ਨਹੀ ਹੋ ਸਕਦੇ, ਇਤਆਦੀ ਲਖਣਾਂ ਨਾਲੋਂ ਅਨੁਮਾਨ ਨੂੰ ਵਧੀਕ ਮਨਕੇ ਚਾਰਵਾਕ ਨਾਲੋਂ ਵਖਰੀ ਸ਼ਾਖਾ ਬਊਧਾਂ ਦੀ ਹੋਈ ਹੈ ਬਊਧ ਚਹੁੰ ਤਰਾਂ ਦੇ ਹਨਃ-

ਇਕ-"ਮਾਧਮਿਕ" ਦੂਜਾ-"ਯੋਗਾਚਾਰ" ਤੀਜਾ-'ਸਊਤ੍ਰਾਂਤਿਕ' ਅਰ ਚੌਥਾ- "ਵੈਭਾਸਿਕ"

"बुद्ध्यानि वर्त्तते स बुद्धः"

ਜੋ ਬੁਧੀ ਥੀਂ ਸਿਧ ਹੋਵੇ ਅਰਥਾਤ ਜੋ ਜੋ ਗਲ ਅਪਣੀ ਬੁਧ ਵਿਚ ਆਵੇ ਓਸ ਓਸ ਨੂੰ ਮਨੇ, ਅਰ ਜੋ ਜੋ ਬੁਧ ਵਿਚ ਨਾ ਆਵੇ ਓਸ ਓਸਨੂੰ ਨਹੀ ਮਨੇ। ਇਨ੍ਹਾਂ ਵਿਚੋਂ ਪਹਿਲਾ " ਮਾਧਮਿਕ" ਸਭ ਸ਼ੂੰਨ ਮਨਦਾ ਹੈ ਅਰਥਾਤ ਜਿਨੇ ਪਦਾਰਥ ਹਨ ਉਹ ਸਾਰੇ ਸ਼ੂੰਨ, ਅ-ਰਥਾਤ ਆਦ ਵਿਚ ਨਹੀ ਹੁੰਦੇ, ਅੰਤ ਵਿਚ ਨਹੀ ਰਹਿੰਦੇ, ਵਿਚਕਾਰ ਜੋ ਮਲੂੰਮ ਹੁੰਦਾ ਹੈ ਉਹ ਬੀ ਮਲੂਮ ਹੋਣ ਦੇ ਵੇਲੇ ਵਿਚ ਹੈ ਪਿਛੋਂ ਸ਼ੂੰਨ ਹੋ ਜਾਂ-ਦਾ ਹੈ, ਜਿਸਤਰਾਂ ਉਤਪਤੀ ਦੇ ਪਹਿਲਾਂ ਘੜਾ ਨਹੀ ਸੀ, ਭਜਣੇ ਦੇ ਪਿਛੋਂ ਨਹੀ ਰਹਿੰਦਾ, ਅਰ ਘੜੇਗਿਆਂਨ ਦੇ ਵੇਲੇ ਵਿਚ ਭਾਸਦਾ ਹੈ ਅਰ ਹੋਰੀ ਪਦਾਰਥ ਵਿਚ ਗਿਆਂਨ ਜਾਣੇਕਰਕੇ ਘੜਾ ਗਿਆਂਨ ਨਹੀ ਰਹਿੰਦਾ ਏਸਵਾਸਤੇ ਸ਼ੂੰਨ ਹੀ ਇਕ ਤਤ੍ਵ ਹੈ ॥

ਦੂਜਾ "ਯੋਗਾਚਾਰ"- ਜੇਹਿੜਾ ਬਾਹਰੋਂ ਸ਼ੂੰਨ ਮਨਦਾ ਹੈ ਅਰਥਾਤ ਪਦਾਰਥ ਅੰਦ੍ਰ ਗਿਆਂਨ ਵਿਚ ਮਲੂਮ ਹੁੰਦੇ ਹਨ, ਬਾਹਰ ਨਹੀ, ਜਿਸ-ਤਰਾਂ ਘੜੇਦਾ ਗਿਆਂਨ ਆਤਮਾ ਵਿਚ ਹੈ ਤਦੇ ਮਨੁਖ ਕਹਿੰਦਾ ਹੈ ਕਿ ਇਹ ਘੜਾ ਹੈ, ਜੇਕਰ ਅੰਦ੍ਰ ਗਿਆਂਨ ਨਾ ਹੋਵੇ ਤਾਂ ਨਹੀ ਕਹ ਸ-ਕਦਾ ਅਜਿਹਾ ਮਨਦਾ ਹੈ॥

ਤੀਜਾ " ਸਉਤ੍ਰਾਂਤਿਕ " ਜੇਹੜਾ ਬਾਹਰ ਪਦਾਰਥ ਦਾ ਅਨੁਮਾਨ ਮਨਦਾ ਹੈ, ਕਿਸਕਰਕੇ ਬਾਹਰ ਕੋਈ ਪਦਾਰਥ ਸਾਂਗੋਪਾਂਗ ਪ੍ਰਤੱਖ ਨਹੀ ਹੁੰਦਾ, ਕਿੰਤੂ ਇਕ ਜਗਹ ਪ੍ਰਤਖ ਹੋਣ ਕਰਕੇ ਬਾਕੀ ਵਿਚ ਅਨੁਮਾਨ ਕੀਤਾ ਜਾਂਦਾ ਹੈ ਏਸਦਾ ਅਜਿਹਾ ਮਤ ਹੈ ।

ਚੌਥਾ " ਵੈਭਾਸਕ"-ਹੈ ਓਸਦਾ ਮਤ ਬਾਹਰੋਂ ਪਦਾਰਥ ਪ੍ਰਤੱਖ ਹੁੰਦਾ ਹੈ ਅੰਦ੍ਰ ਨਹੀ, ਜਿਸਤਰਾਂ " ਇਹ ਨੀਲਾ ਘੜਾ ਹੈ" ਏਸ ਪ੍ਰਤੀਤੀ ਵਿਚ ਨੀਲਿਆਈ ਨਾਲ ਮਿਲੀ ਹੋਈ ਘੜੇ ਦੀ ਸ਼ਕਲ ਬਾਹਰ ਮਲੂੰਮ ਹੁੰਦੀ ਹੈ ਇਹ ਅਜਿਹਾ ਮਨਦਾ ਹੈ । ਯੱਦਪੀ ਇਨ੍ਹਾਂ ਦਾ ਆਚਾਰਜ 'ਬੁਧ' ਇਕ ਹੈ ਤਥਾਪੀ ਸਿਖਾਂ ਦੀ ਬੁਧਦੇ ਫਰਕ ਕਰਕੇ ਚਹੁੰ ਤਰਾਂ ਦੀਆਂ ਸ਼ਾਖਾਂ ਹੋ ਗਈਆਂ ਹਨ, ਜਿਸਤਰਾਂ ਸੂਰਜ ਦੇ ਡੁਬੱਣ ਵਿਚ ਯਾਰ ਪੁਰਖ ਪਰਇਸਤ੍ਰੀ ਗਮਨ, ਅਰ ਵਿਦ-ਵਾਂਨ ਸਚ ਬੋਲਣ ਆਦੀ ਅੱਛੇ ਕੰਮ ਕਰਦੇ ਹਨ ਵੇਲਾ ਇਕ ਹੈ ਪ੍ਰੰਤੂ ਅਪਣੀ ਅਪਣੀ ਬੁਧ ਦੇ ਅਨੁਸਾਰ ਵਖਰੇ ਵਖਰੇ ਵਿਹਾਰ ਕਰਦੇ ਹਨ

ਹੁਣ ਇਨ੍ਹਾਂ ਪਹਿਲਾਂ ਕਹੇਹੋਏ ਚਹੁੰਵਿਚੋਂ ਮਾਧਮਿਕ ਸਾਰਿਆਂ ਨੂੰ ਖਿਣਕ ਮਨਦਾ ਹੈ ਅਰਥਾਤ ਖਿਣ ਖਿਣ ਵਿਚ ਬੁਧਦੇ ਪਰੀਣਾਮ ਹੋਣੇ ਕਰਕੇ ਜਿਹੜਾ ਪਹਿਲੇ ਖਿਣ ਵਿਚ ਗਿਆਤ ਵਸਤੂ ਸੀ ਉਹੋ ਜਿਹਾ ਦੂਜੇ ਖਿਣ ਵਿਚ ਨਹੀਂ ਰਹਿੰਦਾ ਏਸ ਵਾਸਤੇ ਸਾਰਿਆਂ ਨੂੰ ਖਿਣਕ ਮਨਣਾ ਚਾਹੀਏ, ਏਸ ਤਰਾਂ ਮਨਦਾ ਹੈ। ਦੂਜਾ 'ਯੋਗਾਚਾਰ' ਜੋ ਪਰ-ਵਿਰਤੀ ਹੈ ਸੋ ਸਾਰੀ ਦੁਖ ਰੂਪ ਹੈ, ਕਿੰਉਕਿ ਪ੍ਰਾਪਤਿ ਵਿਚ ਸੰਤੁਸ਼ਟ ਕੋਈ ਬੀ ਨਹੀਂ ਰਹਿੰਦਾ, ਇਕ ਦੀ ਪ੍ਰਾਪਤੀ ਵਿਚ ਦੂਜੇ ਦੀ ਇਛਿਆ ਬਣੀ ਹੀ ਰਹਿੰਦੀ ਹੈ ਏਸ ਤਰਾਂ ਮਨਦਾ ਹੈ ਤੀਜਾ "ਸਉਤ੍ਰਾਂਤਿਕ" ਸਾਰੇ ਪਦਾਰਥ ਅਪਣੇ ਅਪਣੇ ਲਖਣਾਂ ਨਾਲ ਜਾਣੇ ਜਾਂਦੇ ਹਨ, ਜਿਸਤਰਾਂ ਗਊ ਦੀ ਨਿਸ਼ਾਨੀਆਂ ਨਾਲ ਗਊ, ਅਰ ਘੋੜੇ ਦੀ ਨਿਸ਼ਾਨੀਆਂ ਨਾਲ ਘੋੜਾ ਮਲੂੰਮ ਹੁੰਦਾ ਹੈ ਓਸੇ ਤਰਾਂ ਲਖਣ ਲਖ ਵਿਚ ਸਦਾ ਰਹਿੰਦੇ ਹਨ ਏਸਤਰਾਂ ਕਹਿੰਦਾ ਹੈ। ਅਰ ਚੌਥਾ "ਵੈਭਾਸਿਕ" ਸ਼ੂੰਨ ਹੀ ਨੂੰ ਇਕ ਪਦਾਰਥ ਮਨਦਾ ਹੈ ਪਹਲਾਂ 'ਮਾਧਮਿਕ' ਸਾਰਿਆਂ ਨੂੰ ਸ਼ੂੰਨ ਮਨਦਾ ਹੈ ਓਸੇ ਦਾ ਪਖ "ਵੈਭਾਸਕ" ਦਾ ਬੀ ਹੈ, ਇਤਆਦੀ ਬਉਧਾਂ ਵਿਚ ਬਹੁਤ ਸਾਰੇ ਵਿਵਾਦ ਦੇ ਪਖ ਹਨ, ਏਸ ਪ੍ਰਕਾਰ ਚਹੁੰਤਰਾਂ ਦੀ ਭਾਉਣਾ ਮਨਦੇ ਹਨ।

( ਉਤ੍ਰ ) ਜੇਕਰ ਸਭ ਸ਼ੂੰਨ ਹੋਵੇ ਤਾਂ ਸ਼ੂੰਨ ਦਾ ਜਾਣਨ ਵਾਲਾ ਸ਼ੂੰਨ ਨਹੀਂ ਹੋ ਸਕਦਾ, ਅਰ ਜੇ ਸਭ ਸ਼ੂੰਨ ਹੋਵੇ ਤਾਂ ਸ਼ੂੰਨ,ਸ਼ੂੰਨ ਨੂੰ ਨਾ ਜਾਣ ਸੱਕੇ, ਏਸ ਵਾਸਤੇ ਸ਼ੂੰਨ ਦਾ ਜਾਨਣ ਵਾਲਾ ਅਰ ਜਾਨਣੇ ਜੋਗ

ਦੋ ਪਦਾਰਥ ਸਿਧ ਹੁੰਦੇ ਹਨ। ਅਰ ਜੋ 'ਯੋਗਾਚਾਰ' ਬਾਹਰ ਸ਼ੂਨ ਪਣਾ ਮ-ਨਦਾ ਹੈ ਤਾਂ ਪਰਬਤ ਏਸ ਦੇ ਅੰਦ੍ਰ ਹੋਣਾ ਚਾਹੀਏ, ਜੇਕਰ ਕਹ੍ਹੇ ਕਿ ਪਰਬਤ ਅੰਦਰ ਹੈ ਤਾਂ ਓਸਦੇ ਹਿਰਦੇ ਵਿਚ ਪਰਬਤ ਦੇ ਬਰਾਬਰ ਪੁਲਾੜ ਕਿਥੇ ਹੈ? ਏਸ ਵਾਸਤੇ ਬਾਹਰ ਪਰਬਤ ਹੈ, ਅਰ ਪਰਬਤ ਦਾ ਗਿਆਨ ਆਤਮਾ ਵਿਚ ਰਹਿੰਦਾ ਹੈ। 'ਸਉਤ੍ਰਾਂਤਿਕ' ਕਿਸੇ ਪਦਾਰਥ ਨੂੰ ਪ੍ਰਤਖ ਨਹੀਂ ਮਨਦਾ ਤਾਂ ਉਹ ਆਪ ਸ੍ਵਯੰ ਅਰ ਓਸਦਾ ਬਚਨ ਬੀ ਅਨੁਮਾਨ ਪ੍ਰਮਾਣ ਦਾ ਵਿਸ਼ੇ ਹੋਣਾ ਚਾਹੀਏ,ਪ੍ਰਤੱਖ ਨਹੀ, ਜੇਕਰ ਪ੍ਰਤੱਖ ਨਾ ਹੋਵੇ ਤਾਂ ਇਹ ਘੜਾ ਹੈ ਇਹ ਪ੍ਰਯੋਗ ਬੀ ਨਾ ਹੋਣਾ ਚਾਹੀਏ, ਕਿੰਤੂ ਇਹ ਘੜੇ ਦਾ ਇ-ਕ ਦੇਸ਼ ਹੈ ਅਰ ਇਕ ਦੇਸ਼ ਦਾ ਨਾਉਂ ਘੜਾ ਨਹੀ ਕਿੰਤੂ ਸਾਰੇ ਦਾ ਨਾਉਂ ਘੜਾ ਹੈ,. ਇਹ ਘੜਾ ਹੈ, ਇਹ ਪ੍ਰਤੱਖ ਹੈ, ਅਨੁਮਾਨ ਪ੍ਰਮਾਣ ਦਾ ਵਿਸ਼ਾ ਨਹੀ, ਕਿਉਂਕਿ ਸਾਰਿਆਂ ਅੰਗਾਂ ਵਿਚ ਅੰਗਾਂ ਵਾਲਾ ਇਕ ਹੈ ਓਸਦੇ ਪ੍ਰਤਖ ਹੋਣ ਨਾਲ ਸਾਰੇ ਘੜੇ ਦੇ ਅੰਗ ਬੀ ਪ੍ਰਤੱਖ ਹੁੰਦੇ ਹਨ ਅਰਥਾਤ ਅੰਗਾਂ ਦੇ ਨਾਲ ਘੜਾ ਪ੍ਰਤੱਖ ਹੁੰਦਾ ਹੈ।

ਚੌਥਾ ਵੈਭ੍ਰਾਸਕ— ਬਾਹਰ ਪਦਾਰਥਾਂ ਨੂੰ ਪ੍ਰਤੱਖ ਮਨਦਾ ਹੈ ਉਹਬੀ ਠੀਕ ਨਹੀ, ਕਿਉਂਕਿ ਜਿਥੇ ਜਾਣਨ ਵਾਲਾ, ਅਰ ਜਾਣਨਾ ਹੁੰਦਾ, ਹੈ ਉਥੇਹੀ ਪ੍ਰਤੱਖ ਹੁੰਦਾ ਹੈ ਭਾਂਵੇ ਪ੍ਰਤੱਖ ਦਾ ਵਿਸ਼ਾ ਬਾਹਰ ਹੁੰਦਾ ਹੈ,ਤਿਸ ਵਿਸ਼ੇ ਦੀ ਸ਼ਕਲ ਵਾਲਾ ਗਿਆਂਨ ਆਤਮਾ ਨੂੰ ਹੁੰਦਾ ਹੈ, ਓਸੇਤਰਾਂ ਜੋ ਖਿਣਕ ਪਦਾਰਥ ਅਰ ਓਸਦਾ ਗਿਆਂਨ ਖਿਣਕ ਹੋਵੇ ਤਾਂ ਪ੍ਰਤੀਭਿਗਿ-ਆ ਅਰਥਾਤ ਮੈਂਨੇ ਉਹ ਗਲ ਕੀਤੀਸੀ ਅਜਿਹੀ ਯਾਦਗੀਰੀ ਨਾ ਹੋ-ਣੀ ਚਾਹੀਏ, ਪ੍ਰੰਤੂ ਪਹਿਲਾਂ ਵੇਖੇ ਸੁਣੇਦੀ ਯਾਦਗੀਰੀ ਹੁੰਦੀ ਹੈ. ਏਸ ਵਾਸਤੇ ਖਿਣਕਵਾਦ ਬੀ ਠੀਕ ਨਹੀ। ਜੇਕਰ ਸਾਰਾ ਦੁਖ ਹੀ ਹੋਵੇ,ਅਰ ਸੁਖ ਕੁਝਬੀ ਨਾ ਹੋਵੇ ਤਾਂ ਸੁਖਦੀ ਅਪੇਖਿਆ ਤੋ ਬਿਨਾ ਦੁਖ ਸਿਧ ਨਹੀ ਹੋ ਸਕਦਾ, ਜਿਸਤਰਾਂ ਰਾਤਦੀ ਅਪੇਖਿਆ ਕਰਕੇ ਦਿਨ, ਅਰ ਦਿਨਦੀ ਅਪੇਖਿਆ ਕਰਕੇ ਰਾਤ ਹੁੰਦੀ ਹੈ ਏਸ ਵਾਸਤੇ ਸਭ ਦੁਖ ਮ-ਨਣਾ ਠੀਕ ਨਹੀ, ਜੇਕਰ ਅਪਣੇ ਲੱਖਣ ਹੀ ਮਨੀਏਂ ਤਾਂ ਅਖਾਂ ਰੂ-ਪਦਾ ਲਖਣ ਹਨ ਅਰ ਰੂਪ ਲੱਖ ਹੈ, ਜਿਸਤਰਾਂ ਘੜੇਦਾ ਰੂਪ ਘੜੇ ਦੇ ਰੂਪਦਾ ਲਖਣ, ਅਖਾਂ ਲਖ ਥੀਂ ਵਖਰੀਆਂ ਹਨ, ਅਰ ਗੰਧ ਪ੍ਰਿਥ੍ਵੀ ਥੀਂ ਵਖਰੀ ਨਹੀ ਹੈ ਇਸੇਤਰਾਂ ਵਖਰੇ ਬੀ, ਨਾ ਵਖਰੇ ਬੀ, ਲਖ ਲ-ਖਣ ਮਨਣੇ ਚਾਹੀਏ। ਸ਼ੂਨਦਾ ਜਿਹੜਾ ਉਤ੍ਰ ਹੈ ਉਹ ਪਹਿਲਾਂ ਦਿਤਾਹੈ ਉਹੀ ਅਰਥਾਤ ਸ਼ੂਨਦਾ ਜਾਣਨਵਾਲਾ ਸ਼ੂਨ ਥੀਂ ਵਖਰਾ ਹੁੰਦਾ ਹੈ॥

सर्वस्य संसारस्य दुःखात्मकत्वं सर्वतीर्थंकरसंमतम् ॥

ਜਿਨ੍ਹਾਂ ਨੂੰ ਬਊਧ ਤੀਰਥੰਕਰ ਮਨਦੇ ਹਨ ਉਨ੍ਹਾਂ ਹੀ ਨੂੰ ਜੈਨ ਬੀ ਮਨਦੇ ਹਨ, ਏਸ ਵਾਸਤੇ ਇਹ ਦੋਨੋਂ ਇਕੋ ਹਨ, ਅਰ ਪਹਿਲਾਂ ਕਹੀ ਹੋਈ ਭਾਉਨਾ ਚਤੁਸ਼ਟੇ ਅਰਥਾਤ ਚਹੁੰ ਭਾਉਨਾ ਥੀਂ ਸਾਰੀਆਂ ਵਾਸ਼ਨਾਂ ਦੂਰ ਹੋਣਤੇ ਸ਼ੂੰਨ ਰੂਪ ਨਿਰਬਾਣ ਅਰਥਾਤ ਮੁਕਤੀ ਮਨਦੇ ਹਨ ਅਪਣੇ ਸਿਖਾਂ ਨੂੰ ਯੋਗਅਚਾਰ ਦਾ ਉਪਦੇਸ਼ ਕਰਦੇ ਹਨ, ਗੁਰੂਦੇ ਬਚਨ ਦਾ ਮਨਨ ਕਰਨਾ, ਅਨਾਦੀ ਬੁਧ ਵਿਚ ਵਾਸ਼ਨਾ ਹੋਣ ਥੀਂ ਬੁਧ ਹੀ ਅਨੇਕ ਸ਼ਕਲ ਭਾਸਦੀ ਹੈ, ਉਨ੍ਹਾਂ ਵਿਚੋਂ ਪਹਿਲਾਂ ਸਕੰਧਃ—

रूपविज्ञानवेदनासंज्ञासंस्कार संज्ञकः ॥

(ਪਹਿਲਾ) ਜੋ ਇੰਦ੍ਰੀਆਂ ਨਾਲ ਰੂਪ ਆਦੀ ਵਿਸ਼ਾ ਗ੍ਰਹਣ ਕੀਤਾ ਜਾਂਦਾ ਹੈ ਉਹ ਰੂਪ ਸਕੰਧ।

(ਦੂਜਾ) ਆਲੈ 'ਵਿਗਿਆਨ ਪ੍ਰਬ੍ਰਿਤੀ' ਜਾਂਣਨਾ ਰੂਪ ਵਿਹਾਰ ਨੂੰ 'ਵਿਗਿਆਨ ਸਕੰਧ'

(ਤੀਜਾ) ਰੂਪ ਸਕੰਧ ਅਰ ਵਿਗਿਆਨ ਸਕੰਧ ਥੀਂ ਉਤਪੰਨ ਹੋਇਆ ਸੁਖ, ਦੁਖ ਆਦੀ ਪ੍ਰਤੀਤੀ ਰੂਪ ਵਿਹਾਰ ਨੂੰ "ਵੇਦਨਾ ਸਕੰਧ"

(ਚੌਥਾ) ਗਊ ਆਦੀ ਸੰਗਿਆ ਦਾ ਸਬੰਧ ਨਾਮ ਵਾਲੇ ਦੇ ਨਾਲ ਮਨਣਰੂਪ ਨੂੰ 'ਸੰਗਿਆਸਕੰਧ'।

(ਪੰਜਵਾਂ) 'ਵੇਦਨਾਸਕੰਧ' ਥੀਂ ਪ੍ਰੀਤ, ਗਿਲਾਨੀ ਆਦੀ ਕਲੇਸ਼, ਅਰ ਭੁਖ, ਤੇਹ ਆਦੀ ਉਪਕਲੇਸ਼, ਮਸਤੀ, ਆਲਸ, ਹੰਕਾਰ, ਧਰਮ ਅਰ ਅਧਰਮ ਰੂਪ ਵਿਹਾਰ ਨੂੰ ਸੰਸਕਾਰ ਸਕੰਧ ਮਨਦ ਹਨ, ਸਾਰੇ ਸੰਸਾਰ ਵਿਚ ਦੁਖ ਰੂਪ ਦੁਖ ਦਾ ਘਰ, ਦੁਖਦਾ ਸਾਧਨ ਰੂਪ ਭਾਉਨਾ ਕਰਕੇ ਸੰਸਾਰ ਥੀਂ ਛੁਟਣਾ ਚਾਰਵਾਕਾਂ ਵਿਚ ਵਧੀਕ ਮੁਕਤੀ, ਅਰ ਅਨੁਮਾਨ ਅਰ ਜੀਵ ਨੂੰ ਨਾ ਮਨਣਾ ਬਊਧ ਮਨਦੇ ਹਨ॥

देशना लोकनाथानां सत्त्वाशयवशानुगाः।
भिद्यन्ते बहुधा लोके उपायैर्बहुभिः किल ॥ १ ॥
गम्भीरोत्तानभेदेन क्वचिच्चोभयलक्षणा।
भिन्ना हि देशना भिन्ना शून्यताद्वयलक्षणा ॥ २ ॥
अर्थान् पाज्य बहुशो द्वादशायतनानि वै।
परितः पूजनीयानि किमन्यैरिह पूजितैः ॥ ३ ॥
ज्ञानेन्द्रियाणि पंचैव तथा कर्मेन्द्रियाणि च।

ਮਨੋ ਬੁਦ੍ਧਿਰਿਤਿ ਪ੍ਰੋਕ੍ਤਂ ਦ੍ਵਾਦਸ਼ਾਯਤਨਂ ਬੁਧੈਃ ॥ ੪ ॥

ਅਰਥਾਤ ਜੋ ਗਿਆਨੀ, ਵਿਰਕਤ, ਜੀਵਣਮੁਕਤ ਲੋਕਾਂਦੇ ਨਾਥ ਬੁਧ ਆਦੀ ਤੀਰਥੰਕਰਾਂ ਦੇ ਪਦਾਰਥਾਂ ਦੇ ਸਰੂਪ ਨੂੰ ਜਾਣਨਵਾਲਾ, ਜੋ ਕਿ ਵਖਰੇ ਵਖਰੇ ਪਦਾਰਥਾਂ ਦਾ ਉਪਦੇਸ਼ ਕਰਨ ਵਾਲਾ ਹੈ, ਜਿਸਨੂੰ ਬਹੁਤ ਸਾਰੇ ਭੇਦ ਅਰ ਬਹੁਤ ਸਾਰੇ ਉਪਾਂਵਾਂ ਨਾਲ ਕਹਿਆ ਹੈ ਓਸਨੂੰ ਮਨਣਾ ॥ ੧ ॥ ਵੱਡੇ ਡੂੰਘੇ ਅਰ ਪ੍ਰਸਿਧ ਭੇਦ ਨਾਲ ਕਿਧਰੇ ਕਿਧਰੇ ਛਪਾਕੇ ਅਪ੍ਰਗਟਤਾ ਨਾਲ ਵਖਰੇ ਵਖਰੇ ਗੁਰੂਆਂ ਦੇ ਉਪਦੇਸ਼ ਜਿਹੜੇ ਕਿ ਥੋੜੇ ਲਖਣਾਂ ਨਾਲ ਮਿਲੇ ਹੋਏ ਪਹਿਲਾਂ ਦਸ ਆਏ ਉਨ੍ਹਾਂ ਨੂੰ ਮਨਣਾ ॥ ੨ ॥ ਜਿਹੜੀ ੧੨ ਬਾਰ੍ਹਾਂ ਯਤਨ ਪੂਜਾ ਹੈ ਉਹੋ ਮੁਕਤੀ ਕਰਨ ਵਾਲੀ ਹੈ, ਓਸ ਪੂਜਾ ਦੇ ਵਾਸਤੇ ਬਹੁਤ ਸਾਰੇ ਧਨ ਆਦੀ ਪਦਾਰਥਾਂ ਨੂੰ ਪ੍ਰਾਪਤ ਹੋਕੇ ਦ੍ਵਾਦਸ ਯਤਨ ਅਰਥਾਤ ਬਾਰ੍ਹਾਂ ਤਰਾਂ ਦੀਆਂ ਜਗਹਿ ਵਿਸ਼ੇਸ਼ ਬਣਾਕੇ ਸਭਤਰਾਂ ਨਾਲ ਪੂਜਾ ਕਰਨੀ ਚਾਹੀਏ, ਹੋਰਦੀ ਪੂਜਾ ਕਰਨ ਨਾਲ ਕੀ ਮਤਲਬ ॥ ੩ ॥ ਇਨ੍ਹਾਂਦੀ ਦ੍ਵਾਦਸਯਤਨਪੂਜਾ ਇਹ ਹਨਃ- ਪੰਜ ਗਿਆਨ ਇੰਦ੍ਰੀਆਂ ਅਰਥਾਤ ਕੰਨ, ਖਲੜੀ, ਅਖਾਂ, ਜਬਾਨ ਅਰ ਨਾਸਾਂ ਪੰਜਕਰਮ ਇੰਦ੍ਰੀਆਂ ਅਰਥਾਤ ਬਾਣੀ, ਹਥ, ਪੈਰ, ਗੁਦਾ, ਅਰ ਲਿੰਙ ਇਹ ੧੦ ਇੰਦ੍ਰੀਆਂ ਅਰ ਮਨ, ਬੁਧ, ਇਨ੍ਹਾਂ ਹੀ ਦਾ ਆਦਰ ਅਰਥਾਤ ਇਨ੍ਹਾਂਨੂੰ ਅਨੰਦ ਵਿਚ ਲਗਾਈ ਰਖਣਾ, ਏਸਥੀਂ ਆਦ ਲੈਕੇ ਬਉਧ ਦਾ ਮਤ ਹੈ ॥ ੪ ॥

( ਉਤ੍ਰ ) ਜੇਕਰ ਸਾਰਾ ਜਗਤ ਦੁਖ ਰੂਪ ਹੁੰਦਾ ਤਾਂ ਕਿਸੇ ਜੀਵ ਦੀ ਪਰਵਿਰਤੀ ਨਾ ਹੋਣੀ ਚਾਹੀਏ, ਜਗਤਵਿਚ ਜੀਵਾਂਦੀ ਪਰਵਿਰਤੀ ਪ੍ਰਤੱਖ ਦਸੀਂਦੀ ਹੈ ਏਸਵਾਸਤੇ ਸਾਰਾ ਸੰਸਾਰ ਦੁਖ ਰੂਪ ਨਹੀ ਹੋ ਸਕਦਾ ਕਿੰਤੂ ਏਸ ਵਿਚ ਸੁਖ, ਦੁਖ ਦੋਨੋ ਹਨ ਅਰ ਜੋ ਬਉਧਲੋਕ ਅਜਿਹਾਹੀ ਸਿਧਾਂਤ ਮਨਦੇ ਹਨ ਤਾਂ ਖਾਂਣ, ਪੀਂਣ ਆਦੀ ਕਰਨਾ, ਅਰ ਪਰਹੇਜ ਤਥਾ ਦੁਆਈ ਆਦੀ ਕਰਨੇ ਕਰਕੇ ਸ਼ਰੀਰ ਦੀ ਰਖਿਆ ਕਰਨ ਵਿਚ ਪ੍ਰਬ੍ਰਿਤ ਹੋਕੇ ਸੁਖ ਕਿਉਂ ਮਨਦੇ ਹਨ? ਜੇਕਰ ਆਖਣ ਅਸੀ ਪ੍ਰਵਿਰਤ ਤਾਂ ਹੁੰਦੇ ਹਾਂ ਪ੍ਰੰਤੂ ਏਸਨੂੰ ਦੁਖਹੀ ਮਨਦੇ ਹਾਂ ਤਾਂ ਇਹ ਕਹਣਾ ਹੀ ਬਣਦਾ ਨਹੀ, ਕਿਉਂਕਿ ਜੀਵ ਸੁਖ ਜਾਣਕੇ ਪ੍ਰਵਿਰਤ ਅਰ ਦੁਖ ਜਾਣਕੇ ਨਿਰਵਿਰਤ ਹੁੰਦਾ ਹੈ। ਜਗਤ ਵਿਚ ਧਰਮ, ਕ੍ਰਿਆ, ਵਿਦਿਆ, ਸਤਸੰਗ ਆਦੀ ਅਛੱ ਵਿਹਾਰ ਸਾਰੇ ਸੁਖ ਕਰਨ ਵਾਲੇ ਹਨ, ਇਨ੍ਹਾਂ ਨੂੰ ਕੋਈ ਬੀ ਵਿਦਵਾਂਨ ਦੁਖਦਾ ਚਿੰਨ੍ਹ ਨਹੀ ਮਨ ਸਕਦਾ ਬਿਨਾਂ ਬਉਧਾਂ ਦੇ। ਜੇਹਿੜੇ ਪੰਜ ਸਕੰਧ ਹਨ ਉਹਬੀ ਪੂਰਣ ਅਪੂਰਣ

ਹਨ, ਕਿਸਕਰਕੇ ਜੋ ਅਜਿਹੇ ਅਜਿਹੇ ਸਬੰਧ ਵਿਚਾਰਨ ਲਗੀਏ ਤਾਂ ਇਕ ੨ ਦੇ ਅਨੇਕ ਭੇਦ ਹੋ ਸਕਦੇ ਹਨ । ਜਿਨ੍ਹਾਂ ਤੀਰਥੰਕਰਾਂ ਨੂੰ ਉਪ-ਦੇਸ਼ਕ ਅਰ ਲੋਕਨਾਥ ਮਨਦੇ ਹਨ ਅਰ ਅਨਾਦੀ ਜੋ ਨਾਥਾਂ ਦਾ ਬੀ ਨਾਥ ਪਰਮਾਤਮਾ ਹੈ ਓਸਨੂੰ ਨਹੀ ਮਨਦੇ ਤਾਂ ਉਨ੍ਹਾਂ ਤੀਰਥੰਕਰਾਂ ਨੇ ਉ-ਪਦੇਸ਼ ਕਿਸ ਪਾਸੋਂ ਪਾਇਆ? ਜੇਕਰ ਕਹਨ ਕਿ ਅਪਣੇ ਆਪ ਪ੍ਰਾਪਤ ਹੋਇਆ ਤਾਂ ਅਜਿਹਾ ਕਹਣਾ ਬਣਦਾ ਨਹੀ, ਕਿਉਂਕਿ ਕਾਰਣ ਦੇ ਬਿਨਾ ਕਾਰਜ ਨਹੀ ਹੋ ਸਕਦਾ । ਅਥਵਾ ਉਨ੍ਹਾਂ ਦੇ ਕਹੇ ਅਨੁਸਾਰ ਈਕਣ ਹੀ ਹੁੰਦਾ ਤਾਂ ਹੁਣ ਬੀ ਉਨ੍ਹਾਂ ਵਿਚ ਬਿਨਾ ਪੜ੍ਹੇ ਪੜ੍ਹਾਏ ਸੁਣੇ ਸੁਣਾਏ ਅਰ ਗਿਆਨੀਆਂਦੇ ਸਤਸੰਗ ਕੀਤੇ ਬਿਨਾ ਗਿਆਨੀ ਕਿਉਂ ਨਹੀਂਹੋ ਜਾਂਦੇ?ਜਦ ਨਹੀ ਹੁੰਦੇ ਤਾਂ ਅ ਜਿਹਾਕਹਣਾ ਹਮੇਸ਼ਾਂਨਿਰਮੂਲ ਅਰ ਜੁਗਤੀ ਰਹਿਤ,ਸੰਨਪਾਤ ਰੋਗ ਕਰਕੇ ਗ੍ਰਸੇ ਹੋਏ ਮਨੁੱਖ ਦੇ ਬਰੜਾਨੇ ਦੇ ਵਾਕਣ ਹੈ । ਜੇਕਰ ਸੂੰਨ ਰੂਪ ਹੀ ਅਦ੍ਵੈਤ ਉਪਦੇਸ਼ ਬਉਧਾਂ ਦਾ ਹੈ ਤਾਂ ਵਿਦਮਾਨ ਵਸਤੂ ਸੂੰਨ ਰੂਪ ਕਦੀ ਨਹੀਂ ਹੋ ਸਕਦਾ, ਹਾਂ ਸੂਖਮ ਕਾਰਣ ਰੂਪ ਤਾਂ ਹੋ ਜਾਂਦਾ ਹੈ ਏਸ ਵਾਸ਼ਤੇ ਇਹ ਬੀ ਕਹਣਾ ਭ੍ਰਮ ਰੂਪ ਹੈ । ਜੇਕਰ ਧਨਾਂ ਦੇ ਅਕੱਠਾ ਕਰਨ ਤੇ ਹੀ ਪਹਿਲਾਂ ਕਹੀ ਦ੍ਵਾਦਸ ਯਤਨ ਪੂਜਾ ਮੋਖਦਾ ਸਾਧਨ ਮਨਦੇ ਹਨ ਤਾਂ ਦਸ ੧੦ ਪ੍ਰਾਣ ਅਰ ਯਾਰਵੇਂ ੧੧ ਜੀਵ ਆਤਮਾ ਦੀ ਪੂਜਾ ਕਿਉਂ ਨਹੀ ਕਰਦੇ? ਜਦ ਇੰਦ੍ਰੀਆਂ ਅਰ ਅੰਤਹ ਕਰਨ ਦੀ ਪੂਜਾ ਬੀ ਮੋਖ ਦੇਣ ਵਾਲੀ ਹੈ ਤਾਂ ਇਨ੍ਹਾਂ ਬਉਧਾਂ ਅਰ ਵਸ਼ਈ ਮਨੁਖਾਂ ਵਿਚ ਕੀ ਫਰਕ ਰਹਿਆ। ਜੇਕਰ ਉਨ੍ਹਾਂ ਬੀ ਇਹ ਬਉਧ ਨਹੀਂ ਬਚ ਸਕੇ ਤਾਂ ਓਥਿ ਮੁਕਤੀ ਬੀ ਕਿਥੇ ਰਹੀ?ਜਿਥੇ ਅਜਿਹੀਆਂ ਗੱਲਾਂ ਹਨ ਉੱਥੇ, ਮੁਕਤੀ ਦਾ ਕੀ ਕੰਮ? ਕੇਹੀ ਇਨ੍ਹਾਂ ਨੇ ਅਪਣੀ ਅਵਿਦਿਆ ਦੀ ਉਨਤੀ ਕੀਤੀ ਹੈ ਜਿਸਦਾ ਸਾਦ੍ਰਸ਼ ਇਨ੍ਹਾਂ ਦੇ ਬਿਨਾਂ ਦੂਜਿਆਂ ਨਾਲ ਨਹੀਂ ਬਣ ਸਕਦਾ, ਨਿਸਚੇ ਤਾਂ ਇਹ ਹੁੰਦਾ ਹੈ ਕਿ ਇਨ੍ਹਾਂ ਨੂੰ ਵੇਦ, ਈਸ਼੍ਵਰ ਨਾਲ ਵਿਰੋਧ ਕਰਨ ਦਾ ਇਹੀ ਫਲ ਮਿਲਿਆ । ਪਹਿਲੇ ਤਾਂ ਸਾਰੇ ਸੰਸਾਰ ਦੀ ਦੁਖ ਰੂਪੀ ਭਾਉਣਾ ਕੀਤੀ, ਫੇਰ ਵਿਚਕਾਰ ਦ੍ਵਾਦਸਯਤਨਪੂਜਾ ਲਗਾ ਦਿੱਤੀ, ਕੀ, ਇਨ੍ਹਾਂ ਦੀ ਦ੍ਵਾਦਸਯਤਨਪੂਜਾ ਸੰਸਾਰ ਦੇ ਪਦਾਰਥਾਂ ਥੀਂ . ਬਾ-ਹਿਰ ਦੀ ਹੈ ਜੋ ਮੁਕਤੀ ਦੇ ਦੇਣ ਹਾਰੀ ਹੋ ਸੱਕੇ, ਤਾਂ ਭਲਾ ਕਦੀ ਅੱਖਾਂ ਮੀਚਕੇ ਕੋਈ ਰਤਨ ਢੂੰਢਿਆ ਚਾਹ੍ਹੇ ਵਾ ਢੂੰਢੇ ਕਦੀ ਪ੍ਰਾਪਤ ਹੋ ਸਕਦਾ ਹੈ? ਅਜਿਹੀ ਇਨ੍ਹਾਂ ਦੀ ਲੀਲਾ ਵੇਦ ਈਸ਼੍ਵਰ ਨੂੰ ਨਾ ਮਨੱਣ ਕਰਕੇ ਹੋਈ, ਹੁਣ ਬੀ ਸੁਖ ਚਾਹਨ ਤਾਂ ਵੇਦ ਈਸ਼੍ਵਰ ਦਾ ਸਹਾਰਾ ਲੈਕੇ ਅਪਣਾ ਜਨਮ ਸੁਫਲ ਕਰਨ ॥ ਵਵੇਕਵਿਲਾਸ ਗ੍ਰੰਥ ਵਿਚ ਬਉਧਾਂ ਦਾ ਏਸ ਪ੍ਰਕਾਰ ਦਾ ਮਤ ਲਿਖਿਆ ਹੈ:—

बौद्धानां सुगतो देवो विश्वं च क्षणभंगुरम्।
आर्य्यसत्वाख्यया तत्वचतुष्टयमिदं क्रमात्॥ १॥
दुःखमायतनं चैव ततः समुदयो मतः।
मार्गश्चेत्यस्य च व्याख्या क्रमेण श्रूयता मतः॥ २॥
दुःखसंसारिणस्कन्धास्ते च पञ्च प्रकीर्तिताः।
विज्ञानं वेदनासंज्ञा संस्कारो रूपमेव च॥ ३॥
पंचेन्द्रियाणि शब्दाद्या विषयाः पञ्च मानसम्।
धर्मायतनमेतानि द्वादशायतनानि तु॥ ४॥
रागादीनां गणो यः स्यात्समुदेति नृणांहृदि।
आत्मात्मीयस्वभावाख्यः स स्यात्समुदयः पुनः॥ ५॥
क्षणिकाः सर्वसंस्कारा इति या वासना स्थिरा।
स मार्ग इति विज्ञेयः स च मोक्षोऽभिधीयते॥ ६॥
प्रत्यक्षानुमानं च प्रमाणं द्वितयं तथा।
चतुःप्रस्थानिका बौद्धाः ख्याता वैभाषिकादयः॥ ७॥
अर्थो ज्ञानान्वितो वैभाषिकेण बहु मन्यते।
सौत्रान्तिकेन प्रत्यक्षग्राह्योऽर्थो न बहिर्मतः॥ ८॥
आकारसहिता बुद्धिर्योगाचारस्य संमता।
केवलां संविदं स्वस्थां मन्यन्ते मध्यमाः पुनः॥ ९॥
रागादिज्ञानसन्तानवासनाच्छेदसंभवा।
चतुर्णामपि बौद्धानां मुक्तिरेषा प्रकीर्तिता॥ १०॥
कृत्तिकमण्डलुर्मौण्ड्यं चीरं पूर्वाह्णभोजनम्।
संघो रक्तांबरत्वं च शिश्रिये बौद्धभिक्षुभिः॥ ११॥

ਬਉਧਾਂ ਦਾ 'ਸੁਗਤ ਦੇਵ' ਬੁਧਭਗਵਾਂਨ ਪੂਜਾਦੇਜੋਗ ਦੇਵ, ਅਰ ਜਗਤ ਖਿਣ ਭੰਗਰ, ਆਰਯ ਪੁਰਖ ਅਰ ਆਰਯਾ ਇਸਤ੍ਰੀ ਤਥਾ ਤਤ੍ਵਾਂ ਦੀ ਆਖਿਆ, ਸੰਗਿਆ ਆਦੀ ਪ੍ਰਸਿਧੀ ਇਹ ਚਾਰ ਤਤ੍ਵ ਬਉਧਾਂ ਵਿਚ ਮੰਨਣ ਜੋਗ ਪਦਾਰਥ ਹਨ ॥ ੧ ॥ ਏਸ ਜਗਤ ਨੂੰ ਦੁਖਦਾ ਘਰ ਜਾਂਣੇ, ਤਿਸ ਥੀਂ ਪਿਛੋਂ ਸਮੁਦਾਇ ਅਰਥਾਤ ਉੱਨਤੀ ਹੁੰਦੀ ਹੈ, ਅਰ ਇਨ੍ਹਾਂ ਦੀ ਵਿਆਖਿਆ ਕ੍ਰਮ ਨਾਲ ਸੁਣੋਂ ॥ ੨ ॥ ਸੰਸਾਰ ਵਿਚ ਦੁਖ ਹੀ ਹੈ, ਜਿਹੜੇ ਪੰਜ ਸਕੰਧ ਪਹਿਲਾਂ ਕਹਿ ਆਏ ਹਾਂ ਉਨ੍ਹਾਂ ਨੂੰ ਜਾਂਨਣਾ ॥ ੩ ॥ ਪੰਜ ਗਿਆਂਨ ਇੰਦ੍ਰੀਆਂ, ਉਨ੍ਹਾਂ ਦੇ ਸ਼ਬਦ ਆਦੀ ਵਿਸ਼ੇ ਪੰਜ, ਅਰ ਮਨ, ਬੁਧ, ਅੰਤਹਕਰਣ ਧਰਮ ਦੀ ਜਗਹ ਇਹ ਬਾਰ੍ਹਾਂ ਹਨ ॥ ੪ ॥ ਜੋ ਮਨੁੱਖਾਂ ਦੇ ਹਿਰਦੇ ਵਿਚ ਰਾਗ, ਦ੍ਵੇਸ਼ ਆਦੀ ਅਕੱਠ ਦੀ ਉਤਪੱਤੀ ਹੁੰਦੀ ਹੈ ਉਹ ਸਮੁਦਾਇ, ਅਰ

ਜੋ ਆਤਮਾ, ਆਤਮਾ ਦੇ ਸਬੰਧੀ ਅਰ ਸੁਭਾਵ ਹੈ ਉਹ ਆਖਿਆ, ਇਨ੍ਹਾਂ ਹੀ ਵਿਚ ਫਿਰ ਸਮੁਦਾਇ ਹੁੰਦਾ ਹੈ ॥ ੫ ॥ ਸਾਰੇ ਸੰਸਕਾਰ ਖਿਣਿਕ ਹਨ, ਜੋ ਇਹ ਵਾਸ਼ਨਾ ਠੈਹਰ ਜਾਂਣੀ ਉਹ ਬਊਧਾਂ ਦਾ ਮਾਰਗ ਹੈ, ਅਰ ਓਹੀ ਸ਼ੂੰਨਤਤ੍ਵ ਸ਼ੂੰਨ ਰੂਪ ਹੋ ਜਾਣਾ ਮੋਖ ਹੈ ॥ ੬ ॥ ਬਊਧਲੋਕ ਪ੍ਰਤੱਖ ਅਰ ਅਨੁਮਾਨ ਦੋਹੀ ਪ੍ਰਮਾਣ ਮਨਦੇ ਹਨ, ਚਹੁੰ ਤਰ੍ਹਾਂ ਦੇ ਇਨ੍ਹਾਂ ਵਿਚ ਭੇਦ ਹਨ, 'ਵੈਭਾਸਿਕ' 'ਸਊਤ੍ਰਾਂਤਿਕ' 'ਯੋਗਾਚਾਰ' ਅਰ 'ਮਾਧਮਿਕ' ॥ ੭ ॥ ਇਨ੍ਹਾਂ ਵਿਚ ਵੈਭਾਸਕ ਗਿਆਂਨ ਵਿਚ ਜਿਹੜਾ ਅਰਥ ਹੈ ਓਸਨੂੰ ਸਾਮਣੇ ਮਨਦਾ ਹੈ, ਕਿਸਵਾਸਤੇ ਜਿਹੜਾ ਗਿਆਂਨ ਵਿਚ ਨਹੀ ਹੈ ਓਸਦਾ ਹੋਣਾ ਸਿਧ ਪੁਰਖ ਨਹੀ ਮਨ ਸਕਦਾ । ਅਰ ਸਊਤ੍ਰਾਂਤਿਕ ਅੰਦਰ ਨੂੰ ਪ੍ਰਤੱਖ ਪਦਾਰਥ ਮਨਦਾ ਹੈ ਬਾਹਿਰ ਨਹੀ ॥ ੮ ॥ ਯੋਗਾਚਾਰ ਸ਼ਕਲ ਥੀਂ ਬਿਨਾਂ ਵਿਗਿਆਂਨ ਨਾਲ ਮਿਲੀ ਹੋਈ ਬੁਧ ਨੂੰ ਮਨਦਾ ਹੈ । ਅਰ ਮਾਧਮਿਕ ਨਿਰਾ ਅਪਣੇ ਵਿਚ ਪਦਾਰਥਾਂ ਦਾ ਗਿਆਂਨ ਮਾਤ੍ਰ ਮਨਦਾ ਹੈ ਪਦਾਰਥਾਂ ਨੂੰ ਨਹੀ ਮਨਦਾ ॥ ੯ ॥ ਅਰ ਰਾਗ ਆਦੀ ਵਿਗਿਆਂਨ ਦੇ ਪ੍ਰਵਾਹ ਦੀ ਵਾਸ਼ਨਾ ਦੇ ਨਾਸ਼ ਥੀਂ ਉਤਪਤ ਹੋਈ ਮੁਕਤੀ ਚਹੁੰ ਬਊਧਾਂ ਦੀ ਹੈ ॥ ੧੦ । ਹਰਨ ਆਦੀ ਦਾ ਚਮੜਾ, ਕਰਮੰਡਲ, ਮੂੰਡਮੁੰਡਾਏ, ਭੋਜਪਤ੍ਰ ਦੇ ਵਸਤ੍ਰ, ਪੂਰਬਾਹਣ ਅਰਥਾਤ ੯ ਬਜੇ ਥੀਂ ਪਹਿਲਾਂ ਭੋਜਨ, । ਅਕੱਲਾ ਨ ਰਹੇ, ਲਾਲ ਕਪੜਿਆਂ ਦਾ ਪਹਰਨਾ ਇਹ ਬਊਧਾਂ ਦੇ ਸਾਧੂਆਂ ਦਾ ਪਹਿਰਾਵਾ ਹੈ ॥ ੧੧ ॥

(ਉੱਤਰ) ਜੋ ਬਊਧਾਂ ਦਾ 'ਸੁਗਤ ਬੁਧ' ਹੀ ਦੇਵ ਹੈ ਤਾਂ ਓਸਦਾ ਗੁਰੂ ਕੇਹੜਾ ਸੀ ? ਅਰ ਜੇਕਰ ਜਗਤ ਖਿਣਭੰਗਰ ਹੋਵੇ ਤਾਂ ਚਿਰ ਦ੍ਰਿਸ਼ਟ ਪਦਾਰਥ ਦਾ ਇਹ ਉਹਾਹੀ ਹੈ ਅਜਿਹੀ ਯਾਦਗੀਰੀ ਨਾ ਹੋਣੀ ਚਾਹੀਏ, ਜੇਕਰ ਖਿਣਭੰਗਰ ਹੁੰਦਾ ਤਾਂ ਉਹ ਪਦਾਰਥ ਹੀ ਨਹੀ ਰਹਿੰਦਾ ਫੇਰ ਯਾਦਗੀਰੀ ਕਿਸਦੀ ਹੋਵੇ, ਜੇਕਰ ਖਿਣਕਵਾਦ ਹੀ ਬਊਧਾਂ ਦਾ ਮਾਰਗ ਹੈ ਤਾਂ ਇਨ੍ਹਾਂ ਦਾ ਮੋਖ ਬੀ ਖਿਣਭੰਗਰ ਹੋਵੇਗਾ, ਜੇਕਰ ਗਿਆਂਨ ਨਾਲ ਮਿਲਿਆ ਹੋਇਆ ਅਰਥ ਦ੍ਰਵ ਹੋਵੇ ਤਾਂ ਜੜ ਦ੍ਰਵਾਂ ਵਿਚ ਬੀਗਿਆਂਨ ਹੋਣਾ ਚਾਹੀਏ, ਅਰ ਉਹ ਚਲਣਾ ਆਦੀ ਕ੍ਰਿਆਂ ਕਿਸ ਉਤੇ ਕਰਦਾ ਹੈ? ਭਲਾ ਜੋ ਬਾਹਿਰ ਦਿਸਦਾ ਹੈ ਉਹ ਝੂਠਾ ਕਿਸਤਰਾਂ ਹੋ ਸਕਦਾ ਹੈ? ਜੇਕਰ ਅਕਾਸ਼ਦੇ ਸਮੇਤ ਬੁਧੀ ਹੋਵੇ ਤਾਂ ਵੇਖਣ ਵਿਚ ਆਉਣਾ ਚਾਹੀਏ, ਜੋਂ ਨਿਰਾ ਗਿਆਂਨ ਹੀ ਹਿਰਦੇ ਵਿਚ ਆਤਮਾ ਦੇ ਅੰਦਰ ਹੋਵੇ ਬਾਹਰਲੇ ਪਦਾਰਥਾਂ ਨੂੰ ਨਿਰਾ ਗਿਆਂਨ ਹੀ ਮਨਿਆ ਜਾਵੇ ਤਾਂ 'ਗੇਯ' ਪਦਾਰਥ ਦੇ ਬਿਨਾਂ ਗਿਆਂਨ ਹੀ ਨਹੀਂ ਹੋ ਸਕਦਾ, ਜੇਕਰ ਵਾਸ਼ਨਾ ਦੂਰ ਕਰਨੀ ਹੀ ਮੁਕਤੀ ਹੈ ਤਾਂ ਸੁਖਪਤੀ ਵਿਚ ਬੀ ਮੁਕਤੀ ਮ-

ਨਣੀ ਚਾਹੀਏ, ਅਜਿਹਾ ਮਨਣਾ ਵਿਦਿਆ ਤੋਂ ਉਲਟਾ ਹੋਣੇ ਕਰਕੇ ਦੂ-ਰ ਕਰਨੇ ਜੋਗ ਹੈ, ਇਤ ਆਦੀ ਗਲਾਂ ਥੋੜੀਆਂ ਜਿਹੀਆਂ ਬਉਧ ਮਤ ਵਾਲਿਆਂ ਦੀਆਂ ਵਿਖਾ ਦਿਤੀਆਂ ਹਨ, ਹੁਣ ਬੁਧਵਾਂਨ ਵਿਚਾਰਵਾਂਨ ਪੁਰਖ ਵੇਖ ਕਰਕੇ ਜਾਣ ਜਾਂਨਗੇ ਕਿ ਇਨ੍ਹਾਂਦੀ ਕੇਹੀ ਵਿਦਿਆ, ਅਰ ਕੇਹਾ ਮਤ ਹੈ, ਏਸਨੂੰ ਜੈਨ ਲੋਕਬੀ ਮਨਦੇ ਹਨ ॥

## ਏਸਥੀਂ ਅਗੇ ਜੈਨਮਤ ਦਾ ਵਰਣਨ ਹੈ-

ਪ੍ਰਕਰਣ ਰਤਨਾਕਰ ੧ ਭਾਗ ਨਯਚਕ੍ਰਸਾਰ ਵਿਚ ਹੇਠਾਂ ਲਿਖੀਆਂ ਹੋਈਆਂ ਗੱਲਾਂ ਲਿਖੀਆਂ ਹਨਃ-

ਬਉਧਲੋਕ ਵੇਲੇ ਵੇਲੇ ਵਿਚ ਨਵੇਂ ਪਣ ਥੀਂ ( ੧ ) ਅਕਾਸ਼ ( ੨ ) ਕਾਲ ( ੩ ) ਜੀਵ ( ੪ ) ਪੁਦਗਲ ਇਹ ਚਾਰ ਦ੍ਰਵ ਮਨਦੇ ਹਨ। ਅਰ ਜੈਨੀ ਲੋਕ 'ਧਰਮਾਸਤੀਕਾਯ' 'ਅਧਰਮਾਸਤੀਕਾਯ' 'ਅਕਾਸ਼ਾਸਤੀਕਾਯ' 'ਪੁਦਗਲਾਸਤੀਕਾਯ' 'ਜੀਵਾਸਤੀਕਾਯ' ਅਰ ਕਾਲ ਇਨ੍ਹਾਂ ਛੀ ਦ੍ਰਵਾਂ ਨੂੰ ਮਨਦੇ ਹਨ। ਇਨ੍ਹਾਂ ਵਿਚੋਂ ਕਾਲ ਨੂੰ ਅਸਤੀਕਾਯ ਨਹੀ ਮਨਦੇ, ਕਿੰਤੂ ਅਜਿਹਾ ਕਹਿੰਦੇ ਹਨ ਕਿ ਕਾਲ ਉਪਚਾਰ ਥੀਂ ਦ੍ਰਵ ਹੈ ਵਾਸਤਵ ਤੇ ਨਹੀ, ਉਨ੍ਹਾਂ ਵਿਚੋਂ ਧਰਮਾਸਤੀਕਾਯ ਜਿਹੜਾ ਗਤੀ ਪ੍ਰਣਾਮੀ ਪਣਥੀਂ ਪ੍ਰਣਾਮ ਨੂੰ ਪ੍ਰਾਪਤ ਹੋਇਆ ਜੀਵ, ਅਰ ਪੁਦਗਲ ਏਸਦੀ ਗਤੀਦੇ ਸਮੀਪਥੀਂ ਰੋਕਣ ਦਾ ਕਾਰਣ ਹੈ ਉਹ ਧਰਮਾਸਤੀਕਾਯ, ਅਰ ਉਹ ਅਸੰਖਪ੍ਰਦੇਸਪਰੀਮਾਣ ਅਰ ਲੋਕ ਵਿਚ ਵਿਆਪਕ ਹੈ। ਦੂਜਾ-ਅਧਰਮਾਸਤੀਕਾਯ-ਇਹ ਹੈ ਕਿਜੋ ਸਥਿਰਤਾ ਥੀਂ ਪ੍ਰਣਾਮੀ ਹੋਏ ਜੀਵ ਤਥਾ ਪੁਦਗਲ ਦੀ ਇਸਥਿਤੀ ਦੇ ਆਸ਼੍ਰੇ ਦਾ ਕਾਰਣ ਹੈ।

ਤੀਜਾ- 'ਅਕਾਸ਼ਾਸਤੀਕਾਯ' ਓਸਨੂੰ ਕਹਿੰਦੇ ਹਨ ਕਿ ਜਿਹੜਾ ਸਾਰੇ ਦ੍ਰਵਾਂਦਾ ਅਧਾਰ ਜਿਸਵਿਚ ਅਵਗਾਹਿਨ, ਪ੍ਰਵੇਸ਼, ਨਿਰਗੰਮ ਆਦੀ ਕ੍ਰਿਆ ਕਰਨ ਵਾਲੇ ਜੀਵ, ਤਥਾ ਪੁਦਗਲਾਂ ਨੂੰ ਅਵਗਾਹਨ ਦਾ ਕਾਰਣ ਅਰ ਸਰਬਵਿਆਪੀ ਹੈ।

ਚੌਥਾ- 'ਪੁਦਗਲਾਸਤੀਕਾਯ' ਇਹ ਹੈ ਕਿ ਜਿਹੜਾ ਕਾਰਣ ਰੂਪ, ਸੂਖਮ, ਨਿਤ, ਇਕਰਸ, ਵਰਣ, ਗੰਧ, ਸਪਰਸ਼, ਕਾਰਜ ਦਾ

ਲਿੰਗ, ਪੂਰਨੇ, ਅਰ ਗਲਣ ਦੇ ਸੁਭਾਵਾਲਾ ਹੁੰਦਾ ਹੈ।

ਪੰਜਵਾਂ- 'ਜੀਵਾਸਤੀਕਾਯ' ਜਿਹੜਾ ਚੇਤਨਾ ਲਖਣ ਗਿਆਨ ਦਰਸ਼ਨ ਵਿਚ ਉਪਯੁਕਤ ਅਨੰਤ ਪਰਯਾਇਆਂ ਥੀਂ ਪਰੀਣਾਮੀ ਕਰਨ ਵਾਲਾ ਭੋਗਣ ਵਾਲਾ ਹੈ।

ਅਰ- 'ਛੀਵਾਂ ਕਾਲ' ਇਹ ਹੈ ਕਿ ਜੋ ਪਹਿਲਾਂ ਕਹੇ ਪੰਜ ਆ-ਸਤੀ ਕਾਯਾਂਦਾ ਪਰਤ੍ਵ, ਅਪਰਤ੍ਵ ਨਵੇਂ, ਪੁਰਾਣੇਪਨ ਦਾ ਚਿਨ੍ਹ ਰੂਪ ਪ੍ਰ-ਸਿਧ ਵਰਤਮਾਨ ਰੂਪ ਪਰਯਾਇਆਂ ਨਾਲ ਮਿਲਿਆ ਹੋਇਆ ਹੈ ਉਹ ਕਾਲ ਕਹਾਂਦਾ ਹੈ ॥

(ਸਮੀਖਕ) ਜਿਹੜੇ ਬਉਧਾਂ ਨੇ ਚਾਰਦ੍ਰਵ ਹਰਇਕ ਵੇਲੇ ਵਿਚ ਨਵੇਂ ਨਵੇਂ ਮਨੇ ਹਨ, ਉਹ ਝੂਠੇ ਹਨ ਕਿੰਉਕਿ ਅਕਾਸ਼ ਕਾਲ, ਜੀਵ, ਅਰ ਪ੍ਰਮਾਣੂ ਇਹ ਨਵੇਂ ਵਾ ਪੁਰਾਣੇ ਕਦੀ ਨਹੀਂ ਹੋ ਸਕਦੇ ਕਿਸ ਕਰਕੇ ਇਹ ਅਨਾਦੀ ਅਰ ਕਾਰਣ ਰੂਪ ਥੀਂ ਨਾਸ਼ ਥੀਂ ਰਹਿਤ ਹਨ, ਫੇਰ ਨਵਾਂ ਅਰ ਪੁਰਾਣਪਣ ਕਿਸਤਰਾਂ ਬਣ ਸਕਦਾ ਹੈ? ਅਰ ਜੈਨੀਆਂ ਦਾ ਮਨਣਾ ਬੀ ਠੀਕ ਨਹੀਂ ਕਿੰਉਕਿ ਧਰਮਾਧਰਮ ਦ੍ਰਵ ਨਹੀਂ ਕਿੰਤੂ ਗੁਣ ਹਨ, ਇਹ ਦੋਨੋਂ ਜੀਵਾਸਤੀਕਾਯ ਵਿਚ ਆ ਜਾਂਦੇ ਹਨ, ਏਸ ਵਾਸਤੇ ਅਕਾਸ਼, ਪ੍ਰਮਾਣੂ, ਜੀਵ, ਅਰ ਕਾਲ ਮਨਦੇ ਤਾਂ ਠੀਕ ਸੀ, ਅਰ ਜੋ ਨੌਂ ਦ੍ਰਵ ਵੈਸ਼ੇਸ਼ਿਕ ਵਿਚ ਮੰਨੇ ਹਨ ਉਹਾ ਹੀ ਠੀਕ ਹਨ, ਕਿੰਉਕਿ ਪ੍ਰਿਥਵੀ ਆਦੀ ਪੰਜਤਤ, ਕਾਲ, ਦਿਸ਼ਾ, ਆਤਮਾ, ਅਰ ਮਨ, ਇਹ ਨੌਂ ਵਖੋ ਵਖਰੇ ਪਦਾਰਥ ਨਿਸਚੇ ਕੀਤੇ ਹੋਏ ਹਨ, ਇਕ ਜੀਵ ਨੂੰ ਚੇਤਨ ਮਨਕੇ ਈਸ਼੍ਵਰ ਨੂੰ ਨਾ ਮਨਣਾ ਇਹ ਜੈਨ, ਬਉਧਾਂ ਦੀ ਝੂਠੀ ਪਖਪਾਤ ਦੀ ਗਲ ਹੈ ॥

ਹੁਣ ਜੋ ਬਉਧ ਅਰ ਜੈਨੀ ਲੋਕ 'ਸਪਤ ਭੰਗੀ' ਅਰ 'ਸਯਾਦਵਾਦ' ਮਨਦੇ ਹਨ ਉਹ ਇਹ ਹੈ।

"ਸਨ੍ ਘਟ:"

ਏਸ ਨੂੰ 'ਪਹਿਲਾ ਭੰਗ' ਕਹਿੰਦੇ ਹਨ, ਕਿਸਕਰਕੇ ਘੜਾ ਅਪ-ਣੀ ਵਰਤਮਾਨਤਾ ਨਾਲ ਮਿਲਿਆ ਹੋਇਆ ਅਰਥਾਤ ਘੜਾ ਹੈ, ਏਸ ਨੇ ਅਭਾਵਦਾ ਵਿਰੋਧ ਕੀਤਾ ਹੈ 'ਦੂਜਾ ਭੰਗ'

"ਅਸਨ੍ ਘਟ:"

ਘੜਾ ਨਹੀਂ ਹੈ ਪਹਿਲੇ ਘੜੇ ਦੇ ਭਾਵ ਥੀਂ ਏਸ ਘੜੇ ਦੇ

ਅਸਦ ਭਾ ਥੀਂ ਦੂਜਾ ਭੰਗ ਹੈ । ਤੀਜਾ ਭੰਗ ਇਹ ਹੈ ਕਿਃ–

"सन्न सन्न घटः"

ਅਰਥਾਤ ਇਹ ਘੜਾ ਤਾਂ ਹੈ ਪ੍ਰੰਤੂ ਵਸਤ੍ਰ ਨਹੀਂ ਹੈ ਕਿਉਂਕਿ ਉਨ੍ਹਾਂ ਦੋਹਾਂ ਨਾਲੋਂ ਵਖਰਾ ਹੋਗਿਆ । ਚੌਥਾ ਭੰਗ

"घटोऽघटः"

ਜਿਸਤਰਾਂਃ—

„अघटः घटः"

ਦੂਜੇ ਵਸਤ੍ਰ ਦੇ ਅਭਾਵ ਦੀ ਅਪੇਖਿਆ ਅਪਣੇ ਵਿਚ ਹੋਣ ਕਰਕੇ ਘੜਾ ਨਾ ਘੜਾ ਕਹਾਂਦਾ ਹੈ, ਇਕੋ ਵੇਲੇ ਵਿਚ ਓਸਦੀ ਦੋ ਸੰਗਿਆ ਅਰਥਾਤ ਘਟ ਅਰ ਅਘਟ ਬੀ ਹੈ । ਪੰਜਵਾਂ ਭੰਗ ਇਹ ਹੈ ਕਿ ਘੜੇ ਨੂੰ ਵਸਤ੍ਰ ਕਹਣਾ ਅਜੋਗ ਅਰਥਾਤ ਓਸ ਵਿਚ ਘੜਾ ਪਣ ਕਹਣਾ ਜੋਗ ਹੈ ਅਰ ਵਸਤ੍ਰ ਪਨ ਕਹਿਣਾ ਅਜੋਗ ਹੈ । ਛੀਵਾਂ ਭੰਗ ਇਹ ਹੈ ਕਿ ਜੋ ਘੜਾ ਨਹੀ ਹੈ ਉਹ ਕਹਣਾ ਜੋਗ ਬੀ ਨਹੀਂ ਹੈ ਅਰ ਜੋ ਹੈ ਉਹ ਹੈ ਅਰ ਕਹਣੇ ਜਗ ਬੀ ਹੈ । ਅਰ ਸਤਵਾਂ ਭੰਗ ਇਹ ਹੈ ਜੋ ਕਹਣੇ ਨੂੰ ਇਸ਼ਟ ਹੈ ਪ੍ਰੰਤੂ ਉਹ ਨਹੀਂ ਹੈ ਅਰ ਕਹਣੇ ਦੇ ਜੋਗ ਬੀ ਘੜਾ ਨਹੀਂ ਇਹ ਸਤਵਾਂ ਭੰਗ ਕਹਾਂਦਾ ਹੈ ਇਸੇ ਪ੍ਰਕਾਰ:–

स्यादस्ति जीवोऽयं प्रथमो भंगः ॥ १ ॥ स्यान्नास्ति जीवो द्वितीयो भंगः ॥ २ ॥ स्यादवक्तव्यो जीवस्तृतीयो भंगः ॥ ३ ॥ स्यादस्ति नास्ति नास्तिरूपो जीवश्चतुर्थो भंगः ॥ ४ ॥ स्यात् अस्ति अवक्तव्यो जीवः पंचमो भंगः ॥ ५ ॥ स्यान्नास्ति अवक्तव्यो जीवः षष्ठो भंगः ॥ ६ ॥ स्यात् अस्ति नास्ति अवक्तव्यो जीव इति सप्तमो भंगः ॥ ७ ॥

ਅਰਥਾਤ 'ਹੈ ਜੀਵ' ਅਜਿਹਾ ਕਹਣਾ ਹੋਵੇ ਤਾਂ ਜੀਵ ਦੇ ਵਿਰੋਧੀ ਜੜ ਪਦਾਰਥਾਂ ਦਾ ਜੀਵ ਵਿਚ ਅਭਾਵ ਰੂਪ ਭੰਗ ਪਹਿਲਾ ਕਹਾਂਦਾ ਹੈ। ਦੂਜਾ ਭੰਗ ਇਹ ਹੈ ਕਿ ਨਹੀਂ ਹੈ ਜੀਵ ਜੜ ਵਿਚ, ਅਜਿਹਾ ਕਹਣਾ ਬੀ ਹੁੰਦਾ ਹੈ, ਇਸ ਥੀਂ ਇਹ ਦੂਜਾ ਭੰਗ ਕਹਾਂਦਾ ਹੈ । ਜੀਵ ਹੈ ਪ੍ਰੰਤੂ ਕਹਣੇ ਜੋਗ ਨਹੀਂ ਇਹ ਤੀਜਾ ਭੰਗ । ਜਦ ਜੀਵ ਸ਼ਰੀਰ ਧਾਰਣ ਕਰਦਾ ਹੈ ਤਦ ਪ੍ਰਸਿਧ, ਅਰ ਜਦ ਸ਼ਰੀਰ ਥੀਂ ਵਖਰਾ ਹੁੰਦਾ ਹੈ ਤਦ ਅਪ੍ਰਸਿਧ ਰਹਿੰਦਾ ਹੈ ਅਜੇਹਾ ਕਹਣਾ ਹੋਵੇ ਓਸ ਨੂੰ ਚੌਥਾ ਭੰਗ ਕਹਿੰਦੇ ਹਨ । ਜੀਵ ਹੈ, ਪ੍ਰੰਤੂ ਕਹਣੇ ਜੋਗ ਨਹੀਂ ਜੋ ਅਜਿਹਾ ਕਹਣਾ

ਹੈ ਓਸ ਨੂੰ ਪੰਜਵਾਂ ਭੰਗ ਕਹਿੰਦੇ ਹਨ। ਜੀਵ ਪ੍ਰਤਖਪ੍ਰਮਾਣ ਨਾਲ ਕਹਣੇ ਵਿਚ ਨਹੀਂ ਆਉਂਦਾ ਏਸ ਵਾਸਤੇ ਅੱਖਾਂ ਕਰਕੇ ਪ੍ਰਤਖ ਨਹੀਂ ਹੈ ਅਜਿਹਾ ਵਿਹਾਰ ਹੈ, ਛੀਵਾਂ ਭੰਗ ਕਹਿੰਦੇ ਹਨ। ਇਕ ਵੇਲੇ ਵਿਚ ਜੀਵ ਦਾ ਅਨੁਮਾਨ ਨਾਲ ਹੋਣਾ ਅਰ ਅਦ੍ਰਿਸ਼ਟਪਣ ਵਿਚ ਨਾ ਹੋਣਾ ਅਰ ਇਕੋ ਜਿਹਾ ਨਾ ਰਹਣਾ ਕਿੰਤੂ ਖਿਣ ਖਿਣ ਵਿਚ ਪਰੀਣਾਮ ਨੂੰ ਪ੍ਰਾਪਤ ਹੋਣਾ, ਅਸਤੀ, ਨਾਸਤੀ, ਨਾ ਹੋਵੇ, ਅਰ ਨਾਸਤੀ ਅਸਤੀ, ਵਿਵ-ਹਾਰ ਬੀ ਨਾ ਹੋਵੇ ਇਹ ਸਤਵਾਂ ਭੰਗ ਕਹਾਂਦਾ ਹੈ॥ ਇਸੇ ਤਰਾਂ ਨਿ-ਤਜਤ੍ਵ ਸਪਤਭੰਗੀ ਅਰ ਅਨਿਤਜਤ੍ਵ ਸਪਤਭੰਗੀ, ਤਥਾ ਸਾਮਾਨਜਧਰਮ, ਵਿਸ਼ੇਸ਼ਧਰਮ, ਗੁਣ ਅਰ ਪ੍ਰਯਾਇਆਂ ਦੀ ਇਕ ਇਕ ਵਸਤੂ ਵਿਚ ਸਪਤ ਭੰਗੀ ਹੁੰਦੀ ਹੈ, ਉਸੇ ਤਰਾਂ ਦ੍ਰਵ, ਗੁਣ, ਸੁਭਾਵ, ਅਰ ਪ੍ਰਯਾਇ-ਆਂ ਦੇ ਅਨੰਤ ਹੋਣ ਥੀਂ ਸਪਤਭੰਗੀ ਬੀ ਅਨੰਤ ਹੁੰਦੀ ਹੈ ਅ-ਜਿਹਾ ਬੁਧ ਤਥਾ ਜੈਨੀਆਂ ਦਾ ਸਜਾਦਵਾਦ ਅਰ ਸਪਤਭੰਗੀ ਨਿਆਇ ਕਹਾਂਦਾ ਹੈ।

( ਸਮੀਖਕ ) ਇਹ ਕਹਣਾ ਇਕ ਅਨਿਜੋਅਨਜ ਭਾਵ ਵਿਚ ਸਾਧਰਮ ਅਰ ਵੈਧਰਮ ਵਿਚ ਘਟਸਕਦਾ ਹੈ, ਏਸ ਸਿਧੇ ਪ੍ਰਕਰਣ ਨੂੰ ਛਡਕੇ ਅਉਖਾ ਜਾਲ ਬਣਾਨਾ ਨਿਰਾ ਅਗਿਆਨੀਆਂ ਦੇ ਫਸਾਣ ਦੇ ਵਾਸਤੇ ਹੁੰਦਾ ਹੈ ਵੇਖੋ! ਜੀਵ ਦਾ ਅਜੀਵ ਵਿਚ, ਅਰ ਅਜੀਵ ਦਾ ਜੀਵ ਵਿਚ ਅਭਾਵ ਰਹਿੰਦਾ ਹੀ ਹੈ, ਜਿਸਤਰਾਂ ਜੀਵ ਅਰ ਜੜਦੇ ਵਰਤਮਾਨ ਹੋਣ ਥੀਂ ਸਾਧਰਮ, ਅਰ ਚੇਤਨ ਤਥਾ ਜੜ ਹੋਣ ਥੀਂ ਵੈ ਧਰਮ ਅਰਥਾਤ ਜੀਵ ਵਿਚ ਚੇਤਨਤ੍ਵ ( ਅਸਤੀ ) ਹੈ ਅਰ ਜੜਤ੍ਵ ( ਨਾਸਤੀ ) ਨਹੀਂ ਹੈ। ਇਸੇਤਰਾਂ ਜੜ ਵਿਚ ਜੜਤ੍ਵ ਹੈ ਅਰ ਚੇਤਨਤ੍ਵ ਨਹੀਂ ਹੈ, ਏਸ ਥੀਂ ਗੁਣ, ਕਰਮ, ਸੁਭਾਵ ਦੇ ਸਮਾਨ ਧਰਮ ਅਰ ਵਿਰੁਧ ਧਰਮ ਦੇ ਵਿਚਾਰ ਨਾਲ ਸਾਰਾ ਇਨ੍ਹਾਂ ਦਾ ਸਪਤਭੰਗੀ ਅਰ ਸਜਾਦ ਵਾਦ ਸਹਜਤਾ ਨਾਲ ਸਮਝ ਵਿਚ ਆਉਂਦਾ ਹੈ, ਫੇਰ ਇੱਨਾਂ ਪ੍ਰਪੰਚ ਵਧਾਣਾ ਕੇਹੜੇ ਕੰਮ ਹੈ। ਏਸ ਵਿਚ ਬੁਧ ਅਰ ਜੈ-ਨੀਆਂ ਦਾ ਇਕ ਮਤ ਹੈ, ਥੋੜਾ ਜਿਹਾ ਹੀ ਵਖਰਾ ਵਖਰਾ ਹੋਣ ਥੀਂ ਭਿੰਨ ਭਾਵ ਬੀ ਹੋ ਜਾਂਦਾ ਹੈ॥

ਹੁਣ ਏਸ ਦੇ ਅੱਗੇ ਨਿਰਾ ਜੈਨ ਮਤ ਦੇ ਵਿਸ਼ੇ ਵਿਚ ਲਿਖਿਆ ਜਾਂਦਾ ਹੈ॥

चिद चिद्द्वे परे तत्वे विवेकस्तद्विवेचनम्।

उपादेयमुपादेयं हेयं हेयं च कुर्वतः॥ १॥

हेयं हि कर्तृरागादि तत् कार्यमविवेकिनः ।

उपादेयं परं ज्योतिरुपयोगैकलक्षणम् ॥ २ ॥

ਜੈਨਲੋਕ " ਚਿਤ " ਅਰ " ਅਚਿਤ " ਅਰਥਾਤ ਚੇਤਨ ਅਰ ਜੜ ਦੋ ਹੀ ਪਰ ਤੱਤ ਮਨਦੇ ਹਨ, ਉਨ੍ਹਾਂ ਦੁਹਾਂਦੇ ਵਿਚਾਰਦਾ ਨਾਮ ਵਿਵੇਕ, ਜੋ ਜੋ ਗ੍ਰਹਣ ਦੇ ਜੋਗ ਹੈ ਓਸ ਓਸਦਾ ਗ੍ਰਹਣ, ਜੋ ਜੋ ਤਿਆਗ ਕਰਨੇ ਜੋਗ ਹੈ ਓਸ ਓਸਦੇ ਤਿਆਗ ਕਰਨੇ ਵਾਲੇ ਨੂੰ ਵਵੇਕੀ ਕਹੰਦੇ ਹਨ ॥ ੧ ॥ ਜਗਤ ਦਾ ਕਰਤਾ ਅਰ ਰਾਗ ਆਦੀ ਤਥਾ ਈਸ਼੍ਵਰ ਨੇ ਜਗਤ ਕੀਤਾ ਹੈ ਏਸ ਬੇਵਿਚਾਰੇ ਮਤਦਾ ਤਿਆਗ, ਅਰ ਜੋਗ ਕਰਕੇ ਜਾਨਣੇ ਜੋਗ ਅਤਯੰਤ ਪ੍ਰਕਾਸ਼ ਸਰੂਪ ਜੋ ਜੀਵ ਹੈ ਓਸਦਾ ਗ੍ਰਹਣ ਕਰਨਾ ਉਤਮ ਹੈ ॥ ੨ ॥ ਅਰਥਾਤ ਜੀਵਦੇ ਬਿਨਾ ਦੂਜਾ ਚੇਤਨ ਤਤ੍ਵ ਈਸ਼੍ਵਰ ਨੂੰ ਨਹੀ ਮੰਨਦੇ, ਕੋਈ ਬੀ ਅਨਾਦੀ ਸਿਧ ਈਸ਼੍ਵਰ ਨਹੀ ਅਜਿਹਾ ਬੁਧ ਜੈਨ ਲੋਕ ਮਨਦੇ ਹਨ । ਏਸਵਿਚ ਰਾਜਾ ਸ਼ਿਵਪ੍ਰਸ਼ਾਦ ਜੀ ਇਤੀਹਾਸ ਤਿਮਰਨਾਸ਼ਕ ਗ੍ਰੰਥ ਵਿਚ ਲਿਖਦੇ ਹਨ, ਕਿ ਇਨ੍ਹਾਂ ਦੇ ਦੋ ਨਾਮ ਹਨ ਇਕ ਜੈਨ ਅਰ ਦੂਜਾ ਬੁਧ, ਇਹ ਪ੍ਰਯਾਇਵਾਚੀ ਸ਼ਬਦ ਹਨ, ਪ੍ਰੰਤੂ ਬੁਧਾਂ ਵਿਚ ਵਾਮਮਾਰਗੀ ਸ਼ਿਰਾਬ ਮਾਸ ਖਾਂਣ ਵਾਲੇ ਬੁਧ ਹਨ, ਉਨ੍ਹਾਂਦੇ ਨਾਲ ਜੈਨੀਆਂ ਦਾ ਵਿਰੋਧ, ਪ੍ਰੰਤੂ ਜੋ ਮਹਾਂਬੀਰ ਅਰ ਗੋਤਮ ਗਣਧਰ ਹਨ ਉਨ੍ਹਾਂਦਾ ਨਾਂਮ ਬੁਧਾਂਨੇ ਬੁਧ ਰੱਖਿਆ ਹੈ, ਅਰ ਜੈਨੀਆਂ ਨੇ ਗਣਧਰ ਅਰ ਜਿਨਵਰ, ਏਸਵਿਚ ਜਿਨ੍ਹਾਂਦੀ ਪ੍ਰੰਪ੍ਰਾ ਜੈਨਮਤ ਹੈ ਓਸ ਰਾਜਾ ਸ਼ਿਵ ਪ੍ਰਸਾਦ ਜੀਨੇ ਅਪਣੇ ਇਤਹਾਸ ਤਿਮਰਨਾਸ਼ਕ ਗ੍ਰੰਥ ਦੇ ਤੀਜੇ ਖੰਡ ਵਿਚ ਲਿਖਿਆ ਹੈ ਕਿ ਸੁਆਮੀ ਸ਼ੰਕ੍ਰਾਚਾਰਜ ਥੀਂ ਪਹਿਲਾਂ ਜਿਨ੍ਹਾਂ ਨੂੰ ਹੋਏ ਹਜਾਰ ਵਰ੍ਹੇ ਦੇ ਲਗਭਗ ਗੁਜਰੇ ਹਨ ਸਾਰੇ ਭਾਰਤਵਰਸ਼ ਵਿਚ ਬੁਧ ਅਥਵਾ ਜੈਨਧਰਮ ਫੈਲਿਆ ਹੋਇਆ ਸੀ, ਏਸ ਉਪਰ ਨੋਟ " ਬੁਧ ਕਹਣੇ ਥੀਂ ਸਾਡਾ ਆਸ਼ਾ ਓਸ ਮਤ ਨਾਲ ਹੈ ਜੋ ਮਹਾਂਬੀਰ ਦੇ ਗਣਧਰ ਗੋਤਮਸੁਆਮੀ ਦੇ ਵੇਲੇ ਥੀਂ ਸ਼ੰਕ੍ਰ ਸੁਆਮੀ ਦੇ ਵੇਲੇ ਤਿਕ ਵੇਦ ਵਿਰੁਧ ਸਾਰੇ ਭਾਰਤ ਵਰਸ਼ ਵਿਚ ਫੈਲ ਰਹਿਆ, ਅਰ ਜਿਸਨੂੰ ਅਸ਼ੋਕ ਅਰ ਸੰਪ੍ਰਤੀਮਹਾਂਰਾਜ ਨੇ ਮਨਿਆਂ ਓਸਥੀਂ ਜੈਨ ਬਾਹਿਰ ਕਿਸੇਤਰਾਂ ਨਹੀ ਨਿਕਲ ਸਕਦੇ । ਜਿਸ ਜਿਸਥੀਂ ਜੈਨ ਨਿਕਲਿਆ, ਅਰ ਬੁਧ ਜਿਸਥੀਂ ਬਉਧ ਨਿਕਲਿਆ ਦੋਨੋਂ ਪ੍ਰਯਾਇਵਾਚੀ ਸ਼ਬਦ ਹਨ, ਕੋਸ਼ ਵਿਚ ਦੁਹਾਂ ਦਾ ਅਰਥ ਇਕਹੀ ਲਿਖਿਆ ਹੈ, ਅਰ ਗੋਤਮ ਨੂੰ ਦੋਨੋਂ ਮਨਦੇ ਹਨ, ਵਰਨਾਦੀਪਵੰਸ਼ ਇਤਆਦੀ ਪੁਰਾਣੇ ਬੁਧ ਗ੍ਰੰਥਾਂ ਵਿਚ ਸ਼ਾਕਜਮੁਨੀ ਗੋਤਮ ਬੁਧ ਨੂੰ ਬਹੁਤ ਕਰਕੇ ਮਹਾਂਬੀਰ ਹੀਦੇ ਨਾਮ ਕਰਕੇ ਲਿਖਿਆ ਹੈ, ਏਸ ਲ-

ਈ ਉਸਦੇ ਵੇਲੇ ਵਿਚ ਇਕਹੀ ਉਨ੍ਹਾਂਦਾ ਮਤ ਰਹਿਆ ਹੋਵੇ ਗਾ, ਅਸਾਂਨੇ ਜੋ ਜੈਨ ਨਾ ਲਿਖਕੇ ਗੋਤਮ ਦੇ ਮਤਵਾਲਿਆਂ ਨੂੰ ਬੁਧ ਲਿਖਿਆ ਉਸਦਾ ਮਤਲਬ ਕੇਵਲ ਇੰਨਾ ਹੀ ਹੈ ਕਿ ਉਨ੍ਹਾਂ ਨੂੰ ਦੂਜੇ ਦੇਸ਼ ਵਾਲਿਆਂ ਨੇ ਬੁਧਹੀਦੇ ਨਾਮ ਕਰਕੇ ਲਿਖਿਆ ਹੈ ਅਜਿਹਾ ਹੀ ਅਮਰਕੋਸ਼ਵਿਚ ਬੀ ਲਿਖਿਆ ਹੈ ”---

सर्वज्ञा सुगतो बुद्धो धर्मराजस्तथागतः ।
समन्तभद्रो भगवान्मारजिल्लोकजिज्जिनः ॥ १ ॥
षडभिज्ञो दशबलो ऽद्वयवादी विनायकः ।
मुनीन्द्रः श्रीघनः शास्ता मुनिः शाक्यमुनिस्तु यः ॥ २ ॥
स शाक्यसिंहः सर्वार्थः सिद्धशौद्धोदनिश्च सः ।
गौतमश्चार्कबन्धुश्च मायादेवीसुतश्च सः ॥ ३ ॥
अमरकोश कां० १ । वर्ग १ । श्लोक ८ से १० तक ॥

ਹੁਣ ਵੇਖੋ! ਬੁਧ, ਜਿਨ ਅਰ ਬਊਧ ਤਥਾ ਜੈਨ ਇਕਦੇ ਨਾਮ ਹਨ ਵਾ ਨਹੀ? ਕੀ, ਅਮਰਸਿੰਹ ਬੀ ਬੁਧ, ਜਿਨਦੇ ਇਕ ਲਿਖਣ ਵਿਚ ਭੁਲ ਗਿਆ ਹੈ? ਜਿਹੜੇ ਅਵਿਦ੍ਵਾਨ ਜੈਨ ਹਨ ਉਹ ਤਾਂ ਨਾ ਅਪਣਾ ਜਾਂਣਦੇ ਅਰ ਨਾ ਦੂਜੇਦਾ, ਨਿਰਾ ਹਠ ਮਾਤ੍ਰ ਨਾਲ ਬਰੜਾਇਆ ਕਰਦੇ ਹਨ, ਪ੍ਰੰਤੂ ਜਿਹੜੇ ਜੈਨਾਂ ਵਿਚ ਵਿਦਵਾਂਨ ਹਨ ਉਹ ਸਭ ਜਾਂਣਦੇ ਹਨ ਕਿ ਬੁਧ ਅਰ ਜਿਨ ਤਥਾ ਬਊਧ ਅਰ ਜੈਨ ਪ੍ਰਯਾਇਵਾਚੀ ਹਨ ਏਸਵਿਚ ਕੁਝ ਸੰਦੇਹ ਨਹੀ। ਜੈਨ ਲੋਕ ਕਹੰਦੇ ਹਨ ਕਿ ਜੀਵ ਹੀ ਪਰਮੇਸ੍ਵਰ ਹੋ ਜਾਂਦਾ ਹੈ, ਉਹ ਜੋ ਅਪਣੇ ਤੀਰਥੰਕਰਾਂ ਹੀਨੂੰ ਕੇਵਲੀ ਮੁਕਤੀ ਪ੍ਰਾਪਤ ਅਰ ਪਰਮੇਸ੍ਵਰ ਮਨਦੇ ਹਨ ਅਨਾਦੀ ਪਰਮੇਸ੍ਵਰ ਕੋਈ ਨਹੀ, ਸਰਬੱਗ, ਬੀਤਰਾਗ, ਅਰਹਨ, ਕੇਵਲੀ, ਤੀਰਥੰਕ੍ਰਿਤ, ਜਿਨ ਇਹ ਛੀ ਨਾਸਤਕਾਂ ਦੇ ਦੇਵਤਾਓਂ ਦੇ ਨਾਮ ਹਨ। ਆਦੀ ਦੇਵ ਦਾ ਸਰੂਪ ਚੰਦ੍ਰਸੂਰੀ ਨੇ ‘ ਆਪਤਨਿਸਚਿਆਲੰਕਾਰ’ ਗ੍ਰੰਥ ਵਿਚ ਲਿਖਿਆ ਹੈ:---

सर्वज्ञो वीतरागादिदोषस्त्रैलोक्यपूजितः
यथा स्थितार्थवादि च देवोऽर्हन् परमेश्वरः ॥ १ ॥

ਉਸਤਰਾਂ ਹੀ ਤਉਤਾਤਿਤੋਂ ਨੇ ਬੀ ਲਿਖਿਆ ਹੈ ਕਿ:-

सर्वज्ञो दृश्यते तावन्नेदानीमस्मदादिभिः ।
दृष्टो न चैकदेशोऽस्ति लिङ्गं वा योऽनुमापयेत् ॥ २ ॥
न चागम विधिः कश्चिन्नित्यसर्वज्ञबोधकः ।

न च तथार्थवादानां तात्पर्यमपि कल्पते ॥ ॥
न चान्यार्थप्रधानैस्तैस्तदस्तित्वं विधीयते ।
न चानुवादितं शक्यः पूर्वमन्यैरबोधितः ॥ ४ ॥

ਜੋ ਰਾਗ ਆਦੀ ਦੋਸ਼ਾਂ ਥੀਂ ਰਹਿਤ, ਤਿੱਨਾਂ ਲੋਕਾਂ ਵਿਚ ਪੂਜਣੇ-ਜੋਗ, ਯਥਾਵਤ ਪਦਾਰਥਾਂ ਦਾ ਕਹਣ ਵਾਲਾ, ਸਰਬੱਗ ਅਰਹਨ ਦੇਵ ਹੈ ਉਹੀ ਪਰਮੇਸ਼ੂਰ ਹੈ ॥ ੧ ॥ ਜਿਸ ਵਾਸਤੇ ਅਸੀਂ ਏਸ ਵੇਲੇ ਪਰਮੇਸ਼ੂਰ ਨੂੰ ਨਹੀਂ ਵੇਖਦੇ ਏਸ ਵਾਸਤੇ ਕੋਈ ਸਰਬੱਗ ਅਨਾਦੀ ਪਰਮੇਸ਼ੂਰ ਪ੍ਰਤੱਖ ਨਹੀਂ, ਜਦ ਈਸ਼ੂਰ ਵਿਚ ਪ੍ਰਤਖ ਪ੍ਰਮਾਣ ਨਹੀਂ ਤਾਂ ਅਨੁਮਾਨ ਬੀ ਨਹੀਂ ਘਟ ਸਕਦਾ, ਕਿਉਂਕਿ ਇਕ ਦੇਸ਼ ਪ੍ਰਤਖ ਦੇ ਬਿਨਾਂ ਅਨਮਾਨ ਨਹੀਂ ਹੋ ਸਕਦਾ ॥ ੨ ॥ ਜਦ ਪ੍ਰਤਖ ਅਨਮਾਨ ਨਹੀਂ ਤਾਂ ਆਗਮ ਅਰਥਾਤ ਨਿਤ ਅਨਾਦੀ ਸਰਬੱਗ ਪਰਮਾਤਮਾ ਦਾ ਜਣਾਣ ਵਾਲਾ ਸ਼ਬਦ ਪ੍ਰਮਾਣ ਬੀ ਨਹੀਂ ਹੋ ਸਕਦਾ, ਜਦ ਤਿੱਨੇ ਪ੍ਰਮਾਣ ਨਹੀਂ ਤਾਂ ਅਰਥਵਾਦ ਅਰਥਾਤ ਉਸਤਤ, ਨਿੰਦਿਆ ਪ੍ਰਕ੍ਰਿਤਿ ਅਰਥਾਤ ਪ੍ਰਾਏ ਚਰਿਤ੍ਰ ਦਾ ਕਹਣਾ, ਅਰ ਪੁਰਾਕਲਪ ਅਰਥਾਤ ਇਤਿਹਾਸ ਦਾ ਮਤਲਬ ਬੀ ਨਹੀਂ ਘਟ ਸਕਦਾ॥੩॥ ਅਰ ਅਨਯਾਰਥ ਪ੍ਰਧਾਂਨ ਅਰਥਾਤ ਬਹੁ ਬ੍ਰੀਹੀ ਸਮਾਸਦੇ ਵਾਕਣ ਪ੍ਰੇਖ ਪਰਮਾਤਮਾ ਦੀ ਸਿੱਧੀ ਦਾ ਵਿਧਾਂਨ ਬੀ ਨਹੀਂ ਹੋ ਸਕਦਾ, ਫੇਰ ਈਸ਼ੂਰ ਦੇ ਉਪਦੇਸ਼ ਕਰਨ ਵਾਲਿਆਂ ਥੀਂ ਸੁਣੇ ਬਿਨਾਂ ਅਨੁਵਾਦ ਬੀ ਕਿਸਤਰਾਂ ਹੋ ਸਕਦਾ ਹੈ ? ॥ ੪ ॥

(ਏਸਦਾ ਪ੍ਰਤ੍ਯਾਖਿਯਾਂਨ ਅਰਥਾਤ ਖੰਡਨ )

ਜੇਕਰ ਅਨਾਦੀ ਈਸ਼ੂਰ ਨਾ ਹੁੰਦਾ ਤਾਂ ਅਰਹਨ ਦੇਵਦੇ ਮਾਤਾ ਪਿਤਾ ਆਦੀ ਦੇ ਸ਼ਰੀਰ ਦਾ ਸੱਚਾ ਕਉਣ ਬਣਾਂਦਾ ? ਬਿਨਾਂ ਸੰਜੋਗ ਕਰਨ ਵਾਲੇ ਦੇ ਜਥਾ ਜੋਗ ਸਾਰੇ ਅੰਗਾਂ ਸਹਿਤ ਜਿਹਾ ਚਾਹੀਏ ਕਾਰਜ ਕਰਨੇ ਵਿਚ ਉਪਯੁਕਤ ਸ਼ਰੀਰ ਬਣ ਹੀ ਨਹੀਂ ਸਕਦਾ, ਅਰ ਜਿਨ੍ਹਾਂ ਪਦਾਰਥਾਂ ਥੀਂ ਸ਼ਰੀਰ ਬਣਿਆ ਹੈ ਉਨ੍ਹਾਂ ਦੇ ਜੜ੍ਹ ਹੋਣ ਥੀਂ ਅਪਣੇ ਆਪ ਏਸ ਤਰਾਂ ਦੀ ਉੱਤਮ ਬਣਾਉਟ ਨਾਲ ਮਿਲੇ ਹੋਏ ਸ਼ਰੀਰ ਰੂਪ ਨਹੀਂ ਬਣ ਸਕਦੇ, ਕਿਸ ਕਰਕੇ ਉਨ੍ਹਾਂ ਵਿਚ ਜਥਾ-ਜੋਗ ਬਣਨ ਦੀ ਸਮਝ ਹੀ ਨਹੀਂ ਅਰ ਜੋ ਰਾਗ ਆਦੀ ਦੋਸ਼ਾਂ ਦੇ ਸਹਿਤ ਹੋਕੇ ਪਿਛੋਂ ਦੋਸ਼ ਰਹਿਤ ਹੁੰਦਾ ਹੈ ਉਹ ਈਸ਼ੂਰ ਕਦੀ ਨਹੀਂ ਹੋ ਸਕਦਾ, ਕਿਉਂਕਿ ਜਿਸ ਕਾਰਣ ਥੀਂ ਉਹ ਰਾਗ ਆਦੀ ਥੀਂ ਮੁਕਤ ਹੁੰਦਾ ਹੈ ਉਹ ਮੁਕਤੀ ਓਸ ਕਾਰਣ ਦੇ ਛੁਟੱਣ ਥੀਂ ਓਸਦਾ ਕਾਰਜ ਮੁਕਤੀ ਬੀ ਅਨਿਤ ਹੀ ਹੋਵੇਗੀ, ਜੋ

ਥੋੜ੍ਹਾ ਅਰ ਥੋੜ੍ਹੇ ਗਿਆਨ ਵਾਲਾ ਹੈ ਉਹ ਸਰਬ ਵਿਆਪਕ ਅਰ ਸਰਬੱਗ ਕਦੀ ਨਹੀਂ ਹੋ ਸਕਦਾ, ਕਿਉਂਕਿ ਜੀਵਦਾਂ ਸਰੂਪ ਇਕ ਦੇਸ਼ੀ ਅਰ ਅੰਦਾਜ਼ ਦੇ ਗੁਣ, ਕਰਮ, ਸੁਭਾਵ ਵਾਲਾ ਹੁੰਦਾ ਹੈ ਉਹ ਸਾਰੀ ਵਿਦਿਆਂ ਵਿਚ ਸਭਤਰਾਂ ਨਾਲ ਯਥਾਰਥ ਕਹਣ ਵਾਲਾ ਨਹੀਂ ਹੋ ਸਕਦਾ,ਏਸਲਈ ਤੁਹਾਡੇ ਤੀਰਥੰਕਰ ਪਰਮੇਸ੍ਵਰ ਕਦੀ ਨਹੀਂ ਹੋ ਸਕਦੇ ।੧।ਕੀ ਤੁਸੀ ਜੋ ਪ੍ਰਤਖ ਪਦਾਰਥ ਹਨਉਨ੍ਹਾਂ ਹੀ ਨੂੰ ਮਨਦੇਓ ਅਪ੍ਰਤਖ ਨੂੰ ਨਹੀ, ਜਿਸਤਰਾਂ ਕੰਨ ਬੀਂ ਰੂਪ ਅਰ ਅਖਾਂ ਨਾਲ ਅਵਾਜ ਦਾ ਸੁਣਨਾ ਨਹੀਂ ਹੋ ਸਕਦਾ, ਉਸੇਤਰਾਂ ਅਨਾਦੀ ਪਰਮਾਤਮਾ ਨੂੰ ਵੇਖਣ ਦਾ ਉਪਾ ਸ਼ੁਧ ਅੰਤਹਕਰਣ, ਵਿਦਿਆ ਅਰ ਜੋਗਾਭਿਯਾਸ ਨਾਲ ਪਵਿਤ੍ਰ ਆਤਮਾ ਪਰਮੇਸ਼ੁਰ ਨੂੰ ਪ੍ਰਤਖਵੇਖਦਾ ਹੈ,ਜਿਸਤਰਾਂ ਬਿਨਾਂ ਪੜ੍ਹੇ ਵਿਦਿਆ ਦੇ ਮਤਲਬਾਂ ਦਾ ਹਾਸਲ ਹੋਣਾ ਨਹੀ ਹੁੰਦਾ, ਉਸੇਤਰਾਂ ਜੋਗਾਭਿਯਾਸ ਅਰ ਵਿਗਿਆਨ ਦੇ ਬਿਨਾ ਪਰਮਾਤਮਾ ਬੀ ਨਹੀਂ ਦਿਸਦਾ, ਜਿਸਤਰਾਂ ਪ੍ਰਿਥਵੀ ਦੇ ਰੂਪ ਆਦੀ ਗੁਣ ਹੀ ਨੂੰ ਵੇਖ ਜਾਣਕੇ ਗੁਣਾਂ ਨਾਲ ਨਜੀਕ ਸਰ-ਬੰਧ ਬੀਂ ਪ੍ਰਿਥਵੀ ਪ੍ਰਤੱਖ ਹੁੰਦੀ ਹੈ,ਓਸੇਤਰਾਂ ਏਸ ਜਗਤ ਵਿਚ ਪਰਮਾਤਮਾ ਦੀ ਰਚਨਾ ਵਸ਼ੇਸ਼ ਚਿੰਨ ਵੇਖਕੇ ਪਰਮਾਤਮਾ ਪ੍ਰਤੱਖ ਹੁੰਦਾ ਹੈ, ਅਰ ਜਿਹ-ੜੀ ਪਾਪਦੇ ਕਰਨ ਦੀ ਇਛਿਆ ਦੇ ਵੇਲੇ ਵਿਚ ਡਰ, ਸ਼ੰਕਾ, ਲਜਿਆ ਉਤਪੰਨ ਹੁੰਦੀ ਹੈ ਉਹ ਅੰਤਰਯਾਮੀ ਪਰਮਾਤਮਾ ਦੀ ਤੁਰਵੋਂ ਹੈ, ਏਸਥੀਂ ਬੀ ਪਰਮਾਤਮਾ ਪ੍ਰਤੱਖ ਹੁੰਦਾ ਹੈ । ਅਨੁਮਾਨ ਦੇ ਹੋਣ ਵਿਚ ਕੀ ਸੰਦੇਹ ਹੋ ਸਕ-ਦਾ ਹੈ॥ ੨ ॥ ਅਰ ਪ੍ਰਤੱਖ ਤਥਾ ਅਨੁਮਾਨ ਦੇ ਹੋਣੇ ਬੀਂ ਆਗਮ ਪ੍ਰਮਾਣ ਬੀ ਨਿਤ ਅਨਾਦੀ ਸਰਬੱਗ ਈਸ਼੍ਵਰ ਦਾ ਜਣਾਣ ਵਾਲਾ ਹੁੰਦਾ ਹੈ ਏਸਲਈ ਸ਼ਬਦ ਪ੍ਰਮਾਣ ਬੀ ਈਸ਼੍ਵਰ ਵਿਚ ਹੈ, ਜਦ ਤਿਨਾਂ ਪ੍ਰਮਾਣਾਂ ਨਾਲ ਈਸ਼੍ਵਰ ਨੂੰ ਜੀਵ ਜਾਣ ਸਕਦਾ ਹੈ ਤਦ ਅਰਥਵਾਦ ਅਰਥਾਤ ਪਰਮੇਸ਼੍ਵਰ ਦੇ ਗੁਣਾਂਦੀ ਉਸਤਤ ਕਰਨੀਬੀ ਠੀਕ ਘਟਦੀ ਹੈ,ਕਿਉਂਕਿ ਜਿਹੜੇ ਨਿਤ ਪਦਾਰਥ ਹਨ ਉਨ੍ਹਾਂਦੇ ਗੁਣ, ਕਰਮ, ਸੁਭਾਵ ਬੀ ਨਿਤ ਹੁੰਦੇ ਹਨ ਉਨ੍ਹਾਂਦੀ ਉਸਤਤ ਕਰਨ ਵਿਚ ਕੋਈ ਰੋਕਣ ਵਾਲਾ ਨਹੀ ॥ ੩ ॥ ਜੀਕਣ ਮਨੁਖਾਂ ਵਿਚ ਕਰਤਾ ਦੇ ਬਿਨਾ ਕੋਈਬੀ ਕੰਮ ਨਹੀ ਹੁੰਦਾ,ਉਕਣ ਹੀ ਏਸ ਵਡੇ ਕੰਮਦਾ ਕਰਤਾ ਦੇ ਬਿਨਾਂ ਹੋਣਾ ਸਦਾ ਅਸੰਭਵ ਹੈ। ਜਦ ਅਜਿਹਾ ਹੈ ਤਾਂ ਈਸ਼੍ਵਰ ਦੇ ਹੋਣ ਵਿਚ ਮੂਰਖ ਨੂੰ ਬੀ ਸੰਦੇ ਨਹੀਂ ਹੋ ਸਕਦਾ, ਜਦ ਪਰਮਾਤਮਾ ਦੇ ਉਪਦੇਸ਼ ਕਰਨ ਵਾਲਿਆਂ ਥੀਂ ਸੁਣੋਗੇ ਪਿਛੋਂ ਓਸਦਾ ਅਨੁਵਾਦ ਕਰਨਾ ਬੀ ਸੁਖਾਲਾ ਹੈ॥੪॥ ਏਸ ਥੀਂ ਜੈਨੀਆਂ ਦੇ ਪ੍ਰਤਖ ਆਦੀ ਪ੍ਰਮਾਣਾਂ ਨਾਲ ਈਸ਼੍ਵਰ ਦਾ ਖੰਡਨ ਕਰਨਾ ਆਦੀ ਵਿਹਾਰ ਅਜੋਗ ਹੈ ॥( ਪ੍ਰਸ਼ਨ ):-

ਅਨਾਦੇਰਾਗਮਸ੍ਯਾਰ੍ਥੋ ਨ ਚ ਸਰ੍ਵਜ੍ਞ ਆਦਿਮਾਨ੍ ।

कृत्रिमेण त्व सत्येन सकथं प्रतिपाद्यते ॥ १ ॥
अथ तद्वचनेनैव सर्वज्ञोऽन्यैः प्रतीयते ।
प्रकल्पेत कथं सिद्धिरन्योऽन्याश्रययोस्तयोः ॥ २ ॥
सर्वज्ञोक्ततया वाक्यं सत्यं तेन तदस्तिता ।
कथं तदुभयं सिध्येत् सिद्धमूलान्तरादृते ॥ ३ ॥

ਵਿਚਕਾਰ ਸਰਬੱਗ ਹੋਇਆ ਅਨਾਦੀ ਸ਼ਾਸਤ੍ਰ ਦਾ ਅਰਥ ਨਹੀਂ ਹੋ ਸਕਦਾ, ਕਿਉਂਕਿ ਕੀਤੇ ਹੋਏ ਝੂਠੇ ਬਚਨ ਨਾਲ ਓਸਦਾ ਪ੍ਰਤੀਪਾਦਨ ਕਿਸਤਰਾਂ ਨਾਲ ਹੋ ਸੱਕੇ? ॥ ੧ ॥ ਅਰ ਜੇ ਪਰਮੇਸ਼੍ਵਰ ਹੀ ਦੇ ਬਚਨ ਨਾਲ ਪਰਮੇਸ਼੍ਵਰ ਸਿਧ ਹੁੰਦਾ ਹੈ ਤਾਂ ਅਨਾਦੀ ਈਸ਼੍ਵਰ ਥੀਂ ਅਨਾਦੀ ਸ਼ਾਸਤ੍ਰ ਦੀ ਸਿਧੀ, ਅਨਾਦੀ ਸ਼ਾਸਤ੍ਰ ਥੀਂ ਅਨਾਦੀਈਸ਼੍ਵਰ ਦੀ ਸਿਧੀ, ਅਨਨੋ ਅਨਜਆਸ਼੍ਰੇ ਦੋਸ਼ ਆਉਂਦਾ ਹੈ ॥ ੨ ॥ ਕਿਉਂਕਿ ਸਰਬੱਗ ਦੇ ਕਹਣ ਨਾਲ ਉਹ ਵੇਦ-ਵਾਕ ਸਚੇ, ਅਰ ਉਸੇ ਵੇਦ ਦੇ ਬਚਨ ਨਾਲ ਈਸ਼੍ਵਰ ਦੀ ਸਿੱਧੀ ਕਰਦੇਓ ਇਹ ਕੀਕਣ ਸਿਧ ਹੋ ਸਕਦਾ ਹੈ? ਓਸ ਸ਼ਾਸਤ੍ਰ ਅਰ ਪਰਮੇਸ਼੍ਵਰ ਦੀ ਸਿਧੀ ਦੇ ਵਾਸਤੇ ਤੀਜਾ ਕੋਈ ਪ੍ਰਮਾਣ ਚਾਹੀਏ, ਜੇ ਈਕਣ ਮਨੋਗੇ ਤਾਂ ਅ-ਨਵਸਥਾ ਦੋਸ਼ ਆਵੇਗਾ ॥ ੩ ॥

( ਉਤ੍ਰ ) ਅਸੀਂ ਲੋਕ ਪਰਮੇਸ਼੍ਵਰ ਅਰ ਪਰਮੇਸ਼੍ਵਰ ਦੇ ਗੁਣ, ਕਰਮ, ਸੁਭਾਵ ਨੂੰ ਅਨਾਦੀ ਮਨਦੇ ਹਾਂ, ਅਨਾਦੀ ਨਿਤ ਪਦਾਰਥਾਂ ਵਿਚ ਅਨਜੋਅ-ਅਨਆਸ਼੍ਰੇ ਦੋਸ਼ ਨਹੀਂ ਆ ਸਕਦਾ, ਜੀਕਣ ਕਾਰਜ ਥੀਂ ਕਾਰਣ ਦਾ ਗਿਆਨ ਅਰ ਕਾਰਣ ਥੀਂ ਕਾਰਜ ਦਾ ਗਿਆਨਹੁੰਦਾ ਹੈ ਕਾਰਜ ਵਿਚ ਕਾਰਨ ਦਾ ਸੁਭਾਵ ਅਰਕਾਰਣ ਵਿਚਕਾਰਜ ਦਾ ਸੁਭਾਵ ਨਿਤ ਹੈ, ਉਕਣ ਪਰਮੇਸ਼੍ਵਰ ਅਰ ਪਰਮੇਸ਼੍ਵਰ ਦੇ ਅਨੇਕ ਵਿਦਿਆ ਆਦੀ ਗੁਣ ਨਿਤ ਹੋਣ ਥੀਂ ਈਸ਼੍ਵਰ ਕਰਕੇ ਬਣਾਏ ਹੋਏ ਵੇਦ ਵਿਚ ਅਨਵਸਥਾ ਦੋਸ਼ ਨਹੀਂ ਆਉਂਦਾ ॥ ੧ ॥ ੨ ॥ ੩ ॥ ਅਰ ਤੁਸੀਂ ਤੀਰਥੰਕਰਾਂ ਨੂੰ ਪਰਮੇਸ਼੍ਵਰ ਮਨਦੇ ਓ ਇਹ ਕਦੀ ਨਹੀਂ ਬਣ ਸਕਦਾ, ਕਿਉਂਕਿ ਬਿਨਾਂ ਮਾਂ, ਪਿਉ, ਦੇ ਉਨ੍ਹਾਂ ਦਾ ਸ਼ਰੀਰ ਹੀ ਨਹੀਂ ਹੁੰਦਾ ਤਾਂ ਉਹ ਤਪਸਚਰਯਾ, ਗਿਆਂਨ ਅਰ ਮੁਕਤੀ ਨੂੰ ਕੀਕਣ ਪਾ ਸਕਦੇ ਹਨ, ਉਸੇਤਰਾਂ ਹੀ ਸੰਜੋਗ ਦਾ ਆਦ ਜਰੂਰ ਹੁੰਦਾ ਹੈ, ਕਿਉਂਕਿ ਬਿਨਾ ਵਿਜੋਗ ਦੇ ਸੰਜੋਗ ਹੋ ਹੀ ਨਹੀਂ ਸਕਦਾ, ਏਸਲਈ ਅਨਾਦੀ ਸ੍ਰਿਸ਼ਟੀ ਦਾ ਬਣਾਣਵਾਲਾ ਪਰਮਾਤਮਾ ਨੂੰ ਮਨੋ। ਵੇਖੋ! ਚਾਹੇ ਕਿੱਨਾਂ ਹੀ ਕੋਈ ਸਿਧ ਹੋਵੇ ਤਾਂ ਬੀ ਸ਼ਰੀਰ ਆਦੀ ਦੀ ਬਣਾਉਟ ਨੂੰ ਪੂਰਣਤਾ ਨਾਲ ਨਹੀਂ ਜਾਣ ਸਕਦਾ, ਜਦ ਸਿਧਜੀਵ ਸਖੁਪਤੀ ਦਸ਼ਾ ਵਿਚ ਜਾਂਦਾ ਹੈ ਤਦ ਓਸ ਨੂੰ ਕੁਝ ਬੀ ਮਲੂਮ ਨਹੀਂ ਰਹਿੰਦਾ, ਜਦ ਜੀਵ ਦੁਖ ਨੂੰ ਪ੍ਰਾਪਤ ਹੁੰਦਾ ਹੈ ਤਦ

ਓਸਦਾ ਗਿਆਨ ਬੀ ਥੋੜ੍ਹਾ ਹੋ ਜਾਂਦਾ ਹੈ, ਅਜਿਹੇ ਪਰੀਛਿੰਨ ਸਮਰਥੀ ਵਾਲੇ, ਇਕ ਜਗਹਿ ਵਿਚ ਰਹਣ ਵਾਲੇ ਨੂੰ ਈਸ਼੍ਵਰ ਮਨਣਾ ਬਿਨਾ ਭ੍ਰਮ ਬੁਧ ਵਾਲੇ ਜੈਨੀਆਂ ਥੀਂ ਹੋਰ ਕੋਈ ਬੀ ਨਹੀਂ ਮਨ ਸਕਦਾ। ਜੇਕਰ ਤੁਸੀਂ ਕਹੋ ਕਿ ਉਹ ਤੀਰਥੰਕਰ ਅਪਣੇ ਮਾਵਾਂ ਪਿਵਾਂ ਥੀਂ ਹੋਏ ਤਾਂ ਉਹ ਕਿਨ੍ਹਾਂ ਥੀਂ? ਅਰ ਉਨ੍ਹਾਂ ਦੇ ਮਾਂ, ਪਿਉ ਕਿਨ੍ਹਾਂ ਥੀਂ? ਫੇਰ ਉਨ੍ਹਾਂ ਦੇ ਬੀ ਮਾਂ, ਪਿਉ ਕਿਨ੍ਹਾਂ ਥੀਂ ਪੈਦਾ ਹੋਏ? ਇਤਿਆਦੀ ਅਨਵਸਥਾ ਆਵੇਗੀ।

## ਆਸਤਿਕ ਅਰ ਨਾਸਤਿਕ ਦਾ ਸੰਬਾਦ ॥

ਏਸਦੇ ਅੱਗੇ ਪ੍ਰਕਰਣ ਰਤਨਾਕਰ ਦੇ ਦੂਜੇ ਭਾਗ ਆਸਤਿਕ ਨਾਸ ਤਿਕ ਦੇ ਸੰਬਾਦ ਦੇ ਪ੍ਰਸ਼ਨ ਉਤ੍ਰ ਇਥੇ ਲਿਖਦੇ ਹਾਂ, ਜਿਸ ਨੂੰ ਵਡੇ ਵਡੇ ਜੈਨੀਆਂ ਨੇ ਅਪਣੀ ਸਮੱਤੀ ਦੇ ਨਾਲ ਮਨਿਆਂ, ਅਰ ਬੰਬਈ ਵਿਚ ਛਪਵਾਇਆ ਹੈ।

(ਨਾਸਤਿਕ) ਈਸ਼੍ਵਰ ਦੀ ਇਛਿਆ ਨਾਲ ਕੁਝ ਨਹੀਂ ਹੁੰਦਾ, ਜੋ ਕੁਝ ਹੁੰਦਾ ਹੈ ਉਹ ਕਰਮ ਨਾਲ।

(ਆਸਤਿਕ) ਜੇਕਰ ਸਭ ਕਰਮ ਥੀਂ ਹੁੰਦਾ ਹੈ ਤਾਂ ਕਰਮ ਕਿਸਥੀਂ ਹੁੰਦਾ ਹੈ? ਜੇਕਰ ਆਖੋ ਕਿ ਜੀਵ ਆਦ ਥੀਂ ਹੁੰਦਾ ਹੈ, ਤਾਂ ਜਿਨ੍ਹਾਂ ਕੰਨ ਆਦੀ ਸਾਧਨਾਂ ਨਾਲ ਜੀਵ ਕਰਮ ਕਰਦਾ ਹੈ ਉਹ ਕਿਨ੍ਹਾਂ ਥੀਂ, ਹੋਏ? ਜੇਕਰ ਆਖੋ ਕਿ ਅਨਾਦੀ ਕਾਲ ਅਰ ਸੁਭਾਵ ਥੀਂ ਹੁੰਦੇ ਹਨ ਤਾਂ ਅਨਾਦੀ ਦਾ ਛੁਟਣਾ ਅਸੰਭਵ ਹੋਕੇ ਤੁਹਾਡੇ ਮਤ ਵਿਚ ਮੁਕਤੀ ਦਾ ਅਭਾਉ ਹੋਵੇਗਾ। ਜੇ ਆਖੋ ਕਿ ਪ੍ਰਾਗਭਾਵ ਵਾਕਣ ਅਨਾਦੀ ਸਾਂਤ ਹਨ ਤਾਂ ਬਿਨਾ ਯਤਨ ਦੇ ਸਾਰਿਆਂ ਦੇ ਕਰਮ ਦੂਰ ਹੋ ਜਾਨਗੇ। ਜੇਕਰ ਈਸ਼੍ਵਰ ਫਲ ਦੇਣ ਵਾਲਾ ਨਾ ਹੋਵੇ ਤਾਂ ਪਾਪ ਦੇ ਫਲ ਦੁਖ ਨੂੰ ਜੀਵ ਅਪਣੀ ਅਛਿਆ ਨਾਲ ਕਦੀ ਨਹੀਂ ਭੋਗੇਗਾ, ਜੀਕਣ ਚੋਰ ਆਦੀ ਚੋਰੀ ਦਾ ਫਲ ਦੰਡ ਅਪਣੀ ਮਰਜੀ ਨਾਲ ਨਹੀਂ ਭੋਗਦੇ ਕਿੰਤੂ ਰਾਜ ਵਿਵਸਥਾ ਥੀਂ ਭੋਗਦੇ ਹਨ, ਉਸੇ ਤਰਾਂ ਪਰਮੇਸ਼੍ਵਰ ਦੇ ਭੁਗਾਣ ਥੀਂ ਜੀਵ ਪਾਪ ਅਰ ਪੁੰਨਾ ਦੇ ਫਲਾਂ ਨੂੰ ਭੋਗਦੇ ਹਨ, ਹੋਰੀ ਤਰਾਂ ਕਰਮ ਗੜ ਬੜ ਹੋ ਜਾਨਗੇ, ਹੋਰੀ ਦੇ ਕਰਮ ਹੋਰੀ ਨੂੰ ਭੋਗਣੇ ਪੈਨਗੇ।

(ਨਾਸਤਿਕ) ਈਸ਼੍ਵਰ ਕ੍ਰਿਆ ਥੀਂ ਰਹਿਤ ਹੈ, ਕਿੰਉਕਿ ਜੇਕਰ ਕਰਮ ਕਰਨ ਵਾਲਾ ਹੁੰਦਾ ਤਾਂ ਕਰਮ ਦਾ ਫਲ ਬੀ ਭੋਗਣਾ ਪੈਂਦਾ, ਏਸਲਈ ਜੀਕਣ ਅਸੀਂ ਕਵਲੀ ਪ੍ਰਾਪਤ ਮੁਕਤਾਂ ਨੂੰ ਬਿਨਾਂ ਕ੍ਰਿਆਂ ਦੇ ਮਨਦੇ ਹਾਂ ਉਕਣ ਤੁਸੀਂ ਬੀ ਮਨੋ।

( ਆਸਤਿਕ ) ਈਸ਼੍ਵਰ ਬਿਨਾਂ ਕ੍ਰਿਆਂ ਦੇ ਨਹੀਂ ਕਿੰਤੂ ਕ੍ਰਿਆ ਸਹਤ ਹੈ ਜਦ ਚੇਤਨ ਹੈ ਤਾਂ ਕਰਨ ਵਾਲਾ ਕਿਉਂ ਨਹੀਂ ਅਰ ਜੋ ਕਰਤਾ ਹੈ ਤਾਂ ਉਹ ਕ੍ਰਿਆਂ ਥੀਂ ਵਖਰਾ ਕਦੀ ਨਹੀਂ ਹੋ ਸਕਦਾ, ਜੀਕਣ ਤੁਸੀਂ ਕ੍ਰਿਤੱਮ ਅਰਥਾਤ ਬਣਾਉਟ ਦੇ ਈਸ਼੍ਵਰ ਤੀਰਥੰਕਰ ਨੂੰ ਜੀਵ ਥੀਂ ਬਣੇ ਹੋਏ ਮਨਦੇਓ,ਏਸਤਰਾਂ ਦੇ ਈਸ਼੍ਵਰ ਨੂੰ ਕੋਈਬੀ ਵਿਦਵਾਂਨ ਨਹੀ ਮਨ ਸਕਦਾ, ਕਿਉਂਕਿ ਜੋ ਨਮਿਤ ਥੀਂ ਈਸ਼੍ਵਰ ਬਣੇ ਤਾਂ ਅਨਿਤ ਅਰ ਪ੍ਰਾਧੀਨ ਹੋ ਜਾਵੇ, ਕਿਉਂਕਿ ਈਸ਼੍ਵਰ ਬਣਨਦੇ ਪਹਿਲਾਂ ਜੀਵ ਸੀ, ਪਿਛੋਂ ਕਿਸੇ ਨਮਿ-ਤ ਥੀਂ ਈਸ਼੍ਵਰ ਬਣਿਆਂ ਤਾਂ ਫੇਰਬੀ ਜੀਵ ਹੋ ਜਾਵੇਗਾ, ਅਪਣੇ ਜੀਵਪਣੇ ਸੁਭਾਉ ਨੂੰ ਕਦੀ ਨਹੀ ਛਡ ਸਕਦਾ, ਕਿਉਂਕਿ ਅਨੰਤ ਕਾਲ ਥੀਂ ਜੀਵ ਹੈ, ਅਰ ਅਨੰਤਕਾਲ ਤਿਕ ਰਹ੍ਵੇਗਾ, ਏਸਲਈ ਏਸ ਅਨਾਦੀ ਸੁਤਾ ਸਿਧ ਪਰ-ਮੇਸ਼੍ਵਰ ਨੂੰ ਮਨਣਾ ਜੋਗ ਹੈ। ਵੇਖੋ! ਜੀਕਣ ਵਰਤਮਾਨ ਵੇਲੇ ਵਿਚ ਜੀਵ ਪਾਪ, ਪੁੰਨ ਕਰਨ੍ਵਾਲਾ, ਸੁਖ,ਦੁਖ ਭੋਗਣ ਵਾਲਾ ਹੈ ਉਕਣ ਈਸ਼੍ਵਰ ਕਦੀ ਨਹੀ ਹੁੰਦਾ, ਜੇ ਈਸ਼੍ਵਰ ਕ੍ਰਿਆਵਾਂਨ ਨਾ ਹੁੰਦਾ ਤਾਂ ਏਸ ਜਗਤ ਨੂੰ ਕੀਕਣ ਬਣਾ ਸਕਦਾ? ਜੇ ਕਰਮਾਂ ਨੂੰ ਪ੍ਰਾਗਭਾਵ ਵਾਙਣ ਅਨਾਦੀ ਸਾਂਤ ਮਨਦੇਓ ਤਾਂ ਕਰਮ ਸਮਵਾਇ ਸਬੰਧ ਨਾਲ ਨਹੀ ਰਹ੍ਵੇ ਗਾ, ਜੇਹੜਾ ਸਮਵਾਇ ਸਬੰ-ਧ ਨਾਲ ਨਹੀ ਉਹ ਸੰਜੋਗ ਥੀਂ ਹੋਣ ਵਾਲਾ ਹੋਕੇ ਅਨਿਤ ਹੁੰਦਾ ਹੈ, ਜੇਕਰ ਮੁਕਤੀ ਵਿਚ ਕ੍ਰਿਆ ਥੀਂ ਰਹਤ ਮਨਦੇਓ ਤਾਂ ਉਹ ਮੁਕਤ ਜੀਵ ਗਿਆਂਨ ਵਾਲੇ ਹੁੰਦੇ ਹਨ ਵਾ ਨਹੀ? ਜੇਕਰ ਕਹੋ ਹੁੰਦੇ ਹਨ ਤਾਂ ਅੰਤ ਕ੍ਰਿਆਵਾਲੇ ਹੋਏ, ਕੀ ਮੁਕਤੀ ਵਿਚ ਪਥੱਰ ਵਾਙਣ ਜੜ ਹੋ ਜਾਂਦੇ, ਇਕ ਠਿਕਾਣੇ ਪਏ ਰਹਿੰਦੇ ਅਰ ਕੁਝ ਬੀ ਵਿਹਾਰ ਨਹੀ ਕਰਦੇ ਤਾਂ ਮੁਕਤੀ ਕੀ ਹੋਈ ਕਿੰਤੂ ਹਨੇਰੇ ਅਰ ਫਾਹੀ ਵਿਚ ਪੈ ਗਏ।

( ਨਾਸਤਿਕ ) ਈਸ਼੍ਵਰ ਵਿਆਪਕ ਨਹੀ ਹੈ,ਜੇਕਰ ਵਿਆਪਕ ਹੁੰਦਾ ਤਾਂ ਸਾਰੀਆਂ ਵਸਤੂ ਚੇਤਨ ਕਿਉਂ ਨਾ ਹੁੰਦੀਆਂ? ਅਰ ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ ਆਦੀ ਦੀ ਉਤਮ, ਮਧੱਮ, ਨਕ੍ਰਿਸ਼ਟ ਅਵਸਥਾ ਕਿਉਂ ਹੋਈ? ਕਿਉਂਕਿ ਸਾਰਿਆਂ ਵਿਚ ਈਸ਼੍ਵਰ ਇਕੋ ਜਿਹਾ ਵਿਆਪਕ ਹੈ ਤਾਂ ਛੋਟਿਆਈ ਵਡਿਆਈ ਨਾ ਹੋਣੀ ਚਾਹੀਏ।

( ਆਸਤਿਕ ) ਵਿਆਪਜ ਅਰ ਵਿਆਪਕ ਇੱਕੋ ਜਿਹੇ ਨਹੀਂ ਹੁੰਦੇ ਕਿੰਤੂ ਵਿਆਪਜ ਇਕ ਦੇਸ਼ੀ ਅਰ ਵਿਆਪਕ ਸਰਬ ਦੇਸ਼ੀ ਹੁੰਦਾ ਹੈ, ਜੀਕਣ ਅਕਾਸ਼ ਸਾਰਿਆਂ ਵਿਚ ਵਿਆਪਕ ਹੁੰਦਾ ਹੈ ਅਰ ਭੂਗੋਲ ਅਰ ਘੜਾ ਕਪੜਾ ਆਦੀ ਸਾਰੇ ਵਿਆਪਜ ਇਕ ਦੇਸ਼ੀ ਹਨ, ਜੀਕਣ ਜਮੀਨ, ਅਕਾਸ਼ ਇਕ ਨਹੀਂ, ਉਕਣ ਈਸ਼੍ਵਰ ਅਰ ਜਗਤ ਇਕ ਨਹੀਂ, ਜੀਕਣ ਸਾਰੇ ਘੜੇ,ਕਪੜੇ

ਆਦੀ ਵਿਚ ਅਕਾਸ਼ ਵਿਆਪਕ ਹੈ ਅਰ ਘੜਾ, ਕਪੜਾ ਆਦੀ ਅਕਾਸ਼ ਨਹੀਂ, ਉਸੇ ਤਰਾਂ ਪਰਮੇਸ਼ੂਰ ਚੇਤਨ ਸਾਰਿਆਂ ਵਿਚ ਹੈ ਅਰ ਸਾਰੇ ਚੇਤਨ ਨਹੀਂ ਹੁੰਦਾ, ਜੀਕਣ ਵਿਦਵਾਂਨ, ਅਵਿਦਵਾਂਨ, ਅਰ ਧਰਮਾਤਮਾ, ਅਧਰਮਾਤਮਾ ਬਰਾਬਰ ਨਹੀਂ ਹੁੰਦੇ, ਵਿਦਿਆ ਆਦੀ ਅੱਛੇ ਗੁਣ ਅਰ ਸਚ ਕਹਣ ਆਦੀ ਕਰਮ, ਸੁਸ਼ੀਲਤਾ ਆਦੀ ਸੁਭਾ ਦੇ ਘਟ ਵਧ ਹੋਣ ਥੀਂ ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ ਅਰ ਚੰਡਾਲ ਵਡੇ ਛੋਟੇ ਮੰਨੇ ਜਾਂਦੇ ਹਨ, ਵਰਣਾਂ ਦੀ ਵਿਆਖਿਆ ਜਿਹੀ ਚੌਥੇ ਸਮੁਲਾਂਸ ਵਿਚ ਲਿਖ ਆਏ ਹਾਂ ਉਥੇ ਦੇਖ ਲੌ।

( ਨਾਸਤਿਕ ) ਜੇਕਰ ਈਸ਼੍ਵਰ ਦੀ ਰਚਨਾ ਥੀਂ ਸ੍ਰਿਸ਼ਟੀ ਹੁੰਦੀ ਤਾਂ ਮਾਂ, ਪਿਉ ਆਦੀ ਦਾ ਕੀ ਕੰਮ ?

( ਆਸਤਿਕ ) ਈਸ਼੍ਵਰ ਦੀ ਸ੍ਰਿਸ਼ਟੀ ਦਾ ਈਸ਼੍ਵਰ ਕਰਨ ਵਾਲਾ ਹੈ, ਜੀਵ ਦੀ ਸ੍ਰਿਸ਼ਟੀ ਦਾ ਨਹੀਂ, ਜਿਹੜੇ ਜੀਵਾਂ ਦੇ ਕਰਨ ਜੋਗ ਕਰਮ ਹਨ ਉਨ੍ਹਾਂ ਨੂੰ ਈਸ਼੍ਵਰ ਨਹੀਂ ਕਰਦਾ, ਕਿੰਤੂ ਜੀਵ ਹੀ ਕਰਦਾ ਹੈ, ਜੀਕਣ ਦ੍ਰਖਤ, ਫਲ ਦੁਆਈ, ਅੰਨ ਆਦੀ ਈਸ਼੍ਵਰ ਨੇ ਉਤਪਤ ਕੀਤਾ ਹੈ ਓਸ ਨੂੰ ਲੈਕੇ ਮਨੁਖ ਨਾ ਪੀਹਨ, ਨਾ ਕੁਟਨ, ਨਾ ਰੋਟੀ ਆਦੀ ਪਦਾਰਥ ਬਣਾਨ, ਅਰ ਨਾ ਖਾਨ ਤਾਂ ਕੀ ਈਸ਼੍ਵਰ ਓਸਦੇ ਬਦਲੇ ਇਨ੍ਹਾਂ ਕੰਮਾਂ ਨੂੰ ਕਦੀ ਕਰੇਗਾ? ਅਰ ਜੇ ਨਾ ਕਰਨ ਤਾਂ ਜੀਵਦਾ ਜੀਵਣ ਬੀ ਨਾ ਹੋ ਸਕੇ, ਏਸਲਈ ਆਦੀ ਸ੍ਰਿਸ਼ਟੀ ਵਿਚ ਜੀਵਦੇ ਸ਼ਰੀਰਾਂ ਅਰ ਸੱਚੇ ਨੂੰ ਬਣਾਨਾ ਈਸ਼੍ਵਰਦੇ ਅਧੀਨ ਹੈ ਪਿਛੋਂ ਉਨ੍ਹਾਂ ਥੀਂ ਪੁਤ੍ਰ ਆਦੀ ਦੀ ਉਤਪਤੀ ਕਰਨਾ ਜੀਵਦਾ ਕਰਨ ਜੋਗ ਕੰਮ ਹੈ।

( ਨਾਸਤਿਕ ) ਜਦ ਪਰਮਾਤਮਾ ਨਿਰੰਤ੍ਰ, ਅਨਾਦੀ, ਚੇਤਨ, ਅਨੰਦ, ਗਿਆਨ ਸਰੂਪ ਹੈ ਤਾਂ ਜਗਤ ਜੰਜਾਲ ਅਰ ਦੁਖ ਵਿਚ ਕਿਉਂ ਪਇਆ? ਅਨੰਦ ਛਡ ਦੁਖ ਵਿਚ ਪੈਣਾ ਅਜਿਹਾ ਕੰਮ ਕੋਈ ਸਧਾਰਣ ਮਨੁਖ ਬੀ ਨਹੀ ਕਰਦਾ ਈਸ਼੍ਵਰ ਨੇ ਕਿਉਂ ਕੀਤਾ ?

( ਆਸਤਿਕ ) ਪਰਮਾਤਮਾ ਕਿਸੇ ਜੰਜਾਲ ਅਰ ਦੁਖ ਵਿਚ ਨਹੀ ਡਿਗਦਾ, ਨਾ ਅਪਣੇ ਅਨੰਦ ਨੂੰ ਛਡਦਾ ਹੈ, ਕਿਉਂਕਿ ਪ੍ਰਪੰਚ ਅਰ ਦੁਖ ਵਿਚ ਡਿਗਣਾ ਜੋ ਇਕ ਦੇਸ਼ੀ ਹੋਵੇ ਓਸਦਾ ਹੋ ਸਕਦਾ ਹੈ ਸਰਬ ਦੇਸ਼ੀ ਦਾ ਨਹੀਂ ਜੇਕਰ ਅਨਾਦੀ ਚੈਤੰਨ ਅਨੰਦ ਜਗਤ ਨੂੰ ਨਾ ਬਣਾਵੇ ਤਾਂ ਹੋਰ ਕੇਹੜਾ ਬਣਾ ਸਕੇ, ਜਗਤ ਬਣਾਨ ਦਾ ਜੀਵ ਵਿਚ ਸਮਰਥ ਨਹੀ, ਅਰ ਜੜ ਵਿਚ ਅਪਣੇ ਆਪ ਬਣਨਦਾ ਬੀ ਸਮਰਥ ਨਹੀ, ਏਸਥੀਂ ਏਹ ਸਿਧ ਹੋਇਆ ਕਿ ਪਰਮਾਤਮਾ ਹੀ ਜਗਤ ਨੂੰ ਬਣਾਂਦਾ, ਅਰ ਸਦਾ ਅਨੰਦ ਵਿਚ ਰਹਿੰਦਾ ਹੈ, ਜੀਕਣ ਪਰਮਾਤਮਾ ਪ੍ਰਮਾਣੂਆਂ ਥੀਂ ਸ੍ਰਿਸ਼ਟੀ ਕਰਦਾ ਹੈ ਉਕਣ ਮਾ, ਪਿਉ ਰੂਪ ਨਮਿਤ ਕਾਰਣ ਥੀਂ ਬੀ ਉਤਪੱਤੀ ਦਾ ਪ੍ਰਬੰਧ ਨੇਮ ਉਸੇ ਨੇ ਕੀਤਾ ਹੈ।

( ਨਾਸਤਿਕ ) ਈਸ਼੍ਵਰ ਮੁਕਤੀ ਰੂਪ ਸੁਖ ਨੂੰ ਛਡ ਜਗਤ ਦੀ ਉਤ ਪੱਤੀ ਕਰਨੇ, ਧਾਰਨੇ ਅਰ ਪ੍ਰਲੈ ਕਰਨੇ ਦੇ ਬਖੇੜੇ ਵਿਚ ਕਿਉਂ ਪ-ਇਆ ?

( ਆਸਤਿਕ ) ਈਸ਼੍ਵਰ ਸਦਾ ਮੁਕਤ ਹੋਣ ਥੀਂ ਤੁਹਾਡੇ ਸਾਧਨਾਂ ਥੀਂ ਸਿਧ ਹੋਏ ਤੀਰਥੰਕਰਾਂ ਦੇ ਵਾਙਣ ਇਕ ਜਗਹਿ ਵਿਚ ਰਹਿਣ ਵਾਲੇ ਬੰਧ-ਪੂਰਬਕ ਮੁਕਤੀ ਨਾਲ ਮਿਲਿਆ ਹੋਇਆ ਸਨਾਤਨ ਪਰਮਾਤਮਾ ਨਹੀ ਹੈ, ਜੋ ਅਨੰਤਸਰੂਪ, ਗੁਣ, ਕਰਮ,ਸੁਭਾ ਨਾਲ ਮਿਲਿਆ ਹੋਇਆ ਪਰਮਾਤਮਾਹੈ ਉਹ ਏਸ ਥੋੜੇ ਜਿਹੇ ਜਗਤ ਨੂੰ ਬਣਾਂਦਾ, ਧਰਦਾ ਅਰ ਪ੍ਰਲੈ ਕਰਦਾ ਹੋਇ-ਆ ਬੀ ਬੰਧਨ ਵਿਚ ਨਹੀ ਪੈਂਦਾ, ਕਿਉਂਕਿ ਬੰਧ ਅਰ ਮੋਖ ਇਕ ਦੂਜੇ ਦੀ ਅਪੇਖਿਆ ਥੀਂ ਹੈ; ਜੀਕਣ ਮੁਕਤੀ ਦੀ ਅਪੇਖਿਆ ਥੀਂ ਬੰਧ,ਅਰ ਬੰਧ ਦੀ ਅਪੇਖਿਆ ਥੀਂ ਮੁਕਤੀ ਹੁੰਦੀ ਹੈ, ਜੇਹੜਾ ਕਦੀ ਬਧ ਨਹੀ ਸੀ ਉਹ ਮੁਕਤ ਕਿਉਂਕਰ ਕਹਿਆ ਜਾ ਸਕਦਾ ਹੈ। ਅਰ ਜੋ ਇਕ ਦੇਸ਼ੀ ਜੀਵ ਹਨ ਉਹਾ ਹੀ ਬਧ ਅਰ ਮੁਕਤ ਸਦਾ ਹੋਇਆ ਕਰਦੇ ਹਨ. ਅਨੰਤ ਸਰਬਦੇਸ਼ੀ, ਸਰਬ ਵਿਆਪਕ ਈਸ਼੍ਵਰ ਬੰਧਨ ਵਾ ਨੈਮਿਤਕ ਮੁਕਤੀਦੇ ਚਕ੍ਰ ਵਿਚ ਜੀਕਣ ਕਿ ਤੁਹਾਡੇ ਤੀਰਥੰਕ੍ਰ ਹਨ ਕਦੀ ਨਹੀ ਪੈਂਦਾ, ਏਸਲਈ ਉਹ ਪਰਮਾਤਮਾ ਸਦਾ ਮੁਕਤ ਕਹਾਂਦਾ ਹੈ ॥

( ਨਾਸਤਿਕ ) ਜੀਵ ਕਰਮਾਂ ਦੇ ਫਲ ਈਕਣ ਹੀ ਭੋਗ ਸਕਦੇ ਹਨ ਜੀਕਣ ਭੰਗ ਪੀਣ ਦੇ ਨਸ਼ੇ ਨੂੰ ਆਪਹੀ ਭੋਗਦਾ ਹੈ ਏਸ ਵਿਚ ਈਸ਼੍ਵਰ ਦਾ ਕੰਮ ਨਹੀਂ।

( ਆਸਤਿਕ ) ਜੀਕਣ ਬਿਨਾ ਰਾਜਾ ਦੇ ਡਾਕੂ, ਲੰਪਟ, ਚੋਰ ਆਦੀ ਖੋਟੇ ਮਨੁਖ ਆਪ ਫਾਂਸੀ ਵਾ ਕੈਦਖਾਂਨੇ ਨਹੀਂ ਜਾਂਦੇ ਨਾ ਉਹ ਜਾਣਾ ਚਾਹਿੰਦੇ ਹਨ ਕਿੰਤੂ ਰਾਜਾ ਦੀ ਨਿਆਂ ਵਿਵਸਥਾ ਅਨੁਸਾਰ ਜਬਰ ਦਸਤੀ ਨਾਲ ਪਕੜਾਕੇ ਜਿਹਾ ਚਾਹੀਏ ਤੇਹਾ ਰਾਜਾ ਦੰਡ ਦਿੰਦਾ ਹੈ, ਇਸੇ ਤਰਾਂ ਜੀਵ ਨੂੰ ਬੀ ਈਸ਼੍ਵਰ ਅਪਣੀ ਨਿਆਂ ਵਿਵਸਥਾ ਨਾਲ ਅਪਣੇ ਅਪਣੇ ਕਰਮਾਂ ਦੇ ਅਨੁ-ਸਾਰ ਜਥਾ ਜੋਗ ਦੰਡ ਦਿੰਦਾ ਹੈ, ਕਿੰਉਕਿ ਕੋਈ ਬੀ ਜੀਵ ਅਪਣੇ ਖੋਟੇ ਕਰਮਾਂ ਦਾ ਫਲ ਭੋਗਣਾ ਨਹੀਂ ਚਾਹਿੰਦਾ, ਏਸਲਈ ਅਵਸ਼ ਪਰਮਾਤਮਾ ਨਿਆਂਧੀਸ਼ ਹੋਣਾ ਚਾਹੀਏ।

( ਨਾਸਤਿਕ ) ਜਗਤ ਵਿਚ ਇਕ ਈਸ਼੍ਵਰ ਨਹੀਂ ਕਿੰਤੂ ਜਿੱਨੇ ਮੁਕਤ ਜੀਵ ਹਨ ਉਹ ਸਾਰੇ ਈਸ਼੍ਵਰ ਹਨ।

( ਆਸਤਿਕ ) ਇਹ ਕਹਣਾ ਸਦਾ ਨਿਕੰਮਾ ਹੈ, ਕਿੰਉਕਿ ਜੇ ਪਹਿਲਾਂ ਬਧ ਹੋਕ ਮੁਕਤ ਹੋਵੇ ਤਾਂ ਫੇਰ ਬੰਧਨ ਵਿਚ ਜਰੂਰ ਪਵੇ, ਕਿੰਉਕਿ ਉਹ ਸੁ-

ਭਾਉਕ ਸਦਾ ਮੁਕਤ ਨਹੀ, ਜੀਕਣ ਤੁਹਾਡੇ ਰਹੀ ੨੪ ਤੀਰਥੰਕਰ ਪਹਿਲਾਂ ਬਧ ਸਨ, ਫੇਰ ਮੁਕਤ ਹੋਏ, ਫੇਰਬੀ ਬੰਧ ਵਿਚ ਜਰੂਰ ਡਿਗਨ ਗੇ। ਅਰ ਜਦ ਬਹੁਤਸਾਰੇ ਈਸ਼੍ਵਰ ਹਨ ਤਾਂ ਜੀਕਣ ਜੀਵ ਅਨੇਕ ਹੋਣ ਥੀਂ ਲੜਦੇ ਭਿੜਦੇ ਫ਼ਿਰਦੇ ਹਨ ਉਕਣ ਈਸ਼੍ਵਰ ਬੀ ਲੜਿਆ ਭਿੜਿਆ ਕਰਨ ਗੇ।

(ਨਾਸਤਿਕ) ਹੇ ਮੂਰਖਾ! ਜਗਤਦਾ ਕਰਤਾ ਕੋਈ ਨਹੀ ਕਿੰਤੂ ਜਗਤ ਆਪਤੋਂ ਸਿਧ ਹੈ।

(ਆਸਤਿਕ) ਇਹ ਜੈਨੀਆਂ ਦੀ ਕਿਨੀ ਵਡੀ ਭੁਲ ਹੈ, ਭਲਾ ਬਿਨਾ ਕਰਤਾਦੇ ਕੋਈ ਕਰਮ, ਕਰਮਦੇ ਬਿਨਾ ਕੋਈ ਕਾਰਜ ਜਗਤ ਵਿਚ ਹੁੰਦਾ ਦਿਸਦਾ ਹੈ? ਇਹ ਅਜਿਹੀ ਗਲ ਹੈ ਕਿ ਜੀਕਣ ਕਣਕ ਦੀ ਖੇਤੀ ਵਿਚ ਅਪਣੇ ਆਪ ਬਣਿਆ ਹੋਇਆ ਆਟਾ ਰੋਟੀ ਬਣ ਕੇ ਜੈਨੀਆਂ ਦੇ ਪੇਟ ਵਿਚ ਚਲੀ ਜਾਂਦੀ ਹੋਵੇ। ਕੁਪਾਹ, ਸੂਤ, ਕਪੜਾ, ਅੰਦਰਖਾ, ਦੁਪੱਟਾ, ਧੋਤੀ, ਪਗੜੀ ਆਦੀ ਬਣਕੇ ਕਦੀ ਨਹੀ ਆਉਂਦੇ, ਜਦ ਅਜਿਹਾ ਨਹੀ ਤਾਂ ਈਸ਼੍ਵਰ ਕਰਤਾ ਦੇ ਬਿਨਾ ਇਹ ਅਨੇਕ ਪ੍ਰਕਾਰ ਦਾ ਜਗਤ ਅਰ ਨਾਨਾਪ੍ਰਕਾਰ ਦੀ ਰਚਨਾ ਵਸ਼ੇਸ਼ ਕੀਕਣ ਬਣ ਸਕਦੀ, ਜੇ ਹਠ ਧਰਮ ਨਾਲ ਅਪਣੇ ਆਪ ਬਣਿਆ ਜਗਤ ਨੂੰ ਮਨੋ ਤਾਂ ਅਪਣੇ ਆਪ ਸਿਧ, ਉਪਰ ਕਹੇ ਵਸਤ੍ਰ ਆਦਕਾਂ ਨੂੰ ਕਰਤਾ ਦੇ ਬਿਨਾ ਪ੍ਰਤਖ ਕਰ ਵਿਖਾਓ, ਜਦ ਅਜਿਹਾ ਸਿਧ ਨਹੀ ਕਰ ਸਕਦੇ ਫੇਰ ਤੁਹਾਡੇ ਪ੍ਰਮਾਣ ਰਹਿਤ ਕਹਣੇ ਨੂੰ ਕੇਹੜਾ ਬੁਧਵਾਨ ਮਨ ਸਕਦਾ ਹੈ?

(ਨਾਸਤਿਕ) ਈਸ਼੍ਵਰ ਵਿਰਕਤ ਹੈ ਵਾ ਮੋਹਤ? ਜੇ ਵਿਰਕਤ ਹੈ ਤਾਂ ਜਗਤ ਦੇ ਪ੍ਰਪੰਚ ਵਿਚ ਕਿਉਂ ਪਇਆ? ਜੇਕਰ ਮੋਹਤ ਹੈ ਤਾਂ ਜਗਤਦੇ ਬਣਾਣੇ ਨੂੰ ਸਮਰਥ ਨਹੀਂ ਹੋ ਸਕੇਗਾ।

(ਆਸਤਿਕ) ਪਰਮੇਸ਼੍ਵਰ ਵਿਚ ਵਿਰਾਗ ਵਾ ਮੋਹ ਕਦੀ ਨਹੀਂ ਘਟ ਸਕਦਾ, ਕਿਉਂਕਿ ਜੋ ਸਰਬ ਵਿਆਪਕ ਹੈ ਉਹ ਕਿਸ ਨੂੰ ਛਡੇ ਅਰ ਕਿਸਨੂੰ ਗ੍ਰਹਣ ਕਰੇ, ਈਸ਼੍ਵਰ ਨਾਲੋਂ ਉਤੱਮ ਵਾ ਓਸ ਨੂੰ ਅਪ੍ਰਾਪਤ ਕੋਈ ਪਦਾਰਥ ਨਹੀਂ ਹੈ ਏਸ ਲਈ ਕਿਸੇ ਵਿਚ ਮੋਹ ਬੀ ਨਹੀਂ ਹੁੰਦਾ, ਵਿਰਾਗ ਅਰ ਮੋਹ ਦਾ ਹੋਣਾ ਜੀਵ ਵਿਚ ਘਟਦਾ ਹੈ ਈਸ਼੍ਵਰ ਵਿਚ ਨਹੀਂ।

(ਨਾਸਤਿਕ) ਜੇ ਈਸ਼੍ਵਰ ਨੂੰ ਜਗਤ ਦਾ ਕਰਤਾ ਅਰ ਜੀਵਾਂ ਦੇ ਕਰਮਾਂ ਦੇ ਫਲਾਂ ਦਾ ਦਾਤਾ ਮੱਨੋਗੇ ਤਾਂ ਈਸ਼੍ਵਰ ਪ੍ਰਪੰਚੀ ਹੋਕੇ ਦੁਖੀ ਹੋ ਜਾਵੇਗਾ।

(ਆਸਤਿਕ) ਭਲਾ ਕਈ ਤਰਾਂ ਦੇ ਕਰਮਾਂ ਦਾ ਕਰਤਾ ਅਰ ਪ੍ਰਾਣੀਆਂ ਨੂੰ ਫਲਾਂ ਦਾ ਦਾਤਾ ਧਰਮੀ ਨਿਆਂ ਕਰਨ ਵਾਲਾ ਵਿਦਵਾਨ ਕਰਮਾ ਵਿਚ

ਨਹੀਂ ਫਸਦਾ ਨਾ ਪ੍ਰਪੰਚੀ ਹੁੰਦਾ ਹੈ ਤਾਂ ਪਰਮੇਸ਼੍ਵਰ ਅਨੰਤ ਸਮਰੱਥਾ ਵਾਲਾ ਪ੍ਰਪੰਚੀ ਅਰ ਦੁਖੀ ਕਿਸਤਰਾਂ ਹੋਵੇਗਾ? ਹਾਂ ਤੁਸੀਂ ਅਪਣੇ ਅਰ ਤੀਰਥੰਕਰਾਂ ਦੇ ਵਾਙੂ ਪਰਮੇਸ਼੍ਵਰ ਨੂੰ ਬੀ ਅਪਣੇ ਅਗਿਆਨ ਥੀਂ ਸਮਝਦੇਓ, ਸੋ ਤੁਹਾਡੀ ਅਵਿਦਿਆ ਦੀ ਲੀਲਾ ਹੈ, ਜੇਕਰ ਅਵਿਦਿਆ ਆਦੀ ਦੋਸ਼ਾਂ ਥੀਂ ਛੁਟਣਾ ਚਾਹੋ ਤਾਂ ਵੇਦ ਆਦੀ ਸਤ ਸ਼ਾਸਤ੍ਰਾਂਦਾ ਆਸ਼੍ਰਾ ਲਵੋ, ਕਿਉਂ ਭੁਲੇਖੇ ਵਿਚ ਪੈ ਪੈਕੇ ਠੋਕਰਾਂ ਖਾਂਦੇਓ।

ਹੁਣ ਜੈਨ ਲੋਕ ਜਗਤ ਨੂੰ ਜੇਹਾ ਮਨਦੇ ਹਨ ਉਜਿਹਾ ਇਨ੍ਹਾਂ ਦੇ ਸੂਤ੍ਰਾਂ ਦੇ ਅਨੁਸਾਰ ਵਿਖਾਂਦੇ ਅਰ ਸੰਖੇਪਤੇ ਮੂਲ ਦੇ ਅਰਥ ਨੂੰ ਕਰਕੇ ਪਿਛੋਂ ਸਭ ਕੂੜ ਦੀ ਸਮੀਖਿਆ ਕਰਕੇ ਵਿਖਾਂਦੇ ਹਾਂ:-

> मूल—सामिअणाइ अणन्ते च मूगइ संसार घोरकान्तारे।
> मोहाइ कम्मगुरु ठिइ विवाग वसनुभमइजीव रो। प्रकरणरत्नाकर
> भाग दूसरा। २ षष्टीशतक ६० सूत्र २॥

ਇਹ 'ਰਤਨਸਾਰ ਭਾਗ' ਨਾਮ ਵਾਲੇ ਗ੍ਰੰਥ ਦੇ ਸਮਜਕਤ੍ਵ ਪ੍ਰਕਾਸ਼ ਪ੍ਰਕਰਣ ਵਿਚ ਗੌਤਮ ਅਰ ਮਹਾਂਬੀਰ ਦਾ ਸੰਬਾਦ ਹੈ।

ਈਸਦਾ ਸੰਖੇਪ ਨਾਲ ਉਪਜੋਗੀ ਅਰਥ ਇਹ ਹੈ ਕਿ ਇਹ ਸੰਸਾਰ ਅ-ਨਾਦੀ ਅਨੰਤ ਹੈ, ਨਾ ਕਦੀ ਏਸਦੀ ਉਤਪਤੀ ਹੋਈ, ਨਾ ਕਦੀ ਵਿਨਾਸ਼ ਹੁੰਦਾ ਹੈ ਅਰਥਾਤ ਕਿਸੇਦਾ ਬਣਾਇਆ ਜਗਤ ਨਹੀ, ਉਹਾ ਹੀ ਆਸਤਿਕ ਨਾਸਤਿਕ ਦੇ ਸੰਬਾਦ ਵਿਚ, ਹੇ ਮੂਰਖਾ! ਜਗਤ ਦਾ ਕਰਤਾ ਕੋਈ ਨਹੀ, ਨਾ ਕਦੀ ਬਣਿ-ਆਂ ਅਰ ਨਾ ਕਦੀ ਨਾਸ਼ ਹੁੰਦਾ।

( ਸਮੀਖਕ ) ਜਿਹੜਾ ਸੰਜੋਗ ਥੀਂ ਉਤਪੰਨ ਹੁੰਦਾ ਹੈ ਉਹ ਅਨਾਦੀ ਅਨੰਤ ਕਦੀ ਨਹੀ ਹੋ ਸਕਦਾ। ਅਰ ਉਤਪੱਤੀ ਤਥਾ ਵਿਨਾਸ਼ ਹੋਇ ਥੀਂ ਬਿਨਾ ਕਰਮ ਨਹੀ ਰਹਿੰਦਾ, ਜਗਤ ਵਿਚ ਜਿਨੇ ਪਦਾਰਥ ਉਤਪੰਨ ਹੁੰਦੇ ਹਨ ਉਹ ਸਾਰੇ ਸੰਜੋਗ ਥੀਂ ਹੋਏ ਹੋਏ ਉਤਪੱਤੀ ਵਿਨਾਸਵਾਲੇ ਵੇਖੇ ਜਾਂਦੇ ਹਨ, ਫੇਰ ਜ-ਗਤ ਉਤਪੱਤੀ ਅਰ ਵਿਨਾਸ਼ ਵਾਲਾ ਕਿਉਂ ਨਹੀ? ਏਸਲਈ ਤੁਹਾਡੇ ਤੀਰਥੰ ਕਰਾਂ ਨੂੰ ਅਛੀਤਰਾਂ ਗਿਆਂਨ ਨਹੀ ਸੀ, ਜੇ ਉਨ੍ਹਾਂ ਨੂੰ ਅਛੀਤਰਾਂ ਗਿਆਂਨ ਹੁੰਦਾ ਤਾਂ ਅਜਿਹੀਆਂ ਅਣਹੁੰਦੀਆਂ ਗਲਾਂ ਕਿਉਂ ਲਿਖਦੇ? ਜਿਹੇ ਤੁਹਾਡੇ ਗੁਰੂ ਹਨ ਉਜਹੇ ਤੁਸੀ ਸਿਖ ਬੀ ਹੋ, ਤੁਹਾਡੀ ਗਲਾਂ ਸੁਣਨਵਾਲੇ ਨੂੰ ਪਦਾਰਥ ਗਿਆਂਨ ਕਦੀ ਨਹੀ ਹੋ ਸਕਦਾ। ਭਲਾ ਜਿਹੜਾ ਪ੍ਰਤਖ ਸੰਜੁਕਤ ਪਦਾਰਥ ਦਿਸਦਾ ਹੈ ਉਸਦੀ ਉਤਪੱਤੀ ਅਰ ਵਿਨਾਸ਼ ਕਿਉਂਕਰ ਨਹੀ ਮਨਦੇ ਅਰਥਾਤ ਇਨ੍ਹਾਂ ਦੇ ਅਚਾਰਜ ਵਾ ਜੈਨੀਆਂ ਨੂੰ ਭੂਗੋਲ ਖਗੋਲ ਵਿਦਿਆ ਬੀ ਨਹੀ ਆਂਉਦੀ ਸੀ,

ਅਰ ਨਾ ਹੁਣ ਇਹ ਵਿਦਿਆ ਇਨ੍ਹਾਂ ਵਿਚ ਹੈ, ਨਹੀਤਾਂ ਹੇਠਾਂ ਲਿਖੀਆਂ ਅਜਿ-ਹੀਆਂ ਅਣਹੁੰਦੀਆਂ ਗਲਾਂ ਕੀਕਣ ਮਨਦੇ ਅਰ ਕਹਿੰਦੇ,ਵੇਖੋ!ਇਸ ਸ੍ਰਿਸ਼ਟੀ ਵਿਚ 'ਪ੍ਰਿਥਵੀਕਾਯ' ਅਰਥਾਤ ਪ੍ਰਿਥ੍ਵੀ ਬੀ ਜੀਵਦਾ ਸ਼੍ਰੀਰ ਹੈ। ਅਰ ਜਲਕਾਯ ਆਦੀ ਜੀਵਬੀ ਮਨਦੇ ਹਨ,ਏਸਨੂੰ ਕੋਈ ਬੀ ਨਹੀ ਮਨ ਸਕਦਾ। ਹੋਰਬੀ ਵੇਖੋ! ਇ-ਨ੍ਹਾਂਦੀਆਂ ਝੂਠੀਆਂ ਗਲਾਂ ਜਿਨ੍ਹਾਂ ਤੀਰਥੰਕਰਾਂ ਨੂੰ ਜੈਨਲੋਕ ਪਕੇ ਗਿਆਨੀ ਅਰ ਪਰਮੇਸ਼੍ਰ ਮਨਦੇ ਹਨ ਉਨ੍ਹਾਂ ਦੀਆਂਝੂਠੀਆਂ ਗਲਾਂ ਦੇ ਇਹ ਨਮੂਨੇ ਹਨ। "ਰਤਨਸਾਰਭਾਗ" ( ਏਸ ਗ੍ਰੰਥ ਨੂੰ ਜੈਨ ਲੋਕ ਮਨਦੇ ਹਨ,ਅਰ ਇਹ ਈ-ਸਵੀ ਸਨ ੧੯੭੯ ਅਪ੍ਰੈਲ ਤਾ ੨੯ ਵਿਚ ਕਾਂਸ਼ੀ ਜੈਨਪ੍ਰਭਾਕਰ ਪ੍ਰੇਸ ਵਿਚ ਨਾ-ਨਕਚੰਦ ਜਤੀਨੇ ਛਪਵਾਕੇ ਪ੍ਰਸਿਧ ਕੀਤਾ ਹੈ ) ਦੇ ੧੪੫ ਪਤ੍ਰੇ ਵਿਚ ਕਾਲਦੀ ਏਸ ਪ੍ਰਕਾਰ ਵਿਆਖਿਆ ਕੀਤੀ ਹੈ ਅਰਥਾਤ ਵੇਲੇਦਾ ਨਾਮ ਸੂਖਮ ਕਾਲ ਹੈ ਅਰ ਅਣਗਿਣਤ ਵੇਲਿਆਂ ਨੂੰ ਆਵਲੀ ਕਹਿੰਦੇ ਹਨ। ਇਕ ਕ੍ਰੋੜ ਛਿਆਠ ਲਖ ਸੱਤਰ ਹਜਾਰ ਦੋ ਸੌ ਸੋਲਾਂ ਆਵਲੀਆਂ ਦਾ ਇਕ ਮਹੂਰਤ ਹੁੰਦਾ ਹੈ, ਉ-ਜਿਹੇ ਤੀਹ ਮਹੂਰਤਾਂ ਦਾ ਇਕ ਦਿਨ, ਉਜਿਹੇ ਪੰਦ੍ਰਾਂ ਦਿਨਾਂ ਦਾ ਇਕ ਪਖ, ਉਜਿਹੇ ਦੋ ਪੱਖਾਂ ਦਾ ਇਕ ਮਹੀਨਾ, ਉਜਿਹੇ ੧੨ ਮਹੀਨਿਆਂ ਦਾ ਇਕ ਵਰ੍ਹਾ ਹੁੰਦਾ ਹੈ, ਉਜਿਹੇ ਸਤੱਰ ਲਖ ਕ੍ਰੋੜ ਛਿਵੰਜਾ ਹਜਾਰ ਕ੍ਰੋੜ ਵਰ੍ਹੇਆਂ ਦਾ ਇਕ ਪੂਰਬ ਹੁੰਦਾ ਹੈ, ਅਜਿਹੇ ਅਸੰਖਿਅ ਤ ਪੂਰਬਾਂ ਦਾ ਇਕ ਪਲ੍ਯੋਪਮ ਕਾਲ ਕਹਿੰਦੇ ਹਨ। ਅਸੰਖਿਆਤ ਏਸ ਨੂੰ ਕਹਿੰਦੇ ਹਨ ਕਿ ਇਕ ਚਾਰ ਕੋਹ ਦਾ ਚੌਰਸ ਅਰ ਉੱਨਾ ਹੀ ਡੂਘਾ ਖੂਹ ਖਟਕੇ ਓਸ ਨੂੰ ਜੁਗਲੀਏ ਮਨੁਖ ਦੇ ਸ਼ਰੀਰ ਦੇ ਹੇਠਾਂ ਲਿਖੇ ਹੋਏ ਵਾਲਾਂ ਦੇ ਟੋਟਿਆਂ ਨਾਲ ਭਰਨਾ ਅਰਥਾਤ ਵਰਤਮਾਨ ਮਨੁਖੱ ਦੇ ਵਾਲ ਥੀਂ ਜੁਗਲੀਏ ਮਨੁੱਖ ਦਾ ਵਾਲ ਚਾਰ ਹਜਾਰ ਛਿਆਨਵੇਂ ਹਿੱਸੇ ਸੂਖਮ ਹੁੰਦਾ ਹੈ, ਜਦ ਜੁਗਲੀਏ ਮਨੁੱਖਾਂ ਦੇ ਚਾਰ ਹਜਾਰ ਛਿਆਨਵੇਂ ਵਾਲਾਂ ਨੂੰ ਅਕੱਠਾ ਕਰੀਏ ਤਾਂ ਏਸ ਵੇਲੇ ਦੇ ਮਨੁਖਾਂ ਦਾ ਇਕ ਵਾਲ ਹੁੰਦਾ ਹੈ ਅਜਿਹੇ ਜੁਗਲੀਏ ਮਨੁਖੱ ਦੇ ਇਕ ਵਾਲਦੇ ਇਕ ਉਂਗਲ ਹਿਸੇ ਦੇ ਸਤ ਵੇਰੀ ਅਠ੨ ਟੋਟੇ ਕਰਨ ਥੀਂ ੨੦੯੭੧੫੨ ਅਰਥਾਤ ਵੀਹ ਲਖ ਸਤਾਨਵੇਂ ਹਜਾਰ ਇਕ ਸੌ ਬਵੰਜਾ ਟੋਟੇ ਹੁੰਦੇ ਹਨ, ਅਜਿਹੇ ਟੋਟਿਆਂ ਨਾਲ ਪਿੱਛੇ ਕਹੇ ਹੋਏ ਖੂਹ ਨੂੰ ਭਰਨਾ, ਓਸ ਵਿਚ ਸੌ ਵਰ੍ਹੇ ਦੇ ਪਿਛੋਂ ਇਕ ਇਕ ਟੋਟਾ ਕਢਣਾ, ਜਦ ਸਾਰੇ ਟੋਟੇ ਨਿਕਲ ਜਾਨ ਅਰ ਖੂਹ ਖਾਲੀ ਹੋ ਜਾਵੇ ਤਾਂ ਬੀ ਉਹ ਸੰਖਿਆਤ ਕਾਲਹੈ,ਅਰ ਜਦ ਉਨਾਂ ਵਿਚੋਂ ਇਕ ਟੋਟੇ ਦੇ ਅਸੰਖਿਆਤ ਟੋਟੇ ਕਰਕੇ ਉਨ੍ਹਾਂ ਟੋਟਿਆਂ ਨਾਲ ਉਸੇ ਖੂਹ ਨੂੰ ਅਜਿਹਾ ਠੋਕ ਕੇ ਭਰਨਾ ਕਿ ਓਸਦੇ ਉਪਰ ਥੀਂ ਚਕ੍ਰਵਰਤੀ ਰਾਜਾ ਦੀ ਸੈਨਾ ਲੰਘ ਜਾਵੇ ਤਾਂ ਬੀ ਨਾ ਦਬੀਵੇ, ਉਨ੍ਹਾਂ ਟੋਟਿਆਂ ਵਿਚੋਂ ਇਕ ਟੋਟਾ ਕਢੇ ਜਦ ਉਹ ਖੂਹ ਖਾਲੀ ਹੋ ਜਾਵੇ ਤਦ ਓਸ ਵਿਚ ਅਸੰਖਿਆਤ ਪੂਰਬ ਪੈਂਨ ਤਦ ਇਕ ੨ ਪਲ੍ਯੋਪਮ ਕਾਲ ਹੁੰਦਾ ਹੈ

ਉਹ ਪਲਜੋਪਮ ਕਾਲ ਖੂਹੇ ਦੇ ਦ੍ਰਿਸ਼ਟਾਂਤ ਨਾਲ ਜਾਣਨਾ। ਜਦ ਦਸ ਕ੍ਰੋੜਾਨ-ਕ੍ਰੋੜ ਪਲਯੋਪਮ ਕਾਲ ਬੀਤੇ ਤਦ ਇਕ ਸਾਗਰੋਪਮ ਕਾਲ ਹੁੰਦਾ ਹੈ, ਜਦ ਦਸ ਕ੍ਰੋੜਾਂਨਕ੍ਰੋੜ ਸਾਗਰੋਪਮ ਕਾਲ ਬੀਤ ਜਾਵੇ ਤਦ ਇਕ ਉਤਸਰਪਣੀ ਕਾਲ ਹੁੰਦਾ ਹੈ,ਅਰ ਜਦ ਇਕ ਉਤਸਰਪਣੀ ਅਰ ਇਕ ਅਵਸਰਪਣੀ ਕਾਲ ਬੀਤ ਜਾਵੇ ਤਦ ਇਕ ਕਾਲਚਕ੍ਰ ਹੁੰਦਾ ਹੈ, ਜਦ ਅਨੰਤ ਕਾਲ ਚਕ੍ਰ ਬੀਤ ਜਾਂਨ ਤਦ ਇਕ ਪੁਦਗਲ ਪਰਾਬ੍ਰਿਤ ਹੁੰਦਾ ਹੈ। ਹੁਣ ਅਨੰਤ ਕਾਲ ਕਿਸ ਨੂੰ ਕੈਂਹਦੇ ਹਨ, ਜੋ ਸਿਧਾਂਤ ਪੁਸਤਕਾਂ ਵਿਚ ਨਵਾਂ ਦ੍ਰਿਸ਼ਟਾਂਤਾਂ ਨਾਲ ਕਾਲ ਦੀ ਗਿਣਤੀ ਕੀਤੀ ਹੈ ਓਸਥੀਂ ਉਪ੍ਰਾਂਤ ਅਨੰਤ ਕਾਲ ਕਹਾਂਦਾ ਹੈ, ਉਜਿਹੇ ਅਨੰਤ ਪੁਦਗਲ ਪਰਾਬ੍ਰਿਹ ਕਾਲ ਜੀਵ ਨੂੰ ਭ੍ਰਮਦੇ ਹੋਏ ਬੀਤੇ ਹਨ, ਇਤਆਦੀ ਸੁਣੋ ਭ੍ਰਾਓ! ਗਣਿਤ ਵਿਦਿਆ ਵਾਲੇ ਲੋਕੋ! ਜੈਨੀਆਂ ਦੇ ਗ੍ਰੰਥਾਂ ਦੀ ਕਾਲ ਸੰਖਿਆ ਕਰ ਸਕੋਗੇ ਵਾ ਨਹੀਂ ? ਅਰ ਤੁਸੀ ਏਸ ਨੂੰ ਸਚ ਬੀ ਮਨ ਸਕੋਗੇ ਵਾ ਨਹੀਂ ? ਵੇਖੋ! ਇਨ੍ਹਾਂ ਤੀਰਥੰਕਰਾਂ ਨੇ ਅਜਿਹੀ ਗਣਿਤ ਵਿਦਿਆ ਪੜ੍ਹੀ ਸੀ, ਅਜਿਹੇ ਅਜਿਹੇ ਤਾਂ ਇਨ੍ਹਾਂ ਦੇ ਮਤ ਵਿਚ ਗੁਰੂ ਅਰ ਸਿਖ ਹਨ ਜਿਨ੍ਹਾਂ ਦੀ ਅਵਿਦਿਆ ਦਾ ਕੁਝ ਪਾਰਾਵਾਰ ਨਹੀਂ, ਹੋਰ ਬੀ ਇਨ੍ਹਾਂ ਦਾ ਹਨੇਰ ਸੁਣੋ, 'ਰਤਨਸਾਰ ਭਾਗ੦ਪਤ੍ਰਾ-੧੩੩' ਥੀਂ ਲੈਕੇ ਜੋ ਕੁਝ ਬੂਟਾ ਬੋਲ ਅਰਥਾਤ ਜੈਨੀਆਂ ਦੇ ਸਿਧਾਂਤ ਗ੍ਰੰਥ ਜੇਹੜੇ ਕਿ ਉਨ੍ਹਾਂ ਦੇ ਤੀਰਥੰਕਰ ਅਰ ਰਿਖਭ-ਦੇਵ ਥੀਂ ਲੈਕੇ ਮਹਾਂਬੀਰ ਤਿਕ ਰਹ੍ਹੀ ੨੪ ਹੋਏ ਹਨ ਉਨ੍ਹਾਂ ਦੇ ਬਚਨਾਂ ਦਾ ਸਾਰ ਸੰਗ੍ਰਹ ਹੈ, ਅਜਿਹਾ 'ਰਤਨਸਾਰਭਾਗ੦ ਪਤ੍ਰਾ੦੧੪੮' ਵਿਚ ਲਿਖਿਆ ਹੈ ਕਿ ਪ੍ਰਿਥਵੀਕਾਯ ਦੇ ਜੀਵ ਮਿਟੀ, ਪਥੱਰ ਆਦੀ ਪ੍ਰਿਥਵੀ ਦੇ ਭੇਦ ਕਰਕੇ ਜਾਂਣਨਾ। ਉਨ੍ਹਾਂ ਵਿਚ ਰਹਣ ਵਾਲੇ ਜੀਵਾਂ ਦੇ ਸ਼ਰੀਰ ਦਾ ਅੰਦਾਜ਼ਾ ਇਕ ਅੰਗੁਲ ਦਾ ਅਸੰਖਿਆਤਵਾਂ ਹਿਸੱਾ ਸਮਝਣਾ ਅਰਥਾਤ ਅਤਯੰਤਹੀ ਸੂਖਮ ਹੁੰਦੇ ਹਨ, ਉਨ੍ਹਾਂ ਦੀ ਉਮਰ ਅਰਥਾਤ ਉਹ ਵਧੀਕ ਥੀਂ ਵਧੀਕ ੨੨ ਹਜਾਰ ਵਰ੍ਹੇ ਤਿਕ ਜੀਉਂਦੇ ਹਨ। ( ਰਤਨ ਪਤ੍ਰਾ੦੧੪੯ ) ਬਨਸਪਤੀ ਦੇ ਇਕ ਸ਼ਰੀਰ ਵਿਚ ਅਨੰਤ ਜੀਵ ਹੁੰਦੇ ਹਨ, ਉਹ ਸਧਾਰਣ ਬਨਸਪਤੀ ਕਹਾਂਦੀਆਂ ਹਨ, ਜੋਕਿ ਕੰਦ, ਮੂਲ ਪ੍ਰਮੁਖ ਅਰ ਅਨੰਤ ਕਾਯ ਪ੍ਰਮੁਖ ਹੁੰਦੇ ਹਨ,ਉਨ੍ਹਾਂ ਨੂੰ ਸਧਾਰਣ ਬਨਸਪਤੀ ਦੇ ਜੀਵ ਕਹਣੇ ਚਾਹੀਏ, ਉਨ੍ਹਾਂਦੀ ਉਮਰ ਦਾ ਅੰਦਾਜ ਅਨੰਤ ਮਹੂਰਤ ਹੁੰਦਾ ਹੈ, ਪ੍ਰੰਤੂ ਏਥੇ ਪਹਿਲਾਂ ਕਹਿਆ ਹੋਇਆ ਇਨ੍ਹਾਂ ਦਾ ਮਹੂਰਤ ਸਮਝਣਾ ਚਾਹੀਏ. ਅਰ ਇਕ ਸ਼ਰੀਰ ਵਿਚ ਜੋ ਇਕ ਇੰਦ੍ਰੀ ਅਰਥਾਤ ਸਪਰਸ਼ ਇੰਦ੍ਰੀ ਇਨ੍ਹਾਂ ਵਿਚ ਹੈ ਅਰ ਓਸ ਵਿਚ ਇਕ ਜੀਵ ਰਹੰਦਾ ਹੈ ਓਸਨੂੰ ਪ੍ਰਤਯੇਕ ਬਨਸਪਤੀ ਕਹੰਦੇ ਹਨ, ਓਸਦਾ ਦੇਹਮਾਨ ਇਕ ਹਜਾਰ ਯੋਜਨ ਅਰਥਾਤ ਪੁਰਾਣੀਆਂ ਦਾ ਯੋਜਨ ਚਹੁਾਂ ਕੋਹਾਂਦਾ, ਪ੍ਰੰਤੂ ਜੈਨੀਆਂ ਦਾ ਯੋਜਨ ੧੦੦੦੦ ਦਸ ਹਜਾਰ ਕੋਹਾਂ ਦਾ ਹੁੰਦਾ ਹੈ, ਅਜਿਹੇ

ਚਾਰ ਹਜਾਰ ਕੋਹ ਦਾ ਸ਼ਰੀਰ ਹੁੰਦਾ ਹੈ, ਉਸਦਾ ਆਯੁਮਾਨ ਵਧੀਕ ਥੀਂ ਵਧੀਕ ਦਸ ਹਜਾਰ ਵਰ੍ਹੇ ਦਾ ਹੁੰਦਾ ਹੈ। ਹੁਣ ਦੋ ਇੰਦ੍ਰੀਆਂ ਵਾਲੇ ਜੀਵ ਅਰਥਾਤ ਇਕ ਜਿਨ੍ਹਾਂ ਦਾ ਸ਼ਰੀਰ ਅਰ ਇਕ ਮੂੰਹ ਜੋ ਸ਼ੰਖ, ਕਉਡੀ, ਅਰ ਜੂੰ ਆਦੀ ਹੁੰਦੇ ਹਨ ਉਨ੍ਹਾਂ ਦਾ ਦੇਹਮਾਨ ਵਧੀਕ ਥੀਂ ਵਧੀਕ ਅਠਤਾਲੀ ਕੋਹ ਦਾ ਸਥੂਲ ਸ਼ਰੀਰ ਹੁੰਦਾ ਹੈ। ਅਰ ਉਨ੍ਹਾਂ ਦਾ ਆਯੁਮਾਨ ਵਧੀਕ ਥੀਂ ਵਧੀਕ ਬਾਰਾਂ ਵਰ੍ਹੇ ਦਾ ਹੁੰਦਾ ਹੈ। ਇਥੇ ਬਹੁਤ ਭੁੱਲ ਗਿਆ, ਕਿਉਂਕਿ ਇੱਨੇ ਵੱਡੇ ਸ਼ਰੀਰ ਦੀ ਉਮਰ ਵਧੀਕ ਲਿਖਦਾ, ਅਰ ਅਠਤਾਲੀ ਕੋਹ ਦੀ ਜੂੰਟੀ ਜੂੰ ਜੈਨੀਆਂ ਦੇ ਸ਼ਰੀਰ ਵਿਚ ਪਉਂਦੀ ਹੋਵੇਗੀ, ਅਰ ਉਨ੍ਹਾਂਹੀ ਨੇ ਵੇਖੀ ਬੀ ਹੋਵੇਗੀ, ਹੋਰਨਾਂ ਦੇ ਭਾਗ ਅਜਿਹੇ ਕਿਥੋਂ ਜੋ ਇਨੀ ਵਡੀ ਜੂੰ ਨੂੰ ਵੇਖਨ!! (ਰਤਨਸਾਰ ਭਾ੦ ਪਤ੍ਰਾ੦ ੧੫੦ ) ਹੋਰ ਵੇਖੋ! ਇਨ੍ਹਾਂ ਦਾ ਅੰਧਾ ਧੁੰਧ ਅਠੂਹਾਂ, ਬਗਾਈ, ਕਸਾਰੀ, ਅਰ ਮੱਖੀ, ਇਕ ਯੋਜਨ ਦੇ ਸ਼ਰੀਰ ਵਾਲੇ ਹੁੰਦੇ ਹਨ ਇਨ੍ਹਾਂ ਦੀ ਉਮਰ ਵਧੀਕ ਥੀਂ ਵਧੀਕ ਛੀ ਮਹੀਨੇ ਦੀ ਹੈ, ਵੇਖੋ ਭਰਾਓ! ਚਾਰ੍ਹਾਂ ਚਹੁੰ ਕੋਹਾਂ ਦਾ ਅਠੂਹਾਂ ਹੋਰੀ ਕਿਸੇ ਨੇ ਦੇਖਿਆ ਨਾ ਹੋਵੇ ਗਾ, ਜੋ ਅਠਾਂ ਮੀਲਾਂ ਤਿਕ ਦਾ ਸ਼ਰੀਰ ਵਾਲਾ ਅਠੂਹਾਂ ਅਰ ਮੱਖੀ ਬੀ ਜੈਨੀਆਂ ਦੇ ਮਤ ਵਿਚ ਹੁੰਦੀ ਹੈ, ਅਜਿਹੇ ਅਠੂਹੇਂ ਅਰ ਮੱਖੀ ਉਨ੍ਹਾਂਹੀ ਦੇ ਘਰ ਵਿਚ ਰਹੰਦੇ ਹੋਂਨ ਗੇ, ਅਰ ਉਨ੍ਹਾਂਹੀਨੇ ਵੇਖੇ ਹੋਂਨ ਗੇ, ਹੋਰੀ ਕਿਸੇ ਨੇ ਜਗਤਵਿਚ ਨਹੀ ਵੇਖੇ ਹੋਂਨ ਗੇ ਕਦੀ ਅਜਿਹੇ ਅਠੂਹੇਂ ਕਿਸੇ ਜੈਨੀ ਨੂੰ ਲੜਨ ਤਾਂ ਉਸਦਾ ਕੀ ਹੁੰਦਾ ਹੋਵੇ ਗਾ। ਜਲਦੇ ਜੀਵ ਮਛੀ ਆਦੀ ਦੇ ਸ਼ਰੀਰ ਦਾ ਅੰਦਾਜਾ ਇਕ ਹਜਾਰ ਯੋਜਨ ਅਰਥਾਤ ੧੦੦੦੦ ਕੋਹ ਦੇ ਜੋਜਨ ਦੇ ਹਿਸਾਬ ਨਾਲ ੧੦੦੦੦੦੦ ਇਕ ... ਕੋਹਦਾ ਸ਼ਰੀਰ ਹੁੰਦਾ ਹੈ, ਅਰ ਇਕ ਕ੍ਰੋੜ ਪਿਛਲੇ ਵਰ੍ਹਿਆਂ ਦਾ ਇਨ੍ਹਾਂ ਦਾ ... ਹੁੰਦਾ ਹੈ, ਉਜਿਹਾ ਵਡਾ ਜਲਦਾ ਜੀਵ ਬਿਨਾਂ ਜੈਨੀਆਂ ਦੇ ਹੋਰੀ ਕਿਸੇ ਨੇ ਨਾ ਵੇਖਿਆ ਹੋਵੇ ਗਾ, ਅਰ ਚਹੁੰ ਪੈਰਾਂ ਵਾਲਾ ਹਾਥੀ ਆਦੀ ਦਾ ਦੇਹ ਮਾਨ ਦੋ ਕੋਹ ਥੀਂ ਨਵਾਂ ਕੋਹਾਂ ਤਿਕ, ਅਰ ਆਯੁਮਾਨ ਚੌਰਾਸੀ ਹਜਾਰ ਵਰ੍ਹਿਆਂ ਦਾ, ਇਤ ਆਦੀ ਅਜਿਹੇ ਬਡੇ ਬਡੇ ਸ਼ਰੀਰ ਵਾਲੇ ਜੀਵ ਬੀ ਜੈਨੀ ਲੋਕਾਂ ਨੇ ਵੇਖੇ ਹੋਂਨਗੇ, ਅਰ ਮਨਦੇ ਹਨ, ਹੋਰ ਕੋਈ ਬੁਧਵਾਨ ਨਹੀ ਮਨ ਸਕਦਾ। (ਰਤਨਸਾਰ ਭਾ੦ ਪਤ੍ਰਾ ੧੫੧) ਜਲ ਵਿਚ ਫਿਰਨ ਵਾਲੇ, ਗਰਭ ਥੀਂ ਹੋਣ ਵਾਲੇ ਜੀਵਾਂ ਦਾ ਦੇਹਮਾਨ ਵਡਾ ਇਕ ਹਜਾਰ ਜੋਜਨ ਅਰਥਾਤ ੧੦੦੦੦੦੦ ਇਕ ਕ੍ਰੋੜ ਕੋਹਾਂ ਦਾ ਅਰ ਆਯੁਮਾਨ ਇਕ ਕ੍ਰੋੜ ਉਪਰਲੇ ਵਰ੍ਹਿਆਂ ਦਾ ਹੁੰਦਾ ਹੈ ਇਨੇ ਵਡੇ ਸ਼ਰੀਰ ਅਰ ਆਯੂ ਵਾਲੇ ਜੀਵਾਂ ਨੂੰ ਬੀ ਇਨ੍ਹਾਂ ਹੀ ਦੇ ਅਚਾਰਜਾਂ ਨੇ ਸੁਪਨੇ ਵਿਚ ਵੇਖੇ ਹੋਂਨਗੇ। ਕੀ ਇਹ ਵਡੀ ਝੂਠ ਗਲ ਨਹੀ ਕਿ ਜਿਸਦਾ ਕਦੀ ਬੀ ਹੋਣਾ ਨਾ ਹੋ ਸਕੇ ॥

ਹੁਣ ਸੁਣੋ ਪ੍ਰਿਥ੍ਵੀ ਦੇ ਅੰਦਾਜੇ ਨੂੰ (ਰਤਨਸਾਰ ਭਾ੦ ਪਤ੍ਰਾ੦ ੧੫੨) ਜੋ ਕੁ

ਤ੍ਰਿਖੇ ਲੋਕ ਵਿਚ ਅਸੰਖਿਆਤ ਦੀਪ ਅਰ ਅਸੰਖਿਆਤ ਸਮੁੰਦ੍ਰ ਹਨ, ਇਨ੍ਹਾਂ ਅਸੰਖਿਆਤ ਦਾ ਅੰਦਾਜਾ ਅਰਥਾਤ ਜੋ ਢਾਈ ਸਾਗਰੋਪਮ ਕਾਲ ਵਿਚ ਜਿਨ੍ਹਾਂ ਸਮਾ ਹੋਵੇ ਉਨੇ ਦੀਪ ਤਥਾ ਸਮੁੰਦ੍ਰ ਜਾਣਨਾ, ਹੁਣ ਇਸ ਪ੍ਰਿਥ੍ਵੀ ਵਿਚ 'ਜੰਬੂਦੀਪ' ਪਹਲਾਂ ਸਾਰੇ ਦੀਪਾਂ ਦੇ ਵਿਚਕਾਰ ਵਿਚ ਹੈ, ਇਸ ਦਾ ਪ੍ਰਮਾਣ ਇਕਲਖ ਜੋਜਨ ਅਰਥਾਤ ਇਕ ਅਰਬ ਕੋਹ ਦਾ ਹੈ, ਅਰ ਏਸ ਦੇ ਚਹੁੰ ਪਾਸੇ ਖਾਰਾ ਸਮੁੰਦਰ ਹੈ, ਓਸਦਾ ਪ੍ਰਮਾਣ ਦੋ ਲਖ ਜੋਜਨ ਕੋਹਦਾ ਹੈ, ਅਰਥਾਤ ਦੋ ਅਰਬ ਕੋਹ ਦਾ, ਇਸ ਜੰਬੂ ਦੀਪ ਦੇ ਚਹੁੰ ਪਾਸੇ ਜੋ ਧਾਤਕੀ ਖੰਡ ਨਾਮ ਦੀਪ ਹੈ ਓਸਦਾ ਚਾਰਲਖ ਜੋਜਨ ਅਰਥਾਤ ਚਾਰ ਅਰਬ ਕੋਹ ਦਾ, ਪ੍ਰਮਾਣ ਹੈ, ਅਰ ਓਸਦੇ ਪਿਛੇ ਕਾਲੋ ਦਧੀ ਸਮੁੰਦ੍ਰ ਹੈ, ਓਸ ਦਾ ਅਠ ਲਖ ਅਰਥਾਤ ਅਠ ਅਰਬ ਕੋਹਦਾ ਅੰਦਾਜ ਹੈ, ਓਸ ਦੇ ਪਿੱਛੇ ਪੁਸ਼ਕਰਾਵਰਤ ਦੀਪ ਹੈ ਓਸਦਾ ਅੰਦਾਜ ਸੋਲ੍ਹਾਂ ਕੋਹਾਂਦਾ ਹੈ, ਓਸ ਦੀਪ ਦੇ ਅੰਦਰ ਦੀ ਕੋਰਾਂ ਹਨ, ਓਸ ਦੀਪ ਦੇ ਅਧ ਵਿਚ ਮਨੁਖ ਵਸਦੇ ਹਨ, ਅਰ ਓਸਦੇ ਅੱਗੇ ਅਸੰਖਿਆਤ ਦੀਪ ਸਮੁੰਦ੍ਰ ਹਨ, ਉਨ੍ਹਾਂ ਵਿਚ ਤਿਰਯਕ ਜੂਨੀਆਂ ਦੇ ਜੀਉ ਰਹਿੰਦੇ ਹਨ ( ਰਤਨ ਸਾਰ ਭਾ० ਪਤ੍ਰਾ०੧੫੩ ) ਜੰਬੂ ਦੀਪ ਵਿਚ ਇਕ ਹਿਮਵੰਤ, ਇਕ ਏਰੰਡ੍ਰਵੰਤ, ਇਕ ਹਰੀ ਵਰਖ, ਇਕਰਮਜਕ੍ਰ, ਇਕ ਦੇਵ੍ਰ ਕੁਰੂ, ਇਕ ਉਤਰ ਕੁਰੂ, ਇਹ ਛੀ ਖੇਤ੍ਰ ਹਨ।

( ਸਮੀਖਕ ) ਸੁਣੋ ਭ੍ਰਾਵੋ ਭੂਗੋਲ ਵਿਦਿਆ ਦੇ ਜਾਂਣਨ ਵਾਲੇ ਲੋਕੋ! ਭੂਗੋਲਦੇ ਮਿਣਨ ਵਿਚ ਤੁਸੀਂ ਭੁਲੇ ਵਾ ਜੈਨੀ? ਜੇਕਰ ਜੈਨੀ ਭੁਲਗਏ ਹੋਂਨ ਤਾਂ ਤੁਸੀਂ ਉਨ੍ਹਾਂਨੂੰ ਸਮਝਾਓ, ਅਰ ਜੇ ਤੁਸੀਂ ਭੁਲੇਓ ਤਾਂ ਉਨ੍ਹਾਂਥੀਂ ਸਮਝ ਲਹੋ, ਥੋੜਾ ਜਿਹਾ ਵਿਚਾਰਕੇ ਵੇਖੋ ਤਾਂ ਇਹਾ ਨਿਸਚੇ ਹੁੰਦਾ ਹੈ ਕਿ ਜੈਨੀਆਂ ਦੇ ਆਚਾਰਜ ਅਰ ਸਿਖਾਂ ਨੇ ਭੂਗੋਲ, ਖਗੋਲ ਅਰ ਗਣਿਤ ਵਿਦਿਆ ਕੁਝ ਬੀ ਨਹੀਂ ਪੜ੍ਹੀ ਸੀ, ਪੜ੍ਹੇ ਹੁੰਦੇ ਤਾਂ ਵਡਾ ਅਣ ਹੋਂਦ ਗਪੌੜਾ ਕਿਉਂ ਮਾਰਦੇ? ਭਲਾ ਅਜੇਹੇ ਅਵਿਦ੍ਵਾਂਨ ਪੁਰਖ ਜਗਤ ਨੂੰ ਕਰਤਾ ਦੇ ਬਿਨਾਂ ਅਰ ਈਸ਼ੂਰ ਨੂੰ ਨਾ ਮਨਨ ਇਸ ਵਿਚ ਕੀ ਅਚਰਜ ਹੈ? ਇਸ ਲਈ ਜੈਨੀ ਲੋਕ ਅਪਣੇ ਪੁਸਤਕਾਂ ਨੂੰ ਕਿਸੇ ਵਿਦਵਾਂਨ ਹੋਰੀ ਮਤ ਵਾਲਿਆਂ ਨੂੰ ਨਹੀਂ ਦਿੰਦੇ, ਕਿਉਂ ਕਿ ਜਿਨ੍ਹਾਂ ਨੂੰ ਇਹ ਲੋਕ ਮਨਣ ਜੋਗ ਤੀਰਥੰਕਰਾਂਦੇ ਬਣਾਏ ਹੋਏ ਸਿਧਾਂਤ ਗ੍ਰੰਥ ਮਨਦੇ ਹਨ ਉਨ੍ਹਾਂ ਵਿਚ ਇਸੇ ਤਰਾਂ ਅਵਿਦਿਆ ਦੀਆਂ ਗੱਲਾਂ ਭਰੀਆਂ ਪਈਆਂ ਹਨ, ਏਸ ਲਈ ਨਹੀਂ ਵੇਖਣ ਦਿੰਦੇ, ਜੇ ਦੇਨ ਤਾਂ ਪੋਲ ਖੁਲ੍ਹ ਜਾਵੇ, ਇਨ੍ਹਾਂ ਦੇ ਬਿਨਾਂ ਜੋ ਕੋਈ ਮਨੁੱਖ ਕੁਝ ਬੀ ਬੁਧ ਰਖਦਾ ਹੋਵੇਗਾ ਉਹ ਕਦੀ ਬੀ ਏਸ ਗਪੌੜੇ ਨੂੰ ਸਚ ਨਹੀਂ ਮਨ ਸਕੇਂਗਾ, ਇਹ ਸਾਰਾ ਪ੍ਰਪੰਚ ਜੈਨੀਆਂ ਨੇ ਜਗਤ ਨੂੰ ਅਨਾਦੀ ਮਨੱਣ ਲਈ ਖੜਾ ਕੀਤਾ ਹੈ, ਪ੍ਰੰਤੂ ਇਹ ਨਿਰਾ ਝੂਠ ਹੈ, ਹਾਂ ਜਗਤ ਦਾ ਕਾਰਣ ਅਨਾਦੀ ਹੈ, ਕਿਉਂ ਕਿ ਉਹ

ਪ੍ਰਮਾਣੂ ਆਦੀ ਤਤ੍ਵ ਸਰੂਪ ਅਕਰਤ੍ਰਿਕ ਹਨ, ਪ੍ਰੰਤੂ ਉਨ੍ਹਾਂ ਵਿਚ ਨਿਯੱਮ ਪੂਰਬਕ ਬਣਨੇ ਵਾ ਵਿਗੜਨੇ ਦਾ ਸਮਰਥ ਕੁਝ ਬੀ ਨਹੀਂ, ਕਿਉਂਕਿ ਜਦ ਇਕ ਪ੍ਰਮਾਣੂ ਦ੍ਰਵ ਕਿਸੇ ਦਾ ਨਾਮ ਹੈ ਅਰ ਸੁਭਾਵ ਥੀਂ ਵਖਰਾ ਵਖਰਾ ਰੂਪ ਅਰ ਜੜ੍ਹ ਹਨ ਉਹ ਅਪਣੇ ਆਪ ਜੀਕਣ ਚਾਹੀਏ ਤੀਕਣ ਨਹੀਂ ਬਣ ਸਕਦੇ,ਏਸ ਲਈਇਨ੍ਹਾਂ ਦਾ ਬਣਾਨ ਵਾਲਾ ਚੇਤਨ ਜਰੂਰ ਹੈ, ਅਰ ਉਹ ਬਣਾਨ ਵਾਲਾ ਗਿਆਂਨ ਸਰੂਪ ਹੈ। ਵੇਖੋ ! ਪ੍ਰਿਥਵੀ ਸੂਰਜ ਆਦੀ ਸਾਰੇ ਲੋਕਾਂ ਨੂੰ ਨੇਮ ਵਿਚ ਰਖਣਾ, ਅਨੰਤ ਅਨਾਦੀ ਚੇਤਨ ਪਰਮਾਤਮਾ ਦਾ ਕੰਮ ਹੈ, ਜਿਸ ਵਿਚ ਸੰਜੋਗ ਰਚਨਾ ਵਸ਼ੇਸ਼ ਦਸੀਂਦੀ ਹੈ, ਉਹ ਸਥੂਲ ਜਗਤ ਅਨਾਦੀ ਕਦੀ ਨਹੀਂ ਹੋ ਸਕਦਾ, ਜੇ ਕਾਰਜ ਜਗਤ ਨੂੰ ਨਿਤ ਮਨੋਂਗੇ ਤਾਂ ਓਸਦਾ ਕਾਰਨ ਕੋਈ ਨਾ ਹੋਵੇਗਾ, ਕਿੰਤੂ ਓਹੀ ਕਾਰਜ ਕਾਰਨ ਰੂਪ ਹੋ ਜਾਵੇਗਾ, ਜੇ ਈਕਣ ਕਹੋਗੇ ਤਾਂ ਅਪਣਾ ਕਾਰਜ ਅਰ ਕਾਰਨ ਆਪ ਹੀ ਹੋਣ ਥੀਂ ਅਨਯੋਅਨਯਾਸ਼੍ਰੇ ਅਰ ਆਤਮਾਸ਼੍ਰੇ ਦੋਸ਼ ਆਵੇਗਾ, ਜੀਕਣ ਅਪਣੀ ਧੌਣ ਉਪੱਰ ਆਪ ਚੜ੍ਹਨਾ, ਅਰ ਅਪਣਾ ਪਿਉ ਪੁਤ੍ਰ ਆਪ ਨਹੀਂ ਹੋ ਸਕਦਾ ਏਸ ਲਈ ਜਗਤ ਦਾ ਕਰਤਾ ਜਰੂਰ ਹੀ ਮਨਣਾ ਹੈ।

(ਪ੍ਰਸ਼ਨ) ਜੋ ਈਸ਼੍ਵਰ ਨੂੰ ਜਗਤ ਦਾ ਕਰਤਾ ਮਨਦੇਓ ਤਾਂ ਈਸ਼੍ਵਰ ਦਾ ਕਰਤਾ ਕੌਣ ਹੈ ?

(ਉਤ੍ਰ) ਕਰਤਾ ਦਾ ਕਰਤਾ ਅਰ ਕਾਰਣ ਦਾ ਕਾਰਣ ਕੋਈ ਬੀ ਨਹੀਂ ਹੋ ਸਕਦਾ, ਕਿਉਂਕਿ ਪਹਿਲਾਂ ਕਰਤਾ ਅਰ ਕਾਰਣ ਦੇ ਹੋਣ ਥੀ ਹੀ ਕਾਰਯ ਹੁੰਦਾ ਹੈ, ਜਿਸ ਵਿਚ ਸੰਜੋਗ ਵਿੰਜੋਗ ਨਹੀਂ ਹੁੰਦਾ, ਜੋ ਪਹਿਲੇ ਸੰਜੋਗ ਵਿਯੋਗ ਦਾ ਕਾਰਣ ਹੈ, ਓਸਦਾ ਕਰਤਾ ਵਾ ਕਾਰਣ ਕਿਸੇਤਰਾਂ ਨਹੀਂ ਹੋਸਕਦਾ, ਏਸ ਦੀ ਵਸ਼ੇਸ਼ ਵਿਆਖਿਆ ਅਠਵੇਂ ਸਮੁਲਾਸ ਵਿਚ ਸ੍ਰਿਸ਼ਟੀ ਦੀ ਵਿਆਖਿਆ ਵਿਚ ਲਿਖੀ ਹੈ ਵੇਖ ਲੈਣੀ। ਇਨ੍ਹਾਂ ਜੈਨੀ ਲੋਕਾਂ ਨੂੰ ਮੋਟੀ ਗਲੱ ਦਾ ਬੀ ਪੂਰਾ ੨ ਗਿਆਂਨ ਨਹੀਂ ਤਾਂ ਪਰਮ ਸੂਖਮ ਸ੍ਰਿਸ਼ਟੀ ਵਿਦਿਆ ਦਾ ਗਿਆਂਨ ਕੀਕਣ ਹੋ ਸਕਦਾ ਹੈ ? ਏਸ ਲਈ ਜੋ ਜੈਨੀ ਲੋਗ ਸ੍ਰਿਸ਼ਟੀ ਨੂੰ ਅਨਾਦੀ ਅਨੰਤ ਮਨਦੇ,ਅਰ ਦ੍ਰਵ ਪਰਯਾਇਆਂ ਨੂੰ ਬੀ ਅਨਾਦੀ ਅਨੰਤ ਮਨਦੇ ਹਨ, ਅਰ ਪ੍ਰਤੀ ਗੁਣ ਪ੍ਰਤੀ ਦੇਸ਼ ਵਿਚ ਪ੍ਰਯਾਇਆਂ ਅਰ ਪ੍ਰਤੀ ਵਸਤੂ ਥੀਂ ਅਨੰਤ ਪ੍ਰਯਾਯਾਂ ਨੂੰ ਮਨਦੇ ਹਨ, ਇਹ ਪ੍ਰਕਰਣ ਰਤਨਾਕਰ ਦੇ ਪਹਲੇ ਭਾਗ ਵਿਚ ਲਿਖਿਆ ਹੈ, ਇਹ ਬੀ ਗਲੱ ਕਦੀ ਨਹੀਂ ਘਟ ਸਕਦੀ, ਕਿਉਂ ਕਿ ਜਿਨ੍ਹਾਂ ਦਾ ਅੰਤ ਅਰਥਾਤ ਮਿਰਯਾਦਾ ਹੁੰਦੀ ਹੈ ਉਨ੍ਹਾਂ ਦੇ ਸਾਰੇ ਸਰਬੰਧੀ ਅੰਤ ਵਾਲੇ ਹੀ ਹੁੰਦੇ ਹਨ। ਜੇਕਰ ਅਨੰਤ ਨੂੰ ਅਸੰਖ ਕਹੰਦੇ ਤਾਂ ਬੀ ਨਹੀਂ ਘਟ ਸਕਦਾ, ਕਿੰਤੂ ਜੀਵ ਅਪੇਖਿਆ ਵਿਚ ਇਹ ਗਲੱ ਘਟ ਸਕਦੀ ਹੈ

ਪਰਮੇਸ਼੍ਵਰ ਦੇ ਸਾਮਣੇ ਨਹੀਂ, ਕਿਂਉਕਿ ਇਕ ਇਕ ਦ੍ਰਵ ਵਿਚ ਅਪਣੇ ਅਪਣੇ ਇਕ ਇਕ ਕਾਰਯ ਕਾਰਣ ਸਮਰਥ ਨੂੰ ਵਿਭਾਗ ਤੋਂ ਬਿਨਾਂ ਪ੍ਰਯਾਇਆਂ ਬੀਂ ਅਨੰਤ ਸਮਰਥ ਮਨਣਾ ਨਿਰੀ ਅਵਿਦਿਆ ਦੀ ਗਲ ਹੈ, ਜਦ ਇਕ ਪ੍ਰਮਾਣੂ ਦ੍ਰਵ ਦੀ ਸੀਮਾ ਹੈ ਤਾਂ ਓਸ ਵਿਚ ਅਨੰਤ ਵਿਭਾਗ ਰੂਪ ਪ੍ਰਯਾਯ ਕੀਕਣ ਰਹ ਸਕਦੇ ਹਨ? ਏਸ ਤਰਾਂ ਹੀ ਇਕ ਇਕ ਦ੍ਰਵ ਵਿਚ ਅਨੰਤ ਗੁਣ, ਅਰ ਇਕ ਗੁਣ ਪ੍ਰਦੇਸ਼ ਵਿਚ ਅਵਿਭਾਗ ਰੂਪ ਅਨੰਤ ਪ੍ਰਯਾਯਾਂ ਨੂੰ ਬੀ ਅਨੰਤ ਮਨਣਾ ਨਿਰੀ ਬਾਲਪਣੇ ਦੀ ਗਲ ਹੈ, ਕਿੰਉਕਿ ਜਿਸਦੇ ਅਧਾਰ ਦਾ ਅੰਤ ਹੈ ਤਾਂ ਓਸ ਵਿਚ ਰਹਣ ਵਾਲੇ ਦਾ ਅੰਤ ਕਿੰਉ ਨਹੀਂ? ਅਜਿਹੀ ਹੀ ਲੰਮੀਆਂ ਚੌੜੀਆਂ ਝੂਠੀਆਂ ਬਾਤਾਂ ਲਿਖੀਆਂ ਹਨ।

ਹੁਣ ਜੀਵ ਅਰ ਅਜੀਵ ਇਨ੍ਹਾਂ ਦੋਹਾਂ ਪਦਾਰਥਾਂ ਦੇ ਵਿਸ਼ੇ ਵਿਚ ਜੈਨੀਆਂ ਦਾ ਨਿਸਚਾ ਅਜੇਹਾ ਹੈ:—

चेतनालक्षणो जीवः स्यादजीवस्तदन्यकः।
सत्कर्मपुद्गलाः पुण्यं पापं तस्य विपर्ययः॥

ਇਹ ਜਿਨਦੱਤ ਸੂਰੀ ਦਾ ਬਚਨ ਹੈ- ਅਰ ਏਹੀ ਪ੍ਰਕਰਣ ਰਤਨਾਕਰ ਭਾਗ ਪਹਿਲੇ ਵਿਚ ਨੈਚਕ੍ਰ ਸਾਰ ਵਿਚ ਬੀ ਲਿਖਿਆ ਹੈ ਕਿ ਚੇਤਨਾ ਲਖਣ ਜੀਵ, ਅਰ ਚੇਤਨਾ ਬਿਨਾ ਅਜੀਵ ਅਰਥਾਤ ਜੜ ਹੈ। ਸਤ ਕਰਮਾ ਰੂਪ ਪੁਦਗਲ ਪੁੰਨ, ਅਰ ਪਾਪ ਕਰਮ ਰੂਪ ਪੁਦਗਲ ਪਾਪ ਕਹਾਂਦੇ ਹਨ।

( ਸਮੀਖਕ ) ਜੀਵ ਅਰ ਜੜ ਦਾ ਲਖਣ ਤਾਂ ਠੀਕ ਹੈ ਪ੍ਰੰਤੂ ਜੋ ਜੜ ਰੂਪ ਪੁਦਗਲ ਹਨ ਉਹ ਪਾਪ, ਪੁੰਨ ਵਾਲੇ ਕਦੀ ਨਹੀਂ ਹੋ ਸਕਦੇ, ਕਿੰਉਕਿ ਪਾਪ ਪੁੰਨ ਕਰਨੇ ਦਾ ਸੁਭਾ ਚੇਤਨ ਵਿਚ ਹੁੰਦਾ ਹੈ, ਵੇਖੋ! ਏਹ ਜਿੱਨੇ ਜੜ ਪਦਾਰਥ ਹਨ ਉਹ ਸਾਰੇ ਪਾਪ ਪੁੰਨ ਥੀਂ ਬਿਨਾ ਹਨ, ਜੋ ਜੀਵਾਂ ਨੂੰ ਅਨਾਦੀ ਮਨਦੇ ਹਨ ਏਹ ਤਾਂ ਠੀਕ ਹੈ, ਪ੍ਰੰਤੂ ਉਸੇ ਅਲਪ ਅਰ ਅਲਪੱਗ ਜੀਵ ਨੂੰ ਮੁਕਤੀਦਸ਼ਾ ਵਿਚ ਸਰਬੱਗ ਮਨਣਾ ਝੂਠ ਹੈ, ਕਿਂਉਕਿ ਜੋ ਅਲਪ ਅਰ ਅਲਪੱਗ ਹੈ ਓਸਦਾ ਸਮਰਥ ਬੀ ਸਦਾ ਪਾਸ ਰਹ੍ਵੇਗਾ। ਜੈਨੀ ਲੋਕ ਜਗਤ ਜੀਵ, ਜੀਵ ਦੇ ਕਰਮ ਅਰ ਬੰਧ ਅਨਾਦੀ ਮਨਦੇ ਹਨ, ਇਥੇ ਬੀ ਜੈਨੀਆਂ ਦੇ ਤੀਰਥੰਕਰ ਭੁਲ ਗਏ ਹਨ, ਕਿੰਉਕਿ ਮਿਲੇ ਹੋਏ ਜਗਤ ਦਾ ਕਾਰਜ ਕਾਰਣ, ਪ੍ਰਵਾਹ ਥੀਂ ਕਾਰਜ, ਅਰ ਜੀਵਦੇ ਕਰਮ, ਬੰਧ ਬੀ ਅਨਾਦੀ ਨਹੀਂ ਹੋ ਸਕਦੇ, ਜਦ ਅਜਿਹਾ ਮਨਦੇਓ ਤਾਂ ਕਰਮ ਅਰ ਬੰਧ ਦਾ ਛੁਟਣਾ ਕਿਂਉ ਮਨਦੇਓ? ਕਿਂਉਕਿ ਜੋ ਅਨਾਦੀ ਪਦਾਰਥ ਹੈ ਉਹ ਕਦੀ ਨਹੀਂ ਛੁਟ ਸਕਦਾ, ਜੋ ਅਨਾਦੀ ਦਾ ਬੀ ਨਾਸ਼ ਮੱਨੋਗੇ ਤਾਂ ਤੁਹਾਡੇ ਸਭ ਅਨਾਦੀ ਪਦਾਰਥਾਂ ਦੇ ਨਾਸ਼

ਦਾ ਪ੍ਰਸੰਗ ਹੋਸੀ, ਅਰ ਜਦ ਅਨਾਦੀ ਨੂੰ ਨਿਤ ਮਨੋਗੇ ਤਾਂ ਕਰਮ ਅਰ ਬੰਧਬੀ ਨਿਤਹੋਸੀ।ਅਰ ਜਦ ਸਭ ਕਰਮਾਂ ਦੇ ਨਾਸ਼ ਦਾ ਪ੍ਰਸੰਗ ਹੋਸੀ।ਅਰ ਜਦ ਅਨਾਦੀ ਨੂੰ ਨਿਤ ਮਨੋਗੇ ਤਾਂ ਕਰਮ ਅਰ ਬੰਧ ਬੀ ਨਿਤ ਹੋਸੀ । ਅਰ ਜਦ ਸਭ ਕਰਮਾਂ ਦੇ ਛੁਟੱਣ ਥੀਂ ਮੁਕਤੀ ਮਨਦੇਓ ਤਾਂ ਸਭ ਕਰਮਾਂ ਦਾ ਛੁਟਣਾ ਰੂਪ ਮੁਕਤੀ ਦਾ ਨਮਿਤ੍ਰ ਹੋਇਆ, ਤਦ ਨਮਿਤ ਵਾਲੀ ਮੁਕਤੀ ਹੋਸੀ ਤਾਂ ਸਦਾ ਨਹੀਂ ਰਹਿ-ਸਕੇਗੀ, ਅਰ ਕਰਮ, ਕਰਤਾ ਦਾ ਨਿਤ ਸਬੰਧ ਹੋਣ ਥੀਂ ਕਰਮ ਬੀ ਕਦੀ ਨਹੀਂ ਛੁਟਨਗੇ, ਫੇਰ ਜਦ ਤੁਸਾਂ ਨੇ ਅਪਣੀ ਮੁਕਤੀ ਅਰ ਤੀਰਥੰਕਰਾਂ ਦੀ ਮੁਕਤੀ ਨਿਤ ਮਨੀਹੈ ਸੋ ਨਹੀਂ ਬਣ ਸਕੇਗੀ ।

(ਪ੍ਰਸ਼ਨ )ਜੀਕਣ ਦਾਣੇ ਦਾ ਛਿਲੜ ਉਤਾਰਨ ਵਾ ਅਗ ਦੇ ਸੰਜੋਗ ਹੋਣ ਥੀਂ ਉਹ'ਬੀ' ਫਿਰ ਨਹੀਂ ਜਮਦਾ ਇਸੇ ਤਰਾਂ ਮੁਕਤੀ ਵਿਚ ਗਿਆ ਹੋਇਆ ਜੀਵ ਫਿਰ ਜਨਮ ਮਰਣ ਰੂਪ ਸੰਸਾਰ ਵਿਚ ਨਹੀਂ ਆਉਂਦਾ।

( ਉਤ੍ਰ ) ਜੀਵ ਅਰ ਕਰਮ ਦਾ ਸਬੰਧ ਛਿਲੱੜ ਅਰ 'ਬੀ' ਦੇ ਵਾਕਰ ਨਹੀਂ ਹੈ ਕਿੰਤੂ ਇਨ੍ਹਾਂ ਦਾ ਸਮਵਾਇ ਸਬੰਧ ਹੈ, ਏਸ ਥੀਂ ਅਨਾਦੀ ਕਾਲ ਥੀਂ ਜੀਵ ਅਰ ਓਸ ਵਿਚ ਕਰਮ ਅਰ ਕਰਤ੍ਰਿਤ੍ਵ ਦੀ ਸ਼ਕਤੀਦਾਸ ਬੰਧ ਹੈ, ਜੋ ਓਸ ਵਿਚ ਕਰਮ ਕਰਨੇ ਦੀ ਸ਼ਕਤੀ ਦਾ ਬੀ ਅਭਾਉ ਮਨੋਗੇ ਤਾਂ ਸਾਰੇ ਜੀਵ ਪਥੱਰ ਵਾਕਣ ਹੋਜਾਂਨਗੇ ਅਰ ਮੁਕਤੀ ਨੂੰ ਭੋਗਣ ਦਾ ਬੀ ਸਮਰਥ ਨਹੀਂ ਰਹੇਗਾ, ਜੀਕਣ ਅਨਾਦੀ ਕਾਲ ਦਾ ਕਰਮ ਬੰਧਨ ਛੁਟਕੇ ਜੀਵ ਮੁਕਤ ਹੁੰਦਾ ਹੈ, ਤਾਂ ਤੁਹਾਡੀ ਨਿਤ ਮੁਕਤੀ ਥੀਂ ਬੀ ਛੁਟਕੇ ਬੰਧਨ ਵਿਚ ਪਵੇਗਾ, ਕਿਉਂਕਿ ਜੀਕਣ ਕਰਮ ਰੂਪੀ ਮੁਕਤੀ ਦੇ ਸਾਧਨਾਂ ਥੀਂ ਬੀ ਛੁਟਕੇ ਜੀਵ ਦਾ ਮੁਕਤ ਹੋਣਾ ਮਨਦੇਓ, ਉਕਣ ਹੀ ਨਿਤ ਮੁਕਤੀ ਤੋਂ ਬੀ ਛੁਟਕੇ ਬੰਧਨ ਵਿਚ ਪਵੇਗਾ, ਸਾਧਨਾਂ ਥੀਂਸਿਧ ਹੋਇਆ ਪਦਾਰਥ ਨਿਤ ਕਦੀ ਨਹੀਂ ਹੋਸਕਦਾ। ਅਰ ਜੇ ਸਾਧਨ ਸਿਧ ਦੇ ਬਿਨਾਂ ਮੁਕਤੀ ਮਨੋਗੇ ਤਾਂ ਕਰਮਾਂ ਦੇ ਬਿਨਾ ਹੀ ਬੰਧ ਪ੍ਰਾਪਤ ਹੋ ਸਕੇਗਾ । ਜੀਕਣ ਕਪੜਿਆਂ ਵਿਚ ਮੈਲ ਲਗਦੀ ਅਰ ਧੋਣ ਥੀਂ ਛੁਟ ਜਾਂਦੀ ਹੈ, ਫੇਰ ਮੈਲ ਲਗ ਜਾਂਦੀ ਹੈ, ਉਕਣ ਮਿਥਿਆਪੰਣੇ ਆਦੀ ਹੇਤੂਆਂ ਥੀਂ ਰਾਗ, ਦ੍ਵੇਸ਼ ਆਦੀ ਦੇ ਆਸ਼੍ਰੇ ਥੀਂ ਜੀਵ ਨੂੰ ਕਰਮ ਰੂਪ ਫਲ ਲਗਦਾ ਹੈ । ਅਰ ਜੋ ਸਮੱਕ ਗਿਆਂਨ, ਦਰਸ਼ਨ, ਚਰਿਤ੍ਰਥੀਂ ਨਿਰਮਲ ਹੁੰਦਾ ਹੈ ਅਰ ਮਲ ਲਗਣ ਦੇ ਕਾਰਨਾਂ ਥੀਂ ਮਲਾਂ ਦਾ ਲਗਣਾ ਮਨਦੇਓ ਤਾਂ ਮੁਕਤ ਜੀਵ ਸੰਸਾਰੀਅਰ ਸੰਸਾਰੀ ਜੀਵ ਦਾ ਮੁਕਤ ਹੋਣਾ ਜਰੂਰ ਮਨਣਾ ਪਵੇਗਾ, ਕਿਉਂਕਿ ਜੀਕਣ ਨਮਿੱਤਾਂ ਥੀਂ ਮੈਲ ਦੂਰ ਹੁੰਦੀ ਹੈ ਉਕਣ ਨਮਿੱਤਾਂ ਥੀਂ ਮੈਲ ਲਗ ਬੀ ਜਾਸੀ, ਏਸ ਲਈ ਜੀਵ ਨੂੰ ਬੰਧ ਅਰ ਮੁਕਤੀ ਪ੍ਰਵਾਹ ਰੂਪ ਥੀਂ ਅਨਾਦੀ ਮਣੋ, ਅਨਾਦੀ ਅਨੰਤਤਾ ਥੀਂ ਨਹੀ ।

(ਪ੍ਰਸ਼ਨ) ਜੀਵ ਨਿਰਮਲ ਕਦੀ ਨਹੀ ਸੀ ਕਿੰਤੂ ਮਲ ਵਾਲਾ ਹੈ ।

(ਉਤ੍ਰ) ਜੋ ਕਦੀ ਨਿਰਮਲ ਨਹੀ ਸੀ ਤਾਂ ਨਿਰਮਲ ਬੀ ਕਦੀ ਨਹੀ ਹੋ ਸਕਸੀ, ਜੀਕਣ ਸੁਧ ਕਪੜੇ ਵਿਚ ਪਿਛੋਂ ਬੀਂ ਲਗੀ ਹੋਈ ਮੈਲ ਨੂੰ ਧੋਣ ਥੀਂ ਛੁਡਾ ਦਿੰਦੇ ਹਨ, ਓਸਦੇ ਸੁਭਾਉਕ ਚਿਟੇ ਰੰਗ ਨੂੰ ਨਹੀ ਛੁਡਾ ਸਕਦੇ, ਮੈਲ ਫੇਰ ਬੀ ਕਪੜੇ ਵਿਚ ਲਗ ਜਾਂਦੀ ਹੈ ਇਸੇਤਰਾਂ ਮੁਕਤੀ ਵਿਚ ਬੀ ਲਗਸੀ ।

(ਪ੍ਰਸ਼ਨ) ਜੀਵ ਪਿਛਲੇ ਅਕਠੇ ਕੀਤੇ ਹੋਏ ਕਰਮਾਂ ਹੀ ਥੀਂ ਸ਼੍ਰੀਰ ਧਾਰਣ ਕਰ ਲੈਂਦਾ ਹੈ ਈਸ਼੍ਵਰਦਾ ਮਨਣਾ ਵਿਅਰਥ ਹੈ ।

(ਉਤ੍ਰ) ਜੋ ਨਿਰਾ ਕਰਮ ਹੀ ਸ਼੍ਰੀਰ ਧਾਰਣ ਵਿਚ ਨਮਿਤ ਹੋਵੇ, ਈਸ਼੍ਵਰ ਕਾਰਣ ਨਾ ਹੋਵੇ ਤਾਂ ਉਹ ਜੀਵ ਬੁਰਾ ਜਨਮ ਕਿ ਜਿਥੇ ਬਹੁਤ ਦੁਖ ਹੋਵੇ ਓਸਨੂੰ ਧਾਰਣ ਕਦੀ ਨਹੀ ਕਰੇ, ਕਿੰਤੂ ਸਦਾ ਅਛੇ ਅਛੇ ਜਨਮ ਧਾਰਣ ਕੀ-ਤਾ ਕਰੇ । ਜੇ ਆਖੋ ਕਿ ਕਰਮ ਪ੍ਰਤੀ ਬੰਧਕ ਹੈ ਤਾਂ ਬੀ ਜੀਕਣ ਚੋਰ ਅਪਣੇ ਆਪ ਆਕੇ ਕੈਦਖਾਂਨੇ ਵਿਚ ਨਹੀਂ ਜਾਂਦਾ, ਅਰ ਅਪਣੇ ਆਪ ਫਾਂਸੀ ਬੀ ਨ-ਹੀ ਚੜ੍ਹਦਾ ਕਿੰਤੂ ਰਾਜਾ ਦਿੰਦਾ ਹੈ, ਇਸੇਤਰਾਂ ਜੀਵ ਨੂੰ ਸ਼੍ਰੀਰ 'ਧਾਰਣ ਕਰਾਂਣ ਅਰ ਉਸਦੇ ਕਰਮ ਅਨੁਸਾਰ ਫਲ ਦੇਣ ਵਾਲੇ ਪਰਮੇਸ਼੍ਵਰ ਨੂੰ ਤੁਸੀ ਬੀ ਮਨੋ।

(ਪ੍ਰਸ਼ਨ) ਨਸ਼ਾਦੇ ਵਾਕਰ ਕਰਮ ਅਪਣੇ ਆਪ ਪ੍ਰਾਪਤ ਹੁੰਦਾ ਹੈ ਫਲ ਦੇਣ ਵਿਚ ਦੂਜੇਦੀ ਜਰੂਰਤ ਨਹੀ।

(ਉਤ੍ਰ) ਜੋ ਅਜਿਹਾ ਹੋਵੇ ਤਾਂ ਜੀਕਣ ਨਸ਼ਾ ਪੀਣ ਵਾਲੇ ਨੂੰ ਨਸ਼ਾ ਘਟ ਚੜ੍ਹਦਾ ਨਾ ਪੀਣ ਵਾਲੇ ਨੂੰ ਬਹੁਤ ਚੜ੍ਹਦਾ ਹੈ, ਉਕਣ ਨਿਤ ਬਹੁਤ ਪਾਪ ਪੁੰਨ ਕਰਨੇ ਵਾਲੇ ਨੂੰ ਥੋੜਾ ਅਰ ਕਦੀ ਕਦੀ ਥੋੜਾ ਥੋੜਾ ਪਾਪ ਪੁੰਨ ਕਰਨ ਵਾਲਿਆਂ ਨੂੰ ਵਧੀਕ ਫਲ ਹੋਣਾ ਚਾਹੀਏ, ਅਰ ਛੋਟੇ ਕਰਮ ਵਾਲਿਆਂ ਨੂੰ ਵਧੀਕ ਫਲ ਹੋਵੇ।

(ਪ੍ਰਸ਼ਨ) ਜਿਸਦਾ ਜਿਹਾ ਸੁਭਾਉ ਹੁੰਦਾ ਹੈ ਓਸਨੂੰ ਉਜੇਹਾ ਹੀ ਫਲ ਹੋਇਆ ਕਰਦਾ ਹੈ ।

(ਉਤ੍ਰ) ਜੋ ਸੁਭਾ ਥੀਂ ਹੈ ਤਾਂ ਓਸਦਾ ਛੁਟਣਾ ਵਾ ਮਿਲਣਾ ਨਹੀ ਹੋ ਸਕਦਾ ਹਾਂ, ਜੀਕਣ ਸਾਫ ਕਪੜੇ ਵਿਚ ਸਬਬਾਂ ਥੀਂ ਮੈਲ ਲਗਦਾ ਹੈ, ਉਸ ਦੇ ਛੁਡਾਣ ਦੇ ਸਬਬ ਥੀਂ ਛੁਟਬੀ ਜਾਂਦਾ ਹੈ ਈਕਣ ਮਨਣਾ ਠੀਕ ਹੈ ।

(ਪ੍ਰਸ਼ਨ) ਸੰਜੋਗਦੇ ਬਿਨਾ ਕਰਮ ਫਲ ਨੂੰ ਪ੍ਰਾਪਤ ਨਹੀ ਹੁੰਦਾ, ਜੀਕਣ ਦੁਧ ਅਰ ਖਟਾਈ ਦੇ ਸੰਜੋਗਦੇ ਬਿਨਾ ਦਹੀ ਨਹੀ ਹੁੰਦਾ ਇਸੇਤਰਾਂ

ਜੀਵ ਅਰ ਕਰਮਦੇ ਸੰਜੋਗ ਥੀਂ ਕਰਮ ਦਾ ਫਲ ਹੁੰਦਾ ਹੈ।

( ਉਤ੍ਰ ) ਜੀਕਣ ਦਹੀ ਅਰ ਖਟਾਈ ਦਾ ਮਿਲਾਣ ਵਾਲਾ ਤੀਜਾ ਹੁੰਦਾ ਹੈ ਉਕਣ ਹੀ ਜੀਵਾਂ ਨੂੰ ਕਰਮਾਂਦੇ ਫਲ ਦੇ ਸੰਗ ਮਿਲਾਂਣ ਵਾਲਾ ਤੀਜਾ ਈਸ਼੍ਵਰ ਹੋਣਾ ਚਾਹੀਏ, ਕਿਉਂਕਿ ਜੜ ਪਦਾਰਥ ਆਪਣੇ ਆਪ ਨੇਮਥੀਂ ਅਕਠੇ ਨਹੀ ਹੁੰਦੇ,ਅਰ ਜੀਵ ਬੀ ਅਲਪਗ ਹੋਣ ਥੀਂ ਆਪਣੇ ਆਪ ਅਪਣੇ ਕਰਮ ਫਲਨੂੰ ਪ੍ਰਾਪਤ ਨਹੀ ਹੋ ਸਕਦੇ, ਏਸਥੀਂ ਏਹ ਸਿਧ ਹੋਇਆ ਕਿ ਬਿਨਾ ਈਸ਼੍ਵਰ ਦੇ ਠਰਾਏ ਹੋਏ ਸ੍ਰਿਸ਼ਟੀ ਕ੍ਰਮ ਦੇ ਕਰਮ ਫਲ ਵਿਵਸਥਾ ਨਹੀ ਹੋ ਸਕਦੀ।

( ਪ੍ਰਸ਼ਨ ) ਜੋ ਕਰਮ ਥੀਂ ਮੁਕਤ ਹੁੰਦਾ ਹੈ ਓਹੀ ਈਸ਼੍ਵਰ ਕਹਾਂਦਾ ਹੈ।

( ਉਤ੍ਰ ) ਜਦ ਅਨਾਦੀ ਕਾਲਥੀਂ ਜੀਵ ਦੇ ਸੰਗ ਕਰਮ ਲੱਗੇ ਹਨ ਤਦ ਉਨ੍ਹਾਂ ਥੀਂ ਜੀਵ ਮੁਕਤ ਕਦੀ ਨਹੀਂ ਹੋ ਸੱਕਨਗੇ।

( ਪ੍ਰਸ਼ਨ ) ਕਰਮ ਦਾ ਬੰਧ ਆਦ ਵਾਲਾ ਹੈ।

( ਉਤ੍ਰ ) ਜੋ ਆਦ ਵਾਲਾ ਹੈ ਤਾਂ ਕਰਮ ਦਾ ਸਬੰਧ ਅਨਾਦੀ ਨਹੀਂ, ਅਰ ਸੰਜੋਗ ਦੇ ਆਦ ਵਿਚ ਜੀਵ ਬਿਨਾ ਕਰਮ ਹੋਵੇਗਾ, ਅਰ ਜੋ ਨਿਸ਼ਕਰਮ ਨੂੰ ਕਰਮ ਲਗ ਗਿਆ ਤਾਂ ਮੁਕਤਾਂ ਨੂੰ ਬੀ ਲਗ ਜਾਵੇਗਾ, ਅਰ ਕਰਮ ਕਰਤਾ ਦਾ ਸਮਵਾਇ ਅਰਥਾਤ ਨਿਤ ਸਬੰਧ ਹੁੰਦਾ ਹੈ ਏਹ ਕਦੀ ਨਹੀਂ ਛੁਟਦਾ, ਏਸਲਈ ਜੇਹਾ ੯ ਵੇਂ ਸਮੁਲਾਸ ਵਿਚ ਲਿਖ ਆਏ ਹਾਂ ਉਜਿਹਾ ਹੀ ਮਨਣਾ ਠੀਕ ਹੈ। ਜੀਵ ਚਾਹੇ ਜਿਹਾ ਅਪਣਾ ਗਿਆਂਨ ਅਰ ਸਮਰਥਾ ਵਧਾਵੇ ਤਾਂ ਬੀ ਓਸ ਵਿਚ ਅੰਦਾਜੇ ਦਾ ਗਿਆਂਨ ਅਰ ਸਸੀਮ ਸਮਰੱਥ ਰਹੇਗਾ, ਈਸ਼੍ਵਰ ਦੇ ਬਰਾਬਰ ਕਦੀ ਨਹੀਂ ਹੋ ਸਕਦਾ। ਹਾਂ ਜਿੰਨਾ ਸਮਰਥ ਵਧਣਾ ਜੋਗ ਹੈ ਉਨਾਂ ਯੋਗ ਥੀਂ ਵਧਾ ਸਕਦਾ ਹੈ, ਅਰ ਜੋ ਜੈਨੀਆਂ ਵਿਚ ਆਰਹਤ ਲੋਗ ਦੇਹਦੇ ਅੰਦਾਜੇ ਥੀਂ ਜੀਵਦਾ ਬੀ ਅੰਦਾਜਾ ਮਨਦੇ ਹਨ ਉਨ੍ਹਾਂ ਥੀਂ ਪੁਛਣਾ ਚਾਹੀਏ ਕਿ ਜੋ ਅਜਿਹਾ ਹੋਵੇ ਤਾਂ ਹਾਥੀ ਦਾ ਜੀਵ ਕੀੜੀ ਵਿਚ, ਅਰ ਕੀੜੀ ਦਾ ਜੀਵ ਹਾਥੀ ਵਿਚ ਕੀਕਣ ਸਮਾ ਸੱਕੇਗਾ? ਏਹ ਬੀ ਇਕ ਮੂਰਖਤਾ ਦੀ ਗਲ ਹੈ ਕਿਉਂਕਿ ਜੀਵ ਇਕ ਸੂਖਮ ਪਦਾਰਥ ਹੈ ਜੋ ਕਿ ਇਕ ਪ੍ਰਮਾਣੂ ਵਿਚ ਬੀ ਰਹ ਸਕਦਾ ਹੈ, ਪ੍ਰੰਤੂ ਓਸਦੀ ਸ਼ਕਤੀਆਂ ਸ਼ਰੀਰ ਵਿਚ ਪ੍ਰਾਣ, ਬਿਜੁਲੀ, ਅਰ ਨਾੜੀ ਆਦੀ ਦੇ ਸੰਗ ਮਿਲੀਆਂ ਹੋਈਆਂ ਰਹਿੰਦੀਆਂ ਹਨ, ਉਨ੍ਹਾਂ ਥੀਂ ਸਭ ਸ਼ਰੀਰ ਦਾ ਬ੍ਰਿਤਾਂਤ ਜਾਂਣਦਾ ਹੈ, ਅੱਛੇ ਸੰਗ ਥੀਂ ਅੱਛਾ ਅਰ ਬੁਰੇ ਸੰਗ ਥੀਂ ਬੁਰਾ ਹੋ ਜਾਂਦਾ ਹੈ ਹੁਣ ਜੈਨੀ ਲੋਕ ਧਰਮ ਏਸ ਪ੍ਰਕਾਰ ਮਨਦੇ ਹਨ:—

मूल - रे जीव भवदुहाइं इक्कं चिय हरइ जिणमयं धम्मं ।
इयराणं परमंतो सुहकप्ये मूढमुसि ओसि ॥

प्रकरणरत्नाकर भाग २ । षष्टी शतक ६० । सूत्राङ्क १ ॥

ਹੇ ਜੀਵ! ਇਕ ਹੀ ਜਿਨ ਮਤ ਸ੍ਰੀ ਬੀਤਰਾਗ ਭਾਖਿਤ ਧਰਮ, ਸੰਸਾਰ ਸਬੰਧੀ ਜਨਮ, ਬੁਢੇਪਾ, ਮਰਣ ਆਦੀ ਦੁੱਖਾਂ ਦਾ ਹਰਨ ਕਰਦਾ ਹੈ, ਇਸੇ ਤਰਾਂ ਸੁਦੇਵ, ਅਰ ਸੁਗੁਰੂ, ਬੀ ਜੈਨ ਮਤ ਵਾਲੇ ਨੂੰ ਜਾਣਨਾ, ਹੋਰ ਜੋ ਬੀਤ ਰਾਗ ਰਿਖਭਦੇਵ ਥੀਂ ਲੈਕੇ ਮਹਾਂਬੀਰ ਤਿਕ ਬੀਤ ਰਾਗ ਦੇਵਾਂ ਥੀਂ ਵਖਰੇ, ਹੋਰ ਹਰੀ, ਹਰ, ਬ੍ਰਹਮਾ ਆਦੀ ਖੋਟੇ ਦੇਵ ਹਨ ਉਨ੍ਹਾਂ ਦੀ ਅਪਣੇ ਕਲਿਆਣ ਵਾਸਤੇ ਜੋ ਜੀਵ ਪੂਜਾ ਕਰਦੇ ਹਨ, ਓਹ ਸਾਰੇ ਮਨੁਖ ਠੱਗੇ ਗਏ ਹਨ, ਏਸਦਾ ਏਹ ਭਾਵ ਅਰਥ ਹੈ ਕਿ ਜੈਨ ਮਤ ਦੇ ਸੁਦੇਵ, ਸੁਗੁਰੂ, ਤਥਾ ਸੁਧਰਮ ਨੂੰ ਛਡਕੇ ਹੋਰ ਕੁਦੇਵ ਕੁਗੁਰੂ ਤਥਾ ਕੁਧਰਮ ਨੂੰ ਸੇਵਨ ਥੀਂ ਕੁਝ ਬੀ ਕਲਿਆਂਣ ਨਹੀਂ ਹੁੰਦਾ।

(ਸਮੀਖਕ) ਹੁਣ ਵਿਦਵਾਨਾਂ ਨੂੰ ਵਿਚਾਰਨਾ ਚਾਹੀਏ ਕਿ ਕਿਸਤਰਾਂ ਦੇ ਨਿੰਦਿਆ ਵਾਲੇ ਇਨ੍ਹਾਂ ਦੇ ਧਰਮਪੁਸਤਕ ਹਨ॥

मूल - अरिहं देवो सुगुरु सुद्धं धम्मं च पंच नवकारो ।
धन्नाणं कयच्छाणं निरन्तरं वसइ हिययम्मि ॥
प्रक० भा० २ । षष्टी० ६० । सू० १ ॥

ਜੋ ਅਰਿਹਨ ਦੇਵ ਕਰਕੇ ਕੀਤੀ ਹੋਈ ਪੂਜਾ ਆਦਕਾਂ ਦੇ ਜੋਗ, ਦੂਜਾ ਪਦਾਰਥ ਉੱਤਮ ਕੋਈ ਨਹੀਂ ਅਜਿਹਾ ਜੋ ਦੇਵਾਂ ਦਾ ਦੇਵ, ਸ਼ੋਭਾ ਵਾਲਾ, ਅਰਿਹੰਤ ਦੇਵ, ਗਿਆਂਨ ਕ੍ਰਿਆ ਵਾਲਾ, ਸ਼ਾਸਤ੍ਰਾਂ ਦਾ ਉਪਦੇਸ਼ ਕਰਨ ਵਾਲਾ ਪਵਿਤ੍ਰ ਕਥਾਏ, ਮਲ ਰਹਿਤ, ਸਮਜਕਤ੍ਰ ਨਿਮ੍ਰਤਾ, ਦਜਾ ਮੂਲ, ਸ੍ਰੀ ਜਿਨ ਕਹਿਆ ਹੋਇਆ ਜੋ ਧਰਮ ਹੈ ਓਹੀ ਦੁਰਗਤੀ ਵਿਚ ਪੈਣ ਵਾਲੇ ਪ੍ਰਾਨੀਆਂ ਦਾ ਉਧਾਰ ਕਰਨ ਵਾਲਾ ਹੈ, ਅਰ ਹੋਰ ਹਰੀ, ਹਰ ਆਦੀ ਦਾ ਧਰਮ ਸੰਸਾਰ ਥੀਂ ਉਧਾਰ ਕਰਨ ਵਾਲਾ ਨਹੀਂ, ਅਰ ਪੰਚ ਅਰਿਹੰਤ ਆਦਕ ਪਰਮੇਸ਼ਟੀ ਤਤਸਬੰਧੀ ਉਨ੍ਹਾਂ ਨੂੰ ਨਮਸਕਾਰ, ਏਹ ਚਾਰ ਪਦਾਰਥ ਧਨ ਹਨ ਅਰਥਾਤ ਅਛੇ ਹਨ, ਅਰਥਾਤ ਦਇਆ, ਖਿਮਾਂ, ਸਮਜਕਤ੍ਰ, ਗਿਆਂਨ, ਦਰਸ਼ਨ, ਅਰ ਚਾਰਿਤ੍ਰ ਏਹ ਜੈਨਾਂ ਦਾ ਧਰਮ ਹੈ।

(ਸਮੀਖਕ) ਜਦ ਮਨੁੱਖ ਮਾਤ੍ਰ ਉਪਰ ਦਇਆ ਨਹੀਂ ਉਹ ਦਇਆ ਨ ਖਿਮਾਂ, ਗਿਆਂਨ ਦੇ ਬਦਲ ਅਗਿਆਂਨ, ਦਰਸ਼ਨ ਹਨੇਰ, ਅਰ ਚਾਰਿਤ੍ਰ

ਦੇ ਬਦਲੇ ਭੁਖੇ ਮਰਨਾ ਕੇਹੜੀ ਅਛੀ ਬਾਤ ਹੈ ?। ਜੈਨ ਮਤ ਦ ਧਰਮ ਦੀ ਉਸਤਤੀ:-

मूल – जइन कुणसि तव चरणं न पढसि न गुणोसि देसि नो दाणम्। ता इत्तियं न सक्किसिजं देवो इक्क अरिहन्तो ॥

प्रकरण० भा० २। षष्टी सू० २ ॥

ਹੇ ਮਨੁਖ ! ਜੋ ਤੂੰ ਤਪ ਚਾਰਿਤ੍ਰ ਨਹੀਂ ਕਰ ਸਕਦਾ, ਨਾ ਸੂਤ੍ਰ ਪੜ੍ਹ ਸਕਦਾ, ਨਾ ਪ੍ਰਕਰਣ ਆਦੀ ਦਾ ਵਿਚਾਰ ਕਰ ਸਕਦਾ, ਅਰ ਸੁਪਾਤ੍ਰ ਆਦੀ ਨੂੰ ਦਾਨ ਨਹੀ ਦੇ ਸਕਦਾ, ਤਾਂ ਬੀ ਜੋ ਤੂੰ ਦੇਵਤਾ ਇਕ ਅਰਹੰਤ ਹੀ ਸਾਡੇ ਅਰਾਧਨੇ ਦੇ ਜੋਗ, ਸੁ ਗੁਰੂ, ਸੁਧਰਮ, ਜੈਨਮਤ ਵਿਚ ਸ਼ਰਧਾ ਰੁਖਣੀ ਸਾਰਿਆਂ ਥੀਂ ਉੱਤਮ ਬਾਤ ਅਰ ਉਧਾਰ ਦਾ ਕਾਰਣ ਹੈ ।

( ਸਮੀਖਕ ) ਭਾਵੇਂ ਦਇਆ ਅਰ ਖਿਮਾਂ ਅੱਛੀ ਵਸਤੂ ਹੈ . ਤਥਾਪੀ ਪਖਪਾਤ ਵਿਚ ਫਸੱਣ ਥੀਂ ਦਇਆ ਅਦਇਆ, ਅਰ ਖਿਮਾਂ ਅਖਿਮਾਂ ਹੋ ਜਾਂਦੀ ਹੈ, ਏਸਦਾ ਪ੍ਰੋਜਨ ਏਹ ਹੈ ਕਿ ਕਿਸੇ ਜੀਵ ਨੂੰ ਦੁਖ ਨਾ ਦੇਣਾ ਏਹ ਬਾਤ ਸਰਬਥਾ ਸੰਭਵ ਨਹੀਂ ਹੋ ਸਕਦੀ, ਕਿਉਂਕਿ ਦੁਸ਼ਟਾਂ ਨੂੰ ਦੰਡ ਦੇਣਾ ਬੀ ਦਇਆ ਵਿਚ ਗਿਣਨਾ ਜੋਗ ਹੈ, ਜੇ ਇਕ ਦੁਸ਼ਟ ਨੂੰ ਦੰਡ ਨਾ ਦਿਤਾ ਜਾਵੇ ਤਾਂ ਹਜਾਰਾਂ ਮਨੁੱਖਾਂ ਨੂੰ ਦੁਖ ਪ੍ਰਾਪਤ ਹੋਵੇ, ਏਸ ਲਈ ਉਹ ਦਇਆ ਅਦਇਆ,ਅਰ ਖਿਮਾ ਅਖਿਮਾ ਹੋ ਜਾਵੇ । ਏਹ ਤਾਂ ਠੀਕ ਹੈ ਕਿ ਸਭ ਪ੍ਰਾਣੀਆਂ ਦੇ ਦੁਖਨਾਸ਼ ਅਰ ਸੁਖ ਦੀ ਪ੍ਰਾਪਤੀ ਦਾ ਉਪਾ ਕਰਨਾ ਦਇਆ ਕੁਹਾਂਦੀ ਹੈ, ਨਿਰਾ ਜਲ ਛਾਣਕੇ ਪੀਣਾ ਤੁਛ ਜੀਵਾਂ ਨੂੰ ਬਚਾਣਾ ਹੀ ਦਇਆ ਨਹੀਂ ਕੁਹਾਂਦੀ, ਕਿੰਤੂ ਏਸ ਪ੍ਰਕਾਰ ਦੀ ਦਇਆ ਜੈਨੀਆਂ ਦੇ ਕਹਣ ਮਾਤ੍ਰ ਹੀ ਹੈ, ਕਿਉਂਕਿ ਉਜਿਹਾ ਵਰਤਦੇ ਨਹੀ। ਕੀ, ਮਨੁਖ ਆਦੀ ਉਤੇ ਚਾਹੇ ਕਿਸੇ ਮਤਵਿਚ ਕਿਉਂ ਨਾ ਹੋਵੇ ਦਇਆ ਕਰਕੇ ਓਸਨੂੰ ਅੰਨ ਪਾਂਨ ਆਦੀ ਥੀਂ ਸਤਕਾਰ ਕਰਨਾ ਅਰ ਦੂਜੇ ਮਤਦੇ ਵਿਦਵਾਂਨਾ ਦਾ ਮਾਨ, ਅਰ ਸੇਵਾ ਕਰਨੀ ਦਇਆ ਨਹੀ ਹੈ? ਜੇ ਇਨ੍ਹਾਂਦੀ ਸਚੀ ਦਇਆ ਹੁੰਦੀ ਤਾਂ " ਵਿਵੇਕਸਾਰ " ਦੇ ਪਤ੍ਰੇ ੨੨੧ ਵਿਚ ਦੇਖੋ ! ਕੀ ਲਿਖਿਆ ਹੈ, 'ਇਕ ਪਰਮਤੀ ਦੀ ਉਸਤਤੀ' ਅਰਥਾਤ ਉਨ੍ਹਾਂ ਦਾ ਗੁਣ ਕੀਰਤਨ ਕਦੀ ਨਾ ਕਰਨਾ। ਦੂਜਾ "ਉਨ੍ਹਾਂ ਨੂੰ ਨਮਸਕਾਰ" ਅਰਥਾਤ ਮਥਾ ਟੇਕਣਾ ਬੀ ਨਾ ਕਰਨਾ। ਤੀਜਾ " ਆਲਾਪਨ " ਅਰਥਾਤ ਹੋਰ ਮਤ ਵਾਲਿਆਂ ਦੇ ਸੰਗ ਥੋੜਾ ਬੋਲਣਾ। ਚੌਥਾ " ਸੰਲਪਨ " ਅਰਥਾਤ ਉਨ੍ਹਾਂ ਥੀਂ ਵਾਰ੍ਵਾਰ ਨਾ ਬੋਲਣਾ। ਪੰਜਵਾਂ "ਉਨ੍ਹਾਂ ਨੂੰ ਅੰਨ, ਕਪੜੇ ਆਦੀ ਦਾਨ " ਅਰਥਾਤ ਉਨ੍ਹਾਂਨੂੰ ਖਾਣ ਪੀਂਣ ਦੀ ਵਸਤੂ ਬੀ ਨਾ ਦੇਣੀ।

ਛੀਵਾਂ "ਗੰਧ ਪੁਸ਼ਪ ਆਦੀ ਦਾਂਨ" ਹੋਰੀ ਮਤਦੀ ਪ੍ਰਤਿਮਾ ਪੂਜਨ ਦੇ ਲਈ ਗੰਧ ਪੁਸ਼ਪ ਆਦੀ ਬੀ ਨਾ ਦੇਣਾ। ਏਹ ਛੀ ਯਤਨਾ ਅਰਥਾਤ ਇਨ੍ਹਾਂ ਛੀ ਪ੍ਰਕਾਰ ਦੇ ਕਰਮਾਂ ਨੂੰ ਜੈਨ ਲੋਕ ਕਦੀ ਨਾ ਕਰਨ।

( ਸਮੀਖਕ ) ਹੁਣ ਬੁਧਵਾਨਾਂ ਨੂੰ ਵਿਚਾਰਨਾ ਚਾਹੀਏ ਕਿ ਇਨ੍ਹਾਂ ਜੈਨੀ ਲੋਕਾਂ ਦੀ ਹੋਰ ਮਤ ਵਾਲੇ ਮਨੁਖਾਂ ਉਪਰ ਕਿੱਨੀ ਅਦਇਆ, ਕੁਦ੍ਰਿਸ਼ਟੀ ਅਰ ਦ੍ਵੇਸ਼ ਹੈ, ਜਦ ਹੋਰ ਮਤ ਵਾਲਿਆਂ ਮਨੁਖਾਂ ਉਪਰ ਇੱਨੀ ਅਦਇਆ ਹੈ ਤਾਂ ਫਿਰ ਜੈਨੀਆਂ ਨੂੰ ਦਇਆ ਹੀਨ ਕਹਣਾ ਸੰਭਵ ਹੈ, ਕਿਉਂਕਿ ਅਪਣੇ ਘਰ ਵਾਲਿਆਂ ਹੀ ਦੀ ਸੇਵਾ ਕਰਨੀ ਵਿਸ਼ੇਸ਼ ਧਰਮ ਨਹੀ ਕਹਾਂਦਾ, ਉਨ੍ਹਾਂਦੇ ਮਤ ਦੇ ਮਨੁਖ ਉਨ੍ਹਾਂਦੇ ਘਰ ਦੇ ਚਾਕਰ ਹਨ, ਏਸਲਈ ਉਨ੍ਹਾਂਦੀ ਸੇਵਾ ਕਰਦੇ ਹੋਰੀ ਮਤ ਵਾਲਿਆਂ ਦੀ ਨਹੀਂ, ਫੇਰ ਉਨਾਂ ਨੂੰ ਦਇਆਵਾਂਨ ਕਉਣ ਬੁਧਵਾਂਨ ਕਹ ਸ਼ਕਦਾ ਹੈ? ਵਿਵੇਕ॰ ਪਤ੍ਰਾ ੧੦੮ ਵਿਚ ਲਿਖਿਆ ਹੈ ਕਿ ਮਥਰਾ ਦੇ ਰਾਜਾ ਦੇ 'ਨਮੁਚੀ' ਨਾਮੀ ਦਿਵਾਂਨ ਨੂੰ ਜੈਨ ਮਤ ਵਾਲਿਆਂ ਨੈ ਅਪਣਾ ਵਿਰੋਧੀ ਸਮਝਕੇ ਮਾਰ ਸੁਟਿਆ, ਅਰ 'ਆਲੋਇਣਾ' ਪ੍ਰਾਯਸਚਿਤ ਕਰਕੇ ਸ਼ੁਧ ਹੋਗਏ। ਕੀ ਏਹ ਬੀ ਦਇਆ ਅਰ ਖਿਮਾ ਦਾ ਨਾਸ਼ ਕਰਨ ਵਾਲਾ ਕਰਮ ਨਹੀਂ ਹੈ? ਜਦ ਹੋਰ ਮਤ ਵਾਲਿਆਂ ਉਪਰ ਪ੍ਰਾਣ ਲੈਣ ਤਿਕ ਵੈਰ ਬੁਧ ਰਖਦੇ ਹਨ ਤਾਂ ਇਨ੍ਹਾਂ ਨੂੰ ਦਇਆਲੂ ਦੀ ਜਗਹਿ ਪਰਹਿੰਸਕ ਕਹਣਾ ਹੀ ਸਾਰਥਕ ਹੈ। ਹੁਣ ਸਮਯਕਤ੍ਵ ਦਰਸ਼ਨ ਆਦੀ ਦੇ ਲਖੱਣ ਆਰਹਤ ਪ੍ਰਵਚਨ ਸੰਗ੍ਰਹ ਪਰਮਾਗਮਸਾਰ ਵਿਚ ਕਹਿਆ ਹੈ ਸਮਯਕ ਸ਼ਰਧਾਨ, ਸਮਯਕ ਦਰਸ਼ਨ, ਗਿਆਂਨ ਅਰ ਚਾਰਿਤ੍ਰ ਏਹ ਚਾਰ ਮੋਖ ਮਾਰਗ ਦੇ ਸਾਧਨ ਹਨ, ਇਨ੍ਹਾਂ ਦੀ ਵਿਆਖਿਆ ਯੋਗਦੇਵਨੈ ਕੀਤੀ ਹੈ, ਜਿਸ ਰੂਪ ਥੀਂ ਜੀਵ ਆਦੀ ਦ੍ਰਵ ਅਵਸਥਿਤ ਹਨ ਉਸੇ ਰੂਪ ਨਾਲ ਜਿੱਨ ਪ੍ਰਤੀ ਪਾਦਿਤ ਗ੍ਰੰਥ ਅਨੁਸਾਰ ਵਿਪਰੀਤ ਹਠ ਆਦੀ ਰਹਿਤ ਜੋ ਸ਼੍ਰੱਧਾ ਅਰਥਾਤ ਜਿਨ ਮਤ ਵਿਚ ਪ੍ਰੀਤੀ ਹੈ ਸੋ ਸਮਯੱਕ ਸ਼੍ਰਧਾਨ ਅਰ ਸਮੱਕ ਦਰਸ਼ਨ ਹੈ।

रुचिर्जिनोक्ततत्त्वेषु सम्यक्श्रद्धानमुच्यते।

ਜਿਨ ਉਕਤ ਤੱਤਾਂ ਵਿਚ ਸਮੱਕ ਸ਼ਰਧਾ ਕਰਨੀ ਚਾਹੀਏ ਅਰਥਾਤ ਹੋਰ ਜਗਹਿ ਕਿਦੇ ਨਹੀਂ॥

यथावस्थिततत्त्वानां संक्षेपाद्विस्तरेण वा।
यो बोधस्तमत्राहुः सम्यग्ज्ञानं मनीषिणः॥

ਜਿਸ ਪ੍ਰਕਾਰ ਦੇ ਜੀਵ ਆਦੀ ਤਤ੍ਵ ਹਨ ਉਨ੍ਹਾਂ ਦਾ ਸੰਖੇਪ ਵਾ ਵਿਸਤਾਰ ਥੀਂ ਜੋ ਬੋਧ ਹੁੰਦਾ ਹੈ ਉਸੇ ਨੂੰ ਸਮੱਕ ਗਿਆਂਨ ਬੁਧਵਾਂਨ ਕਹਿੰਦੇ ਹਨ।

सर्वथाऽनवद्ययोगानां त्यागश्चारित्रमुच्यते ।
कीर्तितं तदहिंसादि व्रतभेदेन पञ्चधा ॥
अहिंसासूनृतास्तेयब्रह्मचर्यापरिग्रहाः ।

ਸਭ ਪ੍ਰਕਾਰ ਥੀਂ ਨਿੰਦਿਆਜੋਗ ਹੋਰੀ ਮਤ ਸੰਬੰਧ ਦਾ ਤਿਆਗ ਚਾਰਿਤ੍ਰ ਕਹਾਂਦਾ ਹੈ, ਅਰ ਅਹਿੰਸਾ ਆਦੀ ਭੇਦ ਥੀਂ ਪੰਜ ਤਰਾਂ ਦਾ ਬ੍ਰਤ ਹੈ ਇਕ,( ਅਹਿੰਸਾ ) ਕਿਸੇ ਪ੍ਰਾਣੀ ਮਾਤ੍ਰ ਨੂੰ ਨਾ ਮਾਰਨਾ । ਦੂਜਾ ( ਸੂਨ੍ਰਿਤਾ ) ਮਿਠੀ ਬਾਣੀ ਬੋਲਣਾ । ਤੀਜਾ ( ਅਸਤੇਯ ) ਚੋਰੀ ਨਾ ਕਰਨਾ । ਚੌਥਾ ( ਬ੍ਰਹਮਚਰਜ ) ਲਿੰਗ ਇੰਦ੍ਰੀ ਦਾ ਸੰਜਮ । ਅਰ ਪੰਜਵਾਂ (ਅਪਰੀਗ੍ਰਹ) ਸਭ ਵਸਤੂਆਂ ਦਾ ਤਿਆਗ ਕਰਨਾ, ਇਨ੍ਹਾਂ ਵਿਚ ਬਹੁਤ ਸਾਰੀਆਂ ਬਾਤਾਂ ਅਛੀਆਂ ਹਨ, ਅਰਥਾਤ ਅਹਿੰਸਾ ਅਰ ਚੋਰੀ ਆਦੀ, ਨਿੰਦਿਆ ਜੋਗ ਕਰਮਾਂ ਦਾ ਤਿਆਗ ਅਛੀ ਬਾਤ ਹੈ, ਪ੍ਰੰਤੂ ਏਹ ਸਭ ਹੋਰ ਮਤ ਦੀ ਨਿੰਦਿਆ ਕਰਨੇ ਆਦੀ ਦੋਸ਼ਾਂ ਥੀਂ ਸਾਰੀਆਂ ਅਛੀਆਂ ਬਾਤਾਂ ਬੀ ਦੋਸ਼ ਵਾਲੀਆਂ ਹੋਗਈਆਂ ਹਨ, ਜੀਕਣ ਪਹਿਲੇ ਸੂਤ੍ਰ ਵਿਚ ਲਿਖੀ ਹੈ, ਹੋਰ ਹਰੀ, ਹਰ ਆਦਕ ਦਾ ਧਰਮ ਸੰਸਾਰ ਵਿਚ ਉਧਾਰ ਕਰਨੇ ਵਾਲਾ ਨਹੀਂ । ਕੀ, ਏਹ ਛੋਟੀ ਨਿੰਦਿਆ ਹੈ ਕਿ ਜਿਨ੍ਹਾਂ ਦੇ ਗ੍ਰੰਥ ਵੇਖਣ ਥੀਂ ਹੀ ਪੂਰੀ ਵਿਦਿਆ ਅਰ ਧਰਮਕਤਾ ਪਾਈ ਜਾਂਦੀ ਹੈ ਓਸਨੂੰ ਬੁਰਾ ਕਹਣਾ ਅਰ ਅਪਣੀ ਮਹਾਂ ਅਸੰਭਵ ਜਿਹਾ ਕਿ ਪਿਛੇ ਲਿਖ ਆਏ ਉਜਿਹੀਆਂ ਗਲੱਾਂ ਦੇ ਕਹਣ ਵਾਲੇ ਅਪਣੇ ਤੀਰਥੰ-ਕਰਾਂ ਦੀ ਉਸਤਤੀ ਕਰਨਾ ਨਿਰੀ ਹਠ ਦੀਆਂ ਬਾਤਾਂ ਹਨ, ਭਲਾ ਜੋ ਜੈਨੀ ਕੁਝ ਚਾਰਿਤ੍ਰ ਨਾ ਕਰ ਸਕੇ, ਨਾ ਪੜ੍ਹ ਸਕੇ, ਨਾ ਦਾਨ ਦੇਣਦਾ ਸਮਰਥ ਹੋਵੇ ਤਾਂ ਬੀ ਜੈਨਮਤ ਸਚਾ ਹੈ, ਕੀ ਇਨਾ ਕਹਣੇ ਹੀ ਥੀਂ ਉਹ ਉਤਮ ਹੋ ਜਾਵੇ? ਅਰ ਅਨਮਤ ਵਾਲੇ ਸ੍ਰੇਸ਼੍ਟ ਬੀ ਅਸ੍ਰੇਸ਼ਟ ਹੋ ਜਾਂਨ? ਅਜਿਹੇ ਕਥਨ ਕਰਨ ਵਾਲੇ ਮਨੁਖਾਂ ਨੂੰ ਭਰਮੀ ਅਰ ਬਾਲ ਬੁਧ ਨਾ ਕਹਿਆ ਜਾਵੇ ਤਾਂ ਕੀ ਕਹੀਏ ? ਏਸ ਥੀਂ ਏਹ ਮਲੂਮ ਹੁੰਦਾ ਹੈ ਕਿ ਇਨ੍ਹਾਂ ਦੇ ਅਚਾਰਜ ਮਤਲਬੀ ਸਨ, ਪੂਰੇ ਵਿਦਵਾਂਨ ਨਹੀਂ, ਕਿਉਂਕਿ ਜੋ ਸਾਰਿਆਂ ਦੀ ਨਿੰਦਿਆ ਨਾ ਕਰਦੇ ਤਾਂ ਅਜਿਹੀ ਝੂਠੀ ਗਲੱਾਂ ਵਿਚ ਕੋਈ ਨਾ ਫਸਦਾ, ਨਾ ਉਨ੍ਹਾਂ ਦਾ ਪ੍ਰੋਜਨ ਸਿਧ ਹੁੰਦਾ । ਵੇਖੋ ! ਏਹ ਤਾਂ ਸਿਧ ਹੁੰਦਾ ਹੈ ਕਿ ਜੈਨੀਆਂ ਦਾ ਮਤ ਡੁਬਾਣ ਵਾਲਾ, ਅਰ ਵੇਦ ਮਤ ਸਾਰਿਆਂ ਦਾ ਉਧਾਰ ਕਰਨ ਵਾਲਾ, ਹਰੀ, ਹਰ ਆਦੀ ਦੇਵ ਸੁਦੇਵ, ਅਰ ਇਨ੍ਹਾਂ ਦੇ ਰਿਖਭ ਦੇਵ ਆਦੀ ਸਭ ਕੁਦੇਵ, ਦੂਜੇ ਲੋਕ ਕਹਨ ਤਾਂ ਕੀ ਉਜੇਹਾ ਹੀ ਉਨ੍ਹਾਂ ਨੂੰ ਬੁਰਾ ਨਾ ਲੱਗੇਗਾ? ਹੋਰ ਬੀ ਇਨ੍ਹਾਂ ਦੇ ਅਚਾਰਜ ਅਰ ਮਨਣੇਂ ਵਾਲਿਆਂ ਦੀ ਭੁਲ ਵੇਖ ਲੌ:—

मल - जिणवर आणा भंगं उमग्ग उस्सुत्तले सदेसणउ।
आणा भंगे पावंता जिणमय दुक्करं धम्मम् ।
प्रकर० भाग० २ । षष्टीश० ६ । स० ११ ॥

ਉਨਮਾਰਗ, ਉਤਸੂਤ੍ਰ ਦੇ ਲੇਸ਼ ਵਿਖਾਣੇ ਥੀਂ ਜੋ ਜਿਨਵਰ ਅਰਥਾਤ ਬੀਤਰਾਗ ਤੀਰਥੰਕਰਾਂਦੀ ਆਗਿਆ ਦਾ ਭੰਗ ਹੁੰਦਾ ਹੈ ਉਹ ਦੁਖ ਦਾ ਕਾਰਣ ਪਾਪ ਹੈ, ਜਿਨੇਸ਼੍ਵਰ ਦੇ ਕਹੇ ਸਮੱਯਕਤ੍ਵ ਆਦੀ ਧਰਮ ਗ੍ਰਹਣ ਕਰਨਾ ਵਡਾ ਅਉਖਾ ਹੈ,ਏਸਲਈ ਜਿਸ ਪ੍ਰਕਾਰ ਜਿਨ ਆਗਿਆ ਦਾ ਭੰਗ ਨਾ ਹੋਵੇ ਊਕਣ ਕਰਨਾ ਚਾਹੀਏ।

(ਸਮੀਖਕ) ਜੋ ਅਪਣੇ ਹੀ ਮੂੰਹ ਥੀਂ ਅਪਣੀ ਉਸਤਤ, ਅਰ ਅਪਣੇ ਹੀ ਧਰਮ ਨੂੰ ਵਡਾ ਕਹਣਾ ਅਰ ਦੂਜੇ ਦੀ ਨਿੰਦਿਆ ਕਰਨੀ ਹੈ ਉਹ ਮੂਰਖਤਾ ਦੀ ਬਾਤ ਹੈ, ਕਿਉਂਕਿ ਉਸਤਤ ਉਸੇ ਦੀ ਠੀਕ ਹੈ, ਜਿਸਦੀ ਦੂਜੇ ਵਿਦ੍ਵਾਂਨ ਕਰਨ, ਅਪਣੇ ਮੂੰਹ ਥੀਂ ਅਪਣੀ ਉਸਤਤ ਤਾਂ ਚੋਰ ਬੀ ਕਰਦੇ ਹਨ, ਤਾਂ ਕੀ, ਉਹ ਉਸਤਤ ਜੋਗ ਹੋ ਸਕਦੇ ਹਨ? ਇਸੇ ਪ੍ਰਕਾਰ-ਦੀਆਂ ਇਨ੍ਹਾਂ ਦੀਆਂ ਬਾਤਾਂ ਹਨ।

मूल - बहुगुणविज्भा निलयो उस्सुत्तभासी तहा विमुत्तव्वो।
जहवरमणिजुत्तो विहुविग्घकरो विसहरो लोए ॥
प्रकर० भा० २ । षष्ठी० सू० १८ ॥

ਜੀਕਣ ਵਿਸਵਾਲੇ ਸਪ ਵਿਚ ਮਣੀ ਤਿਆਗਣੇ ਜੋਗ ਹੈ ਊਕਣ ਜੋ ਜੈਨ ਮਤ ਵਿਚ ਨਹੀਂ ਉਹ ਚਾਹੇ ਕਿਨਾਂ ਵਡਾ ਧਰਮੀ ਪੰਡਤ ਹੋਵੇ ਉਸਨੂੰ ਤਿਆਗ ਦੇਣਾ ਹੀ ਜੈਨੀਆਂ ਨੂੰ ਜੋਗ ਹੈ।

(ਸਮੀਖਕ) ਵੇਖੋ! ਕਿਨੀ ਭੁਲਦੀ ਗੱਲ ਹੈ ਜੋ ਇਨ੍ਹਾਂ ਦੇ ਚੇਲੇ ਅਰ ਅਚਾਰਜ ਵਿਦਵਾਂਨ ਹੁੰਦੇ ਤਾਂ ਵਿਦਵਾਨਾਂ ਥੀਂ ਪ੍ਰੇਮ ਕਰਦੇ, ਜਦ ਇਨ੍ਹਾਂ ਦੇ ਤੀਰਥੰਕਰਾਂ ਸਮਤ ਅਵਿਦਵਾਂਨ ਹਨ ਤਾਂ ਵਿਦਵਾਨਾਂ ਦਾ ਮਾਨ ਕਿਉਂ ਕਰਨ? ਕੀ ਸੋਨੇ ਮੈਲ ਵਾ ਧੂੜ ਵਿਚ ਪਏ ਹੋਏ ਨੂੰ ਕੋਈ ਤਿਆਗਦਾ ਹੈ? ਏਸ ਥੀਂ ਏਹ ਸਿਧ ਹੋਇਆ ਕਿ ਬਿਨਾਂ ਜੈਨੀਆਂ ਦੇ ਊਕਣ ਦੂਜੇ ਕਉਣ ਪਖਪਾਤੀ, ਹਠੀ, ਖੋਟੇ ਹਠਵਾਲੇ, ਅਨਪੜ੍ਹੇ ਹੋਂਨਗੇ ॥

मूल - अइ सयपा वियपा वाधम्मि अपव्व सुतो विपावरया
न चलन्ति सुद्धधम्मा धन्नाकिविपावपव्वेसु ॥
प्रकर० भा० २ । षष्ठी० सू० २९ ॥

ਅਨਦਰਸ਼ਨੀ, ਕੁਲਿੰਗ। ਅਰਥਾਤ ਜੈਨ ਮਤ ਵਿਰੋਧੀ ਉਨ੍ਹਾਂ ਦਾ ਦਰਸ਼ਨ ਬੀ

ਜੈਨੀ ਲੋਕ ਨਾ ਕਰਨ।

( ਸਮੀਖਕ ) ਬੁਧਵਾਨ ਲੋਕ ਵਿਚਾਰ ਲੈਣਗ ਕਿ ਇਹ ਕਿਨੀ ਪਾਮਰ ਪਣੇ ਦੀ ਗਲ ਹੈ, ਸਚ ਤਾਂ ਇਹ ਹੈ ਕਿ ਜਿਸਦਾ ਮਤ ਸੱਚਾ ਹੈ ਓਸ ਨੂੰ ਕਿਸੇ ਥੀਂ ਡਰ ਨਹੀਂ ਹੁੰਦਾ, ਇਨ੍ਹਾਂ ਦੇ ਆਚਾਰਜ ਜਾਣਦੇ ਸਨ ਕਿ ਸਾਡਾ ਮਤ ਪੋਲ ਪਾਲ ਹੈ, ਜੋ ਦੂਜੇ ਕੂੰ ਸੁਣਾਵਾਂਗੇ ਤਾਂ ਖੰਡਨ ਹੋ ਜਾਵੇਗਾ, ਏਸ ਲਈ ਸਭ ਦੀ ਨਿੰਦਿਆ ਕਰੋ ਅਰ ਮੂਰਖ ਜਨਾਂ ਨੂੰ ਫਸਾਓ।

मूल – नामं पितस्सग्र सुहं जेणनिदिठाइ मिच्छपव्वाइ।
जेसिं श्रणुसंगा उधम्मीणविहोई पावमई॥
प्रक० भा० २। षष्ठी० ६। सू० ११॥

ਜੋ ਜੈਨ ਧਰਮ ਥੀਂ ਵਿਰੁਧ ਧਰਮ ਹਨ ਉਹ ਸਾਰੇ ਮਨੁਖਾਂ ਨੂੰ ਪਾਪੀ ਕਰਨ ਵਾਲੇ ਹਨ, ਏਸਲਈ ਕਿਸੇ ਦੇ ਹੋਰੀ ਧਰਮ ਨੂੰ ਨਾ ਮਨਕੇ ਜੈਨ ਧਰਮ ਹੀ ਨੂੰ ਮਨਣਾ ਸ੍ਰੇਸ਼ਟ ਹੈ।

( ਸਮੀਖਕ ) ਏਸ ਥੀਂ ਏਹ ਸਿਧ ਹੁੰਦਾ ਹੈ ਕਿ ਸਭ ਨਾਲ ਵੈਰ ਵਿਰੋਧ, ਨਿੰਦਿਆ, ਈਰਖਾ, ਆਦੀ ਖੋਟੇ ਕਰਮ ਰੂਪ ਸਮੁੰਦ੍ਰ ਵਿਚ ਡੁਬਾਣ ਵਾਲਾ ਜੈਨ ਮਾਰਗ ਹੈ, ਜੀਕਣ ਜੈਨੀ ਲੋਕ ਸਾਰਿਆਂ ਦੇ ਨਿੰਦਕ ਹਨ ਉਕਣ ਕੋਈ ਬੀ ਦੂਜੇ ਮਤ ਵਾਲਾ ਮਹਾਂ ਨਿੰਦਕ ਅਰ ਅਧਰਮੀ ਨਾ ਹੋਵੇਗਾ। ਕੀ, ਇਕ ਤਰਫ ਥੀਂ ਸਾਰਿਆਂ ਦੀ ਨਿੰਦਿਆ ਅਰ ਅਪਣੀ ਅਤੀ ਉਸਤਤੀ ਕਰਨੀ ਮੂਰਖ ਮਨੁਖਾਂ ਦੀਆਂ ਗਲਾਂ ਨਹੀਂ ਹਨ? ਵਿਵੇਕੀ ਲੋਗ ਤਾਂ ਚਾਹੇ ਕਿਸੇ ਦੇ ਮਤ ਦੇ ਹੋਂਨ ਉਨ੍ਹਾਂ ਵਿਚੋਂ ਅੱਛੇ ਨੂੰ ਅੱਛਾ ਅਰ ਬੁਰੇ ਨੂੰ ਬੁਰਾ ਕਹਿੰਦੇ ਹਨ॥

मूल – हहा गुरुग्रग्र कज्जं सामोनहु अच्छिकस्स पुक्करिमो।
कइ जिण वयण कइ सुगुरु सावया कइइय अकज्जं॥
प्रक० भा० २। षष्ठी० सू० ३५॥

ਸਰਬੱਗ ਭਾਖਿਤ ਜਿੱਨ ਬਚਨ ਜੈਨ ਦੇ ਸੁਗੁਰੂ ਅਰ ਜੈਨ ਧਰਮ ਕਿੱਥੇ, ਅਰ ਉਨ੍ਹਾਂ ਥੀਂ ਵਿਰੁਧ ਕੁ ਗੁਰੂ ਹੋਰ ਮਾਰਗੀਆਂ ਦੇ ਉਪਦੇਸ਼ਕ ਕਿੱਥੇ ਅਰਥਾਤ ਸਾਡ ਸੁਗੁਰੂ, ਸੁਦੇਵ, ਸੁਧਰਮ, ਅਰ ਹੋਰਨਾਂ ਦੇ ਕੁਦੇਵ, ਕੁਗੁਰੂ, ਕੁਧਰਮ ਹਨ।

( ਸਮੀਖਕ ) ਏਹ ਬਾਤ ਬੇਰ ਵੇਚਣ ਵਾਲੀ ਕੂੰਜੜੀ ਦੇ ਵਾਕਰ ਹੈ, ਜੀਕਣ ਉਹ ਅਪਣੇ ਖੱਟੇ ਬੇਰਾਂ ਨੂੰ ਮਿਠੇ ਅਰ ਦੂਜੀ ਦੇ ਮਿਠਿਆਂ ਨੂੰ ਖੱਟੇ ਅਰ ਨਿਕੱਮੇ ਦਸਦੀ ਹੈ, ਇਸੇ ਤਰਾਂ ਦੀ ਜੈਨੀਆਂ ਦੀਆਂ ਬਾਤਾਂ ਹਨ,

ਏਹ ਲੋਕ ਅਪਨੇ ਮਤ ਥੀਂ ਵਖਰੇ ਮਤ ਵਾਲਿਆਂ ਦੀ ਸੇਵਾ ਵਿਚ ਵਡਾ ਅਕਾਰਜ ਅਰਥਾਤ ਪਾਪ ਗਿਣਦੇ ਹਨ ॥

मूल – सप्पो इक्कं मरणं कुगुरु अणंता इदेइ मरणाइ।
तोवरिसप्पं गहियुं मा कुगुरुसेवणं भद्दम् ॥
प्रक० भा० २। सू० ३७ ॥

ਜੀਕਣ ਪਹਿਲਾਂ ਲਿਖ ਆਏ ਕਿ ਸਪ ਵਿਚ ਮਣੀ ਦਾ ਬੀ ਤਿਆਗ ਕਰਨਾ ਜੋਗ ਹੈ, ਉਕਣ ਅਨ ਮਾਰਗੀਆਂ ਵਿਚ ਅਛੇ ਧਰਮੀ ਪੁਰਖਾਂ ਦਾ ਬੀ ਤਿਆਗ ਕਰਦੇਣਾ, ਹੁਣ ਓਸ ਥੀਂ ਬੀ ਵਿਸ਼ੇਸ਼ ਨਿੰਦਿਆ ਹੋਰ ਮਤ ਵਾਲਿਆਂ ਦੀ ਕਰਦੇ ਹਨ, ਜੈਨ ਮਤ ਥੀਂ ਭਿੰਨ ਸਭ ਕੁਗੁਰੂ ਅਰਥਾਤ ਉਹ ਸਪ ਥੀਂ ਬੀ ਬੁਰੇ ਹਨ, ਉਨ੍ਹਾਂ ਦਾ ਦਰਸ਼ਨ, ਸੇਵਾ, ਸੰਗ ਕਦੀ ਨਾ ਕਰਨਾ ਚਾਹੀਏ, ਕਿਉਂਕਿ ਸਪ ਦੇ ਸੰਗ ਥੀਂ ਇਕਵਾਰ ਮਰਨ ਹੁੰਦਾ ਹੈ, ਅਰ ਹੋਰ ਮਤਵਾਲੇ ਕੁ ਗੁਰੂਆਂ ਦੇ ਸੰਗ ਥੀਂ ਅਨੇਕ ਵਾਰ ਜਨਮ ਮਰਨ ਵਿਚ ਡਿਗਣਾ ਪੈਂਦਾ ਹੈ, ਏਸਲਈ ਹੇ ਭਲੇ ਮਨੁਖੋਂ! ਹੋਰੀ ਮਤ ਵਾਲੇ ਦੇ ਕੁਗੁਰੂਆਂ ਦੇ ਪਾਸ ਬੀ ਨਾ ਖਲੋਤਾ ਰਹੁ, ਕਿਉਂਕਿ ਜੇਤੂੰ ਹੋਰੀ ਮਤ ਵਾਲਿਆਂ ਦੀ ਕੁਝ ਬੀ ਸੇਵਾ ਕਰੇਂਗਾ ਤਾਂ ਦੁਖ ਵਿਚ ਪਵੇਂਗਾ।

(ਸਮੀਖਕ) ਵੇਖੋ! ਜੈਨੀਆਂ ਦੇ ਵਾਕਰ ਕਰੜਾ ਭਰਮੀ ਦ੍ਵੇਸ਼ੀ, ਨਿੰਦਕ, ਭੁਲੇ ਹੋਏ, ਦੂਜੇ ਮਤ ਵਾਲੇ ਕੋਈ ਬੀ ਨਾ ਹੋਨਗੇ, ਇਨ੍ਹਾਂ ਨੈ ਮਨ ਥੀਂ ਏਹ ਵਿਚਾਰਿਆ ਹੈ ਕਿ ਜੋ ਅਸੀ ਹੋਰੀ ਦੀ ਨਿੰਦਿਆ ਅਰ ਅਪਨੀ ਉਸਤਤ ਨਾ ਕਰਾਂਗੇ ਤਾਂ ਸਾਡੀ ਸੇਵਾ ਅਰ ਪ੍ਰਤਿਸ਼ਟਾ ਨਾ ਹੋਵੇਗੀ, ਪ੍ਰੰਤੂ ਏਹ ਬਾਤ ਉਨ੍ਹਾਂ ਦੇ ਦੁਰਭਾਗਾਂ ਦੀ ਹੈ, ਕਿਉਂਕਿ ਜਦਤਿਕ ਉੱਤਮ ਵਿਦਵਾਨਾਂ ਦਾ ਸੰਗ, ਸੇਵਾ ਨਾ ਕਰਨਗੇ ਤਦਤਿਕ ਇਨ੍ਹਾਂ ਨੂੰ ਯਥਾਰਥ ਗਿਆਂਨ ਅਰ ਸਤ-ਧਰਮ ਦੀ ਪ੍ਰਾਪਤੀ ਕਦੀ ਨਾ ਹੋਵੇਗੀ, ਏਸਲਈ ਜੈਨੀਆਂ ਨੂੰ ਜੋਗ ਹੈ ਕਿ ਅਪਨੀ ਵਿਦਿਆ ਵਿਰੁਧ ਮਿਥਿਆ ਬਾਤਾਂ ਛਡ, ਵੇਦ ਉਕਤ ਸਤ ਬਾਤਾਂ ਦਾ ਗ੍ਰਹਣ ਕਰਨ ਤਾਂ ਉਨ੍ਹਾਂ ਦੇ ਲਈ ਵਡੇ ਕਲਿਆਂਣ ਦੀ ਬਾਤ ਹੈ।

मूल किं भणिमो किं करिमो ताणहयासाण धिठदुठाणं।
जे दंसि ऊण लिंगं खिवंति नरयम्मि मुद्धजणं ॥
प्रक० भा०। षष्ठी० सू० ४० ॥

ਜਿਸਦੀ ਕਲਿਆਂਣ ਦੀ ਆਸ਼ਾ ਨਸ਼ਟ ਹੋਗਈ, ਢੀਠ ਬੁਰੇ ਕੰਮ ਕਰਨ ਵਿਚ ਅਤੀ ਚਤੁਰ, ਦੁਸ਼ਟ ਦੋਸ਼ ਵਾਲੇ ਨੂੰ ਕੀ ਕਹਣਾ ਅਰ ਕੀ ਕਰਨਾ ਕਿਉਂਕਿ ਜੋ ਓਸਦਾ ਉਪਕਾਰ ਕਰੋ ਤਾਂ ਉਲਟਾ ਓਸਦਾ ਨਾਸ਼ ਕਰੇ, ਜੀਕਣ ਕੋਈ ਦਇਆ ਕਰਕੇ ਅਨ੍ਹੇ ਸ਼ੇਰ ਦੀ ਅਖਾਂ ਖੋਲਣ ਨੂੰ ਜਾਏ ਤਾਂ ਉਹ ਉਸੇ

ਨੂੰ ਖਾ ਲਵੇ, ਊਕਣ ਹੀ ਕੁਗੁਰੂ ਅਰਥਾਤ ਹੋਰ ਮਾਰਗੀਆਂ ਦਾ ਉਪਕਾਰ ਕਰਨਾ ਅਪਣਾ ਨਾਸ਼ ਕਰ ਲੈਣਾ ਹੈ, ਅਰਥਾਤ ਉਨ੍ਹਾਂ ਥੀਂ ਸਦਾ ਵਖਰਾ ਹੀ ਰਹਣਾ।

(ਸਮੀਖਕ) ਜੀਕਣ ਜੈਨ ਲੋਕ ਵਿਚਾਰਦੇ ਹਨ ਊਕਣ ਦੂਜੇ ਮਤ ਵਾਲੇ ਬੀ ਵਿਚਾਰਨ ਤਾਂ ਜੈਨੀਆਂ ਦੀ ਕਿੱਨੀ ਦੁਰਦਸ਼ਾ ਹੋਵੇ, ਅਰ ਉਨ੍ਹਾਂ ਦਾ ਕੋਈ ਕਿਸੇ ਪ੍ਰਕਾਰ ਦਾ ਉਪਕਾਰ ਨਾ ਕਰੇ ਤਾਂ ਉਨ੍ਹਾਂ ਦੇ ਬਹੁਤਸਾਰੇ ਕੰਮ ਨਸ਼ਟ ਹੋਕੇ ਕਿਨੱਾ ਦੁਖ ਪ੍ਰਾਪਤ ਹੋਵੇ ? ਊਕਣ ਹੋਰੀ ਦੇ ਵਾਸਤੇ ਜੈਨੀ ਕਿਉਂ ਨਹੀਂ ਵਿਚਾਰਦੇ ॥

ਮੂਲ – जहजहतुट्टइ धम्मो जहजह दुठाणहोय अइउदउ।
समद्दिठिजियाण तह तह उल्लसइस मतं ॥
प्रक० भा० २। षष्ठी० सू० ४२ ॥

ਜਿਹੇ ੨ ਦਰਸ਼ਨ ਭ੍ਰਸ਼ਟ, ਨਿਹਨਵ, ਪਾਛਤਾ, ਉਸਨਾ ਤਥਾ ਕੁਸੀਲਿਯ ਆਦਕ ਅਰ ਅਨਦਰਸ਼ਨੀ, ਤ੍ਰਿਦੰਡੀ, ਪਰੀਬ੍ਰਾਜਕ ਤਥਾ ਵਿਪ੍ਰ ਆਦਕ ਦੁਸ਼ਟ ਲੋਕਾਂ ਦਾ ਅਤਸੈ ਬਲ, ਸਤਕਾਰ, ਪੂਜਾ ਆਦਕ ਹੋਵੇ ਉਜਿਹੇ ੨ ਸਮੱਕ ਦ੍ਰਿਸ਼ਟੀ ਜੀਵਾਂ ਦਾ ਸਮਯਕਤ੍ਵ ਵਿਸ਼ੇਸ਼ ਪ੍ਰਗਟ ਹੋਵੇ ਏਹ ਵਡਾ ਅਚਰਜ ਹੈ ॥

(ਸਮੀਖਕ) ਹੁਣ ਵੇਂਖੋ ! ਕੀ, ਇਨ੍ਹਾਂ ਜੈਨੀਆਂ ਥੀਂ ਵਧੀਕ ਈਰਖਾ, ਦ੍ਵੇਸ਼ ਵੈਰਬੁਧਵਾਲਾ ਦੂਜਾ ਕੋਈ ਹੋਵੇਗਾ ? ਹਾਂ ਦੂਜੇ ਮਤ ਵਿਚ ਬੀ ਈਰਖਾ ਦ੍ਵੇਸ਼ ਹੈ ਪ੍ਰੰਤੂ ਜਿੱਨੀ ਇਨ੍ਹਾਂ ਜੈਨੀਆਂ ਵਿਚ ਹੈ ਉੱਨੀ ਕਿਸੇ ਵਿਚ ਨਹੀਂ ਅਰ ਦ੍ਵੇਸ਼ ਹੀ ਪਾਪ ਦਾ ਮੂਲ ਹੈ ਏਸ ਲਈ ਜੈਨੀਆਂ ਵਿਚ ਪਾਪਾਚਾਰ ਕਿਉਂ ਨਾ ਹੋਵੇ।

ਮੂਲ - संगो विजाण अहिवते सिंधम्माइ जेपकुव्वन्ति।
मुतूण चोरसंगं करन्ति ते चोरयं पावो ॥
प्रक० भा० २। षष्टी० सू० ७५ ॥

ਏਸਦਾ ਮੁਖ ਪ੍ਰੋਜਨ ਇਨੱਾ ਹੀ ਹੈ ਕਿ ਜੀਕਣ ਮੂਰਖ ਪੁਰਖ ਚੋਰ ਦੇ ਸੰਗ ਥੀਂ ਨਕ ਵਢਣਾ ਆਦੀ ਦੰਡ ਥੀਂ ਭੈ ਨਹੀਂ ਕਰਦੇ, ਊਕਣ ਜੈਨ ਮਤ ਥੀਂ ਭਿੰਨ ਚੋਰ ਧਰਮਾਂ ਵਾਲੇ ਪੁਰਖ ਅਪਣੀ ਅਕਲਿਆਣ ਥੀਂ ਭੈ ਨਹੀਂ ਕਰਦੇ।

( ਸਮੀਖਕ ) ਜੋ ਜਿਹਾ ਮਨੁਖ ਹੁੰਦਾ ਹੈ ਉਹ ਪ੍ਰਾਇਅਃ ਅਪਣੇ ਹੀ ਵਾਕਣ ਦੂਜਿਆਂ ਨੂੰ ਸ਼ਮਝਦਾ ਹੈ, ਕੀ, ਏਹ ਬਾਤ ਸਚ ਹੋ ਸਕਦੀ ਹੈ ਕਿ ਹੋਰ ਸਾਰੇ ਚੋਰਮਤ, ਅਰ ਜੈਨ ਦਾ ਸ਼ਹੂਕਾਰ ਮਤ ਹੈ? ਜਦ ਤਿਕ ਮਨੁਖਾਂ ਵਿਚ ਅਤੀ ਅਗਿਆਨ ਅਰ ਕੁਸੰਗ ਥੀਂ ਭ੍ਰਸ਼ਟ ਬੁਧ ਹੁੰਦੀ ਹੈ ਤਦ ਤਿਕ ਦੂਜਿਆਂ

ਦੇ ਨਾਲ ਅਤੀ ਈਰਖਾ, ਦ੍ਵੇਸ਼ ਆਦੀ ਦੁਸ਼ਟਤਾ ਨਹੀਂ ਛਡਦਾ, ਜਿਹਾ ਜੈਨਮਤ ਪ੍ਰਾਇਆ ਦ੍ਵੇਸ਼ੀ ਹੈ ਅਜਿਹਾ ਹੋਰ ਕੋਈ ਨਹੀਂ ॥

मूल - जच्छ पसुमहिसलरका पव्वं होमन्ति पावन वमीए ।
पूअन्तितंपि सढ्ढाहा ही लावी परायस्स ॥
प्रक० भा० २ । षष्टी० सू० ७६ ॥

ਪਿਛਲੇ ਸੂਤ੍ਰ ਵਿਚ ਜੋ ਮਿਥਿਆਤ੍ਵੀ ਅਰਥਾਤ ਜੈਨ ਮਾਰਗ ਭਿੰਨ ਸਾਰੇ ਮਿਥਿਆਤ੍ਵੀ ਅਰ ਆਪ ਮਮਜ਼ਕਤ੍ਵੀ ਅਰਥਾਤ ਹੋਰ ਸਭ ਪਾਪੀ, ਜੈਨ ਲੋਕ ਸਭ ਪੁੰਨ ਆਤਮਾ ਇਸ ਲਈ ਜੋ ਕੋਈ ਮਿਥਿਆਤ੍ਵੀ ਦੇ ਧਰਮ ਦਾ ਸਥਾਪਨ ਕਰੇ ਉਹ ਪਾਪੀ ਹੈ ॥

( ਸਮੀਖਕ ) ਜੀਕਣ ਹੋਰਨਾ ਦੇ ਸਥਾਨਾਂ ਵਿਚ ਚਾਮੁੰਡਾ, ਕਾਲਿਕਾ ਜੁਆਲਾ, ਪ੍ਰਮੁਖਦੇ ਅੱਗੇ ਪਾਪਨੌਮੀ ਅਰਥਾਤ ਦੁਰਗਾ ਨੌਮੀ ਤਿਥਿ ਆਦੀ ਸਬ ਬੁਰੇ ਹਨ, ਉਕਣ ਕੀ, ਤੁਹਾਡੇ ਪਜੂਸਣ ਆਦੀ ਬ੍ਰਤ ਬੁਰੇ ਨਹੀਂ ਹਨ? ਜਿਨ੍ਹਾਂ ਥੀਂ ਮਹਾਂ ਕਸ਼ਟ ਹੁੰਦਾ ਹੈ, ਇਥੇ ਵਾਮਮਾਰਗੀਆਂ ਦੀ ਲੀਲਾ ਦਾ ਖੰਡਨ ਤਾਂ ਠੀਕ ਹੈ ਪ੍ਰੰਤੂ ਜੋ ਸਾਸਨ ਦੇਵੀ ਅਰ ਮਰੁਤ ਦੇਵੀ ਆਦੀ ਨੂੰ ਮਨਦੇ ਹਨ ਉਨ੍ਹਾਂ ਦਾ ਬੀ ਖੰਡਨ ਕਰਦੇ ਤਾਂ ਅੱਛਾ ਸੀ, ਜੇ ਕਹਨ ਕਿ ਸਾਡੀ ਦੇਵੀ ਹਿੰਸਕ ਨਹੀ ਤਾਂ ਇਨ੍ਹਾਂ ਦਾ ਕਹਣਾ ਮਿਥਿਆ ਹੈ, ਕਿਉਂਕਿ ਸਾਸਨਾ ਦੇਵੀ ਨੇ ਇਕ ਪੁਰਖ ਅਰ ਦੂਜੇ ਬਕਰੇ ਦੀਆਂ ਅਖਾਂ ਕਢ ਲੀਤੀਆਂ ਸਨ ਫੇਰ ਉਹ ਰਾਖਸ਼ੀ ਅਰ ਦੁਰਗਾ ਕਾਲਕਾ ਦੀ ਸਕੀ ਭੈਂਣ ਕਿਉਂ ਨਹੀ? ਅਰ ਅਪਣੇ ਪਚਖਾਂਣ ਆਦੀ ਬ੍ਰਤਾਂ ਨੂੰ ਅਤੀ ਸ੍ਰੇਸ਼ਟ ਅਰ ਨੌਮੀਆਦੀ ਨੂੰ ਦੁਸ਼ਟ ਕਹਣਾ ਮੂਰਖਤਾ ਦੀ ਬਾਤ ਹੈ, ਕਿਉਂਕਿ ਦੂਜੇ ਦੇ ਉਪਵਾਸਾਂ ਦੀ ਤਾਂ ਨਿੰਦਿਆ ਅਰ ਅਪਣੇ ਉਪਵਾਸਾਂ ਦੀ ਉਸਤਤੀ ਕਰਨਾ ਮੂਰਖਤਾ ਦੀ ਬਾਤ ਹੈ, ਹਾਂ ਜੋ ਸਚ ਬੋਲਣ ਆਦੀ ਬ੍ਰਤ ਧਾਰਣ ਕਰਨੇ ਹਨ ਉਹਤਾਂ ਸਾਰਿਆਂ ਦੇ ਲਈ ਉਤਮ ਹਨ, ਜੈਨੀਆਂ ਅਰ ਹੋਰ ਕਿਸੇਦਾ ਉਪਵਾਸ ਸੱਚਾ ਨਹੀ ਹੈ ॥

मूल - वेसाणवंदियाणय माहणडुं वाणजर कसिरकाणम् ।
भत्ता भर कठाणँ वियाणँ जन्ति दूरेणं ॥
प्रक० भा० २ । षष्टी० सूत्र ८२ ॥

ਏਸਦਾ ਮੁਖ ਪ੍ਰੋਜਨ ਏਹ ਹੈ ਕਿ ਜੋ ਕੰਜਰੀ, ਚਾਰਣ, ਭਟ, ਆਦੀ ਲੋਕਾਂ, ਬ੍ਰਾਹਮਣ, ਯਖ, ਗਣੇਸ਼ ਆਦਕ ਮਿਥਿਆ ਦ੍ਰਿਸ਼ਟੀ ਦੇਵੀ ਆਦੀ ਦੇ ਵਤਿਆਂ ਦਾ ਭਗਤ ਹੈ, ਜੋ ਇਨ੍ਹਾਂ ਦੇ ਮਨਣੇ ਵਾਲੇ ਹਨ ਉਹ ਸਾਰੇ ਡੁਬਾਣ ਅਰ ਡੁਬਣ ਵਾਲੇ ਹਨ, ਕਿਉਂਕਿ ਉਨ੍ਹਾਂ ਹੀ ਦੇ ਪਾਸ ਉਹ ਸਭ ਚੀਜਾਂ ਮਨਦੇ

ਹਨ,ਅਰ ਬੀਤਰਾਗ ਪੁਰਸ਼ਾਂ ਥੀਂ ਦੂਰ ਰਹਿੰਦੇ ਹਨ ॥

( ਸਮੀਖਕ ) ਹੋਰ ਮਾਰਗੀਆਂ ਦੇ ਦੇਵਤਿਆਂ ਨੂੰ ਝੂਠ ਕਹਣਾ ਅਰ ਅਪਣੇ ਦੇਵਤਿਆਂ ਨੂੰ ਸਚ ਕਹਣਾ ਨਿਰੀ ਪਖਪਾਤ ਦੀ ਬਾਤਹੈ,ਅਰ ਹੋਰ ਵਾਮ ਮਾਰਗੀਆਂ ਦੀ ਦੇਵੀ ਆਦੀ ਦਾ ਨਖੇਧ ਕਰਦੇ ਹਨ, ਪ੍ਰੰਤੂ ਜੋ ਸ਼੍ਰਾਧ ਦਿਨ ਕ੍ਰਿਤ ਦੇ ਪਤ੍ਰੇ ੪੬ ਵਿਚ ਲਿਖਿਆ ਹੈ ਕਿ ਸਾਸਨ ਦੇਵੀ ਨੈ ਰਾਤ ਵਿਚ ਭੋਜਨ ਕਰਨ ਦੇ ਸਬਬੋਂ ਇਕ ਪੁਰਖ ਨੂੰ ਧਫੱ ਮਾਰਿਆ ਓਸਦੀ ਅਖੱ ਕਢ ਸੁੱਟੀ ਓਸਦੇ ਬਦਲੇ ਬਕਰੇ ਦੀ ਅੱਖ ਕਢਕੇ ਓਸ ਮਨੁਖੱ ਨੂੰ ਲਾ ਦਿਤੀ, ਇਸ ਦੇਵੀ ਨੂੰ ਹਿੰਸਕ ਕਿਉਂ ਨਹੀਂ ਮਨਦੇ ? ਰਤਨਸਾਗਰ ਭਾਗ ੧ ਪਤ੍ਰਾ ੬੭ ਵਿਚ ਵੇਖੋ ਕੀ ਲਿਖਿਆ ਹੈ, ਮਰੁਤਦੇਵੀ ਰਾਹੀਆਂ ਨੂੰ ਪਥੱਰ ਦੀ ਮੂਰਤੀ ਹੋਕੇ ਸਹਾਇਤਾ ਕਰਦੀ ਸੀ,ਇਸ ਨੂੰ ਬੀ ਉਕਣ ਕਿਉਂ ਨਹੀਂ ਮਨਦੇ।

ਮੂਲ—किंसोपि जणणि जाओ जाणो-जणणी इकिं अगोविड्डि।
अइमिच्छरओ जाओ गुणे सुतमच्छरं वहइ ॥
प्रक० भा० २। षष्टी० सू० ८१ ॥

ਜੋ ਜੈਨ ਮਤ ਵਿਰੋਧੀ ਮਿਥਿਆਤ੍ਰੀ ਅਰਥਾਤ ਮਿਥਿਆ ਧਰਮ ਵਾਲੇ ਹਨ ਉਹ ਕਿਉਂ ਜਮੇਂ ? ਜੋ ਜਮੇਂ ਤਾਂ ਵਧੇ ਕਿਉਂ ? ਅਰਥਾਤ ਸ਼ਤਾਬੀ ਹੀ ਨਸ਼ਟ ਹੋਜਾਂਦੇ ਤਾਂ ਅਛੱਾ ਹੁੰਦਾ।

(ਸਮੀਖਕ )ਵੇਖੋ ਇਨ੍ਹਾਂ ਦੇ ਬੀਤਰਾਗ ਭਾਖਿਤ ਦਇਆ, ਧਰਮ, ਦੂਜੇ ਮਤ ਵਾਲਿਆਂ ਦਾ ਜੀਉਣਾ ਬੀ ਨਹੀਂ ਚਾਹੁੰਦੇ,ਨਿਰਾ ਇਨ੍ਹਾਂ ਦਾ ਦਇਆ ਧਰਮ ਕਹਣ ਮਾਤ੍ਰ ਹੈ, ਅਰ ਜੋ ਹੈ ਸੋ ਤੁਛ ਜੀਵਾਂ ਅਰ ਪਸ਼ੂਆਂ ਦੇ ਲਈ ਹੈ,ਜੈਨ ਭਿੰਨ ਮਨੁਖੱਾਂ ਦੇ ਲਈ ਨਹੀਂ ॥

ਮੂਲ—शुद्धे मग्गे जाया सुहेण मच्छन्ति सुद्धिमग्गमि।
जे पुणअमग्गजाया मग्गे गच्छंति तं चुप्पं ॥
प्रक० भा० २। षष्ठी० सू० ८३ ॥

ਇਸਦਾ ਮੁਖ ਪ੍ਰੋਜਨ ਏਹ ਹੈ ਕਿ ਜੋ ਜੈਨਕੁਲ ਵਿਚ ਜਨਮ ਲੈਕੇ ਮੁਕਤੀ ਨੂੰ ਜਾਵੇ ਤਾਂ ਕੁਝ ਅਚਰਜ ਨਹੀਂ,ਪ੍ਰੰਤੂ ਜੈਨ ਭਿੰਨ ਕੁਲ ਵਿਚ ਜਮੇ ਹੋਏ ਮਿਥਿਆ ਧਰਮ ਵਾਲੇ ਅਨ ਮਾਰਗੀ ਮੁਕਤੀ ਨੂੰ ਪ੍ਰਾਪਤ ਹੋਂਨ ਏਸ ਵਿਚ ਵਡਾ ਅਚਰਜ ਹੈ, ਏਸਦਾ ਫਲਤ ਅਰਥ ਏਹ ਹੈ ਕਿ ਜੈਨ ਮਤ ਵਾਲੇ ਹੀ ਮੁਕਤੀ ਨੂੰ ਜਾਂਦੇ ਹਨ ਹੋਰ ਕੋਈ ਨਹੀਂ, ਜੋ ਜੈਨ ਮਤਦਾ ਗ੍ਰਹਣ ਨਹੀਂ ਕਰਦੇ ਉਹ ਨਰਕਗਾਂਮੀ ਹਨ।

( ਸਮੀਖਕ ) ਕੀ, ਜੈਨ ਮਤ ਵਿਚ ਕੋਈ ਦੁਸ਼ਟ ਵਾ ਨਰਕ ਗਾਮੀ

ਨਹੀਂ ਹੁੰਦਾ? ਸਭ ਹੀ ਮੁਕਤੀ ਨੂੰ ਜਾਂਦੇ ਹਨ? ਅਰ ਹੋਰ ਕੋਈ ਨਹੀਂ? ਕੀ ਏਹ ਉਨਮਤਪਨੇ ਦੀ ਬਾਤ ਨਹੀਂ ਹੈ? ਬਿਨਾ ਭੋਲੇ ਮਨੁਖਾਂ ਦੇ ਅਜਿਹੀ ਬਾਤ ਕਉਣ ਮਨ ਸਕਦਾ ਹੈ।

मूल—तिच्छराणं पूआसंमत्तगुणाणकारिणी भणिया।
साविय मिच्छत्तयरी जिण समये देसिया पूआ॥
प्रक० भाग २। षष्टी० सू० ९०॥

ਇਕ ਜਿਨ ਮੂਰਤੀਆਂ ਦੀ ਪੂਜਾ ਸਾਰ ਅਰ ਏਸ ਥੀਂ ਭਿੰਨ ਮਾਰ-ਗੀਆਂ ਦੀ ਮੂਰਤੀ ਪੂਜਾ ਅਸਾਰ ਹੈ, ਜੋ ਜਿਨ ਮਾਰਗ ਦੀ ਆਗਿਆ ਪਾਲਦਾ ਹੈ ਉਹ ਤਤ੍ਵ ਗਿਆਨੀ, ਜੋ ਨਹੀਂ ਪਾਲਦਾ ਉਹ ਤਤ੍ਵ ਗਿਆਨੀ ਨਹੀ॥

( ਸਮੀਖਕ ) ਵਾਹਜੀ! ਕੀ ਕਹਣਾ! ਕੀ ਤੁਹਾਡੀ ਮੂਰਤੀਪੂਜਾ ਪਖਾਂਣ ਆਦੀ ਜੜ ਪਦਾਰਥਾਂ ਦੀ ਨਹੀ ਜਿਹੀ ਕਿ ਵੈਸ਼ਨਵ ਆਦਕਾਂ ਦੀ ਹਨ? ਜਿਹੀ ਤੁਹਾਡੀ ਮੂਰਤੀਪੂਜਾ ਮਿਥਿਆ ਹੈ ਤੁਜਿਹੀ ਹੀ ਮੂਰਤੀ ਪੂਜਾ ਵੈਸ਼ਨਵ ਆਦਕਾਂ ਦੀ ਬੀ ਮਿਥਿਆ ਹੈ, ਜੋ ਤੁਸੀ ਤਤ੍ਵ ਗਿਆਂਨੀ ਬਣਦੇ ਹੋ ਅਰ ਹੋਰੀ ਨੂੰ ਅਤਤ੍ਵ ਗਿਆਂਨੀ ਬਣਾਂਦੇ ਓਏਸ ਥੀਮਲੂੰਮ ਹੁੰਦਾ ਹੈ ਕਿ ਤੁਹਾਡੇ ਮਤ ਵਿਚ ਤਤ੍ਵ ਗਿਆਂਨ ਨਹੀ ਹੈ॥

मूल—जिण आणा एधम्मो आणा रहि आण फुडं अहमुत्ति।
इयमुणि ऊण यतत्तं जिण आणाए कुणहु धम्मं॥
प्रक० भा० २। षष्टी० सू० ९२॥

ਜੋ ਜਿਨਦੇਵ ਦੀ ਆਗਿਆ, ਦਇਆ, ਖਿਮਾਂ ਆਦੀ ਰੂਪ ਧਰਮ ਹੈ ਓਸਥੀਂ ਅਨ ਸਭ ਆਗਿਆ ਅਧਰਮ ਹਨ॥

( ਸਮੀਖਕ ) ਏਹ ਕਿਨੇ ਵਡੇ ਅਨਿਆਂ ਦੀ ਗਲ ਹੈ, ਕੀ ਜੈਨ ਮਤ ਥੀਂ ਭਿੰਨ ਕੋਈ ਬੀ ਪੁਰਖ ਸਤਵਾਦੀ ਧਰਮਾਤਮਾ ਨਹੀ ਹੈ? ਕੀ ਓਸ ਧਰਮੀ ਜਨ ਨੂੰ ਨਾ ਮਨਣਾ ਚਾਹੀਏ? ਹਾਂ ਜੋ ਜੈਨਮਤ ਵਾਲਿਆਂ ਮਨੁਖਾਂ ਦੇ ਮੂੰਹ ਜਬਾਂਨ ਚਮੜੇ ਦੀ ਨਾ ਹੁੰਦੀ ਅਰ ਹੋਰਨਾਂ ਦੀ ਚਮੜੇ ਦੀ ਹੁੰਦੀ ਤਾਂ ਏਹ ਬਾਤ ਘਟ ਸਕਦੀ ਸੀ, ਏਸਥੀਂ ਅਪਣੇ ਹੀ ਮਤ ਦੇ ਗ੍ਰੰਥ, ਬਚਨ, ਸਾਧੂ ਆਦੀ ਦੀ ਅਜਿਹੀ ਵਡਿਆਈ ਕੀਤੀ ਹੈ ਕਿ ਜਾਣੋਂ ਭੰਡਾਂਦੇ ਵਡੇ ਭਰਾ ਹੀ ਜੈਨੀ ਲੋਕ ਬਣ ਰਹੇ ਹਨ॥

मूल - वक्वे मिनारया उविजेसिन्दुरकाइ सम्भरंताणम्
भव्वाण जणइ हरिहररिद्धि समिद्धी विउड्डोसं ॥
प्रक० भा० २। षष्टी० सू० ६५ ॥

ਏਸਦਾ ਮੁਖ ਭਾਤ ਪਰਜ ਏਹ ਹੈ ਕਿ ਜੋ ਹਰੀ ਹਰ ਆਦੀ ਦੇਵਾਂ ਦੀ ਵਿਭੂਤੀ ਹੈ ਉਹ ਨਰਕ ਦਾ ਕਾਰਣ ਹੈ, ਓਸਨੂੰ ਵੇਖਕੇ ਜੈਨੀਆਂ ਦੇ ਲੂੰ ਖਲੋ ਜਾਂਦੇ ਹਨ, ਜੀਕਣ ਰਾਜਾ ਦੀ ਆਗਿਆ ਭੰਗ ਕਰਨ ਥੀਂ ਮਨੁੱਖ ਮਰਣ ਤਿਕ ਦੁਖ ਪਾਂਦਾ ਹੈ, ਊਕਣ ਜਿਨੇਂਦ੍ਰ ਆਗਿਆ ਭੰਗ ਥੀਂ ਕਿਉਂ ਨਾ ਜਨਮ ਮਰਣ ਦੁਖ ਪਾਵੇਗਾ ?

(ਸਮੀਖਕ) ਵੇਖੋ ! ਜੈਨੀਆਂ ਦੇ ਆਚਾਰਜ ਆਦੀ ਦੀ ਮਾਨਸੀ ਬ੍ਰਿਤੀ ਅਰਥਾਤ ਉਪਰਦੇ ਕਪਟ ਅਰ ਛਲ ਦੀ ਲੀਲਾ, ਹੁਣ ਤਾਂ ਇਨ੍ਹਾਂ ਦੇ ਅੰਦ੍ਰ ਦੀ ਖੁਲ ਗਈ, ਹਰੀ ਹਰ ਆਦੀ ਅਰ ਉਨ੍ਹਾਂ ਦੇ ਉਪਾਸ਼ਕਾਂ ਦੇ ਈਸ਼੍ਵਰਜ ਅਰ ਵਾਧੇ ਨੂੰ ਵੇਖ ਥੀ ਨਹੀਂ ਸਕਦੇ, ਉਨ੍ਹਾਂ ਦੇ ਰੋਮ ਏਸ ਲਈ ਖਲੋ ਜਾਂਦੇ ਹਨ ਕਿ ਦੂਜੇ ਦਾ ਵਾਧਾ ਕਿਉਂ ਹੋਇਆ ? ਬਹੁਤ ਤਰਾਂ ਦੇ ਊਕਣ ਚਾਹੁੰਦੇ ਹੋਂਨਗੇ ਕਿ ਇਨ੍ਹਾਂ ਦਾ ਸਭ ਈਸ਼੍ਵਰਜ ਸਾਨੂੰ ਮਿਲ ਜਾਵੇ ਅਰ ਏਹ ਕੰਗਾਲ ਹੋਜਾਂਨ ਤਾਂ ਅਛਾ, ਅਰ ਰਾਜਾ ਦੀ ਆਗਿਆ ਦਾ ਦ੍ਰਿਸ਼ਟਾਂਤ ਏਸਲਈ ਦਿੰਦੇ ਹਨ, ਕਿ ਏਹ ਜੈਨ ਲੋਗ ਰਾਜਾ ਦੇ ਬਡੇ ਖੁਸ਼ਾਮਦੀ, ਝੂਠੇ ਅਰ ਡਰਾਕਲ ਹਨ, ਕੀ, ਝੂਠੀ ਗਲ ਥੀ ਰਾਜਾ ਦੀ ਮਨ ਲੈਣੀ ਚਾਹੀਏ ? ਜੋ ਈਰਖਾ ਕਰਨ ਵਾਲ਼ਾ ਦੁਏਸ਼ੀ ਹੋਵੇ ਤਾਂ ਜੈਨੀਆਂ ਥੀਂ ਵਧਕੇ ਦੂਜਾ ਕੋਈ ਥੀ ਨਾ ਹੋਵੇਗਾ ॥

मूल—जोदेइशुद्धधम्मं सो परमप्या जयम्मि नहु भन्नो।
किंकप्पदुम्म सरिसो इयरतरू होइकइयावि ॥
प्रक० भा० २। षष्टी० सू० १०१ ॥

ਉਹ ਮੂਰਖ ਲੋਗ ਹਨ ਜੋ ਜੈਨ ਧਰਮ ਥੀਂ ਵਿਰੁਧ ਹਨ, ਅਰ ਜੋ ਜਨਿੰਦ੍ਰ ਭਾਖਿਤ ਧਰਮ ਉਪਦੇਸ਼ਟਾ ਸਾਧੂ ਵਾ ਗ੍ਰਹਸਥੀ ਅਥਵਾ ਗ੍ਰੰਥ ਬਣਾਨ ਵਾਲੇ ਹਨ ਉਹ ਤੀਰਥੰਕਰਾਂ ਦੇ ਬਰਾਬਰ ਹਨ, ਉਨ੍ਹਾਂ ਦੇ ਬਰਾਬਰ ਕੋਈ ਥੀ ਨਹੀਂ ।

(ਸਮੀਖਕ) ਕਿਉਂ ਨਹੀਂ ? ਜੋ ਜੈਨੀ ਲੋਕ ਅਜਾਣ, ਬੁਧ ਨਾ ਹੁੰਦੇ ਤਾਂ ਅਜਿਹੀ ਬਾਤਾਂ ਕਿਉਂ ਮਨ ਬੈਠਦੇ ? ਜੀਕਣ ਕੰਜਰੀ ਬਿਨਾ ਅਪਣੇ ਦੇ ਦੂਜੇ ਦੀ ਉਸਤਤੀ ਨਹੀਂ ਕਰਦੀ ਊਕਣ ਹੀ ਏਹ ਬਾਤ ਥੀ ਦਿਸਦੀ ਹੈ।

मूल—जे असुणि अगुण दोषाते कह अवुहाणहुन्तिमभच्छा।
अहते विक्कुम भच्छाता क्सिअमि आण तुहत्तं ॥
प्रक० भा० २ । षष्टी० सू० १०२ ॥

ਜਿਨਿੰਦ੍ਰਦੇਵ ਤਿਸ ਕਰਕੇ ਕਹਿਆ ਸਿਧਾਂਤ ਅਰ ਜਿਨ ਮਤ ਦੇ ਉਪਦੇਸ਼ਟਾਂ ਦਾ ਤਿਆਗ ਕਰਨਾ ਜੈਨੀਆਂ ਨੂੰ ਜੋਗ ਨਹੀਂ।

(ਸਮੀਖਕ) ਏਹ ਜੈਨੀਆਂ ਦਾ ਹਠ, ਪਖਪਾਤ ਅਰ ਅਵਿਦਿਆ ਦਾ ਫਲ ਨਹੀਂ ਤਾਂ ਕੀ ਹੈ? ਕਿੰਤੂ ਜੈਨੀਆਂ ਦੀ ਥੋੜ੍ਹੀ ਜਿਹੀ ਬਾਤ ਛਡਕੇ ਹੋਰ ਸਾਰੇ ਤਿਆਗਣੇ ਜੋਗ ਹਨ ਜਿਸਦੀ ਕੁਝ ਥੋੜ੍ਹੀ ਜਿਹੀ ਬੀ ਬੁਧ ਹੋਵੇਗੀ ਉਹ ਜੈਨੀਆਂਦੇ ਦੇਵ, ਸਿਧਾਂਤ ਗ੍ਰੰਥ, ਅਰ ਉਪਦੇਸ਼ਟਾਂ ਨੂੰ ਵੇਖੇ, ਸੁਣੇ, ਵਿ-ਚਾਰੇ, ਤਾਂ ਉਸੇ ਸਮੇਂ ਨਿਰਸੰਦੇਹ ਛਡ ਦੇਵੇਗਾ॥

मूल—वयणे विसुगुरुजिणवल्लहस्सके सिंन उल्लस इसम्मं।
अहक ह्रदिव मणितेयं उलुआणंहरद्द अम्भत्तं ॥
प्रक० भा० २ । षष्टी० सू० १०८ ॥

ਜੋ ਜਿਨ ਬਚਨ ਦੇ ਅਨੁਸਾਰ ਚਲਦੇ ਹਨ ਉਹ ਪੂਜਾ ਜੋਗ, ਅਰ ਜੋ ਵਿਰੁਧ ਚਲਦੇਹਨ ਉਹ ਨਾ ਪੂਜਾ ਜੋਗ ਹਨ, ਜੈਨ ਗੁਰੂਆਂ ਨੂੰ ਮਨਣਾ ਅਰਥਾਤ ਹੋਰ ਮਾਰਗੀਆਂ ਨੂੰ ਨਾ ਮਨਣਾ।

(ਸਮੀਖਕ) ਭਲਾ ਜੋ ਜੈਨਲੋਕ ਹੋਰ ਅਗਿਆਨੀਆਂ ਨੂੰ ਪਸ਼ੂ ਫਾਕਰ ਚੇਲੇ ਕਰਕੇ ਨਾ ਬਨੁਦੇ ਤਾਂ ਉਨ੍ਹਾਂ ਦੇ ਜਾਲ ਥੀਂ ਛੁਟਕੇ ਅਪਣੀ ਮੁਕਤੀ ਦੇ ਸਾਧਨ ਕਰਕੇ ਜਨਮ ਸਫਲ ਕਰ ਲੈਂਦੇ, ਭਲਾ ਜੋ ਕੋਈ ਤੁਹਾਨੂੰ ਕੁਮਾਰਗੀ, ਕੁਗੁਰੂ, ਮਿਥਿਆ ਧਰਮੀ, ਅਰ ਕੁਪਦੇਸ਼ਟਾ ਕਹਨ ਤਾਂ ਤੁਹਾਨੂੰ ਕਿੰਨਾ ਦੁਖ ਲਗੇ? ਉਕਣ ਹੀ ਜੋ ਤੁਸੀ ਦੂਜੇ ਨੂੰ ਦੁਖਦਾਈ ਹੋ ਏਸ-ਲਈ ਤੁਹਾਡੇ ਮਤ ਵਿਚ ਅਸਾਰ ਬਾਤਾਂ ਬਹੁਤ ਸਾਰੀਆਂ ਭਰੀਆਂ ਹਨ।

मूल—तिहुअण जणं मरंतं दठूण निअन्तिजेन अप्पाणं।
विरमंतिम पावा उधिद्धी धिठत्तणं ताणम् ॥
प्रक० भा० २ । षष्टी० सू० १०९ ॥

ਜੋ ਮਰਣੇ ਤਿਕ ਦੁਖ ਹੋਵੇ ਤਾਂ ਬੀ ਖੇਤੀ ਵਿਆਪਾਰ ਆਦੀ ਕਰਮ

ਜੈਨੀ ਲੋਕ ਨਾ ਕਰਨ, ਕਿਉਂਕਿ ਏਹ ਕਰਮ ਨਰਕ ਵਿਚ ਲੈ ਜਾਣ ਵਾਲੇ ਹਨ।

(ਸਮੀਖਕ) ਜਦ ਕੋਈ ਜੈਨੀਆਂ ਥੀਂ ਪੁਛੇ ਕਿ ਤੁਸੀ ਵਿਆਪਾਰ ਆਦੀ ਕਰਮ ਕਿਉਂ ਕਰਦੇ ਹੋ ? ਇਨ੍ਹਾਂ ਕਰਮਾਂ ਨੂੰ ਕਿਉਂ ਨਹੀ ਛਡ ਦਿੰਦੇ, ਅਰ ਜੇ ਛਡਦੇਹੋ ਤਾਂ ਤੁਹਾਡੇ ਸ਼ਰੀਰ ਦਾ ਪਾਲਣ,ਪੋਖਣ ਬੀ ਨਾ ਹੋ ਸਕੇ, ਅਰ ਜੋ ਤੁਹਾਡੇ ਕਹਣ ਥੀਂ ਸਭ ਲੋਗ ਛਡ ਦੇਨ ਤਾਂ ਤੁਸੀ ਕੀ ਵਸਤੂ ਖਾਕੇ ਜੀਵੋਗੇ ? ਅਜਿਹਾ ਅਤ੍ਯਾਚਾਰ ਦਾ ਉਪਦੇਸ਼ ਕਰਨਾ ਸਦਾ ਵਿਅਰਥ ਹੈ,ਕੀ ਕਰਨ ਵਿਚਾਰੇ ਵਿਦਿਆ ਸਤ ਸੰਗਤ ਤੋਂ ਬਿਨਾਂ ਜੋ ਮਨ ਵਿਚ ਆਇਆ ਸੋ ਬਕ ਦਿੱਤਾ॥

मूल—तइया इमाण अहमा कारण रहिया पनाण गव्वेण।
जेजंपन्ति उशुत्तं तेसिंदिढ्ढिछपम्मिच्चे॥
प्रक० भा० २। षष्टी० सू० १२१॥

ਜੋ ਜੈਨ ਸ਼ਾਸਤ੍ਰ ਥੀਂ ਵਿਰੁਧ ਸ਼ਾਸਤ੍ਰਾਂ ਨੂੰ ਮਨੱਣ ਵਾਲੇ ਹਨ ਉਹ ਨੀਚ ਤੇ ਨੀਚ ਹਨ ਚਾਹੇ ਕੋਈ ਮਤਲਬੀ ਬੀ ਸਿਧ ਹੁੰਦਾ ਹੋਵੇ ਤਾਂ ਬੀ ਜੈਨ-ਮਤ ਥੀਂ ਵਿਰੁਧ ਨਾ ਬੋਲੇ, ਨਾ ਮਨੇ, ਚਾਹੇ ਕੋਈ ਮਤਲਬ ਸਿਧ ਹੁੰਦਾ ਹੈ ਤਾਂ ਬੀ ਹੋਰ ਮਤ ਦਾ ਤਿਆਗ ਕਰ ਦੇਵੇ॥

(ਸਮੀਖਕ) ਤੁਹਾਡੇ ਮੂਲ ਪੁਰਖਾਂ ਥੀਂ ਲੈਕੇ ਅਜ ਤਿਕ ਜਿਨੇ ਹੋ ਗਏ ਅਰ ਹੋਣਗੇ ਉਨ੍ਹਾਂ ਨੇ ਬਿਨਾ ਦੂਜੇ ਮਤ ਨੂੰ ਗਾਲੀ ਦੇਣ ਦੇ ਹੋਰ ਕੁਝ ਬੀ ਦੂਜੀ ਗਲ ਨਾ ਕੀਤੀ ਅਰ ਨਾ ਕਰਨ ਗੇ, ਭਲਾ ਜਿੱਥੇ ਜਿੱਥੇ ਜੈਨੀ ਲੋਗ ਅਪਣਾ ਮਤਲਬ ਸਿਧ ਹੁੰਦਾ ਵੇਖਦੇ ਹਨ ਉੱਥੇ ਚੇਲਿਆਂ ਦੇ ਬੀ ਚੇਲੇ ਬਣ ਜਾਂਦੇ ਹਨ ਤਾਂ ਅਜੇਹੀ ਮਿਥਿਆ,ਲੱਮੀ, ਚੌੜੀ ਗੱਪਾਂ ਦੇ ਮਾਰਣ ਵਿਚ ਥੋੜੀ ਬੀ ਲਜਿਆ ਨਹੀਂ ਆਉਂਦੀ ਏਹ ਵਡੇ ਸ਼ੋਕ ਦੀ ਗਲ ਹੈ:—

मूल—जम्बोर जिणस्सजिओ मिरई उस्सुत्तले सदेसणओ।
सागर कोड़ा कोड़िहिं मइ अइ भी भवरणे॥
प्रक० भा० २। षष्टी० सू० १२२॥

ਜੋ ਕੋਈ ਅਜਿਹਾ ਆਖੇ ਕਿ ਜੈਨ ਸਾਧੂਆਂ ਵਿਚ ਧਰਮ ਹੈ, ਸਾਡੇ ਅਰ ਹੋਰਨਾਂ ਵਿਚ ਬੀ ਧਰਮ ਹੈ ਤਾਂ ਉਹ ਮਨੁਖ ਕ੍ਰੋੜਾਂ ਦਰ ਕ੍ਰੋੜਾਂ ਵਰ੍ਹੇ ਤਿਕ ਨਰਕ ਵਿਚ ਰਹਕੇ ਫੇਰ ਬੀ ਨੀਚ ਜਨਮ ਪਾਂਉਂਦਾ ਹੈ॥

( ਸਮੀਖਕ ) ਵਾਹ ਜੀ ਵਾਹ ! ਵਿਦਿਆ ਦੇ ਵੈਰੀਓ ਤੁਸਾਂ ਨੇ ਏਹੀ ਵਿਚਾਰਿਆ ਹੋਵੇਗਾ ਕਿ ਸਾਡੇ ਮਿਥਿਆ ਬਚਨਾਂ ਦਾ ਕੋਈ ਖੰਡਨ ਨਾ ਕਰੇ, ਏਸਲਈ ਏਹ ਡਰਾਉਣਾ ਬਚਨ ਲਿਖਿਆ ਹੈ ਸੋ ਅਸੰਭਵ ਹੈ, ਹੁਣ ਕਿੱਥੋਂ ਤਿਕ ਤੁਹਾਨੂੰ ਸਮਝਾਈਏ ਤੁਸਾਂ ਨੇ ਤਾਂ ਝੂਠ ਨਿੰਦਿਆ ਅਰ ਹੋਰ ਮਤਾਂ ਨਾਲ ਵੈਰ ਵਿਰੋਧ ਕਰਨ ਉੱਤੇ ਹੀ ਲਕ ਬਨ੍ਹਕੇ ਅਪਣਾ ਮਤ ਲਬ ਸਿਧ ਕਰਨਾਂ ਕੜਾਹ ਪ੍ਰਸਾਦ ਦੇ ਸਮਾਨ ਸਮਝ ਲਿਆ ਹੈ।

ਮੂਲ—दूरे करणं दूरम्मि साहूणं तहयभावणा दूरे।
जिणधम्म सद्दहाणं पितिर कदुरकाइनिठवइ॥
प्रक० भा० २। षष्टी० सू० १२७॥

ਜਿਸ ਮਨੁਖ ਥੀਂ ਜੈਨ ਧਰਮ ਦਾ ਕੁਝ ਬੀ ਸੇਵਣ ਨਾ ਹੋ ਸਕੇ ਤਾਂ ਬੀ ਜੋ ਜੈਨ ਧਰਮ ਸਚਾ ਹੈ ਹੋਰ ਕੋਈ ਨਹੀ ਇਨੀ ਸ਼੍ਰਧਾ ਮਾਤ੍ਰ ਹੀ ਕਰਕੇ ਦੁਖ ਥੀਂ ਤਰ ਜਾਂਦਾ ਹੈ॥

( ਸਮੀਖਕ ) ਭਲਾ ਇਸ ਥੀਂ ਵਧੀਕ ਮੂਰਖਾਂ ਨੂੰ ਅਪਣੇ ਮਤ ਜਾਲ ਵਿਚ ਫਸਾਣ ਦੀ ਦੂਜੀ ਕੇਹੜੀ ਬਾਤ ਹੋਵੇਗੀ, ਕਿਉਂਕਿ ਕੁਝ ਕਰਮ ਕਰਨਾ ਨਾ ਪਵੇ ਅਰ ਮੁਕਤੀ ਹੋਹੀ ਜਾਵੇ ਅਜਿਹਾ ਭੁੰਦੂ ਮਤ ਕੇਹੜਾ ਹੋਵੇਗਾ॥

ਮੂਲ—कइया होही दिवसो जइया सुगुरूण पायमूलम्मि।
उस्सुत सविसलवर हिलेश्रोनिसुणे सुजिणधम्मं॥
प्रक० भा० २। षष्टी० सू० १२८॥

ਜੇ ਮੈਂ ਮਨੁਖ ਹਾਂ ਤਾਂ ਜਿਨਾਗਮ ਅਰਥਾਤ ਜੈਨਾਂਦੇ ਸ਼ਾਸਤ੍ਰਾਂ ਨੂੰ ਸੁਣਾਂ ਗਾ, ਉਤਸੂਤ੍ਰ ਅਰਥਾਤ ਹੋਰ ਮਤ ਦੇ ਗ੍ਰੰਥਾਂ ਨੂੰ ਕਦੀ ਨਾ ਸੁਣਾਂ ਗਾ, ਇੰਨੀ ਇਛਿਆ ਕਰੇ ਉਹ ਇੰਨੀ ਇਛਿਆਂ ਮਾਤ੍ਰ ਹੀ ਥੀਂ ਦੁਖ ਸਮੁੰਦ੍ਰ ਥੀਂ ਤਰ ਜਾਂਦਾ ਹੈ॥

( ਸਮੀਖਕ ) ਏਹ ਬੀ ਗਲ ਭੋਲੇ ਮਨੁਖਾਂ ਦੇ ਫਸਾਣ ਦੇ ਲਈ ਹੈ, ਕਿਉਂਕਿ ਇਸ ਪੂਰਬ ਉਕਤ ਇੱਛਾ ਥੀਂ ਏਥੋਂ ਦੇ ਦੁਖ ਸਮੁੰਦ੍ਰ ਥੀਂ ਬੀ ਨਹੀਂ ਤਰਦਾ, ਅਰ ਪੂਰਬ ਜਨਮ ਦੇ ਬੀ ਸੰਚਿਤ ਪਾਪਾਂ ਦੇ ਦੁਖਰੂਪੀ ਫਲ ਭੋਗੇ ਬਿਨਾਂ ਨਹੀ ਛੁਟ ਸਕਦਾ। ਜੋ ਅਜਿਹੀ੨ ਝੂਠ ਅਰਥਾਤ ਵਿਦਿਆ ਵਿਰੁਧ ਬਾਤ ਨਾ ਲਿਖਦੇ ਤਾਂ ਇਨ੍ਹਾਂ ਦੇ ਅਵਿਦਿਆਰੂਪ ਗ੍ਰੰਥਾਂ ਨੂੰ ਵੇਦ ਆਦੀ ਸ਼ਾਸਤ੍ਰ ਦੇਖ, ਸੁਣ, ਸਚ, ਝੂਠ ਜਾਣਕੇ ਇਨ੍ਹਾਂ ਦੇ ਪੋਲੇ ਗ੍ਰੰਥਾਂ ਨੂੰ ਛਡ

ਦਿੰਦੇ, ਪ੍ਰੰਤੂ ਅਜਿਹਾ ਜਕੜਕੇ ਇਨ੍ਹਾਂ ਅਵਿਦਵਾਨਾਂ ਨੂੰ ਬਨਿਆ ਹੈ ਕਿ ਏਸ ਜਾਲ ਥੀਂ ਕੋਈ ਇਕ ਬੁਧਵਾਂਨ ਸਤਸੰਗੀ ਚਾਹੇ ਛੁਟ ਸੱਕੇ ਤਾਂ ਬਣ ਸਕਦਾ ਹੈ ਪ੍ਰੰਤੂ ਹੋਰਨਾਂ ਜੜ ਬੁਧੀਆਂ ਦਾ ਛੁਟਣਾ ਤਾਂ ਬਹੁਤ ਅਉਖਾ ਹੈ ॥

मूल—जह्मजेणं हिंभणियं सुयववहारं विसोहियं तस्स ।
जायइ बिसुद्ध बोही जिणआणा राह गत्ताओ ॥
प्रक० भा० २ । षष्ठी० सू० १३८ ॥

ਜੋ ਜਿਨ ਆਚਾਰਜਾਂ ਨੈ ਕਹੇ ਸੂਤ੍ਰ, ਨਿਰੁਕਤ, ਬ੍ਰਿਤੀ, ਭਾਸ਼ ਚੂਰਣੀ ਮਨਦੇ ਹਨ ਉਹਾਹੀ ਸੁਭ ਵਿਹਾਰ ਅਰ ਦੁਖ ਕਰਕੇ ਸਹਾਰੇ ਜਾਣੇ ਵਾਲੇ ਵਿਵ-ਹਾਰ ਕਰਨ ਥੀਂ ਚਾਰਿਤ੍ਰ ਯੁਕਤ ਹੋਕੇ ਸੁੱਖਾਂ ਨੂੰ ਪ੍ਰਾਪਤ ਹੁੰਦੇ ਹਨ, ਹੋਰੀ ਮਤ ਦੇ ਗ੍ਰੰਥ ਵੇਖਣ ਥੀਂ ਨਹੀਂ ।

( ਸਮੀਖਕ ) ਕੀ, ਅਤਯੰਤ ਭੁਖੇ ਮਰਨ ਆਦੀ ਦੁਖ ਸਹਣ ਨੂੰ ਚਾ-ਰਿਤ੍ਰ ਕਹਿੰਦੇ ਹਨ, ਜੋ ਭੁੱਖਾ, ਤਿਹਾਇਆ ਮਰਨਾ ਆਦੀ ਹੀ ਚਾਰਿਤ੍ਰ ਹੈ ਤਾਂ ਬਹੁਤ ਸਾਰੇ ਮਨੁਖ ਕਾਲ ਵਾ ਜਿਨ੍ਹਾਂ ਨੂੰ ਅੱਨ ਆਦੀ ਨਹੀਂ ਮਿਲਦੇ ਭੁਖੇ ਮਰਦੇ ਹਨ ਉਹ ਸੁਧ ਹੋਕੇ ਸੁਭ ਫਲਾਂ ਨੂੰ ਪ੍ਰਾਪਤ ਹੋਣੇ ਚਾਹੀਏ, ਸੋ ਨਾ ਏਹ ਸੁਧ ਹੋਂਨ ਅਰ ਨਾ ਤੁਸੀਂ, ਕਿੰਤੂ ਪਿਤ ਆਦੀ ਦੇ ਵਧਣ ਥੀਂ ਰੋਗੀ ਹੋਕੇ ਸੁਖ ਦੇ ਬਦਲੇ ਦੁਖ ਨੂੰ ਪ੍ਰਾਪਤ ਹੁੰਦੇ ਹਨ, ਧਰਮ ਤਾਂ ਨਿਆਂਆਚਰਣ, ਬ੍ਰਹਮਚਰਜ, ਸਚ ਬੋਲਣ ਆਦੀ ਹੈ ਅਰ ਝੂਠ ਬੋਲਣਾ ਅਨਿਆਇਆ ਚਰਣ ਆਦੀ ਪਾਪ ਹੈ, ਅਰ ਸਾਰਿਆਂ ਨਾਲ ਪ੍ਰੀਤੀ ਪੂਰਬਕ ਪਰਉਪਕਾਰ ਵਾਸਤੇ ਵਰਤਣਾ ਸੁਭ ਚਾਰਿਤ੍ਰ ਕਹਾਂਦਾ ਹੈ, ਜੈਂਨ ਮਤ ਵਾਲਿਆਂ ਦਾ ਭੁਖਾ ਤਿਹਾਇਆ ਰਹਣਾ ਆਦੀ ਧਰਮ ਨਹੀਂ, ਇਨ੍ਹਾਂ ਸੂਤ੍ਰ ਆਦਕਾਂ ਨੂੰ ਮਨੱਣ ਥੀਂ ਥੋੜਾ ਜਿਹਾ ਸਚ ਅਰ ਵਧੀਕ ਝੂਠ ਨੂੰ ਪ੍ਰਾਪਤ ਹੋਕੇ ਦੁਖ ਸਮੁੰਦ੍ਰ ਵਿਚ ਡੁਬਦੇ ਹਨ ।

मूल—जइजाणसि जिणनाहो लोयायाराविपरक पभूओ ।
तातंतं मन्न तो कहमन्नासि लोअ आयारं ॥
प्रक० भा० २ । षष्ठी सू० १४८ ॥

ਜੋ ਉੱਤਮ ਪ੍ਰਾਰਬਧ ਵਾਲੇ ਮਨੁਖ ਹੁੰਦੇ ਹਨ ਉਹਾਹੀ ਜਿਨ ਧਰਮ ਦਾ ਗ੍ਰਹਣ ਕਰਦੇ ਹਨ ਅਰਥਾਤ ਜੋ ਜਿਨ ਧਰਮ ਦਾ ਗ੍ਰਹਣ ਨਹੀ ਕਰਦੇ ਉਨ੍ਹਾਂ ਦਾ ਪ੍ਰਾਰਬਧ ਨਸ਼ਟ ਹੈ ॥

( ਸਮੀਖਕ ) ਕੀ ਏਹ ਬਾਤ ਭੁਲਦੀ ਅਰ ਝੂਠ ਨਹੀ ਹੈ? ਕੀ ਹੋਰੀ ਮਤ ਵਿਚ ਅਛੀ ਪ੍ਰਾਲਬਧ ਵਾਲੇ ਅਰ ਜੈਨ ਮਤ ਵਿਚ ਨਸ਼ਟ ਪ੍ਰਾਲਬਧ ਵਾਲੇ ਕੋਈਬੀ ਨਹੀ ਹਨ? ਅਰ ਜੋ ਏਹ ਆਖਿਆ ਕਿ ਸਧਰਮੀ ਅਰਥਾਤ ਜੈਨ ਮਤ ਵਾਲੇ ਆਪਸਵਿਚ ਕਲੇਸ ਨਾ ਕਰਨ ਕਿੰਤੂ ਪ੍ਰੀਤੀ ਪੂਰਬਕ ਵਰਤਨ,ਏਸ ਥੀਂ ਏਹ ਬਾਤ ਸਿਧ ਹੁੰਦੀ ਹੈ ਕਿ ਦੂਜੇ ਦੇਸੰਗ ਕਲਹ ਕਰਨ ਵਿਚ ਬੁਰਿਆਈ ਜੈਨ ਲੋਗ ਨਹੀਂ ਮਨਦੇ ਹੋਂਨਗੇ, ਏਹਬੀ ਇਨ੍ਹਾਂ ਦੀ ਬਾਤ ਅਜੋਗ ਹੈ, ਕਿਉਂ ਕਿ ਸੱਜਨਪੁਰਖ ਸਜਨਾ ਦੇ ਨਾਲ ਪ੍ਰੇਮ ਅਰ ਦੁਸਟਾਂ ਨੂੰ ਸਿਖਿਆ ਦੇਕੇ ਅਛੀ ਸਿਖਿਆ ਵਾਲਾ ਕਰਦੇ ਹਨ,ਅਰ ਜੋ ਏਹ ਲਿਖਿਆ ਕਿ ਬ੍ਰਾਹਮਣ,ਤ੍ਰਿਦੰਡੀਂ ਪਰੀ ਬ੍ਰਾਜਕਾਚਾਰਜ ਅਰਥਾਤ ਸਨਿਆਸੀ ਅਰ ਤਾਪਸ ਆਦੀ ਅਰਥਾਤ ਬਿਰਾਗੀ ਆਦੀ ਸਭ ਜੈਂਨ ਮਤਦੇ ਸ਼ਤ੍ਰੂ ਹਨ । ਹੁਣ ਵੇਖੋ ਕਿ ਸਾਰਿਆਂ ਨੂੰ ਸ਼ਤ੍ਰੂ ਭਾਵ ਥੀਂ ਵੇਖਦੇ ਅਰ ਨਿੰਦਿਆ ਕਰਦੇ ਹਨ ਤਾਂ ਜੈਨੀਆਂ ਦੀ ਦਇਆ ਅਰੰ ਖਿਮਾ ਰੂਪ ਧਰਮ ਕਿਥੇ ਰਹਿਆ?ਕਿਉਂਕਿ ਜਦ ਦੂਜੇ ਉਤੇ ਦ੍ਵੇਸ਼ ਰਖਣਾ ਦਇਆ ਖਿਮਾਂਦਾ ਨਾਸ਼ ਅਰ ਏਸਦੇ ਬਰਾਬਰ ਕੋਈ ਦੂਜਾ ਹਿੰਸਾ ਰੂਪ ਦੋਸ਼ ਨਹੀਂ, ਜੀਕਣ ਦ੍ਵੇਸ਼ ਮੂਰਤੀਆਂ ਜੈਨ ਲੋਗ ਹਨ ਉਕਣ ਦੂਜੇ ਥੋੜੇ ਹੀ ਹੋਨਗੇ, ਰਿਖਭਦੇਵ ਥੀਂ ਲੈਕੇ ਮਹਾਂਬੀਰ ਤਿਕ ੨੪ ਤੀਰਥੰਕਰਾਂ ਨੂੰ ਰਾਗੀ, ਦ੍ਵੇਸ਼ੀ ਮਿਥਿਆ ਧਰਮਵਾਲੇ ਕਹੀਏ, ਅਰ ਜੈਨਮਤ ਮੱਨਣ ਵਾਲਿਆਂ ਨੂੰ ਸਨਪਾਤ ਤਪ ਵਿਚ ਫਸਿਆ ਹੋਇਆ ਮਨੀਏਂ, ਅਰ ਉਨ੍ਹਾਂਦਾ ਧਰਮ ਨਰਕ ਅਰ ਜ਼ੈਹਰਦੇ ਸਮਾਨ ਸਮਝੀਏ ਤਾਂ ਜੈਨੀਆਂ ਨੂੰ ਕਿਨੌਂ ਬੁਰਾ ਲਗੇ ਗਾ, ਏਸ ਲਈ ਜੈਨੀ ਲੋਗ ਨਿੰਦਿਆ ਅਰ ਪਰ ਮਤ ਦ੍ਵੇਸ਼ ਰੂਪੀ ਨਰਕ ਵਿਚ ਡੁਬਕੇ ਮਹਾਂਕਲੇਸ਼ ਭੋਗ ਰਹੇ ਹਨ, ਏਸਬਾਤ ਨੂੰ ਛਡ ਦੇਂਨ ਤਾਂ ਬਹੁਤ ਅਛਾ ਹੋਵੇ ॥

ਮੂਲ—एगो अगरू एगो विसाव गोचे दआणि विवद्वाणि।
तच्छयजं जिणदव्वं परुप्परन्तं न विचन्ति ॥
प्रक० भा० २ । षष्टी० सू० १५० ॥

ਸਭ ਸ਼੍ਰਾਵਕਾਂ ਦਾ ਦੇਵਗੁਰੂ ਧਰਮ ਇਕ ਹੈ, ਚੈਤਨਵੰਦਨ ਅਰਥਾਤ ਜਿਨ ਪ੍ਰਤੀਬਿੰਬ ਮੂਰਤੀਦੇ ਵਲ ਅਰ ਜਿਨ ਦ੍ਰਵ ਦੀ ਰਖਿਆ ਅਰ ਮੂਰਤੀ ਦੀ ਪੂਜਾ ਕਰਨਾ ਧਰਮ ਹੈ ॥

( ਸਮੀਖਕ ) ਹੁਣ ਵੇਖੋ! ਜਿੱਨਾ ਮੂਰਤੀ ਪੂਜਾਦਾ ਝਗੜਾ ਚਲਿਆ ਹੈ ਉਹ ਸਾਰਾ ਜੈਨੀਆਂਦੇ ਘਰ ਥੀਂ ਅਰ ਪਾਖੰਡਾਂ ਦਾ ਮੂਲਬੀ ਜੈਨ ਮਤ ਹੈ ।

(ਸ਼੍ਰਾਧ ਦਿਨਕ੍ਰਿਤ ਪਤ੍ਰੇ ੧) ਵਿਚ ਮੂਰਤੀ ਪੂਜਾ ਦੇ ਪ੍ਰਮਾਣਃ—

नवकारेण विबोहो ॥ १ ॥ अनुसरणं सावउ ॥ २ ॥ वयइं

ਙਮੇ ॥ ੩ ॥ ਜੋਗੇ ॥ ੪ ॥ ਚਿਯ ਵਨ੍ਦਣਗੇ ॥ ੫ ॥ ਯਚ੍ਚਰਖਾਣਂ
ਤੁ ਵਿਹਿ ਪੁਚ੍ਛਮ੍ ॥ ੬ ॥

ਇਤ ਆਦੀ ਸ਼੍ਰਾਵਕਾਂ ਨੂੰ ਪਹਲੇ ਦ੍ਵਾਰ ਵਿਚ ਨਵਕਾਰ ਦਾ ਜਪ ਕਰ ਜਾਂਣਾ ॥ ੧ ॥ ਦੂਜਾ ਨਵਕਾਰ ਜਪੇ ਪਿਛੋਂ ਮੈਂ ਸ਼੍ਰਾਵਕ ਹਾਂ ਯਾਦ ਕਰਨਾ ॥ ੨ ਤੀਜੇ ਅਣੁਬ੍ਰਿਤਾਦਕ ਸਾਡੇ ਕਿਨੇ ਹਨ ॥ ੩ ॥ ਚੌਥੇ ਦੁਆਰੇ ਚਾਰ ਵਰਗ ਵਿਚ ਅਗ੍ਰਗਾਮੀ ਮੋਖ ਹੈ, ਓਸ ਕਾਰਣ ਗਿਆਨ ਅਦਿਕ ਹੈ ਸੋ ਯੋਗ ਓਸਦਾ ਸਭ ਅਤੀਚਾਰ ਨਿਰਮਲ ਕਰਨ ਥੀਂ ਛੀ ਜਰੂਰੀ ਕਾਰਣ ਸੋਬੀ ਉਪਚਾਰਥੀਂ ਯੋਗ ਕਹਾਂਦਾ ਹੈ ਸੋ ਯੋਗ ਕਹੂੰ ਗੇ ॥ ੪ ॥ ਪੰਜਵੇਂ ਚੈਤਜਵੰਦ ਅਰਥਾਤ ਮੂਰਤੀ ਨੂੰ ਨਮਸਕਾਰ ਦ੍ਰਵਭਾਵ ਪੂਜਾ ਕਹੂੰਗੇ ॥ ੫ ॥ ਛੀਵਾਂ ਪ੍ਰਤਿ ਅਖਿਆਨ ਦ੍ਵਾਰ ਨਵਕਾਰ ਸੀ ਪ੍ਰਮੁਖ ਵਿਧੀ ਪੂਰਬਕ ਕਹੂੰ ਗੇ ਇਤ ਆਦੀ ॥੬॥ ਅਰ ਇਸੇ ਗ੍ਰੰਥਵਿਚ ਅਗੇ ਅਗੇ ਬਹੁਤਸਾਰੀ ਵਿਧੀਆਂ ਲਿਖੀਆਂ ਹਨ ਅਰਥਾਤ ਸੰਧਿਆ ਦੇ ਭੋਜਨ ਸਮੇਂਵਿਚ ਜਿਨ ਬਿੰਬ ਅਰਥਾਤ ਤੀਰਥੰਕਰਾਂ ਦੀ ਮੂਰਤੀ ਪੂਜਣਾ,ਅਰਦੁਆਰ ਪੂਜਣਾ ਅਰ ਦੁਆਰ ਪੂਜਾ ਵਿਚ ਬੜੇ ਬੜੇ ਬਖੇੜੇ ਹਨ। ਮੰਦਰ ਬਣਾਣ ਦੇ ਨੇਮ,ਪੁਰਾਣੇ ਮੰਦਰਾਂ ਨੂੰ ਬਣਵਾਣੇ ਅਰ ਸੁਧਾਰਣੇ ਥੀਂ ਮੁ-ਕਤੀ ਹੋ ਜਾਂਦੀ ਹੈ,ਮੰਦਰ ਵਿਚ ਇਸ ਪ੍ਰਕਾਰ ਜਾਕੇ ਬੈਠੇ ਵਡੇ ਭਾਉ ਪ੍ਰੀਤ ਥੀਂ ਪੂਜਾ ਕਰੇ— "ਨਮੋਜਿਨੇਂਦ੍ਰੇਭ੍ਯਃ"

ਇਤਆਦੀ ਮੰਤ੍ਰਾਂ ਥੀਂ ਅਸ਼ਨਾਨ ਆਦੀ ਕਰਾਣਾ।ਅਰ "ਜਲ, ਚੰਦਨ, ਪੁਸ਼ਪ, ਧੂਪ, ਦੀਪ ਨੈਃ" ਇਤਆਦੀ ਥੀਂ ਗੰਧ ਆਦੀ ਚੜ੍ਹਾਂਨ। (ਰਤਨ-ਸਾਰ ਭਾਗ ਦੇ ੧੨)ਪਤ੍ਰੇ ਵਿਚ ਮੂਰਤੀ ਪੂਜਾ ਦਾ ਫਲ ਇਹ ਲਿਖਿਆ ਹੈ ਕਿ ਪੁਜਾਰੀ ਨੂੰ ਰਾਜਾ ਵਾ ਪ੍ਰਜਾ ਕੋਈ ਬੀ ਨਾ ਰੋਕ ਸੱਕੇ।

( ਸਮੀਖਕ ) ਏਹ ਬਾਤਾਂ ਸਭ ਕਪੋਲ ਕਲਪਤ ਹਨ, ਕਿਉਂਕਿ ਬਹੁਤ ਸਾਰੇ ਜੈਨ ਪੁਜਾਰੀਆਂ ਨੂੰ ਰਾਜਾ ਆਦੀ ਰੋਕਦੇ ਹਨ। (ਰਤਨਸਾਰ॰ ਪਤ੍ਰੇ ੩) ਵਿਚ ਲਿਖਿਆ ਹੈ ਮੂਰਤੀ ਪੂਜਾ ਥੀਂ ਰੋਗ, ਪੀੜਾ ਅਰ ਬੜੇ ਦੋਸ਼ ਛੁਟ ਜਾਂਦੇ ਹਨ। ਇਕ ਕਿਸੈ ਨੈ ੫ ਕੌਡੀ ਦਾ ਫੁਲ ਚੜ੍ਹਾਇਆ ਓਸਨੈਂ ੧੮ ਦੇਸ਼ ਦਾ ਰਾਜ ਪਾਇਆ ਓਸਦਾ ਨਾਮ ਕੁਮਾਰ ਪਾਲ ਹੋਇਆ ਸੀ,ਇਤਆਦੀ ਸਭ ਬਾਤਾਂ ਝੂਠੀ ਅਰ ਮੂਰਖਾਂ ਦੇ ਲੁਭਾਂਣ ਦੀਆਂ ਹਨ,ਕਿਉਂਕਿ ਅਨੇਕ ਜੈਨੀ ਲੋਕ ਪੂਜਾ ਕਰਦੇ ੨ ਰੋਗੀ ਰਹਿੰਦੇ ਹਨ, ਅਰ ਇਕ ਵਿਘੇਦਾ ਬੀ ਰਾਜ ਪਥਰ ਆਦੀ ਮੂਰਤੀ ਪੂਜਾ ਥੀਂ ਨਹੀ ਮਿਲਦਾ, ਅਰ ਜੋ ਪੰਜ ਕੌਡੀ ਦਾ ਫੁਲ ਚੜ੍ਹਾਂ-ਨ ਥੀਂ ਰਾਜ ਮਿਲੇ ਤਾਂ ਪੰਜ ਕੌਡੀ ਦੇ ਫੁਲ ਚੜ੍ਹਾਕੇ ਸਭ ਭੂਗੋਲ ਦਾ ਰਾਜ ਕਿਉਂ ਨਹੀ ਕਰ ਲੈਂਦੇ?ਅਰ ਰਾਜ ਦੰਡ ਕਿਉਂ ਭੋਗਦੇ ਹਨ ? ਅਰ ਜੋ ਮੂਰ-ਤੀ ਪੂਜਾ ਕਰਕੇ ਸੰਸਾਰ ਸਮੁੰਦ੍ਰ ਥੀਂ ਤਰ ਜਾਂਦੇ ਹੋਂਨ ਤਾਂ ਗਿਆਨ ਸਮਕ ਦਰ-

ਥਨ ਅਰ ਚਾਰਿਤ੍ਰ ਕਿਉਂ ਕਰਦੇਓ? (ਰਤਨਸਾਰ ਭਾਗ ਪਤ੍ਰਾ੧੩)ਵਿਚ ਲਿਖਿਆ ਹੈ ਕਿ ਗੋਤਮ ਦੇ ਅੰਗੂਠੇ ਵਿਚ ਅੰਮ੍ਰਤ ਅਰ ਓਸਦੇ ਸਿਮਰਣ ਥੀਂ ਮਨਨਭਾਂਉਦਾ ਫਲ ਪਾਂਉਦਾ ਹੈ।

( ਸਮੀਖਕ ) ਜੋ ਅਜਿਹਾ ਹੋਵੇ ਤਾਂ ਸਭ ਜੈਨੀ ਲੋਕ ਅਮਰ ਹੋ ਜਾਂਣੇ ਚਾਹੀਏ ਸੋ ਨਹੀ ਹੁੰਦੇ, ਏਸਥੀਂ ਏਹ ਇਨ੍ਹਾਂਦੀ ਨਿਰੀ ਮੂਰਖਾਂਦੇ ਬਕਾਣ ਦੀ ਬਾਤਹੈ ,ਦੂਜਾ ਇਸ ਵਿਚ ਕੁਝਬੀ ਸਾਰ ਨਹੀ, ਇਨ੍ਹਾਂਦੀ ਪੂਜਾ ਕਰਨ ਦਾ ਸ਼ਲੋਕ (ਰਤਨਸਾਰ ਭਾਃ ਪਤ੍ਰੇ ੫੨ ਵਿਚਃ—

जलचन्दनधूपनैरथ दीपाद्यतकैर्नैवेद्यवस्त्रैः।
उपचारवरैर्जिनेन्द्रान् रुचिरैरद्य यजामहे॥

ਅਸੀ ਜਲ, ਚੰਨਣ, ਚਾਉਲ, ਫੁਲ, ਧੂਪ, ਦੀਪ, ਨੈਵੇਦ, ਕਪੜਾ, ਅਰ ਅਤੀ ਸ੍ਰੇਸ਼ਟ ਉਪਚਾਰਾਂ ਥੀਂ ਜਿੰਨੇਦ੍ਰ ਅਰਥਾਤ ਤੀਰਥੰਕਰਾਂ ਦੀ ਪੂਜਾ ਕਰੀਏ, ਇਸੇ ਥੀਂ ਅਸੀ ਕਹੀਦੇ ਹਾਂ ਕਿ ਮੂਰਤੀਪੂਜਾ ਜੈਨੀਆਂ ਥੀਂ ਚਲੀ ਹੈ ( ਵਵੇਕਸਾਰ ਪਤ੍ਰਾ ੨੧ ) ਜਿਨ ਮੰਦਰ ਵਿਚ ਮੋਹ ਨਹੀ ਆਉਂਦਾ ਅਰ ਸੰਸਾਰ ਸਮੁੰਦ੍ਰ ਦੇ ਪਾਰ ਉਤਾਰਣ ਵਾਲਾ ਹੈ। ( ਵਵੇਕਸਾਰ ਪਤ੍ਰਾ ੫੧ ਥੀਂ ੫੨ ) ਮੂਰਤੀ ਪੂਜਾ ਥੀਂ ਮੁਕਤੀ ਹੁੰਦੀ ਹੈ, ਅਰ ਜਿਨ ਮੰਦਰ ਵਿਚ ਜਾਣ ਥੀਂ ਅਛੇ ਗੁਣ ਆਉਂਦੇ ਹਨ, ਜੋ ਜਲ ਚੰਨਣ ਆਦੀ ਥੀਂ ਤੀਰਥੰਕਰਾਂ ਦੀ ਪੂਜਾ ਕਰੇ ਉਹ ਨਰਕ ਥੀਂ ਛੁਟ ਸੁਰਗ ਨੂੰ ਜਾਵੇ। ( ਵਿਵੇਕਸਾਰ ਪਤ੍ਰਾ ੫੫)ਜਿਨ ਮੰਦ੍ਰ ਵਿਚ ਰਿਖਭਦਵ ਆਦੀਦੀ ਮੂਰਤੀਆਂ ਦੇ ਪੂਜਣ ਥੀਂ ਧਰਮ, ਅਰਥ, ਕਾਂਮ ਅਰ ਮੋਖਦੀ ਸਿਧੀ ਹੁੰਦੀ ਹੈ। ( ਵਿਵੇਕਸਾਰ ਪਤ੍ਰਾ ੬੧ ) ਜਿਨ ਮੂਰਤੀਆਂ ਦੀ ਪੂਜਾ ਕਰੇ ਤਾਂ ਸਭ ਜਗਤ ਦੇ ਦੁਖ ਛੁਟ ਜਾਂਨ।

( ਸਮੀਖਕ ) ਹੁਣ ਵੇਖੋ ਇਨ੍ਹਾਂ ਦੀ ਅਵਿਦਿਆ ਵਾਲੀਆਂ ਅਸੰਭਵ ਬਾਤਾਂ ਜੋ ਏਸ ਪ੍ਰਕਾਰ ਥੀਂ ਪਾਪ ਆਦੀ ਬੁਰੇ ਕਰਮ ਛੁਟ ਜਾਂਨ, ਮੋਹ ਨਾ ਆਵੇ, ਸੰਸਾਰ ਸਮੁੰਦ੍ਰ ਥੀਂ ਪਾਰ ਉਤਰ ਜਾਂਨ, ਅੱਛੇ ਗੁਣ ਆਜਾਂਨ, ਨਰਕ ਨੂੰ ਛਡ ਸੁਰਗ ਵਿਚ ਜਾਨ ਧਰਮ, ਅਰਥ, ਕਾਂਮ, ਮੋਖ ਨੂੰ ਪ੍ਰਾਪਤ ਹੋਂਨ, ਅਰ ਸਾਰੇ ਦੁਖ ਛੁਟ ਜਾਂਨ ਤਾਂ ਸਭ ਜੈਨੀ ਲੋਗ ਸੁਖੀ ਅਰ ਸਭ ਪਦਾਰਥਾਂ ਦੀ ਸਿਧੀ ਨੂੰ ਪ੍ਰਾਪਤ ਕਿਉ ਨਹੀਂ ਹੁੰਦੇ? ਇਸੇ (ਵਿਵੇਕ ਸਾਰਦੇ ੩ ਪਤ੍ਰੇ)ਵਿਚ ਲਿਖਿਆ ਹੈ ਕਿ ਜਿਨ੍ਹਾਂ ਨੇ ਜਿਨ ਮੂਰਤੀ ਦਾ ਸਥਾਪਨ ਕੀਤਾ ਹੈ ਉਨ੍ਹਾਂ ਨੇ ਅਪਣੀ ਅਰ ਅਪਣੇ ਕੁਟੰਬ ਦੀ ਜੀਉਕਾ ਖੜੀ ਕੀਤੀ ਹੈ। ( ਵਿਵੇਕਸਾਰ ਪਤ੍ਰਾ ੨੨੫ ) ਸ਼ਿਵ, ਵਿਸ਼ਨੂ ਆਦੀ ਦੀ ਮੂਰਤੀਆਂ ਦੀ ਪੂਜਾ ਕਰਨੀ ਬਹੁਤ ਬੁਰੀ ਹੈ ਅਰਥਾਤ ਨਰਕ ਦਾ ਸਾਧਨ ਹਨ।

( ਸਮੀਖਕ ) ਭਲਾ ਜਦ ਸ਼ਿਵ ਆਦੀ ਦੀ ਮੂਰਤੀਆਂ ਨਰਕ ਦੇ ਸਾਧਨ ਹਨ ਤਾਂ ਜੈਨੀਆਂ ਦੀਆਂ ਮੂਰਤੀਆਂ ਕੀ ਉਜਿਹੀਆਂ ਨਹੀਂ? ਜੇ ਆਖੋ ਕਿ ਸਾਡੀਆਂ ਮੂਰਤਾਂ ਤਿਆਗੀ, ਸ਼ਾਂਤ ਅਰ ਸ਼ੁਭ ਮੁਦ੍ਰਾ ਵਾਲੀਆਂ ਹਨ ਏਸ ਲਈ ਅੱਛੀ, ਅਰ ਸ਼ਿਵ ਆਦੀ ਦੀ ਮੂਰਤੀ ਉਜਿਹੀ ਨਹੀਂ ਏਸ ਲਈ ਬੁਰੀ ਹਨ, ਤਾਂ ਇਨ੍ਹਾਂ ਨੂੰ ਕਹਣਾ ਚਾਹੀਏ ਕਿ ਤੁਹਾਡੀ ਮੂਰਤੀਆਂ ਤਾਂ ਲੱਖਾਂ ਰੁਪਈਆਂ ਦੇ ਮੰਦਰਾਂ ਵਿਚ ਰਹਿੰਦੀ ਹਨ ਅਰ ਚਨੱਣ ਕੇਸਰ ਆਦੀ ਚੜ੍ਹਦਾ ਹੈ ਫੇਰ ਤਿਆਗੀ ਕਿਸਤਰਾਂ, ਅਰ ਸ਼ਿਵ ਆਦੀ ਦੀ ਮੂਰਤੀਆਂ ਤਾਂ ਬਿਨਾਂ ਛਾਂ ਦੇ ਬੀ ਰਹਿੰਦੀਆਂ ਹਨ ਉਹ ਤ੍ਰਿਆਗੀ ਕਿਉ ਨਹੀਂ? ਅਰ ਜੋ ਸ਼ਾਂਤ ਆਖੋ ਤਾਂ ਜੜ ਪਦਾਰਥ ਸਭ ਕ੍ਰਿਆਂ ਰਹਤ ਹੋਂਣ ਥੀਂ ਸ਼ਾਂਤ ਹਨ, ਸਭ ਮੱਤਾਂ ਦੀ ਮੂਰਤੀ ਪੂਜਾ ਵਿਅਰਥ ਹੈ।

(ਪ੍ਰਸ਼ਨ) ਸਾਡੀ ਮੂਰਤੀਆਂ ਕਪੜੇ ਗਹਣੇ ਆਦੀ ਧਾਰਣ ਨਹੀਂ ਕਰਦੀਆਂ ਏਸਲਈ ਅਛੀਆਂ ਹਨ।

(ਉਤ੍ਰ) ਸਭ ਦੇ ਸਾਮਣੇ ਨੰਗੀ ਮੂਰਤੀਆਂ ਦਾ ਰਹਣਾ ਅਰ ਰਖਣਾ ਪਸ਼ੂ ਵਾਕਰ ਲੀਲਾ ਹੈ।

(ਪ੍ਰਸ਼ਨ) ਜੀਕਣ ਇਸਤ੍ਰੀ ਦਾ ਚਿਤ੍ਰ ਵਾ ਮੂਰਤੀ ਵੇਖਣ ਥੀਂ ਕਾਮ ਦੀ ਉਤਪੱਤੀ ਹੁੰਦੀ ਹੈ ਉਕਣ ਸਾਧੂ ਅਰ ਯੋਗੀਆਂ ਦੀ ਮੂਰਤੀਆਂ ਨੂੰ ਵੇਖਣ ਥੀਂ ਸ਼ੁਭ ਗੁਣ ਪ੍ਰਾਪਤ ਹੁੰਦੇ ਹਨ।

(ਉਤ੍ਰ) ਜੇ ਪਾਖਾਣ ਮੂਰਤੀਆਂ ਦੇ ਵੇਖਣ ਥੀਂ ਸ਼ੁਭ ਫਲ ਮਨਦੇਓ ਤਾਂ ਓਸਦੇ ਜੜਪਣਾ ਆਦੀ ਗੁਣ ਬੀ ਤੁਹਾਡ ਵਿਚ ਆ ਜਾਂਨਗੇ, ਜਦ ਜੜਬੁਧ ਹੋਵੋਗੇ ਤਾਂ ਸਦਾ ਨਸ਼ਟ ਹੋਜਾਓਗੇ। ਦੂਜਾ ਜੋ ਉਤੱਮ ਵਿਦਵਾਂਨ ਹਨ ਉਨ੍ਹਾਂ ਦੇ ਸੰਗ ਸੇਵਾ ਤੋਂ ਛੁਟੱਣ ਥੀਂ ਮੂਰਖਤਾ ਬੀ ਵਧੀਕ ਹੋਵੇਗੀ, ਅਰ ਜੋ ਜੋ ਦੋਸ਼ ਯਾਰ੍ਹਵੇਂ ਸਮੁਲਾਸ ਵਿਚ ਲਿਖੇ ਹਨ ਉਹ ਸਭ ਪਾਖਾਣ ਆਦੀ ਮੂਰਤੀ ਪੂਜਾ ਕਰਨ ਵਾਲਿਆਂ ਨੂੰ ਲਗਦੇ ਹਨ, ਏਸਲਈ ਜਿਹਾ ਜੈਨੀਆਂ ਨੇ ਮੂਰਤੀ ਪੂਜਾ ਵਿਚ ਝੂਠਾ ਰੌਲਾ ਮਚਾਇਆ ਹੈ ਉਕਣ ਇਨ੍ਹਾਂ ਦੇ ਮੰਤ੍ਰਾਂ ਵਿਚ ਬੀ ਬਹੁਤ ਸਾਰੀਆਂ ਅਸੰਭਵ ਗੱਲਾਂ ਲਿਖੀਆਂ ਹਨ। ਏਹ ਇਨ੍ਹਾਂ ਦਾ ਮੰਤ੍ਰ ਹੈ।(ਰਤਨਸਾਰ ਭਾਗ੦ਪਤ੍ਰੇ ੧)ਵਿਚ:—

नमो अरिहन्ताणं नमो सिद्धाणं नमो आयरियाणं नमो
उवज्झायाणं नमो लोए सव्वसाहूणं एसो पञ्च नमुक्कारो
सव्व पावप्पणासणो मङ्गलाचरणं च सव्वे सिपढमं हवइ
मङ्गलम्

ਏਸ ਮੰਤ੍ਰ ਦਾ ਵਡਾ ਮਹਾਤਮ ਲਿਖਿਆ ਹੈ,ਅਰ ਸਭ ਜੈਨੀਆਂ ਦਾ ਏਹ ਗੁਰੂ ਮੰਤ੍ਰ ਹੈ। ਏਸਦਾ ਅਜਿਹਾ ਮਹਾਤਮ ਧਰਿਆ ਹੈ ਕਿ ਤੈਤ੍ਰਪੁਰਾਣ ਭਟਾਂ ਦੀ ਬੀ ਕਥਾ ਨੂੰ ਪਰਾਜੈ ਕਰ ਦਿੱਤਾ ਹੈ, (ਸ੍ਰਾਧ ਦਿਨ ਕ੍ਰਿਤ ਪਤ੍ਰਾ ੩):–

नमुक्कार नवपदे ॥ ९ ॥

मवकव्व । मन्ताणमन्तो परमो इमुत्ति धेयाणधेयं परमं इमुत्ति ।
तत्ताणतत्तं भरमं पवित्तं संसारसत्ताणदुहाहयाणं ॥ १० ॥
–ताणं अवन्नु नो अत्थि । जीवाणं भवसायरे ।
बुडुडूं ताणं इमं मुतुं । न मुक्कारं सुपोययम् ॥ ११ ॥
काव्वं । अणेगजम्मं तरसंचियाणांदहाणंसारी रिअमीणुसीणुसाणं ।
कत्तीय भव्वाणभविज्जनासो न जावपत्तो नवकारमन्तो ॥ १२ ॥

ਜੋ ਏਹ ਮੰਤ੍ਰ ਹੈ ਪਵਿਤ੍ਰ ਅਰ ਪਰਮ ਮੰਤ੍ਰ ਹੈ,ਉਹ ਧਿਆਂਨ ਦੇਯੋਗ ਵਿਚ ਅਤਯੰਤ ਧਿਆਂਨ ਜੋਗ ਹੈ, ਸਾਰਾਂ ਵਿਚ ਅਤਯੰਤ ਸਾਰ ਹੈ, ਦੁਖਾਂ ਥੀਂ ਦੁਖੀ ਸੰਸਾਰੀ ਜੀਵਾਂ ਨੂੰ ਨਵਕਾਰ ਮੰਤ੍ਰ ਅਜਿਹਾ ਹੈ ਕਿ ਜੇਹੀ ਸਮੁੰਦ੍ਰ ਦੇ ਪਾਰ ਉਤਾਰਨ ਦੀ ਬੇੜੀ ਹੁੰਦੀ ਹੈ ॥ ੧੦ ॥ ਜੋ ਏਹ ਨਵਕਾਰਮੰਤ੍ਰ ਹੈ ਉਹ ਬੇੜੀ ਦੇ ਸਮਾਨ ਹੈ, ਜੋ ਏਸਨੂੰ ਛਡ ਦਿੰਦੇ ਹਨ ਉਹ ਸੰਸਾਰ ਸਮੁੰਦ੍ਰ ਵਿਚ ਡੁਬਦੇ ਹਨ, ਅਰ ਜੋ ਏਸਦਾ ਗ੍ਰਹਣ ਕਰਦੇ ਹਨ ਉਹ ਦੁਖਾਂ ਥੀਂ ਤਰ ਜਾਂਦੇ ਹਨ, ਜੀਵਾਂ ਨੂੰ ਦੁਖਾਂ ਥੀਂ ਵਖਰਾ ਰਖਣ ਵਾਲਾ,ਸਭ ਪਾਪਾਂਦਾ ਨਾਸ਼ ਕਰਨ ਵਾਲਾ ਮੁਕਤੀ ਕਰਨ ਵਾਲਾ ਏਸ ਮੰਤ੍ਰ ਦੇ ਬਿਨਾ ਦੂਜਾ ਕੋਈ ਨਹੀ ॥ ੧੧ ॥ਅਨੇਕ ਸੰਸਾਰਦੇ ਅੰਦਰ ਵਿਚ ਉਤਪੰਨ ਹੋਇਆ ਸ਼ਰੀਰ ਸਬੰਧੀਦੁਖ ਸੰਸਾਰੀ ਜੀਵਾਂ ਨੂੰ ਸੰਸਾਰ ਸਮੁੰਦਰ ਥੀਂ ਤਾਰਣੇ ਵਾਲਾ ਇਹੀ ਹੈ, ਜਦਤਿਕ ਨਵਕਾਰ ਮੰਤ੍ਰ ਨਹੀ ਪਾਇਆ ਤਦਤਿਕ ਸੰਸਾਰਸਮੁੰਦ੍ਰ ਥੀਂ ਜੀਵ ਨਹੀ ਤਰ ਸਕਦਾ ਏਹ ਅਰਥ ਸੂਤ੍ਰ ਵਿਚ ਕਹਿਆ ਹੈ,ਅਰ ਜੋ ਅਗਨੀ ਪ੍ਰਮੁਖ ਅਠ ਮਹਾਂ ਡਰਾਂ ਵਿਚ ਸਹਾਇਕ ਇਕ ਨਵਕਾਰ ਮੰਤ੍ਰ ਨੂੰਛਡਕੇ ਦੂਜਾ ਕੋਈ ਨਹੀ, ਜੀਕਣ ਮਹਾਂ ਰਤਨ'ਵੈਦੂਰਯ'ਨਾਮਕ ਮਣੀ ਗ੍ਰਹਣ ਕਰਨ ਵਿਚ ਆਵੇ,ਅਥਵਾ ਦੁਸ਼ਮਣ ਦੇ ਡਰਵਿਚ ਅਮੋਘ ਸ਼ਸਤ੍ਰ ਦੇ ਗ੍ਰਹਣ ਕਰਨ ਵਿਚ ਆਵੇ, ਉਕਣ ਸ਼ੁਤ ਕੇਵਲੀ ਦਾ ਗ੍ਰਹਣਕਰੇ,ਅਰ ਸਭ ਦੁਆਦਸ ਅੰਗੀਦਾ ਨਵਕਾਰਮੰਤ੍ਰ ਰਹਸ ਹੈ, ਏਸ ਮੰਤ੍ਰ ਦਾ ਅਰਥ ਏਹ ਹੈ ॥

'ਨਮੋ ਅਰੀ ਹੰਤਾਣੰ'——— ਸਭ ਤੀਰਥੰਕਰਾਂ ਨੂੰ ਨਮਸਕਾਰ।
'ਨਮੋਂ ਸਿਧਾਣੰ'——— ਜੈਨਮਤਦੇ ਸਭ ਸਿਧਾਂ ਨੂੰ ਨਮਸਕਾਰ।
'ਨਮੋਆਯਰੀਯਾਣੰ'——— ਜੈਨਮਤ ਦੇ ਸਭ ਅਚਾਰਜਾਂ ਨੂੰ ਨਮਸਕਾਰ।

'ਨਮੋਂ ਉਬਜਝਾਯਾਣੰ'– ਜੈਨਮਤ ਦੇ ਸਭ ਉਪਾਧਿਆਇਆਂ ਨੂੰ ਨਮਸਕਾਰ। 'ਨਮੋ ਲੋਯਸਬਸਾਹੂਣੰ' ਜਿਨੇ ਜੈਨ ਮਤਦੇ ਸਾਧੂ ਏਸ ਲੋਕ ਵਿਚ ਹਨ ਉਨ੍ਹਾਂ ਸਾਰਿਆਂ ਨੂੰ ਨਮਸਕਾਰ ਹੈ। ਯਦਪੀ ਮੰਤ੍ਰ ਵਿਚ ਜੈਨ ਪਦ ਨਹੀ ਹੈ ਤਥਾਪੀ ਜੈਨੀਆਂਦੇ ਅਨੇਕ ਗ੍ਰੰਥਾਂ ਵਿਚ ਬਿਨਾਂ ਜੈਨਮਤ ਦੇ ਹੋਰੀ ਕਿਸੇ ਨੂੰ ਨਮਸਕਾਰ ਬੀ ਨਾ ਕਰਨਾ ਲਿਖਿਆ ਹੈ ਏਸ ਲਈ ਏਹ ਅਰਥ ਠੀਕ ਹੈ। (ਤਤ੍ਵ ਵਿਵੇਕ ਪਤ੍ਰੇ ੧੬੬ )ਜੋ ਮਨੁਖ ਲਕੜੀ ਪਥੱਰ ਨੂੰ ਦੇਵ ਬੁਧ ਕਰ ਪੂਜ-ਦਾ ਹੈ ਉਹ ਅਛੇ ਫਲਾਂ ਨੂੰ ਪ੍ਰਾਪਤ ਹੁੰਦਾ ਹੈ॥

(ਸਮੀਖਕ) ਜੋ ਅਜਿਹਾ ਹੋਵੇ ਤਾਂ ਸਭ ਕੋਈ ਦਰਸ਼ਨ ਕਰਕੇ ਸੁਖ ਰੂਪ ਫਲਾਂ ਨੂੰ ਪ੍ਰਾਪਤ ਕਿਉਂ ਨਹੀ ਹੁੰਦੇ? ( ਰਤਨਸਾਰ ਭਾਗ੦ ਪਤ੍ਰਾ ੧੦) ਪਾਰਸ਼੍ਵਨਾਥ ਦੀ ਮੂਰਤੀ ਦੇ ਦਰਸ਼ਨ ਥੀਂ ਪਾਪ ਨਸ਼ਟ ਹੋ ਜਾਂਦੇ ਹਨ,( ਕਲਪਭਾਸ਼ ਪਤ੍ਰੇ ੫੧ ) ਵਿਚ ਲਿਖਿਆ ਹੈ ਕਿ ਸਵਾ ਲਖ ਮੰਦਰਾਂ ਪੁਰਾਣਿਆਂ ਦਾ ਬਣਾਣਾ ਕੀਤਾ, ਇਤਆਦੀ ਮੂਰਤੀ ਪੂਜਾ ਵਿਸ਼ੇ ਵਿਚ ਇਨ੍ਹਾਂ ਦਾ ਬਹੁਤ ਸਾਰਾ ਲੇਖ ਹੈ, ਇਸੇ ਥੀਂ ਸਮਝਿਆ ਜਾਂਦਾ ਹੈ ਕਿ ਮੂਰਤੀ ਪੂਜਾ ਦਾ ਮੂਲ ਕਾਰਣ ਜੈਨ ਮਤ ਹੈ। ਹੁਣ ਇਨ੍ਹਾਂ ਜੈਨੀਆਂ ਦੇ ਸਾਧੂਆਂ ਦੀ ਲੀਲਾ ਵੇਖੋ!( ਵਿਵੇਕਸਾਰ ਪਤ੍ਰਾ ੨੨੮ ) ਇਕ ਜੈਨਮਤ ਦਾ ਸਾਧੂ ਕੋਸ਼ਾ ਕੰਜਰੀ ਨਾਲ ਭੋਗ ਕਰਕੇ ਪਿਛੋਂ ਤਿਆਗੀ ਹੋਕੇ ਸੁਰਗ ਲੋਕ ਨੂੰ ਗਿਆ। ( ਵਿਵੇਕਸਾਰ ਪਤ੍ਰਾ੧੦ ) ਅਰਣਕ ਮੁਨੀ ਚਾਰਿਤ੍ਰ ਥੀਂ ਚੁਕਕੇ ਕਈ ਵਰ੍ਹੇਆਂ ਤਿਕ ਦਤੱ ਸੇਠ ਦੇ ਘਰ ਵਿਚ ਵਿਸ਼ੇ ਭੋਗਕਰਕੇ ਪਿਛੋਂ ਦੇਵਲੋਕ ਨੂੰ ਗਿਆ, ਸ਼੍ਰੀਕ੍ਰਿਸ਼ਨ ਦੇ ਪੁਤ੍ਰ ਢੰਢਣਮੁਨੀ ਨੂੰ ਸਜਾਲਿਆ ਚੁਕਕੇ ਲੈਗਿਆ, ਪਿਛੋਂ ਦੇਵਤਾ ਹੋਇਆ।( ਵਿਵੇਕਸਾਰ, ਪਤ੍ਰਾ ੧੫੬ ) ਜੈਨ ਮਤ ਦਾ ਸਾਧੂ ਲਿੰਗਧਾਰੀ ਅਰਥਾਤ ਭੇਖਧਾਰੀ ਮਾਤ੍ਰ ਹੋਵੇ ਤਾਂ ਬੀ ਓਸਦਾ ਆਦਰ ਸ਼੍ਰਾਵਕ ਲੋਕ ਕਰਨ, ਭਾਵੇਂ ਸਾਧੂ ਨੇਕ ਚਲਨ ਹੋਂਨ, ਭਾਵੇਂ ਬਦ ਚਲਨ ਹੋਂਨਸਭ ਪੂਜਾ ਜੋਗ ਹਨ।(ਵਿਵੇਕਸਾਰ ਪਤ੍ਰਾ੧੬੮) ਜੈਨਮਤ ਦਾ ਸਾਧੂ ਚਾਰਿਤ੍ਰ ਰਹਿਤ ਹੋਵੇ ਤਾਂ ਹੋਰ ਮਤ ਦੇ ਸਾਧੂਆਂ ਥੀਂ ਅਛਾ ਹੈ। (ਵਿਵੇਕਸਾਰ ਪਤ੍ਰਾ ੧੭੧ ) ਸ਼੍ਰਾਵਕ ਲੋਗ ਜੈਨਮਤ ਦੇ ਸਾਧੂਆਂ ਨੂੰ ਚਾਰਿਤ੍ਰ ਬਿਨਾਂ ਭ੍ਰਸ਼ਟ ਅਚਾਰ ਵਾਲਾ ਵੇਖਨ ਤਾਂ ਬੀ ਉਨ੍ਹਾਂ ਦੀ ਸੇਵਾ ਕਰਨੀ ਚਾਹੀਏ। ( ਵਿਵੇਕਸਾਰ,ਪਤ੍ਰਾ ੧੧੬ ) ਇਕ ਚੋਰ ਨੇ ਪੰਜ ਮੁੱਠੀ ਲੋਂਚਕੇ ਚਾਰਿਤ੍ਰ ਗ੍ਰਹਣ ਕੀਤਾ ਬਡਾ ਦੁਖ ਅਰ ਪਛਤਾਵਾ ਕੀਤਾ ਛੀਵੇਂ ਮਹੀਨੇ ਵਿਚ ਨਿਪਟ ਗਿਆਂਨ ਪਾਕੇ ਸਿਧ ਹੋਗਿਆ।

( ਸਮੀਖਕ ) ਹੁਣ ਵੇਖੋ! ਇਨ੍ਹਾਂ ਦੇ ਸਾਧੂ ਅਰ ਗ੍ਰਹਸਤੀਆਂ ਦੀ ਲੀਲਾ ਇਨ੍ਹਾਂ ਦੇ ਮਤ ਵਿਚ ਬਹੁਤ ਕੁਕਰਮ ਕਰਨਵਾਲਾ ਸਾਧੂ ਬੀ ਅਛੀ ਗਤੀ ਨੂੰ ਗਿਆ, ਅਰ ( ਵਿਵੇਕ ਸਾਰ ਪਤ੍ਰਾ ੧੦੬ ) ਵਿਚ ਲਿਖਿਆ ਹੈ ਕਿ

ਸ਼੍ਰੀ ਕ੍ਰਿਸਨ ਤੀਜੇ ਨਰਕ ਵਿਚ ਗਿਆ। (ਵਿਵੇਕਸਾਰ ਪਤ੍ਰਾ ੧੪੫) ਵਿਚ ਲਿਖਿਆ ਹੈ ਕਿ ਧਨੰਤ੍ਰੀ ਨਰਕ ਵਿਚ ਗਿਆ।( ਵਿਵੇਕਸਾਰ ਪਤ੍ਰਾ ੪੮)ਵਿਚ ਜੋਗੀ,ਜੰਗਮ,ਕਾਜੀ,ਮੁਲਾਂ,ਕਿਨੇ ਹੀ ਅਗਿਆਨ ਥੀਂ ਤਪ ਕਸ਼ੂ ਕਰਕੇ ਬੀ ਕੁਗਤੀ ਨੂੰ ਪਾਂਦੇ ਹਨ। (ਰਤਨਸਾਰ ਭਾਗ੦ਪਤ੍ਰਾ ੧੭੧) ਵਿਚ ਲਿਖਿਆ ਹੈ ਕਿ ਨੌ ਵਾਸੁਦੇਵ ਅਰਥਾਤ 'ਤ੍ਰਿਪਿਸ਼ਠਵਾਸੁਦੇਵ' 'ਦ੍ਵੀਪ੍ਰਿਸ਼ਠ ਵਾਸੁਦੇਵ' 'ਸ੍ਵਯੰਭੂ ਵਾਸੁਦੇਵ' ਪੁਰਸ਼ੋਤਮ ਵਾਸੁਦੇਵ' ਸਿੰਹਪੁਰਸ਼ ਵਾਸੁਦੇਵ' 'ਪੁਰਸ਼ ਪੁੰਡਰੀਕ ਵਾਸੁਦੇਵ' 'ਦਤ ਵਾਸੁਦੇਵ' 'ਲਖਮਣ ਵਾਸੁਦੇਵ' ਅਰ 'ਸ਼੍ਰੀ ਕ੍ਰਿਸ਼ਨ ਵਾਸੁਦੇਵ' ਏਹ ਸਾਰੇ ਯਾਰੁਵੇਂ, ਬਾਰੁਵੇਂ, ਚੌਦਵੇਂ, ਪੰਦ੍ਰਵੇਂ, ਅਠਾਰੁਵੇਂ, ਵੀਹ੍ਰੇ ਅਰ ਬਾਈਵੇਂ ਤੀਰਥੰਕ੍ਰਾਂਦੇ ਸਮੇਂ ਵਿਚ ਨਰਕ ਨੂੰ ਗਏ, ਅਰ ਨੌਂ ਪ੍ਰਤੀ ਵਾਸੁਦੇਵ ਅਰਥਾਤ 'ਅਸ਼੍ਵਗ੍ਰੀਵ ਪ੍ਰਤੀ ਵਾਸੁਦੇਵ' 'ਤਾਰਕ ਪ੍ਰਤੀ ਵਾਸੁਦੇਵ' 'ਮੋਦਕ ਪ੍ਰਤੀ ਵਾਸੁਦੇਵ' 'ਮਧੂ ਪ੍ਰਤੀ ਵਾਸੁਦੇਵ' 'ਨਿਸ਼ੁੰਭ ਪ੍ਰਤੀ ਵਾਸੁਦੇਵ' 'ਬਲੀ ਪ੍ਰਤੀ ਵਾਸੁਦੇਵ' 'ਪ੍ਰਹਲਾਦ ਪ੍ਰਤੀ ਵਾਸੁਦੇਵ' ਰਾਵਣ ਪ੍ਰਤੀ ਵਾਸੁਦੇਵ' ਅਰ 'ਜਰਾਸਿੰਧੂ ਪ੍ਰਤੀ ਵਾਸੁਦੇਵ' ਏਹ ਬੀ ਸਾਰੇ ਨਰਕ ਨੂੰ ਗਏ। ਅਰ ਕਲਪ ਭਾਸ਼ ਵਿਚ ਲਿਖਿਆ ਹੈ ਕਿ ਰਿਖਭ ਦੇਵ ਥੀਂ ਲੈਕੇ ਮਹਾਂਬੀਰ ਤਿਕ ੨੪ ਤੀਰਥੰਕਰ ਸਭ ਮੋਖ ਨੂੰ ਪ੍ਰਾਪਤ ਹੋਏ।

(ਸਮੀਖਕ) ਭਲਾ ਕੋਈ ਬੁਧਵਾਂਨ ਪੁਰਖ਼ ਵਿਚਾਰੇ ਕਿ ਇਨ੍ਹਾਂ ਦੇ ਸਾਧੂ ਗ੍ਰਹਸਥੀ ਅਰ ਤੀਰਥੰਕਰ ਜਿਨ੍ਹਾਂ ਵਿਚ ਬਹੁਤਸਾਰੇ ਕੰਜਰੀ ਭੋਗਣ ਵਾਲੇ,ਪਰ ਇਸਤ੍ਰੀ ਗਾਮੀ, ਚੋਰ ਆਦੀ ਸਭ ਜੈਨਮਤ ਵਾਲੇ ਸੁਰਗ ਅਰ ਮੁਕਤੀ ਨੂੰ ਗਏ ਅਰ ਸ਼੍ਰੀ ਕ੍ਰਿਸ਼ਨ ਆਦੀ ਮਹਾਂਧਰਮੀ ਮਹਾਤਮਾ ਸਭ ਨਰਕ ਨੂੰ ਗਏ ਇਹ ਕਿਨੀ ਬੜੀ ਬੁਰੀ ਬਾਤ ਹੈ? ਜੇਕਰ ਵਿਚਾਰਕੇ ਵੇਖੀਏ ਤਾਂ ਅਛੇ ਪੁਰਖ ਨੂੰ ਜੈਨੀਆਂਦਾ ਸੰਗ ਕਰਨਾ ਵਾ ਉਨ੍ਹਾਂ ਨੂੰ ਵੇਖਣਾ ਬੀ ਬੁਰਾ ਹੈ, ਕਿਉਂਕਿ ਜੋ ਇਨ੍ਹਾਂਦਾ ਸੰਗ ਕਰੇ ਤਾਂ ਅਜਿਹੀ ਹੀ ਝੂਠੀ ਝੂਠੀ ਗਲਾਂ ਓਸਦੇ ਬੀ ਦਿਲ ਵਿਚ ਠੈਹਰ ਜਾਂਨਗੀਆਂ, ਕਿਉਂਕਿ ਇਨ੍ਹਾਂ ਮਹਾਂ ਹਠੀ,ਖੋਟੇ ਹਠ ਵਾਲੇ ਮਨੁਖਾਂ ਦੇ ਸੰਗਥੀਂ ਬਿਨਾ ਬੁਰਿਆਈਆਂ ਦੇ ਹੋਰ ਕੁਝਬੀ ਪਲੇ ਨਾ ਪੈਸੀ। ਹਾਂ! ਜੋ ਜੈਨੀਆਂ ਵਿਚ ਉਤਮ ਜਨ * ਹਨ ਉਨ੍ਹਾਂ ਨਾਲ ਸਤਸੰਗ ਆਦੀ ਕਰਨ ਵਿਚ ਕੁਝਬੀ ਦੋਸ਼ ਨਹੀ। [ਵਿਵੇਕਸਾਰ੦ਪਤ੍ਰਾ ੫੫] ਵਿਚ ਲਿਖਿਆ ਹੈ ਕਿ ਗੰਗਾ ਆਦੀ ਤੀਰਥ ਅਰ ਕਾਂਸ਼ੀ ਆਦੀ ਖੇਤ੍ਰਾਂਦੇ ਸੇਵਣ ਥੀਂ ਕੁਝਬੀ ਪਰਮਾਰਥ ਸਿਧ ਨਹੀ ਹੁੰਦਾ, ਅਰ ਅਪਣੇ ਗਿਰਨਾਰ, ਪਾਲੀਟਾਣ

* ਜੋ ਉਤਮ ਜਨ ਹੋਵੇ ਗਾ ਉਹ ਇਸ ਅਸਾਰ ਜੈਨ ਮਤ ਵਿਚ ਕਦੀ ਨ ਰਹ੍ਹੇ ਗਾ॥

ਅਰ ਆਬੂ ਆਦੀ ਤੀਰਥ ਖੇਤ੍ਰ ਮੁਕਤੀ ਤਿਕ ਦੇ ਦੇਣ ਵਾਲੇ ਹਨ॥

( ਸਮੀਖਕ ) ਏਥੇ ਵਿਚਾਰ ਕਰਨਾ ਚਾਹੀਏ ਕਿ ਜੀਕਨ ਸ਼ੈਵ, ਵੈਸ਼ਨਵ ਆਦੀ ਦੇ ਤੀਰਥ ਅਰ ਖੇਤ੍ਰ ਜਲ, ਥਲ ਜੜ ਸਰੂਪ ਹਨ, ਊਕਣ ਜੈਨੀਆਂ ਦੇ ਬੀ ਹਨ, ਇਨ੍ਹਾਂ ਵਿਚ ਇਕ ਦੀ ਨਿੰਦਿਆ ਅਰ ਦੂਜੇ ਦੀ ਉਸਤਤ ਕਰਨਾ ਮੂਰਖਤਾ ਦਾ ਕੰਮ ਹੈ॥

## ਜੈਨੀਆਂ ਦੀ ਮੁਕਤੀ ਦਾ ਵਰਣਨ॥

( ਰਤਨਸਾਰ ਭਾਃ ਪਤ੍ਰਾ ੨੩ ) ਮਹਾਂਬੀਰ ਤੀਰਥੰਕਰ ਗੌਤਮ ਜੀ ਨੂੰ ਕਹਿੰਦੇ ਹਨ ਕਿ ਉਪਰਲੇ ਲੋਕ ਵਿਚ ਇਕ ਸਿਧਸਿਲਾ ਜਗਾਹ ਹੈ ਸੁਰਗ ਪੁਰੀ ਦੇ ਉਪੱਰ ਪੰਜਤਾਲੀ ਲਖ ਜੋਜਨ ਲੰਮੀ ਅਰ ਉਨੀ ਹੀ ਪੋਲੀ ਹੈ, ਤਥਾ ੮ ਜੋਜਨ ਮੋਟੀ ਹੈ, ਜੀਕਣ ਮੋਤੀ ਦਾ ਚਿਟਾ ਹਾਰ ਵਾ ਗਊ ਦੁਧ ਹੈ ਓਸਥੀਂ ਬੀ ਚਿਟੀ ਸੋਨੇ ਦੇ ਵਾਕਰ ਚਮਕ ਵਾਲੀ ਅਰ ਬਲੌਰ ਥੀਂ ਬੀ ਸਾਫ ਹੈ, ਉਹ ਸਿਧਸਿਲਾ ੧੪ ਚੋਦਵੇਂ ਲੋਕ ਦੀ ਟੀਸੀ ਉਪੱਰ ਹੈ ਅਰ ਓਸ ਸਿਧਸਿਲਾ ਦੇ ਉਪਰ ਸ਼ਿਵਪੁਰ ਧਾਮ ਓਸ ਵਿਚ ਬੀ ਮੁਕਤ ਪੁਰਸ਼ ਅਧਰ ਰਹਿੰਦੇ ਹਨ, ਉਥੇ ਜਨਮ ਮਰਨ ਆਦੀ ਕੋਈ ਦੋਸ਼ ਨਹੀਂ, ਅਰ ਅਨੰਦ ਕਰਦੇ ਰਹਿੰਦੇ ਹਨ, ਫੇਰ ਜਨਮ ਮਰਣ ਵਿਚ ਨਹੀਂ ਆਉਂਦੇ ਸਭ ਕਰਮਾਂ ਥੀਂ ਛੁਟ ਜਾਂਦੇ ਹਨ, ਏਹ ਜੈਨੀਆਂ ਦੀ ਮੁਕਤੀ ਹੈ।

( ਸਮੀਖਕ ) ਵਿਚਾਰਨਾ ਚਾਹੀਏ ਕਿ ਜੀਕਣ ਹੋਰੀ ਮਤ ਵਿਚ ਵੈਕੁੰਠ ਕੈਲਾਸ, ਗੋਲੋਕ, ਸ੍ਰੀਪੁਰ ਆਦੀ ਪੁਰਾਣੀ, ਚੌਥੇ ਅਸਮਾਨ ਵਿਚ ਈਸਾਈ, ਸਤਵੇਂ ਅਸਮਾਨ ਵਿਚ ਮੁਸਲਮਾਨਾਂ ਦੇ ਮਤ ਵਿਚ ਮੁਕਤੀ ਦੀ ਜਗਾਹ ਲਿਖੀਆਂ ਹਨ, ਉਕਣ ਹੀ ਜੈਨੀਆਂ ਦੀ ਸਿਧਸਿਲਾ ਅਰ ਸ਼ਿਵਪੁਰੀ ਬੀ ਹੈ, ਕਿਉਂਕਿ ਜਿਸਨੂੰ ਜੈਨੀ ਲੋਕ ਉਚਾ ਮਨਦੇ ਹਨ ਓਹੀ ਹੇਠਾਂ ਵਾਲੇ ਜੋ ਕਿ ਸਾਡੇ ਥੀਂ ਭੂਗੋਲ ਦੇ ਹੇਠਾਂ ਰਹਿੰਦੇ ਹਨ ਉਨ੍ਹਾਂ ਦੀ ਅਪੇਖਿਆ ਵਿਚ ਨੀਵਾਂ ਹੈ, ਉਚਾ ਨੀਵਾਂ ਵਿਵਸਥਾ ਕੀਤਾ ਹੋਇਆ ਪਦਾਰਥ ਨਹੀ ਹੈ, ਜੋ ਆਰਯਾਵਰਤ ਬਾਸੀ ਜੈਨੀ ਲੋਕ ਉਚਾ ਮਨਦੇ ਹਨ ਉਸੇਨੂੰ ਅਮਰੀਕਾ ਵਾਲੇ ਨੀਵਾਂ ਮਨਦੇ ਹਨ, ਅਰ ਆਰਯਾਵਰਤ ਬਾਸੀ ਜਿਸਨੂੰ ਨੀਵਾਂ ਮਨਦੇ ਹਨ ਉਸੇਨੂੰ ਅਮਰੀਕਾ ਵਾਲੇ ਉਚਾ ਮਨਦੇ ਹਨ, ਭਾਵੇਂ ਉਹ ਸਿਲਾ ਪੰਜਤਾਲੀ ਲਖ ਥੀਂ ਦੂਣੀ ਨਵੇ ਲਖ ਕੋਹ ਦੀ ਹੁੰਦੀ ਤਾਂ ਬੀ ਉਹ ਮੁਕਤ ਬੰਧਨ ਵਿਚ ਹਨ, ਕਿਉਂਕਿ ਓਸ ਸਿਲਾ ਵਾ ਸ਼ਿਵਪੁਰ ਦੇ ਬਾਹਰ ਨਿਕਲਣ ਥੀਂ ਉਨ੍ਹਾਂ ਦੀ ਮੁਕਤੀ ਛੁਟ ਜਾਂਦੀ ਹੋਵੇਗੀ, ਅਰ ਸਦਾ ਓਸ ਵਿਚ ਰਹਣ ਦੀ ਪ੍ਰੀਤ ਅਰ ਓਸਥੀਂ ਬਾਹਰ ਜਾਣ ਵਿਚ ਨਾ ਪ੍ਰੀਤ ਬੀ ਰਹਿੰਦੀ ਹੋਵੇਗੀ, ਜਿਥੇ ਅਟਕਾ ਪ੍ਰੀਤ, ਅਰ ਨਾ ਪ੍ਰੀਤ

ਹੈ ਓਸਨੂੰ ਮੁਕਤੀ ਕਿਸਤਰਾਂ ਕਹ ਸਕਨੇ ਹਾਂ? ਮੁਕਤੀ ਤਾਂ ਜੇਹੀ ਨੌਵੇਂ ਸਮੁਲਾਸ ਵਿਚ ਵਰਣਨ ਕਰ ਆਏ ਹਾਂ ਉਜਿਹੀ ਮਨਣੀ ਠੀਕ ਹੈ, ਅਰ ਏਹ ਜੈਨੀਆਂ ਦੀ ਮੁਕਤੀ ਬੀ ਇਕ ਪ੍ਰਕਾਰ ਦਾ ਬੰਧਨ ਹੈ,ਏਹ ਜੈਨੀ ਬੀ ਮੁਕਤੀ ਵਿਸ਼ੇ ਵਿਚ ਭਰਮ ਨਾਲ ਫਾਥੇ ਹਨ। ਏਹ ਸਚ ਹੈ ਕਿ ਬਿਨਾਂ ਵੇਦਾਂ ਦੇ ਠੀਕ ਅਰਥ ਗਿਆਨ ਦੇ ਮੁਕਤੀ ਦੇ ਸਰੂਪ ਨੂੰ ਕਦੀ ਨਹੀ ਜਾਂਣ ਸਕਦੇ॥

ਹੁਣ ਹੋਰ ਬੀ ਥੋੜੀ ਜੇਹੀਆਂ ਅਣਹੋਂਦੀਆਂ ਗਲਾਂ ਇਨ੍ਹਾਂ ਦੀਆਂ ਸੁਣੋ। (ਵਿਵੇਕਸਾਰ ਪਤ੍ਰਾ ੭੮) ਇਕ ਕ੍ਰੋੜ ਸਠ ਲਖ ਗਾਗਰਾਂ ਨਾਲ ਮਹਾਂਬੀਰ ਨੂੰ ਜਨਮ ਵੇਲੇ ਵਿਚ ਅਸ਼ਨਾਨ ਕਰਾਇਆ। ( ਵਿਵੇਕ੦ਪਤ੍ਰਾ ੧੩੬ ) ਦਸਾਰਣ ਰਾਜਾ ਮਹਾਂਬੀਰ ਦੇ ਦਰਸ਼ਨ ਨੂੰ ਗਿਆ, ਉਥੇ ਕੁਝ ਅਭਮਾਨ ਕੀਤਾ ਓਸਦੇ ਦੂਰ ਕਰਨ ਦੇ ਲਈ ੧੬, ੭੭ ੭੨, ੧੬੦੦੦ ਇਨੇ ਇੰਦ੍ਰ ਦੇ ਸਰੂਪ ਅਰ ੧੩, ੩੭, ੦੫੭, ੨,੮ ੦ ੦ ੦ ੦ ੦ ੦ ੦ ੦ ਇਨੀਆਂ ਇੰਦ੍ਰਾਣੀਆਂ ਉਥੇ ਆਈਆਂ ਸਨ,ਵੇਖਕੇ ਰਾਜਾ ਅਚਰਜ ਹੋਗਿਆ।

(ਸਮੀਖਕ) ਹੁਣ ਵਿਚਾਰਨਾ ਚਾਹੀਏ ਕਿ ਇੰਦ੍ਰ ਅਰ ਇੰਦ੍ਰਾਣੀਆਂ ਦੇ ਖਲੋਤੇ ਰਹਣ ਦੇ ਲਈ ਅਜਿਹੇ ੨ ਕਿਨੇ ਹੀ ਭੂਗੋਲ ਚਾਹੀਏ। (ਸ੍ਰਾਧ ਦਿਨਕ੍ਰਿਤ੍ਯ ਆਤਮ ਨਿੰਦਾ ਭਾਵਨਾ ਪਤ੍ਰਾ ੩੧) ਵਿਚ ਲਿਖਿਆ ਹੈ ਕਿ ਬਾਉਲੀ,ਖੂਹ, ਅਰ ਤਲਾ ਨਾ ਬਣਵਾਣੇ ਚਾਹੀਏ।

(ਸਮੀਖਕ) ਭਲਾ ਜੋ ਸਭ ਮਨੁਖ ਜੈਨ ਮਤ ਵਿਚ ਹੋਜਾਂਣ ਅਰ ਖੂਹ, ਤਲਾ, ਬਾਉਲੀ ਆਦੀ ਕੋਈ ਬੀ ਨਾ ਬਣਵਾਂਨ ਤਾਂ ਸਭ ਲੋਕ ਪਾਂਣੀ ਕਿਥੋਂ ਬੀ ਪੀਣ?

(ਪ੍ਰਸ਼ਨ) ਤਲਾ ਆਦੀ ਬਣਵਾਣੇ ਥੀਂ ਜੀਵ ਪੈਂਦੇ ਹਨ ਓਸ ਥੀ ਬਣਵਾਣੇ ਵਾਲੇ ਨੂੰ ਪਾਪ ਲਗਦਾ ਹੈ ਏਸ ਲਈ ਅਸੀ ਜੈਨੀ ਲੋਕ ਏਸ ਕੰਮ ਨੂੰ ਨਹੀਂ ਕਰਦੇ।

( ਉੱਤਰ ) ਤੁਹਾਡੀ ਬੁਧ ਮਾਰੀ ਕਿਉ ਗਈ? ਕਿਉਂਕਿ ਜੀਕਣ ਜਰਾ੨ ਜਿੱਨੇ ਜੀਵਾਂ ਦੇ ਮਰਣ ਥੀਂ ਪਾਪ ਗਿਣਦੇ ਹੋ ਤਾਂ ਬੜੇ ੨ ਗਊ ਆਦੀ ਪਸ਼ੂ ਅਰ ਮਨੁਖ ਆਦੀ ਪ੍ਰਾਣੀਆਂ ਦੇ ਜਲ ਪੀਂਣ ਆਦੀ ਥੀਂ ਮਹਾਂ ਪੁੰਨ ਹੋਵੇਗਾ ਓਸਨੂੰ ਕਿਉ ਨਹੀਂ ਗਿਣਦੇ।(ਤਤਵਵੇਕ੦ਪਤ੍ਰਾ ੧੯੬)ਏਸ ਨਗਰੀ ਵਿਚ ਇਕ ਨੰਦਮਣੀਕਾਰ ਸੇਠ ਨੇ ਬਾਉਲੀ ਬਣਵਾਈ, ਓਸ ਥੀਂ ਧਰਮ ਭ੍ਰਿਸ਼ਟ ਹੋਕੇ ਸੋਲਾਂ ਮਹਾਂ ਰੋਗ ਹੋਏ, ਮਰਕੇ ਉਸੇ ਬਾਉਲੀ ਵਿਚ ਡਡੂ ਹੋਇਆ, ਮਹਾਂਬੀਰ ਦੇ ਦਰਸ਼ਨ ਥੀਂ ਓਸ ਨੂੰ ਜਾਤੀ ਯਾਦ ਆਗਈ, ਮਹਾਂਬੀਰ ਕਹੰਦੇ ਹਨ ਕਿ ਮੇਰਾ ਆਉਣਾ ਸੁਣਕੇ ਉਹ ਪਿਛਲੇ ਜਨਮ ਦੇ ਧਰਮ ਦਾ ਅਚਾਰਜ ਜਾਂਣ ਮਥਾ ਟੇਕਣ ਨੂੰ ਆਉਣ ਲੱਗਾ, ਰਸਤੇ ਵਿਚ ਸ਼੍ਰੇਣਕ ਦੇ ਘੋੜੇ ਦੀ ਟਾਪ ਥੀਂ ਮਰਕੇ ਅੱਛੇ ਧਿਆਂਨ

ਦੇ ਜੋਗ ਥੀਂ ਦਰਦੁਰਾਂਕ ਨਾਮ ਮਹਰਧਿਕ ਦੇਵਤਾ ਹੋਇਆ, ਅਵਧੀ ਗਿਆਨ ਥੀਂ ਮੈਨੂੰ ਇਥੇ ਆਇਆ ਜਾਣ ਮੱਥਾ ਟੇਕ ਕੇ ਰਿੱਧੀ ਵਿਖਾਕੇ ਗਿਆ ॥

( ਸਮੀਖਕ ) ਇਤਆਦੀ ਵਿਦਿਆ ਵਿਰੁਧ ਅਣਹੋਂਦ ਮਿਥਿਆ ਬਾਤ ਦੇ ਕਹਣ ਵਾਲੇ ਨੂੰ ਮਹਾਂਬੀਰ ਸਾਰਿਆਂ ਨਾਲੋਂ ਉੱਤਮ ਮਨਣਾ ਮਹਾਂ ਭੁਲੇਖੇ ਦੀ ਬਾਤਹੈ(ਸਾਧ ਦਿਨ ਕ੍ਰਿਤ ਪਤ੍ਰਾ ੩੬)ਵਿਚ ਲਿਖਿਆ ਹੈ ਕਿ ਕਫਣ ਸਾਧੂ ਲੈ ਲੈਂਨ।

( ਸਮੀਖਕ ) ਵੇਖੋ ! ਇਨ੍ਹਾਂ ਦੇ ਸਾਧੂ ਬੀ ਅਚਾਰਜੀਆਂ ਦੇ ਵਾਕਰ ਹੋ ਗਏ, ਵਸਤ੍ਰ ਤਾਂ ਸਾਧੂ ਲੈਂਨ ਪੰਤੂ ਮੂਏ ਦੇ ਗਹਣੇ ਕਉਣ ਲਵੇ? ਬਹੁਤ ਮੁਲ ਵਾਲੇ ਹੋਣ ਥੀਂ ਘਰ ਵਿਚ ਰਖ ਲੈਂਦੇ ਹੋਨਗੇ ਤਾਂ ਆਪ ਕਉਣ ਹੋਏ?(ਰਤਨਸਾਰ੦ਪਤ੍ਰਾ੧੦੫) ਮਾਂਜਣੇ, ਕੁਟਣੇ, ਪੀਹਣੇ, ਅੱਨ ਪਕਾਂਣੇ ਆਦੀ ਵਿਚ ਪਾਪ ਹੁੰਦਾ ਹੈ।

(ਸਮੀਖਕ) ਹੁਣ ਵੇਖੋ ! ਇਨ੍ਹਾਂ ਦੀ ਵਿਦਿਆਹੀਣਤਾ ਭਲਾ ਏਹ ਕਰਮ ਨਾ ਕੀਤੇ ਜਾਂਨ ਤਾਂ ਮਨੁਖ ਆਦੀ ਪ੍ਰਾਣੀ ਕਿਸਤਰਾਂ ਜੀ ਸੱਕਨ, ਅਰ ਜੈਨੀ ਲੋਗ ਬੀ ਦੁਖੀ ਹੋਕੇ ਮਰਜਾਂਨ। ( ਰਤਨਸਾਰ ਪਤ੍ਰਾ ੧੦੪ ) ਬਗੀਚਾ ਲਗਾਣ ਥੀਂ ਇਕ ਲਖ ਪਾਪ ਮਾਲੀ ਨੂੰ ਲਗਦਾ ਹੈ।

( ਸਮੀਖਕ ) ਜੋ ਮਾਲੀ ਨੂੰ ਲਖ ਪਾਪ ਲਗਦਾ ਹੈ ਤਾਂ ਅਨੇਕ ਜੀਵ ਪਤ੍ਰ, ਫਲ, ਫੁਲ ਅਰ ਛਾਂ ਥੀਂ ਖੁਸ਼ ਹੁੰਦੇ ਹਨ ਤਾਂ ਕ੍ਰੋੜਾਂ ਗੁਣਾਂ ਪੁੰਨ ਬੀ ਹੁੰਦਾ ਹੈ, ਏਸ ਉਪੱਰ ਕੁਝ ਧਿਆਨ ਬੀ ਨਾ ਦਿੱਤਾ ਕਿਡਾ ਹਨੇਰ। ( ਤਤ੍ਵ ਵਿਵੇਕ ਪਤ੍ਰਾ ੨੦੨ ) ਇਕ ਦਿਨ ਲਬਧੀ ਸਾਧੂ ਭੁਮ ਥੀਂ ਕੰਜਰੀ ਦੇ ਘਰ ਵਿਚ ਚਲਿਆ ਗਿਆ, ਅਰ ਧਰਮ ਥੀਂ ਭਿਖਿਆ ਮੰਗੀ, ਕੰਜਰੀ ਬੋਲੀ ਕਿ ਏਥੇ ਧਰਮ ਦਾ ਕੰਮ ਨਹੀਂ ਕਿੰਤੂ ਟਕੇ ਦਾ ਕੰਮ ਹੈ, ਤਾਂ ਓਸ ਲਬਧੀ ਸਾਧੂ ਨੇ ਸਾਢੇ ਬਾਰ੍ਹਾਂ ਲਖ ਮੋਹ੍ਰਾਂ ਓਸਦੇ ਘਰ ਵਿਚ ਵਸਾ ਦਿਤੀਆਂ।

( ਸਮੀਖਕ ) ਏਸ ਬਾਤ ਨੂੰ ਸਵ ਬਿਨਾਂ ਨਸ਼ਟ ਬੁਧ ਪੁਰਖ ਦੇ ਕਉਣ ਮੱਨੇਗਾ।(ਰਤਨਸਾਰ ਭਾਗ੦ ਪਤ੍ਰਾ ੬੭)ਵਿਚ ਲਿਖਿਆ ਹੈ ਕਿ ਇਕ ਪਖਾਂਣ ਦੀ ਮੂਰਤੀ ਘੋੜੇ ਉਪਰ ਚੜ੍ਹੀ ਹੋਈ ਓਸਦੀ ਜਿਥੇ ਯਾਦ ਕਰੇ ਉਥੇ ਪਾਸ ਠਹਰਕੇ ਰਖਿਆ ਕਰਦੀ ਹੈ।

( ਸਮੀਖਕ ) ਦਸੋ! ਜੈਨੀ ਜੀ ਅਜ ਕਲ ਤੁਹਾ ਨੂੰ ਚੋਰ, ਡਾਕੂ ਆਦੀ ਅਰ ਦੁਸ਼ਮਣ ਥੀਂ ਡਰ ਹੁੰਦਾ ਹੀ ਹੈ ਤਾਂ ਤੁਸੀ ਓਸਦਾ ਯਾਦ ਕਰਕੇ ਅਪਣੀ ਰਖਿਆ ਕਿੰਉ ਨਹੀਂ ਕਰਾ ਲੈਂਦੇਓ? ਕਿੰਉਂ ਜਿੱਥੇ ਤਿੱਥੇ ਪੁਲਸ ਆਦੀ ਰਾਜ ਜਗਹਿ ਵਿਚ ਮਾਰੇ ਮਾਰੇ ਫਿਰਦੇ ਹੋ? ਹੁਣ ਇਨ੍ਹਾਂ ਦੇ ਸਾਧੂਆਂ ਦੇ ਲਖਣ:—

सरजोहरणभैक्षभुजो लुञ्चितमूर्द्धजाः ।
श्वेताम्बराः क्षमाशीला निःसंगा जैनसाधवः ॥ १ ॥
लुञ्चिता पिच्छिका हस्ता पाणिपात्रा दिगम्बराः ।
ऊर्ध्वाशिनो गृहे दातुर्द्वितीयाः स्युर्जिनर्षयः ॥ २ ॥
भुङ्क्ते नकेवलं न स्त्रीमोक्षमेति दिगम्बरः ।
प्राहुरेषामयं भेदो महान् श्वेताम्बरैः सह ॥ ३ ॥

ਜੈਨ ਦੇ ਸਾਧੂਆਂ ਦੇ ਲਖਣ ਅਰਥ ਜਿਨਦੱਤ ਸੂਰੀ ਨੇ ਏਹ ਸ਼ਲੋਕਾਂ ਥੀਂ ਕਹੇ ਹਨ। (ਸਰਜੋਹਰਣ) ਚੌਰੀ ਰਖਣਾ, ਅਰ ਭਿਖਿਆ ਮੰਗਕੇ ਖਾਣੀ, ਸਿਰਦੇ ਵਾਲ ਪੁਟ ਦੇਣੇ, ਚਿਟੇ ਕਪੜੇ ਪਾਣੇ, ਖਿਮਾ ਵਾਲਾ ਰਹਣਾ, ਕਿਸੇ ਦਾ ਸੰਗ ਨਾ ਕਰਨਾ, ਅਜਿਹੇ ਲਖਣਾਂ ਵਾਲੇ ਜੈਨੀਆਂ ਦੇ ਸ੍ਵੇਤਾਂਬਰ ਜੈਨੀ ਨੂੰ ਯਤੀ ਕਹਿੰਦੇ ਹਨ ॥ ੧ ॥ ਦੂਜੇ 'ਦਿਗੰਬਰ' ਅਰਥਾਤ ਵਸਤ੍ਰ ਧਾਰਣ ਨਾ ਕਰਨਾ, ਸਿਰਦੇ ਵਾਲ ਪੁਟ ਸੁਟਣੇ, 'ਪਿਛੱਕਾ' ਇਕ ਉਨ ਦੇ ਧਾਗਿਆਂ ਦਾ ਝਾੜੂ ਲਗਾਂਣ ਦਾ ਸਾਧਨ ਕਛ ਵਿਚ ਰਖਣਾ, ਜੋ ਕੋਈ ਭਿਖਿਆ ਦੇਵੇ ਤਾਂ ਹਥ ਵਿਚ ਲੈਕੇ ਖਾ ਲੈਣੀ ਏਹ ਦਿਗੰਬਰ ਦੂਜੇ ਪ੍ਰਕਾਰ ਦੇ ਸਾਧੂ ਹੁੰਦੇ ਹਨ ॥ ੨ ॥ ਅਰ ਭਿਖਿਆ ਦੇਣ ਵਾਲਾ ਗ੍ਰਹਸਤੀ ਜਦ ਭੋਜਨ ਕਰ ਚੁਕੇ ਓਸਦੇ ਪਿਛੋਂ ਭੋਜਨ ਕਰਨ, ਉਹ ਜਿਨਰਖੀ ਅਰਥਾਤ ਤੀਜੇ ਪਰਕਾਰ ਦੇ ਸਾਧੂ ਹੁੰਦੇ ਹਨ, ਦਿਗੰਬਰਾਂ ਦਾ ਸ੍ਵੇਤਾਂਬਰਾਂ ਦੇ ਸੰਗ ਇੰਨਾ ਹੀ ਭੇਦ ਹੈ ਕਿ ਦਿਗੰਬਰ ਲੋਕ ਇਸਤ੍ਰੀ ਦਾ ਅਪਵਰਗ ਨਹੀਂ ਕਹਿੰਦੇ ਅਰ ਸ੍ਵੇਤਾਂਬਰ ਕਹਿੰਦੇ ਹਨ। ਇਤਆਦੀ ਬਾਤਾਂ ਥੀਂ ਮੋਖ ਨੂੰ ਪ੍ਰਾਪਤ ਹੁੰਦੇ ਹਨ ॥ ੩ ॥ ਏਹ ਇਨ੍ਹਾਂ ਦੇ ਸਾਧੂਆਂ ਦਾ ਭੇਦ ਹੈ, ਏਸ ਥੀਂ ਜੈਨ ਲੋਕਾਂ ਦਾ ਸਿਰਦੇ ਵਾਲ ਪੁਟਣੇ ਸਭ ਜਗਹਿ ਮਸ਼ਹੂਰ ਹੈ, ਅਰ ਪੰਚ ਮੁੱਠੀ ਪੁਟਣੀਆਂ ਇਤਆਦੀ ਬੀ ਲਿਖਿਆ ਹੈ। ( ਵਿਵੇਕਸਾਰ ਭਾ੦ ਪਤ੍ਰਾ ੨੧੬ ) ਵਿਚ ਲਿਖਿਆ ਹੈ ਕਿ ਪੰਜ ਮੁੱਠੀ ਪੁਟਣ ਨਾਲ ਚਾਰਿਤ੍ਰ ਗ੍ਰਹਣ ਕੀਤਾ ਅਰਥਾਤ ਪੰਜ ਮੁੱਠੀ ਸਿਰਦੇ ਵਾਲ ਪੁਟ ਕੇ ਸਾਧੂ ਹੋਇਆ। ( ਕਲਪ ਸੂਤ੍ਰ ਭਾਸ਼ ਪਤ੍ਰਾ ੧੦੮ ) ਕੇਸ ਪੁਟੇ ਗਊ ਦੇ ਵਾਲਾਂ ਦੇ ਬਰਾਬਰ ਰਖੇ।

( ਸਮੀਖਕ ) ਹੁਣ ਕਹੋ ਜੈਨੀ ਲੋਕੋ ! ਤੁਹਾਡਾ ਦਇਆ ਧਰਮ ਕਿਥੇ ਰਹਿਆ ? ਕੀ ਏਹ ਹਿੰਸਾ ਅਰਥਾਤ ਭਾਵੇਂ ਅਪਣੇ ਹਥ ਨਾਲ ਪੁਟੇ ਭਾਵੇਂ ਓਸਦਾ ਗੁਰੂ ਪੁਟੇ ਵਾ ਹੋਰ ਕੋਈ ਪ੍ਰੰਤੂ ਕਿੰਨਾਂ ਵਡਾ ਦੁਖ ਓਸ ਜੀਵ ਨੂੰ ਹੁੰਦਾ ਹੋਵੇਗਾ ? ਜੀਵ ਨੂੰ ਦੁਖ ਦੇਣਾ ਹੀ ਹਿੰਸਾ ਕਹਾਂਦੀ ਹੈ। ( ਵਿਵੇਕਸਾਰ ਪੱਤ੍ਰਾ ਸੰਵਤ ੧੯੩੩ ) ਦੇ ਵਰ੍ਹੇ ਵਿਚ ਸ੍ਵੇਤਾਂਬਰਾਂ ਵਿਚੋਂ ਢੂੰਢੀਏ, ਅਰ ਢੂੰਢੀਆਂ ਵਿਚੋਂ ਤੇਰਹਾਂ ਪੰਥੀ ਆਦੀ ਢੋਂਗੀ ਨਿਕਲੇ ਹਨ, ਢੂੰਢੀਏ ਲੋਗ

ਪਖਾਣ ਆਦੀ ਮੂਰਤੀ ਨੂੰ ਨਹੀ ਮਨਦੇ, ਅਰ ਭੋਜਨ ਅਸ਼ਨਾਨ ਨੂੰ ਛਡ ਸਦਾ ਮੂੰਹ ਉੱਤੇ ਪੱਟੀ ਬਨ੍ਹੇ ਰਹੰਦੇ ਹਨ, ਅਰ ਜਤੀ ਆਦੀ ਬੀ ਜਦ ਪੁਸਤਕ ਵਾਚਦੇ ਹਨ, ਤਦੇ ਮੂੰਹ ਉੱਤੇ ਪੱਟੀ ਬਨ੍ਹਦੇ ਹਨ ਹੋਰੀ ਵੇਲੇ ਨਹੀਂ।

(ਪ੍ਰਸ਼ਨ) ਮੂੰਹ ਉੱਤੇ ਪੱਟੀ ਜ਼ਰੂਰ ਬਨ੍ਹਣੀ ਚਾਹੀਏ ਕਿਉਂਕਿ ਵਾਯੂ ਕਾਯ, ਅਰਥਾਤ ਜੋ ਹਵਾ ਵਿਚ ਸੂਖਮ ਸ਼ਰੀਰ ਵਾਲੇ ਜੀਵ ਰਹੰਦੇ ਹਨ ਉਹ ਮੂੰਹ ਦੀ ਹਵਾ ਹੜ ਦੀ ਗਰਮੀ ਥੀਂ ਮਰਦੇ ਹਨ, ਅਰ ਓਸਦਾ ਪਾਪ ਮੂੰਹ ਉੱਤੇ ਪੱਟੀ ਨਾ ਬਨ੍ਹਣ ਵਾਲੇ ਨੂੰ ਹੁੰਦਾ ਹੈ, ਏਸ ਲਈ ਅਸੀ ਲੋਗ ਮੂੰਹ ਉਤੇ ਪੱਟੀ ਬਨ੍ਹਣਾ ਅੱਛਾ ਸਮਝਦੇ ਹਾਂ।

(ਉੱਤਰ) ਏਹ ਬਾਤ ਵਿਦਿਆ ਅਰ ਪ੍ਰਤਖ ਆਦੀ ਪ੍ਰਮਾਣ ਦੀ ਰੀਤੀ ਨਾਲ ਨਹੀਂ ਬਣਦੀ ਹੈ, ਕਿਉਂਕਿ ਜੀਵ ਅਜਰ ਅਮਰ ਹਨ, ਫਿਰ ਉਹ ਮੁਖ ਦੀ ਹਵਾ ਥੀਂ ਕਦ ਨਹੀ ਮਰ ਸਕਦੇ, ਇਨ੍ਹਾਂ ਨੂੰ ਤੁਸੀ ਬੀ ਅਜਰ ਅਮਰ ਮਨਦੇਓ।

(ਪ੍ਰਸ਼ਨ) ਜੀਵ ਤਾਂ ਨਹੀਂ ਮਰਦਾ ਪ੍ਰੰਤੂ ਜੋ ਮੂੰਹ ਦੀ ਗਰਮ ਹਵਾ ਨਾਲ ਉਨ੍ਹਾਂ ਨੂੰ ਪੀੜਾ ਪਹੁਚਦੀ ਹੈ ਓਸ ਪੀੜਾ ਪੁਚਾਣ ਵਾਲੇ ਨੂੰ ਪਾਪ ਹੁੰਦਾ ਹੈ, ਏਸਲਈ ਮੂੰਹ ਉਤੇ ਪਟੀ ਬਨਣਾ ਅੱਛਾ ਹੈ।

(ਉਤ੍ਰ) ਏਹ ਬੀ ਤੁਹਾਡੀ ਗਲ ਕਿਸੇ ਤਰਾਂ ਨਹੀਂ ਬਣਦੀ ਹੈ। ਕਿਉਂਕਿ ਦੁਖ ਦਿਤੇ ਬਿਨਾ ਕਿਸੇ ਜੀਵਦਾ ਜਰਾ ਮਾਤ੍ਰ ਬੀ ਨਿਰਬਾਹ ਨਹੀ ਹੋ ਸਕਦਾ, ਜਦ ਮੂੰਹ ਦੀ ਹਵਾ ਨਾਲ ਤੁਹਾਡੇ ਮਤ ਵਿਚ ਜੀਵਾਂ ਨੂੰ ਪੀੜਾ ਪਹੁੰਚਦੀ ਹੈ ਤਾਂ ਚਲਨੇ ਫਿਰਨੇ ਬੈਠਣੇ ਹਥ ਉਠਾਣੇ ਅਰ ਅਖ ਆਦੀ ਦੇ ਚਲਾਣ ਵਿਚ ਬੀ ਪੀੜਾ ਜ਼ਰੂਰ ਪਹੁੰਚਦੀ ਹੋਵੇਗੀ, ਏਸਲਈ ਤੁਸੀ ਬੀ ਜੀਵਾਂ ਨੂੰ ਪੀੜਾ ਪੁਚਾਣ ਥੀਂ ਵਖਰੇ ਨਹੀਂ ਰਹ ਸਕਦੇ।

(ਪ੍ਰਸ਼ਨ) ਹਾਂ ਜਿਥੋਂ ਤਿਕ ਬਣ ਸਕੇ ਉਥੋਂ ਤਿਕ ਜੀਵਾਂ ਦੀ ਰਖਿਆ ਕਰਨੀ ਚਾਹੀਏ, ਅਰ ਜਿਥੇ ਅਸੀਂ ਨਹੀਂ ਬਚਾ ਸਕਦੇ ਉਥੇ ਅਸਮ੍ਰਥ ਹਾਂ, ਕਿਉਂਕਿ ਸਭ ਹਵਾ ਆਦੀ ਪਦਾਰਥਾਂ ਵਿਚ ਜੀਵ ਭਰੇ ਹੋਏ ਹਨ, ਜੋ ਅਸੀਂ ਮੂੰਹ ਉਤੇ ਕਪੜਾ ਨਾ ਬਨ੍ਹੀਏ ਤਾਂ ਬਹੁਤ ਜੀਵ ਮਰਨ, ਕਪੜਾ ਬਨ੍ਹਣ ਥੀਂ ਘਟ ਮਰਦੇ ਹਨ।

(ਉਤ੍ਰ) ਏਹ ਬੀ ਤੁਹਾਡਾ ਕਹਣਾ ਜੁਕਤੀ ਰਹਤ ਹੈ, ਕਿਉਂਕਿ ਕਪੜਾ ਬਨ੍ਹਣ ਥੀਂ ਜੀਵਾਂ ਨੂੰ ਵਧੀਕ ਦੁਖ ਪਹੁੰਦਾ ਹੈ, ਜਦ ਕੋਈ ਮੂੰਹ ਉਪਰ ਕਪੜਾ ਬੰਨ੍ਹੇ ਤਾਂ ਓਸਦੇ ਮੂੰਹ ਦੀ ਹਵਾ ਰੁਕ ਕੇ ਹੇਠਾਂ ਵਾ ਪਾਸਿਆਂ ਵਲ ਅਰ ਅਰ ਮੋਨ ਵੇਲ ਵਿਚ ਨਾਸਾਂ ਵਲੋਂ ਅਕੱਠੀ ਹੋਕੇ ਜ਼ੋਰ ਨਾਲ ਨਿਕਲਦੀ ਹੈ, ਓਸ ਵਿਚ ਗਰਮੀ ਵਧੀਕ ਹੋਕੇ ਜੀਵਾਂ ਨੂੰ ਵਧੀਕ ਦੁਖ ਤੁਹਾਡੇ ਮਤ ਅਨੁਸਾਰ ਪਹੁੰਚਦਾ ਹੋਵੇਗਾ, ਵੇਖੋ! ਜੀਕਣ ਘਰ ਵਾ ਕੋਠੜੀ ਦੇ ਸਭ ਦਰਵਾਜ਼ੇ ਬੰਦ ਕੀਤੇ

ਵਾ ਪੜਦੇ ਸੁੱਟੇ ਜਾਂਨ ਤਾਂ ਓਸ ਵਿਚ ਗਰਮੀ ਵਧੀਕ ਹੁੰਦੀ ਹੈ, ਖੁਲਾ ਰਖੱਣ ਥੀਂ ਉੱਨੀ ਨਹੀਂ ਹੁੰਦੀ, ਊਕਣ ਮੂੰਹ ਉੱਪਰ ਕਪੜਾ ਬਨ੍ਹਣ ਥੀਂ ਗਰਮੀ ਵਧੀਕ ਹੁੰਦੀ ਹੈ, ਅਰ ਖੁਲਾ ਰਖਣ ਥੀਂ ਘਟ, ਊਕਣ ਤੁਸੀਂ ਅਪਣੇ ਮਤ ਅਨੁਸਾਰ ਜੀਵਾਂ ਨੂੰ ਅਧਕ ਦੁਖ ਦੇਣ ਵਾਲੇਓ, ਅਰ ਜਦ ਮੂੰਹ ਬਨ੍ਹਿਆਂ ਜਾਂਦਾ ਹੈ ਤਦ ਨਕ ਦੇ ਛੇਕਾਂ ਥੀਂ ਹਵਾ ਰੁਕ ਕੇ ਅਕਠੀ ਹੋਕੇ ਜ਼ੋਰ ਨਾਲ ਨਿਕਲਦੀ ਹੋਈ ਜੀਵਾਂ ਨੂੰ ਵਧੀਕ ਧਕਾਂ ਅਰ ਪੀੜਾ ਦਿੰਦੀ ਹੋਵੇਗੀ। ਵੇਖੋ! ਜੀਕਣ ਕੋਈ ਮਨੁਖੱ ਅਗੱ ਨੂੰ ਮੂੰਹ ਨਾਲ ਫੂਕਦਾ ਅਰ ਕੋਈ ਨਲੀ ਨਾਲ ਤਾਂ ਮੂੰਹ ਦੀ ਹਵਾ ਖਿੰਡਣ ਥੀਂ ਘਟ ਜ਼ੋਰ ਵਾਲੀ ਅਰ ਨਲੀ ਦੀ ਹਵਾ ਅਕੱਠੀ ਹੋਣ ਥੀਂ ਵਧੀਕ ਜ਼ੋਰ ਨਾਲ ਅਗ ਵਿਚ ਲਗਦੀ ਹੈ, ਊਕਣ ਹੀ ਮੂੰਹ ਉਪੱਰ ਪਟੀ ਬਨ੍ਹਕੇ ਹਵਾ ਨੂੰ ਰੋਕਣ ਥੀਂ ਨਾਸਾਂ ਵਿਚੋਂ ਬਹੁਤ ਉਤਾਵਲ ਨਾਲ ਨਿਕਲਕੇ ਜੀਵਾਂ ਨੂੰ ਅਧਕ ਦੁਖ ਦਿੰਦੀ ਹੈ, ਏਸ ਥੀਂ ਮੂੰਹ ਉਪੱਰ ਪਟੀ ਬਨ੍ਹਣ ਵਾਲਿਆਂ ਥੀਂ ਨਾ ਬਨ੍ਹਣ ਵਾਲੇ ਧਰਮਾਤਮਾ ਹਨ, ਅਰ ਮੁਖ ਉਪੱਰ ਪਟੀ ਬਨ੍ਹਣ ਥੀਂ ਅਖਰਾਂ ਦਾ ਜੀਕਣ ਚਾਹੀਏ ਤੇਹਾ ( ਸਥਾਂਨ ) ਪ੍ਰਜਤਨ ਦੇ ਨਾਲ ਉਚਾਰਣ ਬੀ ਨਹੀਂ ਹੁੰਦਾ, *ਨਿਰਨੂਨਾਸਕ ਅਖਰਾਂ ਨੂੰ ਸਾਨੂੰਨਾਸਿਕ ਬੋਲਣ ਥੀਂ ਤੁਹਾਨੂੰ ਦੋਸ਼ ਲਗਦਾ ਹੈ, ਤਥਾ ਮੂੰਹ ਉਪੱਰ ਪਟੀ ਬਨ੍ਹਣ ਥੀਂ ਬਦਬੋ ਬੀ ਵਧੀਕ ਹੁੰਦੀ ਹੈ, ਕਿਉਂਕਿ ਸ਼ੀਰ ਦੇ ਅੰਦਰ ਬਦਬੋ ਭਰੀ ਹੈ। ਸ਼ੀਰ ਥੀਂ ਜਿਨੀ ਹਵਾ ਨਿਕਲਦੀ ਹੈ ਉਹ ਬਦਬੋ ਵਾਲੀ ਪ੍ਰਤਖ ਹੈ, ਜੇ ਉਹ ਰੋਕੀ ਜਾਵੇ ਤਾਂ ਬਦਬੋ ਬਹੁਤ ਵਧ ਜਾਵੇ, ਜਿਹਾ ਕਿ ਬੰਧ ਜਾਜਰੂਰ, ਵਧੀਕ ਬਦਬੋ ਵਾਲਾ, ਅਰ ਖੁਲ੍ਹਿਆ ਹੋਇਆ ਘਟ ਬਦਬੋ ਵਾਲਾ ਹੁੰਦਾ ਹੈ, ਊਕਣ ਹੀ ਮੂੰਹ ਉਤੇ ਪਟੀ ਬਨ੍ਹਣੇ, ਦੰਦ ਨਾ ਧੋਣੇ, ਮੂੰਹ ਨਾ ਧੋਣੇ, ਅਰ ਅਸ਼ਨਾਨ ਨਾ ਕਰਨੇ, ਤਥਾ ਕਪੜੇ ਨਾ ਧੋਣੇ ਕਰਕੇ ਤੁਹਾਡੇ ਸ਼ੀਰਾਂ ਥੀਂ ਅਧਕ ਬਦਬੋ ਉਤਪੰਨ ਹੋਕੇ ਸੰਸਾਰ ਵਿਚ ਬਹੁਤ ਰੋਗ ਕਰਕੇ ਜੀਵਾਂ ਨੂੰ ਜਿੱਨੀ ਪੀੜਾ ਪੁਚਾਂਦੇ ਹੋ ਉਨ੍ਹਾਂ ਪਾਪ ਤੁਹਾਨੂੰ ਵਧੀਕ ਹੁੰਦਾ ਹੈ, ਜੀਕਣ ਮੇਲੇ ਆਦੀ ਵਿਚ ਅਧਕ ਬਦਬੋ ਹੋਂਣ ਥੀਂ "ਵਿਸੂਚਕਾ" ਅਰਥਾਤ ਹੈਜਾ ਆਦੀ ਬਹੁਤ ਪ੍ਰਕਾਰ ਦੇ ਰੋਗ ਉਤਪੰਨ ਹੋਕੇ ਜੀਵਾਂ ਨੂੰ ਦੁਖਦਾਈ ਹੁੰਦੇ ਹਨ, ਅਰ ਘਟ ਬਦਬੋ ਹੋਣ ਥੀਂ ਰੋਗ ਬੀ ਘਟ ਹੋਕੇ ਜੀਵਾਂ ਨੂੰ ਬਹੁਤ ਦੁਖ ਨਹੀਂ ਪਹੁੰਚਦਾ, ਏਸ ਥੀਂ ਤੁਸੀਂ ਵਧੀਕ ਬਦਬੋ ਵਧਾਣ ਵਿਚ ਵਧੀਕ ਅਪ੍ਰਾਧੀ ਅਰ ਜੋ ਮੂੰਹ ਉਪਰ ਪੱਟੀ ਨਹੀਂ ਬਨ੍ਹਦੇ, ਦਾਤਨ ਕਰਕੇ, ਮੂੰਹ ਧੋਕੇ ਅਸ਼ਨਾਨ ਕਰਕੇ ਜਗਹਿ ਕਪੜਿਆਂ ਨੂੰ ਸਾਫ ਰਖਦੇ ਹਨ, ਉਹ ਤੁਹਾਡੇ ਨਾਲੋਂ ਬਹੁਤ ਅੱਛੇ ਹਨ,

---

*(ਨੋਟ )ਜੋ ਨਕ ਨਾਲ ਨਾ ਬੋਲੇ ਜਾਂਨ ਉਨ੍ਹਾਂ ਨੂੰ ਨਿ,ਰਨੂ ਨਾਸਕ, ਅਰ ਜੋ ਨਕ ਕਰਕੇ ਬੋਲੇ ਜਾਂਨ ਉਨ੍ਹਾਂ ਨੂੰ ਸ, ਅਨੂਨਾਸਕ ਕਹਿੰਦੇ ਹਨ।

ਜੀਕਣ ਚੂਹੜਿਆਂ ਦੀ ਬਦਬੋ ਦੇ ਪਾਸ ਰਹਣ ਵਾਲਿਆਂ ਥੀਂ ਵੱਖਰੇ ਰਹਣ ਵਾਲੇ ਬਹੁਤ ਅੱਛੇ ਹਨ। ਜੀਕਣ ਚੂਹੜਿਆਂ ਦੀ ਬਦਬੋ ਦੇ ਪਾਸ ਵਸੱਣ ਥੀਂ ਨਿਰਮਲ ਬੁਧ ਨਹੀਂ ਹੁੰਦੀ ਉਕਣ ਤੁਸੀਂ ਅਰ ਤੁਹਾਡੇ ਸੈਂਗੀਆਂ ਦੀ ਬੀ ਬੁਧ ਨਹੀ ਵਧਦੀ ਜੀਕਣ ਰੋਗ ਦੀ ਅਧਕਤਾ ਅਰ ਬੁਧਦੇ ਥੋੜੇ ਹੋਂਣ ਥੀਂ ਧਰੰਮ ਸੇਵਣ ਦੀ ਰੁਕਾਵਟ ਹੁੰਦੀ ਹੈ ਉਕਣ ਹੀ ਬਦਬੋ ਵਾਲਾ ਤੁਹਾਡਾ ਅਰ ਤੁਹਾਡੇ ਸੈਂਗੀਆਂ ਦਾ ਬੀ ਹਾਲ ਹੁੰਦਾ ਹੋਵੇਗਾ।

( ਪ੍ਰਸ਼ਨ ) ਜੀਕਣ ਬੰਦ ਮਕਾਨ ਵਿਚ ਬਾਲੀ ਹੋਈ ਅਗ ਦੀ ਲਾਟ ਬਾਹਰ ਨਿਕਲਕੇ ਬਾਹਰ ਦੇ ਜੀਵਾਂ ਨੂੰ ਦੁਖ ਨਹੀਂ ਪੁਚਾਂ ਸਕਦੀ, ਉਕਣ ਅਸੀਂ ਮੂੰਹ ਪੱਟੀ ਬਨ੍ਹਕੇ ਹਵਾ ਨੂੰ ਰੋਕ ਕੇ ਬਾਹਰ ਦੇ ਜੀਵਾਂ ਨੂੰ ਘਟ ਦੁਖ ਪੁਚਾਣ ਵਾਲੇ ਹਾਂ, ਮੂੰਹ ਪਟੀ ਬੰਨ੍ਹਣ ਥੀਂ ਬਾਹਰ ਦੇ ਹਵਾ ਦੇ ਜੀਵਾਂ ਨੂੰ ਪੀੜਾ ਨਹੀਂ ਪਹੁੰਚਦੀ, ਅਰ ਜੀਕਣ ਸਾਂਮਣੇ ਅੱਗ ਬਲਦੀ ਹੈ ਓਸਨੂੰ ਹੋਵਾ ਹਥ ਦੇਣ ਥੀਂ ਘਟ ਲਗਦੀ ਹੈ ਅਰ ਹਵਾ ਦੇ ਜੀਵ ਸ਼ਰੀਰ ਵਾਲੇ ਹੋਣ ਥੀਂ ਉਨ੍ਹਾਂ ਨੂੰ ਪੀੜਾ ਜਰੂਰ ਪਹੁੰਚਦੀ ਹੈ।

(ਉਤ੍ਰ) ਏਹ ਤੁਹਾਡੀ ਬਾਤ ਬਾਲਪਣ ਦੀ ਹੈ, ਪਹਿਲਾਂ ਤਾਂ ਵੇਖੋ! ਜਿਥੇ ਛਿਦ੍ਰ ਅਰ ਅੰਦਰ ਹਵਾ ਦਾ ਸਬੰਧ ਬਾਹਿਰ ਦੀ ਹਵਾ ਦੇ ਨਾਲ ਨਾ ਹੋਵੇ ਤਾਂ ਉਥੇ ਅਗ ਬਲ ਹੀ ਨਹੀਂ ਸ਼ਕਦੀ, ਜੋ ਇਨ੍ਹਾਂ ਨੂੰ ਪ੍ਰਤਖ ਵੇਖਣਾ ਚਾਹੋ ਤਾਂ ਕਿਸੇ ਫਨੂਸ ਵਿਚ ਦੀਵਾ ਜਗਾਕੇ ਸਾਰੇ ਛਿਦ੍ਰ ਬੰਦ ਕਰਕੇ ਵੇਖੋ ਤਾਂ ਦੀਵਾ ਉਸੇ ਵੇਲੇ ਬੁਝ ਜਾਵੇਗਾ, ਜੀਕਣ ਜਮੀਂਨ ਉਪਰ ਰਹਣ ਵਾਲੇ ਮਨੁਖੱ ਆਦੀ ਪ੍ਰਾਣੀ ਬਾਹਿਰ ਦੀ ਹਵਾ ਦੇ ਸਬੰਧ ਤੇ ਬਿਨਾ ਨਹੀਂ ਜੀ ਸਕਦੇ ਉਕਣ ਅਗ ਬੀ ਨਹੀਂ ਬਲ ਸਕਦੀ, ਜਦ ਇਕ ਤਰਫ ਥੀਂ ਅਗੱ ਦਾ ਵੇਗ ਰੋਕਿਆ ਜਾਵੇ ਤਾਂ ਦੂਜੇ ਪਾਸਿਓਂ ਵਧੀਕ ਵੇਗ ਨਾਲ ਨਿਕਲੇਗੀ, ਅਰ ਹਥ ਦਾ ਓਹਲਾ ਕਰਨ ਥੀਂ ਮੂੰਹ ਉਪੱਰ ਸੇਕ ਘਟ ਲਗਦਾ ਹੈ, ਪ੍ਰੰਤੂ ਉਹ ਸੇਕ ਹਥ ਉਪਰ ਵਧੀਕ ਲਗ ਰਿਹਾ ਹੈ, ਏਸ ਲਈ ਤੁਹਾਡੀ ਬਾਤ ਠੀਕ ਨਹੀਂ।

(ਪ੍ਰਸ਼ਨ) ਏਸ ਨੂੰ ਸਭ ਕੋਈ ਜਾਂਣਦਾ ਹੈ ਕਿ ਜਦ ਕਿਸੇ ਵਡੇ ਮਨੁਖੱ ਥੀਂ ਛੋਟਾਮਨੁਖੱ ਕੰਨ ਵਿਚ ਵਾ ਪਾਸ ਹੋਕੇ ਗਲੱ ਕਹਿੰਦਾ ਹੈ ਤਦ ਮੂੰਹ ਉਪੱਰ ਪਲੱਾ ਵਾ ਹਥ ਲਗਾਂਦਾ ਹੈ ਏਸ ਲਈ ਕਿ ਮੂੰਹ ਥੀਂ ਥੁਕ ਉਡਕੇ ਵਾ ਬਦਬੋ ਓਸਨੂੰ ਨਾ ਲਗੇ, ਅਰ ਜਦ ਪੁਸਤਕ ਵਾਚਦਾ ਹੈ ਤਦ ਜਰੂਰ, ਥੁਕ ਉਡਕੇ ਓਸ ਉਪੱਰ ਡਿਗੱਣ ਥੀਂ ਜੂਠਾ ਹੋਕੇ ਉਹ ਵਿਗੜ ਜਾਂਦਾ ਹੈ ਏਸਲਈ ਏਹ ਮੂੰਹ ਉਪੱਰ ਪਟੀ ਦਾ ਬਨ੍ਹਣਾ ਅਛਾਂ ਹੈ।

( ਉਤ੍ਰ ) ਏਸਥੀਂ ਏਹ ਸਿਧ ਹੋਇਆ ਕਿ ਜੀਵਦੀ ਰਖਿਆ ਵਾਸਤੇ ਮੂੰਹ ਉਤੇ ਪਟੀ ਬਨ੍ਹਣਾ ਵਿਅਰਥ ਹੈ, ਅਰ ਜਦ ਕੋਈ ਵਡੇ ਮਨੁਖ ਨਾਲ

ਗਲ ਕਰਦਾ ਹੈ ਤਾਂ ਮੂੰਹ ਉਤੇ ਹਥ ਵਾ ਪੱਲਾ ਏਸਲਈ ਰਖਦਾ ਹੈ ਕਿ ਉਸ ਗੁਪਤ ਗੱਲ ਨੂੰ ਦੂਜਾ ਕੋਈ ਨਾ ਸੁਣ ਲਵੇ, ਕਿਉਂਕਿ ਜਦ ਕੋਈ ਸਾਮਣੇ ਬਾਤ ਕਰਦਾ ਹੈ ਤਦ ਕੋਈ ਬੀ ਮੂੰਹ ਉਤੇ ਹਥ ਵਾ ਪੱਲਾ ਨਹੀ ਧਰਦਾ, ਏਸ ਥੀਂ ਕੀ ਮਲੂੰਮ ਹੁੰਦਾ ਹੈ ਕਿ ਗੁਪਤ ਗਲਦੇ ਲਈ ਏਹ ਗਲ ਹੈ। ਦਾਤਨ ਆਦੀ ਨਾ ਕਰਨ ਥੀਂ ਤੁਹਾਡੇ ਮੂੰਹ ਆਦੀ ਅੰਗਾਂ ਥੀਂ ਅਤਯੰਤ ਬਦਬੋ ਨਿ-ਕਲਦੀ ਹੈ, ਅਰ ਜਦ ਤੁਸੀ ਕਿਸੇਦੇ ਪਾਸ ਵਾ ਕੋਈ ਤੁਹਾਡੇ ਪਾਸ ਬੈਠਦਾ ਹੋਵੇਗਾ ਤਾਂ ਬਿਨਾ ਬਦਬੋ ਦੇ ਹੋਰ ਕੀ ਆਉਂਦਾ ਹੋਵੇਗਾ? ਇਤ ਆਦੀ ਮੂੰਹ ਦੇ ਓਹਲੇ ਹਥ ਵਾ ਪੱਲਾ ਦੇਣਦੇ ਮਤਲਬ ਹੋਰ ਬਹੁਤ ਹਨ, ਜੀਕਣ ਬਹੁਤ ਮਨੁਖਾਂ ਦੇ ਸਾਮਣੇ ਗੁਪਤ ਗਲ ਕਰਨ ਵਿਚ ਜੇ ਹਥ ਵਾ ਪੱਲਾ ਨਾ ਲਗਾਇ-ਆ ਜਾਵੇ ਤਾਂ ਦੂਜੇ ਦੀ ਤਰਫ ਹਵਾਦੇ ਖਿੰਡਣ ਥੀਂ ਗਲ ਬੀ ਖਿੰਡ ਜਾਵੇ, ਜਦ ਉਹ ਦੋਏ ਅਕਾਂਤ ਵਿਚ ਗਲ ਕਰਦੇ ਹਨ ਤਾਂ ਮੂੰਹ ਉਤੇ ਹਥ ਵਾ ਪੱਲਾ ਏਸ ਲਈ ਨਹੀ ਲਗਾਂਦੇ ਕਿ ਇਥੇ ਤੀਜਾ ਕੋਈ ਸੁਣਨ ਵਾਲਾ ਨਹੀ, ਜੇ ਵਡਿਆਂ ਹੀਦੇ ਉਪਰ ਥੁਕ ਨਾ ਡਿਗੇ ਏਸਥੀਂ ਕੀ ਛੋਟਿਆਂ ਦੇ ਉਪਰ ਥੁਕ ਪੈਣੀ ਚਾਹੀਏ? ਅਰ ਉਸ ਥੁਕਥੀਂ ਬਚਬੀ ਨਹੀ ਸਕਦਾ, ਕਿਉਂਕਿ ਅਸੀ ਦੂਰ ਖਲੋਕੇ ਗਲ ਕਰੀਏ ਅਰ ਹਵਾ ਸਾਡੀ ਤਰਫੋਂ ਦੂਜੇ ਦੀ ਤਰਫ ਜਾਂਦੀ ਹੋਵੇ ਤਾਂ ਸੂਖਮ ਹੋਕੇ ਉਸਦੇ ਸ਼੍ਰੀਰ ਉਪਰ ਹਵਾਦੇ ਸੰਗ ਤ੍ਰਿਸਰੇਣੂ ਜਰੂਰ ਡਿਗਣ ਗੇ, ਉਸਦਾ ਦੋਸ਼ ਗਿਣਨਾ ਅਵਿਦਿਆ ਦੀ ਗਲ ਹੈ, ਕਿਉਂਕਿ ਜੋ ਮੂੰਹ ਦੀ ਗਰਮੀਂ ਥੀਂ ਜੀਵ ਮਰਦੇ ਵਾ ਉਨ੍ਹਾਂ ਨੂੰ ਪੀੜਾ ਪਹੁੰਚਦੀ ਹੋਵੇ ਤਾਂ ਵਿਸਾਖ ਵਾ ਜੇਠਦੇ ਮਹੀਨੇ ਵਿਚ ਸੂਰਜ ਦੀ ਮਹਾਂਗਰਮੀ ਥੀਂ ਹਵਾਦੇ ਜੀਵਾਂ ਵਿਚੋਂ ਮੁਏ ਬਿਨਾ ਇਕ ਬੀ ਨਾ ਬਚ ਸਕੇ, ਸੋ ਗਰਮੀ ਥੀਂ ਬੀ ਉਹ ਜੀਵ ਨਹੀ ਮਰ ਸਕਦੇ, ਏਸ ਲਈ ਏਹ ਤੁਹਾਡਾ ਸਿਧਾਂਤ ਝੂਠਾ ਹੈ, ਕਿਉਂਕਿ ਜੇ ਤੁਹਾਡੇ ਤੀਰਥੰਕਰ ਬੀ ਪੂਰੇ ਵਿਦਵਾਂਨ ਹੁੰਦੇ ਤਾਂ ਅਜਿਹੀ ਵਿਅਰਥ ਬਾਤਾਂ ਕਿਉਂ ਕਰਦੇ? ਵੇਖੋ! ਪੀੜ ਉਨ੍ਹਾਂਹੀ ਜੀਵਾਂ ਨੂੰ ਪਹੁੰਚਦੀ ਹੈ ਜਿਨ੍ਹਾਂਦੀ ਬ੍ਰਿਤੀ ਸਾਰੇ ਅੰਗਾਂ ਦੇ ਸੰਗ ਲਗੀ ਹੋਈ ਹੋਵੇ ਏਸ ਵਿਚ ਪ੍ਰਮਾਣਃ—

पञ्चावयवयोगात्सुखसंवित्तिः ॥ सांख्य० अ० ५। सू० २७॥

ਜਦ ਪੰਜਾਂ ਇੰਦ੍ਰੀਆਂ ਦਾ ਪੰਜਾਂ ਵਿਸ਼ਿਆਂ ਦੇ ਸੰਗ ਸਬੰਧ ਹੁੰਦਾ ਹੈ ਤਦੇ ਸੁਖ ਵਾ ਦੁਖਦੀ ਪ੍ਰਾਪਤੀ ਜੀਵਨੂੰ ਹੁੰਦੀ ਹੈ, ਜੀਕਣ ਡੋਰੇ ਨੂੰ ਗਾਲ੍ਹੀ ਦਾ ਦੇਣਾ, ਅੰਨ੍ਹੇ ਨੂੰ ਰੂਪ ਵਾ ਅਗੇ ਥੀਂ ਸਪ ਬਘਿਆੜ ਆਦੀ ਡਰਾਉਣੇ ਜੀਵਾਂ ਦਾ ਚਲਾ ਜਾਣਾ, ਸੂੰਨ ਬਹਰੀ ਵਾਲੇ ਨੂੰ ਛੁਹਣਾ, ਜੁਕਾਂਮ ਰੋਗ ਵਾਲੇ ਨੂੰ ਬੋ, ਅਰ ਸੂੰਨ ਜਬਾਂਨ ਵਾਲੇ ਨੂੰ ਸੁਆਦ ਪ੍ਰਾਪਤ ਨਹੀ ਹੋ ਸਕਦਾ, ਇਸੇ ਪ੍ਰਕਾਰ ਉਨ੍ਹਾਂ ਜੀਵਾਂ ਦਾ ਬੀਹਾਲ ਹੈ। ਵੇਖੋ! ਜਦ ਮਨੁਖ ਵਾ ਜੀਵ ਸਖੁਪਤੀ ਦਸ਼ਾ ਵਚ ਰਹਿੰਦਾ ਹੈ ਤਦ ਉਸਨੂੰ ਸੁਖ ਵਾ ਦੁਖਦੀ ਪ੍ਰਾਪਤੀ ਕੁਝਬੀ ਨਹੀਂ ਹੁੰਦੀ,

ਕਿਉਂਕਿ ਉਹ ਸ਼ਰੀਰ ਦੇ ਅੰਦਰ ਤਾਂ ਹੈ ਪ੍ਰੰਤੂ ਓਸਦਾ ਬਾਹਰ ਦੇ ਅੰਗਾਂ ਦੇ ਸੰਗ ਓਸ ਵੇਲੇ ਸਬੰਧ ਨਾ ਰਹਣ ਥੀਂ ਸੁਖ, ਦੁਖ ਦੀ ਪ੍ਰਾਪਤੀ ਨਹੀਂ ਕਰ ਸਕਦਾ, ਅਰ ਜੀਕਣ ਵੈਦ ਵਾ ਅਜਕਲ ਦੇ ਡਾਕਟਰ ਲੋਕ ਨਸ਼ੇ ਦੀ ਚੀਜ ਖੁਆ ਵਾ ਸੁੰਘਾ ਕੇ ਰੋਗੀ ਪੁਰਖ ਦੇ ਸ਼ਰੀਰ ਦੇ ਅਵੈਵਾਂ ਨੂੰ ਕਟਦੇ ਵਾ ਚੀਰਦੇ ਹਨ, ਓਸਨੂੰ ਓਸ ਵੇਲੇ ਕੁਝ ਥੀ ਦੁਖ ਮਲੂੰਮ ਨਹੀਂ ਹੁੰਦਾ, ਉਕਣ ਹਵਾ ਦੇ ਸ਼ਰੀਰ ਵਾਲੇ ਅਥਵਾ ਹੋਰ ਸਥਾਵਰ ਸ਼ਰੀਰ ਵਾਲੇ ਜੀਵਾਂ ਨੂੰ ਸੁਖ ਵਾ ਦੁਖ ਪ੍ਰਾਪਤ ਕਦੀ ਨਹੀਂ ਹੋ ਸਕਦਾ, ਜੀਕਣ ਬਿਹੋਸ਼ ਪ੍ਰਾਣੀ ਸੁਖ ਦੁਖ ਨੂੰ ਪ੍ਰਾਪਤ ਨਹੀਂ ਹੋਸਕਦਾ, ਉਕਣ ਉਹ ਹਵਾ ਦੇ ਜੀਵ ਥੀ ਬਹੁਤ ਹੀ ਬਿਹੋਸ਼ ਹੋਣ ਥੀਂ ਸੁਖ ਦੁਖ ਨੂੰ ਪ੍ਰਾਪਤ ਨਹੀਂ ਹੋ ਸਕਦੇ, ਫੇਰ ਇਨ੍ਹਾਂ ਨੂੰ ਦੁਖ ਥੀਂ ਬਚਾਣ ਦੀ ਬਾਤ ਸਿਧ ਕਿਸ ਤਰਾਂ ਹੋ ਸਕਦੀ ਹੈ ? ਜਦ ਉਨ੍ਹਾਂ ਨੂੰ ਸੁਖ, ਦੁਖ ਦੀ ਪ੍ਰਾਪਤੀ ਹੀ ਪ੍ਰਤਖ ਨਹੀਂ ਹੁੰਦੀ ਤਾਂ ਅਨੁਮਾਨ ਆਦੀ ਇਥੇ ਕਿਸਤਰਾਂ ਬਣ ਸਕਦੇ ਹਨ।

(ਪ੍ਰਸ਼ਨ) ਜਦ ਉਹ ਜੀਵ ਹਨ ਤਾਂ ਉਨ੍ਹਾਂ ਨੂੰ ਸੁਖ, ਦੁਖ ਕਿਉ ਨਹੀਂ ਹੋਵੇਗਾ ?

(ਉਤ੍ਰ) ਸੁਣੋ ! ਭੋਲੇ ਭ੍ਰਾਵੋ ! ਜਦ ਤੁਸੀ ਸਖੁਪਤੀ ਵਿਚ ਹੁੰਦੇਓ ਤਦ ਤੁਹਾਨੂੰ ਸੁਖ, ਦੁਖ ਪ੍ਰਾਪਤ ਕਿਉਂ ਨਹੀਂ ਹੁੰਦੇ ? ਸੁਖ, ਦੁਖ ਦੀ ਪ੍ਰਾਪਤੀ ਦਾ ਸਬਬ ਪ੍ਰਸਿਧ ਸਬੰਧ ਹੈ, ਹੁਣੇ ਹੀ ਅਸੀ ਏਸਦਾ ਉਤ੍ਰ ਦੇ ਆਏ ਹਾਂ ਕਿ ਨਸ਼ਾ ਸੁੰਘਾਕੇ ਡਾਕਟਰ ਲੋਕ ਅੰਗਾਂ ਨੂੰ ਚੀਰਦੇ, ਫਾੜਦੇ ਅਰ ਕਟਦੇ ਹਨ ਜੀਕਣ ਉਸਨੂੰ ਦੁਖ ਮਲੂੰਮ ਨਹੀਂ ਹੁੰਦਾ ਇਸੇ ਤਰਾਂ ਬਹੁਤ ਹੀ ਬਿਹੋਸ਼ ਜੀਵਾਂ ਨੂੰ ਸੁਖ, ਦੁਖ ਕਿਸਤਰਾਂ ਪ੍ਰਾਪਤ ਹੋਂਨ, ਕਿਉਂਕਿ ਉਥੇ ਪ੍ਰਾਪਤ ਹੋਣ ਦਾ ਸਾਧਨ ਕੋਈ ਨਹੀਂ।

( ਪ੍ਰਸ਼ਨ ) ਵੇਖੋ! ਨਿਲੋਤੀ ਅਰਥਾਤ ਜਿਨੇ ਹਰੇ ਸਾਗ, ਪਤ੍ਰ, ਅਰ ਕੰਦ, ਮੂਲ ਹਨ ਉਨ੍ਹਾਂ ਨੂੰ ਅਸੀਂ ਲੋਗ ਨਹੀਂ ਖਾਂਦੇ ਕਿਉਂਕਿ ਨਿਲੋਤੀ ਵਿਚ ਬਹੁਤ ਅਰ ਕੰਦ ਮੂਲ ਵਿਚ ਅਣਗਿਣਤ ਜੀਵ ਹਨ, ਜੋ ਅਸੀਂ ਉਨ੍ਹਾਂ ਨੂੰ ਖਾਈਏ ਤਾਂ ਉਨ੍ਹਾਂ ਜੀਵਾਂ ਨੂੰ ਮਾਰਣੇ ਅਰ ਪੀੜਾ ਪਹੁਚਣ ਥੀਂ ਅਸੀਂ ਲੋਕ ਪਾਪੀ ਹੋ ਜਾਈਏ।

( ਉਤ੍ਰ ) ਏਹ ਤੁਹਾਡੀ ਵਡੀ ਅਵਿਦਿਆ ਦੀ ਬਾਤ ਹੈ, ਕਿਉਂਕਿ ਹਰੇ ਸਾਗ ਦੇ ਖਾਂਣ ਵਿਚ ਜੀਵਦਾ ਮਰਨਾ ਉਨ੍ਹਾਂ ਨੂੰ ਦੁਖ ਪਹੁਚਣਾ ਕਿਸਤਰਾਂ ਮਨਦੇਓ? ਭਲਾ ਜਦ ਤੁਹਾਨੂੰ ਪੀੜਾ ਪ੍ਰਾਪਤ ਹੁੰਦੀ ਪ੍ਰਤਖ ਨਹੀਂ ਦਿਸਦੀ ਅਰ ਜੇ ਦਿਸਦੀ ਹੈ ਤਾਂ ਸਾਨੂੰ ਥੀ ਵਿਖਾਓ, ਤੁਸੀਂ ਕਦੀ ਨਾ ਪ੍ਰਤਖ ਵੇਖ ਵਾ ਸਾਨੂੰ ਵਿਖਾ ਸਕੋਗੇ । ਜਦ ਪ੍ਰਤਖ ਨਹੀਂ ਤਾਂ ਅਨੁਮਾਨ, ਉਪਮਾਨ, ਅਰ ਸ਼ਬਦ ਪ੍ਰਮਾਣ ਥੀ ਕਦੀ ਨਹੀਂ ਘਟ ਸਕਦਾ, ਫੇਰ ਜਿਹੜਾ ਅਸੀਂ ਉਪਰ

ਉਤ੍ਰ ਦੇ ਆਏ ਹਾਂ ਉਹ ਏਸ ਬਾਤ ਦਾ ਬੀ ਉਤ੍ਰ ਹੈ, ਕਿਉਂਕਿ ਜੋ ਬਹੁਤੇ ਹੀ ਹਨੇਰੇ ਮਹਾਂ ਸਖੁਪਤੀ ਅਰ ਮਹਾਂ ਨਸ਼ੇ ਵਿਚ ਜੀਵ ਹਨ ਉਨ੍ਹਾਂ ਨੂੰ ਸੁਖ, ਦੁਖ ਦੀ ਪ੍ਰਾਪਤੀ ਮਨਣਾ ਤੁਹਾਡੇ ਤੀਰਥੰਕ੍ਰਾਂ ਦੀ ਬੀ ਭੁਲ ਮਲੂੰਮ ਹੁੰਦੀ ਹੈ, ਜਿਨ੍ਹਾਂ ਨੈ ਤੁਹਾ ਨੂੰ ਅਜਿਹੀ ਯੁਕਤੀ ਅਰ ਵਿਦਿਆ ਵਿਰੁਧ ਉਪਦੇਸ਼ ਕੀਤਾ ਹੈ, ਭਲਾ ਜਦ ਘਰਦਾ ਅੰਤ ਹੈ ਤਾਂ ਓਸ ਵਿਚ ਰਹਣ ਵਾਲੇ ਅਨੰਤ ਕਿਸਤਰਾਂ ਹੋ ਸੱਕਨ ਗੇ? ਜਦ ਕੰਦ ਦਾ ਅੰਤ ਅਸੀਂ ਵੇਖਦੇ ਹਾਂ ਤਾਂ ਓਸ ਵਿਚ ਰਹਣ ਵਾਲੇ ਜੀਵਾਂ ਦਾ ਅੰਤ ਕਿਉਂ ਨਹੀਂ? ਏਸ ਥੀਂ ਏਹ ਤੁਹਾਡੀ ਬਾਤ ਵਡੀ ਭੁਲ ਦੀ ਹੈ ।

( ਪ੍ਰਸ਼ਨ ) ਵੇਖੋ! ਤੁਸੀਂ ਲੋਗ ਬਿਨਾ ਗਰਮ ਕੀਤੇ ਕੱਚਾ ਪਾਣੀ ਪੀਂਦੇਓ ਉਹ ਵਡਾ ਪਾਪ ਕਰਦੇਓ, ਜੀਕਣ ਅਸੀਂ ਗਰਮ ਪਾਣੀ ਪੀਨੇ ਹਾਂ ਊਕਣ ਤੁਸੀਂ ਲੋਕ ਬੀ ਪੀਤਾ ਕਰੋ ।

( ਉਤ੍ਰ ) ਏਹ ਬੀ ਤੁਹਾਡੀ ਬਾਤ ਭ੍ਰਮ ਜਾਲਦੀ ਹੈ, ਕਿਉਂਕਿ ਜਦ ਤੁਸੀਂ ਪਾਣੀ ਨੂੰ ਗਰਮ ਕਰਦੇਓ ਤਦ ਪਾਣੀ ਦੇ ਜੀਵ ਸਭ ਮਰਦੇ ਹੋਂਨਗੇ, ਅਰ ਉਨ੍ਹਾਂ ਦਾ ਸ਼ਰੀਰ ਪਾਣੀ ਵਿਚ ਰਿਝਕੇ ਉਹ ਪਾਣੀ ਸੌਂਫਦੇ ਅਰਕ ਦੇ ਵਾ-ਕਰ ਹੋਂਣ ਥੀਂ ਜਾਣੋ ਤੁਸੀਂ ਉਨ੍ਹਾਂ ਦੇ ਸ਼ਰੀਰਾਂ ਦਾ "ਤੇਜਆਬ" ਪੀਂਦੇਓ, ਏਸ ਥੀਂ ਤੁਸੀਂ ਵਡੇ ਪਾਪੀਓ । ਅਰ ਜੋ ਠੰਡਾ ਜਲ ਪੀਂਦੇ ਹਨ ਉਹ ਨਹੀਂ, ਕਿਉਂਕਿ ਜਦ ਠੰਡਾ ਪਾਣੀ ਪੀਂਨਗੇ ਤਦ ਪੇਟ ਵਿਚ ਜਾਣ ਥੀਂ ਥੋੜੀ ਗਰਮੀ ਪਾਕੇ ਸ੍ਵਾਸ ਦੇ ਨਾਲ ਉਹ ਜੀਵ ਬਾਹਰ ਨਿਕਲ ਜਾਂਨਗੇ, ਜਲ ਵਾਲੇ ਜੀਵਾਂ ਨੂੰ ਸੁਖ, ਦੁਖ ਪ੍ਰਾਪਤ ਪਹਿਲਾਂ ਕਹੀ ਰੀਤ ਨਾਲ ਨਹੀਂ ਹੋ ਸਕਦਾ, ਫੇਰ ਏਸ ਵਿਚ ਪਾਪ ਕਿਸੇ ਨੂੰ ਨਹੀਂ ਹੋਵੇਗਾ।

( ਪ੍ਰਸ਼ਨ ) ਜੀਕਣ ਪੇਟ ਦੀ ਅਗ ਥੀਂ ਉਕਣ ਗਰਮੀ ਪਾਕੇ ਜਲ ਥੀਂ ਬਾਹਿਰ ਜੀਵ ਕਿਉ ਨਾ ਨਿਕਲ ਜਾਂਨਗੇ ।

( ਉਤ੍ਰ ) ਹਾਂ ਨਿਕਲ ਤਾਂ ਜਾਂਦੇ, ਪ੍ਰੰਤੂ ਜਦ ਤੁਸੀਂ ਮੂੰਹ ਦੀ ਹਵਾ ਦੀ ਗਰਮੀ ਥੀਂ ਜੀਵ ਦਾ ਮਰਨਾ ਮਨਦੇਓ ਤਾਂ ਪਾਣੀ ਗਰਮ ਕਰਨ ਥੀਂ ਤੁਹਾਡੇ ਮਤ ਅਨੁਸਾਰ ਜੀਵ ਮਰਜਾਨਗੇ ਵਾ ਵਧੀਕ ਪੀੜਾ ਪਾਕੇ ਨਿਕਲਨਗੇ ਅਰ ਉਨ੍ਹਾਂ ਦੇ ਸ਼ਰੀਰ ਓਸ ਜਲ ਵਿਚ ਰਿਝ ਜਾਂਨਗੇ, ਏਸ ਥੀਂ ਤੁਸੀਂ ਵਧੀਕ ਪਾਪੀ ਹੋਵੋਗੇ ਵਾ ਨਹੀਂ?

( ਪ੍ਰਸ਼ਨ ) ਅਸੀਂ ਅਪਣੇ ਹਥ ਥੀਂ ਗਰਮ ਜਲ ਨਹੀਂ ਕਰਦੇ ਅਰ ਨਾ ਕਿਸੇ ਗ੍ਰਹਸਤੀ ਨੂੰ ਗਰਮ ਜਲ ਕਰਨ ਦੀ ਆਗਿਆ ਦਿੰਦੇ ਹਾਂ ਏਸ-ਲਈ ਸਾਨੂੰ ਪਾਪ ਨਹੀਂ ।

( ਉਤ੍ਰ ) ਜੋ ਤੁਸੀ ਗਰਮਜਲ ਨਾ ਲੈਂਦੇ, ਨਾ ਪੀਂਦੇ ਤਾਂ ਗ੍ਰਿਹਸਤੀ ਗਰਮ ਕਿਉਂ ਕਰਦੇ? ਏਸ ਲਈ ਓਸ ਪਾਪਦੇ ਭਾਗੀ ਤੁਸੀ ਹੀ ਹੋ, ਉਲਟੇ ਵਧੀਕ ਪਾਪੀ ਹੋ, ਕਿਉਂਕਿ ਜੋ ਤੁਸੀ ਕਿਸੇ ਇਕ ਗ੍ਰਿਹਸਤੀ ਨੂੰ ਗਰਮ ਕ-

ਰਨ ਨੂੰ ਕਹਿੰਦੇ ਤਾਂ ਇਕ ਠਿਕਾਣੇ ਗਰਮ ਹੁੰਦਾ, ਜਦ ਉਹ ਗ੍ਰਿਹਸਤੀ ਏਸ ਭੁਲੇਖੇ ਵਿਚ ਰਹਿੰਦੇ ਹਨ ਕਿਨਾ ਜਾਣੇ ਸਾਧੂਜੀ ਕਿਸਦੇ ਘਰਨੂੰ ਆਉਂਨ ਗੇ ਏਸਲਈ ਹਰਇਕ ਗ੍ਰਿਸਤੀ ਅਪਣੇ ੨ ਘਰ ਵਿਚ ਗਰਮ ਜਲ ਕਰ ਰਖਦੇ ਹਨ, ਏਸ ਪਾਪਦੇ ਭਾਗੀ ਮੁਖ ਤੁਸੀ ਹੀ ਹੋ। ਦੂਜਾ ਜਿਆਦਾ ਲਕੜੀ ਅਰ ਅਗਦੇ ਬਲਣੇ ਬਾਲਣੇ ਥੀਂ ਬੀ ਉਪਰ ਲਿਖੇ ਪ੍ਰਮਾਣੇ ਰਸੋਈ, ਖੇਤੀ ਅਰ ਵਿਹਾਰ ਆਦੀ ਵਿਚ ਜਿਆਦਾ ਪਾਪੀ ਅਰ ਨਰਕ ਗਾਮੀ ਹੁੰਦੇ ਹੋ,ਫੇਰ ਜਦ ਗਰਮ ਜਲ ਕਰਾਣੇ ਦੇ ਮੁਖ ਕਾਰਣ, ਅਰ ਤੁਸੀ ਗਰਮ ਜਲਦੇ ਪੀਣੇ ਅਰ ਠੰਡੇਦੇ ਨਾ ਪੀਣੇ ਦੇ ਉਪਦੇਸ਼ ਕਰਨ ਥੀਂ ਤੁਸੀ ਹੀ ਮੁਖ ਪਾਪਦੇ ਭਾਗੀ ਹੋ, ਅਰ ਜੋ ਤੁਹਾਡਾ ਉਪਦੇਸ਼ ਮਨਕੇ ਅਜਿਹੀ ਗਲਾਂ ਕਰਦੇ ਹਨ ਉਹਬੀ ਪਾਪੀ ਹਨ। ਹੁਣ ਵੇਖੋ। ਕਿ ਤੁਸੀ ਵਡੀ ਅਵਿਦਿਆ ਵਿਚ ਹੁੰਦੇ ਹੋ ਵਾ ਨਹੀ? ਕਿ ਛੋਟੇ ਛੋਟੇ ਜੀਵਾਂ ਉਪਰ ਦਇਆ ਕਰਨੀ, ਅਰ ਹੋਰੀ ਮਤ ਵਾ-ਲਿਆਂ ਦੀ ਨਿੰਦਿਆ, ਅਨੁਪਕਾਰ ਕਰਨਾ ਕੀ ਥੋੜਾ ਪਾਪ ਹੈ? ਜੋ ਤੁਹਾਡੇ ਤੀਰਥੰਕਰਾਂ ਦਾ ਮਤ ਸਚਾ ਹੁੰਦਾ ਤਾਂ ਸ੍ਰਿਸ਼ਟੀ ਵਿਚ ਇੱਨਾਂ ਮੀਂਹ, ਦਰਯਾਵਾਂ ਦਾ ਚਲਣਾ, ਅਰ ਇੱਨਾਂ ਜਲ ਕਿਉਂ ਉਤਪੰਨ ਈਸ਼ੂਰ ਨੇ ਕੀਤਾ? ਅਰ ਸੂਰਜ ਨੂੰ ਬੀ ਉਤਪੰਨ ਨਾ ਕਰਦਾ, ਕਿਉਂਕਿ ਇਨ੍ਹਾਂ ਵਿਚ ਕ੍ਰੋੜਾਂ ਦਰ ਕ੍ਰੋੜਾਂ ਜੀਵ ਤੁਹਾਡੇ ਮਤ ਅਨੁਸਾਰ ਮਰਦੇ ਹੀ ਹੋਂਨਗੇ, ਜਦ ਉਹ ਹਨ ਅਰ ਤੁਸੀ ਜਿਨ੍ਹਾਂ ਨੂੰ ਈਸ਼ੂਰ ਮਨਦੇਓ ਉਨ੍ਹਾਂ ਨੇ ਦਇਆ ਕਰ ਸੂਰਜ ਦੀ ਤਪਤ ਅਰ ਬਦਲ ਨੂੰ ਬਨ੍ਹ ਕਿਉਂ ਨਾ ਦਿਤਾ? ਅਰ ਪਹਲੀ ਕਹੀ ਰੀਤੀ ਨਾਲ ਬਿਨਾ ਪ੍ਰਤਖ ਪ੍ਰਾਣੀਆਂ ਦੇ ਦੁਖ, ਸੁਖ ਦੀ ਪ੍ਰਾਪਤੀ ਕੰਦ ਮੂਲ ਆਦੀ ਚੀਜਾਂ ਵਿਚ ਰਹਣ ਵਾਲੇ ਜੀਵਾਂ ਨੂੰ ਨਹੀਂ ਹੁੰਦੀ, ਸਭਤਰਾਂ ਸਭ ਜੀਵਾਂ ਉਪੱਰ ਦਇਆ ਕਰਨਾ ਬੀ ਦੁਖਦਾ ਕਾਰਣ ਹੁੰਦਾ ਹੈ, ਕਿਉਂਕਿ ਜੋ ਤੁਹਾਡੇ ਮਤ ਅਨੁਸਾਰ ਸਭ ਮਨੁੱਖ ਹੋ ਜਾਂਨ, ਚੋਰ ਡਾਕੂਆਂ ਨੂੰ ਕੋਈ ਬੀ ਡੰਡ ਨਾ ਦੇਵੇ, ਤਾਂ ਕਿਨੱਾ ਬਡਾ ਪਾਪ ਖੜਾ ਹੋਜਾਵੇ? ਏਸ-ਲਈ ਦੁਸ਼ਟਾਂ ਨੂੰ ਜੀਕਣ ਚਾਹੀਏ ਤੇਹਾ ਡੰਡ ਦੇਣੇ ਅਰ ਭਲਿਆਂ ਲੋਕਾਂ ਦੇ ਪਾਲਣ ਕਰਨ ਵਿਚ ਦਇਆ, ਅਰ ਏਸ ਥੀਂ ਉਲਟ ਕਰਨ ਵਿਚ ਦਇਆ ਖਿਮਾਂ ਰੂਪ ਧਰਮ ਦਾ ਨਾਸ਼ ਹੈ। ਕਿਨੇੱਕ ਜੈਨੀ ਲੋਕ ਦੁਕਾਂਨ ਕਰਦੇ, ਉਨ੍ਹਾਂ ਵਿਹਾਰਾਂ ਵਿਚ ਝੂਠ ਬੋਲਦੇ, ਪਰਾਇਆ ਧਨ ਮਾਰਦੇ, ਅਰ ਦੀਨਾਂ ਨੂੰ ਛਲਣਾ ਆਦੀ ਕੁਕਰਮ ਕਰਦੇ ਹਨ, ਉਨ੍ਹਾਂ ਦੇ ਦੂਰ ਕਰਨ ਵਿਚ ਜਿਆਦਾ ਉਪਦੇਸ਼ ਕਿਉਂ ਨਹੀਂ ਕਰਦੇ? ਅਰ ਮੂੰਹ ਪਟੀ ਬਨ੍ਹਣੇ ਆਦੀ ਬਖੇੜੇ ਵਿਚ ਕਿਉਂ ਰਹਿੰਦੇਓ? ਜਦ ਤੁਸੀ ਚੇਲਾ ਚੇਲੀ ਕਰਦੇਓ ਤਦ ਕੇਸ ਪੁਟੱਣ ਅਰ ਬਹੁਤੇ ਦਿਨ ਭੁਖੇ ਰਹਣ ਵਿਚ ਪਰਾਏ ਵਾ ਅਪਣੇ ਆਤਮਾ ਨੂੰ ਦੁਖ ਦੇਕੇ ਅਰ ਦੁਖ ਨੂੰ ਪ੍ਰਾਪਤ ਹੋਕੇ ਦੂਜਿਆਂ ਨੂੰ ਦੁਖ ਦਿੰਦੇ

ਅਰ ਆਤਮ ਹਤਿਆ ਅਰਥਾਤ ਆਤਮਾ ਨੂੰ ਦੁਖ ਦੇਣ ਵਾਲੇ ਹੋਕੇ ਦੁਖਦਾਈ ਕਿਉਂ ਬਣਦੇਓ ? ਜਦ ਹਾਥੀ, ਘੋੜੇ, ਬੈਲ, ਊਂਠ ਉਪੱਰ ਚੜ੍ਹਨੇ, ਅਰ ਮਨੁਖਾਂ ਨੂੰ ਮਜੂਰੀ ਕਰਾਣ ਵਿਚ ਪਾਪ ਜੈਨੀ ਲੋਕ ਕਿਉਂ ਨਹੀਂ ਗਿਣਦੇ ? ਜਦ ਤੁਹਾਡੇ ਚੇਲੇ ਊਟ ਪਟਾਂਗ ਬਾਤਾਂ ਨੂੰ ਸਚੀਆਂ ਨਹੀਂ ਕਰ ਸਕਦੇ ਤਾਂ ਤੁਹਾਡੇ ਤੀਰਥੰਕਰ ਬੀ ਸਚੀਆਂ ਨਹੀਂ ਕਰ ਸਕਦੇ, ਜਦ ਤੁਸੀਂ ਕਥਾ ਵਾਚਦੇਓ ਤਦ ਮਾਰਗ ਵਿਚ ਸੁਣਨ ਵਾਲਿਆਂ ਦੇ ਅਰ ਤੁਹਾਡੇ ਮਤ ਅਨੁਸਾਰ ਜੀਵ ਮਰਦੇ ਹੀ ਹੋਂਨਗੇ, ਏਸ ਲਈ ਤੁਸੀ ਏਸ ਪਾਪ ਦੇ ਮੁਖ ਕਾਰਣ ਕਿਉਂ ਹੁੰਦੇਓ ? ਏਸ ਥੋੜੇ ਕਹਣੇ ਥੀਂ ਬਹੁਤ ਸਮਝ ਲੈਣਾ, ਕਿ ਉਨ੍ਹਾਂ ਜਲ, ਥਲ, ਹਵਾ ਦੇ ਸਥਾਵਰ ਸ਼ਰੀਰ ਵਾਲੇ ਅਤਜੰਤ ਮੂਰਛਤ ਜੀਵਾਂ ਨੂੰ ਦੁਖ ਯਾ ਸੁਖ ਕਦੀ ਨਹੀਂ ਪਹੁਚ ਸਕਦਾ ।

ਹੁਣ ਜੈਨੀਆਂ ਦੀ ਹੋਰ ਬੀ ਥੋੜੀ ਜਿਹੀ ਅਸੰਭਵ ਕਥਾ ਲਿਖਨੇ ਹਾਂ ਸੁਣਨਾ ਚਾਹੀਏ, ਅਰ ਏਹ ਖਿਆਲ ਵਿਚ ਰਖਣਾ ਕਿ ਅਪਣੇ ਹਥ ਨਾਲ ਸਾਢੇ ਤਿੰਨ ਹਥਾਂ ਦਾ ਧਨੁਖ ਹੁੰਦਾ ਹੈ, ਅਰ ਵੇਲੇ ਦੀ ਗਿਣਤੀ ਜੀਕਣ ਪਿਛੇ ਲਿਖ ਆਏ ਹਾਂ ਊਕਣ ਹੀ ਸਮਝਣਾ ( ਰਤਨ ਸਾਰ ਭਾਗ ੧ ਪਤ੍ਰਾ ੧੬੬-੧੬੭) ਵਿਚ ਲਿਖਿਆ ਹੈ(੧) ਰਿਖਭ ਦੇਵ ਦਾ ਸ਼ਰੀਰ ੫੦੦ (ਪੰਜਸੌ) ਧਨੁਖ ਲੰਮ ਅਰ [ਚੁਰਾਸੀ ਲਖ] ਪੂਰਬ ਵਰ੍ਹੇ ਦਾ ਆਯੂ [੨] ਅਜਿਤਨਾਥ ਦਾ ੪੫੦ [ਚਾਰ ਸੌ ਪੰਜਾਹ] ਧਨੁਖ ਪਰੀਮਾਣ ਦਾ ਸ਼ਰੀਰ ਅਰ [ਬਹਤੱਰ ਲਖ] ਪੂਰਬ ਵਰ੍ਹੇ ਦਾ ਆਯੂ । [੩] ਸੰਭਵ ਨਾਥ ਦਾ ੪੦੦ [ਚਾਰਸੌ] ਧਨਖ ਪਰੀਮਾਣ ਦਾ ਸ਼ਰੀਰ, ਅਰ [ਸੱਠ ਲਖ] ਪੂਰਬ ਵਰ੍ਹੇ ਦਾ ਆਯੂ । (੪) ਅਭੀਨੰਦਨ ਦਾ ੩੫੦[ਸਾਢੇ ਤਿਨਸੌ] ਧਨਖ ਦਾ ਸ਼ਰੀਰ ਅਰ [ਪੰਜਾਹਲਖ] ਪੂਰਬ ਵਰ੍ਹੇ ਦਾ ਆਯੂ । [੫] ਸਮੁਤੀ ਨਾਥ ਦਾ [ਤਿਨ ਸੌ] ਧਨਖ ਪਰੀਮਾਣ ਦਾ ਸ਼ਰੀਰ ਅਰ [ਚਾਲੀ ਲਖ] ਪੂਰਬ ਵਰ੍ਹੇ ਦਾ ਆਯੂ । [੬]ਪਦਮ ਪ੍ਰਭ ਦਾ [ ਇਕਸੌ ਚਾਲੀ ] ਧਨੁਖ ਦਾ ਸ਼ਰੀਰ ਅਰ [ ਤੀਹ ਲਖ] ਪੂਰਬ ਵਰ੍ਹੇ ਦਾ ਆਯੂ[੭]ਪਾਰਸ਼੍ਵਨਾਥ ਦਾ[ਦੋਸੌ]ਧਨਖਦਾਸ਼ਰੀਰ ਅਰ[ਵੀਹਲਖ] ਪੂਰਬ ਵਰ੍ਹੇ ਦਾ ਆਯੂ । [ ੮ ] ਚੰਦ੍ਰ ਪ੍ਰਭਦਾ [ ਡੇਢਸੌ ] ਧਨੁਖਪਰੀਮਾਣ ਦਾ ਸ਼ਰੀਰ ਅਰ [ ਦਸ ਲਖ ] ਪੂਰਬ ਵਰੇ ਦਾ ਆਯੂ । [ ੯ ] ਸੁਵਿਧੀ ਨਾਥ ਦਾ[ ਸੌ ] ਧਨੁਖਦਾਸ਼ਰੀਰ ਅਰ [ ਦੋ ਲਖ ] ਪੂਰਬ ਵਰ੍ਹੇ ਦਾ ਆਯੂ । [ ੧੦ ] ਸੀਤਲਨਾਥ ਦਾ [ ਨਵ੍ਹੇ ] ਧਨੁਖ ਦਾ ਸ਼ਰੀਰ ਅਰ [ ਇਕ ਲਖ ] ਪੂਰਬ ਵਰ੍ਹੇਦਾ ਆਯੂ । [ ੧੧ ] ਸ਼੍ਰੇਯਾਂਸਨਾਥ ਦਾ [ ਅਸੀ ] ਧਨੁਖ ਦਾ ਸ਼ਰੀਰ ਅਰ [ ਚੁਰਾਸੀ ਲਖ ] ਵਰ੍ਹੇ ਦਾ ਆਯੂ । [ ੧੨ ] ਵਾਸੂ ਪੂਜ ਸ੍ਵਾਮੀ ਦਾ [ ਸਤੱਰ ] ਧਨੁਖ ਦਾ ਸ਼ਰੀਰ ਅਰ [ ਬਹੱਤਰ ਲਖ ] ਵਰ੍ਹੇ ਦਾ ਆਯੂ । [ ੧੩ ] ਵਿਮਲਨਾਥ ਦਾ [ ਸਠ ] ਧਨਖਦਾ ਸ਼ਰੀਰ ਅਰ [ ਸਠ ਲਖ ] ਵਰੇ ਦਾ ਆਯੂ । [ ੧੪ ] ਅਨੰਤ ਨਾਥਦਾ

[ ਪੰਜਾਹ ] ਧਨੁਖ ਦਾ ਸ਼ੀਰ ਅਰ [ ਤੀਹਲਖ ] ਵਰ੍ਹੇਦਾ ਆਯੂ। [ ੧੫ ] ਧਰਮਨਾਥਦਾ[ ਪੰਜਤਾਲੀ ] ਧਨੁਖਾਂ ਦਾ ਸ਼ੀਰ ਅਰ [ ਦਸਲਖ ] ਵਰ੍ਹਿਆਂ ਦਾ ਆਯੂ। [ ੧੬ ] ਸ਼ਾਂਤੀਨਾਥ ਦਾ [ ਚਾਹਲੀ ] ਧਨਖਾਂ ਦਾ ਸ਼ੀਰ ਅਰ [ ਇਕ ਲਖ ] ਵਰ੍ਹੇ ਦਾ ਆਯੂ। [ ੧੭ ] ਕੁੰਥੁਨਾਥ ਦਾ [ ਪੈਂਤੀ ] ਧਨੁਖ ਦਾ ਸ਼ੀਰ ਅਰ[ ਪਚਾਨਵੇਂ ਹਜਾਰ ]ਵਰ੍ਹੇ ਦਾ ਆਯੂ ।[ ੧੮ ]ਅਮਰਨਾਥ ਦਾ ੩੦[ਤੀਹ] ਧਨੁਖਾਂਦਾ ਸ਼ੀਰ ਅਰ[ ਚੁਰਾਸੀਹਜਾਰ ]ਵਰ੍ਹਿਆਂ ਦਾ ਆਯੂ। [ ੧੯ ]ਮਲੀਨਾਥ ਦਾ੨੫[ਪੰਜੀ]ਧਨੁਖਾਂ ਦਾ ਸ਼ੀਰ ਅਰ ੫੫੦੦੦ [ਪਚਵੰਜਾ ਹਜਾਰ ] ਵਰ੍ਹਿਆਂ ਦਾ ਆਯੂ। [ ੨੦ ] ਮੁਨੀ ਸੁਬ੍ਰਿਤ ਦਾ ੨੦ [ ਵੀਹ ] ਧਨੁਖਾਂ ਦਾ ਸ਼ੀਰ ਅਰ ੩੦੦੦੦ [ ਤੀਹ ਹਜਾਰ ] ਵਰ੍ਹਿਆਂ ਦਾ ਆਯੂ। [ ੨੧ ] ਨਮੀ ਨਾਥ ਦਾ ੧੪ [ ਚੌਦਾਂ ] ਧਨੁਖਾਂ ਦਾ ਸ਼ੀਰ ਅਰ ੧੦੦੦ [ ਇਕ ਹਜਾਰ ] ਵਰ੍ਹਿਹਾਂ ਦਾ ਆਯੂ । [ ੨੨ ] ਨੇਮੀ ਨਾਥ ਦਾ [ ਦਸ ] ਧਨੁਖਾਂ ਦਾ ਸ਼ੀਰ ਅਰ [ ਇਕ ਹਜਾਰ ] ਵਰ੍ਹਿਆਂ ਦਾ ਆਯੂ। [ ੨੩ ] ਪਾਰਸ਼੍ਵ ਨਾਥ ਦਾ [ ਨੌਂ ] ਹਥ ਦਾ ਸ਼ੀਰ ਅਰ [ ਸੌ ] ਵਰ੍ਹੇ ਦਾ ਆਯੂ । [ ੨੪ ] ਮਹਾਂਵੀਰ ਸ੍ਵਾਮੀ ਦਾ [ ਸਤ ] ਹਥਦਾ ਸ਼ੀਰ ਅਰ [ ਬਹਤਰ ] ਵਰ੍ਹਿਆਂ ਦਾ ਆਯੂ । ਏਹ ਚਹ੍ਵੀ ਤੀਰਥੰਕਰ ਜੈਨੀਆਂ ਦੇ ਮਤ ਚਲਾਣੇ ਵਾਲੇ ਅਚਾਰਜ ਅਰ ਗੁਰੂ ਹਨ, ਇਨ੍ਹਾਂ ਹੀ ਨੂੰ ਜੈਨੀ ਲੋਕ ਪਰਮੇਸ਼੍ਵਰ ਮਨਦੇ ਹਨ ਅਰ ਏਹ ਸਾਰੇ ਮੋਖ ਨੂੰ ਗਏ ਹਨ, ਇਸ ਵਿਚ ਬੁਧਵਾਂਨ ਲੋਕ ਵਿਚਾਰ ਲੈਂਨ ਕਿ ਇੱਨੇ ਵਡੇ ਸ਼ੀਰ ਅਰ ਇੱਨਾ ਆਯੂ ਮਨੁਖ ਦੇਹ ਦਾ ਹੋਣਾ ਕਦੀ ਬਣਦਾਹੈ?ਇਸ ਭੂਗੋਲ ਵਿਚ ਬਹੁਤ ਹੀ ਥੋੜੇ ਮਨੁਖ ਵਸ ਸਕਦੇ ਹਨ । ਇਨ੍ਹਾਂ ਹੀ ਜੈਨੀਆਂ ਦੇ ਗਪੌੜੇ ਲੈਕੇ ਜੋ ਪਰਾਣੀਆਂ ਨੇ ਇਕ ਲਖ ਦਾਹ ਹਜਾਰ ਅਰ ਇਕ ਹਜਾਰ ਵਰ੍ਹੇ ਦਾ ਆਯੂ ਲਿਖਿਆ ਸੋ ਬੀ ਸੰਭਵ ਨਹੀਂ ਹੋ ਸਕਦਾ ਤਾਂ ਜੈਨੀਆਂ ਦਾ ਕਹਣਾ ਸੰਭਵ ਕਿ-ਸਤਰਾਂ ਹੋ ਸਕਦਾ ਹੈ? ਹੁਣ ਹੋਰ ਬੀ ਸੁਣੋ! (ਕਲਪ ਭਾਸ਼ ਪਤ੍ਰਾ ੪) ਨਾਗਕੇਤ ਨੇ ਪਿੰਡ ਦੇ ਬਰਾਬਰ ਇਕ ਸਿਲਾ ਉਂਗਲੀ ਉਪੱਰ ਧਰ ਲਈ (!) (ਕ-ਲਪ ਭਾਸ਼ ਪਤ੍ਰਾ ੩੫) ਮਹਾਂਬੀਰ ਨੇ ਅੰਗੂਠੇ ਨਾਲ ਜਮੀਨ ਨੂੰ ਦਬਾਇਆ ਓਸ ਥੀਂ ਸ਼ੇਸ਼ਨਾਗ ਕੰਬ ਗਿਆ (!) [ਕਲਪ ਭਾਸ਼ ਪਤ੍ਰਾ ੪੬) ਮਹਾਂਬੀਰ ਨੂੰ ਸਪ ਨੇ ਕਟਿਆ ਲਹੂ ਦੇ ਬਦਲੇ ਦੁਧ ਨਿਕਲਿਆ ਅਰ ਉਹ ਸਪੱ ੮ ਵੇਂ ਸੁਰਗ ਨੂੰ ਗਿਆ (!) (ਕਲਪ ਭਾਸ਼ ਪਤ੍ਰਾ ੪੭) ਮਹਾਂਬੀਰ ਦੇ ਪੈਰ ਉਪੱਰ ਖੀਰ ਪਕਾਈ ਅਰ ਪੈਰ ਨਾ ਸੜੇ (!) [ਕਲਪ ਭਾਸ਼ ਪਤ੍ਰਾ ੧੬] ਛੋਟੇ ਜਿਹੇ ਬਰਤਨ ਵਿਚ ਊਂਠ ਬੁਲਾਇਆ [!] [ਰਤਨਸਾਰ ਭਾਗ ੧ ਪਤ੍ਰਾ ੧੪] ਸ਼ੀਰ ਦੇ ਮੈਲ ਨੂੰ ਨਾ ਉਤਾਰੇ ਅਰ ਨਾ ਖੁਰਕੇ (ਵਿਵੇਕ-ਸਾਰ ਭਾ੦ ੧ ਪਤ੍ਰਾ ੧੫) ਜੈਨੀਆਂ ਦੇ ਇਕ ਦਮਸਾਰ ਸਾਧੂ ਨੇ ਕ੍ਰੋਧਵਾਂਨਹੋਕੇ ਉਦ੍ਵੇਗ ਜਨਕ ਸੂਤ੍ਰ ਪੜ੍ਹਕੇ ਇਕ ਸ਼ੈਹਰ ਵਿਚ ਅਗ ਲਗਾ ਦਿਤੀ

ਅਰ ਮਹਾਂਬੀਰ ਤੀਰਥੰਕਰ ਦਾ ਬਹੁਤ ਪਿਆਰਾ ਸੀ। (ਵਿਵੇਕਸਾਰ ਭਾਗ ੧ ਪਤ੍ਰਾ ੧੨੭ ) ਰਾਜਾ ਦੀ ਆਗਿਆ ਜ਼ਰੂਰ ਮਨਣੀ ਚਾਹੀਏ। ( ਵਿਵੇਕਸਾਰ ਭਾ੦ ੧ ਪਤ੍ਰਾ ੨੨੭ ) ਇਕ ਕੋਸ਼ਾ ਬੇਸਵਾ ਨੇ ਥਾਲੀ ਵਿਚ ਸਰ੍ਹਿਉਂ ਦੀ ਢੇਰੀ ਲਾਕੇ ਓਸਦੇ ਉਪਰ ਫੁਲਾਂ ਦੀ ਢਕੀ ਹੋਈ ਸੂਈ ਖਲਵਾਕੇ ਓਸ ਉਪਰ ਅਛੀ ਤਰਾਂ ਨਾਚ ਕੀਤਾ ਪਰ ਸੂਈ ਪੈਰ ਵਿਚ ਨਾ ਚੁਭੀ ਅਰ ਸਰ੍ਹਿਉਂਦੀ ਢੇਰੀ ਖਿੰਡੀ ਨਹੀਂ (!!!) ( ਤਤ੍ਵਵਿਵੇਕ ਪਤ੍ਰਾ ੨੨੮) ਇਸੇ ਕੋਸ਼ਾ ਬੇਸਵਾ ਦੇ ਸੰਗ ਇਕ ਸਥੂਲ ਮੁਨੀ ਨੇ ੧੨ ਵਰ੍ਹਿਆਂ ਤਿਕ ਭੋਗ ਕੀਤਾ, ਅਰ ਪਿਛੋਂ ਦੀਖਿਆ ਲੈਕੇ ਸਦਗਤੀ ਨੂੰ ਗਿਆ, ਅਰ ਕੋਸ਼ਾ ਬੇਸਵਾ ਬੀ ਜੈਨਧਰਮ ਨੂੰ ਪਾਲਦੀ ਹੋਈ ਸਦਗਤੀ ਨੂੰ ਗਈ। ( ਵਿਵੇਕ ੦ ਭਾ੦ ੧ ਪਤ੍ਰਾ ੧੮੫ ) ਇਕ ਸਿਧ ਦੀ ਖਫਣੀ ਜੋ ਗਲ ਵਿਚ ਪਾਈ ਜਾਂਦੀ ਹੈ ਉਹ ੫੦੦ ਮੋਹਰਾਂ ਇਕ ਬੇਸਵਾ ਨੂੰ ਨਿਤ ਦਿੰਦੀ ਰਹੀ। (ਵਿਵੇਕ ੦ ਭਾ ੦ ੧ ਪਤ੍ਰਾ ੨੨੮) ਜੋਰਾਵਰ ਪੁਰਖ ਦੀ ਆਗਿਆ, ਦੇਵ ਦੀ ਆਗਿਆ, ਭਿਆਨਕ ਬਨ ਵਿਚ ਦੁਖ ਨਾਲ ਨਿਰਬਾਹ, ਗੁਰੂ ਦੇ ਰੋਕਣ, ਮਾ, ਪਿਉ, ਕੁਲਦਾ ਅਚਾਰਜ, ਜਾਤੀ ਦੇ ਲੋਗ, ਅਰ ਧਰਮ ਦਾ ਉਪਦੇਸ਼ ਕਰਨ ਵਾਲਾ, ਇਨ੍ਹਾਂ ਛੀਆਂ ਦੇ ਰੋਕਣੇ ਥੀਂ ਧਰਮ ਵਿਚ ਘਾਟਾ ਹੋਣ ਥੀਂ ਧਰਮ ਦੀ ਹਾਨੀ ਨਹੀਂ ਹੁੰਦੀ।

(ਸਮੀਖਕ) ਹੁਣ ਵੇਖੀਏ ਇਨ੍ਹਾਂ ਦੀਆਂ ਮਿਥਿਆ ਗੱਲਾਂ! ਇਕ ਮਨੁਖੱ ਪਿੰਡ ਦੇ ਬਰਾਬਰ ਪਥੱਰ ਦੀ ਸਿਲਾ ਨੂੰ ਉਂਗੁਲੀ ਉਪੱਰ ਕਦੀ ਧਰ ਸਕਦਾ ਹੈ ? ਅਰ ਜਮੀਨ ਦੇ ਉਪੱਰ ਅੰਗੂਠੇ ਨਾਲ ਦਬਣੇ ਥੀਂ ਜਮੀਂਨ ਕਦੀ ਦਬੀ ਸਕਦੀ ਹੈ ? ਅਰ ਜਦ ਸ਼ੇਸ਼ਨਾਗ ਹੀ ਨਹੀਂ ਤਾਂ ਕੰਬੇਗਾ ਕਉਣ? ਭਲਾ ਸ਼ਰੀਰ ਦੇ ਕਟਣੇ ਥੀਂ ਦੁਧ ਨਿਕਲਣਾ ਕਿਸੇ ਨੇ ਨਹੀਂ ਦੇਖਿਆ ਬਿਨਾ ਇੰਦ੍ਰਜਾਲ ਦੇ ਦੂਜੀ ਗਲੱ ਨਹੀਂ, ਓਸਨੂੰ ਕਟੱਣ ਵਾਲਾ ਸਪੱ ਤਾਂ ਸੁਰਗ ਵਿਚ ਗਿਆ ਅਰ ਮਹਾਤਮਾ ਸ਼੍ਰੀਕ੍ਰਿਸ਼ਨ ਆਦੀ ਤੀਜੇ ਨਰਕ ਨੂੰ ਗਏ ਏਹ ਕਿਨੀ ਮਿਥਿਆ ਬਾਤ ਹੈ? ਜਦ ਮਹਾਂ-ਬੀਰ ਦੇ ਪੈਰ ਉਪੱਰ ਖੀਰ ਪਕਾਈ ਤਦ ਓਸ ਦੇ ਪੈਰ ਸੜ ਕਿੰਉ ਨਾ ਗਏ? ਭਲਾ ਛੋਟੇ ਜਿਹੇ ਭਾਂਡੇ ਵਿਚ ਕਦੀ ਉਠ ਆ ਸਕਦਾ ਹੈ? ਜੋ ਸ਼ਰੀਰ ਦਾ ਮੈਲ ਨਹੀਂ ਉਤਾਰ ਦੇ ਅਰ ਨਾ ਖੁਰਕ ਦੇ ਹੋਂਨਗੇ ਉਹ ਬਦਬੋਰੂਪ ਮਹਾਂ ਨਰਕ ਭੋਗਦੇ ਹੋਂਨਗੇ। ਜਿਸ ਸਾਧੂ ਨੇ ਨਗਰ ਸਾੜਿਆ ਓਸ ਦੀ ਦਇਆ ਅਰ ਖਿਮਾ ਕਿਥੇ ਗਈ? ਜਦ ਮਹਾਂਬੀਰ ਦੇ ਸੰਗ ਥੀਂ ਬੀ ਓਸਦਾ ਪਵਿਤ੍ਰ ਆਤਮਾ ਨਾ ਹੋਇਆ ਤਾਂ ਹੁਣ ਮਹਾਂਬੀਰ ਦੇ ਮੁਏ ਪਿਛੋਂ ਓਸਦੇ ਆਸ਼੍ਰੇ ਥੀਂ ਜੈਨੀ ਲੋਗ ਕਦੀ ਪਵਿਤ੍ਰ ਨਾ ਹੋਂਨਗੇ। ਰਾਜਾ ਦੀ ਆਗਿਆ ਮਨਣੀ ਚਾਹੀਏ, ਪਰ ਜੈਨ ਲੋਗ ਬਾਣੀਏਂ ਹਨ ਏਸਲਈ ਰਾਜਾ ਥੀਂ ਡਰਕੇ ਏਹ ਬਾਤ ਲਿਖ ਦਿੱਤੀ ਹੋਵੇਗੀ। ਕੋਸ਼ਾ ਬੇਸਵਾ ਚਾਹੇ ਓਸਦਾ ਸ਼ਰੀਰ ਕਿੰਨਾ ਹੀ ਹਲਕਾ ਹੋਵੇ ਤਾਂ ਬੀ

ਸਰ੍ਹਿਓਂ ਦੀ ਢੇਰੀ ਉਪੱਰ ਸੂਈ ਖੜਵਾਕੇ ਓਸਦੇ ਉਪਰ ਨਚਣਾ ਸੂਈ ਦਾ ਨਾ ਚੁਭਣਾ ਅਰ ਸਰ੍ਹਿਓਂ ਦਾ ਨਾ ਖਿੰਡਣਾ ਅਤਯੰਤ ਹੀ ਝੂਠ ਨਹੀਂ ਤਾਂ ਕੀ ਹੈ? ॥ ਧਰਮ ਕਿਸੇ ਨੂੰ ਕਿਸੇ ਅਵਸਥਾ ਵਿਚ ਬੀ ਨਾ ਛਡਣਾ ਚਾਹੀਏ ਚਾਹੇ ਕੁਝ ਬੀ ਹੋ ਜਾਵੇ? ॥ ਭਲਾ ਖਫਣੀ ਕਪੜੇ ਦੀ ਹੁੰਦੀ ਹੈ, ਉਹ ਰੋਜ ਰੋਜ ੫੦੦ ਮੋਰ੍ਹਾਂ ਕਿਸਤਰਾਂ ਦੇ ਸਕਦੀ ਹੈ? ਹੁਣ ਅਜੇਹੀ੨ ਅਸੰਭਵ ਕਹਾਣੀ ਇਨ੍ਹਾਂ ਦੀ ਲਿਖੀਏ ਤਾਂ ਜੈਨੀਆਂ ਦੇ ਥੋਥੇ ਪੋਥਿਆਂ ਦੇ ਵਾਕਰ ਬਹੁਤ ਵਧ ਜਾਵੇ, ਏਸ ਲਈ ਵਧੀਕ ਨਹੀਂ ਲਿਖਦੇ ਅਰਥਾਤ ਥੋੜੀ ਜਿਹੀਆਂ ਇਨ੍ਹਾਂ ਜੈਨੀ ਦੀਆਂ ਬਾਤਾਂ ਛਡਕੇ ਬਾਕੀ ਸਭ ਮਿਥਿਆ ਜਾਲ ਭਰਿਆ ਹੈ ਵੇਖੋ:—

> दोसासि दोरवि पढमे। दुगुणा लवणं मिधाय ईसं मे ।
> वारससमि वारसरवि । तप्पभि इनि दिठ समि रविणो ॥
> प्रकरण० भा० ४ संग्रहणी सूत्र ७७ ॥

ਜੋ ਜੰਬੂਦੀਪ ਲਖ ਯੋਜਨ ਅਰਥਾਤ ੪ ਚਾਰ ਲਖ ਕੋਹਦਾ ਲਿਖਿਆ ਹੈ, ਉਨ੍ਹਾਂ ਵਿਚ ਏਹ ਪਹਿਲਾ ਦੀਪ ਕਹਾਂਦਾ ਹੈ, ਏਸਵਿਚ ਦੋ ਚੰਦ੍ਰਮਾਂ ਅਰ ਦੋ ਸੂਰਜ ਹਨ, ਅਰ ਉਕਣ ਹੀ ਖਾਰੇ ਸਮੁੰਦ੍ਰ ਵਿਚ ਓਸਥੀਂ ਦੂਣੇ ਅਰਥਾਤ ੪ ਚਾਰ ਚੰਦ੍ਰਮਾ ਅਰ ੪ਚਾਰ ਸੂਰਜ ਹਨ, ਤਥਾ ਧਾਤਕੀ ਖੰਡਵਿਚ ਬਾਰਾਂ ਚੰਦ੍ਰਮਾਂ, ਅਰ ਬਾਰਾਂ ਸੂਰਜ ਹਨ, ਅਰ ਇਨ੍ਹਾਂ ਨੂੰ ਤਿਨ ਗੁਣਾਂ ਕਰਨੇ ਥੀਂ ਛਤੀ ਹੁੰਦੇ ਹਨ, ਉਨ੍ਹਾਂਦੇ ਸੰਗ ਦੋ ਜੰਬੂਦੀਪ ਦੇ, ਅਰ ਚਾਰ ਖਾਰੇ ਸਮੁੰਦਰ ਦੇ ਮਿਲਕੇ ਬਤਾਲੀ ਚੰਦ੍ਰਮਾ ਅਰ ਬਤਾਲੀ ਸੂਰਜ ਕਾਲੋ ਦਧੀਦੇ ਸਮੁੰਦ੍ਰਵਿਚ ਹਨ, ਇਸੇ ਪ੍ਰਕਾਰ ਅਗਲੇ ੨ ਦੀਪ ਅਰ ਸਮੁੰਦ੍ਰਾਂ ਵਿਚ ਪੂਰਬ ਉਕਤ ਬਤਾਲੀ ਨੂੰ ਤਿਨ ਗੁਣਾਂ ਕਰੀਏ ਤਾਂ ਇਕਸੌ ਛਬੀ ਹੁੰਦੇ ਹਨ, ਉਨ੍ਹਾਂ ਵਿਚ ਧਾਤਕੀ ਖੰਡ ਦੇ ਬਾਰ੍ਹਾਂ, ਖਾਰੇ ਸਮੁੰਦ੍ਰ ਦੇ ਚਾਰ, ਅਰ ਜੰਬੂਦੀਪਦੇ ਜੋ ਦੋ ੨ ਇਸੇ ਰੀਤ ਨਾਲ ਕਰਕੇ ੧੪੪ ਇਕ ਸੌ ਚੁਤਾਲੀ ਚੰਦ੍ਰਮਾ ਅਰ ੧੪੪ ਸੂਰਜ ਪੁਸ਼ਕਰ ਦੀਪ ਵਿਚ ਹਨ, ਏਹ ਬੀ ਅਧੇ ਮਨੁਖ ਖੇਤ੍ਰਦੀ ਗਣਨਾ ਹੈ, ਪ੍ਰੰਤੂ ਜਿਥੋਂ ਤਿਕ ਮਨੁਖ ਨਹੀ ਰਹਿੰਦੇ ਹਨ ਉਥੇ ਬਹੁਤ ਸਾਰੇ ਸੂਰਜ ਅਰ ਬਹੁਤ ਚੰਦ੍ਰਮਾ ਹਨ, ਅਰ ਜੋ ਪਿਛਲੇ ਅਧੇ ਪੁਸ਼ਕਰ ਦੀਪ ਵਿਚ ਬਹੁਤ ਚੰ- ਦ੍ਰਮਾ ਅਰ ਸੂਰਜ ਹਨ ਉਹ ਖਲੋਤੇ ਹਨ, ਪਿਛੇ ਕਹੇ ਹੋਏ ਇਕ ਸੌ ਚੁਤਾਲੀ ਨੂੰ ਤਿਨ ਗੁਣਾਂ ਕਰਨ ਥੀਂ ੪੩੨, ਅਰ ਉਨ੍ਹਾਂ ਵਿਚੋਂ ਪਹਿਲਾਂ ਕਹੇ ਹੋਏ ਜੰਬੂਦੀਪ ਦੇ ਦੋ ਚੰਦ੍ਰਮਾ, ਦੋ ਸੂਰਜ, ਚਾਰ ੨ ਖਾਰੇ ਸਮੁੰਦ੍ਰ ਦੇ, ਅਰ ਬਾਰਾਂ ੨ ਧਾਤਕੀ ਖੰਡ ਦੇ, ਅਰ ਬਤਾਲੀ ਕਾਲੋ ਦਧੀ ਦੇ ਮਿਲਾਣੇ ਥੀਂ ੪੯੨ ਚੰਦ੍ਰਮਾ, ਤਿਸੇਤਰਾਂ ੪੯੨ ਸੂਰਜ ਪੁਸ਼ਕਰਸਮੁੰਦ੍ਰ ਵਿਚ ਹਨ, ਏਹ ਸਾਰੀ

ਆਂ ਬਾਤਾਂ ਸ਼੍ਰੀਜਿਨ ਭਦ੍ਰਗਣੀਖਮਾ ਸ਼੍ਰਮਣ ਨੇ ਬੜੀ "ਸੰਘਯਣੀ" ਵਿਚ ਤਿਸੇਤਰਾਂ "ਯੋਤੀਸਕਰੰਡਕ" ਪੱਯਨਾ ਵਿਚ, ਅਰ "ਚੰਦ੍ਰ ਪਨੱਤੀ" ਤਥਾ "ਸੂਰਪਨਤੀ" ਪ੍ਰਮੁਖ ਸਿਧਾਂਤ ਗ੍ਰੰਥਾਂ ਵਿਚ ਇਸੇ ਪ੍ਰਕਾਰ ਕਹਿਆ ਹੈ।

(ਸਮੀਖਕ) ਹੁਣ ਸੁਣੋਂ! ਭੂਗੋਲ ਖਗੋਲ ਦੇ ਜਾਂਣਨੇ ਵਾਲਿਓ! ਏਸ ਇਕ ਭੂਗੋਲ ਵਿਚ ਇਕ ਪ੍ਰਕਾਰ ੪੯੨ ਚਾਰ ਸੌ ਬਾਨਵੇਂ ਅਰ ਦੂਜੇ ਪ੍ਰਕਾਰ ਅਣਗਿਣਤ ਚੰਦ੍ਰਮਾ ਅਰ ਸੂਰਜ ਜੈਨੀ ਲੋਗ ਮਨਦੇ ਹਨ! ਤੁਸਾਂ ਲੋਕਾਂ ਦਾ ਬੜਾ ਭਾਗ ਹੈ। ਕਿ ਵੇਦਮਤ ਅਨੁਯਾਈ ਸੂਰਜ ਸਿਧਾਂਤ ਆਦੀ ਜੋਤਸ਼ ਗ੍ਰੰਥਾਂ ਦੇ ਪੜ੍ਹਨ ਥੀਂ ਠੀਕ੨ ਭੂਗੋਲ ਖਗੋਲ, ਮਲੂਮ ਹੋਏ, ਜੋ ਕਿਦੇ ਜੈਨ ਦੇ ਮਹਾਂ ਹਨੇਰ ਵਿਚ ਹੁੰਦੇ ਤਾਂ ਜਨਮ ਭਰ ਹਨੇਰ ਵਿਚ ਰਹਿੰਦੇ, ਜੀਕਣ ਕਿ ਜੈਨੀ ਲੋਕ ਅਜ ਕਲ ਹਨ, ਇਨ੍ਹਾਂ ਅਵਿਦਵਾਨਾਂ ਨੂੰ ਏਹ ਸ਼ੰਕਾ ਹੋਈ ਕਿ ਜੰਬੂਦੀਪ ਵਿਚ ਇਕ ਸੂਰਜ ਅਰ ਇਕ ਚੰਦ੍ਰਮਾਂ ਥੀਂ ਕੰਮ ਨਹੀਂ ਚਲਦਾ, ਕਿਉਂਕਿ ਇੱਨੀ ਵਡੀ ਜਮੀਨਾਂ ਨੂੰ ਤੀਹ ਘੜੀ ਵਿਚ ਚੰਦ੍ਰਮਾ, ਸੂਰਜ ਕਿਸਤਰਾਂ ਆ ਸਕਨ, ਕਿਉਂਕਿ ਜਮੀਨ ਨੂੰ ਜੋ ਲੋਕ ਸੂਰਜ ਆਦੀ ਥੀਂ ਬੀ ਵਡੀ ਮਨਦੇ ਹਨ, ਏਹੀ ਇਨ੍ਹਾਂ ਦੀ ਵਡੀ ਭੁਲ ਹੈ।

दोससि दो रवि पंती एगंतरियाछ सठिसंखाया ।
मेरुंपयाहिणंता । माणुसखित्ते परियडंति ॥
प्रकरण० भा० ४ । संग्रह सू० ७८ ॥

ਮਨੁਖੱ ਲੋਕ ਵਿਚ ਚੰਦ੍ਰਮਾ ਅਰ ਸੂਰਜ ਦੀ ਪੰਗਤੀ ਦੀ ਗਿਣਤੀ ਕਹਿੰਦੇ ਹਨ, ਦੋ ਚੰਦ੍ਰਮਾ ਅਰ ਦੋ ਸੂਰਜ ਦੀ ਪੰਗਤੀ (ਸ਼੍ਰੇਣੀ) ਹੈ, ਉਹ ਇਕ ੨ ਲਖ ਜੋਜਨ ਅਰਥਾਤ ਚਾਰ ਲਖ ਕੋਹ ਦੇ ਆਂਤ੍ਰੇ ਥੀਂ ਚਲਦੇ ਹਨ, ਜੀਕਣ ਸੂਰਜ ਦੀ ਪੰਗਤੀ ਦੇ ਆਂਤਰੇ ਇਕ ਪੰਗਤੀ ਚੰਦ੍ਰਮਾਂ ਦੀ ਹੈ, ਇਸੇ ਪ੍ਰਕਾਰ ਚੰਦ੍ਰਮਾ ਦੀ ਪੰਗਤੀ ਦੇ ਆਂਤਰੇ ਸੂਰਜ ਦੀ ਪੰਗਤੀ ਹੈ, ਇਸੇ ਰੀਤ ਨਾਲ ਚਾਰ ਪੰਗਤੀ ਹਨ, ਉਹ ਇਕ ੨ ਚੰਦ੍ਰਮਾ ਪੰਗਤੀ ਵਿਚ ੬੬ ਚੰਦ੍ਰਮਾ ਅਰ ਇਕ ੨ ਸੂਰਜ ਪੰਗਤੀ ਵਿਚ ੬੬ ਸੂਰਜ ਹਨ, ਉਹ ਚਾਰੇ ਪੰਗਤੀਆਂ ਜੰਬੂ ਦੀਪਦੇ ਮੇਰੂ ਪਰਬਤ ਦੀ ਪ੍ਰਦਖਣਾ ਕਰਦੀਆਂ ਹੋਈਆਂ ਮਨੁਖ ਖੇਤ੍ਰ ਵਿਚ ਫਿਰਨਾ ਕਰਦੀਆਂ ਹਨ, ਅਰਥਾਤ ਜਿਸ ਸਮੇਂ ਜੰਬੂ ਦੀਪਦੇ ਮੇਰੂ ਥੀਂ ਇਕ ਸੂਰਜ ਦੱਖਣ ਦਿਸ਼ਾ ਵਿਚ ਵਿਚਰਦਾ ਉਸੇ ਵੇਲੇ ਦੂਜਾ ਸੂਰਜ ਉ-ਤ੍ਰ ਦਿਸ਼ਾ ਵਿਚ ਫਿਰਦਾ ਹੈ, ਊਕਣ ਹੀ ਖਾਰੇ ਸਮੁੰਦ੍ਰ ਦੀ ਇਕ੨ ਦਿਸ਼ਾ ਵਿਚ ਦੋ ੨ ਚਲਦੇ ਫਿਰਦੇ, ਧਾਤ ਕੀ ਖੰਡ ਦੇ ੬, ਕਾਲੋ ਦਧੀ ਦੇ੨੧, ਪੁਸ਼ਕਰਾਰਧ ਦੇ ੩੬, ਏਸਤਰਾਂ ਸਾਰੇ ਮਿਲਕੇ੬੬ ਸੂਰਜ ਦੱਖਣ ਦਿਸਾ ਅਰ ੬੬ ਸੂਰਜ ਉਤ੍ਰ ਦਿਸ਼ਾ ਵਿਚ ਅਪਣੇ੨ ਕ੍ਰਮ ਨਾਂਲ ਫਿਰਦੇ ਹਨ। ਅਰ ਜਦ ਇਨ੍ਹਾਂ ਦੋਹਾਂ ਦਿਸ਼ਾਂ

ਦੇ ਸਾਰੇ ਸੂਰਜ ਮਿਲਾਏ ਜਾਂਨ ਤਾਂ ੧੩੨ ਸੂਰਜ ਅਰ ਈਕਣ ਹੀ ਬਾਹਠ ੨ ਚੰਦ੍ਰਮਾ ਦੀ ਦੋਹਾਂ ਦਿਸ਼ਾਂ ਦੀ ਪੰਗਤੀਆਂ ਮਿਲਾਈਆਂ ਜਾਨ ਤਾਂ ੧੩੨ ਚੰਦ੍ਰਮਾ ਮਨੁਖ ਲੋਕ ਵਿਚ ਚਾਲ ਚਲਦੇ ਹਨ, ਇਸੇਤਰਾਂ ਚੰਦ੍ਰਮਾ ਦੇ ਸੰਗ ਤਾਰੇ ਆਦੀ ਦੀ ਬੀ ਪੰਗਤੀਆਂ ਬਹੁਤ ਸਾਰੀ ਜਾਣਨੀਆਂ।

( ਸਮੀਖਕ ) ਹੁਣ ਵੇਖੋ ਭ੍ਰਾਵੋ! ਇਸ ਭੂਗੋਲ ਵਿਚ ੧੩੨ ਸੂਰਜ ਅਰ ੧੩੨ ਚੰਦ੍ਰਮਾ ਜੈਨੀਆਂ ਦੇ ਘਰ ਉਪਰ ਤਪਦੇ ਹੋਂਨਗੇ, ਭਲਾ ਜੋ ਤਪਦੇ ਹੋਂਨਗੇ ਤਾਂ ਉਹ ਜੀਉਂਦੇ ਕੀਕਣ ਹਨ? ਅਰ ਰਾਤ ਵਿਚ ਬੀ ਸਰਦੀ ਦੇ ਮਾਰੇ ਜੈਨੀ ਲੋਕ ਜਕੜ ਜਾਂਦੇ ਹੋਂਨਗੇ? ਅਜਿਹੀ ਅਣਹੋਂਦ ਗਲ ਵਿਚ ਭੂਗੋਲ ਖਗੋਲ ਦੇ ਨਾ ਜਾਣਨ ਵਾਲੇ ਫਸਦੇ ਹਨ ਹੋਰ ਨਹੀ। ਜਦ ਇਕ ਸੂਰਜ ਏਸ ਭੂਗੋਲ ਦੇ ਵਾਕਰ ਹੋਰੀ ਅਨੇਕ ਭੂਗੋਲਾਂ ਨੂੰ ਪ੍ਰਕਾਸ਼ਦਾ ਹੈ ਤਦ ਏਸ ਛੋਟੇ ਜਿਹੇ ਭੂਗੋਲ ਦੀ ਕੀ ਕਥਾ ਕਹਣੀ? ਅਰ
ਜੇਕਰ ਜਮੀਨ ਨਾ ਫਿਰੇ ਅਰ ਸੂਰਜ ਪ੍ਰਿਥਵੀ ਦੇ ਚਹੁੰ ਪਾਸੇ ਨਾ ਫਿਰੇ ਤਾਂ ਕਈਕ ਵਰ੍ਹਿਆਂ ਦਾ ਦਿਨ ਅਰ ਰਾਤ ਹੋਵੇ। ਅਰ ਸੁਮੇਰੂ ਬਿਨਾ ਹਿਮਾਲਾ ਦੇ ਦੂਜਾ ਕੋਈ ਨਹੀਂ, ਏਹ ਸੂਰਜ ਦੇ ਸਾਮਣੇ ਅਜਿਹਾ ਹੈ ਜੀਕਣ ਘੜੇ ਦੇ ਸਾਮਣੇ ਰਾਈ ਦਾ ਦਾਣਾ ਬੀ ਨਹੀਂ, ਇਨ੍ਹਾਂ ਬਾਤਾਂ ਨੂੰ ਜੈਨੀ ਲੋਗ ਜਦਤਿਕ ਉਸੇ ਮਤ ਵਿਚ ਰਹਨਗੇ ਤਦਤਿਕ ਨਹੀਂ ਜਾਣ ਸਕਦੇ, ਕਿੰਤੂ ਸਦਾ ਹਨੇਰ ਵਿਚ ਰਹਨਗੇ।

> समत्तचरण सहियासब्बं लोगं फुसे निरवसेसं।
> सत्तयचउदसभाए पंचयसुपदेसविरईए ॥
> प्रकरण० भा० ४। संग्रह सू० १३५ ॥

ਸਮੱਕ ਚਾਰਿਤ੍ਰ ਸਮੇਤ ਜੋ ਕੇਵਲੀ ਓਹ ਕੇਵਲ ਸਮੁਦਘਾਤ ਅਵਸਥਾ ਵਿਚ ਸਾਰੇ ਚੌਦਾਂ ਰਾਜਲੋਕ ਅਪਣੇ ਆਤਮ ਪ੍ਰਦੇਸ਼ ਕਰਕੇ ਫਿਰਨਗੇ।

( ਸਮੀਖਕ ) ਜੈਨੀ ਲੋਗ ੧੪ ਚੌਦਾਂ ਰਾਜ ਮਨਦੇ ਹਨ, ਉਨ੍ਹਾਂ ਵਿਚੋਂ ਚੌਦਵੇਂ ਦੀ ਟੀਸ਼ੀ ਉਪੱਰ ਸਰਵਾਰਥ ਸਿਧੀ ਬਬਾਂਨ ਦੀ ਧੁਜਾ ਥੀਂ ਉਪੱਰ ਥੋੜੀ ਦੂਰ ਉਤੇ ਸਿਧ ਸਿਲਾ ਤਥਾ ਦਿਬ ਅਕਾਸ਼ ਨੂੰ ਸ਼ਿਵਪੁਰ ਕਹਿੰਦੇ ਹਨ, ਓਸ ਵਿਚ ਕੇਵਲੀ ਅਰਥਾਤ ਜਿਨ੍ਹਾਂ ਨੂੰ ਕੇਵਲ ਗਿਆਂਨ, ਸਰਬਗੱਤਾ ਅਰ ਪੂਰੀ ਪਵਿਤ੍ਰਤਾ ਪ੍ਰਾਪਤ ਹੋਈ ਹੈ ਉਹ ਓਸ ਲੋਕ ਵਿਚ ਜਾਂਦੇ ਹਨ, ਅਰ ਅਪਣੇ ਆਤਮ ਪ੍ਰਦੇਸ਼ ਥੀਂ ਸਰਬੱਗ ਰਹਿੰਦੇ ਹਨ। ਜਿਸਦਾ ਪ੍ਰਦੇਸ਼ ਹੁੰਦਾ ਹੈ ਉਹ ਵਿਆਪਕ ਨਹੀਂ, ਜੋ ਵਿਆਪਕ ਨਹੀਂ ਉਹ ਸਰਬਗੱ ਕੇਵਲ ਗਿਆਂਨੀ ਕਦੀ ਨਹੀਂ ਹੋ ਸਕਦਾ, ਕਿਉਂਕਿ ਜਿਸਦਾ ਆਤਮਾ ਇਕ

ਦੋਸ਼ੀ ਹੈ, ਉਹ ਜਾਂਦਾ, ਆਂਉਦਾ, ਅਰ, ਬਧ, ਮੁਕਤ, ਗਿਆਨੀ, ਅਗਿਆਨੀ ਹੁੰਦਾ ਹੈ, ਸਰਬ ਵਿਆਪੀ, ਸਰਬਗ ਉਜੇਹਾ ਕਦੀ ਨਹੀਂ ਹੋ ਸਕਦਾ, ਜੋ ਜੈਨੀਆਂ ਦੇ ਤੀਰਥੰਕਰ ਜੀਵ ਰੂਪ, ਅਲਪ, ਅਲਪਗ ਹੋਕੇ ਠਹਰੇ ਹੋਏ ਸਨ ਉਹ ਸਰਬ ਵਿਆਪਕ ਸਰਬੱਗ ਕਦੀ ਨਹੀਂ ਹੋ ਸਕਦੇ, ਕਿੰਤੂ ਜੋ ਪਰਮਾਤਮਾ ਅਨਾਦੀ, ਅਨੰਤ, ਸਰਬ ਵਿਆਪਕ, ਸਰਬੱਗ, ਪਵਿਤ੍ਰ, ਗਿਆਨ ਸਰੂਪ ਹੈ ਓਸਨੂੰ ਜੈਨੀ ਲੋਗ ਮਨਦੇ ਨਹੀਂ ਕਿ ਜਿਸ ਵਿਚ ਸਰਬੱਗ ਆਦੀ ਗੁਣ ਜਿਹੇ ਚਾਹੀਦੇ ਹਨ ਉਜਿਹੇ ਘਟਦੇ ਹਨ ॥

ਗਬ੍ਭਨਰਤਿ ਪਲਿਯਾਉ। ਤਿਗਾਉ ਉਕ੍ਕੋਸਤੇ ਜਵਨ੍ਨੇਯਾਂ।
ਸੁਚ੍ਛਿਸ ਦੁਵ੍ਹਾਵਿ ਅਨ੍ਤਮੁਹੁ। ਅਙ੍ਗੁਲ ਅਸੰਖ ਭਾਗਤਣੂ ੨੪੧ ॥

ਇਥੇ ਮਨੁਖ ਦੋ ਪ੍ਰਕਾਰ ਦੇ ਹਨ, ਇਕ ਗਰਭ ਥੀਂ ਹੋਣ ਵਾਲੇ, ਦੂਜੇ ਜੋ ਗਰਭ ਦੇ ਬਿਨਾ ਉਤਪੰਨ ਹੋਏ। ਉਨ੍ਹਾਂ ਵਿਚੋਂ ਗਰਭ ਥੀਂ ਹੋਣ ਵਾਲੇ ਮਨੁਖ ਦਾ ਉਤਕ੍ਰਿਸ਼ਟ ਤਿੰਨ ਪਲਯੋਪਮ ਦਾ ਆਯੁ ਜਾਣਨਾ, ਅਰ ਤਿਨ ਕੋਹ ਦਾ ਸ਼ਰੀਰ।

( ਸਮੀਖਕ ) ਭਲਾ ਤਿੱਨ ਪਲਯੋਪਮ ਦਾ ਆਯੁ ਅਰ ਤਿੱਨ ਕੋਹ ਦੇ ਸ਼ਰੀਰ ਵਾਲੇ ਮਨੁਖ ਏਸ ਭੂਗੋਲ ਵਿਚ ਬਹੁਤ ਥੋੜੇ ਸਮਾ ਸੱਕਨ, ਅਰ ਫਿਰ ਤਿਨ ਪਲਯੋਪਮ ਦੀ ਆਯੁ ਜੀਕਣ ਕਿ ਪਹਿਲਾਂ ਲਿਖ ਆਏ ਹਾਂ ਉਨੇ ਸਮੇਂ ਤਿਕ ਜੀਉਨ ਤਾਂ ਉਕਣ ਹੀ ਉਨ੍ਹਾਂ ਦੀ ਅਉਲਾਦ ਬੀ ਤਿੱਨ ਕੋਹ ਦੇ ਸ਼ਰੀਰ ਵਾਲੀ ਹੋਣੀ ਚਾਹੀਏ, ਜੀਕਣ ਬੰਬਈ ਦੇ ਸ਼ੈਹਰ ਵਿਚ ਦੋ ਅਰ ਕਲਕੱਤਾ ਅਜਿਹੇ ਸ਼ੈਹਰ ਵਿਚ ਤਿੱਨ ਵਾ ਚਾਰ ਮਨੁਖ ਰਹ ਸਕਦੇ ਹਨ, ਜੋ ਅਜਿਹਾ ਹੈ ਤਾਂ ਜੈਨੀਆਂ ਨੇ ਇਕ ਨਗਰ ਵਿਚ ਲਖਾਂ ਮਨੁਖ ਲਿਖੇ ਹਨ ਤਾਂ ਉਨ੍ਹਾਂਦੇ ਰਹਣੇ ਦਾ ਨਗਰ ਬੀ ਲਖਾਂ ਕੋਹਾਂ ਦਾ ਚਾਹੀਏ, ਤਾਂ ਸਾਰੇ ਭੂਗੋਲ ਵਿਚ ਉਜਿਹਾ ਇਕ ਨਗਰ ਬੀ ਨਾ ਬਣ ਸਕੇ ॥

ਪਣਯਾ ਲਲਕ ਯੋਯਣ। ਵਿਰਕੰਭਾ ਸਿਦ੍ਧਿਸਿਲ
ਫਲਿਹਵਿਮਲਾ। ਤਦੁ ਵਰਿ ਗਜੋਯਣੰਤੇ ਲੋਗਨ੍ਤੋ ਤਚ੍ਛ
ਸਿਦ੍ਧਿਠਿਈ ੨੫੮ ॥

ਜੋ ਸਰਬਾਰਥਸਿਧੀ ਬਬਾਂਣ ਦੀ ਧੁਜਾ ਥੀਂ ਉਪਰ ੧੨ ਜੋਜਨ ਸਿਧਸਿਲਾ ਹੈ ਉਹ ਵਾਟਲਾ ਅਰ ਲੰਬੇਪਣ ਅਰ ਪੋਲਪਣ ਵਿਚ ੪੫ ਪੰਤਾਲੀ ਲਖ ਜੋਜਨ ਅੰਦਾਜ ਦੀ ਹੈ, ਉਹ ਸਭ ਧਵਲਾ, ਅਰਜੁਨ, ਸੋਨਾ ਰੂਪ ਬਲੌਰ ਦੇ ਵਾਕਰ ਨਿਰਮਲ ਸਿਧ ਸਿਲਾ ਦੀ ਸਿਧ ਭੂਮੀ ਹੈ, ਏਸਨੂੰ ਕੋਈ 'ਇਖਤ' "ਪ੍ਰਾਗਮਰਾ" ਅਜਿਹਾ ਨਾਮ ਕਹਿੰਦੇ ਹਨ, ਏਹ ਸਰਬਾਰਥ ਸਿਧ ਸਿਲ

ਬਥਾਂਨ ਥੀਂ ੧੨ ਜੋਜਨ ਅਲੋਕ ਬੀ ਹੈ। ਇਹ ਪ੍ਰਮਾਰਥ ਕੇਵਲੀ ਸ੍ਰੁਤ ਜਾਂ-ਣਦਾ ਹੈ, ਏਹ ਸਿਧ ਸਿਲਾ ਸਰਵਾਰਥ ਵਿਚਕਾਰਲੇ ਭਾਗ ਵਿਚੋਂ ੮ ਜੋਜਨ ਮੋਟੀ ਹੈ, ਉਥੋਂ ਥੀਂ ੪ ਦਿਸ਼ਾ ਅਰ ੪ ਉਪਦਿਸ਼ਾ ਵਿਚ ਘਟਦੀ ਘਟਦੀ ਮਖੀ ਦੇ ਖੰਭ ਦੇ ਵਾਕਰ ਪਤਲੀ ਉੱਤਾਨ ਛਤ੍ਰ ਅਰ ਅਕਾਰ ਕਰਕੇ ਸਿਧ ਸਿਲਾ ਦੀ ਸਥਾਪਣਾ ਹੈ, ਓਸ ਸਿਲਾ ਥੀਂ ਉਪਰ ੧ ਇਕ ਜੋਜਨ ਦੇ ਅੰਤਰੇ ਲੋਕਾਂਤ ਹੈ, ਉਥੇ ਸਿੱਧਾਂ ਦਾ ਡੇਰਾ ਹੈ॥

(ਸਮੀਖਕ) ਹੁਣ ਵਿਚਾਰਣਾ ਚਾਹੀਏ ਕਿ ਜੈਨੀਆਂ ਦੀ ਮੁਕਤੀ ਦੀ ਜਗਹਿ ਸਰਥਾਰਥ ਸਿਧੀ ਬਥਾਂਨ ਦੀ ਧੁਜਾ ਦੇ ਉਪੱਰ ੪੫ ਪੰਤਾਲੀ ਲਖ ਜੋਜਨ ਦੀ ਸਿਲਾ ਅਰਥਾਤ ਭਾਵੇਂ ਅਜਿਹੀ ਅਛੀ ਅਰ ਨਿਰਮਲ ਹੋਵੇ ਤਾਂ ਬੀ ਓਸ ਵਿਚ ਰਹਣ ਵਾਲੇ ਮੁਕਤ ਜੀਵ ਇਕ ਤਰਾਂ ਦੇ ਬਧ ਹਨ, ਕਿਉਂਕਿ ਓਸ ਸਿਲਾ ਥੀਂ ਬਾਹਰ ਨਿਕਲਨ ਵਿਚ ਮੁਕਤੀ ਦੇ ਸੁਖ ਥੀਂ ਛੁਟ ਜਾਂਦੇ ਹੋਂਨਗੇ, ਅਰ ਜੋ ਅੰਦਰ ਰਹੰਦੇ ਹੋਂਨਗੇ ਤਾਂ ਉਨ੍ਹਾਂ ਨੂੰ ਹਵਾ ਬੀ ਨਾ ਲਗਦੀ ਹੋਵੇਗੀ, ਏਹ ਨਿਰਾ ਕਲਪਣਾ ਮਾਤ੍ਰ ਅਵਿਦਵਾਨਾਂ ਦੇ ਫਸਾਣ ਦੇ ਵਾਸਤੇ ਭ੍ਰਮ ਜਾਲ ਹੈ।

> बितिचउरिं दिय सरीरं । बार सजोयणाति कोसच उकोसं
>
> जोयणसहस्स पणिंदिय । उहे वुच्छाम्ति विसेसंतु ॥
>
> प्रकरण० भा० ४ । संग्रह० सू० २६७ ॥

ਸਮਾਨ ਪਣ ਥੀਂ ਇਕ ਇੰਦ੍ਰੀ ਦਾ ਸ਼ਰੀਰ ਹਜਾਰ ਜੋਜਨ ਦੇ ਸ਼ਰੀਰ ਵਾਲਾ ਥੜਾ ਜਾਂਣਨਾ, ਅਰ ਦੋ ਇੰਦ੍ਰੀ ਵਾਲੇ ਜੋ ਸ਼ੰਖ ਆਦੀ ਦਾ ਸ਼ਰੀਰ ੧੨ ਜੋਜਨ ਦਾ ਜਾਣਨਾ, ਅਰ ਚਾਰ ਇੰਦ੍ਰੀ ਭਉਰੇ ਆਦੀ ਦਾ ਸ਼ਰੀਰ ਚਹੁੰ ਕੋਹਾਂ ਦਾ, ਅਰ ਪੰਜ ਇੰਦ੍ਰੀ ਇਕ ਹਜਾਰ ਜੋਜਨ ਅਰਥਾਤ ੪ ਹਜਾਰ ਕੋਹਾਂ ਦੇ ਸ਼ਰੀਰ ਵਾਲੇ ਜਾਣਨਾ।

(ਸਮੀਖਕ)ਚਾਰ੨ ਹਜਾਰ ਕੋਹ ਦੇ ਅੰਦਾਜੇ ਵਾਲੇ ਸ਼ਰੀਰ ਧਾਰੀਹੋਂਨ ਤਾਂ ਭੂਗੋਲ ਵਿਚ ਤਾਂ ਬਹੁਤ ਥੋੜੇ ਮਨੁਖੱ ਅਰਥਾਤ ਸੈਕੜੇ ਮਨੁਖਾਂ ਨਾਲ ਭੂਗੋਲ ਠੋਕ ਕੇ ਭਰੀ ਜਾਵੇ,ਕਿਸੇ ਦੇ ਚਲਣੇ ਦੀ ਜਗਹਬੀ ਨਾ ਰਹੇ,ਫਿਰ ਉਹ ਜੈਨੀ-ਆਂ ਥੀਂ ਰਹਣ ਦਾ ਠਿਕਾਣਾ ਅਰ ਰਸਤਾ ਪੁਛੱਨ, ਅਰ ਜੋ ਇਨ੍ਹਾਂ ਨੇ ਲਿਖਿ-ਆ ਹੈ ਤਾਂ ਅਪਣੇ ਘਰ ਵਿਚ ਰਖ ਲੈਨ, ਪ੍ਰੰਤੂ ਚਾਰ ਹਜਾਰ ਕੋਹਾਂ ਦੇ ਸ਼ਰੀਰ ਵਾਲੇ ਨੂੰ ਗੁਜਾਰੇ ਵਾਸਤੇ ਕੋਈ ਇਕ ਦੇ ਲਈ੩੨ਥੱੜੀ ਹਜਾਰ ਕੋਹਦਾ ਘਰ ਤਾਂ

ਚਾਹੀਏ, ਅਜਿਹੇ ਇਕ ਘਰਦੇ ਬਣਾਣ ਵਿਚ ਜੈਨੀਆਂ ਦਾ ਸਾਰਾ ਧਨ ਮੁਕ ਜਾਵੇ ਤਾਂ ਬੀ ਘਰ ਨਾ ਬਣ ਸਕੇ, ਇਨੇ ਬੜੇ ਅਠ ਹਜਾਰ ਕੋਹਦੀ ਛਤ ਬਣਾਨ ਦੇ ਲਈ ਵਲੇ ਕਿਥੋਂ ਥੀਂ ਲਿਆਉਂਨਗੇ? ਅਰ ਜੋ ਓਸ ਵਿਚ ਥੰਮ ਲਗਾਂਨ ਤਾਂ ਉਹ ਅੰਦਰ ਵੜ ਬੀ ਨਹੀਂ ਸਕਦਾ, ਏਸ ਲਈ ਅਜਿਹੀ ਗਲਾਂ ਮਿਥਿਆ ਹੋਈਆਂ ਕਰਦੀਆਂ ਹਨ।

ते थूला पल्ले विहुसं खिज्जाश्ले वहुनि सव्वे वि।
ते१ क्किक असंखे। सुहुमे खम्मे पकथ्येह॥
प्रकरण॰ भा॰ ४। लघुचेत्र। समासप्रकरण सूत्र ४॥

ਪੂਰਬ ਉਕਤ ਇਕ ਉਂਗਲ ਲੋਮਦੇ ਖੰਡਿਆਂ ਨਾਲ ੪ ਕੋਹਦਾ ਚੌਰਸ ਅਰ ਉਨਾਂ ਹੀ ਡੂਘਾ ਖੂਹ ਹੋਵੇ, ਉਂਗਲ ਜੇਡਾ ਲੋਮ ਦਾ ਖੰਡ, ਸਭ ਮਿਲਕੇ ਵੀਹ ਲਖ ਸਤਾਨਵੇਂ ਹਜਾਰ ਇਕ ਸੌ ਬਵੰਜਾ ਹੁੰਦੇ ਹਨ, ਵਧੀਕ ਥੀਂ ਵਧੀਕ (੩੩੦੭੬੨੧੦੪,,੨੪੬੫੬੨੫,,੪੨੧੯੯੬੦,,੯੭੫੩੬੦੦,,-੦੦੦੦੦੦੦ ਤੇਤੀਕ੍ਰੋੜਾਂ ਕ੍ਰੋੜੀ, ਸਤਲਖ ਬਾਹਠ ਹਜਾਰ ਇਕਸੌ ਚਾਰ ਕ੍ਰੋੜਾਂਕ੍ਰੋੜੀ ਚਹੁੰ ਲਖ ਪੈਂਠ ਹਜਾਰ ਛੀ ਸੌ ਪੰਜੀ ਇਨੇ ਕ੍ਰੋੜਾਂ ਕ੍ਰੋੜੀ, ਤਥਾ ਬਤਾਲੀ ਲਖ ਉਨੀ ਹਜਾਰ ਨੌਂਸੌ ਸਠ ਇਨੇ ਕ੍ਰੋੜਾਂ ਕ੍ਰੋੜੀ, ਤਥਾ ਸਤਾਨਵੇਂ ਲਖ ਤ੍ਰਵੰਜਾ ਹਜਾਰ ਅਰ ਛੀਸੌ ਕ੍ਰੋੜਾਂ ਕ੍ਰੋੜੀ, ਇਨੀ ਵਾਟਲਾ ਘਨ ਜੋਜਨ ਪਲਯੋਪਮ ਵਿਚ ਸਾਰੇ ਸਥੂਲ ਰੋਮਖੰਡ ਦੀ ਸੰਖਿਆ ਹੋਵੇ, ਏਹੀ ਗਿਣਤੀ ਕਾਲ ਹੁੰਦਾ ਹੈ, ਪੂਰਬ ਉਕਤ ਇਕਲੋਮ ਖੰਡ ਦੇ ਅਣਗਿਣਤ ਖੰਡ ਮਨਥੀਂ ਕਲਪੇ ਤਦ ਅਣਗਿਣਤ ਸੂਖਮ ਰੋਮ ਅਣੂ ਹੋਂਨ।

( ਸਮੀਖਕ ) ਹੁਣ ਵੇਖੋ! ਇਨ੍ਹਾਂਦੀ ਗਿਣਤੀ ਦੀ ਰੀਤ ਇਕ ਉਂਗਲ ਬਰਾਬਰ ਲੋਮਦੇ ਕਿਨੇ ਟੁਕੜੇ ਕੀਤੇ, ਏਹ ਕਦੀ ਕਿਸੇਦੀ ਗਿਣਤੀ ਵਿਚ ਆ ਸਕਦੇ ਹਨ? ਅਰ ਓਸਦੇ ਪਿਛੋਂ ਮਨ ਥੀਂ ਅਣਗਿਣਤ ਖੰਡ ਕਲਪਦੇ ਹਨ, ਏਸਥੀਂ ਏਹਬੀ ਸਿਧ ਹੁੰਦਾ ਹੈ ਕਿ ਪੂਰਬੋਕਤ ਖੰਡ ਹਥ ਨਾਲ ਕੀਤੇ ਹੋਂਨਗੇ, ਜਦ ਹਥ ਥੀਂ ਨਾ ਹੋ ਸਕੇ ਤਦ ਮਨ ਨਾਲ ਕੀਤੇ, ਭਲਾ ਏਹ ਬਾਤ ਕਦੀ ਹੋਣ ਵਾਲੀ ਹੋ ਸਕਦੀ ਹੈ ਕਿ ਇਕ ਉਂਗਲ ਵਾਲ ਦੇ ਅਣਗਿਣਤ ਟੁਕੜੇ ਹੋ ਸਕਨ?॥

जंवूदीपपमाणं गुलजोयाणलरक वट्टविरकंभो।
लवणाईयासेसा। वलया भादुगुणदुगुणाय॥
प्रकरणर॰ भा॰ ४। लघुचेत्रसमा॰ सू॰ १२॥

ਪਹਿਲਾਂ ਜੰਬੂਦੀਪ ਦਾ ਲਖ ਯੋਜਨ ਦਾ ਅੰਦਾਜਾ ਅਰ ਪੋਲਾ ਹੈ,

ਅਰ ਬਾਕੀ ਖਾਰੇ ਆਦੀ ਸਤ ਸਮੁੰਦਰ, ਸਤ ਦੀਪ, ਜੰਬੂ ਦੀਪ ਦੇ ਅੰਦਾਜ਼ੇ ਥੀਂ ਦੂਣੇ ੨ ਹਨ, ਏਸ ਇਕ ਪ੍ਰਿਥਵੀ ਵਿਚ ਜੰਬੂ ਦੀਪ ਆਦੀ ਸਤ ਦੀਪ ਅਰ ਸਤ ਸਮੁੰਦ੍ਰ ਹਨ, ਜੀਕਣ ਕਿ ਪਹਿਲੇ ਲਿਖ ਆਏ ਹਾਂ।

(ਸਮੀਖਕ) ਹੁਣ ਜੰਬੂਦੀਪ ਥੀਂ ਦੂਜਾ ਦੀਪ ਦੋ ਲਖ ਯੋਜਨ, ਤੀਜਾ ਚਾਰ ਲਖ ਯੋਜਨ, ਚੌਥਾ ਅਠ ਲਖ ਯੋਜਨ, ਪੰਜਵਾਂ ਸੋਲਾਂ ਲਖ ਯੋਜਨ, ਛੀਵਾਂ ਬਤੀ ਲਖ ਯੋਜਨ, ਅਰ ਸਤਵਾਂ ਚੌਂਠ ਲਖ ਯੋਜਨ, ਅਰ ਉਨੇਂ ਅੰਦਾਜ਼ੇ ਵਾ ਉਨ੍ਹਾਂ ਥੀਂ ਵਧੀਕ ਸਮੁੰਦ੍ਰ ਦੇ ਅੰਦਾਜ਼ੇ ਥੀਂ ਏਸ ਪੰਦ੍ਰਾਂ ਹਜ਼ਾਰ ਘੇਰੇ ਵਾਲੀ ਭੂਗੋਲ ਵਿਚ ਕਿਸਤਰਾਂ ਸਮਾ ਸਕਦੇ ਹਨ ? ਏਸ ਥੀਂ ਏਹ ਬਾਤ ਨਿਰੀ ਮਿਥਿਆ ਹੈ।

कुरुनइचुलसी सहसा । छच्चेवन्तरनईउ पइविजयं।
दोदो महानईउ। चउदस सहसा उपत्तेयं ॥
प्रकरणरत्ना० भा० ४ । लघुक्षेत्रसमा० सू० ६१ ॥

ਕੁਰੁਖੇਤ੍ਰ ਵਿਚ ੮੪ ਚੁਰਾਸੀ ਹਜ਼ਾਰ ਨਦੀਆਂ ਹਨ।

(ਸਮੀਖਕ) ਭਲਾ ਕੁਰੁਖੇਤ੍ਰ ਬਹੁਤ ਛੋਟਾ ਦੇਸ਼ ਹੈ ਉਸਨੂੰ ਨਾ ਵੇਖਕੇ ਇਕ ਮਿਥਿਆ ਬਾਤ ਲਿਖਣ ਵਿਚ ਇਨ੍ਹਾਂ ਨੂੰ ਲਜਿਆ ਬੀ ਨਾ ਆਈ।

यामुत्तरा उताउ । इगेग सिंहासणाउ अइपुव्वा॥ चउसु
वितासु नियासण, दिसिभवजिण मज्जणं होई ॥ प्रकरण-
रत्नाकर भा० ४ । लघुक्षेत्रसमा० सू० ११९ ॥

ਉਸ ਸਿਲਾ ਦੇ ਵਿਸ਼ੇਸ਼ ਦਖੱਣ ਅਰ ਉਤੱਰ ਦਿਸ਼ਾ ਵਿਚ ਇਕ ਇਕ ਸਿੰਘਾਸਨ ਜਾਣਨਾ ਚਾਹੀਏ, ਉਨ੍ਹਾਂ ਸਿਲਾਂ ਦੇ ਨਾਮ ਦਖੱਣ ਦਿਸ਼ਾ ਵਿਚ ਅਤੀਪਾਂਡੁ ਕੰਬਲਾ, ਉਤਰ ਦਿਸ਼ਾ ਵਿਚ ਅਤੀਰਿਕਤ ਕੰਬਲਾ ਸਿਲਾ ਹੈ, ਉਨ੍ਹਾਂ ਸਿੰਘਾਸਨਾਂ ਉਪੱਰ ਤੀਰਥੰਕਰ ਬੈਠਦੇ ਹਨ॥

( ਸਮੀਖਕ ) ਵੇਖੋ! ਇਨ੍ਹਾਂ ਦੇ ਤੀਰਥੰਕਰਾਂ ਦੇ ਜਨਮ ਉਤਸਵ ਆਦੀ ਕਰਨੇ ਦੀ ਸਿਲਾ ਨੂੰ ਅਜਿਹੀ ਹੀ ਮੁਕਤੀ ਦੀ ਸਿਧ ਸਿਲਾ ਹੈ, ਅਜਿਹੀ ਇਨ੍ਹਾਂ ਦੀਆਂ ਬਹੁਤ ਸਾਰੀਆਂ ਬਾਤਾਂ ਗੋਲ ਮਾਲ ਹਨ, ਕਿਥੋਂ ਤਿਕ ਲਿਖੀਏ, ਕਿੰਤੂ ਜਲ ਛਾਣ ਕੇ ਪੀਣਾ, ਅਰ ਸੂਖਮ ਜੀਵਾਂ ਉਪਰ ਨਾਮ ਮਾਤ੍ਰ ਦਇਆ ਕਰਨੀ ਰਾਤ ਨੂੰ ਭੋਜਨ ਨਾ ਕਰਨਾ, ਏਹ ਤਿਨ ਬਾਤਾਂ ਅਛੀਆਂ ਹਨ, ਬਾਕੀ ਜਿਨੱ

ਇਨ੍ਹਾਂ ਦਾ ਕਹਣਾ ਹੈ ਸਾਰਾ ਅਸੰਭਵ ਹੈ, ਇਨੇ ਹੀ ਲਿਖਣੇ ਥੀਂ ਬੁਧਵਾਂਨ ਲੋਕ ਬਹੁਤ ਸਾਰਾ ਜਾਂਣ ਲੈਨਗੇ, ਥੋੜ੍ਹਾ ਜਿਹਾ ਏਹ ਦ੍ਰਿਸ਼ਟਾਂਤ ਮਾਤ੍ਰ ਲਿਖਿਆ ਹੈ ਜੋ ਇਨ੍ਹਾਂ ਦੀਆਂ ਅਣਹੋਂਦ ਗੱਲਾਂ ਸਾਰੀਆਂ ਲਿਖੀਏ ਤਾਂ ਇਨੇ ਪੁਸਤਕ ਹੋ ਜਾਂਨ ਕਿ ਇਕ ਪੁਰਖ ਉਮਰ ਭਰ ਵਿਚ ਪੜ੍ਹ ਥੀ ਨਾ ਸਕੇ, ਏਸ ਲਈ ਜੀਕਣ ਇਕ ਹਾਂਡੀ ਵਿਚ ਉਬਲਦੇ ਚਾਵਲਾਂ ਵਿਚੋਂ ਇਕ ਚਾਵਲ ਦੀ ਪ੍ਰੀਖਿਆ ਕਰਨ ਥੀਂ ਕਚੇ ਵਾ ਪਕੇ ਹਨ ਸਾਰੇ ਚਾਉਲ ਮਲੂੰਮ ਹੋ ਜਾਂਦੇ ਹਨ, ਈਕਣ ਹੀ ਏਸ ਥੋੜੇ ਜਿਹੇ ਲੇਖ ਥੀਂ ਸੱਜਨ ਲੋਗ ਬਹੁਤਸਾਰੀਆਂ ਗਲਾਂ ਸਮਝ ਲੈਂਨ ਗੇ, ਬੁਧਵਾਨਾਂ ਦ ਸਾਮਣੇ ਬਹੁਤ ਲਿਖਣਾ ਜਰੂਰੀ ਨਹੀ, ਕਿਉਂਕਿ ਦਿਗ ਦਰਸ਼ਨ ਵਾਕਰ ਸਾਰੇ ਮਤਬਲ ਨੂੰ ਬੁਧਵਾਂਨ ਲੋਕ ਜਾਂਣ ਹੀ ਲੈਂਦੇ ਹਨ ॥

ਏਸਤੋਂ ਅਗੇ ਈਸਾਈਆਂ ਦੇ ਮਤਦੇ ਵਿਸ਼ੇ ਵਿਚ ਲਿਖਿਆ ਜਾਵੇ ਗਾ ॥

इति श्रीमद्दयानन्दसरस्वतीस्वामिनिर्मिते सत्यार्थप्रकाशे
सुभाषाविभूषिते नास्तिकमतान्तर्गतचारवाक-
बौद्धजैनमतखण्डनमण्डनविषये द्वादशः
समुल्लासः सम्पूर्णः ॥ १२ ॥

# ਅਨੁਭੂਮਕਾ

—o—

ਜੋ ਇਹ ਬਾਇਬਲ ਦਾ ਮਤ ਹੈ ਉਹ ਨਿਰਾ ਈਸਾਈਆਂ ਦਾ ਹੀ ਹੈ, ਸੋ ਨਹੀ, ਕਿੰਤੂ ਏਸਥੀਂ ਯਹੂਦੀ ਆਦੀ ਬੀ ਗ੍ਰਹਣ ਹੁੰਦੇ ਹਨ, ਜੋ ਇਥੇ (੧੩) ਤੇਰੁਵੇਂ ਸਮੁਲਾਸ ਵਿਚ ਈਸਾਈ ਮਤਦੇ ਵਿਸ਼ੇ ਵਿਚ ਲਿਖਿਆ ਹੈ ਏਸਦਾ ਇਹੋ ਪ੍ਰਜੋਜਨ ਹੈ ਕਿ ਅਜਕਲ ਬਾਇਬਲ ਦੇ ਮਤ ਵਿਚ ਈਸਾਈ ਮੁਖ ਹੋ ਰਹੇ ਹਨ, ਅਰ ਯਹੂਦੀ ਆਦੀ ਗਉਣ ਹਨ, ਮੁਖਦੇ ਲਿਆਂ ਹੋਇਆਂ ਗਉਣ ਦਾ ਲੈਣਾ ਹੋ ਜਾਂਦਾ ਹੈ, ਏਸ ਕਰਕੇ ਯਹੂਦੀਆਂ ਦਾ ਮਤ ਬੀ ਲੈਣਾ ਸਮਝ ਲੌ, ਇਨ੍ਹਾਂ ਦਾ ਜੋ ਵਿਸ਼ਾ ਇਥੇ ਲਿਖਿਆ ਹੈ ਸੋ ਨਿਰਾ ਬਾਇਬਲ ਵਿਚੋਂ ਕਿ ਜਿਸਨੂੰ ਈਸਾਈ ਅਰ ਯਹੂਦੀ ਆਦੀ ਸਾਰੇ ਮਨਦੇ ਹਨ, ਅਰ ਇਸੇ ਗ੍ਰੰਥ ਨੂੰ ਅਪਣੇ ਧਰਮ ਦਾ ਮੂਢ ਕਾਰਣ ਸਮਝਦੇ ਹਨ, ਏਸ ਗ੍ਰੰਥ ਦੇ ਅਨੁਵਾਦ ਬਹੁਤਸਾਰੇ ਹੋਏ ਹਨ, ਜੇਹੜੇ ਇਨ੍ਹਾਂ ਦੇ ਮਤ ਵਿਚ ਵਡੇ ਵਡੇ ਪਾਦਰੀ ਹਨ ਉਨ੍ਹਾਂਨੇ ਕੀਤੇ ਹਨ, ਉਨ੍ਹਾਂ ਵਿਚੋਂ ਦੇਵਨਾਗਰੀ ਵਾ ਸੰਸਕ੍ਰਿਤ ਬੋਲੀ ਅੰਦਰ ਵੇਖਕੇ ਮੈਨੂੰ ਬਾਇਬਲ ਉਤੇ ਬਹੁਤਸਾਰੀਆਂ ਸ਼ੰਕਾਂ ਹੋਈਆਂ ਹਨ, ਉਨ੍ਹਾਂ ਵਿਚੋਂ ਥੋੜੀਆਂ ਜਿਹੀਆਂ ਏਸ ਤੇਰੁਵੇਂ ੧੩ ਸਮੁਲਾਸ ਵਿਚ ਸਾਰਿਆਂ ਦੇ ਵਿਚਾਰ ਵਾਸਤੇ ਲਿਖੀਆਂ ਹਨ, ਏਹ ਲੇਖ ਨਿਰਾ ਸਚ ਦੇ ਵਧਾਉਣ ਵਾਸਤੇ ਅਰ ਝੂਠਦੇ ਘਟਾਉਣ ਵਾਸਤੇ ਹੈ, ਨਾ ਕਿ ਕਿਸੇ ਨੂੰ ਦੁਖਾਣੇ, ਯਾਂ ਨੁਕਸਾਨ ਕਰਨੇ, ਯਾਂ ਝੂਠੇ ਦੋਸ਼ ਲਗਾਣੇ ਵਾਸਤੇ ਹੈ, ਏਸਦਾ ਪ੍ਰਜੋਜਨ ਉੱਤਰਦੇ ਲੇਖ ਵਿਚ ਸਭ ਕੋਈ ਸਮਝ ਲੈਂਨ ਗੇ ਕਿ ਇਹ ਗ੍ਰੰਥ ਕੇਹਾ ਹੈ, ਅਰ ਇਨ੍ਹਾਂ ਦਾ ਮਤ ਬੀ ਕੇਹਾ ਹੈ, ਏਸ ਲੇਖ ਕਰਕੇ ਇਹੋਹੀ ਮਤਬਲ ਹੈ ਕਿ ਸਾਰੇ ਮਨੁਖ ਮਾਤ੍ਰ ਨੂੰ ਵੇਖਣਾ, ਸੁਣਨਾ, ਲਿਖਣਾ ਆਦ ਲੈਕੈ ਕਰਨਾ ਸੁਖੱਲਾ ਹੋਸੀ, ਅਰ ਪਖੀ ਅਰਥਾਤ (ਕਿਸੀ ਮਤ ਨੂੰ ਲੈਕੇ ਝਗੜਨੇ ਵਾਲਾ) ਪ੍ਰਤੀਪਖੀ ਅਰਥਾਤ (ਉਲਟੇ ਪਖਨੂੰ ਲੈਕੇ ਝਗੜਨੇ ਵਾਲਾ) ਹੋਕੇ ਈਸਾਈ ਮਤ ਦਾ ਜਾਚਣਾ ਸਭ ਕੋਈ ਕਰ ਸਕਨ ਗੇ, ਏਸਥੀਂ ਇਕ ਏਹ ਮਤਬਲ ਸਿਧ ਹੋਸੀ ਕਿ ਮਨੁਖਾਂ ਨੂੰ ਧਰਮ ਸਬੰਧੀ ਗਿਆਨ ਵਧਕੇ ਜਿਹਾ ਕਿ ਚਾਹੀਦਾ ਹੈ ਸਚਾ, ਝੂਠਾ ਮਤ, ਅਰ ਕਰਨੇ ਜੋਗ, ਨਾ ਕਰਨੇ ਜੋਗ, ਕਰਮ ਸੰਬੰਧੀ ਵਿਸ਼ਾ ਅਰਥਾਤ (ਜਿਸ ਵਿਸ਼ੇ ਦਾ ਕਰਮ ਦੇ ਨਾਲ ਸਬੰਧ ਹੈ)

ਪ੍ਰਤਖ ਹੋਕੇ ਸਚੇ ਅਰ ਕਰਨੇ ਜੋਗ ਕਰਮ ਦਾ ਅੰਗੀਕਾਰ, ਝੂਠਾ ਅਰ ਨਾ ਕਰਨੇ ਜੋਗ ਕਰਮ ਦਾ ਛਡ ਦੇਣਾ ਸੁਭਾਵਕ ਹੋਸੀ। ਸਭ ਮਨੁਖਾਂ ਨੂੰ ਚਾਹੀਦਾ ਹੈ ਕਿ ਸਾਰਿਆਂ ਦੇ ਮਤ ਵਸ਼ੇਕ ਗ੍ਰੰਥਾਂ ਨੂੰ ਵੇਖ, ਸਮਝਕੇ ਕੁਝ ਸਮਤੀ ਯਾਂ ਅਸਮਤੀ ਦੇਨ ਯਾਂ ਲਿਖਨ, ਨਹੀਂ ਤਾਂ ਸੁਣਿਆਂ ਕਰਨ, ਕਿਸ ਕਰਕੇ ਜਿਸਤਰਾਂ ਨਾਲ ਪੜ੍ਹਨੇ ਕਰਕੇ ਪੰਡਿਤ ਹੁੰਦਾ ਹੈ ਉਸੇਤਰਾਂ ਸੁਣਨ ਨਾਲ ਬਹੁਸ਼੍ਰੁਤ ( ਬਹੁਤਾ ਵਾਕਬ ) ਹੁੰਦਾ ਹੈ, ਜੇਕਰ ਸੁਣਨੇ ਵਾਲਾ ਦੂਸਰੇ ਨੂੰ ਨਾ ਸਮਝਾ ਸਕੇ ਤਾਂ ਬੀ ਆਪ ਤਾਂ ਸਮਝ ਹੀ ਜਾਂਦਾ ਹੈ, ਜੇਹੜੇ ਕੋਈ ਪਖਪਾਤ ਰੂਪੀ ਸਵਾਰੀ ਉਤੇ ਚੜ੍ਹਕੇ ਵੇਖਦੇ ਹਨ ਉਨ੍ਹਾਂ ਨੂੰ ਨਾ ਆਪਣੇ ਅਰ ਨਾ ਪਰਾਏ ਗੁਣ ਦੋਸ਼ ਮਲੂੰਮ ਹੋ ਸਕਦੇ ਹਨ, ਮਨੁਖ ਦਾ ਆਤਮਾ ਯਥਾਯੋਗ ਸਚ ਝੂਠਦੇ ਨਖੇੜਨੇ ਦਾ ਬਲ ਰਖਦਾ ਹੈ, ਜਿੰਨਾ ਅਪਣਾ ਪੜ੍ਹਿਆ ਯਾਂ ਸੁਣਿਆਂ ਹੋਇਆ ਹੈ ਉੱਨਾ ਨਿਸਚੇ ਕਰ ਸਕਦਾ ਹੈ, ਜੇਕਰ ਇਕ ਮਤ ਵਾਲੇ ਦੂਜੇ ਮਤ ਵਾਲੇ ਦੇ ਵਿਸ਼ਿਆਂ ਨੂੰ ਜਾਂਣਨ ਅਰ ਹੋਰ ਨਾ ਜਾਣਨ ਤਾਂ ਜਿਹਾ ਚਾਹੀਦਾ ਹੈ ਸੰਵਾਦ ( ਚਰਚਾ ) ਨਹੀ ਹੋ ਸਕਦੀ, ਕਿੰਤੂ ਅਗਿਆਨੀ ਕਿਸੇ ਭੁਲੇਖੇ ਰੂਪੀ ਵਾੜੇ ਵਿਚ ਡਿਗ ਜਾਂਦੇ ਹਨ ਅਜਿਹਾ ਨਾ ਹੋਵੇ, ਇਸ ਵਾਸਤੇ ਇਸ ਗ੍ਰੰਥ ਵਿਚ ਚਲਿਆ ਹੋਇਆ ਸਭ ਮੱਤਾਂ ਦਾ ਵਿਸ਼ਾ ਥੋੜਾ ਥੋੜਾ ਲਿਖਿਆ ਹੈ। ਐਨੇਤੋਂ ਹੀ ਬਾਕੀ ਦੇ ਵਿਸ਼ਿਆਂ ਵਿਚ ਅਨੁਮਾਨ ਕਰ ਸਕਦਾ ਹੈ ਕਿ ਉਹ ਸਚੇ ਹਨ ਯਾਂ ਝੂਠੇ, ਜੋ ਜੋ ਸਾਰਿਆਂ ਕਰਕੇ ਮਨਣੇ ਜੋਗ ਸਚੇ ਵਿਸ਼ੇ ਹਨ ਉਹਤਾਂ ਸਾਰਿਆਂ ਵਿਚ ਇਕੋ ਜਿਹੇ ਹਨ, ਝਗੜਾ ਝੂਠੇ ਵਿਸ਼ਿਆਂ ਵਿਚ ਹੁੰਦਾ ਹੈ, ਯਾਂ ਇਕ ਸਚਾ ਅਰ ਦੂਜਾ ਝੂਠਾ ਹੋਵੇ ਤਾਂਬੀ ਕੁਝ ਥੋੜਾ ਜਿਹਾ ਵਿਵਾਦ ਚਲਦਾ ਹੈ, ਜੇਕਰ ਵਾਦੀ ਪ੍ਰਤੀ ਵਾਦੀ ਸਚੇ ਝੂਠੇ ਨਿਸਚੇ ਦੇ ਵਾਸਤੇ ਵਾਦ ਪ੍ਰਤੀਵਾਦ ਕਰਨ ਤਾਂ ਜਰੂਰ ਨਿਸਚੇ ਹੋ ਜਾਵੇ।

ਹੁਣ ਮੈਂ ਇਸ ਤੇਰ੍ਹਵੇਂ ਸਮੁੱਲਾਸ ਵਿਚ ਈਸਾਈ ਮਤ ਸੰਬੰਧੀ ਥੋੜਾ ਜਿਹਾ ਲਿਖਕੇ ਸਾਰਿਆਂ ਦੇ ਸਾਮਣੇ ਰਖਦਾ ਹਾਂ, ਵਿਚਾਰੋ ਕਿ ਕਿਹੋ ਜਿਹਾ ਹੈ॥

अलमति लेखेन विचक्षण वरेषु

—o—

# ਤੇਰਵਾਂ ਸਮੁੱਲਾਸ

—:—

## ਈਸਾਈਆਂ ਦੇ ਮਤ ਦੇ ਵਿਸ਼ੇ ਵਿਚ

ਹੁਣ ਏਸ ਥੀਂ ਅੱਗੇ ਈਸਾਂਈਆਂ ਦੇ ਮਤ ਵਿਸ਼ੇ ਵਿਚ ਲਿਖਨੇ ਹਾਂ ਜਿਸ ਥੀਂ ਸਾਰਿਆਂ ਨੂੰ ਮਲੂੰਮ ਹੋ ਜਾਵੇ ਕਿ ਇਨ੍ਹਾਂ ਦਾ ਮਤ ਭੁਲ ਤੋਂ ਬਿਨਾ ਅਰ ਇਨ੍ਹਾਂ ਦੀ ਬਾਇਬਲ ਪੁਸਤਕ ਈਸ਼੍ਵਰ ਕਰਕੇ ਬਣਾਈ ਹੋਈ ਹੈ ਜਾਂ ਨਹੀਂ ਪਹਲਾਂ ਬਾਇਬਲ ਦੇ ਤੌਰੇਤ ਦਾ ਵਿਸ਼ਾ ਲਿਖਿਆ ਜਾਂਦਾ ਹੈ।

੧—ਅਰੰਭ ਵਿਚ ਈਸ਼੍ਵਰ ਨੇ ਅਕਾਸ਼ ਅਰ ਜਮੀਂਨ ਨੂੰ ਬਣਾਇਆ, ਅਰ ਜਮੀਨ ਬਿਡੌਲ ਅਰ ਸੁੱਨੀਸੀ, ਅਰ ਡੂੰਘਾਨ ਉਪਰ ਹਨੇਰਾ ਸੀ, ਅਰ ਈਸ਼੍ਵਰ ਦਾ ਆਤਮਾ ਜਲਦੇ ਉਪਰ ਡੋਲਦਾ ਸੀ। ਪਰਵ ੧ ਆ੦ ੧। ੨॥

(ਸਮੀਖਕ) ਅਰੰਭ ਕਿਸਨੂੰ ਆਖਦੇਓ? (ਈਸਾਈ) ਸ੍ਰਿਸ਼ਟੀ ਦੀ ਪਹਲੀ ਉਤਪੱਤੀ ਨੂੰ। (ਸਮੀਖਕ) ਕੀ, ਏਹੀ ਸ੍ਰਿਸ਼ਟੀ ਪਹਲਾਂ ਹੋਈ, ਏਸ ਦੇ ਪਹਲਾਂ ਕਦੀ ਨਹੀਂ ਹੋਈ ਸੀ? (ਈਸਾਈ) ਅਸੀਂ ਨਹੀਂ ਜਾਂਣਦੇ ਹੋਈਸੀ ਜਾਂ ਨਹੀਂ ਈਸ਼੍ਵਰ ਜਾਣੇ। (ਸਮੀਖਕ) ਜਦ ਨਹੀਂ ਜਾਂਣਦੇ ਤਾਂ ਏਸ ਪੁਸਤਕ ਉਪਰ ਭਰੋਸਾ ਕਿਂਉ ਕੀਤਾ? ਕਿਂਉਕਿ

ਜਿਸਥੀਂ ਸੰਸ਼ਾ ਦੂਰ ਨਹੀਂ ਹੋ ਸਕਦਾ, ਅਰ ਇਸੇ ਦੇ ਭਰੋਸੇ ਲੋਕਾਂ ਨੂੰ ਉਪਦੇਸ਼ ਕਰਕੇ ਏਸ ਸੰਸ਼ਿਆਂ ਦੇ ਭਰੇ ਹੋਏ ਮਤ ਵਿਚ ਕਿਉਂ ਫਸਾਂਦੇਓ ? ਅਰ ਸੰਸ਼ੇ ਤੋਂ ਬਿਨਾ ਸਾਰੀਆਂ ਸ਼ੰਕਾ ਦੂਰ ਕਰਨ ਵਾਲੇ ਵੇਦ ਮਤ ਦਾ ਗ੍ਰਹਣ ਕਿਉਂ ਨਹੀਂ ਕਰਦੇ ? ਜਦ ਤੁਸੀ ਈਸ਼੍ਵਰ ਦੀ ਸ੍ਰਿਸ਼ਟੀ ਦਾ ਹਾਲ ਨਹੀਂ ਜਾਣਦੇ ਤਾਂ ਈਸ਼੍ਵਰ ਨੂੰ ਕੀਕਣ ਜਾਣਦੇ ਹੋਵੋਗੇ ? ਅਕਾਸ਼ ਕਿਸ ਨੂੰ ਮਨਦੇਓ ? (ਈਸਾਈ ) ਪੋਲ ਅਰ ਉਪਰ ਨੂੰ ? ( ਸਮੀਖਕ ) ਪੋਲ ਦੀ ਉਤਪੱਤੀ ਕਿਸ ਤਰਾਂ ਹੋਈ ? ਕਿਉਂਕਿ ਏਹ ਵਿਭੂ ਪਦਾਰਥ ਅਰ ਅਤੀ ਸੂਖਮ ਹੈ, ਅਰ ਉਪੱਰ ਹੇਠਾਂ ਇਕੋ ਜਿਹਾ ਹੈ। ਜਦ ਅਕਾਸ਼ ਨਹੀਂ ਬਣਿਆਂ ਸੀ ਤਦ ਪੋਲਅਰ ਅਕਾਸ਼ ਸੀ ਵਾ ਨਹੀਂ ? ਜੇਕਰ ਨਹੀ ਸੀ ਤਾਂ ਈਸ਼੍ਵਰ ਜਗਤ ਦਾ ਕਾਰਣ ਅਰ ਜੀਵ ਕਿਥੇ ਰਹੰਦੇ ਸਨ ? ਬਿਨਾ ਅਕਾਸ਼ ਦੇ ਕੋਈ ਪਦਾਰਥ ਠੇਹਰ ਨਹੀਂ ਸਕਦਾ, ਏਸ ਲਈ ਤੁਹਾਡੀ ਬਾਇਬਲ ਦਾ ਕਹਣਾ ਠੀਕ ਨਹੀਂ । ਈਸ਼੍ਵਰ ਬਿਡੌਲ ਓਸਦਾ ਗਿਆਂਨ, ਕਰਮ, ਬਿਡੌਲ ਹੁੰਦਾ ਹੈ ਵਾ ਸਭ ਡੌਲ ਵਾਲਾ? (ਈਸਾਈ) ਡੌਲ ਵਾਲਾ ਹੁੰਦਾ ਹੈ । (ਸਮੀਖਕ) ਤਾਂ ਏਥੇ ਈਸ਼੍ਵਰ ਦੀ ਬਣਾਈ ਜਮੀਨ ਬਿਡੌਲ ਸੀ, ਇਸਤਰਾਂ ਕਿਉਂ ਲਿਖਿਆ ? ( ਈਸਾਈ ) ਬਿਡੌਲ ਦਾ ਅਰਥ ਇਹ ਹੈ ਕਿ ਉਚੀ ਨੀਵੀਂ ਸੀ, ਬਰਾਬਰ ਨਹੀਂ ਸੀ । ( ਸਮੀਖਕ ) ਫਿਰ ਬਰਾਬਰ ਕਿਸਨੇਂ ਕੀਤੀ ? ਅਰ ਕੀ, ਹੁਣ ਬੀ ਉੱਚੀ ਨੀਵੀਂ ਨਹੀਂ ਹੈ? ਏਸ ਵਾਸਤੇ ਈਸ਼੍ਵਰ ਦਾ ਕੰਮ ਬਿਡੌਲ ਨਹੀਂ ਹੋਸਕਦਾ, ਕਿਸਕਰਕੇ ਉਹ ਸਭ ਜਾਨਣੇ ਵਾਲਾ ਹੈ, ਓਸਦੇ ਕੰਮ ਵਿਚ ਨਾ ਭੁਲ ਨਾ ਚੁਕ ਕਦੀ ਹੋ ਸਕਦੀ ਹੈ, ਅਰ ਬਾਇਬਲ ਵਿਚ ਈਸ਼੍ਵਰ ਦੀ ਸ੍ਰਿਸ਼ਟੀ ਬਿਡੌਲ ਲਿਖੀ ਏਸ ਵਾਸਤੇ ਏਹ ਪੁਸਤਕ ਈਸ਼੍ਵਰ ਕਰਕੇ ਬਣਾਇਆ ਨਹੀਂ ਹੋਸਕਦਾ ਹੈ, ਪਹਿਲਾਂ ਈਸ਼੍ਵਰ ਦਾ ਆਤਮਾ ਕੀ, ਪਦਾਰਥ ਹੈ ? ( ਈਸਾਈ ) ਚੇਤਨ ( ਸਮੀਖਕ ) ਉਹ ਸਕਾਰ ਹੈ ਵਾ ਨਿਰਾਕਾਰ ? ਅਰ ਵਿਆਪਕ ਹੈ ਵਾ ਇਕ ਦੇਸ਼ ਵਿਚ ਰਹਿਣ ਵਾਲਾ ? ( ਈਸਾਈ ) ਨਿਰਾਕਾਰ, ਚੇਤਨ, ਅਰ ਵਿਆਪਕ ਹੈ ਪਰ ਕਿਸੇ ਇਕ ਸਨਾਈ ਪਰਬਤ, ਚੌਥੇ ਅਸਮਾਨ ਆਦੀ ਠਿਕਾਣਿਆਂ ਵਿਚ ਵਧੀਕ ਰਹਿੰਦਾ ਹੈ । ( ਸਮੀਖਕ )ਜੇਕਰ ਨਿਰਾਕਾਰ ਹੈ ਤਾਂ ਓਸਨੂੰ ਕਿਸਨੇ ਦੇਖਿਆ? ਅਰ ਵਿਆਪਕ ਦਾ ਜਲ ਉਪੱਰ ਡੋਲਣਾ ਕਦੀ ਨਹੀਂ ਹੋਸਕਦਾ, ਭਲਾ ਜਦ ਈਸ਼੍ਵਰ ਦਾ ਆਤਮਾ ਜਲ ਉਪੱਰ ਡੋਲਦਾ ਸੀ ਤਦ ਈਸ਼੍ਵਰ ਕਿਥੋਂ ਸੀ ? ਏਸ ਕਰਕੇ ਏਹੋ ਸਿਧ ਹੁੰਦਾ ਹੈ ਕਿ ਈਸ਼੍ਵਰ ਦਾ ਸ਼ਰੀਰ ਕਿਸੇ ਹੋਰੀ ਜਗਹਿ ਠੇਹਰਿਆ ਹੋਇਆ ਹੋਸੀ, ਜਾਂ ਅਪਣੇ ਕੁਝ ਆਤਮਾ ਦੇ ਇਕ ਟੁਕੜੇ ਨੂੰ ਜਲ ਉਤੇ ਡੁਲਾਇਆ ਹੋਸੀ, ਜੋ ਅਜਿਹਾ ਹੈ ਤਾਂ ਵਿਆਪਕ ਅਰ ਸਭ ਜਾਣਨੇ ਵਾਲਾਕਦੀ ਨਹੀ ਹੋ ਸਕਦਾ,ਜੇਕਰ ਵਿਆਪਕ ਨਹੀ ਤਾਂ ਜਗਤ ਦੀ ਉਤਪਤੀ, ਧਾਰਣਾ,ਪਾਲਣਾ ਅਰ ਜੀਵਾਂ ਦੇ ਕਰਮਾਂਦੀ ਬਿਵਸਥਾ, ਵਾ ਪ੍ਰਲੈ ਕਦੀ ਨਹੀ

ਹੋ ਸਕਦਾ, ਕਿਸ ਕਰਕੇ ਕਿ ਜਿਸ ਪਦਾਰਥ ਦਾ ਸਰੂਪ ਇਕ ਦੇਸ਼ੀ ਹੈ ਉਸ ਦੇ ਗੁਣ, ਕਰਮ, ਸੁਭਾਵ ਬੀ ਇਕ ਦੇਸ਼ੀ ਹੁੰਦੇ ਹਨ, ਜੇ ਅਜਿਹਾ ਹੈ ਤਾਂ ਉਹ ਈਸ਼੍ਵਰ ਨਹੀਂ ਹੋ ਸਕਦਾ, ਕਿਸ ਕਰਕੇ ਈਸ਼੍ਵਰ ਸਰਬ ਵਿਆਪਕ, ਬਿਅੰਤ ਗੁਣ, ਕਰਮ, ਸੁਭਾਵ ਸਹਿਤ ਸਤ, ਚੇਤਨ, ਅਨੰਦ ਸਰੂਪ, ਨਿਤ ਪਵਿਤ੍ਰ, ਗਿਆਨ ਸਰੂਪ, ਬੰਧਨ ਰਹਿਤ ਸਰੂਪ, ਉਤਪੱਤੀ ਰਹਿਤ, ਅੰਤ ਤੋਂ ਰਹਿਤ ਆਦੀ ਲਖਣਾਂ ਵਾਲਾ ਵੇਦਾਂ ਵਿਚ ਕਹਿਆ ਹੈ ਉਸੇ ਨੂੰ ਮਨੋਂ ਤਦੇ ਹੀ ਤੁਹਾਡਾ ਕਲਿਆਣ ਹੋਸੀ, ਹੋਰ ਤਰਾਂ ਨਹੀਂ ॥ ੧ ॥

੨—ਅਰ ਈਸ਼੍ਵਰ ਨੇ ਆਖਿਆ ਕਿ ਚਾਨਣਾ ਹੋਵੇ ਅਰ ਚਾਨਣਾ ਹੋਗਿਆ। ਅਰ ਈਸ਼੍ਵਰ ਨੇ ਚਾਨਣੇ ਨੂੰ ਵੇਖਿਆ ਕਿ ਅਛਾ ਹੈ। ਪਰਬ ੧। ਆਯ० ੩। ੪॥

(ਸਮੀਖਕ) ਕੀ, ਈਸ਼੍ਵਰ ਦੀ ਗਲ ਜੜਰੂਪ ਚਾਨਣੇ ਨੇ ਸੁਣ ਲਈ? ਜੇਕਰ ਸੁਣੀ ਹੋਵੇ ਤਾਂ ਏਸ ਵੇਲੇ ਬੀ ਸੂਰਜ ਅਰ ਦੀਵਾ ਅਰ ਅਗ ਦਾ ਚਾਨਣਾ ਸਾਡੀ ਤੁਹਾਡੀ ਗਲ ਕਿਉਂ ਨਹੀਂ ਸੁਣਦਾ? ਚਾਨਣਾ ਜੜ ਹੁੰਦਾ ਹੈ ਉਹ ਕਦੀ ਕਿਸੇ ਦੀ ਗਲ ਨਹੀਂ ਸੁਣ ਸਕਦਾ, ਜਦ ਈਸ਼੍ਵਰ ਨੇ ਚਾਨਣੇ ਨੂੰ ਵੇਖਿਆ ਤਦੇ ਹੀ ਜਾਣਿਆਂ ਕਿ ਚਾਨਣਾ ਅਛਾ ਹੈ ਪਹਿਲਾਂ ਨਹੀਂ ਜਾਣਦਾ ਸੀ? ਜੇਕਰ ਜਾਣਦਾ ਹੁੰਦਾ ਤਾਂ ਵੇਖਕੇ ਅਛਾ ਕਿਉਂ ਕਹਿੰਦਾ? ਜੇ ਨਹੀਂ ਜਾਣਦਾ ਸੀ ਤਾਂ ਉਹ ਈਸ਼੍ਵਰ ਹੀ ਨਹੀਂ, ਏਸ ਵਾਸਤੇ ਤੁਹਾਡੀ ਬਾਇਬਲ ਈਸ਼੍ਵਰ ਕਰਕੇ ਬਣਾਈ, ਅਰ ਉਸ ਵਿਚ ਕਹਿਆ ਹੋਇਆ ਈਸ਼੍ਵਰ ਸਭ ਜਾਣਨੇ ਵਾਲਾ ਨਹੀਂ ਹੈ ॥ ੨ ॥

੩—ਅਰ ਈਸ਼੍ਵਰ ਨੇ ਆਖਿਆ ਕਿ ਪਾਣੀਆਂ ਦੇ ਵਿਚਕਾਰ ਵਿਚ ਅਕਾਸ਼ ਹੋਵੇ ਅਰ ਪਾਣੀਆਂ ਨੂੰ ਪਾਣੀਆਂ ਥੀਂ ਵਖਰਾ ਕਰੇ, ਤਦ ਈਸ਼੍ਵਰ ਨੇ ਅਕਾਸ਼ ਨੂੰ ਬਣਾਇਆ, ਅਰ ਅਕਾਸ਼ ਦੇ ਹੇਠਾਂ ਦੇ ਪਾਣੀਆਂ ਨੂੰ ਅਕਾਸ਼ ਦੇ ਉਪਰ ਦੇ ਪਾਣੀਆਂ ਥੀਂ ਨਖੇੜਿਆ, ਅਰ ਅਜਿਹਾ ਹੋ ਗਿਆ। ਅਰ ਈਸ਼੍ਵਰ ਨੇ ਅਕਾਸ਼ ਨੂੰ ਸ੍ਵਰਗ ਆਖਿਆ, ਅਰ ਸਾਂਝ ਅਰ ਸਵੇਰਾ ਦੂਜਾ ਦਿਨ ਹੋਇਆ ॥ ਪਰਬ। ੧। ਆ ੦੬। ੭। ੮॥

[ਸਮੀਖਕ]—ਕੀ, ਅਕਾਸ਼ ਅਰ ਜਲ ਨੇ ਬੀ ਈਸ਼੍ਵਰ ਦੀ ਗਲ ਸੁਣ ਲਈ? ਅਰ ਜੇ ਜਲ ਵਿਚ ਅਕਾਸ਼ ਨਾ ਹੁੰਦਾ ਤਾਂ ਪਾਣੀ ਰਹਿੰਦਾ ਹੀ ਕਿਥੇ? ਪਹਿਲੀ ਆਯਤ ਵਿਚ ਅਕਾਸ਼ ਨੂੰ ਬਣਾਇਆ ਸੀ, ਫੇਰ ਅਕਾਸ਼ ਦਾ ਬਣਾਨਾ ਨਿਕੰਮਾ ਹੋਇਆ। ਜੇ ਅਕਾਸ਼ ਨੂੰ ਸ੍ਵਰਗ ਆਖਿਆ ਤਾਂ ਉਹ ਸਭ ਥਾਂ ਵਿਆਪਕ ਹੈ, ਏਸ ਵਾਸਤੇ ਸਭ ਜਗਹਿ ਸ੍ਵਰਗ ਹੋਇਆ। ਫੇਰ ਉਪਰ ਨੂੰ ਸ੍ਵਰਗ ਹੈ ਏਹ ਕਹਣਾ ਨਿਕੰਮਾ ਹੈ। ਜਦ ਸੂਰਜ ਪੈਦਾ ਹੀ ਨਹੀਂ ਹੋਇਆ ਤਾਂ ਫੇਰ ਦਿਨ ਅਰ ਰਾਤ ਕਿਧਰੋਂ ਹੋਗਈ? ਅਜਿਹੀਆਂ ਹੀ ਨਾ ਹੋਣ ਵਾਲੀਆਂ

ਗੱਲਾਂ ਅਗੇ ਦੀਆਂ ਆਯਤਾਂ ਵਿਚ ਭਰੀਆਂ ਹਨ ॥ ੩ ॥

੪–ਤਦ ਈਸ਼੍ਵਰ ਨੇ ਆਖਿਆ ਕਿ ਅਸੀਂ ਆਦਮ ਨੂੰ ਅਪਣੇ ਸਰੂਪ ਵਿਚ ਅਪਣੇ ਜਿਹਾ ਬਣਾਵੀਏ, ਤਦ ਈਸ਼੍ਵਰ ਨੇ ਆਦਮ ਨੂੰ ਅਪਣੇ ਸਰੂਪ ਵਿਚ ਪੈਦਾ ਕੀਤਾ, ਓਸਨੇ ਉਸੇ ਈਸ਼੍ਵਰ ਦੇ ਸਰੂਪ ਵਿਚ ਪੈਦਾ ਕੀਤਾ, ਓਸਨੇ ਉਨ੍ਹਾਂ ਨੂੰ ਪੁਰਖ ਅਰ ਇਸਤ੍ਰੀ ਬਣਾਇਆ, ਅਰ ਈਸ਼੍ਵਰਨੇ ਉਨ੍ਹਾਂਨੂੰ ਅਸ਼ੀਰਬਾਦ ਦਿੱਤਾ। ਪਰਵ ੧ ਆ੦ ੨੬। ੨੭। ੨੮॥

[ਸਮੀਖਕ] ਜਦ ਆਦਮ ਨੂੰ ਈਸ਼੍ਵਰ ਨੇ ਅਪਣੇ ਸ੍ਵਰੂਪ ਵਿਚ ਬਣਾਇਆ ਤਾਂ ਈਸ਼੍ਵਰ ਦਾ ਸ੍ਵਰੂਪ ਪਵਿਤ੍ਰ, ਗਿਆਨ ਸਰੂਪ, ਅਨੰਦ ਸਰੂਪ ਆਦੀ ਲਛ-ਣਾਂ ਵਾਲਾ ਹੈ ਓਸਦੇ ਵਾਙਣ ਆਦਮ ਕਿਉਂ ਨਾ ਹੋਇਆ? ਜੇ ਨਹੀਂ ਹੋਇਆ ਤਾਂ ਓਸਦੇ ਸਰੂਪ ਵਿਚ ਨਹੀਂ ਬਣਿਆ, ਅਰ ਆਦਮ ਨੂੰ ਪੈਦਾ ਕੀਤਾ ਤਾਂ ਈਸ਼੍ਵਰ ਨੇ ਅਪਣੇ ਸਰੂਪ ਹੀ ਨੂੰ ਪੈਦਾ ਹੋਣ ਵਾਲਾ ਕੀਤਾ, ਫੇਰ ਉਹ ਅਨਿਤ ਕਿਉਂ ਨਹੀਂ? ਅਰ ਆਦਮ ਨੂੰ ਪੈਦਾ ਕਿਥੋਂ ਕੀਤਾ? ( ਈਸਾਈ ) ਮਿਟੀ ਥੀਂ ਬਣਾਇਆ। ( ਸਮੀਖਕ ) ਮਿੱਟੀ ਕਿਸ ਥੀਂ ਬਣਾਈ? ( ਈਸਾਈ ) ਅਪਣੀ ਕੁਦਰਤ ਅਰਥਾਤ ਸਮ੍ਰਥਾ ਥੀਂ। ( ਸਮੀਖਕ ) ਈਸ਼੍ਵਰ ਦੀ ਸਮਰ-ਥਾ ਆਦ ਥੀਂ ਰਹਿਤ ਹੈ ਯਾਂ ਨਵੀਂਨ। ( ਈਸਾਈ ) ਅਨਾਦੀ ਹੈ। (ਸਮੀਖਕ )ਜਦ ਅਨਾਦੀ ਹੈ ਤਾਂ ਜਗਤ ਦਾ ਕਾਰਣ ਸਨਾਤਨ ਹੋਇਆ, ਫਿਰ ਅਭਾਵ ਥੀਂ ਭਾਵ ਕਿਉਂ ਮਨਦੇ ਓ? ( ਈਸਾਈ ) ਸ੍ਰਿਸ਼ਟੀ ਦੇ ਪਹਿਲਾਂ ਈਸ਼੍ਵਰ ਦੇ ਬਿਨਾ ਕੋਈ ਵਸਤੂ ਨਹੀਂ ਸੀ।

[ਸਮੀਖਕ] ਜੋ ਨਹੀਂ ਸੀ ਤਾਂ ਏਹ ਜਗਤ ਕਿਧਰੋਂ ਬਣਿਆਂ? ਅਰ ਈਸ਼੍ਵਰ ਦਾ ਸਮਰਥ ਦ੍ਰਵ ਹੈ ਯਾਂ ਗੁਣ? ਜੋ ਦ੍ਰਵ ਹੈ ਤਾਂ ਈਸ਼੍ਵਰ ਥੀਂ ਭਿੰਨ ਕੋਈ ਪਦਾਰਥ ਸੀ, ਅਰ ਜੇ ਗੁਣ ਹੈ ਤਾਂ ਗੁਣਥੀਂ ਦ੍ਰਵ ਕਦੀ ਨਹੀ ਬਣ ਸਕਦਾ, ਜਿਸਤ੍ਰਾਂ ਰੂਪਥੀਂ ਅਗਨੀ, ਅਰ ਰਸ ਥੀਂ ਜਲ ਨਹੀ ਬਣਸਕਦਾ, ਅਰ ਜੇ ਈਸ਼੍ਵਰਥੀਂ ਜਗਤ ਬਣਿਆਂ ਹੁੰਦਾ ਤਾਂ ਈਸ਼੍ਵਰਦੀ ਨਿਆਈਂ ਗੁਣ, ਕਰਮ, ਸੁਭਾਵ ਵਾਲਾ ਹੁੰਦਾ, ਓਸਦੇ ਗੁਣ, ਕਰਮ, ਸੁਭਾਵਦੀ ਨਿਆਈਂ ਨਾ ਹੋਣ ਥੀਂ ਏਹ ਨਿਸਚੇ ਹੈ ਕਿ ਈਸ਼੍ਵਰ ਥੀਂ ਨਹੀਂ ਬਨਿਆਂ ਕਿੰਤੂ ਜਗਤ ਦੇ ਕਾਰਣ ਅਰਥਾਤ ਪ੍ਰਮਾਣੂ ਆਦੀ ਨਾਮ ਵਾਲੇ ਜੜ ਥੀਂਬਣਿਆਂ ਹੈ, ਜਿਹੀ ਕਿ ਜਗਤਦੀ ਉਤਪੱਤੀ ਵੇਦਾਦੀ ਸ਼ਾਸਤ੍ਰਾਂ ਵਿਚ ਲਿਖੀ ਹੈ ਉਹੋ ਜਿਹੀ ਮਨਲੋ ਜਿਸਥੀਂ ਈਸ਼੍ਵਰ ਜਗਤ ਨੂੰ ਬਣਾਂਦਾ ਹੈ, ਜੇਕਰ ਆਦਮਦੇ ਅੰਦਰਦਾ ਸਰੂਪ ਜੀਵ ਅਰ ਬਾਹਿਰ ਦਾ ਮਨੁਖਦੇ ਸਦ੍ਰਸ਼ ਹੈ ਤਾਂ ਉਹੋ ਜਿਹਾ ਈਸ਼੍ਵਰਦਾ ਸਰੂਪ ਕਿਉਂ ਨਹੀਂ? ਕਿਉਂਕਿ ਜਦ ਆਦਮ ਈਸ਼੍ਵਰ ਦੇ ਸਦਰਸ ਬਣਿਆਂ ਤਾਂ ਈਸ਼੍ਵਰ ਆਦਮ ਦੇ ਸਦਰਸ਼ ਜਰੂਰ ਹੋਣਾ ਚਾਹੀਦਾ ਹੈ ॥ ੪ ॥

੫–ਤਦ ਪਰਮੇਸ਼੍ਵਰਈਸ਼੍ਵਰ ਨੇਂ ਭੂਮੀਦੀ ਧੂੜਥੀਂ ਆਦਮ ਨੂੰ ਬ-

ਣਾਇਆ,ਅਰ ਓਸਦੀ ਨਾਸਾਂ ਵਿਚ ਜੀਵਣ ਦਾ ਸ੍ਵਾਸ ਫੂਕਿਆ,ਅਰ ਆਦਮ ਜੀਂਉਦਾ ਪ੍ਰਾਣ ਹੋਇਆਂ, ਅਰ ਪਰਮੇਸ਼੍ਵਰ ਈਸ਼੍ਵਰ ਨੇਂ 'ਅਦਨ'ਵਿਚ ਪੂਰਬ ਦੇ ਪਾਸੇ ਇਕ ਬਗੀਚੀ ਲਾਈ, ਅਰ ਓਸ ਆਦਮ ਨੂੰ ਜਿਸਨੂੰ ਓਸਨੇ ਬਣਾਇਆ ਸੀ ਓਸਵਿਚ ਰਖਿਆ,ਅਰ ਓਸ ਬਗੀਚੀ ਦੇ ਵਿਚਕਾਰ ਜੀਵਣ ਦਾ ਦ੍ਰਖਤ ਅਰ ਭਲੇ ਬੁਰੇ ਗਿਆਨਦਾ ਦ੍ਰਖਤ ਪ੍ਰਿਥਵੀ ਥੀਂ ਪੈਦਾ ਕੀਤਾ॥ ਪਰਵ ੦੨। ਆ੦ ੭।੮।੯॥

(ਸਮੀਖਕ) ਜਦ ਈਸ਼੍ਵਰਨੇ'ਅਦਨ'ਵਿਚ ਬਗੀਚੀ ਬਣਾਕੇ ਓਸ ਵਿਚ ਆਦਮ ਨੂੰ ਰਖਿਆ ਤਦ ਈਸ਼੍ਵਰ ਨਹੀਂ ਜਾਣਦਾ ਸੀ ਕਿ ਇਸ ਨੂੰ ਫੇਰ ਏਥੋਂ ਕਢਣਾ ਪੈਸੀ? ਅਰ ਜਦ ਈਸ਼੍ਵਰ ਨੇ ਆਦਮ ਨੂੰ ਧੂੜ ਥੀਂ ਬਣਾਇਆ ਤਾਂ ਈਸ਼੍ਵਰ ਦਾ ਸਰੂਪ ਨਹੀਂ ਹੋਇਆ? ਅਰ ਜੇ ਹੈ ਤਾਂ ਈਸ਼੍ਵਰ ਬੀ ਧੂੜ ਥੀਂ ਬਣਿਆਂ ਹੋਸੀ, ਜਦ ਓਸਦੀ ਨਾਸਾਂ ਵਿਚ ਈਸ਼੍ਵਰ ਨੇ ਸ੍ਵਾਸ ਫੂਕਿਆ ਤਾਂ ਉਹ ਸ੍ਵਾਸ ਈਸ਼੍ਵਰ ਦਾ ਸਰੂਪ ਸੀ ਯਾਂ ਵਖਰਾ? ਜੇ ਵਖਰਾ ਸੀ ਤਾਂ ਈਸ਼੍ਵਰ ਆਦਮ ਦੇ ਸਰੂਪ ਵਿਚ ਨਹੀਂ ਬਣਿਆਂ, ਜੇ ਇਕ ਹੈ ਤਾਂ ਆਦਮ ਅਰ ਈਸ਼੍ਵਰ ਇਕੋ ਜਿਹੇ ਹੋਏ, ਅਰ ਜੇ ਇਕੋ ਜਿਹੇ ਹਨ ਤਾਂ ਆਦਮ ਦੀ ਨਿਆਈਂ ਜਮਣਾ, ਮਰਨਾ, ਵਧਣਾ, ਘਟਣਾ, ਭੁਖ, ਤ੍ਰੇਹ ਆਦੀ ਦੋਸ਼ ਈਸ਼੍ਵਰ ਵਿਚ ਆਏ, ਫੇਰ ਉਹ ਈਸ਼੍ਵਰ ਕਿਸਤਰਾਂ ਨਾਲ ਹੋ ਸਕਦਾ ਹੈ, ਏਸਵਾਸਤੇ ਏਹ ਤੌਰੇਤ ਦੀ ਗਲ ਠੀਕ ਨਹੀਂ ਮਲੂੰਮ ਹੁੰਦੀ, ਅਰ ਇਹ ਪੁਸਤਕ ਬੀ ਈਸ਼੍ਵਰ ਦਾ ਬਣਾਇਆ ਨਹੀਂ ਹੈ॥ ੫ ॥

੬—ਅਰ ਪਰਮੇਸ਼੍ਵਰ ਈਸ਼੍ਵਰ ਨੇ ਆਦਮ ਨੂੰ ਵਡੀ ਨੀਂਦ ਵਿਚ ਸੁਟਿਆ ਅਰ ਉਹ ਸੌਂਗਿਆ, ਤਦ ਓਸਨੇ ਓਸਦੀ ਪਸਲੀਆਂ ਵਿਚੋਂ ਇਕ ਪਸਲੀ ਕਢੀ ਅਰ ਉਸੇ ਦੀ ਜਗਹਿ ਮਾਸ ਭਰ ਦਿੱਤਾ, ਅਰ ਪਰਮੇਸ਼੍ਵਰ ਈਸ਼੍ਵਰ ਨੇ ਆਦਮ ਦੀ ਓਸ ਪਸਲੀ ਥੀਂ ਇਕ ਇਸਤ੍ਰੀ ਬਣਾਈ ਅਰ ਓਸ ਨੂੰ ਆਦਮ ਦੇ ਪਾਸ ਲਿਆਇਆ॥ ਪਰਵ੨ ਆ੦ ੨੧। ੨੨॥

(ਸਮੀਖਕ)ਜੇ ਈਸ਼੍ਵਰ ਨੇ ਆਦਮ ਨੂੰ ਧੂੜਥੀਂ ਬਣਾਇਆ ਤਾਂ ਓਸਦੀ ਇਸਤ੍ਰੀ ਨੂੰ ਧੂੜਥੀਂ ਕਿਉਂਨਹੀ ਬਣਾਇਆ?ਅਰ ਜੇ ਇਸਤ੍ਰੀ ਨੂੰ ਹੱਡੀਥੀਂ ਬਣਾਇਆ ਤਾਂ ਆਦਮ ਨੂੰ ਹੱਡੀਥੀਂ ਕਿਉ ਨਹੀ ਬਣਾਇਆ? ਅਰ ਜਿਸਤਰਾਂ ਨਰਥੀਂ ਨਿਕਲਣ ਕਰਕੇ ਨਾਰੀ ਨਾਮ ਹੋਇਆ ਤਾਂ ਨਾਰੀ ਥੀਂ ਨਰ ਨਾਮਬੀ ਹੋਣਾ ਚਾਹੀਦਾ ਹੈ, ਅਰਉਨ੍ਹਾਂ ਵਿਚ ਇਕ ਦੂਜੇ ਨਾਲ ਪ੍ਰੇਮ ਬੀ ਰਹੇ, ਜਿਸਤਰਾਂ ਇਸਤ੍ਰੀ ਦੇ ਨਾਲ ਪੁਰਖ ਪ੍ਰੇਮ ਕਰੇ ਉਸੇਤਰਾਂ ਪੁਰਖ ਦੇ ਨਾਲ ਇਸਤ੍ਰੀ ਬੀ ਪ੍ਰੇਮ ਕਰੇ। ਵੇਖੋ ਵਿਦ੍ਵਾਂਨ ਲੋਕੋ! ਈਸ਼੍ਵਰ ਦੀ ਕੇਹੀ ਪਦਾ-ਰਥ ਵਿਦ੍ਯਾ ਅਰਥਾਤ ਫਿਲਾਸਫੀ ਚਿਲਕਦੀ ਹੈ, ਜੋ ਆਦਮ ਦੀ ਇਕ ਪਸਲੀ ਕਢਕੇ ਇਸਤ੍ਰੀ ਬਣਾਈ ਤਾਂ ਸਾਰਿਆਂ ਮਨੁਖਾਂਦੀ ਇਕ ਪਸਲੀ

ਘੱਟ ਕਿਉਂ ਨਹੀਂ ਹੁੰਦੀ? ਅਰ ਇਸਤ੍ਰੀ ਦੇ ਸ਼ਰੀਰ ਵਿਚੋ ਇਕ ਪਸਲੀ ਚਾਹੀਦੀ ਹੈ, ਕਿਸਕਰਕੇ ਉਹ ਇਕ ਪਸਲੀ ਥੀਂ ਬਣੀ ਹੈ,ਥੀ ਜਿਸ ਸਮਿਗ੍ਰੀ ਥੀਂ ਸਾਰਾ ਜਗਤ ਬਣਾਇਆ ਓਸ ਸਮਗ੍ਰੀਥੀਂ ਇਸਤ੍ਰੀ ਦਾ ਸ਼ਰੀਰ ਨਹੀ ਬਣ ਸਕਦਾ ਸੀ? ਏਸਵਾਸਤੇ ਏਹ ਬਾਇਬਲ ਦਾ ਸ੍ਰਿਸ਼ਟੀਕ੍ਰਮ ਸ੍ਰਿਸ਼ਟੀ-ਵਿਦਿਆ ਥੀਂ ਉਲਟਾ ਹੈ ॥੬॥

—ਹੁਣ ਸਪ ਪ੍ਰਿਥਵੀ ਦੇ ਹਰਇਕ ਪਸ਼ੂ ਥੀਂ, ਜਿਸਨੂੰ ਪਰਮੇਸ਼ੁਰ ਈਸ਼੍ਵਰ ਨੈ ਬਣਾਇਆਸੀ ਧੂਰਤਸੀ, ਅਰ ਓਸਨੇ ਇਸਤ੍ਰੀ ਨੂੰ ਆਖਿਆ ਕਿ ਨਿਸਚੇ ਈਸ਼੍ਵਰ ਨੈ ਕਹਿਆ ਹੈ ਕਿ ਤੁਸੀਂ ਏਸ ਬਗੀਚੀ ਦੇ ਹਰ ਇਕ ਦ੍ਰਖਤ ਥੀਂ ਨਾ ਖਾਣਾ, ਅਰ ਇਸਤ੍ਰੀ ਨੇ ਸਪ ਨੂੰ ਆਖਿਆ ਕਿ ਅਸੀ ਤਾਂ ਏਸ ਬਗੀਚੀ ਦੇ ਦ੍ਰਖਤਾਂ ਦਾ ਫਲ ਖਾਂਦੇ ਹਾਂ; ਪ੍ਰੰਤੂ ਓਸ ਦ੍ਰਖਤ ਦਾ ਫਲ ਜੋ ਬਗੀਚੀ ਦੇ ਅੰਦਰ ਹੈ ਈਸ਼੍ਵਰ ਨੈ ਆਖਿਆ ਕਿ ਤੁਸਾਂ ਓਸਨੂੰ ਨਾ ਖਾਣਾ, ਅਰ ਨਾ ਛੂਹਣਾ ਅਜਿਹਾ ਨਾ ਹੋਵੇ ਕਿ ਮਰ ਜਾਓ। ਤਦ ਸਪ ਨੇ ਇਸਤ੍ਰੀ ਨੂੰ ਆਖਿਆ-ਕਿ ਤੁਸੀਂ ਨਿਸਚੇ ਨਾ ਮਰੋਗੇ, ਕਿਸ ਕਰਕੇ ਈਸ਼੍ਵਰ ਜਾਣਦਾ ਹੈ ਕਿ ਜਿਹੜੇ ਦਿਨ ਤੁਸੀਂ ਓਸ ਨੂੰ ਖਾਓਗੇ ਤੁਹਾਡੀ ਅੱਖਾਂ ਖੁਲ ਜਾਂਨਗੀਆਂ ਅਰ ਤੁਸੀ ਭਲੇ ਬੁਰੇ ਦੀ ਪਛਾਣ ਵਿਚ ਈਸ਼੍ਵਰ ਦੇ ਤੁਲ ਹੋ ਜਾਓਗੇ, ਅਰ ਜਦ ਇਸਤ੍ਰੀ ਨੇ ਵੇਖਿਆ ਉਹ ਦ੍ਰਖਤ ਖਾਣੇ ਵਿਚ ਅਛੇ ਸ੍ਵਾਦ ਵਾਲਾ ਅਰ ਵੇਖਣ ਵਿਚ ਸੁੰਦਰ ਅਰ ਬੁਧੀ ਦੇਣ ਦੇ ਜੋਗ ਹੈ ਤਾਂ ਓਸਦੇ ਫਲ ਵਿਚੋਂ ਲਿਆ ਅਰ ਖਾਧਾ ਅਰ ਅਪਣੇ ਪਤੀ ਨੂੰ ਬੀ ਦਿਤਾ, ਅਰ ਓਸਨੇ ਖਾਧਾ ਤਦ ਉਨ੍ਹਾਂ ਦੁਹਾਂ ਦੀਆਂ ਅੱਖਾਂ ਖੁਲ ਗਈਆਂ, ਅਰ ਉਹ ਜਾਣ ਗਏ ਕਿ ਅਸੀ ਨੰਗੇ ਹਾਂ, ਸੋ ਉਨ੍ਹਾਂਨੇ ਹੰਜੀਰਦੇ ਪਤਿਆਂ ਨੂੰ ਮਿਲਾਕੇ ਸੀਤਾ ਅਰ ਅਪਣੇ ਵਾਸਤੇ ਓਢਣਾ ਬਣਾਇਆ, ਤਦ ਪਰਮੇਸ਼੍ਵਰ ਈਸ਼੍ਵਰਨੇ ਸਪ ਨੂੰ ਆਖਿਆ ਕਿ ਜੋ ਤੈਂ ਇਹ ਕੀਤਾ ਹੈ, ਏਸ ਕਰਕੇ ਤੂੰ ਸਾਰੇ ਢੋਰ ਅਰ ਹਰ ਇਕ ਬਨਦੇ ਪਸ਼ੂ ਥੀਂ ਵਧੀਕ ਸ੍ਰਾਪਿਆ ਹੋਇਆ ਹੋਵੇਂਗਾ, ਅਰ ਤੂੰ ਅਪਣੇ ਪੇਟ ਦੇ ਭਾਰ ਚਲੇਂਗਾ, ਅਰ ਅਪਣੇ ਜੀਵਣ ਭਰ ਮਿਟੀ ਖਾਇਆ ਕਰੇਂਗਾ, ਅਰ ਮੈਂ ਤੁਧ ਵਿਚ ਅਰ ਇਸਤ੍ਰੀ ਵਿਚ ਅਰ ਤੇਰੇ ਵੰਸ਼ ਅਰ ਓਸਦੇ ਵੰਸ਼ ਵਿਚ ਵੈਰ ਪਾਵਾਂਗਾ, ਉਹ ਤੇਰੇ ਸਿਰਨੂੰ ਰਗੜੇਗਾ, ਅਰ ਤੂੰ ਓਸਦੀ ਅਡੀ ਨੂੰ ਵਢੇਂਗਾ, ਅਰ ਓਸਨੇ ਇਸਤ੍ਰੀ ਨੂੰ ਆਖਿਆ ਕਿ ਮੈ ਤੇਰੇ ਦੁਖ ਅਰ ਗਰਭ ਧਾਰਣਾ ਨੂੰ ਬਹੁਤ ਵਧਾਵਾਂਗਾ, ਅਰ ਤੂੰ ਦੁਖਕਰਕੇ ਬਾਲਕ ਜਣੇਂਗੀ, ਅਰ ਤੇਰੀ ਮਰਜੀ ਤੇਰੇ ਪਤੀ ਉਪਰ ਹੋਵੇਗੀ, ਅਰ ਉਹ ਤੇਰੇ ਉਪਰ ਹੁਕਮ ਕਰੇਗਾ। ਅਰ ਓਸਨੇ ਆਦਮ ਨੂੰ ਆਖਿਆ ਕਿ ਤੈਂ ਜੋ ਅਪਣੀ ਇਸਤ੍ਰੀ ਦਾ ਸ਼ਬਦ ਮੰਨਿਆ ਹੈ, ਅਰ ਜਿਸ ਦ੍ਰਖਤ ਥੀਂ ਮੈਨੇ ਤੈਨੂੰ ਖਾਣੇਥੀਂ ਮਨ੍ਹਾ ਕੀਤਾਸੀ ਤੂੰ ਨੇ ਖਾਧਾ ਹੈ ਏਸ ਵਾਸਤੇ ਪ੍ਰਿਥਵੀ ਤੇਰੇ ਵਾਸਤੇ ਸ੍ਰਾਪੀਹੋਈ ਹੈ, ਅਪਣੇ

ਜੀਵਨ ਭਰ ਤੂੰ ਓਸਨੂੰ ਦੁਖ ਨਾਲ ਖਾਵੇਂਗਾ, ਅਰ ਉਹ ਕੰਡੇ ਅਰ ਊਂਟ ਕਟਾਰੇ ਤੇਰ ਵਾਸਤੇ ਉਗਾਵੇਗੀ, ਅਰ ਤੂੰ ਖੇਤੀਦਾ ਸਾਗ ਪਤਾ ਖਾਵੇਂਗਾ। ਤਉਰੇਤ ਉਤਪਤੀ੦ਪਰਵ ੩। ਆ੦੧।੨।੩।੪।੫।੬।੭।੧੪। ੧੫।੧੬।੧੭।੧੯॥

(ਸਮੀਖਕ) ਜੇਈਸਾਈਆਂ ਦਾ ਈਸ਼੍ਵਰ ਸਰਬਗ ਹੁੰਦਾ ਤਾਂ ਏਸ ਧੂਰਤ ਸਪ ਅਰਥਾਤ ਸ਼ੈਤਾਨ ਨੂੰ ਕਿਉਂ ਬਣਾਂਦਾ? ਅਰ ਜੇ ਬਣਾਇਆ ਤਾਂ ਉਹੀ ਈਸ਼੍ਵਰ ਅਪ੍ਰਾਧ ਦਾ ਭਾਗੀ ਹੈ, ਕਿਸਕਰਕੇ ਜੇ ਉਹ ਓਸਨੂੰ ਦੁਸ਼ਟ ਨਾ ਬਣਾਂਦਾ ਤਾਂ ਉਹ ਦੁਸ਼ਟਤਾ ਕਿਉਂ ਕਰਦਾ? ਅਰ ਉਹ ਪਿਛਲਾ ਜਨਮ ਨਹੀਂ ਮਨਦਾ ਤਾਂ ਬਿਨਾ ਅਪ੍ਰਾਧ ਓਸਨੂੰ ਪਾਪੀ ਕਿਉਂ ਬਣਾ-ਇਆ? ਅਰ ਸਚ ਪੁਛੋ ਤਾਂ ਉਹ ਸਪ ਨਹੀਂ ਸੀ ਕਿੰਤੂ ਮਨੁਖ ਸੀ, ਕਿ ਕਰਕੇ ਜੇ ਮਨੁਖ ਨਾ ਹੁੰਦਾ ਤਾਂ ਮਨੁਖ ਦੀ ਬੋਲੀ ਕੀਕਣ ਬੋਲ ਸਕਦਾ, ਅਰ ਜੇਹਿੜਾ ਆਪ ਝੂਠਾ ਅਰ ਦੂਸਰੇ ਨੂੰ ਝੂਠ ਵਿਚ ਚਲਾਵੇ ਓਸਨੂੰ ਸ਼ੈਤਾਨ ਕਹ-ਣਾ ਚਾਹੀਏ, ਸੋ ਇਥੇ ਸ਼ੈਤਾਨ ਸਤਵਾਦੀ। ਅਰ ਏਸ ਕਰਕੇ ਓਸ ਇਸਤ੍ਰੀ ਨੂੰ ਨਹੀਂ ਬਕਾਇਆ, ਕਿੰਤੂ ਸਚ ਆਖਿਆ, ਅਰ ਈਸ਼੍ਵਰ ਨੇ ਆਦਮ ਅਰ ਹੱਵਾ ਨੂੰ ਝੂਠ ਕਹਿਆ ਕਿ ਏਸ ਦੇ ਖਾਣੇ ਕਰਕੇ ਤੁਸੀਂ ਮਰ ਜਾਓਗੇ, ਜੇਕਰ ਉਹ ਦ੍ਰਖਤ ਗਿਆਂਨ ਦੇਣ ਵਾਲਾ ਅਰ ਅਮਰ ਕਰਨ ਵਾਲਾ ਸੀ ਤਾਂ ਓਸਦੇ ਫਲ ਖਾਣੇ ਥੀਂ ਕਿਉਂ ਰੋਕਿਆ? ਅਰ ਜੇ ਮਨ੍ਹਾ ਕੀਤਾ ਤਾਂ ਉਹ ਈਸ਼੍ਵਰ ਝੂਠਾ ਅਰ ਬਕਾਣ ਵਾਲਾ ਠੈਹਰਿਆ, ਕਿਸ ਕਰਕੇ ਓਸ ਦ੍ਰਖਤ ਦੇ ਫਲ ਮਨੁੱਖ ਦੇ ਗਿਆਂਨ ਅਰ ਸੁਖ ਦੇਣੇ ਵਾਲੇ ਸਨ, ਅਗਿਆਂਨ ਅਰ ਮਾਰਣ ਵਾਲੇ ਨਹੀਂ, ਜਦ ਈਸ਼੍ਵਰ ਨੇ ਫਲ ਖਾਣੇ ਥੀਂ ਮਨ੍ਹਾਂ ਕੀਤਾ ਤਾਂ ਓਸ ਦ੍ਰਖਤ ਦੀ ਉਤਪੱਤੀ ਕਿਸ ਵਾਸਤੇ ਕੀਤੀਸੀ? ਜੇ ਅਪਣੇ ਵਾਸਤੇ ਕੀਤੀ ਤਾਂ ਕੀ, ਆਪ ਅਗਿਆਨੀ ਅਰ ਮ੍ਰਿਤੂ ਧਰਮ ਵਾਲਾਂਸੀ? ਅਰ ਜੇ ਦੂਜੇ ਵਾਸਤੇ ਬਣਾਇਆ ਤਾਂ ਫਲ ਖਾਣੇ ਵਿਚ ਅਪ੍ਰਾਧ ਕੁਝ ਬੀ ਨਾ ਹੋਇਆ। ਅਰ ਅਜ ਕਲ ਕੋਈ ਬੀ ਦ੍ਰਖਤ ਗਿ-ਆਨ ਕਰਨੇ ਵਾਲਾ ਅਰ ਮ੍ਰਿਤੂ ਦੂਰ ਕਰਨੇ ਵਾਲਾ ਵੇਖਣ ਵਿਚ ਨਹੀਂ ਆ-ਉਂਦਾ, ਕੀ, ਈਸ਼੍ਵਰ ਨੇ ਓਸਦਾ 'ਬੀ' ਬੀ ਨਸ਼ਟ ਕਰ ਦਿੱਤਾ? ਅਜੇਹੀ ਗੱਲਾਂ ਥੀਂ ਮਨੁਖ ਛਲੀ ਕਪਟੀ ਹੁੰਦਾ ਹੈ ਤਾਂ ਈਸ਼੍ਵਰ ਉਹੋ ਜਿਹਾ ਕਿਉਂ ਨਹੀਂ ਹੋਇ-ਆ? ਕਿਸਕਰਕੇ ਜਿਹੜਾ ਕੋਈ ਦੂਜੇ ਨਾਲ ਛਲ ਕਪਟਕਰੇਗਾ ਉਹ ਛਲੀਆ ਕਪਟੀ ਕਿਉਂ ਨਾ ਹੋਵੇਗਾ? ਅਰ ਜੇ ਇਨ੍ਹਾਂ ਤਿੰਨਾ ਨੂੰ ਸ੍ਰਾਪ ਦਿਤਾ ਉਹ ਬਿਨਾ ਅਪ੍ਰਾਧ ਥੀਂ ਹਨ, ਅਰ ਫੇਰ ਉਹ ਈਸ਼੍ਵਰ ਅਨਿਆਂ ਕਰਨ ਵਾਲਾਬੀ ਹੋਇਆ, ਅਰ ਇਹ ਸ੍ਰਾਪ ਈਸ਼੍ਵਰਨੂੰ ਹੋਣਾ ਚਾਹੀਏ, ਕਿਸ ਕਰ ਉਹਝੂਠ ਬੋਲਿਆ, ਅਰ ਉਨ੍ਹਾਂ ਨੂੰ ਬਕਾਇਆ, ਇਹ ਫਲਾਸਫੀ ਵੇਖੋ! ਕੀ, ਬਿਨਾ ਪੀੜਾ ਦੇ ਗਰਭ ਧਾਰਣ ਅਰ ਬਾਲਕ ਦਾ ਜਨਮ ਹੋਸਕਦਾ ਸੀ? ਅਰ ਬਿਨਾ ਜਤਨ ਦੇ ਕੋਣੇ ਅਪਣੀ

ਜੀਵਕਾ ਕਰ ਸਕਦਾ ਹੈ? ਕੀ, ਪਹਿਲੇ ਕੰਡੇ ਆਦੀ ਦੇ ਬ੍ਰਿਖ ਨਾ ਸਨ? ਅਰ ਜਦ ਸਾਗ ਪਤ੍ਰ ਖਾਣਾ ਸਾਰੇ ਮਨੁਖਾਂ ਨੂੰ ਈਸ਼ੂਰ ਦੇ ਕਹਿਣੇ ਥੀਂ ਯੋਗ ਹੋਇਆ ਤਾਂ ਜਿਹੜਾ ਅਗੇ ਚਲਕੇ ਮਾਸ ਖਾਂਣਾ ਬਾਇਬਲ ਵਿਚ ਲਿਖਿਆ ਉਹ ਝੂਠਾ ਕਿਉਂ ਨਹੀਂ? ਅਰ ਜੇ ਉਹ ਸਚਾ ਹੋਵੇ ਤਾਂ ਏਹ ਝੂਠਾ ਹੈ। ਜਦ ਆਦਮ ਦਾ ਕੁਝ ਬੀ ਅਪ੍ਰਾਧ ਸਿਧ ਨਹੀਂ ਹੁੰਦਾ ਤਾਂ ਈਸਾਈ ਲਕ ਸਾਰੇ ਮਨੁਖੱਾਂ ਨੂੰ ਆਦਮ ਦੇ ਅਪ੍ਰਾਧ ਥੀਂ ਸੰਤਾਨ ਹੋਣ ਉਪੱਰ ਅਪ੍ਰਾਧੀ ਕਿਉਂ ਨਹੀਂ ਕਹਿੰਦੇ ਹਨ? ਭਲਾ ਅਜਿਹਾ ਪੁਸਤਕ ਅਰ ਅਜਿਹਾ ਈਸ਼ੂਰ ਕਦੀ ਸਿਆਣਿਆਂ ਦੇ ਯੋਗ ਹੋ ਸਕਦਾ ਹੈ ॥੭॥

੮—ਅਰ ਪਰਮੇਸ਼ੂਰ ਈਸ਼ੂਰ ਨੇ ਕਹਿਆ ਕਿ ਵੇਖੋ! ਆਦਮ ਭਲੇ ਬੁਰੇ ਦੇ ਜਾਂਨਣ ਵਿਚ ਅਸਾਂ ਵਿਚੋਂ ਇਕ ਦੀ ਤਰਾਂ ਹੋਇਆ, ਅਰ ਹੁਣ ਅਜਿਹਾ ਨਾ ਹੋਵੇ ਕਿ ਉਹ ਅਪਣਾ ਹਥ ਪਾਵੇ ਅਰ ਜੀਵਨ ਦੇ ਦ੍ਰਖਤ ਵਿਚੋਂ ਬੀ ਲੈਕੇ ਖਾਵੇ ਅਰ ਅਮਰ ਹੋਜਾਵੇ, ਸੋ ਓਸਨੇ ਆਦਮ ਨੂੰ ਕਢ ਦਿਤਾ ਅਰ 'ਅਦਨ' ਦੀ ਬਗੀਚੀ ਦੇ ਚੜ੍ਹਦੇ ਪਾਸੇ 'ਕਰੋਬੀਮ' ਠਰ੍ਹਾਏ, ਅਰ ਚਮਕਦੀਆਂ ਹੋਈਆਂ ਤਲਵਾਰਾਂ ਜੋ ਚਹੁੰ ਪਾਸੇ ਫਿਰਦੇ ਸਨ ਲਈਆਂ ਹੋਈਆਂ ਖਲ੍ਹਵਾਏ, ਜਿਨ੍ਹਾਂ ਕਰਕੇ ਜੀਵਣ ਦੇ ਦ੍ਰਖਤ ਦੇ ਰਸਤੇ ਦੀ ਰਖਵਾਲੀ ਕਰਨ। ਪਰਵ ੩। ਆ੦ ੨੨। ੨੪॥

(ਸਮੀਖਕ) ਭਲਾ ਈਸ਼ੂਰ ਨੂੰ ਅਜਿਹੀ ਈਰਖਾ ਅਰ ਭ੍ਰਮ ਕਿਉਂ ਹੋਇਆ? ਕਿ ਗਿਆਂਨ ਵਿਚ ਸਾਡੇ ਬ੍ਰਾਬਰ ਹੋਇਆ, ਕੀ, ਇਹ ਬੁਰੀ ਗਲੱ ਹੋਈ? ਇਥੇ ਸ਼ੰਕਾ ਹੀ ਕਿਉਂ ਹੋਈ? ਕਿਸ ਕਰਕੇ ਈਸ਼ੂਰ ਦੇ ਤੁਲ ਕਦੀ ਕੋਈ ਨਹੀਂ ਹੋਸਕਦਾ, ਪੰਤੂ ਏਸ ਲਿਖਤ ਥੀਂ ਇਹ ਬੀ ਸਿਧ ਹੋਸਕਦਾ ਹੈ ਕਿ ਉਹ ਈਸ਼ੂਰ ਨਹੀਂ ਸੀ ਕਿੰਤੂ ਮਨੁਖੱ ਵਸ਼ੇਸ਼ ਸੀ, ਬਾਇਬਲ ਵਿਚ ਜਿਥੇਂ ਕਿਥੇਂ ਈਸ਼ੂਰ ਦੀ ਬਾਤ ਆਉਂਦੀ ਹੈ ਉਥੇਂ ਮਨੁਖੱ ਦੇ ਬ੍ਰਾਬਰ ਹੀ ਲਿਖੀ ਆਉਂਦੀ ਹੈ। ਹੁਣ ਵੇਖੋ! ਆਦਮ ਦੇ ਗਿਆਂਨ ਦੀ ਬੜ੍ਹਤੀ ਵਿਚ ਈਸ਼ੂਰ ਕਿਨੱਾ ਦੁਖੀ ਹੋਇਆ, ਅਰ ਫਿਰ ਆਮਰ ਬ੍ਰਿਖ ਦੇ ਫਲ ਖਾਂਣ ਵਿਚ ਕਿੱਨੀ ਈਰਖਾ ਕੀਤੀ, ਅਰ ਪਹਿਲਾਂ ਜਦ ਓਸਨੂੰ ਬਗੀਚੀ ਵਿਚ ਰਖਿਆ ਤਦ ਓਸਨੂੰ ਅਗੋਂ ਦਾ ਗਿਆਂਨ ਨਹੀਂ ਸੀ? ਕਿ ਏਸਨੂੰ ਫੇਰ ਕਢਣਾ ਪਵੇਗਾ, ਏਸ ਵਾਸਤੇ ਈਸਾਈਆਂ ਦਾ ਈਸ਼ੂਰ ਸਰਵਗੱ ਨਹੀਂ ਸੀ, ਅਰ ਚਮਕਦੀ ਤਲਵਾਰਾਂ ਦਾ ਪਹਿਰਾ ਰਖਿਆ ਏਹ ਬੀ ਮਨੁਖੱਦਾ ਕੰਮ ਹੈ ਈਸ਼ੂਰ ਦਾ ਨਹੀ॥ ੮

੯—ਅਰ ਕਿਨੇ ਦਿਨਾ ਦੇ ਪਿਛੋਂ ਇਸਤਰਾਂ ਹੋਇਆ ਕਿ 'ਕਾਇਨ' ਪ੍ਰਿਥਵੀ ਦੇ ਫਲਾਂ ਵਿਚੋਂ ਪਰਮੇਸ਼ੂਰ ਦੇ ਵਾਸਤੇ ਭੇਟ ਲਿਆਇਆ ਅਰ ਹਾਵੀ-ਲ ਬੀ ਅਪਣੀ ਝੁੰਡ ਵਿਚੋਂ ਪਹਿਲੌਠੀ ਅਰ ਮੋਟੀ ਮੋਟੀ ਭੇਡ ਲਿਆਇਆ ਅਰ ਪਰਮੇਸ਼ੂਰ ਨੇ 'ਹਾਵੀਲ' ਅਰ ਓਸਦੀ ਭੇਟ ਦਾ ਆਦਰ ਕੀਤਾ, ਪੰਤੂ

'ਕਾਇਨ' ਦਾ ਉਸਦੀ ਭੇਟ ਦਾ ਆਦਰ ਨਾ ਕੀਤਾ, ਏਸ ਵਾਸਤੇ ਕਾਇਨ ਬਹੁਤ ਕ੍ਰੋਧਵਾਨ ਹੋਇਆ ਅਰ ਅਪਣਾ ਮੂੰਹ ਸੁਜਾਇਆ, ਤਦ ਪਰਮੇਸ਼ੁਰ ਨੇ ਕਾਇਨ ਨੂੰ ਆਖਿਆ ਕਿ ਤੂੰ ਕ੍ਰੋਧਵਾਨ ਹੈਂ ਅਰ ਤੇਰਾ ਮੂੰਹ ਕਿਉਂ ਸੁਜਾਗਿਆ ਤੌਰੈ੦ ਪਰਵ ੪ ॥ ਆ੦ ੩ । ੪ ॥ ੫ ॥ ੬ ॥

(ਸਮੀਖਕ) ਜਦ ਈਸ਼ੁਰ ਮਾਸ ਖਾਣ ਵਾਲਾ ਨਾ ਹੁੰਦਾ ਤਾਂ ਭੇਡ ਦੀ ਭੇਟ ਅਰ 'ਹਾਬੀਲ' ਦਾ ਆਦਰ ਅਰ ਕਾਇਨ ਤਥਾ ਤਿਸ ਦੀ ਭੇਟ ਦਾ ਨਿਰਾਦਰ ਕਿਉਂ ਕਰਦਾ? ਅਰ ਅਜਿਹਾ ਝਗੜਾ ਮਚਾਣੇ ਅਰ ਹਾਬੀਲ ਦੇ ਮਰਣੇ ਦਾ ਕਾਰਣ ਬੀ ਈਸ਼ੁਰ ਹੀ ਹੋਇਆ, ਅਰ ਜਿਸਤਰਾਂ ਆਪਸ ਵਿਚ ਮਨੁਖ ਲੋਕ ਇਕ ਦੂਜੇ ਨਾਲ ਗੱਲਾਂ ਕਰਦੇ ਹਨ, ਇਸੇ ਤਰਾਂ ਈਸਾਈਆਂ ਦੇ ਈਸ਼ੁਰ ਦੀਆਂ ਗੱਲਾਂ ਹਨ, ਬਗੀਚੇ ਵਿਚ ਆਉਣਾ, ਜਾਣਾ, ਉਸ ਦਾ ਬਣਾਉਣਾ ਬੀ ਮਨੁਖਾਂ ਦਾ ਕੰਮ ਹੈ, ਏਸ ਥੀਂ ਮਲੂਮ ਹੁੰਦਾ ਹੈ ਕਿ ਬਾਇਬਲ ਮਨੁਖਾਂ ਦੀ ਬਣਾਈ ਹੈ ਈਸ਼ੁਰ ਦੀ ਨਹੀਂ ॥ ੯ ॥

੧੦—ਜਦ ਪਰਮੇਸ਼ੁਰ ਨੇ ਕਾਇਨ ਨੂੰ ਆਖਿਆ ਤੇਰਾ ਭਾ ਹਾਬੀਲ ਕਿੱਥੇ ਹੈ? ਅਰ ਉਹ ਬੋਲਿਆ ਮੈਂ ਨਹੀਂ ਜਾਣਦਾ, ਕੀ, ਮੈਂ ਆਪਣੇ ਭਾ ਦਾ ਰਖਵਾਲਾ ਹਾਂ? ਤਦ ਉਸ ਨੇ ਆਖਿਆ ਤੈਂ ਕੀ ਕੀਤਾ, ਤੇਰੇ ਭਾ ਦੇ ਲਹੂ ਦਾ ਅਵਾਜ ਪ੍ਰਿਥਵੀ ਵਿਚ ਮੈਨੂੰ ਬੁਲਾਂਦਾ ਹੈ, ਅਰ ਹੁਣ ਤੂੰ ਪ੍ਰਿਥਵੀ ਥੀਂ ਸ੍ਰਾਪਤ ਹੈਂ ॥ ਤੌ੦ ਪਰਵ੪ । ਆ੦ । ੯ । ੧੦ ॥ ੧੧ ॥

(ਸਮੀਖਕ) ਕੀ, ਈਸ਼ੁਰ ਕਾਇਨ ਥੀਂ ਪੁਛੇ ਬਿਨਾ ਹਾਬਿਲ ਦਾ ਹਾਲ ਨਹੀਂ ਜਾਣਦਾ ਸੀ ? ਅਰ ਲਹੂ ਦਾ ਸ਼ਬਦ ਪ੍ਰਿਥਵੀ ਥੀਂ ਕਦੀ ਕਿਸੇ ਨੂੰ ਪੁਕਾਰਸਕਦਾ ਹੈ ? ਏਹ ਸਾਰੀਆਂ ਗੱਲਾਂ ਅਵਿਦਵਾਨਾਂ ਦੀਆਂ ਹਨ, ਏਸ ਵਾਸਤੇ ਇਹ ਪੁਸਤਕ ਨਾ ਈਸ਼ੁਰ ਅਰ ਨਾ ਵਿਦਵਾਨਾਂ ਦਾ ਬਣਾਇਆ ਹੋਸਕਦਾ ਹੈ ॥ ੧੦ ॥

੧੧—ਅਰ 'ਹਨੂਕ ਮਤ ਸਿਲਹ' ਦੀ ਉਤਪੱਤੀ ਦੇ ਪਿਛੋਂ ਤਿੰਨਸੌ ੩੦੦ ਵਰ੍ਹਿਆਂ ਤਿਕ ਈਸ਼ੁਰ ਦੇ ਨਾਲ ੨ ਚਲਦਾ ਸੀ। ਤੌਰੇਤ ੦ ਪਰਵ ੫। ਆ ੦ ੨੨ ॥

( ਸਮੀਖਕ ) ਭਲਾ ਈਸਾਈਆਂ ਦਾ ਈਸ਼ੁਰ ਮਨੁਖੱ ਨਾ ਹੁੰਦਾ ਤਾਂ ਹਨੂਕ ਉਸਦੇ ਨਾਲ ੨ ਕਿਉਂ ਚਲਦਾ ? ਏਸ ਥੀਂ ਜਿਹੜਾ ਵੇਦੋਕਤ ਨਿਰਾਕਾਰ ਈਸ਼ੁਰ ਹੈ ਉਸੀਨੂੰ ਈਸਾਈ ਲੋਗ ਮਨਨ ਤਾਂ ਉਨ੍ਹਾਂ ਦਾ ਕਲਿਆਣ ਹੋਵੇ ॥ ੧੧ ॥

੧੨—ਅਰ ਉਨ੍ਹਾਂ ਥੀਂ ਧੀਆਂ ਉਤਪੰਨ ਹੋਈਆਂ ਤਾਂ ਈਸ਼ੁਰ ਦੇ ਪੁਤ੍ਰਾਂ ਨੇ ਆਦਮ ਦੀ ਪੁਤ੍ਰੀਆਂ ਨੂੰ ਵੇਖਿਆ ਕਿ ਉਹ ਸੋਹਣੀਆਂ ਹਨ, ਅਰ

ਉਨ੍ਹਾਂ ਵਿਚੋਂ ਜਿਨ੍ਹਾਂ ਨੂੰ ਉਨ੍ਹਾਂ ਨੇ ਚਾਹਿਆ ਉਨ੍ਹਾਂ ਨੂੰ ਵਿਆਹਿਆ, ਅਰ ਉਨ੍ਹਾਂ ਦਿਨਾਂ ਵਿਚ ਪ੍ਰਿਥਵੀ ਉਪੱਰ ਦਾਨਵ ਸਨ, ਅਰ ਓਸਦੇ ਪਿਛੋਂ ਭੀ ਜਦ ਈਸ਼੍ਵਰ ਦੇ ਪੁਤ੍ਰ ਆਦਮ ਦੀ ਪੁਤ੍ਰੀਆਂ ਨਾਲ ਮਿਲੇ ਤਾਂ ਉਨ੍ਹਾਂ ਥੀਂ ਬਾਲਕ ਉਤਪੰਨ ਹੋਏ, ਜੋ ਬਲਵਾਨ ਹੋਏ, ਜੋ ਅਗੇ ਥੀਂ ਨਾਮੀ ਸਨ, ਅਰ ਈਸ਼੍ਵਰ ਨੇ ਵੇਖਿਆ ਕਿ ਆਦਮ ਦੀ ਦੁਸ਼ਟਤਾ ਪ੍ਰਿਥਵੀ ਉਪੱਰ ਬਹੁਤ ਹੋਈ ਹੈ, ਅਰ ਉਨ੍ਹਾਂ ਦੇ ਮਨ ਦੀ ਚਿੰਤਾ ਅਰ ਭਾਉਣਾ ਰੋਜ ੨ ਨਿਪਟ ਬੁਰੀ ਹੁੰਦੀ ਹੈ, ਤਦ ਆਦਮ ਨੂੰ ਪ੍ਰਿਥਵੀ ਉਪੱਰ ਉਤਪੰਨ ਕਰਨ ਥੀਂ ਪਰਮੇਸ਼੍ਵਰ ਪਛਤਾਇਆ ਅਰ ਓਸਨੂੰ ਅਤੀ ਸ਼ੋਕ ਹੋਇਆ, ਤਦ ਪਰਮੇਸ਼੍ਵਰ ਨੇ ਆਖਿਆ ਕਿ ਆਦਮ ਨੂੰ ਜਿਸਨੂੰ ਮੈਨੇ ਉਤਪੰਨ ਕੀਤਾ ਆਦਮੀ ਥੀਂ ਲੈਕੇ ਪਸ਼ੂਆਂ ਤਕ ਅਰ ਕੀੜਿਆਂ ਨੂੰ ਅਰ ਅਕਾਸ਼ ਦੇ ਪਖੀਆਂ ਨੂੰ ਪ੍ਰਿਥਵੀ ਉਪੱਰੋਂ ਨਸ਼ਟ ਕਰਾਂਗਾ, ਕਿਉਂਕਿ ਉਨ੍ਹਾਂ ਦੇ ਬਣਾਣੇ ਥੀਂ ਮੈਂ ਪਛਤਾਂਦਾ ਹਾਂ। ਤੌ. ਪਰਵ ੬। ਆ ੦ ੧। ੨॥ ਪੂ। ਪ। ੬। ੭॥

(ਸਮੀਖਕ) ਈਸਾਈਆਂ ਥੀਂ ਪੁਛਣਾ ਚਾਹੀਏ ਕਿ ਈਸ਼੍ਵਰ ਦੇ ਪੁਤ੍ਰ ਕੇਹੜੇ ਹਨ? ਅਰ ਈਸ਼੍ਵਰ ਦੀ ਇਸਤ੍ਰੀ, ਸਸ, ਸੌਹਰਾ, ਸਾਲਾ, ਅਰ ਸਾਕ ਕੁਉਣ ਹਨ? ਕਿਉਂਕਿ ਹੁਣ ਤਾਂ ਆਦਮ ਦੀ ਧੀਆਂ ਦੇ ਨਾਲ ਵਿਵਾਹ ਹੋਣ ਥੀਂ ਈਸ਼੍ਵਰ ਇਨ੍ਹਾਂ ਦਾ ਸਾਕ ਹੋਇਆ, ਅਰ ਜਿਹੜੇ ਉਨ੍ਹਾਂ ਥੀਂ ਉਤਪੰਨ ਹੁੰਦੇ ਹਨ ਉਹ ਪੁਤ੍ਰ ਅਰ ਪਰਪੌਤ੍ਰੇ ਹੋਏ, ਕੀ, ਅਜਿਹੀ ਗਲੱ ਈਸ਼੍ਵਰ ਅਰ ਈਸ਼੍ਵਰ ਦੇ ਪੁਸਤਕ ਦੀ ਹੋਸਕਦੀ ਹੈ? ਕਿੰਤੂ ਏਹ ਸਿਧ ਹੁੰਦਾ ਹੈ ਕਿ ਉਨ੍ਹਾਂ ਜੰਗਲੀ ਮਨੁਖਾਂ ਨੇ ਇਹ ਪੁਸਤਕ ਬਣਾਇਆ ਹੈ, ਉਹ ਈਸ਼੍ਵਰ ਹੀ ਨਹੀ ਜਿਹੜਾ ਸਰਵਗੱ ਨਾ ਹੋਵੇ, ਨਾ ਅਗੋਂ ਦੀ ਗਲੱ ਜਾਂਣੇ ਉਹ ਜੀਵ ਹੈ। ਕੀ ਜਦ ਸ੍ਰਿਸ਼ਟੀ ਬਣਾਈ ਸੀ ਤਦ ਅਗੇ ਮਨੁਖੱ ਦੁਸ਼ਟ ਹੋਨਗੇ ਅਜਿਹਾ ਨਹੀਂ, ਜਾਂਣਦਾ ਸੀ? ਅਰ ਪਛਤਾਣਾ, ਅਤੀ ਸ਼ੋਕ ਆਦੀ ਹੋਣਾ, ਭੁਲ ਥੀਂ ਕੰਮ ਕਰਕੇ ਪਿਛੇ ਪਸਚਾਤਾਪ ਕਰਨਾ ਆਦੀ ਈਸਾਈਆਂ ਦੇ ਈਸ਼੍ਵਰ ਵਿਚ ਘਟ ਸਕਦਾ ਹੈ, ਕਿ ਈਸਾਈਆਂ ਦਾ ਈਸ਼੍ਵਰ ਪੂਰਣ ਵਿਦਵਾਂਨ ਯੋਗੀ ਬੀ ਨਹੀਂ ਸੀ, ਨਹੀਂ ਤਾਂ ਸ਼ਾਂਤੀ ਅਰ ਵਿਗਿਆਂਨ ਕਰਕੇ ਅਤੀ ਸ਼ੋਕ ਆਦੀ ਥੀਂ ਭਿੰਨ ਹੋ ਸਕਦਾ ਸੀ। ਭਲਾ ਪਸ਼ੂ, ਪੰਖੇਰੂ ਬੀ ਦੁਸ਼ਟ ਹੋਗਏ, ਜੇਕਰ ਉਹ ਈਸ਼੍ਵਰ ਸਰਬਗੱ ਹੁੰਦਾ ਤਾਂ ਅਜਿਹਾ ਵਿਖਾਦੀ ਕਿਉਂ ਹੁੰਦਾ, ਏਸ ਵਾਸਤੇ ਨਾ ਇਹ ਈਸ਼੍ਵਰ ਅਰ ਨਾ ਇਹ ਈਸ਼੍ਵਰ ਕ੍ਰਿਤ ਪੁਸਤਕ ਹੋ ਸਕਦਾ ਹੈ, ਜਿਸਤਰ੍ਹਾਂ ਵੇਦੋਕਤ ਪਰਮੇਸ਼੍ਵਰ ਸਾਰੇ ਪਾਪ, ਕਲੇਸ਼, ਦੁਖ, ਸ਼ੋਕ ਆਦੀ ਥੀਂ ਰਹਿਤ, ਸਚਿਦਾਨੰਦ ਸਰੂਪ ਹੈ ਓਸਨੂੰ ਈਸਾਈਲੋਕ ਮਨਦੇ, ਯਾਂ ਹੁਣ ਬੀ ਮਨਨ ਤਾਂ ਅਪਣੇ ਮਨੁਖੱ ਜਨਮ ਨੂੰ ਸੁਫਲ ਕਰ ਸਕੱਨ॥ ੧੨॥

੧੩–ਓਸ ਬੇੜੀ ਦੀ ਲੰਬਿਆਈ ਤਿਨ ਸੌ ੩੦੦ ਹਥ ਅਰ ਚੌੜਿਆਈ

ਪੰਜਾਹ ੫੦ ਹਥ, ਅਰ ਉਚਿਆਈ ਤੀਹ ੩੦ ਹਥ ਦੀ ਹੋਵੇ। ਤੈਂ ਬੇੜੀ ਵਿਚ ਜਾਂਣਾ ਅਰ ਤੇਰੇ ਪੁਤ੍ਰ ਅਰ ਤੇਰੀ ਇਸਤ੍ਰੀ ਅਰ ਤੇਰੇ ਪੁਤ੍ਰਾਂ ਦੀਆਂ ਇਸਤ੍ਰੀਆਂ ਤੇਰੇ ਨਾਲ, ਅਰ ਸਾਰਿਆਂ ਸ਼ਰੀਰਾਂ ਵਿਚੋਂ ਜੀਉਂਦੇ ਜੀਵ ਦੋ ੨ ਅਪਣੇ ਨਾਲ ਬੇੜੀ ਵਿਚ ਲੈਣੇ, ਜਿਸ ਕਰਕੇ ਉਹ ਤੇਰੇ ਨਾਲ ਜੀਉਂਦੇ ਰਹਨ, ਉਹ ਨਰ ਅਰ ਇਸਤ੍ਰੀ ਹੋਂਨ, ਪੰਛੀਆਂ ਵਿਚੋਂ ਓਸਦੇ ਭਾਂਤੀ ੨ ਦੇ, ਅਰ ਢੋਰ*ਵਿਚੋਂ ਓਸਦੇ ਭਾਂਤੀ ੨ ਦੇ, ਅਰ ਪ੍ਰਿਥਵੀ ਦੇ ਹਰ ਇਕ ਕੀੜਿਆਂ ਵਿਚੋਂ ਭਾਂਤੀ ੨ ਦੇ, ਹਰ ਇਕ ਵਿਚੋਂ ਦੋ ੨ ਤੇਰੇ ਪਾਸ ਆਉਨ ਜਿਸ ਥੀਂ ਜੀਉਂਦੇ ਰਹਿਨ, ਅਰ ਤੂੰ ਅਪਣੇ ਵਾਸਤੇ ਖਾਉਣ ਨੂੰ ਸਾਰੀ ਸਮਿਗਰੀ ਅਪਣੇ ਪਾਸ ਇਕੱਠੀ ਕਰ, ਉਹ ਤੁਹਾਡੇ ਅਰ ਉਨ੍ਹਾਂ ਦੇ ਵਾਸਤੇ ਭੋਜਨ ਹੋਵੇਗਾ, ਸੋ ਈਸ਼੍ਵਰ ਦੀ ਸਾਰੀ ਆਗਿਆ ਦੇ ਅਨੁਸਾਰ 'ਨੂਹ' ਨੇ ਕੀਤਾ ॥ ਤੌ੦ ਪਰਵ ੬ ਆ੦ ੧੫। ੧੮ ੧੯। ੨੦। ੨੧। ੨੨॥

( ਸਮੀਖਕ ) ਭਲਾ ਕੋਈ ਬੀ ਵਿਦਵਾਂਨ ਅਜਿਹੀ ਵਿਦਿਆ ਥੀਂ ਵਿਰੁਧ ਅਸੰਭਵ ਗਲਦੇ ਕਹਣ ਵਾਲੇ ਨੂੰ ਈਸ਼੍ਵਰ ਮਨ ਸਕਦਾ ਹੈ? ਕਿਉਂਕਿ ਇੰਨੀ ਵਡੀ ਚੌੜੀ ਉੱਚੀ ਬੇੜੀ ਵਿਚ ਹਾਥੀ, ਹਥਣੀ, ਊਠ, ਊਠਣੀ ਆਦੀ ਕ੍ਰੋੜਾਂ ਜੀਵ ਅਰ ਉਨ੍ਹਾਂ ਦੇ ਖਾਣੇ ਪੀਣੇ ਦੀਆਂ ਚੀਜ਼ਾਂ ਉਹ ਸਾਰੇ ਕੁਟੰਬ ਦੇ ਬੀ ਸਮਾ ਸਕਦੇ ਹਨ? ਇਹ ਇਸੇ ਵਾਸਤੇ ਮਨੁਖ ਕ੍ਰਿਤ ਪੁਸਤਕ ਹੈ, ਜਿਸਨੇ ਏਹ ਲਿਖਿਆ ਹੈ ਉਹ ਵਿਦਵਾਂਨ ਬੀ ਨਹੀਂ ਸੀ ॥ ੧੩ ॥

੧੪—ਅਰ ਨੂਹ ਨੇ ਪਰਮੇਸ਼੍ਵਰ ਦੇ ਵਾਸਤੇ ਇਕ ਵੇਦੀ ਬਣਾਈ, ਅਰ ਸਾਰੇ ਪਵਿਤ੍ਰ ਪਸ਼ੂ ਅਰ ਹਰ ਇਕ ਪਵਿਤ੍ਰ ਪੰਛੀਆਂ ਵਿਚੋਂ ਲਏ, ਅਰ ਹੋਮ ਦੀ ਭੇਟ ਓਸਵੇਦੀ ਉਪਰ ਚੜ੍ਹਾਈ, ਅਰ ਪਰਮੇਸ਼੍ਵਰ ਨੇ ਸੁਗੰਧ ਸੁੰਘਿਆ, ਅਰ ਪਰਮੇਸ਼੍ਵਰ ਨੇ ਅਪਣੇ ਮਨ ਵਿਚ ਕਹਿਆ ਕਿ ਆਦਮੀ ਦੇ ਵਾਸਤੇ ਮੈਂ ਪ੍ਰਿਥਵੀ ਨੂੰ ਫਿਰ ਕਦੀ ਸ਼੍ਰਾਪਤ ਨਾ ਕਰਾਂਗਾ, ਏਸ ਵਾਸਤੇ ਕਿ ਆਦਮੀ ਦੇ ਮਨ ਦੀ ਭਾਉਣਾ ਓਸ ਦੀ ਲੜਕਿਆਈ ਕਰਕੇ ਬੁਰੀ ਹੈ, ਅਰ ਜਿਸ ਰੀਤੀ ਕਰਕੇ ਮੈਨੇ ਸਾਰੇ ਜੀਵ ਧਾਰੀਆਂ ਨੂੰ ਮਾਰਿਆ ਫੇਰ ਕਦੀ ਨਾ ਮਾਰਾਂਗਾ ॥ ਤੌ੦ ਪਰਵ ੮ ਆ੦ ੨੦। ੨੧॥

( ਸਮੀਖਕ ) ਵੇਦੀ ਦੇ ਬਣਾਣੇ ਹੋਮ ਕਰਨੇ ਦੇ ਲੇਖ ਥੀਂ ਇਹੋ ਸਿਧ ਹੁੰਦਾ ਹੈ ਕਿ ਇਹ ਗਲਾਂ ਵੇਦਾਂ ਥੀਂ ਬਾਇਬਲ ਵਿਚ ਗਈਆਂ ਹਨ,ਕੀ, ਪਰਮੇਸ਼੍ਵਰ ਦਾ ਨਕ ਬੀ ਹੈ ਕਿ ਜਿਸ ਥੀਂ ਸੁਗੰਧ ਸੁੰਘਿਆ? ਕੀ, ਏਹ ਈਸਾਈਆਂ ਦਾ ਈਸ਼੍ਵਰ ਮਨੁੱਖ ਦੇ ਵਾਂਙਣ ਅਲਪੱਗ ਨਹੀਂ ਹੈ? ਕਿ ਕਦੀ ਸ਼੍ਰਾਪ ਦਿੰਦਾ ਹੈ, ਅਰ ਕਦੀ ਪਛਤਾਂਦਾ ਹੈ, ਕਦੀ

* ਚਹੁੰ ਪੈਰਾਂ ਵਾਲੇ

ਕਹਿੰਦਾ ਹੈ ਸ੍ਰਾਪ ਨਾ ਦੇਵਾਂਗਾ, ਪਹਿਲਾਂ ਦਿਤਾ ਸੀ, ਅਰ ਫੇਰ ਬੀ ਦੇਵਾਂਗਾ, ਪਹਿਲਾਂ ਸਾਰਿਆਂ ਨੂੰ ਮਾਰ ਸੁਟਿਆ, ਅਰ ਹੁਣ ਕਹਿੰਦਾ ਹੈ ਕਿ ਕਦੀ ਨਾ ਮਾਰਾਂ ਗਾ, ਏਹ ਗਲਾਂ ਸਾਰੀਆਂ ਲੜਕਿਆਂ ਵਾਙਣ ਹਨ, ਈਸ਼੍ਵਰ ਦੀ ਨਹੀ, ਅਰ ਨਾ ਕਿਸੇ ਵਿਦਵਾਂਨ ਦੀਆਂ, ਕਿਉਂਕਿ ਵਿਦਵਾਂਨ ਦੀ ਬੀ ਗਲ ਅਰ ਪ੍ਰਤਿਗਿਆ ਪੱਕੀ ਹੁੰਦੀ ਹੈ ॥ ੧੪ ॥

੧੫—ਅਰ ਈਸ਼੍ਵਰ ਨੇ 'ਨੂਹ' ਨੂੰ ਅਰ ਉਸਦੇ ਪੁਤ੍ਰਾਂ ਨੂੰ ਅਸ਼ੀਰਵਾਦ ਦਿੱਤਾ, ਅਰ ਉਨ੍ਹਾਂ ਨੂੰ ਕਹਿਆ ਕਿ ਹਰਇਕ ਜੀਉਂਦਾ ਚਲਦਾ ਜੀਵ ਤੁਹਾਡੇ ਖਾਂਣਦੇ ਵਾਸਤੇ ਹੋਵੇਗਾ, ਮੈਨੇ ਹਰੀਤਰਕਾਰੀ ਦੇ ਵਾਙਣ ਸਾਰੀਆਂ ਵਸਤੂ ਤੁਹਾਨੂੰ ਦਿਤੀਆਂ, ਕੇਵਲ ਮਾਸ ਓਸਦੇ ਜੀਉ ਅਰਥਾਤ ਓਸਦੇ ਲਹੂ ਸਮੇਤ ਮਤ ਖਾਂਣਾ ॥ ਤੌ॰ ਪਰਵ ੯ ਆ॰ ੧ । ੩ । ੪ ॥

(ਸਮੀਖਕ) ਕੀ ਇਕ ਨੂੰ ਪ੍ਰਾਣ ਕਸ਼ਟ ਦੇਕੇ ਦੂਜੇ ਨੂੰ ਅਨੰਦ ਕਰਾਣੇ ਥੀਂ ਦਇਆ ਹੀਨ ਈਸਾਈਆਂ ਦਾ ਈਸ਼੍ਵਰ ਨਹੀ ਹੈ? ਜੇ ਮਾਂ, ਪਿਉ ਇਕ ਲੜਕੇ ਨੂੰ ਮਰਵਾਕੇ ਦੂਜੇ ਨੂੰ ਖੁਆਉਨ ਤਦ ਮਹਾਂ ਪਾਪੀ ਨਹੀ ਹੋਂਨ? ਇਸੇਤਰਾਂ ਏਹ ਗਲ ਹੈ, ਕਿਉਂਕਿ ਈਸ਼੍ਵਰ ਦੇ ਵਾਸਤੇ ਸਾਰੇ ਪ੍ਰਾਣੀ ਪੁਤ੍ਰ ਵਾਙਣ ਹਨ, ਏਸਤਰਾਂ ਨਾ ਹੋਣ ਥੀਂ ਇਨ੍ਹਾਂ ਦਾ ਈਸ਼੍ਵਰ ਕਸਾਈ ਵਾਙਣ ਕੰਮ ਕਰਦਾ ਹੈ, ਅਰ ਸਾਰੇ ਮਨੁਖਾਂ ਨੂੰ ਹਿੰਸਕ ਬੀ ਇਸ ਨੇ ਬਣਾਇਆ ਹੈ ਏਸ ਵਾਸਤੇ ਈਸਾਈਆਂ ਦਾ ਈਸ਼੍ਵਰ ਨਿਰਦਇਆ ਹੋਣ ਥੀਂ ਪਾਪੀ ਕਿਉਂ ਨਹੀ? ॥ ੧੫ ॥

੧੬—ਅਰ ਸਾਰੀ ਪ੍ਰਿਥਵੀ ਉਪਰ ਇਕ ਹੀ ਬਲੀ ਅਰ ਇਕ ਹੀ ਭਾਖਾ ਸੀ, ਫੇਰ ਉਨ੍ਹਾਂਨੇ ਆਖਿਆ ਕਿ ਆਉ ਅਸੀ ਇਕ ਨਗਰ ਅਰ ਇਕ ਗੁਮਟ ਜਿਸਦੀ ਚੋਟੀ ਸੁਰਗ ਤਿਕ ਪਹੁਚੇ ਅਪਣੇ ਵਾਸਤੇ ਬਣਾਵੀਏ, ਅਰ ਅਪਣਾ ਨਾਉਂ ਕਰੀਏ, ਇਉਂ ਨਾ ਹੋਵੇ ਕਿ ਅਸੀਂ ਸਾਰੀ ਪ੍ਰਿਥਵੀ ਉਪਰ ਛਿੰਨ ਭਿੰਨ ਹੋ ਜਾਵੀਏ, ਤਦ ਈਸ਼੍ਵਰ ਓਸ ਨਗਰ ਅਰ ਓਸ ਗੁੰਮਟ ਦੇ ਜਿਸ ਨੂੰ ਆਦਮ ਦੀ ਸੰਤਾਨ ਬਣਾਂਦੇ ਸਨ ਵੇਖਣ ਨੂੰ ਉਤ੍ਰਿਆ, ਤਦ ਪਰਮੇਸ਼੍ਵਰ ਨੇ ਕਹਿਆ ਕਿ ਵੇਖੋ! ਏਹ ਲੋਕ ਇਕਹੀ ਹਨ, ਅਰ ਉਨ੍ਹਾਂ ਸਾਰਿਆਂ ਦੀ ਇਕ ਹੀ ਬੋਲੀ ਹੈ, ਹੁਣ ਉਹ ਅਜਿਹਾ ਅਜਿਹਾ ਕੁਝ ਕਰਨ ਲਗੇ ਸੋ ਉਹ ਜਿਸ ਉਪਰ ਮਨ ਲਗਾਉਂਨਗੇ ਓਸ ਥੀਂ ਵਖਰੇ ਨਾ ਕੀਤੇ ਜਾਂਨਗੇ। ਆਓ! ਅਸੀਂ ਉਤ੍ਰੀਏ ਅਰ ਉਥੇ ਉਨ੍ਹਾਂ ਦੀ ਭਾਖਾ ਨੂੰ ਵਿਗਾੜੀਏ ਜਿਸ ਥੀਂ ਇਕ ਦੂਜੇ ਦੀ ਬੋਲੀ ਨਾ ਸਮਝਨ, ਤਦ ਪਰਮੇਸ਼੍ਵਰ ਨੇ ਉਨ੍ਹਾਂ ਨੂੰ ਉਥੋਂ ਥੀਂ ਪ੍ਰਿਥਵੀ ਉਪਰ ਛਿਨ ਭਿੰਨ ਕੀਤਾ, ਅਰ ਉਹ ਓਸ ਨਗਰ ਦੇ ਬਣਾਨ ਥੀਂ ਵਖਰੇ ਰਹੇ ॥ ਤੌ॰ ਪਰਵ ੧੧ ਆ॰ ੧ । ੪ । ੫ । ੬ ॥ ੭ ॥ ੮ ॥

(ਸਮੀਖਕ) ਜਦ ਸਾਰੀ ਪ੍ਰਿਥਵੀ ਉਪਰ ਇਕ ਭਾਖਾ ਅਰ ਬੋਲੀ ਹੋ-

ਵੇਗੀ ਓਸ ਸਮੇ ਸਾਰੇ ਮਨੁਖਾਂਨੂੰ ਆਪਸ ਵਿਚ ਅਤਯੰਤ ਅਨੰਦ ਪ੍ਰਾਪਤ ਹੋਇਆ ਹੋਵੇਗਾ, ਪ੍ਰੰਤੂ ਕੀ, ਕੀਤਾ ਜਾਵੇ ਏਹ ਈਸਾਈਆਂ ਦੇ ਈਰਖਾ ਕਰਨਵਾਲੇ ਈਸ਼੍ਵਰ ਨੇ ਸਾਰਿਆਂ ਦੀ ਭਾਖਾ ਵਿਗਾੜਕੇ ਸਾਰਿਆਂ ਦਾ ਸਤਿਆਨਾਸ਼ ਕੀਤਾ, ਓਸਨੇ ਇਹ ਬੜਾ ਅਪ੍ਰਾਧ ਕੀਤਾ, ਕੀ, ਇਹ ਸ਼ੈਤਾਂਨ ਦੇ ਕੰਮ ਥੀਂ ਬੀ ਬੁਰਾ ਕੰਮ ਨਹੀਂ ਹੈ? ਅਰ ਏਸ ਥੀਂ ਇਹ ਬੀ ਮਲੂਮ ਹੁੰਦਾ ਹੈ ਕਿ ਈਸਾਈਆਂ ਦਾ ਈਸ਼੍ਵਰ 'ਸਨਾਈ' ਪਹਾੜ ਆਦੀ ਉਪਰ ਰਹਿੰਦਾ ਸੀ, ਅਰ ਜੀਵਾਂ ਦੀ ਉਨਤੀ ਬੀ ਨਹੀਂ ਚਾਹੁੰਦਾ ਸੀ, ਇਹ ਬਿਨਾਂ ਇਕ ਅਵਿਦਵਾਂਨ ਦੇ ਈਸ਼੍ਵਰ ਦੀ ਗਲ, ਅਰ ਇਹ ਈਸ਼੍ਵਰੋਕਤ ਪੁਸਤਕ ਕੀਕਣ ਹੋ ਸਕਦਾ ਹੈ ॥ ੧੬ ॥

੧੭—ਤਦ ਓਸਨੈ ਅਪਣੀ ਇਸਤ੍ਰੀ 'ਸਾਰੀ' ਨੂੰ ਆਖਿਆ ਕਿ ਵੇਖ ਮੈਂ ਜਾਂਣਦਾ ਹਾਂ ਤੂੰ ਵੇਖਣ ਵਿਚ ਸੋਹਣੀ ਇਸਤ੍ਰੀ ਹੈਂ, ਏਸ ਵਾਸਤੇ ਇਸਥਰਾਂ ਹੋਵੇਗਾ ਕਿ ਜਦ ਮਿਸਰੀ ਤੈਨੂੰ ਵੇਖਨ, ਤਦ ਕਹਿਨਗੇ ਕਿ ਏਹ ਓਸਦੀ ਇਸਤ੍ਰੀ ਹੈ, ਅਰ ਮੈਨੂੰ ਮਾਰ ਸੁੱਟਨਗੇ, ਪ੍ਰੰਤੂ ਤੈਨੂੰ ਜੀਉਂਦੀ ਰਖਨਗੇ, ਤੈਂ ਕਹਿਣਾ ਕਿ ਮੈਂ ਓਸਦੀ ਭੈਣ ਹਾਂ, ਜਿਸ ਕਰਕੇ ਤੇਰੇ ਸਬਬੋਂ ਮੇਰਾ ਭਲਾ ਹੋਵੇ ਅਰ ਮੇਰਾ ਪ੍ਰਾਣ ਤੇਰੇ ਸਬਬੋਂ ਜੀਉਂਦਾ ਰਹੇ ॥ ਤੌ० ਪਰਵ० ੧੨ । ਆ० ੧੧ । ੧੨ ॥ ੧੩ ॥

( ਸਮੀਖਕ ) ਹੁਣ ਵੇਖੋ ! ਜਿਹੜਾ 'ਇਬਰਾਹੀਮ' ਵਡਾ ਪੈਕੰਬਰ ਈਸਾਈ ਅਰ ਮੁਸਲਮਾਨਾਂ ਦਾ ਪ੍ਰਸਿਧ ਹੈ, ਅਰ ਓਸਦੇ ਕੰਮ ਝੂਠ ਬੋਲਣਾ ਆਦੀ ਬੁਰੇ ਹਨ, ਭਲਾ ਜਿਨ੍ਹਾਂ ਦੇ ਅਜਿਹੇ ਪੈਕੰਬਰ ਹੋਂਨ ਉਨ੍ਹਾਂ ਨੂੰ ਵਿਦਿਆ ਜਾਂ ਕਲਿਆਣ ਦਾ ਰਸਤਾ ਕਿਸਤਰਾਂ ਮਿਲ ਸੱਕੇ ॥ ੧੭ ॥

੧੮—ਅਰ ਈਸ਼੍ਵਰ ਨੇ ਇਬਰਾਹੀਮ ਨੂੰ ਕਹਿਆ ਕਿ ਤੂੰ ਅਰ ਤੇਰੇ ਪਿਛੇ ਤੇਰਾ ਵੰਸ਼ ਉਨ੍ਹਾਂ ਦੀ ਪੀੜ੍ਹੀਆਂ ਵਿਚ ਮੇਰੇ ਨੇਮ ਨੂੰ ਮੰਨੇ, ਤੁਸੀਂ ਮੇਰਾ ਨੇਮ ਜੋ ਮੇਰੇ ਥੀਂ ਅਰ ਤੁਸਾਡੇ ਥੀਂ ਅਰ ਤੇਰੇ ਪਿਛੇ ਤੇਰੇ ਵੰਸ ਥੀਂ ਹੈ ਜਿਸ ਨੂੰ ਤੁਸੀਂ ਮੰਨੋਗੇ ਸੋ ਇਹ ਹੈ ਕਿ ਤੁਹਾਡੇ ਵਿਚੋਂ ਹਰ ਇਕ ਦਾ ਖੁਤਨਾ ਕੀਤਾ ਜਾਵੇ, ਅਰ ਤੁਸੀਂ ਅਪਣੇ ਸ਼ਰੀਰ ਦੀ ਖਲੜੀ ਕਟੋ, ਅਰ ਉਹ ਮੇਰੇ ਅਰ ਤੁਹਾਡੇ ਵਿਚ ਨੇਮ ਦੀ ਨਿਸ਼ਾਂਨੀ ਹੋਵੇਗੀ, ਅਰ ਤੁਹਾਡੀ ਪੀੜ੍ਹੀਆਂ ਵਿਚ ਰਹੇ, ਇਕ ਅਠ ਦਿਨ ਦੇ ਪੁਰਖ ਦਾ ਖੁਤਨਾ ਕੀਤਾ ਜਾਵੇ ਜਿਹੜਾ ਘਰ ਵਿਚ ਉਤਪੰਨ ਹੋਵੇ, ਜਾਂ ਜੋ ਕਿਸੇ ਪ੍ਰਦੇਸੀ ਥੀਂ ਜਿਹਿੜਾ ਤੇਰੇ ਵੰਸ਼ ਦਾ ਨਾ ਹੋਵੇ ਰੁਪੇ ਥੀਂ ਮੁਲ ਲਿਆ ਗਿਆ ਹੋਵੇ ਜਰੂਰ ਓਸਦਾ ਖੁਤਨਾ ਕੀਤਾ ਜਾਵੇ, ਅਰ ਮੇਰਾ ਨੇਮ ਤੁਹਾਡੇ ਮਾਸ ਵਿਚ ਹਮੇਸ਼ਾ ਨੇਮ ਦੇ ਵਾਸਤੇ ਹੋਵੇਗਾ, ਅਰ ਜਿਹੜਾ ਅਖੁਤਨਾ ਬਾਲਕ ਕਿ ਜਿਸਦੀ ਖਲੜੀ ਦਾ ਖੁਤਨਾ ਨਾ ਹੋਇਆ ਹੋਵੇ ਸੋ ਪ੍ਰਾਣੀ ਅਪਣੇ ਲੋਕ ਥੀਂ ਕਟਿਆ ਜਾਵੇ, ਕਿ ਉਸਨੇ ਮੇਰਾ ਨੇਮ ਤੋੜਿਆ ਹੈ ॥ ਤੌ० ਪਰਵ ੧੭ । ਆ० ੯ । ੧੦ । ੧੧ । ੧੨ । ੧੩ । ੧੪ ॥

(ਸਮੀਖਕ) ਹੁਣ ਵੇਖੋ! ਈਸ਼੍ਵਰ ਦੀ ਉਲਟੀ ਆਗਿਆ ਕਿ ਜੇਕਰ ਖਤਨਾ ਕਰਨਾ ਈਸ਼੍ਵਰ ਨੂੰ ਮਨਜ਼ੂਰ ਹੁੰਦਾ ਤਾਂ ਓਸ ਚਮੜੇ ਨੂੰ ਆਦ ਸ੍ਰਿਸ਼ਟੀ ਵਿਚ ਬਣਾਉਂਦਾ ਹੀ ਨਾ, ਅਰ ਜੋ ਇਹ ਬਣਾਇਆ ਗਿਆ ਹੈ ਉਹ ਰਖਿਆ ਵਾਸਤੇ ਹੈ, ਜਿਸ ਤਰਾਂ ਅਖੱ ਦੇ ਉਪੱਰ ਦਾ ਚਮੜਾ, ਕਿਸਕਰਕੇ ਉਹ ਗੁਪਤ ਅਸਥਾਂਨ ਅਤੀ ਕੋਮਲ ਹੈ, ਜੇ ਓਸ ਉਪੱਰ ਚਮੜਾ ਨਾ ਹੋਵੇ ਤਾਂ ਇਕ ਕੀੜੀ ਦੇ ਬੀ ਕਟਣੇ ਅਰ ਥੋੜੀ ਜਿਹੀ ਚੋਟ ਲਗਣੇ ਥੀਂ ਬਹੁਤ ਸਾਰਾ ਦੁਖ ਹੋਵੇ, ਅਰ ਉਹ ਪਿਸ਼ਾਬ ਦੇ ਪਿਛੋਂ ਕੁਝ ਮੂਤ੍ਰ ਦੀ ਬੂੰਦ ਕਪੜਿਆਂ ਵਿਚ ਨਾ ਲਗੇ, ਇਤਆਦੀ ਗਲੱਾਂ ਦੇ ਵਾਸਤੇ ਏਸਦਾ ਕਟਣਾ ਬੁਰਾ ਹੈ। ਹੁਣ ਈਸਾਈ ਲੋਕ ਏਸ ਆਗਿਆ ਨੂੰ ਕਿਉਂ ਨਹੀਂ ਕਰਦੇ? ਇਹ ਆਗਿਆ ਹਮੇਸ਼ਾਂ ਦੇ ਵਾਸਤੇ ਹੈ, ਏਸਦੇ ਨਾ ਕਰਨ ਥੀਂ ਈਸਾ ਦੀ ਉਗਾਹੀ ਜਿਹੜਾ ਕਿ ਵਿਵਸਥਾ ਦੇ ਪੁਸਤਕ ਦਾ ਇਕ ਕਣਕਾ ਬੀ ਝੂਠਾ ਨਹੀਂ ਹੈ ਝੂਠੀ ਹੋਗਈ, ਏਸਦਾ ਸੋਚ ਬਿਚਾਰ ਈਸਾਈ ਕੁਝ ਬੀ ਨਹੀਂ ਕਰਦੇ॥ ੧੮॥

੧੯–ਜਦ ਈਸ਼੍ਵਰ ਇਬ੍ਰਾਹੀਮ ਥੀਂ ਗਲੱਾਂ ਕਰ ਚੁਕਿਆ ਤਾਂ ਉਪੱਰ ਚਲਿਆ ਗਿਆ॥ ਤੌ० ਪਰਵ ੧੭। ਆ० ੨੨॥

(ਸਮੀਖਕ) ਏਸ ਥੀਂ ਏਹ ਸਿਧਿ ਹੁੰਦਾ ਹੈ ਕਿ ਈਸ਼੍ਵਰ ਮਨੁਖੱ ਜਾਂ ਪੰਖੇਰੂ ਵਾਂਙਣ ਸੀ ਜੋ ਉਪੱਰ ਥੀਂ ਹੇਠਾਂ, ਅਰ ਹੇਠਾਂ ਥੀਂ ਉਪੱਰ ਆਉਂਦਾ ਜਾਂਦਾ ਰਹਿੰਦਾ ਸੀ, ਏਹ ਕੋਈ ਮਦਾਰੀ ਵਾਂਙਣ ਮਲੂੰਮ ਹੁੰਦਾ ਹੈ॥ ੧੯॥

੨੦–ਫੇਰ ਈਸ਼੍ਵਰ ਓਸਨੂੰ ਮਮਰੇ ਦੇ ਬਲੂਤਾਂ ਵਿਚ ਵਿਖਾਲੀ ਦਿਤੱਾ, ਅਰ ਉਹ ਦਿਨ ਨੂੰ ਧੁਪ ਦੇ ਸਮੇਂ ਵਿਚ ਅਪਣੇ ਤੰਬੂ ਦੇ ਦਰਵਜੇ ਉਪੱਰ ਬੈਠਾ ਸੀ, ਅਰ ਓਸਨੇ ਅਪਣੀਆਂ ਅਖੱਾਂ ਖੋਲੀਆਂ ਕੀ, ਵੇਖਿਆ ਕਿ ਤਿਨੱ ਮਨੁਖੱ ਓਸਦੇ ਕੋਲ ਖਲੋਤੇ ਹਨ, ਅਰ ਉਨ੍ਹਾਂ ਨੂੰ ਵੇਖਕੇ ਉਹ ਤੰਬੂ ਦੇ ਦਰਵਜੇ ਉਪਰੋਂ ਉਨ੍ਹਾਂਦੇ ਮਿਲਣ ਨੂੰ ਦੌੜਿਆ, ਅਰ ਪ੍ਰਿਥਵੀ ਤਿਕ ਡੰਡੌਤ ਕੀਤੀ, ਅਰ ਆਖਿਆ ਕਿ ਹੇ ਮੇਰੇ ਸ੍ਵਾਮੀ ਜੇਕਰ ਮੈਨੇ ਤੁਹਾਡੀ ਨਜਰ ਵਿਚ ਕ੍ਰਿਪਾ ਪਾਈ ਹੈ ਤਾਂ ਮੈ ਆਪਦੇ ਅਗੇ ਬੇਨਤੀ ਕਰਦਾ ਹਾਂ, ਕਿ ਅਪਣੇ ਦਾਸ ਦੇ ਪਾਸਥੀਂ ਚਲੇ ਨਾ ਜਾਂਉਣਾ, ਮਰਜੀ ਹੋਵੇ ਤਾਂ ਥੋੜਾ ਜਲ ਲਿਆਇਆ ਜਾਵੇ, ਅਰ ਅਪਣੇ ਚਰਣ ਧੋਵੋ, ਅਰ ਦ੍ਰਖਤ ਤਲੇ ਅਰਾਮ ਕਰੋ, ਅਰ ਮੈ ਇਕ ਥੋੜੀ ਰੋਟੀ ਲਿਆਵਾਂ, ਅਰ ਤੁਸੀ ਰਜੋ, ਓਸਦੇ ਪਿਛੋਂ ਅਗੇ ਜਾਂਣਾ, ਕਿਉਂਕਿ ਤੁਸੀ ਇਸੇ ਵਾਸਤੇਂ ਅਪਣੇ ਦਾਸਦੇ ਪਾਸ਼ ਆਏ ਓ, ਤਦ ਉਹ ਬੋਲੇ ਕਿ ਜਿਸਤਰਾਂ ਤੈਂ ਕਹਿਆ ਓਸਤਰਾਂ ਕਰ, ਅਰ ਇਬਰਾਹੀਮ ਤੰਬੂ ਵਿਚ 'ਸਰਾ' ਪਾਸ ਕਾਹਲੀ ਨਾਲ ਗਿਆ, ਅਰ ਓਸਨੂੰ ਆਖਿਆ ਕਿ ਜਲਦੀ ਕਰ, ਅਰ ਤਿਨ ਨਪਊਆ ਚੋਖਾ ਆਟਾ ਲੈਕੇ ਗੁਨ੍ਹ ਅਰ ਓਸ ਦੇਫੁਲਕੇਪਕਾ, ਅਰ ਇਬਰਾਹੀਮ ਇਜੜ ਵਲ ਦੌੜਿਆ ਗਿਆ, ਅਰ ਇਕ ਅਛਾ ਕੋਮਲ ਵਛਾ ਲੈਕੇ ਦਾਸ

ਨੂੰ ਦਿੱਤਾ, ਓਸਨੇ ਬੀ ਉਸਨੂੰ ਤਿਆਰ ਕਰਨ ਵਿਚ ਸ਼ਤਾਬੀ ਕੀਤੀ, ਅਰ ਓਸਨੇ ਮਖਨ ਅਰ ਦੁਧ ਅਰ ਉਹ ਵੱਛਾ ਪਕਾਇਆ ਸੀ ਲਿਆ ਅਰ ਉਨ੍ਹਾਂ ਦੇ ਅਗੇ ਰਖਿਆ, ਅਰ ਆਪ ਉਨ੍ਹਾਂਦੇ ਪਾਸ ਦ੍ਰਖਤ ਹੇਠਾਂ ਖਲੋਤਾ ਰਹਿਆ ਅਰ ਉਨ੍ਹਾਂ ਨੇ ਖਾਧਾ ॥ ਤੌ० ਪਰਵ ੧੮। ਆ० ੧।੨।੩।੪।੫।੬।੭।੮॥

(ਸਮੀਖਕ) ਹੁਣ ਵੇਖੋ ਸਜਨ ਲੋਕੋ! ਜਿਨ੍ਹਾਂ ਦਾ ਈਸ਼੍ਵਰ ਵਛੇ ਦਾ ਮਾਸ ਖਾਵੇ ਓਸਦੇ ਭਗਤ ਗਊ, ਵਛੇ ਆਦੀ ਪਸ਼ੂਆਂ ਨੂੰ ਕਿਉਂ ਛੋਡਨ, ਜਿਸਨੂੰ ਕੁਝ ਦਇਆ ਨਹੀ ਅਰ ਮਾਸ ਦੇ ਖਾਂਣ ਵਿਚ ਲਚਾਰ ਰਹੇ ਉਹ ਬਿਨਾਂ ਹਿੰਸਕ ਮਨੁਖ ਦੇ ਈਸ਼੍ਵਰ ਕਦੀ ਹੋ ਸਕਦਾ ਹੈ? ਅਰ ਈਸ਼੍ਵਰ ਦੇ ਨਾਲ ਦੋ ਮਨੁਖ ਨਾ ਮਲੂੰਮ ਕੌਣ ਸਨ? ਏਸਥੀਂ ਮਲੂੰਮ ਹੁੰਦਾ ਹੈ ਕਿ ਜੰਗਲੀ ਮਨੁਖਾਂ ਦੀ ਇਕ ਮੰਡਲੀ ਸੀ, ਉਨ੍ਹਾਂ ਦਾ ਜੋ ਪ੍ਰਧਾਨ ਮਨੁਖ ਸੀ ਓਸਦਾ ਨਾਮ ਬਾਇਬਲ ਵਿਚ ਈਸ਼੍ਵਰ ਰਖਿਆ ਹੋਵੇ ਗਾ, ਇਨ੍ਹਾਂਹੀ ਗਲਾਂ ਥੀਂ ਬੁਧਵਾਂਨ ਲੋਕ ਇਨ੍ਹਾਂਦੇ ਪੁਸਤਕ ਨੂੰ ਈਸ਼੍ਵਰ ਕ੍ਰਿਤ ਨਹੀ ਮਨ ਸਕਦੇ, ਅਰ ਨਾ ਅ- ਜਿਹੇ ਨੂੰ ਈਸ਼੍ਵਰ ਸਮਝਦੇ ਹਨ ॥ ੨੦ ॥

੨੧-ਅਰ ਪਰਮੇਸ਼੍ਵਰ ਨੇ ਇਬਰਾਹੀਮ ਨੂੰ ਆਖਿਆ ਕਿ ਸਰਹ ਕਿਉਂ ਇਹ ਕਹਕੇ ਮੁਸਕੜਾਈ ਕਿ ਜੋ ਮੈਂ ਬੁਢੀ ਹਾਂ ਸਚ ਮੁਚ ਬਾਲ ਜਣਾਂਗੀ। ਕੀ, ਪਰਮੇਸ਼੍ਵਰ ਦੇ ਵਾਸਤੇ ਕੋਈ ਗਲ ਅਉਖੀ ਹੈ?ਤੌ०ਪਰਵ ੧੮। ਆ० ੧੩।੧੪॥

( ਸਮੀਖਕ ) ਹੁਣ ਵੇਖੋ! ਕਿ ਕੀ, ਈਸਾਈਆਂ ਦੇ ਈਸ਼੍ਵਰ ਦੀ ਲੀਲਾ ਕਿ ਜਿਹੜਾ ਮੁੰਡਿਆਂ ਜਾਂ ਇਸਤ੍ਰੀਆਂ ਵਾਕਣ ਚਿੜਦਾ ਅਰ ਮੇਹਣੇ ਮਾਰਦਾ ਹੈ੨੧

੨੨-ਤਦ ਪਰਮੇਸ਼੍ਵਰ ਨੇ 'ਸਦੂਮ ਮੂਰਾ' ਉਪੱਰ ਗੰਧਕ, ਅਰ ਅਗੱ ਪਰਮੇਸ਼੍ਵਰ ਦੇ ਵਲੋਂ ਵਸਾਈ, ਅਰ ਉਨ੍ਹਾਂ ਨਗਰਾਂ ਨੂੰ ਅਰ ਸਾਰੇ ਮੈਦਾਨਾਂ ਨੂੰ ਅਰ ਨਗਰਾਂ ਦੇ ਸਾਰੇ ਰਹਿਣ ਵਾਲਿਆਂ ਨੂੰ ਅਰ ਜੋ ਕੁਝ ਪ੍ਰਿਥਵੀ ਉਪੱਰ ਉਗਦਾ ਸੀ ਉਲਟਾ ਦਿਤੱਾ। ਤੌ० ਉਤਪ ० ਪਰਵ ੧੯ ॥ ਆ ० ੨੪।੨੫॥

( ਸਮੀਖਕ ) ਹੁਣ ਏਹ ਬੀ ਲੀਲਾ ਬਾਇਬਲ ਦੇ ਈਸ਼੍ਵਰ ਦੀ ਵੇਖੋ ! ਕਿ ਜਿਸ ਨੂੰ ਬਾਲਕ ਆਦੀ ਉਪੱਰੇ ਬੀ ਕੁਝ ਦਇਆ ਨਾ ਆਈ, ਕੀ, ਉਹ ਸਾਰੇ ਹੀ ਅਪ੍ਰਾਧੀ ਸਨ ਜੋ ਸਾਰਿਆਂ ਨੂੰ ਪ੍ਰਿਥਵੀ ਉਲਟਾਕੇ ਦਬਾ ਮਾਰਿਆ ? ਇਹ ਗਲ ਨਿਆਂ, ਦਇਆ, ਅਰ ਵਿਚਾਰ ਥੀਂ ਵਿਰੁਧ ਹੈ, ਜਿਨ੍ਹਾਂ ਦਾ ਈਸ਼੍ਵਰ ਅਜਿਹਾ ਕੰਮ ਕਰੇ ਉਨ੍ਹਾਂ ਦੇ ਉਪਾਸ਼ਕ ਕਿਉਂ ਨਾ ਕਰਨ ॥ ੨੨ ॥

੨੩-ਆਓ ! ਅਸੀ ਅਪਣੇ ਪਿਤਾ ਨੂੰ ਸ਼ਿਰਾਬ ਪਿਲਾਵੀਏ, ਅਰ

ਅਰ ਓਸਦੇ ਨਾਲ ਸਵੀਏਂ ਕਿ ਅਸੀ ਅਪਣੇ ਪਿਉ ਥੀਂ ਕੁਲ ਚਲਾਵੀਏ ॥ ਤਦ ਉਨ੍ਹਾਂ ਨੇ ਓਸ ਰਾਤ ਅਪਣੇ ਪਿਉ ਨੂੰ ਸ਼ਿਰਾਬ ਪਿਆਇਆ, ਅਰ ਪਹਿਲੌਠੀ ਗਈ ਅਰ ਅਪਣੇ ਪਿਉ ਦੇ ਨਾਲ ਸੁਤੀ, ਅਸੀ ਓਸਨੂੰ ਅਜ ਰਾਤ ਬੀ ਸ਼ਿਰਾਬ ਪਿਆਵੀਏ, ਤੂੰ ਜਾਕੇ ਸੌਂ। ਸੋ ਲੂਤ ਦੀ ਦੋ ਧੀਆਂ ਅਪਣੇ ਪਿਊ ਥੀਂ ਗਰਭਣੀ ਹੋਈਆਂ॥ ਤੌ० ਉਤਪ० ਪਰਵ ੧੯। ਆ੦੩੨ ੩੩। ੩੪। ੩੬॥

(ਸਮੀਖਕ)ਵੇਖੋ! ਪਿਉ,ਧੀ ਬੀ ਜਿਸ ਸ਼ਰਾਬ ਪੀਣ ਦੇ ਨਸ਼ੇ ਵਿਚ ਕੁਕਰਮ ਕਰਨ ਥੀਂ ਨਾ ਬਚ ਸੱਕੇ, ਅਜਿਹੇ ਦੁਸ਼ਟ ਸ਼ਿਰਾਬ ਨੂੰ ਜੋ ਈਸਾਈ ਆਦੀ ਪੀਂਦੇ ਹਨ ਉਨ੍ਹਾਂ ਦੀ ਬੁਰਿਆਈ ਦਾ ਕੀ, ਅੱਢਾ ਹੈ, ਏਸ ਵਾਸਤੇ ਭਲ ਮਾਣਸਾਂ ਨੂੰ ਸ਼ਿਰਾਬ ਪੀਣਦਾ ਨਾਉਂ ਬੀ ਨਾ ਲੈਣਾ ਚਾਹੀਏ ॥੨੩॥

੨੪—ਅਰ ਅਪਣੇ ਕਹਿਣੇ ਦੇ ਅਨੁਸਾਰ ਪਰਮੇਸ਼ੁਰ ਨੇ 'ਸਰਹ' ਦੇ ਨਾਲ ਮਿਲਾਪ ਕੀਤਾ, ਅਰ ਅਪਣੇ ਵਚਨ ਦੇ ਅਨੁਸਾਰ 'ਸਰਹ' ਦੇ ਵਿਸ਼ੇ ਵਿਚ ਕੀਤਾ, ਅਰ 'ਸਰਹ' ਗਰਭਣੀ ਹੋਈ ॥ ਤੌ० ਉਤਪ० ਪਰਵ ੨੧। ਆ ੧। ੨॥

( ਸਮੀਖਕ ) ਹੁਣ ਵਿਚਾਰੋ ਕਿ 'ਸਰਹ' ਨਾਲ ਮੇਲ਼ ਕਰਕੇ ਗਰਭਣੀ ਕੀਤੀ, ਏਹ ਕੰਮ ਕਿਸਤਰਾਂ ਹੋਇਆ? ਕੀ, ਬਿਨਾ ਪਰਮੇਸ਼ੁਰ ਅਰ 'ਸਰਹ' ਦੇ ਤੀਜਾ ਕੋਈ ਗਰਭ ਠਹਰਾਂਣ ਦਾ ਸਬਬ ਦਿਸਦਾ ਹੈ? ਏਸਤਰਾਂ ਮਲੂੰਮ ਹੁੰਦਾ ਹੈ ਕਿ 'ਸਰਹ' ਪਰਮੇਸ਼ੁਰ ਦੀ ਕ੍ਰਿਪਾ ਕਰਕੇ ਗਰਭਣੀ ਹੋਈ॥ ੨੪॥

੨੫—ਤਦ ਇਬਰਾਹੀਮ ਨੇ ਵਡੇ ਤੜਕੇ ਉਠਕੇ ਰੋਟੀ ਅਰ ਇਕ ਮਸ਼ਕ ਵਿਚ ਜਲ ਲਿਆ ਅਰ 'ਹਾਜਿਰਹ' ਦੇ ਮੋਢੇ ਉਪਰ ਧਰ ਦਿੱਤਾ, ਅਰ ਮੁੰਡੇ ਨੂੰ ਬੀ ਓਸ ਨੂੰ ਸੌਂਪਕੇ ਓਸਨੂੰ ਵਿਦਿਆ ਕੀਤਾ, ਓਸ ਨੇ ਮੁੰਡੇ ਨੂੰ ਇਕ ਝਾੜੀ ਦੇ ਹੇਠਾਂ ਸੁਟ ਦਿਤਾ, ਅਰ ਉਹ ਓਸਦੇ ਸਾਮਣੇ ਬੈਠਕੇ ਚੀਕਾਂ ਮਾਰ ਮਾਰ ਰੋਈ, ਤਦ ਈਸ਼ੁਰ ਨੇ ਓਸ ਬਾਲਕ ਦਾ ਅਵਾਜ ਸੁਣਿਆਂ॥ ਤੌ० ਉਤਪ० ੨੧। ਆ० ੧੪। ੧੫। ੧੬। ੧੭॥

(ਸਮੀਖਕ)ਹੁਣ ਵੇਖੋ!ਈਸਾਈਆਂ ਦੇ ਈਸ਼ੁਰ ਦੀ ਲੀਲਾ ਕਿ ਪਹਿਲਾਂ ਤਾਂ 'ਸਰਹ' ਦਾ ਪਖਪਾਤ ਕਰਕੇ ਹਾਜਿਰਹ ਨੂੰ ਉਥੋਂ ਥੀਂ ਕਢਾ ਦਿੱਤਾ ਅਰ ਚੀਕਾਂ ਮਾਰ ਮਾਰ ਰੋਈ, ਹਾਜਿਰਹ ਹੋਰ ਸ਼ਬਦ ਸੁਣਿਆ ਮੁੰਡੇ ਦਾ, ਏਹ ਕਿਹੋ ਜਹੀ ਅਚਰਜ ਦੀ ਗਲ ਹੈ, ਏਹ ਏਸਤਰਾਂ ਹੋਇਆ ਹੋਵੇਗਾ ਕਿ ਈਸ਼ੁਰ ਨੂੰ ਭਰਮ ਹੋਇਆ ਹੋਵੇਗਾ ਕਿ ਇਹ ਬਾਲਕ ਹੀ ਹੁੰਦਾ ਹੈ ਭਲਾ ਏਹ ਈਸ਼ੁਰ ਅਰ ਈਸ਼ੁਰ ਦੇ ਪੁਸਤਕ ਦੀ ਗਲ ਕਦੀ ਹੋ ਸਕਦੀ ਹੈ? ਬਿਨਾ ਸਧਾਰਣ ਮਨੁਖ ਦੇ ਵਚਨ ਦੇ ਏਸ ਪੁਸਤਕ ਵਿਚ ਥੋੜੀ ਜਿਹੀ ਗਲ਼ ਸੱਚੀ, ਬਾਕੀ ਸਾਰਾ ਅਸਾਰ ਭਰਿਆ ਹੈ॥ ੨੫॥

੨੬----ਅਰ ਇਨ੍ਹਾਂ ਗੱਲਾਂ ਥੀਂ ਪਿਛੇ ਇਸਤਰਾਂ ਹੋਇਆ ਕਿ ਈਸ਼੍ਵਰ ਨੇ ਇਬਰਾਹੀਮ ਦੀ ਪ੍ਰੀਖਿਆ ਕੀਤੀ, ਅਰ ਓਸ ਨੂੰ ਆਖਿਆ ਹੇ ਇਬਰਾਹੀਮ ਤੂੰ ਅਪਣੇ ਪੁਤ੍ਰ ਨੂੰ ਅਪਣੇ ਅਕਲੋਤੇ ਇਜਹਾਕ ਨੂੰ ਜਿਸ ਦੇ ਨਾਲ ਤੂੰ ਪਿਆਰ ਕਰਦਾ ਹੈਂ ਲੈਂ, ਓਸਨੂੰ ਹੋਮ ਦੀ ਭੇਟ ਵਾਸਤੇ ਚੜ੍ਹਾ, ਅਰ ਅਪਣੇ ਪੁਤ੍ਰ ਇਜਹਾਕ ਨੂੰ ਬਨ੍ਹਕੇ ਓਸ ਵੇਦੀ ਵਿਚ ਲਕੜੀਆਂ ਉਪਰ ਰਖ, ਅਰ ਇਬਰਾਹੀਮ ਨੇ ਛੁਰੀ ਲੈਕੇ ਅਪਣੇ ਪੁਤ੍ਰ ਨੂੰ ਮਾਰਨ ਵਾਸਤੇ ਹਥ ਵਧਾਇਆ, ਤਦ ਪਰਮੇਸ਼੍ਵਰ ਦੇ ਦੂਤ ਨੇ ਸ੍ਵਰਗ ਦੇ ਉਪੱਰ ਥੀਂ ਪੁਕਾਰਿਆ ਕਿ ਇਬ੍ਰਾਹੀਮ ੨ ਅਪਣਾ ਹਥ ਪੁਤ੍ਰ ਉਪੱਰ ਮਤ ਵਧਾ,ਓਸ ਨੂੰ ਕੁਝ ਨਾ ਕਰ, ਕਿਂਉਕਿ ਹੁਣ ਮੈਂ ਜਾਂਣਦਾ ਹਾਂ ਕਿ ਤੂੰ ਈਸ਼੍ਵਰ ਥੀਂ ਡਰਦਾ ਹੈਂ, ॥ ਤੌ० ਉਤਪ० ਪਰਵ ੨੨। ਆ० ੧।੨।੯।੧੦।੧੧॥੧੨॥

( ਸਮੀਖਕ ) ਹੁਣ ਸਫਾ ਹੋਗਿਆ ਕਿ ਬਾਇਬਲ ਦਾ ਈਸ਼੍ਵਰ ਅਲਪੱਗ ਹੈ ਸਰਵੱਗ ਨਹੀਂ, ਅਰ ਇਬਰਾਹੀਮ ਬੀ ਇਕ ਭੋਲਾ ਮਨੁਖ ਸੀ, ਨਹੀਂ ਤਾਂ ਅਜਿਹਾ ਵਿਹਾਰ ਕਿਂਉ ਕਰਦਾ? ਅਰ ਜੇ ਬਾਇਬਲ ਦਾ ਈਸ਼੍ਵਰ ਸਰਵੱਗ ਹੁੰਦਾ ਤਾਂ ਓਸਦੀ ਭਵਿਖਤ ਸ਼ਰਧਾ ਨੂੰ ਬੀ ਸਰਬਗੱਤਾ ਥੀਂ ਜਾਂਣ ਲੈਂਦਾ, ਏਸਥੀਂ ਏਹ ਨਿਸਚੇ ਹੁੰਦਾ ਹੈ ਕਿ ਈਸਾਈਆਂ ਦਾ ਈਸ਼੍ਵਰ ਸਰਵੱਗ ਨਹੀਂ ॥ ੨੬ ॥

੨੭—ਸੋ ਤੁਸੀਂ ਸਾਡੀ ਕਬਰਸਤਾਂਨ ਵਿਚੋਂ ਚੁਣਕੇ ਇਕ ਵਿਚ ਅਪਣੇ ਮੁਰਦੇ ਨੂੰ ਦੱਬੋ, ਜਿਸਕਰ ਤੁਸੀਂ ਅਪਣੇ ਮੁਰਦੇ ਨੂੰ ਦਬੋ ॥ ਤੌ० ਉਤਪ० ਪਰਵ ੨੩। ਆ० ੬॥

( ਸਮੀਖਕ ) ਮੁਰਦਿਆਂ ਦੇ ਦਬਣ ਥੀਂ ਸੰਸਾਰ ਦੀ ਵਡੀ ਹਾਨੀ ਹੁੰਦੀ ਹੈ, ਕਿਉਂਕਿ ਉਹ ਸੜਕੇ ਹਵਾ ਨੂੰ ਦੁਰਗੰਧ ਵਾਲਾ ਕਰਕੇ ਰੋਗ ਫਲਾ ਦਿੰਦਾ ਹੈ ॥ ( ਪ੍ਰਸ਼ਨ ) ਵੇਖੋ! ਜਿਸ ਨਾਲ ਪ੍ਰੀਤੀ ਹੋਵੇ ਓਸਨੂੰ ਸਾੜਨਾ ਅਛੀ ਗਲ ਨਹੀ, ਅਰ ਦਬਣਾ ਜਿਹਾਕਿ ਓਸਨੂੰ ਸੁਆ ਦੇਣਾ ਹੈ ਏਸ ਵਾਸਤੇ ਦਬਣਾ ਅਛਾ ਹੈ ॥ ( ਉਤੱਰ ) ਜੋ ਮੁਰਦੇ ਨਾਲ ਪ੍ਰੀਤ ਕਰਦੇਓ ਤਾਂ ਅਪਣੇ ਘਰ ਵਿਚ ਕਿਉਂ ਨਹੀ ਰਖਦੇ, ਅਰ ਦਬਦੇ ਬੀ ਕਿਉਂ ਓ? ਜਿਸ ਜੀਵਾਤਮਾ ਨਾਲ ਪ੍ਰੀਤੀ ਸੀ ਉਹ ਨਿਕਲ ਗਿਆ, ਹੁਣ ਦੁਰਗੰਧ ਵਾਲੀ ਮਿਟੀ ਨਾਲ ਕੀ ਪ੍ਰੀਤ, ਅਰ ਜੋ ਪ੍ਰੀਤ ਕਰਦੇਓ ਤਾਂ ਓਸਨੂੰ ਜਮੀਨ ਵਿਚ ਕਿਉਂ ਦਬਦੇਓ? ਕਿਉਂਕਿ ਕਿਸੇ ਨੂੰ ਕੋਈ ਕਹ੍ਹੇ ਕਿ ਤੈਨੂੰ ਜਮੀਂਨ ਵਿਚ ਦਬ ਦੇਈਏ ਤਾਂ ਉਹ ਸੁਣਕੇ ਪ੍ਰਸੰਨ ਕਦੀ ਨਹੀ ਹੁੰਦਾ, ਓਸਦੇ ਮੂੰਹ ਅਖਾਂ ਅਰ ਸ਼ਰੀਰ ਉਪਰ ਧੂੜ, ਪਥੱਰ, ਇੱਟਾਂ, ਚੂਨਾ, ਪਾਂਣਾ, ਛਾਤੀ ਉਪਰ ਪਥੱਰ ਰਖਣਾ ਕੇਹੜਾ ਪ੍ਰੀਤ ਦਾ ਕੰਮ ਹੈ? ਅਰ ਸੰਦੂਕ ਵਿਚ ਪਾਕੇ ਦਬਣ ਨਾਲ ਬਹੁਤ ਦੁਰਗੰਧ ਹੋਕੇ ਜਮੀਨ ਵਿਚੋਂ ਨਿਕਲ ਕੇ ਹਵਾ ਨੂੰ ਵਿਗਾੜ ਡਾਢੇ ਰੋਗ

ਦੀ ਉਤਪੱਤੀ ਕਰਦਾ ਹੈ। ਦੂਜਾ ਇਕ ਮੁਰਦੇ ਵਾਸਤੇ ਘਟੋਂ ਘਟ ੬ ਹਥ ਲੰਬੀ ਅਰ ਚਾਰ ੪ ਹਥ ਚੌੜੀ ਜਮੀਨ ਚਾਹੀਦੀ ਹੈ, ਇਸੇ ਹਿਸਾਬ ਨਾਲ ਸੌ ਹਜਾਰ, ਜਾਂ ਲਖ, ਜਾਂ ਕ੍ਰੋੜਾਂ ਮਨੁਖਾਂ ਦੇ ਵਾਸਤੇ ਕਿੰਨੀ ਜਮੀਨ ਵਿਅਰਥ ਰੁਕ ਜਾਂਦੀ ਹੈ, ਨਾ ਉਹ ਖੇਤੀ ਨਾ ਬਗੀਚਾ ਨਾ ਵਸਣ ਦੇ ਕੰਮਦੀ ਰਹਿੰਦੀ ਹੈ, ਏਸ ਵਾਸਤੇ ਸਾਰਿਆਂ ਥੀਂ ਬੁਰਾ ਦਬਣਾ ਹੈ, ਓਸਥੀਂ ਕੁਝ ਥੋੜਾ ਬੁਰਾ ਜਲ ਵਿਚ ਪਾਉਂਣਾ, ਕਿਸਕਰਕੇ ਓਸਨੂੰ ਜਲ ਜੀਵ ਉਸੇ ਵੇਲੇ ਚੀਰ ਪਾੜ ਕੇ ਖਾ ਲੈਂਦੇ ਹਨ, ਪ੍ਰੰਤੂ ਜੋ ਕੁਝ ਹਡ ਵਾ ਮਲ ਜਲ ਵਿਚ ਰਹੇ ਗਾ ਉਹ ਸੜਕੇ ਜਗਤ ਨੂੰ ਦੁਖਦਾਈ ਹੋਵੇ ਗਾ। ਓਸਥੀਂ ਕੁਝਕ ਥੋੜਾ ਬੁਰਾ ਜੰਗਲ ਵਿਚ ਛਡਣਾ ਹੈ, ਕਿਉਂਕਿ ਓਸਨੂੰ ਮਾਸ ਖਾਣ ਵਾਲੇ ਪਸ਼ੂ,ਪੰਖੇਰੂ ਵਲੂੰਦਰਕੇ ਖਾਂਨਗੇ ਤਾਂਥੀ ਜੋ ਓਸਦੇ ਹਡ ਦੀ ਮੱਜਾ ਅਰ ਮੈਲ ਸੜਕ ਜਿੱਨਾ ਬਦਬੋ ਕਰੇਗਾ ਉੱਨਾ ਜਗਤ ਦਾ ਨੁਕਸਾਨ ਹੋਵੇਗਾ, ਅਰ ਜੋ ਸਾੜਨਾ ਹੈ ਉਹ ਸਾਰਿਆਂ ਨਾਲੋਂ ਚੰਗਾ ਹੈ, ਕਿਉਂਕਿ ਓਸਦੇ ਸਾਰੇ ਪਦਾਰਥ ਅਣੂ ਹੋਕੇ ਵਾਯੂ ਵਿਚ ਉਡ ਜਾਂਨਗੇ ॥ (ਪ੍ਰਸ਼ਨ) ਸਾੜਨ ਥੀਂ ਬੀ ਬਦਬੋ ਹੁੰਦਾ ਹੈ ॥ (ਉਤ੍ਰ) ਜੋ ਵਿਧੀ ਦੇ ਬਿਨਾ ਸਾੜਨ ਤਾਂ ਥੋੜਾ ਜਿਹਾ ਹੁੰਦਾ ਹੈ, ਪ੍ਰੰਤੂ ਗਡਣੇ ਆਦੀ ਨਾਲੋਂ ਬਹੁਤ ਕੰਮ ਹੁੰਦਾ ਹੈ, ਅਰ ਜੋ ਵਿਧੀ ਕਰਕੇ ਜਿਹਾ ਕਿ ਵੇਦ ਵਿਚ ਲਿਖਿਆ ਹੈ ਮੁਰਦੇ ਦੀ ਤਿਨੱ ਹਥ ਡੂੰਘੀ, ਸਾਢੇ ਤਿਨ ਹਥ ਚੌੜੀ, ਪੰਜ ਹਥ ਲੰਬੀ, ਹੇਠਾਂ ਥੀਂ ਡੇਢ ਗਿਠ, ਅਰਥਾਤ ਹੇਠਾਂ ਉਤੇ ਵੇਦੀ ਖੋਦਕੇ ਸ਼੍ਰੀਰ ਦੇ ਬ੍ਰਾਬ੍ਰ ਘਿਉ, ਓਸ ਵਿਚ ਇਕ ਸੇਰ ਵਿਚ ਰਤੀ ਭਰ ਕਸਤੂਰੀ, ਮਾਸਾ ਭਰ ਕੇਸਰ ਪਾਕੇ ਘਟੋਂ ਘਟ ਅਧ ਮਣ ਚਨੱਣ, ਵਧੀਕ ਭਾਵੇਂ ਜਿਨੱਾ ਲਵੇ ਅਗਰ, ਤੱਗਰ, ਕਪੂਰ ਆਦੀ ਅਰ ਛਰੇ ਆਦੀ ਦੀ ਲਕੜੀਆਂ ਨੂੰ ਵੇਦੀ ਵਿਚ ਜਮਾ ਕੇ ਓਸ ਉਪੱਰ ਮੁਰਦਾ ਰਖਕੇ ਫੇਰ ਚਹੁਾਂ ਪਾਸਿਓਂ ਉਪੱਰ ਵੇਦੀ ਦੇ ਮੁਖ ਥੀਂ ਇਕ ੨ ਗਿਠ ਤਿਕ ਭਰਕੇ ਘਿਉ ਦੀ ਹੁਤੀ ਦੇਕੇ ਸਾੜਨਾ ਚਾਹੀਏ, ਏਸ ਤਰਾਂ ਨਾਲ ਦਾਹ ਕਰਨ ਤਾਂ ਕੁਝ ਬੀ ਬਦਬੋ ਨਾ ਹੋਵੇ, ਇਸੇ ਦਾ ਨਾਉਂ ਅੰਤਏਸ਼੍ਟੀ ਨਰਮੇਧ, ਪੁਰਖਮੇਧ ਯੱਗ ਹੈ। ਅਰ ਜੋ ਗਰੀਬ ਹੋਵੇ ਤਾਂ ਵੀਹ ੨੦ ਸੇਰ ਥੀਂ ਘਟ ਘਿਉ ਚਿਖਾ ਵਿਚ ਨਾ ਪਾਵੇ, ਭਾਵੇਂ ਉਹ ਭਿਖਿਆ ਮੰਗਲੇ, ਵਾ ਜਾਤ ਵਾਲਿਆਂ ਦੇ ਦੇਣੇ, ਅਥਵਾ ਰਾਜ ਥੀਂ ਮਿਲਣ ਕਰਕੇ ਪ੍ਰਾਪਤ ਹੋਵੇ ਪ੍ਰੰਤੂ ਉਸੇ ਤਰਾਂ ਦਾਹ ਕਰੇ। ਅਰ ਜੋ ਘਿਉ ਆਦੀ ਕਿਸੇ ਤਰਾਂ ਨਾ ਮਿਲ ਸਕੇ ਤਾਂ ਬੀ ਦਬਣੇ ਆਦੀ ਨਾਲੋਂ ਨਿਰਾ ਲਕੜੀ ਨਾਲ ਬੀ ਮੁਰਦੇ ਦਾ ਸਾੜਨਾ ਅਛਾ ਹੈ, ਕਿਉਂਕਿ ਇਕੀ ਬਿਸਵੇ ਭਰ ਜਮੀਨ ਵਿਚ ਅਥਵਾ ਇਕ ਵੇਦੀ ਵਿਚ ਲਖੱਾਂ ਕ੍ਰੋੜਾਂ ਮੁਰਦੇ ਸੜ ਸਕਦੇ ਹਨ,ਜਮੀਨ ਬੀ ਦਬੱਣ ਵਾਙਨ ਅਧਕ ਨਹੀਂ ਵਿਗੜਦੀ, ਅਰ ਕਬਰ ਦੇ ਵੇਖਣ ਥੀਂ ਡਰ ਬੀ ਹੁੰਦਾ ਹੈ, ਏਸ ਥੀਂ ਦਬਣਾ ਆਦੀ ਨਿਰਾ-

ਪੂਰਾ ਖਰਾਬ ਹੈ ॥ ੨੭ ॥

੨੮-ਪਰਮੇਸ਼ੁਰ ਮੇਰੇ ਸੁਾਮੀ ਇਬ੍ਰਾਹੀਮ ਦਾ ਈਸ਼ੁਰ ਧਨ, ਜਿਸਨੇ ਮੇਰੇ ਸੁਾਮੀ ਨੂੰ ਅਪਣੀ ਦਇਆ ਅਰ ਅਪਣੀ ਸਚਿਆਈ ਬਿਨਾ ਨਾ ਛਡਿਆ। ਰਸਤੇ ਵਿਚ ਪਰਮੇਸ਼ੁਰ ਨੇ ਮੇਰੇ ਸੁਾਮੀ ਦੇ ਭ੍ਰਾਵਾਂ ਦੇ ਘਰ ਦੀ ਤਰਫ ਅਗੁਆਈ ਕੀਤੀ ॥ ਤੌਃ ਉਤਪਃ ਪਰਵਃ ੨੪ । ਆਃ ੨੭ ॥

(ਸਮੀਖਕ) ਕੀ, ਇਹ ਇਬ੍ਰਾਹੀਮ ਹੀ ਦਾ ਈਸ਼ੁਰ ਸੀ ? ਅਰ ਜਿਸਤਰਾਂ ਅਜਕਲ ਵਿਗਾਰੀ ਵਾ ਅਗਵੇ ਲੋਕ ਅਗੁਆਈ ਅਰਥਾਤ ਅਗੇ੨ ਚਲਕੇ ਰਸਤਾ ਵਿਖਾਂਦੇ ਹਨ ਉਸੇ ਤਰਾਂ ਈਸ਼ੁਰ ਨੇ ਬੀ ਕੀਤਾ ਤਾਂ ਅਜਕਲ ਰਸਤਾ ਕਿਉਂ ਨਹੀਂ ਦਿਖਾਂਦਾ ? ਅਰ ਮਨੁਖਾਂ ਨਾਲ ਗੱਲਾਂ ਕਿਉਂ ਨਹੀਂ ਕਰਦਾ ? ਇਸ ਵਾਸਤੇ ਅਜਿਹੀ ਗਲੱ ਈਸ਼ੁਰ ਵਾ ਈਸ਼ੁਰ ਦੇ ਪੁਸਤਕ ਦੀ ਕਦੀ ਨਹੀਂ ਹੋ ਸਕਦੀ, ਕਿੰਤੂ ਜੰਗਲੀ ਮਨੁਖੱ ਦੀ ਹੈ ॥ ੨੮ ॥

੨੯-'ਇਸਮਈਲ' ਦੇ ਪੁਤ੍ਰਾਂ ਦੇ ਨਾਉਂ ਇਹ ਹਨ 'ਇਸਮਈਲ' ਦਾ ਪਹਿਲੋਠਾ 'ਨਬੀਤ' ਅਰ 'ਕਿਦਾਰ' ਅਰ 'ਅਦਬਿਏਲ' ਅਰ 'ਮਿਬਸਾਮ' ਅਰ 'ਮਿਸਮਅ' ਅਰ 'ਦੂਮਾ' ਅਰ 'ਮਸਾ' 'ਹਦਰ' ਅਰ 'ਤੈਮਾ' 'ਇਤੂਰ' 'ਨਫੀਸ' ਅਰ 'ਕਿਦਮਾ'। ਤੌ० ਉਤਪ० ਪਰਵ ੨੫ । ਆ ० ੧੩।੧੪।੧੫॥

(ਸਮੀਖਕ) ਇਹ ਇਸਮਈਲ ਇਬਰਾਹੀਮ ਥੀਂ ਓਸਦੀ 'ਹਾਜਰਹ' ਦਾਸੀ ਦਾ ਹੋਇਆ ਸੀ ॥ ੨੯ ॥

੩੦-ਮੈਂ ਤੇਰੇ ਪਿਊ ਦੀ ਰੁਚੀ ਦੇ ਅਨੁਸਾਰ ਸੁਾਦੂ ਭੋਜਨ ਬਣਾਵਾਂਗੀ ਅਰ ਤੂੰ ਅਪਣੇ ਪਿਊ ਦੇ ਪਾਸ ਲੈ ਜਾਵੀਂ ਜਿਸ ਕਰਕੇ ਉਹ ਖਾਵੇ ਅਰ ਅਪਣੇ ਮਰਣੇ ਥੀਂ ਅਗੇ ਤੈਨੂੰ ਅਸ਼ੀਰਬਾਦ ਦਵੇ । ਅਰ ਰਬਿਕਾ ਨੇ ਅਪਣੇ ਘਰ ਵਿਚੋਂ ਅਪਣੇ ਵਡੇ ਪੁਤ੍ਰ ਐਸੂ ਦਾ ਅਛਾ ਪਹਿਰਾਵਾ ਲਿਆ, ਅਰ ਬਕਰੀ ਦੇ ਬਚਿਆਂ ਦਾ ਚਮੜਾ ਓਸਦੇ ਹੱਥਾਂ ਅਰ ਗਲਦੀ ਚਿਕਣਾਈ ਉਪਰ ਲਪੇਟਿਆ, ਤਦ ਯਾਕੂਬ ਅਪਣੇ ਪਿਊ ਨੂੰ ਕਹਿਆ ਕਿ ਮੈਂ ਤੁਹਾਡਾ ਪਹਿਲੌਠਾ ਐਸੂ ਹਾਂ, ਤੁਹਾਡੇ ਕਹਿਣੇ ਦੇ ਅਨੁਸਾਰ ਮੈਨੇ ਕੀਤਾ ਹੈ, ਉਠ ਬੈਠੋ ਅਰ ਮੇਰੇ ਸ਼ਿਕਾਰ ਦੇ ਮਾਸ ਵਿਚੋਂ ਖਾਓ, ਜਿਸ ਕਰਕੇ ਤੁਹਾਡਾ ਪ੍ਰਾਣ ਮੈਨੂੰ ਅਸ਼ੀਰਵਾਦ ਦੇਵੇ ॥ ਤੌ० ਪਰਵ० ੨੭ ਆ० ੯। ੧੦। ੧੫। ੧੬। ੧੯॥

( ਸਮੀਖਕ ) ਵੇਖੋ ! ਅਜਿਹੇ ਝੂਠ, ਕਪਟ ਕਰਕੇ ਅਸ਼ੀਰਬਾਦ ਲੈਕੇ ਪਿਛੋਂ ਸਿਧ ਅਰ ਪਿਕੰਬਰ ਬਣਦੇ ਹਨ, ਕੀ ਇਹ ਅਚਰਜ ਦੀ ਗਲ ਨਹੀਂ ਹੈ? ਅਰ ਅਜਿਹੇ ਈਸਾਈਆਂ ਦੇ ਅਗੂਆ ਹੋਏ ਹਨ, ਫੇਰ ਇਨ੍ਹਾਂ ਦੇ ਮਤ ਦੀ ਗੜ ਬੜ ਦਾ ਕੀ, ਘਾਟਾ ਹੋਵੇ ॥ ੩੦ ॥

੩੧—ਅਰ ਯਾਕੂਬ ਦਿਨ ਨੂੰ ਤੜਕੇ ਉਠਿਆ ਅਰ ਉਸ ਪੱਥਰ ਨੂੰ

ਜਿਸ ਨੂੰ ਓਸਨੇ ਅਪਣਾ ਤਕੀਆ ਕੀਤਾ ਸੀ ਥੰਮ ਖਲਵਾਇਆ, ਅਰ ਓਸ ਉਪੱਰ ਤੇਲ ਪਾਇਆ, ਅਰ ਓਸ ਥਾਂ ਦਾ ਨਾਮ ਬੈਤਏਲ ਰਖਿਆ, ਅਰ ਏਹ ਪਥੱਰ ਜੋ ਮੈਂ ਨੇ ਥੰਮ ਖਲਵਾਇਆ ਈਸ਼੍ਵਰ ਦਾ ਘਰ ਹੋਵੇਗਾ ॥ ਤੌ॰ ਉਤਪ॰ ੨੮। ਆ॰ ੧੮। ੧੯। ੨੨॥

( ਸਮੀਖਕ ) ਹੁਣ ਵੇਖੋ! ਜੰਗਲੀਆਂ ਦੇ ਕੰਮ ਇਨ੍ਹਾਂ ਹੀ ਨੇ ਪਥੱਰ ਪੂਜੇ ਅਰ ਪੁਜਵਾਏ, ਅਰ ਏਸਨੂੰ ਮੁਸਲਮਾਨ ਲੋਗ "ਬੈਤਲਮੁਕੱਦਸ" ਕਹਿੰਦੇ ਹਨ, ਕੀ, ਇਹੀ ਪਥਰ ਈਸ਼੍ਵਰ ਦਾ ਘਰ ਅਰ ਉਸੇ ਪਥੱਰ ਮਾਤ੍ਰ ਵਿਚ ਈਸ਼੍ਵਰ ਰਹਿੰਦਾਸੀ? ਵਾਹ! ਵਾਹ! ਜੀ ਕੀ, ਕਹਿਣਾ ਹੈ, ਈਸਾਈ ਲੋਕੋ! ਮਹਾਂਬੁਤਪਰਸਤ ਤਾਂ ਤੁਸੀਂ ਹੀ ਹੋ ॥

੩੨-- ਅਰ ਈਸ਼੍ਵਰ ਨੇ ਰਾਖਿਲ ਨੂੰ ਯਾਦ ਕੀਤਾ, ਅਰ ਈਸ਼੍ਵਰ ਨੇ ਓਸਦੀ ਸੁਣੀ, ਅਰ ਓਸਦੀ ਕੁਖ ਨੂੰ ਖੋਲਿਆ, ਅਰ ਉਹ ਗਰਭਣੀ ਹੋਈ ਅਰ ਪੁਤ੍ਰ ਜਣੀ, ਅਰ ਕਿਹਾ ਕਿ ਈਸ਼੍ਵਰ ਨੇ ਮੇਰੀ ਨਿੰਦਾ ਦੂਰ ਕੀਤੀ ॥ ਤੌ॰ ਉਤਪ॰ ਪਰਵ ੩੦ ਆ॰ ੨੨। ੨੩॥

( ਸਮੀਖਕ ) ਵਾਹ ਈਸਾਈਆਂ ਦੇ ਈਸ਼੍ਵਰ ਕੀ, ਏਹ ਵਡਾ ਡਾਕਟਰ ਹੈ? ਇਸਤ੍ਰੀਆਂ ਦੀ ਕੁਖ ਖੋਲਣ ਨੂੰ ਕਿਹੜੇ ਸ਼ਾਸਤ੍ਰ ਵਾ ਦਵਾਈਆਂ ਸਨ ਜਿਨ੍ਹਾਂ ਕਰਕੇ ਖੋਲੀ, ਏਹ ਸਾਰੀ ਗਲ ਹਨੇਰ ਚੌਦਸ ਦੀ ਹੈ ॥ ੩੨॥

੩੩-ਫੇਰ ਈਸ਼੍ਵਰ ਆਰਾਮੀਲਾਵਨ ਦੇ ਸੁਪਨੇ ਵਿਚ ਰਾਤਨੂੰ ਆਇਆ ਅਰ ਓਸਨੂੰ ਕਹਿਆ ਕਿ ਖਬਰਦਾਰ ਰਹੁ ਤੂੰ ਈਸ਼੍ਵਰ ਯਾਕੂਬ ਨੂੰ ਭਲਾ ਬੁਰਾ ਮਤ ਕਹੁ, ਕਿਉਂਕਿ ਅਪਣੇ ਪਿਉਦੇ ਘਰ ਦਾ ਨਿਪਟ ਚਾਹਣ ਵਾਲਾ ਹੈ, ਤੈਂ ਕਿਸਵਾਸਤੇ ਮੇਰੇ ਦੇਵਾਂਨੂੰ ਚੁਰਾਇਆ ਹੈ॥ ਤੌ॰ ਉਤਪ॰ ਪਰਵ॰ ੩੧। ਆ॰੨੪। ੩੦॥

( ਸਮੀਖਕ ) ਏਹ ਅਸੀ ਨਮੂਨਾ ਲਿਖਨੇ ਹਾਂ, ਹਜਾਰਾਂ ਮਨੁਖਾਂ ਨੂੰ ਸੁਪਨੇ ਵਿਚ ਆਇਆ, ਗਲਾਂ ਕੀਤੀਆਂ, ਜਾਗਦਿਆਂ ਸਾਖਿਆਤ ਮਿਲਿਆ, ਖਾਧਾ, ਪੀਤਾ, ਆਇਆ, ਗਿਆ ਆਦੀ ਬਾਇਬਲ ਵਿਚ ਲਿਖਿਆ ਹੈ, ਪ੍ਰੰਤੂ ਹੁਣ ਨਹੀ ਜਾਂਣੀ ਦਾ ਉਹ ਹੈ ਵਾ ਨਹੀ? ਕਿਉਂਕਿ ਹੁਣ ਕਿਸੇ ਦੇ ਸੁਪਨੇ ਵਾ ਜਾਗਦਿਆਂ ਬੀ ਈਸ਼੍ਵਰ ਨਹੀ ਮਿਲਦਾ, ਅਰ ਏਹਬੀ ਪ੍ਰਗਟ ਹੋਇਆ ਕਿ ਇਹ ਜੰਗਲੀ ਲੋਕ ਪਖਾਣ ਆਦੀ ਮੂਰਤੀਆਂ ਨੂੰ ਦੇਵ ਮਨਕੇ ਪੂਜਦੇ ਸਨ, ਪ੍ਰੰਤੂ ਈਸਾਈਆਂਦਾ ਈਸ਼੍ਵਰ ਪਥਰਹੀ ਨੂੰ ਦੇਵ ਮਨਦਾ ਹੈ ਨਹੀ ਤਾਂ ਦੇਵਾਂਦਾ ਚੁਰਾਣਾ ਕਿਸਤਰਾਂ ਬਣੇ ॥ ੩੩ ॥

੩੪-ਅਰ ਯਾਕੂਬ ਅਪਣੇ ਰਸਤੇ ਚਲਾ ਗਿਆ, ਅਰ ਈਸ਼੍ਵਰ ਦੇ ਦੂਤ ਓਸਨੂੰ ਆ ਮਿਲੇ, ਅਰ ਯਾਕੂਬ ਨੇ ਉਨ੍ਹਾਂ ਨੂੰ ਵੇਖਕੇ ਕਹਿਆ ਕਿ ਇਹ ਈਸ਼੍ਵਰ ਦੀ ਸੈਨਾਂ ਹੈ ॥ ਤੌ॰ ਉਤਪ॰ ਪਰਵ॰ ੩੨। ਆ॰ ੧। ੨॥

( ਸਮੀਖਕ ) ਹੁਣ ਈਸਾਈਆਂ ਦੇ ਈਸ਼੍ਵਰ ਦੇ ਮਨੁਖੱ ਹੋਣ ਵਿਚ ਕੁਝ ਬੀ ਸੰਦੇਹ ਨਹੀਂ ਰਹਿਆ, ਕਿਉਂਕਿ ਸੈਨਾ ਬੀ ਰਖਦਾ ਹੈ, ਜਦ ਸੈਨਾ ਹੋਈ ਤਾਂ ਹਥੀਆਰ ਬੀ ਹੋਂਨਗੇ, ਅਰ ਜਿਥੇ ਤਿਥੇ ਚੜ੍ਹਾਈ ਕਰਕੇ ਲੜਾਈ ਬੀ ਕਰਦਾ ਹੋਵੇਗਾ, ਨਹੀਂ ਤਾਂ ਸੈਨਾਂ ਰਖਣੇ ਦਾ ਕੀ, ਮਤਲਬ ਹੈ ॥ ੩੪ ॥

੩੫—ਅਰ ਯਾਕੂਬ ਅਕੱਲਾ ਰਹਗਿਆ, ਅਰ ਉਥੇ ਪਹੁ ਫੁਟੱਣ ਤਿਕ ਇਕ ਪੁਰਖ ਓਸ ਨਾਲ ਕੁਸ਼ਤੀ ਕਰਦਾ ਰਹਿਆ, ਅਰ ਜਦ ਓਸਨੈ ਵੇਖਿਆ ਕਿ ਉਹ ਓਸ ਉਪੱਰ ਜੋਰਾਵਰ ਨਾ ਹੋਇਆ ਤਾਂ ਓਸਦੀ ਜੰਘ ਨੂੰ ਅੰਦਰ ਥੀਂ ਛੋਹਿਆ, ਤਦ ਯਾਕੂਬ ਦੇ ਜੰਘ ਦੀ ਨਾੜ ਉਸਦੇ ਨਾਲ ਮਲ ਯੁਧ ਕਰਨ ਵਿਚ ਚੜ੍ਹਗਈ, ਤਦ ਉਹ ਬੋਲਿਆ ਕਿ ਮੈਨੂੰ ਜਾਂਣ ਦੇਹ, ਕਿਉਂਕਿ ਪੋਹ ਫੁਟਦੀ ਹੈ, ਅਰ ਉਹ ਬੋਲਿਆ ਮੈਂ ਤੈਨੂੰ ਜਾਂਣ ਨਾ ਦੇਵਾਂਗਾ ਜਦ ਤਿਕ ਤੂੰ ਮੈਨੂੰ ਅਸ਼ੀਰਵਾਦ ਨਾ ਦੇਵੇਂ, ਤਦ ਓਸਨੈ ਓਸਨੂੰ ਕਹਿਆ ਕਿ ਤੇਰਾ ਨਾਉਂ ਕੀ ਹੈ? ਅਰ ਉਹ ਬੋਲਿਆ ਕਿ ਯਾਕੂਬ, ਤਦ ਓਸਨੈ ਕਹਿਆ ਤੇਰਾ ਨਾਉਂ ਅਗੇ ਨੂੰ ਯਾਕੂਬ ਨਾ ਹੋਵੇਗਾ ਪ੍ਰੰਤੂ ਇਸਰਾਈਲ, ਕਿਉਂਕਿ ਤੈਂ ਈਸ਼੍ਵਰ ਦੇ ਅੱਗੇ ਅਰ ਮਨੁਖਾਂ ਦੇ ਅਗੇ ਰਾਜਾ ਵਾਕਣ ਮਲ ਯੁਧ ਕੀਤਾ ਅਰ ਜਿਤਿਆ, ਤਦ ਯਾਕੂਬ ਨੇ ਇਹ ਕਹਕੇ ਉਸਥੀਂ ਪੁਛਿਆ ਕਿ ਅਪਣਾ ਨਾਉਂ ਦੱਸੋ, ਅਰ ਉਹ ਬੋਲਿਆ ਕਿ ਤੂੰ ਮੇਰਾ ਨਾਉਂ ਕਿੰਉ ਪੁਛਿਦਾ ਹੈਂ? ਅਰ ਓਸਨੈ ਓਸ ਨੂੰ ਉਥੇ ਅਸ਼ੀਰਬਾਦ ਦਿੱਤਾ, ਅਰ ਯਾਕੂਬ ਨੇ ਓਸ ਇਸਥਾਂਨ ਦਾ ਨਾਉਂ 'ਫਨੂਏਲ' ਰਖਿਆ, ਕਿਸ ਵਾਸਤੇ ਮੈਨੇ ਈਸ਼੍ਵਰ ਨੂੰ ਪ੍ਰਤੱਖ ਵੇਖਿਆ ਅਰ ਮੇਰਾ ਪ੍ਰਾਣ ਬਚਿਆ ਹੈ, ਅਰ ਜਦ ਉਹ ਫਨੂਏਲ ਥੀਂ ਪਾਰ ਚਲਿਆ ਤਾਂ ਸੂਰਜ ਦਾ ਪ੍ਰਕਾਸ਼ ਓਸ ਉਪਰ ਪਿਆ, ਅਰ ਉਹ ਅਪਣੀ ਜੰਘ ਥੀਂ ਲੰਗੜਾਂਦਾ ਸੀ, ਏਸ ਵਾਸਤੇ ਇਸਰਾਏਲ ਦੇ ਵੰਸ਼ ਓਸ ਜੰਘ ਦੀ ਨਾੜ ਨੂੰ ਜੇੜ੍ਹੀ ਚੜ੍ਹ ਗਈ ਸੀ ਅਜ ਤਿਕ ਨਹੀਂ ਖਾਂਦੇ, ਕਿਸ ਵਾਸਤੇ ਓਸਨੈ ਯਾਕੂਬ ਦੀ ਜੰਘ ਦੀ ਨਾੜ ਨੂੰ ਚੜ੍ਹ ਗਈ ਸੀ ਛੁਹਾ ਸੀ॥ ਤੌ੦ ਉਤਪ੦ ਪਰਵ ੩੨। ਆ੦ ੨੪। ੨੫ ੨੬। ੨੭। ੨੮ ੨੯। ੩੦।੩੧। ੩੨॥

( ਸਮੀਖਕ ) ਜਦ ਈਸਾਈਆਂ ਦਾ ਈਸ਼੍ਵਰ ਅਖਾੜੇ ਦਾ ਪਲਵਾਨ ਹੈ ਤਦੇ ਤਾਂ ਸਰਹ ਅਰ ਰਾਖਲ ਉਪਰ ਪੁਤ੍ਰ ਹੋਣ ਦੀ ਕ੍ਰਿਪਾ ਕੀਤੀ, ਭਲਾ ਇਹ ਕਦੀ ਈਸ਼੍ਵਰ ਹੋ ਸਕਦਾ ਹੈ? ਹੋਰ ਵੇਖੋ! ਲੀਲਾ ਕਿ ਇਕ ਮਨੁਖ ਨਾਉਂ ਪੁਛੇ ਤਾਂ ਦੂਜਾ ਅਪਣਾ ਨਾਉਂ ਹੀ ਨਾ ਦਸੇ, ਅਰ ਈਸ਼੍ਵਰ ਨੇ ਓਸਦੀ ਨਾੜ ਨੂੰ ਚੜ੍ਹਾ ਤਾਂ ਦਿੱਤਾ, ਅਰ ਜਿਤਿਆ ਗਿਆ, ਪ੍ਰੰਤੂ ਜੋ ਡਾਕਟਰ ਹੁੰਦਾ ਤਾਂ ਜੰਘ ਦੀ ਨਾੜੀ ਨੂੰ ਅੱਛਾ ਬੀ ਕਰਦਾ, ਅਰ ਅਜਿਹੇ ਈਸ਼੍ਵਰ ਦੀ ਭਗਤੀ ਥੀਂ ਜਿਹਾ

ਕਿ ਯਾਕੂਬ ਲੰਗੜਾਂਦਾ ਰਹਿਆ ਸੀ ਤਾਂ ਹੋਰ ਭਗਤ ਬੀ ਲੰਗੜਾਂਦੇ ਹੋਨਗੇ ? ਜਦ ਈਸ਼ੂਰ ਨੂੰ ਪ੍ਰਤਖ ਵੇਖਿਆ ਅਰ ਮਲਜੁਧ ਕੀਤਾ, ਇਹ ਗਲ ਬਿਨਾ ਸ਼ੀਰ ਵਾਲੇ ਦੇ ਕਿਸਤਰਾਂ ਹੋ ਸਕਦੀ ਹੈ? ਇਹ ਨਿਰੀ ਮੁੰਡੇਪਣ ਦੀ ਲੀਲਾ ਹੈ ॥ ੩੫ ॥

੩੬—ਅਰ ਯਹੂਦਾਹ ਪਹਿਲੌਠਾ 'ਏਰ' ਪਰਮੇਸ਼ੂਰ ਦੀ ਨਜ਼ਰ ਵਿਚ ਦੁਸ਼ਟ ਸੀ, ਸੋ ਪਰਮੇਸ਼ੂਰ ਨੇ ਓਸਨੂੰ ਮਾਰ ਸੁਟਿਆ, ਤਦ ਯਹੂਦਾਹ ਨੇ ਓਨੋਨ ਨੂੰ ਕਹਿਆ ਕਿ ਅਪਣੇ ਭ੍ਰਾ ਦੀ ਇਸਤ੍ਰੀ ਪਾਸ ਜਾਹ ਅਰ ਓਸ ਨਾਲ ਵਿਆਹ ਕਰ,ਅਪਣੇ ਭ੍ਰਾ ਦੇ ਵਾਸਤੇ ਕੁਲ ਚਲਾ,ਅਰ ਓਨੋਨ ਨੇ ਜਾਣਿਆਂ ਕਿ ਇਹ ਕੁਲ ਮੇਰੀ ਨਾ ਹੋਵੇਗੀ,ਅਰ ਏਸਤਰਾਂ ਹੋਇਆ ਕਿ ਜਦ ਉਹ ਅਪਣੇ ਭ੍ਰਾ ਦੀ ਇਸਤ੍ਰੀ ਪਾਸ ਗਿਆ ਤਾਂ ਬੀਰਜ ਨੂੰ ਪ੍ਰਿਥਵੀ ਉਪੱਰ ਡੇਗ ਦਿੱਤਾ, ਅਰ ਓਸਦਾ ਉਹ ਕੰਮ ਪਰਮੇਸ਼ੂਰ ਦੀ ਨਜ਼ਰ ਵਿਚ ਬੁਰਾਸੀ ਏਸਵਾਸਤੇ ਓਸਨੇ ਓਸ ਨੂੰ ਮਾਰ ਸੁਟਿਆ ॥ ਤੌ॰ ਉਤਪ॰ ਪਰਵ॰ ੩੮। ਆ॰ ।੭। ੮।੯ ॥੧੦ ॥

( ਸਮੀਖਕ ) ਹੁਣ ਵੇਖਲੋ! ਕਿ ਇਹ ਮਨੁਖਾਂ ਦੇ ਕੰਮ ਹਨ ਕਿ ਈਸ਼ੂਰ ਦੇ? ਜਦ ਓਸਦੇ ਨਾਲ ਨਿਯੋਗ ਹੋਇਆ ਤਾਂ ਓਸ ਨੂੰ ਕਿਉਂ ਮਾਰ ਸੁਟਿਆ? ਓਸ ਦੀ ਬੁਧ ਕਿਸਵਾਸਤੇ ਸ਼ੁਧ ਨਾ ਕਰ ਦਿੱਤੀ? ਅਰ ਵੇਦੋਕਤ ਨਿਯੋਗ ਬੀ ਪਹਿਲਾਂ ਸਰਬਤ੍ਰ ਚਲਦਾ ਸੀ, ਏਹ ਨਿਸਚੇ ਹੋਇਆ ਕਿ ਨਿਯੋਗ ਦੀਆਂ ਗੱਲਾਂ ਸਾਰਿਆਂ ਦੇਸ਼ਾਂ ਵਿਚ ਚਲਦੀਆਂ ਸਨ ॥ ੩੬ ॥

## ਤੌਰੇਤ ਯਾਤ੍ਰਾ ਦੀ ਪੁਸਤਕ

੩੭—ਜਦ ਮੂਸਾ ਸਿਆਣਾ ਹੋਇਆ ਅਰ ਅਪਣੇ ਭ੍ਰਾਵਾਂ ਵਿਚੋਂ ਇਕ ਇਬਰਾਨੀ ਨੂੰ ਵੇਖਿਆ ਕਿ ਮਿਸ੍ਰੀ ਓਸਨੂੰ ਮਾਰ ਰਹਿਆ ਹੈ,ਤਦ ਓਸਨੇ ਇਧਰ ਉਧਰ ਨਜ਼ਰ ਕੀਤੀ ਵੇਖਿਆ ਕਿ ਕੋਈ ਨਹੀਂ,ਤਦ ਓਸਨੇ ਓਸ ਮਿਸ੍ਰੀਨੂੰ ਮਾਰਸੁਟਿਆ ਅਰਰੇਤ ਵਿਚ ਓਸਨੂੰਛਪਾ ਦਿੱਤਾ,ਜਦ ਉਹ ਦੂਜੇ ਦਿਨ ਉਥੋਂ ਬਾਹਿਰਗਿਆ ਤਾਂ ਵੇਖਿਆ ਕਿ ਦੋ ਇਬਰਾਨੀ ਆਪਸ ਵਿਚ ਝਗੜ ਰਹੇ ਹਨ,ਤਦ ਓਸਨੇ ਓਸ ਅੰਧੇਰੀਨੂੰ ਕਹਿਆ ਕਿ ਤੂੰ ਅਪਣੇ ਗੁਆਂਢੀ ਨੂੰ ਕਿਉਂ ਮਾਰਦਾ ਹੈਂ ? ਤਦ ਓਸ ਨੇ ਕਹਿਆ ਕਿ ਕਿਸਨੇ ਤੈਨੂੰ ਅਸਾਂ ਉਪੱਰ ਹਾਕਮ ਅਥਵਾ ਨਿਆਈਂ ਬਣਾਇਆ ਹੈ, ਕੀ, ਤੂੰ ਚਾਹੰਦਾ ਹੈਂ ਕਿ ਜਿਸਤਰਾਂ ਤੈਂ ਮਿਸਰੀ ਨੂੰ ਮਾਰ ਸੁਟਿਆ ਮੈਨੂੰ ਬੀ ਮਾਰ ਸੁਟੇ, ਤਦ ਮੂਸਾ ਡਰਿਆ ਅਰ ਪੋਲ ਨਿਕਲਿਆ ॥ ਤੌ॰ ਯਾ॰ਪਰਵ ੨ ਆ ੧੧ । ੧੨ । ੧੩ । ੧੪ । ੧੫ ॥

(ਸਮੀਖਕ) ਹੁਣ ਵੇਖੋ! ਜੋ ਬਾਇਬਲ ਦਾ ਮੁਖ ਸਿਧ ਕਰਨ ਵਾਲਾ ਮਤ ਦਾ ਆਚਾਰਜ ਮੂਸਾ, ਕਿ ਜਿਸਦਾ ਚਰਿਤ੍ਰ ਕ੍ਰੋਧ ਆਦੀ ਖੋਟਿਆਂ ਗੁਣਾਂ ਵਾਲਾ, ਮਨੁਖੱ ਦੀ ਹਤਿਆ ਕਰਨ ਵਾਲਾ, ਅਰ ਚੋਰ ਵਾਙਨ, ਰਾਜ ਡੰਡ ਥੀਂ ਬਚਣੇ ਵਾਲਾ, ਅਰ ਜਦ ਗਲੱ ਨੂੰ ਛਪਾਂਦਾ ਸੀ ਤਾਂ ਝੂਠ ਬੋਲਣ ਵਾਲਾ ਬੀ ਜ਼ਰੂਰ ਹੋਵੇਗਾ, ਅਜਿਹੇ ਨੂੰ ਬੀ ਜੋ ਈਸ਼੍ਵਰ ਮਿਲਿਆ ਉਹ ਪਿਕੰਬਰ ਬਣਿਆਂ, ਓਸਨੇ ਯਹੂਦੀ ਆਦੀ ਦਾ ਮਤ ਚਲਾਇਆ, ਉਹ ਬੀ ਮੂਸਾ ਹੀ ਦੇ ਵਾਂਙਣ ਹੋਇਆ, ਏਸ ਵਾਸਤੇ ਈਸਾਈਆਂ ਦੇ ਜੋ ਮੂਲ ਪੁਰਖਾ ਹੋਏ ਹਨ ਉਹ ਸਾਰੇ ਮੂਸਾ ਥੀਂ ਆਦ ਲੈਕੇ ਜੰਗਲੀ ਅਵਸਥਾ ਵਿਚ ਸਨ ਵਿਦਿਆ ਅਵਸਥਾ ਵਿਚ ਨਹੀਂ ਇਤਆਦੀ॥ ੩੭॥

੩੮–ਅਰ 'ਫਸਹ ਮੇਮਨਾ' ਮਾਰੋ, ਅਰ ਇਕ ਮੁਠੀ ਜੂਫਾ ਲੌ, ਅਰ ਓਸਨੂੰ ਓਸ ਲਹੂ ਵਿਚ ਜੋ ਬਰਤਨ ਵਿਚ ਹੈ ਬੋੜ੍ਹਕੇ ਉਪੱਰ ਦੀ ਚੌਖਟ ਦੀ ਤਰਫ ਦਰਵਜੇ ਦੀ ਦੋਨੋਂ ਤ੍ਰਫ ਓਸ ਨਾਲ ਛਾਪੋ, ਅਰ ਤੁਹਾਡੇ ਵਿਚੋਂ ਕੋਈ ਦਿਨ ਤਿਕ ਅਪਣੇ ਘਰ ਦੇ ਦਰਵਜੇ ਥੀਂ ਬਾਹਰ ਨਾ ਜਾਵੇ, ਕਿਉਂਕਿ ਪਰਮੇਸ਼੍ਵਰ ਮਿਸਰ ਦੇ ਮਾਰਣ ਵਾਸਤੇ ਉਰਾਰ ਪਾਰ ਜਾਵੇਗਾ, ਅਰ ਜਦ ਉਹ ਉਪਰ ਦੀ ਚੌਖਟ ਉਪਰ ਅਰ ਦਰਵਜੇ ਦੀ ਦੋਨੋਂ ਤਰਫ ਲਹੂ ਨੂੰ ਵੇਖੇ ਤਾਂ ਪਰਮੇਸ਼੍ਵਰ ਦਰਵਜੇ ਥੀਂ ਲੰਘ ਜਾਵੇਗਾ, ਅਰ ਮਾਰਣ ਵਾਲੇ ਤੁਹਾਡੇ ਘਰਾਂ ਵਿਚ ਨਾ ਜੌਣ ਦੇਵੇਗਾ ਕਿ ਮਾਰੇ॥ ਤੌ॰ ਯਾ॰ ਪ॰। ੨੧। ਆ॰। ੨੧।੨੨।੨੩॥

(ਸਮੀਖਕ) ਭਲਾ ਏਹ ਜੋ ਟੂਣੇ ਟਾਣੇ ਕਰਨ ਵਾਲੇ ਦੇ ਵਾਙਣ ਹੈ ਉਹ ਈਸ਼੍ਵਰ ਸਰਵੱਗ ਕਦੀ ਹੋ ਸਕਦਾ ਹੈ? ਜਦ ਲਹੂ ਦਾ ਛਾਪਾ ਵੇਖੇ ਤਦੇ ਇਸਰਾਈਲ ਦੀ ਕੁਲ ਦਾ ਘਰ ਜਾਣੇ ਹੋਰ ਤਰਾਂ ਨਹੀਂ, ਇਹੁ ਕੰਮ ਤੁਛ ਬੁਧ ਵਾਲੇ ਮਨੁਖੱਾਂ ਦੇ ਵਾਙਣ ਹੈ, ਏਸ ਵਾਸਤੇ ਇਹ ਮਲੂੰਮ ਹੁੰਦਾ ਹੈ ਕਿ ਇਹ ਗਲਾਂ ਕਿਸੇ ਜੰਗਲੀ ਮਨੁਖ ਦੀ ਲਿਖੀਆਂ ਹਨ॥ ੩੮॥

੩੯—ਅਰ ਇਸਤਰਾਂ ਹੋਇਆ ਕਿ ਪਰਮੇਸ਼੍ਵਰ ਨੇ ਅੱਧੀ ਰਾਤ ਨੂੰ ਮਿਸਰ ਦੇ ਦੇਸ਼ ਵਿਚ ਸਾਰੇ ਪਹਿਲਠੇ ਨੂੰ 'ਫਿਰਅਉਨ' ਦੇ ਪਹਿਲੌਠੇ ਥੀਂ ਲੈਕੇ ਜੋ ਅਪਣੇ ਸਿੰਘਾਸਨ ਉਪੱਰ ਬੈਠਾ ਸੀ ਓਸ ਕੈਦੀ ਦੇ ਪਹਿਲੱਠੇ ਤਿਕ ਜੋ ਕੈਦ-ਖਾਨੇ ਵਿਚ ਸੀ ਪਸ਼ੂਆਂ ਦੇ ਪਹਿਲੱਠੇ ਸਮੇਤ ਨਾਸ਼ ਕੀਤੇ, ਅਰ ਰਾਤ ਨੂੰ 'ਫਿਰ-ਅਉਨ' ਉਠਿਆ ਉਹ ਅਰ ਓਸਦੇ ਸਾਰੇ ਸੇਵਕ ਅਰ ਸਾਰੇ ਮਿਸ੍ਰੀ ਉਠੇ ਅਰ ਮਿਸ੍ਰ ਵਿਚ ਵਡਾ ਵਿਰਲਾਪ ਸੀ, ਕਿੰਉਕਿ ਕੋਈ ਘਰ ਨ ਰਹਿਆ ਜਿਸ ਵਿਚ ਇਕ ਨਾ ਮੁਇਆ॥ ਤੌ॰ ਯਾ॰ ਪ॰੧੨। ਆ॰ ੨੯। ੩੦॥

(ਸਮੀਖਕ) ਵਾਹ! ਅੱਛਾ ਅਧੀ ਰਾਤ ਨੂੰ ਡਾਕੂ ਦੇ ਵਾਙਣ ਨਿਰਦ-

ਈ ਹੋਕੇ ਈਸਾਈਆਂ ਦੇ ਈਸ਼੍ਵਰ ਨੇ ਮੁੰਡੇ, ਬਾਲਕ, ਬੁਢੇ ਅਰ ਪਸ਼ੂ ਤਿਕ ਬੀ ਬਿਨਾ ਅਪ੍ਰਾਧ ਮਾਰ ਦਿੱਤੇ, ਅਰ ਕੁਝ ਬੀ ਦਇਆ ਨਾ ਆਈ, ਅਰ ਮਿਸਰ ਵਿਚ ਵਡਾ ਵਿਰਲਾਪ ਹੋਂਦਾ ਰਹਿਆ ਤਾਂ ਬੀ ਕੀ, ਈਸਾਈਆਂ ਦੇ ਈਸ਼੍ਵਰ ਦੇ ਚਿਤ ਥੀਂ ਕਰੜਿਆਈ ਦੂਰ ਨਾ ਹੋਈ? ਅਜਿਹਾ ਕੰਮ ਈਸ਼੍ਵਰ ਦਾ ਤਾਂ ਕੀ, ਕਿੰਤੂ ਕਿਸੇ ਸਮਾਨ ਮਨੁਖ ਦੇ ਕਰਨੇ ਦਾ ਬੀ ਨਹੀਂ ਹੈ, ਇਹ ਅਚਰਜ ਨਹੀਂ ਕਿਸ ਕਰਕੇ ਲਿਖਿਆ ਹੈ:-

"ਮਾਸਾ ਹਾਰਿਣ: ਕੁਤੋਦਇਆ"

ਜਦ ਈਸਾਈਆਂ ਦਾ ਈਸ਼੍ਵਰ ਮਾਸਖਾਣ ਵਾਲਾ ਹੈ ਤਾਂ ਓਸ ਨੂੰ ਦਇਆ ਕਰਨ ਨਾਲ ਕੀ ਕੰਮ ਹੈ? ॥ ੩੯ ॥

੪੦-ਪਰਮੇਸ਼੍ਵਰ ਤੁਹਾਡੇ ਵਾਸਤੇ ਜੁਧ ਕਰੇਗਾ, ਇਸਰਾਈਲ ਦੀ ਸੰਤਾਨ ਨੂੰ ਆਖੋ ਕਿ ਉਹ ਅਗੇ ਵਧਨ, ਪ੍ਰੰਤੂ ਤੂੰ ਅਪਨੀ ਸੋਟੀ ਉਠਾ ਅਰ ਸਮੁੰਦਰ ਉਪੱਰ ਅਪਣਾ ਹਥ ਵਧਾ, ਅਰ ਉਸ ਨਾਲ ਦੋ ਹਿਸੇ ਕਰ, ਅਰ ਇਸਰਾਈਲ ਦੀ ਸੰਤਾਨ ਸਮੁੰਦ੍ਰ ਦੇ ਵਿਚੋਂ ਵਿਚੋਂ ਥੀਂ ਸੁਕੀ ਪ੍ਰਿਥ੍ਵੀ ਵਿਚੋਂ ਆਕੇ ਚਲੇ ਜਾਂਨਗੇ॥ ਤੌ॰ ਯਾ॰ ਪ॰ ੧੪ । ਆ॰ ੧੪ । ੧੫ । ੧੬ ॥

( ਸਮੀਖਕ ) ਕਿਉਂ ਜੀ ਅਗੇ ਤਾਂ ਈਸ਼੍ਵਰ ਭੇਡਾਂ ਦੇ ਪਿਛੇ ਅਯਾਲੀ ਦੇ ਵਾਂਙਣ ਇਸਰਾਈਲ ਕੁਲ ਦੇ ਪਿਛੇ ੨ ਡੋਲਿਆ ਕਰਦਾ ਸੀ, ਹੁਣ ਨਾ ਜਾਣੀਏ ਕਿਥੇ ਲੁਕ ਗਿਆ? ਨਹੀਂ ਤਾਂ ਸਮੁੰਦ੍ਰ ਦੇ ਵਿਚੋਂ ਥੀਂ ਚਹੁੰ ਤਰਫੋਂ ਰੇਲ ਗਡੀਆਂ ਦੀ ਸੜਕ ਬਣਾ ਲੈਂਦੇ ਜਿਸ ਥੀਂ ਸਾਰੇ ਸੰਸਾਰ ਦਾ ਉਪਕਾਰ ਹੋਂਦਾ, ਅਰ ਬੇੜੀ ਆਦੀ ਬਣਾਣ ਦਾ ਜਤਨ ਦੂਰ ਹੋਜਾਂਦਾ, ਪ੍ਰੰਤੂ ਕੀ, ਕੀਤਾ ਜਾਵੇ ਈਸਾਈਆਂ ਦਾ ਈਸ਼੍ਵਰ ਨਾ ਜਾਂਣੇ ਕਿਥੇ ਲੁਕ ਰਹਿਆ ਹੈ, ਇਤਆਦੀ ਬਹੁਤ ਸਾਰੀ ਮੂਸਾ ਦੇ ਨਾਲ ਅਣਹੋਂਦ ਲੀਲਾ ਬਾਇਬਲ ਦੇ ਈਸ਼੍ਵਰ ਨੇ ਕੀਤੀ ਹੈ, ਪ੍ਰੰਤੂ ਇਹ ਪ੍ਰਗਟ ਹੋਇਆ ਕਿ ਜਿਹਾ ਈਸਾਈਆਂ ਦਾ ਈਸ਼੍ਵਰ ਉਹੋ ਜਿਹੇ ਓਸਦੇ ਸੇਵਕ ਅਰ ਉਹੋ ਜਿਹੀ ਓਸਦੀ ਬਣਾਈ ਪੁਸਤਕ ਹੈ, ਅਜਿਹੀ ਪੁਸਤਕ ਅਰ ਅਜਿਹਾ ਈਸ਼੍ਵਰ ਅਸਾਂ ਲੋਕਾਂ ਥੀਂ ਦੂਰ ਰਹੇ ਤਦੇ ਅਛਾ ਹੈ ॥ ੪੦ ॥

੪੧-ਕਿਉਂਕਿ ਮੈਂ ਪਰਮੇਸ਼੍ਵਰ ਤੇਰਾ ਈਸ਼੍ਵਰ ਪ੍ਰਕਾਸ਼ਵਾਂਨ, ਸਰਬਸ਼ਕਤੀ ਵਾਂਨ ਹਾਂ, ਪਿਤ੍ਰਾਂ ਦੇ ਅਪ੍ਰਾਧ ਦਾ ਦੰਡ ਉਨ੍ਹਾਂ ਦੇ ਪੁਤ੍ਰਾਂ ਨੂੰ ਜਿਹੜੇ ਮੇਰਾ ਵੈਰ ਰਖਦੇ ਹਨ ਉਨ੍ਹਾਂ ਦੀ ਤੀਜੀ ਅਰ ਚੌਥੀ ਪੀਹੜੀ ਤਿਕ ਦੇਣ ਵਾਲਾ ਹਾਂ ॥ ਤੌ॰ ਯਾ॰ ਪ॰ ੨੦ ਆ॰ ੫ ॥

(ਸਮੀਖਕ) ਭਲਾ ਇਹ ਕੇਹੜੇ ਘਰ ਦਾ ਨਿਆਂ ਹੈ ਕਿ ਜੋ ਪਿਉ ਦੇ ਅ-ਪ੍ਰਾਧ ਥੀਂ ਚਹੁੰ ਪੀੜੀ ਤਿਕ ਡੰਡ ਦੇਣਾ ਅਛਾ ਸਮਝਣਾ, ਕੀ, ਅਛੇ ਪਿਊ ਦੇ ਦੁਸ਼ਟ ਹੋਰ ਦੁਸ਼ਟ ਦੇ ਅਛੇ ਸੰਤਾਨ ਨਹੀ ਹੁੰਦੇ? ਜੇ ਅਜਿਹਾ ਹੈ ਤਾਂ ਚੌਥੀ ਪੀੜ੍ਹੀ ਤਿਕ

ਦੰਡ ਕਿਸਤਰਾਂ ਦੇ ਸਕੇਗਾ ? ਬਿਨਾ ਅਪ੍ਰਾਧ ਕਿਸੇ ਨੂੰ ਡੰਡ ਦੇਣਾ ਅਨਿਆਂ ਕਰਨ ਵਾਲੇ ਦੀ ਗਲ ਹੈ ॥ ੪੧ ॥

੪੨–ਅਰਾਮ ਦੇ ਦਿਨ ਨੂੰ ਉਸਨੂੰ ਪਵਿਤ੍ਰ ਰਖੱਣ ਵਾਸਤੇ ਯਾਦਕਰ, ਛੀ ਦਿਨ ਤਿਕ ਤੂੰ ਯਤਨ ਕਰ, ਅਰ ਸਤਵਾਂ ਦਿਨ ਪਰਮੇਸ਼੍ਵਰ ਤੇਰੇ ਈਸ਼੍ਵਰ ਦਾ ਅਰਾਮ ਹੈ। ਪਰਮੇਸ਼੍ਵਰ ਨੇ ਵਿਸ਼੍ਰਾਮ ਦਿਨ ਨੂੰ ਅਸ਼ੀਰਬਾਦ ਦਿੱਤੀ ਤੌ० ਯਾ० ਪ० ੨੦ਆ० ੮। ੯। ੧੦ ॥ ੧੧ ॥

( ਸਮੀਖਕ ) ਕੀ, ਆਇਤਵਾਰ ਇਕ ਹੀ ਪਵਿਤ੍ਰ, ਅਰ ਛੇ ਦਿਨ ਅਪਵਿਤ੍ਰ ਹਨ ? ਅਰ ਕੀ, ਪਰਮੇਸ਼੍ਵਰ ਨੇ ਛੇ ਦਿਨ ਤਿਕ ਬੜਾ ਕੰਮ, ਕੀਤਾ ਸੀ ? ਕਿ ਜਿਸਕਰ ਥਕਕੇ ਸਤਵੇਂ ਦਿਨ ਸੌਂ ਗਿਆ, ਅਰ ਜੋ ਆਇਤਵਾਰ ਨੂੰ ਅਸ਼ੀਰਵਾਦ ਦਿੱਤਾ ਤਾਂ ਸੌਮਵਾਰ ਆਦੀ ਛੇ ਦਿਨਾਂ ਨੂੰ ਕੀ, ਦਿਤਾ ? ਅਰਥਾਤ ਸ਼੍ਰਾਪ ਦਿਤਾ ਹੋਵੇਗਾ, ਅਜਿਹਾ ਕੰਮ ਵਿਦਵਾਂਨ ਦਾ ਬੀ ਨਹੀਂ ਤਾਂ ਈਸ਼੍ਵਰ ਦਾ ਕਿਸਤਰਾਂ ਹੋ ਸਕਦਾ ਹੈ ? ਭਲਾ ਆਇਤਵਾਰ ਵਿਚ ਕੀ, ਗੁਣ, ਅਰ ਸੌਮਵਾਰ ਆਦੀ ਨੇ ਕੀ, ਕਸੂਰ ਕੀਤਾ ਸੀ ਕਿ ਜਿਸ ਥੀਂ ਇਕ ਨੂੰ ਪਵਿਤ੍ਰ ਤਥਾ ਵਰ ਦਿੱਤਾ ਅਰ ਹੋਰਨਾਂ ਨੂੰ ਅਪਵਿਤ੍ਰ ਕਰ ਦਿਤਾ ? ॥ ੪੨ ॥

੪੩–ਅਪਣੇ ਪੜੋਸੀ ਉਪੱਰ ਝੂਠੀ ਉਗਾਹੀ ਮਤ ਦੇਹ, ਅਪਣੇ ਪੜੋਸੀ ਦੀ ਇਸਤ੍ਰੀ, ਅਰ ਉਸਦੇ ਦਾਸ, ਉਸ ਦੀ ਦਾਸੀ, ਅਰ ਉਸਦੇ ਬਲਦ, ਅਰ ਉਸਦੇ ਖੋਤੇ, ਹੋਰ ਕਿਸੇ ਚੀਜ਼ਦਾ ਜੋ ਤੇਰੇ ਗੁਆਂਹਡੀ ਦੀ ਹੈ ਲਾਲਚ ਨਾ ਕਰ ॥ ਤੌ० ਯਾ० ਪ० ੨੦। ਆ ੧੬। ੧੭ ॥

( ਸਮੀਖਕ ) ਵਾਹ ! ਤਦੇ ਤਾਂ ਈਸਾਈ ਲੋਕ ਪਰਦੇਸੀਆਂ ਦੇ ਮਾਲ ਉਪੱਰ ਅਜਿਹੇ ਝੁਕਦੇ ਹਨ ਕਿ ਜਾਣੋ ਤਿਹਾਇਆ ਪਾਣੀ ਉਪੱਰ, ਭੁਖਾ ਅੰਨ ਉਪੱਰ, ਜਿਸਤਰਾਂ ਇਹ ਨਿਰੇ ਮਤਲਬ ਸਿਧ ਅਰ ਪਖਪਾਤ ਦੀ ਗਲ ਹੈ, ਅਜਿਹਾ ਹੀ ਈਸਾਈਆਂ ਦਾ ਈਸ਼੍ਵਰ ਜਰੂਰ ਹੋਵੇਗਾ ? ਜਦ ਕੋਈ ਕਹੇ ਕਿ ਅਸੀ ਸਾਰੇ ਮਨੁਖ ਮਾਤ੍ਰ ਨੂੰ ਗੁਆਂਹਡੀ ਮਨਦੇ ਹਾਂ ਤਾਂ ਬਿਨਾ ਮਨੁਖਾਂ ਦੇ ਹੋਰ ਕਉਣ ਇਸਤ੍ਰੀ ਅਰ ਦਾਸੀ ਵਾਲੇ ਹਨ ਕਿ ਜਿਨ੍ਹਾਂ ਨੂੰ ਗੁਆਂਹਡੀ ਨਾ ਗਿਣੀਏ ? ਏਸ ਵਾਸਤੇ ਇਹ ਗਲਾਂ ਮਤਬਲੀ ਮਨੁਖਾਂ ਦੀਆਂ ਹਨ ਈਸ਼੍ਵਰ ਦੀਆਂ ਨਹੀਂ ॥ ੪੩ ॥

੪੪–ਸੋ ਹੁਣ ਮੁੰਡਿਆਂ ਵਿਚੋਂ ਹਰ ਇਕ ਪੁਤ੍ਰ ਨੂੰ ਅਰ ਹਰ ਇਕ ਇਸਤ੍ਰੀ ਨੂੰ ਜੋ ਪੁਰਖ ਨਾਲ ਮਿਲੀ ਹੋਈ ਹੋਵੇ ਪ੍ਰਾਣਾਂ ਥੀਂ ਮਾਰੋ। ਪ੍ਰੰਤੂ ਉਹ ਪੁਤ੍ਰੀਆਂ ਜੋ ਪੁਰਖ ਨਾਲ ਸੰਯੁਕਤ ਨਹੀਂ ਹੋਈਆਂ ਹਨ ਉਨ੍ਹਾਂ ਨੂੰ ਅਪਣੇ ਵਾਸਤੇ ਜੀਉਂਦੀ ਰਖੋ ॥ ਤੌ० ਗਿਣਤੀ ੦ਪ० ੩੧। ਆ੦੧੭। ੧੮ ॥

( ਸਮੀਖਕ ) ਵਾਹ ! ਜੀ ਮੂਸਾ ਪਿਕੰਬਰ, ਅਰ ਤੁਹਾਡਾ ਈਸ਼੍ਵਰ ਧਨ ਹੈ ਕਿ ਜਿਹੜਾ ਇਸਤ੍ਰੀ, ਬਾਲਕ, ਬੁਢੇ ਅਰ ਪਸ਼ੂਆਂ ਦੀ ਹਤਿਆ ਕਰਨ ਥੀਂ

ਬੀ ਵਖਰਾ ਨ ਰਹੇ, ਅਰ ਏਸ ਥੀਂ ਪ੍ਰਤਖ ਨਿਸਚੇ ਹੁੰਦਾ ਹੈ ਕਿ ਮੂਸਾ ਵਿਸ਼ਈ ਸੀ, ਕਿ ਜੋ ਵਿਸ਼ਈ ਨਾ ਹੁੰਦਾ ਤਾਂ ਅਖਤਯੋਨੀ ਅਰਥਾਤ ਪੁਰਖਾਂ ਥੀਂ ਸਮਾਗਮ ਨਾ ਕੀਤੀ ਹੋਈ ਕਨਿਆਂਓ ਨੂੰ ਅਪਣੇ ਵਾਸਤੇ ਕਿਉਂ ਮਗਵਾਂਦਾ ? ਵਾ ਉਨ੍ਹਾਂ ਨੂੰ ਅਜਿਹੀ ਨਿਰਦਇਆ ਵਾ ਵਿਸ਼ਈਪਣ ਦੀ ਆਗਿਆ ਕਿਉਂ ਦਿੰਦਾ?॥੪੪

੪੫--ਜੋ ਕੋਈ ਕਿਸੇ ਮਨੁਖ ਨੂੰ ਮਾਰੇ ਅਰ ਉਹ ਮਰ ਜਾਵੇ ਉਹ ਨਿਸਚੇ ਘਾਤ ਕੀਤਾ ਜਾਵੇ, ਅਰ ਉਹ ਮਨੁਖ ਘਾਤ ਵਿਚ ਨਾ ਲਗਿਆ ਹੋਵੇ ਪ੍ਰੰਤੂ ਈਸ਼ੁਰ ਨੇ ਓਸਦੇ ਹਥ ਵਿਚ ਸੌਂਪ ਦਿਤਾ ਹੋਵੇ ਤਦ ਮੈ ਤੈਨੂੰ ਨਸਣਦਾ ਅਸਥਾਨ ਬਤਾ ਦੇਵਾਂ ਗਾ॥ ਤੌ੦ ਯ੦ ਪ੦ ੨੧ ਆ੦ ੧੨।੧੩॥

( ਸਮੀਖਕ ) ਜੇ ਇਹ ਈਸ਼ੁਰ ਦਾ ਨਿਆਂ ਸਚਾ ਹੈ ਤਾਂ ਮੂਸਾ ਇਕ ਆਦਮੀ ਨੂੰ ਮਾਰ ਗਡਕੇ ਨਸ ਗਿਆ ਸੀ ਓਸਨੂੰ ਡੰਡ ਕਿਉਂ ਨਾ ਹੋਇਆ? ਜੇ ਆਖੋ ਕਿ ਈਸ਼ੁਰ ਨੇ ਮੂਸਾ ਨੂੰ ਮਾਰਨ ਦੇ ਵਾਸਤੇ ਸਉਂਪਿਆ ਸੀ ਤਾਂ ਈਸ਼ੁਰ ਪਖਪਾਤੀ ਹੋਇਆ, ਕਿਉਂਕਿ ਓਸ ਮੂਸਾਦਾ ਰਾਜਾ ਥੀਂ ਨਿਆਂ ਕਿਉਂ ਨਾ ਹੋਣ ਦਿਤਾ?॥੪੫ ॥

੪੬—ਅਰ ਕੁਸ਼ਲ ਦਾ ਬਲਦਾਂਨ ਬਲਦਾਂ ਥੀਂ ਪਰਮੇਸ਼ੁਰ ਦੇ ਵਾਸਤੇ ਚੜ੍ਹਾਇਆ, ਅਰ ਮੂਸਾ ਨੇ ਅਧਾ ਲਹੂ ਲੈਕੇ ਭਾਂਡਿਆਂ ਵਿਚ ਰਖਿਆ, ਅਰ ਅਧਾ ਲਹੂ ਵੇਦੀ ਉਪਰ ਚੜ੍ਹਾਇਆ, ਅਰ ਮੂਸਾਨੇ ਓਸ ਲਹੂ ਨੂੰ ਲੈਕੇ ਲੋਕਾਂ ਉਪਰ ਛਿੜਕਿਆ ਅਰ ਆਖਿਆ ਕਿ ਏਹ ਲਹੂ ਓਸ ਨੇਮਦਾ ਹੈ ਜਿਸ ਕਰਕੇ ਪਰਮੇਸ਼ੁਰ ਨੇ ਇਨ੍ਹਾਂ ਗਲਾਂ ਦੇ ਵਾਸਤੇ ਤੁਹਾਡੇ ਨਾਲ ਕੀਤਾ ਹੈ, ਅਰ ਪਰਮੇਸ਼ੁਰ ਨੇ ਮੂਸਾ ਨੂੰ ਕਹਿਆ ਕਿ ਪਹਾੜ ਉਪਰ ਮੇਰੇ ਪਾਸ ਆ ਅਰ ਉਥੇ ਰਹੁ ਅਰ ਤੈਨੂੰ ਪਥੱਰ ਦੀ ਪਟੀਆਂ ਅਰ ਵਿਵਸਥਾ ਅਰ ਆਗਿਆ ਜੋ ਮੈਂਨੇ ਲਿਖੀ ਹੈ ਦੇਵਾਂ ਗਾ॥ ਤੌ੦ ਯ੦ ਪ੦ ੨੪। ਆ੦ ੫।੬।੮।੧੨॥

( ਸਮੀਖਕ ) ਹੁਣ ਵੇਖੋ! ਇਹ ਸਾਰੀਆਂ ਜੰਗਲੀ ਲੋਕਾਂ ਦੀਆਂ ਗਲਾਂ ਹਨ ਵਾ ਨਹੀ? ਅਰ ਪਰਮੇਸ਼ੁਰ ਬਲਦਾਂ ਦਾ ਬਲੀਦਾਂਨ ਲੈਂਦਾ, ਅਰ ਵੇਦੀ ਉਪੱਰ ਲਹੂ ਛਿੜਕਦਾ ਇਹ ਕਿਸਤਰਾਂ ਜੰਗਲੀਪਨ ਅਖੱੜਪਣ ਦੀ ਗਲ ਹੈ? ਜਦ ਈਸਾਈਆਂ ਦਾ ਖੁਦਾ ਬੀ ਬਲਦਾਂ ਦਾ ਬਲੀਦਾਂਨ ਲਵੇ ਤਾਂ ਓਸਦੇ ਭਗਤ ਬਲਦ, ਗਊ ਦੇ ਬਲੀਦਾਨ ਦੀ ਪ੍ਰਸਾਦੀ ਨਾਲ ਪੇਟ ਕਿਉਂ ਨਾ ਭਰਨ? ਅਰ ਜਗਤ ਦਾ ਨੁਕਸਾਨ ਕਿਉਂ ਨਾ ਕਰਨ? ਅਜਿਹੀ ਅਜਿਹੀ ਬੁਰੀ ਗੱਲਾਂ ਬਾਇਬਲ ਵਿਚ ਭਰੀਆਂ ਹਨ, ਇਸੇ ਦੇ ਖੋਟੇ ਸੰਸਕਾਰਾਂ ਥੀਂ ਵੇਦਾਂ ਵਿਚ ਬੀ ਅਜਿਹਾ ਝੂਠਾ ਦੋਸ਼ ਲਗਾਣਾ ਚਾਹਿੰਦੇ ਹਨ, ਪ੍ਰੰਤੂ ਵੇਦਾਂ ਵਿਚ ਅਜਿਹੀ ਗਲਾਂ ਦਾ ਨਾਉ ਬੀ ਨਹੀਂ, ਅਰ ਇਹ ਬੀ ਨਿਸਚੇ ਹੋਇਆ ਕਿ ਈਸਾਈਆਂ ਦਾ ਈਸ਼ੁਰ ਇਕ ਪਹਾੜੀ ਮਨੁਖ ਸੀ, ਪਹਾੜ ਉਪਰ ਰਹਿੰਦਾ ਸੀ, ਜਦ ਉਹ ਖੁਦਾ ਸਿਆਹੀ, ਕਲਮ, ਕਾਗਤ ਨਹੀਂ ਬਣਾ ਜਾਂਣਦਾ ਅਰ ਨਾ ਓਸਨੂੰ ਪ੍ਰਾਪਤਸੀ ਏਸ

ਵਾਸਤੇ ਪਥੱਰ ਦੀ ਪਟੀਆਂ ਉਪੱਰ ਲਿਖ ਲਿਖ ਦਿੰਦਾ ਸੀ, ਅਰ ਇਨ੍ਹਾਂ ਹੀ ਸੰਗਲੀਆਂ ਦੇ ਸਾਮਣੇ ਈਸ਼੍ਵਰ ਬੀ ਬਣ ਬੈਠਾ ਸੀ ॥ ੪੬ ॥

੪੭—ਅਰ ਬੋਲਿਆ ਕਿ ਤੂੰ ਮੇਰਾ ਰੂਪ ਨਹੀਂ ਵੇਖ ਸਕਦਾ, ਕਿਉਂਕਿ ਮੈਨੂੰ ਵੇਖਕੇ ਕੋਈ ਮਨੁਖੱ ਨਾ ਜੀਵੇਗਾ, ਅਰ ਪਰਮੇਸ਼੍ਵਰ ਨੇ ਕਹਿਆ ਕਿ ਵੇਖ ਇਕ ਅਸਥਾਨ ਮੇਰੇ ਪਾਸ ਹੈ ਅਰ ਤੂੰ ਓਸ ਛਿਥੇ ਉਪਰ ਖਲੋਤਾ ਰਹੁ, ਅਰ ਏਸਤਰਾਂ ਹੋਵੇਗਾ ਕਿ ਜਦ ਮੇਰਾ ਈਸ਼੍ਵਰਜ ਚਮਕੇਗਾ ਤਾਂ ਮੈਂ ਤੈਨੂੰ ਪਹਾੜ ਦੀ ਤ੍ਰੇੜ ਵਿਚ ਰਖਾਂਗਾ, ਅਰ ਜਦ ਤਿਕ ਨਿਕਲਾਂ ਤੈਨੂੰ ਅਪਣੇ ਹਥ ਨਾਲ ਕਜਾਂਗਾ ਅਰ ਅਪਣਾ ਹਥ ਉਠਾ ਲਵਾਂਗਾ, ਅਰ ਤੂੰ ਮੇਰਾ ਪਿੱਛਾ ਵੇਖੇਂਗਾ, ਪ੍ਰੰਤੂ ਮੇਰਾ ਰੂਪ ਦਿਖਾਈ ਨਾ ਦੇਵੇਗਾ ॥ ਤੌ० ਯਾ० ਪ० ੩੩ । ਆ० ੨੦ । ੨੨ । ੨੩ ॥

( ਸਮੀਖਕ ) ਹੁਣ ਵੇਖੋ ! ਈਸਾਈਆਂ ਦਾ ਈਸ਼੍ਵਰ ਨਿਰਾ ਮਨੁੱਖ ਵਾਂਙਣ ਸ਼੍ਰੀਰ ਧਾਰੀ ਅਰ ਮੂਸਾ ਨਾਲ ਕਿਹਾ ਪ੍ਰਪੰਚ ਰਚਕੇ ਆਪ ਅਪਣੇ ਆਪ ਈਸ਼੍ਵਰ ਬਣਗਿਆ, ਜੇ ਪਿਛੋਂ ਵੇਖੇਗਾ ਰੂਪ ਨਾ ਵੇਖੇਗਾ ਤਾਂ ਹਥ ਨਾਲ ਓਸ ਨੂੰ ਕਜ ਬੀ ਨਾ ਦਿਤਾ ਹੋਵੇਗਾ, ਜਦ ਖੁਦਾ ਨੇ ਅਪਣੇ ਹਥ ਬੀਂ ਮੂਸਾ ਨੂੰ ਕਜਿਆ ਹੋਵੇਗਾ ਤਦ ਕੀ, ਓਸਦੇ ਹਥ ਦਾ ਰੂਪ ਨਾ ਵੇਖਿਆ ਹੋਵੇਗਾ ॥ ੪੭ ॥

## ਲੈਯ ਵਿਵਸਥਾ ਦੀ ਪੁਸਤਕ ਤੋਂ

੪੮—ਅਰ ਪਰਮੇਸ਼੍ਵਰ ਨੇ ਮੂਸਾ ਨੂੰ ਬੁਲਾਇਆ, ਅਰ ਮੰਡਲੀ ਦੇ ਤੰਬੂ ਵਿਚੋਂ ਇਹ ਗਲ ਓਸਨੂੰ ਆਖੀ ਕਿ ਇਸਰਾਏਲ ਦੀ ਸੰਤਾਨ ਵਿਚੋਂ ਬੋਲ ਅਰ ਉਨ੍ਹਾਂ ਨੂੰ ਆਖ ਜਦ ਕੋਈ ਤੁਹਾਡੇ ਵਿਚੋਂ ਪਰਮੇਸ਼੍ਵਰ ਦੇ ਵਾਸਤੇ ਭੇਟ ਲਿਆਵੇ ਤਾਂ ਤੁਸੀਂ ਪਸ਼ੂਆਂ ਬੀਂ ਅਰਥਾਤ ਗਾਂ, ਬਲਦ, ਅਰ ਭੇਡ, ਬਕਰੀ ਵਿਚੋਂ ਅਪਣੀ ਭੇਟ ਲਿਆਓ ॥ ਤੌ० ਲੈ० ਵਿਵਸਥਾ ਦੀ ਪੁਸਤਕ—ਪ० ੧ । ਆ० ੧ । ੨ ॥

( ਸਮੀਖਕ ) ਹੁਣ ਵਿਚਾਰੋ! ਈਸਾਈਆਂ ਦਾ ਪਰਮੇਸ਼੍ਵਰ ਗਊ, ਬਲਦ, ਆਦੀ ਦੀ ਭੇਟ ਲੈਣ ਵਾਲਾ ਜੋ ਅਪਣੇ ਵਾਸਤੇ ਬਲੀਦਾਨ ਕਰਾਣ ਦੇ ਵਾਸਤੇ ਉਪਦੇਸ਼ ਕਰਦਾ ਹੈ ਉਹ ਬਲਦ, ਗਾਂ ਆਦੀ ਪਸ਼ੂਆਂ ਦੇ ਲਹੂ ਮਾਸ ਦਾ ਭੁਖਾ ਤਿਹਾਇਆ ਹੈ ਵਾ ਨਹੀਂ? ਇਸੇ ਕਰਕੇ ਉਹ ਅਹਿੰਸਕ ਅਰ ਈਸ਼੍ਵਰ ਕੋਟੀ ਵਿਚ ਗਿਣਿਆਂ ਕਦੀ ਨਹੀਂ ਜਾ ਸਕਦਾ, ਕਿੰਤੂ ਮਾਸ ਖਾਣ ਵਾਲਾ ਪ੍ਰਪੰਚੀ ਮਨੁਖ ਦੇ ਵਾਂਙਣ ਹੈ ॥ ੪੮ ॥

੪੯—ਅਰ ਉਹ ਓਸ ਬਲਦ, ਨੂੰ ਪਰਮੇਸ਼੍ਵਰ ਦੇ ਅੱਗੇ ਬਲੀ ਕਰੇ ਅਰ ਹਾਰੂਨ ਦੇ ਪੁਤ੍ਰ ਯਾਜਕ ਲਹੂ ਨੂੰ ਨਜ਼ੀਕ ਲਿਆਉਨ, ਅਰ ਲਹੂ ਨੂੰ ਯਗ

ਵੇਦੀ ਦੇ ਚੌਗਿਰਦ ਜੋ ਮੰਡਲੀ ਦੇ ਤੰਬੂ ਦੇ ਦਰਵੱਜੇ ਉਪਰ ਹੈ ਛਿੜਕੇ, ਤਦ ਉਹ ਓਸ ਭੇਟ ਦੇ ਬਲੀਦਾਨ ਦੀ ਖਲ ਕਢੇ ਅਰ ਓਸਨੂੰ ਟੋਟੇ ਟੋਟੇ ਕਰੇ, ਅਰ ਹਾਰੂਨ ਦੇ ਪੁਤ੍ਰ ਯਾਜਕ ਯਗ ਵੇਦੀ ਉੱਪਰ ਅੱਗ ਰਖਨ, ਅਰ ਓਸ ਉੱਪਰ ਲਕੜੀ ਰਖਨ, ਅਰ ਹਾਰੂਨ ਦੇ ਪੁਤ੍ਰ ਯਾਜਕ ਓਸਦੇ ਟੋਟਿਆਂ ਨੂੰ ਅਰ ਸਿਰ ਅਰ ਚੀਕਣਿਆਈ ਨੂੰ ਉਨ੍ਹਾਂ ਲਕੜੀਆਂ ਉੱਪਰ ਜੋ ਯਗ ਵੇਦੀ ਦੀ ਅੱਗ ਉਪਰ ਹਨ ਵਿਧੀ ਨਾਲ ਧਰਨ, ਜਿਸ ਕਰਕੇ ਬਲੀਦਾਨ ਦੀ ਭੇਟ ਹੋਵੇ, ਜੋ ਅਗ ਕਰਕੇ ਪਰਮੇਸ਼੍ਵਰ ਦੀ ਖੁਸ਼ਬੋ ਦੇ ਵਾਸਤੇ ਭੇਟ ਕੀਤਾ ਗਿਆ। ਤੌ॰ ਲੈ ਵਿਵਸਥਾ ਦੀ ਪੁਸਤਕ ਪ॰੧ ਆ॰ ੫। ੬। ੭। ੮। ੯॥

( ਸਮੀਖਕ ) ਥੋੜਾ ਵਿਚਾਰੋ! ਕਿ ਬਲਦ ਨੂੰ ਪਰਮੇਸ਼੍ਵਰ ਦੇ ਅੱਗੇ ਓਸਦੇ ਭਗਤ ਮਾਰਨ, ਅਰ ਉਹ ਮਰਵਾਵੇ, ਅਰ ਲਹੂ ਨੂੰ ਚਹੁੰ ਤਰਫ ਛਿੜਕਨ, ਅਗਵਿਚ ਹੋਮ ਕਰਨ, ਈਸ਼੍ਵਰ ਖੁਸ਼ਬੋ ਲਵੇ, ਭਲਾ ਇਹ ਕਸਾਈ ਦੇ ਘਰ ਥੀਂ ਕੁਝ ਘਟ ਲੀਲਾ ਹੈ? ਇਸੇ ਵਾਸਤੇ ਨਾ ਬਾਇਬਲ ਈਸ਼੍ਵਰ ਕ੍ਰਿਤ, ਅਰ ਨਾ ਉਹ ਜੰਗਲੀ ਮਨੁਖ ਵਾਙਣ ਲੀਲਾਧਾਰੀ ਈਸ਼੍ਵਰ ਹੋ ਸਕਦਾ ਹੈ ॥ ੪੯ ॥

੫੦—ਫੇਰ ਪਰਮੇਸ਼੍ਵਰ ਮੂਸਾ ਨੂੰ ਇਹ ਕਹਕੇ ਬੋਲਿਆ ਜੇਕਰ ਉਹ ਅਭਿਖੇਕ ਕੀਤਾ ਹੋਇਆ ਯਾਜਕ ਲੋਕਾਂ ਦੇ ਪਾਪ ਵਾਙਣ ਪਾਪ ਕਰੇ ਤਾਂ ਉਹ ਅਪਣੇ ਪਾਪ ਦੇ ਸਬਬੋਂ ਜੋ ਓਸ ਨੇ ਕੀਤਾ ਹੈ ਅਪਣੇ ਪਾਪ ਦੀ ਭੇਟ ਦੇ ਵਾਸਤੇ ਬਿਨਾ ਖੋਟ ਦੇ ਇਕ ਵਛੀ ਪਰਮੇਸ਼੍ਵਰ ਦੇ ਵਾਸਤੇ ਲਿਆਵੇ, ਅਰ ਵੱਛੀ ਦੇ ਸਿਰ ਉਪੱਰ ਅਪਣਾ ਹਥ ਰੱਖੇ, ਅਰ ਵਛੀ ਨੂੰ ਪਰਮੇਸ਼੍ਵਰ ਦੇ ਅੱਗੇ ਬਲੀ ਕਰੇ। ਲੈ ਵਿਵ॰ਤੌ॰ ਪ॰ ੪ ਆ॰ ੧। ੩। ੪॥

( ਸਮੀਖਕ ) ਹੁਣ ਵੇਖੋ! ਪਾਪ ਦੇ ਛੁਡਾਣ ਦੇ ਪ੍ਰਾਯਸਚਿਤ, ਆਪ ਪਾਪ ਕਰੇ, ਗਾਂ ਆਦੀ ਉੱਤਮ ਪਸ਼ੂਆਂ ਦੀ ਹੱਤਿਆ ਕਰੇ, ਅਰ ਪਰਮੇਸ਼੍ਵਰ ਕਰਵਾਵੇ, ਧਨ ਹਨ ਈਸਾਈ ਲੋਗ ਕਿ ਅਜਿਹੇ ਗੱਲਾਂ ਦੇ ਕਰਨ ਕਰਾਨ ਵਾਲੇ ਨੂੰ ਥੀ ਈਸ਼੍ਵਰ ਮਨਕੇ ਅਪਣੀ ਮੁਕਤੀ ਆਦੀ ਦੀ ਆਸ਼ਾ ਕਰਦੇ ਹਨ ॥ ੫੦ ॥

੫੧—ਜਦ ਕੋਈ ਅਧੱਖ ਪਾਪ ਕਰੇ, ਤਦ ਉਹ ਬਕਰੀ ਦਾ ਨਿਸ਼ਖੋਟ ਨਰ ਮੇਮਨਾ ਅਪਣੀ ਭੇਟ ਦੇ ਵਾਸਤੇ ਲਿਆਵੇ, ਅਰ ਓਸਨੂੰ ਪਰਮੇਸ਼੍ਵਰ ਦੇ ਅਗੇ ਬਲੀ ਕਰੇ ਇਹ ਪਾਪ ਦੀ ਭੇਟ ਹੈ ॥ ਤੌ॰ ਲੈ॰ ਪ॰ ੪। ਆ॰ ੨੨। ੨੩। ੨੪। ੨੫॥

( ਸਮੀਖਕ ) ਵਾਹਜੀ ਵਾਹ! ਜੇਕਰ ਅਜਿਹਾ ਹੈ ਤਾਂ ਇਨ੍ਹਾਂ ਦੇ ਅ-ਧੱਖ ਅਰਥਾਤ ਨਿਆਂਧੀਸ਼ ਤਥਾ ਸੈਨਾਂਪਤੀ ਆਦੀ ਪਾਪ ਕਰਨ ਥੀਂ ਕਿਉਂ ਡਰਦੇ ਹੋਨ ਗੇ? ਆਪ ਤਾਂ ਜਿਸਤਰਾਂ ਇਛਿਆ ਹੋਵੇ ਪਾਪ ਕਰਨ ਅਰ

ਪ੍ਰਾਯਸ਼ਚਿਤ ਦੇ ਬਦਲੇ ਗਾਂ, ਵਛੀ, ਬਕਰੇ ਆਦੀ ਦੇ ਪ੍ਰਾਣ ਲੈਨ, ਤਦੋਂ ਤਾਂ ਈਸਾਈ ਲੋਕ ਕਿਸੇ ਪਸ਼ੂ ਵਾ ਪੰਖੇਰੂ ਦੇ ਪ੍ਰਾਣ ਲੈਣ ਵਿਚ ਸ਼ੰਕਾ ਵਾਲੇ ਨਹੀ ਹੁਏ, ਸੁਣੋ ਈਸਾਈ ਲੋਕੋ! ਹੁਣ ਤਾਂ ਏਸ ਜੰਗਲੀ ਮਤ ਨੂੰ ਛੋਡਕੇ ਸੱਭਤਾ ਅਰ ਧਰਮ ਵਾਲੇ ਵੇਦ ਮਤ ਨੂੰ ਗ੍ਰਹਣ ਕਰੋ ਕਿ ਜਿਸ ਥੀਂ ਤੁਹਾਡਾ ਕਲਿਆਣ ਹੋਵੇ॥ ੫੧ ॥

੫੨–ਅਰ ਜਦ ਉਸ ਕੋਲ ਭੇਡ ਲਿਆਉਨ ਦਾ ਮੁਲ ਨਾ ਹੋਵੇ ਤਾਂ ਉਹ ਅਪਣੇ ਕੀਤੇ ਹੋਏ ਅਪ੍ਰਾਧ ਦੇ ਵਾਸਤੇ ਦੋ ਘੁਘੀਆਂ ਅਰ ਕਬੂਤਰ ਦੇ ਦੋ ਬਚੇ ਪਰਮੇਸ਼੍ਵਰ ਦੇ ਵਾਸਤੇ ਲਿਆਵੇ, ਅਰ ਉਸਦਾ ਸਿਰ ਉਸਦੇ ਗਲ ਥੀਂ ਮਰੋੜ ਸੁਟੇ, ਪ੍ਰੰਤੂ ਵਖਰਾ ਨਾ ਕਰੇ, ਉਸਦੇ ਕੀਤੇ ਹੋਏ ਪਾਪ ਦਾ ਪ੍ਰਾਯਸ਼ਚਿਤ ਕਰੇ, ਅਰ ਉਸਦੇ ਵਾਸਤੇ ਖਿਮਾ ਕੀਤਾ ਜਾਵੇਗਾ, ਪਰ ਜਦ ਉਸਨੂੰ ਦੋ ਘੁਘੀਆਂ ਅਰ ਕਬੂਤ੍ਰ ਦੇ ਦੋ ਬਚੇ ਲਿਆਉਨ ਦਾ ਮੁਲ ਨਾ ਹੋਵੇ ਤਾਂ ਸੇਰ ਭਰ ਮਹੀਨ ਆਟੇ ਦਾ ਦਸਵਾਂ ਹਿਸਾ ਪਾਪ ਦੀ ਭੇਟ ਦੇ ਵਾਸਤੇ ਲਿਆਵੇ* ਉਸ ਉਪਰ ਤੇਲ ਨਾ ਪਾਵੇ, ਅਰ ਉਹ ਖਿਮਾ ਕੀਤਾ ਜਾਵੇ ਗਾ॥ ਤੌ॰ ਲੈ॰ ਪ॰ ੫। ਆ॰੭। ੮। ੯। ੧੦। ੧੧। ੧੨। ੧੩॥

(ਸਮੀਖਕ) ਹੁਣ ਸੁਣੋ! ਈਸਾਈਆਂ ਵਿਚੋਂ ਪਾਪ ਕਰਨ ਥੀਂ ਕੋਈ ਬਖਤਾਵਰ ਬੀ ਨਹੀ ਡਰਦਾ ਹੋਵੇਗਾ ਅਰ ਨਾ ਕੰਗਾਲ, ਕਿਉਂਕਿ ਇਨ੍ਹਾਂ ਦੇ ਈਸ਼੍ਵਰ ਨੇ ਪਾਪਾਂ ਦਾ ਪ੍ਰਾਯਸ਼ਚਿਤ ਕਰਨਾ ਸੁਖਲਾ ਕਰ ਰਖਿਆ ਹੈ, ਇਕ ਏਹ ਗਲ ਈਸਾਈਆਂ ਦੀ ਬਾਇਬਲ ਵਿਚ ਵਡੀ

---

* ਏਸ ਈਸ਼੍ਵਰ ਨੂੰ ਧੰਨ ਹੈ। ਕਿ ਜਿਸਨੇ ਵਛਾ, ਭੇਡ, ਅਰ ਬਕਰੀ ਦਾ ਬਚਾ, ਕਬੂਤਰ ਅਰ ਆਟੇ ਤਿਕ ਲੈਣ ਦਾ ਨੇਮ ਕੀਤਾ। ਅਚਰਜ ਗਲ ਤਾਂ ਇਹ ਹੈ ਕਿ ਕਬੂਤਰ ਦੇ ਬਚੇ ਗਰਦਨ ਮਰੋੜਵਾਕੇ ਲੈਂਦਾ ਸੀ, ਅਰਥਾਤ ਗਰਦਨ ਤੋੜਨ ਦਾ ਯਤਨ ਨਾ ਕਰਨਾ ਪਵੇ, ਇਨ੍ਹਾਂ ਸਾਰੀਆਂ ਗਲਾਂ ਦੇ ਵੇਖਣ ਥੀਂ ਮਲੂੰਮ ਹੁੰਦਾ ਹੈ ਕਿ ਜੰਗਲੀਆਂ ਵਿਚ ਕੋਈ ਚਤੁਰ ਪੁਰਖ ਸੀ ਉਹ ਪਹਾੜ ਉਪਰ ਜਾ ਬੈਠਿਆ ਅਰ ਅਪਣੇ ਨੂੰ ਈਸ਼੍ਵਰ ਪ੍ਰਸਿਧ ਕੀਤਾ ਜੋ ਜੰਗਲੀ ਅਗਿਆਨੀ ਸਨ ਉਨ੍ਹਾਂ ਨੇ ਉਸੇ ਨੂੰ ਈਸ਼੍ਵਰ ਮਨਜੂਰ ਕਰ ਲੀਤਾ, ਅਪਣੀਆਂ ਯੁਕਤੀਆਂ ਕਰਕੇ ਉਹ ਪਹਾੜ ਉਪਰ ਹੀ ਖਾਣ ਦੇ ਵਾਸਤੇ ਪਸ਼ੂ, ਪੰਛੀ, ਅਰ ਅੰਨ ਆਦੀ ਮੰਗਾ ਲਿਆ ਕਰਦਾ ਸੀ, ਅਰ ਮਉਜ ਕਰਦਾ ਸੀ, ਉਸਦੇ ਦੂਤ ਫਰਿਸ਼ਤੇ ਕੰਮ ਕੀਤਾ ਕਰਦੇ ਸਨ, ਭਲੇ ਲੋਕ ਵਿਚਾਰਨ ਕਿ ਕਿਥੇ ਤਾਂ ਬਾਇਬਲ ਵਿਚ ਵੱਛਾ ਭੇਡ, ਬਕਰੀ ਦਾ ਬੱਚਾ ਕਬੂਤਰ ਅਰ ਅੱਛੇ ਆਟੇ ਦਾ ਖਾਣ ਵਾਲਾ ਈਸ਼੍ਵਰ, ਅਰ ਕਿਥੇ ਸਰਬ ਵਿਆਪਕ, ਸਰਬਗ, ਅਜਨਮਾ, ਨਿਰਾਕਾਰ, ਸਰਬ ਸ਼ਕਤੀਮਾਨ, ਅਰ ਨਿਆਇ ਕਾਰੀ ਇਤਆਦੀ ਉਤਮ ਗੁਣ ਯੁਕਤ ਵੇਦੋਕਤ ਈਸ਼੍ਵਰ॥

ਅਚਰਜ ਹੈ ਕਿ ਬਿਨਾ ਕਸ਼ਟ ਕੀਤੇ ਪਾਪ ਥੀਂ ਪਾਪ ਛੁਟ ਜਾਵੇ, ਕਿਉਂਕਿ ਇਕ ਤਾਂ ਪਾਪ ਕੀਤਾ ਅਰ ਦੂਜਾ ਜੀਵਾਂ ਦੀ ਹਿੰਸਾ ਕੀਤੀ, ਖੂਬ ਅਨੰਦ ਨਾਲ ਮਾਸ ਖਾਧਾ ਅਰ ਪਾਪ ਬੀ ਛੁਟ ਗਿਆ, ਭਲਾ ਕਬੂਤ੍ਰ ਦੇ ਬਚੇ ਦਾ ਗਲ ਮਰੋੜਨ ਥੀਂ ਉਹ ਬਹੁਤ ਦੇਰ ਤਿਕ ਤੜਫਦਾ ਹੋਵੇਗਾ ਤਦ ਬੀ ਈਸਾਈਆਂ ਨੂੰ ਦਇਆ ਨਹੀਂ ਆਉਂਦੀ? ਦਇਆ ਕਿਸਤਰਾਂ ਆਵੇ ਇਨ੍ਹਾਂ ਦੇ ਈਸ਼੍ਵਰ ਦਾ ਉਪਦੇਸ਼ ਹੀ ਹਿੰਸਾ ਕਰਨ ਦਾ ਹੈ, ਅਰ ਜਦ ਸਾਰੇ ਪਾਪਾਂ ਦਾ ਅਜਿਹਾ ਪ੍ਰਾਯਸਚਿਤ ਹੈ ਤਾਂ ਈਸਾ ਦੇ ਵਿਸ਼੍ਵਾਸ ਥੀਂ ਪਾਪ ਛੁਟ ਜਾਂਦਾ ਹੈ ਏਹ ਬਡਾ ਅਡੰਬਰ ਕਿਉਂ ਕਰਦੇ ਹਨ? ੫੨ ॥

੫੩—ਸੋ ਉਸੇ ਬਲੀਦਾਨ ਦੀ ਖਲ ਉਸੇ ਯਾਜਕ ਦੀ ਹੋਵੇਗੀ ਜਿਸਨੇ ਓਸਨੂੰ ਚੜ੍ਹਾਇਆ, ਅਰ ਸੰਪੂਰਣ ਭੋਜਨਦੀ ਭੇਟ ਜੋ ਤੰਦੂਰ ਵਿਚ ਪਕਾਈ ਜਾਂਨ, ਅਰ ਸਾਰੀ ਜੋ ਕੜਾਹੀ ਵਿਚ ਅਥਵਾ ਤਵੇ ਉਪੱਰ ਸੋ ਉਸੇ ਯਾਜਕਦੀ ਹੋਵੇਗੀ ॥ ਤੌ॰ ਲੈ॰ ਪ॰ ੭ । ਆ॰ ੮ । ੯ ॥

( ਸਮੀਖਕ ) ਅਸੀਂ ਜਾਂਣਦੇਸਾਂ ਕਿ ਇਥੇ ਦੇਵੀ ਦੇ ਭੋਪੇ ਅਰ ਮੰਦਰਾਂ ਦੇ ਪੁਜਾਰੀਆਂ ਦੀ ਪੋਪਲੀਲਾ ਵਿਚਿਤ੍ਰ ਹੈ, ਪ੍ਰੰਤੂ ਈਸਾਈਆਂ ਦੇ ਈਸ਼੍ਵਰ ਅਰ ਉਨ੍ਹਾਂ ਦੇ ਪੁਜਾਰੀਆਂ ਦੀ ਪੋਪਲੀਲਾ ਓਸ ਨਾਲੋਂ ਹਜਾਰ ਗੁਣਾਂ ਵਧਕੇ ਹੈ, ਕਿਉਂਕਿ ਚੰਮ ਦ ਦਾਮ, ਅਰ ਭੋਜਨ ਦੇ ਪਦਾਰਥ ਖਾਣ ਨੂੰ ਆਉਨ ਫਿਰ ਈਸਾਈਆਂ ਨੇ ਖੂਬ ਮਉਜ ਉਡਾਈ ਹੋਵੇਗੀ? ਅਰ ਹੁਣ ਬੀ ਉਡਾਂਦੇ ਹੋਂਨਗੇ? ਭਲਾ ਕੋਈ ਮਨੁਖੱ ਇਕ ਮੁੰਡੇ ਨੂੰ ਮਰਵਾਵੇ ਅਰ ਦੂਜੇ ਮੁੰਡੇ ਨੂੰ ਓਸਦਾ ਮਾਸ ਖੁਆਵੇ ਅਜਿਹਾ ਕਦੀ ਹੋ ਸਕਦਾ ਹੈ? ਉਸੇਤਰਾਂ ਈਸ਼੍ਵਰ ਦੇ ਸਾਰੇ ਮਨੱਖ ਅਰ ਪਸ਼ੂ, ਪੰਛੀ ਆਦੀ ਸਾਰੇ ਜੀਵ ਪੁਤ੍ਰ ਵਾਙਣ ਹਨ,ਪਰਮੇਸ਼੍ਵਰ ਅਜਿਹਾ ਕੰਮ ਕਦੀ ਨਹੀਂ ਕਰ ਸਕਦਾ, ਇਸੇ ਕਰਕੇ ਇਹ ਬਾਇਬਲ ਈਸ਼੍ਵਰ ਕ੍ਰਿਤ ਅਰ ਏਸ ਵਿਚ ਲਿਖਿਆ ਈਸ਼੍ਵਰ ਅਰ ਏਸ ਦੇ ਮਨੱਣ ਵਾਲੇ ਧਰਮਗ ਕਦੀ ਨਹੀਂ ਹੋ ਸਕਦੇ, ਇਸੇਤਰਾਂ ਸਾਰੀਆਂ ਗਲਾਂ ਲੈਵਵਵਸਥਾ ਆਦੀ ਪੁਸਤਕਾਂ ਵਿਚ ਭਰੀਆਂ ਹਨ ਕਿਥੋਂ ਤਿਕ ਗਿਣਾਵੀਏ ॥੫੩ ॥

## ਗਿਣਤੀ ਦੀ ਪੁਸਤਕ

੫੪—ਸੋਗਧੀ ਨੇ ਪਰਮੇਸ਼੍ਵਰ ਦੇ ਦੂਤ ਨੂੰ ਅਪਣੇ ਹਥ ਵਿਚ ਤਲਵਾਰ ਕਢੀ ਹੋਈ ਰਾਹ ਵਿਚ ਖਲੋਤਾ ਵੇਖਿਆ, ਤਦ ਗਧੀ ਰਾਹ ਥੀਂ ਵਖਰੀ ਖੇਤੀ ਵਿਚ ਫਿਰਗਈ, ਓਸਨੂੰ ਰਾਹ ਵਿਚ ਫਿਰਨੇ ਦੇ ਵਾਸਤੇ 'ਬਲਆਂਮ' ਨੇ ਗਧੀ ਨੂੰ ਸੋਟੀ ਨਾਲ ਮਾਰਿਆ ਤਦ ਪਰਮੇਸ਼੍ਵਰ ਨੇ ਗਧੀ ਦਾ ਮੂੰਹ ਖੋਲਿਆ ਅਰ ਓਸਨੇ 'ਬਲਆਂਮ' ਨੂੰ ਕਹਿਆ ਕਿ ਮੈਨੇ ਤੇਰਾ ਕੀ, ਕੀਤਾ ਹੈ ਕਿ ਤੈਂ ਮੈਨੂੰ, ਹੁਣ ਤ੍ਰਿਨਵਾਰੀ ਮਾਰਿਆ ॥ ਤੌ॰ ਗਿ॰ ਪ॰ ੨੨

ਆ੦ ੨੨ । ੨੯ ॥

(ਸਮੀਖਕ) ਪਹਿਲਾਂ ਤਾਂ ਗਧੇ ਤਿਕ ਈਸ਼੍ਵਰ ਦੇ ਦੂਤਾਂ ਨੂੰ ਵੇਖਦੇ ਸਨ, ਅਰ ਅਜ ਕਲ ਬਿਸ਼ਪ ਪਾਦਰੀ ਆਦੀ ਅਛੇ ਵਾ ਬੁਰੇ ਮਨੁਖਾਂ ਨੂੰ ਬੀ ਖੁਦਾ ਵਾ ਓਸਦੇ ਦੂਤ ਨਹੀਂ ਦਿਸਦੇ ਹਨ, ਕੀ, ਅਜਕਲ ਪਰਮੇਸ਼੍ਵਰ ਅਰ ਓਸਦੇ ਦੂਤ ਹਨ ਵਾ ਨਹੀਂ ? ਜੇਕਰ ਹਨ ਤਾਂ ਕੀ, ਵਡੀ ਨੀਂਦ ਵਿਚ ਸਉਂਦੇ ਹਨ? ਵਾ ਰੋਗੀ ਅਥਵਾ ਹੋਰੀ ਭੂਗੋਲ ਵਿਚ ਚਲੇ ਗਏ? ਵਾ ਕਿਸੇ ਹੋਰੀ ਧੰਧੇ ਵਿਚ ਲਗ ਗਏ ? ਵਾ ਹੁਣ ਈਸਾਈਆਂ ਨਾਲ ਰੁਸ ਗਏ ? ਅਥਵਾ ਮਰਗਏ ? ਮਲੂਮ ਨਹੀਂ ਹੁੰਦਾ ਕਿ ਕੀ, ਹੋਇਆ ? ਅਨੁਮਾਨ ਤਾਂ ਅਜਿਹਾ ਹੁੰਦਾ ਹੈ ਕਿ ਜੋ ਹੁਣ ਨਹੀਂ ਹਨ, ਨਹੀਂ ਦਿਸਦੇ, ਤਾਂ ਤਦ ਬੀ ਨਹੀਂ ਸਨ, ਅਰ ਨਾ ਦਿਸਦੇ ਹੋਂਨਗੇ, ਕਿੰਤੂ ਇਹ ਨਿਰੇ ਮਨ ਮਨੇ ਗਪੌੜੇ ਉਡਾਏ ਹਨ ॥ ੫੪ ॥

## ਸਮੂਏਲ ਦੀ ਦੂਜੀ ਪੁਸਤਕ

੫੫—ਅਰ ਉਸੇ ਰਾਤ ਏਸਤਰਾਂ ਹੋਇਆ ਕਿ ਪਰਮੇਸ਼੍ਵਰ ਦਾ ਬਚਨ, ਏਹ ਕਹਕੇ ਨਾਤਨ ਨੂੰ ਪਹੁਚਿਆ ਕਿ ਜਾਹ ਅਰ ਮੇਰੇ ਸੇਵਕ 'ਦਾਊਦ' ਨੂੰ ਆਖ ਕਿ ਪਰਮੇਸ਼੍ਵਰ ਏਸਤਰਾਂ ਕਹਿੰਦਾ ਹੈ ਕਿ ਮੇਰੇ ਰਹਿਣ ਦੇ ਵਾਸਤੇ ਤੂੰ ਇਕ ਘਰ ਬਣਾਵੇਂਗਾ, ਕਿਉਂਕਿ ਜਦ ਥੀਂ ਮੈਂ ਇਸਰਾਏਲ ਦੇ ਸੰਤਾਨ ਨੂੰ ਮਿਸਰ ਥੀਂ ਕਢ ਲਿਆਇਆ ਮੈਂਨੇ ਤਾਂ ਅਜ ਦੇ ਦਿਨ ਤਿਕ ਘਰ ਵਿਚ ਵਾਸਾ ਨਾ ਕੀਤਾ, ਪ੍ਰੰਤੂ ਤੰਬੂ ਵਿਚ ਅਰ ਡੇਰੇ ਵਿਚ ਫਿਰਨਾ ਕੀਤਾ॥ ਤੌ੦ ਸਮੂਏਲ ਦੀ ਦੂਜੀ ਪੁ੦ ਪ੦ ੭। ਆ੦ ੪ । ੫ । ੬ ॥

( ਸਮੀਖਕ ) ਹੁਣ ਕੁਝ ਸੰਸ਼ਾ ਨਾ ਰਿਹਾ ਕਿ ਈਸਾਈਆਂ ਦਾ ਈਸ਼੍ਵਰ ਮਨੁਖ ਵਾਕਣ ਦੇਹ ਧਾਰੀ ਨਹੀ ਹੈ? ਅਰ ਉਲਾਹਮਾ ਦਿੰਦਾ ਹੈ ਕਿ ਮੈਂਨੇ ਬਹੁਤ ਯਤਨ ਕੀਤਾ, ਇਧਰ ਉਧਰ ਡੋਲਦਾ ਫਿਰਿਆ, ਤਾਂ ਹੁਣ ਦਾਊਦ ਘਰ ਬਣਾ ਦੇਵੇ ਤਾਂ ਓਸ ਵਿਚ ਅਰਾਮ ਕਰਾਂ, ਕਿਸਵਾਸਤੇ ਈਸਾਈਆਂ ਨੂੰ ਅਜਿਹੇ ਈਸ਼੍ਵਰ ਅਰ ਅਜਿਹੇ ਪੁਸਤਕ ਨੂੰ ਮਨਣ ਵਿਚ ਲਜਿਆ ਨਹੀ ਆਂਉਦੀ? ਪ੍ਰੰਤੂ ਕੀ, ਕਰਨ ਵਿਚਾਰੇ ਫਸਹੀ ਗਏ, ਹੁਣ ਨਿਕਲਣ ਦੇ ਵਾਸਤੇ ਵਡਾ ਪੁਰਖਾਰਥ ਕਰਨਾ ਚਾਹੀਦਾ ਹੈ॥ ੫੫ ॥

## ਰਾਜਿਆਂ ਦਾ ਪੁਸਤਕ

੫੬—ਅਰ ਬਾਬੁਲ ਦੇ ਰਾਜਾ 'ਨਬੂਖਦ ਨਜਰ' ਦੇ ਰਾਜਦੇ ਉਨੀਹੇਂ ੧੯ ਵਰ੍ਹੇ ਦੇ ਪੰਜਵੇਂ ਮਹੀਨੇ ਸਤਵੀਂ ਤਿਥ ਵਿਚ ਬਾਬੁਲ ਦੇ ਰਾਜਾ ਦਾ ਇਕ ਸੇਵਕ ਨਬੂਸਰ ਅਦਾਨ ਜੋ ਅਪਨੀ ਸੈਨਾ ਦਾ ਪ੍ਰਧਾਨ ਅਧੱਖਸ਼ੀ, ਯਰੂਸ਼ਲਮ ਵਿਚ ਆਇਆ ਅਰ ਓਸਨੇ ਪਰਮੇਸ਼੍ਵਰ ਦਾ ਮੰਦਰ ਅਰ ਰਾਜਾ ਦਾ ਭਵਨ ਅਰ ਯਰੂਸ਼ਲਮ ਦੇ ਸਾਰੇ ਅਰ ਹਰ ਇਕ ਬਡੇ ਘਰਨੂੰ ਸਾੜ ਦਿੱਤਾ

ਅਰ ਕਸਦੀਆਂ ਦੀ ਸਾਰੀ ਸੈਨਾਂ ਨੇ ਜੋ ਓਸ ਨਿਜ ਸੈਨਾਂਦੇ ਅਧੱਖ ਦੇ ਨਾਲ ਸਨ ਯਰੂਸ਼ਲਮ ਦੀ ਕਧਾਂ ਨੂੰ ਚਹੁੰ ਪਾਸਿਆਂ ਥੀਂ ਢਾਹ ਦਿਤਾ ॥ ਤ੍ਰੌ॰ ਰਾ॰ ਪ॰ ੨੫। ਆ॰ ੮।੬।੧੦ ॥

(ਸਮੀਖਕ) ਕੀ, ਕੀਤਾ ਜਾਵੇ ਈਸਾਈਆਂ ਦੇ ਈਸ਼੍ਵਰ ਨੇ ਤਾਂ ਅਪਣੇ ਅਰਾਮ ਦੇ ਵਾਸਤੇ ਦਾਊਦ ਆਦੀ ਥੀਂ ਘਰ ਬਣਵਾਇਆ ਸੀ, ਓਸ ਵਿਚ ਅਰਾਮ ਕਰਦਾ ਹੋਵੇਗਾ, ਪ੍ਰੰਤੂ 'ਨਬੂਸਰ ਅਦਾਨ' ਨੇ ਈਸ਼੍ਵਰ ਦੇ ਘਰ ਨੂੰ ਨਸ਼ਟ ਭ੍ਰਸ਼ਟ ਕਰ ਦਿਤਾ, ਅਰ ਈਸ਼੍ਵਰ ਵਾ ਓਸਦੇ ਦੂਤਾਂ ਦੀ ਸੈਨਾ ਕੁਝਬੀ ਨਾ ਕਰ ਸਕੀ. ਪਹਿਲਾਂ ਤਾਂ ਇਨ੍ਹਾਂਦਾ ਈਸ਼੍ਵਰ ਵਡੀ ਲੜਾਈਆਂ ਮਾਰ ਦਾ ਸੀ, ਅਰ ਜਿਤਣ ਵਾਲਾ ਹੁੰਦਾ ਸੀ, ਪ੍ਰੰਤੂ ਹੁਣ ਅਪਣਾ ਘਰ ਸੜਾ ਬੁਆ ਬੈਠਾ, ਨਾ ਜਾਣੇ ਚੁਪ ਚਾਪ ਕਿਉਂ ਬੈਠਾ ਰਿਹਾ? ਅਰ ਨਾ ਜਾਣੇ ਤਿਸਦੇ ਦੂਤ ਕਿਧਰ ਨਸ ਗਏ? ਅਜਿਹੇ ਵੇਲੇ ਉਤੇ ਕੋਈ ਬੀ ਕੰਮ ਨਾ ਆਇਆ, ਅਰ ਈਸ਼੍ਵਰ ਦਾ ਜ਼ੋਰ ਬੀ ਨਾ ਜਾਣੇ ਕਿਧਰ ਉਡ ਗਿਆ? ਜੇਕਰ ਏਹ ਗਲ ਸਚੀ ਹੋਵੇ ਤਾਂ ਜੋ ਜੋ ਜਿਤਣ ਦੀਆਂ ਗਲਾਂ ਪਹਿਲਾਂ ਲਿਖੀਆਂ ਸੋ ਸੋ ਸਾਰੀਆਂ ਵਿਅਰਥ ਹੀ ਗਈਆਂ, ਕੀ, ਮਿਸਰ ਦੇ ਮੁੰਡੇ ਕੁੜੀਆਂ ਦੇ ਮਾਰਣ ਵਿਚ ਹੀ ਬਹਾਦਰ ਬਣਿਆਂ ਸੀ? ਹੁਣ ਬਹਾਦਰਾਂ ਦੇ ਸਾਮਣੇ ਚੁਪ ਚਾਪ ਹੋ ਬੈਠਿਆ? ਇਹ ਤਾਂ ਈਸਾਈਆਂ ਦੇ ਈਸ਼੍ਵਰ ਨੇ ਅਪਣੀ ਨਿੰਦਿਆ ਅਰ ਬਦਨਾਮੀ ਕਰਾ ਲਈ, ਅਜਿਹੀ ਹੀ ਹਜਾਰਾਂ ਏਸ ਪੁਸਤਕ ਵਿਚ ਨਿਕੰਮੀ ਕਹਾਣੀਆਂ ਭਰੀਆਂ ਹਨ ॥ ੫੬ ॥

## ਜ਼ਬੂਰ ਦੂਜਾ ਭਾਗ

## ਕਾਲਦੇ ਸਮਾਚਾਰ ਦੀ ਪਹਿਲੀ ਪੁਸਤਕ

੫੭—ਸੋ ਪਰਮੇਸ਼੍ਵਰ ਮੇਰੇ ਈਸ਼੍ਵਰ ਨੇ 'ਇਸਰਾਏਲ' ਉਪਰ ਮਰੀ ਭਜੀ ਅਰ ਇਸਰਾਏਲ ਵਿਚੋਂ ਸਤੱਰ ਹਜਾਰ ੭੦੦੦੦ ਪੁਰਖ ਮਰ ਗਏ। ਕਾਲ ੦ ਦੂ॰ ੨। ਪ॰ ੨੧। ਆ॰ ੧੪ ॥

(ਸਮੀਖਕ) ਹੁਣ ਵੇਖੋ! ਇਸਰਾਏਲ ਦੇ ਈਸਾਈਆਂ ਦੇ ਈਸ਼੍ਵਰ ਦੀ ਲੀਲਾ, ਜਿਸ ਇਸਰਾਏਲ ਕੁਲ ਨੂੰ ਬਹੁਤ ਸਾਰੇ ਵਰ ਦਿਤੇ ਸਨ ਅਰ ਰਾਤ ਦਿਨ ਜਿਨ੍ਹਾਂ ਦੇ ਪਾਲਣ ਵਿਚ ਡੋਲਦਾ ਸੀ, ਹੁਣ ਝਟ ਕ੍ਰੋਧ ਵਾਲਾ ਹੋਕ 'ਮਰੀ' ਸੁਟਕੇ ਸਤੱਰ ਹਜਾਰ ਮਨੁਖਾਂ ਨੂੰ ਮਾਰ ਸੁਟਿਆ ਜੋ ਇਹ ਕਿਸੇ ਕਵੀ ਨੇ ਲਿਖਿਆ ਹੈ ਸਤ ਹੈ ਕਿ:—

क्षणेरुष्टः क्षणे तुष्टो रुष्टस्तुष्टः क्षणे क्षणे ।
अव्यवस्थित चित्तस्य प्रसादो ऽपि भयंकरः ॥ १ ॥

ਜਿਸਤਰਾਂ ਕੋਈ ਮਨੁਖੱ ਖਿਣ ਵਿਚ ਪ੍ਰਸੰਨ ਖਿਣ ਵਿਚ ਅਪ੍ਰਸੰਨ

ਹੁੰਦਾ ਹੈ ਅਰਥਾਤ ਖਿਣ੨ ਵਿਚ ਪ੍ਰਸੰਨ ਅਪ੍ਰਸੰਨ ਹੋਵੇ ਓਸਦੀ ਪ੍ਰਸੰਨਤਾ ਬੀ ਡਰਾਉਣੀ ਹੁੰਦੀ ਹੈ,ਉਹੋ ਜਿਹੀ ਲੀਲਾ ਈਸਾਈਆਂ ਦੇ ਈਸ਼੍ਵਰਦੀ ਹੈ॥੫੭॥

## ਅਯੂਬਦੀ ਪੁਸਤਕ

੫੮—ਅਰ ਇਕ ਦਿਨ ਇਸਤਰਾਂ ਹੋਇਆ ਕਿ ਪਰਮੇਸ਼੍ਵਰ ਦੇ ਅੱਗੇ ਈਸ਼੍ਵਰ ਦੇ ਪੁਤ੍ਰ ਆ ਖਲੋਤੇ ਅਰ ਸ਼ੈਤਾਂਨ ਬੀ ਉਨ੍ਹਾਂ ਦੇ ਵਿਚਕਾਰ ਪਰਮੇਸ਼੍ਵਰ ਦੇ ਅਗੇ ਆ ਖਲੋਤਾ। ਅਰ ਪਰਮੇਸ਼੍ਵਰ ਨੈ ਸ਼ੈਤਾਂਨ ਨੂੰ ਆਖਿਆ ਕਿ ਤੂੰ ਕਿਥੋਂ ਥੀਂ ਆਉਂਦਾ ਹੈਂ, ਤਦ ਸ਼ੈਤਾਂਨ ਨੈ ਉਤ੍ਰ ਦੇਕੇ ਪਰਮੇਸ਼੍ਵਰ ਨੂੰ ਆਖਿਆ ਕਿ ਜ਼ਮੀਂਨ ਉਪਰੋਂ ਫਿਰਦੇ ਅਰ ਇਧਰ ਉਧਰ ਥੀਂ ਫਿਰਦੇ ਚਲਿਆ ਆਉਂਦਾ ਹਾਂ। ਤਦ ਪਰਮੇਸ਼੍ਵਰ ਨੈ ਸ਼ੈਤਾਨ ਪਾਸੋਂ ਪੁਛਿਆ ਕਿ ਤੈਂ ਮੇਰੇ ਦਾਸ ਅਯੂਬ ਨੂੰ ਜਾਚਿਆਹੈ ਕਿ ਓਸਦੇ ਬਰਾਬਰ ਜਮੀਂਨ ਉਪਰ ਕੋਈ ਨਹੀਂ ਹੈ, ਓਹ ਸਿਧ ਅਰ ਖਰਾ ਮਨੁਖ ਈਸ਼੍ਵਰ ਥੀਂ ਡਰਦਾ ਅਰ ਪਾਪ ਥੀਂ ਵਖਰਾ ਰਹਿੰਦਾਹੈ,ਅਰ ਹੁਣ ਤਿਕ ਅਪਣੀ ਸਚਿਆਈ ਨੂੰ ਧਰ ਰਖਿਆ ਹੈ, ਅਰ ਤੈਂ ਮੈਨੂੰ ਓਸਦੇ ਐਵੇਂ ਮਾਰਣ ਨੂੰ ਚੁਕਿਆ ਹੈ। ਤਦ ਸ਼ੈਤਾਂਨ ਨੈ ਜ਼ਬਾਬ ਦੇਕੇ ਪਰਮੇਸ਼੍ਵਰ ਨੂੰ ਆਖਿਆ ਕਿ ਚਮੜੇ ਵਾਸਤੇ ਚਮ ਹਾਂ, ਜੋ ਮਨੁਖ ਦਾ ਹੈ ਸੋ ਅਪਣੇ ਪ੍ਰਾਣ ਦੇ ਵਾਸਤੇ ਦੇਵੇਗਾ, ਪ੍ਰੰਤੂ ਹੁਣ ਅਪਣਾ ਹਥ ਵਧਾ ਅਰ ਓਸਦੇ ਹਡ ਮਾਸ ਨੂੰ ਛੂਹ, ਤਦ ਉਹ ਨਿਰਸੰਦੇਹ ਤੈਨੂੰ ਤੇਰੇ ਸਾਮਣੇ ਤਿਆਗੇਗਾ। ਤਦ ਪਰਮੇਸ਼੍ਵਰ ਨੈ ਸ਼ੈਤਾਂਨ ਨੂੰ ਕਹਿਆ ਕਿ ਵੇਖ ਉਹ ਤੇਰੇ ਹਥ ਵਿਚ ਹੈ ਕੇਵਲ ਓਸਦੇ ਪ੍ਰਾਂਣ ਨੂੰ ਬਚਾ। ਤਦ ਸ਼ੈਤਾਂਨ ਪਰਮੇਸ਼੍ਵਰ ਦੇ ਅਗ ਥੀਂ ਚਲਿਆ ਗਿਆ, ਅਰ ਐਯੂਬ ਨੂੰ ਸਿਰ ਥੀਂ ਪੈਰਾਂਤਿਕ ਅਜਿਹਾ ਮਾਰਿਆ ਕਿ ਲਹੂ ਲਵਹਾਂਨ ਹੋਗਿਆ। ਜ਼ਬੂਰ ਅਯੂ੦ ੫੦੨। ਆ੦ ੧। ੨। ੩। ੪। ੫। ੬। ੭॥

(ਸਮੀਖਕ) ਹੁਣ ਵੇਖੋ! ਈਸਾਈਆਂ ਦੇ ਈਸ਼੍ਵਰ ਦਾ ਸਮਰਥ ਕਿ ਸ਼ੈਤਾਂਨ ਓਸਦੇ ਸਾਮਣੇ ਓਸਦੇ ਭਗਤਾਂ ਨੂੰ ਦੁਖ ਦਿੰਦਾ ਹੈ, ਨਾ ਸ਼ੈਤਾਨ ਨੂੰ ਡੰਡ, ਨਾ ਅਪਣੇ ਭਗਤਾਂ ਨੂੰ ਬਚਾ ਸਕਦਾ ਹੈ, ਅਰ ਨਾ ਦੂਤਾਂ ਵਿਚੋਂ ਕੋਈ ਓਸਦਾ ਸਾਮਣਾ ਕਰ ਸਕਦਾ ਹੈ, ਇਕ ਸ਼ੈਤਾਂਨ ਨੈ ਸਾਰਿਆਂ ਨੂੰ ਭੈਵਾਨ ਕਰ ਰਖਿਆ ਹੈ, ਅਰ ਈਸ਼੍ਵਰ ਬੀ ਸਰਵੱਗ ਨਹੀਂ ਹੈ, ਜੇ ਸਰਵਗੱ ਹੁੰਦਾਂ ਤਾਂ ਅਯੂਬ ਦੀ ਪਰੀਖਿਆ ਸ਼ੈਤਾਨ ਥੀਂ ਕਿਉਂ ਕਰਾਂਦਾ? ॥ ੫੮॥

## ਉਪਦੇਸ਼ ਦੀ ਪੁਸਤਕ

੫੯—ਹਾਂ ਮੇਰੇ ਅੰਤਹਕਰਣ ਨੈ ਬੁਧ ਅਰ ਗਿਆਂਨ ਬਹੁਤ ਵੇਖਿਆਹੈ, ਅਰ ਮੈਨੈ ਬੁਧੀ ਅਰ ਬੁਢੇਪਾ ਅਰ ਮੂਰਖਤਾ ਜਾਣਨ ਨੂੰ ਮਨ ਲਗਾਇਆ, ਮੈਨੈ ਜਾਂਣ ਲੀਤਾ ਕਿ ਇਹ ਬੀ ਮਨਦਾ ਝੂੰਝਟ ਹੈ, ਕਿਉਂਕਿ ਬਹੁਤ ਬੁਧੀ ਵਿਚ ਬਹੁਤ ਸ਼ੋਕ ਹੈ, ਅਰ ਜੋ ਗਿਆਂਨ ਵਿਚ ਵਧਦਾ ਹੈ ਉਹ ਦੁਖ ਵਿਚ

ਵਧਦਾ ਹੈ॥ ਜਨ ਉ੦ ਪ੦੧। ਆ੦ ੧੬। ੧੭। ੧੮॥

( ਸਮੀਖਕ ) ਹੁਣ ਵੇਖੋ ! ਜੋ ਬੁਧੀ ਅਰ ਗਿਆਨ ਪਰਯਾਇ ਵਾਚੀ ਹਨ ਉਨ੍ਹਾਂ ਨੂੰ ਦੋ ਮਨਦੇ ਹਨ, ਅਰ ਬੁਧੀ ਵਧੱਣ ਵਿਚ ਚਿੰਤਾ , ਅਰ ਦੁਖ ਮਨਣਾ ਬਿਨਾ ਅਵਿਦਵਾਨਾਂ ਦੇ ਅਜਿਹਾ ਲੇਖ ਕਉਣ ਕਰ ਸਕਦਾ ਹੈ ? ਏਸ ਵਾਸਤੇ ਇਹ ਬਾਇਬਲ ਈਸ਼੍ਵਰ ਦੀ ਬਣਾਈ ਤਾਂ ਕੀ, ਕਿਸੇ ਵਿਦਵਾਂਨ ਦੀ ਬੀ ਬਣਾਈ ਨਹੀਂ ਹੈ ॥ ੫੯ ॥

ਇਹ ਥੋੜਾ ਜਿਹਾ ਤੌਰੇਤ ਜਬੂਰ ਦੇ ਵਿਸ਼ੇ ਵਿਚ ਲਿਖਿਆ ਏਸਦੇ ਅਗੇ ਕੁਝ ਮਤੀ ਰਚਿਤ ਆਦੀ ਅੰਜੀਲ ਦੇ ਵਿਸ਼ੇ ਵਿਚ ਲਿਖਿਆ ਜਾਂਦਾ ਹੈ, ਜਿਸਨੂੰ ਈਸਾਈ ਲੋਕ ਬਹੁਤ ਪ੍ਰਮਾਣ ਭੂਤ ਮਨਦੇ ਹਨ, ਜਿਸਦਾ ਨਾਉਂ ਅੰਜੀਲ ਰਖਿਆ ਹੈ ਓਸਦੀ ਪ੍ਰੀਖਿਆ ਥੋੜੀ ਜਿਹੀ ਲਿਖਨੇ ਹਾਂ ਕਿ ਇਹ ਕਿਹ ਜਿਹੀ ਹੈ॥

## ਮੱਤੀ ਰਚਿਤ ਅੰਜੀਲ

੬੦—ਯਸੂ ਖ੍ਰਿਸ਼ਟ ਦਾ ਜਨਮ ਏਸਤਰਾਂ ਨਾਲ ਹੋਇਆ ਕਿ ਓਸਦੀ ਮਾਂ, ਮਰਯਮ ਦੀ ਯੂਸਫ ਨਾਲ ਮੰਗਣੀ ਹੋਈ ਸੀ, ਪਰ ਉਨ੍ਹਾਂ ਦੇ ਇਕਠਾ ਹੋਣ ਥੀਂ ਪਹਿਲਾਂ ਹੀ ਉਹ ਮਲੂਮ ਹੋਈ ਕਿ ਪਵਿਤ੍ਰ ਆਤਮਾ ਥੀਂ ਗਰਭ-ਵਤੀ ਹੈ, ਵੇਖੋ! ਪਰਮੇਸ਼ੂਰ ਦੇ ਦੂਤ ਨੇ ਸੁਪਨੇ ਵਿਚ ਓਸਨੂੰ ਦਰਸ਼ਨ ਦੇਕੇ ਆਖਿਆ ਹੇ ਦਾਊਦ ਦੇ ਸੰਤਾਨ ਯੂਸਫ! ਤੂੰ ਅਪਣੀ ਇਸਤ੍ਰੀ ਮਰਯਮ ਨੂੰ ਇਥੇ ਲਿਆਂਉਣ ਥੀਂ ਨਾ ਡਰ, ਕਿਉਂਕਿ ਓਸਨੂੰ ਜੋ ਗਰਭ ਰਹਿਆ ਹੈ ਸੋ ਪਵਿਤ੍ਰ ਆਤਮਾ ਥੀਂ ਹੈ॥ ਅੰ੦ ਪ੦ ੧। ਆ੦ ੧੮।੨੦॥

( ਸਮੀਖਕ ) ਇਨ੍ਹਾਂ ਗਲਾਂ ਨੂੰ ਕੋਈ ਵਿਦਵਾਂਨ ਨਹੀ ਮਨਸਕਦਾ ਕਿ ਜੋ ਪ੍ਰਤਖ ਆਦੀ ਪ੍ਰਮਾਣ ਅਰ ਸ੍ਰਿਸ਼ਟੀ ਕ੍ਰਮ ਥੀਂ ਉਲਟੀ ਹਨ, ਇਨ੍ਹਾਂ ਗਲਾਂ ਦਾ ਮਨਣਾ ਮੂਰਖ ਮਨੁਖ ਜੰਗਲੀਆਂ ਦਾ ਕੰਮ ਹੈ, ਸਭ੍ਯਾ ਦੇ ਜੋਗ ਵਿਦਵਾਨਾਂ ਦਾ ਨਹੀ, ਭਲਾ ਜੋ ਪ੍ਰਮੇਸ਼ੂਰ ਦਾ ਨੇਮ ਹੈ ਓਸਨੂੰ ਕੋਈ ਤੋੜ ਸ-ਕਦਾ ਹੈ? ਜੋ ਪਰਮੇਸ਼ੂਰ ਬੀ ਨਿਯਮ ਨੂੰ ਉਲਟਾ ਪੁਲਟਾ ਕਰੇ ਤਾਂ ਓਸਦੀ ਆਗਿਆ ਨੂੰ ਕੋਈ ਨਾ ਮਨੇ, ਅਰ ਉਹ ਬੀ ਸਰਵੱਗ ਅਰ ਨਿਰਭਰਮ ਹੈ, ਏਸਤਰਾਂ ਤਾਂ ਜਿਸ ਜਿਸ ਕੁਆਰੀ ਨੂੰ ਗਰਭ ਹੋ ਜਾਵੇ ਤਦ ਸਭ ਕੋਈ ਕਹ ਸਕਦੇ ਹਨ ਕਿ ਏਸ ਵਿਚ ਗਰਭ ਦਾ ਰਹਿਣਾ ਈਸ਼੍ਵਰ ਵਲੋਂ ਹੈ, ਅਰ ਝੂਠ ਮੂਠ ਕਹਿ ਦੇਵੇ ਕਿ ਪਰਮੇਸ਼ੂਰਦੇ ਦੂਤਨੇ ਮੈਨੂੰ ਸੁਪਨੇ ਵਿਚ ਕਹਿ ਦਿਤਾ ਹੈ ਕਿ ਇਹ ਗਰਭ ਪਰਮਾਤਮਾਂ ਦੀ ਤਰਫ ਥੀਂ ਹੈ, ਜਿਹਾ ਇਹ ਅਸੰਭਵ ਪ੍ਰਪੰਚ ਰਚਿਆ ਹੈ ਉਸੇਤਰਾਂ ਸੂਰਜ ਥੀਂ ਕੁੰਤੀਦਾ ਗਰਭਵਤੀ ਹੋਣਾ ਬੀ ਪੁਰਾਣਾਂਵਿਚ ਅਸੰਭਵ ਲਿਖਿਆ ਹੈ, ਅਜਿਹੀ ਅਜਿਹੀ ਗਲਾਂ ਨੂੰ ਅਖਦੇ ਅਨ੍ਹੇ, ਗੰਢ

ਦੇ ਪੂਰੇ ਲੋਕ ਮਨਕੇ ਭ੍ਰਮ ਜਾਲ ਵਿਚ ਡਿਗਦੇ ਹਨ, ਏਹ ਅਜਿਹੀ ਗਲ ਹੋਈ ਹੋਵੇਗੀ ਕਿਸੇ ਪੁਰਖ ਦੇ ਨਾਲ ਸਮਾਗਮ ਹੋਣ ਥੀਂ ਗਰਭਵਤੀ ਮਰਯਮ ਹੋਈ ਹੋਵੇਗੀ, ਓਸਨੇ ਵਾ ਕਿਸੇ ਦੂਜੇ ਨੇ ਅਜਿਹੀ ਅਣਬਣਦੀ ਗਲ ਉਡਾ ਦਿਤੀ ਹੋਵੇਗੀ ਕਿ ਏਸ ਵਿਚ ਗਰਭ ਈਸ਼੍ਵਰ ਦੀ ਤਰਫੋਂ ਹੈ ॥ ੬੦ ॥

੬੧–ਤਦ ਆਤਮਾ ਯਸੂ ਨੂੰ ਜੰਗਲ ਵਿਚ ਲੈਗਿਆ ਕਿ ਸ਼ੈਤਾਨ ਥੀਂ ਉਸਦੀ ਪ੍ਰੀਖਿਆ ਕੀਤੀ ਜਾਵੇ, ਉਹ ਚਾਲੀ ਦਿਨ ਅਰ ਚਾਲੀ ਰਾਤ ਰੋਜ਼ਾ ਰਖਕੇ ਪਿਛੇ ਭੁਖਾ ਹੋਇਆ, ਤਦ ਪ੍ਰੀਖਿਆ ਕਰਨਹਾਰੇ ਨੇ ਕਹਿਆ ਕਿ ਤੂੰ ਈਸ਼੍ਵਰ ਦਾ ਪੁਤ੍ਰ ਹੈਂ ਤੂੰ ਕਹਿ ਦੇਹ ਕਿ ਇਹ ਪਥੱਰ ਰੋਟੀਆਂ ਬਣ ਜਾਨ ॥ ਅੰ੦ ੫੦੪ । ਆ੦ ੧।੨।੩॥

( ਸਮੀਖਕ ) ਏਸ ਥੀਂ ਸਫਾ ਸਿਧ ਹੁੰਦਾ ਹੈ ਕਿ ਈਸਾਈਆਂ ਦਾ ਈਸ਼੍ਵਰ ਸਰਬਗੱ ਨਹੀਂ, ਕਿਉਂਕਿ ਜੇ ਸਰਵਗੱ ਹੁੰਦਾ ਤਾਂ ਓਸਦੀ ਪ੍ਰੀਖਿਆ ਸ਼ੈਤਾਂਨ ਥੀਂ ਕਿਉਂ ਕਰਾਂਦਾ? ਆਪ ਜਾਂਣ ਲੈਂਦਾ? ਭਲਾ ਕਿਸੇ ਈਸਾਈ ਨੂੰ ਅਜਕਲ ਚਾਲੀ ਰਾਤ ਚਾਲੀ ਦਿਨ ਭੁਖੱਾ ਰਖੀਏ ਤਾਂ ਕਦੀ ਬਚ ਸਕੇਗਾ ? ਅਰ ਏਸ ਥੀਂ ਇਹ ਬੀ ਸਿਧ ਹੋਇਆ ਕਿ ਨਾ ਉਹ ਈਸ਼੍ਵਰ ਦਾ ਪੁਤ੍ਰ ਅਰ ਨਾ ਕੁਝ ਓਸ ਵਿਚ ਕਰਾਮਾਤ ਅਰਥਾਤ ਸਿਧੀ ਸੀ, ਨਹੀਂ ਤਾਂ ਸ਼ੈਤਾਂਨ ਦੇ ਸਾਂਮਣੇ ਪਥੱਰ ਰੋਟੀਆਂ ਕਿਉਂ ਨਾ ਬਣਾ ਦਿੰਦਾ ? ਅਰ ਆਪ ਭੁਖੱਾ ਕਿਉਂ ਰਹਿੰਦਾ ? ਅਰ ਸਿਧਾਂਤ ਇਹ ਹੈ ਕਿ ਜੋ ਪਰਮੇਸ਼੍ਵਰ ਨੇ ਪਥੱਰ ਬਣਾਏ ਹਨ ਉਨ੍ਹਾਂ ਨੂੰ ਰੋਟੀਆਂ ਕੋਈ ਬੀ ਨਹੀਂ ਬਣਾ ਸਕਦਾ, ਅਰ ਈਸ਼੍ਵਰ ਬੀ ਪਹਲੇ ਬਣਾਏ ਹੋਏ ਨੇਮ ਨੂੰ ਉਲਟਾ ਨਹੀਂ ਕਰ ਸਕਦਾ, ਕਿਸ ਕਰਕੇ ਉਹ ਸਰਬਗੱ ਅਰ ਓਸਦੇ ਸਭ ਕੰਮ ਬਿਨਾ ਭੁਲ ਚੁਕ ਦੇ ਹਨ ॥ ੬੧ ॥

੬੨–ਓਸਨੇ ਉਨ੍ਹਾਂ ਨੂੰ ਆਖਿਆ ਮੇਰੇ ਪਿਛੇ ਆਓ ਮੈਂ ਤੁਹਾਨੂੰ ਮਨੁਖੱਾਂਦੇ ਮਛੂਏ ਬਣਾਵਾਂਗਾ, ਉਹ ਜਲਦੀ ਜਾਲਾਂ ਨੂੰ ਛਡਕੇ ਓਸਦੇ ਪਿਛੇ ਹੋਗਏ ॥ ਅੰ੦ ਪ੦੪।ਆ੦੧੯।੨੦।੨੧॥

( ਸਮੀਖਕ ) ਮਲੂੰਮ ਹੁੰਦਾ ਹੈ ਕਿ ਇਸੇ ਪਾਪ ਅਰਥਾਤ ਜੋ ਤੌਰੇਤ ਵਿਚ ਦਸਾਂ ਆਗਿਆਂ ਦੇ ਵਿਚ ਲਿਖਿਆ ਹੈ ਕਿ ( ਸੰਤਾਨਲੋਕ ਅਪਣੇ ਮਾਤਾ ਪਿਤਾ ਦੀ ਸੇਵਾ, ਅਰ ਮਾਨ ਕਰਨ ਜਿਸ ਕਰ ਉਨ੍ਹਾਂ ਦੀ ਉਮਰ ਵੱਧੇ ਸੋ ) ਈਸਾ ਨੇ ਨਾ ਅਪਣੇ ਮਾਂ, ਪਿਉ ਦੀ ਸੇਵਾ ਕੀਤੀ, ਅਰ ਦੂਜੇ ਬੀ ਮਾਂ, ਪਿਉ ਦੀ ਸੇਵਾ ਥੀਂ ਛੁਡਾਏ,ਇਸੇ ਅਪ੍ਰਾਧ ਥੀਂ ਚਿਰੰਜੀਵੀ ਨਾ ਰਿਹਾ,ਅਰ ਏਹ ਬੀ ਮਲੂੰਮ ਹੋਇਆ ਕਿ ਈਸਾ ਨੇ ਮਨੁਖੱਾਂ ਦੇ ਫਸਾਣ ਦੇ ਵਾਸਤੇ ਇਕ ਮਤ ਚਲਾਇਆ ਹੈ ਕਿ ਜਾਲ ਵਿਚ ਮਛੀ ਦੇ ਵਾਙਣ ਮਨੁਖਾਂ ਨੂੰ ਅਪਣੇ ਮਤ ਵਿਚ ਫਸਾਕੇ ਅਪਣਾ ਮਤਬਲ ਸਾਧੀਏ, ਜਦ ਈਸਾਹੀ ਅਜਿਹਾ ਸੀ ਤਾਂ ਅਜ ਕਲ ਦੇ ਪਾਦਰੀ ਲੋਕ ਅਪਣੇ ਜਾਲ ਵਿਚ ਮਨੁਖੱਾਂ ਨੂੰ ਫਸਾਂਨ ਤਾਂ ਕੀ,ਅਚਰਜ ਹੈ,

ਕਿਉਂਕਿ ਜਿਸਤਰਾਂ ਵਡੀ ਵਡੀ ਅਰ ਬਹੁਤ ਮੱਛੀਆਂ ਨੂੰ ਜਾਲ ਵਿਚ ਫਸਾਣ ਵਾਲੇ ਦੀ ਨਾਮਵਰੀ ਅਰ ਜੀਉਕਾ ਅਛੀ ਹੁੰਦੀ ਹੈ ਇਸੇਤਰਾਂ ਜੋ ਬਹੁਤਿਆਂ ਨੂੰ ਅਪਣੇ ਮਤ ਵਿਚ ਫਸਾ ਲਵੇ ਓਸਦੀ ਵਧੀਕ ਨਾਮਵਰੀ ਅਰ ਜੀਵਕਾ ਅਛੀ ਹੁੰਦੀ ਹੈ, ਇਸੇ ਕਰਕੇ ਏਹ ਲੋਕ ਜਿਨ੍ਹਾਂ ਨੇ ਵੇਦ ਅਰ ਸ਼ਾਸਤ੍ਰਾਂ ਨੂੰ ਨਾ ਪੜਿਆ ਨਾ ਸੁਣਿਆਂ ਉਨ੍ਹਾਂ ਵਿਚਾਰੇ ਭੋਲੇ ਮਨੁਖਾਂ ਨੂੰ ਅਪਣੇ ਜਾਲ ਵਿਚ ਫਸਾਕੇ ਓਹਦੇ ਮਾਂ ਪਿਉ, ਕੁਟੰਬ ਆਦੀ ਥੀਂ ਵਖਰਾ ਕਰ ਦਿੰਦੇ ਹਨ, ਏਸ ਥੀਂ ਸਭ ਵਿਦਵਾਂਨ ਆਰਯਾਂ ਨੂੰ ਉਚਿੱਤ ਹੈ ਕਿ ਆਪ ਇਨ੍ਹਾਂ ਦੇ ਭਰਮ ਜਾਲ ਥੀਂ ਬਚਕੇ ਹੋਰਨਾ ਅਪਣੇ ਭੋਲੇ ਭ੍ਰਾਵਾਂ ਦੇ ਬਚਾਣ ਵਿਚ ਤਤਪਰ ਰਹਿਨ ॥ ੬੨ ॥

੬੩--ਤਦ 'ਯਸੂ' ਸਾਰੇ ਗਾਲੀਲ ਦੇਸ਼ ਵਿਚ ਉਨ੍ਹਾਂ ਦੀਆਂ ਸਭਾਂ ਵਿਚ ਉਪਦੇਸ਼ ਕਰਦਾ ਹੋਇਆ ਅਰ ਰਾਜ ਦਾ ਚੰਗਾ ਸਮਾਚਾਰ ਪ੍ਰਚਾਰ ਕਰਦਾ ਹੋਇਆ, ਅਰ ਲੋਕਾਂ ਵਿਚ ਹਰ ਇਕ ਰੋਗ ਅਰ ਹਰ ਬਮਾਰੀ ਨੂੰ ਚੰਗਾ ਕਰਦਾ ਹੋਇਆ ਫਿਰਦਾ ਸੀ। ਸਾਰੇ ਬਮਾਰਾਂ ਨੂੰ ਜੋ ਕਈਤਰਾਂ ਦੀ ਬਮਾਰੀਆਂ ਅਰ ਪੀੜਾਂ ਕਰਕੇ ਦੁਖੀ ਸਨ, ਅਰ ਭੂਤ ਗ੍ਰਸਤਾਂ ਅਰ ਮਿਰਗੀ ਵਾਲੇ ਅਰ ਅਰਧੰਗੀਆਂ ਨੂੰ ਓਸਦੇ ਪਾਸ ਲਿਆਏ ਅਰ ਓਸਨੇ ਚੰਗਾ ਕੀਤਾ ॥ ਅੰ੦ ਮਤੀ੦ਪ੦੪।ਆ੦ ੨੩। ੨੪। ੨੫॥

(ਸਮੀਖਕ) ਜਿਸਤਰਾਂ ਅਜ ਕਲ ਪੋਪਲੀਲਾ ਕਢਣੇ, ਮੰਤ੍ਰ, ਪੁਰਸਚਰਣ, ਅਸ਼ੀਰਵਾਦ, ਬੀਜ ਅਰ ਭਸਮ ਦੀ ਚੁਟਕੀ ਦੇਣ ਥੀਂ ਭੂਤਾਂ ਨੂੰ ਕਢਣਾ, ਰੋਗਾਂ ਨੂੰ ਛੁਡਾਣਾ ਸੱਚਾ ਹੋਵੇ ਤਾਂ ਉਹ ਅੰਜੀਲ ਦੀ ਗਲ ਬੀ ਸੱਚੀ ਹੋਵੇ, ਏਸ ਕਰਕੇ ਭੋਲੇ ਮਨੁਖਾਂ ਨੂੰ ਭ੍ਰਮ ਵਿਚ ਫਸਾਣ ਦੇ ਵਾਸਤੇ ਇਹ ਗੱਲਾਂ ਹਨ, ਜੋ ਈਸਾਈ ਲੋਕ ਈਸਾ ਦੀ ਗਲਾਂ ਨੂੰ ਮਨਦੇ ਹਨ ਤਾਂ ਇੱਥੋਂ ਦੀ ਦੇਵੀ ਦੇ ਪੋਪਾਂ ਦੀਆਂ ਗਲਾਂ ਕਿਉਂ ਨਹੀਂ ਮਨਦੇ? ਕਿਸ ਕਰਕੇ ਉਹ ਗੱਲਾਂ ਇਨ੍ਹਾਂ ਦੇਹੀ ਵਾਙਣ ਹਨ ॥ ੬੩ ॥

੬੪--ਧਨ ਉਹ ਜੋ ਮਨ ਵਿਚ ਦੀਨ ਹਨ, ਕਿਸ ਕਰਕੇ ਜੋ ਸ੍ਵਰਗ ਦਾ ਰਾਜ ਉਨ੍ਹਾਂ ਹੀ ਦਾ ਹੈ, ਕਿਉਂਕਿ ਮੈਂ ਤੁਹਾਨੂੰ ਸਚ ਕਹਿੰਦਾ ਹਾਂ ਕਿ ਜਿਥੋਂ ਤਿਕ ਅਕਾਸ਼ ਅਰ ਪ੍ਰਿਥਵੀ ਟਲ ਨਾ ਜਾਂਨ ਤਦ ਤਿਕ ਵਿਵਸਥਾ ਥੀਂ ਇਕ ਮਾਤ੍ਰਾ ਅਥਵਾ ਇਕ ਬਿੰਦੀ ਬਿਨਾ ਪੂਰਾ ਹੋਏ ਨਹੀਂ ਟਲੇਗਾ। ਏਸ ਵਾਸਤੇ ਇਨ੍ਹਾਂ ਅਤੀ ਛੋਟੀ ਆਗਿਆਂ ਵਿਚੋਂ ਇਕ ਨੂੰ ਛਪਾਕੇ ਹੋਰ ਲੋਕਾਂ ਨੂੰ ਉਸੇ ਤਰਾਂ ਸਿਖਾਵੇ ਉਹ ਸ੍ਵਰਗ ਦੇ ਰਾਜ ਵਿਚ ਸਾਰਿਆਂ ਥੀਂ ਨਿੱਕਾ ਕਹਾਵੇਗਾ ॥ ਅੰ੦ ਮਤੀ ੦ ੫੦੫। ਆ੦ ੩।੪।੧੮।੧੯ ॥

(ਸਮੀਖਕ) ਜੇਕਰ ਸ੍ਵਰਗ ਇਕ ਹੈ ਤਾਂ ਰਾਜ ਬੀ ਇਕ ਹੋਣਾ ਚਾਹੀਏ, ਏਸਵਾਸਤੇ ਜਿਨੇ ਦੀਨ ਹੋਂਨ ਸਾਰੇ ਸ੍ਵਰਗ ਨੂੰ ਜਾਂਨਗੇ ਤਾਂ ਸ੍ਵਰਗ ਵਿਚ

ਰਾਜ ਦਾ ਅਧਕਾਰ ਕਿਸਨੂੰ ਹੋਵੇਗਾ ? ਅਰਥਾਤ ਇਕ ਦੂਜੇ ਨਾਲ ਲੜਾਈ ਭਿੜਾਈ ਕਰਨਗੇ, ਅਰ ਰਾਜ ਵਿਵਸਥਾ ਖੰਡ ਬੰਡ ਹੋ ਜਾਵੇਗੀ ? ਅਰ ਦੀਨ ਦੇ ਕਹਣ ਕਰਕੇ ਜੇ ਕੰਗਾਲ ਲਵੋਂਗੇ ਤਦ ਤਾਂ ਠੀਕ ਨਹੀ, ਜੋ ਨਿਰ ਅਭਿਮਾਂਨੀ ਲਵੋਂਗੇ ਤਾਂ ਬੀ ਠੀਕ ਨਹੀਂ, ਕਿਉਂਕਿ ਦੀਨ ਅਰ ਅਭਿਮਾਨ ਦਾ ਇਕ ਅਰਥ ਨਹੀਂ, ਕਿੰਤੂ ਜੋ ਮਨ ਵਿਚ ਦੀਨ ਹੁੰਦਾ ਹੈ ਓਸਨੂੰ ਸੰਤੋਖ ਕਦੀ ਨਹੀ ਹੁੰਦਾ, ਏਸਵਾਸਤੇ ਇਹ ਗਲੱ ਠੀਕ ਨਹੀਂ । ਜਦ ਅਕਾਸ਼ ਪ੍ਰਿਥਵੀ ਟਲ ਜਾਂਨ ਤਦ ਵਿਵਸਥਾ ਬੀ ਟਲ ਜਾਵੇਗੀ, ਅਜਿਹੀ ਅਨਿਤ੍ਯ ਵਿਵਸਥਾ ਮਨੁਖੱਾਂ ਦੀ ਹੁੰਦੀ ਹੈ ਸਰਬਗ ਈਸ਼੍ਵਰ ਦੀ ਨਹੀਂ, ਅਰ ਇਹ ਇਕ ਲੋਭ ਅਰ ਡਰਾਵਾ ਜਿਹਾ ਦਿਤੱਾ ਹੈ ਕਿ ਜਿਹਿੜਾ ਇਨ੍ਹਾਂ ਆਗਿਆਂ ਨੂੰ ਨਾ ਮਨੇਗਾ ਉਹ ਸ੍ਵਰਗ ਵਿਚ ਸਾਰਿਆਂ ਥੀਂ ਛੋਟਾ ਗਿਨਿਆ ਜਾਵੇਗਾ ੬੪

੬੫—ਸਾਡੀ ਦਿਨ ਭਰਦੀ ਰੋਟੀ ਅਜ ਸਾਨੂੰ ਦੇਹ। ਅਪਣੇ ਵਾਸਤੇ ਪ੍ਰਿਥਵੀ ਉਪਰ ਧਨ ਦਾ ਅਕੱਠ ਨਾ ਕਰੋ ॥ ਅੰ० ਮ ੦ ਪ० ੬। ਆ० ੧੧। ੧੯ ॥

( ਸਮੀਖਕ ) ਏਸਥੀਂ ਮਲੂੰਮ ਹੁੰਦਾ ਹੈ ਕਿ ਜਿਸ ਵੇਲੇ ਈਸਾ ਦਾ ਜਨਮ ਹੋਇਆ ਹੈ ਉਸ ਵੇਲੇ ਲੋਕ ਜੰਗਲੀ ਅਰ ਕੰਗਾਲ ਸਨ, ਤਿਸਤਰਾਂ ਈਸਾ ਬੀ ਉਸੇਤਰਾਂ ਕੰਗਾਲ ਸੀ, ਇਸੇਵਾਸਤੇ ਤਾਂ ਦਿਨ ਭਰਦੀ ਰੋਟੀ ਦੇ ਮਿਲਣ ਵਾਸਤੇ ਈਸ਼੍ਵਰ ਦੀ ਪ੍ਰਾਰਥਨਾ ਕਰਦਾ ਅਰ ਸਿਖਾਂਦਾ ਹੈ, ਜਦ ਏਸ ਤਰਾਂ ਹੈ ਤਾਂ ਈਸਾਈ ਲੋਕ ਧਨ ਅਕੱਠਾ ਕਿਉਂ ਕਰਦੇ ਹਨ? ਉਨ੍ਹਾਂ ਨੂੰ ਚਾਹੀਏ ਕਿ ਈਸਾ ਦੇ ਬਚਨ ਥੀਂ ਉਲਟਾ ਨਾ ਚਲਕੇ ਸਾਰੇ ਦਾਨ ਪੁੰਨ ਕਰਕੇ ਦੀਨ ਹੋ ਜਾਂਨ ॥ ੬੫ ॥

੬੬ - ਹਰਇਕ ਜੋ ਮੈਨੂੰ ਹੇ ਸੁਆਮੀਰ ਕਹਿੰਦਾ ਹੈ ਸੁਰਗ ਦੇ ਰਾਜ ਵਿਚ ਪ੍ਰਵੇਸ਼ ਨਾ ਕਰੇਗਾ ॥ ਅੰ० ਮ ० ਪ ० ੭ ਆ ० ੨੧॥

( ਸਮੀਖਕ ) ਹੁਣ ਵਿਚਾਰੋ ਵਡੇ ਵਡੇ ਪਾਦਰੀ ਬਿਸ਼ਪ ਸਾਹਿਬ ਅਰ ਈਸਾਈ ਲੋਕ ਜੋ ਇਹ ਈਸਾਦਾ ਵਚਨ ਸਤ ਹੈ ਏਸਤਰਾਂ ਸਮਝਨ ਤਾਂ ਈਸਾ ਨੂੰ ਪ੍ਰਭੂ ਅਰਥਾਤ ਈਸ਼੍ਵਰ ਕਦੀ ਨਾ ਕਹਿਨ, ਜੇਕਰ ਏਸ ਗਲ ਨੂੰ ਨਾ ਮਨਨ ਗੇ ਤਾਂ ਪਾਪ ਥੀਂ ਕਦੀ ਨਾ ਬਚ ਸਕਨ ਗੇ ॥ ੬੬ ॥

੬੭—ਓਸ ਦਿਨ ਵਿਚ ਬਹੁਤੇਰੇ ਮੈਨੂੰ ਕਹਿਨ ਗੇ ਤਦ ਮੈਂ ਉਨ੍ਹਾਂ ਨੂੰ ਖੋਲਕੇ ਕਹੂੰ ਗਾ ਮੈਨੇ ਤੁਹਾਨੂੰ ਕਦੀ ਨਹੀ ਜਾਣਿਆਂ ਹੈ ਖੋਟੇ ਕਰਮ ਕਰਨ ਹਾਰਿਓ ਮੇਰੇ ਥੀਂ ਦੂਰ ਹੋਵੋ ॥ ਅੰ० ਮ० ਪ०।੭।ਆ०੨੨।੨੩॥

(ਸਮੀਖਕ) ਵੇਖੋ ! ਈਸਾ ਜੰਗਲੀ ਮਨੁਖੱਾਂ ਦੇ ਵਿਸ਼੍ਵਾਸ ਕਰਾਂਣ ਦੇ ਵਾਸਤੇ ਸ੍ਵਰਗ ਵਿਚ ਨਿਆਂਧੀਸ਼ ਬਣਨਾ ਚਾਹਿੰਦਾ ਸੀ ਇਹ ਨਿਰਾ ਭੋਲੇ ਮਨੁਖੱਾਂ ਨੂੰ ਲੋਭ ਦੇਣ ਦੀ ਗਲੱ ਹੈ ॥ ੬੭॥

੬੮।—ਹੋਰ ਵੇਖੋ! ਇਕ ਕੋੜ੍ਹੇ ਨੇ ਆਕੇ ਓਸ ਨੂੰ ਮਥਾ ਟੇਕਕੇ ਆਖਿਆ ਹੇ ਪ੍ਰਭੂ ਜੇਕਰ ਤੁਸੀਂ ਚਾਹੋ ਤਾਂ ਮੈਨੂੰ ਚੰਗਾ ਕਰ ਸਕਦੇਓ? ਯਸੂ ਨੇ ਹਥ ਅੱਗੇ ਕਰਕੇ ਓਸਨੂੰ ਛੁਹਕੇ ਕਹਿਆ ਮੈਂ ਤਾਂ ਚਾਹੁੰਦਾ ਹਾਂ ਸ਼ੁਧ ਹੋਜਾ, ਅਰ ਓਸਦਾ ਕੋਹੜ ਤੁਰਤ ਸਾਫ ਹੋਗਿਆ ॥ ਅੰ० ਮ०। ਪ० ੮। ਆ० ੨। ੩ ॥

( ਸਮੀਖਕ ) ਇਹ ਸਾਰੀਆਂ ਗੱਲਾਂ ਭੋਲੇ ਮਨੁੱਖਾਂ ਦੇ ਫਸਾਂਣ ਦੀਆਂ ਹਨ, ਕਿਸਕਰਕੇ ਜਦ ਈਸਾਈ ਲੋਕ ਇਨ੍ਹਾਂ ਵਿਦਿਆ ਸ੍ਰਿਸ਼ਟੀ ਕ੍ਰਮ ਵਿਰੁਧ ਗਲਾਂ ਨੂੰ ਸਚ ਮਨਦੇ ਹਨ, ਸ਼ੁਕ੍ਰਾਚਾਰਯ, ਧਨ੍ਵੰਤਰੀ, ਕਸ਼ਪ ਆਦੀ ਦੀ ਗਲ ਜੋ ਪੁਰਾਣ ਅਰ ਭਾਰਤ ਵਿਚ ਅਨੇਕ ਦੈਤਾਂ ਦੀ ਮਰੀ ਹੋਈ ਸੈਨਾ ਨੂੰ ਜੁਆ ਦਿੱਤਾ; ਬ੍ਰਿਹਸਪਤੀ ਦੇ ਪੁਤ੍ਰ ਕਚ ਨੂੰ ਟੋਟੇ੨ ਕਰਕੇ ਜਨਾਉਰ ਅਰ ਮਛੀਆਂ ਨੂੰ ਖੁਆ ਦਿੱਤਾ ਫਿਰ ਬੀ ਸ਼ੁਕ੍ਰਾਚਾਰਯ ਨੇ ਜੀਉਂਦਾ ਕਰ ਦਿੱਤਾ, ਪਿਛੋਂ ਕਚ ਨੂੰ ਮਾਰਕੇ ਸ਼ੁਕ੍ਰਾਚਾਰਜ ਨੂੰ ਖੁਆ ਦਿੱਤਾ, ਫੇਰ ਓਸਨੂੰ ਪੇਟ ਵਿਚ ਜੀਉਂਦਾ ਕਰਕੇ ਬਾਹਿਰ ਕਢਿਆ ਆਪ ਮਰਗਿਆ, ਓਸ ਨੂੰ ਕਚਨੇ ਜੀਉਂਦਾ ਕੀਤਾ, ਕਸ਼ੱਪ ਰਿਖੀ ਨੇ ਮਨੁਖ ਸਮੇਤ ਬ੍ਰਿਖ ਨੂੰ ਤਖੱਕ ਥੀਂ ਭਸਮ ਹੋਏ ਪਿੱਛੇ ਫੇਰ ਬ੍ਰਿਖ ਅਰ ਮਨੁਖ ਨੂੰ ਜੁਆ ਦਿੱਤਾ, ਧਨ੍ਵੰਤਰੀ ਨੇ ਲਖਾਂ ਮੁਰਦੇ ਜੁਆਏ, ਲੱਖਾਂ ਕੋੜ੍ਹੇ ਆਦੀ ਬਮਾਰਾਂਨੂੰ ਚੰਗਾ ਕੀਤਾ, ਲਖਾਂ ਅਨ੍ਹੇ ਅਰ ਡੋਰਿਆਂ ਨੂੰ ਅੱਖਾਂ ਅਰ ਕੰਨ ਦਿੱਤੇ, ਇਤਆਦੀ ਕਥਾਂ ਨੂੰ ਝੂਠ ਕਿਉਂ ਕਹਿੰਦੇ ਹਨ? ਜੋ ਉਪਰ ਦੀਆਂ ਗੱਲਾਂ ਝੂਠ ਹਨ ਤਾਂ ਈਸਾ ਦੀ ਗਲ ਝੂਠ ਕਿਉਂ ਨਹੀ? ਜੋ ਦੂਜੇ ਦੀ ਗਲ ਨੂੰ ਝੂਠ ਅਰ ਅਪਨੀ ਝੂਠੀ ਨੂੰ ਸਚੀ ਕਹਿੰਦੇ ਹਨ ਤਾਂ ਹੱਠੀ ਕਿਉ ਨਹੀਂ? ਏਸ ਵਾਸਤੇ ਈਸਾਈਆਂ ਦੀਆਂ ਗਲਾਂ ਨਿਰੇ ਹਠ ਅਰ ਮੁੰਡਿਆਂ ਵਾਕਣ ਹਨ ॥੬੮॥

੬੯—ਤਦ ਭੂਤਗ੍ਰਸਤ ਮਨੁਖ ਕਬਰਸਤਾਨ ਵਿਚੋਂ ਨਿਕਲਕੇ ਓਸ ਨੂੰ ਆ ਮਿਲੇ, ਜੋ ਇਥੋਂ ਤਿਕ ਬਹੁਤ ਹੀ ਡਾਢੇ ਸਨ ਕਿ ਓਸ ਰਾਹ ਥੀਂ ਕੋਈ ਨਹੀਂ ਜਾ ਸਕਦਾ ਸੀ, ਅਰ ਵੇਖੋ! ਉਨ੍ਹਾਂ ਨੇ ਚੀਕ ਮਾਰਕੇ ਕਹਿਆ ਹੇ ਯਸੂਹ ਈਸ਼੍ਵਰ ਦ ਪੁਤ੍ਰ! ਤੁਹਾਨੂੰ ਸਾਡੇ ਨਾਲ ਕੀ, ਕੰਮ? ਕੀ, ਤੁਸੀਂ ਵੇਲੇ ਥੀਂ ਅੱਗੇ ਸਾਨੂੰ ਦੁਖ ਦੇਣਨੂੰ ਇਥੇ ਆਏਓ? ਸੋ ਭੂਤਾਂ ਨੇ ਓਸ ਨੂੰ ਬੇਨਤੀ ਕਰਕੇ ਕਹਿਆ ਜੋ ਤੁਸੀਂ ਸਾਨੂੰ ਕਢਦੇਓ ਤਾਂ ਸੂਰਾਂ ਦੇ ਇਜੜ ਵਿਚ ਜਾਣਦੇਓ, ਓਸ ਨੇ ਉਨ੍ਹਾਂ ਨੂੰ ਕਹਿਆ ਜਾਓ, ਅਰ ਉਹ ਨਿਕਲਕੇ ਸੂਰਾਂ ਦੇ ਇਜੜ ਵਿਚ ਗਏ । ਅਰ ਵੇਖੋ! ਸੂਰਾਂ ਦਾ ਸਾਰਾ ਝੁੰਡ ਢਿੱਥੇ ਉਪਰੋਂ ਸਮੁੰਦ੍ਰ ਵਿਚ ਦੌੜ ਗਿਆ, ਅਰ ਪਾਣੀ ਵਿਚ ਡੁਬ ਮੁਇਆ ॥ ਅੰ० ਮ० ਪ० ੮। ਆ० ੨੮। ੨੯। ੩०। ੩੧ ੩੨। ੩੩ ॥

( ਸਮੀਖਕ ) ਭਲਾ ਇੱਥੇ ਥੋੜਾ ਜਿਹਾ ਵਿਚਾਰ ਕਰਨ ਤਾਂ ਇਹ ਗਲਾਂ ਸਾਰੀਆਂ ਝੂਠੀਆਂ ਹਨ, ਕਿਉਕਿ ਮੁਇਆਂ ਹੋਇਆਂ ਮਨੁਖੱ ਕਬਰਸਤਾ-

ਨ ਵਿਚੋਂ ਕਦੀ ਨਹੀਂ ਨਿਕਲ ਸਕਦਾ, ਉਹ ਸੋ ਗੱਲ ਨਾ ਜਾਂਦੇ ਨਾ ਗਲਾਂ ਕਰਦੇ ਹਨ, ਇਹ ਸਾਰੀਆਂ ਗੱਲਾਂ ਅਗਿਆਨੀ ਲੋਕਾਂ ਦੀਆਂ ਹਨ, ਜੋ ਕਿ ਮਹਾਂ ਜੰਗਲੀ ਹਨ ਉਹ ਅਜਿਹੀ ਗਲਾਂ ਉਪਰ ਨਿਸਚਾ ਲਿਆਉਂਦੇ ਹਨ, ਅਰ ਉਨ੍ਹਾਂ ਸੂਰਾਂ ਦੀ ਹਤਿਆ ਕਰਾਈ, ਸੂਰ ਵਾਲਿਆਂ ਦਾ ਨੁਕਸਾਨ ਕਰਨ ਦਾ ਪਾਪ ਈਸਾ ਨੂੰ ਹੋਇਆ ਹੋਵੇਗਾ, ਅਰ ਈਸਾਈ ਲੋਕ ਈਸਾ ਨੂੰ ਪਾਪ ਬਖਸ਼ਣੇ ਅਰ ਪਵਿਤ੍ਰ ਕਰਨੇ ਵਾਲਾ ਮਨਦੇ ਹਨ ਤਾਂ ਉਨ੍ਹਾਂ ਭੂਤਾਂ ਨੂੰ ਪਵਿਤ੍ਰ ਕਿਉਂ ਨਾ ਕਰ ਸਕਿਆ ? ਅਰ ਸੂਰ ਵਾਲਿਆਂ ਦਾ ਨੁਕਸਾਨ ਕਿਉਂ ਨਾ ਕਰ ਦਿਤਾ ? ਕੀ, ਅਜਕਲ ਦੇ ਅਛੀ ਸਿਖਿਆ ਵਾਲੇ ਈਸਾਈ ਅੰਗ੍ਰੇਜ਼ ਲੋਕ ਇਨ੍ਹਾਂ ਗਪੌੜਿਆਂ ਨੂੰ ਬੀ ਮਨਦੇ ਹੋਣਗੇ ? ਜੇਕਰ ਮਨਦੇ ਹਨ ਤਾਂ ਭ੍ਰਮ ਜਾਲ ਵਿਚ ਪਏ ਹਨ ॥ ੬੯ ॥

੭੦–ਵੇਖੋ ! ਲੋਕ ਇਕ ਅਰਧਾਂਗੀ ਨੂੰ ਜੋ ਮੰਜੀ ਉਪੱਰ ਪਿਆ ਸੀ ਓਸ ਪਾਸ ਲਿਆਏ, ਅਰ ਯਸੂ ਨੇ ਉਨ੍ਹਾਂ ਦਾ ਨਿਸਚਾ ਵੇਖਕੇ ਓਸ ਅਰਧਾਂਗੀ ਨੂੰ ਕੁਹਿਆ ਹੇ ਪੁਤ੍ਰ ਧੀਰਜ ਕਰ ਤੇਰ ਪਾਪ ਖਿਮਾ ਕੀਤੇ ਗਏ ਹਨ, ਮੈ ਧਰਮੀਆਂ ਨੂੰ ਨਹੀਂ ਪ੍ਰੰਤੂ ਪਾਪੀਆਂ ਨੂੰ ਪਸਚਾਤਾਪ ਦੇ ਵਾਸਤੇ ਬੁਲਾਣ ਆਇਆ ਹਾਂ ॥ ਅੰ॰ ਮ॰ ਪ॰੯ । ਆ॰੨ । ੧੩ ॥

(ਸਮੀਖਕ) ਇਹ ਬੀ ਗਲ ਉਹੋ ਜਿਹੀ ਅਣਬਣਦੀ ਹੈ ਜਿਹੀ ਪਹਿਲਾਂ ਲਿਖ ਆਏ ਹਾਂ, ਅਰ ਜੋ ਪਾਪ ਖਿਮਾ ਕਰਨ ਦੀ ਗਲ ਹੈ ਉਹ ਨਿਰਾ ਭੋਲੇ ਲੋਕਾਂ ਨੂੰ ਅਛੀ ਤਰਾਂ ਲੋਭ ਦੇ ਕੇ ਫਸਾਣਾ ਹੈ, ਜਿਸਤਰਾਂ ਦੂਜੇ ਦੀ ਪੀਤੀ ਸ਼ਰਾਬ, ਭੰਗ, ਅਰ ਅਫੀਮ ਖਾਧੇ ਦਾ ਨਸ਼ਾ ਦੂਜੇ ਨੂੰ ਨਹੀ ਮਿਲ ਸਕਦਾ, ਉਸੇਤਰਾਂ ਕਿਸੇਦਾ ਕੀਤਾ ਹੋਇਆ ਪਾਪ ਕਿਸੇਦੇ ਪਾਸ ਨਹੀਂ ਜਾਂਦਾ, ਕਿੰਤੂ ਜਿਹੜਾ ਕਰਦਾ ਹੈ ਉਹਾ ਭੋਗਦਾ ਹੈ ਇਹੀ ਈਸ਼੍ਵਰ ਦਾ ਨਿਆਂ ਹੈ । ਜੇਕਰ ਦੂਜੇ ਦਾ ਕੀਤਾ ਪਾਪ ਪੁੰਨ ਦੂਜੇ ਨੂੰ ਮਿਲੇ, ਅਥਵਾ ਨਿਆਂਧੀਸ਼ ਆਪ ਲੈਲਵੇ, ਵਾ ਕਰਨ ਵਾਲਿਆ ਹੀ ਨੂੰ ਜਿਹਾ ਚਾਹੀਏ ਫਲ ਈਸ਼੍ਵਰ ਨਾ ਦੇਵੇ ਤਾਂ ਉਹ ਅਨਿਆਂ ਕਾਰੀ ਹੋਜਾਵੇ । ਵੇਖੋ ! ਧਰਮ ਹੀ ਕਲਿਆਣ ਕਰਨ ਵਾਲਾ ਹੈ ਈਸਾ ਵਾ ਹੋਰ ਕੋਈ ਨਹੀਂ, ਅਰ ਧਰਮਾਤਮਾਓਂ ਦੇ ਵਾਸਤੇ ਈਸਾ ਆਦੀ ਦੀ ਕੁਝ ਲੋੜ ਬੀ ਨਹੀਂ, ਅਰ ਨਾ ਪਾਪੀਆਂ ਦੇ ਵਾਸਤੇ, ਕਿਸਕਰਕੇ ਪਾਪ ਕਿਸੇ ਦਾ ਨਹੀਂ ਛਟ ਸਕਦਾ ॥ ੭੦ ॥

੭੧—ਯਸੂ ਨੇ ਅਪਣੇ ੧੨ ਸਿਖਾਂ ਨੂੰ ਅਪਣੇ ਪਾਸ ਬੁਲਾਕੇ ਉਨ੍ਹਾਂਨੂੰ ਅਪਵਿਤ੍ਰ ਭੂਤਾਂ ਉਪਰ ਅਧਕਾਰ ਦਿਤਾ ਕਿ ਉਨ੍ਹਾਂਨੂੰ ਕਢਨ ਅਰ ਹਰਇਕ ਬਮਾਰੀ ਅਰ ਹਰ ਪੀੜ ਨੂੰ ਚੰਗਾ ਕਰਨ । ਬੋਲਣ ਵਾਲੇ ਤਾਂ ਤੁਸੀ ਨਹੀਓ, ਪ੍ਰੰਤੂ ਤੁਹਾਡੇ ਪਿਊਦਾ ਆਤਮਾ ਤੁਹਾਡੇ ਵਿਚ ਬੋਲਦਾ ਹੈ । ਮਤ ਸਮਝੋ ਕਿ ਮੈ ਪ੍ਰਿਥਵੀ ਉਪਰ ਮੇਲ ਕਰਵਾਣ ਨੂੰ ਨਹੀ, ਪ੍ਰੰਤੂ ਤਲਵਾਰ ਚਲਵਾਣ ਨੂੰ ਆ

ਇਆ ਹਾਂ, ਮੈਂ ਮਨੁਖ ਨੂੰ ਉਸਦੇ ਪਿਉ ਥੀਂ, ਅਰ ਧੀ ਨੂੰ ਉਸਦੀ ਮਾਂ ਥੀਂ ਅਰ ਨੂੰਹ ਨੂੰ ਉਸਦੀ ਸਸ ਥੀਂ ਵਖਰਾ ਕਰਨ ਨੂੰ ਆਇਆ ਹਾਂ, ਮਨੁਖ ਦੇ ਘਰ ਹੀ ਦੇ ਲੋਕ ਉਸਦੇ ਵੈਰੀ ਹੋਂਨਗੇ॥ ਅੰ० ਮ० ਪ० ੧੦। ਆ० ੩੪। ੩੫। ੩੬॥

(ਸਮੀਖਕ) ਇਹ ਉਹੀ ਸਿਖ ਹਨ ਜਿਨ੍ਹਾਂ ਵਿਚੋਂ ਇਕ ੩੦) ਤੀਹ ਰੁਪੱਯਾਂ ਦੇ ਲੋਭ ਉਪਰ ਈਸਾ ਨੂੰ ਪਕੜਵਾਵੇਗਾ ਅਰ ਹੋਰ ਮੁਕਰ ਕੇ ਵਖੋ ਵਖ ਨਸਨ ਗੇ, ਭਲਾ ਏਹ ਗਲਾਂ ਜਦ ਵਿਦਿਆ ਹੀ ਨਾਂਲੋਂ ਉਲਟੀਆਂ ਹਨ ਕਿ ਭੂਤਾਂ ਦਾ ਆਉਣਾ ਵਾ ਕਢਣਾ ਬਿਨਾ ਦਵਾਈ ਵਾ ਪ੍ਰਹੇਜ ਦੇ ਦੁਖਾਂ ਦਾ ਦੂਰ ਹੋਣਾ ਸ੍ਰਿਸ਼ਟੀ ਕ੍ਰਮ ਥੀਂ ਨਹੀ ਹੋ ਸਕਦਾ ਹੈ, ਏਸ ਵਾਸਤੇ ਅਜਿਹੀ੨ ਗਲਾਂ ਦਾ ਮਨਣਾ ਅਗਿਆਂਨੀਆਂ ਦਾ ਕੰਮ ਹੈ, ਜੇਕਰ ਜੀਵ ਬੋਲਣ ਵਾਲੇ ਨਹੀ, ਈਸ਼੍ਵਰ ਬੋਲਦ ਵਾਲਾ ਹੈ ਤਾਂ ਜੀਵ ਕੀ ਕੰਮ ਕਰਦੇ ਹਨ? ਅਰ ਸਚ ਵਾ ਝੂਠ ਕਹਿਣ ਦੇ ਫਲ ਸੁਖ ਵਾ ਦੁਖ ਨੂੰ ਈਸ਼੍ਵਰ ਹੀ ਭੋਗਦਾ ਹੋਵੇ ਗਾ ਇਹ ਬੀ ਇਕ ਝੂਠੀ ਗਲ ਹੈ, ਅਰ ਜਿਹਾ ਈਸਾ ਫੁਟ ਕਰਾਣ ਅਰ ਲੜਾਂਨ ਨੂੰ ਆਇਆ ਸੀ ਉਹੀ ਅਜ ਕਲ ਲੜਾਈ ਲੋਕਾਂ ਵਿਚ ਚਲਾ ਰਹਿਆ ਹੈ, ਇਹ ਕਿਸਤਰਾਂ ਵਡੀ ਬੁਰੀ ਗਲ ਹੈ ਕਿ ਫੁਟ ਕਰਾਂਣ ਥੀਂ ਹਮੇਸ਼ਾਂ ਮਨੁਖਾਂ ਨੂੰ ਦੁਖ ਹੁੰਦਾ ਹੈ, ਅਰ ਈਸਾਈਆਂ ਨੇ ਇਸੇ ਨੂੰ ਗੁਰੁਮੰਤ੍ਰ ਸਮਝ ਲਿਆ ਹੋਵੇਗਾ, ਕਿਉਂਕਿ ਇਕ ਦੂਜੇ ਦੀ ਫੁਟ ਈਸਾ ਹੀ ਅਛੀ ਮਨਦਾ ਸੀ ਤਾਂ ਇਹ ਕਿਉਂ ਨਹੀਂ ਮਨਦੇ ਹੋਨਗੇ, ਇਹ ਈਸਾ ਹੀ ਦਾ ਕੰਮ ਹੋਵੇਗਾ ਕਿ ਘਰ ਦੇ ਲੋਕਾਂ ਦੇ ਦੁਸ਼ਮਣ ਘਰ ਦੇ ਲੋਕਾਂ ਨੂੰ ਬਣਾਨਾ, ਇਹ ਅਛੇ ਮਨੁਖਾਂ ਦਾ ਕੰਮ ਨਹੀਂ ॥ ੭੧ ॥

੭੨—ਤਦ ਯਸੂ ਨੇ ਉਨ੍ਹਾਂ ਨੂੰ ਕਹਿਆ ਤੁਹਾਡੇ ਪਾਸ ਕਿਨੀਆਂ ਰੋਟੀਆਂ ਹਨ? ਉਨ੍ਹਾਂ ਨੇ ਕਹਿਆ ਸੱਤ, ਅਰ ਨਿਕੀਆਂ ਮਛੀਆਂ, ਤਦ ਉਸਨੇ ਲੋਕਾਂ ਨੂੰ ਜਮੀਨ ਉਪਰ ਬੈਠਣ ਦੀ ਆਗਿਆ ਦਿਤੀ, ਤਦ ਉਸਨੇ ਉਨ੍ਹਾਂ ਸਤਾਂ ਰੋਟੀਆਂ ਨੂੰ ਅਰ ਮਛੀਆਂ ਨੂੰ ਧੰਨ ਮਨਕੇ ਤੋੜਿਆ ਅਰ ਆਪਣੇ ਸਿਖੱਾਂ ਨੂੰ ਦਿਤੱਾ, ਅਰ ਸਿਖੱਾਂ ਨੇ ਲੋਕਾਂ ਨੂੰ ਦਿਤੱਾ, ਉਹ ਸਾਰੇ ਖਾਕੇ ਰਜ ਗਏ, ਅਰ ਜਿਹੜੇ ਟੋਟੇ ਬਚ ਰਹੇ ਉਨ੍ਹਾਂ ਦੇ ਸਤ ਟੋਕਰੇ ਭਰੇ ਉਠਾਏ, ਜਿਨ੍ਹਾਂ ਨੇ ਖਾਧਾ ਉਹ ਇਸਤ੍ਰੀਆਂ ਅਰ ਬਾਲਕਾਂ ਨੂੰ ਛਡ ਚਾਰ ਹਜਾਰ ਸਨ॥ ਅੰ० ਮ० ਪ० ੧੫। ਆ० ੩੪। ੩੫। ੩੬। ੩੭। ੩੮। ੩੯॥

(ਸਮੀਖਕ) ਹੁਣ ਵੇਖੋ! ਕੀ, ਇਹ ਅਜ ਕਲ ਦੇ ਝੂਠੇ ਕਰਾਮਾਤੀਆਂ ਅਰ ਮਦਾਰੀ ਆਦੀ ਦੇ ਵਾਙਣ ਛਲ ਦੀਆਂ ਗਲੱਾਂ ਨਹੀਂ ਹਨ? ਉਨ੍ਹਾਂ ਰੋਟੀਆਂ ਵਿਚ ਹੋਰ ਰੋਟੀਆਂ ਕਿਥੋਂ ਥੀਂ ਆ ਗਈਆਂ? ਜੇਕਰ ਈਸਾ ਵਿਚ

ਅਜਿਹੀਆਂ ਕਰਾਮਾਤਾਂ ਹੁੰਦੀਆਂ ਤਾਂ ਆਪ ਭੁਖਾ ਹੋਇਆ ਗੂਲਰ ਦੇ ਫਲ ਖਾਂਣ ਨੂੰ ਭਟਕਿਆ ਕਰਦਾ ਸੀ ਅਪਣੇ ਵਾਸਤੇ ਮਿਟੀ, ਪਾਣੀ ਅਰ ਪਥੱਰ ਆਦੀ ਥੀਂ ਕੜਾਹ ਰੋਟੀਆਂ ਕਿਉਂ ਨਾ ਬਣਾ ਲਈਆਂ ? ਇਹ ਸਾਰੀਆਂ ਗਲੱਾਂ ਮੁੰਡਿਆਂ ਦੀ ਖੇਡ ਦੀ ਹਨ, ਜਿਸਤਰਾਂ ਕਿੱਨੇ ਹੀ ਸਾਧੂ ਬਿਰਾਗੀ ਅਜਿਹੀ ਛਲ ਦੀ ਗਲੱਾਂ ਕਰਕੇ ਭੋਲੇ ਮਨੁਖਾਂ ਨੂੰ ਠਗਦੇ ਹਨ ਉਸੇ ਤਰਾਂ ਇਹ ਬੀ ਹਨ ॥ ੭੨ ॥

੭੩—ਅਰ ਤਦ ਉਹ ਹਰ ਇਕ ਮਨੁਖ ਨੂੰ ਓਸਦੇ ਕਰਮ ਦੇ ਅਨੁਸਾਰ ਫਲ ਦੇਵੇ ਗਾ ॥ ਅੰ ॥ ਮ ੦ ਪ ੦ ੧੬ । ਆ ੦ ੨੭ ॥

( ਸਮੀਖਕ ) ਜਦ ਕਰਮਾਂ ਦੇ ਅਨੁਸਾਰ ਫਲ ਦਿਤਾ ਜਾਵੇ ਗਾ ਤਾਂ ਈਸਾਈਆਂ ਦਾ ਪਾਪ ਖਿਮਾ ਹੋਣ ਦਾ ਉਪਦੇਸ਼ ਕਰਨਾ ਨਿਕੰਮਾਂ ਹੈ, ਅਰ ਉਹ ਸਚਾ ਹੋਵੇ ਤਾਂ ਇਹ ਝੂਠਾ ਹੋਵੇ, ਜੇਕਰ ਕੋਈ ਕਹੇ ਕਿ ਖਿਮਾ ਕਰਨ ਦੇ ਜੋਗ ਖਿਮਾ ਕੀਤੇ ਜਾਂਦੇ, ਅਰ ਖਿਮਾ ਨਾ ਕਰਨ ਦੇ ਜੋਗ ਖਿਮਾ ਨਹੀ ਕੀਤੇ ਜਾਂਦੇ ਹਨ ਇਹ ਬੀ ਠੀਕ ਨਹੀ, ਕਿਉਂਕਿ ਸਾਰੇ ਕਰਮਾਂ ਦਾ ਫਲ ਜਥਾ ਜੋਗ ਦੇਣ ਹੀ ਥੀਂ ਨਿਆਂ ਅਰ ਪੂਰੀ ਦਇਆ ਹੁੰਦੀ ਹੈ ॥ ੭੩ ॥

੭੪—ਹੇ ਨਾ ਨਿਸਚੇ ਵਾਲੇ ਅਰ ਹਠ ਵਾਲੇ ਲੋਕੋ! ਮੈ ਤੁਹਾਨੂੰ ਸਚ ਕਹਿੰਦਾ ਹਾਂ ਜੇਕਰ ਤੁਹਾਨੂੰ ਰਾਈ ਦੇ ਇਕ ਦਾਣੇ ਬਰਾਬਰ ਨਿਸਚਾ ਹੋਵੇ ਤਾਂ ਤਸੀ ਏਸ ਪਹਾੜ ਨੂੰ ਜੇ ਕਹੋਗੇ ਕਿ ਏਥੋਂ ਥੀਂ ਉਥੇ ਚਲਾ ਜਾਹ ਉਹ ਚਲਿਆ ਜਾਵੇ ਗਾ, ਅਰ ਕੋਈ ਕੰਮ ਤੁਹਾਡੇ ਥੀਂ ਅਸਾਧ ਨਹੀ ਹੋਵੇ ਗਾ ॥ ਅੰ ੦ ਮ ੦ ਪ ੦ ੧੭ । ਆ ੦ ੧੭ । ੩੦ ॥

( ਸਮੀਖਕ ) ਹੁਣ ਜੋ ਈਸਾਈ ਲੋਕ ਉਪਦੇਸ਼ ਕਰਦੇ ਫਿਰਦੇ ਹਨ ਕਿ " ਆਓ ਸਾਡੇ ਮਤ ਵਿਚ ਪਾਪ ਖਿਮਾਂ ਕਰਾਓ ਮੁਕਤੀ ਪਾਓ" ਆਦੀ ਉਹ ਸਾਰੀ ਝੂਠੀ ਗਲ ਹੈ, ਕਿਉਂਕਿ ਜੇਕਰ ਈਸਾ ਵਿਚ ਪਾਪ ਛੁਡਾਣ ਨਿਸਚਾ ਜਮਾਣ, ਅਰ ਪਵਿਤ੍ਰ ਕਰਨ ਦਾ ਬਲ ਹੁੰਦਾ ਤਾਂ ਅਪਣੇ ਸਿਖਾਂ ਦੇ ਆਤਮਾਂ ਨੂੰ ਨਿਸ਼ਪਾਪ ਵਿਸ਼੍ਵਾਸੀ, ਪਵਿਤ੍ਰ ਕਿਉਂ ਨਾ ਕਰ ਦਿੰਦਾ? ਜਿਹੜੇ ਈਸਾ ਦੇ ਨਾਲ ਨਾਲ ਫਿਰਦੇ ਸਨ ਜਦ ਉਨ੍ਹਾਂਹੀ ਨੂੰ ਸੁਧ ਵਿਸ਼੍ਵਾਸੀ ਅਰ ਕਲਿਆਣ ਨਾ ਕਰ ਸਕਿਆ ਜੋ ਉਹ ਮਰੇ ਉਪਰ ਨਾ ਜਾਣੇ ਕਿਥੇ ਹਨ? ਇਸ ਵੇਲੇ ਪਵਿਤ੍ਰ ਕਿਸੇ ਨੂੰ ਨਹੀ ਕਰ ਸਕੇ ਗਾ, ਜਦ ਈਸਾ ਦੇ ਚੇਲੇ ਰਾਈ ਭਰਵਿਸ਼੍ਵਾਸ ਥੀਂ ਰਹਿਤ ਸਨ ਅਰ ਉਨ੍ਹਾਂ ਨੇਹੀ ਇਹ ਅੰਜੀਲ ਪੁਸਤਕ ਬਣਾਈ ਹੈਤਦ ਈਸਾਦਾ ਪ੍ਰਮਾਣ ਨਹੀਂ ਹੋਸਕਦਾ, ਕਿਉਂਕਿ ਜਿਹੜਾ ਅਵਿਸ਼੍ਵਾਸੀ ਅਪਵਿਤ੍ਰ ਆਤਮਾ ਅਧਰਮੀ ਮਨੁਖਾਂ ਦਾ ਲੇਖ ਹੁੰਦਾ ਹੈ ਓਸ ਉਪਰ ਵਿਸ਼੍ਵਾਸ ਕਰਨਾ ਕਲਿਆਣ ਦੀ ਇਛਿਆ ਕਰਨ ਵਾਲੇ ਮਨੁਖਾਂ ਦਾ ਕੰਮ ਨਹੀਂ, ਅਰ ਇਸੇ ਥੀਂ ਇਹ ਬੀ ਸਿਧ ਹੋ ਸਕਦਾ ਹੈ ਕਿ ਜੇਕਰ ਈਸਾ ਦਾ ਬਚਨ ਸਚਾ ਹੈ ਤਾਂ ਕਿਸੇ ਈਸਾਈ

ਵਿਚ ਇਕ ਰਾਈ ਦੇ ਦਾਣੇ ਦੇ ਬਰਾਬਰ ਵਿਸ਼੍ਵਾਸ ਅਰਥਾਤ ਈਮਾਨ ਨਹੀਂ ਹੈ, ਜੋ ਕੋਈ ਕਹੇ ਕਿ ਅਸਾਂ ਵਿਚ ਪੂਰਾ ਵਾ ਥੋੜ੍ਹਾ ਵਿਸ਼੍ਵਾਸ ਹੈ ਤਾਂ ਉਸਨੂੰ ਕਹਿਣਾ ਕਿ ਤੁਸੀ ਇਸ ਪਹਾੜ ਨੂੰ ਰਸਤੇ ਵਿਚੋਂ ਹਟਾ ਦੇਓ, ਜੇਕਰ ਉਨ੍ਹਾਂ ਦੇ ਹਟਾਣ ਥੀਂ ਹਟ ਜਾਵੇ ਤਾਂ ਬੀ ਪੂਰਾ ਵਿਸ਼੍ਵਾਸ ਨਹੀਂ, ਕਿੰਤੂ ਇਕ ਰਾਈ ਦੇ ਦਾਣੇ ਦੇ ਬਰਾਬਰ ਹੈ, ਅਰ ਜੋ ਨਾ ਹਟਾ ਸਕੇ ਤਾਂ ਸਮਝੋ ਇਕ ਬੂੰਦ ਬੀ ਵਿਸ਼੍ਵਾਸ ਈਮਾਨ ਅਰਥਾਤ ਧਰਮ ਦਾ ਈਸਾਈਆਂ ਵਿਚ ਨਹੀ ਹੈ, ਜੇਕਰ ਕੋਈ ਕਹੇ ਕਿ ਇਥੇ ਅਭਿਮਾਨ ਆਦੀ ਦੋਸ਼ਾਂ ਦਾ ਨਾਮ ਪਹਾੜ ਹੈ ਤਾਂ ਬੀ ਠੀਕ ਨਹੀਂ, ਕਿਉਂਕਿ ਜੇ ਅਜਿਹਾ ਹੋਵੇ ਤਾਂ ਮੁਰਦੇ, ਅੰਨ੍ਹੇ, ਕੋਹੜੇ ਭੂਤ ਗ੍ਰਸਤਾਂ ਨੂੰ ਚੰਗਾ ਕਹਿਣਾ ਬੀ ਆਲਸੀ, ਅਗਿਆਨੀ, ਵਿਸ਼ਈ ਅਰ ਭਰਮ ਵਾਲਿਆਂ ਨੂੰ ਗਿਆਨ ਕਰਕੇ ਸਿਆਣਾ ਰਾਜੀ ਕੀਤਾ ਹੋਵੇਗਾ, ਜੋ ਏਸਤਰਾਂ ਮਨਨ ਤਾਂ ਬੀ ਠੀਕ ਨਹੀਂ, ਕਿਉਂਕਿ ਜੋ ਏਸਤਰਾਂ ਹੁੰਦਾ ਤਾਂ ਅਪਣੇ ਸਿਖੱਾਂ ਨੂੰ ਅਜਿਹਾ ਕਿਉਂ ਨਾ ਕਰ ਸਕਦਾ ? ਏਸ ਵਾਸਤੇ ਅਣਬਣਦੀ ਗਲੱ ਕਹਿਣੀ ਈਸਾ ਦੀ ਅਗਿਆਨਤਾ ਨੂੰ ਜਿਣਾਂਦੀ ਹੈ। ਭਲਾ ਜੋ ਕੁਝ ਬੀ ਈਸਾ ਵਿਚ ਵਿਦਿਆ ਹੁੰਦੀ ਤਾਂ ਅਜਿਹੀ ਹਨੇਰ ਚੌਦਸ ਜੰਗਲੀਪਣ ਦੀ ਗਲੱ ਕਿਉਂ ਕਹ ਦਿੰਦਾ? ਤਾਂ ਬੀ ( ਨਿਰਸਪਾਦਪੇ ਦੇਸ਼ ਏਰੰਡੋ ਅਪਿਦ੍ਰੁਮਾਯਤੇ ) ਜਿਸਤਰਾਂ ਜਿਸ ਦੇਸ਼ ਵਿਚ ਕੋਈ ਬੀ ਬ੍ਰਿਖ ਨਾ ਹੋਵੇ ਤਾਂ ਉਸ ਦੇਸ਼ ਵਿਚ ਏਰੰਡ ਦਾ ਬ੍ਰਿਖ ਹੀ ਸਾਰਿਆਂ ਨਾਲੋਂ ਵਡੱਾ ਅਰ ਅਛੱਾ ਗਿਣਿਆਂ ਜਾਂਦਾ ਹੈ, ਉਸੇ ਤਰਾਂ ਮਹਾ ਜੰਗਲੀ ਅਵਿਦਵਾਂਨਾਂ ਦੇ ਦੇਸ਼ ਵਿਚ ਈਸਾ ਦਾ ਬੀ ਹੋਣਾ ਠੀਕ ਸੀ, ਪਰ ਅਜਕਲ ਈਸਾ ਦੀ ਕੀ, ਗਿਣਤੀ ਹੋਸਕਦੀ ਹੈ ? ॥ ੭੪ ॥

੭੫--ਮੈਂ ਤੁਹਾਨੂੰ ਸਚ ਕਹਿੰਦਾ ਹਾਂ ਜੋ ਤੁਸੀਂ ਮਨ ਨਾ ਫਿਰਾਓ ਅਰ ਬਾਲਕਾਂ ਦੇਵਾਙਣ ਨਾ ਹੋ ਜਾਓ ਤਾਂਸੂਰਗ ਦੇ ਰਾਜ ਵਿਚ ਪ੍ਰਵੇਸ਼ਕਰਨਾ ਪਾਓਗੇ ॥ ਅੰ ॥ ਮ० ਪ० ੧੮। ਆ० ੩ ॥

( ਸਮੀਖਕ ) ਜਦ ਅਪਣੀ ਮਰਜ਼ੀ ਨਾਲ ਮਨ ਦਾ ਫਿਰਾਣਾ ਸੁਰਗ ਦਾ ਕਾਰਣ ਅਰ ਨਾ ਫਿਰਾਣਾ ਨਰਕ ਦਾ ਕਾਰਣ ਹੈ ਤਾਂ ਕੋਈ ਕਿਸੇ ਦਾ ਪਾਪ ਪੁੰਨ ਕਦੀ ਨਹੀਂ ਲੈ ਸਕਦਾ, ਏਸਤਰਾਂ ਸਿਧ ਹੁੰਦਾ ਹੈ ਕਿ ਬਾਲਕ ਦੇ ਵਾਙਣ ਹੋਣੇ ਦੇ ਲੇਖ ਥੀਂ ਇਹ ਮਲੂੰਮ ਹੁੰਦਾ ਹੈ ਕਿ ਈਸਾ ਦੀਆਂ ਗਲਾਂ ਵਿਦਿਆ ਅਰ ਸ੍ਰਿਸ਼ਟੀ ਕ੍ਰਮ ਥੀਂ ਬਹੁਤ ਸਾਰੀਆਂ ਵਿਰੁਧ ਸਨ, ਅਰ ਇਹਥੀ ਉਸਦੇ ਮਨ ਵਿਚ ਸੀ ਕਿ ਲੋਕ ਮੇਰੀ ਗੱਲਾਂ ਨੂੰ ਬਾਲਕ ਵਾਙਣ ਨਾ ਮਨਲੈਂਨ ਪੁਛੱਨ ਗੁਛਨ ਕੁਝ ਬੀ ਨਹੀਂ ਅੱਖਾਂ ਬਨ੍ਹਕੇ ਮਨ ਲੈਂਨ, ਬਹੁਤਸਾਰੇ ਈਸਾਈ-ਆਂ ਦੀਬਾਲ ਬੁਧ ਵਾਙਣ ਚੇਸ਼ਟਾ ਹੈ ਨਹੀਂ ਤਾਂ ਅਜਿਹੀ ਜੁਕਤੀ ਵਿਦਿਆ ਥੀਂਉਲਟੀਆਂ ਗਲਾਂ ਕਿਉਂ ਮਨਦੇ? ਅਰ ਏਹ ਬੀ ਸਿਧ ਹੋਇਆ ਜੇਕਰ ਈਸਾ ਆਪ ਅਣ ਪੜ੍ਹਿਆ ਬਾਲਕ ਬੁਧ ਨਾ ਹੁੰਦਾ ਤਾਂ ਹੋਰਨਾਂ ਨੂੰ ਬਾਲਕ ਵਾਙ-

ਣੇ ਬਣਨ ਦਾ ਉਪਦੇਸ਼ ਕਿਉਂ ਕਰਦਾ? ਕਿਉਂਕਿ ਜੋ ਜਿਹਾ ਹੁੰਦਾ ਹੈ ਉਹ ਦੂਜੇ ਨੂੰ ਬੀ ਅਪਣੇ ਵਰਗਾ ਬਣਾਨਾ ਚਾਹੁੰਦਾ ਹੀ ਹੈ ॥੭੫॥

੭੬—ਮੈਂ ਤੁਹਾਨੂੰ ਸਚ ਕਹਿਨਾ ਹਾਂ ਧਨਵਾਨਾਂ ਨੂੰ ਸੁਰਗ ਦੇ ਰਾਜ ਵਿਚ ਪ੍ਰਵੇਸ਼ ਕਰਨਾ ਅਉਖਾ ਹੋਵੇਗਾ, ਫਿਰ ਬੀ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਈਸ਼੍ਵਰ ਦੇ ਰਾਜ ਵਿਚ ਧਨਵਾਨ ਦੇ ਪ੍ਰਵੇਸ਼ ਕਰਨ ਥੀਂ ਊਠ ਦਾ ਸੂਈ ਦੇ ਨੱਕੇ ਵਿਚੋਂ ਜਾਣਾ ਸੁਖਲਾ ਹੈ। ਅੰ० ਮ० ਪ० ੧੯। ਆ० ੨੩। ੨੪॥

(ਸਮੀਖਕ) ਏਸ ਥੀਂ ਇਹ ਸਿਧ ਹੁੰਦਾ ਹੈ ਕਿ ਈਸਾ ਕੰਗਾਲਸੀ, ਧਨਵੰਨ ਲੋਕ ਉਸਦੀ ਵਡਿਆਈ ਨਾ ਕਰਦੇ ਹੋਣਗੇ, ਏਸ ਵਾਸਤੇ ਇਹ ਲਿਖਿਆ ਹੋਵੇਗਾ, ਪ੍ਰੰਤੂ ਇਹ ਗਲ ਸਚ ਨਹੀਂ, ਕਿਉਂਕਿ ਧਨਵਾਨਾਂ ਅਰ ਗ਼ਰੀਬਾਂ ਵਿਚ ਅਛੇ ਬੁਰੇ ਹੁੰਦੇ ਹਨ, ਜੋ ਕੋਈ ਅਛਾ ਕੰਮ ਕਰੇ ਉਹ ਅੱਛਾ, ਅਰ ਬੁਰਾ ਕਰੇ ਉਹ ਬੁਰਾ ਫਲ ਪਾਉਂਦਾ ਹੈ, ਅਰ ਏਸ ਥੀਂ ਇਹ ਬੀ ਸਿਧ ਹੁੰਦਾ ਹੈ ਕਿ ਈਸਾ ਈਸ਼੍ਵਰ ਦਾ ਰਾਜ ਕਿਸੇ ਇਕ ਦੇਸ਼ ਵਿਚ ਮੰਨਦਾ ਸੀ ਸਬ ਜਗਹਿ ਨਹੀਂ, ਜਦ ਅਜਿਹਾ ਹੈ ਤਾਂ ਉਹ ਈਸ਼੍ਵਰ ਹੀ ਨਹੀਂ, ਜੋ ਈਸ਼੍ਵਰ ਹੈ ਉਸਦਾ ਰਾਜ ਸਭ ਜਗਹ ਹੈ, ਫੇਰ ਉਸ ਵਿਚ ਪ੍ਰਵੇਸ਼ ਕਰੇਗਾ ਵਾ ਨਾ ਕਰੇਗਾ ਏਹ ਕਹਣਾ ਨਿਰਾ ਅਵਿਦਿਆ ਦੀ ਗਲ ਹੈ, ਏਸ ਥੀਂ ਏਹ ਬੀ ਆਇਆ ਕਿ ਜਿਨੇ ਈਸਾਈ ਧਨ ਵਾਲੇ ਹਨ ਉਹ ਸਾਰੇ ਨਰਕ ਹੀ ਵਿਚ ਜਾਂਨਗੇ, ਅਰ ਕੰਗਾਲ ਸਾਰੇ ਸੁਰਗ ਵਿਚ ਜਾਂਨਗੇ, ਭਲਾ ਥੋੜਾ ਜਿਹਾ ਵਿਚਾਰ ਤਾਂ ਈਸਾ ਮਸੀਹ ਕਰਦੇ ਕਿ ਜਿੱਨੀ ਸਮਗ੍ਰੀ ਸ਼ਾਹੂਕਾਰਾਂ ਦੇ ਪਾਸ ਹੁੰਦੀ ਹੈ ਉਨੀ ਕੰਗਾਲਾਂ ਪਾਸ ਨਹੀਂ, ਜੇਕਰ ਧਨਾਢ ਲੋਕ ਵਿਚਾਰ ਕਰਕੇ ਧਰਮ ਦੇ ਰਸਤੇ ਵਿਚ ਖਰਚ ਕਰਨ ਤਾਂ ਕੰਗਾਲ ਨੀਚ ਗਤੀ ਵਿਚ ਪਏ ਰਹਿਨ, ਅਰ ਧਨਾਢ ਉਤੱਮ ਗਤੀ ਨੂੰ ਪ੍ਰਾਪਤ ਹੋ ਸਕਦੇ ਹਨ ॥੭੬॥

੭੭—ਯਸੂ ਨੇ ਉਨ੍ਹਾਂ ਨੂੰ ਕਹਿਆ ਮੈਂ ਤੁਹਾਨੂੰ ਸਚ ਕਹਿੰਦਾ ਹਾਂ ਕਿ ਨਵੀਂ ਸ੍ਰਿਸ਼ਟੀ ਵਿਚ ਜਦ ਮਨੁਖ ਦਾ ਪੁਤ੍ਰ ਅਪਣੇ ਈਸ਼੍ਵਰਜ ਦੇ ਸਿੰਘਾਸਨਉਪਰ ਬੈਠੇਗਾ ਤਦ ਤੁਸੀਂ ਬੀ ਜੋ ਮੇਰੇ ਪਿਛੇ ਚੇਲੇਓ ਬਾਹਿਰ ਸਿੰਘਾਸਨਾਂਉਪਰ ਬੈਠਕੇ ਇਸਰਾਏਲ ਦੇ ਬਾਹਿਰ ਕੁਲਾਂ ਦਾ ਨਿਆਂ ਕਰੋਗੇ, ਜਿਸ ਕਿਸੇ ਨੇ ਮੇਰੇ ਨਾਮਦੇ ਵਾਸਤੇ ਘਰਾਂ ਵਾ ਭ੍ਰਾਵਾਂ, ਵਾ ਭੈਣਾਂ, ਵਾ ਪਿਊ ਵਾ ਮਾਂ, ਵਾ ਇਸਤ੍ਰੀ ਵਾ ਮੁੰਡਿਆਂ ਵਾ ਭੂਮੀ ਨੂੰ ਤਿਆਗਿਆ ਹੈ ਉਹ ਸੌ ਗੁਣਾ ਪਾਵੇਗਾ, ਅਰ ਅਨੰਤ ਜੀਉਣ ਦਾ ਅਧਕਾਰੀ ਹੋਵੇਗਾ ॥ ਅੰ० ਮ० । ਪ० ੧੯ । ਆ० ੨੮। ੨੯॥

(ਸਮੀਖਕ) ਹੁਣ ਵੇਖੋ! ਈਸਾ ਦੇ ਅੰਦਰ ਦੀ ਲੀਲਾ ਕਿ ਮੇਰੇ ਜਾਲ ਥੀਂ ਮੁਏ ਪਿੱਛੇ ਬੀ ਲੋਕ ਨਾ ਨਿਕਲ ਜਾਂਨ, ਅਰ ਜਿਸਨੇ ੩੦) ਰੁਪਏ

ਦੇ ਲੋਭ ਥੀਂ ਅਪਣੇ ਗੁਰੂ ਨੂੰ ਪਕੜਮਰਵਾਇਆ, ਉਜਹੇ ਪਾਪੀ ਬੀ ਏਸਦੇ ਪਾਸ ਸਿੰਘਾਸਨ ਉਪਰ ਬੈਠਨਗੇ, ਅਰ ਇਸਰਾਏਲ ਦੀ ਕੁਲਦਾ ਪਖਪਾਤ ਥੀਂ ਨਿਆਂਹੀ ਨਾ ਕੀਤਾ ਜਾਵੇਗਾ, ਕਿੰਤੂ ਓਸਦੇ ਸਾਰੇ ਗੁਣ ਮਾਫ ਅਰ ਹੋਰਨਾਂ ਕੁਲਾਂ ਦਾ ਨਿਆਂ ਕਰਨਗੇ, ਅਨੁਮਾਨ ਹੁੰਦਾ ਹੈ ਇਸੇ ਥੀਂ ਈਸਾਈ ਲੋਕ ਈਸਾਈਆਂ ਦਾ ਬਹੁਤ ਪਖਪਾਤ ਕਰਕੇ ਕਿਸੇ ਗੋਰੇ ਨੇ ਕਾਲੇ ਨੂੰ ਮਾਰ ਦਿਤਾ ਹੋਵੇ ਤਾਂ ਬੀ ਬਹੁਤਾ ਪਖਪਾਤ ਥੀਂ ਬੇ ਕਸੂਰਾ ਕਰਕੇ ਛਡ ਦਿੰਦੇ ਹਨ, ਅਜਿਹਾ ਹੀ ਈਸਾ ਦੇ ਸੁਰਗ ਦਾ ਨਿਆਂ ਹੋਵੇਗਾ, ਅਰ ਏਸ ਥੀਂ ਵਡਾ ਦੋਸ਼ ਆਉਂਦਾ ਹੈ, ਕਿਉਂਕਿ ਇਕ ਸ੍ਰਿਸ਼ਟੀ ਦੇ ਆਦ ਵਿਚ ਮੁਇਆ ਅਰ ਇਕ ਕੀਆਮਤ ਦੀ ਰਾਤ ਦੇ ਨਜੀਕ ਮੁਇਆ, ਇਕ ਤਾਂ ਆਦ ਥੀਂ ਅੰਤ ਤਿਕ ਆਸ਼ਾ ਹੀ ਵਿਚ ਪਿਆ ਰਿਹਾ ਕਿ ਕਦ ਨਿਆਂ ਹੋਵੇਗਾ, ਅਰ ਦੂਜੇ ਦਾ ਉਸੇ ਵੇਲੇ ਨਿਆਂ ਹੋਗਿਆ ਇਹ ਕਿਨਾਂ ਵਡਾ ਅਨਿਆਂ ਹੈ, ਅਰ ਜਿਹਿੜਾ ਨਰਕ ਵਿਚ ਜਾਵੇਗਾ ਸੋ ਬਿਅੰਤ ਕਾਲ ਤਿਕ ਨਰਕ ਭੋਗੇ, ਅਰ ਜੋ ਸੁਰਗ ਵਿਚ ਜਾਵੇਗਾ ਉਹ ਹਮੇਸ਼ਾਂ ਸੁਰਗ ਭੋਗੇਗਾ ਇਹ ਬੀ ਵਡਾ ਅਨਿਆਂ ਹੈ, ਕਿਉਂਕਿ ਅੰਤ ਵਾਲੇ ਸਾਧਨ ਅਰ ਕਰਮਾਂ ਦਾ ਫਲ ਅੰਤ ਵਾਲਾ ਹੋਣਾ ਚਾਹੀਏ, ਅਰ ਬਰਾਬਰ ਪਾਪ ਵਾ ਪੁੰਨ ਦੋ ਜੀਵਾਂ ਦਾ ਬੀ ਨਹੀਂ ਹੋ ਸਕਦਾ ਏਸ ਵਾਸਤੇ ਬਰਾਬਰ ਅਵਸਥਾ ਥੀਂ ਵਧੀਕ ਥੋੜੇ ਸੁਖ ਦੁਖ ਵਾਲੇ ਅਨੇਕ ਸੁਰਗ ਅਰ ਨਰਕ ਹੋਂਨ ਤਦੇ ਸੁਖ ਦੁਖ ਭੋਗ ਸਕਦੇ ਹਨ, ਸੋ ਈਸਾਈਆਂ ਦੀ ਪੁਸਤਕ ਵਿਚ ਕਿਧਰੇ ਲਿਖਿਆ ਨਹੀਂ, ਏਸ ਵਾਸਤੇ ਇਹ ਪੁਸਤਕ ਈਸ਼੍ਵਰ ਕ੍ਰਿਤ ਵਾ ਈਸਾ ਈਸ਼੍ਵਰ ਦਾ ਪੁਤ੍ਰ ਕਦੀ ਨਹੀਂ ਹੋ ਸਕਦਾ, ਇਹ ਵਡੇ ਅਨਰਥ ਦੀ ਗਲ ਹੈ ਕਿ ਕਦੀ ਬੀ ਕਿਸੇ ਦੇ ਮਾਂ, ਪਿਉ, ਸੌ ਸੌ ਨਹੀਂ ਹੋ ਸਕਦੇ ਕਿੰਤੂ ਇਕ ਦੀ ਇਕ ਮਾਂ, ਅਰ ਇਕ ਹੀ ਪਿਉ ਹੁੰਦਾ ਹੈ, ਅਨੁਮਾਨ ਹੈ ਕਿ ਮੁਸਲਮਾਨਾਂ ਨੇ ਜੋ ਇਕ ਨੂੰ ੭੨ ਇਸਤ੍ਰੀਆਂ ਸੁਰਗ ਵਿਚ ਮਿਲਦੀਆਂ ਹਨ ਲਿਖਿਆ ਹੈ ਸੋ ਇਥੋਂ ਥੀਂ ਲਿਆ ਹੋਵੇਗਾ ॥ ੭੭ ॥

੭੮—ਵਡੇ ਵੇਲੇ ਜਦ ਬਹਨ ਘਰ ਨੂੰ ਫਿਰ ਜਾਂਦਾ ਸੀ ਤਦ ਓਸ ਨੂੰ ਭੁਖ ਲਗੀ, ਅਰ ਰਸਤੇ ਵਿਚ ਇਕ ਗੂਲਰ ਦਾ ਦ੍ਰਖਤ ਵੇਖਕੇ ਉਹ ਓਸ ਪਾਸ ਆਇਆ, ਪ੍ਰੰਤੂ ਓਸ ਵਿਚ ਹੋਰ ਕੁਝ ਨਾ ਲਭਿਆ ਨਿਰੇ ਪਤ੍ਰ, ਅਰ ਓਸ ਨੂੰ ਕਹਿਆ ਤੇਰੇ ਵਿਚ ਫਿਰ ਕਦੀ ਫਲ ਨਾ ਲਗਨਗੇ, ਏਸ ਉਪਰ ਗੂਲਰ ਦਾ ਦ੍ਰਖਤ ਤੁਰਤ ਸੁਕਗਿਆ ॥ ਅੰ० । ਮ० ਪ० ੨੧ । ਆ० ੧੮ । ੧੯ ॥

( ਸਮੀਖਕ ) ਸਾਰੇ ਪਾਦਰੀ ਲੋਕ ਈਸਾਈ ਕਹਿੰਦੇ ਹਨ ਕਿ ਉਹ ਵਡਾ ਸ਼ਾਂਤੀ ਵਾਲਾ ਅਰ ਮਨ ਰੋਕਣ ਵਾਲਾ ਅਰ ਕ੍ਰੋਧ ਆਦੀ ਦੋਸ਼ਾਂ ਥੀਂ ਬਿਨਾ ਸੀ, ਪ੍ਰੰਤੂ ਏਸ ਗਲ ਦੇ ਵੇਖਣ ਥੀਂ ਮਲੂਮ ਹੁੰਦਾ ਹੈ ਕਿ ਈਸਾ ਕ੍ਰੋਧੀ

ਅਰ ਰੁਤ ਦੇ ਗਿਆਨ ਥੀਂ ਰਹਿਤ ਸੀ, ਅਰ ਉਹ ਜੰਗਲੀ ਮਨੁਖੱਪਣ ਦੇ ਸੁਭਾਵ ਸਹਿਤ ਵਰਤਦਾ ਸੀ, ਭਲਾ ਜੋ ਦ੍ਰਖਤ ਜੜ ਪਦਾਰਥ ਹੈ ਓਸਦਾ ਕੀ, ਕਸੂਰ ਸੀ ਕਿ ਓਸਨੂੰ ਸਰਾਪ ਦਿਤਾ ਅਰ ਉਹ ਸੁਕ ਗਿਆ, ਏਸ ਦੇ ਸਰਾਪ ਥੀਂ ਤਾਂ ਨਾ ਸੁਕਿਆ ਹੋਵੇਗਾ ਕਿੰਤੂ ਕੋਈ ਅਜਿਹੀ ਦਵਾਈ ਪਾਉਣ ਥੀਂ ਸੁਕ ਗਿਆ ਹੋਵੇ ਤਾਂ ਅਚਰਜ ਨਹੀਂ ॥੭੮॥

੭੯----ਉਨ੍ਹਾਂ ਦਿਹਾੜਿਆਂ ਦੁਖ ਦੇ ਪਿਛੋਂ ਤੁਰਤ ਸੂਰਜ ਅੰਧਿਆਰਾ ਹੋ ਜਾਵੇਗਾ, ਅਰ ਚੰਦ੍ਰਮਾ ਅਪਣਾ ਚਾਨਣਾ ਨਾ ਦਵੇਗਾ, ਤਾਰੇ ਅਕਾਸ਼ ਥੀਂ ਢੇਹ ਪੈਣਗੇ, ਅਰ ਅਕਾਸ਼ ਦੀ ਸੈਨਾ ਡਿਗ ਜਾਵੇਗੀ ॥ ਅੰ० ਮ० ਪ० ੨੪ ਆ० ੨੯॥

(ਸਮੀਖਕ)ਵਾਹ ਜੀ ਈਸਾ!ਤਾਰਿਆਂ ਨੂੰ ਕਿਸ ਵਿਦਿਆ ਨਾਲ ਡਿਗ ਪਉਣਾ ਤੁਸਾਂ ਨੇ ਜਾਣਿਆਂ, ਅਰ ਅਕਾਸ਼ ਦੀ ਸੈਨਾ ਕਿਹੜੀ ਹੈ ਜੋ ਡਿਗ ਜਾਵੇਗੀ? ਜੇਕਰ ਕਦੀ ਈਸਾ ਥੋੜੀ ਬੀ ਵਿਦਿਆ ਪੜ੍ਹਦਾ ਤਾਂ ਜਰੂਰ ਜਾਂਣ ਲੈਂਦਾਕਿ ਇਹ ਤਾਰੇ ਭੂਗੋਲ ਹਨ ਕਿਸਤਰਾਂ ਡਿਗਣਗੇ,ਏਸਥੀਂ ਮਲੂਮ ਹੁੰਦਾ ਹੈ ਕਿ ਈਸਾ ਤਰਖਾਣ ਦੀ ਕੁਲ ਵਿਚ ਜਮਿਆਂ ਸੀ, ਹਮੇਸ਼ਾਂ ਲਕੜਾਂ ਚੀਰਨੇ ਛਿਲਣਾ, ਕਟਣਾ,ਅਰ ਜੋੜਨਾ ਕਰਦਾ ਰਹਿਆ ਹੋਵੇਗਾ,ਜਦ ਲੈਹਰ ਉਠੀ ਕਿ ਮੈਂਬੀਏਸ ਜੰਗਲੀ ਦੇਸ਼ ਵਿਚ ਪਿਕੰਬਰਹੋ ਸਕਾਂਗਾ ਗੱਲਾਂ ਕਰਨ ਲਗਾ, ਕਿਨੀਆਂ ਗੱਲਾਂ ਓਸਦੇ ਮੂੰਹ ਥੀਂ ਅੱਛੀਆਂ ਬੀ ਨਿਕਲੀਆਂ, ਅਰ ਬਹੁਤ ਸਾਰੀਆਂ ਬੁਰੀਆਂ, ਉਥੋਂ ਦੇ ਲੋਕ ਜੰਗਲੀ ਸਨ ਮਨ ਬੈਠੇ, ਜਿਸਤਰਾਂ ਅਜ ਕਲ ਯੂਰਪ ਦੇਸ਼ ਉਨੱਤੀ ਵਾਲਾ ਹੈ, ਉਸੇਤਰਾਂ ਪਹਿਲਾਂ ਹੁੰਦਾ ਤਾਂ ਈਸਾ ਦੀ ਸਿਧਤਾਈ ਕੁਝ ਬੀ ਨਾ ਚਲਦੀ, ਹੁਣ ਕੁਝ ਵਿਦਿਆ ਹੋਏ ਪਿਛੇ ਬੀ ਵਿਹਾਰ ਦੇ ਪੇਚ ਅਰ ਹਠ ਥੀਂ ਏਸ ਪੋਲਮਤ ਨੂੰ ਨਾ ਛਡਕੇ ਸਰਬਥਾ ਸਚੇ ਵੇਦ ਮਾਰਗ ਦੀ ਤਰਫ ਨਹੀਂ ਝੁਕਦੇ ਇਹੋ ਇਨ੍ਹਾਂ ਵਿਚ ਕਸਰ ਹੈ ॥ ੭੯॥

੮੦—ਅਕਾਸ਼ ਅਰ ਪ੍ਰਿਥਵੀ ਟਲ ਜਾਂਣਗੇ ਪ੍ਰੰਤੂ ਮੇਰੀਆਂ ਗੱਲਾਂ ਕਦੀ ਨਾ ਟਲਨ ਗੀਆਂ ॥ ਅੰ० ਮ० ਪ० ੨੪। ਆ० ੩੫।

( ਸਮੀਖਕ ) ਇਹ ਬੀ ਗਲ ਅਵਿਦਿਆ ਅਰ ਮੂਰਖਤਾ ਦੀ ਹੈ, ਭਲਾ ਅਕਾਸ਼ ਹਲਕੇ ਕਿਥੇ ਜਾਵੇਗਾ? ਜਦ ਅਕਾਸ਼ ਅਤੀ ਸੂਖਮ ਹੋਣ ਥੀਂ ਅਖ ਥੀਂ ਦਿਸਦਾ ਨਹੀ ਤਾਂ ਏਸਦਾ ਹਲਣਾ ਕਉਣ ਵੇਖ ਸਕਦਾ ਹੈ? ਅਰ ਅਪਣੇ ਮੁਖ ਥੀਂ ਅਪਣੀ ਵਡਿਆਈ ਕਰਨੀ ਅਛੇ ਮਨੁਖਾਂ ਦਾ ਕੰਮ ਨਹੀਂ ॥ ੮੦ ॥

੯੧—ਤਦ ਉਹ ਉਨ੍ਹਾਂ ਨੂੰ ਜੋ ਖਬੇ ਪਾਸੇ ਹਨ ਕਹੇਗਾ ਹੇ ਸ੍ਰਾਪੇ ਹੋਏ ਲੋਕੋ! ਮੇਰੇ ਪਾਸ ਥੀਂ ਉਸ ਅਨੰਤ ਅਗ ਵਿਚ ਜਾਓ ਜੋ ਸ਼ੈਤਾਨ ਅਰ ਉਸਦੇ ਦੂਤਾਂ ਦੇ ਵਾਸਤੇ ਤਿਆਰ ਕੀਤੀ ਗਈ ਹੈ॥ ਅੰ੦ ਮ੦ ਪ੦ ੨੫। ਆ੦ ੪੧॥

( ਸਮੀਖਕ ) ਭਲਾ ਇਹ ਕਿਨੇ ਵਡੇ ਪਖਪਾਤ ਦੀ ਗਲ ਹੈ ਜੋ ਅਪਣੇ ਸਿਖ ਹਨ ਉਨ੍ਹਾਂ ਨੂੰ ਸੁਰਗ ਅਰ ਜੋ ਦੂਜੇ ਹਨ ਉਨ੍ਹਾਂ ਨੂੰ ਅਨੰਤ ਅਗ ਵਿਚ ਸੁਟਣਾ, ਪ੍ਰੰਤੂ ਜਦ ਅਕਾਸ਼ ਹੀ ਨਾ ਰਹੇਗਾ ਤਾਂ ਅਨੰਤ ਅਗ, ਨਰਕ, ਬਹਿਸ਼ਤ ਕਿੱਥੇ ਰਹਨਗੇ? ਜੇ ਸ਼ੈਤਾਂਨ ਅਰ ਉਸ ਦੇ ਦੂਤਾਂ ਨੂੰ ਈਸ਼੍ਵਰ ਨਾ ਬਣਾਂਦਾ ਤਾ ਇਨੀ ਨਰਕ ਦੀ ਤਿਆਰੀ ਕਿਉਂ ਕਰਨੀ ਪਉਂਦੀ? ਅਰ ਇਕ ਸ਼ੈਤਾਂਨ ਹੀ ਈਸ਼੍ਵਰ ਦੇ ਭੈ ਥੀਂ ਨਾ ਡਰਿਆ ਤਾਂ ਉਹ ਈਸ਼੍ਵਰ ਹੀ ਕੀ ਹੈ, ਕਿਂਉਕਿ ਉਸੇ ਦਾ ਦੂਤ ਹੋਕੇ ਆਕੀ ਹੋਗਿਆ, ਅਰ ਈਸ਼੍ਵਰ ਉਸ ਨੂੰ ਪਹਿਲਾਂ ਹੀ ਪਕੜਕੇ ਕੈਦ ਖਾਂਨੇ ਵਿਚ ਨਾ ਪਾ ਸਕਿਆ, ਨਾ ਮਾਰ ਸਕਿਆ, ਫੇਰ ਉਸਦੀ ਈਸ਼੍ਵਰਤਾ ਕੀ, ਜਿਸ ਨੇ ਈਸ਼੍ਵਰ ਨੂੰ ਬੀ ਚਾਲੀ ਦਿਨ ਦੁਖ ਦਿੱਤਾ? ਈਸਾ ਬੀ ਉਸਦਾ ਕੁਝ ਨਾ ਕਰ ਸਕਿਆ ਤਾਂ ਈਸ਼੍ਵਰ ਦਾ ਪੁਤ੍ਰ ਹੋਣਾ ਨਿਕੰਮਾ ਹੋਇਆ, ਏਸ ਵਾਸਤੇ ਈਸਾ ਨਾ ਈਸ਼੍ਵਰ ਦਾ ਪੁਤ੍ਰ, ਨਾ ਬਾਇਬਲ ਦਾ ਈਸ਼੍ਵਰ ਈਸ਼੍ਵਰ ਹੋਸਕਦਾ ਹੈ॥ ੯੧॥

੯੨—ਤਦ ਬਾਰਾਂ ਸਿੱਖਾਂ ਵਿਚੋਂ ਇੱਕ 'ਯਹੂਦਾਹ ਇਸਕਰਯੋਤੀ' ਨਾਮ ਇਕ ਸਿਖ ਪ੍ਰਧਾਨ ਯਾਜਕਾਂਦੇ ਪਾਸ ਗਿਆ ਅਰ ਆਖਿਆ ਜੋ ਮੈ ਯਸੂ ਨੂੰ ਤੁਸਾਂ ਲੋਕਾਂਦੇ ਹਥ ਪਕੜਵਾਵਾਂ ਤਾਂ ਤੁਸੀ ਲੋਕ ਮੈਨੂੰ ਕੀ, ਦੇਵੋ ਗੇ? ਉਨ੍ਹਾਂਨੇ ਉਸਨੂੰ ਤੀਹ ਰੁਪਯੇ ਦੇਣੇ ਨੂੰ ਠਰ੍ਹਾਇਆ॥ ਅੰ੦ ਮ੦ ਪ੦ ੨੬। ਆ੦ ੧੪। ੧੫॥

( ਸਮੀਖਕ ) ਹੁਣ ਵੇਖੋ ਈਸਾ ਦੀ ਸਾਰੀ ਕਰਾਮਾਤ ਅਰ ਈਸ਼੍ਵਰਤਾ ਇਥੇ ਖੁਲ ਗਈ, ਕਿਉਂਕਿ ਜੋ ਉਸਦਾ ਪ੍ਰਧਾਨ ਸਿਖ ਸੀ ਉਹਬੀ ਉਸਦੇ ਸਾਖਿਆਤ ਸੰਗ ਥੀਂ ਪਵਿਤ੍ਰਆਤਮਾ ਨਾ ਹੋਇਆ ਤਾਂ ਹੋਰਨਾਂ ਨੂੰ ਉਹ ਮੁਇਆਂ ਪਿਛੇ ਪਵਿਤ੍ਰ ਆਤਮਾ ਕੀ ਕਰ ਸਕੇ ਗਾ? ਅਰ ਉਸਦੇ ਵਿਸ਼੍ਵਾਸੀ ਲੋਕ ਉਸਦੇ ਭਰੋਸੇ ਕਿਨੇ ਠਗੇ ਜਾਂਦੇ ਹਨ, ਕਿਉਂਕਿ ਜਿਸਨੈ ਸਾਖਿਆਤ ਸਬੰਧ ਵਿਚ ਚੇਲੇ ਦਾ ਕੁਝ ਕਲਿਆਂਣ ਨਾ ਕੀਤਾ ਉਹ ਮੁਏ ਪਿਛੇ ਕਿਸੇਦਾ ਕਲਿਆਣ ਕਰ ਸਕੇ ਗਾ॥ ੯੨॥

੯੩—ਜਦ ਉਹ ਖਾਂਦੇ ਸਨ ਤਦ ਯਸੂਨੇ ਰੋਟੀ ਲੈਕੇ ਧੰਨਵਾਦ ਕੀਤਾ ਅਰ ਉਸਨੂੰ ਤੋੜਕੇ ਸਿਖਾਂਨੂੰ ਦਿਤਾ ਅਰ ਕਿਹਾ ਲੈ ਖਾਓ। ਇਹ ਮੇਰਾ ਸ਼੍ਰੀਰਹੈ ਅਰ ਉਸਨੇ ਕਟੋਰਾ ਲੈ ਲੈ ਧੰਨਵਾਦ ਮਨਿਆਂ, ਅਰ ਉਨ੍ਹਾਂ ਨੂੰ ਦੇਕੇ ਕਹਿਆ ਤੁਸੀ ਸਾਰੇ ਏਸਥੀਂ ਪੀਓ, ਕਿਉਂਕਿ ਇਹ ਮੇਰਾ ਲਹੂ ਅਰਥਾਤ ਨਵੇਂ ਨੇਮਦਾ ਹੈ॥ ਅੰ੦ ਮ੦ ਪ੦ ੨੬। ਆ੦ ੨੬। ੨੭। ੨੮॥

( ਸਮੀਖਕ ) ਭਲਾ ਇਹ ਅਜਿਹੀ ਗਲ ਕੋਈਬੀ ਭਲਾਮਾਣਸ ਕਰੇਗਾ ਬਿਨਾਂ ਅਵਿਦਵਾਂਨ ਜੰਗਲੀ ਮਨੁਖ ਦੇ, ਸਿਖਾਂ ਬੀਂ ਖਾਂਣਦੀ ਚੀਜ ਨੂੰ ਅਪਣੇ ਮਾਸ ਅਰ ਪੀਣਦੀ ਚੀਜਾਂਨੂੰ ਲਹੂ ਨਹੀ ਕਹ ਸਕਦਾ, ਅਰ ਇਸੇ ਗਲ ਨੂੰ ਅਜਕਲ ਦੇ ਈਸਾਈ ਲੋਕ ਪ੍ਰਭੂ ਭੋਜਨ ਕਹਿੰਦੇ ਹਨ ਅਰਥਾਤ ਖਾਂਣ ਪੀਣ ਦੀਆਂ ਚੀਜਾਂ ਵਿਚੋਂ ਈਸਾਦੇ ਮਾਸ ਅਰ ਲਹੂਦੀ ਭਾਉਨਾ ਕਰ ਖਾਂਦੇ ਪੀਂਦੇ ਹਨ ਇਹ ਕਿਨੀ ਬੁਰੀ ਗਲ ਹੈ? ਜਿਨ੍ਹਾਂਨੇ ਅਪਣੇ ਗੁਰੂਦੇ ਮਾਸ ਲਹੂਨੂੰ ਬੀ ਖਾਣਪੀਣ ਦੀ ਭਾਉਨਾ ਕਰਕੇ ਨਾ ਛਡਿਆ ਤਾਂ ਹੋਰਨੂੰ ਕਿਸਤਰਾਂ ਛਡ ਸਕਦੇ ਹਨ ॥ ੯੩ ॥

੯੪--ਅਰ ਉਹ ਪਿਉ ਨੂੰ ਅਰ ਜਦ ਦੇਹਾਂਦੇ ਦੁਹਾਂ ਪੁਤ੍ਰਾਂਨੂੰ ਅਪਣੇ ਸੰਗ ਲੈ ਗਿਆ ਅਰ ਸ਼ੋਕ ਕਰਨੇ ਅਰ ਬਹੁਤ ਉਦਾਸ ਹੋਣ ਲਗਾ ਤਦ ਓਸਨੇ ਉਨ੍ਹਾਂ ਨੂੰ ਆਖਿਆ ਕਿ ਮੇਰਾ ਮਨ ਇਥੋਂ ਤਿਕ ਅਤੀ ਉਦਾਸ ਹੈ ਕਿ ਮੈਂ ਮਰਨ ਉਪੱਰ ਹਾਂ, ਅਰ ਥੋੜਾ ਅਗੇ ਵਧਕੇ ਉਹ ਮੂੰਹ ਦੇ ਭਾਰ ਢਠਾ ਅਰ ਅਰਜ ਕੀਤੀ ਹੇ ਮੇਰੇ ਪਿਊ ਜੋ ਹੋਸਕੇ ਤਾਂ ਇਹ ਕਟੋਰਾ ਮੇਰੇ ਪਾਸ ਥੀਂ ਟਲਜਾਵੇ ॥ ਅੰ০ ਮ০ ਪ০ ੨੬ । ਆ০ ੩੭ । ੩੮ । ੩੯ ॥

(ਸਮੀਖਕ) ਵੇਖੋ ! ਜੋ ਉਹ ਨਿਰਾ ਮਨੁਖੱ ਨਾ ਹੁੰਦਾ, ਈਸ਼੍ਵਰ ਦਾ ਪੁਤ੍ਰ ਅਰ ਤ੍ਰਿਕਾਲ ਦਰਸੀ ਅਰ ਵਿਦਵਾਂਨ ਹੁੰਦਾ ਤਾਂ ਅਜਿਹੀ ਅਜੋਗ ਚੇਸਟਾ ਨਾ ਕਰਦਾ, ਏਸ ਥੀਂ ਸਪਸ਼ਟ ਮਲੂੰਮ ਹੁੰਦਾ ਹੈ ਕਿ ਇਹ ਪ੍ਰਪੰਚ ਈਸਾ ਨੇ ਅਥਵਾ ਓਸਦੇ ਚੇਲਿਆਂ ਨੇ ਝੂਠ ਮੂਠ ਬਣਾਇਆ ਹੈ ਕਿ ਉਹ ਈਸ਼੍ਵਰ ਦਾ ਪੁਤ੍ਰ ਪਿਛਲੇ ਅਗਲੇ ਸਮੇਂ ਦਾ ਜਾਂਣਨ ਵਾਲਾ ਅਰ ਪਾਪ ਖਿਮਾਂ ਕਰਦਾ ਹੈ, ਏਸ ਥੀਂ ਸਮਝਣਾ ਚਾਹੀਏ ਇਹ ਨਿਰਾ ਸਧਾਰਣ ਸਿਧਾ ਸਚੱ ਅਵਿਦਵਾਨ ਸੀ, ਨਾ ਵਿਦਵਾਂਨ, ਨਾ ਯੋਗੀ, ਨਾ ਕਰਾਮਾਤੀ ਸੀ ॥ ੯੪ ॥

੯੫-ਉਹ ਬੋਲਦਾ ਹੀ ਸੀ ਕਿ ਵੇਖੋ ! ਯਹੂਦਾਹ ਜੋ ਬਾਰ੍ਹਾਂ ਸ਼ਿਖੱਾਂ ਵਿਚੋਂ ਇਕ ਸੀ ਆ ਪਹੁਚਿਆ ਅਰ ਲੋਕਾਂ ਦੇ ਪ੍ਰਧਾਨ ਯਾਜਕਾਂ ਅਰ ਪ੍ਰਾਚੀਨਾਂ ਦੀ ਤਰਫ ਥੀਂ ਬਹੁਤ ਲੋਕ ਤਲਵਾਰ ਅਰ ਲਾਠੀਆਂ ਲੈ ਉਸਦੇ ਸੰਗ ਯਸੂ ਦੇ ਪਕੜਵਾਂਨੇ ਹਾਰੇ ਨੇ ਉਨ੍ਹਾਂ ਨੂੰ ਇਹ ਪਤਾ ਦਿਤੱਾ ਸੀ ਕਿ ਜਿਸ ਨੂੰ ਮੈਂ ਚੁਮੱਾਂ ਓਸਨੂੰ ਪਕੜੋ, ਅਰ ਉਹ ਤੁਰਤ ਯਸੂ ਪਾਸ ਆਕੇ ਬੋਲਿਆ, ਹੇ ਗੁਰੂ ਪ੍ਰਣਾਮ ਅਰ ਓਸਨੂੰ ਚੁਮਿਆਂ, ਤਦ ਉਨ੍ਹਾਂ ਨੇ ਯਸੂ ਉਪੱਰ ਹਥ ਪਾਕੇ ਓਸਨੂੰ ਪਕੜਿਆ, ਤਦ ਸਾਰੇ ਸਿਖ ਓਸਨੂੰ ਛਡਕੇ ਨਸੇ, ਪਿਛੋਂ ਦੋ ਝੂਠੇ ਉਗਾਹ ਆਕੇ ਬੋਲੇ ਏਸ ਨੇ ਕਹਿਆ ਕਿ ਮੈਂ ਈਸ਼੍ਵਰ ਦਾ ਮੰਦ੍ਰ ਢਾਹ ਸਕਦਾ ਹਾਂ ਓਸਨੂੰ ਤਿਨਾਂ ਦਿਨਾਂ ਵਿਚ ਫਿਰ ਬਣਾ ਸਕਦਾ ਹਾਂ, ਤਦ ਮਹਾਂ ਯਾਜਕ ਨੇ ਖੜਾ ਹੋਕੇ ਯਸੂ ਨੂੰ ਕਹਿਆ ਕੀ ਤੂੰ ਕੁਝ ਉਤ੍ਰ ਨਹੀਂ ਦਿੰਦਾ ਇਹ

ਲੋਕ ਤੇਰੇ ਵਿਰੁਧ ਕੀ ਉਗਾਹੀ ਦਿੰਦੇ ਹਨ ? ਪ੍ਰੰਤੂ ਯਸੂ ਚੁਪ ਰਹਿਆ, ਇਸ ਉਪੱਰ ਵਡੇ ਯਾਜਕ ਨੇ ਓਸਨੂੰ ਕਹਿਆ ਮੈਂ ਤੈਨੂੰ ਜੀਉਂਦੇ ਈਸ਼੍ਵਰ ਦੀ ਸਹੋਂ ਦਿੰਦਾ ਹਾਂ ਸਾਨੂੰ ਦਸ ਤੂੰ ਈਸ਼੍ਵਰ ਦਾ ਪੁਤ੍ਰ ਖ੍ਰੀਸ਼ਟ ਹੈਂ ਕਿ ਨਹੀਂ? ਯਸੂ ਓਸ ਨੂੰ ਬੋਲਿਆ ਤੂੰ ਤਾਂ ਕਹ ਚੁਕਿਆ, ਤਦ ਮਹਾਂ ਯਾਜਕ ਨੇ ਅਪਣੇ ਕਪੜੇ ਪਾੜਕੇ ਕਹਿਆ ਕਿ ਇਹ ਈਸ਼੍ਵਰ ਦੀ ਨਿੰਦਿਆ ਕਰ ਚੁਕਿਆ ਹੈ, ਹੁਣ ਸਾਨੂੰ ਉਗਾਹਾਂ ਦਾ ਹੋਰ ਕੀ ਮਤਬਲ, ਵੇਖੋ! ਤੁਸਾਂ ਨੇ ਹੁਣ ਹੀ ਓਸਦੇ ਮੁਖ ਥੀਂ ਈਸ਼੍ਵਰ ਦੀ ਨਿੰਦਿਆ ਸੁਣੀ ਹੈ, ਹੁਣ ਕੀ ਵਿਚਾਰ ਕਰਦੇਓ ? ਤਦ ਉਨ੍ਹਾਂ ਨੇ ਉਤ੍ਰ ਦਿਤਾ ਉਹ ਮਾਰਨੇ ਦੇ ਜੋਗ ਹੈ, ਤਦ ਉਨ੍ਹਾਂ ਨੇ ਓਸਦੇ ਮੂੰਹ ਉਪੱਰ ਥੁਕਿਆ, ਅਰ ਓਸਨੂੰ ਮੁੱਕੇ ਮਾਰੇ, ਹੋਰਨਾਂ ਨੇ ਚਪੇੜਾਂ ਮਾਰਕੇ ਕਹਿਆ ਹੇ ਖ੍ਰੀਸ਼ਟ ਸਾਨੂੰ ਅਗੋਂ ਦੀ ਬਾਣੀ ਬੋਲ ਕਿਸ ਨੇ ਤੈਨੂੰ ਮਾਰਿਆ ? 'ਪਿਤਰਸ' ਬਾਹਿਰ ਵਿਹੜੇ ਵਿਚ ਬੈਠਾ ਸੀ ਅਰ ਇਕ ਟਹਿਲਣ ਓਸ ਪਾਸ ਆਕੇ ਬੋਲੀ ਤੂੰ ਬੀ ਯਸੂ ਗਾਲੀਲੀਦੇ ਸੰਗ ਸੀ ? ਓਸਨੇ ਸਾਰਿਆਂ ਦੇ ਸਾਮਣੇ ਮੁਕੱਰ ਕੇ ਕਹਿਆ ਮੈਂ ਨਹੀਂ ਜਾਂਣਦਾ ਤੂੰ ਕੀ ਕਹਿਦੀ ਹੈਂ, ਜਦ ਉਹ ਬਾਹਿਰ ਡੇਉਢੀ ਵਿਚ ਗਿਆ ਤਾਂ ਦੂਜੀ ਟਹਲਣ ਨੇ ਓਸਨੂੰ ਵੇਖਕੇ ਜੋ ਲੋਕ ਓਥੇ ਸਨ ਉਨ੍ਹਾਂ ਨੂੰ ਕਹਿਆ ਇਹ ਬੀ ਯਸੂ ਨਾਸਰੀ ਦੇ ਸੰਗ ਸੀ, ਓਸਨੇ ਸਹੋਂ ਖਾਕੇ ਫੇਰ ਮੁਕਰਾ ਕਿ ਮੈਂ ਓਸ ਮਨੁਖੱ ਨੂੰ ਨਹੀਂ ਜਾਂਣਦਾ ਹਾਂ, ਤਦ ਉਹ ਧ੍ਰਿਕਾਰ ਦੇਣੇ ਅਰ ਸਹੁੰ ਖਾਂਣ ਲਗਾ ਕਿ ਓਸ ਮਨੁਖੱ ਨੂੰ ਨਹੀਂ ਜਾਂਣਦਾ ਹਾਂ॥ ਅੰ० ਮ० ਪ० ੨੬ । ਆ० ੫੭ । ੫੮ । ੫੯ । ੬੦ । ੬੧ । ੬੨ । ੬੩ । ੬੪ । ੬੫ । ੬੬ । ੬੭ । ੬੮ । ੬੯ । ੭੦ । ੭੧ । ੭੨ । ੭੪ ॥

( ਸਮੀਖਕ ) ਹੁਣ ਵੇਖਲੋ ! ਕਿ ਜਿਸਦਾ ਇਨੱਾ ਬੀ ਬਲ, ਵਾ ਪ੍ਰਤਾਪ ਨਹੀਂ ਸੀ ਕਿ ਅਪਣੇ ਚੇਲੇ ਨੂੰ ਪਕੱਾ ਨਿਸਚਾ ਕਰਾ ਸਕੇ, ਅਰ ਉਹ ਚੇਲੇ ਚਾਹੇ ਪ੍ਰਾਂਣ ਬੀ ਕਿਉਂ ਨਾ ਜਾਂਦੇ ਤਾਂ ਬੀ ਅਪਣੇ ਗੁਰੂ ਨੂੰ ਲੋਭ ਕਰਕੇ ਨਾ ਪਕੜਾਂਦੇ, ਨਾ ਮੁਕਰਦੇ, ਨਾ ਝੂਠ ਬੋਲਦੇ, ਨਾ ਝੂਠੀ ਸਹੋ ਖਾਂਦੇ, ਅਰ ਈਸਾ ਬੀ ਕੁਝ ਕਰਾਮਾਤੀ ਨਹੀਂ ਸੀ ਜਿਹਾ ਤੌਰੇਤ ਵਿਚ ਲਿਖਿਆ ਹੈ ਕਿ ਲੂਤ ਦੇ ਘਰ ਉਪਰ ਪ੍ਰਾਹੁਣਿਆਂ ਨੂੰ ਬਹੁਤ ਸਾਰੇ ਮਾਰਣ ਨੂੰ ਚੜ੍ਹ ਆਏ ਸਨ ਉਥੇ ਈਸ਼੍ਵਰ ਦੇ ਦੋ ਦੂਤ ਸਨ ਉਨ੍ਹਾਂ ਨੇ ਉਨ੍ਹਾਂ ਹੀ ਨੂੰ ਅੰਨ੍ਹਾਂ ਕਰ ਦਿਤਾ, ਭਾਵੇਂ ਇਹ ਬੀ ਗਲ ਅਣ ਬਣਦੀ ਹੈ ਤਾਂ ਬੀ ਈਸਾ ਵਿਚ ਤਾਂ ਇਨਾ ਬੀ ਸਮਰਥ ਨਹੀਂ ਸੀ, ਅਰ ਅਜ ਕਲ ਕਿਨੀ ਵਧੀਕੀ ਓਸਦੇ ਨਾਉਂ ਉਪਰ ਈਸਾਈਆਂ ਨੇ ਵਧਾ ਰੱਖੀ ਹੈ, ਭਲਾ ਅਜਿਹੀ ਦੁਰਦਸ਼ਾ ਨਾਲ ਮਰਨ ਥੀਂ ਆਪ ਅਪਣੇ ਆਪ ਲਟਕਕੇ ਵਾ ਸਮਾਧੀ ਚੜ੍ਹਾਕੇ ਅਥਵਾ ਕਿਸੇ ਪ੍ਰਕਾਰ ਨਾਲ ਪ੍ਰਾਣਾ ਨੂੰ ਛਡਦਾ ਤਾਂ ਅਛਾ ਸੀ ਪ੍ਰੰਤੂ ਉਹ ਬੁਧੀ ਬਿਨਾ ਵਿਦਿਆ ਦੇ ਕਿਥੋਂ ਥੀਂ ਨਜੀਕ ਠਹਿਰੇ, ਉਹ ਈਸਾ ਇਹ ਬੀ ਕਹਿੰਦਾ ਹੈ ਕਿ॥ ੯੫॥

੯੬ ।—ਮੈਂ ਹੁਣੇ ਅਪਣੇ ਪਿਉ ਥੀਂ ਬੇਨਤੀ ਨਹੀਂ ਕਰਦਾ ਹਾਂ, ਅਰ ਉਹ ਮੇਰੇ ਪਾਸ ਸੁਰਗ ਦੂਤਾਂ ਦੀ ਬਾਰਹ ਸੈਨਾਂ ਥੀਂ ਵਧੀਕ ਪੁਚਾ ਨਾ ਦੇਵੇਗਾ ॥ ਅੰ० ਮ० ਪ० ੨੬ । ਆ० ੫੩ ॥

( ਸਮੀਖਕ ) ਧਮਕਾਂਦਾ ਬੀ ਜਾਂਦਾ ਅਪਣੀ ਅਰ ਅਪਣੇ ਪਿਉਦੀ ਵਡਿਆਈ ਬੀ ਕਰਦਾ ਜਾਂਦਾ ਪਰ ਕੁਝ ਬੀ ਨਹੀਂ ਕਰਸਕਦਾ,ਵੇਖੋ! ਅਚਰਜ ਦੀ ਗਲ, ਜਦ ਮਹਾਂ ਯਾਜਕ ਨੇ ਪੁਛਿਆ ਸੀ ਕਿ ਇਹ ਲੋਕ ਤੇਰੇ ਵਿਰੁਧ ਉਗਾਹੀ ਦਿੰਦੇ ਹਨ ਏਸਦਾ ਉਤ੍ਰ ਦੇਹ ਤਾਂ ਈਸਾ ਚੁਪ ਰਹਿਆ, ਇਹ ਬੀ ਈ-ਸਾ ਨੇ ਅੱਛਾ ਨਾ ਕੀਤਾ ਕਿਉਂਕਿ ਜੋ ਸੱਚ ਸੀ ਉਹ ਓਥੇ ਜਰੂਰ ਕਹਿੰਦਾ ਤਾਂ ਬੀ ਅੱਛਾ ਹੁੰਦਾ, ਅਜਿਹੀਆਂ ਬਹੁਤ ਸਾਰੀਆਂ ਅਪਣੇ ਘਮੰਡਦੀਆਂ ਗਲਾਂ ਕਰਨੀਆਂ ਮੁਨਾਸਬ ਨਾ ਸਨ, ਅਰ ਜਿਨ੍ਹਾਂ ਨੇ ਈਸਾ ਉਪਰ ਝੂਠਾ ਦੋਸ਼ ਲਾਕੇ ਮਾਰਿਆ ਉਨ੍ਹਾਂ ਨੂੰ ਬੀ ਮੁਨਾਸਬ ਨਾ ਸੀ, ਕਿਉਂਕਿ ਈਸਾਦਾ ਓਸਤਰਾਂ ਦਾ ਕਸੂਰ ਨਹੀ ਸੀ ਜਿਹਾ ਓਸਦੇ ਵਿਸ਼ੇ ਵਿਚ ਉਨ੍ਹਾਂਨੇ ਕੀਤਾ, ਪ੍ਰੰਤੂ ਓਹ ਬੀ ਤਾਂ ਜੰਗਲੀ ਸਨ ਨਿਆਂ ਦੀਆਂ ਗਲਾਂ ਨੂੰ ਕੀ ਸਮਝਨ, ਜੇਕਰ ਈਸਾ ਝੂਠ ਮੂਠ ਈਸ਼ੂਰ ਦਾ ਪੁਤ੍ਰ ਨਾ ਬਣਦਾ ਅਰ ਉਹ ਓਸਦੇ ਨਾਲ ਅਜਿਹੀ ਬੁਰਿਆਈ ਨਾ ਵਰਤਦੇ ਤਾਂ ਦੁਹਾਂਦੇ ਵਾਸਤੇ ਅਛਾ ਕੰਮ ਸੀ,ਪ੍ਰੰਤੂ ਇਨੀ ਵਿਦਿਆ, ਧਰ-ਮਾਤ੍ਮਤਾ, ਨਿਆਂ ਸ਼ੀਲਤਾ, ਕਿਥੋਂ ਥੀਂ ਲਿਆਉਂਨ ॥ ੯੬ ॥

੯੭—ਯਸੂ ਹਾਕਮ ਦ ਅਗੇ ਖਲੋਤਾ, ਅਰ ਹਾਕਮ ਨੇ ਓਸ ਪਾਸੋਂ ਪੁਛਿਆ ਕੀ, ਤੂੰ ਯਹੂਦੀਆਂ ਦਾ ਰਾਜਾ ਹੈਂ? ਯਸੂ ਨੇ ਓਸਨੂੰ ਕਹਿਆ ਤੁਸੀ ਹੀ ਤਾਂ ਕਹਿੰਦੇ ਓ, ਜਦ ਪਰਧਾਨ ਯਾਜਕ ਅਰ ਪ੍ਰਾਚੀਨ ਲੋਕ ਓਸ ਉਪਰ ਦੋਸ਼ ਲਗਾਂਦੇ ਸਨ ਤਦ ਓਸਨੇ ਕੁਝ ਉਤ੍ਰ ਨਹੀ ਦਿਤਾ, ਤਦ ਪਿਲਾਤਸ ਨੇ ਓਸਨੂੰ ਕਹਿਆ ਕੀ ਤੂੰ ਨਹੀ ਸੁਣਦਾ ਕਿ ਇਹ ਲੋਕ ਤੇਰੇ ਵਿਰੁਧ ਕਿਨੀ ਉਗਾਹੀਆਂ ਦਿੰਦੇ ਹਨ,ਪ੍ਰੰਤੂ ਓਸਨੇ ਇਕ ਗਲਦਾ ਬੀ ਓਸਨੂੰ ਉਤ੍ਰ ਨਾ ਦਿਤਾ, ਏਥੋਂਤਿਕ ਕਿ ਅਧਖ ਨੇ ਬਹੁਤ ਅਚਰਜ ਕੀਤਾ, ਪਿਲਾਤਸ ਨੇ ਉਨ੍ਹਾਂਨੂੰ ਕਹਿਆ ਤਾਂ ਮੈ ਯਸੂ ਨਾਲ ਜੋ ਖ੍ਰੀਸ਼ਟ ਕਹਾਉਦਾ ਹੈ ਕੀ, ਕਰਾਂ? ਸਾਰਿਆਂ ਨੇ ਓਸਨੂੰ ਕਹਿਆ ਉਹ ਸੂਲੀ ਉਪਰ ਚੜ੍ਹਾਇਆ ਜਾਵੇ,ਅਰ ਯਸੂ ਨੂੰ ਕੋੜੇ ਮਾਰਕੇ ਸੂਲੀ ਉਪਰ ਚੜ੍ਹਾਨ ਨੂੰ ਸੌਂਪ ਦਿਤਾ । ਤਦ ਅਧਖ ਦੇ ਜੋਧਿਆਂ ਨੇ ਯਸੂ ਨੂੰ ਅਧਖ ਦੇ ਘਰਵਿਚ ਲੈਜਾਕੇ ਸਾਰੀ ਪਲਟਨ ਓਸ ਪਾਸ ਇਕਠੀ ਕੀਤੀ, ਅਰ ਉਨ੍ਹਾਂਨੇ ਓਸਦਾ ਕਪੜਾ ਉਤਾਰਕੇ ਓਸਨੂੰ ਲਾਲ ਚੋਗਾ ਪੁਵਾਇਆ, ਅਰ ਕੰਡਿਆਂ ਦਾ ਮੁਗਟ ਬਣਾ ਕੇ ਓਸਦੇ ਸਿਰ ਉਪੱਰ ਰਖਿਆ, ਅਰ ਓਸਦੇ ਸਜੇ ਹਥ ਉਪੱਰ ਨਰਕਟ ਦਿਤ੍ਰਾ, ਅਰ ਓਸਦੇ ਅਗੇ ਗੋਡੇ ਟੇਕਕੇ ਇਹ ਕਹਿਕੇ ਓਸਨੂੰ ਠਠੋਂ ਕੀਤਾ ਹੇ ਯਹੂਦੀਆਂ ਦੇ ਰਾਜਾ ਪ੍ਰਣਾਮ, ਅਰ ਉਨ੍ਹਾਂ ਨੇ ਓਸ ਉਪੱਰ ਥੁਕਿਆ, ਅਰ ਓਸ ਨਰਕਟ ਨੂੰ ਲੈਕੇ

ਉਸਦੇ ਸਿਰ ਉੱਪਰ ਮਾਰਿਆ, ਜਦ ਉਹ ਉਸ ਨਾਲ ਠੱਠਾ ਕਰ ਚੁਕੇ ਤਦ ਉਸ ਥੀਂ ਉਹ ਚੋਗਾ ਲਾਹਕੇ 'ਮਸੀਹ' ਦਾ ਕਪੜਾ ਪੁਆਕੇ ਉਸਨੂੰ ਸੂਲੀ ਉੱਪਰ ਚੜ੍ਹਾਨ ਨੂੰ ਲੈਗਏ, ਜਦ ਉਹ ਇਕ ਜਗਹਿ ਉੱਪਰ ਜੋ ਗਲੱਗਤਾ ਸੀ ਅਰਥਾਤ 'ਖੋਪੜੀ' ਦਾ ਅਸਥਾਂਨ ਕਹਾਂਦਾ ਹੈ ਪਹੁੰਚੇ ਤਦ ਉਨ੍ਹਾਂ ਨੇ ਸਿਰਕੇ ਵਿਚ ਪਿਤ ਮਿਲ ਕੇ ਉਸਨੂੰ ਪੀਣੇ ਨੂੰ ਦਿਤਾ, ਪ੍ਰੰਤੂ ਉਸਨੈ ਚਖਕੇ ਪਾਣੀ ਨਾ ਚਾਹਿਆ, ਤਦ ਉਨ੍ਹਾਂ ਨੈ ਉਸਨੂੰ ਸੂਲੀ ਉਪੱਰ ਚੜ੍ਹਾਇਆ, ਅਰ ਉਨ੍ਹਾਂ ਨੈ ਉਸਦਾ ਦੋਸ਼ਪਤ੍ਰ ਉਸਦੇ ਸਿਰ ਦੇ ਉੱਪਰ ਲਗਾਇਆ, ਤਦ ਦੋ ਡਾਕੂ ਇਕ ਸੱਜੀ ਤਰਫ ਦੂਜਾ ਖਬੀ ਤਰਫ ਉਸਦੇ ਨਾਲ ਸੂਲੀਆਂ ਉੱਪਰ ਚੜ੍ਹਾਏ ਗਏ, ਜੋ ਲੋਕ ਉਧਰ ਥੀਂ ਆਉਂਦੇ ਜਾਂਦੇ ਸਨ ਉਨ੍ਹਾਂ ਨੇ ਅਪਣੇ ਸਿਰ ਹਲਾਕੇ ਅਰ ਇਹ ਕਹਿਕੇ ਉਸਦੀ ਨਿੰਦਿਆ ਕੀਤੀ, ਹੇ ਮੰਦਰ ਦੇ ਢਾਹਣ ਵਾਲੇ ਅਪਣੇ ਨੂੰ ਬਚਾ ਜੋ ਤੂੰ ਈਸ਼੍ਵਰ ਦਾ ਪੁਤ੍ਰ ਹੈਂ, ਤਾਂ ਸੂਲੀ ਉਪੱਰੋਂ ਉਤ੍ਰ ਆ, ਇਸੇ ਰੀਤੀ ਨਾਲ ਪ੍ਰਧਾਨ ਯਾਜਕਾਂ ਨੈ ਬੀ ਪੜ੍ਹਾਨੇ ਵਾਲਿਆਂ ਅਰ ਪ੍ਰਾਚੀਨਾਂ ਦੇ ਸੰਗੀਆਂ ਨੈ ਠੱਠਾ ਕਰਕੇ ਕਹਿਆ ਉਸਨੇ ਹੋਰਨਾਂ ਨੂੰ ਬਚਾਇਆ, ਅਪਣੇ ਨੂੰ ਬਚਾ ਨਹੀਂ ਸਕਦਾ ਹੈ ? ਜੇਕਰ ਉਹ ਇਸਰਾਏਲ ਦਾ ਰਾਜਾ ਹੈ ਤਾਂ ਸੂਲੀ ਉਪੱਰੋਂ ਉਤ੍ਰ ਆਵੇ ਅਰ ਅਸੀ ਉਸਦਾ ਨਿਸਚਾ ਕਰਾਂਗੇ ਉਹ ਈਸ਼੍ਵਰ ਉਪੱਰ ਭ੍ਰੋਸਾ ਰਖਦਾ ਹੈ, ਜੇਕਰ ਈਸ਼੍ਵਰ ਉਸਨੂੰ ਚਾਹੰਦਾ ਹੈ ਤਾਂ ਉਸਨੂੰ ਹੁਣ ਬਚਾਵੇ, ਕਿਉਂਕਿ ਉਸਨੈ ਕਹਿਆ ਮੈਂ ਈਸ਼੍ਵਰਦਾ ਪੁਤ੍ਰ ਹਾਂ, ਜੋ ਡਾਕੂ ਉਸਦੇ ਸੰਗ ਚੜ੍ਹਾਏ ਗਏ ਉਨ੍ਹਾਂਨੈ ਬੀ ਇਸੇ ਰੀਤੀ ਨਾਲ ਉਸਦੀ ਨਿੰਦਿਆ ਕੀਤੀ, ਦੁਪਹਿਰਥੀਂ ਤੀਜੇ ਪਹਿਰ ਤਿਕ ਸਾਰੇ ਦੇਸ਼ ਵਿਚ ਹਨੇਰਾ ਹੋ ਗਿਆ, ਤੀਜੇ ਪਹਿਰਦੇ ਨਜੀਕ ਯਸੂਨੈ ਵਡੇ ਅਵਾਜ ਨਾਲ ਪੁਕਾਰਕੇ ਆਖਿਆ " ਏਲੀ ਏਲੀ ਲਾਮਾ ਸਵਕਤਨੀ" ਅਰਥਾਤ ਹੇ ਮੇਰੇ ਈਸ਼੍ਵਰ ਹੇ ਮੇਰੇ ਈਸ਼੍ਵਰ ਤੂੰਨੈ ਕਿਉਂ ਮੈਨੂੰ ਛਡਿਆ ਹੈ? ਜੋ ਲੋਕ ਉਥੇ ਖਲੋਤੇ ਸਨ ਉਨ੍ਹਾਂ ਵਿਚੋਂ ਕਿਨਿਆਂ ਨੇ ਇਹ ਸੁਣਕੇ ਕਹਿਆ ਉਹ ਏਲੀਆਹ ਨੂੰ ਬੁਲਾਂਦਾ ਹੈ, ਉਨ੍ਹਾਂ ਵਿਚੋਂ ਇਕਨੈ ਤੁਰਤ ਦੌੜਕੇ ਇਸਪੰਜ ਲੈਕੇ ਸਿਰਕੇ ਵਿਚ ਭਿਗੋਇਆ ਅਰ ਨਲ ਉਪਰ ਰਖਕੇ ਉਸਨੂੰ ਪੀਣ ਨੂੰ ਦਿਤਾ, ਤਦ ਯਸੂਨੈ ਫਿਰ ਵਡੇ ਅਵਾਜ ਨਾਲ ਪੁਕਾਰਕੇ ਪ੍ਰਾਂਣ ਤਿਆਗਿਆ॥ ਅੰ੦ ਮ੦ ਪ੦ ੨੭। ਆ੦ ੧੧।੧੨।੧੩।੧੪।੨੭।੨੩।੨੪।੨੬।੨੭।੨੮।੨੯।੩੦।੩੧।੩੩।੩੪।੩੭।੩੮।੩੯।੪੦।੪੧।੪੨।੪੩।੪੪।੪੫।੪੬।੪੭।੪੮।੪੯।੫੦॥

( ਸਮੀਖਕ ) ਹਮੇਸ਼ਾਂ ਯਸੂਦੇ ਨਾਲ ਉਨ੍ਹਾਂ ਦੁਸ਼ਟਾਂ ਨੈ ਬੁਰਾ ਕੰਮ ਕੀਤਾ ਪ੍ਰੰਤੂ ਯਸੂ ਦਾ ਬੀ ਕਸੂਰ ਹੈ, ਕਿਉਂਕਿ ਈਸ਼੍ਵਰ ਦਾ ਨਾ ਕੋਈ ਪੁਤ੍ਰ ਨਾ ਉਹ ਕਿਸੇਦਾ ਪਿਉ ਹੈ, ਕਿਉਂਕਿ ਜੇ ਉਹ ਕਿਸੇ ਦਾ ਪਿਉ ਹੋਵੇ ਤਾਂ ਕਿਸੇਦਾ ਸੌਹਰਾ,

ਸਾਲਾ, ਸਾਕ ਆਦੀ ਬੀ ਹੋਵੇ, ਅਰ ਜਦ ਅਧਖ ਨੇ ਪੁਛਿਆ ਸੀ ਤਦ ਸਿਧਾ ਸਚ ਸੀ ਜਬਾਬ ਦੇਣਾ ਸੀ, ਅਰ ਇਹ ਠੀਕ ਹੈ ਕਿ ਜੋ ਜੋ ਅਚਰਜ ਕੰਮ ਪਹਿਲਾਂ ਕੀਤੇ ਹੋਏ ਸਚੇ ਹੁੰਦੇ ਤਾਂ ਹੁਣ ਬੀ ਸੂਲੀ ਉਪਰੋਂ ਉਤ੍ਰਕੇ ਸਾਰਿਆਂ ਨੂੰ ਅਪਣੇ ਸਿਖ ਬਣਾ ਲੈਂਦਾ, ਅਰ ਜੇਕਰ ਉਹ ਈਸ਼੍ਵਰਦਾ ਪੁਤ੍ਰ ਹੁੰਦਾ ਤਾਂ ਈਸ਼੍ਵਰ ਬੀ ਉਸਨੂੰ ਬਚਾ ਲੈਂਦਾ, ਜੇਕਰ ਉਹ ਤ੍ਰਿਕਾਲ ਦਰਸੀ ਹੁੰਦਾ ਤਾਂ ਸਿਰਕੇ ਵਿਚ ਪਿਤ ਮਿਲੇ ਹੋਏ ਨੂੰ ਚਖਕੇ ਕਿਉਂ ਛਡਦਾ ਉਹ ਪਹਿਲਾਂ ਹੀ ਬੀ ਜਾਣਦਾ ਹੁੰਦਾ। ਅਰ ਜੇਕਰ ਉਹ ਕਰਾਮਾਤੀ ਹੁੰਦਾ ਤਾਂ ਪੁਕਾਰ ਪੁਕਾਰ ਕੇ ਪ੍ਰਾਣ ਕਿਉਂ ਤਿਆਗਦਾ? ਇਸਥੀਂ ਜਾਨਣਾ ਚਾਹੀਏ ਕਿ ਚਾਹੇ ਕੋਈ ਕਿਨੀ ਹੀ ਚਤੁਰਾਈ ਕਰੇ ਪ੍ਰੰਤੂ ਅੰਤ ਵਿਚ ਸਚ ਸਚ, ਅਰ ਝੂਠ ਝੂਠ ਹੋ ਜਾਂਦਾ ਹੈ, ਇਸ ਥੀਂ ਇਹ ਬੀ ਸਿਧ ਹੋਇਆ ਕਿ ਯਸੂ ਇਕ ਉਸ ਵੇਲੇ ਦੇ ਜੰਗਲੀ ਮਨੁਖਾਂ ਵਿਚ ਕੁਝ ਅਛਾ ਸੀ, ਨਾ ਓਹ ਕਰਾਮਾਤੀ, ਨਾ ਈਸ਼੍ਵਰ ਦਾ ਪੁਤ੍ਰ, ਅਰ ਨਾ ਵਿਦਵਾਂਨ ਸੀ, ਕਿੰਉਕਿ ਜੇਕਰ ਅਜਿਹਾ ਹੁੰਦਾ ਤਾਂ ਅਜਿਹਾ ਉਹ ਦੁਖ ਕਿਉਂ ਭੋਗਦਾ? ॥ ੯੭ ॥

੯੮—ਹੋਰ ਵੇਖੋ ਵਡਾ ਭੁਚਾਲ ਆਇਆ ਕਿ ਪਰਮੇਸ਼੍ਵਰ ਦਾ ਇਕ ਦੂਤ ਉਤ੍ਰਿਆ ਅਰ ਆਕੇ ਕਬਰ ਦੇ ਦਰਵੱਜੇ ਉਪਰੋਂ ਪਥਰ ਢਲਕਾਕੇ ਉਸ ਉਪਰ ਬੈਠਿਆ, ਉਹ ਇੱਥੇ ਨਹੀਂ ਹੈ, ਜਿਸਤਰਾਂ ਉਸ ਨੇ ਕਹਿਆ ਉਸਤਰਾਂ ਜੀ ਉਠਿਆ ਹੈ, ਜਦ ਉਹ ਉਸ ਦੇ ਸਿਖਾਂ ਨੂੰ ਖਬਰ ਜਾਂਦੀ ਸੀ ਵੇਖੋ ਯਸੂ ਉਨ੍ਹਾਂ ਨਾਲ ਆਮਿਲਿਆ, ਕਹਿਆ ਕਲਿਆਣ ਹੋਵੇ, ਅਰ ਉਨ੍ਹਾਂ ਨੇ ਨਜੀਕ ਆਕੇ ਉਸਦੇ ਪੈਰ ਪਕੜਕੇ ਉਸ ਨੂੰ ਮਥਾ ਟੇਕਿਆ, ਤਦ ਯਸੂ ਨੇ ਕਹਿਆ ਮਤ ਡਰੋ ਜਾਕੇ ਮੇਰੇ ਭ੍ਰਾਵਾਂ ਨੂੰ ਕਹ ਦੇਵੋ ਉਹ ਗਾਲੀਲ ਨੂੰ ਜਾਂਨ ਅਰ ਉਥੇ ਉਹ ਮੈਨੂੰ ਵੇਖਨਗੇ, ਯਾਰਾਂ ਸਿਖ ਗਾਲੀਲ ਨੂੰ ਉਸ ਪਹਾੜ ਵਿਚ ਗਏ ਜੋ ਯਸੂ ਨੇ ਉਨ੍ਹਾਂ ਨੂੰ ਦਸਿਆ ਸੀ ਅਰ ਉਨ੍ਹਾਂ ਨੇ ਉਸ ਨੂੰ ਵੇਖਕੇ ਉਸਨੂੰ ਮਥਾ ਟੇਕਿਆ, ਪਰ ਕਿਨਿਆਂ ਨੂੰ ਸੰਦੇਹ ਹੋਇਆ, ਯਸੂ ਨੇ ਉਨ੍ਹਾਂ ਪਾਸ ਆਕੇ ਉਨ੍ਹਾਂ ਨੂੰ ਕਹਿਆ ਸੁਰਗ ਵਿਚ ਅਰ ਜਮੀਨ ਉਪਰ ਸਾਰਾ ਅਧਕਾਰ ਮੈਨੂੰ ਦਿੱਤਾ ਗਿਆ ਹੈ, ਅਰ ਵੇਖੋ ਮੈਂ ਜਗਤ ਦੇ ਅੰਤ ਤਿਕ ਸਾਰੇ ਦਿਨ ਤੁਹਾਡੇ ਸੰਗ ਹਾਂ ॥ ਅੰ॰ ਮ॰ ਪ॰ ੨੮। ਆ॰ ੫। ੬। ੮। ੧੦। ੧੬। ੧੭। ੧੮। ੨੦॥

( ਸਮੀਖਕ ) ਇਹ ਗਲ ਬੀ ਮੰਨਣ ਜੋਗ ਨਹੀਂ, ਕਿਉਕਿ ਸ੍ਰਿਸ਼ਟਿ ਕ੍ਰਮ ਅਰ ਵਿਦਿਆ ਵਿਰੁਧ ਹੈ, ਪਹਿਲਾਂ ਈਸ਼੍ਵਰ ਦੇ ਪਾਸ ਦੂਤਾਂ ਦਾ ਹੋਣਾ, ਉਨ੍ਹਾਂ ਨੂੰ ਜਿੱਥੇ ਤਿੱਥੇ ਭੇਜਣਾ, ਉਪਰ ਥੀਂ ਉਤਰਨਾ, ਕੀ, ਤਹਸੀਲਦਾਰੀ ਕਲਕਟ੍ਰੀ ਦੇ ਵਾਕਣ ਈਸ਼੍ਵਰ ਨੂੰ ਬਣਾ ਦਿਤਾ? ਕੀ ਉਸੇ ਸ਼ਰੀਰ ਨਾਲ ਸੁਰਗ ਨੂੰ ਗਿਆ? ਅਰ ਜੀ ਉਠਿਆ,? ਕਿਉਂਕਿ ਉਨ੍ਹਾਂ ਇਸਤ੍ਰੀਆਂ ਨੇ ਉਨ੍ਹਾਂ ਦੇ ਪੈਰ ਪਕੜ ਕੇ ਮਥਾ ਟੇਕਿਆ ਤਾਂ ਕੀ ਓਹੀ ਸ਼ਰੀਰ

ਸੀ? ਅਰ ਉਹ ਤਿਨ ਦਿਨ ਤਿਕ ਸੜ ਕਿਉਂ ਨਾ ਗਿਆ ? ਅਰ ਅਪਣੇ ਮੁਖਨਾਲ ਸਾਰਿਆਂ ਦਾ ਅਧਕਾਰੀ ਬਣਨਾ ਨਿਰੀ ਦੰਭ ਦੀ ਗਲੱ ਹੈ, ਸਿਖਾਂ ਨਾਲ ਮਿਲਣਾ, ਅਰਉਨ੍ਹਾਂ ਨਾਲ ਸਾਰੀਆਂ ਗਲੱਾਂ ਕਰਨੀਆਂ ਅਸੰਭਵ ਹਨ, ਕਿਉਂਕਿ ਜੇਕਰ ਇਹ ਗਲਾਂ ਸਚ ਹੋਂਨ ਤਾਂ ਅਜਕਲ ਬੀ ਕੋਈ ਕਿਉਂ ਨਹੀਂ ਜੀ ਉਠਦੇ ? ਅਰ ਉਸੇ ਸ਼ਰੀਰ ਨਾਲ ਸੁਰਗ ਨੂੰ ਕਿਉਂ ਨਹੀਂ ਜਾਂਦੇ ? ਇਹ ਮਤੀ ਰਚਿਤ ਅੰਜੀਲ ਦਾ ਵਿਸ਼ਾ ਹੋ ਚੁਕਿਆ, ਹੁਣ ਮਾਰਕ ਰਚਿਤ ਅੰਜੀਲ ਦੇ ਵਿਸ਼ੇ ਵਿਚ ਲਿਖਿਆ ਜਾਂਦਾ ਹੈ ॥ ੯੮॥

## ਮਾਰਕ ਰਚਿਤ ਅੰਜੀਲ

੯੯–ਇਹ ਕੀ ਤਰਖਾਂਣ ਨਹੀਂ । ਅੰ० ਮਾਰਕ ਪ० ੬ । ਆ੦ ੩ ।

( ਸਮੀਖਕ) ਅਸਲ ਵਿਚ ਯੂਸਫ ਤਰਖਾਂਣ ਸੀ, ਏਸ ਵਾਸਤੇ ਈਸਾ ਬੀ ਤਰਖਾਂਣ ਸੀ, ਕਿਨੇ ਹੀ ਵਰ੍ਹੇ ਤਿਕ ਤਰਖਾਂਣ ਦਾ ਕੰਮ ਕਰਦਾ ਸੀ ਪਸਚਾਤ ਪਿਕੰਬਰ ਬਣਦਾ ਬਣਦਾ ਈਸ਼੍ਵਰ ਦਾ ਪੁਤ੍ਰ ਹੀ ਬਣ ਗਿਆ,ਅਰ ਜੰਗਲੀ ਲੋਕਾਂ ਨੇ ਬਣਾਲਿਆ ਤਦ ਬੜੀ ਕਾਰਾਗਰੀ ਚਲਾਈ,ਕਾਟ ਕੂਟ ਫੂਟ ਫਾਟ ਕਰਨਾ ਓਸਦਾ ਕੰਮ ਹੈ ॥ ੯੯ ॥

## ਲੂਕ ਰਚਿਤ ਅੰਜੀਲ

੯੦–ਯਸੂ ਨੇ ਓਸਨੂੰ ਆਖਿਆ ਤੂੰ ਮੈਂ ਨੂੰ ਚੰਗਾ ਕਿਉਂ ਕਹਿੰਦਾ ਹੈਂ ਕੋਈ ਚੰਗਾ ਨਹੀਂ ਅਰਥਾਤ ਈਸ਼੍ਵਰ । ਲੂ ੦ਪ० ੧੮ਆ ੦੧੯॥

( ਸਮੀਖਕ ) ਜਦ ਈਸਾ ਹੀ ਇਕ ਅਦ੍ਵਤੀਯ ਈਸ਼੍ਵਰ ਕਹਿੰਦਾ ਹੈ ਤਾਂ ਈਸਾਈਆਂ ਨੇ ਪਵਿਤ੍ਰ ਆਤਮਾ, ਪਿਉ ਅਰ ਪੁਤ੍ਰ ਤਿਨ ਕਿਥੋਂ ਬੀ ਬਣਾ ਦਿਤੇ? ੯੦ ॥

੯੧––ਤਦ ਓਸਨੂੰ ਹੇਰੋਦ ਦੇ ਪਾਸ ਭੇਜਿਆ, ਹੇਰੋਦ ਯਸੂ ਨੂੰ ਵੇਖਕੇ ਬਹੁਤ ਖੁਸ਼ ਹੋਇਆ,ਕਿਉਂਕਿ ਉਹ ਓਸਨੂੰ ਬਹੁਤ ਦਿਨਥੀਂ ਵੇਖਣਾ ਚਾਹੁੰਦਾ ਸੀ ਏਸਵਾਸਤੇ ਕਿ ਓਸਦੇ ਵਿਸ਼ੇ ਵਿਚ ਬਹੁਤ ਸੀ ਗਲਾਂ ਸੁਣੀਆਂ ਸਨ, ਅਰ ਓਸਦਾ ਕੁਝ ਅਚਰਜ ਕੰਮ ਵੇਖਣ ਦੀ ਓਸਨੂੰ ਆਸ਼ਾ ਹੋਈ, ਓਸਨੇ ਓਸਥੀਂ ਬਹੁਤ ਸਾਰੀਆਂ ਗਲਾਂ ਪੁਛੀਆਂ ਪ੍ਰੰਤੂ ਓਸਨੇ ਓਸ ਨੂੰ ਕੁਝ ਉਤ੍ਰ ਨਾ ਦਿਤਾ ॥ ਲੂਕ ੦ ਪ ੦ ੨੬ । ਆ ੦ ੮ । ੯ ॥

( ਸਮੀਖਕ ) ਇਹ ਗਲ ਮਤੀਰਚਿਤ ਵਿਚ ਨਹੀ ਹੈ, ਏਸ ਵਾਸਤੇ ਇਹ ਉਗਾਹ ਵਿਗੜ ਗਏ,ਕਿਉਂਕਿ ਉਗਾਹ ਇਕੋ ਜਿਹੇ ਹੋਣੇ ਚਾਹੀਏ, ਅਰ ਜੇਕਰ ਈਸਾ ਚਤੁਰ ਅਰ ਕਰਾਮਾਤੀ ਹੁੰਦਾ,ਤਾਂ ( ਹੇਰੋਦ ) ਨੂੰ ਜਬਾਬ ਦਿੰਦਾ ਅਰ ਕਰਾਮਾਤ ਬੀ ਵਿਖਾਂਦਾ,ਏਸਥੀਂ ਮਲੂੰਮ ਹੁੰਦਾ ਹੈਕਿ ਈਸਾ ਵਿਚ ਵਿਦਿਆ,

ਅਰ ਕਰਾਮਾਤ ਕੁਝ ਬੀ ਨਾ ਸੀ ॥ ੯੧ ॥

## ਯੋਹਨ ਰਚਿਤ ਸੁ ਸਮਾਚਾਰ

੯੨—ਆਦ ਵਿਚ ਬਚਨ ਸੀ, ਅਰ ਬਚਨ ਈਸ਼੍ਵਰ ਦੇ ਸੰਗ ਸੀ, ਅਰ ਬਚਨ ਈਸ਼੍ਵਰ ਸੀ। ਉਹ ਆਦ ਵਿਚ ਈਸ਼੍ਵਰ ਦੇ ਸੰਗ ਸੀ। ਸਭ ਕੁਝ ਓਸਦੇ ਦੁਆਰਾ ਰਚਿਆ ਗਿਆ, ਅਰ ਜੋ ਕੁਝ ਬਣਾਇਆ ਗਿਆ ਹੈ ਕੁਝਬੀ ਓਸ ਬਿਨਾ ਨਹੀ ਬਣਾਇਆ ਗਿਆ। ਓਸ ਵਿਚ ਜੀਉਣ ਸੀ ਅਰ ਉਹ ਜੀਉਣ ਮਨੁਖਾਂ ਦਾ ਚਾਨਣਾ ਸੀ। ਪ ੦ ੧। ਆ ੦ ੧।੨।੩।੪॥

(ਸਮੀਖਕ) ਆਦ ਵਿਚ ਬਚਨ ਬਿਨਾ ਕਹਿਣ ਵਾਲੇ ਦੇ ਨਹੀਂ ਹੋਸਕਦਾ, ਅਰ ਜੇਕਰ ਬਚਨ ਈਸ਼੍ਵਰ ਦੇ ਸੰਗ ਸੀ ਤਾਂ ਇਹ ਕਹਣਾ ਨਿਕੰਮਾ ਹੋਇਆ, ਅਰ ਬਚਨ ਈਸ਼੍ਵਰ ਕਦੀ ਨਹੀਂ ਹੋ ਸਕਦਾ, ਕਿਉਂਕਿ ਜਦ ਉਹ ਆਦ ਵਿਚ ਈਸ਼੍ਵਰ ਦੇ ਸੰਗਸੀ ਤਾਂ ਪਹਿਲਾਂ ਬਚਨ ਵਾ ਈਸ਼੍ਵਰਸੀ ਇਹ ਨਹੀਂ ਬਣ ਸਕਦਾ, ਬਚਨ ਦੇ ਦ੍ਵਾਰਾ ਸ੍ਰਿਸ਼ਟੀ ਕਦੀ ਨਹੀਂ ਹੋ ਸਕਦੀ ਜਦ ਤਿਕ ਓਸਦਾ ਕਾਰਣ ਨਾ ਹੋਵੇ, ਅਰ ਬਚਨ ਦੇ ਬਿਨਾ ਬੀ ਚੁਪ ਚਾਪ ਰਹਿਕ ਕਰਤਾ ਸ੍ਰਿਸ਼ਟੀ ਕਰ ਸਕਦਾ ਹੈ, ਜੀਵਨ ਕਿਸਵਿਚ,ਵਾ ਕੀ ਸੀ ਏਸ ਵਚਨ ਥੀਂ ਜੀਵ ਅਨਾਦੀ ਮਨੋਗੇ? ਜੇਕਰ ਅਨਾਦੀ ਹਨ ਤਾਂ ਆਦਮ ਦੀ ਨਾਸਾਂ ਵਿਚ ਸ੍ਵਾਸ ਫੂਕਣਾ ਆਦੀ ਝੂਠਾ ਹੋਇਆ, ਅਰ ਕੀ, ਜੀਵਣ ਮਨੁਖਾਂ ਹੀ ਦਾ ਚਾਨਣਾ ਹੈ ਪਸ਼ੂ-ਆਦੀ ਦਾ ਨਹੀਂ ॥ ੯੨ ॥

੯੩—ਅਰ ਸੰਧਿਆ ਦੇ ਵੇਲੇ ਵਿਚ ਜਦ ਸ਼ੈਤਾਂਨ 'ਸਿਮੋਨ' ਦੇ ਪੁਤ੍ਰ ਯਹੂਦਾਹ ਇਸਕਰਯੋਤੀ ਦੇ ਮਨ ਵਿਚ ਓਸਨੂੰ ਪਕੜਵਾਣ ਦੀ ਸਲਾਹ ਪਾ ਚੁਕਿਆ ਸੀ। ਯੋ੦। ਪ੦ ੧੩। ਆ੦ ੨॥

(ਸਮੀਖਕ) ਇਹ ਗਲ ਸੱਚ ਨਹੀਂ ਕਿਉਂਕਿ ਜਦ ਕੋਈ ਈਸਾਈ ਆਂ ਥੀਂ ਪੁਛੇਗਾ ਕਿ ਸ਼ੈਤਾਂਨ ਸਾਰਿਆਂ ਨੂੰ ਬਹਕਾਂਦਾ ਹੈ ਤਾਂ ਸ਼ੈਤਾਨ ਨੂੰ ਕੌਣ ਬਹਕਾਂਦਾ ਹੈ? ਜੇਕਰ ਆਖੋ ਕਿ ਸ਼ੈਤਾਂਨ ਅਪਣੇ ਆਪ ਬਹਕਦਾ ਹੈ ਤਾਂ ਮਨੁਖ ਬੀ ਅਪਣੇ ਆਪ ਬਹਕ ਸਕਦੇ ਹਨ ਫਿਰ ਸ਼ੈਤਾਂਨ ਦਾ ਕੀ ਕੰਮ? ਅਰ ਜੇਕਰ ਸ਼ੈਤਾਂਨ ਦਾ ਬਣਾਣੇ ਅਰ ਬਹਕਾਣੇ ਵਾਲਾ ਪਰਮੇਸ਼੍ਵਰ ਹੈ ਤਾਂ ਉਹੀ ਸ਼ੈਤਾਂਨ ਦਾ ਸ਼ੈਤਾਂਨ ਈਸਾਈਆਂ ਦਾ ਈਸ਼੍ਵਰ ਠਹਿਰਿਆ, ਪਰ ਈਸ਼੍ਵਰ ਹੀਨੇ ਸਾਰਿਆਂ ਨੂੰ ਓਸਦੇ ਦੁਆਰਾ ਬਹਕਾਇਆ, ਭਲਾ ਅਜਿਹੇ ਕੰਮ ਈਸ਼੍ਵਰ ਦੇ ਹੋ ਸਕਦੇ ਹਨ? ਸਚ ਤਾਂ ਇਹੀ ਹੈ ਕਿ ਇਹ ਪੁਸਤਕ ਈਸਾਈਆਂ ਦਾ, ਅਰ ਈਸਾ ਈਸ਼੍ਵਰ ਦਾ ਪੁਤ੍ਰ ਜਿਨ੍ਹਾਂ ਨੇ ਬਣਾਇ ਉਹ ਸ਼ੈਤਾਂਨ ਹੋਂਨ ਤਾਂ ਹੋਂਨ ਕਿਤੂ ਨਾ ਇਹ ਈਸ਼੍ਵਰ ਕ੍ਰਿਤ ਪੁਸਤਕ ਨਾ ਏਸ ਵਿਚ ਕਹਿਆ ਈਸ਼੍ਵਰ ਅਰ ਨਾਈਸਾ ਈਸ਼੍ਵਰ ਦਾਪੁਤ੍ਰ ਹੋ ਸਕਦਾ ਹੈ ॥ ੯੩ ॥

੯੪—ਤੁਹਾਡਾ ਮਨ ਵਿਆਕਲ ਨਾ ਹੋਵੇ, ਈਸ਼੍ਵਰ ਉਪਰ ਵਿਸ਼੍ਵਾਸ ਕਰੋ ਅਰ ਮੇਰੇ ਉਪਰ ਵਿਸ਼੍ਵਾਸ ਕਰੋ। ਮੇਰੇ ਪਿਉ ਦੇ ਘਰ ਵਿਚ ਬਹੁਤ ਸਾਰੇ ਰਹਣੇ ਦੇ ਅਸਥਾਨ ਹਨ, ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਮੈਂ ਤੁਹਾਡੇ ਵਾਸਤੇ ਅਸਥਾਂਨ ਤਿਆਰ ਕਰਨ ਜਾਂਦਾ ਹਾਂ। ਅਰ ਜੇ ਮੈਂ ਜਾਕੇ ਤੁਹਾਡੇ ਵਾਸਤੇ ਅਸ ਥਾਂਨ ਤਿਆਰ ਕਰਾਂ ਤਾਂ ਫਿਰ ਆਕੇ ਤੁਹਾਨੂੰ ਅਪਣੇ ਪਾਸ ਲੈ ਜਾਵਾਂਗਾ ਕਿ ਜਿਥੇ ਮੈਂ ਰਹ੍ਹਾਂ ਤਿਥੇ ਤੁਸੀਂ ਬੀ ਰਹੋ। ਯਸੂ ਨੇ ਓਸਨੂੰ ਕਹਿਆ ਮੈਂ ਹੀ ਰਸਤਾ, ਅਰ ਸਚ, ਅਰ ਜੀਉਣ ਹਾਂ, ਬਿਨਾ ਮੇਰੇ ਦ੍ਵਾਰਾ ਕੋਈ ਪਿਉ ਦੇ ਪਾਸ ਨਹੀਂ ਪਹੁਚਦਾ ਹੈ। ਜੇਕਰ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਉ ਨੂੰ ਬੀ ਜਾਣਦੇ॥ ਯੋ०। ਪ० ੧੪। ਆ० ੧।੨।੩।੪।੬।੭॥

( ਸਮੀਖਕ ) ਹੁਣ ਵੇਖੋ! ਇਹ ਈਸਾ ਦੇ ਬਚਨ ਕੀ ਪੋਪ ਲੀਲਾ ਥੀਂ ਘਟ ਹਨ? ਜੇਕਰ ਅਜਿਹਾ ਪ੍ਰਪੰਚ ਨਾ ਰਚਦਾ ਤਾਂ ਓਸਦੇ ਮਤ ਵਿਚ ਕਉਣ ਫਸਦਾ, ਕੀ, ਈਸਾ ਨੇ ਅਪਣੇ ਪਿਉ ਨੂੰ ਠੇਕੇ ਵਿਚ ਲੈ ਲੀਤਾ ਹੈ? ਅਰ ਜੇਕਰ ਉਹ ਈਸਾ ਦੇ ਵਸ ਹੈ ਤਾਂ ਪ੍ਰਾਧੀਨ ਹੋਣ ਥੀਂ ਉਹ ਈਸ਼੍ਵਰ ਹੀ ਨਹੀਂ, ਕਿੰਉਕਿ ਈਸ਼੍ਵਰ ਕਿਸੇ ਦੀ ਸਫਾਰਸ਼ ਨਹੀਂ ਸੁਣਦਾ, ਕੀ ਈਸਾ ਦੇ ਪਹਿਲਾਂ ਕੋਈ ਬੀ ਈਸ਼੍ਵਰ ਨੂੰ ਨਹੀਂ ਪ੍ਰਾਪਤ ਹੋਇਆ ਹੋਵੇਗਾ? ਅਜਿਹਾ ਜਗਹਿ ਆਦੀ ਦਾ ਅੱਛੀ ਤਰਾਂ ਲੋਭ ਨਾ ਦਿੰਦਾ, ਅਰ ਜੋ ਅਪਣੇ ਮੁਖ ਥੀਂ ਆਪ ਮਾਰਗ ਸਚਾ, ਅਰ ਜੀਵਣ ਬਣਦਾ ਹੈ ਉਹ ਸਭ ਤਰਾਂ ਨਾਲ ਦੰਭੀ ਕਹਾਂਦਾ ਹੈ॥ ਏਸ ਥੀਂ ਇਹ ਗਲ ਸਚੀ ਕਦੀ ਨਹੀਂ ਹੋ ਸਕਦੀ॥ ੯੪॥

੯੫—ਮੈਂ ਤੁਹਾਂਨੂੰ ਸਚ ਸਚ ਕਹਿਨਾ ਹਾਂ ਜੋ ਮੇਰੇ ਉਪੱਰ ਵਿਸ੍ਵਾਸ ਕਰੇ ਜਿਹੜੇ ਕੰਮ ਮੈਂ ਕਰਨਾ ਹਾਂ ਉਨ੍ਹਾਂ ਨੂੰ ਉਹ ਬੀ ਕਰੇਗਾ, ਅਰ ਇਨ੍ਹਾਂ ਥੀਂ ਵਡੇ ਕੰਮ ਕਰੇਗਾ। ਯੋ० ਪ० ੧੪॥ ਆ० ੧੨॥

( ਸਮੀਖਕ ) ਹੁਣ ਵੇਖੋ! ਜੇ ਈਸਾਈ ਲੋਕ ਈਸਾ ਉਪਰ ਪੂਰਾ ਵਿਸ਼੍ਵਾਸ ਰਖਦੇ ਹਨ, ਉਸੇ ਤਰਾਂ ਮੁਰਦੇ ਜਿਵਾਣੇ ਆਦੀ ਕੰਮ ਕਿਉਂ ਨਹੀਂ ਕਰ ਸਕਦੇ? ਅਰ ਜੋ ਵਿਸ਼੍ਵਾਸ ਥੀਂ ਬੀ ਅਚਰਜ ਕੰਮ ਨਹੀਂ ਕਰ ਸਕਦੇ ਤਾਂ ਈਸਾ ਨੇ ਬੀ ਅਚਰਜ ਕੰਮ ਨਹੀਂ ਕੀਤੇ ਸਨ, ਅਜਿਹਾ ਨਿਸਚੇ ਕਰਕੇ ਜਾਣਿਆਂ ਚਾਹੀਏ, ਕਿੰਉਕਿ ਆਪ ਈਸਾਹੀ ਕਹਿੰਦਾ ਹੈ ਕਿ ਤੁਸੀਂ ਬੀ ਅਚਰਜ ਕੰਮ ਕਰੋਗੇ, ਤਾਂ ਬੀ ਏਸ ਵੇਲੇ ਈਸਾਈ ਕੋਈ ਇਕ ਬੀ ਨਹੀਂ ਕਰ ਸਕਦਾ ਤਾਂ ਕਿਸ ਦੇ ਹਿਰਦੇ ਦੀ ਅੱਖਾਂ ਫੁਟ ਗਈਆਂ ਹਨ ਉਹ ਈਸਾ ਨੂੰ ਮੁਰਦੇ ਜਿਵਾਣੇ ਆਦੀ ਦਾ ਕੰਮ ਕਰਨਵਾਲਾ ਮਨ ਲਵੇ॥ ੯੫॥

੯੬—ਜੋ ਅਦ੍ਵੈਤ, ਸਤ ਈਸ਼੍ਵਰ ਹੈ। ਯੋ०। ਪ०। ੨੭। ਆ० ੩॥

( ਸਮੀਖਕ ) ਜਦ ਅਦ੍ਵੈਤ ਇਕ ਈਸ਼੍ਵਰ ਹੈ ਤਾਂ ਈਸਾਈਆਂ ਦਾ ਤ੍ਰਿਣ ਕਹਣਾ ਸਭ ਤਰਾਂ ਨਾਲ ਝੂਠਾ ਹੈ॥ ੯੬॥

ਇਸਤਰਾਂ ਬਹੁਤ ਠਿਕਾਣੇ ਅੰਜੀਲ ਵਿਚ ਉਲਟੀਆਂ ਗਲਾਂ ਭਰੀਆਂ ਹਨ ।।

## ਯੋਹਨ ਦੇ ਪ੍ਰਕਾਸ਼ਤ ਵਾਕ

ਹੁਣ ਯੋਹਨ ਦੀ ਅਚਰਜ ਗਲਾਂ ਸੁਣੋ:--

੯੭--ਅਰ ਅਪਨੇ੨ ਸਿਰ ਉਪਰ ਸੋਨੇ ਦੇ ਮੁਕਟ ਦਿੱਤੇ ਹੋਏ ਸਨ, ਅਰ ਸਤ ਅਗਦੇ ਦੀਵੇ ਸਿੰਘਾਸਨ ਦੇ ਅਗੇ ਜਗਦੇ ਸਨ, ਜੋ ਈਸ਼੍ਵਰ ਦੇ ਸਤ ਆਤਮਾ ਹਨ। ਅਰ ਸਿੰਘਾਸਨ ਦੇ ਅਗੇ ਕਚ ਦਾ ਸਮੁੰਦ੍ਰ ਹੈ, ਅਰ ਸਿੰਘਾਸਨ ਦੇ ਆਸ ਪਾਸ ਚਾਰ ਪ੍ਰਾਣੀ ਹਨ ਜੋ ਅਗੋਂ ਪਿੱਛੋਂ ਅੱਖਾਂ ਨਾਲ ਭਰੇ ਹੋਏ ਹਨ। ਯੋ੦ ਪ੍ਰ੦ ਪ੦ ੪ । ਆ੦ ੪ । ੫ । ੬ ।।

( ਸਮੀਖਕ ) ਹੁਣ ਵੇਖੋ ! ਇਕ ਨਗਰ ਦੇ ਬਰਾਬਰ ਈਸਾਈਆਂ ਦਾ ਸ੍ਵਰਗ ਹੈ, ਅਰ ਇਨ੍ਹਾਂ ਦਾ ਈਸ਼੍ਵਰ ਬੀ ਦੀਵੇ ਦੇ ਵਾਙਨ ਅਗ ਹੈ, ਅਰ ਸੋਨੇ ਦਾ ਮੁਕਟ ਆਦੀ ਗਹਿਣੇ ਪਾਣੇ ਅਰ ਅਗੇ ਪਿਛੇ ਅਖੱਾਂ ਦਾ ਹੋਣਾ ਨਹੀਂ ਬਣਦਾ ਹੈ, ਇਨ੍ਹਾਂ ਗਲੱਾਂ ਨੂੰ ਕਉਣ ਮਨ ਸਕਦਾ ਹੈ ? ਅਰ ਉਥੇ ਸ਼ੇਰ ਆਦੀ ਚਾਰ ਪਸ਼ੂ ਲਿਖੇ ਹਨ ।। ੨੭ ।।

੯੮--ਅਰ ਮੈਨੇ ਸਿੰਘਾਸਨ ਉਪੱਰ ਬੈਠਣ ਵਾਲੇ ਦੇ ਸਜੇ ਹਥ ਵਿਚ ਇਕ ਪੁਸਤਕ ਵੇਖਿਆ ਜੋ ਅੰਦ੍ਰ ਅਰ ਪਿਠ ਉਪੱਰ ਲਿਖਿਆ ਹੋਇਆ ਸੀ, ਅਰ ਸਤੱਾਂ ਮੁਹਰਾਂ ਨਾਲ ਓਸ ਉਪੱਰ ਛਾਪ ਦਿਤੀ ਹੋਈ ਸੀ, ਇਹ ਪੁਸਤਕ ਖੋਲਣ ਅਰ ਓਸਦੀ ਛਾਪ ਤੋੜਨ ਦੇ ਜੋਗ ਕਿਹੜਾ ਹੈ ? ਅਰ ਨਾ ਸ੍ਵਰਗ ਵਿਚ ਨਾ ਪ੍ਰਿਥ੍ਵੀ ਉਪੱਰ, ਨਾ ਪ੍ਰਿਥ੍ਵੀ ਦੇ ਹੇਠਾਂ ਕੋਈ ਉਹ ਪੁਸਤਕ ਖੋਲ, ਅਥਵਾ ਓਸਨੂੰ ਵੇਖ ਸਕਦਾ ਸੀ, ਅਰ ਮੈਂ ਬਹੁਤ ਰੋਣ ਲਗੱਾ, ਏਸਵਾਸਤੇ ਕਿ ਪੁਸਤਕ ਖੋਲਨ ਅਰ ਪੜ੍ਹਨ ਅਥਵਾ ਓਸਨੂੰ ਵੇਖਣ ਦੇ ਜੋਗ ਕੋਈ ਨਹੀਂ ਮਿਲਿਆ। ਯੋ੦ ਪ੍ਰ੦। ਪਰਵ ੫। ਆ੦ ੧।੨।੩। ੪ ।।

(ਸਮੀਖਕ) ਹੁਣ ਵੇਖੋ ! ਈਸਾਈਆਂ ਦੇ ਸ੍ਵਰਗ ਵਿਚ ਸਿੰਘਾਸਨ ਅਰ ਮਨੁਖੱਾਂ ਦਾ ਠਾਠ ਅਰ ਪੁਸਤਕ ਕਈਆਂ ਮੁਹਰਾਂ ਨਾਲ ਬੰਨ੍ਹਿਆ ਹੋਇਆ, ਜਿਸਨੂੰ ਖੋਲਣ ਆਦੀ ਕੰਮ ਕਰਨ ਵਾਲਾ ਸ੍ਵਰਗ ਅਰ ਪ੍ਰਿਥਵੀ ਉਪੱਰ ਕੋਈ ਨਹੀਂ ਮਿਲਿਆ, ਯੋਹਨ ਦਾ ਰੋਣਾ, ਅਰ ਪਿਛੋਂ ਇਕ ਬੁਢੇ ਨੈ ਆਖਿਆ ਕਿ ਉਹੀ ਈਸਾ ਖੋਲਣ ਵਾਲਾ ਹੈ, ਮਤਬਲ ਇਹ ਕਿ ਜਿਸਦਾ ਵਿਵਾਹ ਉਸੇ ਦੇ ਗੀਤ, ਵੇਖੋ ! ਈਸਾ ਹੀ ਦੇ ਉਪੱਰ ਸਭ ਮਹਾਤਮ ਨੁਆਏ ਜਾਂਦੇ ਹਨ, ਪ੍ਰੰਤੂ ਇਹ ਗਲੱਾਂ ਨਿਰੀਆਂ ਕਹਿਣ ਮਾਤ੍ਰ ਹਨ ।। ੯੮ ।।

੯੯ - ਅਰ ਮੈਨੇ ਨਜ਼ਰ ਕੀਤੀ ਅਰ ਵੇਖਿਆ ਸਿੰਘਾਸਨ ਅਰ ਚਹੁੰ ਪ੍ਰਾਣੀਆਂ ਦੇ ਵਿਚਕਾਰ ਅਰ ਵਡਿਆਂ ਦੇ ਵਿਚ ਇਕ ਮੇਮਨਾ ਜਿਸਤਰਾਂ ਬਧ

ਕੀਤਾ ਹੋਇਆ ਖਲੋਤਾ ਹੈ? ਜਿਸਦੇ ਸਤ ਸਿੰਗ ਅਰ ਸਤ ਅਖਾਂ ਹਨ, ਜੋ ਸਾਰੀ ਪ੍ਰਿਥਵੀ ਵਿਚ ਭੇਜੇ ਹੋਏ ਈਸ਼੍ਵਰ ਦੇ ਸਤੇ ਆਤਮਾ ਹਨ ॥ ਯੋ ੦ ਪ੍ਰ੦। ਪ ੦ ੫ ਆ ੦ ੬ ॥

( ਸਮੀਖਕ ) ਹੁਣ ਵੇਖੋ! ਏਸ ਯੋਹਨ ਦੇ ਸੁਪਨੇ ਦਾ ਮਨੋਰਾਜ, ਓਸ ਸ੍ਵਰਗਦੇ ਵਿਚ ਸਾਰੇ ਈਸਾਈ, ਅਰ ਚਾਰ ਪਸ਼ੂ ਤਥਾ ਈਸਾ ਬੀ ਹੈ ਹੋਰ ਕੋਈ ਨਹੀ ਇਹ ਵਡੀ ਅਚਰਜ ਗਲ ਹੋਈ ਕਿ ਇਥੇ ਤਾਂ ਈਸਾ ਦੀ ਦੋ ਅਖਾਂ ਸਨ ਅਰ ਸਿੰਗ ਦਾ ਨਾਮ ਬੀ ਨਹੀ ਸੀ, ਅਰ ਸ੍ਵਰਗ ਵਿਚ ਜਾਕੇ ਸਤ ਸਿੰਗ ਅਰ ਸਤ ਅਖਾਂ ਵਾਲਾ ਹੋਇਆ, ਅਰ ਉਹ ਸਤ ਈਸ਼੍ਵਰ ਦੇ ਆਤਮਾ ਈਸਾ ਦੇ ਸਿੰਗ ਅਰ ਅਖਾਂ ਬਣ ਗਈਆਂਸਨ! ਹਾਏ! ਅਜਿਹੀਗਲਾਂਨੂੰ ਈਸਾਈਆਂ ਨੈ ਕਿਉਂ ਮਨ ਲਿਆ? ਭਲਾ ਕੁਝ ਤਾਂ ਬੁਧੀ ਲਿਆਉਦੇ ॥ ੯੯ ॥

੧੦੦—ਅਰ ਜਦ ਓਸਨੈ ਪੁਸਤਕ ਲਿਆ ਤਦ ਚਾਰੇ ਪ੍ਰਾਣੀ ਅਰ ਚਹੁੰ ੨੪ ਬ੍ਰਿਧ ਮੇਂਮਨੇ ਦੇ ਅਗੇ ਡਿਗ ਪਏ,ਅਰ ਹਰਇਕ ਦੇ ਪਾਸ ਬੀਣ ਸੀ, ਅਰ ਧੂਪਦੇ ਭਰੇ ਹੋਏ ਸੋਨੇਦੇ ਪਿਆਲੇ ਜੋ ਪਵਿਤ੍ਰ ਲੋਕਾਂਦੀ ਪ੍ਰਾਰਥਨਾ ਹਨ। ਯੋ ੦ ਪ੍ਰ੦।ਪ ੦ ੫। ਆ ੦ ੮ ॥

( ਸਮੀਖਕ ) ਭਲਾ ਜਦ ਈਸਾ ਸ੍ਵਰਗ ਵਿਚ ਨਾ ਹੋਵੇਗਾ ਤਦ ਇਹ ਵਿਚਾਰੇ ਧੂਪ, ਦੀਪ, ਨੈਵੇਦ, ਆਰਤੀ ਆਦੀ ਪੂਜਾ ਕਿਸਦੀ ਕਰਦ ਹੋਂਨਗੇ? ਅਰ ਇਥੇ ਪ੍ਰਾਟਸ੍ਟੇਂਟ ਈਸਾਈ ਲੋਕ ਬੁਤਪਰਸਤੀ ( ਮੂਰਤੀ ਪੂਜਾ ) ਨੂੰ ਖੰਡਨ ਕਰਦੇ ਹਨ, ਅਰ ਇਨ੍ਹਾਂਦਾ ਸ੍ਵਰਗ ਬੁਤਪਰਸਤੀ ਦਾ ਘਰ ਬਣ ਰਿਹਾ ਹੈ ॥ ੧੦੦ ॥

੧੦੧—ਅਰ ਜਦ ਮੇਮਨੇ ਨੈ ਛਾਪਾਂ ਵਿਚੋਂ ਇਕਨੂੰ ਖੋਲਿਆ ਤਦ ਮੈਂਨੇ ਨਜ਼ਰ ਕੀਤੀ ਚਹੁੰ ਪ੍ਰਾਣੀਆਂ ਵਿਚੋਂ ਇਕ ਨੂੰ ਜਿਸਤਰਾਂ ਬਦਲ ਗਜੱਣ ਦ ਅਵਾਜ ਨੂੰ ਇਹ ਕਹਿੰਦੇ ਸੁਣਿਆਂ ਕਿ ਆ ਅਰ ਵੇਖ, ਅਰ ਮੈਂਨੈ ਨਜ਼ਰ ਕੀਤੀ, ਅਰ ਵੇਖੋ ਇਕ ਚਿਟਾ ਘੋੜਾ ਹੈ, ਅਰ ਜੋ ਓਸ ਉਪਰ ਬੈਠਾ ਹੈ ਓਸ ਪਾਸ ਧਨੁਖ ਹੈ,ਅਰ ਓਸਨੂੰ ਮੁਕਟ ਦਿਤਾ ਗਿਆ, ਅਰ ਉਹ ਜੈ ਕਰਦਾ ਹੋਇਆ ਅਰ ਜੈ ਕਰਨ ਨੂੰ ਨਿਕਲਿਆ। ਅਰ ਜਦ ਓਸਨੈ ਦੂਜੀ ਮੁਹਰਖੋਲੀ ਦੂਜਾ ਘੋੜਾ ਜੋ ਲਾਲ ਸੀ ਨਿਕਲਿਆ, ਓਸਨੂੰ ਇਹ ਦਿਤਾ ਗਿਆ ਕਿ ਪ੍ਰਿਥ੍ਵੀ ਉਪਰੋਂ ਮੇਲ ਉਠਾ ਦੇਵੇ। ਅਰ ਜਦ ਓਸਨੈ ਤੀਜੀ ਮੁਹਰ ਖੋਲੀ ਵੇਖੋ ਇਕ ਕਾਲਾ ਘੋੜਾ ਹੈ। ਅਰ ਜਦ ਓਸਨੈ ਚੌਥੀ ਮੁਹਰ ਖੋਲੀ ਅਰ ਵੇਖੋ ਇਕ ਪੀਲਾਸਾ ਘੋੜਾ ਹੈ। ਅਰ ਜੋ ਓਸ ਉਪਰ ਬੈਠਾ ਹੈ ਓਸਦਾ ਨਾਉਂ ਮੌਤ ਹੈ ਇਤ ਆਦੀ ॥ ਯੋ ੦। ਪ੍ਰ੦। ਪ ੦ ੬। ਆ ੦ ੧। ੨। ੩। ੪। ੫। ੭। ੮ ॥

( ਸਮੀਖਕ ) ਹੁਣ ਵੇਖੋ! ਇਹ ਪੁਰਾਣਾਂ ਥੀਂ ਬੀ ਵਧੀਕ ਝੂਠੀ ਲੀਲਾ ਹੈ ਵਾ ਨਹੀ? ਭਲਾ ਪੁਸਤਕਾਂ ਦੇ ਬੰਧਨਾਂ ਦੇ ਮੁਹਰਾਂਦੇ ਅੰਦਰ ਘੋੜੇ ਸਵਾਰ

ਕੀਕਣ ਰਹ ਸਕਨਗੇ? ਇਹ ਸੁਪਨੇ ਦਾ ਬਰੜਾਣਾ ਜਿਨ੍ਹਾਂਨੇ ਏਸਨੂੰ ਬੀ ਸਚ ਮਨਿਆਂ ਹੈ ਉਨ੍ਹਾਂਵਿਚ ਅਵਿਦਿਆ ਜਿਨੀ ਕਹੀਏ ਉਨੀਹੀ ਥੋੜ੍ਹੀ ਹੈ ॥ ੧੦੧ ॥

੧੦੨—ਅਰ ਇਹ ਵਡੇ ਅਵਾਜ ਨਾਲ ਪੁਕਾਰਦੇ ਸਨ ਕਿ ਹੇ ਸੁਾਮੀ ਪਵਿਤ੍ਰ ਅਰ ਸਚ ਕਿਥੋਂ ਤਿਕ ਤੂੰ ਨਿਆਂ ਨਹੀ ਕਰਦਾ ਹੈਂ, ਅਰ ਪ੍ਰਿਥ੍ਵੀ ਦੇ ਰਹਿਣ ਵਾਲਿਆਂ ਥੀਂ ਸਾਡੇ ਲਹੂ ਦਾ ਬਦਲਾ ਨਹੀਂ ਲੈਂਨਾ ਹੈਂ, ਅਰ ਹਰ ਇਕ ਨੂੰ ਉਜਲਾ ਕਪੜਾ ਦਿਤਾ ਗਿਆ, ਅਰ ਉਨ੍ਹਾਂ ਨੂੰ ਆਖਿਆ ਗਿਆ ਕਿ ਜਦ ਤਿਕ ਤੁਹਾਡੇ ਸੰਗੀ ਟਹਲੀਏ ਬੀ, ਅਰ ਤੁਹਾਡੇ ਭ੍ਰਾ ਜੋ ਤੁਹਾਡੇ ਵਾਙਣ ਮਾਰੇ ਜਾਂਣੇ ਉਪੱਰ ਹਨ ਪੂਰੇ ਨਾ ਹੌਂਨ ਤਦ ਤਿਕ ਹੋਰ ਥੋੜ੍ਹੀ ਦੇਰ ਸਹਾਰਾ ਕਰੋ । ਯੋ० । ਪ੍ਰ० । ਪ० ੬। ਆ० ੧੦ ।੧੧ ॥

( ਸਮੀਖਕ ) ਜੋ ਕੋਈ ਈਸਾਈ ਹੋਂਨਗੇ ਉਹ ਦੌਰੇ ਸਪੁਰਦ ਹੋਕੇ ਅਜਿਹਾ ਨਿਆਂ ਕਰਾਣ ਦੇ ਵਾਸਤੇ ਰੋਇਆ ਕਰਨਗੇ, ਜੋ ਵੇਦ ਮਾਰਗ ਦਾ ਅੰਗੀਕਾਰ ਕਰੇਗਾ ਓਸਦੇ ਨਿਆਂ ਹੋਣ ਵਿਚ ਕੁਝ ਬੀ ਢਿਲ ਨਾ ਹੋਵੇਗੀ। ਈਸਾਈਆਂ ਪਾਸੋਂ ਪੁਛਣਾ ਚਾਹੀਏ ਕੀ ਈਸ਼੍ਵਰ ਦੀ ਕਚੈਹਰੀ ਅਜਕਲ ਬੰਦ ਹੈ ? ਅਰ ਨਿਆਂ ਦਾ ਕੰਮ ਨਹੀਂ ਹੁੰਦਾ ? ਨਿਆਂ ਕਰਨ ਵਾਲੇ ਨਿਕੰਮੇ ਬੈਠੇ ਹਨ ? ਤਾਂ ਕੁਝ ਬੀ ਠੀਕ ਠੀਕ ਉਤ੍ਰ ਨਾ ਦੇ ਸਕੱਣਗੇ, ਅਰ ਇਨ੍ਹਾਂ ਦਾ ਈਸ਼੍ਵਰ ਬਹਕ ਬੀ ਜਾਂਦਾ ਹੈ, ਕਿਸ ਕਰਕੇ ਇਨ੍ਹਾਂ ਦੇ ਕਹਿਣੇ ਨਾਲ ਝਟ ਇਨ੍ਹਾਂ ਦੇ ਦੁਸ਼ਮਣ ਥੀਂ ਬਦਲਾ ਲੈਣ ਲਗਦਾ ਹੈ, ਅਰ ਵਢਣ ਦੇ ਸੁਭਾ ਵਾਲੇ ਹਨ ਕਿ ਮਰੇ ਪਿਛੋਂ ਅਪਣਾ ਵੈਰ ਲੀਤਾ ਕਰਦੇ ਹਨ, ਸ਼ਾਂਤੀ ਕੁਝ ਬੀ ਨਹੀਂ, ਅਰ ਜਿਥੇ ਸ਼ਾਂਤੀ ਨਹੀਂ ਉਥੇ ਦੁਖ ਦਾ ਕੀ ਅਵਧ ਹੋਵੇਗਾ ॥ ੧੦੨

੧੦੩—ਅਰ ਜਿਸਤਰਾਂ ਵਡੀ ਹਨੇਰੀ ਨਾਲ ਹਲਾਏ ਜਾਣ ਉਪੱਰ ਗੂਲਰ ਦੇ ਦ੍ਰਖਤ ਥੀਂ ਓਸਦੇ ਕਚੇ ਗੁਲਰ ਝੜਦੇ ਹਨ ਤਿਸੇ ਤਰਾਂ ਅਕਾਸ਼ ਦੇ ਤਾਰੇ ਪ੍ਰਿਥਵੀ ਉਪੱਰ ਡਿਗ ਪਏ। ਅਰ ਅਕਾਸ਼ ਪਤ੍ਰ ਦੇ ਵਾਙਣ ਜੋ ਵਲ੍ਹੇਟਿਆ ਜਾਂਦਾ ਹੈ ਵਖਰਾ ਹੋਗਿਆ ॥ ਯੋ० ।ਪ੍ਰ०। ਪ० ੬ ਆ० ੧੩ ।੧੪॥

(ਸਮੀਖਕ ) ਹੁਣ ਵੇਖੋ ਯੋਹਨ ਅਗੇ ਦਾ ਹਾਲ ਕਹਿਣ ਵਾਲੇ ਨੇ ਜਦ ਵਿਦਿਆ ਨਹੀਂ ਹੈ ਤਦੇ ਤਾਂ ਅਜਿਹੀ ਅੰਡ ਬੰਡ ਕਥਾ ਕਹੀ, ਭਲਾ ਤਾਰੇ ਸਾਰੇ ਭੂਗੋਲ ਹਨ, ਇਕ ਪ੍ਰਿਥਵੀ ਉਪੱਰ ਕਿਸਤਰਾਂ ਡਿਗ ਸਕਦੇ ਹਨ ? ਅਰ ਸੂਰਜ ਆਦੀ ਦੀ ਆਕਰਖਣ ( ਖਿਚ ) ਉਨ੍ਹਾਂ ਨੂੰ ਕਿਉਂ ਇਧਰ ਉਧਰ ਜਾਂਣ ਦੇਵੇਗੀ, ਅਰ ਕੀ ਅਕਾਸ਼ ਨੂੰ ਫੂੜ੍ਹੀ ਦੇ ਵਾਙਣ ਸਮਝਦਾ ਹੈ ? ਇਹ ਅਕਾਸ਼ ਸਕਾਰ ਪਦਾਰਥ ਨਹੀਂ ਹੈ ਜਿਸਨੂੰ ਕੋਈ ਵਲ੍ਹੇਟੇ ਵਾ ਇਕਠਾ ਕਰ ਸਕੇ, ਏਸ ਵਾਸਤੇ ਯੋਹਨ ਆਦੀ ਸਾਰੇ ਜੰਗਲੀ ਮਨੁਖ ਸਨ, ਉਨ੍ਹਾਂ ਨੂੰ ਇਨ੍ਹਾਂ ਗਲਾਂ ਦੀ ਕੀ ਖਬਰ ॥ ੧੦੩ ॥

੧੦੪—ਮੈਨੇ ਉਨ੍ਹਾਂ ਦੀ ਗਿਣਤੀ ਸੁਣੀ, ਇਸਰਾਏਲ ਦੀ ਸੰਤਾਨ ਦੀ ਸਾਰੀਕਲ

ਵਿਚੋਂ ਇਕ ਲਖ ਚੁਤਾਲੀ ਹਜਾਰ ਉਪੱਰ ਮੁਹਰ ਦਿਤੀ ਗਈ ਯਹੂਦਾਹ ਦੇ ਕੁਲ ਵਿਚੋਂ ਬਾਰਾਂਹਜਾਰਉਪਰ ਮੁਹਰ ਦਿਤੀ ਗਈ॥ਯੋ੦ਪ੍ਰ੦।ਪ੦੭ਆ੦੪।੫॥

( ਸਮੀਖਕ ) ਕੀ ਜੋ ਬਾਇਬਲ ਵਿਚ ਈਸ਼੍ਵਰ ਲਿਖਿਆ ਹੈ ਉਹ ਇਸਰਾਏਲ ਆਦੀ ਕੁਲਾਂ ਦਾ ਸ੍ਵਾਮੀ ਹੈ ਵਾ ਸਾਰੇ ਸੰਸਾਰ ਦਾ? ਅਜਿਹਾ ਨਾ ਹੁੰਦਾ ਤਾਂ ਉਨ੍ਹਾਂ ਹੀ ਜੰਗਲੀਆਂ ਦਾ ਸਾਥ ਕਿਉਂ ਦਿੰਦਾ? ਅਰ ਉਨ੍ਹਾਂ ਹੀ ਦੀ ਮਦਦ ਕਰਦਾ ਸੀ, ਦੂਜੇ ਦਾ ਨਾਉਂ ਨਿਸ਼ਾਨ ਬੀ ਨਹੀਂ ਲੈਂਦਾ, ਏਸ ਥੀਂ ਉਹ ਈਸ਼੍ਵਰ ਨਹੀਂ, ਅਰ ਇਸਰਾਏਲ ਕੁਲ ਆਦੀ ਦੇ ਮਨੁਖੱਾਂ ਉਪੱਰ ਮੁਹਰ ਲਗਾਣੀ ਅਲਪਗੱਤਾ ਅਥਵਾ ਯੋਹਨ ਦੀ ਝੂਠੀ ਕਲਪਣਾ ਹੈ॥ ੧੦੪

੧੦੫—ਇਸ ਕਾਰਣ ਉਹ ਈਸ਼੍ਵਰ ਦੇ ਸਿੰਘਾਸਨ ਦੇ ਅਗੇ ਹਨ, ਅਰ ਓਸਦੇ ਮੰਦਰ ਵਿਚ ਰਾਤ ਅਰ ਦਿਨ ਓਸਦੀ ਸੇਵਾ ਕਰਦੇ ਹਨ॥ ਯੋ ੦ਪ੍ਰ੦। ਪ੦੭।ਆ ੦ ੧੮॥

( ਸਮੀਖਕ ) ਕੀ, ਇਹ ਮਹਾਂ ਬੁਤਪਰਸਤੀ ਨਹੀ ਹੈ? ਅਥਵਾ ਉਨ੍ਹਾਂ ਦਾ ਈਸ਼੍ਵਰ ਸ਼੍ਰੀਰਧਾਰੀ ਮਨੁਖਦੇ ਤੁਲ ਇਕ ਦੇਸ਼ੀ ਨਹੀ ਹੈ? ਅਰ ਈਸਾਈਆਂ ਦਾ ਈਸ਼੍ਵਰ ਰਾਤਵਿਚ ਸਉਂਦਾਬੀ ਨਹੀ ਹੈ? ਜੇਕਰ ਸੌਂਦਾ ਹੈ ਤਾਂ ਰਾਤ ਵਿਚ ਪੂਜਾ ਕਿਸਤਰਾਂ ਕਰਦੇ ਹੋਂਨਗੇ? ਤਥਾ ਓਸਦੀ ਨੀਂਦ ਬੀ ਉਡ ਜਾਂਦੀ ਹੋਵੇ-ਗੀ, ਅਰ ਜੇ ਰਾਤ ਦਿਨ ਜਾਗਦਾ ਹੋਵੇ ਗਾ ਤਾਂ ਵਿਆਕਲ ਵਾ ਅਤੀ ਬਮਾਰ ਹੋਵੇਗਾ॥ ੧੦੫॥

੧੦੬—ਅਰ ਦੂਜਾ ਦੂਤ ਆਕੇ ਵੇਦੀਦੇ ਨਜੀਕ ਖੜਾ ਹੋਇਆ, ਜਿਸ ਦੇ ਪਾਸ ਸੋਨੇਦੀ ਧੂਪਦਾਨੀ ਸੀ, ਅਰ ਓਸਨੂੰ ਬਹੁਤ ਧੂਪ ਦਿਤਾ ਗਿਆ,ਅਰ ਧੂਪਦਾ ਧੂੰਆ ਪਵਿਤ੍ਰ ਲੋਕਾਂਦੀ ਪ੍ਰਾਰਥਨਾ ਦੇ ਨਾਲ ਦੂਤਦੇ ਹਥ ਵਿਚੋਂ ਈਸ਼੍ਵਰ ਦੇ ਅਗੇ ਚੜ੍ਹ ਗਿਆ। ਅਰ ਦੂਤਨੈ ਉਹ ਧੂਪਦਾਨੀ ਲੈਕੇ ਓਸਵਿਚ ਵੇਦੀਦੀ ਅਗ ਭਰਕੇ ਓਸਨੂੰ ਪ੍ਰਿਥ੍ਵੀ ਉਪਰ ਸੁਟਿਆ, ਅਰ ਸ਼ਬਦ ਅਰ ਗਜੱਣ ਅਰ ਬਿਜਲੀਆਂ ਅਰ ਭੁਚਾਲ ਹੋਏ। ਯੋ ੦ । ਪ੍ਰ੦ਪ੦੮। ਆ ੦ ੩ । ੪ । ੫।

( ਸਮੀਖਕ ) ਹੁਣ ਦੇਖੋ ਸ੍ਵਰਗ ਤਿਕ ਵੇਦੀ, ਧੂਪ, ਦੀਪ, ਨੈਵੇਦ, ਨਰਸ਼ਿੰਘੇ ਦੇ ਅਵਾਜ ਹੁੰਦੇ ਹਨ, ਕੀ, ਬਿਰਾਗੀਆਂ ਦੇ ਮੰਦਰ ਥੀਂ ਈਸਾਈਆਂ ਦਾ ਸ੍ਵਰਗ ਘਟ ਹੈ? ਕੁਝ ਧੂੰਮ ਧਾਂਮ ਵਧੀਕ ਹੀ ਹੈ॥ ੧੦੬॥

੧੦੭—ਪਹਿਲੇ ਦੂਤਨੈ ਨਰਸਿੰਘਾ ਫੂਕਿਆ ਅਰ ਲਹੂਦੇ ਮਿਲੇ ਹੋਏ ਗੜੇ ਅਰ ਅਗ ਹੋਏ ਅਰ ਉਹ ਜਮੀਨ ਉਪਰ ਸੁਟੇ ਗਏ, ਅਰ ਜਮੀਨ ਦੀ ਤਿਹਾਈ ਸੜ ਗਈ॥ ਯੋ ੦ । ਪ੍ਰ੦ । ਪ ੦ ੮ । ਆ ੦ ੭॥

( ਸਮੀਖਕ ) ਵਾਹ ਓ ਈਸਾਈਆਂ ਦੇ ਭਵਿਖਤ ਵਕਤਾ! ਈਸ਼੍ਵਰ, ਈਸ਼੍ਵਰ ਦੇ ਦੂਤ, ਨਰਸਿੰਘੇ ਦਾ ਅਵਾਜ ਅਰ ਪਰਲੇ ਦੀ ਲੀਲਾ ਨਿਰੀ ਮੁੰਡਿ-ਆਂ ਦੀ ਖੇਡ ਦਿਸਦੀ ਹੈ॥ ੧੦੭ ॥

੧੦੯---ਅਰ ਪੰਜਵੇਂ ਦੂਤ ਨੇ ਨਰਸਿੰਘਾ ਫੂਕਿਆ, ਅਰ ਮੈਂ ਨੇ ਇਕ ਤਾਰੇ ਨੂੰ ਵੇਖਿਆ ਜੋ ਸੁਰਗ ਵਿਚੋਂ ਪ੍ਰਿਥਵੀ ਉਪਰ ਡਿਗਿਆ ਹੋਇਆ ਸੀ, ਅਰ ਅਥਾਹ ਕੁੰਡ ਦੇ ਖੂਹ ਦੀ ਕੁੰਜੀ ਉਸਨੂੰ ਦਿੱਤੀ ਗਈ, ਅਰ ਉਸਨੇ ਅਥਾਹ ਕੁੰਡ ਦਾ ਖੂਹ ਖੋਲਿਆ, ਅਰ ਖੂਹ ਵਿੱਚੋਂ ਵਡੀ ਭੱਠੀ ਦੇ ਧੂੰਏ ਦੇ ਵਾਙਣ ਧੂੰਆਂ ਉਠਿਆ, ਅਰ ਉਸ ਧੂੰਏਂ ਵਿਚੋਂ ਟਿਡੀਆਂ ਪ੍ਰਿਥ੍ਵੀ ਉਪਰੋਂ ਨਿਕਲ ਗਈਆਂ, ਜਿਹਾ ਪ੍ਰਿਥ੍ਵੀ ਦੇ ਅਠੂਹਾਂ ਨੂੰ ਅਧਿਕਾਰ ਹੁੰਦਾ ਹੈ ਤੇਹਾ ਉਨ੍ਹਾਂ ਨੂੰ ਅਧਿਕਾਰ ਦਿੱਤਾ ਗਿਆ, ਅਰ ਉਨ੍ਹਾਂ ਨੂੰ ਕਹਿਆ ਗਿਆ ਕਿ ਉਨ੍ਹਾਂ ਮਨੁਖਾਂ ਨੂੰ ਜਿਨ੍ਹਾਂ ਦੇ ਮੱਥੇ ਉਪਰ ਈਸ਼੍ਵਰ ਦੀ ਮੁਹਰ ਨਹੀਂ ਹੈ ਪੰਜ ਮਹੀਨੇ ਉਨ੍ਹਾਂ ਨੂੰ ਪੀੜਾ ਦਿੱਤੀ ਜਾਵੇ ॥ ਯੋ੦ । ਪ੍ਰ੦ । ਪ੦ ੯ । ਆ੦ ੧ । ੨ । ੩ । ੪ । ੫ ॥

( ਸਮੀਖਕ ) ਕੀ, ਨਰਸਿੰਘੇ ਦਾ ਅਵਾਜ਼ ਸੁਣਕੇ ਤਾਰੇ ਉਨ੍ਹਾਂ ਹੀ ਦੂਤਾਂ ਉਪਰ ਅਰ ਉਸੇ ਸੁਰਗ ਵਿਚ ਡਿਗੇ ਹੋਣਗੇ? ਇਥੇ ਤਾਂ ਨਹੀਂ ਡਿਗੇ ਭਲਾ ਉਹ ਖੂਹ ਵਾ ਟਿਡੀਆਂ ਬੀ ਪਰਲੋ ਦੇ ਵਾਸਤੇ ਈਸ਼੍ਵਰ ਨੇ ਪਾਲੀਆਂ ਹੋਣਗੀਆਂ, ਅਰ ਮੁਹਰ ਨੂੰ ਵੇਖ ਪੜ੍ਹ ਬੀ ਲੈਂਦੀਆਂ ਹੋਣਗੀਆਂ, ਕਿ ਮੁਹਰ ਵਾਲਿਆਂ ਨੂੰ ਮਤ ਲੜੋ? ਇਹ ਨਿਰਾ ਭੋਲੇ ਮਨੁਖਾਂ ਨੂੰ ਡਰ ਪਾਕੇ ਈਸਾਈ ਬਣਾ ਲੈਣ ਦਾ ਧੋਖਾ ਦੇਣਾ ਹੈ, ਕਿ ਜੇਕਰ ਤੁਸੀ ਈਸਾਈ ਨਾ ਹੋਵੋਗੇ ਤਾਂ ਤੁਹਾਨੂੰ ਟਿਡੀਆਂ ਕਟਣਗੀਆਂ, ਅਜਿਹੀ ਗਲਾਂ ਵਿਦਿਆ ਹੀਨ ਦੇਸ਼ ਵਿਚ ਚਲ ਸਕਦੀਆਂ ਹਨ ਆਰਯਾ ਵਰਤ ਵਿਚ ਨਹੀਂ, ਕੀ ਉਹ ਪਰਲੋ ਦੀ ਗਲੱ ਹੋ ਸਕਦੀ ਹੈ? ॥ ੧੦੯ ॥

੧੦੯-ਅਰ ਘੋੜ ਚੜ੍ਹਿਆਂ ਦੀ ਸੈਨਾਂ ਦੀ ਗਿਣਤੀ ਵੀਹ ਕ੍ਰੋੜ ਸੀ ਯੋ੦।ਪ੍ਰ੦ । ਪ੦੯ । ਆ੦ ੧੬ ॥

(ਸਮੀਖਕ) ਭਲਾ ਇਨੇ ਘੋੜੇ ਸੁਰਗ ਵਿਚ ਕਿਥੇ ਠਹਿਰਦੇ, ਕਿਥੇ ਚੁਗਦੇ, ਅਰ ਕਿਥੇ ਰਹਿੰਦੇ, ਅਰ ਕਿਨੀ ਲਿਦ ਕਰਦੇ ਸਨ? ਅਰ ਉਸਦੀ ਬਦਬੋ ਬੀ ਸੁਰਗ ਵਿਚ ਕਿੰਨੀ ਹੌਂਦੀ ਹੋਵੇਗੀ? ਬਸ ਅਜਿਹੇ ਸੁਰਗ, ਅਜਿਹੇ ਈਸ਼੍ਵਰ ਅਰ ਅਜਿਹੇ ਮਤ ਦੇ ਵਾਸਤੇ ਅਸਾਂ ਸਾਰਿਆਂ ਆਰਯਾਂ ਨੇ ਤਿਲਾਂਜਲੀ ਦੇ ਦਿਤੀ ਹੈ, ਅਜਿਹਾ ਬਖੇੜਾ ਈਸਾਈਆਂ ਦੇ ਸਿਰ ਉਪਰੋਂ ਬੀ ਸਰਬ ਸ਼ਕਤੀਮਾਨ ਦੀ ਕ੍ਰਿਪਾ ਕਰਕੇ ਦੂਰ ਹੋ ਜਾਵੇ ਤਾਂ ਬਹੁਤ ਅਛਾ ਹੋਵੇ॥੧੦੯

੧੧੦-ਅਰ ਮੈਨੇ ਦੂਜੇ ਬਲਵਾਂਨ ਦੂਤ ਨੂੰ ਸੁਰਗ ਥੀਂ ਉਤਰਦੇ ਵੇਖਿਆ ਜੋ ਬਦਲ ਨੂੰ ਉਪੱਰ ਓਢਿਆ ਹੋਇਆ ਸੀ, ਅਰ ਉਸਦੇ ਸਿਰ ਉਪੱਰ ਬਦਲ ਦਾ ਧਨੁਖ ਸੀ, ਅਰ ਉਸਦਾ ਮੂੰਹ ਸੂਰਜ ਦੇ ਵਾਙਣ, ਅਰ ਉਸਦੇ ਪੈਰ ਅਗ ਦੇ ਥੰਮਾਂ ਵਾਙਣ ਸਨ। ਅਰ ਉਸਨੇ ਅਪਣਾ ਸਜੱਾ ਪੈਰ ਸਮੁੰਦ੍ਰ ਉਪੱਰ, ਅਰ ਖਬਾ ਪ੍ਰਿਥਵੀ ਉਪੱਰ ਰਖਿਆ। ਯੋ੦ । ਪ੍ਰ੦ । ਪ੦ ੧੦ ਆ੦ ੧।੨। ੩ ॥

( ਸਮੀਖਕ ) ਹੁਣ ਵੇਖੋ ਇਨ੍ਹਾਂ ਦੂਤਾਂ ਦੀ ਕਥਾ ਜੋ ਪਰਾਣਾਂ ਵਾ

ਭੁਟੱ੍ਹਾਂ ਦੀ ਕਥਾ ਨਾਲੋਂ ਬੀ ਵਧਕੇ ਹੈ ॥੧੧੦॥

੧੧੧—ਅਰ ਲੱਗੀ ਦੇ ਵਾਙਣ ਇਕ ਨਰਕਟ ਮੈਨੂੰ ਦਿਤਾ ਗਿਆ, ਅਰ ਆਖਿਆ ਗਿਆ ਕਿ ਉਠ ਈਸ਼੍ਵਰ ਦੇ ਮੰਦਰ ਨੂੰ ਅਰ ਵੇਦੀ ਅਰ ਓਸ ਵਿਚੋਂ ਭਜਨ ਕਰਨ ਵਾਲਿਆਂ ਨੂੰ ਮਿਣ ॥ ਯੋ੦ ਪ੍ਰ੦ । ਪ੦੧੧। ਆ੦ । ੧॥

(ਸਮੀਖਕ) ਇਥੇ ਤਾਂ ਕੀ, ਪੂੰਤੂ ਈਸਾਈਆਂ ਦੇ ਸ੍ਵਰਗ ਵਿਚ ਬੀ ਮੰਦ੍ਰ ਬਣਾਏ ਅਰ ਨਾਪੇ ਜਾਂਦੇ ਹਨ, ਅਛਾ ਹੈ ਉਨ੍ਹਾਂਦਾ ਜਿਹਾ ਸ੍ਵਰਗ ਹੈ ਉਹੋ ਜਿਹੀਆਂ ਗਲਾਂ ਹਨ, ਏਸਵਾਸਤੇ ਇਥੇ ਪ੍ਰਭੂ ਭੋਜਨ ਵਿਚ ਈਸਾ ਦੇ ਸ਼੍ਰੀਰ ਦੇ ਅੰਗ ਮਾਸ, ਲਹੂਦੀ ਭਾਉਣਾ ਕਰਕੇ ਖਾਂਦੇ ਪੀਂਦੇ ਹਨ, ਅਰ ਗਿਰਜੇ ਵਿਚਬੀ ਸੂਲੀ ਆਦੀਦਾ ਅਕਾਰ ਬਣਾਣਾ ਆਦੀਬੀ ਬੁਤਪਰਸਤੀ ਹੈ॥ ੧੧੧॥

੧੧੨—ਅਰ ਸ੍ਵਰਗ ਵਿਚ ਈਸ਼੍ਵਰ ਦਾ ਮੰਦ੍ਰ ਖੋਲਿਆ ਗਿਆ, ਅਰ ਓਸਦੇ ਨੇਮ ਦਾ ਸੰਦੂਕ ਓਸਦੇ ਮੰਦ੍ਰ ਵਿਚ ਦਿਖਾਈ ਦਿਤਾ ॥ ਯੋ੦ ਪ੍ਰ੦। ਪ੦ ੧੧। ਆ੦ ੧੯॥

(ਸਮੀਖਕ) ਸ੍ਵਰਗ ਵਿਚ ਜੋ ਮੰਦ੍ਰ ਹੈ ਸੋ ਹਰ ਵੇਲੇ ਬੰਦ ਰਹੰਦਾ ਹੋਵੇਗਾ, ਕਦੀ ਕਦੀ ਖੋਲਿਆ ਜਾਂਦਾ ਹੋਵੇ ਗਾ, ਕੀ, ਪਰਮੇਸ਼੍ਵਰ ਦਾ ਬੀ ਕੋਈ ਮੰਦਰ ਹੋ ਸਕਦਾ ਹੈ? ਜੋ ਵੇਦ ਉਕਤ ਪਰਮਾਤਮਾ ਸਰਬ ਵਿਆਪਕ ਹੈ ਓਸਦਾ ਕੋਈਬੀ ਮੰਦ੍ਰ ਨਹੀ ਹੋ ਸਕਦਾ। ਹਾਂ ਈਸਾਈਆਂ ਦਾ ਜੋ ਪਰਮੇਸ਼੍ਵਰ ਅਕਾਰ ਵਾਲਾ ਹੈ ਓਸਦਾ ਚਾਹੇ ਸ੍ਵਰਗਵਿਚ ਹੋਵੇ ਚਾਹੇ ਪ੍ਰਿਥ੍ਵੀ ਵਿਚ ਹੋਵੇ, ਅਰ ਜਿਹੀ ਲੀਲਾ ਟਨ ਟਨ, ਪੂੰ ਪੂੰ ਦੀ ਇਥੇ ਹੁੰਦੀ ਹੈ ਉਹੋ ਜਿਹੀ ਈਸਾਈਆਂ ਦੇ ਸ੍ਵਰਗ ਵਿਚ ਬੀ। ਅਰ ਨੇਮਦਾ ਸੰਦੂਕ ਬੀ ਕਦੀ ਕਦੀ ਈਸਾਈ ਲੋਕ ਵੇਖਦੇ ਹੋਂਨਗੇ, ਓਸਥੀਂ ਨਾਜਾਣੇ ਕੀ, ਮਤਬਲ ਸਿਧ ਕਰਦੇ ਹੋਂਨ ਗੇ, ਸਚ ਤਾਂ ਇਹ ਹੈ ਕਿ ਇਹ ਸਾਰੀਆਂ ਗਲਾਂ ਮਨੁਖਦੇ ਲੁਭਾਣਦੀਆਂ ਹਨ॥ ੧੧੨॥

੧੧੩—ਅਰ ਇਕ ਵਡਾ ਅਚਰਜ ਸ੍ਵਰਗ ਵਿਚ ਦਿਖਾਈ ਦਿੱਤਾ ਅਰਥਾਤ ਇਕ ਇਸਤ੍ਰੀ ਜੋ ਸੂਰਜ ਓਢਿਆ ਹੋਇਆ ਹੈ ਅਰ ਚੰਦ੍ਰਮਾ ਓਸਦੇ ਪੈਰਾਂ ਤਲੇ ਹੈ, ਅਰ ਓਸਦੇ ਸਿਰ ਉਪਰ ਬਾਰਾਂ ਤਾਰਿਆਂ ਦਾ ਮੁਕਟ ਹੈ ਅਰ ਉਹ ਗਰਭਵੰਤੀ ਹੋਕੇ ਚੀਕਾਂ ਮਾਰਦੀ ਹੈ, ਕਿਉਂਕਿ ਪ੍ਰਸੂਤ ਦੀ ਪੀੜ ਓਸਨੂੰ ਲਗੀ ਹੈ, ਅਰ ਉਹ ਜਣਨ ਨੂੰ ਦੁਖੀ ਹੈ। ਹੋਰ ਦੂਜਾ ਅਚਰਜ ਸ੍ਵਰਗ ਵਿਚ ਦਿਖਾਈ ਦਿੱਤਾ, ਅਰ ਵੇਖੋ! ਬਡਾ ਲਾਲ ਅਜਗਰ ਹੈ ਜਿਸਦੇ ਸਤ ਸਿਰ ਅਰ ਦਸ ਸਿੰਗ ਹਨ ਅਰ ਓਸਦੇ ਸਿੰਗ ਉਪਰ ਸਤ ਰਾਜਮੁਕਟ ਹਨ, ਅਰ ਓਸਦੀ ਪੂਛ ਨੇ ਅਕਾਸ਼ ਦੇ ਤਾਰਿਆਂ ਦੀ ਇਕ ਤਿਹਾਈ ਨੂੰ ਖਿਚਕੇ ਉਨ੍ਹਾਂ ਨੂੰ ਪ੍ਰਿਥ੍ਵੀ ਉਪਰ ਸਟਿਆ॥ ਯੋ੦। ਪ੍ਰ੦ । ਪ੦ ੧੨ । ਆ੦ ੧। ੨।੩।੪॥

( ਸਮੀਖਕ ) ਹੁਣ ਵੇਖੋ ਲੰਬੇ ਚੌੜੇ ਗਪੌੜੇ ਇਨ੍ਹਾਂ ਦੇ ਸੁਰਗ ਵਿਚ ਬੀ ਵਿਚਾਰੀ ਇਸਤ੍ਰੀ ਚੀਕਾਂ ਮਾਰਦੀ ਹੈ, ਓਸਦਾ ਦੁਖ ਕੋਈ ਨਹੀਂ ਸੁਣਦਾ, ਨਾ ਦੂਰ ਕਰ ਸਕਦਾ ਹੈ, ਅਰ ਓਸ ਅਜਗਰ ਦੀ ਪੂਛ ਕਿੰਨੀ ਵਡੀ ਸੀ ਜਿਸ ਨੇ ਤਾਰਿਆਂ ਨੂੰ ਪ੍ਰਿਥਵੀ ਉਪਰ ਇਕ ਤਿਹਾਈ ਸੁਟਿਆ, ਭਲਾ ਪ੍ਰਿਥਵੀ ਤਾਂ ਛੋਟੀ ਹੈ ਅਰ ਤਾਰੇ ਬੀ ਵਡੇ ਵਡੇ ਲੋਕ ਹਨ, ਏਸ ਪ੍ਰਿਥਵੀ ਉਪਰ ਇਕ ਬੀ ਨਹੀਂ ਸਮਾ ਸਕਦਾ, ਕਿੰਤੂ ਇਥੇ ਇਹਾ ਅਨੁਮਾਨ ਕਰਨਾ ਚਾਹੀਏ ਕਿ ਇਹ ਤਾਰਿਆਂ ਦੀ ਤਿਹਾਈ ਏਸ ਬਾਤ ਦੇ ਲਿਖਣ ਵਾਲੇ ਦੇ ਘਰ ਉਪਰ ਡਿਗੇ ਹੋਣਗੇ, ਅਰ ਜਿਸ ਅਜਗਰ ਦੀ ਪੂਛ ਇਨੀ ਵਡੀ ਸੀ ਜਿਸ ਥੀਂ ਸਾਰਿਆਂ ਤਾਰਿਆਂ ਦੀ ਤਿਹਾਈ ਵਲ੍ਹੇਟਕੇ ਪ੍ਰਿਥਵੀ ਉਪਰ ਸੁਟ ਦਿੱਤੀ, ਉਹ ਅਜਗਰ ਬੀ ਉਸੇ ਘਰ ਵਿਚ ਰਹਿੰਦਾ ਹੋਵੇਗਾ ॥ ੧੧੩ ॥

੧੧੪—ਅਰ ਸੁਰਗ ਵਿਚ ਲੜਾਈ ਹੋਈ 'ਮੀਕਾਏਲ' ਅਰ ਓਸਦੇ ਦੂਤ ਅਜਗਰ ਨਾਲ ਲੜੇ ਅਰ ਅਜਗਰ ਅਰ ਓਸ ਦੇ ਦੂਤ ਲੜੇ ॥ ਯੋ० । ਪ੍ਰ० । ਪ० ੧੨ । ਆ० ੭ ॥

( ਸਮੀਖਕ ) ਜੋ ਕੋਈ ਈਸਾਈਆਂ ਦੇ ਸੁਰਗ ਵਿਚ ਜਾਂਦਾ ਹੋਵੇਗਾ ਉਹ ਬੀ ਲੜਾਈ ਵਿਚ ਦੁਖ ਪਾਂਦਾ ਹੋਵੇਗਾ, ਅਜਿਹੇ ਸੁਰਗ ਦੀ ਇਥੋਂ ਹੀ ਥੀਂ ਆਸ਼ਾ ਛਡਕੇ ਹਥ ਜੋੜਕੇ ਬੈਠ ਰਹੋ, ਜਿਥੇ ਅਰਾਮ ਨਾ ਹੋਵੇ ਅਰ ਉਪਦ੍ਰਵ ਮਚਿਆ ਰਹੇ ਉਹ ਈਸਾਈਆਂ ਦੇ ਜੋਗ ਹੈ ॥ ੧੧੪ ॥

੧੧੫—ਅਰ ਉਹ ਵਡਾ ਅਜਗਰ ਸੁਟਿਆ ਗਿਆ, ਹਾਂ ਉਹ ਪੁਰਾਣਾ ਸਪ ਜੋ ' ਦਿਆਬਲ ' ਅਰ ਸ਼ੈਤਾਂਨ ਕਹਾਉਂਦਾ ਹੈ ਜੋ ਸਾਰੇ ਸੰਸਾਰ ਦਾ ਭਰਮਾਣ ਵਾਲਾ ਹੈ ॥ ਯੋ० । ਪ੍ਰ० । ਪ० ੧੨ । ਆ० ੯ ॥

( ਸਮੀਖਕ ) ਕੀ, ਜਦ ਉਹ ਸ਼ੈਤਾਨ ਸੁਰਗ ਵਿਚ ਸੀ ਤਦ ਲੋਕਾਂ ਨੂੰ ਨਹੀ ਭਰਮਾਂਦਾ ਸੀ? ਅਰ ਓਸਨੂੰ ਜਨਮਭਰ ਕੈਦਖਾਨੇ ਵਿਚ ਰਖਿਆ ਅਥਵਾ ਮਾਰ ਕਿਉਂ ਨਾ ਸੁਟਿਆ? ਓਸਨੂੰ ਜ਼ਮੀਂਨ ਉਪਰ ਕਿਉਂ ਸੁਟ ਦਿਤਾ? ਜੇਕਰ ਸਾਰੇ ਸੰਸਾਰ ਦਾ ਭਰਮਾਣ ਵਾਲਾ ਸ਼ੈਤਾਨ ਹੈ ਤਾਂ ਸ਼ੈਤਾਂਨ ਨੂੰ ਭਰਮਾਣ ਵਾਲਾ ਕੌਣ ਹੈ? ਜੇਕਰ ਸ਼ੈਤਾਂਨ ਅਪਣੇ ਆਪ ਭਰਮਿਆ ਹੈ ਤਾਂ ਸ਼ੈਤਾਂਨ ਦੇ ਬਿਨਾਂ ਭਰਮਣ ਹਾਰੇ ਭਰਮਣਗੇ, ਅਰ ਜੇਕਰ ਓਸਨੂੰ ਭਰਮਾਣ ਵਾਲਾ ਪਰ-ਮੇਸ਼ੁਰ ਹੈ ਤਾਂ ਉਹ ਈਸ਼ੁਰ ਹੀ ਨਾ ਠਹਿਰਿਆ । ਮਲੂੰਮ ਤਾਂ ਇਹ ਹੁੰਦਾ ਹੈ ਕਿ ਈ-ਸਾਈਆਂ ਦਾ ਈਸ਼ੁਰ ਬੀ ਸ਼ੈਤਾਂਨ ਥੀਂ ਡਰਦਾ ਹੋਵੇਗਾ, ਕਿਉਂਕਿ ਜੋ ਸ਼ੈਤਾਂਨ ਥੀਂ ਜੋਰਾਵਰ ਹੈ ਤਾਂ ਈਸ਼ੁਰ ਨੇ ਓਸਨੂੰ ਕਸੂਰ ਕਰਨ ਦੇ ਵੇਲੇ ਹੀ ਦੰਡ ਕਿਉਂ ਨਾ ਦਿੱਤਾ? ਜਗਤ ਵਿਚ ਸ਼ੈਤਾਂਨ ਦਾ ਜਿੰਨਾ ਰਾਜ ਹੈ ਓਸਦੇ ਸਾਮਣੇ ਹਜਾਰਵਾਂ ਹਿੱਸਾ ਬੀ ਈਸਾਈਆਂ ਦੇ ਈਸ਼ੁਰ ਦਾ ਰਾਜ ਨਹੀਂ, ਏਸ ਵਾਸਤੇ ਈਸਾਈਆਂ ਦਾ ਈਸ਼ੁਰ ਓਸ ਨੂੰ ਹਟਾ ਨਹੀਂ ਸਕਦਾ ਹੋਵੇਗਾ, ਏਸ ਥੀਂ ਇਹ ਸਿਧ ਹੋਇਆ

ਕਿ ਜਿਹਾ ਏਸ ਵੇਲੇ ਦੇ ਰਾਜ ਅਧਿਕਾਰੀ ਈਸਾਈ, ਡਾਕੂ ਚੋਰ ਆਦੀ ਨੂੰ ਜਲਦੀ ਦੰਡ ਦਿੰਦੇ ਹਨ ਉਹੋ ਜਿਹਾ ਬੀ ਈਸਾਈਆਂ ਦਾ ਈਸ਼੍ਵਰ ਨਹੀਂ, ਫੇਰ ਕਉਣ ਅਜਿਹਾ ਨਿਰਬੁਧੀ ਮਨੁਖ ਹੈ ਜੋ ਵੈਦਕ ਮਤ ਨੂੰ ਛਡਕੇ ਕਪੋਲ ਕਲਪਤ ਈਸਾਈਆਂ ਦਾ ਮਤ ਅੰਗੀਕਾਰ ਕਰੇ ? ॥ ੧੧੫ ॥

੧੧੬—ਹਾਏ ਪ੍ਰਿਥ੍ਵੀ ਅਰ ਸਮੁੰਦ੍ਰ ਦੇ ਰਹਿਣ ਵਾਲਿਓ! ਕਿਉਂਕਿ ਸ਼ੈਤਾਨ ਤੁਹਾਡੇ ਪਾਸ ਉਤ੍ਰਿਆਂ ਹੈ ॥ ਯੋ ੦ ਪ੍ਰ੦ । ਪ੦ ੧੨ । ਆ੦ ੧੨ ॥

(ਸਮੀਖਕ) ਕੀ ਉਹ ਈਸ਼੍ਵਰ ਉਥੋਂ ਹੀ ਦਾ ਰਖਕ ਅਰ ਸ੍ਵਾਮੀ ਹੈ ? ਪ੍ਰਿਥ੍ਵੀ ਮਨੁੱਖ ਆਦੀ ਪ੍ਰਾਣੀਆਂ ਦਾ ਰਖਕ ਅਰ ਸ੍ਵਾਮੀ ਨਹੀਂ ਹੈ ? ਜੇਕਰ ਪ੍ਰਿਥ੍ਵੀ ਦਾ ਬੀ ਰਾਜਾ ਹੈ ਤਾਂ ਸ਼ੈਤਾਂਨ ਨੂੰ ਕਿਉਂ ਨਾ ਮਾਰ ਸਕਿਆ ? ਈਸ਼੍ਵਰ ਵੇਖਦਾ ਰਹਿੰਦਾ ਹੈ ਅਰ ਸ਼ੈਤਾਂਨ ਬਕਾਂਦਾ ਫਿਰਦਾ ਹੈ ਤਾਂਬੀ ਉਸਨੂੰ ਮਨ੍ਹਾਂ ਕਰਦਾ ਨਹੀਂ, ਮਲੂੰਮ ਤਾਂ ਇਹ ਹੁੰਦਾ ਹੈ ਕਿ ਇਕ ਅਛਾ ਈਸ਼੍ਵਰ, ਅਰ ਇਕ ਸਮ੍ਰਥ ਦੁਸ਼ਟ ਦੂਜਾ ਈਸ਼੍ਵਰ ਹੋਰਹਿਆ ਹੈ ॥ ੧੧੬ ॥

੧੧੭—ਅਰ ਬਤਾਲੀ ਮਹੀਨੇ ਤਿਕ ਜੁਧ ਕਰਨ ਦਾ ਅਧਕਾਰ ਉਸਨੂੰ ਦਿਤਾਂ ਗਿਆ। ਅਰ ਉਸਨੈ ਈਸ਼੍ਵਰ ਦੇ ਵਿਰੁਧ ਨਿੰਦਿਆ ਕਰਨ ਨੂੰ ਅਪਣਾ ਮੂੰਹ ਖੋਲਿਆ ਕਿ ਉਸਦੇ ਨਾਉਂ ਦੀ ਅਰ ਉਸਦੇ ਤੰਬੂ ਦੀ ਅਰ ਸ੍ਵਰਗ ਵਿਚ ਰਹਿਣ ਵਾਲਿਆਂ ਦੀ ਨਿੰਦਿਆ ਕਰੇ। ਅਰ ਉਸਨੂੰ ਇਹ ਦਿਤਾ ਗਿਆ ਕਿ ਪਵਿਤ੍ਰ ਲੋਕਾਂ ਨਾਲ ਲੜਾਈ ਕਰੇ, ਅਰ ਉਨ੍ਹਾਂ ਉਪਰ ਜੈ ਕਰੇ, ਅਰ ਹਰ ਇਕ ਕੁਲ ਅਰ ਭਾਖਾ ਅਰ ਦੇਸ ਉਪੱਰ ਉਸਨੂੰ ਅਧਿਕਾਰ ਦਿਤੋ ਗਿਆ ॥ ਯੋ੦ । ਪ੍ਰ੦ । ਪ੦ ੧੩ । ਆ੦ ੫ । ੬ । ੭ ॥

(ਸਮੀਖਕ) ਭਲਾ ਜੋ ਪ੍ਰਿਥ੍ਵੀ ਦੇ ਲੋਕਾਂ ਨੂੰ ਬਕਾਂਣ ਦੇ ਵਾਸਤੇ ਸ਼ੈਤਾਂਨ ਅਰ ਪਸ਼ੂ ਆਦੀ ਨੂੰ ਭੇਜੇ, ਅਰ ਪਵਿਤ੍ਰ ਮਨੁਖੱਾਂ ਨਾਲ ਲੜਾਈ ਕਰਾਵੇ ਉਹ ਕੰਮ ਡਾਕੂਆਂ ਦੇ ਸਰਦਾਰ ਦੇ ਵਾਂਙਣ ਹਨ ਵਾ ਨਹੀ? ਅਜਿਹਾ ਕੰਮ ਈਸ਼੍ਵਰ ਯਾਂ ਈਸ਼੍ਵਰ ਦੇ ਭਗਤਾਂ ਦਾ ਨਹੀ ਹੋ ਸਕਦਾ ॥ ੧੧੭ ॥

੧੧੮—ਅਰ ਮੈਂਨੈ ਨਜਰ ਕੀਤੀ ਅਰ ਵੇਖੋ ਮੇਮਨਾ ਸਿਯੋਨ ਪਰਬਤ ਉਪਰ ਖਲੋਤਾ ਹੈ, ਅਰ ਉਸਦੇ ਨਾਲ ਇਕਲਖ ਚੁਤਾਲੀ ਹਜਾਰ ਸਨ, ਜਿਨ੍ਹਾਂ ਦੇ ਮਥੇ ਉਪਰ ਉਸਦਾ ਨਾਉਂ ਅਰ ਉਸਦੇ ਪਿਉ ਦਾ ਨਾਉਂ ਲਿਖਿਆ ਹੈ। ਯੋ੦ । ਪ੍ਰ੦ । ਪ ੦ ੧੪ ਆ ੦ ੧ ॥

(ਸਮੀਖਕ) ਹੁਣ ਵੇਖੋ! ਜਿਥੇ ਈਸਾਦਾ ਪਿਉ ਰਹਿੰਦਾ ਸੀ ਉਥ ਹੀ ਉਸੇ ਸਿਯੋਨ ਪਹਾੜ ਉਪਰ ਉਸਦਾ ਮੁੰਡਾ ਬੀ ਰਹਿੰਦਾ ਸੀ, ਪ੍ਰੰਤੂ ਇਕ ਲਖ ਚੁਤਾਲੀ ਹਜਾਰ ਮਨੁਖਾਂ ਦੀ ਗਿਣਤੀ ਕਿਸਤਰਾਂ ਕੀਤੀ? ਇਕਲਖ ਚੁਤਾਲੀ ਹਜਾਰ ਹੀ ਸ੍ਵਰਗਦੇ ਵਾਸੀ ਹੋਏ, ਬਾਕੀ ਕ੍ਰੋੜਾਂ ਈਸਾਈਆਂ ਦੇ ਸਿਰਾਂ ਉਪਰ ਨਾ ਮੁਹਰ ਲਗੀ, ਕੀ ਇਹ ਸਾਰੇ ਨਰਕਵਿਚ ਗਏ? ਈਸਾਈਆਂ

ਨੂੰ ਚਾਹੀਏ ਕਿ ਸਿਯੋਨ ਪਰਬਤ ਜਾਕੇ ਵੇਖਨ ਕਿ ਈਸਾਦਾ ਪਿਉ ਅਰ ਉਨ੍ਹਾਂ ਦੀ ਸੈਨਾਂ ਉਥੇ ਹੈ ਵਾ ਨਹੀ? ਜੇਕਰ ਹੋਵੇ ਤਾਂ ਇਹ ਲੇਖ ਠੀਕ ਹੈ, ਨਹੀ ਤਾਂ ਝੂਠ, ਜੇਕਰ ਕਿਧਰੋਂ ਉਥੇ ਆਇਆ ਤਾਂ ਕਿਥੋਂ ਆਇਆ? ਜੇਕਰ ਆਖੋ ਸੁਰਗ ਥੀਂ ਤਾਂ ਕੀ, ਉਹ ਪੰਛੀ ਹਨ ਕਿ ਇਨੀ ਵਡੀ ਸੈਨਾ ਅਰ ਆਪ ਉਪਰ ਹੇਠਾਂ ਉਡਕੇ ਆਇਆ ਜਾਇਆ ਕਰਨ? ਜੇਕਰ ਉਹ ਆਇਆ ਜਾਇਆ ਕਰਦਾ ਹੈ ਤਾਂ ਇਕ ਜਿਲੇ ਦੇ ਨਿਆਂਧੀਸ਼ ਦੇ ਵਾਂਙਣ ਹੋਇਆ, ਅਰ ਉਹ ਇਕ ਦੋ ਵਾ ਤਿਨ ਹੋਵੇ ਤਾਂ ਨਹੀ ਬਣ ਸਕੇ ਗਾ, ਕਿੰਤੂ ਥੋੜੇ ਥੀਂ ਥੋੜਾ ਇਕ ਇਕ ਭੂਗੋਲ ਵਿਚ ਇਕ ਇਕ ਈਸ਼੍ਵਰ ਚਾਹੀਏ, ਕਿਉਂਕਿ ਇਕ ਦੋ, ਤਿਨ ਅਨੇਕ ਬ੍ਰਹਮੰਡਾਂ ਦਾ ਨਿਆਂ ਕਰਨੇ ਅਰ ਸਭ ਜਗਹ ਇਕਠੇ ਫਿਰ-ਨ ਵਿਚ ਸਮ੍ਰਥ ਕਦੀ ਨਹੀ ਹੋ ਸਕਦੇ ॥ ੧੧੮ ॥

੧੧੯—ਆਤਮਾ ਕਹਿੰਦਾ ਹੈ ਹਾਂ ਕਿ ਉਹ ਅਪਣੇ ਪ੍ਰਜਤਨ ਨਾਲ ਵਿਸ਼੍ਰਾਮ ਕਰਨਗੇ, ਪ੍ਰੰਤੂ ਉਨ੍ਹਾਂ ਦੇ ਕਰਮ ਉਨ੍ਹਾਂ ਦੇ ਨਾਲ ਹੋ ਲੈਂਦੇ ਹਨ ॥ ਯੋ੦। ਪ੍ਰ੦। ਪ੦ ੧੪। ਆ੦ ੧੩ ॥

( ਸਮੀਖਕ ) ਵੇਖੋ ਈਸਾਈਆਂ ਦਾ ਈਸ਼੍ਵਰ ਤਾਂ ਕਹਿੰਦਾ ਹੈ ਕਿ ਉਨ੍ਹਾਂ ਦੇ ਕਰਮ ਉਨ੍ਹਾਂ ਦੇ ਨਾਲ ਰਹਨਗੇ ਅਰਥਾਤ ਕਰਮਾਂ ਅਨੁਸਾਰ ਫਲ ਸਾਰਿਆਂ ਨੂੰ ਦਿੱਤੇ ਜਾਂਨਗੇ, ਅਰ ਇਹ ਲੋਕ ਕਹਿੰਦੇ ਹਨ ਕਿ ਈਸਾ ਪਾਪਾਂ ਨੂੰ ਲੈ ਲਵੇਗਾ ਅਰ ਖਿਮਾ ਬੀ ਕੀਤੇ ਜਾਂਨਗੇ, ਇਥੇ ਸਿਆਣੇ ਵਿਚਾਰਨ ਕਿ ਈਸ਼੍ਵਰ ਦਾ ਬਚਨ ਸੱਚਾ ਵਾ ਈਸਾਈਆਂ ਦਾ? ਇਕ ਗਲ ਵਿਚ ਦੋ ਤਾਂ ਸੱਚੇ ਹੋ ਹੀ ਨਹੀਂ ਸਕਦੇ ਇਨ੍ਹਾਂ ਵਿਚੋਂ ਇਕ ਝੂਠਾ ਜਰੂਰ ਹੋਵੇਗਾ, ਅਸਾਂ ਨੂੰ ਕੀ, ਭਾਵੇਂ ਈਸਾਈਆਂ ਦਾ ਈਸ਼੍ਵਰ ਝੂਠਾ ਹੋਵੇ ਵਾ ਈਸਾਈ ਲੋਕ ॥ ੧੧੯ ॥

੧੨੦—ਅਰ ਉਸ ਨੂੰ ਈਸ਼੍ਵਰ ਦੇ ਕ੍ਰੋਧ ਦੇ ਵਡੇ ਕੋਹਲੂ ਦੇ ਕੁੰਡ ਵਿਚ ਸੁਟਿਆ। ਅਰ ਕੋਹਲੂ ਦੇ ਕੁੰਡ ਵਿਚ ਪੀੜਨਾ ਨਗਰ ਦੇ ਬਾਹਿਰ ਕੀਤਾ ਗਿਆ, ਅਰ ਕੋਹਲੂ ਦੇ ਕੁੰਡ ਵਿਚੋਂ ਘੋੜਿਆਂ ਦੀ ਲਗਾਮ ਤਿਕ ਲਹੂ ਇਕ ਸੌ ਕੋਹ ਤਿਕ ਵਗ ਨਿਕਲਿਆ ॥ ਯੋ੦। ਪ੍ਰ੦। ਪ੦ ੧੪। ਆ੦ ੧੯। ੨੦ ॥

( ਸਮੀਖਕ ) ਹੁਣ ਵੇਖੋ! ਇਨ੍ਹਾਂ ਦੇ ਗਪੌੜੇ ਪੁਰਾਣਾਂ ਥੀਂ ਬੀ ਵਧਕ ਹਨ ਵਾ ਨਹੀਂ? ਈਸਾਈਆਂ ਦਾ ਈਸ਼੍ਵਰ ਕ੍ਰੋਧ ਕਰਨ ਵੇਲੇ ਬਹੁਤ ਦੁਖੀ ਹੋ ਜਾਂਦਾ ਹੋਵੇਗਾ, ਅਰ ਜੋ ਉਸਦੇ ਕ੍ਰੋਧ ਦੇ ਕੁੰਡ ਭਰੇ ਹਨ, ਕੀ ਉਸਦਾ ਕ੍ਰੋਧ ਜਲ ਹੈ? ਵਾ ਹੋਰ ਵਗਣ ਵਾਲਾ ਪਦਾਰਥ ਹੈ? ਕਿ ਜਿਸਦੇ ਕੁੰਡ ਭਰੇ ਹਨ? ਅਰ ਸੌ ਕੋਹ ਤਿਕ ਲਹੂਦਾ ਵਹਣਾ ਨਹੀਂ ਬਣਦਾ ਹੈ, ਕਿਉਂਕਿ ਲਹੂ ਹਵਾ ਲੱਗਣ ਥੀਂ ਝਟ ਜੰਮ ਜਾਂਦਾ ਹੈ, ਫੇਰ ਕੀਕਣ ਵਗ ਸਕਦਾ ਹੈ? ਏਸ ਵਾਸਤੇ ਅਜਿਹੀ ਗੱਲਾਂ ਝੂਠੀਆਂ ਹੁੰਦੀਆਂ ਹਨ ॥ ੧੨੦ ॥

੧੨੧—ਅਰ ਵੇਖੋ ਸੁਰਗ ਵਿਚ ਉਗਾਹ ਦੇ ਤੰਬੂ ਦਾ ਮੰਦ੍ ਖੋਲਿਆ ਗਿਆ॥ ਯੋ੦। ਪ੍ਰ੦ ਪ। ੧੫। ਆ੦ ੫॥

( ਸਮੀਖਕ ) ਜੇਕਰ ਈਸਾਈਆਂ ਦਾ ਈਸ਼੍ਵਰ ਸਰਬੱਗ ਹੁੰਦਾ ਤਾਂ ਉਗਾਹਾਂ ਦਾ ਕੀ, ਕੰਮ? ਕਿਉਂਕਿ ਉਹ ਆਪ ਸਭ ਕੁਝ ਜਾਂਣਦਾ ਹੁੰਦਾ, ਏਸ ਥੀਂ ਸਭਤਰਾਂ ਨਾਲ ਇਹੀ ਨਿਸਚੇ ਹੁੰਦਾ ਹੈ ਕਿ ਇਨ੍ਹਾਂ ਦਾ ਈਸ਼੍ਵਰ ਸਰਬੱਗ ਨਹੀਂ,ਕਿਉਂਕਿ ਮਨੁਖ ਵਾਙਣ ਅਲਪੱਗ ਹੈ,ਓਥੇ ਈਸ਼੍ਵਰਤਾ ਦਾ ਕੀ ਕੰਮ ਕਰ ਸਕਦਾ ਹੈ? ਨਹੀਂ ਨਹੀਂ ਹੋਰ ਇਸੇ ਪ੍ਰਕਰਣ ਵਿਚ ਦੂਤਾਂ ਦੀਆਂ ਵਡੀਆਂ੨ ਅਣ ਬਣਦੀਆਂ ਗੱਲਾਂ ਲਿਖੀਆਂ ਹਨ, ਉਨ੍ਹਾਂ ਨੂੰ ਸਚ ਕੋਈ ਨਹੀਂ ਮਨ ਸ-ਕਦਾ, ਕਿਥੋਂ ਤਿੱਕ ਲਿਖੀਏ ਇਸੇ ਪ੍ਰਕਰਣ ਵਿਚ ਸਭਤਰਾਂ ਅਜਿਹੀਆਂ ਹੀ ਗਲਾਂ ਭਰੀਆਂ ਹਨ॥ ੧੨੧॥

੧੨੨—ਅਰ ਈਸ਼੍ਵਰ ਨੇ ਓਸਦੇ ਖੋਟੇ ਕਰਮਾਂ ਨੂੰ ਯਾਦ ਕੀਤਾ ਹੈ। ਜਿਹਾ ਤੁਹਾਨੂੰ ਓਸਨੇ ਦਿੱਤਾ ਹੈ ਤਿਹਾ ਓਸਨੂੰ ਭਰ ਦੇਵੇ, ਅਰ ਓਸਦੇ ਕਰਮਾਂ ਦੇ ਅਨੁਸਾਰ ਦੂਣਾ ਓਸਨੂੰ ਦੇ ਦੇਵੇ॥ ਯੋ੦ ਪ੍ਰ੦ ਪ੦ ੧੮। ਆ੦ ੫।੬॥

( ਸਮੀਖਕ ) ਵੇਖੋ! ਪ੍ਰਤਖ ਈਸਾਈਆਂ ਦਾ ਈਸ਼੍ਵਰ ਅਨਿਆਂ ਕਰਨ ਵਾਲਾਹੈ,ਕਿਉਂਕਿ ਨਿਆਂ ਉਸੇ ਨੂੰ ਕਹਿੰਦੇ ਹਨ ਕਿ ਜਿਸਨੇ ਜਿਹਾ ਵਾ ਜਿੱਨਾ ਕਰਮ ਕੀਤਾ ਓਸਨੂੰ ਉਹੋ ਜਿਹਾ ਅਰ ਉੱਨਾਂ ਹੀ ਫਲ ਦੇਣਾ ਓਸਥੀਂ ਘਟ ਵਧ ਦੇਣਾ ਅਨਿਆਂ ਹੈ, ਜਿਹੜੇ ਅਨਿਆਂ ਕਰਨ ਵਾਲੇ ਦੀ ਉਪਾਸਨਾ ਕਰਦੇ ਹਨ ਉਹ ਅਨਿਆਂ ਕਰਨ ਵਾਲੇ ਕਿਉਂ ਨਾ ਹੋਂਨ॥ ੧੨੨॥

੧੨੩—ਕਿਉਂਕਿ ਮੇਮਨੇ ਦਾ ਵਿਆਹ ਆਗਿਆ ਹੈ, ਅਰ ਓਸਦੀ ਇਸਤ੍ਰੀ ਨੇ ਅਪਣੇ ਨੂੰ ਤਿਆਰ ਕੀਤਾ ਹੈ॥ ਯੋ੦ ਪ੍ਰ੦। ਪ੦੧੯। ਆ੦ ੭॥

( ਸਮੀਖਕ ) ਹੁਣ ਸੁਣੋ! ਈਸਾਈਆਂ ਦੇ ਸੁਰਗ ਵਿਚ ਵਿਵਾਹ ਬੀ ਹੁੰਦੇ ਹਨ! ਕਿਉਂਕਿ ਈਸਾ ਦਾ ਵਿਆਹ ਈਸ਼੍ਵਰ ਨੇ ਉਥੇ ਹੀ ਕੀਤਾ, ਪੁਛਣਾ ਚਾਹੀਏ ਕਿ ਓਸਦੇ ਸੌਹਰਾ, ਸਸ, ਸਾਲਾ ਆਦੀ ਕਉਣ ਸਨ? ਅਰ ਮੁੰਡੇ ਬਾਲੇ ਕਿਨੇ ਹੋਏ? ਅਰ ਬੀਰਜ ਦੇ ਨਾਸ਼ ਹੋਂਣ ਥੀਂ ਬਲ, ਬੁਧੀ, ਪ੍ਰਾਕ੍ਰਮ, ਓਮਰ ਆਦੀ ਦੇ ਬੀ ਘਟੱਣ ਥੀਂ ਹੁਣ ਤਿਕ ਈਸਾ ਨੇ ਉਥੇ ਸ਼ਰੀਰ ਤਿਆਗ ਕੀਤਾ ਹੋਵੇਗਾ, ਕਿਉਂਕਿ ਸੰਜੋਗ ਤੇ ਉਤਪੰਨ ਹੋਏ ਪਦਾਰਥ ਦਾ ਵਿਛੋੜਾ ਜਰੂਰ ਹੁੰਦਾ ਹੈ, ਹੁਣ ਤਿਕ ਈਸਾਈਆਂ ਨੇ ਓਸਦੇ ਵਿਸ਼੍ਵਾਸ ਵਿਚ ਧੋਖਾ ਖਾਧਾ, ਅਰ ਨਾ ਜਾਣੇ ਕਿਥੋਂ ਤਿਕ ਧੋਖੇ ਵਿਚ ਰਹਿਨਗੇ॥ ੧੨੩॥

੧੨੪—ਅਰ ਓਸਨੇ ਅਜਗਰ ਨੂੰ ਅਰ ਪੁਰਾਣ ਸਪ ਨੂੰ ਜੋ ਦਿਆਬਲ ਅਰ ਸ਼ੈਤਾਂਨ ਹੈ ਪਕੜਕੇ ਓਸਨੂੰ ਹਜਾਰ ਵਰ੍ਹੇ ਤਿਕ ਬੰਨ੍ਹ ਰਖਿਆ। ਅਰ ਓਸਨੂੰ ਅਥਾਹ ਕੁੰਡ ਵਿਚ ਸੁਟਿਆ ਅਰ ਬੰਦ ਕਰਕੇ ਓਸਨੂੰ ਮੁਹਰ ਲਾਈ ਜਿਸ ਕਰਕੇ ਉਹ ਜਿਨੀਂ ਤਿਕ ਹਜਾਰ ਵਰ੍ਹੇ ਪੂਰੇ ਨਾ ਹੋਂਨ ਤਦ ਤਿਕ ਫਿਰ

ਦੇਸ਼ਾਂ ਦੇ ਲੋਕਾਂ ਨੂੰ ਨਾ ਭ੍ਰਮਾਵੇ ॥ ਯੋ॰। ਪ੦ਪ੦ ੨੦ । ਆ॰ ੨ । ੩ ॥

(ਸਮੀਖਕ) ਵੇਖੋ! ਮਸੇ ਮਸੇ ਕਰਕੇ ਸ਼ੈਤਾਂਨ ਨੂੰ ਪਕੜਿਆ ਅਰ ਹਜਾਰ ਵਰ੍ਹੇ ਤਿਕ ਕੈਦ ਕੀਤਾ ਫਿਰ ਬੀ ਛੁਟ ਗਿਆ, ਕੀ ਫਿਰ ਨਾ ਭਰਮਾਵੇਗਾ? ਅਜਿਹਾ ਦੁਸ਼ਟ ਨੂੰ ਤਾਂ ਕੈਦਖਾਨੇ ਹੀ ਵਿਚ ਰਖਣਾ ਵਾ ਮਾਰੇ ਬਿਨਾ ਛਡਣਾ ਹੀ ਨਹੀ । ਪ੍ਰੰਤੂ ਇਹ ਸ਼ੈਤਾਂਨ ਦਾ ਹੋਣਾ ਈਸਾਈਆਂ ਦਾ ਭ੍ਰਮ ਮਾਤ੍ਰ ਹੈ, ਅਸਲ ਵਿਚ ਕੁਝਬੀ ਨਹੀ, ਨਿਰਾ ਲੋਕਾਂ ਨੂੰ ਡਰਾਕੇ ਅਪਣੇ ਜਾਲਵਿਚ ਲਿਆਉਣ ਦਾ ਉਪਾ ਰਚਿਆ ਹੈ। ਜਿਸਤਰਾਂ ਕਿਸੇ ਧੂਰਤ ਨੇ ਕਿਨਿਆਂ ਭੋਲੇ ਮਨੁਖਾਂ ਨੂੰ ਕਿਹਾ ਕਿ ਚਲੋ ਤੁਹਾਨੂੰ ਦੇਵਤਾ ਦਾ ਦਰਸ਼ਨ ਕਰਾਵਾਂ, ਕਿਸੇ ਅਕਲੀ ਜਗਹ ਵਿਚ ਲੈਜਾਕੇ ਇਕ ਮਨੁਖ ਨੂੰ ਚਤੁਭੁਜ ਬਣਾਕ ਰਖਿਆ, ਝਾੜੀ ਵਿਚ ਖਲਵਾਕੇ ਆਖਿਆ ਕਿ ਅਖਾਂ ਮੀਚਲੈ ਜਦ ਮੈਂ ਕਹੂੰ ਤਦ ਖੋਲਣੀਆਂ, ਫਿਰ ਜਦ ਕਹੂੰ ਤਦਬੀ ਮੀਚ ਲੈਣੀਆਂ, ਜਿਹੜਾ ਨਾ ਮੀਚੇ ਗਾ ਉਹ ਅਨ੍ਹਾ ਹੋ ਜਾਵੇ ਗਾ, ਉਜਿਹੀ ਇਨ੍ਹਾਂ ਮਤਵਾਲਿਆਂ ਦੀ ਗਲਾਂ ਹਨ ਕਿ ਜੇਹੜਾ ਸਾਡਾ ਮਜਹਬ ਨਾ ਮਨੇਗਾ ਓਹ ਸ਼ੈਤਾਂਨਦਾ ਬਕਾਇਆ ਹੋਇਆ ਹੈ, ਜਦ ਓਹ ਸਾਮਣੇ ਆਇਆ ਤਦ ਆਖਿਆ ਵੇਖੋ! ਅਰ ਫੇਰ ਜਲਦੀ ਕਹਿਆ ਕਿ ਮੀਚ ਲਵੋ, ਜਦ ਫੇਰ ਝਾੜੀ ਵਿਚ ਛਪ ਗਿਆ ਤਦ ਕਹਿਆ ਖੋਲੋ । ਵੇਖਿਆ ਨਾਰਾਇਣ ਨੂੰ ਸਾਰਿਆਂ ਨੇ ਦਰਸ਼ਨ ਕੀਤਾ, ਉਹੋ ਜਿਹੀ ਲੀਲਾ ਮਜਹਬੀਆਂ ਦੀ ਹੈ, ਇਸਵਾਸਤੇ ਇਨ੍ਹਾਂ ਦੀ ਮਾਇਆ ਵਿਚ ਕਿਸੇ ਨੂੰ ਨਾ ਫਸਣਾ ਚਾਹੀਏ ॥ ੧੨੪॥

੧੨੫—ਜਿਸਦੇ ਸਾਮਣੇ ਥੀਂ ਪ੍ਰਿਥ੍ਵੀ ਅਰ ਅਕਾਸ਼ ਨਠ ਗਏ, ਅਰਉਨ੍ਹਾਂ ਦੇ ਵਾਸਤੇ ਜਗਹਿ ਨਾ ਮਿਲੀ। ਅਰ ਮੈਨੇ ਕੀ ਨਿਕੇ ਕੀ ਵਡੇ ਸਾਰੇਮੁਇਆਂ ਨੂੰ ਈਸ਼੍ਵਰਦੇ ਅਗੇ ਖਲੋਤੇ ਦੇਖਿਆ, ਅਰ ਪੁਸਤਕ ਖੋਲਦੇ ਗਏ, ਅਰ ਦੂਜਾ ਪੁਸਤਕ ਅਰਥਾਤ ਜੀਵ ਦਾਪੁਸਤਕ ਖੋਲਿਆ ਗਿਆ, ਅਰ ਪੁਸਤਕਾਂਵਿਚ ਲਿਖੀ ਹੋਈ ਗਲਾਂ ਥੀਂ ਮੁਏ ਹੋਇਆਂ ਦਾ ਵਿਚਾਰ ਉਨ੍ਹਾਂ ਦੇ ਕਰਮਾਂ ਦੇ ਅਨੁਸਾਰ ਕੀਤਾ ਗਿਆ। ਯੋ॰। ਪ੍ਰ। ਪ੦ ੨੦। ਆ॰ ੧੧। ੧੨ ॥

(ਸਮੀਖਕ) ਇਹ ਵੇਖੋ ਮੁੰਡੇਪਣ ਦੀ ਗੱਲ, ਭਲਾ ਪ੍ਰਿਥ੍ਵੀ ਅਰ ਅਕਾਸ਼ ਕਿਸਤਰਾਂ ਨਠ ਸਕੱਣਗੇ? ਅਰ ਉਹ ਕਿਸ ਉਪਰ ਠਹਿਰਨਗੇ ਜਿਸਦੇ ਸਾਮਣੇ ਥੀਂ ਨਠੇ! ਅਰ ਓਸਦਾ ਸਿੰਘਾਸਨ ਅਰ ਉਹ ਕਿਥੇ ਠਹਿਰਿਆ? ਅਰ ਮੁਰਦੇ ਪਰਮੇਸ਼੍ਵਰ ਦੇ ਸਾਮਣੇ ਖੜੇ ਕੀਤੇ ਗਏ ਤਾਂ ਪਰਮੇਸ਼੍ਵਰ ਬੀ ਬੈਠਾ ਸੀ ਵਾ ਖੜਾ ਹੋਵੇਗਾ? ਕੀ ਇਥੇ ਬੀ ਕਚੈਹਰੀ ਅਰ ਦੁਕਾਨ ਦੇ ਵਾਙਣ ਈਸ਼੍ਵਰ ਦਾ ਵਿਹਾਰ ਹੈ ਜਿਹੜਾ ਕਿ ਪੁਸਤਕ ਦੇ ਲੇਖ ਦੇ ਅਨੁਸਾਰ ਹੁੰਦਾ ਹੈ? ਅਰ ਸਾਰਿਆਂ ਜੀਵਾਂ ਦਾ ਹਾਲ ਈਸ਼੍ਵਰ ਨੇ ਲਿਖਿਆ ਵਾ ਓਸਦੇ ਗੁਮਾਸ਼ਿਤਿਆਂ ਨੇ? ਅਜਿਹੀ ਅਜਿਹੀ ਗਲਾਂ ਥੀਂ ਅਨੀਸ਼੍ਵਰ

ਨੂੰ ਈਸ਼੍ਵਰ ਅਰ ਈਸ਼੍ਵਰ ਨੂੰ ਅਨੀਸ਼੍ਵਰ ਈਸਾਈ ਆਦੀ ਮਤ ਵਾਲਿਆਂ ਨੇ ਬਣਾ ਦਿਤਾ॥ ੧੨੫॥

੧੨੬–ਉਨ੍ਹਾਂ ਵਿਚੋਂ ਇਕ ਮੇਰੇ ਪਾਸ ਆਇਆ ਅਰ ਮੇਰੇ ਨਾਲ ਬੋਲਿਆ ਕਿ ਆ ਮੈਂ ਵਹੁਟੀ ਅਰਥਾਤ ਮੇਮਨੇਦੀਇਸਤ੍ਰੀਨੂੰ ਤੈਨੂੰ ਵਿਖਾਵਾਂਗਾ॥ ਯੋ੦। ਪ੦। ਪ੦ ੨੧। ਆ੦ ੯॥

( ਸਮੀਖਕ ) ਭਲਾ ਈਸਾ ਨੇ ਸ੍ਵਰਗ ਵਿਚ ਵਹੁਟੀ ਅਰਥਾਤ ਇਸਤ੍ਰੀ ਅਛੀ ਪਾਈ ਮੌਜ ਕਰਦਾ ਹੋਵੇਗਾ, ਜਿਹੜੇ ਜਿਹੜੇ ਈਸਾਈ ਉਥੇ ਜਾਂਦੇ ਹੋਂਨਗੇ ਉਨ੍ਹਾਂ ਨੂੰ ਬੀ ਉਥੇ ਇਸਤ੍ਰੀਆਂ ਮਿਲਦੀਆਂ ਹੋਨਗੀਆਂ? ਅਰ ਮੁੰਡੇ ਬਾਲੇ ਹੁੰਦੇ ਹੋਨਗੇ? ਅਰ ਬਹੁਤ ਭੀੜ ਦੇ ਹੋਜਾਂਣ ਥੀਂ ਬਮਾਰੀ ਪੈਦਾ ਹੋਕੇ ਮਰਦੇ ਬੀ ਹੋਨਗੇ। ਅਜਿਹੇ ਸ੍ਵਰਗ ਨੂੰ ਦੂਰ ਥੀਂ ਹਥ ਹੀ ਜੋੜਨਾ ਅਛਾ ਹੈ॥ ੧੨੬॥

੧੨੭––ਅਰ ਓਸਨੇ ਓਸ ਨਲ ਨਾਲ ਨਗਰ ਨੂੰ ਨਾਪਿਆ ਕਿ ਸਾਢੇ ਸਤ ਸੈ ਕੋਹਦਾ ਹੈ, ਓਸਦੀ ਲੰਬਿਆਈ ਅਰ ਚੌੜਿਆਈ ਅਰ ਉਚਿਆਈ ਇਕੋ ਜਿਹੀ ਹੈ॥ ਅਰ ਓਸਨੇ ਓਸਦੀ ਕੰਧ ਨੂੰ ਮਨੁਖ ਦੇ ਅਰਥਾਤ ਦੂਤ ਦੇ ਨਾਪ ਨਾਲ ਨਾਪਿਆ ਕਿ ਇਕ ਸੌ ਚੁਤਾਲੀ ਹਥ ਦੀ ਹੈ, ਅਰ ਓਸਦੀ ਕੰਧਦੀ ਜੋੜਿਆਈ ਸੂਰਜ ਦੀ ਸ਼ਕਲ ਦੀ ਸੀ, ਅਰ ਨਗਰ ਸਾਫ ਸੋਨੇ ਦਾ ਸੀ ਜੋ ਨਿਰਮਲ ਕਚ ਦੇ ਵਾਙਣ ਸੀ। ਅਰ ਨਗਰ ਦੇ ਕੰਧ ਦੀ ਨੀਹਾਂ ਹਰ ਇਕ ਬਹੁਤੇ ਮੁਲ ਦੇ ਪਥਰ ਨਾਲ ਸਵਾਰੀ ਹੋਈ ਸਨ, ਪਹਿਲੀ ਨੀਂਹ ਸੂਰਜ ਕਾਂਤ ਮਣੀ ਦੀ ਸੀ, ਦੂਜੀ ਨੀਲਮਣੀ ਦੀ, ਤੀਜੀ ਲਾਲੜੀ ਦੀ, ਚੌਥੀ ਮਰਕਤ ਦੀ, ਪੰਜਵੀਂ ਗੋਮੇਦਕ ਦੀ, ਛੀਵੀਂ ਮਾਣਿਕ ਦੀ ਸਤਵੀਂ ਪੀਤਮਣੀ ਦੀ, ਅਠਵੀਂ ਪੇਰੋਜ ਦੀ, ਨੌਵੀਂ ਪੁਖਰਾਜ ਦੀ, ਦਸਵੀਂ ਲਹਸਨੀਏ ਦੀ, ਯਾਰੁਵੀਂ ਧੂਮ੍ਰਕਾਂਤਦੀ, ਬਾਰੁਵੀਂ ਮਟੀਖ ਦੀ। ਅਰ ਬਾਰਾਂ ਫਾਟਕ, ਬਾਰਾਂ ਮੋਤੀ ਸਨ, ਇਕ ਇਕ ਮੋਤੀ ਥੀਂ ਇਕ ਇਕ ਫਾਟਕ ਬਣਿਆਂ ਸੀ, ਅਰ ਨਗਰ ਦੀ ਸੜਕ ਸ਼ਾਫ ਕਚਦੇ ਵਾਙਣ ਸੋਨੇ ਦੀ ਸੀ॥ ਯੋ੦ ਪ੦। ਪ੦ ੨੧ ਆ੦ ੧੬। ੧੭। ੧੮। ੧੯। ੨੦। ੨੧।

( ਸਮੀਖਕ ) ਸੁਣੋ ਈਸਾਈਆਂ ਦੇ ਸ੍ਵਰਗ ਦਾ ਵਰਣਨ! ਜੇਕਰ ਈਸਾਈ ਮਰਦੇ ਜਾਂਦੇ ਅਰ ਜਮਦੇ ਜਾਂਦੇ ਹਨ ਤਾਂ ਇਤਨੇ ਵਡੇ ਸ਼ਹਿਰ ਵਿਚ ਕਿਸਤਰਾਂ ਸਮਾ ਸਕਨਗੇ? ਕਿਉਂਕਿ ਓਸ ਵਿਚ ਮਨੁਖਾਂ ਦਾ ਆਉਣ ਹੁੰਦਾ ਹੈ, ਅਰ ਓਸ ਥੀਂ ਨਿਕਲਦੇ ਨਹੀਂ, ਅਰ ਜੋ ਇਹ ਬਹੁਤ ਮੁਲ ਵਾਲੇ ਰਤਨਾਂ ਦੀ ਬਣੀ ਹੋਈ ਨਗਰੀ ਮੰਨੀ ਹੈ ਅਰ ਸਾਰੀ ਸੋਨੇ ਦੀ ਹੈ ਇਤਆਦੀ ਲੇਖ ਨਿਰਾ ਭੋਲੇ ਭੋਲੇ ਮਨੁਖਾਂ ਨੂੰ ਬਕਾਕੇ ਫਸਾਂਣ ਦੀ ਲੀਲਾ ਹੈ। ਭਲਾ ਲੰਬਿਆਈ ਚੌੜਿਆਈ ਤਾਂ ਓਸ ਨਗਰ ਦੀ ਲਿਖੀ ਸੋ ਹੋ ਸਕਦੀ ਪ੍ਰੰਤੂ ਉਚਿਆਈ

ਸਾ ਸਤ ਸੈ ਕੋਹ ਕਿਸਤਰਾਂ ਨਾਲ ਹੋ ਸਕਦੀ ਹੈ? ਇਹ ਸਭਤਰਾਂ ਝੂਠ ਕਪੋਲ ਕਲਪਣਾ ਦੀ ਗਲ ਹੈ, ਅਰ ਇਨੇ ਵਡੇ ਮੋਤੀ ਕਿੱਥੋਂ ਬੀ ਆਏ ਹੋਂਨਗੇ? ਇਸ ਲੇਖ ਦੇ ਲਿਖਣ ਵਾਲੇ ਦੇ ਘਰਦੇ ਘੜੇ ਵਿੱਚੋਂ ਇਹ ਗਪੌੜਾ ਪੁਰਾਣ ਦਾ ਬੀ ਪਿਉ ਹੈ। ੧੨੭॥

੧੨੮—ਅਰ ਕੋਈ ਅਪਵਿਤ੍ਰ ਵਸਤੂ ਅਥਵਾ ਭੈੜਾ ਕੰਮ ਕਰਨਵਾਲਾ ਅਥਵਾ ਝੂਠ ਉਪਰ ਚਲਣਵਾਲਾ ਓਸਵਿਚ ਕਿਸੇਤਰਾਂ ਨਾਲ ਪ੍ਰਵੇਸ਼ ਨਾ ਕਰੇਗਾ। ਯੋ੦ ਪ੍ਰ੦। ਪ੦ ੨੦। ਆ੦ ੨੭॥

(ਸਮੀਖਕ) ਜੇ ਅਜਿਹੀ ਗਲ ਹੈ ਤਾਂ ਈਸਾਈ ਲੋਕ ਕਿਉਂ ਕਹਿੰਦੇ ਹਨ ਕਿ ਪਾਪੀ ਲੋਕ ਬੀ ਸ੍ਵਰਗ ਵਿਚ ਈਸਾਈ ਹੋਣ ਕਰਕੇ ਜਾ ਸਕਦੇ ਹਨ, ਇਹ ਠੀਕ ਗਲ ਨਹੀ ਹੈ, ਜੇਕਰ ਅਜਿਹਾ ਹੈ ਤਾਂ ਯੋਹੱਨਾ ਸੁਪਨੇ ਦੀ ਝੂਠੀ ਗਲਾਂਦਾ ਕਹਿਣ ਵਾਲਾ ਸ੍ਵਰਗਵਿਚ ਪ੍ਰਵੇਸ਼ ਕਦੀ ਨਾ ਕਰ ਸਕਿਆ ਹੋਵੇਗਾ, ਅਰ ਈਸਾ ਬੀ ਸ੍ਵਰਗ ਵਿਚ ਨਾ ਗਿਆ ਹੋਵੇਗਾ, ਕਿਉਂਕਿ ਜਦ ਅਕਲਾ ਪਾਪੀ ਸ੍ਵਰਗ ਨੂੰ ਪ੍ਰਾਪਤ ਨਹੀ ਹੋ ਸਕਦਾ ਤਾਂ ਜੋ ਅਨੇਕ ਪਾਪੀਆਂਦੇ ਪਾਪ ਦੇ ਭਾਰ ਨਾਲ ਭਰਿਆ ਹੈ ਉਹ ਕਿਸਤਰਾਂ ਸ੍ਵਰਗਵਾਸੀ ਹੋ ਸਕਦਾ ਹੈ? ॥ ੧੨੮॥

੧੨੯—ਅਰ ਹੁਣ ਕੋਈ ਸ਼੍ਰਾਪ ਨਾ ਹੋਵੇ ਗਾ, ਅਰ ਈਸ਼੍ਵਰ ਦਾ ਅਰ ਮੇਮਨੇ ਦਾ ਸਿੰਘਾਸਨ ਓਸਵਿਚ ਹੋਵੇਗਾ, ਅਰ ਓਸਦੇ ਨੌਕਰ ਓਸਦੀ ਸੇਵਾ ਕਰਨ ਗੇ, ਅਰ ਓਸਦਾ ਮੂੰਹ ਵੇਖਨ ਗੇ, ਅਰ ਓਸਦਾ ਨਾਉਂ ਉਨ੍ਹਾਂਦੇ ਮਥੇ ਉਪਰ ਹੋਵੇ ਗਾ, ਅਰ ਉਥੇ ਰਾਤ ਨਾ ਹੋਵੇਗੀ, ਅਰ ਉਨ੍ਹਾਂ ਨੂੰ ਦੀਵੇਦਾ ਅਥਵਾ ਸੂਰਜਦੇ ਚਾਨਣੇ ਦਾ ਮਤਬਲ ਨਹੀ, ਕਿਉਂਕਿ ਪਰਮੇਸ਼੍ਵਰ ਈਸ਼੍ਵਰ ਉਨ੍ਹਾਂਨੂੰ ਚਾਨਣਾ ਦੇਵੇਗਾ, ਉਹ ਸਦਾ ਸਰਬਦਾ ਰਾਜ ਕਰਨ ਗੇ। ਯੋ੦। ਪ੍ਰ੦। ਪ੦ ੨੨। ਆ੦ ੩॥੪।੫॥

(ਸਮੀਖਕ) ਵੇਖੋ! ਇਹੀ ਈਸਾਈਆਂ ਦਾ ਸ੍ਵਰਗ ਵਿਚ ਰਹਿਣਾ ਕੀ ਈਸ਼੍ਵਰ ਅਰ ਈਸਾ ਸਿੰਘਾਸਨ ਉਪੱਰ ਹਮੇਸ਼ਾਂ ਬੈਠੇ ਰਹਿਨਗੇ? ਅਰ ਉਨ੍ਹਾਂ ਦੇ ਨੌਕਰ ਉਨ੍ਹਾਂ ਦੇ ਸਾਮਣੇ ਹਮੇਸ਼ਾਂ ਮੂੰਹ ਵੇਖਿਆ ਕਰਨਗੇ? ਹੁਣ ਇਹ ਤਾਂ ਦਸੀਏ ਤੁਹਾਡੇ ਈਸ਼੍ਵਰ ਦਾ ਮੂੰਹ ਫਰੰਗੀਆਂ ਦੇ ਵਾਙਣ ਗੋਰਾ ਵਾ ਅਫਰੀਕਾ ਵਾਲਿਆਂ ਦੇ ਵਾਙਣ ਕਾਲਾ ਅਥਵਾ ਹੋਰਨਾਂ ਦੇਸ਼ ਵਾਲਿਆਂ ਦੇ ਵਾਙਣ ਹੈ? ਇਹ ਤੁਹਾਡਾ ਸ੍ਵਰਗ ਬੀ ਬੰਧਨ ਹੈ, ਕਿਉਂਕਿ ਜਿਥੇ ਛੁਟਿਆਈ ਵਡਿਆਈ ਹੈ, ਅਰ ਉਸੇ ਇਕ ਨਗਰ ਵਿਚ ਰਹਿਣਾ ਜਰੂਰ ਹੈ ਤਾਂ ਉਥੇ ਦੁਖ ਕਿਉਂ ਨਾ ਹੁੰਦਾ ਹੋਵੇਗਾ? ਜੋ ਮੂੰਹ ਵਾਲਾ ਹੈ ਉਹ ਈਸ਼੍ਵਰ ਸਰਬਗੱ, ਸਰਬੇਸ਼੍ਵਰ ਕਦੀ ਨਹੀਂ ਹੋ ਸਕਦਾ ॥ ੧੨੯ ॥

੧੩੦—ਵੇਖ ਮੈਂ ਸ਼ਤਾਬੀ ਆਉਂਦਾ ਹਾਂ, ਅਰ ਮੇਰਾ ਪ੍ਰਤੀਫਲ ਮੇਰੇ

ਨਾਲ ਹੈ, ਜਿਸ ਥੀਂ ਹਰਇਕ ਨੂੰ ਜਿਹਾ ਓਸਦਾ ਕਾਰਜ ਠਹਰੇਗਾ ਉਹੋ ਜਿਹਾ ਫਲ ਦੇਵਾਂਗਾ ॥ ਯੋ੦ । ਪ੍ਰ੦ ਪ੦ ੨੨ । ਆ੦੧੨ ॥

(ਸਮੀਖਕ) ਜਦ ਇਹਾ ਗਲੱ ਹੈ ਕਿ ਕਰਮਾਂ ਦੇ ਅਨੁਸਾਰ ਫਲ ਪੰਦੇ ਹਨ ਤਾਂ ਪਾਪਾਂ ਦੀ ਖਿਮਾ ਕਦੀ ਨਹੀਂ ਹੁੰਦੀ, ਅਰ ਜੇਕਰ ਖਿਮਾਂ ਹੁੰਦੀ ਹੈ ਤਾਂ ਅੰਜੀਲ ਦੀ ਗਲਾਂ ਝੂਠੀਆਂ, ਜੇਕਰ ਕੋਈ ਕਹੈ ਕਿ ਖਿਮਾਂ ਕਰਨਾ ਬੀ ਅੰਜੀਲ ਵਿਚ ਲਿਖਿਆ ਹੈ ਤਾਂ ਪੂਰਬ ਅਪਰ ਵਿਰੋਧ (ਪਹਿਲਾਂ ਕੁਝ ਕਹਿਣਾ ਪਿਛੋਂ ਹੋਰ ਕਹਣਾ ਅਰਥਾਤ ਹਲਫਦਰੋਗੀ ) ਹੋਈ ਤਾਂ ਝੂਠ ਹੈ, ਏਸਦਾ ਮਨਣਾ ਛਡ ਦੇਓ ॥

ਹੁਣ ਕਿਥੋਂ ਤਿਕ ਲਿਖੀਏ ਇਨ੍ਹਾਂ ਦੀ ਬਾਇਬਲ ਵਿਚ ਲੱਖਾਂ ਗੱਲਾਂ ਖੰਡਨ ਜੋਗ ਹਨ, ਇਹ ਤਾਂ ਥੋੜਾ ਜਿਹਾ ਨਮੂਨਾ ਈਸਾਈਆਂ ਦੀ ਬਾਇਬਲ ਪੁਸਤਕ ਦਾ ਵਿਖਾਇਆ ਹੈ; ਇੱਨੇ ਹੀ ਨਾਲ ਬੁਧਵਾਂਨ ਲੋਕ ਬਹੁਤ ਸਮਝ ਲੈਂਨਗੇ, ਥੋੜੀ ਜਿਹੀ ਗਲਾਂ ਨੂੰ ਛਡਕੇ-ਬਾਕੀ ਸਭ ਝੂਠ ਦੇ ਨਾਲ ਸਚ ਬੀ ਸ਼ੁਧ ਨਹੀਂ ਰਹਿੰਦਾ ਹੈ, ਉਸੇਤਰਾਂ ਨਾਲ ਹੀ ਬਾਇਬਲ ਪੁਸਤਕ ਬੀ ਮਨੱਣ ਜੋਗ ਨਹੀਂ ਹੋ ਸਕਦੀ, ਕਿੰਤੂ ਉਹ ਸਚ ਤਾਂ ਵੇਦਾਂ ਦੇ ਅੰਗੀਕਾਰ ਕਰਨ ਵਿਚ ਮਿਲਦਾ ਹੈ ॥ ੧੩੦ ॥

इति श्रीमद्दयानन्दसरस्वती स्वामिनिर्मिते सत्यार्थ-
प्रकाशे सुभाषाविभूषिते कृश्चीनमतविषये
त्रयोदशः समुल्लासः सम्पूर्णः ॥ १३ ॥

---:—+:∞:+—:—

# ਅਨੁ ਭੂਮਿਕਾ (੪)

—ః++೦++ః—

ਜੋ ਏਹ ਚੌਦਵਾਂ ਸਮੁਲਾੱਸ ਮੁਸਲਮਾਨਾਂ ਦੇ ਮਤ ਦੇ ਵਿਸ਼ੇ ਵਿਚ ਹੈ, ਸੋ ਨਿਰਾ ਕੁਰਾਂਨ ਦਾ ਮਤਬਲ ਲਿਖਿਆ ਹੈ, ਹੋਰ ਕਿਸੇ ਰੀਬਦੇ ਮਤਦੇ ਅਨੁਸਾਰ ਨਹੀ, ਕਿਉਂਕਿ ਮੁਸਲਮਾਨ ਕੁਰਾਂਨ ਉਤੇ ਹੀ ਪੂਰਾ ੨ ਵਿਸ਼੍ਵਾਸ ਰਖਦੇ ਹਨ, ਭਾਵੇਂ ਫਿਰਕੇ ਹੋਂਣਦੇ ਕਾਰਣ ਕਿਸੇ ਸ਼ਬਦ ਅਰਥ ਆਦੀ ਵਿਸ਼ੇ ਵਿਚ ਵਿਰੁਧ ਬਾਤ ਹੈ ਤਾਂ ਬੀ ਕੁਰਾਂਨ ਉਤੇ ਸਭ ਇਕ ਮਤ ਹਨ, ਜੋ ਕੁਰਾਂਨ ਅਰਬੀ ਭਾਖਾ ਵਿਚ ਹੈ ਓਸਦਾ ਮੌਲਵੀਆਂ ਨੇ ਉਰਦੂਵਿਚ ਅਨੁਵਾਦ ਕੀਤਾ ਹੈ, ਓਸ ਅਨੁਵਾਦ ਨੂੰ ਦੇਵਨਾਗਰੀ ਅਖਰਾਂ ਅਰ ਆਰਯਾ ਭਾਸ਼ਾ ਵਿਚ ਕਰਾਕੇ ਫੇਰ ਅਰਬੀ ਦੇ ਵਡੇ ਵਡੇ ਵਿਦਵਾਨਾਂ ਕੋਲੋਂ ਸ਼ੁਧ ਕਰਵਾਕੇ ਲਿਖਿਆ ਗਿਆ ਹੈ, ਜੇਕਰ ਕੋਈ ਆਖੇ ਕਿ ਏਹ ਅਰਥ ਠੀਕ ਨਹੀਂ ਹਨ ਤਾਂ ਓਸ ਨੂੰ ਚਾਹੀਦਾ ਹੈ ਕਿ ਮੌਲਵੀ ਸਾਹਿਬਾਂ ਦੇ ਤਰਜਮਿਆਂ ਦਾ ਪਹਿਲੋਂ ਖੰਡਨ ਕਰੇ, ਫੇਰ ਏਸ ਵਿਸ਼ੇ ਉਤੇ ਲਿਖੇ, ਕਿੰਉਕਿ ਏਹ ਲੇਖ ਕੇਵਲ ਮਨੁਖਾਂ ਦੀ ਉਨੱਤੀ ਅਰ ਸਤ ਅਸਤ ਦੇ ਨਿਰਣੇ ਦੇ ਵਾਸਤੇ ਸਭ ਮੱਤਾਂ ਦੇ ਵਿਸ਼ਿਆਂ ਦਾ ਥੋੜਾ੨ ਗਿਆਂਨ ਹੋਵੇ, ਤਾਂ ਕਿ ਮਨੁਖੱਾਂ ਨੂੰ ਇਕ ਦੂਜੇ ਨਾਲ ਵਿਚਾਰ ਕਰਨ ਦਾ ਸਮਾ ਮਿਲੇ, ਅਰ ਇਕ ਦੂਜੇ ਦੇ ਦੋਸ਼ਾਂ ਦਾ ਖੰਡਨ ਕਰਕੇ ਗੁਣਾਂ ਦਾ ਗ੍ਰਹਣ ਕਰਨ, ਨਾ ਕਿਸੇ ਹੋਰ ਮਤ ਉਤੇ ਨਾ ਏਸ ਮਤ ਉੱਤੇ ਝੂਠ ਮੂਠ ਬੁਰਿਆਈ ਵਾ ਭਲਿਆਈ ਲਗਾਂਣ ਦਾ ਮਤਬਲ ਹੈ, ਕਿੰਉਂਕਿ ਜਿਹੜੀ ਭਲਿਆਈ ਹੈ ਉਹੋ ਭਲਿਆਈ, ਅਰ ਜੋ ਬੁਰਿਆਈ ਹੈ ਉਹੋ ਬੁਰਿਆਈ ਸਭ ਨੂੰ ਮਲੂੰਮ ਹੋਵੇ, ਨਾ ਕੋਈ ਕਿਸੇ ਉਤੇ ਝੂਠ ਚਲਾ ਸੱਕੇ, ਅਰ ਨਾ ਸਚ ਨੂੰ ਰੋਕ ਸਕੇ, ਅਰ ਸਚ ਝੂਠ ਵਿਸ਼ੇ ਪ੍ਰਕਾਸ਼ ਕਰਨ ਉੱਤੇ ਬੀ ਜਿਸਦੀ ਇਛਿਆ ਹੋਵੇ ਉਹ ਨਾ ਮਨੇ ਵਾ ਮਨੇ ਕਿਸੇ ਉਤੇ ਜਬਰ ਦਸਤੀ ਨਹੀਂ ਕੀਤੀ ਜਾਂਦੀ, ਅਰ ਇਹੋ ਸੱਜਨਾਂ ਦੀ ਰੀਤੀ ਹੈ ਕਿ ਅਪਣੇ ਵਾ ਪਰਾਏ ਦੋਸ਼ਾਂ ਨੂੰ ਦੋਸ਼, ਅਰ ਗੁਣਾਂ ਨੂੰ ਗੁਣ, ਜਾਂਣਕੇ ਗੁਣਾਂ ਦਾ ਗ੍ਰਹਣ ਅਰ ਦੋਸ਼ਾਂ ਦਾ ਤਿਆਗ ਕਰਨ, ਅਰ ਹਠੀਆਂ ਦਾ ਹਠ, ਦੁਰਾਗ੍ਰਹ ਘਟ ਕਰਨ ਕਰਾਂਨ, ਕਿੰਉਕਿ ਪਖਪਾਤ ਕਰਕੇ ਕੀ੨ ਅਨਰਥ ਜਗਤ ਵਿਚ ਨਹੀਂ ਹੋਏ ਅਰ ਨਹੀ ਹੁੰਦੇ ਹਨ, ਸਚ ਤਾਂ ਏਹ ਹੈ ਕਿ ਏਸ ਅਨਿਸਚਿਤ ਛਿਣ ਭੰਗਰ ਜੀਵਨ ਵਿਚ ਪਰਾਈ ਹਾਨੀ ਕਰਕੇ ਲਾਭ ਥੀਂ ਆਪ ਪਰੇ ਰਹਣਾ ਅਰ ਹੋਰਨਾ ਨੂੰ ਰਖਣਾ

ਮਨੁਖੱ ਪਨ ਥੀਂ ਬਾਹਰ ਹੈ, ਏਸ ਵਿਚ ਜੋ ਕੁਝ ਵਿਰੋਧ ਲਿਖਿਆ ਗਿਆ ਹੋਵੇ ਓਸ ਨੂੰ ਸਜੱਣ ਲੋਕ ਦਸਦੇਂਨਗੇ, ਫੇਰ ਜੋ ਮੁਨਾਸਬ ਹੋਵੇਗਾ ਤਾਂ ਮਨਿਆਂ ਜਾਵੇਗਾ, ਕਿਉਂਕਿ ਏਹਲੇਖ ਹਠ, ਦੁਰਾਗ੍ਰਹ, ਈਰਖਾ, ਦ੍ਵੇਸ਼, ਵਾਦ ਬਿਵਾਦ, ਅਰ ਵਿਰੋਧ ਘਟਾਣ ਦੇ ਵਾਸਤੇ ਕੀਤਾ ਗਿਆ ਹੈ, ਨਾ ਕਿ ਇਨ੍ਹਾਂ ਨੂੰ ਵਧਾਣ ਦੇ ਵਾਸਤੇ, ਕਿਉਂਕਿ ਇਕ ਦੂਜੇ ਦੀ ਹਾਨੀਂ ਕਰਨ ਤੋਂ ਵਖਰਾ ਰਹਕੇ ਇਕ ਦੂਜੇ ਨੂੰ ਲਾਭ ਪੁਚਾਣਾ ਸਾਡਾ ਮੁਖ ਕਰਮ ਹੈ। ਹੁਣ ਏਸ ਚੌਦਵੇਂ ਸਮੁ-ਲੱਾਸ ਵਿਚ ਮੁਸਲਮਾਨਾਂ ਦੇ ਮਤ ਦਾ ਵਿਸ਼ਾ ਸਭ ਸੱਜਣਾ ਦੇ ਸਾਮਣੇ ਨਵੇਦਨ ਕਰਨਾ ਹਾਂ, ਵਿਚਾਰਕੇ ਇਸ਼ਟ ਦਾ ਗ੍ਰਹਣ, ਅਰ ਅਨਿਸ਼ਟ ਦਾ ਤਿਆਗ ਕਰੋ।

अलमतिविस्तरेण बुद्धिमद्वर्य्येषु ॥

इत्यनुभूमिका

——:0:——

# ਚੌਦਵਾਂਸਮੁਲਾਸ

## ਯਵਨਾਂ ਅਰਥਾਤ ਮੁਸਲਮਾਨਾਂ ਦੇ ਮਤ ਦਾ ਵਿਸ਼ਾ

੧–ਅਰੰਭ ਨਾਲ ਨਾਮ ਅਲੱਾਹ ਦੇ, ਖਿਮਾ ਕਰਨ ਵਾਲਾ ਦਿਆਲੂ ॥
ਮੰਜਿਲ ੧ । ਸਿਪਾਰਾ ੧ । ਸੂਰਤ ੧ ॥

( ਸਮੀਖਕ ) ਮੁਸਲਮਾਨ ਲੋਕ ਏਸਤਰਾਂ ਕਹੰਦੇ ਹਨ ਕਿ ਏਹ ਕੁਰਾਂਨ ਖੁਦਾ ਦਾ ਕਹਿਆ ਹੋਇਆ ਹੈ, ਪ੍ਰੰਤੂ ਏਸ ਬਚਨ ਤੋਂ ਮਲੂੰਮ ਹੁੰਦਾ ਹੈ ਕਿ ਏਸਦਾ ਬਣਾਂਨ ਵਾਲਾ ਕੋਈ ਦੂਜਾ ਹੈ, ਕਿਉਂਕਿ ਜੇ ਪਰਮੇਸ਼ੁਰ ਦਾ ਬਣਾਇਆ ਹੁੰਦਾ 'ਤਾਂ ਆਰੰਭ ਨਾਲ ਨਾਮ ਅਲੱਾਹ ਦ' ਅਜਿਹਾ ਨਾ ਕਹੰਦਾ ਕਿੰਤੂ'ਅਰੰਭ ਵਾਸਤੇ ਉਪਦੇਸ਼ ਮਨੁਖਾਂ ਦੇ'ਏਸਤਰਾਂ ਕਹੰਦਾ।ਜੇਕਰ ਮਨੁਖਾਂਨੂੰ ਸਿਖਿਆ ਕਰਦਾਹੈ ਕਿ ਤੁਸੀ ਏਸਤਰਾਂ ਕਹੋ ਤਾਂਬੀ ਠੀਕ ਨਹੀਂ,ਕਿਉਂਕਿ ਏਸ ਥੀਂ ਪਾਪ ਦਾ ਅਰੰਭ ਬੀ ਖੁਦਾ ਦੇ ਨਾਮ ਕਰਕੇ ਹੋਵੇਗਾ,ਓਸਦਾ ਨਾਮ ਬੀ ਦੂਸ਼ਤ ਹੋਜਾਵੇਗਾ। ਜੇ ਉਹ ਖਿਮਾ ਅਰ ਦਇਆ ਕਰਨਹਾਰਾ ਹੈ ਤਾਂ ਓਸ ਨੇ ਅਪਣੀ ਸ੍ਰਿਸ਼ਟੀ ਵਿਚ ਮਨੁਖਾਂ ਦੇ ਸੁਖ ਦੇ ਵਾਸਤੇ ਹੋਰਨਾ ਪ੍ਰਾਣੀਆਂ ਨੂੰ ਮਾਰਕੇ ਅਤਯੰਤ ਪੀੜ ਦਿਵਾਕੇ, ਮਰਵਾਕੇ, ਮਾਸ ਖਾਂਣ ਦੀ ਆਗਿਆ ਕਿਉਂ ਦਿਤੀ ? ਕੀ ਉਹ ਪ੍ਰਾਣੀ ਅਨ ਅਪ੍ਰਾਧੀ ਅਰ ਪਰਮੇਸ਼ੁਰ ਦ ਬਣਾਏ ਹੋਏ ਨਹੀ ਹਨ? ਅਰ ਏਹਬੀ ਕਹਿਣਾ ਸੀ ਕਿ ਪਰਮੇਸ਼ੁਰ ਦੇ ਨਾਮ ਉਤੇ ਚੰਗੀਆਂ ਗਲਾਂ ਦਾ ਅਰੰਭ ਬੁਰੀਆਂ ਬਾਤਾਂ ਦਾ ਨਹੀ, ਏਹ ਕਥਨ ਗੋਲ

ਮਾਲ ਹੈ, ਕੀ ਚੋਰੀ, ਜਾਰੀ, ਮਿਥਿਆ ਭਾਸ਼ਣ ਆਦੀ ਅਧਰਮ ਦਾ ਬੀ ਅਰੰਭ ਪਰਮੇਸ਼੍ਵਰ ਦੇ ਨਾਮ ਉਤੇ ਕੀਤਾ ਜਾਵੇ? ਏਸਤੋਂ ਹੀ ਵੇਖ ਲੌ, ਕਿ ਕ-ਸਾਈ ਆਦੀ ਮੁਸਲਮਾਨ ਗਊ ਆਦੀ ਦੇ ਗਲ ਕਟਣ ਵਿਚ ਬੀ "ਬਿਸਮਿੱ-ਲਾਹ" ਏਸ ਬਚਨ ਨੂੰ ਪੜ੍ਹਦੇ ਹਨ, ਜੇ ਏਹੋ ਏਸਦਾ ਉਪਰ ਕਹਿਆ ਅਰਥ ਹੈ ਤਾਂ ਬੁਰਾਈਆਂ ਦਾ ਅਰੰਭ ਬੀ ਪਰਮੇਸ਼੍ਵਰ ਦੇ ਨਾਮ ਉਪਰ ਮੁਸਲਮਾਨ ਕਰਦੇ ਹਨ, ਅਰ ਮੁਸਲਮਾਨਾਂ ਦਾ "ਖੁਦਾ" ਦਇਆਲੂ ਬੀ ਨਹੀ ਰਹੇ ਗਾ, ਕਿਉਂਕਿ ਓਸਦੀ ਦਇਆ ਉਨ੍ਹਾਂ ਪਸ਼ੂਆਂ ਉਤੇ ਨਾ ਰਹੀ! ਅਰ ਜੋ ਮੁਸਲਮਾਨ ਲੋਗ ਏਸਦਾ ਅਰਥ ਨਹੀ ਜਾਂਣਦੇ ਤਾਂ ਏਸ ਬਚਨਦਾ ਪਰਗਟ ਹੋਣਾ ਹੀ ਬਿਅਰਥ ਹੈ, ਜੇ ਮੁਸਲਮਾਨ ਲੋਗ ਏਸਦਾ ਅਰਥ ਹੋਰ ਕਰਦੇ ਹਨ ਤਾਂ ਉਹ ਸਿਧਾ ਅਰਥ ਕੀ ਹੈ? ॥ ੧ ॥

੨—ਸਭ ਉਸਤਤ ਈਸ਼੍ਵਰ ਦੇ ਵਾਸਤੇ ਹਨ, ਜੋ ਪਾਲਣ ਕਰਨ ਹਾਰਾ ਹੈ ਸਭ ਸੰਸਾਰ ਦਾ ਖਿਮਾ ਕਰਨ ਵਾਲਾ ਦਇਆਲੂ ਹੈ॥ ਮੰ੦ ੧। ਸਿ੦ ੧ ਸੂਰਤੁਲ ਫਾਤਿਹਾ। ਆਯਤ ੧। ੨॥

( ਸਮੀਖਕ ) ਜੇ ਕੁਰਾਂਨ ਦਾ ਖੁਦਾ ਸੰਸਾਰ ਦਾ ਪਾਲਣ ਕਰਨਹਾਰਾ ਹੁੰਦਾ, ਅਰ ਸਭ ਉੱਤੇ ਖਿਮਾ ਅਰ ਦਇਆ ਕਰਨ ਵਾਲਾ ਹੁੰਦਾ ਤਾਂ ਹੋਰਨਾਂ ਮਤ ਵਾਲਿਆਂ ਅਰ ਪਸ਼ੂ ਆਦੀ ਨੂੰ ਬੀ ਮੁਸਲਮਾਨਾਂ ਦੇ ਹਥੋਂ ਮਰਵਾਣ ਦਾ ਹੁਕਮ ਨਾ ਦਿੰਦਾ। ਅਰ ਜੇ ਖਿਮਾ ਕਰਨ ਵਾਲਾ ਹੈ ਤਾਂ ਕੀ ਪਾਪੀਆਂ ਉਤੇ ਬੀ ਖਿਮਾ ਕਰੇਗਾ? ਅਰ ਜੇ ਏਸਤਰਾਂ ਦਾ ਹੈ ਤਾਂ ਅੱਗੇ ਲਿਖਾਂ ਗੇ ਕਿ 'ਕਾਫਰਾਂ ਨੂੰ ਵਢ ਸੁਟੋ' ਅਰਥਾਤ ਜੋ ਕੁਰਾਂਨ ਅਰ ਪੈਗੰਬਰ ਨੂੰ ਨਾ ਮਨੇ ਉਹ ਕਾਫਰ ਹੈ ਏਸਤਰਾਂ ਦੀ ਗਲ ਕਿਉਂ ਕਹਿੰਦਾ? ਏਸ ਲਈ ਕੁਰਾਂਨ ਈਸ਼੍ਵਰਕ੍ਰਿਤ ਨਹੀਂ ਦਿਸਦਾ ॥ ੨ ॥

੩—ਮਾਲਕ ਦਿਨ ਨਿਆਂ ਦਾ॥ ਤੇਰੀ ਹੀ ਅਸੀ ਭਗਤੀ ਕਰਨੇ ਹਾਂ ਅਰ ਤੇਰੇ ਕੋਲੋਂ ਹੀ ਸਹਾਇਤਾ ਚਾਹਨੇ ਹਾਂ। ਦੱਸ ਸਾਨੂੰ ਸਿੱਧਾ ਰਸਤਾ। ਮੰ੦੧। ਸਿ੦ ੧। ਸੂ੦ ੧। ਆ੦ ੩। ੪। ੫॥

( ਸਮੀਖਕ ) ਕੀ, ਖੁਦਾ ਨਿਤ ਨਿਆਂ ਨਹੀਂ ਕਰਦਾ? ਕਿਸੇ ਇਕ ਦਿਨ ਨਿਆਂ ਕਰਦਾ ਹੈ ਏਸਤੋਂ ਹਨੇਰ ਮਲੂੰਮ ਹੁੰਦਾ ਹੈ। ਉਸੇ ਦੀ ਭਗਤੀ ਕ-ਰਨੀ ਅਰ ਉਸੇ ਥੀਂ ਸਹਾਇਤਾ ਚਾਹਣੀ ਤਾਂ ਠੀਕ, ਪ੍ਰੰਤੂ ਕੀ, ਬੁਰੀ ਗਲਦੀ ਬੀ ਸਹਾਇਤਾ ਚਾਹਣੀ? ਅਰ ਸਿੱਧਾ ਰਾਹ ਇਕ ਮੁਸਲਮਾਨਾਂ ਦਾ ਹੀ ਹੈ ਵਾ ਦੂਜਿਆਂ ਦਾ ਬੀ? ਸਿਧੇ ਰਾਹ ਨੂੰ ਮੁਸਲਮਾਨ ਕਿਉ ਨਹੀਂ ਗ੍ਰਹਣ ਕਰਦੇ? ਕੀ, ਸਿਧਾ ਰਾਹ ਬੁਰਿਆਈ ਦੇ ਪਾਸੇ ਦਾ ਤਾਂ ਨਹੀ ਚਾਹੁੰਦੇ? ਜੇਕਰ ਭਲਿਆਈ ਸਭ ਦੀ ਇਕ ਹੈ ਤਾਂ ਫੇਰ ਮੁਸਲਮਾਨਾਂ ਹੀ ਵਿਚ ਵਸ਼ੇਸ਼ ਕੁਝ ਨਾ ਰਹਿਆ, ਅਰ ਜੇ ਦੂਜਿਆਂ ਦੀ ਭਲਿਆਈ ਨਹੀ ਮਨਦੇ ਤਾਂ ਪਖਪਾਤੀ ਹਨ ॥ ੩ ॥

੪—ਉਨ੍ਹਾਂ ਲੋਕਾਂ ਦਾ ਰਸਤਾ ਕਿ ਜਿਨ੍ਹਾਂ ਉਤੇ ਤੈਨੇਂ ਦਇਆ ਕੀਤੀ, ਅਰ ਉਨ੍ਹਾਂਦਾ ਮਾਰਗ ਨਾ ਵਿਖਾ ਕਿ ਜਿਨ੍ਹਾਂ ਦੇ ਉਤੇ, ਤੈਨੇਂ ਗਜਬ ਅਰਥਾਤ ਅਤਯੰਤ ਕ੍ਰੋਧ ਦੀ ਦ੍ਰਿਸ਼ਟੀ ਕੀਤੀ, ਅਰ ਨਾ ਗੁਮਰਾਹਾਂ ਦਾ ਮਾਰਗ ਸਾਨੂੰ ਦਸ। ਮੰ੦੧। ਸਿ੦੧। ਸੂ੦੧। ਆ੦੬।੭॥

( ਸਮੀਖਕ ) ਜਦ ਮੁਸਲਮਾਨ ਲੋਕ ਪੂਰਬ ਜਨਮ ਅਰ ਪੂਰਬ ਕ੍ਰਿਤ ਪਾਪ ਪੁੰਨ ਨਹੀ ਮਨਦੇ ਤਾਂ ਇਕਨਾ ਉਤੇ ਦਇਆ ਕਰਨੇ ਅਰ ਇਕਨਾ ਉਤੇ ਨਾ ਕਰਨ ਨਾਲ ਖੁਦਾ ਪਖਪਾਤੀ ਹੋ ਜਾਵੇਗਾ, ਕਿਉਂਕਿ ਬਿਨਾ ਪਾਪ, ਪੁੰਨ ਸੁਖ, ਦੁਖ ਦੇਣਾ ਨਿਰੀ ਅਨਿਆਂ ਦੀ ਬਾਤ ਹੈ, ਅਰ ਬਿਨਾ ਸਬਬ ਤੋਂ ਕਿਸੇ ਉਤੇ ਦਇਆ ਅਰ ਕਿਸੇ ਉਤੇ ਕ੍ਰੋਧ ਦੀ ਦ੍ਰਿਸ਼ਟੀ ਕਰਨਾ ਬੀ ਸੁਭਾਵ ਤੋਂ ਬਾਹਰ ਹੈ। ਉਹ ਦਇਆ ਅਥਵਾ ਕ੍ਰੋਧ ਨਹੀ ਕਰ ਸਕਦਾ, ਅਰ ਜਦ ਉਨ੍ਹਾਂਦੇ ਪੂਰਬ ਸੰਚਿਤ ਪੁੰਨ,ਪਾਪ ਹੀ ਨਹੀ ਤਾਂ ਕਿਸੇ ਉਤੇ ਦਇਆ ਅਰ ਕਿਸੇ ਉਤੇ ਕ੍ਰੋਧ ਕਰਨਾ ਨਹੀ ਹੋਸਕਦਾ।ਅਰ ਇਸ ਸੂਰਤ ਦੀ ਟਿੱਪਣ ਉਤੇ ਲਿਖਿਆ ਹੈ ਕਿ " ਏਹ ਸੂਰ: ਅਲਾਹ ਸਾਹਿਬ ਨੇ ਮਨੁਖਾਂ ਦੇ ਮੂੰਹ ਥੀਂ ਅਖਵਾਈ ਕਿ ਸਦਾ ਏਸ ਪ੍ਰਕਾਰ ਨਾਲ ਕਿਹਾ ਕਰਨ" ਜੇ ਏਹ ਬਾਤ ਹੈ ਤਾਂ 'ਅਲਫ, ਬੇ' ਆਦੀ ਅਖੱਰ ਬੀ ਖੁਦਾ ਹੀ ਨੇ ਪੜ੍ਹਾਏ ਹੋਂਨਗੇ ? ਜੇ ਕਹੋ ਕਿ ਬਿਨਾ ਅਖਰ ਗਿਆਂਨ ਦੇ ਏਸ ਸੂਰਾ ਨੂੰ ਕਿਸਤਰਾਂ ਪੜ੍ਹ ਸਕੇ, ਕੀ ਸੰਘ ਵਿਚੋਂ ਹੀ ਬੁਲਾਏ ਅਰ ਬੋਲਦੇ ਗਏ ? ਜੇ ਏਸਤਰਾਂ ਹੈ ਤਾਂ ਸਾਰਾ ਕੁਰਾਂਨ ਹੀ ਕੰਠ ਥੀਂ ਪੜ੍ਹਾਇਆ ਹੋਵੇਗਾ, ਏਸ ਥੀਂ ਏਹ ਸਮਝਣਾ ਚਾਹੀਏ ਕਿ ਜਿਸ ਪੁਸਤਕ ਵਿਚ ਪਖਪਾਤ ਦੀ ਬਾਤਾਂ ਪਾਈਆਂ ਜਾਂਨ ਉਹ ਪੁਸਤਕ ਈਸ਼੍ਵਰ ਕ੍ਰਿਤ ਨਹੀਂ ਹੋਸਕਦਾ, ਜਿਸਤਰਾਂ ਕਿ ਅਰਬੀ ਭਾਖਾ ਵਿਚ ਉਤਾਰਣ ਨਾਲ ਅਰਬ ਵਾਲਿਆਂ ਨੂੰ ਏਸ ਦਾ ਪੜ੍ਹਨਾ ਸੌਖਾ, ਹੋਰ ਭਾਖਾ ਬੋਲਣ ਵਾਲਿਆਂ ਨੂੰ ਅਉਖਾ ਹੁੰਦਾ ਹੈ, ਏਸ ਥੀਂ ਖੁਦਾ ਵਿਚ ਪਖਪਾਤ ਆਉਂਦਾ ਹੈ, ਅਰ ਜਿਸਤਰਾਂ ਪਰਮੇਸ਼੍ਵਰ ਨੇ ਸ੍ਰਿਸ਼ਟੀ ਦੇ ਸਭ ਦੇਸ਼ਾਂ ਦੇ ਮਨੁਖੱਾਂ ਉੱਤੇ ਨਿਆਂ ਦ੍ਰਿਸ਼ਟੀ ਨਾਲ ਸਾਰਿਆਂ ਦੇਸ਼ਾਂ ਦੀ ਬੋਲੀਆਂ ਥੀਂ ਨਿਰਾਲੀ ਸੰਸਕ੍ਰਿਤ ਭਾਖਾ ਕਿ ਜੋ ਸਭ ਦੇਸ਼ ਵਾਲਿਆਂ ਦੇ ਵਾਸਤੇ ਬਰਾਬਰ ਮੇਹਨਤ ਕਰਨ ਨਾਲ ਆਉਂਦੀ ਹੈ ਓਸ ਵਿਚ ਵੇਦਾਂ ਦਾ ਪ੍ਰਕਾਸ਼ ਕੀਤਾ ਹੈ,ਏਸਤਰਾਂ ਕਰਦਾਤਾਂਏਹਦੋਸ਼ ਨਾ ਆਉਂਦਾ॥੪।

੫—ਏਹ ਪਸਤਕ ਕਿ ਜਿਸ ਵਿਚ ਸੰਦੇਹ ਨਹੀਂ ਪ੍ਰਹੇਜਗਾਰਾਂ ਨੂੰ ਰਾਹ ਵਿਖਾਂਦੀ ਹੈ। ਜੋ ਕਿ ਈਮਾਂਨ ਲਿਆਉਂਦੇ ਹਨ ਨਾਲ ਪੋਖ ਦੇ, ਨਿਮਾਜ ਪੜ੍ਹਦੇ ਅਰ ਓਸ ਬਸਤੂ ਥੀਂ ਜੋ ਅਸਾਂ ਨੇ ਦਿਤੀ ਖਰਚ ਕਰਦੇ ਹਨ। ਅਰ ਉਹ ਲੋਗ ਜੋ ਓਸ ਕਿਤਾਬ ਉੱਤੇ ਇਮਾਨ ਲਿਆਉਂਦੇ ਹਨ, ਜੋ ਰਖਦੇ ਹਨ ਤੇਰੀ ਵਲ ਵਾ ਤੇਰੇ ਤੋਂ ਪਹਿਲੋਂ ਉਤਾਰੀ ਗਈ ਅਰ ਵਿਸ਼੍ਵਾਸ ਕੀਆਮਤ ਉੱ ਰਖਦੇ ਹਨ, ਏਹ ਲੋਕ ਅਪਣੇ ਮਾਲਕ ਦੀ ਸਿਖਿਆ ਉਤੇ ਹਨ ਅਰ

ਏਹ ਹੀ ਛੁਟਕਾਰਾ ਪਾਣ ਵਾਲੇ ਹਨ। ਨਿਸਚੇ ਜੋ ਕਾਫਰ ਹੋਏ ਅਰ ਉਨ੍ਹਾਂ ਉੱਤੇ ਤੇਰਾ ਡਰਾਣਾ ਨਾ ਡਰਾਣਾ ਬਰਾਬਰ ਹੈ, ਉਹ ਈਮਾਨ ਨਾ ਲਿਆਉਂਨਗੇ। ਅਲਾਹ ਨੇ ਉਨ੍ਹਾਂ ਦੇ ਦਿਲਾਂ, ਕਨਾਂ ਉੱਤੇ ਮੋਹਰ ਕਰ ਦਿਤੀ, ਅਰ ਉਨ੍ਹਾਂ ਦੀਆਂ ਅੱਖਾਂ ਉਤੇ ਪਰਦਾ ਹੈ, ਅਰ ਉਨ੍ਹਾਂ ਦੇ ਵਾਸਤੇ ਵਡਾ ਦੁਖ ਹੈ॥ ਮੰ० ੧। ਸਿ० ੧੦। ਸੂਰਃ ੨। ਆ० ੧। ੨। ੩। ੪। ੫। ੬॥

(ਸਮੀਖਕ) ਕੀ ਅਪਣੇ ਹੀ ਮੂੰਹ ਥੀਂ ਅਪਨੀ ਕਿਤਾਬ ਦੀ ਵਡਿਆਈ ਕਰਨੀ ਖੁਦਾ ਦੀ ਦੰਭ ਦੀ ਬਾਤ ਨਹੀਂ? ਜੋ ਧਰਮਾਤਮਾਂ ਲੋਗ ਹਨ ਉਹ ਤਾਂ ਅਪਣੇ ਆਪ ਹੀ ਸੱਚੇ ਮਾਰਗ ਵਿਚ ਹਨ, ਅਰ ਜੋ ਝੂਠੇ ਮਾਰਗ ਉੱਤੇ ਹਨ ਉਨ੍ਹਾਂ ਨੂੰ ਏਹ ਕੁਰਾਨ ਮਾਰਗ ਹੀ ਨਹੀਂ ਵਿਖਾ ਸਕਦਾ, ਫੇਰ ਕਿਸ ਕੰਮ ਦਾ ਰਹਿਆ? ਕੀ ਪਾਪ, ਪੁੰਨ ਅਰ ਪੁਰਸ਼ਾਰਥ ਦੇ ਬਿਨਾ ਖੁਦਾ ਅਪਣੇ ਹੀ ਖਜਾਨੇ ਥੀਂ ਖਰਚ ਕਰਨ ਨੂੰ ਦਿੰਦਾ ਹੈ? ਜੋ ਦਿੰਦਾ ਹੈ ਤਾਂ ਸਭ ਨੂੰ ਕਿਉਂ ਨਹੀਂ ਦਿੰਦਾ? ਅਰ ਮੁਸਲਮਾਨ ਲੋਕ ਮੇਹਨਤ ਕਿੰਉ ਕਰਦੇ ਹਨ, ਅਰ ਜੋ ਬਾਇ-ਬਲ,ਅੰਜੀਲ ਆਦੀ ਉਤੇ ਵਿਸ਼੍ਵਾਸ ਕਰਨਾ ਜੋਗ ਹੈ ਤਾਂ ਮੁਸਲਮਾਨ ਅੰਜੀਲ ਆਦੀ ਉਤੇ ਈਮਾਨ ਜਿਹੋ ਜਿਹਾ ਕੁਰਾਨ ਉੱਤੇ ਹੈ ਉਹੋ ਜਿਹਾ ਕਿੰਉ ਨਹੀਂ ਲਿਆਉਂਦੇ? ਅਰ ਜੋ ਲਿਆਉਂਦੇ ਹਨ ਤਾਂ *ਕੁਰਾਨ ਦਾ ਹੋਣਾ ਕਿਸਵਾਸਤੇ ਹੈ? ਜੇ ਕਹਨ ਕਿ ਕੁਰਾਂਨ ਵਿਚ ਵਧੀਕ ਬਾਤਾਂ ਹਨ ਤਾਂ ਪਹਿਲੀ ਕਿਤਾਬ ਵਿਚ ਲਿਖਣਾ ਖੁਦਾ ਭੁਲ ਗਿਆ ਹੋਵੇਗਾ! ਅਰ ਜੋ ਨਹੀਂ ਭੁਲਿਆ ਤਾਂ ਕੁਰਾਨ ਦਾ ਬਣਾਣਾ ਨਿਸ਼ਫਲ ਹੈ। ਅਰ ਅਸੀਂ ਵੇਖਦੇ ਹਾਂ ਤਾਂ ਬਾਇਬਲ ਅਰ ਕੁਰਾਂਨ ਦੀ ਬਾਤਾਂ ਕੋਈ੨ ਨਾ ਮਿਲਦੀਆਂ ਹੋਂਨਗੀਆਂ ਨਹੀਂ ਤਾਂ ਸਾਰੀਆਂ ਮਿਲਦੀਆਂ ਹਨ,ਇਕ ਹੀ ਪੁਸਤਕ ਜਿਹਾ ਕਿ ਵੇਦ ਹੈ ਕਿੰਉ ਨਾ ਬਣਾਇਆ?ਕੀ ਕੀਆ-ਮਤ ਉਤੇ ਹੀ ਵਿਸ਼੍ਵਾਸ ਰਖਣਾ ਚਾਹੀਏ ਹੋਰ ਉਤੇ ਨਹੀਂ? ॥੩॥ ਕੀ,ਈਸਾਈ ਅਰ ਮੁਸਲਮਾਨ ਹੀ ਖੁਦਾ ਦੀ ਸਿਖਿਆ ਉੱਤੇ ਹਨ? ਉਨ੍ਹਾਂ ਵਿਚ ਕੋਈ ਬੀ ਪਾਪੀ ਨਹੀਂ ਹੈ? ਕੀ, ਜੋ ਈਸਾਈ ਅਰ ਮੁਸਲਮਾਨ ਅਧਰਮੀ ਹਨ ਉਹਬੀ ਛੁਟਕਾਰਾ ਪਾਂਨਗੇ? ਅਰ ਦੂਜੇ ਧਰਮਾਤਮਾ ਬੀ ਨਾ ਪਾਨ ਤਾਂ ਵਡੇ ਅਨਿਆਂ ਅਰ ਹਨੇਰ ਦੀ ਬਾਤ ਨਹੀ ਹੈ? ॥ ੪ ॥ ਅਰ ਕੀ,ਜੋ ਲੋਕ ਮੁਸਲਮਾਨੀ ਮਤ ਨੂੰ ਨਾ ਮਨਨ ਉਨ੍ਹਾਂਨੂੰ ਹੀ ਕਾਫਰ ਕਹਣਾ ਏਹ ਇਕਤਰਫੀ ਡਿਗਰੀ ਨਹੀ ਹੈ ॥ਜੇ ਪਰਮੇਸ਼੍ਵਰਹੀ ਨੇ ਉਨ੍ਹਾਂ ਦੇ ਅੰਤਹਿਕਰਨ ਅਰ ਕੰਨਾਂ ਉਤੇ ਮੋਹਰ ਲਗਾਈ ਅਰ ਉਸੇਕਰਕੇ ਉਹ ਪਾਪ ਕਰਦੇ ਹਨ ਤਾਂ ਉਨ੍ਹਾਂਦਾ ਕੁਝਬੀ ਦੋਸ਼ ਨਹੀਂ,ਏਹ ਦੋਸ਼ ਖੁਦਾ ਦਾ ਹੀ ਹੈ, ਫੇਰ ਉਨ੍ਹਾਂ ਉਤੇ ਸੁਖ, ਦੁਖ ਵਾ ਪਾਪ, ਪੁੰਨ ਨਹੀ ਹੋ

---

*ਅਸਲ ਵਿਚ ਏਹ ਸ਼ਬਦ 'ਕੁਰਆਨ'ਹੈ, ਪ੍ਰੰਤੂ ਭਾਖਾ ਵਿਚ ਲੋਕਾਂ ਦੇ ਬੋਲਣ ਵਿਚ ਕੁਰਾਨ ਆਉਂਦਾ ਹੈ ਏਸ ਲਈ ਅਜਿਹਾ ਹੀ ਲਿਖਿਆ ਹੈ।

ਸਕਦਾ, ਫੇਰ ਉਨ੍ਹਾਂਨੂੰ ਦੁਖ ਕਿਉਂ ਦਿੰਦਾ ਹੈ? ਕਿਉਂਕਿ ਉਨ੍ਹਾਂਨੇ ਪਾਪ ਵਾ ਪੁੰਨ ਆਪਣੇ ਆਪ ਕਰਕੇ ਨਹੀ ਕੀਤਾ ॥ ੬ ॥ ੫ ॥

੬—ਉਨ੍ਹਾਂਦੇ ਦਿਲਾਂਵਿਚ ਰੋਗ ਹੈ, ਅਲਾਹ ਨੇ ਉਨ੍ਹਾਂਦਾ ਰੋਗ ਵਧਾ ਦਿਤਾ। ਮੰ੦ ੧। ਸਿ੦ ੧। ਸੂ੦ ੨। ਆ੦ ੯ ॥

( ਸਮੀਖਕ ) ਭਲਾ ਬਗੈਰ ਅਪ੍ਰਾਧ ਦੇ ਖੁਦਾ ਨੇ ਉਨ੍ਹਾਂਦਾ ਰੋਗ ਵਧਾ ਦਿਤਾ, ਦਇਆ ਨਾ ਆਈ, ਉਨ੍ਹਾਂ ਵਿਚਾਰਿਆਂ ਨੂੰ ਬੜਾ ਦੁਖ ਹੋਇਆ ਹੋਵੇਗਾ! ਕੀ ਏਹ ਸ਼ੈਤਾਨ ਥੀਂ ਵਧਕੇ ਸ਼ੈਤਾਨ ਪਨ ਦਾ ਕੰਮ ਨਹੀ ਹੈ? ਕਿਸੇ ਦੇ ਮਨ ਉਤੇ ਮੋਹਰ ਲਗਾਣੀ, ਕਿਸੇਦਾ ਰੋਗ ਵਧਾਣਾ ਏਹ ਖੁਦਾ ਦਾ ਕੰਮ ਨਹੀ ਹੋ ਸਕਦਾ; ਕਿਉਂਕਿ ਰੋਗਦਾ ਵਧਣਾ ਅਪਣੇ ਪਾਪਾਂ ਕਰਕੇ ਹੈ ॥ ੬ ॥

੭—ਜਿਸਨੇ ਤੁਹਾਡੇ ਵਾਸਤੇ ਜ਼ਮੀਂਨ ਵਛੌਣਾ ਅਰ ਅਸਮਾਨ ਦੀ ਛਤ ਨੂੰ ਬਣਾਇਆ। ਮੰ੦ ੧। ਸਿ੦ ੧। ਸੂ੦ ੨। ਆ੦। ੨੧ ॥

( ਸਮੀਖਕ ) ਭਲਾ ਅਸਮਾਨ ਛਤ ਕਿਸਦੀ ਹੋਸਕਦੀ ਹੈ ? ਏਹ ਅਵਿਦਿਆ ਦੀ ਬਾਤ ਹੈ, ਅਕਾਸ਼ ਨੂੰ ਛਤ ਵਰਗਾ ਮਨਣਾ ਹਾਸੇ ਦੀ ਬਾਤ ਹੈ, ਜੇਕਰ ਕਿਸੇ ਪ੍ਰਕਾਰ ਦੀ ਪ੍ਰਿਥਵੀ ਨੂੰ ਅਸਮਾਨ ਮਨਦੇ ਹੋਨ ਤਾਂ ਉਨ੍ਹਾਂ ਦੇ ਘਰ ਦੀ ਬਾਤ ਹੈ ॥ ੭ ॥

੮—ਜੇ ਤੁਸੀ ਓਸ ਬਸਤੂ ਥੀਂ ਸੰਦੇਹ ਵਿਚ ਹੋ ਜੋ ਅਸਾਂ ਨੇ ਅਪਣੇ ਪੈਕੰਬਰ ਦੇ ਉੱਤੇ ਉਤਾਰੀ ਤਾਂ ਉਹੋ ਜਿਹੀ ਇਕ ਸੂਰਤ ਲੈ ਆਓ ਅਰ ਸਾਖੀਆਂ ਅਪਣਿਆਂ ਨੂੰ ਪੁਕਾਰੋ, ਅਲੱਹ ਦੇ ਬਿਨਾ ਤੁਸੀ ਸਚੇ ਹੋ ਜੋ ਤੁਸੀ ॥ ਅਰ ਕਦੀ ਨਾ ਕਰੋਗੇ ਤਾਂ ਓਸ ਅਗੱ ਥੀਂ ਡਰੋ ਕਿ ਜਿਸਦਾ ਬਾਲਣ ਮਨੁੱਖ ਹੈ, ਅਰ ਕਾਫਰਾਂ ਦੇ ਵਾਸਤੇ ਪਥੱਰ ਤਿਆਰ ਕੀਤੇ ਗਏ ਹਨ ॥ ਮੰ੦ ੧। ਸਿ੦ ੧। ਸੂ੦ ੨। ਆ੦ ੨੨। ੨੩ ॥

( ਸਮੀਖਕ ) ਭਲਾ ਏਹ ਕੋਈ ਬਾਤ ਹੈ ਕਿ ਓਸ ਵਰਗੀ ਕੋਈ ਸੂਰਤ ਨਾ ਬਣੇ। ਕੀ ਅਕਬਰ ਬਾਦਸ਼ਾਹ ਦੇ ਸਮੇਂ ਵਿਚ ਮੌਲਬੀ ਫੈਜੀ ਨੇ ਬਿਨਾਂ ਨੁਕਤੇ ਦੇ ਕੁਰਾਂਨ ਨਹੀਂ ਬਣਾ ਲੀਤਾ ਸੀ। ਉਹ ਕਿਹੜੀ ਦੋਜਖ ਦੀ ਅਗੱ ਹੈ ? ਕੀ ਏਸ ਅਗੱ ਥੀਂ ਨਾ ਡਰਨਾ ਚਾਹੀਏ? ਏਸਦਾ ਬੀ ਇੰਧਨ ਜੋ ਕੁਝ ਪਵੇ ਸਭ ਹੈ। ਜੀਕਣ ਕੁਰਾਂਨ ਵਿਚ ਲਿਖਿਆ ਹੈ ਕਿ ਕਾਫਰਾਂ ਦੇ ਵਾਸਤੇ ਪਥੱਰ ਤਿਆਰ ਕੀਤੇ ਗਏ ਹਨ, ਤਾਂ ਊਕਣ ਪੁਰਾਣਾਂ ਵਿਚ ਲਿਖਿਆ ਹੈ ਕਿ ਮਲੇਛਾਂ ਦੇ ਲਈ ਘੋਰ ਨਰਕ ਬਣਿਆ ਹੈ! ਹੁਣ ਕਹੋ ਕਿਸਦੀ ਬਾਤ ਸਚ ਮਨੀ ਜਾਵੇ, ਅਪਣੇਰ ਬਚਨ ਥੀਂ ਦੋਨੋ ਸੁਰਗ ਗਾਮੀ ਅਰ ਦੂਜੇ ਦੇ ਮਤ ਥੀ ਦੋਨੋ ਨਰਕ ਗਾਮੀ ਹੁੰਦੇ ਹਨ, ਏਸ ਲਈ ਇਨ੍ਹਾਂ ਸਭਣਾ ਦਾ ਝਗੜਾ ਝੂਠਾ ਹੈ, ਕਿੰਤੂ ਜੋ ਧਰਮ ਉਤੇ ਚਲੱਣ ਵਾਲੇ ਹਨ ਉਹ ਸੁਖ ਅਰ ਜੋ ਪਾਪੀ ਹਨ ਉਹ ਸਭ ਮੱਤਾਂ ਵਿਚ ਦੁਖ ਪਾਂਨਗੇ ॥ ੮ ॥

੯—ਅਰ "ਅਨੰਦ" ਦਾ ਸਨੇਹਾ ਦੇਹ ਕਿ ਉਨ੍ਹਾਂ ਲੋਕਾਂ ਨੂੰ ਕਿ ਇਮਾਨ ਲਿਆਏ ਅਰ ਕੰਮ ਕੀਤੇ ਚੰਗੇ, ਏਹ ਕਿ ਉਨ੍ਹਾਂ ਵਾਸਤੇ ਬਿਹਿਸ਼ਤ ਹਨ ਜਿਨ੍ਹਾਂ ਦੇ ਹੇਠਾਂ ਵਗਦੀਆਂ ਹਨ ਨੈਹਰਾਂ, ਜਦ ਓਸ ਵਿਚੋਂ ਮੇਵਿਆਂ ਦੇ ਭੋਜਨ ਦਿੱਤੇ ਜਾਂਨਗੇ ਤਦ ਕਹਨਗੇ ਕਿ ਉਹ ਵਸਤੂਆਂ ਹਨ ਜੋ ਅਸੀਂ ਪਹਿਲੇ ਏਸਥੀਂ ਦਿਤੇ ਗਏ ਸਾਂ, ਅਰ ਉਨ੍ਹਾਂ ਦੇ ਵਾਸਤੇ ਪਵਿਤ੍ਰ ਬੀਬੀਆਂ ਸਦਾ ਉਥੇ ਰਹਣ ਵਾਲੀਆਂ ਹਨ ਮੰ० । ੧ ਸਿ० ੧ । ਸੂ० ੨ ਆ० । ੨੪ ॥

( ਸਮੀਖਕ ) ਭਲਾ ਏਹ ਕੁਰਾਨ ਦਾ ਬਹਿਸ਼ਤ ( ਸ੍ਵਰਗ ) ਸੰਸਾਰ ਤੋਂ ਕਿਹੜੀ ਗਲ ਵਿਚ ਉੱਤਮ ਹੈ? ਕਿਉਂਕਿ ਜਿਹੜੇ ਪਦਾਰਥ ਸੰਸਾਰ ਵਿਚ ਹਨ ਉਹੋ ਹੀ ਮੁਸਲਮਾਨਾਂ ਦੇ ਸ੍ਵਰਗ ਵਿਚ ਹਨ! ਅਰ ਇੰਨੀ ਗਲ ਵਧੀਕ ਹੈ ਕਿ ਇਥੇ ਜਿਸਤਰਾਂ ਪੁਰਖ ਜੰਮਦੇ, ਮਰਦੇ, ਅਰ ਆਉਂਦੇ, ਜਾਂਦੇ ਹਨ ਉਕਣ ਸ੍ਵਰਗ ਵਿਚ ਨਹੀਂ, ਕਿੰਤੂ ਏਥੋਂ ਦੀਆਂ ਇਸਤ੍ਰੀਆਂ ਸਦਾ ਨਹੀਂ ਰਹਿੰਦੀਆਂ ਅਰ ਓਥੇ ਬੀਬੀਆਂ ਅਰਥਾਤ ਉੱਤਮ ਇਸਤ੍ਰੀਆਂ ਸਦਾ ਰਹਿੰਦੀਆਂ ਹਨ। ਤਾਂ ਜਦ ਤਿਕ ਕੀਆਮਤ ਦੀ ਰਾਤ ਨਾ ਆਵੇਗੀ ਤਦਤਿਕ ਉਨ੍ਹਾਂ ਵਿਚਾਰੀਆਂ ਦੇ ਦਿਨ ਕੀਕਣ ਕਟਦੇ ਹੋਨਗੇ? ਹਾਂ ਜੇ ਖੁਦਾ ਦੀ ਉਨ੍ਹਾਂਤੇ ਕ੍ਰਿਪਾ ਹੁੰਦੀ ਹੋਵੇਗੀ ਅਰ ਖੁਦਾਦੇ ਹੀ ਆਸ਼੍ਰੇ ਸਮਾ ਕਟਦੀਆਂ ਹੋਨਗੀਆਂ ਤਾਂ ਠੀਕ ਹੈ, ਕਿਉਂਕਿ ਏਹ ਮੁਸਲਮਾਨਾਂ ਦਾ ਸ੍ਵਰਗ ਗੋਕਲੀਏ ਗੋਸਾਈਆਂ ਦੇ ਗੋਲੋਕ ਅਰ ਮੰਦਰ ਦੀ ਨਿਆਈਂ ਦਿਸਦਾ ਹੈ, ਕਿਉਂਕਿ ਓਥੇ ਇਸਤ੍ਰੀਆਂ ਦਾ ਮਾਨ ਬਹੁਤ ਪੁਰਸ਼ਾਂਦਾ ਨਹੀ, ਉਕਣ ਹੀ ਖੁਦਾ ਦੇ ਘਰਵਿਚ ਇਸਤ੍ਰੀਆਂ ਦਾ ਮਾਨ ਵਧੀਕ ਅਰ ਉਨ੍ਹਾਂ ਉਤੇ ਖੁਦਾਦਾ ਪ੍ਰੇਮ ਬੀ ਬਹੁਤ ਹੈ, ਉਨ੍ਹਾਂ ਪੁਰਖਾਂ ਉਤੇ ਨਹੀ, ਕਿਉਂਕਿ ਬੀਬੀਆਂਨੂੰ ਖੁਦਾਨੇ ਸ੍ਵਰਗ ਵਿਚ ਸਦਾ ਰਖਿਆ ਅਰ ਪੁਰਖਾਂਨੂੰ ਨਹੀ, ਉਹ ਬੀਬੀਆਂ ਬਗੈਰ ਖੁਦਾਦੀ ਮਰਜੀ ਸ੍ਵਰਗ ਵਿਚ ਕੀਕਣ ਠੈਹਰ ਸਕਦੀਆਂ? ਜੇ ਏਹ ਬਾਤ ਈਕਣ ਹੀ ਹੋਵੇ ਤਾਂ ਖੁਦਾ ਇਸਤ੍ਰੀਆਂ ਵਿਚ ਫਸ ਜਾਵੇ ॥ ੯ ॥

੧੦—ਆਦਮ ਨੂੰ ਸਾਰੇ ਨਾਮ ਸਿਖਾਏ, ਫੇਰ ਫਿਰਿਸ਼ਤਿਆਂ ਦੇ ਸਾਮ੍ਹਣੇ ਕਰਕੇ ਕਹਿਆ ਜੇ ਤੁਸੀ ਸਚੇ ਹੋ ਮੈਨੂੰ ਉਨ੍ਹਾਂ ਦੇ ਨਾਮ ਦਸੋ ॥ ਕਹਿਆ ਹੇ ਆਦਮ ਉਨਾਂ ਨੂੰ ਉਨ੍ਹਾਂਦੇ ਨਾਮ ਦਸ ਦੇਹ, ਤਦ ਓਸਨੇ ਦਸ ਦਿਤੇ ( ਤਦ ਖੁਦਾ ਨੇ ਫਿਰਿਸ਼ਤਿਆਂ ਨੂੰ )ਕਹਿਆ ਕੀ ਮੈਨੈਂ ਤੁਹਾਨੂੰ ਨਹੀ ਕਹਿਆ ਸੀ ਕਿ ਨਿਸਚੇ ਮੈਂ ਪ੍ਰਿਥਵੀ ਅਰ ਅਸਮਾਂਨ ਦੀ ਛਪੀਆਂ ਹੋਈਆਂ ਵਸਤੂਆਂ ਨੂੰ ਅਰ ਪ੍ਰਗਟ ਛਪੇ ਕਰਮਾਂ ਨੂੰ ਜਾਣਨਾ ਹਾਂ । ਮੰ० ੧ । ਸਿ० ੧ । ਸੂ० ੨ । ਆ० ੨੯ । ੩੧ ।

( ਸਮੀਖਕ ) ਭਲਾ ਈਕਣ ਫਿਰਿਸ਼ਤਿਆਂ ਨੂੰ ਧੋਖਾ ਦੇਕੇ ਅਪਣੀ ਵਡਿਆਈ ਕਰਨਾ ਖੁਦਾ ਦਾ ਕੰਮ ਹੋ ਸਕਦਾ ਹੈ? ਏਹ ਤਾਂ ਇਕ ਦੰਭ ਦੀ ਬਾਤ ਹੈ, ਏਸ ਨੂੰ ਕੋਈ ਵਿਦਵਾਂਨ ਨਹੀਂ ਮਨ ਸਕਦਾ, ਅਰ ਨਾ ਈਕਣ

ਅਭਿਮਾਨ ਕਰਦਾ। ਕੀ ਇਸ ਤਰਾਂਦੀਆਂ ਬਾਤਾਂ ਨਾਲ ਹੀ ਖੁਦਾ ਆਪਣੀ ਸਿਧੱਤਾਈ ਜਮਾਣਾ ਚਾਹਿੰਦਾ ਹੈ ? ਹਾਂ ਜੰਗਲੀ ਮਨੁਖਾਂ ਵਿਚ ਕੋਈ ਕਿਹਾ ਹੀ ਪਖੰਡ ਚਲਾ ਲਵੇ ਚਲ ਸਕਦਾ ਹੈ ਸਭ ਲੋਕਾਂ ਵਿਚ ਨਹੀਂ ॥ ੧੦ ॥

੧੧–ਜਦ ਅਸਾਂ ਨੇ ਫਿਰਿਸ਼ਤਿਆਂ ਨੂੰ ਕਹਿਆ ਕਿ ਬਾਬਾ ਆਦਮ ਨੂੰ ਡੰਡੌਤ ਕਰੋ, ਵੇਖੋ ਸਭਨਾ ਨੇ ਡੰਡੌਤ ਕੀਤਾ, ਪ੍ਰੰਤੂ ਸ਼ੈਤਾਂਨ ਨੇ ਨਾ ਮਨਿਆਂ ਅਰ ਅਭਿਮਾਨ ਕੀਤਾ ਕਿਉਂਕਿ ਉਹ ਬੀ ਇਕ ਕਾਫਰ ਸੀ। ਮੰ० ੧। ਸਿ०੧ ਸੂ० ੨। ਆ० ੩੨ ॥

(ਸਮੀਖਕ) ਇਸ ਬੀ ਖੁਦਾ ਸਰਬਗੌਂ ਨਹੀਂ ਅਰਥਾਤ ਭੂਤ, ਭਵਿਸ਼ਤ, ਵਰਤਮਾਨ ਦੀਆਂ ਪੂਰੀਆਂ ਬਾਤਾਂ ਨਹੀਂ ਜਾਂਣਦਾ, ਜੇ ਜਾਂਣਦਾ ਹੋਵੇ ਤਾਂ ਸ਼ੈਤਾਂਨ ਨੂੰ ਪੈਦਾ ਹੀ ਕਿਉਂ ਕੀਤਾ, ਅਰ ਖੁਦਾ ਵਿਚ ਕੁਝ ਤੇਜ ਬੀ ਨਹੀਂ ਹੈ, ਕਿਉਂਕਿ ਸ਼ੈਤਾਂਨ ਨੇ ਖੁਦਾ ਦਾ ਹੁਕਮ ਹੀ ਨਾ ਮਨਿਆਂ, ਅਰ ਖੁਦਾ ਓਸਦਾ ਕੁਝ ਬੀ ਨਾ ਕਰ ਸਕਿਆ। ਅਰ ਵੇਖੋ ਇਕ ਸ਼ੈਤਾਂਨ ਕਾਫਰ ਨੇ ਖੁਦਾ ਦਾ ਬੀ ਛਕੱਾ ਛੁਡਾ ਦਿਤੱਾ ਤਾਂ ਮੁਸਲਮਾਨਾਂ ਦੇ ਕਥਨ ਅਨੁਸਾਰ ਹੋਰ ਜਿਥੇ ਕ੍ਰੋੜਾਂ ਕਾਫਰ ਹਨ ਉਥੇ ਮੁਸਲਮਾਨਾਂ ਦੇ ਖੁਦਾ ਅਰ ਮੁਸਲਮਾਨਾਂ ਦੀ ਕੀ ਚਲ ਸਕਦੀ ਹੈ ? ਕਦੀ ਕਦੀ ਖੁਦਾ ਬੀ ਕਿਸੇ ਦਾ ਰੋਗ ਵਧਾਂਦਾ ਕਿਸੇ ਨੂੰ ਗੁਮਰਾਹ ਕਰ ਦਿੰਦਾ ਹੈ, ਖੁਦਾ ਨੇ ਏਹ ਬਾਤਾਂ ਸ਼ੈਤਾਂਨ ਕੋਲੋਂ ਸਿਖੀਆਂ ਹੋਨਗੀਆਂ, ਅਰ ਸ਼ੈਤਾਂਨ ਨੇ ਖੁਦਾ ਥੀਂ, ਕਿਉਂਕਿ ਬਗੇਰ ਖੁਦਾ ਦੇ ਸ਼ੈਤਾਂਨ ਦਾ ਉਸਤਾਦ ਹੋਰ ਕੋਈ ਨਹੀਂ ਹੋਸਕਦਾ ॥ ੧੧ ॥

੧੨–ਅਸਾਂ ਨੇ ਕਹਿਆ ਕਿ ਹੇ ਆਦਮ ਤੂੰ ਅਰ ਤੇਰੀ ਜੋਰੂ ਸ੍ਵਰਗ ਵਿਚ ਰਹਕੇ ਅਨੰਦ ਵਿਚ ਜਿਥੇ ਚਾਹੋ ਖਾਓ, ਪ੍ਰੰਤੂ ਮਤ ਨਜੀਕ ਜਾਓ ਓਸ ਦ੍ਰਖਤ ਦੇ ਕਿ ਪਾਪੀ ਹੋ ਜਾਓਗੇ। ਸ਼ੈਤਾਨ ਨੇ ਉਨ੍ਹਾਂ ਨੂੰ ਡਿਗਾਇਆ ਕਿ ਉਨ੍ਹਾਂ ਨੇ ਸ੍ਵਰਗ ਦਾ ਅਨੰਦ ਖੋ ਦਿੱਤਾ, ਤਦ ਅਸਾਂ ਨੇ ਕਹਿਆ ਕਿ ਉਤਾਰੋ ਤੁਹਾਡੇ ਵਿਚ ਕੋਈ ਇਕ ਦੂਜੇ ਦੇ ਸ਼ਤ੍ਰੂ ਹਨ, ਤੁਹਾਡਾ ਠਿਕਾਣਾ ਪ੍ਰਿਥਵੀ ਹੈ,ਅਰ ਇਕ ਸਮੇ ਤਿਕ ਲਾਭ ਹੈ, ਆਦਮ ਅਪਣੇ ਮਾਲਕ ਦੀ ਕੁਝ ਬਾਤਾਂਸਿਖਕੇ ਪ੍ਰਿਥਵੀ ਉਤੇ ਆਗਿਆ। ਮੰ। ੧। ਸਿ० ੧। ਸੂ० ੨। ਆ० ੩੩। ੩੪। ੩੫ ॥

(ਸਮੀਖਕ) ਹੁਣ ਵੇਖੋ ਖੁਦਾ ਦੀ ਅਲਪੱਗਤਾ, ਹੁਣੇ ਤਾਂ ਸ੍ਵਰਗ ਵਿਚ ਰਹਣ ਦਾ ਅਸ਼ੀਰਬਾਦ ਦਿੱਤਾ ਅਰ ਫਿਰ ਥੋੜੀ ਦੇਰ ਵਿਚ ਕਿਹਾ ਕਿ ਬਾਹਿਰ ਨਿਕਲੋ, ਜੇ ਅੱਗੇ ਦੀਆਂ ਬਾਤਾਂ ਨੂੰ ਜਾਂਣਦਾ ਹੁੰਦਾ ਤਾਂ ਵਰ ਹੀ ਕਿੰਉ ਦਿੰਦਾ,?ਅਰ ਬਹਕਾਣ ਵਾਲੇ ਸ਼ੈਤਾਂਨ ਨੂੰ ਡੰਡ ਨਾ ਦੇਣ ਥੀਂ ਅਸਮਰਥ ਬੀ ਨਜਰ ਆਉਂਦਾ ਹੈ,ਅਰ ਉਹ ਦ੍ਰਖਤ ਕਿਸਦੇ ਵਾਸਤੇ ਉਤਪੰਨ ਕੀਤਾ ਸੀ? ਕੀ, ਅਪਣੇ ਲਈ ਵਾ ਦੂਸਰੇ ਵਾਸਤੇ, ਜੇ ਦੂਜੇ ਦੇ ਲਈ ਤਾਂ ਕਿੰਉ ਰੋਕਿਆ? ਇਸਲਈ ਏਹ ਬਾਤਾਂ ਨਾ ਖੁਦਾਦੀ ਅਰ ਨਾ ਓਸਦੇ ਬਣਾਏ ਪੁਸਤਕ ਵਿਚ ਹੋ

ਸਕਦੀਆਂ ਹਨ, ਆਦਮ ਸਾਹਿਬ ਖੁਦਾ ਕੋਲੋਂ ਕਿਨੀਆਂ ਗੱਲਾਂ ਸਿਖ ਆਏ? ਅਰ ਜਦ ਪ੍ਰਿਥਵੀ ਉੱਤੇ ਆਦਮ ਸਾਹਿਬ ਆਏ ਤਦ ਕਿਸਤਰਾਂ ਆਏ? ਕੀ ਉਹ ਸੁਰਗ ਪਹਾੜ ਉਤੇ ਹੈ ਜਾਂ ਅਕਾਸ਼ ਉਤੇ? ਓਸ ਤੋਂ ਕੀਕਣ ਉਤਰ ਆਏ? ਅਥਵਾ ਪੰਛੀ ਦੇ ਤੁਲ ਆਏ? ਅਥਵਾ ਜੀਕਣ ਉਪਰੋਂ ਪਥੱਰ ਡਿਗ ਪਵੇ? ਏਸ ਵਿਚ ਏਹ ਮਲੂੰਮ ਹੁੰਦਾ ਹੈ ਕਿ ਜਦ ਆਦਮ ਸਾਹਿਬ ਮਿੱਟੀ ਥੀਂ ਬਣਾਏ ਗਏ ਤਾਂ ਇਨ੍ਹਾਂ ਦੇ ਸੁਰਗ ਵਿਚ ਥੀ ਮਿਟੀ ਹੋਵੇਗੀ? ਅਰ ਜਿੱਨੇ ਉੱਥੇ ਹੋਰ ਹਨ ਉਹ ਬੀ ਉਕਣ ਹੀ ਫਿਰਸਤੇ ਆਦੀ ਹੋਂਨਗੇ, ਕਿਉਂਕਿ ਮਿਟੀ ਦੇ ਸ਼ਰੀਰ ਬਗੈਰ ਇੰਦ੍ਰੀ ਭੋਗ ਨਹੀਂ ਹੋ ਸਕਦੇ, ਜਦ ਮਿੱਟੀ ਦੇ ਸ਼ਰੀਰ ਹਨ ਤਾਂ ਮਉਤ ਬੀ ਜਰੂਰ ਹੋਣੀ ਚਾਹੀਏ, ਜੇਕਰ ਮਉਤ ਹੁੰਦੀ ਹੈ ਤਾਂ ਉਹ ਉੱਥੋਂ ਕਿੱਥੇ ਜਾਂਦੇ ਹਨ? ਅਰ ਮਉਤ ਨਹੀਂ ਹੁੰਦੀ ਤਾਂ ਉਨ੍ਹਾਂ ਦਾ ਜਨਮ ਬੀ ਨਹੀਂ ਹੋਇਆ, ਜਦ ਜਨਮ ਹੈ ਤਾਂ ਮਉਤ ਜਰੂਰੀ ਹੈ, ਜੇਕਰ ਈਕਣ ਹੈ ਤਾਂ ਕੁਰਾਨ ਵਿਚ ਲਿਖਿਆ ਹੈ ਕਿ ਬੀਬੀਆਂ ਸਦਾ ਸੁਰਗ ਵਿਚ ਰਹਿੰਦੀਆਂ ਹਨ ਸੋ ਝੂਠਾ ਹੋ ਜਾਵੇਗਾ, ਕਿਉਂਕਿ ਉਨ੍ਹਾਂ ਦੀ ਬੀ ਮੌਤ ਜਰੂਰ ਹੋਵੇਗੀ, ਜਦ ਈਕਣਹੈਤਾਂ ਬਹਿਸ਼ਤ ਵਿਚ ਜਾਣ ਵਾਲਿਆਂ ਦੀ ਬੀ ਮੌਤ ਜਰੂਰ ਹੋਵੇਗੀ ॥ ੧੨ ॥

੧੩—ਓਸ ਦਿਨ ਥੀਂ ਡਰੋ ਕਿ ਜਦ ਕੋਈ ਜੀਵ ਕਿਸੇ ਜੀਵ ਉੱਤੇ ਭਰੋਸਾ ਨਾ ਰਖੇਗਾ, ਨਾ ਓਸਦੀ ਸਫਾਰਸ਼ ਸ੍ਵੀਕਾਰ ਕੀਤੀ ਜਾਵੇਗੀ, ਨਾ ਓਸ-ਤੋਂ ਬਦਲਾ ਲੀਤਾ ਜਾਵੇਗਾ, ਅਰ ਨਾ ਉਹ ਸਹਾਇਤਾ ਪਾਂਨਗੇ ॥ ਮੰ੦ ੧ ਸਿ੦ ੧ । ਸੂ੦ ੨ । ਆ੦ ੪੬ ॥

( ਸਮੀਖਕ ) ਕੀ ਏਸ ਵੇਲੇ ਨਾ ਡਰਨ? ਬੁਰਾਈ ਕਰਨ ਵਿਚ ਸਭ ਦਿਨ ਡਰਨਾ ਚਾਹੀਏ? ਜਦ ਸਫਾਰਸ਼ ਨਾ ਮੱਨੀ ਜਾਵੇਗੀ ਤਾਂ ਫੇਰ ਪਕੈਬਰ ਦੀ ਉਗਾਹੀ ਵਾ ਸਫਾਰਸ਼ਥੀਂ ਸਦਾ ਸੁਰਗ ਦੇਵੇਗਾ ਏਹਬਾਤ ਕਿਉਕਰ ਸਚੀਹੋ ਸੱਕੇਗੀ? ਕੀ,ਖੁਦਾ ਬਹਿਸ਼ਤ ਵਾਲਿਆਂ ਦਾ ਹੀ ਸਹਾਇਕ ਹੈ ਦੋਜਕ ਵਾਲਿ-ਆਂ ਦਾ ਨਹੀਂ? ਜੇਕਰ ਈਕਣ ਹੈ ਤਾਂ ਖੁਦਾ ਪਖ ਪਾਤੀ ਹੈ ॥ ੧੩ ॥

੧੪—ਅਸਾਂਨੇ ਮੂਸਾਨੂੰ ਕਿਤਾਬ ਅਰ *ਮੁਹਜਜੇ ਦਿਤੇ,ਅਸਾਂਨੇ ਉਨ੍ਹਾਂ ਨੂੰ ਕਹਿਆ ਕਿ ਤੁਸੀ ਭੈੜੇ ਬਾਂਦਰ ਹੋ ਜਾਓ, ਏਹ ਇਕ ਡਰ ਦਿੱਤਾ ਜੋ ਉਨ੍ਹਾਂ ਦੇ ਸਾਮਣੇ ਅਰ ਪਿਛੇ ਸਨ ਉਨ੍ਹਾਂਨੂੰ, ਅਰ ਸਿਖਿਆ ਇਮਾਨਦਾਰਾਂ ਨੂੰ ॥ ਮੰ੦ ੧ । ਸਿ੦ ੧ । ਸੂ੦ ੨ । ਆ੦ ੫੦ । ੬੧ ॥

(ਸਮੀਖਕ) ਜੋ ਮੂਸਾਨੂੰ ਕਿਤਾਬ ਦਿਤੀ ਤਾਂ ਕੁਰਾਨ ਦਾ ਹੋਣਾ ਬਿਅਰਥ ਹੈ, ਅਰ ਓਸਨੂੰ ਅਚਰਜ ਸ਼ਕਤੀ ਦਿਤੀ ਇਹ ਬਾਇਬਲ ਅਰ ਕੁਰਾਨ ਵਿਚ ਬੀ ਲਿਖਿਆ ਹੈ, ਪ੍ਰੰਤੂ ਇਹ ਬਾਤ ਮਨੱਣ ਜੋਗ ਨਹੀ, ਕਿਉਂਕਿ ਜੇ ਈ

* ਕਰਾਮਾਤਾਂ, ਵਾ ਅਚਰਜ ਸ਼ਕਤੀਆਂ

ਕਣ ਹੁੰਦਾ ਤਾਂ ਹੁਣਬੀ ਹੁੰਦਾ, ਜੇ ਹੁਣ ਨਹੀ ਤਾਂ ਪਹਲੇ ਬੀ ਨਾ ਸੀ, ਜੀਕਣ ਪੇਟੂ ਲੋਗ ਅਜਕਲ ਬੀ ਅਵਿਦਵਾਨਾਂ ਦੇ ਸਾਮਣੇ ਵਿਦਵਾਂਨ ਬਣ ਜਾਂਦੇ ਹਨ ਊਕਣ ਓਸ ਸਮੇ ਬੀ ਕਪਟ ਕੀਤਾ ਹੋਵੇ ਗਾ, ਕਿਉਂਕਿ ਖੁਦਾ ਅਰ ਓਸਦੇ ਸੇਵਕ ਹੁਣਬੀ ਹਨ ਫੇਰ ਏਸਵੇਲੇ ਖੁਦਾ ਅਚਰਜ ਸ਼ਕਤੀ ਕਿਉਂ ਨਹੀਂ ਦਿੰਦਾ? ਅਰ ਨਹੀ ਕਰ ਸਕਦੇ, ਜੇ ਮੂਸਾਨੂੰ ਕਿਤਾਬ ਦਿਤੀ ਸੀ ਤਾਂ ਫੇਰ ਕੁਰਾਂਨ ਦੇ ਦੇਣ ਦੀ ਕੀ ਜਰੂਰਤ ਸੀ? ਕਿਉਂਕਿ ਜੇ ਭਲਾਈ ਬੁਰਾਈ ਕਰਨੇ ਅਰ ਨਾ ਕਰਨ ਦਾ ਉਪਦਸ਼ ਸਭ ਥਾਂ ਇਕੋ ਜਿਹਾ ਹੋਵੇ ਤਾਂ ਫੇਰ ਭਿੰਨ ਭਿੰਨ ਪੁਸਤਕ ਕਰਨ ਕਰਕੇ ਪੁਨਰੁਕਤ ਦੋਸ਼ ਹੁੰਦਾ ਹੈ, ਕੀ ਮੂਸਾ ਆਦੀਨੂੰ ਦਿਤੀ ਹੋਈ ਪੁਸਤਕ ਵਿਚ ਖੁਦਾ ਭੁਲ ਗਿਆ ਸੀ? ਜੇ ਖੁਦਾ ਨੇਂ ਭੈੜੇ ਬਾਂਦਰ ਹੋ ਜਾਣਾ ਕੇਵਲ ਡਰਾਉਣ ਦੇ ਵਾਸਤੇ ਕਹਿਆ ਸੀ ਤਾਂ ਓਸਦਾ ਕਹਣਾ ਮਿਥਿਆ ਹੋਇਆ ਵਾ ਛਲ ਕੀਤਾ? ਜੋ ਏਸਤਰਾਂ ਦੀਆਂ ਗਲਾਂ ਕਰਦਾ ਅਰ ਜਿਸਵਿਚ ਏਸਤਰਾਂ ਦੀਆਂ ਬਾਤਾਂ ਹਨ ਉਹ ਨਾ ਖੁਦਾ ਅਰ ਨਾ ਏਹ ਪੁਸਤਕ ਖੁਦਾਦਾ ਬਣਾਇਆ ਹੋ ਸਕਦਾ ਹੈ ॥ ੧੪ ॥

੧੫–ਏਸਤਰਾਂ ਖੁਦਾ ਮੁਰਦਿਆਂ ਨੂੰ ਜਿਵਾਂਦਾ ਹੈ ਅਰ ਤੁਹਾਨੂੰ ਅਪਣੀਆਂ ਨਿਸ਼ਾਨੀਆਂ ਵਿਖਾਂਦਾ ਹੈ ਕਿ ਤੁਸੀ ਸਮਝੋ । ਮੰ੦੧ । ਸਿ੦ ੧। ਸੂ੦ ੨ । ਆ੦ ੬੭ ॥

( ਸਮੀਖਕ ) ਕੀ ਮੁਰਦਿਆਂ ਨੂੰ ਜੁਆਂਦਾ ਸੀ ਤਾਂ ਹੁਣ ਕਿਉਂ ਨਹੀਂ ਜੁਆਂਦਾ ? ਕੀ ਕੀਆਮਤ ਦੀ ਰਾਤ ਤਿਕ ਕਬਰਾਂ ਵਿਚ ਪਏ ਰਹਨਗੇ? ਅਜਕਲ ਦੌਰੇਸਪੁਰਦ ਹਨ, ਕੀ ਇੱਨੀਆਂ ਹੀ ਈਸ਼੍ਵਰ ਦੀਆਂ ਨਿਸ਼ਾਨੀਆਂ ਹਨ, ਪ੍ਰਿਥਵੀ, ਸੂਰਜ, ਚੰਦ੍ਰਮਾ ਆਦੀ ਨਿਸ਼ਾਨੀਆਂ ਨਹੀਂ ਹਨ ? ਕੀ ਸੰਸਾਰ ਵਿਚ ਜੋ ਨਾਨਾ ਪ੍ਰਕਾਰ ਦੀ ਰਚਨਾ ਵਸ਼ੇਸ਼ ਪ੍ਰਤਖ ਦਿਸਦੀਆਂ ਹਨ ਏਹ ਨਿਸ਼ਾਂਨੀਆਂ ਘਟ ਹਨ ? ॥ ੧੫ ॥

੧੬–ਉਹ ਸਦਾ ਬਹਿਸ਼ਤ ਅਰਥਾਤ ਵੈਕੁੰਠ ਵਿਚ ਰਹਿਣ ਵਾਲੇ ਹਨ । ਮੰ੦ ੧ । ਸਿ੦ ੧ । ਸੂ੦ ੨ । ਆ੦ ੭੫ ॥

(ਸਮੀਖਕ) ਕੋਈ ਬੀ ਜੀਵ ਅਨੰਤ ਪਾਪ ਪੁੰਨ ਕਰਨ ਦਾ ਸਮਰਥ ਨਹੀਂ ਰਖਦਾ ਏਸ ਲਈ ਸਦਾ ਸੁਰਗ, ਨਰਕ ਵਿਚ ਨਹੀਂ ਰਹ ਸਕਦੇ, ਅਰ ਜੇ ਖੁਦਾ ਅਜਿਹਾ ਕਰੇ ਤਾਂ ਉਹ ਅਨਿਆਂ ਕਰਨ ਵਾਲਾ ਅਰ ਅਵਿਦਵਾਂਨ ਹੋਜਾਵੇ, ਕੀਆਮਤ ਦੀ ਰਾਤ ਨਿਆਂ ਹੋਵੇਗਾ ਤਾਂ ਮਨੁਖਾਂ ਦੇ ਪਾਪ ਪੁੰਨ ਬਰਾਬਰ ਹੋਣੇ ਚਾਹੀਦੇ ਹਨ, ਜੇ ਕਰਮ ਅਨੰਤ ਨਹੀਂ ਹੈ ਓਸਦਾ ਫਲ ਅਨੰਤ ਕੀਕਣ ਹਸਕਦਾ ਹੈ ? ਅਰ ਸ੍ਰਿਸ਼ਟੀ ਹੋਇਆਂ ਸਤ ਅਠ ਹਜਾਰ ਵਰ੍ਹੇਆਂ ਥੀਂ ਉਰੇ ਹੀ ਦਸਦੇ ਹਨ, ਕੀ ਏਸਦੇ ਪੂਰਬ ਖੁਦਾ ਨਿਕੱਮਾਂ ਬੈਠ ਸੀ ? ਅਰ ਕੀਆਮਤ ਦੇ ਪਿਛੇ ਬੀ ਨਿਕੰਮਾਂ ਰਹੇਗਾ ? ਏਹ ਬਾਤਾਂ ਸਭ

ਲੜਕਿਆਂ ਦੇ ਸਮਾਨ ਹਨ, ਕਿਉਂਕਿ ਪਰਮੇਸ਼੍ਵਰ ਦੇ ਕੰਮ ਸਦਾ ਰਹਿੰਦੇ ਹਨ, ਅਰ ਜਿਨੇ ਜਿਸਦੇ ਪਾਪ ਪੁੰਨ ਹਨ ਉਨੋਂ ਹੀ ਓਸਨੂੰ ਫਲ ਦਿੰਦਾ ਹੈ, ਏਸ-ਲਈ ਕੁਰਾਂਨ ਦੀ ਇਹ ਗਲੱ ਸਚੀ ਨਹੀਂ ॥ ੧੬ ॥

੧੭–ਜਦ ਅਸਾਂ ਨੇ ਤੁਹਾਡੇ ਪਾਸੋਂ ਪ੍ਰਤਗਿੱਆ ਕਰਾਈ ਨਾ ਵਗਾਣਾ ਲਹੂ ਅਪਣੇ ਆਪਸ ਦੇ, ਅਰ ਕਿਸੇ ਅਪਣੇ ਆਪਸ ਨੂੰ ਘਰਾਂ ਥੀਂ ਨਾ ਕਢਣਾ, ਫੇਰ ਪ੍ਰਤਗਿੱਆ ਕੀਤੀ ਤੁਸਾਂ ਨੇ ਏਸਦੇ ਤੁਸੀ ਹੀ ਸਾਖੀ ਹੋ,ਤੁਸੀ ਉਹ ਲੋਗ ਹੋ ਕਿ ਅਪਣੇ ਆਪਸ ਨੂੰ ਮਾਰ ਸੁਟਦੇਓ,ਇਕ ਫਿਰਕੇ ਨੂੰ ਆਪਸ ਵਿਚੋਂ, ਘਰਾਂ ਉਨ੍ਹਾਂ ਦਿਆਂ ਥੀਂ ਕਢ ਦਿੰਦੇਓ ॥ ਮੰ० ੧ । ਸਿ० ੧ । ਸੂ० ੨ । ਆ० ੭੭ । ੭੮ ॥

(ਸਮੀਖਕ) ਭਲਾ ਪ੍ਰਤਗਿੱਆ ਕਰਾਣੀ ਅਰ ਕਰਨੀ ਅਲਪਗੱ ਜੀਵਾਂ ਦੀ ਬਾਤ ਹੈ ਜਾਂ ਪਰਮੇਸ਼੍ਵਰ ਦੀ ? ਜਦ ਪਰਮੇਸ਼੍ਵਰ ਸਰਬਗੱ ਹੈ ਤਾਂ ਅਜਿਹੀ ਕੜਾਕੂਟ ਸੰਸਾਰੀ ਮਨੁਖੱਾਂ ਦੀ ਨਿਆਈਂ ਕਿਉਂ ਕਰੇਗਾ ? ਭਲਾ ਇਹ ਕਿਹੜੀ ਭਲੀ ਗਲੱ ਹੈ ਕਿ ਆਪਸ ਦਾ ਲਹੂ ਨਾ ਵਗਾਣਾ, ਅਪਣੇ ਮਤਵਾ-ਲਿਆਂ ਨੂੰ ਘਰ ਥੀਂ ਨਾ ਕਢਣਾ ਅਰਥਾਤ ਦੂਜੇ ਮਤਵਾਲਿਆਂ ਦਾ ਲਹੂ ਵਗਾਣਾ ਅਰ ਘਰ ਥੀਂ ਕਢ ਦੇਣਾ ਏਹ ਝੂਠੀ, ਮੂਰਖਤਾ, ਅਰ ਪਖਪਾਤ ਦੀ ਬਾਤ ਹੈ। ਕੀ, ਪਰਮੇਸ਼੍ਵਰ ਪਹਿਲੋਂ ਹੀ ਨਹੀਂ ਜਾਂਣਦਾ ਸੀ ਕਿ ਏਹ ਪ੍ਰਤਗਿੱਆ ਥੀਂ ਵਿਰੁਧ ਕਰਨਗੇ ? ਏਸ ਥੀਂ ਮਲੂੰਮ ਹੁੰਦਾ ਹੈ ਕਿ ਮੁਸਲਮਾਨਾਂ ਦਾ ਖੁਦਾ ਬੀ ਈਸਾਈਆਂ ਦੀ ਬਹੁਤ ਸਾਰੀ ਉਪਮਾ ਰਖਦਾ ਹੈ, ਅਰ ਏਹ ਕੁਰਾਂਨ ਸ੍ਵਤੰਤ੍ਰ ਨਹੀਂ ਬਣ ਸਕਦਾ, ਕਿਉਂਕਿ ਏਸ ਵਿਚ ਥੋੜੀਆਂ ਜਿਹੀਆਂ ਗਲੱਾਂ ਨੂੰ ਛਡਕੇ ਬਾਕੀ ਸਭ ਬਾਤਾਂ ਬਾਇਬਲ ਦੀਆਂ ਹਨ ॥ ੧੭ ॥

੧੯––ਏਹ ਲੋਗ ਹਨ ਕਿ ਜਿਨ੍ਹਾਂ ਨੇ ਆਖ੍ਰਤ ਦੇ ਬਦਲੇ ਜ਼ਿੰਦਗੀ ਏਥੋਂ ਦੀ ਮੁਲ ਲੈ ਲੀਤੀ ਉਨ੍ਹਾਂ ਥੀਂ ਪਾਪ ਕਦੀ ਹਲਕਾ ਨਾ ਕੀਤਾ ਜਾਵੇਗਾ ਅਰ ਨਾ ਉਨ੍ਹਾਂ ਨੂੰ ਸਹਾਇਤਾ ਦਿੱਤੀ ਜਾਵੇਗੀ ॥ ਮੰ० ੧ । ਸਿ० ੧ । ਸੂ० ੨ । ਆ । ੦ ੭੬ ॥

( ਸਮੀਖਕ ) ਭਲਾ ਅਜਿਹੀਆਂ ਈਰਖਾ ਦੁਏਸ਼ ਦੀਆਂ ਬਾਤਾਂ ਕਦੀ ਈਸ਼੍ਵਰ ਵਲੋਂ ਹੋ ਸਕਦੀਆਂ ਹਨ? ਜਿਨ੍ਹਾਂ ਲੋਕਾਂ ਦੇ ਪਾਪ ਹਲਕੇ ਕੀਤੇ ਜਾਂਨਗੇ ਵਾ ਜਿਨ੍ਹਾਂ ਨੂੰ ਸਹਾਇਤਾ ਦਿਤੀ ਜਾਵੇਗੀ ਉਹ ਕਉਣ ਹਨ? ਜੇਕਰ ਉਹ ਪਾਪੀ ਹਨ ਅਰ ਪਾਪਾਂ ਦਾ ਡੰਡ ਦਿੱਤੇ ਬਿਨਾ ਹਲਕੇ ਕੀਤੇ ਜਾਂਨਗੇ ਤਾਂ ਅਨਿਆਂ ਹੋਵੇਗਾ, ਜੇਕਰ ਡੰਡ ਦੇਕੇ ਹਲਕੇ ਕੀਤੇ ਜਾਂਨਗੇ ਤਾਂ ਜਿਨ੍ਹਾਂ ਦਾ ਬੀਆਂਨ ਏਸ ਆਇਤ ਵਿਚ ਹੈ ਏਹ ਬੀ ਸਜਾ ਪਾਕੇ ਹਲਕੇ ਹੋ ਸਕਦੇ ਹਨ, ਅਰ ਡੰਡ ਦੇਕੇ ਬੀ ਹਲਕੇ ਨਾ ਕੀਤੇ ਜਾਂਨਗੇ ਤਾਂ ਬੀ ਅਨਿਆਂ ਹੋਵੇਗਾ, ਜੋ ਪਾਪਾਂ ਥੀਂ ਹਲਕੇ ਕੀਤੇ ਜਾਂਨ ਵਾਲਿਆਂ ਥੀਂ ਪ੍ਰੋਜਨ ਧਰਮਾਤਮਾ ਲੋਕਾਂ ਦਾ ਹੈ ਤਾਂ ਉਨ੍ਹਾਂ ਦੇ ਪਾਪ

ਤਾਂ ਆਪ ਹੀ ਹੁਲਕੇ ਹਨ ਖੁਦਾ ਕੀ ਕਰੇਗਾ? ਇਸ ਲਈ ਏਹ ਲੇਖ ਵਿਦਵਾਨਾਂ ਦਾ ਨਹੀਂ, ਅਰ ਅਸਲ ਵਿਚ ਧਰਮਾਤਮਾ ਮਨੁਖਾਂ ਨੂੰ ਸੁਖ ਅਰ ਅਧਰਮੀਆਂ ਨੂੰ ਦੁਖ ਉਨ੍ਹਾਂ ਦੇ ਕਰਮਾਂ ਦੇ ਅਨੁਸਾਰ ਸਦਾ ਦੇਣਾ ਚਾਹੀਏ ॥ ੧੮ ॥

੧੯—ਨਿਸਚੇ ਅਸਾਂ ਨੇ ਮੂਸਾ ਨੂੰ ਕਿਤਾਬ ਦਿੱਤੀ ਅਰ ਉਸਦੇ ਪਿੱਛੇ ਅਸੀਂ ਪੈਗੰਬਰ ਨੂੰ ਲਿਆਏ, ਅਰ ਮਰਯਮ ਦੇ ਪੁਤ੍ਰ ਈਸਾ ਨੂੰ ਪ੍ਰਗਟ ਮੁਹਜਜੇ ਅਰਥਾਤ ਦੇਵੀ ਸ਼ਕਤੀ ਅਰ ਸਮਰਥ ਦਿਤੀ ਉਸਦੇ ਨਾਲ *ਰੂਹੁਲ-ਕੁਦਸ ਦੇ ਜਦ ਤੁਹਾਡੇ ਪਾਸ ਉਸ ਬਸਤੂ ਸੰਗ ਪੈਗੰਬਰ ਆਇਆ ਕਿ ਜਿਸ ਨੂੰ ਤੁਹਾਡਾ ਜੀ ਚਾਹੁੰਦਾ ਨਹੀ ਫੇਰ ਤੁਸਾਂ ਨੇ ਅਭਮਾਨ ਕੀਤਾ ਇਕ ਮਤ ਨੂੰ ਝੁਠਲਾਇਆ ਅਰ ਇਕ ਨੂੰ ਮਾਰਦੇ ਹੋ ॥ ਮੰ੦ ੧ । ਸਿ੦ ੧ । ਸੂ੦ ੨ । ਆ੦ ੮੦ ॥

( ਸਮੀਖਕ ) ਜਦ ਕੁਰਾਂਨ ਵਿਚ ਸਾਖੀ ਹੈ ਕਿ ਮੂਸਾ ਨੂੰ ਕਿਤਾਬ ਦਿਤੀ ਤਾਂ ਉਸਦਾ ਮਨਣਾ ਮੁਸਲਮਾਨਾਂ ਨੂੰ ਜ਼ਰੂਰੀ ਹੋਇਆ, ਅਰ ਜੋ ਜੋ ਉਸ ਗ੍ਰੰਥ ਵਿਚ ਦੋਸ਼ ਹਨ ਉਹ ਬੀ ਮੁਸਲਮਾਨਾਂ ਦੇ ਮਤ ਵਿਚ ਆ ਗਏ, ਅਰ ਮੁਹਜਜੇ ਅਰਥਾਤ ਦੇਵੀ ਸ਼ਕਤੀਆਂ ਦੀਆਂ ਬਾਤਾਂ ਏਵੇਂ ਹਨ, ਭੋਲੇ ਭਾਲੇ ਮਨੁਖਾਂ ਨੂੰ ਬਹਕਾਂਣਦੇ ਲਈ ਝੂਠਮੂਠ ਚਲਾ ਲਈਆਂ ਹਨ, ਕਿਉਂਕਿ ਸ੍ਰਿਸ਼ਟੀਕ੍ਰਮ ਅਰ ਵਿਦਿਆ ਥੀਂ ਵਿਰੁਧ ਸਭ ਬਾਤਾਂ ਝੂਠੀਆਂ ਹੁੰਦੀਆਂ ਹਨ, ਜੇ ਉਸ ਵੇਲੇ ਮਹਜਜੇ ਸਨ ਤਾਂ ਇਸ ਵੇਲੇ ਕਿਉਂ ਨਹੀ? ਜੋ ਇਸ ਸਮੇਂ ਨਹੀ ਤਾਂ ਉਸ ਸਮੇਂ ਬੀ ਨਹੀ ਸਨ ਇਸ ਵਿਚ ਕੁਝ ਬੀ ਸੰਦੇਹ ਨਹੀ ॥ ੧੯ ॥

( ੨੦ ) ਅਰ ਏਸ ਥੀਂ ਪਹਿਲੋਂ ਕਾਫ਼ਰਾਂ ਉਤੇ ਵਿਜੇ ਚਾਹੁੰਦੇ ਸਨ, ਜੋ ਕੁਝ ਪਛਾਣਿਆ ਸੀ ਜਦ ਉਨ੍ਹਾਂ ਦੇ ਪਾਸ ਉਹ ਆਇਆ ਝਟ ਕਾਫ਼ਰ ਹੋ ਗਏ ਕਾਫ਼ਰਾਂ ਉਤੇ ਲਾਨਤ ਹੈ ਅਲਾਹ ਦੀ ॥ ਮੰ੦ ੧ । ਸਿ੦ ੧ । ਸੂ੦ ੨ ਆ੦ ੮੨ ॥

( ਸਮੀਖਕ ) ਕੀ ਜੀਕਣ ਤੁਸੀ ਹੋਰ ਮਤ ਵਾਲਿਆਂ ਨੂੰ ਕਾਫ਼ਰ ਕਹਿੰਦੇ ਓ, ਉਕਣ ਉਹ ਤੁਹਾਨੂੰ ਕਾਫ਼ਰ ਨਹੀ ਕਹਿੰਦੇ ਹਨ? ਅਰ ਉਨ੍ਹਾਂ ਦੇ ਮਤ ਦੇ ਈਸ਼੍ਵਰ ਵਲੋਂ ਧ੍ਰਿਕਾਰ ਦਿੰਦੇ ਹਨ, ਫਿਰ ਕਹੋ ਕਉਣ ਸਚਾ ਅਰ ਕਉਣ ਝੂਠਾ? ਜੇ ਵਿਚਾਰ ਕੇ ਵੇਖਦੇ ਹਾਂ ਤਾਂ ਸਭ ਮਤ ਵਾਲਿਅ ਵਿਚ ਝੂਠ ਪਾਇਆ ਜਾਂਦਾ ਹੈ, ਅਰ ਜੋ ਸਚ ਹੈ ਸੋ ਸਭਨਾ ਵਿਚ ਇਕੋ ਜਿਹਾ ਹੈ ਏਹ ਸਭ ਲੜਾਈਆਂ ਮੂਰਖਤਾ ਦੀਆਂ ਹਨ ॥ ੨੦ ॥

੨੧—ਅਨੰਦ ਦਾ ਸਨੇਹਾ ਇਮਾਨਦਾਰਾਂ ਨੂੰ ਅਲੱਹ ਫਿਰਸ਼ਤਿਆਂ,

---

* ਰੂਹੁਲ ਕੁਦਸ ਕਹੰਦੇ ਹਨ ਜਬ੍ਰਾਈਲ ਨੂੰ ਜੋਕਿ ਹਰਦਮ ਮਸੀਹ ਦੇ ਨਾਲ ਰਹਿੰਦਾ ਸੀ ॥

ਪੈਗੰਬਰਾਂ, ਜਬਰਾਈਲ, ਅਰ ਮੇਕਾਈਲ ਦਾ ਜੋ ਵੈਰੀ ਹੈ ਅਲਾਹ ਬੀ ਅਜਿਹੇ ਕਾਫਰਾਂ ਦਾ ਵੈਰੀ ਹੈ॥ ਮੰ० ੧ । ਸਿ० ੧ । ਸੂ० ੨ । ਆ० ੯੦ ॥

(ਸਮੀਖਕ) ਜਦ ਮੁਸਲਮਾਨ ਕਹਿੰਦੇ ਹਨ ਕਿ ( ਖੁਦਾ ਲਾਸ਼ਰੀਕ ) ਹੈ ਫੇਰ ਇਹ ਫੌਜ ਦੀ ਫੌਜ ( ਸ਼ਰੀਕ )ਕਿਥੋਂ ਬੀ ਕਰ ਦਿਤੀ ? ਕੀ ਜਿਹੜਾ ਹੋਰਨਾ ਦਾ ਵੈਰੀ ਉਹ ਖੁਦਾ ਦਾ ਬੀ ਵੈਰੀ ਹੈ ? ਜੇਕਰ ਈਕਣ ਹੈ ਤਾਂ ਠੀਕ ਨਹੀਂ, ਕਿਉਂਕਿ ਈਸ਼ੂਰ ਕਿਸੇ ਦਾ ਵੈਰੀ ਨਹੀਂ ਹੋ ਸਕਦਾ ॥ ੨੧ ॥

੨੨–ਅਰ ਕਹੋ ਕਿ ਖਿਮਾ ਮੰਗਨੇ ਹਾਂ ਅਸੀ ਖਿਮਾ ਕਰਾਂਗੇ ਤੁਹਾਡੇ ਪਾਪ, ਅਰ ਵਧੀਕ ਭਲਾਈ ਕਰਨ ਵਾਲਿਆਂ ਦੇ ॥ ਮੰ० ੧ । ਸਿ० ੧ । ਸੂ० ੨ । ਆ० ੫੪ ॥

( ਸਮੀਖਕ ) ਭਲਾ ਏਹ ਖੁਦਾ ਦਾ ਉਪਦੇਸ਼ ਸਭ ਨੂੰ ਪਾਪੀ ਬਨਾਣ ਵਾਲਾ ਹੈ ਜਾਂ ਨਹੀਂ ? ਕਿਉਂਕਿ ਜਦ ਪਾਪ ਖਿਮਾ ਹੋਣ ਦਾ ਆਸ਼ਾ ਮਨੁਖਾਂ ਨੂੰ ਮਿਲਦਾ ਹੈ ਤਦ ਪਾਪਾਂ ਬੀ ਕੋਈ ਬੀ ਨਹੀਂ ਡਰਦਾ, ਏਸਲਈ ਈਕਣ ਕਹਣ ਵਾਲਾ ਖੁਦਾ ਅਰ ਏਹ ਖੁਦਾ ਦਾ ਬਣਾਇਆ ਹੋਇਆ ਗ੍ਰੰਥ ਨਹੀਂ ਹੋਸਕਦਾ, ਕਿਉਂਕਿ ਉਹ ਨਿਆਂਕਾਰੀ ਹੈ ਅਨਿਆਂ ਕਦੀ ਨਹੀਂ ਕਰਦਾ, ਅਰ ਪਾਪ ਖਿਮਾ ਕਰਨ ਵਿਚ ਅਨਿਆਂਕਾਰੀ ਹੋਜਾਂਦਾ ਹੈ ਕਿੰਤੂ ਅਪ੍ਰਾਧ ਦੇ ਅਨੁਸਾਰ ਡੰਡ ਦੇਣ ਵਿਚ ਹੀ ਨਿਆਂਕਾਰੀ ਹੋ ਸਕਦਾ ਹੈ ॥ ੨੨ ॥

੨੩––ਜਦ ਮੂਸਾ ਨੇ ਅਪਣੀ ਕੌਮ ਦੇ ਵਾਸਤੇ ਪਾਣੀ ਮੰਗਿਆ ਅਸਾਂ ਨੇ ਕਹਿਆ ਕਿ ਅਪਣਾ ਡੰਡਾ ਪਥੱਰ ਉਤੇ ਮਾਰ ਓਸ ਵਿਚੋਂ ਬਾਰਾਂ ਸੂਏ ਵਗ ਟੁਰੇ । ਮੰ० ੧ । ਸਿ० ੧ । ਸੂ० ੨ । ਆ० ੫੬ ॥

( ਸਮੀਖਕ ) ਹੁਣ ਵੇਖੋ! ਇਨ੍ਹਾਂ ਅਨ ਹੁੰਦੀਆਂ ਗਲਾਂ ਦੇ ਬਰਾਬਰ ਦੂਜਾ ਕੋਈ ਕਹੇਗਾ? ਇਕ ਪਥੱਰ ਦੀ ਸਿਲ ਵਿਚ ਡੰਡਾ ਮਾਰਨ ਨਾਲ ਬਾਰਾਂ ੧੨ ਝਰਨਿਆਂ ਦਾ ਫੁਟਣਾ ਸਰਬਥਾ ਅਸੰਭਵ ਹੈ,ਹਾਂ ਓਸ ਪਥੱਰ ਨੂੰ ਅੰਦਰੋਂ ਪੋਲਾ ਕਰਕੇ ਓਸ ਵਿਚ ਪਾਣੀ ਭਰਕੇ ਬਾਰਾਂ ਛੇਕ ਕਰਨ ਨਾਲ ਹੋ ਸਕਦਾ ਹੈ ਹੋਰ ਤਰਾਂ ਨਹੀਂ ॥ ੨੩ ॥

੨੪–ਅਰ ਅੱਲਾਹ ਖਾਸ਼ ਕਰਦਾ ਹੈ ਜਿਸ ਨੂੰ ਚਾਹਿੰਦਾ ਹੈ ਨਾਲ ਦਇਅਪਣੀ ਦੇ ॥ ਮੰ० ੧ । ਸਿ० ੧ । ਸੂ० ੨ । ਆ० ੯੭ ॥

( ਸਮੀਖਕ ) ਕੀ ਜੋ ਮੁਖ ਅਰ ਦਇਆ ਕਰਨ ਦੇ ਜੋਗ ਨਾ ਹੋਵੇ ਓਸ ਨੂੰ ਬੀ ਪਰਧਾਨ ਬਣਾਂਦਾ ਅਰ ਓਸ ਉੱਤੇ ਦਇਆ ਕਰਦਾ ਹੈ? ਜੇ ਅਜਿਹਾ ਹੈ ਤਾਂ ਖੁਦਾ ਵਡਾ ਗੜ ਬੜੀਆ ਹੈ, ਕਿਉਂਕਿ ਫੇਰ ਚੰਗਾ ਕੰਮ ਕਉਣ ਕਰੇਗਾ,ਅਰ ਬੁਰੇ ਕੰਮ ਨੂੰ ਕਉਣ ਛਡੇਗਾ?ਕਿਉਂਕਿ ਖੁਦਾਦੀ ਪ੍ਰਸਨਤਾ ਉੱਤੇ ਭਰੋਸਾ ਕਰਦੇ ਹਨ ਕਰਮ ਫਲਤੇ ਨਹੀਂ, ਏਸ ਲਈ ਸਾਰਿਆਂ ਨੂੰ ਅਨਾਸਥਾ ( ਨਾ ਆਸ਼ਰਾ )ਹੋਕੇ ਕਰਮਾਂ ਦੇ ਨਾ ਕਰਨ ਵਿਚ ਰੁਚੀ ਹੋਵੇਗੀ ॥ ੨੪ ॥

੨੫–ਅਜਿਹਾ ਨਾ ਹੋਵੇ ਕਿ ਕਾਫਰ ਲੋਗ ਈਰਖਾ ਕਰਕੇ ਤੁਹਾਨੂੰ ਈਮਾਨ ਤੋਂ ਫੇਰ ਦੇਨ, ਕਿਉਂਕਿ ਉਨ੍ਹਾਂ ਵਿਚੋਂ ਈਮਾਨ ਵਾਲਿਆਂ ਦੇ ਬਹੁਤ ਸਾਰੇ ਦੋਸਤ ਹਨ ॥ ਮੰ੦ ੧ । ਸਿ੦ ੧ । ਸੂ੦ ੨ । ਆ੦ ੧੦੧ ॥

(ਸਮੀਖਕ) ਹੁਣ ਵੇਖੀਏ ਖੁਦਾ ਹੀ ਉਨ੍ਹਾਂ ਨੂੰ ਦਸਦਾ ਹੈ ਕਿ ਤੁਹਾਡੇ ਇਮਾਨ ਨੂੰ ਕਾਫਰਲੋਗ ਨਾ ਡੇਗ ਦੇਨ, ਕੀ ਉਹ ਸਰਬਗੱ ਨਹੀਂ ਹੈ ? ਅਜਿਹੀਆਂ ਗਲਾਂ ਖੁਦਾ ਦੀਆਂ ਨਹੀਂ ਹੋ ਸਕਦੀਆਂ ਹਨ ॥ ੨੫ ॥

੨੬–ਤੁਸੀ ਜਿਧਰ ਮੂੰਹ ਕਰੋ ਉਧਰ ਮੂੰਹ ਅੱਲਾਹ ਦਾ ਹੈ । ਮੰ੦ ੧ । ਸਿ੦ ੧ । ਸੂ੦ ੨ । ਆ੦ ੧੦੭ ॥

(ਸਮੀਖਕ) ਜੇ ਇਹ ਬਾਤ ਸਚੀ ਹੈ ਤਾਂ ਮੁਸਲਮਾਨ ਕਿਬਲੇ ਦੇ ਵਲ ਮੂੰਹ ਕਿਉਂ ਕਰਦੇ ਹਨ ? ਜੇ ਕਹੋ ਸਾਨੂੰ ਕਿਬਲੇ ਵਲ ਮੂੰਹ ਕਰਨ ਦਾ ਹੁਕਮ ਹੈ ਤਾਂ ਏਹ ਬੀ ਹੁਕਮ ਹੈ ਕਿ ਭਾਵੇਂ ਜਿਧਰ ਵਲ ਮੂੰਹ ਕਰੋ, ਕੀ ਏਹ ਗਲ ਸਚੀ ਅਰ ਦੂਜੀ ਝੂਠੀ ਹੋਵੇਗੀ? ਅਰ ਜੋ ਅੱਲਾਹ ਦਾ ਮੂੰਹ ਹੈ ਤਾਂ ਉਹ ਸਭ ਪਾਸਿਆਂ ਵਲ ਹੋ ਹੀ ਨਹੀਂ ਸਕਦਾ, ਕਿਉਂਕਿ ਇਕ ਮੂੰਹ ਇਕ ਵਲ ਰਹੇਗਾ ਸਬਣਾ ਪਾਸਿਆਂ ਵਲ ਕਿਉਂਕਰ ਰਹ ਸਕੇਗਾ ? ਏਸਲਈ ਏਹ ਗਲ ਬਣਦੀ ਨਹੀਂ ॥ ੨੬ ॥

੨੭–ਜੋ ਅਸਮਾਨ ਅਰ ਜਮੀਨ ਦਾ ਉਤਪੰਨ ਕਰਨਵਾਲਾ ਹੈ ਜਦ ਉਹ ਕੁਛ ਕਰਨਾ ਚਾਹੰਦਾ ਹੈ ਏਹ ਨਹੀਂ ਕਿ ਓਸਨੂੰ ਕਰਨਾ ਪੈਂਦਾ ਹੈ ਕਿੰਤੂ ਓਸਨੂੰ ਕਹੰਦਾ ਹੈ ਕਿ ਹੋ ਜਾ ਬਸ ਉਹ ਹੋ ਜਾਂਦਾ ਹੈ । ਮੰ੦ ੧ । ਸਿ੦ ੧ । ਸੂ੦ ੨ । ਆ੦ ੧੦੯ ॥

( ਸਮੀਖਕ ) ਭਲਾ ਖੁਦਾਨੇ ਹੁਕਮ ਦਿਤਾ ਕਿ ਹੋਜਾ ਤਾਂ ਹੁਕਮ ਕਿਸ ਨੇ ਸੁਣਿਆਂ? ਅਰ ਕਿਸਨੂੰ ਸੁਣਾਇਆ? ਅਰ ਕੌਣ ਬਣ ਗਿਆ? ਕਿਸ ਕਾਰਣ ਥੀਂ ਬਣਾਇਆ? ਜਦ ਏਹ ਲਿਖਦੇ ਹਨ ਕਿ ਸ੍ਰਿਸ਼ਟੀ ਦੇ ਪਹਲੇ ਬਿਨਾ ਖੁਦਾਦੇ ਕੋਈ ਬੀ ਦੂਜੀ ਵਸਤੂਨਾਸੀ ਤਾਂ ਏਹ ਸੰਸਾਰ ਕਿਥੋਂ ਆਇਆ? ਬਿਨਾ ਕਾਰਣਦੇ ਕੋਈ ਬੀ ਕਾਰਜ ਨਹੀ ਹੁੰਦਾ ਤਾਂ ਇੱਨਾਂ ਵਡਾ ਜਗਤ ਕਾਰਣ ਦੇ ਬਿਨਾ ਕਿਥੋਂ ਹੋਇਆ? ਏਹ ਬਾਤ ਨਿਰੀ ਬਚਿਆਂਦੀ ਹੈ। ( ਪੂਰਬ ਪਖੀ) ਨਹੀਂ ਨਹੀਂ ਖੁਦਾਦੀ ਇਛਿਆ ਥੀਂ ( ਉਤ੍ਰ ਪਖੀ ) ਕੀ ਤੁਹਾਡੀ ਇਛਿਆਤੋ ਮੱਖੀ ਦੀ ਟੰਗਬੀ ਬਣ ਸਕਦੀ ਹੈ?ਜੋ ਕਹੰਦੇਓ ਖੁਦਾਦੀ ਇਛਿਆ ਥੀਂ ਏਹ ਸਭਕੁਛ ਜਗਤ ਬਣ ਗਿਆ । ( ਪੂਰਬ ਪੱਖੀ ) ਖੁਦਾ ਸਰਬਸਕਤੀਮਾਂਨ ਹੈ ਏਸਲਈ ਜੋ ਚਾਹੇ ਸ਼ੋ ਕਰ ਲੈਂਦਾ ਹੈ ॥ ( ਉਤ੍ਰਪਖੀ ) ਸਰਬ ਸ਼ਕਤੀਮਾਂਨਦਾ ਕੀ ਅਰਥ ਹੈ? ( ਪੂਰਬ ਪਖੀ ) ਜੋ ਚਾਹੇ ਸੋ ਕਰ ਸਕੇ ( ਉਤ੍ਰਪਖੀ ) ਕੀ ਖੁਦਾ ਦੂਜਾ ਖੁਦਾ ਬੀ ਬਣਾ ਸਕਦਾ ਹੈ? ਅਪਣੇ ਆਪ ਮਰ ਸਕਦਾ ਹੈ? ਮੂਰਖ ਰੋਗੀ ਅਰ ਅਗਿਆਂਨੀ ਬੀ ਬਣ ਸਕਦਾ ਹੈ?( ਪੂਰਬ ਪਖੀ ) ਅਜਿਹਾ

ਕਦੀ ਨਹੀ ਬਣ ਸਕਦਾ। ( ਉਤ੍ਰਪਖੀ ) ਇਸ ਲਈ ਪਰਮੇਸ਼੍ਵਰ ਅਪਣੇ ਅਰ ਦੂਜਿਆਂ ਦੇ ਗੁਣ, ਕਰਮ, ਸੁਭਾਵਦੇ ਵਿਰੁਧ ਕੁਝਬੀ ਨਹੀਂ ਕਰ ਸਕਦਾ, ਜੀਕਣ ਸੰਸਾਰ ਵਿਚ ਕਿਸੇ ਬਸਤੂਦੇ ਬਣਨ ਬਣਾਨਵਿਚ ਤਿਨ ਪਦਾਰਥ ਪਹਿਲੋਂ ਜਰੂਰ ਹੁੰਦੇ ਹਨ ( ੧ ) ਬਣਾਨਵਾਲਾ ਜੀਕਣ ਕੁਮਿਹਾਰ ( ੨ ) ਘੜਾ ਬਣਨਵਾਲੀ ਮਿਟੀ ਅਰ ( ੩ ) ਓਸਦਾ ਸਾਧਨ ਜਿਸਨਾਲ ਘੜਾ ਬਣਾਇਆ ਜਾਂਦਾ ਹੈ, ਜੀਕਣ ਕੁਮਿਹਾਰ ਮਿਟੀ ਅਰ ਸਾਧਨ ਨਾਲ ਘੜਾ ਬਣਾਂਦਾ ਹੈ, ਅਰ ਬਣਨ ਵਾਲੇ ਘੜੇ ਤੋਂ ਪਹਿਲੇ ਕੁਮਿਹਾਰ ਮਿਟੀ ਅਰ ਸਾਧਨਹੁੰਦੇ ਹਨ ਉਕਣ ਹੀ ਜਗਤ ਦੇ ਬਣਨ ਥੀਂ ਪਹਿਲਾਂ ਜਗਤ ਦਾ ਕਾਰਣ ਪ੍ਰਕ੍ਰਿਤੀ ਅਰ ਉਨ੍ਹਾਂ ਦੇ ਗੁਣ, ਕਰਮ,ਸੁਭਾਵ, ਅਨਾਦੀ ਹਨ, ਇਸ ਲਈ ਏਹ ਕੁਰਾਨ ਦੀ ਬਾਤ ਸਰਬਥਾ ਅਸੰਭਵ ਹੈ ॥ ੨੭॥

੨੮—ਜਦ ਅਸਾਂ ਨੇ ਲੋਕਾਂ ਦੇ ਲਈ ਕਾਬੇ ਨੂੰ ਪਵਿਤ੍ਰ ਅਸਥਾਨ ਸੁਖ ਦੇਣ ਵਾਲਾ ਬਣਾਇਆ ਤੁਸੀ ਨਿਮਾਜ ਦੇ ਵਾਸਤੇ ਇਬ੍ਰਾਹੀਮ ਦੇ ਅਸਥਾਨ ਨੂੰ ਪਕੜੋ। ਮੰ੦ ੧। ਸਿ੦ ੧। ਸੂ੦ ੨। ਆ੦ ੧੧੭॥

(ਸਮੀਖਕ) ਕੀ ਕਾਬੇ ਤੋਂ ਪਹਿਲੋਂ ਪਵਿਤ੍ਰ ਅਸਥਾਨ ਖੁਦਾ ਨੇ ਕੋਈ ਬੀ ਨਾ ਬਣਾਇਆ ਸੀ? ਜੇ ਬਣਾਇਆ ਸੀ ਤਾਂ ਕਾਬੇ ਦੇ ਬਣਾਨ ਦੀ ਕੁਝ ਜਰੂਰਤ ਨਾ ਸੀ, ਜੋ ਨਹੀਂ ਬਣਾ ਇਆ ਸੀ ਤਾਂ ਵਿਚਾਰੇ ਪਹਿਲੇ ਉਤਪੰਨ ਹੋਇਆਂ ਹੋਇਆਂ ਨੂੰ ਪਵਿਤ੍ਰ ਅਸਥਾਨ ਦੇ ਬਗੇਰ ਹੀ ਰਖਿਆ ਸੀ, ਪਹਿਲਾਂ ਈਸ਼੍ਵਰ ਨੂੰ ਪਵਿਤ੍ਰ ਅਸਥਾਨ ਬਣਾਨਾ ਯਾਦ ਨਾ ਰਹਿਆ ਹੋਵੇਗਾ ॥ ੨੮॥

੨੯—ਉਹ ਕਉਣ ਮਨੁਖ ਹਨ ਜੋ ਇਬ੍ਰਾਹੀਮ ਦੇ ਦੀਨ ਤੋਂ ਫਿਰ ਜਾਂਨ, ਪ੍ਰੰਤੂ ਜਿਸਨੇ ਅਪਣੀ ਜਾਨ ਨੂੰ ਮੂਰਖ ਬਣਾਇਆ ਅਰ ਨਿਸਚੇ ਅਸਾਂ ਨੇ ਦੁਨੀਆਂ ਵਿਚ ਉਸੇ ਨੂੰ ਪਸੰਦ ਕੀਤਾ ਅਰ ਨਿਸਚੇ ਆਖਰਤ ਵਿਚ ਉਹੋ ਹੀ ਨੇਕ ਹਨ। ਮੰ੦ ੧। ਸਿ੦ ੧। ਸੂ੦ ੨। ਆ੦ ੧੨੨॥

( ਸਮੀਖਕ ) ਏਹ ਕੀਕਣ ਹੋ ਸਕਦਾ ਹੈ ਕਿ ਜੋ ਇਬਰਾਹੀਮ ਦੇ ਦੀਨ ਨੂੰ ਨਹੀਂ ਮਨਦੇ ਉਹ ਸਭ ਮੂਰਖ ਹਨ, ਇਬਰਾਹੀਮ ਨੂੰ ਹੀ ਖੁਦਾ ਨੇ ਪਸੰਦ ਕੀਤਾ ਏਸਦਾ ਕੀ ਕਾਰਣ ਹੈ? ਜੇਕਰ ਧਰਮਾਤਮਾ ਹੋਣ ਦੇ ਕਾਰਣ ਕੀਤਾ ਤਾਂ ਧਰਮਾਤਮਾ ਹੋਰ ਬੀ ਬਹੁਤ ਹੋ ਸਕਦੇ ਹਨ। ਜੇਕਰ ਬਿਨਾ ਧਰਮਾ-ਤਮਾ ਹੋਣਦੇ ਹੀ ਪਸੰਦ ਕੀਤਾ ਤਾਂ ਅਨਿਆਂ ਹੋਇਆ। ਹਾਂ ਇਹ ਤਾਂ ਠੀਕਹੈ ਕਿ ਜੋ ਧਰਮਾਤਮਾ ਹੈ ਉਹੋ ਈਸ਼੍ਵਰ ਦਾ ਪਿਆਰਾ ਹੁੰਦਾ ਹੈ ਅਧਰਮੀ ਨਹੀਂ ॥ ੨੯॥

੩੦—ਨਿਸਚੇ ਅਸੀਂ ਤੇਰੇ ਮੂੰਹ ਨੂੰ ਅਸਮਾਨ ਵਿਚ ਫਿਰਦਾ ਵੇਖਨੇ ਹਾਂ, ਜਰੂਰ ਅਸੀਂ ਤੈਨੂੰ ਓਸ ਕਿਬਲੇ ਨੂੰ ਫੇਰਾਂਗੇ ਕਿ ਪਸੰਦ ਕਰੇ ਓਸਨੂੰ ਬਸ ਅਪਣਾ ਮੂੰਹ ਮਸਜਦੁਲਹਰਾਮ ਦੀ ਵਲ ਫੇਰ ਜਿੱਥੇ ਕਿਤੇ ਤੁਸੀ ਹੋ, ਅਪ-ਣਾ ਮੂੰਹ ਓਸ ਵਲ ਫੇਰ ਲੌ। ਮੰ੦ ੧। ਸਿ੦ ੨। ਸੂ੦ ੨। ਆ੦ ੧੩੫॥

( ਸਮੀਖਕ ) ਕੀ ਏਹ ਛੋਟੀ ਬੁਤਪ੍ਰਸਤੀ ਹੈ? ਨਹੀਂ ਵਡੀ। ( ਪੂਰਬਪਖੀ ) ਅਸੀਂ ਮੁਸਲਮਾਨ ਲੋਕ ਬੁਤਪ੍ਰਸਤ ( ਮੂਰਤੀ ਪੂਜਕ ) ਨਹੀਂ ਹਾਂ ਕਿੰਤੂ ਬੁਤਸ਼ਕਨ ਅਰਥਾਤ ਮੂਰਤੀ ਨੂੰ ਤੋੜਨ ਵਾਲੇ ਹਾਂ, ਕਿਉਂਕਿ ਅਸੀਂ ਕਿਬਲੇ ਨੂੰ ਖੁਦਾ ਨਹੀਂ ਸਮਝਦੇ। ( ਉਤ੍ਰਪੱਖੀ ) ਜਿਨ੍ਹਾਂ ਨੂੰ ਤੁਸੀਂ ਬੁਤ ਪ੍ਰਸਤ ( ਮੂਰਤੀ ਪੂਜਕ ) ਸਮਝਦੇ ਹੋ ਉਹ ਬੀ ਉਨ੍ਹਾਂ ਮੂਰਤੀਆਂ ਨੂੰ ਈਸ਼੍ਵਰ ਨਹੀਂ ਸਮਝਦੇ ਕਿੰਤੂ ਉਨ੍ਹਾਂ ਦੇ ਸਾਮਣੇ ਪਰਮੇਸ਼੍ਵਰ ਦੀ ਭਗਤੀ ਕਰਦੇ ਹਨ, ਜੇਕਰ ਬੁਤਾਂ ਨੂੰ ਤੋੜਨ ਹਾਰੇ ਹੋ ਤਾਂ ਉਸ ਮਸਜਿਦ ਕਿਬਲੇ ਵੱਡੇ ਬੁਤਨੂੰ ਕਿਉਂ ਨਹੀ ਤੋੜਿਆ? ( ਪੂਰਬ ਪਖੀ ) ਵਾਹਜੀ ਸਾਡੇ ਤਾਂ ਕਿਬਲੇਦੇ ਵਲ ਮੂੰਹ ਫੇਰਣਦਾ ਕੁਰਾਂਨਵਿਚ ਹੁਕਮ ਹੈ, ਅਰ ਇਨ੍ਹਾਂਨੂੰ ਵੇਦਵਿਚ ਨਹੀ ਹੈ ਫੇਰ ਉਹ ਬੁਤਪ੍ਰਸਤ ਕਿਉਂ ਨਹੀ, ਅਰ ਅਸੀ ਕਿਉਂ? ਕਿਉਂਕਿ ਸਾਨੂੰ ਖੁਦਾ ਦਾ ਹੁਕਮ ਮਨਣਾ ਜਰੂਰ ਹੈ। ( ਉਤ੍ਰ ਪਖੀ ) ਜੀਕਣ ਤੁਹਾਡੇ ਲਈ ਕੁਰਾਨ ਵਿਚ ਹੁਕਮ ਹੈ ਉਕਣ ਉਨ੍ਹਾਂਦੇ ਲਈ ਪੁਰਾਣ ਵਿਚ ਆਗਿਆ ਹੈ, ਜੀਕਣ ਤੁਸੀ ਕੁਰਾਂਨ ਨੂੰ ਖੁਦਾ ਦਾ ਕਲਾਮ ( ਵਾਕ ) ਸਮਝਦੇ ਹੋ ਉਕਣ ਪੁਰਾਣੀ ਬੀ ਪੁਰਾਣਾਂ ਨੂੰ ਖੁਦਾ ਦੇ ਅਵਤਾਰ ਬਿਆਸਜੀ ਦਾ ਬਚਨ ਸਮਝਦੇ ਹਨ। ਤੁਹਾਡੇ ਵਿਚ ਅਰ ਇਨ੍ਹਾਂਵਿਚ ਬੁਤਪ੍ਰਸਤੀ ਦਾ ਕੁਝ ਭਿੰਨ ਭੇਦ ਨਹੀ ਹੈ, ਉ-ਲਟੇ ਤੁਸੀ ਵਡੇ ਬੁਤਪ੍ਰਸਤ ( ਮੂਰਤੀ ਪੂਜਕ ) ਅਰ ਏਹ ਛੋਟੇ ਹਨ, ਜਦ ਤਿਕ ਕੋਈ ਮਨੁਖ ਅਪਣੇ ਘਰ ਵਿਚੋਂ ਵੜੀ ਹੋਈ ਬਿੱਲੀ ਨੂੰ ਕਢਣ ਲਗੇ ਤਦਤਿਕ ਉਸਦੇ ਘਰਵਿਚ ਉਠ ਵੜ ਜਾਵੇ ਉਕਣ ਹੀ ਮੁਹਮਦ ਸਾਹਿਬ ਨੇ ਛੋਟੇ ਬੁਤ ( ਮੂਰਤੀ ) ਨੂੰ ਮੁਸਲਮਾਨਾਂ ਦੇ ਮਤ ਥੀਂ ਕਢਿਆ ਪ੍ਰੰਤੂ ਵਡਾ ਬੁਤ ( ਮੂਰਤੀ ) ਜਿਹੜਾ ਕਿ ਪਹਾੜ ਵਾਙਣ ਮੱਕੇ ਦੀ ਮਸੀਤ ਹੈ ਉਹ ਸਭਣਾ ਮੁਸਲਮਾਨਾਂ ਦੇ ਮਤ ਵਿਚ ਘੁਸੇੜ ਦਿਤੀ, ਕੀ ਏਹ ਛੋਟੀ ਬੁਤਪ੍ਰਸਤੀ ਹੈ? ਹਾਂ ਜੀਕਣ ਅਸੀਲੋਕ ਵੈਦਕ ਹਾਂ ਉਕਣ ਤੁਸੀਲੋਕ ਬੀ ਵੈਦਕ ਹੋ ਜਾਓ ਤਾਂ ਬੁਤਪ੍ਰਸਤੀ ਆਦੀ ਬੁਰਾਈਆਂ ਥੀਂ ਬਚ ਸਕੋ ਹੋਰਤਰਾਂ ਨਹੀ । ਤੁਸੀ ਜਦ ਤਿਕ ਅਪਣੀ ਵਡੀ ਬੁਤਪ੍ਰਸਤੀ ਨੂੰ ਨਾ ਕਢ ਦੇਓ ਤਦ ਤਿਕ ਦੂਜੇ ਛੋਟੇ ਬੁਤਪ੍ਰਸਤਾਂ ( ਮੂਰਤੀ ਪੂਜਕਾਂ ) ਦੇ ਖੰਡਨ ਥੀਂ ਲਜੱਤ ਹੋਕੇ ਪਰੇ ਰਹਣਾ ਚਾਹੀਏ, ਅਰ ਆਪ ਨੂੰ ਬੁਤਪ੍ਰਸਤੀ ਥੀਂ ਪਰੇ ਕਰਕੇ ਪਵਿਤ੍ਰ ਕਰਨਾ ਚਾਹੀਏ ॥ ੩੦ ॥

੩੧–ਜੋ ਲੋਕ ਅੱਲਾਹ ਦੇ ਰਾਹ ਵਿਚ ਮਾਰੇ ਜਾਂਦੇ ਹਨ ਉਨ੍ਹਾਂ ਦੇ ਵਾਸਤੇ ਏਹ ਮਤ ਕਹੋ ਕਿ ਏਹ ਮੁਰਦੇ ਹਨ ਕਿੰਤੂ ਉਹ ਜੀਉਂਦੇ ਹਨ। ਮੰ० ੧। ਸਿ० ੨। ਸੂ० ੨। ਆ० ੧੪੪ ॥

( ਸਮੀਖਕ ) ਭਲਾ ਈਸ਼੍ਵਰ ਦੇ ਮਾਰਗ ਵਿਚ ਮਰਨੇ ਮਾਰਨੇ ਦੀ ਕੀ ਜਰੂਰਤ ਹੈ ? ਏਹ ਕਿਉਂ ਨਹੀਂ ਕਹਿੰਦੇ ਹੋ ਕਿ ਏਹ ਬਾਤ ਅਪਣੇ ਮਤਲਬ

ਸਿਧ ਕਰਨ ਦੇ ਵਾਸਤੇ ਹੈ ਕਿ ਇਹ ਲੋਭ ਦੇਵਾਂਗੇ ਤਾਂ ਲੋਕ ਖੂਬ ਲੜਨ ਗੇ, ਅਪਣੀ ਜਿਤ ਹੋਵੇਗੀ, ਮਾਰਣ ਥੀਂ ਨਾ ਡਰਾਂਗੇ, ਲੁਟ ਮਾਰ ਕਰਨ ਕਰਕੇ ਈਸ਼ੂਰਜ ਪ੍ਰਾਪਤ ਹੋਵੇਗਾ, ਫੇਰ ਵਿਸ਼ਿਆਨੰਦ ਕਰਾਂਗੇ ਇਤਆਦੀ ਪ੍ਰੋਜਨ ਦੇ ਲਈ ਇਹ ਉਲਟਾ ਵਿਹਾਰ ਕੀਤਾ ਹੈ ॥ ੩੧ ॥

੩੨–ਅਰ ਇਹ ਕੀ ਅਲੱਹ ਡਾਢਾ ਦੁਖ ਦੇਣ ਵਾਲਾ ਹੈ, ਸ਼ੈਤਾਂਨ ਦੇ ਪਿਛੇ ਮਤ ਚਲੋ ਨਿਸਚੇ ਉਹ ਤੁਹਾਡਾ ਪ੍ਰਤਖ ਵੈਰੀ ਹੈ, ਓਸਦੇ ਬਗੈਰ ਹੋਰ ਕੋਈ ਨਹੀਂ ਕਿ ਬੁਰਿਆਈ ਅਰ ਨਿਰਲਜਤਾ ਦੀ ਆਗਿਆ ਦੇਵੇ, ਅਰ ਇਹ ਕਿ ਤੁਸੀ ਕਹੋ ਅਲੱਹ ਉੱਤੇ ਜੋ ਨਹੀਂ ਜਾਂਣਦੇ। ਮੰ० ੧। ਸਿ० ੨। ਸੂ० ੨। ਆ० ੧੫੧। ੧੫੪। ੧੫੫॥

(ਸਮੀਖਕ) ਕੀ ਡਾਢਾ ਦੁਖ ਦੇਣ ਵਾਲਾ ਦਇਆਲੂ ਖੁਦਾ ਪਾਪੀਆਂ ਪੁੰਨ ਆਤਮਾ ਉਤੇ ਹੈ ਅਥਵਾ ਮੁਸਲਮਾਨਾਂ ਉਤੇ ਦਇਆਲੂ ਅਰ ਹੋਰਨਾ ਉਤੇ ਦਇਆ ਹੀਨਹੈ?ਜੇਕਰ ਅਜਿਹਾ ਹੈ ਤਾਂ ਉਹ ਈਸ਼ੂਰ ਹੀ ਨਹੀਂ ਹੋਸਕਦਾ, ਅਰ ਪਖਪਾਤੀ ਨਹੀਂ ਹੈ ਤਾਂ ਜੋ ਮਨੁਖੱ ਕਿਤੇ ਧਰਮ ਕਰੇਗਾ ਓਸ ਉਤੇ ਈਸ਼ੂਰ ਦਇਆਲੂ, ਅਰ ਜੋ ਅਧਰਮ ਕਰੇਗਾ ਓਸਉਤੇ ਡੰਡਦਾਤਾ ਹੋਵੇਗਾ, ਤਾਂ ਫੇਰ ਵਿਚਕਾਰ ਮੁਹਮੱਦ ਸਾਹਿਬ ਅਰ ਕੁਰਾਂਨ ਨੂੰ ਮਨਣਾ ਜਰੂਰੀ ਨਾ ਰਹਿਆ, ਅਰ ਜੋ ਸਭ ਨੂੰ ਬੁਰਿਆਈ ਕਰਾਣ ਵਾਲਾ ਮਨੁਖੱ ਮਾਤ੍ਰ ਦਾ ਵੈਰੀ ਸ਼ੈਤਾਂਨ ਹੈ ਓਸਨੂੰ ਖੁਦਾ ਨੇ ਪੈਦਾਹੀ ਕਿਉਂਕੀਤਾ?ਕੀ ਉਹ ਅਗੇ ਦੀ ਗੱਲ ਨਹੀਂ ਜਾਂਣਦਾ ਸੀ ? ਜੇ ਕਹੋ ਕਿ ਜਾਂਣਦਾ ਸੀ ਪ੍ਰੰਤੂ ਪ੍ਰੀਖਿਆ ਦੇ ਲਈ ਬਣਾਇਆ ਤਾਂ ਬੀ ਨਹੀਂ ਬਣ ਸਕਦਾ, ਕਿਉਂ ਜੋ ਪ੍ਰੀਖਿਆ ਕਰਨਾ ਅਲਪਗੱ ਦਾ ਕੰਮ ਹੈ, ਸਰਬਗੱ ਤਾਂ ਸਭ ਜੀਵਾਂ ਦੇ ਚੰਗੇ ਮੰਦੇ ਕਰਮਾਂ ਨੂੰ ਸਦਾ ਥੀਂ ਠੀਕ ਠੀਕ ਜਾਂਣਦਾ ਹੈ, ਅਰ ਸ਼ੈਤਾਂਨ ਸਭ ਨੂੰ ਬਕਾਂਦਾ ਹੈ ਤਾਂ ਸ਼ੈਤਾਂਨ ਨੂੰ ਕਿਸਨੇ ਬਕਾਇਆ? ਜੇ ਕਹੋ ਕਿ ਸ਼ੈਤਾਂਨ ਆਪ ਥੀਂ ਆਪ ਬਹਕਦਾ ਹੈ ਤਾਂ ਹੋਰ ਬੀ ਅਪਣੇ ਆਪ ਬਹਕ ਸਕਦੇ ਹਨ ਵਿਚਕਾਰ ਸ਼ੈਤਾਂਨ ਦਾ ਕੀ ਕੰਮ ? ਅਰ ਜੇ ਖੁਦਾ ਨੇ ਸ਼ੈਤਾਂਨ ਨੂੰ ਬਕਾਇਆ ਤਾਂ ਖੁਦਾ ਸ਼ੈਤਾਂਨ ਦਾ ਬੀ ਸ਼ੈਤਾਂਨ ਠਹਰੇਗਾ, ਅਜਿਹੀ ਬਾਤ ਈਸ਼ੂਰ ਦੀ ਨਹੀਂ ਹੋ ਸਕਦੀ, ਅਰ ਜੋ ਕੋਈ ਬਕਾਂਦਾ ਹੈ ਉਹ ਕੁਸੰਗ ਤਥਾ ਅਵਿਦਿਆ ਥੀਂ ਭ੍ਰਮ ਵਿਚ ਹੁੰਦਾ ਹੈ ॥ ੩੨ ॥

੩੩––ਤੁਹਾਡੇ ਉੱਤੇ ਮੁਰਦਾਰ, ਲਹੂ, ਅਰ ਗੋਸ਼ਤ ਸੂਰਦਾ ਹਰਾਮ ਹੈ ਅਰ ਅੱਲਾ ਦੇ ਬਿਨਾ ਜਿਸ ਉੱਤੇ ਕੁਝ ਪੁਕਾਰਿਆ ਜਾਵੇ। ਮੰ० ੧। ਸਿ० ੨। ਸੂ० ੨ ਆ० ੧੫੯ ॥

( ਸਮੀਖਕ )· ਏਥੇ ਵਿਚਾਰਨਾ ਚਾਹੀਏ ਕਿ ਮੁਰਦਾ ਭਾਵੇਂ ਆਪਥੀਂ ਆਪ ਮਰੇ ਵਾ ਕਿਸੇ ਦੇ ਮਾਰਣ ਨਾਲ ਦੋਨੋਂ ਬਰਾਬਰ ਹਨ। ਹਾਂ ਇਨ੍ਹਾਂ ਵਿਚ ਕੁਝ ਭੇਦ ਬੀ ਹੈ, ਤਥਾ ਪੀ ਮੁਰਦੇਪਨ ਵਿਚ ਕੁਝ ਭੇਦ ਨਹੀਂ,ਅਰ ਜਦ ਇਕ

ਸੂਰ ਦਾ ਨਖੇਧ ਕੀਤਾ ਤਾਂ ਕੀ ਮਨੁਖ ਦਾ ਮਾਸ ਖਾਣਾ ਉਚੱਤ ਹੈ? ਕੀ ਇਹ ਗਲ ਚੰਗੀ ਹੋ ਸਕਦੀ ਹੈ ਕਿ ਪਰਮੇਸ਼ੁਰ ਦੇ ਨਾਮ ਉਤੇ ਵੈਰੀ ਆਦੀ ਨੂੰ ਅਤਯੰਤ ਦੁਖ ਦੇਕੇ ਪ੍ਰਾਣ ਹਤਿਆ ਕਰਨੀ? ਇਸ ਥੀਂ ਈਸ਼ੂਰ ਦਾ ਨਾਮ ਕਲੰਕਿਤ ਹੋ ਜਾਂਦਾ ਹੈ, ਹਾਂ ਈਸ਼ੂਰ ਨੇ ਬਿਨਾ ਪੂਰਬ ਜਨਮ ਦੇ ਅਪ੍ਰਾਧ ਦੇ, ਮੁਸਲਮਾਨਾਂ ਦੇ ਹਥੋਂ ਡਾਢਾ ਦੁਖ ਕਿਉਂ ਦਿਵਾਇਆ? ਕੀ ਉਨ੍ਹਾਂ ਉਤੇ ਦਇਆਲੂ ਨਹੀਂ ਹੈ? ਉਨ੍ਹਾਂ ਨੂੰ ਪੁਤ੍ਰ ਦੀ ਨਿਆਂਈ ਨਹੀਂ ਮਨਦਾ? ਜਿਸ ਵਸਤੂ ਥੀਂ ਵਧੀਕ ਉਪਕਾਰ ਹੋਵੇ ਉਨ੍ਹਾਂ ਗਊ ਆਦੀ ਦੇ ਮਾਰਣ ਦਾ ਨਖੇਧ ਨਾ ਕਰਨਾ ਜਾਣੋਂ ਹਤਿਆ ਕਰਾਕੇ ਖੁਦਾ ਜਗਤ ਦੀ ਹਾਨੀ ਕਰਾਂਦਾ ਹੈ, ਹਿੰਸਾ ਰੂਪੀ ਪਾਪ ਥੀਂ ਕਲੰਕਿਤ ਬੀ ਹੋ ਜਾਂਦਾ ਹੈ, ਅਜਿਹੀਆਂ ਬਾਤਾਂ ਖੁਦਾ ਅਰ ਖੁਦਾ ਦੇ ਗ੍ਰੰਥ ਦੀਆਂ ਕਦੀ ਨਹੀਂ ਹੋ ਸਕਦੀਆਂ ॥ ੩੩ ॥

੩੪—ਰੋਜ਼ੇ ਦੀ ਰਾਤ ਤੁਹਾਡੇ ਵਾਸਤੇ ਹਲਾਲ ਕੀਤੀ ਗਈ ਕਿ ਮਦਨ ਉਤਸਵ ਕਰਨਾ ਅਪਣੀਆਂ ਵਹੁਟੀਆਂ ਨਾਲ, ਉਹ ਤੁਹਾਡੇ ਵਾਸਤੇ ਪਰਦਾ ਹਨ, ਅਰ ਤੁਸੀਂ ਉਨ੍ਹਾਂ ਦੇ ਵਾਸਤੇ ਪਰਦਾ ਹੋ, ਅੱਲਾਹ ਨੇ ਜਾਣਿਆਂ ਕਿ ਤੁਸੀ ਚੋਰੀ ਕਰਦੇ ਹੋ ਅਰਥਾਤ ਬਿਭਚਾਰ ਬਸ, ਫਿਰ ਅੱਲਾਹ ਨੇ ਖਿਮਾ ਕੀਤਾ ਤੁਹਾਨੂੰ, ਬਸ ਉਨ੍ਹਾਂ ਨੂੰ ਮਿਲੋ ਅਰ ਲੱਭੋ ਜੋ ਅੱਲਾਹ ਨੇ ਤੁਹਾਡੇ ਵਾਸਤੇ ਲਿਖ ਦਿੱਤਾ ਹੈ ਅਰਥਾਤ ਸੰਤਾਨ, ਖਾਓ ਪੀਓ ਏਥੋਂ ਤਿਕ ਕਿ ਪ੍ਰਗਟ ਹੋਵੇ ਤੁਹਾਡੇ ਵਾਸਤੇ ਕਾਲੇ ਧਾਗੇ ਥੀਂ ਸੁਪੇਦ ਧਾਗਾ, ਵਾ ਰਾਤ ਥੀਂ ਜਦ ਦਿਨ ਨਿਕਲੇ। ਮੰ० ੧। ਸਿ० ੨। ਸੂ० ੨। ਆ०੧੮੭ ॥

( ਸਮੀਖਕ ) ਏਥੋਂ ਇਹ ਨਿਸਚੇ ਹੁੰਦਾ ਹੈ ਕਿ ਜਦ ਮੁਸਲਮਾਨਾਂ ਦਾ ਮਤ ਚਲਿਆ ਵਾ ਓਸ ਤੋਂ ਪਹਿਲੇ ਕਿਸੇ ਨੇ ਕਿਸੀ ਪੁਰਾਣਕ ਨੂੰ ਪੁਛਿਆ ਹੋਵੇਗਾ ਕਿ ਚੰਦ੍ਰਾਇਣ ਬ੍ਰਤ ਜੋ ਇਕ ਮਹੀਨੇ ਭਰਦਾ ਹੁੰਦਾ ਹੈ ਓਸਦੀ ਬਿਧੀ ਕੀ ਹੈ? ਉਹ ਸ਼ਾਸਤ੍ਰ ਬਿਧੀ ਜੋ ਕਿ ਦੁਪਹਿਰ ਵੇਲੇ ਚੰਦ੍ਰਮਾ ਦੀ ਕਲਾ ਘੱਟਣ ਵੱਧਣ ਦੇ ਅਨੁਸਾਰ ਗ੍ਰਾਹੀਆਂ ਦਾ ਘਟਣਾ ਵਧਣਾ ਅਰ ਦੁਪਹਿਰ ਦਿਨ ਵਿਚ ਖਾਣਾ ਲਿਖਿਆ ਹੈ ਓਸ ਨੂੰ ਨਾ ਜਾਂਣਕੇ ਕਹਿਆ ਹੋਵੇਗਾ ਕਿ ਚੰਦ੍ਰਮਾ ਦਾ ਦਰਸ਼ਨ ਕਰਕੇ ਖਾਣਾ, ਓਸ ਨੂੰ ਇਨ੍ਹਾਂ ਮੁਸਲਮਾਨਾਂ ਲੋਕਾਂ ਨੇ ਇਸ ਪ੍ਰ-ਕਾਰ ਦਾ ਕਰ ਲੀਤਾ, ਪ੍ਰੰਤੂ ਬ੍ਰਤ ਵਿਚ ਇਸਤ੍ਰੀਸਮਾਗਮ ਦਾ ਤਿਆਗ ਹੈ ਉਹ ਇਕ ਗਲ ਖੁਦਾ ਨੇ ਵਧੀਕ ਕਹ ਦਿੱਤੀ ਕਿ ਤੁਸੀਂ ਇਸਤ੍ਰੀਆਂ ਦਾ ਬੀ ਸਮਾਗਮ ਕੀਤਾ ਕਰੋ, ਅਰ ਰਾਤ ਵਿਚ ਭਾਵੇਂ ਅਨੇਕਵਾਰ ਖਾਓ, ਭਲਾ ਇਹ ਵਰਤ ਕੀ ਹੋਇਆ? ਦਿਨ ਨੂੰ ਨਾ ਖਾਧਾ ਰਾਤ ਨੂੰ ਖਾਂਦੇ ਰਹੇ ਇਹ ਸ੍ਰਿਸ਼ਟੀ ਕ੍ਰਮ ਥੀਂ ਉਲਟ ਹੈ ਕਿ ਦਿਨ ਵਿਚ ਨਾ ਖਾਣਾ ਰਾਤ ਨੂੰ ਖਾਣਾ ॥ ੩੪ ॥

੩੫—ਅਲੱਹ ਦੇ ਮਾਰਗ ਵਿਚ ਲੜੋ ਉਨ੍ਹਾਂ ਨਾਲ ਜੋ ਤੁਹਾਡੇ ਨਾਲ ਲੜਦੇ ਹਨ। ਮਾਰ ਸੁਟੋ ਤੁਸੀ ਉਨ੍ਹਾਂ ਨੂੰ ਜਿਥੇ ਪਾਓ ਕਤਲ ਥੀਂ ਬੁਰਾ

ਕੁਫਰ ਹੈ ਏਥੋਂ ਤਿਕ ਉਨ੍ਹਾਂ ਨਾਲ ਲੜੋ ਕਿ ਕੁਫਰ ਨਾ ਰਹੇ ਅਰ ਹੋਵੇ ਦੀਨ ਅਲੱਹ ਦਾ, ਉਨ੍ਹਾਂ ਨੇ ਜਿੱਨੀ ਵਧੀਕੀ ਕੀਤੀ ਤੁਹਾਡੇ ਉਤੇ ਉੱਨੀਹੀ ਤੁਸੀ ਉਨ੍ਹਾਂ ਦੇ ਨਾਲ ਕਰੋ। ਮੰ੦ ੧ । ਸਿ੦ ੧ ਸੂ੦ ੨ ।ਆ੦ ੧੭੪ । ੧੭੫। ੧੭੬। ੧੭੭।੧੭੮।੧੭੯॥

(ਸਮੀਖਕ) ਜੇ ਕੁਰਾਂਨ ਵਿਚ ਅਜਿਹੀਆਂ ਬਾਤਾਂ ਨਾ ਹੁੰਦੀਆਂ ਤਾਂ ਮੁਸਲਮਾਨ ਲੋਗ ਇਨੱਾ ਵਡਾ ਅਪ੍ਰਾਧ ਜੋਕਿ ਹੋਰ ਮਤਵਾਲਿਆਂ ਉਤੇ ਕੀਤਾ ਹੈ ਨਾ ਕਰਦੇ,ਅਰ ਬਿਨਾ ਅਪ੍ਰਾਧ ਦੇ ਮਾਰਨਾ ਉਨ੍ਹਾਂ ਉਤੇ ਵਡਾ ਪਾਪ ਹੈ, ਜਿਹੜਾ ਮੁਸਲਮਾਂਨ ਦੇ ਮਤ ਦਾ ਗ੍ਰਹਣ ਨਾ ਕਰਨਾ ਹੈ ਓਸ ਨੂੰ ਕੁਫਰ ਕਹੰਦੇ ਹਨ ਅਰਥਾਤ ਕੁਫਰ ਥੀਂ ਕਤਲ ਨੂੰ ਮੁਸਲਮਾਨ ਲੋਗ ਚੰਗਾ ਮਨਦੇ ਹਨ ਅਰਥਾਤ ਜੋ ਸਾਡੇ ਦੀਨ ਨੂੰ ਨਾ ਮਨੇਗਾ ਓਸਨੂੰ ਅਸੀ ਕਤਲ ਕਰਾਂਗੇ, ਸੋ ਕਰਦੇ ਹੀ ਆਏ, ਮਜਹਬ ਉਤੇ ਲੜਦੇ ਲੜਦੇ ਆਪ ਹੀ ਰਾਜ ਆਦੀ ਥੀਂ ਨਸ਼ਟ ਹੋਗਏ ਅਰ ਉਨ੍ਹਾਂ ਦਾ ਮਨ ਹੋਰ ਮਤ ਵਾਲਿਆਂ ਉਤੇ ਅਤੀ ਕਠਉਰ ਰਹੰਦਾ ਹੈ, ਕੀ ਚੋਰੀ ਦਾ ਬਦਲਾ ਚੋਰੀ ਹੈ? ਕਿ ਜਿਨੱਾ ਅਪ੍ਰਾਧ ਸਾਡਾ ਚੋਰ ਆਦੀ ਚੋਰੀ ਕਰਕੇ ਕਰਨ ਕੀ ਅਸੀ ਬੀ ਚੋਰੀ ਕਰੀਏ? ਇਹ ਸਰਬਥਾ ਅਨਿਆਂ ਦੀ ਬਾਤ ਹੈ, ਕੀ ਕੋਈ ਅਗਿਆਂਨੀ ਸਾਨੂੰ ਗਾਲੱਾਂ ਦੇਵੇ ਕੀ ਅਸੀ ਬੀ ਉਸਨੂੰ ਗਾਲਾਂ ਦੇਈਏ ? ਏਹ ਬਾਤ ਨਾ ਈਸ਼੍ਵਰ ਦੀ ਨਾ ਈਸ਼੍ਵਰ ਦੇ ਭਗਤ ਵਿਦਵਾਂਨ ਦੀ ਅਰਨਾ ਈਸ਼੍ਵਰ ਦੇ ਕਹੇ ਗ੍ਰੰਥ ਦੀ ਹੋਸਕਦੀ ਹੈ, ਏਹ ਤਾਂ ਨਿਰੇ ਸ੍ਵਾਰਥੀ ਗਿਆਂਨ ਰਹਿਤ ਮਨੁਖੱ ਦੀ ਹੈ ॥ ੩੫ ॥

੩੬—ਅੱਲਾ ਝਗੜੇ ਨੂੰ ਮਿਤ੍ਰ ਨਹੀਂ ਕਰਦਾ,ਹੇ ਲੋਕੋ ਜੇ ਈਮਾਨ ਲਿਆਏ ਹੋ ਅਸਲਾਮ ਵਿਚ ਆਜਾਓ। ਮੰ੦ ੧ । ਸਿ੦ ੨। ਸੂ੦ ੨ ਆ੦ ੧੯੦ । ੧੯੩ ॥

( ਸਮੀਖਕ ) ਜੋ ਝਗੜਾ ਕਰਨਨੂੰ ਖੁਦਾ ਮਿਤ੍ਰ ਨਹੀ ਸਮਝਦਾ ਤਾਂ ਕਿਉਂ ਆਪ ਹੀ ਮੁਸਲਮਾਨਾਂ ਨੂੰ ਝਗੜਾ ਕਰਨਵਿਚ ਪ੍ਰੇਰਨਾ ਕਰਦਾ? ਅਰ ਝਗੜਾ ਕਰਨਵਾਲੇ ਮੁਸਲਮਾਨਾਂ ਨਾਲ ਮਿਤ੍ਰਤਾ ਕਿਉਂ ਕਰਦਾ ਹੈ? ਕੀ ਮੁਸਲਮਾਨਾਂ ਦੇ ਮਤਵਿਚ ਮਿਲਣ ਨਾਲ ਹੀ ਖੁਦਾ ਰਾਜੀ ਹੈ ਤਾਂ ਉਹ ਮੁਸਲਮਾਨਾਂ ਦਾਹੀ ਪਖੀ ਹੈ ਸਭ ਸੰਸਾਰ ਦਾ ਈਸ਼੍ਵਰ ਨਹੀ, ਏਸਥੀਂ ਏਥੇ ਇਹ ਮਲੂੰਮ ਹੁੰਦਾ ਹੈ ਕਿ ਨਾ ਕੁਰਾਂਨ ਈਸ਼੍ਵਰ ਕ੍ਰਿਤ ਅਰ ਨਾ ਏਸਵਿਚ ਕਿਹਾ ਹੋਇਆ ਈਸ਼੍ਵਰ ਹੋ ਸਕਦਾ ਹੈ ॥ ੩੬ ॥

੩੭—ਖੁਦਾ ਜਿਸਨੂੰ ਚਾਹੇ ਅਨੰਤ ਰਿਜਕ ਦੇਵੇ। ਮੰ੦ ੧ ਸਿ੦ ੨ । ਸੂ੦ ੨ । ਆ੦ ੧੯੭ ॥

( ਸਮੀਖਕ ) ਕੀ, ਬਿਨਾ ਪਾਪ ਪੁੰਨਦੇ ਖੁਦਾ ਐਵੇਂ ਹੀ ਰਿਜਕ ਦਿੰਦਾ ਹੈ ? ਫੇਰ ਭਲਾਈ ਬੁਰਾਈ ਦਾ ਕਰਨਾ ਇਕੋ ਜਿਹਾਹੀ ਹੋਇਆ, ਕਿਉਂਜੋ

ਸੁਖ ਦੁਖ ਪ੍ਰਾਪਤ ਹੋਣਾ ਓਸਦੀ ਇਛਿਆ ਉਤੇ ਹੈ, ਏਸਲਈ ਧਰਮ ਤੋਂ ਬੇਮੁਖ ਹੋਕੇ ਮੁਸਲਮਾਨ ਲੋਕ ਮਨਮਾਨੇ ਕਰਮ ਕਰਦੇ ਹਨ, ਅਰ ਕੋਈ ਕੋਈ ਏਸ ਕੁਰਾਂਨਦੀ ਕਹੀ ਹੋਈ ਗਲ ਉਤੇ ਨਿਸਚਾ ਨਾ ਕਰਕੇ ਧਰਮਾਤਮਾ ਬੀ ਹੁੰਦੇ ਹਨ ॥ ੩੭ ॥

੩੮—ਪ੍ਰਸ਼ਨ ਕਰਦੇ ਹਨ ਤੇਰੇ ਕੋਲੋਂ ਰਜਸੁੱਲਾ ਦਾ ਕਹੋ ਉਹ ਅਪਵਿਤ੍ਰ ਹਨ, ਵਖਰੇ ਰਹੋ ਰਿਤੂ ਸਮੇਂ ਵਿਚ ਉਨ੍ਹਾਂਦੇ ਕੋਲ ਮਤ ਜਾਓ, ਜਦ ਤਿਕ ਉਹ ਪਵਿਤ੍ਰ ਨਾ ਹੋਂਨ, ਜਦ ਨ੍ਹਾ ਲੈਨ ਉਨ੍ਹਾਂਦੇ ਪਾਸ ਓਸ ਥਾਂ ਥੀਂ ਜਾਓ, ਖੁਦਾਨੈ ਆਗਿਆ ਦਿਤੀ ਤੁਹਾਡੀਆਂ ਵਹੁਟੀਆਂ ਤੁਹਾਡੇ ਵਾਸਤੇ ਖੇ-ਤੀਆਂ ਹਨ, ਬਸ ਜਾਓ ਜਿਸਤਰਾਂ ਚਾਹੋ ਅਪਣੇ ਖੇਤਵਿਚ, ਤੁਹਾਨੂੰ ਅੱਲਾਹ ਬੇਕਾਰ ਸਹੋਂਵਿਚ ਨਹੀ ਪਕੜਦਾ ॥ ਮੰ੦ ੧ । ਸਿ੦ ੨ । ਸੂ੦ ੨ । ਆ੦ ੨੦੫ । ੨੦੬ । ੨੦੮ ॥

( ਸਮੀਖਕ ) ਜੋ ਏਹ ਰਜੱਸੁਲਾਦਾ ਸਪਰਸ਼ ਸੰਗ ਨਾ ਕਰਨਾ ਲਿ-ਖਿਆ ਹੈ ਉਹ ਚੰਗੀ ਬਾਤ ਹੈ, ਪ੍ਰੰਤੂ ਜੋ ਇਹ ਇਸਤ੍ਰੀਆਂ ਨੂੰ ਖੇਤੀ ਦੇਤੁਲ ਲਿਖਿਆ ਹੈ, ਅਰ ਜੀਕਣ ਜਿਸਤਰਾਂ ਨਾਲ ਚਾਹੋ ਜਾਓ ਇਹ ਮਨੁਖਾਂ ਨੂੰ ਵਿਸ਼ਈ ਕਰਨ ਦਾ ਕਾਰਣ ਹੈ, ਜੇ ਖੁਦਾ ਐਵੇਂ ਸਹੋਂ ਵਿਚ ਨਹੀ ਪਕੜਦਾ ਤਾਂ ਸਭ ਝੂਠ ਬੋਲਨਗੇ, ਸਹੋਂ ਤੋੜਨ ਗੇ । ਏਸਥੀਂ ਖੁਦਾ ਝੂਠਦਾ ਪਰਵਰਤਕ ਹੋਵੇ-ਗਾ ॥ ੩੮ ॥

( ੩੯ ) ਉਹ ਕਉਣ ਮਨੁਖ ਹੈ ਜੋ ਅਲਾਹ ਨੂੰ ਉਧਾਰ ਦੇਵੇ, ਅਛਾ ਬਸ ਅੱਲਾਹ ਦੂਣਾ ਕਰੇ ਓਸਨੂੰ ਓਸਦੇ ਵਾਸਤੇ । ਮੰ੦ ੧ । ਸਿ੦ ੨ । ਸੂ੦ ੨ । ਆ੦ ੨੨੭ ॥

( ਸਮੀਖਕ ) ਭਲਾ ਖੁਦਾ ਨੂੰ *ਉਧਾਰ ਲੈਣ ਦਾ ਕੀ ਪ੍ਰੋਜਨ ? ਜਿਸਨੈ ਸਾਰੇ ਸੰਸਾਰ ਨੂੰ ਬਣਾਇਆ ਉਹ ਮਨੁਖੱ ਤੋਂ ਕਰਜ ਲੈਂਦਾ ਹੈ ਕਦਾਪੀ ਨਹੀਂ । ਇਹ ਤਾਂ ਬਿਨਾ ਸਮਝੇ ਕਿਹਾ ਜਾ ਸਕਦਾ ਹੈ, ਕੀ ਓਸਦਾ ਖਜਾਨਾ ਖਾਲੀ ਹੋਗਿਆ ਸੀ ? ਕੀ ਉਹ ਹੁੰਡੀ ਪਰਚਾ ਬਪਾਰ ਆਦੀ ਵਿਚ ਮਗਨ ਹੋਣ ਕਰਕੇ ਟੋਟੇ ਵਿਚ ਫਸ ਗਿਆ ਸੀ ਜੋ ਉਹ ਉਧਾਰ ਲੈਣ ਲਗੱ,

---

*ਇਸੇ ਆਇਤ ਦੇ ਭਾਸ਼ ਵਿਚ ਤਫਸੀਰ ਹੁਸੈਨੀ ਵਿਚ ਲਿਖਿਆ ਹੈ ਕਿ ਇਕ ਮਨੁਖੱ ਮੁਹਮੱਦ ਸਾਹਿਬ ਦੇ ਪਾਸ ਆਇਆ, ਓਸਨੈ ਕਹਿਆ ਕਿ ਹੇ ਰਸੂਲ ਅਲੱਾਹ ਖੁਦਾ ਕਿਉਂ ਕਰਜ ਮੰਗਦਾ ਹੈ? ਉਨ੍ਹਾਂ ਨੈ ਉਤ੍ਰ ਦਿਤੱਾ ਕਿ ਤੁਹਾਨੂੰ ਬਿਹਿਸ਼ਤ ਵਿਚ ਲੈ ਜਾਂਣ ਦੇ ਵਾਸਤੇ, ਓਸਨੈ ਕਹਿਆ ਜੇ ਤੁਸੀ ਜਮਾਨਤ ਦੇਓ ਤਾਂ ਮੈਂ ਦੇਵਾਂ, ਮੁਹਮੱਦ ਸਾਹਿਬ ਨੈ ਓਸਨੂੰ ਜਮਾਨਤ ਦਿਤੀ ਖੁਦਾ ਦਾ ਅਤਬਾਰ ਨਾ ਹੋਇਆ, ਓਸਦੇ ਦੂਤ ਦਾ ਹੋਇਆ ॥

ਅਰ ਇਕ ਦਾ ਦੋ ਦੋ ਦੇਣਾ ਸ੍ਵੀਕਾਰ ਕਰਦਾ ਹੈ, ਕੀ ਇਹ ਸ਼ਾਹੂਕਾਰਾਂ ਦਾ ਕੰਮ ਹੈ? ਕਿੰਤੂ ਅਜਿਹਾ ਕੰਮ ਤਾਂ ਦਿਵਾਲੀਆਂ ਵਾ ਖਰਚ ਵਧੀਕ ਕਰਨ ਵਾਲੇ ਅਰ ਆਮਦਨ ਘਟ ਹੋਣ ਵਾਲਿਆਂ ਨੂੰ ਕਰਨਾ ਪੈਂਦਾ ਹੈ ਈਸ਼੍ਵਰ ਨੂੰ ਨਹੀਂ ॥੩੯॥

੪੦—ਉਨ੍ਹਾਂ ਵਿਚੋਂ ਕੋਈ ਈਮਾਨ ਨਾ ਲਿਆਇਆ, ਅਰ ਕੋਈ ਕਾਫਰ ਹੋਇਆ, ਜੇ ਅਲੱਾਹ ਚਾਹੰਦਾ ਨਾ ਲੜਦੇ, ਜੋ ਚਾਹੰਦਾ ਹੈ ਅਲਾਹ ਕਰਦਾ ਹੈ। ਮੰ० ੧। ਸਿ० ੩। ਸੂ० ੨। ਆ० ੨੩੫ ॥

(ਸਮੀਖਕ) ਕੀ ਜਿਨੀ ਲੜਾਈ ਹੁੰਦੀ ਹੈ ਉਹ ਈਸ਼੍ਵਰ ਦੀ ਇਛਿਆ ਨਾਲ ਹੁੰਦੀ ਹੈ ? ਕੀ ਉਹ ਅਧਰਮ ਕਰਨਾ ਚਾਹੇ ਤਾਂ ਕਰ ਸਕਦਾ ਹੈ ? ਜੇ ਇਹ ਗਲ ਹੈ ਤਾਂ ਉਹ ਖੁਦਾ ਹੀ ਨਹੀਂ, ਕਿਉਂਕਿ ਭਲੇ ਮਨੁਖਾਂ ਦਾ ਇਹ ਕੰਮ ਨਹੀਂ ਕਿ ਸ਼ਾਂਤੀ ਭੰਗ ਕਰਕੇ ਲੜਾਈ ਕਰਾਨ, ਇਸ ਤੋਂ ਵਿਦਤ ਹੁੰਦਾ ਹੈ ਕਿ ਇਹ ਕੁਰਾਂਨ ਨਾ ਈਸ਼੍ਵਰ ਦਾ ਬਣਾਇਆ, ਅਰ ਨਾ ਕਿਸੇ ਧਰਮਾਤਮਾ ਵਿਦਵਾਨਾਂ ਦਾ ਰਚਿਆ ਹੋਇਆ ਹੈ ॥ ੪੦ ॥

੪੧—ਜੋ ਕੁਝ ਅਸਮਾਨ ਉਤੇ, ਜਮੀਨ ਉੱਤੇ ਹੈ ਸਭ ਉਸੇ ਦੇ ਲਈ ਹੈ ॥ ਚਾਹੇ ਓਸ ਦੀ ਕੁਰਸੀ ਨੇ ਅਸਮਾਨ ਅਰ ਜਮੀਂਨ ਨੂੰ ਸਮਾ ਲੀਤਾ ਹੈ॥ ਮੰ० ੧ ਸਿ० ੩। ਸੂ० ੨। ਆ० ੨੩੭ ॥

( ਸਮੀਖਕ ) ਜੋ ਅਕਾਸ਼ ਅਰ ਭੂਮੀ ਵਿਚ ਪਦਾਰਥ ਹਨ ਉਹ ਸਭ ਜੀਵਾਂ ਦੇ ਵਾਸਤੇ ਪਰਮੇਸ਼੍ਵਰ ਨੇ ਉਤਪੰਨ ਕੀਤੇ ਹਨ, ਅਪਣੇ ਵਾਸਤੇ ਨਹੀਂ, ਕਿਉਂਕਿ ਉਹ ਪੂਰਣ ਕਾਮ ਹੈ ਅਰਥਾਤ ਓਸ ਨੂੰ ਕਿਸੇ ਪਦਾਰਥ ਦੀ ਲੋੜ ਨਹੀਂ, ਜਦ ਓਸ ਦੀ ਕੁਰਸੀ ਹੈ ਤਾਂ ਉਹ ਇਕ ਦੇਸ਼ੀ ਹੈ ਜੋ ਇਕ ਦੇਸ਼ੀ ਹੁੰਦਾ ਹੈ ਉਹ ਈਸ਼੍ਵਰ ਨਹੀਂ ਕਹਾਂਉਦਾ, ਕਿਂਉਕਿ ਈਸ਼੍ਵਰ ਤਾਂ ਬਿਆਪਕ ਹੈ ॥ ੪੧ ॥

੪੨—ਅੱਲਾਹ ਸੂਰਜ ਨੂੰ ਪੂਰਬ ਵਲੋਂ ਲਿਆਉਂਦਾ ਹੈ ਬਸ ਤੂੰ ਪਛੱਮ ਵਲੋਂ ਲੈ ਆ , ਬਸ ਜੋ ਕਾਫਰ ਹੈਰਾਂਨ ਹੋਇਆ ਸੀ ਨਿਸਚੇ ਅੱਲਾਹ ਪਾਪੀਆਂ ਨੂੰ ਰਾਹ ਨਹੀਂ ਦਿਖਾਂਦਾ॥ ਮੰ० ੧। ਸਿ० ੩। ਸੂ० ੨ । ਆ० ੨੪੦ ॥

(ਸਮੀਖਕ) ਵੇਖੋ ਇਹ ਅਵਿਦਿਆ ਦੀ ਬਾਤ ! ਸੂਰਜ ਨਾ ਪੂਰਬ ਥੀਂ ਪਛੱਮ ਅਰ ਨਾ ਪਛੱਮ ਥੀਂ ਪੂਰਬ ਕਦੀ ਆਉਂਦਾ ਜਾਂਦਾ ਹੈ ਉਹ ਤਾਂ ਅਪਣੀ ਪਰੀਧੀ ਵਿਚ ਭਉਂਦਾ ਰਹਿੰਦਾ ਹੈ, ਇਸ ਥੀਂ ਨਿਸਚੇ ਜਾਣਿਆਂ ਜਾਂਦਾ ਹੈ ਕਿ ਕੁਰਾਂਨ ਦੇ ਬਣਾਣ ਵਾਲੇ ਨੂੰ ਨਾ ਖਗੋਲ ਅਰ ਨਾ ਭੂਗੋਲ ਵਿਦਿਆ ਆਉਂਦੀ ਸੀ। ਜੇ ਪਾਪੀਆਂ ਨੂੰ ਰਾਹ ਨਹੀਂ ਦਸਦਾ ਤਾਂ ਪੁੰਨ ਆਤਮਾ ਮਨੁਖਾਂ ਦੇ ਲਈ ਬੀ ਮੁਸਲਮਾਨਾਂ ਦੇ ਖੁਦਾ ਦੀ ਜਰੂਰਤ ਨਹੀਂ, ਕਿਂਉਕਿ ਧਰਮੀ ਤਾਂ ਧਰਮ ਦੇ ਰਾਹ ਵਿਚ ਹੀ ਹੁੰਦੇ ਹਨ, ਰਾਹ ਤਾਂ ਧਰਮ ਤੋਂ ਭੁੱਲੇ ਹੋਏ ਮਨੁੱਖਾਂ ਨੂੰ ਦਸਣਾ ਹੁੰਦਾ ਹੈ, ਸੋ ਕਰਤਬ ਦੇ ਨਾ ਕਰਨ ਕਰਕੇ ਕੁਰਾਨ ਦੇ ਕਰਤਾ ਦੀ

ਵਡੀ ਭੁਲ ਹੈ ॥ ੪੨ ॥

੪੩–ਕਿਹਾ ਚਹੁੰ ਜਨਉਰਾਂ ਥੀਂ ਲੈ ਉਨ੍ਹਾਂ ਦੀ ਸੂਰਤ ਪਛਾਣ ਰਖ,ਫੇਰ ਪ੍ਰੱਤੇਕ ਪਹਾੜ ਉਤੇ ਉਨ੍ਹਾਂ ਵਿਚੋਂ ਇਕ ਇਕ ਦਾ ਟੁਕੜਾ ਰਖਦੇ, ਫੇਰ ਉਨ੍ਹਾਂ ਨੂੰ ਹਾਕ ਮਾਰ ਦੌੜਦੇ ਤੇਰੇ ਕੋਲ ਚਲੇ ਆਉਨ ਗੇ॥ ਮੰ੦ ੧ । ਸਿ ੦ ੩ । ਸੂ ੦ ੨ । ਆ ੦ ੨੪੨ ॥

( ਸਮੀਖਕ ) ਵਾਹ ਵਾਹ ਦੇਖੋ ਜੀ ਮੁਸਲਮਾਨਾਂ ਦਾ ਖੁਦਾ ਭਾਂਨਮਤੀ ਦੀ ਨਿਆਈਂ ਖੇਡ ਕਰ ਰਹਿਆ ਹੈ, ਕੀ ਇਨ੍ਹਾਂ ਹੀ ਬਾਤਾਂਥੀਂ ਖੁਦਾਦੀ ਖੁਦਾਈ ਹੈ?ਬੁਧਵਾਂਨ ਲੋਕ ਅਜਿਹੇ ਖੁਦਾਨੂੰ ਤਿਲਾਂਜਲੀ ਦੇਕੇ ਦੂਰ ਰਹਨਗੇ ਅਰ ਮੂਰਖ ਲੋਗ ਫਸਨਗੇ, ਏਸਥੀਂ ਖੁਦਾਦੀ ਬੜਿਆਈ ਦੇ ਬਦਲ ਬੁਰਿਆਈ ਓਸਦੇ ਪਲੇ ਪਵੇਗੀ ॥ ੪੩ ॥

੪੪—ਜਿਸਨੂੰ ਚਾਹੇ ਨੀਤੀ ਦਿੰਦਾ ਹੈ ॥ ਮੰ ੦ ੧ । ਸਿ ੦ ੩ । ਸੂ ੦ ੨ । ਆ ੦ ੭੫੧ ॥

( ਸਮੀਖਕ ) ਜਦ ਜਿਸਨੂੰ ਚਾਹਿੰਦਾ ਹੈ ਓਸਨੂੰ ਨੀਤੀ ਦਿੰਦਾ ਹੈ ਤਾਂ ਜਿਸਨੂੰ ਨਹੀ ਚਾਹਿੰਦਾ ਓਸਨੂੰ ਅਨੀਤੀ ਦਿੰਦਾ ਹੋਵੇਗਾ? ਇਹ ਬਾਤ ਈਸ਼ੂਰਦੀ ਨਹੀ ਕਿੰਤੂ ਜੋ ਪਖਪਾਤ ਛਡਕੇ ਸਭਨੂੰ ਨੀਤੀ ਦਾ ਉਪਦੇਸ਼ ਕਰਦਾ ਹੈ ਉਹੋ ਈਸ਼ੂਰ ਅਰ ਆਪਤ ਹੋ ਸਕਦਾ ਹੈ ਹੋਰ ਨਹੀ ॥ ੪੪ ॥

੪੫—ਉਹ ਜਿਸਨੂੰ ਚਾਹੇਗਾ ਖਿਮਾ ਕਰੇਗਾ, ਜਿਸਨੂੰ ਚਾਹੇ ਡੰਡ ਦੇਵੇਗਾ, ਕਿਉਂਕਿ ਉਹ ਸਭ ਬਸਤੂਆਂ ਉਤੇ ਬਲਵਾਂਨ ਹੈ॥ ਮੰ੦ ੧ । ਸਿ ੦ ੩ । ਸੂ ੦ ੨ । ਆ ੦ ੨੬੬ ॥

( ਸਮੀਖਕ ) ਕੀ ਖਿਮਾਦੇ ਜੋਗ ਉਤੇ ਖਿਮਾ ਨਾ ਕਰਨਾ, ਅਜੋਗ ਉਤੇ ਖਿਮਾ ਕਰਨਾ ਗਬਰਗੰਡ ਰਾਜਾਦੇ ਤੁਲ ਇਹ ਕਰਮ ਨਹੀਂ ਹੈ? ਜੇਕਰ ਈਸ਼ੂਰ ਜਿਸਨੂੰ ਚਾਹਿੰਦਾ ਪਾਪੀ ਵਾ ਪੁੰਨਆਤਮਾ ਬਣਾਂਦਾ ਹੈ ਤਾਂ ਜੀਵ ਨੂੰ ਪਾਪ ਪੁੰਨ ਨਾ ਲਗਣਾ ਚਾਹੀਏ? ਜਦ ਈਸ਼ੂਰ ਨੇ ਓਸਨੂੰ ਈਕਣ ਹੀ ਕੀਤਾ ਤਾਂ ਜੀਵ ਨੂੰ ਦੁਖ ਸੁਖ ਬੀ ਹੋਣਾ ਨਾ ਚਾਹੀਏ, ਜੀਕਣ ਸੈਨਾ ਪਤੀ ਦੀ ਆਗਿਆ ਨਾਲ ਕਿਸੇ ਨੌਕਰ ਨੇ ਕਿਸੀ ਨੂੰ ਮਾਰਿਆ ਤਾਂ ਓਸਦਾ ਫਲ ਭਾਗੀ ਉਹ ਨਹੀਂ ਹੁੰਦਾ, ਊਕਣ ਉਹ ਬੀ ਨਹੀਂ ॥ ੪੫ ॥

੪੬–ਕਹੋ ਏਸ ਤੋਂ ਚੰਗੀ ਹੋਰ ਕੀ ਪ੍ਰਹੇਜਗਾਰਾਂ ਨੂੰ ਖਬਰ ਦੇਵਾਂ ਕਿ ਅਲਾੱਹ ਵਲੋਂ ਬਹਿਸ਼ਤ ਹਨ ਜਿਨ੍ਹਾਂ ਵਿਚ ਨਹਿਰਾਂ ਚਲਦੀਆਂ ਹਨ, ਉਨ੍ਹਾਂ ਵਿਚ ਸਦਾ ਰਹਣ ਵਾਲੀਆਂ ਸ਼ੁਧ ਬੀਬੀਆਂ ਹਨ , ਅਲਾੱਹ ਉਨ੍ਹਾਂ ਨੂੰ ਵੇਖਣ ਵਾਲਾ ਹੈ ਨਾਲ ਬੰਦਿਆਂ ਦੇ ॥ ਮੰ੦ ੧ । ਸਿ੦ ੩ । ਸੂ੦ ੩ । ਆ੦ ੧੨ ॥

(ਸਮੀਖਕ) ਇਹ ਭਲਾ ਸੂਰਗ ਹੈ ਜਾਂ ਕੰਜਰੀਆਂ ਦਾ ਪਿੰਡ? ਏਸ ਨੂੰ ਈਸ਼ੂਰ ਕਹਣਾ ਚਾਹੀਏ ਜਾਂ ਜਨਾਨੀਆਂ ਦਾ ਪਿਆਰਾ ? ਕੋਈ ਬੀ ਬੁਧਵਾਂਨ

ਅਜਿਹੀਆਂ ਗੱਲਾਂ ਜਿਸ ਵਿਚ ਹੋਣ ਓਸਨੂੰ ਪਰਮੇਸ਼੍ਵਰ ਦਾ ਬਣਾਇਆ ਗ੍ਰੰਥ ਮਨ ਸਕਦਾ ਹੈ? ਇਹ ਪਖਪਾਤ ਕਿਉਂ ਕਰਦਾ ਹੈ? ਜਿਹੜੀਆਂ ਬੀਬੀਆਂ ਬਹਿਸ਼ਤ ਵਿਚ ਸਦਾ ਰਹਿੰਦੀਆਂ ਹਨ ਉਹ ਇਥੋਂ ਜਨਮ ਪਾਕੇ ਉਥੇ ਗਈਆਂ ਹਨ, ਵਾ ਉਥੇ ਹੀ ਉਤਪੰਨ ਹੋਈਆਂ ਹਨ? ਜੇਕਰ ਇਥੋਂ ਜਨਮ ਪਾਕੇ ਉਥੇ ਗਈਆਂ ਹਨ, ਅਰ ਜੋ ਕੀਆਮਤ ਦੀ ਰਾਤ ਤੋਂ ਪਹਲੋਂ ਹੀ ਉਥੇ ਬੀਬੀਆਂ ਨੂੰ ਬੁਲਾ ਲੀਤਾ ਤਾਂ ਉਨ੍ਹਾਂ ਦੇ ਖਾਉਂਦਾਂ ਨੂੰ ਕਿਉਂ ਨਾ ਬੁਲਾ ਲੀਤਾ? ਅਰ ਕੀਆਮਤ ਦੀ ਰਾਤ ਵਿਚ ਸਭ ਦਾ ਨਿਆਂ ਹੋਵੇਗਾ ਏਸ ਨਿਯਮ ਨੂੰ ਕਿਉਂ ਤੋੜਿਆ? ਜੇਕਰ ਉਥੇ ਜਮੀਆਂ ਹਨ ਤਾਂ ਕੀਆਮਤ ਤਿਕ ਉਹ ਕੀਕਣ ਨਿਰਬਾਹ ਕਰਦੀਆਂ ਹਨ? ਜੇ ਉਨ੍ਹਾਂ ਦੇ ਵਾਸਤੇ ਪੁਰਸ਼ ਬੀ ਹਨ ਤਾਂ ਏਥੋਂ ਬੀ ਬਹਿਸ਼ਤ ਵਿਚ ਜਾਣ ਵਾਲੇ ਮੁਸਲਮਾਨਾਂ ਨੂੰ ਖੁਦਾ ਬੀ ਬੀਆਂ ਕਿਥੋਂ ਦੇਵੇਗਾ? ਅਰ ਜਿਸਤਰਾਂ ਬੀਬੀਆਂ ਬਹਿਸ਼ਤ ਵਿਚ ਸਦਾ ਰਹਣ ਵਾਲੀਆਂ ਬਣਾਈਆਂ ਗਈਆਂ ਉਕਣ ਪੁਰਸ਼ਾਂ ਨੂੰ ਓਥੇ ਸਦਾ ਰਹਣ ਵਾਲੇ ਕਿੰਉ ਨਹੀਂ ਬਣਾਇਆ? ਏਸਲਈ ਮੁ-ਸਲਮਾਨਾਂ ਦਾ ਖੁਦਾ ਅਨਿਆਂ ਕਾਰੀ ਬੇ ਸਮਝ ਹੈ ॥ ੪੬ ॥

੪੭—ਨਿਸਚੇ ਅੱਲਾਹ ਵੱਲੋਂ ਦੀਨ ਅਸਲਾਮ ਦਾ ਹੈ ॥ ਮੰ० ੧ ਸਿ० ੩ ਸੂ० ੩ । ਆ० ੧੬ ॥

( ਸਮੀਖਕ ) ਕੀ ਅੱਲਾਹ ਮੁਸਲਮਾਨਾਂ ਦਾ ਹੀ ਹੈ ਹੋਰਨਾ ਦਾ ਨਹੀਂ? ਕੀ ਤੇਰਾਂ ਸੌ (੧੩੦੦) ਵਰ੍ਹਿਆਂ ਤੋਂ ਪਹਿਲੇ ਈਸ਼੍ਵਰ ਵਲੋਂ ਧਰਮ ਹੈਗਾ ਹੀ ਨਹੀਂ ਸੀ ਏਸ ਬੀਂ ਇਹ ਕੁਰਾਨ ਈਸ਼੍ਵਰ ਦਾ ਬਣਾਇਆ ਤਾਂ ਨਹੀਂ ਕਿੰਤੂ ਕਿਸੇ ਪਖਪਾਤੀ ਦਾ ਬਣਾਇਆ ਹੈ ॥ ੪੭ ॥

੪੮—ਹਰ ਇਕ ਜੀਵ ਨੂੰ ਪੂਰਾ ਦਿੱਤਾ ਜਾਵੇਗਾ ਜੋ ਕੁਝ ਓਸਨੇ ਕ-ਮਾਇਆ, ਅਰ ਉਹ ਨਾ ਅਨਿਆਂ ਕੀਤੇ ਜਾਂਣਗੇ । ਕਹੋ ਯਾ ਅੱਲਾਹ ਤੂੰ ਹੀ ਮੁਲਕ ਦਾ ਮਾਲਕ ਹੈਂ, ਜਿਸ ਨੂੰ ਚਾਹੇਂ ਦਿੰਦਾ ਹੈਂ, ਜਿਸ ਕੋਲੋਂ ਚਾਹੇਂ ਖੋਂਦਾ ਹੈ ਜਿਸਨੂੰ ਚਾਹੇਂ ਵਡਿਆਈ ਦਿੰਦਾ ਹੈਂ, ਜਿਸਨੂੰ ਚਾਹੇਂ ਵਡਿਆਈ ਨਹੀ ਦਿੰਦਾ, ਸਭ ਕੁਝ ਤੇਰੇ ਹੀ ਹਥ ਵਿਚ ਹੈ, ਹਰ ਇਕ ਵਸਤੂ ਉਤੇ ਤੂੰਹੀ ਬਲਵਾਨ ਹੈਂ, ਰਾਤ ਨੂੰ ਦਿਨ ਵਿਚ ਅਰ ਦਿਨ ਨੂੰ ਰਾਤ ਵਿਚ ਪ੍ਰਵੇਸ਼ ਕਰਾਨਾ ਹੈਂ, ਅਰ ਮ੍ਰਿਤਕ ਨੂੰ ਜੀਵਤ ਥੀਂ ਜੀਵਤ ਨੂੰ ਮ੍ਰਿਤਕ ਥੀਂ ਕਢਨਾ ਹੈਂ, ਅਰ ਜਿਸਨੂੰ ਚਾਹੇਂ ਅਨੰਤ ਅੰਨ ਦੇਨਾਂ ਹੈਂ । ਮੁਸਲਮਾਨਾਂ ਨੂੰ ਉਚਿੱਤ ਹੈ ਕਿ ਕਾਫਰਾਂ ਨੂੰ ਮਿਤ੍ਰ ਨਾ ਬਣਾਨ ਬਿਨਾ ਮੁਸਲਮਾਨਾਂ ਦੇ, ਜੋ ਕੋਈ ਏਹ ਕਰੇ ਬਸ ਉਹ ਅਲਾਹ ਦੇ ਵਲੋਂ ਨਹੀਂ । ਕਹੋ ਜੇ ਤੁਸੀ ਚਾਹਿੰਦੇ ਹੋ ਅਲੱਾਹ ਨੂੰ ਤਾਂ ਪਖ ਕਰੋ ਮੇਰਾ? ਅਲੱਾਹ ਚਾਹੇਗਾ ਤੁਹਾਨੂੰ ਅਰ ਤੁਹਾਡੇ ਪਾਪ ਖਿਮਾ ਕਰੇਗਾ ਨਿਸਚੇ ਕਰੁਣਾ ਮੈ ਹੈ ॥ ਮੰ੧ । ਸਿ० ੩ । ਸੂ० ੩ । ਆ० ੨੧ । ੨੨ । ੨੩ । ੨੪ । ੨੭ ॥

( ਸਮੀਖਕ ) ਜਦ ਹਰ ਇਕ ਜੀਵ ਨੂੰ ਕਰਮਾਂ ਦਾ ਪੂਰਾ ਪੂਰਾ ਫਲ

ਦਿਤਾ ਜਾਵੇਗਾ ਤਾਂ ਖਿਮਾ ਨਹੀਂ ਕੀਤਾ ਜਾਵੇਗਾ, ਅਰ ਜੇ ਖਿਮਾ ਕੀਤਾ ਜਾਵੇਗਾ ਤਾਂ ਪੂਰਾ ਪੂਰਾ ਫਲ ਨਹੀਂ ਦਿਤਾ ਜਾਵੇਗਾ, ਅਰ ਅਨਿਆਂ ਹੋਵੇਗਾ। ਜਦ ਬਿਨਾ ਉਤੱਮ ਕਰਮਾਂ ਦੇ ਰਾਜ ਦੇਵੇਗਾ ਤਾਂ ਬੀ ਅਨਿਆਂਕਾਰੀ ਹੋਜਾਵੇਗਾ, ਭਲਾ ਜੀਵਤ ਥੀਂ ਮ੍ਰਿਤਕ ਅਰ ਮ੍ਰਿਤਕ ਥੀਂ ਜੀਵਤ ਕਦੀ ਹੋ ਸਕਦਾ ਹੈ? ਕਿਉਂਕਿ ਈਸ਼੍ਵਰ ਦੀ ਬਿਵਸਥਾ ਅਛੇਦ ਅਭੇਦ ਹੈ, ਕਦੀ ਅਦਲ ਬਦਲ ਨਹੀਂ ਹੋ ਸਕਦੀ। ਹੁਣ ਵੇਖੋ ਪਖਪਾਤ ਦੀਆਂ ਬਾਤਾਂ ਕਿ ਜੋ ਮੁਸਲਮਾਨਾਂ ਦੇ ਮਤ ਵਿਚ ਨਹੀਂ ਹਨ ਉਨ੍ਹਾਂ ਨੂੰ ਕਾਫਰ ਠਰਾਣਾ, ਉਨ੍ਹਾਂ ਵਿਚੋਂ ਚੰਗਿਆਂ ਨਾਲ ਬੀ ਮਿਤ੍ਰਤਾ ਨਾ ਰਖਣੀ, ਅਰ ਮੁਸਲਮਾਨਾਂ ਵਿਚੋਂ ਦੁਸ਼ਟਾਂ ਨਾਲ ਬੀ ਮਿਤ੍ਰਤਾ ਰਖੱਣ ਦੇ ਵਾਸਤੇ ਉਪਦੇਸ਼ ਕਰਨਾ ਈਸ਼੍ਵਰ ਨੂੰ ਈਸ਼੍ਵਰਤਾ ਥੀਂ ਬਾਹਿਰ ਕਰ ਦਿੰਦਾ ਹੈ। ਏਸ ਲਈ ਏਹ ਕੁਰਾਂਨ ਅਰ ਕੁਰਾਂਨ ਦਾ ਖੁਦਾ ਅਰ ਮੁਸਲ-ਮਾਨ ਲੋਕ ਨਿਰੇ ਪਖਪਾਤੀ ਅਵਿਦਿਆ ਦੇ ਭਰੇ ਹੋਏ ਹਨ, ਏਸ ਲਈ ਮੁਸਲ ਮਾਨ ਲੋਗ ਹਨੇਰੇ ਵਿਚ ਹਨ, ਅਰ ਵੇਖੋ ਮੁਹਮੱਦ ਸਾਹਿਬ ਦੀ ਲੀਲਾ ਕਿ ਜੋ ਤੁਸੀ ਮੇਰਾ ਪਖ ਕਰੋਗੇ ਤਾਂ ਖੁਦਾ ਤੁਹਾਡਾ ਪਖ ਕਰੇਗਾ, ਅਰ ਜੋ ਤੁਸੀ ਪਖਪਾਤ ਰੂਪੀ ਪਾਪ ਕਰੋਗੇ ਓਸਨੂੰ ਖਿਮਾ ਬੀ ਕਰੇਗਾ। ਏਸ ਥੀਂ ਸਿਧ ਹੁੰਦਾ ਹੈ ਕਿ ਮੁਹਮੱਦ ਸਾਹਿਬ ਦਾ ਅੰਤਹ ਕਰਨ ਸ਼ੁਧ ਨਹੀਂ ਸੀ, ਏਸ ਲਈ ਅਪਣੇ ਮਤਬਲ ਸਿਧ ਕਰਨ ਦੇ ਵਾਸਤੇ ਮੁਹਮੱਦ ਸਾਹਿਬ ਨੇ ਕੁਰਾਂਨ ਬਣਾਇਆ ਵਾ ਬਣਵਾਇਆ ਏਹ ਮਲੂੰਮ ਹੁੰਦਾ ਹੈ॥ ੪੮॥

੪੯—ਜਿਸ ਸਮੇਂ ਕਿਹਾ ਫਿਰਸ਼ਤਿਆਂ ਨੇ ਕਿ ਹੇ ਮਰਯਮ ਤੈਨੂੰ ਅਲੱਾਹ ਨੇ ਪਸੰਦ ਕੀਤਾ ਅਰ ਪਵਿਤ੍ਰ ਕੀਤਾ ਉਪਰ ਜਗਤਦੀ ਇਸਤ੍ਰੀਆਂ ਦੇ॥ ਮੰ० ੧। ਸਿ० ੩। ਸੂ० ੩। ਆ० ੩੫॥

(ਸਮੀਖਕ) ਭਲਾ ਜਦ ਅਜਕਲ ਖੁਦਾਦੇ ਫਿਰਸ਼ਤੇ ਅਰ ਖੁਦਾ ਕਿਸੇ ਨਾਲ ਬਾਤਾਂ ਕਰਨਨੂੰ ਨਹੀ ਆਉਂਦੇ ਤਾਂ ਪਹਿਲੋਂ ਕਿਸਤਰਾਂ ਨਾਲ ਆਏ ਹੋਂਨਗੇ? ਜੇ ਕਹੋ ਕਿ ਪਹਿਲੇ ਦ ਮਨੁਖ ਪੁੰਨਆਤਮਾ ਸਨ ਹੁਣਦੇ ਨਹੀ ਤਾਂ ਏਹ ਬਾਤ ਝੂਠੀ ਹੈ,ਕਿੰਤੂ ਜਿਸਵੇਲੇ ਈਸਾਈ ਅਰ ਮੁਸਲਮਾਨਾਂ ਦਾ ਮਤ ਚਲਿਆ ਸੀ ਓਸਵੇਲੇ ਉਨ੍ਹਾਂ ਦੇਸ਼ਾਂ ਵਿਚ ਜੰਗਲੀ ਅਰ ਵਿਦਿਆਹੀਨ ਮਨੁਖ ਵਧੀਕ ਸਨ, ਇਸੇਕਰਕੇ ਅਜਿਹੇ ਵਿਦਿਆ ਵਿਰੁਧ ਮਤ ਚਲ ਗਏ, ਹੁਣ ਵਿਦਵਾਂਨ ਵਧੀਕ ਹਨ ਏਸਲਈ ਨਹੀ ਚਲ ਸਕਦਾ, ਕਿੰਤੂ ਜੋ ਜੋ ਅਜਿਹੇ ਫੋਕੇ ਮਜਹਬ ਹਨ ਓਹ ਬੀ ਅਸਤ ਹੁੰਦੇ ਜਾਂਦੇ ਹਨ, ਵਧਣਦਾ ਤਾਂ ਕੀ ਕਹਣਾ॥ ੪੯॥

੫੦—ਓਸਨੂੰ ਕਹੀਦਾ ਹੈ ਕਿ ਹੋ ਬਸ ਹੋ ਜਾਂਦਾ ਹੈ, ਕਾਫਰਾਂਨੇ ਧੋਖਾ ਦਿਤਾ, ਈਸ਼੍ਵਰ ਨੇ ਧੋਖਾ ਦਿਤਾ, ਈਸ਼੍ਵਰ ਬਹੁਤ ਮਕਰ ਕਰਨਵਾਲਾ ਹੈ॥ ਮੰ० ੧। ਸਿ० ੩। ਸੂ० ੩। ਆ० ੩੯। ੪੬॥

( ਸਮੀਖਕ ) ਜਦ ਮੁਸਲਮਾਨ ਲੋਕ ਬਗੈਰ ਖੁਦਾ ਦੇ ਦੂਜੀ ਚੀਜ ਨਹੀਂ ਮਨਦੇ ਤਾਂ ਖੁਦਾ ਨੇ ਕਿਸਨੂੰ ਕਿਹਾ? ਅਰ ਉਸਦੇ ਕਹਨ ਨਾਲ ਕਉਣ ਹੋ ਗਇਆ? ਇਸਦਾ ਉਤੱਰ ਮੁਸਲਮਾਨ ਸੱਤਾਂ ਜਨਮਾਂ ਵਿਚ ਬੀ ਨਹੀਂ ਦੇ ਸਕਨਗੇ?ਕਿਉਂਕਿ ਬਿਨਾ ਉਪਾਦਾਨ ਕਾਰਣ ਦੇ ਕਾਰਜ ਕਦੀ ਨਹੀਂ ਹੋ ਸਕਦਾ, ਬਿਨਾ ਕਾਰਨ ਦੇ ਕਾਰਜ ਕਹਨਾ ਜਾਣੋ ਅਪਣੇ ਮਾਂ, ਪਿਉ ਦੇ ਬਗੈਰ ਮੇਰਾ ਸ਼ਰੀਰ ਹੋਗਿਆ ਅਜਿਹੀ ਬਾਤ ਹੈ। ਜੋ ਧੋਖਾ ਖਾਂਦਾ ਅਰਥਾਤ ਛਲ ਅਰ ਦੰਭ ਕਰਦਾ ਹੈ ਉਹ ਈਸ਼੍ਵਰ ਤਾਂ ਕਦੀ ਨਹੀਂ ਹੋ ਸਕਦਾ, ਕਿੰਤੂ ਉਤੱਮ ਮਨੁਖ ਬੀ ਅਜਿਹਾ ਕੰਮ ਨਹੀਂ ਕਰ ਸਕਦਾ ॥ ੫੦ ॥

੫੧—ਕੀ ਤੁਹਾਨੂੰ ਇਹ ਬਹੁਤ ਨਾ ਹੋਵੇਗਾ ਕਿ ਅੱਲਾਹ ਤੁਹਾਨੂੰ ਤਿੰਨ ਹਜਾਰ ਫਿਰਿਸ਼ਤਿਆਂ ਦੇ ਨਾਲ ਸਹਾਇਤਾ ਦੇਵ ॥ ਮੰ੦ ੧ । ਸਿ੦ ੪ । ਸੂ੦ ੩ । ਆ੦ ੧੧੦ ॥

(ਸਮੀਖਕ) ਜੇ ਮੁਸਲਮਾਨਾਂ ਨੂੰ ਤਿੰਨ ਹਜਾਰ ਫਿਰਿਸ਼ਤਿਆਂ ਦੇ ਨਾਲ ਸਹਾਇਤਾ ਦਿੰਦਾ ਸੀ ਤਾਂ ਹੁਣ ਮੁਸਲਮਾਨਾਂ ਦੀ ਬਾਦਸ਼ਾਹੀ ਬਹੁਤ ਸਾਰੀ ਨਸ਼ਟ ਹੋਗਈ ਅਰ ਹੁੰਦੀ ਜਾਂਦੀ ਹੈ ਕਿਉਂ ਸਹਾਇਤਾ ਨਹੀਂ ਦਿੰਦਾ? ਇਸ ਲਈ ਇਹ ਬਾਤ ਨਿਰੀ ਲੋਭ ਦੇਕੇ ਮੂਰਖਾਂ ਨੂੰ ਫਸਾਣ ਦੇ ਲਈ ਮਹਾਂ ਅਨਿਆਂਦੀ ਹੈ ॥ ੫੧ ॥

੫੨—ਅਰ ਕਾਫਰਾਂ ਉਤੇ ਸਾਨੂੰ ਸਹਾਇਤਾ ਦੇਹ, ਅਲੱਾਹ ਤੁਹਾਡਾ ਉਤੱਮ ਸਹਾਇਤਾ ਦੇਣ ਵਾਲਾ ਕੰਮ ਬਣਾਣ ਵਾਲਾ ਹੈ। ਜੇ ਤੁਸੀਂ ਅੱਲਾਹ ਦੇ ਮਾਰਗ ਵਿਚ ਮਾਰੇ ਜਾਓ ਵਾ ਮਰ ਜਾਓ ਅੱਲਾਹ ਦੀ ਦਇਆ ਬਹੁਤ ਅੱਛੀ ਹੈ ॥ ਮੰ੦ ੧ । ਸਿ੦ ੪ । ਸੂ੦ ੩ । ਆ੦ ੧੩੦ । ੧੩੩ । ੧੪੦ ॥

(ਸਮੀਖਕ)ਹੁਣ ਵੇਖੋ! ਮੁਸਲਮਾਨਾਂ ਦੀ ਭੁਲ ਕਿ ਜਿਹੜੇ ਅਪਣੇ ਮਤ ਥੀਂ ਭਿੰਨ ਹਨ ਉਨ੍ਹਾਂਦੇ ਮਾਰਨ ਦੇ ਵਾਸਤੇ ਖੁਦਾ ਦੀ ਪ੍ਰਾਰਥਨਾ ਕਰਦੇ ਹਨ,ਕੀ ਪਰਮੇਸ਼੍ਵਰ ਭੋਲਾ ਹੈ ਜੋ ਇਨ੍ਹਾਂ ਦੀ ਬਾਤ ਮਨ ਲਵੇ? ਜੇਕਰ ਮੁਸਲਮਾਨਾਂ ਦਾ ਕੰਮ ਬਣਾਣ ਵਾਲਾ ਅਲੱਾਹ ਹੀ ਹੈ ਤਾਂ ਫੇਰ ਮੁਸਲਮਾਨਾਂ ਦੇ ਕੰਮ ਨਸ਼ਟ ਕਿਉਂ ਹੁੰਦੇ ਹਨ? ਅਰ ਖੁਦਾ ਬੀ ਮੁਸਲਮਾਨਾਂ ਦੇ ਨਾਲ ਮੋਹ ਵਿਚ ਫਸਿਆ ਹੋਇਆ ਨਜਰ ਆਉਂਦਾ ਹੈ, ਜੇ ਇਸਤਰਾਂ ਦਾ ਪਖਪਾਤੀ ਖੁਦਾ ਹੈ ਤਾਂ ਧਰਮਾਤਮਾ ਪੁਰਖਾਂ ਦੇ ਉਪਾਸ਼ਨਾ ਦੇ ਜੋਗ ਕਦੀ ਨਹੀਂ ਹੋਸਕਦਾ ॥ ੫੨ ॥

੫੩—ਅਰ ਅਲੱਾਹ ਤੁਹਾਨੂੰ ਪ੍ਰੋਖਦੀਆਂ ਗਲੱਾਂ ਦਾ ਜਾਂਣਨ ਵਾਲਾ ਨਹੀਂ ਕਰਦਾ, ਪ੍ਰੰਤੂ ਅਪਣੇ ਪੈਗੰਬ੍ਰਾਂ ਥੀਂ ਜਿਸ ਨੂੰ ਚਾਹੇ ਪਸੰਦ ਕਰੇ, ਬਸ ਅਲੱਾਹ ਅਰ ਉਸਦੇ ਰਸੂਲ ਦੇ ਨਾਲ ਈਮਾਨ ਲਿਆਓ ॥ ਮੰ੦ ੧ । ਸਿ੦ ੪ । ਸੂ੦ ੩ । ਆ੦ ੧੫੯ ॥

(ਸਮੀਖਕ) ਜਦ ਮੁਸਲਮਾਨ ਲੋਗ ਬਿਨਾ ਖੁਦਾ ਦੇ ਕਿਸੇ ਦੇ ਨਾਲ

ਈਮਾਨ ਨਹੀਂ ਲਿਆਉਂਦੇ ਅਰ ਨਾ ਕਿਸੇ ਨੂੰ ਖੁਦਾ ਦਾ ਸ਼ਰੀਕ ਮਨਦੇ ਹਨ ਤਾਂ ਪੈਗੰਬਰ ਸਾਹਿਬ ਨੂੰ ਕਿਉਂ ਈਮਾਨ ਵਿਚ ਖੁਦਾ ਦੇ ਨਾਲ ਸ਼ਰੀਕ ਕੀਤਾ ? ਅਲੱਾਹ ਨੇ ਪੈਗੰਬਰ ਦੇ ਨਾਲ ਈਮਾਨ ਲਿਆਉਂਣਾ ਲਿਖਿਆ, ਏਸਲਈ ਪੈਗੰਬਰ ਬੀ ਸ਼ਰੀਕ ਹੋਗਿਆ, ਫੇਰ ਲਾਸ਼ਰੀਕ ( ਅਦੁਤੀ ) ਕਹਣਾ ਠੀਕ ਨਾ ਹੋਇਆ। ਜੇਕਰ ਏਸਦਾ ਅਰਥ ਇਹ ਸਮਝਿਆ ਜਾਵੇ ਕਿ ਮੁਹਮੱਦ ਸਾਹਿਬ ਦੇ ਪੈਗੰਬਰ ਹੋਣ ਉੱਤੇ ਈਮਾਨ ਲਿਆਉਣਾ ਚਾਹੀਏ ਤਾਂ ਇਹ ਪ੍ਰਸ਼ਨ ਹੁੰਦਾ ਹੈ ਕਿ ਮੁਹਮੱਦ ਸਾਹਿਬ ਦੇ ਹੋਣ ਦੀ ਕੀ ਜਰੂਰਤ ਹੈ ? ਜੇਕਰ ਖੁਦਾ ਉਨ੍ਹਾਂ ਦਾ ਪੈਗੰਬਰ ਕੀਤੇ ਬਿਨਾ ਅਪਣਾ ਮਨਭਾਉਂਦਾ ਕੰਮ ਨਹੀਂ ਕਰਸਕਦਾ ਤਾਂ ਜਰੂਰ ਅਸਮ੍ਰਥ ਹੋਇਆ ॥ ੫੩ ॥

੫੪–ਹੇ ਈਮਾਨ ਵਾਲਿਓ ਸੰਤੋਖ ਕਰੋ, ਪਰਸਪਰ ਥਾਮੇਂ ਰਖੋ, ਅਰ ਲੜਾਈ ਵਿਚ ਲੱਗੇ ਰਹੋ, ਅਲਾਹ ਥੀਂ ਡਰੋ ਕਿ ਤੁਸੀਂ ਛੁਟਕਾਰਾ ਪਾਓ ॥ ਮੰ० ੧ । ਸਿ੦ ੪ । ਸੂ੦ ੩ । ਆ੦ ੧੭੮ ॥

( ਸਮੀਖਕ ). ਇਹ ਕੁਰਾਨ ਦਾ ਖੁਦਾ ਅਰ ਪੈਗੰਬਰ ਦੋਨੋਂ ਲੜਾਈ ਬਾਜ ਸਨ, ਜਿਹੜਾ ਲੜਾਈ ਦੀ ਆਗਿਆ ਦਿੰਦਾ ਹੈ ਉਹ ਸ਼ਾਂਤੀ ਭੰਗ ਕਰਨ ਵਾਲਾ ਹੁੰਦਾ ਹੈ, ਕੀ ਨਾਮ ਮਾਤ੍ਰ ਖੁਦਾ ਥੀਂ ਡਰਨ ਨਾਲ ਛੁਟਕਾਰਾ ਪਾਇਆ ਜਾਂਦਾ ਹੈ? ਵਾ ਅਧਰਮ ਜੁਕਤ ਲੜਾਈ ਆਦੀ ਥੀਂ ਡਰਨ ਨਾਲ? ਜੇ ਪਹਿਲਾ ਪਖ ਹੈ ਤਾਂ ਡਰਨਾ ਨਾ ਡਰਨਾ ਬਰਾਬਰ? ਅਰ ਜੋ ਦੂਜਾ ਪਖ ਹੈ ਤਾਂ ਠੀਕ ਹੈ ॥ ੫੪ ॥

੫੫–ਇਹ ਅਲੱਾਹ ਦੀਆਂ ਹੱਦਾਂ ਹਨ ਜਿਹੜਾ ਅੱਲਾਹ ਅਰ ਉਸਦੇ ਰਸੂਲ ਦੀ ਆਗਿਆ ਮਨੇਗਾ ਉਹ ਬਹਿਸ਼ਤ ਵਿਚ ਪਹੁਚੇਗਾ ਜਿਨ੍ਹਾਂ ਵਿਚ ਨਹਿਰਾਂ ਚਲਦੀਆਂ ਹਨ ਅਰ ਇਹੀ ਵਡਾ ਮਤਬਲ ਹੈ ॥ ਜਿਹੜਾ ਅੱਲਾਹ ਦੀ ਅਰ ਉਸਦੇ ਰਸੂਲ ਦੀ ਆਗਿਆ ਭੰਗ ਕਰੇਗਾ ਅਰ ਉਸਦੀ ਹੱਦਾ ਤੋਂ ਬਾਹਰ ਹੋ ਜਾਵੇਗਾ ਉਹ ਸਦਾ ਰਹਣ ਵਾਲੀ ਅੱਗ ਵਿਚ ਸਾੜਿਆ ਜਾਵੇਗਾ, ਅਰ ਉਸਦੇ ਲਈ ਖਰਾਬ ਕਰਨ ਵਾਲਾ ਦੁਖ ਹੈ ॥ ਮੰ੦ ੧ । ਸਿ੦ ੪ । ਸੂ੦ ੪ । ਆ੦ ੧੩ । ੧੪ ॥

( ਸਮੀਖਕ ) ਖੁਦਾ ਹੀ ਨੇ ਮੁਹਮੱਦ ਸਾਹਿਬ ਪੈਗੰਬਰ ਨੂੰ ਅਪਣਾ ਸ਼ਰੀਕ ਕਰ ਲੀਤਾ ਹੈ, ਅਰ ਖੁਦਾ ਕੁਰਾਂਨ ਵਿਚਹੀ ਲਿਖਿਆ ਹੈ, ਅਰ ਵੇਖੋ! ਖੁਦਾ ਪੈਗੰਬਰ ਸਾਹਿਬ ਦੇ ਨਾਲ ਕਿਹਾ ਫਸਿਆ ਹੈ ਕਿ ਜਿਸਨੈਂ ਬਹਿਸ਼ਤ ਵਿਚ ਰਸੂਲਦੀ ਸਾਂਝ ਕਰ ਦਿਤੀਹੈ, ਕਿਸੇ ਇਕਬਾਤ ਵਿਚ ਬੀ ਮੁਸਲਮਾਨਾਂ ਦਾ ਖੁਦਾ ਸੁਤੰਤ੍ਰ ਨਹੀ ਤਾਂ ਲਾਸ਼ਰੀਕ ਕਹਣਾ ਵਿਅਰਥ ਹੈ, ਅਜਿਹੀਆਂ ੨ ਗਲਾਂ ਈਸ਼੍ਵਰ ਦੀ ਕਹੀ ਹੋਈ ਪੁਸਤਕ ਵਿਚ ਨਹੀ ਹੋ ਸਕਦੀਆਂ ॥ ੫੫ ॥

੫੬–ਅਰ ਇਕ ਤ੍ਰਿਸਰੇਣੂ ਦੇ ਬਰਾਬਰਬੀ ਅਲੱਾਹ ਅਨਿਆਂ ਨਹੀ

ਕਰਦਾ,ਅਰ ਜਿਹੜੀ ਭਲਿਆਈ ਹੋਵੇ ਓਸਦਾ ਦੂਨਾ ਕਰੇਗਾ ਓਸਨੂੰ ॥ ਮੰ ੦ ੧ । ਸਿ ੦ ੫ । ਸੂ ੦ ੪ । ਆ ੦ ੩੭ ॥

(ਸਮੀਖਕ) ਜੇ ਇਕ ਤ੍ਰਿਸਰੇਣੂ ਬੀ ਖੁਦਾ ਅਨਿਆਂ ਨਹੀਂ ਕਰਦਾ ਤਾਂ ਪੁੰਨ ਨੂੰ ਦੂਨਾ ਕਿਉਂ ਦਿੰਦਾ ਹੈ? ਅਰ ਮੁਸਲਮਾਨਾਂ ਦਾ ਪਖ ਕਿਉਂ ਕਰ-ਦਾ ਹੈ? ਸਚਮੁਚ ਦੂਣਾ ਵਾ ਘਟ ਫਲ ਕਰਮਾਂਦਾ ਦੇਵੇ ਤਾਂ ਖੁਦਾ ਅਨਿਆਂ ਕਾਰੀ ਹੋ ਜਾਵੇ ॥ ੫੬ ॥

੫੭–ਜਦ ਤੇਰੇ ਪਾਸੋਂ ਬਾਹਿਰ ਕਢਦੇ ਹਨ ਤਾਂ ਤੇਰੇ ਕਹਣ ਤੋਂ ਬਗੈਰ (ਉਲਟਾ) ਸੋਚਦੇ ਹਨ,ਅੱਲਾਹ ਉਨ੍ਹਾਂ ਦੀ ਸਲਾਹ ਨੂੰ ਲਿਖਦਾ ਹੈ, ਅੱਲਾਹ ਨੇ ਉਨ੍ਹਾਂਦੀ ਕਮਾਈ ਬਸਤੂ ਦੇ ਕਾਰਣ ਉਨ੍ਹਾਂਨੂੰ ਉਲਟਾ ਕੀਤਾ, ਕੀ ਤੁਸੀ ਚਾਹੰਦੇ ਹੋ ਕਿ ਅੱਲਾਹਦੇ ਗੁਮਰਾਹ ਕੀਤੇ ਹੋਏ ਨੂੰ ਮਾਰਗ ਉਤੇ ਲਿਆਓ, ਬਸ ਜਿਸਨੂੰ ਅੱਲਾਹ ਗੁਮਰਾਹ ਕਰੇ ਓਸਨੂੰ ਕਦੀ ਬੀ ਮਾਰਗ ਨਾ ਪਾਵੇਗਾ ॥ ਮੰ ੦ ੧ । ਸਿ ੦ ੫ । ਸੂ ੦ ੪ । ਆ ੦ ੮੦ । ੮੭ ॥

(ਸਮੀਖਕ) ਜੋ ਅਲੱਾਹ ਬਾਤਾਂ ਨੂੰ ਲਿਖਕੇ ਬਹੀ ਖਾਤਾ ਬਣਾਂਦਾ ਜਾਂਦਾ ਹੈ ਤਾਂ ਸਰਬਗੱ ਨਹੀ ਹੈ! ਜੇ ਸਰਬਗ ਹੈ ਤਾਂ ਲਿਖਣ ਦਾ ਕੀ ਕੰਮ ? ਅਰ ਜੋ ਮੁਸਲਮਾਨ ਕਹੰਦੇ ਹਨ ਕਿ ਸ਼ੈਤਾਂਨ ਹੀ ਸਭ ਨੂੰ ਬਕਾਣ ਥੀਂ ਦੁਸ਼ਟ ਹੋਇਆ ਹੈ ਤਾਂ ਜਦ ਖੁਦਾ ਹੀ ਜੀਵਾਂ ਨੂੰ ਗੁਮਰਾਹ ਕਰਦਾਹੈ ਤਾਂ ਖੁਦਾ ਅਰ ਸ਼ੈਤਾਂਨਾਂ ਵਿਚ ਕੀ ਭੇਦ ਰਹਿਆ?ਹਾਂ ਇਨੱਾ ਭੇਦ ਕਹ ਸਕਨੇ ਹਾਂ ਕਿ ਖੁਦਾ ਵਡੱਾ ਸ਼ੈਤਨ, ਉਹ ਛੋਟਾ ਸ਼ੈਤਾਂਨ,ਕਿਉਂਕਿ ਮੁਸਲਮਾਨਾਂਦਾ ਹੀ ਆਖਣਾ ਹੈ ਕਿ ਜੋ ਬਕਾਂਦਾ ਹੈ ਉਹੋ ਸ਼ੈਤਾਂਨ ਹੈ ਤਾਂ ਏਸ ਪ੍ਰਤਗਿਆ ਥੀਂ ਖੁਦਾ ਨੂੰ ਬੀ ਸ਼ੈਤਾਂਨ ਬਣਾ ਦਿਤੱਾ ॥ ੫੭ ॥

੫੮–ਅਰ ਅਪਣੇ ਹਥਾਂ ਨੂੰ ਨਾ ਰੋਕਨ ਤਾਂ ਉਨ੍ਹਾਂ ਨੂੰ ਪਕੜ ਲੌ, ਅਰ ਜਿਥੇ ਪਾਓ ਮਾਰ ਸੁਟੋ । ਮੁਸਲਮਾਨ ਨੂੰ ਮੁਸਲਮਾਨ ਦਾ ਮਾਰਨਾ ਜੋਗ ਨਹੀਂ, ਜੋ ਕੋਈ ਅਣਜਾਣੇ ਮਾਰ ਸੁਟੇ ਬਸ ਇਕ ਗਰਦਨ ਮੁਸਲਮਾਨ ਦਾ ਛੋਡਣਾ ਹੈ, ਅਰ ਖੂੰਨਬਹਾ ਉਨ੍ਹਾਂ ਲੋਕਾਂ ਵਲੋਂ ਹੋਈ ਜੋ ਓਸ ਕੌਮ ਦੇ ਹੋਂਨ, ਤੁਹਾਡੇ ਲਈ ਦਾਨ ਕਰਦੇਨਗੇ, ਜੋ ਵੈਰੀ ਦੇ ਕੌਮ ਵਿਚੋਂ ਹਨ, ਅਰ ਜੋ ਕੋਈ ਮੁਸਲ-ਮਾਨ ਨੂੰ ਜਾਂਣਕੇ ਮਾਰ ਸੁੱਟੇ ਉਹ ਸਦਾ ਦੋਜਖ ਵਿਚ ਰਹੇਗਾ, ਓਸ ਉੱਤੇ ਅਲਾਹ ਦਾ ਕ੍ਰੋਧ ਅਰ ਲਾਨਤ ਹੈ ॥ ਮੰ੦ ੧ । ਸਿ੦ ੫ । ਸੂ੦ ੪ । ਆ੦ ੯੦ । ੯੧ । ੯੨ ॥

ਹੁਣ ਵੇਖੋ ਮਹਾਂ ਪਖ ਪਾਤ ਦੀ ਬਾਤ, ਕਿ ਜਿਹੜਾ ਮੁਸਲਮਾਨ ਨਾ ਹੋਵੇ ਓਸ ਨੂੰ ਜਿੱਥੇ ਪਾਓ ਮਾਰ ਸੁਟੋ, ਅਰ ਮੁਸਲਮਾਨਾਂ ਨੂੰ ਨਾ ਮਾਰਨਾ, ਭੁਲ ਨਾਲ ਮੁਸਲਮਾਨਾਂ ਨੂੰ ਮਾਰਣ ਵਿਚ ਪ੍ਰਾਸਚਿਤ, ਅਰ ਹੋਰਨਾ ਨੂੰ ਮਾਰ-ਣ ਨਾਲ ਬਹਿਸ਼ਤ ਮਿਲੇਗਾ, ਅਜਿਹੇ ਉਪਦੇਸ਼ ਨੂੰ ਖੂਹ ਵਿਚ ਪਾਣਾ ਚਾਹੀਏ, ਅਜਿਹੇ੨ ਗ੍ਰੰਥ ਅਜਿਹੇ੨ ਪੈਗੰਬਰ, ਅਜਿਹੇ੨ ਖੁਦਾ ਅਰ ਅਜਿਹੇ ਮਤ ਥੀਂ

ਬਗੈਰ ਹਾਨੀ ਦੇ ਲਾਭ ਕੁਝ ਬੀ ਨਹੀਂ। ਅਜਿਹਾਂ ਦਾ ਨਾ ਹੋਣਾ ਅੱਛਾ, ਅਰ ਅਜਿਹੇ ਪ੍ਰਮਾਦ ਦੇ ਭਰੇ ਹੋਏ ਮਤਾਂ ਥੀਂ ਬੁਧਵਾਨਾਂ ਨੂੰ ਪਰੇ ਰਹਕੇ ਵੇਦ ਵਿਚ ਕਹੀਆਂ ਹੋਈਆਂ ਸਭ ਬਾਤਾਂ ਨੂੰ ਮਨਣਾ ਚਾਹੀਏ। ਕਿਉਂਕਿ ਓਸ ਵਿਚ ਅਸਤ ਕਿੰਚਿਤ ਮਾਤ੍ਰ ਬੀ ਨਹੀਂ ਹੈ, ਅਰ ਜੋ ਮੁਸਲਮਾਨ ਨੂੰ ਮਾਰੇ ਓਸਨੂੰ ਦੋਜ਼ਖ ਮਿਲੇ। ਅਰ ਦੂਜੇ ਮਤਵਾਲੇ ਕਹਿੰਦੇ ਹਨ ਕਿ ਮੁਸਲਮਾਨ ਨੂੰ ਮਾਰੇ ਤਾਂ ਸੁਰਗ ਮਿਲੇ, ਹੁਣ ਕਹੋ ਇਨ੍ਹਾਂ ਦੁਹਾਂ ਮਤਾਂ ਵਿਚੋਂ ਕਿਸ ਨੂੰ ਮਨੀਏਂ, ਕਿਸਨੂੰ ਛਡੀਏ, ਕਿੰਤੂ ਅਜਿਹੇ ਮੂੜ੍ਹ ਮਨ ਘੜਤ ਮੱਤਾਂ ਨੂੰ ਛਡਕੇ ਵੇਦ ਵਿਚ ਕਹਿਆ ਹੋਇਆ ਮਤ ਸਭ ਮਨੁਖਾਂ ਦੇ ਸ੍ਵੀਕਾਰ ਕਰਨੇ ਜੋਗ ਹੈ ਕਿ ਜਿਸ ਵਿਚ ਆਰਯਾ ਮਾਰਗ ਅਰਥਾਤ ਸ੍ਰੇਸ਼ਟ ਪੁਰਖਾਂਦੇ ਮਾਰਗ ਵਿਚ ਚਲਣਾ ਅਰ ਦਸ੍ਯੂ ਅਰਥਾਤ ਦੁਸ਼ਟਾਂ ਦੇ ਮਾਰਗ ਥੀਂ ਵਖਰਾ ਰਹਣਾ ਲਿਖਿਆ ਹੈ ਇਹ ਸਾਰਿਆਂ ਨਾਲੋਂ ਉੱਤਮ ਹੈ॥ ੫੮॥

੫੯—ਅਰ ਸਿਖਿਆ ਪ੍ਰਗਟ ਹੋਣ ਦੇ ਪਿੱਛੇ ਜਿਸ ਨੇ ਰਸੂਲ ਨਾਲ ਵਿਰੋਧ ਕੀਤਾ, ਅਰ ਮੁਸਲਮਾਨਾਂ ਨਾਲ ਵਿਰੋਧ ਪਖ ਕੀਤਾ ਜਰੂਰ ਅਸੀਂ ਓਸਨੂੰ ਦੋਜ਼ਖ ਵਿਚ ਭੇਜਾਂਗੇ॥ ਮੰ੦। ੧। ਸਿ੦ ੫। ਸੂ੦ ੪। ਆ੦॥ ੧੧੩॥

( ਸਮੀਖਕ ) ਹੁਣ ਵੇਖੋ! ਖੁਦਾ ਅਰ ਰਸੂਲਦੀ ਪਖਪਾਤ ਦੀਆਂ ਗ-ਲਾਂ, ਮੁਹਮੱਦਸਾਹਿਬ ਆਦੀ ਸਮਝਦੇ ਸਨ ਕਿ ਜੇ ਖੁਦਾ ਦੇ ਨਾਮ ਥੀਂ ਅ-ਜਿਹੀਆਂ ਗਲਾਂ ਅਸੀ ਨਾ ਲਿਖਾਂਗੇ ਤਾਂ ਅਪਣਾ ਮਜਹਬ ਨਾ ਵਧੇਗਾ, ਅਰ ਪਦਾਰਥ ਨਾ ਮਿਲਣਗੇ, ਅਨੰਦ ਭੋਗ ਨਾ ਹੋਵੇਗਾ, ਏਸਤੋਂ ਮਲੂਮ ਹੁੰਦਾ ਹੈ ਕਿ ਉਹ ਅਪਣੇ ਮਤਬਲ ਸਿਧ ਕਰਨਵਿਚ ਪੂਰੇ ਸਨ ਅਰ ਹੋਰਨਾਂਦੇ ਮਤਬਲ ਵਿਗਾੜਨਵਿਚ, ਏਸਲਈ ਅਨਾਪਤ ਸਨ, ਇਨ੍ਹਾਂਦੀ ਬਾਤ ਦਾ ਪ੍ਰਮਾਣ ਆ-ਪਤ ਵਿਦਵਾਨਾਂ ਦੇ ਸਾਮਣੇ ਕਦੀ ਨਹੀਂ ਹੋ ਸਕਦਾ॥ ੫੯॥

੬੦—ਜੋ ਅੱਲਾਹ ਫਿਰਸ਼ਤਿਆਂ, ਕਿਤਾਬਾਂ, ਰਸੂਲ, ਅਰ ਕੀਆਮਤ ਦੇ ਨਾਲ ਕੁਫਰ ਕਰੇ ਨਿਸਚੇ ਉਹ ਗੁਮਰਾਹ ਹੈ। ਨਿਸਚੇ ਜੋ ਲੋਗ ਈਮਾਨ ਲਿਆਏ, ਫੇਰ ਕਾਫਰ ਹੋਏ, ਫੇਰ ੨ ਈਮਾਨ ਲਿਆਏ, ਫੇਰ ਫਿਰ ਗਏ, ਅਰ ਕੁਫਰ ਵਿਚ ਵਧੀਕ ਵਧੇ ਅੱਲਾਹ ਉਨ੍ਹਾਂਨੂੰ ਕਦੀ ਖਿਮਾ ਨਾ ਕਰੇਗਾ ਅਰ ਨਾ ਮਾਰਗ ਦਿਖਾਵੇਗਾ॥ ੬੦॥ ਮੰ੦ ੧। ਸਿ੦ ੫। ਸੂ੦ ੪। ਆ੦ ੧੩੪। ੧੩੫॥

( ਸਮੀਖਕ ) ਕੀ ਹੁਣ ਬੀ ਖੁਦਾ ਲਾਸ਼ਰੀਕ ਰਹ ਸਕਦਾ ਹੈ? ਕੀ ਲਾਸ਼ਰੀਕ ਕਹੀਦੇ ਜਾਂਣਾ ਅਰ ਓਸਦੇ ਨਾਲ ਬਹੁਤਸਾਰੇ ਸ਼ਰੀਕ ਬੀ ਮਨਦੇ ਜਾਣਾ ਇਹ ਪਰਸਪਰ ਵਿਰੁਧ ਬਾਤ ਨਹੀ ਹੈ? ਕੀ ਤਿੱਨ ਬਾਰ ਖਿਮਾ ਦੇ ਪਿਛੋਂ ਖੁਦਾ ਖਿਮਾ ਨਹੀਂ ਕਰਦਾ? ਅਰ ਤਿੱਨ

ਬਾਰ ਕੁਫਰ ਕਰਨ ਉਤੇ ਰਾਹ ਵਿਖਾਂਦਾ ਹੈ ? ਵਾ ਚੌਥੀ ਬਾਰ ਤੋਂ ਅਗੇ ਨਹੀਂ ਵਿਖਾਂਦਾ ? ਜੇਕਰ ਚਾਰ २ ਬਾਰ ਬੀ ਕੁਫਰ ਸਭ ਲੋਗ ਕਰਨ ਤਾਂ ਕੁਫਰ ਬਹੁਤ ਹੀ ਵਧ ਜਾਵੇ ॥ ੬੦ ॥

੬੧–ਨਿਸਚੇ ਅੱਲਾਹ ਬੁਰੇ ਲੋਕਾਂ ਅਰ ਕਾਫਰਾਂ ਨੂੰ ਅਕਠਾ ਕਰੇਗਾ ਦੋ ਜਗਹਿ ਵਿਚ, ਨਿਸਚੇ ਬੁਰੇ ਲੋਕ ਧੋਖਾ ਦਿੰਦੇ ਹਨ ਅੱਲਾਹ ਨੂੰ ਅਰ ਉਨ੍ਹਾਂ ਨੂੰ ਉਹ ਧੋਖਾ ਦਿੰਦਾ ਹੈ, ਹੇ ਈਮਾਨ ਵਾਲਿਓ ! ਮੁਸਲਮਾਨਾਂ ਨੂੰ ਛਡ ਕਾਫਰਾਂ ਨੂੰ ਮਿਤ੍ਰ ਮਤ ਬਣਾਓ ॥ ਮੰ० ੧ । ਸਿ० ੫ । ਸੂ० ੪ । ਆ० ੧੩੯ । ੧੪੧ । ੧੪੩ ॥

(ਸਮੀਖਕ) ਮੁਸਲਮਾਨਾਂ ਦੇ ਸੁਰਗ ਅਰ ਹੋਰ ਲੋਕਾਂ ਦੇ ਨਰਕ ਵਿਚ ਜਾਂਣਦਾ ਕੀ ਪ੍ਰਮਾਣ ? ਵਾਹ ਜੀ ਵਾਹ ! ਜੋ ਬੁਰੇ ਲੋਕਾਂ ਦੇ ਧੋਖੇ ਵਿਚ ਆਉਂਦਾ ਅਰ ਹੋਰਨਾਂ ਨੂੰ ਧੋਖਾ ਦਿੰਦਾ ਹੈ ਅਜਿਹਾ ਖੁਦਾ ਸਾਡੇ ਕੋਲੋਂ ਦੂਰ ਰਹੇ, ਕਿੰਤੂ ਜਿਹੜੇ ਧੋਖੇ ਬਾਜ ਹਨ ਉਨ੍ਹਾਂ ਨਾਲ ਜਾਕੇ ਮੇਲ ਕਰੇ, ਅਰ ਉਹ ਓਸ ਨਾਲ ਮੇਲ ਕਰਨ, ਕਿਉਂਕਿ:—

***ਯਾਦ੍ਰਿਸ਼ੀ ਸੀਤਲਾ ਦੇਵੀ ਤਾਦ੍ਰਿਸ਼ਃ ਖਰਵਾਹਿਨ:॥**

ਜਿਹੇ ਨੂੰ ਤਿਹਾ ਮਿਲੇ ਤਦੇ ਨਿਰਬਾਹ ਹੁੰਦਾ ਹੈ ਜਿਸਦਾ ਖੁਦਾ ਧੋਖੇ-ਬਾਜ ਹੈ ਓਸਦੇ ਉਪਾਸ਼ਕ ਲੋਗ ਧੋਖੇ ਬਾਜ ਕਿਉਂ ਨਾ ਹੋਂਨ ? ਕੀ ਦੁਸ਼ਟ ਮੁਸਲਮਾਨ ਹੋਵੇ ਓਸ ਨਾਲ ਮਿਤ੍ਰਤਾ, ਅਰ ਹੋਰ ਭਲੇ ਲੋਕ ਨਾਲ ਜੋ ਮੁਸਲ-ਮਾਨ ਨਾ ਹੋਵੇ ਵੈਰ ਕਰਨਾ ਕਿਸੇ ਨੂੰ ਉਚੱਤ ਹੋਸਕਦਾ ਹੈ ? ॥ ੬੧ ॥

੬੨–ਹੇ ਲੋਕੋ ! ਨਿਸਚੇ ਤੁਹਾਡੇ ਪਾਸ ਸਤ ਦੇ ਨਾਲ ਖੁਦਾ ਦੀ ਵਲੋਂ ਪੈਗੰਬਰ ਆਇਆ, ਬਸ ਤੁਸੀ ਉਨ੍ਹਾਂ ਉਤੇ ਈਮਾਨ ਲਿਆਓ । ਅੱਲਾਹ ਪੂਜ ਅਕੱਲਾ ਹੈ ॥ ਮੰ० ੧ । ਸਿ ੬ । ਸੂ० ੪ । ਆ० ੬੭ । ੬੯ ॥

(ਸਮੀਖਕ) ਕੀ ਜਦ ਪੈਗੰਬਰ ਉੱਤੇ ਈਮਾਨ ਲਿਆਉਣਾ ਲਿਖਿਆ ਤਾਂ ਈਮਾਨ ਵਿਚ ਪੈਗੰਬਰ ਖੁਦਾ ਦਾ ਸ਼ਰੀਕ ਅਰਥਾਤ ਸਾਂਝ ਵਾਲ ਹੋਇਆ ਜਾਂ ਨਹੀਂ ? ਜਦ ਅੱਲਾਹ ਇਕ ਦੇਸ਼ੀ ਹੈ ਬਿਆਪਕ ਨਹੀਂ ਤਦੇ ਤਾਂ ਓਸਦੇ ਕੋਲੋਂ ਪੈਗੰਬਰ ਆਉਂਦੇ ਜਾਂਦੇ ਹਨ ਤਾਂ ਉਹ ਈਸ਼ੁਰ ਬੀ ਨਹੀਂ ਹੋਸਕਦਾ। ਕਿਦੇ ਸਰਬ ਦੇਸ਼ੀ ਲਿਖਦੇ ਹਨ ਕਿਦੇ ਇਕ ਦੇਸ਼ੀ । ਏਸ ਥੀਂ ਮਲੂੰਮ ਹੁੰਦਾ ਹੈ ਕਿ ਕੁਰਾਂਨ ਇਕ ਦਾ ਬਣਾਇਆ ਨਹੀਂ ਕਿੰਤੂ ਬਹੁਤਿਆਂ ਨੇ ਬਣਾਇਆ

---

*(ਅਰਥ) ਜਿਹੀ ਸੀਤਲਾ ਦੇਵੀ ਤਿਹੀ ਓਸਦੀ ਸਵਾਰੀ ਖੋਤਾ ਹੈ । (ਅਨੁਵਾਦ ਕਰਤਾ)

ਹੈ ॥ ੬੨ ॥

੬੩–ਤੁਹਾਡੇ ਉਤੇ ਹਰਾਮ ਕੀਤਾ ਮੁਰਦਾਰ,ਲਹੂ, ਸੂਰ ਦਾ ਮਾਸ ਜਿਸ ਉਤੇ ਅਲਾਂਹ ਦੇ ਬਿਨਾ ਕੁਝ ਹੋਰ ਪੜ੍ਹਿਆ ਜਾਵੇ, ਗਲਾ ਘੁਟੇ, ਲਾਠੀ ਮਾਰੇ, ਉਪਰੋਂ ਡਿਗ ਪਵੇ, ਸਿੰਗ ਮਾਰੇ, ਅਰ *ਦ੍ਰਿੰਦ ਦਾ ਖਾਧਾ ਹੋਇਆ ॥ ਮੰ੦ ੨। ਸਿ੦੬। ਸੂ੦ ੫। ਆ੦ ੩ ॥

( ਸਮੀਖਕ ) ਕੀ ਇਨੇਹੀ ਪਦਾਰਥ ਹਰਾਮ ਹਨ ਹੋਰ ਬਹੁਤਸਾਰੇ ਪਸ਼ੂ ਤਥਾ ਤਿਰਯਕ ਜੀਵ ਕੀੜੇ ਆਦੀ ਮੁਸਲਮਾਨਾਂ ਨੂੰ ਹਲਾਲ ਹੋਂਨਗੇ? ਏਸਵਾਸਤੇ ਇਹ ਮਨੁਖਾਂ ਦੀ ਘੜੰਤ ਹੈ ਈਸ਼੍ਵਰ ਦੀ ਨਹੀ, ਏਸਲਈ ਏਸਦਾ ਪ੍ਰਮਾਣ ਬੀ ਨਹੀ ॥ ੬੩ ॥

੬੪–ਅਰ ਅਲੱਾਹਨੂੰ ਚੰਗਾ ਉਧਾਰ ਦੇਓ,ਜਰੂਰ ਮੈਂ ਤੁਹਾਡੀ ਬੁਰਿਆ- ਈ ਦੂਰ ਕਰਾਂਗਾ, ਅਰ ਤੁਹਾਨੂੰ ਸੁਰਗਵਿਚ ਭੇਜਾਂਗਾ ॥ ਮੰ ੦ ੨। ਸਿ ੦੬ ਸੂ ੦ ੫। ਆ ੦ ੧੦ ॥

( ਸਮੀਖਕ ) ਵਾਹਜੀ! ਮੁਸਲਮਾਨਾਂ ਦੇ ਖੁਦਾ ਦੇ ਘਰਵਿਚ ਕੁਝਬੀ ਧਨ ਵਸ਼ੇਸ਼ ਨਹੀ ਰਹਿਆ ਹੋਵੇਗਾ? ਜੇ ਵਸ਼ੇਸ਼ ਹੁੰਦਾ ਤਾਂ ਉਧਾਰ ਕਿਉਂ ਮੰਗ ਦਾ? ਅਰ ਉਨ੍ਹਾਂਨੂੰ ਕਿਉਂ ਬਕਾਂਦਾ ਕਿ ਤੁਹਾਡੀ ਬੁਰਿਆਈ ਛੁਡਾਕੇ ਤੁਹਾਨੂੰ ਸੁਰਗ ਵਿਚ ਭੇਜਾਂਗਾ? ਏਥੇ ਮਲੂੰਮ ਹੁੰਦਾਹੈ ਕਿ ਖੁਦਾ ਦਾ ਨਾਮ ਲੈਕੇ ਮੁ- ਹਮਦਸਾਹਿਬ ਨੈ ਅਪਣਾ ਮਤਬਲ ਕਢਿਆ ਹੈ ॥ ੬੪ ॥

੬੫–ਜਿਸਨੂੰ ਚਾਹੰਦਾ ਹੈ ਖਿਮਾ ਕਰਦਾ ਹੈ, ਜਿਸਨੂੰ ਚਾਹੇ ਦੁਖ ਦਿੰਦਾ ਹੈ? ਜੋ ਕੁਝ ਕਿਸੇਨੂੰ ਬੀ ਨਾ ਦਿਤਾ ਉਹ ਤੁਹਾਨੂੰ ਦਿਤਾ ॥ ਮੰ ੦ ੨ ਸਿ ੦ ੬ ਸੂ ੦ ੫। ਆ ੦ ੧੬। ੧੮ ॥

( ਸਮੀਖਕ ) ਜੀਕਣ ਸ਼ੈਤਾਂਨ ਜਿਸਨੂੰ ਚਾਹੰਦਾ ਪਾਪੀ ਬਣਾਂਦਾ, ਊਕਣ ਹੀ ਮੁਸਲਮਾਨਾਂ ਦਾ ਖੁਦਾ ਬੀ ਸ਼ੈਤਾਂਨ ਦਾ ਕੰਮ ਕਰਦਾ ਹੈ, ਜੇ ਈ- ਕਣ ਹੈ ਤਾਂ ਫੇਰ ਸੁਰਗ ਅਰ ਨਰਕਵਿਚ ਖੁਦਾ ਜਾਵੇ, ਕਿਉਂਕਿ ਉਹ ਪਾਪ ਪੁੰਨ ਕਰਨ ਵਾਲਾ ਹੋਇਆ ਜੀਵ ਪਾਧੀਨ ਹਨ। ਜੀਕਣ ਫੌਜ ਸੈਨਾਪਤੀ ਦੇ ਅਧੀਨ ਰਖਿਆ ਕਰਦੀ ਅਰ ਕਿਸੇਨੂੰ ਮਾਰਦੀ ਹੈ, ਓਸਦੀ ਭਲਿਆਈ ਬੁਰਿਆਈ ਸੈਨਾਪਤੀ ਨੂੰ ਹੁੰਦੀ ਹੈ ਸੈਨਾ ਨੂੰ ਨਹੀ ॥ ੬੫ ॥

੬੬–ਆਗਿਆ ਮਨੋ ਅੱਲਾਹ ਦੀ ਅਰ ਆਗਿਆ ਮਨੋ ਰਸੂਲ ਦੀ ॥ ਮੰ੦ ੨। ਸਿ੦ ੭। ਸੂ੦ ੫। ਆ੦ ੮੯ ॥

( ਸਮੀਖਕ ) ਵੇਖੋ! ਇਹ ਬਾਤ ਖੁਦਾ ਦੇ ਸ਼ਰੀਕ ਹੋਣਦੀ ਹੈ ਫੇਰ

*ਫਾੜਨੇ ਵਾਲੇ ਸ਼ੇਰ ਬਘਿਆੜ ਆਦੀ ( ਅਨੁਵਾਦ ਕਰਤਾ )

ਖੁਦਾ ਨੂੰ ਲਾ ਸ਼ਰੀਕ ( ਅਦੁੱਤੀ ) ਮਨਣਾ ਵਿਅਰਥ ਹੈ ॥ ੬੬ ॥

੬੭–ਅੱਲਾਹ ਨੇ ਖਿਮਾ ਕੀਤਾ ਜੋ ਹੋ ਚੁਕਿਆ, ਅਰ ਜੋਕੋਈ ਵੈਰ ਕਰੇਗਾ ਅੱਲਾਹ ਓਸ ਕੋਲੋਂ ਬਦਲਾ ਲਵੇਗਾ ॥ ਮੰ० ੨ । ਸਿ० ੭ । ਸੂ० ੫ । ਆ० ੯੨ ॥

( ਸਮੀਖਕ ) ਕੀਤੇ ਹੋਏ ਪਾਪਾਂ ਦਾ ਖਿਮਾ ਕਰਨਾ ਜਾਣੋ ਪਾਪਾਂ ਦੇ ਕਰਨ ਦੀ ਆਗਿਆ ਦੇਕੇ ਵਧਾਣਾ ਹੈ । ਪਾਪ ਖਿਮਾ ਕਰਨ ਦੀ ਬਾਤ ਜਿਸ ਗ੍ਰੰਥ ਵਿਚ ਹੋਵੇ ਉਹ ਨਾ ਈਸ੍ਵਰ ਅਰ ਨਾ ਕਿਸੇ ਵਿਦਵਾਂਨ ਦਾ ਬਣਾਇਆ ਹੈ ਕਿੰਤੂ ਪਾਪ ਦੇ ਵਧਾਣ ਵਾਲਾ ਹੈ । ਹਾਂ ਅੱਗੇ ਆਉਣ ਵਾਲੇ ਪਾਪ ਦੇ ਛੁਡਾਣ ਦੇ ਲਈ ਕਿਸੇ ਦੀ ਪ੍ਰਾਰਥਨਾ ਅਰ ਆਪ ਛੱਡਣ ਦੇ ਲਈ ਪੁਰਸ਼ਾਰਥ ਪਸਚਾਤਾਪ ਕਰਨਾ ਉਚਿੱਤ ਹੈ, ਪ੍ਰੰਤੂ ਨਿਰਾ ਪਸਚਾਤਾਪ ਕਰਦਾ ਰਹੇ ਛਡੇ ਨਹੀਂ ਤਾਂ ਬੀ ਕੁਝ ਨਹੀਂ ਹੋ ਸਕਦਾ ॥ ੬੭ ॥

੬੮–ਅਰ ਓਸ ਮਨੁਖ ਤੋਂ ਵਧੀਕ ਪਾਪੀ ਕਉਣ ਹੈ ਜੋ ਅੱਲਾਹ ਉੱਤੇ ਝੂਠ ਬਨੁਦਾਹੈ ਅਰ ਕਹਿੰਦਾਹੈ ਕਿ ਮੇਰੀ ਤਰਫ ਵਹੀ ਕੀਤੀ ਗਈ, ਪ੍ਰੰਤੂ ਓਸਦੀ ਤਰਫ ਨਹੀਂ ਕੀਤੀ ਗਈ, ਅਰ ਜੋ ਕਹੰਦਾ ਹੈ ਕਿ ਮੈਂ ਬੀ ਉਤਾਰਾਂਗਾ । ਕਿ ਜੀਕਣ ਅਲੱਾਹ ਉਤਾਰਦਾ ਹੈ ॥ ਮੰ० ੨ । ਸਿ० ੭ । ਸੂ० ੬ । ਆ० ੯੪ ॥

(ਸਮੀਖਕ) ਏਸ ਬਾਤ ਤੋਂ ਸਿਧ ਹੁੰਦਾ ਹੈ ਕਿ ਜਦ ਮੁਹਮੱਦ ਸਾਹਿਬ ਕਹੰਦੇ ਸਨ ਕਿ ਮੇਰੇ ਪਾਸ ਖੁਦਾ ਵਲੋਂ ਆਇਤਾਂ ਆਉਂਦੀਆਂ ਹਨ ਤਦ ਕਿਸੇ ਦੂਜੇ ਨੇ ਬੀ ਮੁਹਮੱਦ ਸਾਹਿਬ ਦੇ ਤੁਲ ਲੀਲਾ ਰਚੀ ਹੋਵੇਗੀ ਕਿ ਮੇਰੇ ਪਾਸ ਬੀ ਆਇਤਾਂ ਉਤਰਦੀਆਂ ਹਨ ਮੈਨੂੰ ਬੀ ਪੈਗੰਬਰ ਮਨੋ, ਏਸ ਨੂੰ ਹਟਾਨ ਅਰ ਅਪਣੀ ਵਡਿਆਈ ਵਧਾਨ ਵਾਸਤੇ ਮੁਹਮੱਦ ਸਾਹਿਬ ਨੇ ਇਹ ਉਪਾ ਕੀਤਾ ਹੋਵੇਗਾ ॥ ੬੮ ॥

੬੯–ਜਰੂਰ ਅਸਾਂ ਨੇ ਤੁਹਾਨੂੰ ਉਤਪੰਨ ਕੀਤਾ ਫੇਰ ਤੁਹਾਡੀ ਸੂਰਤਾਂ ਬਣਾਈਆਂ, ਫਿਰਿਸ਼ਤਿਆਂ ਨੇ ਕਹਿਆ ਕਿ ਆਦਮ ਨੂੰ ਸਜਦਾ ਕਰੋ, ਬਸ ਉਨ੍ਹਾਂ ਨੇ ਸਜਦਾ ਕੀਤਾ, ਪ੍ਰੰਤੂ ਸ਼ੈਤਾਂਨ ਸਜਦਾ ਕਰਨ ਵਾਲਿਆਂ ਵਿਚੋਂ ਨਾ ਹੋਇਆ । ਆਖਿਆ ਜਦ ਮੈਨੇ ਤੈਨੂੰ ਆਗਿਆ ਦਿਤੀ ਫੇਰ ਕਿਸਨੇ ਰੋਕਿਆ ਕਿ ਤੈਂ ਸਜਦਾ ਨਾ ਕੀਤਾ, ਕਹਿਆ ਮੈਂ ਓਸ ਤੋਂ ਚੰਗਾ ਹਾਂ ਤੈਂ ਮੈਨੂੰ ਅਗੱਥੀਂ ਅਰ ਓਸਨੂੰ ਮਿਟੀ ਥੀਂ ਉਤਪੰਨ ਕੀਤਾ । ਕਿਹਾ ਬਸ ਓਸਵਿਚੋਂ ਉਤਰ ਇਹ ਤੇਰੇ ਜੋਗ ਨਹੀਂ ਹੈ ਕਿ ਤੂੰ ਓਸ ਵਿਚ ਅਭਮਾਨ ਕਰੇਂ । ਕਹਿਆ ਓਸ ਦਿਨ ਤਿਕ ਢਿਲ ਦੇਹ ਕਿ ਕਬਰਾਂ ਵਿਚੋਂ ਉਠਾਏ ਜਾਂਨ । ਕਹਿਆ ਨਿਸਚੇ ਤੂੰ ਢਿਲ ਦਿਤੇ ਗਿਆਂ ਵਿਚੋਂ ਹੈਂ । ਕਹਿਆ ਬਸ ਏਸਦੀ ਸਹੋਂ ਹੈ ਕਿ ਤੈਂ ਮੈਨੂੰ ਕੁਰਾਹਵਿਚ ਪਾਇਆ, ਜਰੂਰ ਮੈਂ ਉਨ੍ਹਾਂਦੇ ਲਈ ਤੇਰੇ ਸਿਧੇ ਮਾਰਗ ਉਤੇ ਬੈਠਾਂਗਾ ॥ ਅਰ ਬਹੁਤ ਕਰਕੇ ਤੂੰ ਉਨ੍ਹਾਂਨੂੰ ਧਨਬਾਦ ਕਰਨਵਾਲਾ ਨਾ

ਪਾਵੇਂਗਾ। ਕਹਿਆ ਓਸਨੂੰ ਦੁਰਦਸ਼ਾ ਦੇ ਨਾਲ ਨਿਕਲ ਜਰੂਰ ਜੋ ਕੋਈ ਉਨ੍ਹਾਂਵਿਚੋਂ ਤੇਰਾਪਖ ਕਰੇ ਗਾ ਤੁਹਾਡੇ ਸਭਨਾ ਨਾਲ ਦੋਜਖਨੂੰ ਭਰਾਂਗਾ ॥ ਮੰ० ੨। ਸਿ ੦ ੮। ਸੂ ੦ ੭। ਆ ੦ ੧੦।੧੧।੧੨। ੧੩। ੧੪। ੧੫।੧੬।੧੭॥

( ਸਮੀਖਕ ) ਹੁਣ ਧਿਆਂਨ ਦੇਕੇ ਸੁਣੋ ਖੁਦਾ ਅਰ ਸੈਤਾਂਨ ਦੇ ਝਗੜੇ ਨੂੰ! ਇਕ ਫਰਿਸਤਾ ਜੀਕਣ ਕਿ ਚਪੜਾਸੀ ਹੋਵੇ ਸੀ, ਉਹਬੀ ਖੁਦਾਕੋਲੋਂ ਨਾ ਦਬਿਆ, ਅਰ ਖੁਦਾ ਓਸਦੇ ਆਤਮਾਨੂੰ ਪਵਿਤ੍ਰ ਬੀ ਨਾ ਕਰ ਸਕਿਆ ਫੇਰ ਅਜਿਹੇ ਬਾਗੀ ( ਬਾਕੀ ) ਨੂੰ ਜੋ ਪਾਪੀ ਬਣਾਕੇ ਗਦਰ ਕਰਨ ਵਾਲਾ ਸੀ ਓਸਨੂੰ ਖੁਦਾਨੇ ਛਡ ਦਿਤਾ। ਖੁਦਾਦੀ ਇਹ ਵਡੀ ਭੁਲ ਹੈ। ਸ਼ੈਤਾਂਨ ਤਾਂ ਸਭ ਨੂੰ ਬਕਾਣਵਾਲਾ ਅਰ ਖੁਦਾ ਸ਼ੈਤਾਂਨ ਨੂੰ ਬਕਾਣਵਾਲਾ ਹੋਣਕਰਕੇ ਇਹ ਸਿਧ ਹੁੰਦਾ ਹੈ ਕਿ ਸ਼ੈਤਾਂਨ ਦਾ ਬੀ ਸੈਤਾਂਨ ਖੁਦਾ ਹੈ,ਕਿਉਂਕਿ ਸ਼ੈਤਾਨ ਪ੍ਰਤਖ ਕਹੀਦਾ ਹੈ ਕਿ ਤੈਂ ਮੈਨੂੰ ਕੁਰਾਹੀ ਬਣਾਇਆ। ਏਸਥੀਂ ਖੁਦਾਵਿਚ ਪਵਿਤ੍ਰਤਾਬੀ ਨਹੀ ਪਾਈ ਜਾਂਦੀ, ਅਰ ਸਭ ਬੁਰਾਈਆਂ ਦਾ ਚਲਾਣਵਾਲਾ ਮੂਲ ਕਾਰਣ ਖੁਦਾ ਹੋਇਆ। ਅਜਿਹਾ ਖੁਦਾ ਮੁਸਲਮਾਨਾਂ ਦਾ ਹੀ ਹੋ ਸਕਦਾ ਹੈ ਹੋਰਨਾ ਭਲੇ ਵਿਦਵਾਨਾਂ ਦਾ ਨਹੀ, ਅਰ ਫਿਰਿਸ਼ਤਿਆਂ ਨਾਲ ਮਨੁਖ ਦੀ ਨਿਆਂਈ ਬਾਤਾਂ ਕਰਨ ਕਰਕੇ ਦੇਹਧਾਰੀ ਅਲਪੱਗ, ਨਿਆਂ ਤੋਂ ਰਹਿਤ ਮੁਸਲਮਾਨਾਂ ਦਾ ਖੁਦਾ ਹੈ। ਇਸੇ ਵਾਸਤੇ ਵਿਦਵਾਂਨ ਲੋਗ ਅਸਲਾਮ ਦੇ ਮਜਹਬ ਨੂੰ ਪਸੰਦ ਨਹੀਂ ਕਰਦੇ ॥ ੬੯ ॥

੭੦–ਨਿਸਚੇ ਤੁਹਾਡਾ ਮਾਲਕ ਅੱਲਾਹ ਹੈ ਜਿਸ ਨੇ ਅਸਮਾਨਾਂ ਅਰ ਜਮੀਨ ਨੂੰ ਛੀਆਂ ਦਿਨਾਂ ਵਿਚ ਉਤਪੰਨ ਕੀਤਾ, ਫੇਰ ਅਰਾਮ ਪਾਇਆ ਅਰਸ਼ ਉੱਤੇ। ਦੀਨਤਾ ਨਾਲ ਅਪਣੇ ਮਾਲਕ ਨੂੰ ਪੁਕਾਰੋ ॥ ਮੰ० ੨। ਸਿ ੮। ਸੂ੦ ੭। ਆ० ੫੩ ॥ ੫੪ ॥

(ਸਮੀਖਕ) ਭਲਾ ਜੋ ਛੀਆਂ ਦਿਨਾਂ ਵਿਚ ਜਗਤ ਨੂੰ ਬਣਾਵੇ (ਅਰਸ਼) ਅਰਥਾਤ ਉਪਰ ਦੇ ਅਕਾਸ਼ ਵਿਚ ਸਿੰਘਾਸਨ ਉਤੇ ਅਰਾਮ ਕਰੇ ਉਹ ਈਸ਼੍ਵਰ ਸਰਬ ਸ਼ਕਤੀਮਾਨ ਅਰ ਬਿਆਪਕ ਕਦੀ ਹੋ ਸਕਦਾ ਹੈ? ਏਸ ਦੇ ਨਾ ਹੋਂਣ ਥੀਂ ਉਹ ਖੁਦਾ ਬੀ ਨਹੀਂ ਅਖਵਾ ਸਕਦਾ। ਕੀ ਤੁਹਾਡਾ ਖੁਦਾ ਡੋਰਾ ਹੈ ਜੋ ਹਾਕਾਂ ਮਾਰਣ ਨਾਲ ਸੁਣਦਾ ਹੈ? ਇਹ ਸਭ ਗਲਾਂ ਅਨੀਸ਼੍ਵਰ ਕ੍ਰਿਤ ਹਨ। ਏਸਥੀਂ ਕੁਰਾਂਨ ਈਸ਼੍ਵਰ ਦਾ ਬਣਾਇਆ ਨਹੀ ਹੋ ਸਕਦਾ, ਜੇਕਰ ਛੀ ਦਿਨਾਂ ਵਿਚ ਜਗਤ ਬਣਾਇਆ, ਸਤਵੇਂ ਦਿਹਾੜੇ ਅਰਸ਼ ਉਤੇ ਅਰਾਮ ਕੀਤਾ ਤਾਂ ਥਕਥੀ ਗਿਆ ਹੋਵੇਗਾ,ਅਰ ਹੁਣ ਤਿਕ ਸੁਤਾ ਹੈ ਵਾ ਜਾਗਦਾ ਹੈ? ਜੇਕਰ ਜਾਗਦਾ ਹੈ ਤਾਂ ਹੁਣ ਕੁਝ ਕੰਮ ਕਰਦਾ ਹੈ ਵਾ ਨਿਕੰਮਾ ਸੈਲ ਸਪੱਟਾ ਅਰ ਐਸ਼ ਮੌਜ ਕਰਦਾ ਫਿਰਦਾ ਹੈ ॥ ੭੦ ॥

੭੧– ਮਤਵਿਰੋ ਪ੍ਰਿਥਵੀ ਉਤੇ ਝਗੜਾ ਕਰਦੇ ॥ ਮੰ ੦੨। ਸਿ੦ ੮ ਸੂ੦ ੭। ਆ੦ ੭੩॥

( ਸਮੀਖਕ ) ਇਹ ਬਾਤ ਤਾਂ ਚੰਗੀ ਹੈ ਪ੍ਰੰਤੂ ਏਸ ਤੋਂ ਉਲਟ ਦੂਜੀਆਂ ਥਾਵਾਂ ਵਿਚ ਜਹਾਦ ਕਰਨਾ ਅਰ ਕਾਫਰਾਂ ਨੂੰ ਮਾਰਨਾ ਬੀ ਲਿਖਿਆ ਹੈ, ਹੁਣ ਦੱਸੋ ਅਗਲੇ ਪਿਛਲੇ ਦਾ ਵਿਰੋਧ ਨਹੀਂ ਹੈ? ਏਸ ਥੀਂ ਇਹ ਮਲੂਮ ਹੁੰਦਾ ਹੈ ਕਿ ਜਦ ਮੁਹੱਮਦ ਸਾਹਿਬ ਨਿਰਬਲ ਹੋਏ ਹੋਂਨਗੇ ਤਦ ਉਨ੍ਹਾਂ ਨੇ ਇਹ ਉਪਾ ਰਚਿਆ ਹੋਵੇਗਾ, ਅਰ ਜਦ ਬਲਵਾਂਨ ਹੋਏ ਹੋਂਨਗੇ ਤਦ ਝਗੜਾ ਮਚਾਇਆ ਹੋਵੇਗਾ, ਏਸਲਈ ਇਹ ਬਾਤਾਂ ਇਕ ਦੂਜੇ ਦੇ ਵਿਰੁਧ ਹੋਣ ਕਰਕੇ ਦੋਨੋਂ ਸਚੀਆਂ ਨਹੀਂ ਹਨ॥ ੭੧॥

੭੨–ਬਸ ਇਕ ਹੀ ਵਾਰ ਅਪਨਾ ਸੋਟਾ ਸੁਟ ਪਾਇਆ ਅਰ ਉਹ ਅਜਗਰ ਸੀ ਪ੍ਰਤਖ॥ ਮੰ੦ ੨। ਸਿ੦ ੯ ਸੂ੦ ੭। ਆ੦ ੧੦੫॥

( ਸਮੀਖਕ ) ਹੁਣ ਏਸ ਦੇ ਲਿਖਣ ਤੋਂ ਮਲੂਮ ਹੁੰਦਾ ਹੈ ਕਿ ਅਜਿਹੀਆਂ ਝੂਠੀਆਂ ਗਲਾਂ ਨੂੰ ਖੁਦਾ ਅਰ ਮੁਹੱਮਦ ਸਾਹਿਬ ਬੀ ਮਨਦੇ ਸਨ, ਜੇ ਈਕਣ ਹੈ ਤਾਂ ਇਹ ਦੋਨੋਂ ਵਿਦਵਾਂਨ ਨਹੀਂ ਸਨ। ਕਿਉਂਕਿ ਜੀਕਣ ਅਖ ਥੀਂ ਵੇਖਣੇ ਅਰ ਕੰਨ ਨਾਲ ਸੁਣਨੇ ਨੂੰ ਉਲਟਾ ਕੋਈ ਨਹੀਂ ਕਰ ਸਕਦਾ ਏਸ ਲਈ ਇਹ ਇੰਦ੍ਰਜਾਲ ਦੀਆਂ ਬਾਤਾਂ ਹਨ॥ ੭੨॥

੭੩–ਬਸ ਅਸਾਂ ਨੇ ਓਸ ਉੱਤੇ ਮੀਂਹ ਦਾ ਤੁਫਾਂਨ ਭੇਜਿਆ, ਮਕੜੀ, ਚਿਚੜੀ ਅਰ ਡਡ ਅਰ ਲਹੂ। ਬਸ ਉਨ੍ਹਾਂ ਥੀਂ ਅਸਾਂ ਨੇ ਬਦਲਾ ਲੀਤਾ, ਅਰ ਉਨ੍ਹਾਂ ਨੂੰ ਡੁਬਾ ਦਿੱਤਾ ਦਰਯਾ ਵਿਚ। ਅਰ ਅਸਾਂ ਨੇ ਬਨੀ ਇਸਰਾਈਲ ਨੂੰ ਦਰਯਾ ਥੀਂ ਪਾਰ ਉਤਾਰ ਦਿਤਾ। ਨਿਸਚੇ ਉਹ ਦੀਨ ਝੂਠਾ ਹੈ ਕਿ ਜਿਸ ਵਿਚ ਹਨ ਅਰ ਉਨ੍ਹਾਂ ਦਾ ਕਾਰਜ ਬੀ ਝੂਠਾ ਹੈ॥ ਮੰ੦ ੨। ਸਿ੦ ੯ ਸੂ੦ ੭। ਆ੦ ੧੩੦। ੧੩੩। ੧੩੭। ੧੩੮॥

(ਸਮੀਖਕ)ਹੁਣ ਵੇਖੀਏ ਜੀਕਣ ਕੋਈ ਪਖੰਡੀ ਕਿਸੇ ਨੂੰ ਡਰ ਪਾਵੇ ਕਿ ਅਸੀ ਤੇਰੇ ਉਤੇ ਸਪਾਂ ਨੂੰ ਮਾਰਨ ਦੇ ਲਈ ਭੇਜਾਂਗੇ ਈਕਣ ਇਹ ਬੀ ਬਾਤ ਹੈ। ਭਲਾ ਜੋ ਅਜਿਹਾ ਪਖਪਾਤੀ [illegible] ਇਕ ਜਾਤੀ ਨੂੰ ਡੁਬਾ ਦੇਵੇ ਅਰ ਦੂਜੇ ਨੂੰ ਪਾਰ ਉਤਾਰੇ ਉਹ ਅਧਰਮੀ ਖੁਦਾ ਕਿਉਂ ਨਹੀਂ? ਜੋ ਦੂਜਿਆਂ ਮਤਾਂ ਨੂੰ ਕਿ ਜਿਸ ਵਿਚ ਹਜਾਰਾਂ ਕ੍ਰੋੜਾਂ ਮਨੁਖੱ ਹੋਂਨ ਝੂਠਾ ਦਸੇ ਅਰ ਅਪਨੇ ਨੂੰ ਸਚਾ ਓਸ ਥੀਂ ਪਰੇਝੂਠਾ ਦੂਜਾ ਮਤ ਕੌਣ ਹੋਸਕਦਾ ਹੈ? ਕਿਉਂਕਿ ਕਿਸੇ ਮਤ ਵਿਚ ਸਭ ਮਨੁਖੱ ਬੁਰੇ ਅਰ ਭਲੇ ਨਹੀਂ ਹੋਸਕਦੇ, ਇਹ ਇਕ ਤਰਫੀ ਡਿਗਰੀ ਕਰਨਾ ਮਹਾਂ ਮੂਰਖਾਂ ਦਾ ਮਤ ਹੈ। ਕੀ, ਤੌਰੇਤ, ਜਬੂਰ ਦਾ ਦੀਨ ਜੋ ਕਿ ਉਨ੍ਹਾਂ ਦਾ ਸੀ, ਝੂਠਾ ਹੋਗਿਆ? ਵਾ ਉਨ੍ਹਾਂ ਦਾ ਕੋਈ ਹੋਰ ਮਜਹਬ ਸੀ ਕਿ ਜਿਸ ਨੂੰ ਝੂਠਾ ਕਿਹਾ, ਅਰ ਜੇ ਕੁਈਹੋਰ ਮਜਹਬ ਸੀ ਤਾਂ ਕਿਹੜਾ ਸੀ ਦਸੋ ਕਿ ਜਿਸ ਦਾ ਨਾਮ

ਕਰਾਂਨ ਵਿਚ ਹੋਵੇ ॥ ੭੩ ॥

੭੪–ਬਸ ਤੈਨੂੰ ਅਲਬਤੱਾ ਵੇਖ ਸਕੇਗਾ ਜਦ ਪ੍ਰਕਾਸ਼ ਕੀਤਾ ਓਸਦੇ ਮਾਲਕ ਨੈ ਪਹਾੜ ਦੀ ਤਰਫ ਓਸਨੂੰ ਪ੍ਰਮਾਣੂ ੨ ਕੀਤਾ ਡਿਗ ਪਿਆ ਮੂਸਾ ਬਿਹੋਸ਼ ॥ ਮੰ੦ ੨ । ਸਿ੦ ੯ । ਸੂ੦ ੭ । ਆ੦ ੧੪੨ ॥

(ਸਮੀਖਕ) ਜੋ ਵੇਖਣ ਵਿਚ ਆਉਂਦਾ ਹੈ ਉਹ ਵਿਆਪਕ ਨਹੀਂ ਹੋ ਸਕਦਾ, ਅਰ ਅਜਿਹੇ ਚਮਤਕਾਰ ਕਰਦਾ ਫਿਰਦਾ ਸੀ ਤਾਂ ਖੁਦਾ ਏਸ ਵੇਲੇ ਅਜਿਹੇ ਚਮਤਕਾਰ ਕਿਸੇਨੂੰ ਕਿਉਂ ਨਹੀਂ ਵਿਖਾਂਦਾ? ਸਰਬਥਾ ਵਿ-ਰੁਧ ਹੋਣਕਰਕੇ ਇਹ ਬਾਤ ਮਨੱਣ ਜੋਗ ਨਹੀ ॥ ੭੪ ॥

੭੫–ਅਰ ਅਪਣੇ ਮਾਲਕਨੂੰ ਦੀਨਤਾ ਡਰ ਥੀਂ ਮਨ ਵਿਚ ਯਾਦਕਰ ਹੌਲੀ ਅਵਾਜਨਾਲ ਸਵੇਰੇ ਅਰ ਤ੍ਰਕਾਲਾਂ ਵੇਲੇ ॥ ਮੰ੦ ੨ । ਸਿ੦ ੯ । ਸੂ੦ ੭ । ਆ੦ ੨੦੪ ॥

( ਸਮੀਖਕ ) ਕਿਦੇ ਕਿਦੇ ਕੁਰਾਂਨਵਿਚ ਲਿਖਿਆ ਹੈ ਕਿ ਉਚੀ ਅ-ਵਾਜ਼ਨਾਲ ਅਪਣੇ ਮਾਲਕ ਨੂੰ ਪੁਕਾਰ, ਅਰ ਕਿਦੇ ੨ ਹੌਲੀ ੨ ਈਸ਼੍ਵਰ ਦਾ ਸਿਮਰਣ ਕਰ, ਹੁਣ ਦਸੋ ਕਿਹੜੀ ਗਲ ਸਚੀ ਹੈ? ਅਰ ਕਿਹੜੀ ਝੂਠੀ? ਜੋ ਇਕਬਾਤ ਦੂਜੇ ਬਾਤਦੇ ਵਿਰੁਧ ਹੁੰਦੀ ਹੈ ਉਹ ਸੁਦਾਈਆਂ ਦੀਆਂ ਗਲਾਂ ਦੀ ਨਿਆਈਂ ਹੁੰਦੀ ਹੈ। ਜੇਕਰ ਕੋਈ ਗਲ ਭਰਮਨਾਲ ਵਿਰੁਧ ਨਿਕਲ ਜਾਵੇ ਓਸਨੂੰ ਮਨਲੌ ਤਾਂ ਕੁਝ ਚਿੰਤਾ ਨਹੀ ॥ ੭੫ ॥

੭੬–ਪ੍ਰਸ਼ਨ ਕਰਦੇ ਹਨ ਤੈਨੂੰ ਲੁਟਦਾ ਕਹੋ ਲੁਟਨ ਵਾਸਤੇ ਅਲੱਾਹ ਦ ਅਰ ਰਸੂਲਦੇ ਅਰ ਡਰੋ ਅਲੱਾਹ ਥੀਂ ॥ ਮੰ੦ ੨ । ਸਿ ੯ । ਸੂ੦ ੮ । ਆ੦ ੧ ॥

( ਸਮੀਖਕ ) ਜੋ ਲੁਟ ਮਚਾਂਨ, ਡਾਕੂ ਦੇ ਕੰਮ ਕਰਨ, ਕਰਾਂਨ, ਅਰ ਖੁਦਾ ਤਥਾ ਪੈਗੰਬਰ ਅਰ ਈਮਾਨਦਾਰ ਬੀ ਬਣਨ ਇਹ ਵਡੇ ਅਚਰਜਦੀ ਬਾਤਹੈ, ਅਰ ਅਲੱਾਹ ਦਾ ਡਰ ਦਸਦੇ ਅਰ ਡਾਕਾ ਆਦੀ ਭੈੜੇ ਕੰਮ ਬੀ ਕਰਦੇ ਜਾਂਨ, ਅਰ ਉਤਮ ਮਤ ਸਾਡਾ ਹੈ ਕਹਿੰਦਿਆਂ ਲਜਿਆਬੀ ਨਹੀ, ਹਠ ਛਡਕੇ ਸਚੇ ਵੇਦਮਤਦਾ ਗ੍ਰਹਣ ਨਾ ਕਰਨ ਏਸਤੋਂ ਵਧੀਕ ਕੋਈ ਬੁਰਿਆਈ ਦੂਜੀ ਹੋਵੇਗੀ? ॥ ੭੬ ॥

੭੭–ਅਰ ਕਟੋ ਜੜ੍ਹ ਕਾਫਰਾਂਦੀ ਮੈਂ ਤੁਹਾਨੂੰ ਸਹਾਇਤਾ ਦੇਵਾਂਗਾ ਨਾਲ ਹਜਾਰ ਫਰਿਸ਼ਤਿਆਂ ਦੇ ਪਿਛੇ ੨ ਆਉਣ ਵਾਲੇ । ਜਰੂਰ ਮੈਂ ਕਾਫਰਾਂ ਦੇ ਦਿਲਾਂਵਿਚ ਡਰ ਪਾਵਾਂਗਾ, ਬਸ ਮਾਰੋ ਉਪਰ ਗਰਦਨਾਂਦੇ ਮਾਰੋ ਉਨ੍ਹਾਂਵਿਚੋਂ ਹਰਇਕ ਗੰਢ ਉਤੇ ॥ ਮੰ੦ ੨ । ਸਿ੦ ੯ । ਸੂ੦ ੮ । ਆ੦ ੭ । ੯ । ੧੨

( ਸਮੀਖਕ ) ਵਾਹਜੀ ਵਾਹ! ਕਿਹਾ ਖੁਦਾ ਅਰ ਕਿਹੇ ਪੈਗੰਬਰ ਦਇਆ ਹੀਨ ਜੋ ਮੁਸਲਮਾਨੀ ਮਤਥੀਂ ਭਿੰਨ ਕਾਫਰਾਂ ਦੀ ਜੜ੍ਹ ਕਟਵਾਵੇ ਅਰ

ਖੁਦਾ ਆਗਿਆ ਦੇਵੇ ਉਨ੍ਹਾਂਦੀਆਂ ਗਰਦਨਾਂ ਮਾਰੋ ਅਰ ਹਥ ਪੈਰਦੇ ਜੋੜਾਂ ਨੂੰ ਕਟਣਦੀ ਸਹਾਇਤਾ ਅਰ ਸਲਾਹ ਦੇਵੇ, ਅਜਿਹਾ ਖੁਦਾ ਰਾਵਣਤੋਂ ਕੀ ਕੁਝ ਘਟ ਹੈ? ਇਹ ਸਭ ਪ੍ਰਪੰਚ ਕੁਰਾਨਦੇ ਬਣਾਣਵਾਲੇ ਦਾ ਹੈ ਖੁਦਾਦਾ ਨਹੀ? ਜੇਕਰ ਖੁਦਾ ਦਾ ਹੋਵੇ ਤਾਂ ਅਜਿਹਾ ਖੁਦਾ ਸਾਡੇ ਕੋਲੋਂ ਪਰੇ ਅਰ ਅਸੀ ਉਸਤੋਂ ਪਰੇ ਰਹੀਏ ॥ ੭੭ ॥

੭੮–ਅੱਲਾਹ ਮੁਸਲਮਾਨਾਂਦੇ ਨਾਲ ਹੈ। ਹੇ ਲੋਕੋ ਜੋ ਈਮਾਨ ਲਿਆਏ ਹੋ ਹਾਕਾਂ ਮਾਰਨੀਆਂ ਮਨਜ਼ੂਰ ਕਰੋ ਵਾਸਤੇ ਅੱਲਾਹਦੇ, ਅਰ ਵਾਸਤੇ ਰਸੂਲ ਦੇ। ਹੇ ਲੋਕੋ ਜੋ ਈਮਾਨ ਲਿਆਏ ਹੋ ਮਤ ਚੋਰੀ ਕਰੋ ਅਲੱਾਹ ਦੀ, ਰਸੂਲ ਦੀ, ਅਰ ਮਤ ਚੋਰੀ ਕਰੋ ਅਮਾਨਤ ਅਪਣੀ ਦੀ। ਅਰ ਮਕਰ ਕਰਦਾ ਸੀ ਅਲੱਾਹ, ਅਰ ਅਲੱਾਹ ਚੰਗਾ ਮਕਰ ਕਰਨ ਵਾਲਿਆਂ ਦਾ ਹੈ ॥ ਮੰ० ੨। ਸਿ० ੯। ਸੂ० ੮। ਆ० ੧੯। ੨੪। ੨੭। ੩੦ ॥

(ਸਮੀਖਕ) ਕੀ ਅਲੱਾਹ ਮੁਸਲਮਾਨਾਂ ਦਾ ਪਖਪਾਤੀ ਹੈ? ਜੇ ਏਸ ਤਰਾਂ ਦਾ ਹੈ ਤਾਂ ਅਧਰਮ ਕਰਦਾ ਹੈ, ਨਹੀਂ ਤਾਂ ਈਸ਼੍ਵਰ ਸਭ ਸ੍ਰਿਸ਼ਟੀ ਭਰਦਾ ਹੈ। ਕੀ ਖੁਦਾ ਬਿਨਾ ਹਾਕਾਂ ਮਾਰਿਆਂ ਨਹੀਂ ਸੁਣ ਸਕਦਾ? ਡੋਰਾ ਹੈ? ਅਰ ਉਸਦੇ ਨਾਲ ਰਸੂਲ ਨੂੰ ਭਾਈਵਾਲ ਕਰਨਾ ਬਹੁਤ ਬੁਰੀਬਾਤ ਨਹੀਂ ਹੈ? ਅਲੱਾਹ ਦਾ ਕਿਹੜਾ ਖਜ਼ਾਨਾ ਭਰਿਆ ਹੈ ਜੋ ਚੋਰੀ ਕਰੇਗਾ? ਕੀ ਰਸੂਲ ਅਰ ਅਪਣੀ ਅਮਾਨਤ ਦੀ ਚੋਰੀ ਛਡਕੇ ਹੋਰ ਸਭ ਦੀ ਚੋਰੀ ਕੀਤਾ ਕਰੇ? ਅਜਿਹਾ ਉਪਦੇਸ਼ ਅਵਿਦਵਾਂਨ ਅਰ ਅਧਰਮੀਆਂ ਦਾ ਹੋ ਸਕਦਾ ਹੈ। ਭਲਾ ਜੋ ਮਕਰ ਕਰਦਾ ਅਰ ਜੋ ਮਕੱਰ ਕਰਨ ਵਾਲਿਆਂਦਾ ਸੰਗੀਹੈ ਉਹ ਖੁਦਾ ਕਪਟੀ, ਛਲੀ ਅਰ ਅਧਰਮੀ ਕਿਉਂ ਨਹੀਂ? ਏਸ ਲਈ ਇਹ ਕੁਰਾਨ ਖੁਦਾ ਦਾ ਬਣਾਇਆ ਹੋਇਆ ਨਹੀਂ ਹੈ। ਕਿਸੇ ਕਪਟੀ ਛਲੀ ਦਾ ਬਣਾਇਆ ਹੋਵੇਗਾ, ਨਹੀਂ ਤਾਂ ਅਜਿਹੀਆਂ ਉਲਟੀਆਂ ਬਾਂਤਾਂ ਲਿਖੀਆਂ ਕਿਉਂ ਹੁੰਦੀਆਂ ੭੮

੭੯–ਅਰ ਲੜੋ ਉਸ ਨਾਲ ਏਥੋਂ ਤਿਕ ਕਿ ਨਾ ਰਹੇ ਫਿਤਨਾ ਅਰਥਾਤ ਬਲ ਕਾਫਰਾਂਦਾ ਅਰ ਹੋਵੇ ਦੀਨ ਤਮਾਮ ਵਾਸਤੇ ਅਲੱਾਹ ਦੇ, ਅਰ ਜਾਣੋ ਤੁਸੀਂ ਇਹ ਕਿ ਜੋ ਕੁਝ ਤੁਸੀਂ ਲੁੱਟੋ ਕਿਸੇ ਵਸਤੂਥੀਂ ਨਿਸਚੇ ਵਾਸਤੇ ਅੱਲਾਹ ਦੇ ਹੈ ਪੰਜਵਾਂ ਹਿੱਸਾ ਉਸਦਾ ਅਰ ਵਾਸਤੇ ਰਸੂਲ ਦੇ ॥ ਮੰ० ੨। ਸਿ० ੯। ਸੂ० ੮। ਆ० ੩੯। ੪੧ ॥

( ਸਮੀਖਕ ) ਅਜਿਹੇ ਅਨਿਆਂ ਨਾਲ ਲੜਨ ਲੜਾਂਨ ਵਾਲਾ ਮੁਸਲਮਾਨਾਂ ਦੇ ਖੁਦਾਥੀਂ ਭਿੰਨ ਸ਼ਾਂਤੀ ਭੰਗ ਕਰਨਵਾਲਾ ਦੂਜਾ ਕਉਣ ਹੋਵੇਗਾ? ਹੁਣ ਵੇਖੋ! ਇਹ ਮਜ਼ਹਬ ਕਿ ਅੱਲਾਹ ਅਰ ਰਸੂਲ ਦੇ ਵਾਸਤੇ ਸਭ ਜਗਤ ਨੂੰ ਲੁਟਣਾ ਲੁਟਵਾਣਾ ਲੁਟੇਰਿਆਂ ਦਾ ਕੰਮ ਨਹੀਂ ਹੈ? ਅਰ ਲੁਟਦੇ ਮਾਲ ਵਿਚ ਖੁਦਾ ਦਾ ਹਿਸੇਦਾਰ ਬਣਨਾ ਜਾਣੋ ਡਾਕੂ ਬਣਨਾ ਹੈ, ਅਰ ਅਜਿਹੇ ਲੁਟੇ

ਰਿਆਂ ਦਾ ਪਖਪਾਤੀ ਬਣਨਾ ਖੁਦਾ ਅਪਣੀ ਖੁਦਾਈ ਵਿਚ ਵੱਟਾ ਲਗਾਂਦਾ ਹੈ। ਬੜੇ ਅਚਰਜ ਦੀ ਬਾਤ ਹੈ ਕਿ ਅਜਿਹਾ ਗ੍ਰੰਥ, ਅਜਿਹਾ ਖੁਦਾ, ਅਰ ਅਜਿਹੇ ਪੈਗੰਬਰ ਸੰਸਾਰ ਵਿਚ ਅਜਿਹੀ ਉਪਾਧੀ ਅਰ ਸ਼ਾਂਤੀ ਭੰਗ ਕਰਕੇ ਮਨੁਖਾਂ ਨੂੰ ਦੁਖ ਦੇਣ ਦੇ ਲਈ ਕਿੱਥੋਂ ਆਇਆ? ਜੇ ਅਜਿਹੇ ਮਤ ਜਗਤ ਵਿਚ ਪ੍ਰਚਲਤ ਨਾ ਹੁੰਦੇ ਤਾਂ ਸਭ ਜਗਤ ਅਨੰਦ ਵਿਚ ਬਣਿਆਂ ਰਹਿੰਦਾ ॥ ੭੯ ॥

੮੦–ਅਰ ਕਦੀ ਵੇਖੋ ਜਦ ਕਾਫਰਾਂ ਨੂੰ ਫਿਰਸ਼ਤੇ ਕਬਜ਼ ਕਰਦੇ ਹਨ ਮਾਰਦੇ ਹਨ ਮੂੰਹ ਉਨ੍ਹਾਂ ਦੇ ਅਰ ਪਿਠਾਂ ਉਨ੍ਹਾਂ ਦੀਆਂ ਅਰ ਕਹਿੰਦੇ ਚਖੋ ਦੁਖ ਸੜਨਦਾ। ਅਸਾਂ ਨੇ ਉਨ੍ਹਾਂ ਦੇ ਪਾਪ ਥੀਂ ਉਨ੍ਹਾਂ ਨੂੰ ਮਾਰਿਆ, ਅਰ ਅਸਾਂ ਨੇ 'ਫਿਰਔਨ' ਦੀ ਕੌਮ ਨੂੰ ਡੁਬਾ ਦਿੱਤਾ। ਅਰ ਤਿਆਰੀ ਕਰੋ ਵਾਸਤੇ ਉਨ੍ਹਾਂ ਦੇ ਜੋ ਕੁਝ ਤੁਸੀ ਕਰ ਸਕੋ ॥ ਮੰ੦ ੨। ਸਿ੦੯। ਸੂ੦ ੮। ਆ੦ ੫੦। ੫੪। ੫੯ ॥

( ਸਮੀਖਕ ) ਕਿਉਂ ਜੀ ਅਜ ਕਲ ਰੂਸ ਨੇ ਰੂਮ ਆਦੀ ਅਰ ਇੰਗਲੈਂਡ ਨੇ ਮਿਸਰ ਦੀ ਦੁਰਦਸ਼ਾ ਕਰ ਸੁਟੀ ਫਿਰਸ਼ਤੇ ਕਿਥੇ ਸੌਂ ਗਏ? ਅਰ ਅਪਣੇ ਸੇਵਕਾਂ ਦੇ ਵੈਰੀਆਂ ਨੂੰ ਖੁਦਾ ਪਹਲੇ ਮਾਰਦਾ ਡੁਬਾਂਦਾ ਸਾ, ਜੇ ਇਹ ਬਾਤ ਸਚੀ ਹੋਵੇ ਤਾਂ ਅਜਕਲ ਬੀ ਅਜਿਹਾ ਕਰਨ, ਜਿਸ ਥੀਂ ਅਜਿਹਾ ਨਹੀਂ ਹੁੰਦਾ ਏਸ ਲਈ ਇਹ ਬਾਤ ਮਨਣ ਜੋਗ ਨਹੀਂ। ਹੁਣ ਵੇਖੋ ਇਹ ਕਿਹੀ ਬੁਰੀ ਆਗਿਆ ਹੈ ਕਿ ਜੋ ਕੁਝ ਤੁਸੀ ਕਰ ਸਕੋ ਉਹ ਭਿੰਨ ਮਤ ਵਾਲਿਆਂ ਦੇ ਲਈ ਦੁਖਦਾਇਕ ਕਰਮ ਕਰੋ। ਅਜਿਹੀ ਆਗਿਆ ਵਿਦਵਾਂਨ ਅਰ ਧਰਮਾਤਮਾ ਦਇਆਵਾਂਨਦੀ ਨਹੀਂ ਹੋਸਕਦੀ। ਫੇਰ ਲਿਖਦੇਹਨ ਕਿ ਖੁਦਾ ਦਇਆਲੂ ਅਰ ਨਿਆਂਕਾਰੀ ਹੈ ਅਜਿਹੀਆਂ ਬਾਤਾਂ ਥੀਂ ਮੁਸਲਮਾਨਾਂ ਦੇ ਖੁਦਾ ਥੀਂ ਨਿਆਂ ਅਰ ਦਇਆ ਆਦੀ ਚੰਗੇ ਗੁਣ ਦੂਰ ਵਸਦੇ ਹਨ ॥ ੮੦ ॥

੮੧–ਹੇ ਨਬੀ ਬਚਤਹੈ ਤੈਨੂੰ ਅੱਲਾਹ ਅਰ ਉਨ੍ਹਾਂਨੂੰ ਜਿਨ੍ਹਾਂਨੇ ਮੁਸਲਮਾਨਾਂ ਨਾਲ ਤੇਰਾ ਪਖ ਕੀਤਾ, ਹੇ ਨਬੀ ਰਗਬਤ ਅਰਥਾਤ ਚਾਹਚਸਕਾ ਦੇਹ ਮੁਸਲਮਾਨਾਂਨੂੰ ਉਪਰ ਲੜਾਈ ਦੇ ਜੋ ਹੋਨ ਤੁਹਾਡੇ ਵਿਚੋਂ ੨੦ ਆਦਮੀ ਸੰਤੋਖ ਕਰਨਵਾਲੇ ਤਾਂ ਜਿੱਤਨ ਦੋ ਸੌਨੂੰ। ਬਸ ਖਾਓ ਓਸ ਬਸਤੂਥੀਂ ਕਿ ਲੁਟੀ ਹੈ ਤੁਸਾਂਨੇ ਹਲਾਲ ਪਵਿਤ੍ਰ, ਅਰ ਡਰੋ ਅੱਲਾਹਥੀਂ ਉਹ ਖਿਮਾ ਕਰਨਵਾਲਾ ਦਇਆਲੂ ਹੈ ॥ ਮੰ੦ ੨। ਸਿ੦ ੧੦। ਸੂ੦ ੮। ਆ੦ ੬੩। ੬੪॥ ੬੮ ॥

( ਸਮੀਖਕ ) ਭਲਾ ਇਹ ਕਿਹੜੇ ਨਿਆਂ, ਵਿਦਵਾਨਤਾ ਅਰ ਧਰਮਦੀ ਬਾਤ ਹੈ ਕਿਜੋ ਅਪਣਾ ਪਖ ਕਰੇ ਅਰ ਭਾਵੇਂ ਅਨਿਆਂ ਬੀ ਕਰੇ ਉਸੇਦਾ ਪਖ ਅਰ ਲਾਭ ਪੁਚਾਵੇ, ਅਰ ਜੋ ਪਰਜਾਵਿਚ ਸ਼ਾਂਤੀ ਭੰਗ ਕਰਕੇ ਲੜਾਈ ਕਰੇ

ਕਰਾਵੇ ਅਰ ਲੁਟ ਮਾਰਦੇ ਪਦਾਰਥਾਂਨੂੰ ਹਲਾਲ ਦਸੇ ਅਰ ਫੇਰ ਉਸਦਾਨਾਮ ਖਿਮਾਵਾਂਨ ਦਇਆਲੂ ਲਿਖੇ ਇਹ ਬਾਤ ਖੁਦਾਦੀ ਤਾਂ ਕੀ ਕਿੰਤੂ ਕਿਸੇ ਭਲੇ ਆਦਮੀ ਦੀ ਬੀ ਨਹੀ ਹੋ ਸਕਦੀ। ਅਜਿਹੀਆਂ ੨ ਬਾਤਾਂ ਕਰਕੇ ਕੁਰਾਂਨ ਈਸ਼ੂਰ ਦਾ ਵਾਕ ਕਦੀ ਨਹੀ ਹੋ ਸਕਦਾ ॥ ੯੧ ॥

੯੨–ਸਦਾ ਰਹਨਗੇ ਵਿਚ ਓਸਦੇ ਅੱਲਾਹ ਕੋਲਹੇ ਓਸਦੇ ਪੁੰਨ ਵਡਾ॥ ਹੇ ਲੋਕੋ ਜੇ ਈਮਾਨ ਲਿਆਏ ਹੋ ਮਤ ਪਕੜੋ ਪਿਵਾਂ ਅਪਣਿਆਂ ਨੂੰ, ਅਰ ਭਰਾਵਾਂ ਅਪਣਿਆਂ ਨੂੰ, ਮਿਤ੍ਰ ਜੋ ਯਾਰ ਰਖਨ ਕੁਫਰ ਨੂੰ ਈਮਾਨ ਦੇ॥ ਫੇਰ ਉਤਾਰੀ ਅਲਾੱਹ ਨੇ ਤਿਸੱਲੀ ਅਪਣੀ ਉਪਰ ਰਸੂਲ ਅਪਣੇ ਦੇ, ਅਰ ਉਪੱਰ ਮੁਸਲਮਾਨਾਂ ਦੇ ਅਰ ਉਤਾਰੇ ਲਸ਼ਕਰ ਨਹੀਂ ਵੇਖਿਆ ਤੁਸਾਂ ਨੇ ਉਨ੍ਹਾਂ ਨੂੰ ਅਰ ਪੀੜਾ ਦਿੱਤੀ ਉਨ੍ਹਾਂ ਲੋਕਾਂ ਨੂੰ ਅਰ ਇਹੋ ਡੰਡ ਹੇ ਕਾਫਰਾਂ ਨੂੰ ॥ ਫੇਰ ਆਵੇਗਾ ਅਲਾੱਹ ਪਿਛੋਂ ਓਸ ਦੇ ਉਪੱਰ॥ ਅਰ ਲੜਾਈ ਕਰੋ ਉਨ੍ਹਾਂ ਲੋਕਾਂ ਨਾਲ ਜੋ ਈਮਾਨ ਨਹੀਂ ਲਿਆਉਂਦੇ॥ ਮੰ० ੨। ਸਿ० ੧੦। ਸੂ० ੯। ਆ० ੨੧। ੨੨। ੨੫। ੨੬। ੨੯॥

( ਸਮੀਖਕ ) ਭਲਾ ਜੇ ਬਹਿਸ਼ਤ ਵਾਲਿਆਂ ਦੇ ਕੋਲ ਅੱਲਾਹ ਰਹਿੰਦਾ ਹੈ ਤਾਂ ਸਰਬ ਬਿਆਪਕ ਕਿਸਤਰਾਂ ਨਾਲ ਹੋ ਸਕਦਾ ਹੈ? ਜੇ ਸਰਬ ਵਿਆਪਕ ਨਹੀਂ ਤਾਂ ਸ੍ਰਿਸ਼ਟੀ ਕਰਤਾ ਅਰ ਨਿਆਂ ਦੇ ਕਰਨ ਵਾਲਾ ਨਹੀਂ ਹੋ ਸਕਦਾ, ਅਰ ਅਪਣੇ ਮਾਂ,ਪਿਉ, ਭ੍ਰਾ ਅਰ ਮਿਤ੍ਰ ਨੂੰ ਛੁਡਵਾਣਾ ਨਿਰੇ ਅਨਿਆਂ ਦੀ ਬਾਤ ਹੈ। ਹਾਂ ਜੋ ਉਹ ਬੁਰਾ ਉਪਦੇਸ਼ ਕਰਨ ਨਾ ਮਨਣਾ। ਪ੍ਰੰਤੂ ਉਨ੍ਹਾਂ ਦੀ ਸੇਵਾ ਸਦਾ ਕਰਨੀ ਚਾਹੀਏ। ਜੇ ਪਹਿਲੇ ਖੁਦਾ ਮੁਸਲਮਾਨਾਂ ਉਤੇ ਰਾਜੀ ਸੀ ਅਰ ਉਨ੍ਹਾਂ ਦੀ ਸਹਾਇਤਾ ਵਾਸਤੇ ਲਸ਼ਕਰ ਉਤਾਰਦਾ ਸੀ ਇਹ ਗਲੱ ਸਚ ਹੋਵੇ ਤਾਂ ਹੁਣ ਅਜਿਹਾ ਕਿਉਂ ਨਹੀਂ ਕਰਦਾ ? ਅਰ ਜੋ ਪਹਿਲੋਂ ਕਾਫਰਾਂ ਨੂੰ ਡੰਡ ਦਿੰਦਾ ਅਰ ਫੇਰ ਉਨ੍ਹਾਂ ਦੇ ਉਪਰ ਆਉਂਦਾ ਸੀ ਤਾਂ ਹੁਣ ਕਿਥੇ ਗਿਆ ? ਕੀ ਬਿਨਾ ਲੜਾਈ ਦੇ ਈਮਾਨ ਖੁਦਾ ਨਹੀਂ ਬਣਾ ਸਕਦਾ? ਅਜਿਹੇ ਖੁਦਾ ਨੂੰ ਸਾਡੇ ਵਲੋਂ ਸਦਾ ਤਿਲਾਂਜਲੀ ਹੈ ਖੁਦਾ ਕੀ ਹੈ ਇਕ ਖਿਡਾਰੂ ਹੈ॥ ੯੨॥

੯੩–ਅਰ ਅਸੀ ਵਾਟ ਵੇਖਣ ਵਾਲੇ ਹਾਂ ਵਾਸਤੇ ਤੁਹਾਡੇ ਇਹ ਕਿ ਪੁਚਾਵੇ ਤੁਹਾਨੂੰ ਅਲਾੱਹ ਪੀੜਾ ਅਪਣੇ ਪਾਸ ਥੀਂ ਵਾ ਸਾਡੇ ਹੱਥਾਂ ਥੀਂ॥ ਮੰ० ੨। ਸਿ० ੧੦ ਸੂ० ੯। ਆ० ੫੨॥

(ਸਮੀਖਕ) ਕੀ ਮੁਸਲਮਾਂਨ ਹੀ ਈਸ਼ੂਰ ਦੀ 'ਪੁਲਸ'ਬਣ ਗਏ ਹਨ? ਕਿ ਅਪਣੇ ਹਥੋਂ ਵਾ ਮੁਸਲਮਾਨਾਂ ਦੇ ਹਥੋਂ ਹੋਰ ਕਿਸੇ ਮਤ ਵਾਲਿਆਂ ਨੂੰ ਪਕੜਾ ਦਿੰਦਾ ਹੈ ? ਕੀ ਦੂਜੇ ਕ੍ਰੋੜਾਂ ਮਨੁਖ ਈਸ਼ੂਰ ਨੂੰ ਪਿਆਰੇ ਨਹੀਂ ? ਮੁਸਲਮਾਨਾਂ ਵਿਚ ਪਾਪੀ ਬੀ ਪਿਆਰੇ ਹਨ ? ਜੇਕਰ ਅਜਿਹਾ ਹੈ ਤਾਂ ਹਨੇਰ ਨਗਰੀ ਗਬਰ ਗੰਡ ਰਾਜਾ ਦੀ ਬਵਸਥਾ ਨਜਰ ਆਉਂਦੀ ਹੈ। ਅਚਰਜ ਹੈ

ਕਿ ਜੋ ਬੁਧਵਾਂਨ ਮੁਸਲਮਾਨ ਹਨ ਉਹਬੀ ਏਸ ਨਿਰਮੂਲ ਪੋਲੇ ਮਤ ਨੂੰ ਮਨਦੇ ਹਨ॥ ੯੩॥

੯੪–ਪ੍ਰਤਗਿਆ ਕੀਤੀ ਹੈ ਅੱਲਾਹ ਨੇ ਈਮਾਨ ਵਾਲਿਆਂ ਨਾਲ, ਅਰ ਈਮਾਂਨਵਾਲਿਆਂ ਦੇ ਵਾਸਤੇ ਸੁਰਗ ਹਨ,ਚਲਦੀਆਂ ਹਨ ਹੇਠਾਂ ਉਨ੍ਹਾਂਦੇ ਨਹਰਾਂ ਸਦਾ ਰਹਣ ਵਾਲੀਆਂ ਵਿਚ ਓਸਦੇ ਅਰ ਘਰ ਪਵਿਤ੍ਰ ਸੁਰਗ "ਅਦਨ" ਦੇ ਅਰ ਪ੍ਰਸਨਤਾ ਅਲਾਹਦੀ ਅਰ ਵਡੀ ਹੈ, ਅਰ ਇਹ ਕਿ ਉਹਹੈ ਮੁਰਾਦ ਪਾਣਾਂ ਵਡਾ। ਬਸ ਠਠਾ ਕਰਦੇ ਹਨ ਉਨ੍ਹਾਂਨਾਲ, ਠੱਠਾ ਕੀਤਾ ਅਲੱਾਹਨੇ ਉਨ੍ਹਾਂਨਾਲ ॥ ਮੰ੦ ੨। ਸਿ੦ ੧੦। ਸੂ੦ ੯। ਆ੦ ੭੨। ੮੦॥

(ਸਮੀਖਕ) ਇਹ ਖੁਦਾ ਦਾ ਨਾਮ ਲੈਕੇ ਇਸਤ੍ਰੀ ਪੁਰਖਾਂਨੂੰ ਅਪਣੇ ਮਤਬਲ ਦੇ ਲਈ ਲੋਭ ਦੇਣਾ ਹੈ, ਕਿਉਂ ਜੋ ਅਜਿਹਾ ਲੋਭ ਨਾ ਦਿੰਦੇ ਤਾਂ ਕੋਈ ਮੁਹਮਦ ਸਾਹਿਬਦੇ ਜਾਲਵਿਚ ਨਾ ਫਸਦਾ, ਈਕਣਹੀ ਹੋਰ ਮਤਵਾਲੇ ਬੀ ਕੀਤਾ ਕਰਦੇ ਹਨ। ਮਨੁਖ ਲੋਗ ਤਾਂ ਆਪਸਵਿਚ ਠਠਾ ਕੀਤਾ ਹੀ ਕਰਦੇ ਹਨ ਪ੍ਰੰਤੂ ਖੁਦਾ ਨੂੰ ਕਿਸੇਨਾਲ ਠੱਠਾ ਕਰਨਾ ਉਚਤ ਨਹੀ ਹੈ ਇਹ ਕੁਰਾਂਨ ਕੀਹੈ ਵਡੀ ਖੇਡ ਹੈ॥ ੯੪॥

੯੫–ਪ੍ਰੰਤੂ ਰਸੂਲ ਅਰ ਜੋ ਲੋਕ ਕਿ ਨਾਲ ਓਸਦੇ ਈਮਾਨ ਲਿਆਏ ਜਹਾਦ ਕੀਤਾ ਉਨ੍ਹਾਂਨੇ ਨਾਲ ਧਨ ਅਪਣੇ ਦੇ, ਤਥਾ ਜਾਂਨ ਆਪਣੀ ਦੇ, ਅਰ ਇਨ੍ਹਾਂ ਲੋਕਾਂ ਦੇ ਲਈ ਭਲਿਆਈ ਹੈ। ਅਰ ਮੁਹਰ ਰਖੀ ਅਲੱਾਹ ਨੇ ਉਪਰ ਦਿਲਾਂ ਉਨ੍ਹਾਂ ਦੇ ਕਿ ਬਸ ਉਹ ਨਹੀਂ ਜਾਂਣਦੇ॥ ਮੰ੦ ੨। ਸਿ੦ ੧੦। ਸੂ੦ ੯। ਆ੦ ੮੯। ੮੨॥

(ਸਮੀਖਕ) ਹੁਣ ਵੇਖ ਮਤਲਬ ਸਿੰਧੂ ਦੀ ਬਾਤ ਕਿ ਉਹੋ ਹੀ ਭਲੇ ਹਨ ਜੋ ਮੁਹੱਮਦ ਸਾਹਿਬ ਦੇ ਨਾਲ ਈਮਾਨ ਲਿਆਏ,ਅਰ ਜੋ ਨਹੀਂ ਲਿਆਏ ਉਹ ਬੁਰੇ ਹਨ। ਕੀ, ਇਹ ਗਲ ਪਖਪਾਤ ਅਰ ਅਵਿਦਿਆ ਦੀ ਭਰੀ ਹੋਈ ਨਹੀਂ ਹੈ? ਜਦ ਖੁਦਾ ਨੇ ਮੁਹਰ ਲਗਾ ਦਿੱਤੀ ਤਾਂ ਉਨ੍ਹਾਂ ਦਾ ਅਪ੍ਰਾਧ ਪਾਪ ਕਰਨ ਵਿਚ ਕੋਈ ਬੀ ਨਹੀਂ ਕਿੰਤੂ ਖੁਦਾ ਦਾ ਹੀ ਅਪ੍ਰਾਧ ਹੈ, ਕਿਂਉਕਿ ਉਨ੍ਹਾਂ ਵਿਚਾਰਿਆਂ ਨੂੰ ਭਲਿਆਈ ਥੀਂ ਦਿਲਾਂ ਉਤੇ ਮੁਹਰ ਲਗਾਕੇ ਰੋਕ ਦਿੱਤੇ ਇਹ ਕਿੱਨਾਂ ਵਡਾ ਅਨਿਆਂ ਹੈ!!! ੯੫॥

੯੬–ਲੈ ਮਾਲ ਉਨ੍ਹਾਂ ਦੇ ਵਿਚੋਂ ਖੈਰਾਤ(ਦਾਨ) ਕਿ ਪਵਿਤ੍ਰ ਕਰੇਂਤੂੰ ਉਨ੍ਹਾਂ ਨੂੰ ਅਰਥਾਤ ਬਾਹਿਰਲੀ,ਅਰ ਸ਼ੁਧ ਕਰੇਂ ਤੂੰ ਉਨ੍ਹਾਂ ਨੂੰ ਸਾਥ ਓਸਦੇ ਅਰਥਾਤ ਗੁਪਤ ਵਿਚ। ਨਿਸਚੇ ਅਲਾਹ ਨੇ ਮੁਲ ਲੀਤੀਆਂਹਨ ਮੁਸਲਮਾਨਾਂ ਤੋਂ ਜਾਨਾਂ ਉਨ੍ਹਾਂ ਦੀਆਂ ਅਰ ਮਾਲ ਉਨ੍ਹਾਂ ਦੇ ਬਦਲੇ ਕਿ ਵਾਸਤੇ ਉਨ੍ਹਾਂ ਦੇ ਸੁਰਗ ਹੈ, ਲੜਦੇ ਹੋ ਵਿਚ ਮਾਰਗ ਅੱਲਾਹ ਦੇ ਬਸ ਮਾਰਦੇ ਹੋ ਅਰ ਮਰ ਜਾਂਦੇ ਹੋ॥

ਮੰ੦ ੨। ਸਿ੦। ੧੧। ਸੂ੦ ੯। ਆ੦ ੧੦੨। ੧੧੦॥

(ਸਮੀਖਕ) ਵਾਹ ਜੀ ਵਾਹ! ਮੁਹਮੰਦ ਸਾਹਿਬ ਤੁਸਾਂ ਨੈ ਤਾਂ ਗੋਕਲੀਏ ਗੁਸਾਈਆਂ ਦੀ ਬ੍ਰਾਬ੍ਰੀ ਕਰ ਲੀਤੀ, ਕਿਉਂਕਿ ਉਨ੍ਹਾਂ ਦਾ ਮਾਲ ਲੈਣਾ ਅਰ ਉਨ੍ਹਾਂ ਨੂੰ ਪਵਿਤ੍ਰ ਕਰਨਾ ਇਹੋ ਬਾਤ ਤਾਂ ਗੁਸਾਈਆਂ ਦੀ ਹੈ। ਵਾਹ ਖੁਦਾ ਜੀ! ਤੁਸਾਂ ਨੈ ਚੰਗੀ ਸੌਦਾਗਰੀ ਲਾਈ ਕਿ ਮੁਸਲਮਾਨਾਂ ਦੇ ਹਥੋਂ ਹੋਰ ਗ੍ਰੀਬਾਂ ਦੇ ਪ੍ਰਾਣ ਲੈਣਾ ਹੀ ਲਾਭ ਸਮਝਿਆ, ਅਰ ਉਨ੍ਹਾਂ ਅਨਾਥਾਂ ਨੂੰ ਮਰਵਾਕੇ ਉਨ੍ਹਾਂ ਨਿਰਦਈ ਮਨੁਖਾਂ ਨੂੰ ਸ੍ਵਰਗ ਦੇਣ ਥੀਂ ਦਇਆ ਅਰ ਨਿਆਂ ਪਾਸੋਂ ਮੁਸਲਮਾਨਾਂ ਦਾ ਖੁਦਾ ਹਥ ਧੋ ਬੈਠਿਆ ਅਰ ਅਪਣੀ ਖੁਦਾਈ ਵਿਚ ਵਟੋਂ ਲਾਕੇ ਬੁਧਵਾਂਨ ਧਰਮਾਤਮਾ ਲੋਕਾਂ ਵਿਚ ਘਿਰਨਾ ਨੂੰ ਪ੍ਰਾਪਤ ਹੋਗਿਆ ॥੯੬॥

੯੭–ਹੇ ਲੋਕੋ ਜੋ ਈਮਾਨ ਲਿਆਏ ਹੋ ਲੜੋ ਉਨ੍ਹਾਂ ਲੋਕਾਂ ਨਾਲ ਕਿ ਪਾਸ ਤੁਹਾਡੇ ਹਨ ਕਾਫਰਾਂ ਥੀਂ ਅਰ ਚਾਹੀਏ ਕਿ ਪਾਂਨ ਵਿਚ ਤੁਹਾਡੇ ਦ੍ਰਿੜ੍ਹਤਾ, ਕਿਉਂ ਨਹੀਂ ਵੇਖਦੇ ਇਹ ਕਿ ਉਹ ਬਲਾਵਾਂ ਵਿਚ ਪਾਏ ਜਾਂਦੇ ਹਨ ਹਰ ਵਰ੍ਹੇ ਦੇ ਇਕਵਾਰ ਜਾਂ ਦੋ ਵਾਰ, ਫਿਰ ਉਹ ਨਹੀਂ ਤੋਬਾ ਕਰਦੇ ਅਰ ਨਾ ਉਹ ਸਿਖਿਆ ਪਕੜਦੇ ਹਨ ॥ ਮੰ੦ ੨। ਸਿ੦੧੧। ਸੂ੦ ੯। ਆ੦੧੨੨। ੧੨੫॥

(ਸਮੀਖਕ) ਵੇਖੋ ਇਹ ਬੀ ਇਕ ਵਿਸ਼੍ਵਾਸ ਘਾਤ ਦੀਆਂ ਬਾਤਾਂ ਖੁਦਾ ਮੁਸਲਮਾਨਾਂ ਨੂੰ ਸਿਖਾਂਦਾ ਹੈ ਕਿ ਭਾਵੇਂ ਗੁਆਂਢੀ ਹੋਂਨ ਵਾ ਕਿਸੇ ਦੇ ਨੌਕਰ ਹੋਂਨ ਜਦ ਵੇਲਾ ਪਾਂਨ ਤਦੇਹੀ ਲੜਾਈ ਵਾ ਘਾਤ ਕਰਨ। ਅਜਿਹੀਆਂ ਬਾਤਾਂ ਮੁਸਲਮਾਨਾਂਥੀਂ ਬਹੁਤ ਬਣ ਗਈਆਂ ਹਨ, ਇਸੇ ਕੁਰਾਂਨਦੇ ਲੇਖਥੀਂ ਹੁਣ ਤਾਂ ਮੁਸਲਮਾਨ ਸਮਝਕੇ ਇਨ੍ਹਾਂ ਕੁਰਾਂਨਦੀਆਂ ਬੁਰਿਆਈਆਂ ਨੂੰ ਛਡਦੇ-ਨ ਤਾਂ ਬਹੁਤ ਚੰਗਾ ਹੈ॥ ੯੭॥

੯੮–ਨਿਸਚੇ ਪਾਲਣਹਾਰਾ ਤੁਹਾਡਾ ਅੱਲਾਹ ਹੈ ਜਿਸਨੈ ਪੈਦਾ ਕੀਤਾ ਅਸਮਾਨਾਂਨੂੰ ਅਰ ਜਮੀਂਨਨੂੰ ਵਿਚ ਛੀਆਂ ਦਿਨਾਂਦੇ, ਫਿਰ ਅਰਾਂਮ ਪਾਇਆ ਉਤੇ ਅਰਸ਼ਦੇ, ਤਦਬੀਰ ਕਰਦਾਹੈ ਕੰਮਦੀ ॥ ਮੰ ੦ ੩। ਸਿ ੦ ੧੧। ਸੂ ੦ ੧੦। ਆ ੦ ੩॥

( ਸਮੀਖਕ ) ਅਸਮਾਨ ਅਕਾਸ਼ ਇਕ ਹੈ ਅਰ ਬਿਨਾ ਬਣਿਆਂ ਹੋ-ਇਆਂ ਅਨਾਦੀ ਹੈ, ਓਸਦਾ ਬਣਾਣਾ ਲਿਖਣ ਥੀਂ ਨਿਸਚੇ ਹੋਇਆ ਕਿ ਉਹ ਕੁਰਾਂਨ ਦੇ ਬਣਾਨਵਾਲਾ ਪਦਾਰਥ ਵਿਦਿਆ ਨੂੰ ਨਹੀ ਜਾਂਣਦਾ ਸੀ। ਕੀ ਪਰਮੇਸ਼੍ਵਰਨੂੰ ਛੀ ਦਿਨਤਿਕ ਬਣਾਂਣਾ ਪੜਦਾ ਹੈ? ਤਾਂ ਜੋ "ਹੋ ਮੇਰੇ ਹੁਕਮ ਥੀਂ ਅਰ ਹੋ ਗਿਆ" ਜਦ ਕੁਰਾਂਨਵਿਚ ਅਜਿਹਾ ਲਿਖਿਆ ਹੈ ਤਾਂ ਫੇਰ ਛੀ ਦਿਨ ਕਦੀ ਨਹੀ ਲਗ ਸਕਦੇ, ਏਸ ਲਈ ਛੀ ਦਿਨ ਲਗਣਾ ਝੂਠ ਹੈ। ਜੇ ਉਹ ਬਿਆਪਕ ਹੁੰਦਾ ਤਾਂਉਪਰ ਅਕਾਸ਼ਵਿਚ ਕਿਉਂਠਹਿਰਦਾ? ਅਰਜਦਕੰਮ ਦੀ ਤਦਬੀਰ ਕਰਦਾਹੈ ਤਾਂ ਠੀਕ ਤੁਹਾਡਾਖੁਦਾ ਮਨੁਖਦੇ ਸਮਾਂਨਹੈ, ਕਿਉਂਕਿਜੋ

ਸਰਬੱਗ ਹੈ ਉਹ ਬੈਠਾ ਬੈਠਾ ਕੀ ਤਦਬੀਰ ਕਰੇਗਾ। ਇਸ ਥੀਂ ਮਲੂਮ ਹੁੰਦਾ ਹੈ ਕਿ ਈਸ਼ੂਰ ਨਾ ਜਾਣਨ ਵਾਲੇ ਜੰਗਲੀ ਲੋਕਾਂ ਨੇ ਇਹ ਗ੍ਰੰਥ ਬਣਾਇਆ ਹੋਵੇਗਾ॥ ੮੮॥

੮੯–ਸਿਖਿਆ ਅਰ ਦਇਆ ਵਾਸਤੇ ਮੁਸਲਮਾਨਾਂ ਦੇ ਮੰ० ੩। ਸਿ० ੧੧ ਸੂ० ੧੦ ਆ० ੫੫॥

( ਸਮੀਖਕ ) ਕੀ ਇਹ ਖੁਦਾ ਮੁਸਲਮਾਨਾਂ ਦਾ ਹੀ ਹੈ? ਦੂਜਿਆਂ ਦਾ ਨਹੀਂ? ਅਰ ਪਖ ਪਾਤੀ ਹੈ ਕਿ ਮੁਸਲਮਾਨਾਂ ਉਤੇ ਹੀ ਦਇਆ ਕਰੇ ਹੋਰਨਾ ਮਨੁਖਾਂ ਉਤੇ ਨਹੀਂ, ਜੇਕਰ ਮੁਸਲਮਾਨ ਈਮਾਨ ਦਾਰਾਂ ਨੂੰ ਕਹਿੰਦੇ ਹਨ ਤਾਂ ਉਨ੍ਹਾਂ ਦੇ ਲਈ ਸਿਖਿਆ ਦੀ ਜਰੂਰਤ ਹੀ ਨਹੀਂ, ਅਰ ਮੁਸਲਮਾਨਾਂ ਥੀਂ ਭਿੰਨ ਲੋਕਾਂ ਨੂੰ ਉਪਦੇਸ਼ ਨਹੀਂ ਕਰਦਾ ਤਾਂ ਖੁਦਾ ਦੀ ਵਿਦਿਆ ਹੀ ਵਿਅਰਥ ਹੈ॥ ੮੯॥

੯੦–ਪ੍ਰੀਖਿਆ ਲਵੇ ਤੁਹਾਡੀ ਕਉਣ ਤੁਹਾਡੇ ਵਿਚੋਂ ਚੰਗਾ ਹੈ ਕਰਮਾਂ ਵਿਚ ਜੋ ਕਹੇ ਤੂੰ ਜਰੂਰ ਉਠਾਏ ਜਾਓਗੇ ਤੁਸੀਂ ਪਿੱਛੇ ਮੌਤ ਦੇ॥ ਮੰ० ੩। ਸਿ० ੧੧। ਸੂ० ੧੧। ਆ० ੭॥

( ਸਮੀਖਕ ) ਜਦ ਕਰਮਾਂ ਦੀ ਪ੍ਰੀਖਿਆ ਕਰਦਾ ਹੈ ਤਾਂ ਸਰਬੱਗ ਹੀ ਨਹੀਂ, ਅਰ ਜੋ ਮੌਤ ਤੋਂ ਪਿਛੋਂ ਉਠਾਂਦਾ ਹੈ ਤਾਂ ਦੌਰਾ ਸੁਪਰਦ ਰਖਦਾ ਹੈ, ਅਰ ਅਪਣੇ ਨਿਯਮ ਜੋ ਕਿ ਮਰੇ ਹੋਏ ਨਾ ਜੀਉਨ ਓਸ ਨੂੰ ਤੋੜਦਾ ਹੈ ਇਹ ਤਾਂ ਖੁਦਾ ਨੂੰ ਵੱਟਾ ਲਗਾਣਾ ਹੈ॥ ੯੦॥

੯੧–ਅਰ ਕਹਿਆ ਗਿਆ ਹੇ ਪ੍ਰਿਥਵੀ ਅਪਣਾ ਪਾਣੀ ਨਿਗਲ ਜਾਹ ਅਰ ਹੇ ਅਸਮਾਨ ਬਸ ਕਰ ਅਰ ਪਾਣੀ ਸੁਕ ਗਿਆ, ਅਰ ਹੇ ਕੌਮ ਇਹ ਹੈ ਨਿਸ਼ਾਨੀ ਊਠਣੀ ਅਲੱਾਹ ਦੀ ਵਾਸਤੇ ਤੁਹਾਡੇ, ਬਸ ਛਡ ਦੇਓ ਓਸਨੂੰ ਵਿਚ ਪ੍ਰਿਥਵੀ ਅਲੱਾਹ ਦੇ ਖਾਂਦੀ ਫਿਰੇ॥ ਮੰ० ੩। ਸਿ० ੧੨। ਸੂ० ੧੧। ਆ० ੪੩। ੬੩॥

(ਸਮੀਖਕ) ਕੀ ਮੁੰਡਿਆਂ ਵਾਲੀ ਗਲੱ ਹੈ ਜਮੀਨ ਅਰ ਅਸਮਾਨ ਕਦੀ ਗਲੱ ਸੁਣ ਸਕਦੇ ਹਨ? ਵਾਹ ਜੀ ਵਾਹ! ਖੁਦਾ ਦੀ ਊਠਣੀ ਬੀ ਹੈ ਤਾਂ ਊਠ ਬੀ ਹੋਵੇਗਾ, ਤਾਂ ਹਾਥੀ, ਘੋੜੇ, ਖੋਤੇ ਆਦੀ ਬੀ ਹੋਣਗੇ, ਅਰ ਖੁਦਾ ਦਾ ਊਠਣੀ ਨੂੰ ਖੇਤ ਖੁਆਣਾ ਕਿਹੀ ਚੰਗੀ ਬਾਤ ਹੈ? ਕੀ ਊਠਣੀ ਉਤੇ ਚੜ੍ਹਦਾ ਬੀ ਹੈ? ਜੇਕਰ ਇਹ ਬਾਤਾਂ ਹਨ ਤਾਂ ਨਵਾਬੀ ਵਰਗੀ ਘਸੱੜ ਫਸੱੜ ਖੁਦਾ ਦੇ ਘਰ ਵਿਚ ਬੀ ਹੋਈ॥ ੯੧॥

੯੨–ਅਰ ਸਦਾ ਰਹਣ ਵਾਲੇ ਵਿਚ ਓਸਦੇ ਜਦ ਤਿਕ ਕਿ ਰਹਿਨ ਅਸਮਾਨ ਅਰ ਪ੍ਰਿਥਵੀ॥ ਅਰ ਜੋ ਲੋਗ ਸੁਭਾਗੀ ਹੋਏ ਬਸ ਸੁਰਗ ਦੇ ਸਦਾ ਰਹਣ ਵਾਲੇ ਹਨ। ਜਦ ਤਿਕ ਰਹਿਨ ਅਸਮਾਨ ਅਰ ਪ੍ਰਿਥਵੀ। ਮੰ० ੩।

ਸਿ੦੧੨। ਸੂ੦ ੧੧। ਆ੦ ੧੦੫। ੧੦੬॥

(ਸਮੀਖਕ) ਜਦ ਦੋਜ਼ਖ (ਨਰਕ) ਅਰ ਬਹਿਸ਼ਤ (ਸੁਰਗ) ਵਿਚ ਕੀਆਮਤ ਦੇ ਪਿਛੋਂ ਸਭ ਲੋਗ ਜਾਂਨਗੇ ਫਿਰ ਅਸਮਾਨ ਅਰ ਪ੍ਰਿਥਵੀ ਕਿਸ ਵਾਸਤੇ ਰਹੇਗੀ ? ਅਰ ਜਦ ਦੋਜ਼ਖ ਅਰ ਬਹਿਸ਼ਤ ਦੇ ਰਹਿਣ ਦੀ ਅਸਮਾਨ ਜ਼ਮੀਨ ਦੇ ਰਹਣ ਤਿਕ ਮੁਦਤ ਹੋਈ ਤਾਂ ਸਦਾ ਰਹਨਗੇ ਸੁਰਗ ਵਾ ਨਰਕ ਵਿਚ ਇਹ ਬਾਤ ਝੂਠੀ ਹੋਈ, ਅਜਿਹਾ ਕਥਨ ਅਵਿਦਵਾਨਾਂ ਦਾ ਹੁੰਦਾ ਹੈ ਈਸ਼੍ਵਰ ਵਾ ਵਿਦਵਾਨਾਂ ਦਾ ਨਹੀਂ ॥ ੯੨ ॥

੯੩—ਜਦ ਯੂਸਫ ਨੇ ਅਪਣੇ ਪਿਉ ਨੂੰ ਕਹਿਆ ਕਿ ਹੇ ਪਿਉ ਮੇਰੇ ਮੈਨੇ ਇਕ ਸੁਪਨੇ ਵਿਚ ਡਿਠਾ। ਮੰ੦ ੩ ਸਿ੦ ੧੨। ਸੂ੦ ੧੨। ਆ੦ ੪ ਥੀਂ ੫੯ ਤਿਕ ॥

(ਸਮੀਖਕ) ਏਸ ਪ੍ਰਕਰਣ ਵਿਚ ਪਿਉ, ਪੁਤ ਦਾ ਸੰਵਾਦ ਰੂਪ ਕਿਸੇ ਕਹਾਣੀ ਭਰੀ ਹੈ, ਏਸ ਲਈ ਕੁਰਾਨ ਈਸ਼੍ਵਰ ਦਾ ਬਣਾਇਆ ਨਹੀਂ ਕਿਸੇ ਮਨੁੱਖ ਨੇ ਮਨੁੱਖਾਂ ਦਾ ਇਤੀਹਾਸ ਲਿਖ ਦਿਤਾ ਹੈ ॥ ੯੩ ॥

੯੪—ਅੱਲਾਹ ਉਹ ਹੈ ਕਿ ਜਿਸਨੇ ਖਲਵਾਇਆ ਅਸਮਾਨਾਂ ਨੂੰ ਬਗੈਰ ਥਮਾਂ ਦੇ, ਵੇਖਦੇ ਹੋ ਤੁਸੀਂ ਓਸਨੂੰ ਫੇਰ ਠਹਰਿਆ ਉਪੱਰ ਅਰਸ਼ਦੇ, ਆਗਿਆ ਮਨੱਣ ਵਾਲਾ ਕੀਤਾ ਸੂਰਜ ਅਰ ਚੰਦ੍ਰਮਾ ਨੂੰ, ਅਰ ਉਹੋ ਹੈ ਜਿਸਨੇ ਵਿਛਾਇਆ ਪ੍ਰਿਥਵੀ ਨੂੰ। ਉਤਾਰਿਆ ਅਸਮਾਨ ਉਤੋਂ ਪਾਣੀ, ਬਸ ਵਗ ਪਏ ਨਾਲੇ ਨਾਲ ਅੰਦਾਜ਼ੇ ਅਪਣੇ ਦੇ। ਅੱਲਾਹ ਖੋਲਦਾ ਹੈ ਭੋਜਨ ਨੂੰ ਵਾਸਤੇ ਜਿਸਦੇ ਚਾਹੇ ਅਰ ਤੰਗ ਕਰਦਾ ਹੈ ॥ ਮੰ੦ ੩। ਸਿ੦ ੧੩। ਸੂ੦ ੧੩। ਆ੦ ੨। ੩। ੧੭। ੨੬ ॥

(ਸਮੀਖਕ) ਮੁਸਲਮਾਨਾਂ ਦਾ ਖੁਦਾ ਪਦਾਰਥ ਵਿਦਿਆ ਕੁਝ ਬੀ ਨਹੀਂ ਜਾਂਣਦਾ ਸੀ, ਜੇ ਜਾਂਣਦਾ ਤਾਂ ਭਾਰਾ ਨਾ ਹੋਣ ਕਰਕੇ ਅਸਮਾਂਨ ਨੂੰ ਥੰਮ ਲਗਾਣ ਦੀ ਕਥਾ ਕਹਾਣੀ ਕੁਝ ਬੀ ਨਾ ਲਿਖਦਾ, ਜੇਕਰ ਖੁਦਾ ਅ-ਰਸ਼ ਰੂਪੀ ਇਕ ਥਾਂ ਵਿਚ ਰਹਿੰਦਾ ਹੈ ਤਾਂ ਉਹ ਸਰਬ ਸ਼ਕਤੀਮਾਂਨ ਅਰ ਸਰਬ ਬਿਆਪਕ ਨਹੀਂ ਹੋ ਸਕਦਾ। ਅਰ ਜੋ ਖੁਦਾ ਬਦਲਾਂ ਦੀ ਵਿਦਿਆ ਜਾਂਣਦਾ ਤਾਂ ਅਕਾਸ਼ ਥੀਂ ਪਾਣੀ ਉਤਾਰਿਆ ਲਿਖਿਆ ਫੇਰ ਇਹ ਕਿਉਂ ਨਾ ਲਿਖਿਆ ਕਿ ਜ਼ਮੀਂਨ ਤੋਂ ਪਾਣੀ ਉਪੱਰ ਚੜ੍ਹਾਇਆ? ਏਸ ਥੀਂ ਨਿਸਚੇ ਹੋਇਆ ਕਿ ਕੁਰਾਂਨ ਦਾ ਬਣਾਨ ਵਾਲਾ ਬਦਲਾਂ ਦੀ ਵਿਦਿਆ ਨੂੰ ਬੀ ਨਹੀਂ ਜਾਂਣਦਾ ਸੀ। ਅਰ ਜੋ ਬਗੈਰ ਅਛੇ ਬੁਰੇ ਕੱਮਾਂ ਦੇ ਸੁਖ ਦੁਖ ਦਿੰਦਾ ਹੈ ਤਾਂ ਪਖਪਾਤੀ ਅਨਿਆਂਕਾਰੀ ਨਿਰ ਅੱਖਰ ਭਟ ਹੈ ॥ ੯੪ ॥

੯੫—ਕਹੋ ਨਿਸਚੇ ਅੱਲਾਹ ਗੁਮਰਾਹ ਕਰਦਾ ਹੈ, ਜਿਸ ਨੂੰ ਚਾਹਿੰਦਾ ਹੈ ਮਾਰਗ ਵਿਖਾਂਦਾ ਹੈ, ਤਰਫ ਅਪਣੀ ਓਸ ਮਨੁਖ ਨੂੰ ਲਗਾਂਦਾ ਹੈ। ਮੰ੦ ੩।

ਸਿ੦ ੧੩ । ਸੂ੦ ੧੩ । ਆ੦ ੨੭ ॥

( ਸਮੀਖਕ ) ਜਦ ਅੱਲਾਹ ਗੁਮਰਾਹ ਕਰਦਾ ਹੈ ਤਾਂ ਖੁਦਾ ਅਰ ਸ਼ੈਤਾਂਨ ਵਿਚ ਕੀ ਫਰਕ ਹੋਇਆ? ਜਦ ਕਿ ਸ਼ੈਤਾਂਨ ਦੂਜਿਆਂ ਨੂੰ ਗੁਮਰਾਹ ਅਰਥਾਤ ਬਹਕਾਣ ਕਰਕੇ ਬੁਰਾ ਕਹਾਂਦਾ ਹੈ ਤਦ ਖੁਦਾ ਬੀ ਉਹੋ ਜਿਹਾ ਹੀ ਕੰਮ ਕਰਨ ਨਾਲ ਬੁਰਾ ਸ਼ੈਤਾਂਨ ਕਿੰਉ ਨਹੀਂ? ਅਰ ਬਕਾਂਣ ਦੇ ਪਾਪ ਕਰਕੇ ਨਰਕਗਾਮੀ ਕਿੰਉ ਨਹੀਂ ਹੋਣਾ ਚਾਹੀਏ? ॥ ੯੫ ॥

੯੬–ਇਸਤਰਾਂ ਉਤਾਰਿਆ ਅਸਾਂਨੇ ਏਸ ਕੁਰਾਨ ਨੂੰ ਅਰਬੀ ਜੋ ਪਖ ਕਰੇਗਾ ਤੂੰ ਉਨ੍ਹਾਂਦੀ ਇਛਿਆਦਾ ਪਿਛੇ ਏਸਦੀ ਆਈ ਤੇਰੇ ਕੋਲ ਵਿਦਿਆ ਬੀਂ ॥ ਬਸ ਬਿਨਾ ਏਸਦੇ ਨਹੀਂ ਕਿ ਉਪਰ ਤੇਰੇ ਸਨੇਹਾ ਪੁਚਾਣਾ ਹੈ ਅਰ ਉਪਰ ਸਾਡੇ ਹੈ ਹਿਸਾਬ ਲੈਣਾ ॥ ਮੰ ੦ ੩ । ਸਿ ੦ ੧੩ । ਸੂ ੦ ੧੩ । ਆ ੦ । ੩੭ । ੪੦ ॥

( ਸਮੀਖਕ ) ਕੁਰਾਂਨ ਕਿਹੜੇ ਪਾਸਿਓਂ ਉਤਾਰਿਆ? ਕੀ ਖੁਦਾ ਉਪਰ ਰਹਦਾ ਹੈ? ਜਿ ਇਹ ਬਾਤ ਸਚੀ ਹੈ ਤਾਂ ਉਹ ਇਕ ਦੇਸ਼ੀ ਹੋਣਕਰਕੇ ਈਸ਼੍ਵਰ ਹੀ ਨਹੀ ਹੋ ਸਕਦਾ, ਕਿਉਂਕਿ ਈਸ਼੍ਵਰ ਸਭ ਠਕਾਣੇ ਇਕੋਜਿਹਾ ਵਿਆਪਕਹੈ ਸਨੇਹਾ ਪੁਚਾਣਾ ਹਲਕਾਰੇ ਦਾ ਕੰਮ ਹੈ, ਅਰ ਹਲਕਾਰੇ ਦੀ ਜਰੂਰਤ ਉਸੇ ਨੂੰ ਹੁੰਦੀ ਹੈ ਜੋ ਮਨੁਖਦੀ ਨਿਆਈਂ ਇਕ ਦੇਸ਼ੀ ਹੋਵੇ, ਅਰ ਹਿਸਾਬ ਲੈਣਾ ਦੇਣਾ ਬੀ ਮਨੁਖ ਦਾ ਕੰਮ ਹੈ ਈਸ਼੍ਵਰ ਦਾ ਨਹੀ, ਕਿਉਂਕਿ ਉਹ ਸਰਬੱਗ ਹੈ ਇਹ ਨਿਸਚੇ ਹੁੰਦਾ ਹੈ ਕਿ ਕਿਸੇ ਅਲਪਗ ਮਨੁਖ ਦਾ ਬਣਾਇਆ ਕੁਰਾਂਨ ਹੈ ॥ ੯੬ ॥

੯੭–ਅਰ ਕੀਤਾ ਸੂਰਜ ਚੰਦ੍ਰਮਾਨੂੰ ਸਦਾ ਫਿਰਨਵਾਲੇ । ਨਿਸਚੇ ਆਦਮੀ ਜਰੂਰ ਅਨਿਆਂ ਅਰ ਪਾਪ ਕਰਨਵਾਲਾ ਹੈ ॥ ਮੰ ੦ ੩ ਸਿ ੦ ੧੩। ਸੂ ੦ ੧੪ । ਆ ੦ ੩੩ । ੩੪ ॥

( ਸਮੀਖਕ ) ਕੀ ਚੰਦ੍ਰਮਾ, ਸੂਰਜ ਸਦਾ ਫਿਰਦੇ, ਅਰ ਜਮੀਂਨ ਨਹੀ ਫਿਰਦੀ? ਜੇ ਜਮੀਨ ਨਾ ਫਿਰੇ ਤਾਂ ਕਈਆਂ ਵਰ੍ਹਿਆਂ ਦਾ ਦਿਨ ਰਾਤ ਹੋਵੇ । ਅਰ ਜੋ ਮਨੁਖ ਨਿਸਚੇ ਅਨਿਆਂ ਅਰ ਪਾਪ ਕਰਨਵਾਲਾ ਹੈ ਤਾਂ ਕੁਰਾਂਨ ਦੀ ਸਿਖਿਆ ਕਰਨੀ ਵਿਅਰਥ ਹੈ, ਕਿਉਂਕਿ ਜਿਨ੍ਹਾਂਦਾ ਸੁਭਾਉ ਪਾਪ ਹੀ ਕਰਨਦਾ ਹੈ ਤਾਂ ਉਨ੍ਹਾਂਵਿਚ ਪੁੰਨਆਤਮਾ ਕਦੀ ਨਾ ਹੋਵੇਗਾ, ਅਰ ਸੰਸਾਰਵਿਚ ਪੁੰਨਆਤਮਾ ਅਰ ਪਾਪੀ ਸਦਾ ਦਿਸਦੇ ਹਨ, ਏਸਲਈ ਅਜਿਹੀ ਬਾਤ ਈਸ਼੍ਵਰ ਕ੍ਰਿਤ ਗ੍ਰੰਥਦੀ ਨਹੀ ਸੋ ਸਕਦੀ ॥ ੯੭ ॥

੯੮–ਬਸ ਠੀਕ ਕਰਾਂ ਮੈਂ ਓਸ ਨੂੰ ਅਰ ਫੂਕ ਦੇਵਾਂ ਵਿਚ ਓਸਦੇ ਰੂਹ ਅਪਣੀ ਬੀਂ, ਬਸ ਡਿਗ ਪੌ ਵਾਸਤੇ ਓਸਦੇ ਸਜਦੇ ਕਰਦੇ ਹੋਏ । ਕਹਿਆ ਹੇ ਰੱਬ ਮੇਰੇ ਏਸ ਕਾਰਣ ਕਿ ਗੁਮਰਾਹ ਕੀਤਾ ਤੈਂ ਮੈਨੂੰ, ਜਰੂਰ ਸ਼ੋਭਾ ਦੇਵਾਂਗਾ ਮੈਂ

ਵਾਸਤੇ ਉਨ੍ਹਾਂ ਦੇ ਵਿਚ ਪ੍ਰਿਥਵੀ ਦੇ, ਅਰ ਗੁਮਰਾਹ ਕਰਾਂਗਾ ॥ ਮੰ० ੩ । ਸਿ० ੧੪ । ਸੂ० ੧੫ । ਆ० ੨੮ ਥੀਂ ੪੬ ਤਿਕ ॥

(ਸਮੀਖਕ) ਜੇ ਖੁਦਾ ਨੇ ਅਪਣੀ ਰੂਹ ਆਦਮ ਸਾਹਿਬ ਵਿਚ ਪਾਈ ਤਾਂ ਉਹ ਬੀ ਖੁਦਾ ਹੋਇਆ, ਅਰ ਜੋ ਉਹ ਖੁਦਾ ਨਾ ਸੀ ਤਾਂ ਸਜਦਾ ਅਰਥਾਤ ਨਮਸਕਾਰ ਆਦੀ ਭਗਤੀ ਕਰਨ ਵਿਚ ਅਪਣਾ ਸ਼ੀਕ ਕਿਉਂ ਕੀਤਾ ? ਜਦ ਸ਼ੈਤਾਂਨ ਨੂੰ ਗੁਮਰਾਹ ਕਰਨ ਵਾਲਾ ਖੁਦਾ ਹੀ ਹੈ ਤਾਂ ਉਹ ਸ਼ੈਤਾਂਨ ਦਾ ਬੀ ਸ਼ੈਤਾਂਨ ਵਡੱਾ ਭ੍ਰਾ ਗੁਰੂ ਕਿਉਂ ਨਹੀਂ ? ਕਿਉਂਕਿ ਤੁਸੀ ਲੋਕ ਬਹਕਾਣ ਵਾਲੇ ਨੂੰ ਸ਼ੈਤਾਂਨ ਮਨਦੇ ਹੋ ਤਾਂ ਖੁਦਾ ਨੇ ਬੀ ਸ਼ੈਤਾਂਨ ਨੂੰ ਬਹਕਾਇਆ, ਅਰ ਪ੍ਰਤਖ ਸ਼ੈਤਾਂਨ ਨੇ ਕਹਿਆ ਕਿ ਮੈਂ ਬਹਕਾਵਾਂਗਾ ਫੇਰ ਬੀ ਓਸ ਨੂੰ ਡੰਡ ਦੇਕੇ ਕੈਦ ਕਿਉਂ ਨਾ ਕੀਤਾ ? ਅਰ ਮਾਰ ਕਿਉਂ ਨਾ ਸੁਟਿਆ ? ੯੮ ॥

੯੯-ਅਰ ਨਿਸਚੇ ਭੇਜੇ ਅਸਾਂ ਨੇ ਵਿਚ ਹਰ ਉਮਤੱ ਦੇ ਪੈਗੰਬਰ । ਜਦ ਚਾਹਨੇ ਹਾਂ ਅਸੀ ਓਸਨੂੰ ਇਹ ਕਹਨੇ ਹਾਂ ਅਸੀ ਓਸਨੂੰ ਹੋ ਬਸ ਹੋ ਜਾਂਦੀ ਹੈ । ਮੰ०੩ । ਸਿ० ੧੪ । ਸੂ० ੧੬ । ਆ ० ੩੫ । ੩੯ ॥

( ਸਮੀਖਕ ) ਜੇ ਸਭ ਕੌਮਾਂ ਉਤੇ ਪੈਗੰਬਰ ਭੇਜੇ ਹਨ ਤਾਂ ਸਭ ਲੋਕ ਜਿਹੜੇ ਕਿ ਪੈਗੰਬਰ ਦੀ ਸਲਾਹ ਉਤੇ ਚਲਦੇ ਹਨ ਉਹ ਕਾਫਰ ਕਿਉਂ? ਕੀ ਦੂਜੇ ਪੈਗੰਬਰ ਦਾ ਮਾਨ ਨਹੀਂ ਬਿਨਾ ਤੁਹਾਡੇ ਪੈਗੰਬਰ ਦੇ, ਇਹ ਸਰਬਥਾ ਪਖਪਾਤ ਦੀ ਬਾਤ ਹੈ, ਜੇ ਸਭ ਦੇਸ਼ਵਿਚ ਪੈਗੰਬਰ ਭੇਜੇ ਤਾਂ ਆਰਯਾਵਰਤ ਵਿਚ ਕਿਹੜਾ ਭੇਜਿਆ? ਇਸ ਲਈ ਇਹ ਬਾਤ ਮੰਨਣ ਜੋਗ ਨਹੀਂ । ਜਦ ਖੁਦਾ ਚਾਹਿੰਦਾ ਹੈ ਅਰ ਕਹਿੰਦਾ ਹੈ ਕਿ ਜ਼ਮੀਨ ਹੋਜਾ ਉਹ ਜੜ ਕਦੀ ਨਹੀਂ ਸੁਣ ਸਕਦੀ, ਖੁਦਾ ਦਾ ਹੁਕਮ ਕੀਕਣ ਬਣ ਸੱਕੇਗਾ? ਅਰ ਬਿਨਾ ਖੁਦਾ ਦੇ ਦੂਜੀ ਚੀਜ ਨਹੀਂ ਮਨਦੇ ਤਾਂ ਸੁਣਿਆਂ ਕਿਸ ਨੇ? ਅਰ ਹੋ ਕਿਹੜਾ ਗਿਆ? ਇਹ ਸਭ ਅਵਿਦਿਆ ਦੀਆਂ ਬਾਤਾਂ ਹਨ, ਅਜਿਹੀਆਂ ਬਾਤਾਂ ਨੂੰ ਅਜਾਣ ਲੋਕ ਮਨ ਲੈਂਦ ਹਨ ॥ ੯੯ ॥

੧੦੦-ਅਰ ਨਿਯੱਤ ਕਰਦੇ ਹਨ ਵਾਸਤੇ ਅਲੱਾਹ ਦ ਬੇਟੀਆਂ, ਪਵਿਤ੍ਰਤਾ ਹੈ ਓਸ ਨੂੰ ਅਰ ਵਾਸਤੇ ਉਨ੍ਹਾਂ ਦੇ ਹਨ ਜੋ ਕੁਝ ਚਾਹਿਨ । ਕਸਮ ਅਲੱਾਹ ਦੀ ਜਰੂਰ ਭੇਜੇ ਅਸਾਂ ਨੇ ਪੈਗੰਬਰ ॥ ਮੰ० ੩ । ਸਿ० ੧੪ । ਸੂ० ੧੬ । ਆ० ੫੬ । ੬੨ ॥

( ਸਮੀਖਕ ) ਅਲੱਾਹ ਧੀਆਂ ਨਾਲ ਕੀ ਕਰੇਗਾ ? ਧੀਆਂ ਤਾਂ ਕਿਸੇ ਮਨੁਖੱ ਨੂੰ ਚਾਹੀਏ, ਕਿਉਂ ਬੇਟੇ ਨਿਯੱਤ ਨਹੀਂ ਕੀਤੇ ਜਾਂਦ ? ਅਰ ਧੀਆਂ ਨੀਯੱਤ ਕੀਤੀਆਂ ਜਾਂਦੀਆਂ ਹਨ, ਇਸਦਾ ਕੀ ਕਾਰਣ ਹੈ ? ਦਸੋ ਕਸਮ ਖਾਣਾ ਝੂਠਿਆਂ ਦਾ ਕੰਮ ਹੈ ਖੁਦਾ ਦੀ ਬਾਤ ਨਹੀਂ, ਕਿਉਂਕਿ ਬਹੁਤ ਕਰਕੇ ਸੰਸਾਰ ਵਿਚ ਅਜਿਹਾ ਵੇਖਣ ਵਿਚ ਆਉਂਦਾ ਹੈ ਕਿ ਜਿਹੜਾ ਝੂਠਾ ਹੁੰਦਾ ਹੈ

ਉਹੋ ਸਹੋਂ ਖਾਂਦਾ ਹੈ ਸਗੋਂ ਸਹੋਂ ਕਿਉਂ ਖਾਵੇ ॥ ੧੦੦ ॥

੧੦੧–ਇਹ ਲੋਕ ਉਹ ਹਨ ਕਿ ਮੋਹਰ ਰਖੀ ਅਲੱਾਹ ਨੇ ਉਪੱਰ ਦਿਲ ਉਨ੍ਹਾਂ ਦੇ ਅਰ ਕੰਨਾਂ ਉਨ੍ਹਾਂ ਦੇ ਅਰ ਅਖੱਾ ਉਨ੍ਹਾਂ ਦੀਆਂ ਦੇ ਅਰ ਇਹ ਲੋਕ ਓਹ ਹਨ ਬੇਖਬਰ ॥ ਅਰ ਪੂਰਾ ਦਿਤੱਾ ਜਾਵੇਗਾ ਹਰ ਜੀਵ ਨੂੰ ਜੋ ਕੁਝ ਕੀਤਾ ਹੈ, ਅਰ ਉਹ ਅਨਿਆਂ ਨਾ ਕੀਤੇ ਜਾਂਨਗੇ ॥ ਮੰ० ੩ । ਸਿ० ੧੪ । ਸੂ० ੧੬ । ਆ० ੧੧੫ । ੧੧੮ ॥

(ਸਮੀਖਕ) ਜਦ ਖੁਦਾ ਹੀ ਨੇ ਮੁਹਰ ਲਗਾ ਦਿਤੀ ਤਾਂ ਉਹ ਵਿਚਾਰੇ ਬਗੈਰ ਅਪ੍ਰਾਧ ਮਾਰੇ ਗਏ, ਕਿਉਂਕਿ ਉਨ੍ਹਾਂ ਨੂੰ ਪ੍ਰਾਧੀਨ ਕਰ ਦਿਤੱਾ, ਇਹ ਕਿਨੱਾ ਵਡਾ ਅਪ੍ਰਾਧ ਹੈ ? ਅਰ ਫੇਰ ਕਹਿੰਦੇ ਹਨ ਕਿ ਜਿਸ ਨੇ ਜਿਨੱਾ ਕੀਤਾ ਹੈ ਉਨੱਾ ਹੀ ਓਸ ਨੂੰ ਦਿਤੱਾ ਜਾਵੇਗਾ ਘਟ ਵਧ ਨਹੀਂ, ਭਲਾ ਉਨ੍ਹਾਂਨੇ ਸੁਤੰਤ੍ਰਤਾ ਨਾਲ ਪਾਪ ਕੀਤੇ ਹੀ ਨਹੀ ਕਿੰਤੂ ਖੁਦਾ ਦੇ ਕਰਾਣਨਾਲ ਕੀਤੇ, ਫੇਰ ਉਨ੍ਹਾਂਦਾ ਅਪ੍ਰਾਧ ਹੀ ਨਾ ਹੋਇਆ, ਉਨ੍ਹਾਂਨੂੰ ਫਲ ਨਾ ਮਿਲਣਾ ਚਾਹੀਏ, ਏਸਦਾ ਫਲ ਖੁਦਾਨੂੰ ਮਿਲਣਾ ਉਚਿਤ ਹੈ । ਅਰ ਜੋ ਪੂਰਾ ਦਿਤਾ ਜਾਂਦਾ ਹੈ ਤਾਂ ਖਿਮਾ ਕਿਸਬਾਤਦੀ ਕੀਤੀ ਜਾਂਦੀ ਹੈ । ਅਰ ਜੇ ਖਿਮਾਂ ਕੀਤੀ ਜਾਂਦੀ ਹੈ ਤਾਂ ਨਿਆਂ ਉਡ ਜਾਂਦਾ ਹੈ। ਅਜਿਹਾ ਹਨੇਰਖਾਤਾ ਈਸ਼੍ਵਰਦਾ ਕਦੀ ਨਹੀ ਹੋ ਸਕਦਾ, ਕਿੰਤੂ ਨਿਰਬੁਧ ਮੁੰਡਿਆਂਦਾ ਹੁੰਦਾ ਹੈ ॥ ੧੦੧ ॥

੧੦੨—ਅਰ ਕੀਤਾ ਅਸਾਂਨੇ ਦੋਜਖਨੂੰ ਵਾਸਤੇ ਕਾਫਰਾਂਦੇ ਘਰਨਵਾਲਾ ਅਸਥਾਂਨ ॥ ਅਰ ਹਰ ਆਦਮੀਨੂੰ ਲਗਾ ਦਿਤਾ ਅਸਾਂਨੇ ਓਸਨੂੰ ਅਹਮਾਲ-ਨਾਮਾ ( ਕਰਮਪਤ੍ਰ ) ਓਸਦਾ ਵਿਚ ਗਰਦਨ ਓਸਦੀਦੇ, ਅਰ ਕਢਾਂਗੇ ਵਾਸਤੇ ਓਸਦੇ ਦਿਨ ਕੀਆਮਤ ਦੇ ਇਕ ਕਿਤਾਬ ਕਿ ਵੇਖੇਗਾ ਓਸਨੂੰ ਖੁਲੀ ਹੋਈ ॥ ਅਰ ਬਹੁਤ ਮਾਰੇ ਅਸਾਂਨੇ ਕਰ ਨੂੰਨਬੀ ਪਿਛੇ ਨੂਹਦੇ ॥ਮੰ० ੪ । ਸਿ ०੧੫ । ਸੂ ० ੧੭ । । ਆ ० ੭ । ੧੮ । ੧੬ ॥

(ਸਮੀਖਕ)ਜੇਕਰ ਕਾਫਰ ਉਹਾਹੀ ਹਨ ਕਿ ਜਿਹੜੇ ਕੁਰਾਂਨ, ਪੈਗੰਬਰ, ਅਰ ਕੁਰਾਂਨਦੇ ਕਹੇ ਖੁਦਾ,ਸਤਵੇਂਅਸਮਾਂਨ ਅਰ ਨਿਮਾਜ ਆਦੀਨੂੰ ਨਾ ਮਨਨ, ਅਰ ਉਨ੍ਹਾਂਦੇ ਲਈ ਦੋਜਖਹੋਵੇ ਤਾਂ ਇਹਬਾਤ ਨਿਰੇ ਪਖਪਾਤ ਦੀ ਠਹਰੇ,ਕਿਉਂ-ਕਿ ਕੁਰਾਂਨਹੀਦੇ ਮਨਣਵਾਲੇ ਸਭ ਚੰਗੇ ਅਰ ਹੋਰ ਦੇ ਮਨ ਣਵਾਲੇ ਸਭ ਬੁਰੇ ਕਦੀ ਹੋਸਕਦੇਹਨ?ਇਹ ਵਡੀ ਬਾਲਪਣੇਦੀਗਲਹੈਕਿ ਹਰਇਕਦੀ ਗਰਦਨ ਵਿਚ ਕਰਮ ਪੁਸਤਕ,ਅਸੀਂ ਤਾਂ ਕਿਸੇ ਇਕ ਦੀ ਗਰਦਨ ਵਿਚ ਨਹੀਂ ਵੇਖਦੇ। ਜੇਕਰ ਏਸਦਾ ਪ੍ਰੋਜਨ ਕਰਮਾਂ ਦਾ ਫਲ ਦੇਣਾ ਹੈ ਤਾਂ ਫੇਰ ਮਨੁੱਖਾਂ ਦੇ ਦਿਲਾਂ ਅਖਾਂ ਆਦੀ ਉਤੇ ਮੁਹਰ ਰਖਣਾ ਅਰ ਪਾਪਾਂ ਦਾ ਖਿਮਾ ਕਰਨਾ ਕੀ ਖੇਡ ਮਚਾਈ ਹੈ?ਕੀਆਮਤ ਦੀ ਰਾਤ ਨੂੰ ਕਿਤਾਬ ਕਢੇਗਾ ਤਾਂ ਖੁਦਾ, ਅਰ ਅਜ ਕਲ ਉਹ ਕਿਤਾਬ ਕਿਥੇ ਹੈ? ਕੀ ਸ਼ਾਹੂਕਾਰ ਦੀ ਵਹੀ ਦੀ ਨਿਆਈਂ ਲਿਖਦਾ

ਰਹਿੰਦਾ ਹੈ? ਏਥੇ ਇਹ ਵਿਚਾਰਨਾ ਚਾਹੀਏ ਕਿ ਜੇ ਪਹਲਾਂ ਜਨਮ ਨਹੀਂ ਤਾਂ ਜੀਵਾਂ ਦੇ ਕਰਮ ਹੀ ਨਹੀਂ ਹੋ ਸਕਦੇ ਤਾਂ ਫੇਰ ਕਰਮ ਦੀ ਰਖਾ ਕੀ ਲਿਖੀ? ਅਰ ਜੇ ਬਿਨਾ ਕਰਮਾਂ ਦੇ ਲਿਖਿਆ ਤਾਂ ਉਨ੍ਹਾਂ ਉੱਤੇ ਅਨਿਆਂ ਕੀਤਾ, ਕਿਉਂਕਿ ਬਿਨਾ ਚੰਗੇ ਬੁਰੇ ਕਰਮਾਂ ਦੇ ਉਨ੍ਹਾਂ ਨੂੰ ਦੁਖ ਸੁਖ ਕਿਉਂ ਦਿੱਤਾ? ਜੇ ਕਹੋ ਕਿ ਖੁਦਾ ਦੀ ਮਰਜੀ ਤਾਂ ਬੀ ਓਸ ਨੇ ਅਨਿਆਂ ਕੀਤਾ। ਅਨਿਆਂ ਉਸੇ ਨੂੰ ਕਹਿੰਦੇ ਹਨ ਕਿ ਬਗੈਰ ਬੁਰੇ ਭਲੇ ਕਰਮ ਕੀਤੇ ਦੁਖ ਸੁਖ ਰੂਪੀ ਫਲ ਘਟ ਵਧ ਦੇਣਾ ਅਰ ਓਸ ਵੇਲੇ ਖੁਦਾ ਹੀ ਕਿਤਾਬ ਪੜ੍ਹੇਗਾ ਵਾ ਕੋਈ ਸ੍ਰਿਸ਼ਤੇਦਾਰ ਸੁਣਾਵੇਗਾ? ਜੇ ਖੁਦਾ ਨੇ ਹੀ ਦੀਰਘ ਕਾਲ ਸਬੰਧੀ ਜੀਵਾਂ ਨੂੰ ਬਿਨਾ ਅਪਰਾਧ ਮਾਰਿਆ ਤਾਂ ਉਹ ਅਨਿਆਂਕਾਰੀ ਹੋਗਿਆ, ਜੋ ਅਨਿਆਂ ਕਾਰੀ ਹੁੰਦਾ ਹੈ ਉਹ ਖੁਦਾ ਹੀ ਨਹੀਂ ਹੋ ਸਕਦਾ ॥ ੧੦੨ ॥

੧੦੩—ਅਰ ਦਿੱਤਾ ਅਸਾਂ ਨੇ 'ਸਮੂੰਦ' ਨੂੰ ਊਠਣੀ ਪ੍ਰਮਾਣ ਅਰ ਬਹਕਾ ਜਿਸ ਨੂੰ ਬਹਕਾ ਸਕੇ। ਜਿਸ ਦਿਨ ਬੁਲਾਵਾਂਗੇ ਅਸੀਂ ਸਭ ਲੋਕਾਂ ਨੂੰ ਨਾਲ ਪੇਸ਼ਵਾ ਉਨ੍ਹਾਂ ਦੇ ਬਸ ਜੋ ਕੋਈ ਦਿੱਤਾ ਗਿਆ ਅਹਮਾਲਨਾਮਾ ਉਸਦਾ ਵਿਚ ਸੱਜੇ ਹਥ ਓਸਦੇ ਦੇ ॥ ਮੰ੦ ੪ ਸਿ੦ ੧੫। ਸੂ੦ ੧੭। ਆ੦ ੫੭। ੬੨। ੬੯ ॥

(ਸਮੀਖਕ) ਵਾਹ ਜੀ! ਜਿਨੀਆਂ ਖੁਦਾ ਦੀਆਂ ਅਚਰਜ ਵਾਲੀਆਂ ਨਿਸ਼ਾਨੀਆਂ ਹਨ ਉਨ੍ਹਾਂ ਵਿਚੋਂ ਇਕ ਊਠਣੀ ਬੀ ਖੁਦਾ ਦੇ ਹੋਣ ਵਿਚ ਪ੍ਰਮਾਣ ਅਥਵਾ ਪ੍ਰੀਖਿਆ ਵਿਚ ਸਾਧਕ ਹੈ? ਜੇਕਰ ਖੁਦਾ ਨੇ ਸ਼ੈਤਾਨ ਨੂੰ ਬਹਕਾਣ ਦਾ ਹੁਕਮ ਦਿੱਤਾ ਤਾਂ ਖੁਦਾ ਹੀ ਸ਼ੈਤਾਨ ਦਾ ਸਰਦਾਰ ਅਰ ਸਭ ਪਾਪ ਕਰਾਣ ਵਾਲਾ ਠਹਰਿਆ, ਅਜਿਹੇ ਨੂੰ ਖੁਦਾ ਕਹਣਾ ਨਿਰੀ ਕਮ ਸਮਝੀ ਦੀ ਬਾਤ ਹੈ, ਜਦ ਕੀਆਮਤ ਅਰਥਾਤ ਪਰਲੋ ਵਿਚ ਨਿਆਂ ਕਰਨ ਕਰਾਣ ਦੇ ਲਈ ਪੈਗੰਬਰ ਅਰ ਉਨ੍ਹਾਂ ਦੇ ਉਪਦੇਸ਼ ਮਨਣ ਵਾਲਿਆਂ ਨੂੰ ਖੁਦਾ ਬੁਲਾਵੇਗਾ ਤਾਂ ਜਦ ਤਿਕ ਪਰਲੋ ਨਾ ਹੋਵੇਗੀ ਤਦ ਤਿਕ ਸਭ ਦੌਰੇ ਸਪੁਰਦ ਰਹਨਗੇ, ਅਰ ਦੌਰਾ ਸਪੁਰਦ ਸਭ ਨੂੰ ਦੁਖਦਾਇਕ ਹੈ, ਜਦ ਤਿਕ ਨਿਆਂ ਨਾ ਕੀਤਾ ਜਾਵੇ। ਏਸ ਲਈ ਜਲਦੀ ਨਿਆਂ ਕਰਨਾ ਨਿਆਧੀਸ਼ ਦਾ ਉੱਤਮ ਕੰਮ ਹੈ, ਇਹ ਤਾਂ ਪੋਪਾਂ ਬਾਈ ਦਾ ਨਿਆਂ ਠਹਰਿਆ। ਜੀਕਣ ਕੋਈ ਨਿਆਂਇਧੀਸ਼ ਕਹਨ ਕਿ ਜਦ ਤਿਕ ਪੰਜਾਹ ਵਰ੍ਹਿਆਂ ਤਿਕ ਦੇ ਚੋਰ ਅਰ ਸ਼ਹੂਕਾਰ ਕਠੇ ਨਾ ਹੋਂਨ ਤਦ ਤਿਕ ਉਨ੍ਹਾਂ ਨੂੰ ਡੰਡ ਵਾ ਪ੍ਰਤਿਸ਼ਠਾ ਨਾ ਕਰਨੀ ਚਾਹੀਏ, ਉਕਣ ਹੀ ਇਹ ਹੋਇਆ ਕਿ ਇਕ ਤਾਂ ਪੰਜਾਹ ਵਰ੍ਹਿਆਂ ਤਿਕ ਦੌਰਾ ਸਪੁਰਦ ਰਹਿਆ ਅਰ ਇਕ ਅਜ ਹੀ ਪਕੜਿਆ ਗਿਆ ਅਜਿਹਾ ਨਿਆਂ ਦਾ ਕੰਮ ਨਹੀਂ ਹੋਸਕਦਾ, ਨਿਆਂ ਦੇ ਵਾਸਤੇ ਤਾਂ ਵੇਦ ਅਰ ਮਨੂੰਸਿਮ੍ਰਤੀ ਵੇਖੋ ਜਿਸ ਵਿਚ ਛਿਣ ਮਾਤ੍ਰ ਬੀ ਢਿਲ ਨਹੀਂ ਪੈਂਦੀ ਅਰ ਅਪਣੇ ੨ ਕਰਮ ਅਨੁਸਾਰ ਡੰਡ ਵਾ ਪ੍ਰਤਿਸ਼ਠਾ

ਸਦਾ ਪਾਂਦੇ ਰਹਿੰਦੇ ਹਨ, ਦੂਜਾ ਪੈਗੰਬਰਾਂ ਨੂੰ ਉਗਾਹ ਦੇ ਤੁਲ ਰਖੱਣ ਨਾਲ ਈਸ਼੍ਵਰ ਦੀ ਸਰਬੱਗਤਾ ਦੀ ਹਾਨੀ ਹੈ। ਭਲਾ ਅਜਿਹਾ ਪੁਸ਼ਤਕ ਈਸ਼੍ਵਰ ਕ੍ਰਿਤ ਅਰ ਅਜਿਹੇ ਪੁਸਤਕ ਦਾ ਉਪਦੇਸ਼ ਕਰਨ ਵਾਲਾ ਈਸ਼੍ਵਰ ਕਦੀ ਹੋ ਸਕਦ ਹੈ ? ਕਦੀ ਨਹੀਂ॥ ੧੦੩॥

੧੦੪–ਇਹ ਲੋਕ ਵਾਸਤੇ ਉਨ੍ਹਾਂ ਦੇ ਹਨ ਬਾਗ ਸਦਾ ਰਹਣ ਦੇ, ਚਲਦੀਆਂ ਹਨ ਹੇਠਾਂ ਉਨ੍ਹਾਂ ਦੇ ਨਹਰਾਂ, ਗਹਣੇ ਪੁਵਾਏ ਜਾਂਨਗੇ ਵਿਚ ਓਸਦੇ ਕੰਙਣ ਸੋਨੇ ਦੇ, ਅਰ ਪੁਸ਼ਾਕ ਪਾਂਨਗੇ ਬਸਤ੍ਰ ਸਾਵੇ ਲਾਹੀ ਦੇ, ਅਰ ਤਾਫਤੇ ਦੇ ਤਕੀਏ ਕੀਤੇ ਹੋਏ, ਵਿਚ ਓਸਦੇ ਉਪੱਰ ਤਖਤੀਆਂ ਦੇ ਚੰਗਾ ਹੈ ਪੁੰਨ ਅਰ ਅਛੀ ਹੈ ਬਹਿਸ਼ਤ ਲਾਭ ਉਠਾਂਣ ਦੀ॥ ਮੰ੦ ੪ । ਸਿ੦ ੧੫। ਸੂ੦ ੧੮। ਆ੦ ੩੦॥

(ਸਮੀਖਕ)ਵਾਹਜੀ ਵਾਹ! ਕੀ ਕੁਰਾਂਨ ਦਾ ਸੁਰਗ ਹੈ ਜਿਸ ਵਿਚ ਬਾਗ, ਗਹਣੇ,ਕਪੜੇ,ਗਦੀਆਂ,ਸਿਰ੍ਹਾਣੇ ਅਨੰਦ ਦੇ ਵਾਸਤੇ ਹਨ,ਭਲਾ ਕੋਈ ਬੁਧਵਾਂਨ ਇਥੇ ਵਿਚਾਰ ਕਰੇ ਤਾਂ ਏਥੇ ਤੋਂ ਉਥੇ ਮੁਸਲਮਾਨਾਂਦੇ ਬਹਿਸ਼ਤ ਵਿਚ ਵਧੀਕਕੁਝ ਬੀ ਨਹੀ ਹੈ, ਬਿਨਾ ਅਨਿਆਂਦੇ ਉਹ ਇਹ ਕਿ ਕਰਮ ਉਨ੍ਹਾਂਦੇ ਅੰਤਵਾਲੇ ਅਰ ਫਲ ਉਨ੍ਹਾਂਦਾ ਅਨੰਤ, ਅਰ ਜੋ ਮਿਠਾ ਨਿਤ ਖਾਵੇ ਤਾਂ ਥੋੜੇ ਦਿਨਾਂਵਿਚ ਜਹਿਰ ਵਰਗਾ ਪ੍ਰਤੀਤ ਹੁੰਦਾ ਹੈ, ਜਦ ਸਦਾ ਉਹ ਸੁਖ ਭੋਗਨਗੇ ਤਾਂ ਉਨ੍ਹਾਂ ਨੂੰ ਸੁਖਹੀ ਦੁਖਰੂਪ ਹੋ ਜਾਵੇਗਾ, ਏਸਲਈ ਮਹਾਂ ਕਲਪ ਤਿਕ ਮੁਕਤੀਸੁਖ ਭੋਗਕੇ ਪੁਨਰਜਨਮ ਪਾਣਾਹੀ ਸਤ ਸਿਧਾਂਤ ਹੈ॥ ੧੦੪॥

੧੦੫—ਅਰਇਹ ਬਸਤੀਆਂ ਹਨ ਕਿ ਮਾਰਿਆ ਅਸਾਂਨੇ ਉਨ੍ਹਾਂਨੂੰ ਜਦ ਅਨਿਆਂ ਕੀਤਾ ਉਨ੍ਹਾਂ ਨੇ ਅਰ ਅਸਾਂ ਨੇ ਉਨ੍ਹਾਂ ਨੂੰ ਮਾਰਨਦੀ ਪ੍ਰਤਿਗਿਆ ਸਥਾਪਨ ਕੀਤੀ ॥ ਮੰ੦ ੪। ਸਿ੦ ੧੫। ਸੂ੦ ੧੮। ਆ੦ ੫੭॥

(ਸਮੀਖਕ) ਭਲਾ ਸਭ ਬਸਤੀ ਭਰ ਪਾਪੀ ਹੋ ਸਕਦੀ ਹੈ? ਅਰ ਪਿਛੋਥੀਂ ਪ੍ਰਤਿਗਿਆ ਕਰਨ ਨਾਲ ਈਸ਼੍ਵਰ ਸਰਬਗ ਨਹੀ ਰਹਿਆ, ਕਿਉਂਕਿ ਜਦ ਉਨ੍ਹਾਂਦਾ ਅਨਿਆਂ ਡਿਠਾ ਤਾਂ ਪ੍ਰਤਗਿਆ ਕੀਤੀ ਪਹਿਲੋਂ ਨਹੀ ਜਾਣਦਾ ਸੀ? ਏਸਤੋਂ ਵਿਦਿਆਹੀਨ ਬੀ ਠਹਿਰਿਆ॥ ੧੦੫॥

੧੦੬–ਅਰ ਉਹ ਜੋ ਮੁੰਡਾ ਬਸ ਸਨ ਮਾਂ, ਪਿਉ ਓਸਦੇ ਈਮਾਨਵਾਲੇ ਬਸ ਡਰੇ ਅਸੀ ਇਹ ਕਿ ਪਕੜੇ ਉਨ੍ਹਾਂਨੂੰ ਸਰਕਸ਼ੀ ਵਿਚ, ਅਰ ਕੁਫਰ ਵਿਚ। ਏਥੋਂ ਤਿਕ ਕਿ ਪਹੁਚਿਆ ਜਗਹਿ ਡੁਬਣੇ ਸੂਰਜ ਦੀ, ਪਾਇਆ ਓਸਨੂੰ ਡੁਬਦਾ ਸੀ ਵਿਚ ਚਿਸ਼ਮੇਂ ਚਿਕੜ ਦੇ । ਕਹਿਆ ਉਨ੍ਹਾਂ ਨੇ ਹੇ ਜੁਲਕਰਨੈਨ ਨਿਸਚੇ ਯਾਜੂਜ, ਮਾਜੂਜ ਫਸਾਦ ਕਰਨ ਵਾਲੇ ਹਨ ਵਿਚ ਜ਼ਮੀਨ ਦੇ ॥ ਮੰ੦ ੪। ਸਿ੦ ੧੬। ਸੂ੦ ੧੮। ਆ੦ ੭੮। ੮੪। ੬੨॥

(ਸਮੀਖਕ) ਭਲਾ ਇਹ ਖੁਦਾ ਦੀ ਕਿਨੀ ਬੇਸਮਝ ਹੈ ! ਸ਼ੰਕਾ ਤੋਂ

ਭਰਿਆ ਕਿ ਲੜਕਿਆਂ ਦੇ ਮਾ, ਪਿਉ, ਕਿਦੇ ਮੇਰੇ ਮਾਰਗ ਥੀਂ ਬਹਕਾਕੇ ਉਲਟੇ ਨਾ ਕਰ ਦਿਤੇ ਜਾਂਨ, ਇਹ ਕਦੀ ਈਸ਼੍ਵਰ ਦੀ ਬਾਤ ਨਹੀਂ ਹੋ ਸਕਦੀ, ਹੁਣ ਅਗਲੀ ਅਵਿਦਿਆ ਦੀ ਬਾਤ ਵੇਖੋ ਕਿ ਏਸ ਕਿਤਾਬ ਦਾ ਬਨਾਣ ਵਾਲਾ ਸੂਰਜ ਨੂੰ ਇਕ ਝੀਲ ਵਿਚ ਰਾਤ ਨੂੰ ਡੁਬਿਆ ਹੋਇਆ ਜਾਂਣਦਾ ਹੈ, ਫੇਰ ਸਵੇਰ ਵੇਲੇ ਨਿਕਲਦਾ ਹੈ, ਭਲਾ ਸੂਰਜ ਤਾਂ ਪ੍ਰਿਥ੍ਵੀ ਥੀਂ ਬਹੁਤ ਵਡਾ ਹੈ ਉਹ ਨਦੀ ਵਾ ਸਮੰਦ੍ਰ ਵਿਚ ਕੀਕਣ ਡੁਬ ਸਕੇਗਾ ? ਏਸ ਥੀਂ ਇਹ ਮਲੂੰਮ ਹੋਇਆ ਕਿ ਕੁਰਾਂਨ ਦੇ ਬਨਾਣ ਵਾਲੇ ਨੂੰ ਭੂਗੋਲ ਖਗੋਲ ਦੀ ਵਿਦਿਆ ਨਹੀਂ ਸੀ, ਜੇ ਹੁੰਦੀ ਤਾਂ ਅਜਿਹੀ ਵਿਦਿਆ ਵਿਰੁਧ ਬਾਤ ਕਿਉਂ ਲਿਖ ਦਿੰਦੇ? ਅਰ ਏਸ ਪੁਸਤਕ ਦੇ ਮਨਣ ਵਾਲਿਆਂ ਨੂੰ ਬੀ ਵਿਦਿਆ ਨਹੀਂ ਹੈ, ਜੇਹੁੰਦੀ ਤਾਂ ਅਜਿਹੀ ਮਿਥਿਆ ਬਾਤਾਂ ਦੀ ਭਰੀ ਹੋਈ ਕਿਤਾਬ ਨੂੰ ਕਿਉਂ ਮਨਦੇ?ਹੁਣ ਵੇਖੋ ਖੁਦਾ ਦਾ ਅਨਿਆਂ,ਆਪੇ ਹੀ ਪ੍ਰਿਥਵੀ ਦਾ ਬਨਾਣ ਵਾਲਾ ਰਾਜਾ ਅਤੇ ਨਿਆਂਇਧੀਸ਼ ਹੈ, ਅਰ ਯਾਜੂਜ,ਮਾਜੂਜ ਨੂੰ ਜਮੀਂਨ ਉਤੇ ਫਸਾਦ ਬੀ ਕਰਨ ਦਿੰਦਾਹੈ,ਇਹ ਈਸ਼੍ਵਰਤਾ ਦੀ ਬਾਤ ਥੀਂ ਵਿਰੁਧ ਹੈ,ਏਸਲਈ ਅਜਿਹੀ ਕਿਤਾਬ ਨੂੰ ਜੰਗਲੀ ਲੋਕ ਮਨਿਆਂ ਕਰਦੇ ਹਨ ਵਿਦ੍ਵਾਂਨ ਨਹੀਂ ॥ ੧੦੬ ॥

੧੦੭–ਅਰ ਯਾਦ ਕਰੋ ਵਿਚ ਕਿਤਾਬ ਦੇ ਮਰਯਮ ਨੂੰ ਜਦ ਜਾ ਪਈ ਲੋਕਾਂ ਅਪਣਿਆਂ ਥੀਂ ਮਕਾਂਨ ਪੂਰਬੀ ਵਿਚ। ਬਸ ਪਇਆ ਉਨ੍ਹਾਂ ਥੀਂ ਇਧਰ ਪਰਦਾ, ਬਸ ਭੇਜਿਆ ਅਸਾਂ ਨੇ ਰੂਹ ਅਪਣੀ ਨੂੰ ਅਰਥਾਤ ਫਿਰਿਸ਼ਤਾ, ਬਸ ਸੂਰਤ ਪਕੜੀ ਵਾਸਤੇ ਓਸਦੇ ਆਦਮੀ ਪੁਸ਼ਟਦੀ। ਕਹਣ ਲਗੀ ਨਿਸਚੇ ਮੈਂ ਸ਼ਰਣ ਪਕੜਦੀ ਹਾਂ ਰਹਮਾਂਨ ਦੀ ਤੇਰੇ ਕੋਲੋਂ ਜੋ ਹੈਂ ਤੂੰ ਪ੍ਰਹੇਜਗਾਰ। ਕਹਣ ਲੱਗਾ ਬਿਨਾ ਏਸਦੇ ਨਹੀਂ ਕਿ ਮੈਂ ਭੇਜਿਆ ਹੋਇਆ ਹਾਂ ਮਾਲਕ ਤੇਰੇ ਕੋਲੋਂ ਤਾਂਕਿ ਦੇ ਜਾਵਾਂ ਮੈਂ ਤੈਨੂੰ ਮੁੰਡਾ ਪਵਿਤ੍ਰ। ਕਹਿਆ ਕਿਸਤਰਾਂ ਹੋਵੇਗਾ ਵਾਸਤੇ ਮਰੇ ਲੜਕਾ ਨਹੀਂ ਹਥ ਲਗਾਇਆ ਮੈਨੂੰ ਆਦਮੀ ਨੇ, ਨਹੀਂ ਮੈਂ ਬੁਰੇ ਕੰਮ ਕਰਨ ਵਾਲੀ। ਬਸ ਗਰਭ ਵਾਲੀ ਹੋਗਈ ਸਾਥ ਓਸਦੇ,ਅਰ ਜਾ ਪਈ ਨਾਲ ਓਸਦੇ ਮਕਾਂਨ ਦੂਰ ਅਰਥਾਤ ਜੰਗਲ ਵਿਚ ॥ ਮੰ० ੪। ਸਿ० ੧੬। ਸੂ० । ੧੯ਆ० ੧੫। ੧੬। ੧੭ ੧੮। ੧੯ ੨੧ ॥

( ਸਮੀਖਕ ) ਹੁਣ ਬੁਧਵਾਂਨ ਵਿਚਾਰ ਲੈਨ ਕਿ ਫਿਰਿਸ਼ਤੇ ਸਭ ਖੁਦਾ ਦੀ ਰੂਹ ਹਨ ਤਾਂ ਖੁਦਾ ਥੀਂ ਅਲਗ ਪਦਾਰਥ ਨਹੀਂ ਹੋ ਸਕਦੇ, ਦੂਜਾ ਇਹ ਅਨਿਆਂ ਕਿ ਉਹ ਮਰਯੱਮ ਕੁਆਰੀ ਦੇ ਮੁੰਡਾ ਹੋਣਾ ਕਿਸੇ ਦਾ ਸੰਗ ਕਰਨਾ ਨਹੀਂ ਚਾਹੰਦੀ ਸੀ,ਪ੍ਰੰਤੂ ਖੁਦਾ ਦੇ ਹੁਕਮ ਨਾਲ ਫਿਰਸ਼ਤੇ ਨੇ ਓਸ ਨੂੰ ਗਰਭਵਤੀ ਕੀਤਾ ਇਹ ਨਿਆਂ ਥੀਂ ਵਿਰੁਧ ਬਾਤ ਹੈ। ਏਥੇ ਹੋਰ ਬੀ ਗੰਦੀਆਂ ਗੱਲਾਂ ਬਹੁਤ ਲਿਖੀਆਂ ਹਨ ਉਨ੍ਹਾਂ ਨੂੰ ਲਿਖਣਾ ਉਚਿਤ ਨਹੀਂ ਸਮਝਿਆ ॥ ੧੦੭ ॥

੧੦੮–ਕੀ ਨਹੀਂ ਡਿੱਠਾ ਤੈਂ ਇਹ ਕਿ ਭੇਜਿਆ ਅਸਾਂ ਨੇ ਸ਼ੈਤਾਂਨ ਨੂੰ

ਉਪਰ ਕਾਫਰਾਂ ਦੇ,ਬਹਕਾਂਦੇ ਹਨ ਉਨ੍ਹਾਂ ਨੂੰ ਬਹਕਾਣ ਕਰਕੇ ॥ ਮੰ੦ ੪ । ਸਿ੦ ੧੬ । ਸੂ੦ ੧੯ । ਆ੦ ੮੧ ॥

( ਸਮੀਖਕ ) ਜੇ ਖੁਦਾ ਹੀ ਸ਼ੈਤਾਨ ਨੂੰ ਬਹਕਾਂਣ ਦੇ ਲਈ ਭੇਜਦਾ ਹੈ ਤਾਂ ਬਹਕਾਣ ਵਾਲਿਆਂ ਦਾ ਕੁਝ ਦੋਸ਼ ਨਹੀਂ ਹੋ ਸਕਦਾ,ਅਰ ਨਾ ਉਨ੍ਹਾਂ ਨੂੰ ਡੰਡ ਹੋ ਸਕਦਾ, ਅਰ ਨਾ ਸ਼ੈਤਾਨ ਨੂੰ, ਕਿਉਂਕਿ ਇਹ ਖੁਦਾ ਦ ਹੁਕਮ ਥੀਂ ਸਭ ਹੁੰਦਾ ਹੈ, ਏਸ ਦਾ ਫਲ ਖੁਦਾ ਨੂੰ ਹੋਣਾ ਚਾਹੀਏ । ਜੇ ਸੱਚਾ ਨਿਆਂ-ਕਾਰੀ ਹੈ ਤਾਂ ਓਸਦਾ ਫਲ ਦੋਜਖ ਆਪਹੀ ਭੋਗੇ, ਅਰ ਜੋ ਨਿਆਂ ਨੂੰ ਛਡਕੇ ਅਨਿਆਂ ਨੂੰ ਕਰੇ ਤਾਂ ਅਨਿਆਂ ਕਾਰੀ ਹੋਇਆ, ਅਨਿਆਂਕਾਰੀ ਹੀ ਪਾਪੀ ਕਹਾਂਦਾ ਹੈ ॥ ੧੦੮ ॥

੧੦੯—ਅਰ ਨਿਸਚੇ ਖਿਮਾ ਕਰਨ ਵਾਲਾ ਹਾਂ ਵਾਸਤੇ ਓਸ ਮਨੁੱਖ ਦੇ ਤੋਬਾ ਕੀਤੀ ਅਰ ਈਮਾਨ ਲਿਆਇਆ, ਕਰਮ ਕੀਤੇ ਚੰਗੇ, ਫੇਰ ਰਾਹ ਪਾਇਆ ॥ ਮੰ੦ ੪ । ਸਿ੦ ੧੬ । ਸੂ੦ ੨੦ । ਆ੦ ੭੮ ॥

(ਸਮੀਖਕ) ਜੇ ਤੋਬਾ ਥੀਂ ਪਾਪ ਖਿਮਾ ਕਰਨ ਦੀ ਬਾਤ ਕੁਰਾਂਨ ਵਿਚ ਹੈ ਇਹ ਸਭ ਨੂੰ ਪਾਪੀ ਕਰਾਣੇ ਵਾਲੀ ਹੈ, ਕਿਉਂਕਿ ਪਾਪੀਆਂ ਨੂੰ ਏਸ ਥੀਂ ਪਾਪ ਕਰਨ ਦਾ ਹੌਸਲਾ ਬਹੁਤ ਵਧ ਜਾਂਦਾ ਹੈ, ਏਸਲਈ ਇਹ ਕਿਤਾਬ ਅਰ ਏਸਦਾ ਬਣਾਨ ਵਾਲਾ ਪਾਪੀਆਂ ਨੂੰ ਪਾਪ ਕਰਾਣ ਵਿਚ ਹੌਸਲਾ ਵਧਾਣ ਵਾਲੇ ਹਨ, ਏਸਲਈ ਇਹ ਪੁਸਤਕ ਪਰਮੇਸ਼੍ਵਰ ਕ੍ਰਿਤ, ਅਰ ਏਸ ਵਿਚ ਕਹਿਆ ਹੋਇਆ ਪਰਮੇਸ਼੍ਵਰ ਥੀ ਨਹੀਂ ਹੋ ਸਕਦਾ ॥ ੧੦੯ ॥

੧੧੦—ਅਰ ਕੀਤੇ ਅਸਾਂ ਨੇ ਵਿਚ ਜਮੀਨ ਦੇ ਪਹਾੜ, ਅਜਿਹਾ ਨਾ ਹੋਵੇ ਕਿ ਹਲ ਜਾਵੇ ॥ ਮੰ੦ ੪ । ਸਿ ੧੭ । ਸੂ੦ ੨੧ । ਆ੦ ੩੦ ॥

(ਸਮੀਖਕ) ਜੇਕਰ ਕੁਰਾਨ ਦਾ ਬਣਾਨ ਵਾਲਾ ਪ੍ਰਿਥਵੀ ਦਾ ਫਿਰਨਾ ਆਦੀ ਜਾਂਣਦਾ ਤਾਂ ਇਹ ਬਾਤ ਕਦੀ ਨਾ ਕਹਿੰਦਾ ਕਿ ਪਹਾੜਾਂ ਦੇ ਧਰਨ ਨਾਲ ਜਮੀਨ ਨਹੀਂ ਹਲਦੀ, ਸ਼ੰਕਾ ਹੋਈ ਕਿ ਜੇ ਪਹਾੜ ਨਾ ਧਰਦਾ ਤਾਂ ਹਲ ਜਾਂਦੀ,ਏਸ ਕਹਣ ਉਤੇ ਬੀ ਭੁਚਾਲ ਵਿਚ ਕਿਉਂ ਡਿਗ ਜਾਂਦੀ ਹੈ? ੧੧੦ ॥

੧੧੧—ਅਰ ਸਿਖਿਆ ਦਿਤੀ ਅਸਾਂ ਨੇ ਓਸ ਅਉਰਤ ਨੂੰ,ਅਰਰਖਿਆ ਕੀਤੀ ਓਸ ਨੇ ਅਪਣੇ ਗੁਪਤ ਅੰਗਾਂ ਦੀ, ਬਸ ਫੂਕ ਦਿਤੀ ਅਸਾਂ ਨੇ ਵਿਚ ਓਸਦੇ ਰੂਹ ਅਪਣੀ ਨੂੰ ॥ ਮੰ੦ ੪ । ਸਿ੦ ੧੭ । ਸੂ ੦ ੨੧ । ਆ੦ ੮੮ ॥

(ਸਮੀਖਕ) ਅਜਿਹੀਆਂ ਗੰਦੀਆਂ ਗੱਲਾਂ ਖੁਦਾ ਦੀ ਕਿਤਾਬ ਵਿਚ ਖੁਦਾ ਦੀ ਤਾਂ ਕੀ, ਕਿਸੇ ਭਲੇ ਮਨੁੱਖ ਦੀ ਬੀ ਨਹੀਂ ਹੁੰਦੀਆਂ, ਜਦ ਮਨੁਖਾਂ ਵਿਚ ਅਜਿਹੀਆਂ ਬਾਤਾਂ ਦਾ ਲਿਖਣਾ ਚੰਗਾ ਨਹੀਂ ਤਾਂ ਪਰਮੇਸ਼੍ਵਰ ਦੇ ਸਾਂਮਣੇ ਕਿਉਂਕਰ ਚੰਗਾ ਹੋ ਸਕਦਾ ਹੈ ? ਅਜਿਹੀਆਂ ਗਲਾਂ ਨਾਲ ਕੁਰਾਨ ਦੋਸ਼ ਵਾਲਾ ਹੁੰਦਾ ਹੈ, ਜੇਕਰ ਅਛੀ ਬਾਤ ਹੁੰਦੀ ਤਾਂ ਬਡੀ ਵਡਿਆਈ ਹੁੰਦੀ

ਸੀਕਣ ਵੇਦਾਂ ਦੀ ॥ ੧੧੧ ॥

੧੧੨–ਕੀ ਨਹੀਂ ਵੇਖਿਆ ਤੈਂ ਕਿ ਅਲੱਾਹ ਨੂੰ ਸਜਦਾ ਕਰਦੇ ਹਨ ਜੋ ਕੋਈ ਵਿਚ ਅਸਮਾਨਾਂ ਅਰ ਜਮੀਨ ਦੇ ਹਨ, ਸੂਰਜ ਅਰ ਚੰਨ, ਤਾਰੇ ਅਰ ਪਹਾੜ, ਦ੍ਰਖਤ, ਅਰ ਜਨਾਉਰ। ਪੁਆਏ ਜਾਂਨਗੇ ਵਿਚ ਓਸਦੇ ਕੰਙਣ ਸੋਨੇ ਦੇ ਅਰ ਮੋਤੀ ਅਰ ਪਰੁਾਵਾ ਉਨ੍ਹਾਂ ਦਾ ਵਿਚ ਓਸਦੇ ਰੇਸ਼ਮੀ ਹੈ ॥ ਅਰ ਪਵਿਤ੍ਰ ਰਖ ਘਰ ਮੇਰੇ ਨੂੰ ਵਾਸਤੇ ਗਿਰਦ ਫਿਰਨ ਵਾਲਿਆਂ ਦੇ ਅਰ ਖਲੋਤੇ ਰਹਨ ਵਾਲਿਆਂ ਦੇ ॥ ਫੇਰ ਚਾਹੀਏ ਕਿ ਦੂਰ ਕਰਨ ਮੈਲ ਅਪਣੇ ਅਰ ਪੂਰੀ ਕਰਨ ਭੇਟਾਂ ਅਪਣੀਆਂ ਅਰ ਚਹੁੰ ਪਾਸੇ ਫਿਰ ਘਰ ਕਦੀਮ ਦੇ ਤਾਂ ਕਿ ਨਾਮ ਅਲੱਾਹ ਦਾ ਯਾਦ ਕਰਨ ॥ ਮੰ० ੪। ਸਿ० ੧੭। ਸੂ० ੨੨ ਆ० ੧੯। ੨੩। ੨੫। ੨੮। ੩੩ ॥

(ਸਮੀਖਕ) ਭਲਾ ਜੋ ਜੜ ਵਸਤੂ ਹਨ ਪਰਮੇਸ਼ੁਰ ਨੂੰ ਜਾਂਣ ਹੀ ਨਹੀਂ ਸਕਦੇ ਫੇਰ ਉਹ ਓਸਦੀ ਭਗਤੀ ਕਿਉਂਕਰ ਕਰਸਕਦੇ ਹਨ? ਏਸ ਲਈ ਇਹ ਪੁਸਤਕ ਈਸ਼ੁਰ ਕ੍ਰਿਤ ਤਾਂ ਕਦੀ ਨਹੀਂ ਹੋਸਕਦਾ ਕਿੰਤੂ ਕਿਸੇ ਭਰਮੀ ਦਾ ਬਣਾਇਆ ਹੋਇਆ ਦਿਸਦਾ ਹੈ, ਵਾਹ! ਬੜਾ ਚੰਗਾ ਸੁਰਗ ਹੈ ਜਿਥੇ ਸੋਨੇ ਮੋਤੀ ਦੇ ਗਹਣੇ ਅਰ ਰੇਸ਼ਮੀ ਕਪੜੇ ਪਾਂਣ ਨੂੰ ਮਿਲਨ ਇਹ ਸੁਰਗ ਏਥੋਂ ਦੇ ਰਾਜਿਆਂ ਦੇ ਘਰ ਤੋਂ ਵਧੀਕ ਨਹੀਂ ਨਜਰ ਆਉਂਦਾ! ਅਰ ਜਦ ਪਰਮੇਸ਼ੁਰ ਦਾ ਘਰ ਹੈ ਤਾਂ ਉਹ ਉਸੇ ਘਰ ਵਿਚ ਰਹੰਦਾ ਬੀ ਹੋਵੇਗਾ ਫੇਰ ਬੁਤਪ੍ਰਸਤੀ (ਮੂਰਤੀ ਪੂਜਾ) ਕਿਉਂ ਨਾ ਹੋਈ? ਅਰ ਦੂਜੇ ਬੁਤਪ੍ਰਸਤਾਂ ਦਾ ਖੰਡਨ ਕਿਉਂ ਕਰਦੇ ਹਨ? ਜਦ ਖੁਦਾ ਭੇਟ ਲੈਂਦਾ ਅਪਣੇ ਘਰ ਦੀ ਪ੍ਰਦਖਣਾ ਕਰਨ ਦੀ ਆਗਿਆ ਦਿੰਦਾ ਹੈ ਅਰ ਪਸ਼ੂਆਂ ਨੂੰ ਮਰਵਾਕੇ ਖੁਆਂਦਾ ਹੈ ਤਾਂ ਇਹ ਖੁਦਾ ਮੰਦਰ ਵਾਲੇ ਅਰ ਭੈਰੋਂ, ਦੁਰਗਾ ਦੀ ਨਿਆਈਂ ਹੋਇਆ, ਅਰ ਮਹਾਂ ਬੁਤਪ੍ਰਸਤੀ ਦਾ ਚਲਾਣ ਵਾਲਾ ਹੋਇਆ, ਕਿੰਉਕਿ ਮੂਰਤਾਂ ਕੋਲੋਂ ਮਸੀਤ ਵਡਾ ਬੁਤ ਹੈ, ਏਸ ਲਈ ਖੁਦਾ ਅਰ ਮੁਸਲਮਾਨ ਵਡੇ ਮੂਰਤੀ ਪੂਜਕ, ਪੁਰਾਣੀ ਤਥਾ ਜੈਨੀ ਛੋਟੇ ਮੂਰਤੀ ਪੂਜਕ ਹਨ ॥ ੧੧੨ ॥

੧੧੩–ਫੇਰ ਨਿਸਚੇ ਤੁਸੀਂ ਦਿਨ ਕੀਆਮਤ ਦੇ ਉਠਾਏ ਜਾਓਗੇ ॥ ਮੰ० ੪। ਸਿ० ੧੮। ਸੂ० ੨੩। ਆ० ੧੬ ॥

( ਸਮੀਖਕ ) ਕੀਆਮਤ ਤਿਕ ਮੁਰਦੇ ਕਬਰ ਵਿਚ ਰਹਨਗੇ ਵਾ ਕਿਸੀ ਹੋਰ ਜਗਹਿ? ਜੇ ਉਨ੍ਹਾਂ ਹੀ ਵਿਚ ਰਹਨਗੇ ਤਾਂ ਸੜੇ ਹੋਏ ਬਦਬੋ ਵਾਲੇ ਸ਼ਰੀਰ ਵਿਚ ਰਹਕੇ ਪੁੰਨ ਆਤਮਾਬੀ ਦੁਖ ਭੋਗ ਕਰਨਗੇ? ਇਹ ਨਿਆਂ ਅਨਿਆਂ ਹੈ, ਅਰ ਬਦਬੋ ਵਧੀਕ ਹੋਕੇ ਰੋਗ ਉਤਪਤੀ ਕਰਨ ਥੀਂ ਖੁਦਾ ਅਰ ਮੁਸਲਮਾਨ ਪਾਪ ਦੇ ਭਾਗੀ ਹੋਂਨਗੇ ॥ ੧੧੩ ॥

੧੧੪–ਓਸ ਦਿਨ ਦੀ ਉਗਾਹੀ ਦੇਣਗੇ ਉੱਪਰ ਉਨ੍ਹਾਂ ਦੇ ਜਬਾਨਾਂ

ਉਨ੍ਹਾਂਦੀਆਂ, ਅਰ ਹਥ ਉਨ੍ਹਾਂਦੇ, ਅਰ ਪੈਰ ਉਨ੍ਹਾਂਦੇ ਨਾਲ ਓਸ ਵਸਤੂਦੇ ਕਿ ਸਨ ਕਰਦੇ ॥ ਅੱਲਾਹ ਨੂਰਹੈ ਅਸਮਾਨਾਂਦਾ ਅਰ ਜਮੀਨਦਾ ਨੂਰ ( ਪ੍ਰਕਾਸ਼ ) ਓਸਦੇ ਕਿ ਸਦ੍ਰਸ 'ਤਾਕੀ' ਦੇ ਹੈ ਵਿਚ ਓਸਦੇ ਦੀਵਾ ਹੋਵੇ ਅਰ ਦੀਵੇਵਿਚ ਕੰਦੀਲ ਸ਼ੀਸ਼ਿਆਂਦੇ ਹੈ ਉਹ ਕੰਦੀਲ ਮਾਨੋ ਕਿ ਤਾਰਾ ਹੈ ਚਮਕਦਾ ਪ੍ਰਕਾਸ਼ਮਾਨ ਕੀਤਾ ਜਾਂਦਾ ਹੈ ਦੀਵਾ ਦ੍ਰਖਤ ਸ਼ੁਭ ਜੈਤੂਨਦੇਥੀਂ ਨਾ ਪੂਰਬ ਦੇ ਵਲ ਹੈ ਨਾ ਪਛੱਮ ਦੇ ਕੋਲਹੈ, ਤੇਲ ਓਸਦਾ ਰੋਸ਼ਨ ਹੋ ਜਾਵੇ ਜ ਨਾ ਲਗੇ ਉਪੱਰ ਰੋਸ਼ਨੀ ਦੇ ਰਾਹ ਵਿਖਾਂਦਾ ਹੈ ਅੱਲਾਹ ਨੂਰ ਅਪਣੇਦੇ ਜਿਸਨੂੰ ਚਾਹਿੰਦਾ ਹੈ ॥ ਮੰ ੦ ੪ । ਸਿ ੦ ੧੮ । ਸੂ ੦ ੨੪ । ਆ ੦ ੨੩ ॥ ੩੪ ॥

( ਸਮੀਖਕ ) ਹਥ ਪੈਰ ਆਦੀ ਜੜ ਹੋਣਦੇ ਕਾਰਣ ਉਗਾਹੀ ਕਦੀ ਨਹੀ ਦੇ ਸਕਦੇ । ਇਹ ਬਾਤ ਸ੍ਰਿਸ਼ਟੀ ਕ੍ਰਮਦੇ ਵਿਰੁਧ ਹੋਣ ਕਰਕੇ ਮਿਥਿਆ ਹੈ, ਕੀ ਖੁਦਾ ਅਗ ਜਾਂ ਬਿਜਲੀ ਹੈ? ਜੀਕਣ ਇਹ ਦ੍ਰਿਸ਼ਟਾਂਤ ਦਿੰਦੇ ਹਨ ਈਕਣ ਦ੍ਰਿਸ਼ਟਾਂਤ ਈਸ਼੍ਵਰਵਿਚ ਨਹੀ ਘਟ ਸਕਦਾ, ਹਾਂ ਕਿਸੇ ਸਕਾਰ ਵਸਤੂ ਵਿਚ ਘਟ ਸਕਦਾ ਹੈ ॥ ੧੧੪ ॥

੧੧੫–ਅਰ ਅਲੱਾਹ ਨੇ ਉਤਪੰਨ ਕੀਤਾ ਹਰ ਜਨਉਰ ਨੂੰ ਪਾਣੀਥੀਂ ਬਸ ਕੋਈ ਉਨ੍ਹਾਂ ਵਿਚੋਂ ਉਹ ਹੈ ਕਿ ਜੋ ਚਲਦਾ ਹੈ ਪੇਟ ਅਪਣੇਦੇ ॥ ਅਰ ਜੋ ਕੋਈ ਆਗਿਆ ਪਾਲਣ ਕਰੇ ਅੱਲਾਹਦੀ ਰਸੂਲ ਓਸਦੇਦੀ । ਕਹੋ ਆਗਿਆ ਪਾਲਣ ਕਰੋ ਖੁਦਾ ਦੀ ਰਸੂਲ ਓਸਦੇ ਦੀ, ਅਰ ਆਗਿਆ ਪਾਲਣ ਕਰੋ ਰਸੂਲ ਦੀ ਤਾਂਕਿ ਦਇਆ ਕੀਤੇ ਜਾਓ ॥ ਮੰ੦ ੪ । ਸਿ੦ ੧੮ । ਸੂ੦ ੨੪ ਆ੦ ੪੪ । ੫੧ । ੫੩ । ੫੫ ॥

(ਸਮੀਖਕ) ਇਹ ਕਿਹੜੀ ਵਿਦਿਆ ਦੀ ਗਲੱ ਹੈ ਕਿ ਜਿਨ੍ਹਾਂ ਜਨਉਰਾਂ ਦੇ ਸ਼ਰੀਰ ਵਿਚ ਸਭ ਤਤੱ ਨਜਰ ਆਉਂਦੇ ਹਨ ਉਨ੍ਹਾਂ ਨੂੰ ਕਹਣਾ ਕਿ ਨਿਰੇ ਪਾਣੀ ਤੋਂ ਉਤਪੰਨ ਕੀਤਾ, ਇਹ ਨਿਰੀ ਅਵਿਦਿਆ ਦੀ ਗਲੱ ਹੈ, ਜਦ ਅਲੱਾਹ ਦੇ ਨਾਲ ਪੈਗੰਬਰ ਦੀ ਆਗਿਆ ਪਾਲਣ ਕਰਨੀ ਹੁੰਦੀ ਹੈ ਤਾਂ ਖੁਦਾ ਦਾ ਸ਼ਰੀਕ ਹੋਗਿਆ ਵਾ ਨਹੀਂ ? ਜੇਕਰ ਈਕਣ ਹੈ ਤਾਂ ਕਿਉਂ ਖੁਦਾ ਨੂੰ ਲਾਸ਼ਰੀਕ ਕੁਰਾਨ ਵਿਚ ਲਿਖਿਆ ਅਰ ਕਹਿੰਦੇ ਹੋ ॥ ੧੧੫ ॥

੧੧੬–ਅਰ ਜਿਸ ਦਿਨ ਨੂੰ ਫਟ ਜਾਵੇਗਾ ਅਸਮਾਨ ਨਾਲ ਬਦਲੀ ਦੇ ਅਰ ਉਤਾਰੇ ਜਾਂਨਗੇ ਫਰਿਸ਼ਤੇ, ਬਸ ਮਤ ਕਹਿਆ ਮਨ ਕਾਫਰਾਂ ਦਾ, ਅਰ ਝਗੜਾ ਕਰ ਓਸਦੇ ਨਾਲ ਝਗੜਾ ਵਡਾ । ਅਰ ਵਟਾ ਸੁਟਦਾ ਹੈ ਅਲਾਂਹ ਬੁਰਾਈਆਂ ਉਨ੍ਹਾਂ ਦੀਆਂ ਨੂੰ ਭਲਾਈਆਂ ਨਾਲ । ਅਰ ਜੋ ਕੋਈ ਤੋਬਾ ਕਰੇ ਅਰ ਕੰਮ ਕਰੇ ਅਛੇ ਬਸ ਨਿਸਚੇ ਆਉਂਦਾ ਹੈ ਤਰਫ ਅਲੱਾਹ ਦੀ ॥ ਮੰ੦ ੪ । ਸਿ੦ । ੧੯ । ਸੂ੦ ੨੫ । ਆ੦ ੨੪ । ੪੯ । ੬੭ । ੬੮ ॥

(ਸਮੀਖਕ) ਇਹ ਬਾਤ ਕਦੀ ਸਚ ਨਹੀਂ ਹੋ ਸਕਦੀ ਹੈ ਕਿ ਅਕਾਸ਼ ਬਦਲਾਂ ਦੇ ਨਾਲ ਫਟ ਜਾਵੇ। ਜੇਕਰ ਅਕਾਸ਼ ਕੋਈ ਮੂਰਤੀਮਾਨ ਪਦਾਰਥ ਹੋਵੇ ਤਾਂ ਫਟ ਸਕਦਾ ਹੈ, ਇਹ ਮੁਸਲਮਾਨਾਂ ਦਾ ਕੁਰਾਨ ਸ਼ਾਂਤੀ ਭੰਗ ਕਰਕੇ ਗਦਰ ਝਗੜਾ ਮਚਾਨਵਾਲਾ ਹੈ, ਏਸਲਈ ਧਰਮਾਤਮਾ ਵਿਦਵਾਂਨ ਲੋਕ ਏਸਨੂੰ ਨਹੀਂ ਮਨਦੇ। ਇਹਬੀ ਚੰਗਾ ਨਿਆਂ ਹੈ ਕਿ ਜੋ ਪਾਪ ਅਰ ਪੁੰਨ ਦਾ ਅਦਲਾ ਬਦਲਾ ਹੋ ਜਾਵੇ, ਕੀ ਇਹ ਤਿਲ ਅਰ ਮਾਂਹ ਦੀ ਤਰਾਂ ਬਾਤਹੈ ਜੋ ਵਟਾ ਸਟਾ ਹੋ ਜਾਵੇ, ਤੋਬਾ ਕਰਨਨਾਲ ਛੁਟੇ ਅਰ ਈਸ਼੍ਵਰ ਮਿਲੇ ਤਾਂ ਕੋਈ ਬੀ ਪਾਪ ਕਰਨ ਥੀਂ ਨਾ ਡਰੇ, ਏਸਲਈ ਇਹ ਸਭ ਬਾਤਾਂ ਵਿਦਿਆ ਤੋਂ ਵਿਰੁਧ ਹਨ ॥ ੧੧੬ ॥

੧੧੭–ਵਹੀ ਭੇਜੀ ਅਸਾਂ ਨੇ ਤਰਫ ਮੂਸਾ ਦੀ ਇਹ ਕਿ ਲੈ ਚਲ ਰਾਤ ਨੂੰ ਬੰਦਿਆਂ ਮੇਰਿਆਂ ਨੂੰ ਨਿਸਚੇ ਤੁਸੀਂ ਪਿਛਾ ਕੀਤੇ ਜਾਓਗੇ। ਬਸ ਭੇਜੇ ਲੋਕ ਫਿਰਔਨ ਨੇ ਵਿਚ ਨਗਰਾਂਦੇ ਜਮਾਂ ਕਰਨ ਵਾਲੇ। ਅਰ ਉਹ ਪੁਰਸ਼ ਕਿ ਜਿਸ ਨੇ ਪੈਦਾ ਕੀਤਾ ਮੈਨੂੰ, ਬਸ ਉਹੋਹੀ ਮਾਰਗ ਵਿਖਾਂਦਾ ਹੈ ॥ ਅਰ ਉਹ ਜੋ ਖੁਆਂਦਾ ਹੈ ਮੈਨੂੰ ਪਿਆਂਦਾ ਹੈ ਮੈਨੂੰ। ਅਰ ਓਸ ਪੁਰਸ਼ ਦੀ ਆਸ਼ਾ ਰਖਦਾ ਹਾਂ ਮੈਂ ਇਹ ਕਿ ਖਿਮਾ ਕਰੇ ਵਾਸਤੇ ਮੇਰਾ ਅਪ੍ਰਾਧ ਦਿਨ ਕੀਆਮਤ ਦੇ॥ ਮੰ੦ ੫। ਸਿ੦ ੧੯ ॥ ਸੂ੦ ੨੬। ਆ੦ ੫੦। ੫੧। ੭੬। ੭੭ ੮੦ ॥

(ਸਮੀਖਕ) ਜਦ ਖੁਦਾਨੇ ਮੂਸਾ ਵਲ ਵਹੀ ਭੇਜੀ ਫੇਰ ਦਾਊਦ ਈਸਾ ਅਰ ਮੁਹੰਮਦ ਸਾਹਿਬ ਦੇ ਵਲ ਕਿਤਾਬ ਕਿਉਂ ਭੇਜੀ? ਕਿਉਂਕਿ ਪਰਮੇਸ਼੍ਵਰ ਦੀ ਬਾਤ ਸਦਾ ਇਕੋ ਜਿਹੀ ਅਰ ਭੁਲ ਤੋਂ ਰਹਿਤ ਹੁੰਦੀ ਹੈ ਅਰ ਓਸ ਦੇ ਪਿੱਛੇ ਕੁਰਾਂਨ ਤਿਕ ਪੁਸਤਕਾਂ ਦਾ ਭੇਜਣਾ ਪਹਿਲੀ ਕਿਤਾਬ ਨੂੰ ਅਪੂਰਣ ਭੁਲ ਜੁਕਤ ਮਨਿਆਂ ਜਾਵੇਗਾ, ਜੇਕਰ ਏਹ ਤਿੰਨ ਪੁਸਤਕ ਸੱਚੇ ਹਨ ਤਾਂ ਇਹ ਕੁਰਾਂਨ ਝੂਠਾ ਹੋਵੇਗਾ, ਚਹੁੰ ਦਾ ਜੋ ਕਿ ਪਰਸਪਰ ਬਹੁਤ ਵਿਰੋਧ ਰਖਦੇ ਹਨ ਉਨ੍ਹਾਂ ਦਾ ਸਰਬਥਾ ਸਚ ਹੋਣਾ ਨਹੀਂ ਹੋ ਸਕਦਾ, ਜੇਕਰ ਖੁਦਾ ਨੇ ਰੂਹ ਅਰਥਾਤ ਜੀਵ ਪੈਦਾ ਕੀਤੇ ਹਨ ਤਾਂ ਉਹ ਮਰਬੀ ਜਾਂਨਗੇ ਅਰਥਾਤ ਉਨ੍ਹਾਂ ਦਾ ਕਦੀ ਅਭਾਵ ਬੀ ਹੋਵੇਗਾ, ਜੇ ਪਰਮੇਸ਼੍ਵਰ ਹੀ ਮਨੁਖੱ ਆਦੀ ਪ੍ਰਾਣੀਆਂ ਨੂੰ ਖੁਆਂਦਾ ਪਿਲਾਂਦਾ ਹੈ ਤਾਂ ਕਿਸੇ ਨੂੰ ਰੋਗ ਹੋਣਾ ਨਾ ਚਾਹੀਏ, ਅਰ ਸਭ ਨੂੰ ਤੁਲ ਭੋਜਨ ਦੇਣਾ ਚਾਹੀਏ, ਪਖਪਾਤ ਨਾਲ ਇਕ ਨੂੰ ਉੱਤਮ, ਅਰ ਦੂਜੇ ਨੂੰ ਅਧੱਮ, ਜਿਸਤਰਾਂ ਕਿ ਰਾਜੇ ਅਰ ਕੰਗਾਲ ਨੂੰ ਉੱਤਮ ਅਰ ਅੱਧਮ ਭੋਜਨ ਮਿਲਦਾ ਹੈ ਨਾ ਹੋਣਾ ਚਾਹੀਏ, ਜਦ ਪਰਮੇਸ਼੍ਵਰ ਹੀ ਖੁਆਂਣ ਪਿਲਾਂਣ ਅਰ ਪਥ ਕਰਾਣ ਵਾਲਾ ਹੈ ਤਾਂ ਰੋਗ ਹੀ ਨਾ ਹੋਣਾ ਚਾਹੀਏ, ਪ੍ਰੰਤੂ ਮੁਸਲਮਾਨ ਆਦੀ ਨੂੰ ਬੀ ਰੋਗ ਹੁੰਦੇ ਹਨ, ਜੇਕਰ ਖੁਦਾ ਹੀ ਰੋਗ ਛੁਡਾਕੇ ਅਰਾਮ ਕਰਨ ਵਾਲਾ ਹੈ ਤਾਂ ਮੁਸਲਮਾਨਾਂ ਦੇ ਸ਼ਰੀਰਾਂ ਵਿਚ ਰੋਗ ਨਾ ਰਹਣਾ ਚਾਹੀਏ,

ਜੇਕਰ ਰਹਿੰਦਾ ਹੈ ਤਾਂ ਖੁਦਾ ਪੂਰਾ ਵੈਦ ਨਹੀਂ ਹੈ, ਜੇਕਰ ਪੂਰਾ ਵੈਦ ਹੈ ਤਾਂ ਮੁਸਲਮਾਨਾਂ ਦੇ ਸ਼ਰੀਰ ਵਿਚ ਰੋਗ ਕਿਉਂ ਰਹਿੰਦੇ ਹਨ। ਜੇਕਰ ਉਹੋ ਮਾਰਦਾ ਅਰ ਜੁਆਂਦਾ ਹੈ ਤਾਂ ਉਸੇ ਖੁਦਾ ਨੂੰ ਪਾਪ, ਪੁੰਨ ਲਗਦਾ ਹੋਵੇਗਾ। ਜੇਕਰ ਜਨਮ ਜਨਮਾਂਤ੍ਰ ਦੇ ਕਰਮ ਅਨੁਸਾਰ ਬਵਸਥਾ ਕਰਦਾ ਹੈ ਤਾਂ ਓਸਨੂੰ ਕੁਝ ਬੀ ਅਪ੍ਰਾਧ ਨਹੀਂ। ਜੇਕਰ ਉਹ ਪਾਪ ਖਿਮਾ ਅਰ ਨਿਆਂ ਕੀਆਮਤ ਦੀ ਰਾਤ ਵਿਚ ਕਰਦਾ ਹੈ ਤਾਂ ਖੁਦਾ ਪਾਪ ਵਧਾਣ ਵਾਲਾ ਹੋਕੇ ਪਾਪ ਜੁਕਤ ਹੋਵੇਗਾ। ਜੇਕਰ ਖਿਮਾ ਨਹੀਂ ਕਰਦਾ ਤਾਂ ਇਹ ਕੁਰਾਨ ਦੀ ਬਾਤ ਝੂਠੀ ਹੋਣ ਤੋਂ ਬਚ ਨਹੀਂ ਸਕਦੀ ਹੈ॥ ੧੧੭॥

੧੧੮–ਨਹੀਂ ਤੂੰ ਆਦਮੀ ਵਾਙਣ ਸਾਡੇ, ਬਸ ਲੈ ਆ ਕੁਝ ਨਿਸ਼ਾਨੀ ਜੋ ਹੈਂ ਤੂੰ ਸਚਿਆਂ ਵਿਚੋਂ। ਕਹਿਆ ਇਹ ਊਠਣੀ ਹੈ ਵਾਸਤੇ ਉਸਦੇ ਪਾਣੀ ਪਾਣਾ ਹੈ ਇਕ ਵਾਰ॥ ਮੰ० ੫। ਸਿ० ੧੯। ਸੂ० ੨੬। ਆ० ੧੫੦। ੧੫੧॥

(ਸਮੀਖਕ) ਭਲਾ ਏਸ ਬਾਤ ਨੂੰ ਕੋਈ ਮਨ ਸਕਦਾ ਹੈ ਕਿ ਪਥੱਰ ਤੋਂ ਊਠਣੀ ਨਿਕਲੀ? ਉਹ ਲੋਕ ਜੰਗਲੀ ਸਨ ਕਿ ਜਿਨ੍ਹਾਂ ਨੇ ਏਸ ਬਾਤ ਨੂੰ ਮਨ ਲੀਤਾ, ਅਰ ਊਠਣੀ ਦੀ ਨਿਸ਼ਾਨੀ ਦੇਣੀ ਨਿਰੇ ਜੰਗਲੀ ਆਦਮੀਆਂ ਦਾ ਵਿਹਾਰ ਹੈ ਈਸ਼੍ਵਰ ਕ੍ਰਿਤ ਨਹੀਂ। ਜੇਕਰ ਇਹ ਕਿਤਾਬ ਈਸ਼੍ਵਰ ਕ੍ਰਿਤ ਹੁੰਦੀ ਤਾਂ ਅਜਿਹੀਆਂ ਵਿਅਰਥ ਬਾਤਾਂ ਏਸ ਵਿਚ ਨਾ ਹੁੰਦੀਆਂ॥ ੧੧੮॥

੧੧੯–ਹੇ ਮੂਸਾ ਬਾਤ ਇਹ ਹੈ ਕਿ ਨਿਸਚੇ ਮੈਂ ਅੱਲਾਹ ਹਾਂ ਡਾਢਾ। ਅਰ ਸੁਟਦੇਹ ਡੰਡਾ ਅਪਣਾ, ਬਸ ਜਦ ਕਿ ਵੇਖਿਆ ਓਸ ਨੂੰ ਹਲਦਾ ਸੀ ਮਾਨੋ ਕਿ ਉਹ ਸਪ ਹੈ। ਹੇ ਮੂਸਾ ਮਤ ਡਰ ਨਿਸਚੇ ਨਹੀਂ ਡਰਦੇ ਨੇੜੇ ਮੇਰੇ ਪੈਗੰਬਰ। ਅੱਲਾਹ ਨਹੀਂ ਕੋਈ ਪੂਜ, ਪ੍ਰੰਤੂ ਉਹ ਮਾਲਕ ਅਰਸ਼ ਵੱਡੇ ਦਾ ਇਹ ਕਿ ਮਤ ਸਿਰ ਚੁੱਕੋ ਉੱਪਰ ਮੇਰੇ ਅਰ ਚਲੇ ਆਓ ਮੇਰੇ ਪਾਸ ਮੁਸਲਮਾਨ ਹੋਕੇ॥ ਮੰ० ੫। ਸਿ० ੧੯। ਸੂ० ੨੭। ਆ० ੯। ੧੦। ੨੬। ੩੧॥

( ਸਮੀਖਕ ) ਹੋਰ ਬੀ ਵੇਖੋ ਅਪਣੇ ਮੂੰਹ ਆਪ ਅੱਲਾਹ ਜਬਰਦਸਤ ਬਣਦਾ ਹੈ, ਅਪਣੇ ਮੂੰਹ ਨਾਲ ਅਪਣੀ ਵਡਿਆਈ ਕਰਨੀ ਚੰਗੇ ਪੁਰਸ਼ ਦਾ ਬੀ ਕੰਮ ਨਹੀਂ ਤਾਂ ਖੁਦਾ ਦਾ ਕਿਉਂਕਰ ਹੋ ਸਕਦਾ ਹੈ?ਤਦੇ ਤਾਂ ਇੰਦ੍ਰਜਾਲ ਦਾ ਲਟਕਾ ਵਿਖਾਕੇ ਜੰਗਲੀ ਮਨੁੱਖਾਂ ਨੂੰ ਬਸ ਕਰਕੇ ਆਪ ਜੰਗਲ ਦਾ ਖੁਦਾ ਬਣ ਬੈਠਾ। ਅਜਿਹੀ ਗਲ ਈਸ਼੍ਵਰ ਦੀ ਕਿਤਾਬ ਵਿਚ ਕਦੀ ਨਹੀਂ ਹੋ ਸਕਦੀ ਜੇਕਰ ਉਹ ਵਡੇ ਅਰਸ਼ ਅਰਥਾਤ ਸਤਵੇਂ ਆਸਮਾਨ ਦਾ ਮਾਲਕ ਹੈ ਤਾਂ ਉਹ ਇਕ ਦੇਸ਼ੀ ਹੋਣ ਕਰਕੇ ਈਸ਼੍ਵਰ ਨਹੀਂ ਹੋ ਸਕਦਾ ਹੈ,ਜੇਕਰ ਅਭਮਾਨ ਕਰਨਾ ਬੁਰਾ ਹੈ ਤਾਂ ਖੁਦਾ ਅਰ ਮੁਹੰਮਦ ਸਾਹਿਬ ਨੇ ਅਪਣੀ ਉਸਤਤ ਨਾਲ ਪੁਸਤਕ ਕਿੰਉ ਭਰ ਦਿੱਤੇ? ਮੁਹੰਮਦ ਸਾਹਿਬ ਨੇ ਅਨੇਕ ਮਾਰੇ ਏਸ ਥੀਂ ਸਿਰ ਚੁਕਣਾ ਹੋਇਆ ਕਿ ਨਹੀਂ? ਇਹ ਕੁਰਾਨ ਪੁਨਰੁਕਤ ਅਰ ਪੂਰਬ ਅਪਰ ਵਿਰੁਧ

ਬਾਤਾਂ ਨਾਲ ਭਰਿਆ ਹੋਇਆ ਹੈ ॥ ੧੧੯ ॥

੧੨੦–ਅਰ ਵੇਖੇਂਗਾ ਤੂੰ ਪਹਾੜਾਂਨੂੰ ਅਨੁਮਾਨ ਕਰਦਾ ਹੈਂ ਤੂੰ ਉਨ੍ਹਾਂਨੂੰ ਜਮੇਂ ਹੋਏ ਅਰ ਚਲੇ ਜਾਂਦੇ ਹਨ ਸੁਦਰਸ਼ ਚਲਣੇਵਾਲੇ ਬਦਲਾਂਦੀ, ਕਾਰਾ-ਗਰੀ ਅਲਾਹਦੀ ਜਿਸਨੈਂ ਦ੍ਰਿੜ ਕੀਤਾ ਹਰ ਬਸਤੂ ਨੂੰ ਨਿਸਚੇ ਉਹ ਖਬਰਦਾਰ ਹੈ ਓਸ ਬਸਤੂਦੇ ਕਿ ਕਰਦੇ ਹੋ ॥ ਮੰ ੦ ੫ । ਸਿ ੦ ੨੦ । ਸੂ ੦ ੨੭ । ਆ੦ ੮੮ ॥

(ਸਮੀਖਕ) ਬਦਲਾਂਦੇ ਸਮਾਨ ਪਹਾੜਾਂਦਾ ਚਲਣਾ, ਕੁਰਾਂਨ ਬਣਾਣ ਵਾਲਿਆਂ ਦੇ ਦੇਸ਼ ਵਿਚ ਹੁੰਦਾ ਹੋਵੇਗਾ ਹੋਰ ਥਾਂ ਨਹੀ,ਅਰ ਖੁਦਾ ਦੀ ਖਬਰਦਾ-ਰੀ ਸ਼ੈਤਾਂਨ ਯਾਕੀ ਨੂੰ ਨਾ ਪਕੜਨੇ ਅਰ ਨਾ ਡੰਡ ਦਣ ਥੀਂ ਹੀ ਮਲੂੰਮ ਹੁੰਦੀ ਹੈ ਕਿ ਜਿਸ ਨੈ ਇਕ ਯਾਕੀ ਨੂੰ ਬੀ ਹੁਣਤਿਕ ਨਾ ਪਕੜ ਪਾਇਆ ਨਾ ਡੰਡ ਦਿੱਤਾ, ਏਸਥੀਂ ਵਧੀਕ ਬੇਖਬਰੀ ਕੀ ਹੋਵੇਗੀ ॥ ੧੨੦ ॥

੧੨੧–ਬਸ ਮੁੱਕਾ ਮਾਰਿਆ ਓਸਨੂੰ ਮੂਸਾ ਨੈ ਬਸ ਪੂਰੀ ਕੀਤੀ ਆਯੂ ਓਸਦੀ । ਕਹਿਆ ਹੇ ਰਬ ਮੇਰੇ ਨਿਸਚੇ ਮੈਂਨੈ ਅਨਿਆਂ ਕੀਤਾ ਜਾਂਨ ਅਪਣੀ ਨੂੰ, ਬਸ ਖਿਮਾ ਕਰ ਮੈਨੂੰ, ਬਸ ਖਿਮਾ ਕਰ ਦਿੱਤਾ ਓਸਨੂੰ, ਨਿਸਚੇ ਉਹ ਖਿਮਾ ਕਰਨ ਵਾਲਾ ਦਇਆਲੂ ਹੈ ਅਰ ਮਾਲਕ ਤੇਰਾ ਉਤਪੰਨ ਕਰਦਾ ਹੈ ਜੋ ਕੁਝ ਚਾਹਿੰਦਾ ਹੈ ਅਰ ਪਸੰਦ ਕਰਦਾ ਹੈ ॥ ਮੰ੦ ੫ । ਸਿ੦ ੨੦ । ਸੂ੦ ੨੮ । ਆ੦ ੧੪ । ੧੫ । ੬੬ ॥

(ਸਮੀਖਕ) ਹੁਣ ਹੋਰ ਬੀ ਵੇਖੋ ! ਮੁਸਲਮਾਨ ਅਰ ਈਸਾਈਆਂ ਦੇ ਪੈਗੰਬਰ ਅਰ ਖੁਦਾ, ਕਿ ਮੂਸਾ ਪੈਗੰਬਰ ਮਨੁਖੱ ਦੀ ਹਤਿਆ ਕੀਤਾ ਕਰੇ ਅਰ ਖੁਦਾ ਖਿਮਾ ਕੀਤਾ ਕਰੇ ਇਹ ਦੋਨੋਂ ਅਨਿਆਂਕਾਰੀ ਹਨ ਵਾ ਨਹੀਂ ? ਕੀ ਅਪਣੀ ਇਛਿਆ ਨਾਲ ਜਿਹੀ ਚਾਹਿਦਾ ਹੈ ਤਿਹੀ ਉਤੱਪਤੀ ਕਰਦਾ ਹੈ ? ਕੀ ਓਸਨੇ ਅਪਣੀ ਇਛਿਆ ਹੀ ਥੀਂ ਇਕ ਨੂੰ ਰਾਜਾ ਦੂਜੇ ਨੂੰ ਕੰਗਾਲ ਅਰ ਇਕ ਨੂੰ ਵਿਦਵਾਂਨ ਅਰ ਦੂਜੇ ਨੂੰ ਮੂਰਖ ਆਦੀ ਕੀਤਾ ਹੈ ? ਜੇਕਰ ਅਜਿਹਾ ਹੈ ਤਾਂ ਨਾ ਕੁਰਾਂਨ ਸਚ ਅਰ ਨਾ ਅਨਿਆਂਕਾਰੀ ਹੋਣ ਥੀ ਇਹ ਖੁਦਾ ਹੀ ਹੋਸਕਦਾ ਹੈ ॥ ੧੨੧ ॥

੧੨੨–ਅਰ ਆਗਿਆ ਦਿਤੀ ਅਸਾਂ ਨੇ ਮਨੁਖੱ ਨੂੰ ਨਾਲ ਮਾਂ, ਪਿਉ ਦੇ ਭਲਾਈ ਕਰਨਾ, ਜੋ ਝਗੜਾ ਕਰਨ ਤੇਰੇ ਨਾਲ ਦੋਨੋ ਇਹ ਕਿ ਸ਼ਰੀਕ ਲਿਆਵੇਂ ਤੂੰ ਸੰਗ ਮੇਰੇ ਓਸ ਬਸਤੂ ਨੂੰ ਕਿ ਨਹੀਂ ਵਾਸਤ ਤੇਰੇ ਸੰਗ ਓਸਦੇ ਗਿਆਂਨ, ਬਸ ਮਤ ਕਹਿਆ ਮਨ ਉਨ੍ਹਾਂ ਦੁਹਾਂ ਦਾ ਤਰਫ ਮੇਰੀ ਹੈ। ਅਰ ਜਰੂਰ ਭੇਜਿਆ ਅਸਾਂ ਨੇ ਨੂਹ ਨੂੰ ਤਰਫ ਕੌਮ ਓਸਦੀ ਦੇ ਕਿ ਬਸ ਰਹਿਆ ਵਿਚ ਉਨ੍ਹਾਂ ਦੇ ਹਜਾਰ ਵਰ੍ਹੇ, ਪ੍ਰੰਤੂ ਪੰਜਾਹ ਵਰ੍ਹੇ ਘਟ ॥ ਮੰ੦ ੫ । ਸਿ੦ ੨੦ । ੨੧ । ਸੂ੦ ੨੯ । ਆ੦ ੭ । ੧੩ ॥

( ਸਮੀਖਕ ) ਮਾਂ ਪਿਉ ਦੀ ਸੇਵਾ ਕਰਨੀ ਤਾਂ ਅੱਛੀ ਹੀ ਹੈ ਜੋ ਖੁਦਾ ਦੇ ਨਾਲ ਸ਼ਰੀਕ ਕਰਨ ਦੇ ਵਾਸਤੇ ਕਹੇ ਤਾਂ ਉਨ੍ਹਾਂ ਦਾ ਕਹਿਆ ਨਾ ਮਨਣਾ ਇਹ ਬੀ ਠੀਕ ਹੈ, ਪਰੰਤੂ ਜੇਕਰ ਮਾਂ,ਪਿਉ ਝੂਠ ਬੋਲਣ ਆਦੀ ਦੀ ਆਗਿਆ ਦੇਨ ਤਾਂ ਕੀ ਮਨ ਲੈਣੀ ਚਾਹੀਏ ? ਇਸ ਲਈ ਇਹ ਬਾਤ ਅਧੀ ਅਛੀ ਅਰ ਅੱਧੀ ਬੁਰੀ ਹੈ। ਕੀ ਨੂਹ ਆਦੀ ਪੈਗੰਬਰਾਂ ਹੀ ਨੂੰ ਖੁਦਾ ਸੰਸਾਰ ਵਿਚ ਭੇਜਦਾ ਹੈ ਤਾਂ ਹੋਰਨਾ ਜੀਵਾਂ ਨੂੰ ਕਉਣ ਭੇਜਦਾ ਹੈ ? ਜੇਕਰ ਸਭ ਨੂੰ ਉਹੋ ਭੇਜਦਾ ਹੈ ਤਾਂ ਸਾਰੇ ਪੈਗੰਬਰ ਕਿੰਉ ਨਹੀਂ ? ਅਰ ਪਹਲੇ ਮਨੁਖਾ ਦੀ ਹਜਾਰ ਵਰ੍ਹੇ ਦੀ ਉਮਰ ਹੁੰਦੀ ਸੀ ਤਾਂ ਹੁਣ ਕਿੰਉ ਨਹੀਂ ? ਇਸ ਲਈ ਇਹ ਬਾਤ ਠੀਕ ਨਹੀਂ ॥ ੧੨੨ ॥

( ੧੨੩ ) ਅਲਾਹ ਪਹਲੀ ਵਾਰ ਕਰਦਾ ਹੈ ਉਤਪੱਤੀ, ਫਿਰ ਦੂਸੀ ਵਾਰ ਕਰੇਗਾ ਓਸਨੂੰ, ਫਿਰ ਉਸੀ ਦੀ ਤਰਫ ਫੇਰ ਜਾਓਗੇ। ਅਰ ਜਿਸ ਦਿਨ ਬਰਪਾ ਅਰਥਾਤ ਖੜੀ ਹੋਵੇਗੀ ਕੀਆਮਤਨਿਰਾਸ਼ ਹੋਨਗੇ ਪਾਪੀ।ਬਸ ਜੋ ਲੋਕ ਕਿ ਈਮਾਨ ਲਿਆਏ ਅਰ ਕੰਮ ਕੀਤੇ ਚੰਗੇ ਬਸ ਉਹ ਵਿਚ ਬਾਗਦੇ ਸਿੰਗਾਰ ਕੀਤੇ ਜਾਂਨਗੇ। ਅਰ ਜੋ ਭੇਜ ਦੇਵਾਂ ਅਸੀ ਇਕ ਯਾਰ ਬਸ ਵੇਖਨ ਓਸ ਖੇਤੀਨੂੰ ਪੀਲੀ ਹੋਈ। ਇਸੇ ਪ੍ਰਕਾਰ ਮੁਹਰ ਰਖਦਾ ਹੈ ਅਲਾਹ ਉਪਰ ਦਿਲ ਉਨ੍ਹਾਂ ਲੋਕਾਂ ਦੇ ਕਿ ਨਹੀ ਜਾਂਣਦੇ॥ ਮੰ ੦ ੫। ਸਿ ੦ ੨੧ । ਸੂ ੦ ੩੦। ਆ ੦ ੧੦।੧੧।੫੦।੫੮॥

( ਸਮੀਖਕ ) ਜੇਕਰ ਅਲਾਹ ਦੋ ਵਾਰੀ ਉਤਪਤੀ ਕਰਦਾ ਹੈ ਤੀਜੀ ਵੇਰੀ ਨਹੀ ਤਾਂ ਉਤਪੱਤੀ ਦੀ ਆਦ ਅਰ ਦੂਜੀਵਾਰ ਦੇ ਅੰਤ ਵਿਚ ਨਿਕਮਾਂ ਬੈਠਾ ਰਹੰਦਾ ਹੋਵੇ ਗਾ? ਅਰ ਇਕ ਤਥਾ ਦੋਵੇਰੀ ਉਤਪੱਤੀ ਦੇ ਪਿਛੇ ਓਸਦਾ ਸਮੱਥ ਨਿਕਮਾਂ ਅਰ ਵਿਅਰਥ ਹੋ ਜਾਵੇਗਾ, ਜੇਕਰ ਨਿਆਂ ਕਰਨਦੇ ਦਿਨ ਪਾਪੀ ਲੋਕ ਨਿਰਾਸ ਹੋਂਨ ਤਾਂ ਚੰਗੀ ਬਾਤਹੈ, ਪ੍ਰੰਤੂ ਇਸਦਾ ਪ੍ਰਯੋਜਨ ਇਹ ਤਾਂ ਕਿਦੇ ਨਹੀ ਹੈ ਕਿ ਮੁਸਲਮਾਨਾਂ ਦੇ ਬਗੈਰ ਸਭ ਪਾਪੀ ਸਮਝਕੇ ਨਿਰਾਸ਼ ਕੀਤੇ ਜਾਂਨ ਕਿਉਂਕਿ ਕੁਰਾਂਨਵਿਚ ਕਈ ਥਾਂਵਾ ਵਿਚ ਪਾਪੀਆਂ ਥੀਂ ਹੋਰਨਾ ਦਾ ਹੀ ਪ੍ਰਯੋਜਨ ਹੈ। ਜੇਕਰ ਬਗੀਚਿਆਂਵਿਚ ਰਖਣਾ ਅਰ ਸਿੰਗਾਰ ਕਰਾਣਾਹੀ ਮੁਸਲਮਾਨਾਂ ਦਾ ਬਹਿਸ਼ਤ ਹੈ ਤਾਂ ਇਸ ਸੰਸਾਰ ਦੇ ਤੁਲ ਹੋਇਆ? ਅਰ ਓਥੇ ਮਾਲੀ ਅਰ ਸੁਨਿਆਰੇ ਬੀ ਹੋਂਨਗੇ? ਅਥਵਾ ਖੁਦਾਹੀ ਮਾਲੀ ਅਰ ਸੁਨਿਆਰੇ ਆਦੀ ਦਾ ਕੰਮ ਕਰਦਾ ਹੋਵੇਗਾ ? ਜੇਕਰ ਕਿਸੇ ਨੂੰ ਘਟ ਗਹਣਾ ਮਿਲਦਾ ਹੋਵੇਗਾ ਤਾਂ ਚੋਰੀ ਬੀ ਹੁੰਦੀ ਹੋਵੇਗੀ ? ਅਰ ਬਹਿਸ਼ਤ ਥੀਂ ਚੋਰੀ ਕਰਨ ਵਾਲਿਆਂ ਨੂੰ ਦੋਜਖ ਵਿਚ ਬੀ ਸੁਟਦਾ ਹੋਵੇਗਾ ? ਜੇਕਰ ਈਕਣ ਹੁੰਦਾ ਹੋਵੇਗਾ ਤਾਂ ਸਦਾ ਬਹਿਸ਼ਤ ਵਿਚ ਰਹਨਗੇ ਇਹ ਬਾਤ ਝੂਠੀ ਹੋ ਜਾਵੇਗੀ। ਜੋ ਜਿਮੀਂਦਾਰਾਂ ਦੀ ਖੇਤੀ ਉਤੇ ਬੀ ਖੁਦਾ ਦੀ ਨਜਰ ਹੈ ਸੋ ਇਹ ਵਿਦਿਆ

ਖੇਤੀ ਕਰਨ ਦੇ ਅਨਭਵ ਨਾਲ ਹੀ ਹੁੰਦੀ ਹੈ। ਅਰ ਜੇਕਰ ਮਨਿਆਂ ਜਾਵੇ ਕਿ ਖੁਦਾ ਨੇ ਅਪਣੀ ਵਿਦਿਆ ਥੀਂ ਸਭ ਬਾਤ ਜਾਂਣ ਲੀਤੀ ਹੈ ਤਾਂ ਅਜਿਹਾ ਭੈ ਦੇਣਾ ਅਪਣਾ ਘਮੰਡ ਪ੍ਰਸਿਧ ਕਰਨਾ ਹੈ। ਜੇਕਰ ਅੱਲਾਹ ਨੈ ਜੀਵਾਂ ਦੇ ਦਿਲਾਂ ਉਤੇ ਮੁਹਰ ਲਾਕੇ ਪਾਪ ਕਰਾਇਆ ਤਾਂ ਓਸ ਪਾਪ ਦਾ ਭਾਗੀ ਉਹੋ ਹੋਵੇ ਜੀਵ ਨਹੀਂ ਹੋਸਕਦੇ, ਜੀਕਣ ਜਿਤ ਹਾਰ ਸੈਨਾਧੀਸ਼ ਦੀ ਹੁੰਦੀ ਹੈ ਊਕਣ ਹੀ ਏਹ ਸਭ ਪਾਪ ਖੁਦਾ ਹੀ ਨੂੰ ਪ੍ਰਾਪਤ ਹੋਂਨ॥ ੧੨੩॥

੧੨੪–ਏਹ ਆਇਤਾਂ ਹਨ ਕਿਤਾਬ ਹਿਕਮਤ ਵਾਲੇ ਦੀ। ਉਤਪੰਨ ਕੀਤਾ ਅਸਮਾਨਾਂ ਨੂੰ ਬਿਨਾ ਥਮਾਂ ਦੇ ਵੇਖਦੇ ਹੋ ਤੁਸੀ ਓਸਨੂੰ ਅਰ ਰਖੇ ਵਿਚ ਪ੍ਰਿਥਵੀ ਦੇ ਪਹਾੜ, ਅਜਿਹਾ ਨਾ ਹੋਵੇ ਕਿ ਹਲ ਜਾਵੇ। ਕਿਉਂ ਨਹੀਂ ਵਖਿਆ ਤੈਂ ਇਹ ਕਿ ਅਲੱਹ ਪ੍ਰਵੇਸ਼ ਕਰਾਂਦਾ ਹੈ ਰਾਤ ਨੂੰ ਵਿਚ ਦਿਨ ਦੇ, ਅਰ ਪ੍ਰਵੇਸ਼ ਕਰਾਂਦਾ ਹੈ ਦਿਨ ਨੂੰ ਵਿਚ ਰਾਤਦੇ। ਕੀ ਨਹੀਂ ਵੇਖਿਆ ਕਿ ਕਿਸ਼ਤੀਆਂ ਚਲਦੀਆਂ ਹਨ ਵਿਚ ਦਰਯਾ ਦੇ ਨਾਲ ਪਦਾਰਥਾਂ ਅੱਲਾਹ ਦੇ ਤਾਂ ਕਿ ਦਿੱਸਨ ਤੁਹਾਨੂੰ ਨਿਸ਼ਾਨੀਆਂ ਅਪਣੀਆਂ॥ ਮੰ੦ ੫। ਸਿ੦ ੨੧। ਸੂ੦ ੩੧। ਆ੦ ੧। ੯। ੨੯। ੩੦।

( ਸਮੀਖਕ ) ਵਾਹ ਜੀ ਵਾਹ! ਹਿਕਮਤ ਵਾਲੀ ਕਿਤਾਬ! ਕਿ ਜਿਸ ਵਿਚ ਸਰਬਥਾ ਵਿਦਿਆ ਤੋਂ ਵਿਰੁਧ ਅਕਾਸ਼ ਦੀ ਉਤਪਤੀ ਅਰ ਓਸ ਵਿਚ ਥੰਮ ਲਗਾਂਣ ਦੀ ਸ਼ੰਕਾ ਅਰ ਪ੍ਰਿਥਵੀ ਨੂੰ ਖਲੋਤੀ ਰਖੱਣ ਦੇ ਲਈ ਪਹਾੜ ਰਖਣਾ ਥੋੜੀ ਜਿਹੀ ਵਿਦਿਆ ਵਾਲਾ ਬੀ ਅਜਿਹਾ ਲੇਖ ਕਦੀ ਨਹੀਂ ਕਰਦਾ ਅਰ ਨਾ ਮਨਦਾ, ਅਰ ਅਕਲ ਵੇਖੋ ਕਿ ਜਿਥੇ ਦਿਨ ਹੈ ਉਥੇ ਰਾਤ ਨਹੀਂ ਅਰ ਜਿਥੇ ਰਾਤ ਹੈ ਉਥੇ ਦਿਨ ਨਹੀਂ ਓਸਨੂੰ ਇਕ ਦੂਜੇ ਵਿਚ ਪ੍ਰਵੇਸ਼ ਕਰਾਣਾ ਲਿਖਦਾ ਹੈ ਇਹ ਬੜੀ ਅਵਿਦਿਵਾਨਾਂ ਦੀ ਬਾਤ ਹੈ ਏਸਲਈ ਇਹ ਕੁਰਾਂਨ ਵਿਦਿਆ ਦੀ ਪੁਸਤਕ ਨਹੀਂ ਹੋ ਸਕਦੀ। ਕੀ ਇਹ ਵਿਦਿਆ ਵਿਰੁਧ ਬਾਤ ਨਹੀਂ ਹੈ ਕਿ ਬੇੜੀਆਂ ਮਨੁਖ ਅਰ ਕ੍ਰਿਆ ਕੌਸ਼ਲ ਆਦੀ ਨਾਲ ਚਲਦੀਆਂ ਹਨ ਵਾ ਖੁਦਾ ਦੀ ਕਿਰਪਾ ਨਾਲ, ਜੇਕਰ ਲੋਹੇ ਵਾ ਪਥਰਾਂ ਦੀ ਬੇੜੀ ਬਣਾਕੇ ਸਮੁੰਦਰ ਵਿਚ ਚਲਾਈਏ ਤਾਂ ਖੁਦਾ ਦੀ ਨਿਸ਼ਾਨੀ ਡੁਬ ਜਾਏ ਵਾ ਨਹੀਂ? ਏਸਲਈ ਇਹ ਪੁਸਤਕ ਨਾ ਵਿਦਵਾਂਨ ਅਰ ਨਾ ਈਸ਼ੁਰ ਦਾ ਬਣਾਇਆ ਹੋ ਸਕਦਾ ਹੈ॥ ੧੨੪॥

੧੨੫–ਤਦਬੀਰ ਕਰਦਾ ਹੈ ਕੰਮਦੀ ਅਸਮਾਨ ਥੀਂ ਤਰਫ ਪ੍ਰਿਥਵੀ ਦੀ ਫੇਰ ਚੜ੍ਹ ਜਾਂਦਾਹੈ ਤਰਫ ਓਸਦੀ ਵਿਚ ਇਕ ਦਿਨਦੇ ਕਿ ਹੈ ਅਉਧੀ ਓਸਦੀ ਹਜਾਰ ਵਰ੍ਹੇ ਉਨ੍ਹਾਂ ਵਰ੍ਹਿਆਂ ਥੀਂ ਕਿ ਗਿਣਦੇਹੋ ਤੁਸੀ। ਇਹਹੈ ਜਾਣਨ ਵਾਲਾ ਗੈਬ(ਗੁਪਤ)ਦਾ ਅਰ ਪ੍ਰਤਖ ਦਾ ਗਾਲਬ (ਸ਼ਕਤੀ ਮਾਂਨ )ਦਇਆਲੂ ਫੇਰ ਪੁਸ਼ਟ ਕੀਤਾ ਓਸਨੂੰ ਅਰ ਫੂਕਿਆ ਵਿਚ ਰੂਹ ਅਪਣੀਥੀਂ। ਕੀ ਗਜਬ

ਕਰੇਗਾ ਤੁਹਾਨੂੰ ਫਰਿਸ਼ਤਾ ਮੌਤਦਾ ਉਹ ਜੋ ਨਿੱਯਤ ਕੀਤਾ ਗਿਆ ਹੈ ਨਾਲ ਤੁਹਾਡੇ। ਅਰ ਜੇ ਚਾਹੰਦੇ ਅਸੀ ਜਰੂਰ ਦਿੰਦੇ ਅਸੀ ਹਰਇਕ ਜੀਵਨੂੰ ਸਿਖਿਆ ਉਸਦੀ, ਪ੍ਰੰਤੂ ਸਿਧ ਹੋਈ ਬਾਤ ਮੇਰੀ ਹੋਰਥੀਂ ਕਿ ਜਰੂਰ ਭਰਾਂਗਾ ਦੋਜਖ ਜਿਨਾਂ ਅਰ ਆਦਮੀਆਂ ਨਾਲ ਕੱਠੇ॥ ਮੰ० ੫ ।ਸਿ० ੨੧ ਸੂ ० ੩੨ ਆ० ੪।੫।੭।੯ ।੧੧॥

( ਸਮੀਖਕ ) ਹੁਣ ਠੀਕ ਸਿਧ ਹੋਗਿਆ ਕਿ ਮੁਸਲਮਾਨਾਂ ਦਾ ਖੁਦਾ ਮਨੁੱਖ ਦੀ ਨਿਆਂਈ ਇਕ ਦੇਸ਼ੀ ਹੈ, ਕਿਉਂਕਿ ਜੋ ਬਿਆਪਕ ਹੁੰਦਾ ਤਾਂ ਇਕ ਦੇਸ਼ ਨਾਲ ਪ੍ਰਬੰਧ ਕਰਨਾ ਅਰ ਉਤਰਨਾ ਚੜ੍ਹਨਾ ਨਹੀਂ ਹੋ ਸਕਦਾ, ਜੇਕਰ ਖੁਦਾ ਫਰਿਸ਼ਤੇ ਨੂੰ ਭੇਜਦਾ ਹੈ ਤਾਂ ਬੀ ਆਪ ਇਕ ਦੇਸ਼ੀ ਹੋਗਿਆ। ਆਪ ਅਸਮਾਨ ਉੱਤੇ ਟੰਗਿਆ ਬੈਠਾ ਹੈ? ਅਰ ਫਰਿਸਤਿਆਂ ਨੂੰ ਦੁੜਾਂਦਾ ਹੈ? ਜੇਕਰ ਫਰਿਸ਼ਤੇ ਵੱਢੀ ਲੈਕੇ ਕੋਈ ਮਾਮਲਾ ਵਿਗਾੜ ਦੇਨ ਵਾ ਕਿਸੇ ਮੁਰਦੇ ਨੂੰ ਛਡ ਜਾਨ ਤਾਂ ਖੁਦਾ ਨੂੰ ਕੀ ਮਲੂੰਮ ਹੋ ਸਕਦਾ ਹੈ? ਮਲੂੰਮ ਤਾਂ ਓਸ ਨੂੰ ਹੋਵੇ ਕਿ ਜੋ ਸਰਬੱਗ ਤਥਾ ਸਰਬ ਬਿਆਪਕ ਹੋਵੇ ਸੋ ਤਾਂ ਹੈ ਹੀ ਨਹੀਂ, ਹੁੰਦਾ ਤਾਂ ਫਰਿਸ਼ਤਿਆਂ ਦੇ ਭੇਜਣੇ ਤਥਾ ਕਈ ਲੋਕਾਂ ਦੀ ਕਈ ਪ੍ਰਕਾਰ ਨਾਲ ਪ੍ਰੀਖਿਆ ਲੈਣ ਦਾ ਕੀ ਕੰਮ ਸੀ? ਅਰ ਇਕ ਹਜਾਰ ਵਰ੍ਹਿਆਂ ਵਿਚ ਤਥਾ ਆਉਂਣ ਜਾਣ ਪ੍ਰਬੰਧ ਕਰਨ ਨਾਲ ਸਰਬ ਸ਼ਕਤੀਮਾਂਨ ਬੀ ਨਹੀਂ। ਜੇਕਰ ਮੌਤ ਦਾ ਫਰਿਸ਼ਤਾ ਹੈ ਤਾਂ ਓਸ ਫਰਿਸ਼ਤੇ ਦੇ ਮਾਰਣ ਵਾਲੀ ਕਿਹੜੀ ਮੌਤ ਹੈ? ਜੇਕਰ ਉਹ ਨਿਤ ਹੈ ਤਾਂ ਅਮ੍ਰਿਤਪਣ ਵਿਚ ਖੁਦਾ ਦੇ ਬਰਾਬਰ ਸ਼ਰੀਕ ਹੋਇਆ, ਇਕ ਫਰਿਸ਼ਤਾ ਇਕ ਸਮੇਂ ਵਿਚ ਦੋਜਖ ਭਰਨ ਦੇ ਵਾਸਤੇ ਜੀਵਾਂਨੂੰ ਸਿਖਿਆ ਨਹੀਂ ਕਰ ਸਕਦਾ, ਅਰ ਉਨ੍ਹਾਂ ਨੂੰ ਬਿਨਾ ਪਾਪ ਕੀਤੇ ਅਪਣੀ ਮਰਜੀ ਨਾਲ ਦੋਜਖ ਭਰਕੇ ਉਨ੍ਹਾਂ ਨੂੰ ਦੁਖ ਦੇਕੇ ਤਮਾਸ਼ਾ ਵੇਖਦਾ ਹੈ? ਤਾਂ ਉਹ ਖੁਦਾ ਪਾਪੀ ਅਨਿਆਂਕਾਰੀ ਅਰ ਦਇਆ ਹੀਨ ਹੈ। ਅਜਿਹੀਆਂ ਗੱਲਾਂ ਜਿਸ ਕਿਤਾਬ ਵਿਚ ਹੋਂਨ ਨਾ ਉਹ ਵਿਦਵਾਂਨ ਅਰ ਈਸ਼੍ਵਰ ਕ੍ਰਿਤ। ਅਰ ਜਿਹੜਾ ਦਇਆ ਨਿਆਂ ਤੋਂ ਹੀਨ ਹੈ ਉਹ ਈਸ਼੍ਵਰ ਬੀ ਕਦੀ ਨਹੀਂ ਹੋਸਕਦਾ॥ ੧੨੫॥

੧੨੬–ਕਹੋ ਕਿ ਕਦੀ ਨਾ ਨਫਾ ਦੇਊ ਨਠਣਾ ਤੁਹਾਨੂੰ ਜੇ ਨਠੋ ਤੁਸੀ ਮੌਤ ਵਾ ਕਤਲ ਥੀਂ। ਹੇ ਬੀਬੀਓ ਨਬੀ ਦੀ ਜੋ ਕੋਈ ਆਵੇ ਤੁਹਾਡੇ ਵਿਚੋਂ ਨਿਰਲਜਤਾ ਪ੍ਰਤਖ ਦੇ ਦੂਣਾ ਕੀਤਾ ਜਾਵੇਗਾ ਵਾਸਤੇ ਓਸਦੇ ਅਜਾਬ, ਅਰ ਹੈ ਇਹ ਉਪੱਰ ਅੱਲਾਹ ਦੇ ਸਹਿਜ॥ਮੰ० ੫।ਸਿ० ੨੧।ਸੂ० ੩੩ ।ਆ० ੧੬।੩੦॥

(ਸਮੀਖਕ) ਇਹ ਮੁਹਮੰਦ ਸਾਹਿਬ ਨੇ ਏਸ ਲਈ ਲਿਖਿਆ ਲਿਖਵਾਇਆ ਹੋਵੇਗਾ ਕਿ ਲੜਾਈ ਵਿਚ ਕੋਈ ਨਾ ਨਠੇ, ਸਾਡੀ ਜਿਤ ਹੋਵੇ, ਮਰਨ ਤੋਂ ਬੀ ਨਾ ਡਰੇ, ਈਸ਼੍ਵਰਜ ਵਧੇ, ਮਜਹਬ ਵਧਾਈਏ। ਅਰ ਜੇਕਰ ਬੀਬੀ

ਨਿਰਲਜਤਾ ਨਾਲ ਨਾ ਆਵੇ ਤਾਂ ਕੀ ਪੈਗੰਬ੍ ਸਾਹਿਬ ਨਿਰਲਜ ਹੋਕੇਆਉਂਨ? ਬੀਬੀਆਂ ਉਤੇ ਅਜ਼ਾਬ ( ਪੀੜਾ ) ਹੋਵੇ? ਅਰ ਪੈਗੰਬਰ ਸਾਹਿਬ ਉਤੇ ਅ-ਜ਼ਾਬ ਨਾ ਹੋਵੇ ਇਹ ਕਿਸ ਘਰ ਦਾ ਨਿਆਂ ਹੈ? ॥ ੧੨੬ ॥

੧੨੭–ਅਰ ਅਟਕੀ ਰਹੋ ਵਿਚ ਘਰਾਂ ਅਪਣੇ ਦੇ, ਆਗਿਆ ਪਾਲ-ਣ ਕਰੋ ਅੱਲਾਹ ਅਰ ਰਸੂਲ ਦੀ ਬਿਨਾ ਏਸਦੇ ਨਹੀ। ਬਸ ਜਦ ਪੂਰੀ ਕਰ ਲਈ ਜ਼ੈਦ ਨੇ ਆਪਣੀ ਹਾਜਤ ਓਸਨੂੰ ਵਿਆਹ ਦਿਤਾ ਅਸਾਂਨੇ ਤੈਨੂੰ ਓਸਨੂੰ ਤਾਂ ਕਿ ਨਾ ਹੋਵੇ ਉਪਰ ਇਮਾਨ ਵਾਲਿਆਂਦੇ ਤੰਗੀ ਵਿਚ ਬੀਬੀਆਂ ਥੀਂ, ਲੈ-ਪਾਲਕਾਂ ਉਨ੍ਹਾਂ ਦੇ ਥੀਂ, ਜਦ ਅਦਾ ਕਰ ਲੈਂਨ ਉਨ੍ਹਾਂ ਥੀਂ ਹਾਜਿਤ ਅਰ ਹੈ ਆਗਿਆ ਖੁਦਾ ਦੀ ਕੀਤੀ ਗਈ। ਨਹੀ ਹੈ ਉਪਰ ਨਬੀ ਦੇ ਕੁਝ ਤੰਗੀ ਵਿਚ ਓਸ ਬਸਤੂ ਦੇ। ਨਹੀਂ ਹੈ ਮੁਹੱਮਦ ਪਿਉ ਕਿਸੇ ਮੁਰਦੇ ਦਾ। ਅਰ ਹਲਾਲ ਕੀਤੀ ਇਸਤ੍ਰੀ ਇਮਾਨ ਵਾਲੀ ਜੋ ਦੇਵੇ ਬਿਨਾ ਮੇਹਰ ਦੇ ਜਾਂਨ ਅਪਣੀ ਵਾਸਤੇ ਨਬੀਦੇ। ਢਿਲ ਦੇਵੇਂ ਤੂੰ ਜਿਸਨੂੰ ਚਾਹੇਂ ਉਨ੍ਹਾਂ ਵਿਚੋਂ, ਅਰ ਜਗਹਿ ਦਵੇਂ ਤਰਫ ਅਪਣੀ ਜਿਸਨੂੰ ਚਾਹੇਂ ਨਹੀਂ ਪਾਪ ਉਪਰ ਤੇਰੇ। ਹੇ ਲੋਕੋ ਜੋ ਈਮਾਨ ਲਿਆਏ ਹੋ ਮਤ ਵੜੋ ਘਰਾਂ ਵਿਚ ਪੈਗੰਬਰ ਦੇ ॥ ਮੰ ੦ ੫। ਸਿ ੦ ੨੨। ਸੂ ੦ ੩੩। ਆ ੦ ੩੩। ੩੭। ੩੮। ੪੦। ੪੭। ੪੮। ੫੦ ॥

( ਸਮੀਖਕ ) ਇਹ ਬਡੇ ਅਨਿਆਂ ਦੀ ਬਾਤ ਹੈ ਕਿ ਇਸਤ੍ਰੀ ਘਰ ਵਿਚ ਕੈਦੀ ਵਾਙਣ ਰਹੇ ਅਰ ਪੁਰਸ਼ ਖੁਲੇ ਰਹਨ? ਕੀ ਇਸਤ੍ਰੀਆਂ ਦਾ ਚਿਤ ਸ਼ੁਧ ਵਾਯੂ,ਸ਼ੁਧ ਦੇਸ਼ ਵਿਚ ਸੈਰ ਕਰਨਾ, ਸ੍ਰਿਸ਼ਟੀ ਦੇ ਅਨੇਕ ਪਦਾਰਥ ਵੇਖਣਾ ਨਹੀਂ ਚਾਹਿੰਦਾ ਹੋਵੇਗਾ?ਇਸੇ ਅਪ੍ਰਾਧ ਕਰਕੇ ਮੁਸਲਮਾਨਾਂ ਦੇ ਮੁੰਡੇ ਜ਼ਿਆਦਾ ਸੈਲਾਨੀ ਅਰ ਵਿਸ਼ਈ ਹੁੰਦੇਹਨ,ਅੱਲਾਹ ਅਰ ਰਸੂਲ ਦੀ ਇਕ ਅਵਿਰੁਧ ਆ-ਗਿਆ ਹੈ ਵਾ ਵਖੋ ਵਖਰੀ ਵਿਰੁਧ? ਜੇਕਰ ਇਕ ਹੈ ਤਾਂ ਦੁਹਾਂ ਦੀ ਆਗਿਆ ਪਾਲਣ ਕਰੋ ਕਹਣਾ ਵਿਅਰਥ ਹੈ। ਅਰ ਜੇ ਵਖੋ ਵਖਰੀ ਵਿਰੁਧ ਹੈ ਤਾਂ ਇਕ ਸੱਚੀ ਅਰ ਦੂਜੀ ਝੂਠੀ, ਇਕ ਖੁਦਾ ਦੂਜਾ ਸੈਤਾਂਨ ਹੋ ਜਾਵੇਗ। ਅਰ ਸ਼ਰੀਕ ਬੀ ਹੋਗਿਆ, ਧੰਨ ਹੈ ਕੁਰਾਂਨ ਦੇ ਖੁਦਾ ਅਰ ਪੈਗੰਬਰ ਤਥਾ ਕੁਰਾਂਨ ਨੂੰ ਜਿਸ ਨੂੰ ਦੂਜੇ ਦਾ ਮਤਬਲ ਨਸ਼ਟ ਕਰਕੇ ਅਪਣਾ ਮਤਬਲ ਸਿਧ ਕਰਨਾ ਇਸ਼ਟ ਹੋਵੇ ਉਹ ਅਜਿਹੀ ਲੀਲਾ ਜਰੂਰ ਰਚਦਾ ਹੈ,ਏਸ ਥੀਂ ਇਹ ਬੀ ਸਿਧ ਹੋਇਆ ਕਿ ਮੁਹੱਮਦ ਸਾਹਿਬ ਭਾਰੇ ਕਾਮੀ ਸਨ, ਜੇਕਰ ਨਾ ਹੁੰਦੇ ਤਾਂ ਲੇਪਾਲਕ ਪੁਤ ਦੀ ਇਸਤ੍ਰੀ ਨੂੰ ਜੋ ਪੁਤ ਦੀ ਇਸਤ੍ਰੀ ਸੀ ਅਪਣੀ ਇਸਤ੍ਰੀ ਕਿੰਉ ਕਰ ਲੈਂਦੇ? ਅਰ ਫੇਰ ਅਜਿਹੀਆਂ ਬਾਤਾਂ ਕਰਨ ਵਾਲੇ ਦਾ ਖੁਦਾ ਬੀ ਪਖਪਾਤੀ ਬਣਿਆਂ ਅਰ ਅਨਿਆਂ ਨੂੰ ਨਿਆਂ ਠਹਰਾਇਆ। ਮਨੁਖਾਂ ਵਿਚ ਜੋ ਜੰਗਲੀ ਬੀ ਹੋਵੇਗਾ ਉਹ ਬੀ ਪੁਤ ਦੀ ਵਹੁਟੀ ਨੂੰ ਛਡ ਦਿੰਦਾ ਹੈ, ਅਰ ਇਹ ਕਿਨੀ ਵੱਡੀ ਅਨਿਆਂ ਦੀ ਬਾਤ ਹੈ ਕਿ ਨਬੀ ਨੂੰ ਕਾਂਮ ਲੀਲਾ ਕਰਨ ਵਿਚ ਕੁਝ ਬੀ ਅਟ-

ਕਾਉ ਨਹੀਂ ਹੋਣਾ ! ਜੇਕਰ ਨਬੀ ਕਿਸੇ ਦਾ ਪਿਉ ਨਾ ਸੀ ਤਾਂ ਜੈਦ (ਲੇਪਾ-ਲਕ ) ਪੁਤ ਕਿਸਦਾ ਸੀ ? ਅਰ ਕਿਉਂ ਲਿਖਿਆ ? ਇਹ ਉਸ ਮਤਬਲ ਦੀ ਬਾਤ ਹੈ ਕਿ ਜਿਸ ਕਰਕੇ ਪੁਤ ਦੀ ਇਸਤ੍ਰੀ ਨੂੰ ਬੀ ਘਰ ਵਿਚ ਪਾ ਲੈਣ ਨਾਲ ਪੈਗੰਬਰ ਸਾਹਿਬ ਨਾ ਬਚੇ ਹੋਰਨਾਂ ਤੋਂ ਕਿਉਂਕਰ ਬਚੇ ਹੋਂਨਗੇ? ਅਜਿਹੀ ਚਤੁਰਾਈ ਥੀਂ ਬੀ ਬੁਰੀ ਬਾਤ ਵਿਚ ਨਿੰਦਿਆ ਹੋਣੀ ਕਦੀ ਨਹੀਂ ਛੁਟ ਸਕਦੀ, ਕੀ ਜੋ ਕੋਈ ਪ੍ਰਾਈ ਇਸਤ੍ਰੀ ਨੂੰ ਬੀ ਨਬੀ ਥੀਂ ਪ੍ਰਸੰਨ ਹੋਕੇ ਨਿਰਬਾਹ ਕਰਨਾ ਚਾਹੇ ਤਾਂ ਬੀ ਹਲਾਲ ਹੈ? ਅਰ ਇਹ ਮਹਾਂ ਅਧਰਮ ਦੀ ਬਾਤ ਹੈ ਕਿ ਨਬੀ ਜਿਸ ਇਸਤ੍ਰੀ ਨੂੰ ਚਾਹੇ ਛਡ ਦੇਵੇ ਅਰ ਮੁਹੱਮਦ ਸਾਹਿਬ ਦੀ ਇਸਤ੍ਰੀ-ਲੋਗ ਜੇਕਰ ਪੈਗੰਬਰ ਦਾ ਅਪਰਾਧ ਬੀ ਹੋਵੇ ਤਾਂ ਬੀ ਕਦੀ ਨਾ ਛਡ ਸੱਕਨ ! ॥ ਜੀਕਣ ਪੈਗੰਬਰ ਦੇ ਘਰਾਂ ਵਿਚ ਹੋਰ ਕੋਈ ਬਿਭਚਾਰ ਦ੍ਰਿਸ਼ਟੀ ਨਾਲ ਪ੍ਰਵੇਸ਼ ਨਾ ਕਰਨ ਤਾਂ ਉਕਣ ਪੈਗੰਬਰ ਸਾਹਿਬ ਬੀ ਕਿਸੇ ਦੇ ਘਰਵਿਚ ਨਾ ਵੜਨ। ਕੀ ਨਬੀ ਜਿਸਦੇ ਘਰਵਿਚ ਚਾਹਨ ਨਿਸ਼ੰਗ ਜਾ ਵੜਨ ਅਰ ਮਾਂਨਦੇ ਜੋਗਬੀ ਰਹਨ? ਭਲਾ ਕਿਹੜਾ ਅਜਿਹਾ ਹਿਰਦੇ ਦਾ ਅਨ੍ਹਾ ਹੈ ਕਿ ਜੋ ਏਸ ਕੁਰਾਂਨ ਨੂੰ ਈਸ਼੍ਵਰਕ੍ਰਿਤ ਅਰ ਮੁਹੱਮਦ ਸਾਹਿਬ ਨੂੰ ਪੈਗੰਬਰ ਅਰ ਕੁਰਾਂਨਵਿਚ ਕਹੇ ਹੋਏ ਈਸ਼੍ਵਰਨੂੰ ਪ੍ਰਮੇਸ਼੍ਵਰ ਮਨ ਸਕੇ, ਬੜੇ ਅਚਰਜ ਦੀ ਬਾਤਹੈ ਕਿ ਅਜਿਹੇ ਯੁਕਤੀ ਸ਼ੂਨ੍ਯ ਧਰਮ ਵਿਰੁਧ ਗਲਾਂ ਨਾਲ ਭਰੇ ਹੋਏ ਏਸ ਮਤ ਨੂੰ ਅਰਬ ਦਸ਼ ਨਿਵਾਸੀ ਆਦੀ ਮਨੁਖਾਂਨੇ ਮਨ ਲੀਤਾ ॥ ੧੨੭ ॥

੧੨੮—ਨਹੀਂ ਜੋਗ ਵਾਸਤੇ ਤੁਹਾਡੇ ਇਹ ਕਿ ਦੁਖ ਦੇਓ ਰਸੂਲ ਨੂੰ ਇਹ ਕਿ ਨਿਕਾਹ ਕਰੋ ਬੀਬੀਆਂ ਓਸਦੀ ਨੂੰ ਪਿਛੇ ਓਸਦੇ ਕਦੀ, ਨਿਸਚੇ ਇਹ ਹੈ ਨੇੜ ਅੱਲਾਹ ਦੇ ਵਡਾ ਪਾਪ। ਨਿਸਚੇ ਜੋ ਲੋਕ ਕਿ ਦੁਖ ਦਿੰਦੇ ਹਨ ਅੱਲਾਹਨੂੰ ਅਰ ਰਸੂਲ ਓਸਦੇ ਨੂੰ ਫਟਕਾਰ ਕੀਤੀ ਹੈ ਉਨ੍ਹਾਂ ਨੂੰ ਅਲਾਹਨੇ। ਅਰ ਉਹ ਲੋਕ ਕਿ ਦੁਖ ਦਿੰਦੇ ਹਨ ਮੁਸਲਮਾਨਾਂ ਨੂੰ ਅਰ ਮੁਸਲਮਾਨੀਆਂ ਨੂੰ ਬਿਨਾ ਏਸ ਦੇ ਬੁਰਾ ਕੀਤਾ ਹੈ ਉਨ੍ਹਾਂ ਨੈ, ਬਸ ਨਿਸਚੇ ਉਠਾਇਆ ਉਨ੍ਹਾਂ ਨੇ ਬਹੁਤਾਨ ਅਰਥਾਤ ਝੂਠ ਅਰ ਪ੍ਰਤਖ੍ਯ ਪਾਪ ਲਾਨਤ ਮਾਰੇ ਜਿਥੇ ਲਭ ਜਾਂਨ, ਪਕੜੇ ਜਾਂਨ, ਕਤਲ ਕੀਤੇ ਜਾਂਨ ਖੂਬ ਮਾਰਿਆ ਜਾਣਾ। ਹੇ ਰਬ ਸਾਡੇ ਦੇਹ ਉਨ੍ਹਾਂ ਨੂੰ ਦੂਣਾ ਅਜ਼ਾਬ ( ਪੀੜਾ ) ਅਰ ਲਾਨਤ (ਫਟਕਾਰ) ਥੀਂ ਵਡੀ ਲਾਨਤ ਕਰ ॥ ਮੰ॰ ੫। ਸਿ॰ ੨੨। ਸੂ॰ ੩੩। ਆ॰ ੫੦। ੫੪। ੫੫। ੫੮। ੬੫ ॥

( ਸਮੀਖਕ ) ਵਾਹ ਕੀ ਖੁਦਾ ਅਪਣੀ ਖੁਦਾਈ ਨੂੰ ਧਰਮ ਦੇ ਨਾਲ ਵਿਖਾ ਰਹਿਆ ਹੈ, ਜੀਕਣ ਰਸੂਲ ਨੂੰ ਦੁਖ ਦੇਣ ਦਾ ਨਿਖੇਧ ਕਰਨਾ ਤਾਂ ਠੀਕ ਹੈ ਪ੍ਰੰਤੂ ਦੂਸਰੇ ਨੂੰ ਦੁਖ ਦੇਣ ਵਿਚ ਰਸੂਲ ਨੂੰ ਬੀ ਰੋਕਣਾ ਜੋਗ ਸੀ ਸੋ ਕਿਉਂ ਨਾ ਰੋਕਿਆ ? ਕੀ ਕਿਸੇ ਦੇ ਦੁਖ ਦੇਣ ਨਾਲ ਅੱਲਾਹ ਬੀ ਦੁਖੀ ਹੋ ਜਾਂਦਾ ਹੈ?

ਜੇਕਰ ਅਜਿਹਾ ਹੈ ਤਾਂ ਉਹ ਈਸ਼੍ਵਰ ਹੀ ਨਹੀਂ ਹੋਸਕਦਾ। ਕੀ ਅਲਾਂਹ ਅਰ ਰਸੂਲ ਨੂੰ ਦੁਖ ਦੇਣ ਦਾ ਨਖੇਧ ਕਰਨ ਥੀਂ ਇਹ ਨਹੀਂ ਸਿਧ ਹੁੰਦਾ ਕਿ ਅਲਾਂਹ ਅਰ ਰਸੂਲ ਜਿਸਨੂੰ ਚਾਹਨ ਦੁਖ ਦੇਨ ? ਹੋਰ ਸਭ ਨੂੰ ਦੁਖ ਦੇਣਾਚਾ-ਹੀਏ?ਜੀਕਣ ਮੁਸਲਮਾਨਾਂ ਅਰ ਮੁਸਲਮਾਨੀਆਂ ਨੂੰ ਦੁਖ ਦੇਣਾ ਬੁਰਾ ਹੈ ਤਾਂ ਇਨ੍ਹਾਂ ਤੋਂ ਹੋਰ ਮਨੁਖਾਂ ਨੂੰ ਦੁਖ ਦੇਣਾ ਬੀ ਜਰੂਰ ਬੁਰਾ ਹੈ। ਜੇ ਏਸਤਰਾਂ ਨਾ ਮਨੀਏਂ ਤਾਂ ਓਸਦੀ ਇਹ ਬਾਤ ਬੀ ਪਖਪਾਤ ਦੀ ਹੈ,ਵਾਹ ਗਦਰ ਮਚਾਣ ਵਾਲੇ ਖੁਦਾ ਅਰ ਨਬੀ! ਜੀਕਣ ਏਹ ਨਿਰਦਈ ਸੰਸਾਰ ਵਿਚ ਹਨ ਉਕਣ ਹੋਰ ਬਹੁਤ ਥੋੜੇ ਹੋਂਨਗੇ, ਜੀਕਣ ਇਹ ਕਿ ਹੋਰ ਲੋਕ ਜਿੱਥੇ ਲਭ ਜਾਂਨ ਮਾਰੇ ਜਾਂਨ, ਪਕੜੇ ਜਾਂਨ ਲਿਖਿਆ ਹੈ ਉਕਣ ਹੀ ਮੁਸਲਮਾਨਾਂ ਉੱਤੇ ਕੋਈ ਆਗਿਆ ਦੇਵੇ ਤਾਂ ਮੁਸਲਮਾਨਾਂ ਨੂੰ ਇਹ ਬਾਤ ਬੁਰੀ ਲੱਗੇ ਗੀ ਵਾ ਨਹੀ ? ਵਾਹ ਕੀ ਹਿੰਸਾ ਕਰਨ ਵਾਲੇ ਪੈਗੰਬਰ ਆਦੀ ਹਨ ਕਿ ਜੋ ਪਰਮੇਸ਼੍ਵਰ ਥੀਂ ਪ੍ਰਾਰਥਨਾ ਕਰਕੇ ਅਪਣੇ ਤੋਂ ਦੂਜਿਆਂ ਨੂੰ ਦੂਣਾ ਦੁਖ ਦੇਣ ਦੇ ਲਈ ਪ੍ਰਾਰਥਨਾ ਕਰਨਾ ਲਿਖਿਆ ਹੈ ਇਹ ਬੀ ਪਖਪਾਤ ਮਤਥਲ ਸਿੰਧੂਪਨ ਅਰ ਮਹਾਂ ਅਧਰਮ ਦੀ ਬਾਤ ਹੈ, ਇਸੇ ਵਾਸਤੇ ਹੁਣ ਤਿਕ ਬੀ ਮੁਸਲਮਾਨਾਂ ਲੋਕਾਂ ਵਿਚੋਂ ਬਹੁਤ ਸਾਰੇ ਮੂਰਖ ਲੋਕ ਅਜਿਹਾ ਹੀ ਕਰਮ ਕਰਨ ਵਿਚ ਨਹੀਂ ਡਰਦੇ, ਇਹ ਠੀਕ ਹੈ ਕਿ ਸਿਖਿਆ ਦੇ ਬਗੈਰ ਮਨੁਖ ਪਸ਼ੂ ਦੀ ਨਿਆਈਂ ਰਹੀਂਦਾ ਹੈ ॥ ੧੨੮ ॥

੧੨੯—ਅਰ ਅੱਲਾਹ ਉਹ ਪੁਰਸ਼ ਹੈ ਕਿ ਭੇਜਦਾ ਹੈ ਹਵਾਵਾਂ ਨੂੰ ਬਸ ਉਠਾਂਦੀਆਂ ਹਨ ਬਦਲਾਂ ਨੂੰ ਬਸ ਹਾਂਕ ਲੈਂਦੇ ਹਨ ਤਰਫ ਸ਼ੈਹਰ ਮੁਰਦੇ ਦੀ, ਬਸ ਜਿੰਦਾ ਕੀਤਾ ਅਸਾਂ ਨੇ ਨਾਲ ਓਸ ਦੇ ਜਮੀਂਨ ਨੂੰ ਪਿੱਛੇ ਮੌਤ ਓਸਦੀ ਦੇ, ਇਸੇਤਰਾਂ ਕਬਰਾਂ ਵਿਚੋਂ ਕਢਣਾ ਹੈ। ਜਿਸਨੇ ਉਤਾਰਿਆ ਵਿਚ ਘਰ ਸਦਾ ਰਹਣ ਦੇ ਦਇਆ ਅਪਣੀ ਥੀਂ, ਨਹੀ ਲਗਦੀ ਸਾਨੂੰ ਵਿਚ ਓਸਦੇ ਮੇਹਨਤ, ਅਰ ਨਹੀਂ ਲਗਦੀ ਵਿਚ ਓਸਦੇ ਮਾਂਦਗੀ ॥ ਮੰ ੦ ੫। ਸਿ ੦ ੨੨। ਸੂ ੦ ੩੫। ਆ ੦ ੯। ੩੫॥

( ਸਮੀਖਕ ) ਵਾਹ ਡਾਢੀ ਵਿਦਿਆ ਖੁਦਾਦੀ ਹੈ ਭੇਜਦਾ ਹੈ ਹਵਾਨੂੰ ਉਹ ਉਠਾਂਦੀ ਫਿਰਦੀ ਹੈ ਬਦਲਾਂ ਨੂੰ ਅਰ ਖੁਦਾ ਓਸਥੀਂ ਮੁਰਦਿਆਂ ਨੂੰ ਜੁਆਂ ਦਾ ਫਿਰਦਾ ਹੈ, ਇਹ ਬਾਤ ਈਸ਼੍ਵਰ ਸਬੰਧੀ ਕਦੀ ਨਹੀਂ ਹੋ ਸਕਦੀ, ਕਿਉਂਕਿ ਈਸ਼੍ਵਰ ਦਾ ਕੰਮ ਇਕੋ ਜਿਹਾ ਹੁੰਦਾ ਰਹੀਂਦਾ ਹੈ, ਜੋ ਘਰ ਹੋਵੇਗਾ ਉਹ ਬਿਨਾ ਬਣਉਟ ਦੇ ਕਦੀ ਨਹੀ ਹੋ ਸਕਦਾ, ਅਰ ਜੋ ਬਣਾਉਟ ਦਾ ਹੈ ਉਹ ਸਦਾ ਨਹੀ ਰਹ ਸਕਦਾ। ਜਿਸਦਾ ਸ਼ੀਰ ਹੈ ਉਹ ਮੇਹਨਤ ਦੇ ਬਿਨਾ ਦੁਖੀ ਹੁੰਦਾ ਅਰ ਸ਼ੀਰ ਵਾਲਾ ਰੋਗੀ ਹੋਏ ਬਗੈਰ ਕਦੀ ਨਹੀ ਬਚਦਾ, ਜੋ ਇਕ ਇਸਤ੍ਰੀ ਨਾਲ ਸਮਾਗਮ ਕਰਦਾ ਹੈ ਉਹ ਬਿਨਾ ਰੋਗਦੇ ਨਹੀ ਬਚਦਾ,ਤਾਂ ਜੋ ਬਹੁਤ ਇਸਤ੍ਰੀਆਂ ਨਾਲ ਵਿਸ਼ੇ ਭੋਗ ਕਰਦਾ ਹੈ ਓਸਦੀ ਕਿਹੀ ਦੁਰਦਸ਼ਾ ਹੁੰਦੀ ਹੋਵੇਗੀ। ਏਸ-

ਲਈ ਮੁਸਲਮਾਨਾਂ ਦਾ ਰਹਣਾ ਬਹਿਸ਼ਤ ਵਿਚ ਸੁਖਦਾਇਕ ਸਦਾ ਨਹੀ ਹੋ ਸਕਦਾ ॥ ੧੨੯ ॥

੧੩੦–ਕਸਮ ਹੈ ਕੁਰਾਂਨ ਦ੍ਰਿੜ ਦੀ ਨਿਸਚੇ ਤੂੰ ਭੇਜੇ ਹੋਇਆਂ ਵਿਚੋਂ ਹੈ ਓਸ ਉਤੇ ਮਾਰਗ ਸਿਧੇ ਦੇ ਉਤਾਰਿਆ ਹੈ ਪਰਬਲ ਦਇਆਵਾਂਨ ਨੇ ॥ ਮੰ ੦ ੫ । ਸਿ ੦ ੨੨ । ਸੂ ੦ ੩੬। ਆ ੦ ੧।੨ ॥

( ਸਮੀਖਕ ) ਹੁਣ ਵੇਖੋ ਇਹ ਕੁਰਾਂਨ ਖੁਦਾ ਦਾ ਬਣਾਇਆ ਹੁੰਦਾ ਤਾਂ ਉਹ ਏਸਦੀ ਸਹੋਂ ਕਿੰਉ ਖਾਂਦਾ ? ਜੇਕਰ ਨਬੀ ਖੁਦਾ ਦਾ ਭੇਜਿਆ ਹੁੰਦਾ ਤਾਂ (ਲੇਪਾਲਕ) ਬੇਟੇ ਦੀ ਇਸਤ੍ਰੀ ਉੱਤੇ ਮੋਹਿਤ ਕਿੰਉ ਹੁੰਦਾ ? ਇਹ ਕਹਣ ਮਾਤ੍ਰ ਹੈ ਕਿ ਕੁਰਾਂਨ ਦੇ ਮੱਨਣ ਵਾਲੇ ਸਿੱਧੇ ਮਾਰਗ ਉੱਤੇ ਹਨ, ਕਿੰਉਕਿ ਸਿਧਾ ਮਾਰਗ ਉਹੋ ਹੀ ਹੁੰਦਾ ਹੈ ਜਿਸ ਵਿਚ ਸਚ ਮਨਣਾ, ਸਚ ਬੋਲਣਾ, ਸਚ ਕਰਨਾ, ਪਖਪਾਤ ਰਹਤ ਨਿਆਂ ਧਰਮ ਦਾ ਆਚਰਣ ਕਰਨਾ, ਆਦੀ ਹਨ। ਅਰ ਏਸਥੀਂ ਉਲਟ ਦਾ ਤਿਆਗ ਕਰਨਾ, ਸੋ ਨਾ ਕੁਰਾਨ ਵਿਚ ਨਾ ਮੁਸਲਮਾਨਾਂ ਵਿਚ ਅਰ ਨਾ ਉਨ੍ਹਾਂ ਦੇ ਖੁਦਾ ਵਿਚ ਅਜਿਹਾ ਸੁਭਾਵ ਹੈ। ਜੇਕਰ ਸਭ ਉੱਤੇ ਪਰਬਲ ਪੈਗੰਬਰ ਮੁਹੱਮਦ ਸਾਹਿਬ ਹੁੰਦੇ ਤਾਂ ਸਭ ਥੀਂ ਵਧੀਕ ਵਿਦਿਆਵਾਂਨ ਅਰ ਸ਼ੁਭਗੁਣ ਜੁਕਤ ਕਿੰਉਨਾ ਹੁੰਦੇ ? ਏਸਲਈ ਜੀਕਣ ਕੁੰਜੜੀ ਅਪਣੇ ਬੇਰਾਂ ਨੂੰ ਖੱਟਾ ਨਹੀਂ ਦਸਦੀ ਉਕਣ ਇਹ ਬਾਤ ਬੀ ਹੈ॥੧੩੦

੧੩੧–ਅਰ ਫੂਕਿਆ ਜਾਵੇਗਾ ਵਿਚ ਸੂਰ ਦੇ, ਬਸ ਅਚੱਣ ਚੇਤ ਉਹ ਕਬਰਾਂ ਵਿਚੋਂ ਮਾਲਕ ਅਪਣੇ ਨੂੰ ਦੌੜਨਗੇ ਅਰ ਉਗਾਹੀ ਦੇਂਨਗੇ, ਫੇਰ ਉਨ੍ਹਾਂ ਦੇ ਨਾਲ ਓਸ ਬਸਤੂ ਦੇ ਕਮਾਂ ਦੇ ਸਨ ਬਿਨਾ ਏਸਦੇ ਨਹੀਂ ਕਿ ਆਗਿਆ ਓਸਦੀ, ਜਦ ਚਾਹੇ ਉਤਪੰਨ ਕਰਨਾ ਕਿਸੇ ਬਸਤੂ ਦਾ, ਇਹ ਕਿ ਕਹੰਦੇ ਵਾਸਤੇ ਓਸਦੇ ਕਿ ਹੋ ਜਾ ਬਸ ਹੋਜਾਂਦਾ ਹੈ ॥ ਮੰ੦ ੫ । ਸਿ੦ ੨੩ । ਸੂ੦ ੩੬ । ਆ੦ ੪੯ । ੬੧ । ੭੮ ॥

( ਸਮੀਖਕ ) ਹੁਣ ਸੁਣੋ ਊਟ ਪਟਾਂਗ ਗੱਲਾਂ ਪੈਰ ਕਦੀ ਉਗਾਹੀ ਦੇ ਸਕਦੇ ਹਨ ? ਖੁਦਾ ਦੇ ਬਿਨਾ ਓਸ ਸਮੇਂ ਕਉਣ ਸੀ ਜਿਸਨੂੰ ਆਗਿਆ ਦਿਤੀ ? ਕਿਸ ਨੇ ਸੁਣੀ ਅਰ ਕਉਣ ਬਣ ਗਿਆ ? ਜੇਕਰ ਨਾ ਸੀ ਤਾਂ ਇਹ ਬਾਤ ਝੂਠੀ ਅਰ ਜੋ ਸੀ, ਤਾਂ ਉਹ ਬਾਤ ਜੋ ਬਿਨਾ ਪਰਮੇਸ਼ੁਰ ਦੇ ਕੁਝ ਚੀਜ ਨਹੀਂ ਸੀ ਅਰ ਖੁਦਾ ਨੇ ਸਭ ਕੁਝ ਬਣਾ ਦਿਤਾ ਉਹ ਝੂਠੀ ॥ ੧੩੧ ॥

੧੩੨– ਫਿਰਾਇਆ ਜਾਵੇਗਾ ਓਸਦੇ ਉਪੱਰ ਪਿਆਲਾ ਸ਼ਰਾਬ ਸ਼ੁਧ ਦਾ।ਚਿੱਟੀ ਸੁਆਦ ਦੇਣ ਵਾਲੀ ਵਾਸਤੇ ਪੀਂਣ ਵਾਲਿਆਂ ਦੇ।ਕੋਲ ਉਨ੍ਹਾਂ ਦੇ ਬੈਠੀ ਹੋਂਨਗੀਆਂ ਹੇਠਾਂ ਅੱਖਾਂ ਰੱਖਣ ਵਾਲੀਆਂ ਸੁੰਦ੍ਰ ਅੱਖਾਂ ਵਾਲੀਆਂ। ਮਾਨੋਂ ਕਿ ਏਹ ਅੰਡੇ ਹਨ ਲੁਕਾਏ ਹੋਏ। ਕੀ ਬਸ ਅਸੀਂ ਨਹੀਂ ਮਰਾਂਗੇ? ਅਰ ਜ਼ਰੂਰ ਲੂਤ ਨਿਸਚੇ ਪੈਗੰਬਰਾਂ ਵਿੱਚੋਂ ਸੀ। ਜਦ ਕਿ ਮੁਕਤੀ ਦਿਤੀ ਅਸਾਂ

ਨੇ ਓਸ ਨੂੰ ਅਰ ਲੋਕਾਂ ਓਸ ਦੀਆਂ ਨੂੰ ਸਭ ਨੂੰ । ਪ੍ਰੰਤੂ ਇਕ ਬੁਢੀ ਪਿੱਛੇ ਰਹਣ ਵਾਲੀਆਂ ਵਿਚ ਹੈ। ਫੇਰ ਮਾਰਿਆ ਅਸਾਂ ਨੈ ਹੋਰਨਾ ਨੂੰ ।ਮੰ ੬। ਸਿ੦ ੨੩। ਸੂ੦ ੩੭। ਆ੦ ੪੩। ੪੪। ੪੬। ੪੭। ੫੬। ੧੨੬ । ੧੨੭ । ੧੨੮। ੧੨੯ ॥

( ਸਮੀਖਕ ) ਕਿਉ ਜੀ ਏਥੇ ਤਾਂ ਮੁਸਲਮਾਨ ਲੋਕ ਸ਼ਿਰਾਬ ਨੂੰ ਬੁਰਾ ਦਸਦੇ ਹਨ,ਪ੍ਰੰਤੂ ਇਨ੍ਹਾਂ ਦ ਬਹਿਸ਼ਤ ਵਿਚ ਤਾਂ ਨਦੀਆਂ ਦੀਆਂ ਨਦੀਆਂ ਵਗਦੀਆਂ ਹਨ?ਇੰਨਾ ਅੱਛਾ ਹੈ ਕਿ ਇਥੇ ਤਾਂ ਕਿਸੇਤਰਾਂ ਨਾਲ ਸ਼ਰਾਬ ਪੀਣਾ ਛੁਡਾਇਆ ਪ੍ਰੰਤੂ ਏਥੋਂ ਦੇ ਬਦਲ ਓਥੇ ਉਨ੍ਹਾਂ ਦੇ ਬਹਿਸ਼ਤ ਵਿਚ ਬੜੀ ਖਰਾਬੀ ਹੈ । ਮਾਰੇ ਇਸਤ੍ਰੀਆਂ ਦੇ ਓਥੇ ਕਿਸੇ ਦਾ ਚਿਤ ਸਥਿਰ ਨਹੀਂ ਰਹੰਦਾ ਹੋਵੇਗਾ, ਅਰ ਵਡੇ ਵਡੇ ਰੋਗ ਬੀ ਹੁੰਦੇ ਹੋਂਨਗੇ ! ਜੇਕਰ ਸ਼੍ਰੀਰ ਵਾਲੇ ਹੋਂਨਗੇ ਤਾਂ ਜਰੂਰ ਮਰਨਗੇ ? ਅਰ ਜੋ ਸ਼੍ਰੀਰ ਨਾ ਹੋਂਨਗੇ ਤਾਂ ਭੋਗ ਬਿਲਾਸ ਹੀ ਨਾ ਕਰ ਸਕਨਗੇ ਫੇਰ ਉਨ੍ਹਾਂ ਨੂੰ ਬਹਿਸ਼ਤ ਵਿਚ ਜਾਣਾ ਵਿਅਰਥ ਹੈ। ਜੇਕਰ ਲੂਤ ਨੂੰ ਪੈਗੰਬਰ ਮਨਦੇ ਹੋ ਤਾਂ ਜੋ ਬਾਇਬਲ ਵਿਚ ਲਿਖਿਆ ਹੈ ਕਿ ਓਸ ਨਾਲ ਓਸਦੀ ਧੀਆਂ ਨੇ ਸਮਾਗਮ ਕਰਕੇ ਦੋ ਮੁੰਡੇ ਪੈਦਾ ਕੀਤੇ ਏਸ ਬਾਤ ਨੂੰ ਬੀ ਮਨਦੇ ਹੋ ਵਾ ਨਹੀਂ ? ਜੇ ਮਨਦੇ ਹੋ ਤਾਂ ਅਜਿਹੇ ਨੂੰ ਪੈਗੰਬਰ ਮਨਣਾ ਵਿਅਰਥ ਹੈ, ਅਰ ਜੋ ਅਜਿਹੇ ਅਰ ਅਜਿਹੇ ਦੇ ਸੰਗੀਆਂ ਨੂੰ ਖੁਦਾ ਮੁਕਤੀ ਦਿੰਦਾ ਹੈ ਤਾਂ ਉਹ ਖੁਦਾ ਬੀ ਉਹੋ ਜਿਹਾ ਹੀ ਹੈ, ਕਿਉਂਕਿ ਬੁਢੀ ਦੀ ਕਹਾਣੀ ਕਹਣ ਵਾਲਾ ਅਰ ਪਖਪਾਤ ਨਾਲ ਦੂਜਿਆਂ ਨੂੰ ਮਾਰਣ ਵਾਲਾ ਖੁਦਾ ਕਦੀ ਨਹੀਂ ਹੋਸਕਦਾ, ਅਜਿਹਾ ਖੁਦਾ ਮੁਸਲਮਾਨਾਂ ਦੇ ਘਰ ਵਿਚ ਰਹ ਸਕਦਾ ਹੈ ਹੋਰ ਥਾਂ ਨਹੀਂ ॥ ੧੩੨ ॥

੧੩੩–ਬਹਿਸ਼ਤ ਹਨ ਸਦਾ ਰਹਣ ਨੂੰ ਖੁਲੇ ਹੋਏ ਹਨ ਦਰਵੱਜੇ ਉਨ੍ਹਾਂ ਦੇ ਵਾਸਤੇ ਉਨ੍ਹਾਂ ਦੇ । ਤਕੀਏ ਕੀਤੇ ਹੋਏ ਵਿਚ ਉਨ੍ਹਾਂ ਦੇ ਮੰਗਾਂਨਗੇ ਵਿਚ ਏਸ ਦੇ ਮੇਵੇ ਅਰ ਪੀਣ ਨੂੰ ਬਸਤੂ ਅਰ ਨੇੜੇ ਹੋਨਗੀਆਂ ਉਨ੍ਹਾਂਦੇ ਹੇਠਾਂ ਰਖਣ ਵਾਲੀਆਂ ਨਜਰ, ਅਰ ਦੂਜਿਆਂ ਥੀਂ ਬਰਾਬਰ ਉਮਰ। ਬਸ ਸਜਦਾ ਕੀਤਾ ਫਰਿਸ਼ਤਿਆਂ ਨੇ ਸਭਨੇ ਪ੍ਰੰਤੂ ਸ਼ੈਤਾਂਨ ਨੇ ਨਾ ਮਨਿਆਂ ਅਭ-ਮਾਨ ਕੀਤਾ ਅਰ ਸੀ ਕਾਫਰਾਂ ਵਿਚੋਂ । ਹੇ ਸ਼ੈਤਾਂਨ ਕਿਸ ਬਸਤੂ ਨੇ ਰੋਕਿਆ ਤੈਨੂੰ ਇਹ ਕਿ ਸਜਦਾ ਕਰੇਂ ਵਾਸਤੇ ਓਸਵਸਤੂ ਦੇ ਕਿ ਬਣਾਇਆ ਮੈਨੇ ਨਾਲ ਦੋਨੋਂ ਹਥ ਅਪਣੇ ਦੇ,ਕੀ ਅਭਮਾਂਨ ਕੀਤਾ ਤੈਂ ਵਾ ਸੀ ਵਡੇ ਅਧਕਾਰ ਵਾਲਿਆਂ ਵਿਚੋਂ । ਕਹਿਆ ਕਿ ਮੈਂ ਚੰਗਾ ਹਾਂ ਓਸ ਬਸਤੂ ਥੀਂ ਉਤਪੰਨ ਕੀਤਾ ਤੈਂ ਮੈਨੂੰ ਅਗ ਥੀਂ ਓਸਨੂੰ ਮਿਟੀ ਥੀਂ । ਕਿਹਾ ਬਸ ਨਿਕਲ ਇਨ੍ਹਾਂ ਅਸਮਾਨਾਂ ਵਿਚੋਂ, ਬਸ ਨਿਸਚੇ ਤੂੰ ਚਲਾਇਆ ਗਿਆ ਹੈਂ । ਨਿਸਚੇ ਉਪਰ ਤੇਰੇ ਫਿਟਕਾਰ ਹੈ ਮੇਰੀ ਦਿਨ ਜਜਾ (ਫਲ) ਤਿਕ । ਕਹਿਆ ਹੇ ਮਾਲਕ ਮੇਰੇ ਢਿਲ ਦੇਹ ਓਸ

ਦਿਨ ਤਿਕ ਕਿ ਉਠਾਏ ਜਾਂਨਗੇ ਮੁਰਦੇ। ਕਹਿਆ ਬਸ ਨਿਸਚੇ ਤੂੰ ਢਿਲ ਦਿੱਤੇ ਗਿਆਂ ਵਿਚੋਂ ਹੈ। ਓਸ ਦਿਨ ਸਮੇਂ ਮਲੂੰਮ ਤਿਕ। ਕਹਿਆ ਕਿ ਬਸ ਸਹੋਂ ਹੈ ਵਡਿਆਈ ਤੇਰੀ ਦੀ ਕਿ ਜਰੂਰ ਗੁਮ੍ਹਾਹ ਕਰਾਂਗਾ ਓਸਨੂੰ ਮੈਂ ਅਕੱਠੇ। ਮੰ੦੬ ਸਿ੦ ੨੩ ਸੂ੦ ੩੮। ਆ੦। ੪੩। ੪੪। ੪੫। ੬੩। ੬੪। ੬੫। ੬੬। ੬੭। ੬੮। ੬੯। ੭੦। ੭੧। ੭੨।

( ਸਮੀਖਕ ) ਜੇਕਰ ਉਥੇ ਜਿਸਤਰਾਂ ਕਿ ਕੁਰਾਂਨ ਵਿਚ ਬਾਗ ਬਗੀਚੇ ਨਦੀਆਂ ਮਕਾਂਨ ਆਦੀ ਲਿਖੇ ਹਨ ਉਕਣ ਹਨ ਤਾਂ ਉਹ ਤਾਂ ਸਦਾ ਤੋਂ ਸਨ ਤਾਂ ਸਦਾ ਰਹਸਕਦੇ ਹਨ ? ਕਿਉਂਕਿ ਜੋ ਸੈਂਜੋਗ ਥੀਂ ਪਦਾਰਥ ਹੁੰਦਾ ਹੈ ਉਹ ਸੈਂਜੋਗ ਦੇ ਪਹਿਲੋਂ ਨਾ ਸੀ ਜਰੂਰ ਅਗੇ ਆਉਣ ਵਾਲੇ ਵਿੰਜੋਗ ਦੇ ਅੰਤ ਵਿਚ ਨਾ ਰਹੇਗਾ, ਜਦ ਉਹ ਬਹਿਸ਼ਤ ਹੀ ਨਾ ਰਹੇਗਾ ਤਾਂ ਓਸ ਵਿਚ ਰਹਣ ਵਾਲੇ ਸਦਾ ਕਿਉਂਕਰ ਰਹ ਸਕਦੇ ਹਨ ? ਕਿਉਂਕਿ ਲਿਖਿਆ ਹੈ ਕਿ ਗਦੀ ਤਕੀਏ ਮੇਵੇ ਅਰ ਪੀਣ ਦੇ ਪਦਾਰਥ ਓਥੇ ਮਿਲਨਗੇ, ਏਸ ਥੀਂ ਇਹ ਸਿਧ ਹੁੰਦਾ ਹੈ ਕਿ ਜਿਸ ਸਮੇਂ ਮੁਸਲਮਾਨਾਂ ਦਾ ਮਜਹਬ ਚਲਿਆ ਓਸ ਸਮੇਂ ਅਰਬ ਦੇਸ਼ ਬਹੁਤ ਧਨਵਾਂਨ ਨਾ ਸੀ ਏਸ ਲਈ ਮੁਹਮੱਦ ਸਾਹਿਬ ਨੇ ਤਕੀਏ ਆਦੀ ਦੀ ਕਥਾ ਸੁਣਾਕੇ ਗਰੀਬਾਂ ਨੂੰ ਅਪਣੇ ਮਤ ਵਿਚ ਫਸਾ ਲੀਤਾ, ਅਰ ਜਿਥੇ ਇਸਤ੍ਰੀਆਂ ਹਨ ਓਥੇ ਸਦਾ ਸੁਖ ਕਿਥੇ ? ਉਹ ਇਸਤ੍ਰੀਆਂ ਓਥ ਕਿੱਥੋਂ ਆਈਆਂ ਹਨ? ਅਥਵਾ ਬਹਿਸ਼ਤ ਦੇ ਰਹਣ ਵਾਲੀਆਂ ਹਨ? ਜੇ-ਕਰ ਆਈਆਂ ਹਨ ਤਾਂ ਜਾਂਨਗੀਆਂ? ਅਰ ਜੋ ਓਥੋਂ ਦੇ ਰਹਣ ਵਾਲੀਆਂ ਹਨ ਤਾਂ ਕੀਆਮਤ ਤੋਂ ਪਹਿਲੋਂ ਕੀ ਕਰਦੀਆਂ ਸਨ? ਕੀ ਨਿਕੰਮੀਆਂ ਅਪਣੀ ਉਮਰ ਨੂੰ ਗੁਜਾਰ ਰਹੀਆਂ ਸਨ? ਹੁਣ ਦੇਖੋ ਖੁਦਾ ਦਾ ਪ੍ਰਤਾਪ ਕਿ ਜਿਸਦਾ ਹੁਕਮ ਹੋਰ ਸਭ ਫਰਿਸ਼ਤਿਆਂ ਨੇ ਮਨਿਆਂ ਅਰ ਆਦਮ ਸਾਹਿਬ ਨੂੰ ਨਮਸ-ਕਾਰ ਕੀਤਾ, ਅਰ ਸ਼ੈਤਾਂਨ ਨੇ ਨਾ ਮਨਿਆਂ, ਖੁਦਾ ਨੇ ਸ਼ੈਤਾਂਨ ਕੋਲੋਂ ਪੁਛਿਆ ਕਹਿਆ ਕਿ ਮੈਂਨੇ ਓਸ ਨੂੰ ਅਪਣੇ ਦੁਹਾਂ ਹਥਾਂ ਨਾਲ ਬਣਾਇਆ ਤੂੰ ਅਭਮਾਂਨ ਮਤ ਕਰ। ਏਸ ਥੀਂ ਸਿਧ ਹੁੰਦਾ ਹੈ ਕਿ ਕੁਰਾਂਨ ਦਾ ਖੁਦਾ ਦੋ ਹਥ ਵਾਲਾ ਮਨੁ-ਖ ਸੀ, ਏਸ ਲਈ ਉਹ ਬਿਆਪਕ ਵਾ ਸਰਬ ਸ਼ਕਤੀਮਾਨ ਕਦੀ ਨਹੀਂ ਹੋ ਸ-ਕਦਾ? ਅਰ ਸ਼ੈਤਾਂਨ ਨੇ ਸਚ ਕਹਿਆ ਕਿ ਮੈਂ ਆਦਮ ਥੀਂ ਉਤਮ ਹਾਂ ਏਸ ਉੱਤੇ ਖੁਦਾ ਨੇ ਗੁੱਸਾ ਕਿਉਂ ਕੀਤਾ ? ਕੀ ਅਸਮਾਨ ਵਿਚ ਹੀ ਖੁਦਾ ਦਾ ਘਰ ਹੈ ? ਜਮੀਂਨ ਉਤੇ ਨਹੀਂ ? ਤਾਂ ਕਾਬੇ ਨੂੰ ਖੁਦਾ ਦਾ ਘਰ ਪਹਲੋਂ ਕਿਉਂ ਲਿਖਿਆ ? ਭਲਾ ਪਰਮੇਸ਼ੁਰ ਅਪਣੇ ਵਿਚੋਂ ਵਾ ਸ੍ਰਿਸ਼ਟੀ ਵਿਚੋਂ ਵਖਰਾ ਕਿਸਤਰਾਂ ਕਢ ਸਕਦਾ ਹੈ ? ਅਰ ਉਹ ਸ੍ਰਿਸ਼ਟੀ ਸਭ ਪਰਮੇਸ਼ੁਰ ਦੀ ਹੈ, ਏਸ ਥੀਂ ਮਲੂੰਮ ਹੋਇਆ ਕਿ ਕੁਰਾਂਨ ਦਾ ਖੁਦਾ ਬਹਿਸ਼ਤ ਦਾ ਜਿਮੀਦਾਰ ਸੀ, ਖੁਦਾ ਨੇ ਓਸਨੂੰ ਧ੍ਰਿਕਾਰ ਦਿਤਾ ਅਰ ਕੈਦ ਕਰ ਲੀਤਾ।

ਅਰ ਸ਼ੈਤਾਂਨ ਨੇ ਕਹਿਆ ਕਿ ਹੇ ਮਾਲਕ ! ਮੈਨੂੰ ਕੀਆਮਤ ਤਿਕ ਛਡ ਦੇਹ, ਖੁਦਾ ਨੇ ਖੁਸ਼ਾਮਦ ਦੇ ਮਾਰਿਆਂ ਕੀਆਮਤ ਦੇ ਦਿਨ ਤਿਕ ਛਡ ਦਿਤਾਂ, ਜਦ ਸ਼ੈਤਾਂਨ ਛੁਟਿਆ ਤਾਂ ਖੁਦਾ ਨੂੰ ਕਹਿੰਦਾ ਹੈ ਕਿ ਹੁਣ ਮੈਂ ਚੰਗੀ ਤਰਾਂ ਨਾਲ ਬਹਕਾਵਾਂਗਾ ਅਰ ਗ਼ਦਰ ਮਚਾਵਾਂਗਾ, ਤਦ ਖੁਦਾ ਨੇ ਕਹਿਆ ਕਿ ਜਿਨਿਆਂ ਨੂੰ ਤੂੰ ਬਹਕਾਵੇਂਗਾ ਮੈਂ ਉਨ੍ਹਾਂ ਨੂੰ ਨਰਕ ਵਿਚ ਸੁਟ ਦੇਵਾਂਗਾ, ਅਰ ਤੈਨੂੰ ਬੀ ॥ ਹੁਣ ਸਜੱਣ ਲੋਕੋ ਬਿਚਾਰ ਕਰੋ ਕਿ ਸ਼ੈਤਾਂਨ ਨੂੰ ਬਹਕਾਣ ਵਾਲਾ ਖੁਦਾਹੈ ਜਾਂ ਉਹ ਅਪਣੇ ਆਪ ਭਰਮਿਆਂ?ਜੇਕਰ ਸ਼ੈਤਾਨ ਨੇ ਭਰਮਾਇਆ ਤਾਂ ਖੁਦਾ ਸ਼ੈਤਾਂਨ ਦਾ ਸ਼ੈਤਾਂਨ ਠਹਰਿਆ, ਜੇਕਰ ਸ਼ੈਤਾਂਨ ਅਪਣੇ ਆਪ ਭਰਮਿਆਂ ਤਾਂ ਹੋਰ ਜੀਵ ਬੀ ਅਪਣੇ ਆਪ ਬਹਕਨਗੇ ਸ਼ੈਤਾਂਨ ਦੀ ਜਰੂਰਤ ਨਹੀਂ,ਜਿਸਤੇ ਏਸ ਸ਼ੈਤਾਂਨ ਬਾਗੀ (ਯਾਕੀ) ਨੂੰ ਖੁਦਾ ਨੇ ਖੁਲਾ ਛਡ ਦਿੱਤਾ ਏਸ ਤੋਂ ਮਲੂੰਮ ਹੋਇਆ ਕਿ ਉਹ ਬੀ ਸ਼ੈਤਾਂਨ ਦਾ ਸ਼ਰੀਕ ਅਧਰਮ ਕਰਨ ਵਿਚ ਹੋਇਆ, ਜੇਕਰ ਆਪ ਚੋਰੀ ਕਰਾਕੇ ਡੰਡ ਦੇਵੇ ਤਾਂ ਓਸਦੇ ਅਨਿਆਂ ਦਾ ਕੁਝ ਬੀ ਪਾਰਾਵਾਰ ਨਹੀਂ ॥ ੧੩੩ ॥

੧੩੪–ਅਲੱਾਹ ਖਿਮਾ ਕਰਦਾ ਹੈ ਪਾਪ ਸਾਰੇ ਨਿਸਚੇ ਉਹ ਹੈ ਖਿਮਾ ਕਰਨ ਵਾਲਾ ਦਇਆਲੂ। ਅਰ ਜਮੀਨ ਸਾਰੀ ਮੁਠੀ ਵਿਚ ਹੈ ਓਸਦੀ ਦਿਨ ਕੀਆਮਤ ਦੇ, ਅਰ ਅਸਮਾਨ ਵਲ੍ਹੇਟੇ ਹੋਏ ਹਨ ਵਿਚ ਸੱਜੇ ਹਥ ਓਸੇਦੇ ਦੇ। ਅਰ ਚਮਕ ਉਠੇ ਗੀ ਜਮੀਂਨਨਾਲ ਪ੍ਰਕਾਸ਼ ਮਾਲਕ ਅਪਣੇ ਦੇ। ਅਰ ਰਖੇ ਜਾਂਨਗੇ ਕਰਮ ਪਤ੍ਰ,ਅਰ ਲਿਆਇਆ ਜਾਵੇਗਾ ਪੈਗੰਬਰਾਂ ਨੂੰ ਅਰ ਉਗਾਹਾਂ ਨੂੰ, ਅਰ ਫੈਸਲਾ ਕੀਤਾ ਜਾਵੇਗਾ। ਮੰ੦ ੬ । ਸਿ੦ ੨੪। ਸੂ੦ ੩੯ । ਆ੦ ੫੪। ੬੮।੭੦॥

( ਸਮੀਖਕ ) ਜੇਕਰ ਸਾਰੇ ਪਾਪਾਂ ਨੂੰ ਖੁਦਾ ਖਿਮਾ ਕਰਦਾ ਹੈ ਤਾਂ ਜਾਂਣੋ ਸਭ ਸੈਸਾਰ ਨੂੰ ਪਾਪੀ ਬਣਾਂਦਾ ਹੈ, ਅਰ ਦਇਆ ਹੀਂਨ ਹੈ, ਕਿਉਂਕਿ ਇਕ ਦੁਸ਼ਟ ਉਤੇ ਦਇਆ ਅਰ ਖਿਮਾ ਕਰਨ ਨਾਲ ਉਹ ਵਧੀਕ ਦੁਸ਼ਟ ਪਣਾ ਕਰੇਗਾ, ਅਰ ਹੋਰ ਬਹੁਤ ਸਾਰੇ ਧਰਮਾਤਮਾ ਮਨੁਖਾਂ ਨੂੰ ਦੁਖ ਪਚਾਵੇਗਾ, ਜੇਕਰ ਜਰਾ ਜਿੱਨਾ ਬੀ ਅਪ੍ਰਾਧ ਖਿਮਾ ਕੀਤਾ ਜਾਵੇ ਤਾਂ ਅਪ੍ਰਾਧ ਹੀ ਅਪ੍ਰਾਧ ਜਗਤ ਵਿਚ ਫੈਲ ਜਾਵੇ। ਕੀ ਪਰਮੇਸ਼ੁਰ ਅਗ ਵਾਙਣ ਪ੍ਰਕਾਸ਼ ਵਾਲਾ ਹੈ ? ਅਰ ਕਰਮਪਤ੍ਰ ਕਿੱਥੇ ਜਮਾ ਰਹਿੰਦੇ ਹਨ ? ਅਰ ਕਉਣ ਲਿਖਦਾ ਹੈ ? ਜੇਕਰ ਪੈਗੰਬਰਾਂ ਅਰ ਉਗਾਹਾਂ ਦੇ ਭਰੋਸੇ ਖੁਦਾ ਨਿਆਂ ਕਰਦਾ ਹੈ ਤਾਂ ਉਹ ਸਰਬੱਗ ਅਰ ਸਮਰਥਾ ਵਾਲਾ ਨਹੀ, ਜੇਕਰ ਉਹ ਅਨਿਆਂ ਨਹੀ ਕਰਦਾ ਨਿਆਂ ਹੀ ਕਰਦਾ ਹੈ ਤਾਂ ਕਰਮਾਂ ਦੇ ਅਨੁਸਾਰ ਕਰਦਾ ਹੋਵੇਗਾ ? ਉਹ ਕਰਮ ਅਗਲੇ ਪਿਛਲੇ ਵਰਤਮਾਨ ਜਨਮਾਂ ਦੇ ਹੋ ਸਕਦੇ ਹਨ ਤਾਂ ਫੇਰ ਖਿਮਾ ਕਰਦਾ ਦਿਲਾਂ ਤੇ ਤਾਲੇ ਲਗਾਂਦਾ, ਅਰ ਸਿਖਿਆ ਨਾ ਕਰਨਾ ਸ਼ੈਤਾਨ

ਦੁਆਰਾ ਭ੍ਰਮਾਣਾ ਦੌਰੇ ਸਪੁਰਦ ਰਖਣਾ ਨਿਰਾ ਅਨਿਆਂ ਹੈ ॥ ੧੨੪ ॥

( ੧੨੫ ) ਉਤਾਰਨਾ ਕਿਤਾਬ ਦਾ ਅਲੱਾਹ ਪ੍ਰਬਲ ਜਾਂਣਨ ਵਾਲੇ ਦੀ ਵਲੋਂ ਹੈ। ਖਿਮਾ ਕਰਨ ਵਾਲਾ ਪਾਪਾਂ ਦਾ ਅਰ ਮਨਜ਼ੂਰ ਕਰਨ ਵਾਲਾ ਤੋਬਾ ਦਾ। ਮੰ੦ ੬। ਸਿ੦ ੨੪। ਸੂ੦ ੪੦। ਆ੦ ੧। ੨ ॥

(ਸਮੀਖਕ) ਇਹ ਬਾਤ ਏਸ ਲਈ ਹੈ ਕਿ ਭੋਲੇ ਲੋਗ ਅਲੱਾਹ ਦੇ ਨਾਮ ਬੀਂ ਏਸ ਪੁਸਤਕ ਨੂੰ ਮਨ ਲੈਨ ਕਿ ਜਿਸ ਵਿਚ ਥੋੜਾ ਜਿਹਾ ਸਚ ਹੈ ਬਾਕੀ ਝੂਠ ਭਰਿਆ ਹੈ,ਅਰ ਉਹ ਸਚ ਬੀ ਝੂਠਦੇ ਨਾਲ ਮਿਲਕੇ ਵਿਗੜਿਆ ਹੋਇਆ ਹੈ, ਏਸ ਲਈ ਕੁਰਾਂਨ ਅਰ ਕੁਰਾਂਨ ਦਾ ਖੁਦਾ ਅਰ ਏਸ ਨੂੰ ਮਨਣ ਵਾਲੇ ਪਾਪ ਦੇ ਵਧਾਣ ਵਾਲੇ ਅਰ ਪਾਪ ਕਰਨ ਕਰਾਣ ਵਾਲੇ ਹਨ। ਕਿਉਂਕਿ ਪਾਪ ਦਾ ਖਿਮਾ ਕਰਨਾ ਅਤਯੰਤ ਅਧਰਮ ਹੈ, ਕਿੰਤੂ ਇਸੇ ਕਰਕੇ ਮੁਸਲਮਾਂਨ ਲੋਕ ਪਾਪ ਅਰ ਉਪਦ੍ਰਵ ਕਰਨ ਵਿਚ ਘਟ ਡਰਦੇ ਹਨ ॥ ੧੨੫ ॥

੧੨੬–ਬਸ ਨਿਯੰਤ ਕੀਤਾ ਓਸਨੂੰ ਨਾਲ ਅਸਮਾਨ ਵਿਚ ਦੋ ਦਿਨ ਦੇ ਅਰ ਸੁਟ ਦਿਤੱਾ।ਵਿਚ ਅਸਾਂ ਨੇ ਓਸਦੇ ਕੰਮ ਓਸਦਾ ਏਥੋਂ ਤਿਕ ਜਦ ਜਾਂਨਗੇ ਓਸਦੇ ਪਾਸ ਉਗਾਹੀ ਦੇਨਗੇ ਉਪੱਰ ਉਨ੍ਹਾਂ ਦੇ ਕੰਨ ਉਨ੍ਹਾਂ ਦੇ ਅਰ ਅਖੱਾਂ ਉਨ੍ਹਾਂ ਦੀਆਂ ਅਰ ਖਲ ਉਨ੍ਹਾਂ ਦੀ ਉਨ੍ਹਾਂ ਦੇ ਕਰਮ ਬੀਂ। ਅਰ ਕਹਨਗੇ ਵਾਸਤੇ ਚਮੜੇ ਅਪਨੇ ਦੇ ਕਿਉਂ ਉਗਾਹੀ ਦਿਤੀ ਤੈਂ ਉਪੱਰ ਸਾਡੇ, ਕਹਨਗੇ ਕਿ ਬੁਲਾਇਆ ਹੈ ਸਾਨੂੰ ਅਲੱਾਹ ਨੇ ਜਿਸਨੇ ਬੁਲਾਇਆ ਹਰ ਚੀਜ ਨੂੰ। ਜਰੂਰ ਜੁਆਂਣ ਵਾਲਾ ਹੈ ਮੁਰਦਿਆਂ ਨੂੰ ॥ ਮੰ੦ ੬। ਸਿ੦ ੨੪। ਸੂ੦ ੪੧। ਆ੦ ੧੨। ੨੦। ੨੧। ੩੯ ॥

( ਸਮੀਖਕ ) ਵਾਹ ਜੀ ਵਾਹ ਮੁਸਲਮਾਨੋ! ਤੁਹਾਡਾ ਖੁਦਾ ਜਿਸਨੂੰ ਤੁਸੀ ਸਰਬ ਸ਼ਕਤੀਮਾਨ ਮਨਦੇ ਹੋ ਉਹ ਸੱਤਾਂ ਅਸਮਾਨਾਂ ਨੂੰ ਦੋ ਦਿਨਾਂ ਵਿਚ ਬਣਾ ਸਕਿਆ ? ਅਸਲ ਵਿਚ ਜੋ ਸਰਬ ਸ਼ਕਤੀਮਾਨ ਹੈ ਉਹ ਖਿਣ ਮਾਤ੍ਰ ਵਿਚ ਸਭ ਨੂੰ ਬਣਾ ਸਕਦਾ ਹੈ। ਜਦ ਕੰਨ, ਅਖ, ਅਰ ਖਲੜੀ ਨੂੰ ਈਸ਼੍ਵਰ ਨੇ ਜੜ ਬਣਾਇਆ ਹੈ ਉਹ ਉਗਾਹੀ ਕੀਕਣ ਦੇ ਸਕਨ ਗੇ? ਜੇਕਰ ਉਗਾਹੀ ਦਿਵਾਏ ਤਾਂ ਓਸਨੈਂ ਪਹਿਲੋਂ ਜੜ ਕਿੰਉ ਬਣਾਏ ? ਅਰ ਅਪਣਾ ਪਹਲਾ ਪਿਛਲਾ ਨੇਮ ਉਲਟਾ ਕਿੰਉ ਕੀਤਾ? ਇਕ ਏਸ ਥੀਂ ਬੀ ਵਧਕੇ ਝੂਠੀ ਗਲ ਇਹ ਹੈ ਕਿ ਜਦ ਜੀਵਾਂ ਉੱਤੇ ਉਗਾਹੀ ਦਿੱਤੀ ਤਦ ਉਹ ਜੀਵ ਅਪਣੇ ੨ ਚਮੜੇ ਨੂੰ ਪੁਛਣ ਲੱਗੇ ਕਿ ਤੈਂ ਸਾਡੇ ਉੱਤੇ ਉਗਾਹੀ ਕਿੰਉ ਦਿੱਤੀ ? ਚਮੜਾ ਬੋਲੇਗਾ ਕਿ ਖੁਦਾ ਨੇ ਦਿਵਾਈ ਮੈਂ ਕੀ ਕਰਾਂ, ਭਲਾ ਇਹ ਗਲ ਕਦੀ ਹੋ ਸਕਦੀ ਹੈ ? ਜੀਕਣ ਕੋਈ ਕਹੇ ਕਿ ਸੰਢ ਦੇ ਪੁਤ ਦਾ ਮੂੰਹ ਮੈਂ ਨੇ ਡਿੱਠਾ, ਜੇਕਰ ਪੁਤ ਹੈ ਤਾਂ ਸੰਢ ਕਿੰਉ ? ਜੇ ਸੰਢ ਹੈ ਤਾਂ ਓਸਦੇ ਪੁਤ ਦਾ ਹੋਣਾ ਨਹੀਂ ਬਣਦਾ ਹੈ। ਇਸੇ ਪ੍ਰਕਾਰ ਦੀ ਏਹ ਬੀ ਝੂਠੀ ਗਲ ਹੈ। ਜੇਕਰ ਉਹ

ਮੁਰਦਿਆਂ ਨੂੰ ਜੁਆਂਦਾ ਹੈ ਤਾਂ ਪਹਲੋਂ ਮਾਰਿਆ ਹੀ ਕਿਉਂ ? ਕੀ ਆਪ ਬੀ ਮੁਰਦਾ ਹੋ ਸਕਦਾ ਹੈ ਵਾ ਨਹੀਂ ?

ਜੇਕਰ ਨਹੀਂ ਹੋ ਸਕਦਾ ਤਾਂ ਮੁਰਦੇ ਪਨ ਨੂੰ ਬੁਰਾ ਕਿਉਂ ਸਮਝਦਾ ਹੈ? ਅਰ ਕੀਆਮਤ ਦੀ ਰਾਤ ਤਿਕ ਮੁਏ ਹੋਏ ਜੀਵ ਕਿਹੜੇ ਮੁਸਲਮਾਨ ਦੇ ਘਰ ਵਿਚ ਰਹਨਗੇ? ਅਰ ਖੁਦਾ ਨੈ ਬਿਨਾ ਅੰਪਰਾਧ ਕਿਉਂ ਦੌਰੇ ਸਪੁਰਦ ਰਖਿਆ? ਝਟ ਨਿਆਂ ਕਿਉਂ ਨਾ ਕੀਤਾ? ਅਜਿਹੀਆਂ ੨ ਗਲਾਂ ਕਰਕੇ ਈਸ਼ੁਰ ਪਨੇ ਵਿਚ ਵੱਟਾ ਲਗਦਾ ਹੈ ॥ ੧੪੬ ॥

( ੧੪੭ ) ਵਾਸਤੇ ਓਸਦ ਕੁੰਜੀਆਂ ਹਨ ਅਸਮਾਨਾਂ ਦੀਆਂ ਅਰ ਜਮੀਨ ਦੀਆਂ ਖੋਲਦਾ ਹੈ ਭੋਜਨ ਜਿਸਦੇ ਵਾਸਤੇ ਚਾਹਿੰਦਾ ਹੈ, ਅਰ ਤੰਗ ਕਰਦਾ ਹੈ। ਉਤਪੰਨ ਕਰਦਾ ਹੈ ਜੋ ਕੁਝ ਚਾਹਿੰਦਾ ਹੈ, ਅਰ ਦਿੰਦਾ ਹੈ ਜਿਸ ਨੂੰ ਚਾਹੇ ਬੇਟੀਆਂ, ਅਰ ਦਿੰਦਾ ਹੈ ਜਿਸ ਨੂੰ ਚਾਹੇ ਬੇਟੇ । ਵਾ ਮਿਲਾ ਦਿੰਦਾ ਹੈ ਉਨ੍ਹਾਂ ਨੂੰ ਪੁਤ ਅਰ ਧੀਆਂ ਨੂੰ ਦਿੰਦਾ ਹੈ ਜਿਸਨੂੰ ਚਾਹੇਸੰਢ । ਅਰ ਨਹੀਂ ਹੈ ਸ਼ਕਤੀ ਕਿਸੇ ਆਦਮੀ ਨੂੰ ਕਿ ਬਾਤ ਕਰੇ ਓਸ ਨਾਲ ਅੱਲਾਹ ਪ੍ਰੰਤੂ ਜੀ ਵਿਚ ਪਾਕੇ ਵਾ ਪਿਛੇ ਪਰਦੇ* ਦੇ ਖੀਂ ਵਾ ਭੇਜੇ ਫਰਿਸਤੇ ਸਨੇਹਾ ਲਿਆਉਣ ਵਾਲੇ ॥ ਮੰ० ੬ । ਸਿ० ੨੫ । ਸੂ० ੪੨ । ਆ० । ੧੦ ।੪੭ । ੪੮ । ੪੯ ॥

( ਸਮੀਖਕ ) ਖੁਦਾ ਦੇ ਪਾਸ ਕੁੰਜੀਆਂ ਦਾ ਭੰਡਾਰ ਭਰਿਆ ਹੋਵੇਗਾ? ਕਿਉਂਕਿ ਸਭ ਥਾਂ ਦੇ ਜੰਦਰੇ ਖੋਲਣੇ ਹੁੰਦੇ ਹੋਂਨਗੇ? ਇਹ ਬਾਲਪਣੇ ਦੀ ਬਾਤ ਹੈ ਕੀ ਜਿਸ ਨੂੰ ਚਾਹਿੰਦਾ ਹੈ ਓਸ ਨੂੰ ਬਿਨਾ ਪੁੰਨ ਕਰਮ ਦੇ ਈਸ਼ੁਰਜ ਦਿੰਦਾ ਅਰ ਤੰਗ ਕਰਦਾ ਹੈ? ਜੇਕਰ ਏਕਣ ਹੈ ਤਾਂ ਉਹ ਵਡਾ ਅਨਿਆਂ ਕਾਰੀ ਹੈ। ਹੁਣ ਵੇਖੋ ਕੁਰਾਂਨ ਬਣਾਣ ਵਾਲੇ ਦੀ ਚਤੁਰਾਈ ਕਿ ਜਿਸ ਕਰਕੇ ਇਸਤ੍ਰੀਆਂ

---

* ਇਸ ਆਇਤ ਦੇ ਭਾਸ਼ 'ਤਫਸੀਰ ਹੁਸੈਨੀ' ਕਿਤਾਬ ਵਿਚ ਲਿਖਿਆ ਹੈ ਕਿ ਮੁਹੱਮਦ ਸਾਹਿਬ ਦੋ ਪਰਦਿਆਂ ਵਿਚ ਸਨ ਅਰ ਖੁਦਾ ਦੀ ਅਵਾਜ ਸੁਣੀ । ਇਕ ਪਰਦਾ ਜਰੀ ਦਾ ਸੀ ਦੂਜਾ ਚਿੱਟੇ ਮਤੀਆਂ ਦਾ,ਅਰ ਦੁਹਾਂ ਪਰਦਿਆਂ ਦੇ ਵਿਚ ਸਤੱਰ ਵਰ੍ਹੇ ਚਲੱਣ ਜੋਗ ਮਾਰਗ ਸੀ, ਬੁਧਵਾਂਨ ਲੋਗ ਇਸ ਬਾਤ ਨੂੰ ਵਿਚਾਰਨ ਕਿ ਇਹ ਖੁਦਾ ਹੈ ਵਾ ਪੜਦੇ ਦੇ ਓਹਲੇ ਬਾਤ ਕਰਨ ਵਾਲੀ ਇਸਤ੍ਰੀ? ਇਨ੍ਹਾਂ ਲੋਕਾਂ ਨੈ ਤਾਂ ਈਸ਼ੁਰ ਦੀ ਹੀ ਦੁਰਦਸ਼ਾ ਕਰ ਦਿੱਤੀ। ਕਿਥੇ ਵੇਦ ਤਥਾ ਉਪਨਿਸ਼ਦ ਆਦੀ ਸਚੇ ਗ੍ਰੰਥਾਂ ਵਿਚ ਕਹਿਆ ਹੋਇਆ ਸ਼ੁਧ ਪਰਮੇਸ਼ੁਰ ਅਰ ਕਿੱਥੇ ਕੁਰਾਂਨ ਵਿਚ ਕਹਿਆ ਹੋਇਆ ਪਰਦੇ ਦੇ ਉਹਲੇ ਬਾਤ ਕਰਨ ਵਾਲਾ ਖੁਦਾ । ਸਚ ਤਾਂ ਇਹ ਹੈ ਕਿ ਅਰਬ ਦੇ ਮੂਰਖ ਲੋਕ ਸਨ ਉਤੱਮ ਬਾਤ ਲਿਆਉਂਦੇ ਕਿਧੇ ਘਰੋਂ ?॥

ਬੀ ਮੋਹਤ ਹੋਕੇ ਫਸਨ, ਜੇਕਰ ਜੋ ਕੁਝ ਚਾਹੰਦਾ ਹੈ ਉਤਪੰਨ ਕਰਦਾ ਹੈ ਤਾਂ ਦੂਜੇ ਖੁਦਾ ਨੂੰ ਬੀ ਉਤਪੰਨ ਕਰ ਸਕਦਾ ਹੈ ਵਾ ਨਹੀਂ? ਜੇਕਰ ਨਹੀਂ ਕਰ ਸ਼ਕਦਾ ਤਾਂ ਸਰਬ ਸ਼ਕਤੀਮਤਾ ਏਥੇ ਅਟਕ ਗਈ, ਭਲਾ ਮਨੁੱਖਾਂ ਨੂੰ ਤਾਂ ਜਿਸ ਨੂੰ ਚਾਹੇ ਪੁਤ ਧੀਆਂ ਖੁਦਾ ਦਿੰਦਾ ਹੈ ਪ੍ਰੰਤੂ ਕੁਕੜ, ਮਛੀ, ਸੂਰ, ਆਦੀ ਜਿਨ੍ਹਾਂ ਦੇ ਬਹੁਤ ਪੁਤ ਧੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਕਉਣ ਦਿੰਦਾ ਹੈ? ਅਰ ਇਸਤ੍ਰੀ ਪੁਰਖ ਦੇ ਸਮਾਗਮ ਬਿਨਾ ਕਿਉਂ ਨਹੀਂ ਦਿੰਦਾਹੈ? ਕਿਸ਼ੇ ਨੂੰ ਅਪਣੀ ਇਛਿਆ ਨਾਲ ਸੰਢ ਰਖਕੇ ਦੁਖ ਕਿਉਂ ਦਿੰਦਾਹੈ? ਵਾਹ ਕਿਹੋ ਜਿਹਾ ਖੁਦਾ ਪ੍ਰਤਾਪੀ ਹੈਕਿ ਓਸਦੇ ਸਾਮਣੇ ਕੋਈ ਬਾਤ ਹੀ ਨਹੀਂ ਕਰਸਕਦਾ! ਪ੍ਰੰਤੂ ਉਸਨੈ ਪਹਿਲੇ ਕ-ਹਿਆ ਹੈ ਕਿ ਪਰਦਾ ਸੁਟਕੇ ਬਾਤ ਕਰ ਸਕਦਾ ਹੈ ਵਾ ਫਰਿਸਤੇ ਲੋਕ ਖੁਦਾ ਨਾਲ ਬਾਂਤ ਕਰਦੇ ਹਨ, ਅਥਵਾ ਪੈਗੰਬਰ? ਜੇ ਅਜਿਹੀ ਬਾਤ ਹੈਤਾਂ ਫਰਿਸਤੇ ਅਰ ਪੈਗੰਬਰ ਖੂਬ ਅਪਣਾ ਮਤਲਬ ਕਢਦੇ ਹੋਂਨਗੇ! ਜੇਕਰ ਕੋਈ ਕਹੇ ਖੁਦਾ ਸਰਬੱਗ ਸਰਬ ਬਿਆਪਕ ਹੈ ਤਾਂ ਪਰਦੇ ਦੇ ਉਹਲੇ ਗਲ ਕਰਨੀ ਅਥਵਾ ਡਾਕ ਦੇ ਤੁਲ ਖਬਰ ਮੰਗਾਕੇ ਜਾਣਨਾ ਲਿਖਣਾ ਵਿਅਰਥ ਹੈ, ਅਰ ਜੋ ਅ-ਜਿਹਾ ਹੈ ਤਾਂ ਉਹ ਖੁਦਾ ਹੀ ਨਹੀਂ ਕਿੰਤੂ ਕੋਈ ਚਲਾਕ ਮਨੁਖ ਹੋਵੇਗਾ ਏਸ ਲਈ ਇਹ ਕੁਰਾਂਨ ਈਸ਼੍ਵਰ ਕ੍ਰਿਤ ਕਦੀ ਨਹੀਂ ਹੋ ਸਕਦਾ॥ ੧੩੭ ॥

੧੩੮—ਅਰ ਜਦ ਆਇਆ ਈਸਾ ਨਾਲ ਪ੍ਰਮਾਣ ਪ੍ਰਤੱਖ ਦੇ ॥ ਮੰ० ੬। ਸਿ० ੨੫। ਸੂ० ੪੩। ਆ० ੬੨॥

(ਸਮੀਖਕ) ਜੇਕਰ ਈਸਾ ਬੀ ਭੇਜਿਆ ਹੋਇਆ ਖੁਦਾ ਦਾ ਹੈ ਤਾਂ ਓਸਦੇ ਉਪਦੇਸ਼ ਥੀਂ ਵਿਰੁਧ ਕੁਰਾਂਨ ਖੁਦਾ ਨੈ ਕਿੰਉ ਬਣਾਇਆ? ਅਰ ਕੁਰਾਂਨ ਥੀਂ ਵਿਰੁਧ ਅੰਜੀਲ ਹੈ ਏਸ ਲਈ ਇਹ ਕਿਤਾਬਾਂ ਈਸ਼੍ਵਰ ਕ੍ਰਿਤ ਨਹੀਂ ਹਨ॥ ੧੩੮॥

੧੩੯—ਪਕੜੋ ਓਸਨੂੰ ਬਸ ਘਸੀਟੋ ਓਸਨੂੰ ਵਿਚੋਂ ਵਿਚ ਨਰਕ ਦੇ। ਇਸੇ ਪ੍ਰਕਾਰ ਰਹਨਗੇ ਅਰ ਵਿਆਹ ਦੇਨਗੇ ਉਨ੍ਹਾਂ ਨੂੰ ਨਾਲ ਗੋਰੀਆਂ ਅਛੀਆਂ ਅਖੱਾਂ ਵਾਲੀਆਂ ਦੇ॥ ਮੰ० ੬। ਸਿ०੨੫। ਸੂ०੪੪।ਆ०।੪੪।੫੧

(ਸਮੀਖਕ) ਵਾਹ ਚੰਗਾ ਖੁਦਾ ਨਿਆਂਕਾਰੀ ਹੋਕੇ ਪ੍ਰਾਣੀਆਂ ਨੂੰ ਪਕੜਾਂਦਾ ਅਰ ਘਸੀਟ ਵਾਂਦਾ ਹੈ, ਜਦ ਮੁਸਲਮਾਨਾਂ ਦਾ ਖੁਦਾ ਹੀ ਅਜਿਹਾ ਹੈ ਤਾਂ ਓਸਦੇ ਉਪਾਸਕ ਮੁਸਲਮਾਨ ਅਨਾਥ ਨਿਰਬਲਾਂ ਨੂੰ ਪਕੜਨ ਘਸੀਟਨ ਤਾਂ ਏਸ ਵਿਚ ਕੀ ਅਚਰਜ ਹੈ? ਅਰ ਉਹ ਸੰਸਾਰੀ ਮਨੁੱਖਾਂ ਵਾਙਣ ਵਿਆਹ ਬੀ ਕਰਾਂਦਾ ਹੈ ਜਾਂਣੋ ਕਿ ਮੁਸਲਮਾਨਾਂ ਦਾ ਪ੍ਰੋਹਤ ਹੀ ਹੈ॥ ੧੩੯ ॥

੧੪੦—ਜਦ ਤੁਸੀਂ ਮਿਲੋ ਉਨ੍ਹਾਂ ਲੋਕਾਂ ਨੂੰ ਕਿ ਕਾਫਰ ਹੋਏ ਬਸ ਮਾਰੋ ਗਰਦਨ ਉਨ੍ਹਾਂ ਦੀ ਏਥੋਂ ਤਿਕ ਕਿ ਜਦ ਚੂਰ ਕਰ ਦੇਓ ਉਨ੍ਹਾਂ ਨੂੰ ਬਸ ਦ੍ਰਿੜ ਕਰੋ ਕੈਦ ਕਰਨਾ॥ ਅਰ ਬਹੁਤ ਬਸਤੀਆਂ ਹਨ ਕਿ ਉਹ ਬਹੁਤ ਕਠਨ ਸੀ

ਸ਼ਕਤੀ ਵਿਚ ਬਸਤੀ ਤੇਰੀਥੀਂ ਜਿਸਨੈ ਕਢ ਦਿਤਾ ਤੈਨੂੰ ਮਾਰਿਆ ਅਸਾਂ ਨੈ ਓਸਨੂੰ ਬਸ ਨਾ ਕੋਈ ਹੋਇਆ ਸਹਾਇਤਾ ਦੇਣਵਾਲਾ ਉਨ੍ਹਾਂਦਾ। ਵਡਿਆਈ ਓਸ ਬਹਿਸ਼ਤ ਦੀ ਕਿ ਪ੍ਰਤਗਿਆ ਕੀਤੇ ਗਏ ਹਨ ਪ੍ਰਹੇਜਗਾਰ,ਵਿਚ ਓਸਦੇ ਨਹਿਰਾਂ ਹਨ ਬਿਨਾ ਵਿਗੜੇ ਪਾਣੀ ਦੇ, ਅਰ ਨਹਿਰਾਂ ਹਨ ਦੁਧ ਦੀਆਂ ਕਿ ਨਹੀਂ ਬਦਲਿਆ ਸੁਆਦ ਉਨ੍ਹਾਂ ਦਾ,ਅਰ ਨਹਰਾਂ ਹਨ ਸ਼ਰਾਬ ਦੀਆਂ ਸੁਆਦ ਦੇਣ ਵਾਲੀਆਂ ਪੀਂਣ ਵਾਲਿਆਂ ਨੂੰ ਸ਼ਹਤ ਸਫਾ ਕੀਤੇ ਗਏ ਦੀ, ਅਰ ਵਾਸਤੇ ਉਨ੍ਹਾਂਦੇ ਵਿਚ ਓਸਦੇ ਮੇਵੇ ਹਨ ਨਾਨਾ ਪ੍ਰਕਾਰ ਦੇ ਦਾਨ ਮਾਲਕ ਉਨ੍ਹਾਂਦੇ ਥੀਂ॥ ਮੰ ੦ ੬ । ਸਿ ੦ ੨੬ । ਸੂ ੦ ੪੭ । ਆ ੦ ੪ । ੧੩ । ੧੫॥

( ਸਮੀਖਕ ) ਏਸਲਈ ਇਹ ਕੁਰਾਂਨ ਖੁਦਾ ਅਰ ਮੁਸਲਮਾਨ ਗਦਰ ਮਚਾਣੇ ਸਭਨੂੰ ਦੁਖ ਦੇਣੇ ਅਰ ਅਪਣਾ ਮਤਬਲ ਸਾਧਣ ਵਾਲੇ ਦਇਆ ਹੀਨ ਹਨ। ਜੀਕਣ ਏਥੇ ਲਿਖਿਆ ਹੈ. ਊਕਣ ਹੀ ਦੂਜਾ ਕੋਈ ਦੂਜੇ ਮਤ ਵਾਲਾ ਮੁਸਲਮਾਨਾਂ ਉਤੇ ਕਰੇ ਤਾਂ ਮੁਸਲਮਾਨਾਂ ਨੂੰ ਉਹੋਜਿਹਾ ਹੀ ਦੁਖ ਜੀਕਣ ਕਿ ਹੋਰ ਨੂੰ ਦਿੰਦੇ ਹਨ ਹੋਵੇ ਜਾਂ ਨਹੀ? ਅਰ ਖੁਦਾ ਵਡਾ ਪਖਪਾਤੀ ਹੈ ਕਿ ਜਿਨ੍ਹਾਂਨੇ ਮੁਹੱਮਦ ਸਾਹਿਬਨੂੰ ਕਢ ਦਿਤਾ,ਉਨ੍ਹਾਂਨੂੰ ਖੁਦਾ ਨੇ ਮਾਰਿਆ,ਭਲਾ ਜਿਸਵਿਚ ਸ਼ੁਧਪਾਣੀ, ਦੁਧ, ਸ਼ਰਾਬ ਅਰ ਸ਼ਹਤ ਦੀਆਂ ਨਹਿਰਾਂ ਹਨ ਉਹ ਸੰਸਾਰ ਤੋਂ ਵਧੀਕ ਹੋ ਸਕਦਾ ਹੈ? ਅਰ ਦੁਧ ਦੀਆਂ ਨਹਿਰਾਂ ਕਦੀ ਹੋ ਸਕਦੀਆਂ ਹਨ? ਕਿਉਂਕਿ ਉਹ ਥੋੜੇ ਸਮੇਂਵਿਚ ਵਿਗੜ ਜਾਂਦਾ ਹੈ, ਏਸ ਲਈ ਬੁਧਵਾਂਨ ਲੋਕ ਕੁਰਾਂਨ ਦੇ ਮਤ ਨੂੰ ਨਹੀ ਮਨਦੇ ॥ ੧੪੦ ॥

੧੪੧–ਜਦ ਕਿ ਹਲਾਈ ਜਾਵੇਗੀ ਪ੍ਰਿਥਵੀ ਹਲਾਏ ਜਾਣੇ ਕਰ।ਅਰ ਉਡਾਏ ਜਾਂਨਗੇ ਪਹਾੜ ਉਡਾਏ ਜਾਣੇਕਰ । ਬਸ ਹੋ ਜਾਂਨਗੇ ਧੂੜ ਤਿਤ੍ਰ ਬਿਤ੍ਰ॥ ਬਸ ਸਾਹਿਬ ਸੱਜੇ ਪਾਸੇ ਵਾਲੇ, ਕੀ ਹਨ ਸਾਹਿਬ ਸਜੇ ਪਾਸੇਦੇ। ਅਰ ਖਬੇ ਪਾਸੇ ਵਾਲੇ ਕੀ ਹਨ ਖਬੇ ਪਾਸੇ ਦੇ। ਉਪਰ ਮੰਜੇ ਸੋਨੇ ਦੇ ਤਾਰਾਂ ਨਾਲ ਉਣੇ ਹੋਏ ਹਨ। ਤਕੀਏ ਕੀਤੇ ਹੋਏ ਹਨ ਉਪਰ ਉਨ੍ਹਾਂ ਦੇ ਆਮਣੇ ਸਾਮਣੇ। ਅਰ ਫਿਰਨਗੇ ਉਪਰ ਉਨ੍ਹਾਂਦੇ ਮੁੰਡੇ ਸਦਾ ਰਹਣਵਾਲੇ। ਨਾਲ ਪਾਂਣੀ ਦੇ ਭਾਂਡਿਆਂ ਦੇ ਅਰ ਕਰਵਿਆਂਦੇ। ਅਰ ਪਿਆਲਿਆਂਦੇ ਸ਼ਰਾਬ ਸਫਾ ਨਾਲ। ਨਹੀਂ ਮਥਾ ਦੁਖਾਏ ਜਾਂਨਗੇ ਓਸਥੀਂ ਅਰ ਨਾ ਵਿਰੁਧ ਬੋਲਨਗੇ। ਅਰ ਮੇਵੇ ਓਸ ਪ੍ਰਕਾਰ ਦੇ ਕਿ ਪਸੰਦ ਕਰਨ ਅਰ ਮਾਸ ਜਨੌਰ ਪੰਛੀਆਂ ਦੇ ਓਸ ਪ੍ਰਕਾਰਦੇ ਕਿ ਪਸੰਦ ਕਰਨ। ਅਰ ਵਾਸਤੇ ਉਨ੍ਹਾਂ ਦੇ ਇਸਤ੍ਰੀਆਂ ਹਨ ਚੰਗੀਆਂ ਅਖਾਂ ਵਾਲੀਆਂ ਵਾਛਣ ਮੋਤੀਆਂ ਲਕੋਇਆਂ ਹੋਇਆਂਦੇ। ਅਰ ਵਛੌਣੇ ਵਡੇ। ਨਿਸਚੇ ਅਸਾਂਨੈ ਉਤਪੰਨ ਕੀਤਾ ਹੈ ਇਸਤ੍ਰੀਆਂ ਨੂੰ ਇਕ ਪ੍ਰਕਾਰ ਦਾ ਉਤਪੰਨ ਕਰਨਾ ਹੈ ।ਬਸ ਕੀਤਾ ਹੈ ਅਸਾਂਨੈ ਉਨ੍ਹਾਂਨੂੰ ਕੁਆਰੀ। ਸੁਹਾਗ ਵਾਲੀਆਂ ਬਰਾਬਰ ਉਮਰ ਵਾਲੀਆਂ। ਬਸ ਭਰਨ ਵਾਲੇ ਹੋ ਓਸਥੀਂ ਪੇਟਾਂ ਨੂੰ। ਬਸ ਕਸਮ ਖਾਨਾ ਹਾਂ ਮੈਂ

ਨਾਲ ਡਿਗਣ ਵਾਲੇ ਤਾਰਿਆਂ ਦੇ॥ ਮੰ੦ ੭। ਸਿ੦ ੨੭ ।ਸੂ੦ ੫੬। ਆ੦ ੪। ੫। ੬। ੮। ੯। ੧੫। ੧੬। ੧੭। ੧੮। ੧੯। ੨੦। ੨੧। ੨੨। ੨੩। ੨੪। ੩੫। ੩੬। ੩੭। ੩੮। ੫੪। ੭੫।

( ਸਮੀਖਕ ) ਹੁਣ ਵੇਖੋ ਕੁਰਾਂਨ ਬਣਾਣ ਵਾਲੇ ਦੀ ਲੀਲਾ ਨੂੰ, ਭਲਾ ਪ੍ਰਿਥਵੀ ਤਾਂ ਹਲਦੀ ਰਹਿੰਦੀ ਹੈ ਓਸ ਸਮੇ ਬੀ ਹਲਦੀ ਹੀ ਰਹੇਗੀ? ਏਸ ਥੀਂ ਇਹ ਸਿਧ ਹੁੰਦਾ ਹੈ ਕਿ ਕੁਰਾਂਨ ਬਣਾਣ ਵਾਲਾ ਜਮੀਂਨ ਨੂੰ ਸਥਿਰ ਜਾਣਦਾ ਸੀ! ਭਲਾ ਪਹਾੜਾਂ ਨੂੰ ਕੀ, ਪੰਖੇਰੂ ਦੀ ਨਿਆਈਂ ਉਡਾ ਦੇਵੇਗਾ? ਜੇਕਰ ਧੂੜ ਹੋ ਜਾਂਨਗੇ ਤਾਂ ਬੀ ਸੂਖਮ ਸ਼ਰੀਰਧਾਰੀ ਰਹਨਗੇ ਤਾਂ ਫੇਰ ਉਨ੍ਹਾਂ ਦਾ ਦੂਜਾ ਜਨਮ ਕਿਉਂ ਨਹੀਂ? ਵਾਹ ਜੀ! ਜੇ ਖੁਦਾ ਸ਼ਰੀਰ ਧਾਰੀ ਨਾ ਹੁੰਦਾ ਤਾਂ ਓਸਦੇ ਸੱਜੇ ਅਰ ਖੱਬੇ ਪਾਸੇ ਕੀਕਣ ਖਲੋ ਸਕਦੇ? ਜਦ ਓਥੇ ਮੰਜੇ ਸੋਨੇ ਦੀ ਤਾਰਾਂ ਨਾਲ ਉਣੇ ਹੋਏ ਹਨ ਤਾਂ ਤਰਖਾਣ ਸੁਨਿਆਰੇ ਬੀ ਓਥੇ ਰਹਿੰਦੇ ਹੋਂਨਗੇ? ਅਰ ਖਟਮਲ ਕਟਦੇ ਹੋਂਨਗੇ? ਜੋ ਉਨ੍ਹਾਂ ਨੂੰ ਰਾਤਵੇਲੇ ਸੌਣ ਬੀ ਨਹੀਂ ਦਿੰਦੇ ਹੋਂਨਗੇ? ਕੀ ਉਹ ਸਿਰ੍ਹਾਣੇ ਲਾਕੇ ਨਿਕੰਮੇ ਬਹਿਸ਼ਤ ਵਿਚ ਬੈਠੇ ਹੀ ਰਹਿੰਦੇ ਹਨ? ਵਾ ਕੁਝ ਕੰਮ ਕੀਤਾ ਕਰਦੇ ਹਨ? ਜੇਕਰ ਬੈਠੇ ਹੀ ਰਹਿੰਦੇ ਹੋਂਨਗੇ ਤਾਂ ਉਨ੍ਹਾਂ ਨੂੰ ਕੁਪਚ ਹੋਣ ਕਰਕੇ ਉਹ ਰੋਗੀ ਹੋਕੇ ਛੇਤੀ ਮਰ ਬੀ ਜਾਂਦੇ ਹੋਂਨਗੇ? ਅਰ ਜੇ ਕੰਮ ਕਰਦੇ ਹੋਂਨਗੇ ਤਾਂ ਜਿਹੀ ਮੇਹਨਤ ਮਜੂਰੀ ਏਥੇ ਕਰਦੇ ਹਨ ਊਕਣ ਹੀ ਓਥੇ ਮੇਹਨਤ ਕਰਕੇ ਗੁਜਾਰਾ ਕਰਦੇ ਹੋਂਨਗੇ? ਫੇਰ ਏਥੋਂ ਤੋਂ ਓਥੇ ਬਹਿਸ਼ਤ ਵਿਚ ਵਧੀਕ ਕੀ ਹੈ? ਕੁਝ ਬੀ ਨਹੀਂ। ਜੇਕਰ ਓਥੇ ਮੁੰਡੇ ਸਦਾ ਰਹਿੰਦੇ ਹਨ ਤਾਂ ਉਨ੍ਹਾਂ ਦੇ ਮਾਂ, ਪਿਉ ਬੀ ਰਹਿੰਦੇ ਹੋਂਨਗੇ? ਅਰ ਸਸ, ਸੌਹਰਾ, ਬੀ ਰਹਿੰਦੇ ਹੋਂਨਗੇ? ਤਦ ਤਾਂ ਵਡਾ ਭਾਰਾ ਸ਼ਹਰ ਵਸਦਾ ਹੋਵੇਗਾ? ਫੇਰ ਮਲ ਮੂਤ੍ਰ ਆਦੀ ਦੇ ਵਧਣ ਨਾਲ ਰੋਗ ਬੀ ਬਹੁਤ ਸਾਰੇ ਹੁੰਦੇ ਹੋਂਨਗੇ? ਕਿਉਂਕਿ ਜਦ ਮੇਵੇ ਖਾਂਨਗੇ ਗਲਾਸਾਂ ਵਿਚ ਪਾਣੀ ਪੀਂਨਗੇ ਅਰ ਪਿਆਲਿਆਂ ਵਿਚ ਸਿਰਾਬ ਪੀਨ ਗੇ ਨਾ ਉਨ੍ਹਾਂਦਾ ਸਿਰ ਦੁਖੇਗਾ ਅਰ ਨਾ ਕੋਈ ਵਿਰੁਧ ਬੋਲੇਗਾ ਮਨ ਭਾਉਂਦਾ ਮੇਵਾ ਖਾਂਨਗੇ ਅਰ ਜਨੌਰਾਂ ਤਥਾ ਪੰਖੇਰੂਆਂ ਦੇ ਮਾਸ ਬੀ ਖਾਂਨਗੇ ਤਾਂ ਅਨੇਕ ਪ੍ਰਕਾਰ ਦੇ ਦੁਖ ਪੰਖੇਰੂਆਂ ਜਨੌਰਾਂ ਨੂੰ ਓਥੇ ਹੋਂਨਗੇ ਹਤਿਆ ਹੋਵੇਗੀ ਅਰ ਹਡ ਜਿਥੇ ਕਿਥੇ ਖਿਲਰੇ ਹੋਏ ਹੋਂਨਗੇ ਅਰ ਕਸਾਈਆਂ ਦੀਆਂ ਦੁਕਾਨਾਂ ਬੀ ਹੋਂਨ ਗੀਆਂ। ਵਾਹ ਕੀ ਕਹਣਾ ਇਨ੍ਹਾਂ ਦੇ ਬਹਿਸ਼ਤ ਦੀ ਵਡਿਆਈ ਕਿ ਅਰਬ ਦੇਸ਼ ਥੀਂ ਬੀ ਵਧੀਕ ਨਜਰ ਆਉਂਦਾ ਹੈ !!! ਅਰ ਜੋ ਮਾਸ ਸ਼ਰਾਬ ਖਾ ਪੀਕੇ ਮਸਤ ਹੁੰਦੇ ਹਨ, ਏਸਲਈ ਚੰਗੀ ਚੰਗੀ ਇਸਤ੍ਰੀਆਂ ਅਰ ਮੁੰਡੇ ਬੀ ਓਥੇ ਜ-ਰੂਰ ਰਹਣੇ ਚਾਹੀਏ, ਨਹੀਂ ਤਾਂ ਅਜਿਹੇ ਨਸ਼ੇ ਬਾਜਾਂ ਦੇ ਸਿਰ ਵਿਚ ਗਰਮੀ ਚੜ੍ਹ ਜਾਏ, ਅਰ ਉਹ ਪਾਗਲ ਹੋ ਜਾਂਨ। ਜਰੂਰ ਬਹੁਤ ਇਸਤ੍ਰੀਆਂ ਪੁਰਖਾਂ ਦੇ ਬੈਠਣੇ ਸੌਣੇ ਦੇ ਵਾਸਤੇ ਵਛੌਣੇ ਵਡੇ, ਵਡੇ ਚਾਹੀਏ। ਜਦ

ਖੁਦਾ ਕੁਆਰੀਆਂ ਨੂੰ ਬਹਿਸ਼ਤ ਵਿਚ ਉਤਪੰਨ ਕਰਦਾ ਹੈ ਤਦੇ ਤਾਂ ਕੁਆਰੇ ਮੁੰਡਿਆਂ ਨੂੰ ਭੀ ਉਤਪੰਨ ਕਰਦਾ ਹੈ, ਭਲਾ ਕੁਆਰੀਆਂ ਦਾ ਤਾਂ ਵਿਆਹ ਜੋ ਏਥੋਂ ਉਮੇਦਵਾਰ ਹੋਕੇ ਗਏ ਹਨ ਉਨ੍ਹਾਂ ਦੇ ਨਾਲ ਖੁਦਾ ਨੇ ਲਿਖਿਆ, ਪਰ ਉਨ੍ਹਾਂ ਸਦਾ ਰਹਣ ਵਾਲੇ ਲੜਕਿਆਂ ਦਾ ਕਿਸੇ ਬੀ ਕੁਆਰੀਆਂ ਦੇ ਨਾਲ ਵਿਆਹ ਨਾ ਲਿਖਿਆ, ਕੀ ਉਹ ਬੀ ਉਨਾਂ ਉਮੇਦਵਾਰਾਂ ਦੇ ਨਾਲ ਕੁਆਰੀਆਂ ਦੀ ਨਿਆਈਂ ਦੇ ਦਿੱਤੇ ਜਾਂਨਗੇ? ਏਸ ਦੀ ਬਵਸਥਾ ਕੁਝ ਬੀ ਨਾ ਲਿਖੀ, ਇਹ ਖੁਦਾ ਦੀ ਵਡੀ ਭੁਲ ਕਿੰਉ ਹੋਈ? ਜੇਕਰ ਬਰਾਬਰ ਉਮਰ ਵਾਲੀ ਸੁਹਾਗਣ ਇਸਤ੍ਰੀਆਂ ਖਾਉਂਦਾ ਨੂੰ ਪਾਕੇ ਬਹਿਸ਼ਤ ਵਿਚ ਰਹਿੰਦੀਆਂ ਹਨ ਤਾਂ ਠੀਕ ਨਹੀਂ ਹੋਇਆ, ਕਿਂਉਕਿ ਇਸਤ੍ਰੀਆਂ ਤੋਂ ਪੁਰਸ਼ ਦੀ ਉਮਰ ਦੂਣੀ ਢਾਈ ਗੁਣਾਂ ਚਾਹੀਏ ਇਹ ਤਾਂ ਮੁਸਲਮਾਨਾਂ ਦੇ ਬਹਿਸ਼ਤ ਦੀ ਕਥਾ ਹੈ ॥

ਅਰ ਨਰਕ ਵਾਲੇ ਥੂਹੜ ਦੇ ਦ੍ਰਖਤਾਂ ਨੂੰ ਖਾਕੇ ਪੇਟ ਭਰਨਗੇ, ਤਾਂ ਕੰਡਿਆਂ ਵਾਲੇ ਦ੍ਰਖਤ ਬੀ ਨਰਕ ਵਿਚ ਹੋਂਨਗੇ? ਤਾਂ ਕੰਡੇ ਬੀ ਲਗਦੇ ਹੋਂਨਗੇ? ਅਰ ਤੱਤਾ ਪਾਣੀ ਪੀਂਨਗੇ ਇਤਆਦੀ ਦੁਖ ਨਰਕ ਵਿਚ ਪਾਂਨਗੇ। ਸਹੋਂ ਦਾ ਖਾਣਾ ਬਹੁਤ ਕਰਕੇ ਝੂਠੇਦਾ ਕੰਮ ਹੈ ਸਚੇ ਦਾ ਨਹੀਂ, ਜੇਕਰ ਖੁਦਾ ਹੀ ਸਹੋਂ ਖਾਂਦਾ ਹੈ ਤਾਂ ਉਹ ਬੀ ਝੂਠ ਤੋਂ ਵਖਰਾ ਨਹੀਂ ਹੋ ਸਕਦਾ ॥ ੧੪੧ ॥

੧੪੨–ਨਿਸਚੇ ਅੱਲਾਹ ਮਿਤ੍ਰ ਰਖਦਾ ਹੈ ਉਨ੍ਹਾਂ ਲੋਕਾਂ ਨੂੰ ਕਿ ਲੜਦੇ ਹਨ ਵਿਚ ਮਾਰਗ ਓਸਦੇ ਦੇ ॥ ਮੰ੦ ੭। ਸਿ੦ ੨੮। ਸੂ੦ ੬੧। ਆ੦ ੪ ॥

( ਸਮੀਖਕ ) ਵਾਹ ਠੀਕ ਹੈ ਅਜਿਹੀ ੨ ਬਾਤਾਂ ਦਾ ਉਪਦੇਸ਼ ਕਰਕੇ ਵਿਚਾਰੇ ਅਰਬ ਦੇਸ਼ ਨਿਵਾਸੀਆਂ ਨੂੰ ਸਭ ਨਾਲ ਲੜਾਕੇ ਵੈਰੀ ਬਣਾਕੇ ਇਕ ਦੂਜੇ ਨੂੰ ਦੁਖ ਦਿਵਾਇਆ, ਅਰ ਮਤ ਦਾ ਝੰਡਾ ਖੜਾ ਕਰਕੇ ਲੜਾਈ ਵਧਾਵੇ ਅਜਿਹੇ ਨੂੰ ਕੋਈ ਬੁਧਵਾਂਨ ਈਸ਼੍ਵਰ ਕਦੀ ਨਹੀ ਮਨਸਕਦਾ। ਜੋ ਜਾਤੀ ਵਿਚ ਵਿਰੋਧ ਵਧਾਵੇ ਉਹੋ ਸਭਨੂੰ ਦੁਖਦਾਤਾ ਹੁੰਦਾ ਹੈ ॥ ੧੪੨ ॥

੧੪੩–ਹੇ ਨਬੀ ਕਿਉਂ ਹਰਾਮ ਕਰਦਾ ਹੈਂ ਓਸ ਬਸਤੂ ਨੂੰ ਕਿ ਹਲਾਲ ਕੀਤੀ ਹੈ ਖੁਦਾ ਨੇ ਤੇਰੇ ਵਾਸਤੇ। ਚਾਹੁੰਦਾ ਹੈਂ ਤੂੰ ਪ੍ਰਸੰਨਤਾ ਬੀਬੀਆਂ ਅਪਣੀ ਦੀ, ਅਰ ਅੱਲਾਹ ਖਿਮਾ ਕਰਨਵਾਲਾ ਦਇਆਲੂ ਹੈ। ਜਲਦੀ ਹੈ ਮਾਲਕ ਓਸਦਾ ਜੋ ਉਹ ਤੁਹਾਨੂੰ ਛਡ ਦਿੰਦੇ ਤਾਂ ਇਹ ਕਿ ਓਸਨੂੰ ਤੁਹਾਡੇ ਕੋਲੋਂ ਚੰਗੀ ਮੁਸਲਮਾਨ ਅਰ ਇਮਾਨ ਵਾਲੀਆਂ ਬੀਬੀਆਂ ਵਟਾ ਦੇਵੇ ਸੇਵਾ ਕਰਨਵਾਲੀਆਂ, ਤੋਬਾ ਕਰਨਵਾਲੀਆਂ, ਭਗਤੀ ਕਰਨਵਾਲੀਆਂ ਰੋਜਾ ਰਖੱਣ ਵਾਲੀਆਂ, ਪੁਰਸ਼ ਵੇਖੀ ਹੋਈ ਅਰ ਬਿਨ ਵੇਖੀ ਹੋਈ ॥ ਮੰ੦ ੭। ਸਿ੦ ੨੮। ਸੂ੦ ੬੬। ਆ੦ ੧।੫ ॥

( ਸਮੀਖਕ ) ਧਿਆਂਨ ਦੇਕੇ ਵੇਖਣਾ ਚਾਹੀਏ ਕਿ ਖੁਦਾ ਕੀ ਹੋਇਆ ਮੁਹਮੱਦ ਸਾਹਿਬ ਦੇ ਘਰ ਦੇ ਅੰਦਰ ਅਰ ਬਾਹਿਰ ਦਾ ਬੰਦੋਬਸਤ ਕਰਨਵਾਲਾ ਨੌਕਰ ਠਹਿਰਿਆ ॥ ਪਹਲੀ ਆਇਤ ਉਤੇ ਦੋ ਕਹਾਣੀਆਂ ਹਨ ਇਕ ਤਾਂ ਇਹ ਹੈ ਕਿ ਮੁਹਮੱਦ ਸਾਹਿਬ ਨੂੰ ਸ਼ਹਿਤਦਾ ਸਰਬਤ ਪਿਆਰਾ ਸੀ, ਉਨ੍ਹਾਂਦੀਆਂ ਕਈ ਬੀਬੀਆਂ ਸਨ ਉਨ੍ਹਾਂ ਵਿਚੋਂ ਇਕ ਦੇ ਘਰ ਪੀਂਣਵਿਚ ਦੇਰ ਲਗੀ ਤਾਂ ਦੂਜੀਆਂ ਨੂੰ ਇਹ ਗਲ ਸਹੀ ਨਾ ਗਈ ਉਨ੍ਹਾਂ ਦੇ ਕਹਣ ਸੁਣਨ ਦੇ ਪਿਛੇ ਮੁਹਮੱਦ ਸਾਹਿਬ ਸਹੋਂ ਖਾ ਗਏ ਕਿ ਅਸੀ ਨਾ ਪੀਵਾਂਗੇ। ਦੂਜੀ ਏਹ ਕਿਉਨ੍ਹਾਂ ਦੀਆਂ ਕਈ ਬੀਬੀਆਂ ਵਿਚੋਂ ਇਕ ਦੀ ਵਾਰੀ ਸੀ ਓਸਦੇ ਘਰ ਰਾਤ ਨੂੰ ਗਏ ਤਾਂ ਉਹ ਨਾ ਸੀ ਅਪਣੇ ਪੇਕੇ ਗਈ ਸੀ। ਮੁਹਮਦ ਸਾਹਿਬਨੇ ਇਕ ਦਾਸੀ ਨੂੰ ਬੁਲਾਕੇ ਉਹਦੇ ਨਾਲ ਬੁਰਾ ਕੰਮ ਕੀਤਾ। ਜਦ ਬੀਬੀ ਨੂੰ ਏਮਦੀ ਖਬਰ ਮਿਲੀ ਤਾਂ ਅਪ੍ਰਸੰਨ ਹੋ ਗਈ, ਤਦ ਮੁਹਮੱਦ ਸਾਹਿਬ ਨੇ ਸਹੋਂ ਖਾਦੀ ਕਿ ਮੈਂ ਅਜਿਹਾ ਨਾ ਕਰਾਂਗਾ। ਅਰ ਬੀਬੀ ਨੂੰ ਬੀ ਕਹ ਦਿਤਾ ਕਿ ਤੂੰ ਕਿਸੇ ਕੋਲ ਇਹ ਗਲ ਨਾ ਕਰੀਂ, ਬੀਬੀ ਨੇ ਮਨਲੀਤਾ ਕਿ ਨਾ ਕਹ੍ਹਾਂਗੀ। ਫੇਰ ਉਨ੍ਹਾਂ ਨੇ ਦੂਜੀ ਬੀਬੀ ਨੂੰ ਜਾਕੇ ਕਹਿਆ ਏਸ ਉੱਤੇ ਇਹ ਆਇਤ ਖੁਦਾ ਨੇ ਉਤਾਰੀ, ਜਿਸ ਵਸਤੂ ਨੂੰ ਅਸਾਂ ਨੇ ਤੇਰੇ ਉੱਤੇ ਹਲਾਲ ਕੀਤਾ ਓਸਨੂੰ ਤੂੰ ਹਰਾਮ ਕਿਉਂ ਕਰਦਾ ਹੈਂ। ਬੁਧਵਾਂਨ ਲੋਕ ਵਿਚਾਰ ਕਰਨ ਕਿ ਭਲਾ ਕਿਵੇ ਖੁਦਾ ਬੀ ਕਿਸੇਦੇ ਘਰ ਦਾ ਨਬੇੜਾ ਕਰਦਾ ਫਿਰਦਾ ਹੈ, ਅਰ ਮੁਹੱਮਦ ਸਾਹਿਬ ਦੇ ਤਾਂ ਆਚਰਣ ਇਨ੍ਹਾਂ ਬਾਤਾਂ ਤੋਂ ਪਰਗਟ ਹੀ ਹਨ, ਕਿਉਂਕਿ ਜੋ ਅਨੇਕ ਵਹੁਟੀਆਂ ਰਖੇ ਉਹ ਈਸ਼੍ਵਰ ਦਾ ਭਗਤ ਵਾ ਪੈਗੰਬਰ ਕੀਕਣ ਹੋ ਸੱਕੇ। ਅਰ ਜੋ ਇਕ ਇਸਤ੍ਰੀ ਦਾ ਪਖ-ਪਾਤ ਕਰਕੇ ਨਿਰਾਦਰ ਕਰੇ ਅਰ ਦੂਜੇ ਦਾ ਮਾਨ ਕਰੇ ਉਹ ਪਖਪਾਤੀ ਹੋਕੇ ਅਧਰਮੀ ਕਿਉਂ ਨਹੀਂ? ਅਰ ਜੋ ਬਹੁਤ ਸਾਰੀ ਇਸਤ੍ਰੀਆਂ ਨਾਲ ਬੀ ਸੰਤੁਸ਼ਟ ਨਾ ਹੋਕੇ ਦਾਸੀਆਂ ਦੇ ਨਾਲ ਫਸੇ ਓਸਦੀ ਲਜਿਆ, ਭੈ, ਅਰ ਧਰਮ, ਕਿਥੋਂ ਰਹੇ, ਕਿਸੇ ਨੇ ਕਹਿਆ ਕਿ:—

## ਕਾਮਾਤੁਰਾਣਾਂ ਨ ਭਯੰ ਨ ਲੱਜਾ॥

ਜੋ ਕਾਮੀ ਮਨੁਖ ਹਨ ਉਨ੍ਹਾਂ ਨੂੰ ਅਧਰਮ ਤੋਂ ਭੈ ਵਾ ਲਜਿਆ ਨਹੀਂ ਹੁੰਦੀ ॥

ਅਰ ਇਨ੍ਹਾਂ ਦਾ ਖੁਦਾ ਬੀ ਮੁਹੱਮਦ ਸਾਹਿਬ ਦੀ ਇਸਤ੍ਰੀਆਂ ਅਰ ਪੈਗੰ-ਬਰ ਦੇ ਝਗੜੇ ਦਾ ਨਿਰਣਾ ਕਰਨ ਵਿਚ ਜਾਣੋ ਸਰਪੰਚ ਬਣਿਆਂ ਹੈ। ਹੁਣ ਬੁਧਵਾਂਨ ਲੋਕ ਵਿਚਾਰ ਲੈਂਨ ਕਿ ਇਹ ਕੁਰਾਂਨ ਵਿਦਵਾਂਨ ਵਾ ਈਸ਼੍ਵਰ ਕ੍ਰਿਤ ਹੈ ਵਾ ਕਿਸੇ ਅਵਿਦਵਾਂਨ ਮਤਬਲ ਸਿੰਧੂ ਦਾ ਬਣਾਇਆ? ਸਫਾ ਮਲੂਮ ਹੋ

ਜਾਵੇਗਾ, ਅਰ ਦੂਜੀ ਆਇਤ ਤੋਂ ਪ੍ਰਤੀਤ ਹੁੰਦਾ ਹੈ ਕਿ ਮੁਹੱਮਦ ਸਾਹਿਬ ਤੋਂ ਉਨ੍ਹਾਂ ਦੀ ਕੋਈ ਬੀਬੀ ਰਿੰਜ ਹੋ ਗਈ ਹੋਵੇਗੀ ਓਸ ਵੇਲੇ ਖੁਦਾ ਨੇ ਇਹ ਆ-ਇਤ ਉਤਾਰਕੇ ਓਸ ਨੂੰ ਡਰਾਇਆ ਹੋਵੇਗਾ ਕਿ ਜੇਕਰ ਤੂੰ ਗੜ ਬੜ ਕਰੇਂਗੀ ਅਰ ਮੁਹੱਮਦ ਸਾਹਿਬ ਤੈਨੂੰ ਛਡ ਦੇਂਨਗੇ ਤਾਂ ਉਨ੍ਹਾਂ ਨੂੰ ਉਨ੍ਹਾਂ ਦਾ ਖੁਦਾ ਤੇਰੇ ਕੋਲੋਂ ਚੰਗੀਆਂ ਬੀਬੀਆਂ ਦੇਵੇਗਾ ਕਿ ਜੋ ਪੁਰਖ ਨਾਲ ਨਾ ਮਿਲੀਆਂ ਹੋਂਨ। ਜਿਸ ਮਨੁੱਖ ਨੂੰ ਜਰਾ ਜਿੰਨੀ ਬੁਧ ਹੈ ਉਹ ਵਿਚਾਰ ਕਰਸਕਦਾ ਹੈ ਕਿ ਖੁਦਾ ਖਦੂ ਦੇ ਕੰਮ ਹਨ ਵਾ ਅਪਨੇ ਪ੍ਰਯੋਜਨ ਸਿਧੀ ਦੇ? ਅਜਿਹੀਆਂ ਅਜਿਹੀਆਂ ਬਾਤਾਂ ਤੋਂ ਠੀਕ ਸਿਧ ਹੁੰਦਾ ਹੈ ਕਿ ਖੁਦਾ ਕੋਈ ਨਹੀਂ ਕਹਿੰਦਾ ਸੀ ਨਿਰਾ ਦੇਸ਼ ਕਾਲ ਵੇਖਕੇ ਅਪਨੇ ਪ੍ਰਯੋਜਨ ਦੇ ਸਿਧ ਹੋਣ ਦੇ ਲਈ ਖੁਦਾ ਦੀ ਤਰਫ ਥੀਂ ਮੁਹੱਮਦ ਸਾਹਿਬ ਕਹਿੰਦੇ ਸਨ।ਜਿਹੜੇ ਲੋਗ ਖੁਦਾ ਦੇ ਵਲ ਲਗਾਂਦੇ ਹਨ ਉਨ੍ਹਾਂਨੂੰਅਸੀ: ਤਾਂ ਕੀ ਸਾਰੇ ਬੁਧਵਾਂਨ ਇਹੋ ਕਹਨਗੇ ਕਿ ਖੁਦਾ ਕੀ ਹੋਇਆ ਮਾਨੋ ਮੁਹੱਮਦ ਸਾਹਿਬ ਦੇ ਲਈ ਬੀਬੀਆਂ ਲਿਆਉਣ ਵਾਲਾ ਨਾਈ ਠਹਰਿਆ॥ ੧੪੩।

੧੪੪–ਹੇ ਨਬੀ ਝਗੜਾ ਕਰ ਕਾਫਰਾਂ ਅਰ ਲੁਕੇ ਹੋਏ ਵੈਰੀਆਂ ਨਾਲ ਅਰ ਉਨ੍ਹਾਂਨੂੰ ਪੀੜਾ ਦੇਹ॥ ਮੰ ੦ ੭। ਸਿ ੦ ੨੮। ਸੂ ੦ ੬੬। ਆ ੦ ੯॥

( ਸਮੀਖਕ ) ਵੇਖੋ ਮਸਲਮਾਨਾਂ ਦੇ ਖੁਦਾ ਦੀ ਲੀਲਾ ਹੋਰ ਮਤ ਵਾ-ਲਿਆਂ ਨਾਲ ਲੜਨ ਦੇ ਲਈ ਪੈਗੰਬਰ ਅਰ ਮੁਸਲਮਾਨਾਂ ਨੂੰ ਚੁਕਦਾ ਹੈ ਇਸੇ ਲਈ ਮੁਸਲਮਾਨ ਲੋਗ ਉਪੱਦਰ ਕਰਨ ਵਿਚ ਲਗੇ ਰਹਿੰਦੇ ਹਨ, ਪਰਮੇਸ਼ੁਰ ਮੁਸਲਮਾਨਾਂ ਉਤੇ ਕ੍ਰਿਪਾਦ੍ਰਿਸ਼ਟੀ ਕਰੇ ਜਿਸਕਰਕੇ ਇਹ ਲੋਕ ਉਪਦੱਰ ਕਰਨਾ ਛਡਕੇ ਸਭਨਾਲ ਮਿਤ੍ਰਤਾ ਨਾਲ ਵਰਤਨ॥ ੧੪੪॥

੧੪੫–ਫਟ ਜਾਸੀ ਅਸਮਾਨ ਬਸ ਉਹ ਓਸਦਿਨ ਢਿਲਾ ਹੋਸੀ।ਅਰ ਫਰਿਸ਼ਤੇ ਹੋਂਨਗੇ ਉਪਰ ਓਸਦੇ ਕੰਢਿਆਂਦੇ ਅਰ ਉਠਾਂਨਗੇ ਚੌਕੀ ਮਾਲਕ ਤੇਰੇਦੀ ਉਪਰ ਅਪਣੇ ਓਸਦਿਨ ਅਠ ਜਣੇ। ਓਸਦਿਨ ਸਾਮਣੇ ਲਿਆਏ ਜਾਓਗੇ ਤੁਸੀ ਨਾ ਲੁਕੀ ਰਹੇਗੀ ਕੋਈ ਗਲ ਲੁਕੀ ਹੋਈ। ਬਸ ਜਿਹੜਾ ਕੋਈ ਦਿਤਾ ਗਿਆ ਕਰਮਪਤ੍ਰ ਅਪਣਾ ਵਿਚ ਸਜੇ ਹਥ ਅਪਣੇਦੇ, ਬਸ ਕ-ਹੇ ਗਾ ਲੌ ਪੜੋ ਕਰਮਪਤ੍ਰ ਮੇਰਾ। ਅਰ ਜੋ ਕੋਈ ਦਿੱਤਾ ਗਿਆ ਕਰਮਪਤ੍ਰ ਵਿਚ ਖਬੇ ਹਥ ਅਪਣੇਦੇ, ਬਸ ਕਹੇਗਾ ਹਾਏ ਨਾ ਦਿਤਾ ਗਿਆ ਹੁੰਦਾ ਮੈਂ ਕਰਮ ਪਤ੍ਰ ਅਪਣਾ॥ ਮੰ ੦ ੭। ਸਿ ੦ ੨੯। ਸੂ ੦ ੬੯। ਆ ੦ ੧੬। ੧੭। ੧੮। ੧੯। ੨੫॥

( ਸਮੀਖਕ ) ਵਾਹ ਕੀ ਵਿਦਿਆ ਅਰ ਨਿਆਂ ਦੀ ਬਾਤ ਹੈ। ਭਲਾ ਅਕਾਸ਼ ਭੀ ਕਦੀ ਫਟ ਸਕਦਾ ਹੈ? ਕੀ ਉਹ ਕਪੜੇ ਵਰਗਾ ਹੈ ਕਿ ਫਟ ਜਾਵੇ? ਜੇਕਰ ਉਪਰ ਦੇ ਲੋਕ ਨੂੰ ਅਸਮਾਨ ਕਹੀਦੇ ਹਨ ਤਾਂ ਇਹ ਬਾਤ ਵਿ-

ਦਿਆ ਤੋਂ ਵਿਰੁਧ ਹੈ। ਹੁਣ ਕੁਰਾਨ ਦੇ ਖੁਦਾ ਦੇ ਸ਼ਰੀਰ ਧਾਰੀ ਹੋਣ ਵਿਚ ਕੁਝ ਸੰਦੇਹ ਨਾ ਰਹਿਆ, ਕਿਉਂਕਿ ਚੌਕੀ ਉਤੇ ਬੈਠਣਾ ਅਠਾਂ ਨੌਕਰਾਂ ਕੋਲੋਂ ਉਠਵਾਣਾ ਬਿਨਾ ਮੂਰਤੀਮਾਨ ਦੇ ਕੁਝ ਬੀ ਨਹੀ ਹੋ ਸਕਦਾ। ਅਰ ਸਾਮਣੇ ਵਾ ਪਿਛੇ ਅਉਣਾ ਮੂਰਤੀਮਾਨ ਦਾ ਹੀ ਹੋ ਸਕਦਾ ਹੈ, ਜਦ ਉਹ ਮੂਰਤੀਮਾਨ ਹੈ ਤਾਂ ਇਕਦੇਸੀ ਹੋਣਕਰਕੇ ਸਰਬਗ, ਸਰਬਬਿਆਪਕ ਸਰਬਸ਼ਕਤੀਮਾਨ, ਨਹੀ ਹੋ ਸਕਦਾ,ਅਰ ਸਭ ਜੀਵਾਂ ਦੇ ਸਭਨਾ ਕਰਮਾਂਨੂੰ ਕਦੀ ਨਹੀ ਜਾਣ ਸਕਦਾ। ਇਹ ਵਡੇ ਅਚਰਜ ਦੀ ਗਲ ਹੈ ਕਿ ਪੁੰਨਆਤਮਾ ਦੇ ਸੱਜੇ ਹਥ ਵਿਚ ਪਤ੍ਰ ਦੇਣਾ ਵਚਵਾਣਾ ਬਹਿਸ਼ਤ ਵਿਚ ਭੇਜਣਾ ਅਰ ਪਾਪੀਆਂ ਦੇ ਖਬੇ ਹਥ ਵਿਚ ਕਰਮ ਪਤ੍ਰ ਦਾ ਦੇਣਾ ਨਰਕ ਵਿਚ ਭੇਜਣਾ ਕਰਮ ਪਤ੍ਰ ਵਾਚਕੇ ਨਿਆਂ ਕਰਨਾ ਭਲਾ ਇਹ ਵਿਹਾਰ ਸਰਬਗ ਦਾ ਹੋ ਸਕਦਾ ਹੈ? ਕਦੀ ਨਹੀ ਇਹ ਸਭ ਲੀਲਾ ਬਾਲਪਣੇ ਦੀ ਹੈ ॥ ੧੪੫ ॥

੧੪੬–ਚੜ੍ਹਦੇ ਹਨ ਫਰਿਸ਼ਤੇ ਅਰ ਆਤਮਾ ਵਲ ਓਸਦੀ, ਉਹ ਪੀੜ੍ਹਾ ਹੋਵੇਗੀ ਵਿਚ ਓਸ ਦਿਨ ਦੇ ਕਿ ਹੈ ਅੰਦਾਜ ਓਸਦਾ ਪੰਜਾਹ ਹਜਾਰ ਵਰ੍ਹੇ। ਜਦ ਕਿ ਨਿਕਲਨਗੇ ਕਬਰਾਂ ਵਿਚੋਂ ਦੌੜਦੇ ਹੋਏ ਮਾਨੋ ਕਿ ਉਹ ਮੂਰਤੀਆਂ ਦੇ ਸਥਾਨਾਂ ਵਲ ਦੌੜਦੇ ਹਨ ॥ ਮੰ੦ ੭। ਸਿ੦ ੨੯। ਸੂ੦ ੭੦। ਆ੦ ੪। ੪੨ ॥

( ਸਮੀਖਕ ) ਜੇਕਰ ਪੰਜਾਹ ਹਜਾਰ ਵਰ੍ਹੇ ਦਿਨ ਦਾ ਅੰਦਾਜ ਹੈ ਤਾਂ ਪੰਜਾਹ ਹਜਾਰ ਵਰ੍ਹੇ ਦੀ ਰਾਤ ਕਿਉ ਨਹੀਂ? ਜੇਕਰ ਓੱਨੀ ਵਡੀ ਰਾਤਨਹੀਂ ਹੈ ਤਾਂ ਉੱਨਾ ਵਡਾ ਦਿਨ ਕਦੀ ਨਹੀਂ ਹੋ ਸਕਦਾ, ਕੀ ਪੰਜਾਹ ਹਜਾਰ ਵਰ੍ਹਿਆਂ ਤਿਕ ਖੁਦਾ ਫਰਿਸ਼ਤੇ ਅਰ ਕਰਮ ਪਤ੍ਰ ਵਾਲੇ ਖਲੋਤੇ ਵਾ ਬੈਠੇ ਅਥਵਾ ਜਾਗਦੇ ਹੀ ਰਹਨਗੇ? ਜੇਕਰ ਅਜਿਹਾ ਹੈ ਤਦ ਸਭ ਰੋਗੀ ਹੋਕੇ ਫੇਰ ਮਰ ਹੀ ਜਾਂਨਗੇ? ਕੀ ਕਬਰਾਂ ਵਿਚੋਂ ਨਿਕਲਕੇ ਖੁਦਾ ਦੀ ਕਚਹਰੀ ਵਲ ਨਠਣਗੇ? ਉਨ੍ਹਾਂ ਦੇ ਪਾਸ ਸੱਮਣ ਕਬਰਾਂ ਵਿਚ ਕੀਕਣ ਪਹੁਚਣਗੇ? ਅਰ ਉਨ੍ਹਾਂ ਵਿਚਾਰਿਆਂ ਨੂੰ ਜੋ ਕਿ ਪੁੰਨ ਆਤਮਾ ਵਾ ਪਾਪ ਆਤਮਾ ਹਨ ਇੰਨੇ ਸਮੇ ਤਿਕ ਸਭਨਾ ਕਬਰਾਂ ਵਿਚ ਦੌਰੇ ਸਪੁਰਦ ਕੈਦ ਕਿੰਉ ਰਖਿਆ? ਅਰ ਅਜ ਕਲ ਖੁਦਾ ਦੀ ਕਚਹਰੀ ਬੰਦ ਹੋਸੀ? ਅਰ ਖੁਦਾ ਤਥਾ ਫਰਿਸਤੇ ਨਿਕੰਮੇ ਬੈਠੇ ਹੋਂਨਗੇ? ਅਥਵਾ ਕੀ ਕੰਮ ਕਰਦੇ ਹੋਂਨਗੇ? ਅਪਣੇ ੨ ਸਥਾਂਨਾ ਵਿਚ ਬੈਠੇ ਇਧਰ ਉਧਰ ਫਿਰਦੇ ਸੌਂਦ ਨਾਚ ਤਮਾਸ਼ਾ ਵੇਖਦੇ ਵਾ ਮੌਜ ਬਹਾਰ ਕਰਦੇ ਹੋਂਨਗੇ? ਅਜਿਹਾ ਹਨੇਰ ਕਿਸੇ ਦੇ ਰਾਜ ਵਿਚ ਨਾ ਹੋਸੀ,ਅਜਿਹੀਆਂ੨ ਬਾਤਾਂ ਨੂੰ ਬਿਨਾ ਜੰਗਲੀਆਂ ਦੇ ਦੂਜਾ ਕੌਣ ਮੰਨੇਗਾ ॥ ੧੪੬ ॥

੧੪੭–ਨਿਸਚੇ ਉਤਪੰਨ ਕੀਤਾ ਤੁਹਾਨੂੰ ਕਈ ਪ੍ਰਕਾਰ ਨਾਲ। ਕੀ ਨਹੀਂ ਵੇਖਿਆ ਤੁਸਾਂ ਨੇ ਕੀਕਣ ਉਤਪੰਨ ਕੀਤਾ ਅੱਲਾਹ ਨੇ ਸੱਤਾਂ ਅਸਮਾਨਾਂ

ਨੂੰ ਉਪਰ ਹੇਠਾਂ, ਅਰ ਕੀਤਾ ਚੰਦ੍ਰਮਾ ਨੂੰ ਵਿਚ ਓਸਦੇ ਪ੍ਰਕਾਸ਼ ਕਰਨਵਾਲਾ ਅਰ ਕੀਤਾ ਸੂਰਜ ਨੂੰ ਦੀਵਾ ॥ ਮੰ० ੭। ਸਿ० ੨੯ । ਸੂ० ੭੧। ਆ० ੧੪। ੧੫। ੧੬ ॥

( ਸਮੀਖਕ ) ਜੇਕਰ ਜੀਵਾਂ ਨੂੰ ਖੁਦਾ ਨੇ ਉਤਪੰਨ ਕੀਤਾ ਹੈ ਤਾਂ ਉਹ ਨਿਤ ਅਮ੍ਰ ਕਦੀ ਨਹੀਂ ਰਹ ਸਕਦੇ, ਫੇਰ ਬਹਿਸ਼ਤ ਵਿਚ ਸਦਾ ਕੀਕਣ ਰਹ ਸਕਣ ਗੇ? ਜੋ ਬਸਤੂ ਉਤਪੰਨ ਹੁੰਦੀ ਹੈ ਉਹ ਬਸਤੂ ਜਰੂਰ ਨਸ਼ਟ ਹੋ ਜਾਂਦੀ ਹੈ, ਅਸਮਾਨ ਨੂੰ ਉਪਰ ਹੇਠਾਂ ਕੀਕਣ ਬਣਾ ਸਕਦਾ ਹੈ? ਕਿਉਂਕਿ ਉਹ ਨਿਰਾਕਾਰ ਅਰ ਵਿਭੂ ਪਦਾਰਥ ਹੈ,ਜੇਕਰ ਦੂਜੀ ਚੀਜਦਾ ਨਾਉਂ ਅਕਾਸ਼ ਰਖਦੇ ਹੋ ਤਾਂ ਓਸਦਾ ਅਕਾਸ਼ ਨਾਮ ਰਖਣਾ ਵਿਅਰਥ ਹੈ, ਜੇਕਰ ਉਪਰ ਹੇਠਾਂ ਅਸਮਾਨਾਂ ਨੂੰ ਬਣਾਇਆ ਹੈ ਤਾਂ ਉਨ੍ਹਾਂ ਸਭਨਾ ਦੇਵਿਚ ਚੰਨ, ਸੂਰਜ ਕਦੀ ਨਹੀ ਰਹ ਸਕਦੇ। ਜੇ ਵਿਚਕਾਰ ਰਖਿਆ ਜਾਵੇ ਤਾਂ ਇਕ ਉਪਰ ਅਰ ਇਕ ਹੇਠਾਂ ਦਾ ਪਦਾਰਥ ਪ੍ਰਕਾਸ਼ਮਾਨ ਹੈ ਦੂਜੇਤੋਂ ਲੈਕੇ ਸਭ ਵਿਚ ਹਨੇਰਾ ਰਹਣਾ ਚਾਹੀਏ, ਈਕਣ ਨਹੀਂ ਦਿਸਦਾ ਏਸਲਈ ਇਹ ਬਾਤ ਸਰਬਥਾ ਝੂਠੀ ਹੈ ॥ ੧੪੭ ॥

੧੪੮—ਏਹ ਕਿ ਮਸੀਤਾਂ ਵਾਸਤੇ ਅਲਾੱਹ ਦ ਹਨ। ਬਸ ਨਾ ਹਾਕਾਂ ਮਾਰੋ ਨਾਲ ਅਲਾੱਹਦੇ ਕਿਸੇ ਨੂੰ ॥ ਮੰ ੦ ੭। ਸਿ ੦ ੨੯। ਸੂ ੦ ੭੨। ਆ ੦ ੧੮ ॥

( ਸਮੀਖਕ ) ਜੇਕਰ ਇਹ ਬਾਤ ਸਚ ਹੈ ਤਾਂ ਮੁਸਲਮਾਨ ਲੋਕ "ਲਾਇਲਾੱਹਾ ਇਲਿੱਲਾਃ ਮੁਹੱਮਦਰ ਰਸੂਲੱਲਾਃ" ਏਸ ਕਲਮੇ ਵਿਚ ਖੁਦਾ ਦ ਸਾਥੀ ਮੁਹੱਮਦ ਸਾਹਿਬ ਨੂੰ ਕਿਉਂ ਹਾਕਾਂ ਮਾਰਦੇ ਹਨ ? ਇਹ ਬਾਤ ਕੁਰਾਂਨ ਥੀਂ ਵਿਰੁਧ ਹੈ, ਅਰ ਜੋ ਵਿਰੁਧ ਨਹੀ ਕਰਦੇ ਤਾਂ ਏਸ ਕੁਰਾਂਨ ਦੀ ਬਾਤ ਨੂੰ ਝੂਠ ਕਰਦੇ ਹਨ, ਜਦ ਮਸੀਤਾਂ ਖੁਦਾ ਦੇ ਘਰ ਹਨ ਤਾਂ ਮੁਸਲਮਾਨ ਮਹਾਂ ਮੂਰਤੀ ਪੂਜਕ ਹੋਏ, ਕਿਉਂਕਿ ਜੇਕਰ ਪੁਰਾਣੀ, ਜੈਨੀ, ਛੋਟੀ ਜਿਹੀ ਮੂਰਤੀ ਨੂੰ ਈਸ਼੍ਵਰ ਦਾ ਘਰ ਮਨੱਣ ਕਰਕੇ ਮੂਰਤੀ ਪੂਜਕ ਠਹਿਰਦੇ ਹਨ ਤਾਂ ਏਹ ਲੋਕ ਕਿਉਂ ਨਹੀਂ ? ॥ ੧੪੮ ॥

੧੪੯—ਕਠੇ ਕੀਤਾ ਜਾਵੇਗਾ ਸੂਰਜ ਅਰ ਚੰਨ ॥ ਮੰ० ੭। ਸਿ०੨੯ ਸੂ० ੭੫। ਆ० ੯ ॥

(ਸਮੀਖਕ) ਭਲਾ ਸੂਰਜ ਚੰਨ ਕਦੀ ਕਠੇ ਕੀਤੇ ਜਾ ਸਕਦੇ ਹਨ ? ਵੇਖੋ ਇਹ ਕਿੱਨੀ ਮੂਰਖਤਾ ਦੀ ਬਾਤ ਹੈ, ਅਰ ਸੂਰਜ ਚੰਨ ਦੇ ਕਠੇ ਕਰਨ ਵਿਚ ਕੀ ਪ੍ਰਯੋਜਨ ਸੀ ? ਹੋਰ ਸਭ ਲੋਕਾਂ ਦੇ ਕਠੇ ਨਾ ਕਰਨ ਵਿਚ ਕੀ ਜੁਕਤੀ ਹੈ ? ਅਜਿਹੀਆਂ ੨ ਅਣ ਹੁੰਦੀਆਂ ਗਲੱਾਂ ਪਰਮੇਸ਼੍ਵਰ ਕ੍ਰਿਤ ਕਦੀ ਹੋਸਕਦੀਆਂ ਹਨ ? ਬਿਨਾ ਮੂਰਖਾਂ ਦੇ ਹੋਰ ਕਿਸੇ ਵਿਦਵਾਂਨ ਦੀ ਬੀ ਨਹੀ

ਹੁੰਦੀਆਂ ॥ ੧੪੯॥

੧੫੦–ਅਰ ਫਿਰਨਗੇ ਉਪੱਰ ਉਨ੍ਹਾਂ ਦੇ ਮੁੰਡੇ ਸਦਾ ਰਹਨ ਵਾਲੇ, ਜਦ ਵੇਖੇਂਗਾ ਤੂੰ ਉਨ੍ਹਾਂ ਨੂੰ ਅਨੁਮਾਨ ਕਰੇਂਗਾ ਤੂੰ ਉਨ੍ਹਾਂ ਨੂੰ ਮੋਤੀ ਖਿੰਡੇ ਹੋਏ। ਅਰ ਪੁਆਏ ਜਾਂਨਗੇ ਕੰਙਣ ਚਾਂਦੀ ਦੇ, ਅਰ ਪਿਲਾਵੇਗਾ ਉਨ੍ਹਾਂ ਨੂੰ ਰਬ ਉਨ੍ਹਾਂ ਦਾ ਸ਼ਰਾਬ ਪਵਿਤ੍ਰ॥ ਮੰ੦ ੭। ਸਿ੦ ੨੯। ਸੂ੦ ੬੭। ਆ੦ ੧੯।੨੧

( ਸਮੀਖਕ ) ਕਿਉਂ ਜੀ ਮੋਤੀ ਦੇ ਰੰਗ ਵਾਲੇ ਮੁੰਡੇ ਕਿਉਂ ਰਖੇ ਜਾਂਦੇ ਹਨ? ਕੀ ਜੁਆਨ ਲੋਕ ਸੇਵਾ ਵਾ ਇਸਤ੍ਰੀਆਂ ਉਨ੍ਹਾਂ ਨੂੰ ਤ੍ਰਿਪਤ ਨਹੀਂ ਕਰ ਸਕਦੀਆਂ? ਕੀ ਅਚਰਜ ਹੈ ਕਿ ਜੋ ਇਹ ਮਹਾਂ ਬੁਰਾ ਕੰਮ ਮੁੰਡਿਆਂ ਦੇ ਨਾਲ ਦੁਸ਼ਟ ਲੋਗ ਕਰਦੇ ਹਨ ਓਸਦਾ ਮੂਲ ਏਹੋ ਕੁਰਾਨ ਦਾ ਬਚਨ ਹੋਵੇ। ਅਰ ਬਹਿਸ਼ਤ ਵਿਚ ਸੁਆਮੀ ਸਵਕ ਭਾਵ ਹੋਣ ਕਰਕੇ ਸੁਆਮੀ ਨੂੰ ਅਨੰਦ ਅਰ ਸਵਕ ਨੂੰ ਮੇਹਨਤ ਹੋਣ ਕਰਕੇ ਦੁਖ ਤਥਾ ਪਖਪਾਤ ਕਿਉਂ ਹੈ? ਅਰ ਜਦ ਖੁਦਾ ਹੀ ਸ਼ਰਾਬ ਪਿਲਾਵੇਗਾ ਤਾਂ ਉਹ ਬੀ ਉਨ੍ਹਾਂ ਦਾ ਨੌਕਰ ਦੀ ਨਿਆਈਂ ਠਹਿਰੇਗਾ,ਫੇਰ ਖੁਦਾ ਦਾ ਵਡਾਪਣ ਕੀਕਣ ਰਹ ਸੱਕੇਗਾ? ਅਰ ਓਥੇ ਬਹਿਸ਼ਤ ਵਿਚ ਇਸਤ੍ਰੀ ਪੁਰਖ ਦਾ ਸਮਾਗਮ ਅਰ ਗਰਭ ਸਥਿੱਤੀ ਅਰ ਲੜਕੇ ਬਾਲੇ ਬੀ ਹੁੰਦੇ ਹਨ ਵਾ ਨਹੀਂ? ਜੇਕਰ ਨਹੀਂ ਹੁੰਦੇ ਤਾਂ ਉਨ੍ਹਾਂ ਦਾ ਵਿਸ਼ਾ ਸੇਵਣ ਕਰਨਾ ਵਿਅਰਥ ਹੋਇਆ। ਅਰ ਜੋ ਹੁੰਦੇ ਹਨ ਤਾਂ ਉਹ ਜੀਵ ਕਿਥੋਂ ਆਏ? ਅਰ ਬਿਨਾ ਖੁਦਾ ਦੀ ਸੇਵਾ ਦੇ ਬਹਿਸ਼ਤ ਵਿਚ ਕਿਉਂ ਜਮੇ? ਜੇਕਰ ਜਮੇ ਤਾਂ ਉਨ੍ਹਾਂ ਨੂੰ ਬਿਨਾ ਇਮਾਨ ਲਿਆਉਣੇ ਅਰ ਖੁਦਾ ਦੀ ਭਗਤੀ ਕਰਨ ਥੀਂ ਬਹਿਸ਼ਤ ਏਵੇਂ ਮਿਲ ਗਿਆ? ਕਈਆਂ ਵਿਚਾਰਿਆਂ ਨੂੰ ਇਮਾਨ ਲਿਆਉਣੇ ਅਰ ਕਈਆਂ ਨੂੰ ਬਿਨਾ ਧਰਮ ਦੇ ਸੁਖ ਮਿਲ ਜਾਵੇ, ਏਸ ਥੀਂ ਵਧੀਕ ਦੂਜਾ ਵਡਾ ਅਨਿਆਂ ਕਿਹੜਾ ਹੋਵੇਗਾ ? ॥ ੧੫੦ ॥

੧੫੧–ਬਦਲਾ ਦਿਤੇ ਜਾਂਨਗੇ ਕਰਮ ਅਨੁਸਾਰ। ਅਰ ਪਿਆਲੇ ਹਨ ਭਰੇ ਹੋਏ। ਜਿਸ ਦਿਨ ਖਲੋਨਗੇ ਰੂਹ ਅਰ ਫਰਿਸ਼ਤੇ ਪੰਗਤ ਬਨ੍ਹਕੇ ॥ ਮੰ੦ ੭। ਸਿ੦ ੩੦ ਸੂ੦ ੭੮। ਆ੦ ੨੬। ੩੪। ੩੮॥

(ਸਮੀਖਕ) ਜੇਕਰ ਕਰਮ ਅਨੁਸਾਰ ਫਲ ਦਿਤਾ ਜਾਂਦਾ ਤਾਂ ਸਦਾ 'ਬਹਿਸ਼ਤ' ਵਿਚ ਰਹਣ ਵਾਲੀ ਇਸਤ੍ਰੀਆਂ ਫਰਿਸ਼ਤੇ ਅਰ ਮੋਤੀ ਦੇ ਵਾਙਣ ਮੁੰਡਿਆਂ ਨੂੰ ਕਿਹੜੇ ਕਰਮ ਦੇ ਅਨੁਸਾਰ ਸਦਾ ਦੇ ਲਈ ਬਹਿਸ਼ਤ ਮਿਲਿਆ? ਜਦ ਪਿਆਲੇ ਭਰ ਸ਼ਰਾਬ ਪੀਨਗੇ ਤਾਂ ਮਸਤ ਹੋਕੇ ਕਿਉਂ ਨਾ ਲੜਨਗੇ ? 'ਰੂਹ' ਨਾਮ ਏਥੇ ਇਕ ਫਰਿਸ਼ਤੇ ਦਾ ਹੈ ਜੋ ਸਭ ਫਰਿਸ਼ਤਿਆਂ ਤੋਂ ਵਡਾ ਹੈ,ਕੀ ਖੁਦਾ 'ਰੂਹ' ਤਥਾ ਹੋਰ ਫਰਿਸ਼ਤਿਆਂ ਨੂੰ ਪੰਗਤ ਬਧੀ ਹੋਈ ਖੜੇ ਕਰਕੇ ਪਲਟਨ ਬਨ੍ਹੇਗਾ ?ਕੀ ਪਲਟਨ ਕੋਲੋਂ ਸਭ ਜੀਵਾਂ ਨੂੰ ਡੰਡ ਦਿਵਾਵੇਗਾ ? ਅਰ ਖੁਦਾ ਓਸ ਸਮੇਂ ਖਲੋਤਾ ਹੋਵੇਗਾ ਵਾ ਬੈਠਾ ? ਜੇਕਰ ਕੀਆਮਤ ਤਿਕ

ਖੁਦਾ ਅਪਣੀ ਸਭ ਪਲਟਨ ਅਕਠੀ ਕਰਕੇ ਸ਼ੈਤਾਂਨ ਨੂੰ ਪਕੜ ਲਵੇ ਤਾਂ ਓਸ ਦਾ ਰਾਜ ਬੇਖਟਕਾ ਹੋ ਜਾਵੇ ਏਸਦਾ ਨਾਮ ਖੁਦਾਈ ਹੈ॥ ੧੫੧ ॥

੧੫੨–ਜਦ ਕਿ ਸੂਰਜ ਵਲ੍ਹੇਟਿਆ ਜਾਵੇ ਅਰ ਜਦ ਕਿ ਤਾਰੇ ਮੈਲੇ ਹੋ ਜਾਂਨ ਅਰ ਜਦ ਕਿ ਪਹਾੜ ਤੁਰਾਏ ਜਾਂਨ ਅਰ ਜਦ ਅਸਮਾਨ ਦੀ ਖਲ ਉਤਾਰੀ ਜਾਵੇ ॥ ਮੰ ੦੭ । ਸਿ ੦੩੦ । ਸੂ ੦ ੮੧ । ਆ ੦੧ । ੨ । ੩ । ੧੧ ॥

( ਸਮੀਖਕ ) ਇਹ ਵਡੀ ਬੇਸਮਝੀ ਦੀ ਬਾਤ ਹੈ ਕਿ ਗੋਲ ਸੂਰਜ ਲੋਕ ਵਲ੍ਹੇਟਿਆ ਜਾਵੇਗਾ ਅਰ ਤਾਰੇ ਮੈਲੇ ਕਿਉਂਕਰ ਹੋ ਸਕਨਗੇ? ਅਰ ਪਹਾੜ ਜੜ ਹੋਣ ਕਰਕੇ ਕੀਕਣ ਚਲਨ ਗੇ? ਅਰ ਅਕਾਸ਼ ਨੂੰ ਕੀ ਪਸ਼ੂ ਸਮਝਿਆ ਕਿ ਓਸ ਦੀ ਖਲ ਉਤਾਰੀ ਜਾਵੇਗੀ? ਇਹ ਬੜੀ ਬੇਸਮਝੀ ਅਰ ਜੰਗਲੀਪਨ ਦੀ ਬਾਤ ਹੈ ॥ ੧੫੨ ॥

੧੫੩–ਅਰ ਜਦ ਕਿ ਅਸਮਾਨ ਫਟ ਜਾਵੇ ਅਰ ਜਦ ਤਾਰੇ ਝੜ ਜਾਂਨ ਅਰ ਜਦ ਦਰਯਾ ਚੀਰੇ ਜਾਂਨ ਅਰ ਜਦ ਕਬਰਾਂ ਜੁਆਕੇ ਉਠਾਈਆਂ ਜਾਂਨ ॥ ਮੰ ੦੭ । ਸਿ ੦ ੩੦ । ਸੂ ੦ ੮੨ । ਆ ੦ ੧ । ੨ । ੩ । ੪ ॥

( ਸਮੀਖਕ ) ਵਾਹ ਜੀ ਕੁਰਾਨ ਦੇ ਬਣਾਨਵਾਲੇ ਗਿਆਨੀ ਪੁਰਸ਼ ਅਕਾਸ਼ ਕੀਕਣ ਫਟ ਸਕੇਗਾ ?ਅਰ ਤਾਰੇ ਕੀਕਣ ਝੜ ਸਕਨਗੇ?ਅਰ ਦਰਯਾ ਕੀ ਹੈ ਲਕੜ ਹੈ ਕਿ ਚੀਰ ਸੱਕੋਗੇ ? ਅਰ ਕਬਰਾਂ ਕੀ ਮੁਰਦੇ ਹਨ ਕਿ ਜੁਆ ਸਕੋਗੇ ਏਹ ਸਭ ਲੜਕਿਆਂ ਦੀਆਂ ਬਾਤਾਂ ਵਾਙਣ ਹਨ ॥ ੧੫੩ ॥

੧੫੪–ਸਹੁੰ ਹੈ ਅਸਮਾਨ ਬੁਰਜਾਂ ਵਾਲੇ ਦੀ, ਕਿੰਤੂ ਉਹ ਕੁਰਾਂਨ ਹੈ ਵੱਡਾ ਵਿਚ ਤਖਤੀ ਰਖਿਆ ਕੀਤੀ ਗਈ ਦੇ॥ ਮੰ੦ ੭ । ਸਿ੦ ੩੦ । ਸੂ੦ ੮੫ । ਆ੦ ੧ । ੨੧ ॥

( ਸਮੀਖਕ ) ਏਸ ਕੁਰਾਂਨ ਦੇ ਬਣਾਨ ਵਾਲੇ ਨੇ ਭੂਗੋਲ ਖਗੋਲ ਵਿਦਿਆ ਕੁਝ ਬੀ ਨਹੀਂ ਪੜੀ ਸੀ, ਨਹੀਂ ਤਾਂ ਅਕਾਸ਼ ਨੂੰ ਕਿਲੇ ਵਾਙਣ ਬੁਰਜਾਂ ਵਾਲਾ ਕਿਉਂ ਕਹਿੰਦਾ ? ਜੇਕਰ ਮੇਖ ਆਦੀ ਰਾਸਾਂ ਨੂੰ ਬੁਰਜ ਕਹੰਦਾ ਹੈ ਤਾਂ ਹੋਰ ਬੁਰਜ ਕਿਉਂ ਨਹੀ ? ਏਸ ਲਈ ਏਹ ਬੁਰਜ ਨਹੀਂ ਹਨ ? ਕਿੰਤੂ ਸਭ ਤਾਰੇ ਲੋਕ ਹਨ ? ਕੀ ਉਹ ਕੁਰਾਂਨ ਖੁਦਾ ਦੇ ਪਾਸ ਹੈ ? ਜੇਕਰ ਏਹ ਕੁਰਾਂਨ ਓਸਦਾ ਕੀਤਾ ਹੈ ਤਾਂ ਉਹ ਬੀ ਵਿਦਿਆ ਅਰ ਜੁਗਤੀ ਤੋਂ ਵਿਰੁਧ ਅਵਿਦਿਆ ਨਾਲ ਵਧੀਕ ਭਰਿਆ ਹੋਵੇਗਾ ॥ ੧੫੪ ॥

੧੫੫–ਨਿਸਚੇ ਓਹ ਮੱਕਰ ਕਰਦੇ ਹਨ ਇਕ ਮੱਕਰ, ਅਰ ਮੈਂ ਬੀ ਮੱਕਰ ਕਰਨਾ ਹਾਂ ਇਕ ਮਕੱਰ ॥ ਮੰ ੦ ੭ । ਸਿ ੦ ੩੦ । ਸੂ ੦ ੮੬ ਆੰ ੦ ੧੫ । ੧੬ ॥

( ਸਮੀਖਕ ) ਮਕੱਰ ਕਹਿੰਦੇ ਹਨ ਠਗਪੰਨੇ ਨੂੰ ਕੀ ਖੁਦਾ

ਬੀ ਠਗ ਹੈ ? ਅਰ ਕੀ ਚੋਰੀ ਦਾ ਉੜ੍ਹ ਚੋਰੀ, ਅਰ ਝੂਠ ਦਾ ਉੜ੍ਹ ਝੂਠ ਹੈ? ਕੀ ਕੋਈ ਚੋਰ ਭਲੇ ਆਦਮੀ ਦੇ ਘਰ ਵਿਚ ਚੋਰੀ ਕਰੇ ਤਾਂ ਕੀ ਭਲੇ ਆਦਮੀ ਨੂੰ ਚਾਹੀਏ ਕਿ ਓਸਦੇ ਘਰ ਵਿਚ ਜਾਕੇ ਚੋਰੀ ਕਰੇ ? ਵਾਹ ! ਵਾਹ ! ! ਜੀ ਕੁਰਾਂਨ ਦੇ ਬਣਾਣ ਵਾਲੇ ॥ ੧੫੫ ॥

੧੫੬–ਅਰ ਜਦ ਆਵੇਗਾ ਮਾਲਕ ਤੇਰਾ ਅਰ ਫਰਿਸ਼ਤੇ ਪੰਗਤ ਬੰਨ੍ਹ ਕੇ।ਅਰ ਲਿਆਇਆ ਜਾਵੇਗਾ ਦੋਜਖ ਨੂੰ ॥ ਮੰ० ੭ । ਸਿ० ੩੦ । ਸੂ० ੮੯। ਆ० ੨੧ । ੨੨ ॥

( ਸਮੀਖਕ ) ਕਹੋ ਜੀ ਜੀਕਣ ਕੋਟਵਾਲ ਵਾ ਸੈਨਾਪਤੀ ਅਪਣੀ ਫੌਜ ਨੂੰ ਲੈਕੇ ਪੰਗਤ ਬੰਨ੍ਹਕੇ ਫਿਰਾਵੇ ਊਕਣ ਹੀ ਇਨ੍ਹਾਂ ਦਾ ਖੁਦਾ ਹੈ ? ਕੀ ਦੋਜਖ ਨੂੰ ਘੜੇ ਵਾਕਣ ਸਮਝਿਆ ਹੈ ਕਿ ਜਿਸਨੂੰ ਉਠਾਕੇ ਜਿਥੇ ਚਾਹੇ ਓਥੇ ਲੈਜਾਵੇ, ਜੇਕਰ ਇਨਾਂ ਛੋਟਾ ਹੈ ਤਾਂ ਅਸੰਖ ਕੈਦੀ ਓਸ ਵਿਚ ਕੀਕਣ ਸਮਾ ਸਕੱਨਗੇ ? ॥ ੧੫੬ ॥

੧੫੭–ਬਸ ਕਹਿਆ ਸੀ ਵਾਸਤੇ ਉਨ੍ਹਾਂ ਦੇ ਪੈਗੰਬਰ ਖੁਦਾ ਦੇ ਨੇ ਰਖਿਆ ਕਰੋ ਊਠਣੀ ਖੁਦਾ ਦੀ ਨੂੰ, ਅਰ ਪਾਣੀ ਪਿਲਾਣਾ ਓਸਨੂੰ । ਬਸ ਝੁਠਲਾਇਆ ਓਸਨੂੰ ਬਸ ਪੈਰ ਕਟੇ ਓਸਦੇ, ਬਸ ਮਰੀ ਪਾਈ ਉਪਰ ਉਨ੍ਹਾਂ ਦੇ ਰਬ ਉਨ੍ਹਾਂਦੇ ਨੇ ॥ ਮੰ० ੭ ਸਿ० ੩੦ । ਸੂ० । ੯੧ । ਆ० ੧੩ । ੧੪

( ਸਮੀਖਕ ) ਕੀ, ਖੁਦਾ ਬੀ ਊਠਣੀ ਉਤੇ ਚੜ੍ਹਕੇ ਸੈਲ ਕੀਤਾ ਕਰਦਾ ਹੈ? ਨਹੀਤਾਂ ਕਿਸ ਵਾਸਤੇ ਰਖੀ? ਅਰ ਬਿਨਾ ਕੀਆਮਤ ਦੇ ਅਪਣਾ ਨਿਯਮ ਤੋੜਕੇ ਉਨ੍ਹਾਂ ਉਤੇ ਮਰੀ ਰੋਗ ਕਿਉਂ ਪਾਇਆ? ਜੇਕਰ ਮੁਦਿਆ ਤਾਂ ਉਨ੍ਹਾਂ ਨੂੰ ਡੰਡ ਦਿਤਾ, ਫੇਰ ਕੀਆਮਤ ਦੀ ਰਾਤ ਵਿਚ ਨਿਆਂ ਅਰ ਓਸ ਰਾਤ ਦਾ ਹੋਣਾ ਝੂਠ ਸਮਝਿਆ ਜਾਵੇਗਾ । ਏਸ ਊਠਣੀ ਦੇ ਲੇਖ ਥੀਂ ਇਹ ਅਨੁਮਾਨ ਹੁੰਦਾ ਹੈ ਕਿ ਅਰਬ ਦੇਸ਼ ਵਿਚ ਊਠ ਊਠਣੀ ਦੇ ਬਗੈਰ ਦੂਜੀ ਸਵਾਰੀ ਘਟ ਹੁੰਦੀ ਹੈ ਏਸਥੀਂ ਸਿਧ ਹੁੰਦਾ ਹੈ ਕਿ ਕਿਸੇ ਅਰਬ ਦੇਸ਼ ਦੇ ਰਹਣ ਵਾਲੇ ਨੇ ਕੁਰਾਨ ਬਣਾਇਆ ਹੈ ॥ ੧੫੭ ॥

੧੫੮–ਈਕਣ ਜੇ ਰੋਕੇਂਗਾ ਜਰੂਰ ਘਸੀਟਾਂਗੇ ਅਸੀ ਨਾਲ ਵਾਲਾਂ ਮੱਥੇ ਦੇ। ਉਹ ਮੱਥਾ ਕਿ ਝੂਠਾ ਹੈ ਅਰ ਅਪ੍ਰਾਧੀ। ਅਸੀਂ ਬੁਲਾਵਾਂਗੇ ਫਰਿਸਤੇ ਦੋਜਖ ਦੇ ਨੂੰ ॥ ਮੰ० ੭ । ਸ਼ਿ० ੩੦ ਸੂ० ੯੬ । ਆ० ੧੫ । ੧੬ । ੧੮ ॥

( ਸਮੀਖਕ ) ਏਸ ਨੀਚ ਚਪੜਾਸੀਆਂ ਦੇ ਘਸੀਟਣ ਦੇ ਕੰਮ ਤੋਂ ਬੀ ਖੁਦਾ ਨਾ ਬਚਿਆ । ਭਲਾ ਮੱਥਾ ਬੀ ਕਦੀ ਝੂਠਾ ਅਰ ਅਪ੍ਰਾਧੀ ਹੋ ਸਕਦਾ ਹੈ ਬਿਨਾ ਜੀਵਦੇ? ਭਲਾ ਇਹ ਕਦੀ ਖੁਦਾ ਹੋ ਸਕਦਾ ਹੈ ਕਿ ਜੀਕਣ ਜੇਹਲ ਖਾਨੇ ਦੇ ਦਰੋਗੇ ਨੂੰ ਬੁਲਾਵਾ ਭੇਜੇ? ॥ ੧੫੮ ॥

੧੫੯—ਨਿਸਚੇ ਉਤਾਰਿਆ ਅਸਾਂ ਨੇ ਕੁਰਾਂਨ ਨੂੰ ਵਿਚ ਰਾਤ ਕਦਰ ਦੇ। ਅਰ ਕੀ ਜਾਂਨੇ ਤੂੰ ਕੀ ਹੈ ਰਾਤ ਕਦਰ ਦੀ। ਉਤਰਦੇ ਹਨ ਫਰਿਸਤੇ ਅਰ ਪਵਿਤ੍ਰ ਆਤਮਾ ਵਿਚ ਓਸਦੇ ਨਾਲ ਆਗਿਆ ਮਾਲਕ ਅਪਣੇ ਦੀ ਵਾਸਤੇ ਪ੍ਰਤੇਕ ਕੰਮਦੇ ॥ ਮੰ੦ ੭ । ਸਿ੦ ੩੦ । ਸੂ੦ ੯੭ । ਆ੦ ੧ । ੨ । ੪ ॥

( ਸਮੀਖਕ ) ਜੇਕਰ ਇਕ ਹੀ ਰਾਤ ਵਿਚ ਕੁਰਾਂਨ ਉਤਾਰਿਆ ਤਾਂ ਉਹ ਆਇਤ ਅਰਥਾਤ ਓਸ ਸਮੇਂ ਵਿਚ ਉਤਰੀ ਅਰ ਹੌਲੀ ਹੌਲੀ ਉਤਾਰਿਆ ਇਹ ਬਾਤ ਸਚ ਕੀਕਣ ਹੋ ਸਕੇਗੀ ? ਅਰ ਰਾਤ ਹਨੇਰੀ ਹੈ ਏਸ ਵਿਚ ਕੀ ਪੁਛਣਾ ਹੈ, ਅਸੀਂ ਲਿਖ ਆਏ ਹਾਂ ਉਪਰ ਹੇਠਾਂ ਕੁਝ ਬੀ ਨਹੀਂ ਹੋਸਕਦਾ। ਅਰ ਏਥੇ ਲਿਖਦੇ ਹਨ ਕਿ ਫਿਰਿਸ਼ਤੇ ਅਰ ਪਵਿਤ੍ਰ ਆਤਮਾ ਖੁਦਾ ਦੇ ਹੁਕਮ ਨਾਲ ਸੰਸਾਰ ਦੇ ਪ੍ਰਬੰਧ ਕਰਨ ਦੇ ਲਈ ਆਉਂਦੇ ਹਨ, ਏਸ ਤੋਂ ਮਲੂਮ ਹੋਇਆ ਕਿ ਖੁਦਾ ਮਨੁਖੱ ਦੀ ਨਿਆਈਂ ਇਕ ਦੇਸ਼ੀ ਹੈ, ਹੁਣ ਤਿਕ ਡਿਠਾਂ ਸੀ ਕਿ ਖੁਦਾ ਫਰਿਸ਼ਤੇ ਅਰ ਪੈਗੰਬਰ ਤਿਨਾਂ ਦੀ ਕਥਾ ਹੈ, ਹੁਣ ਇਕ ਪਵਿਤ੍ਰ ਆਤਮਾ ਚੌਥੀ ਨਿਕਲ ਪਈ, ਹੁਣ ਨਾ ਜਾਣੀਏ ਇਹ ਚੌਥੀ ਪਵਿਤ੍ਰ ਆਤਮਾ ਕੀ ਹੈ? ਏਹ ਤਾਂ ਈਸਾਈਆਂ ਦੇ ਮਤ ਅਰਥਾਤ ਪਿਉ ਪੁਤ, ਅਰ ਪਵਿਤ੍ਰ ਆਤਮਾ, ਤਿੰਨਾ ਦੇ ਮੰਨਣ ਥੀਂ ਚੌਥਾ ਬੀ ਵਧ ਗਿਆ। ਜੇ ਕਰ ਕਹੋ ਕਿ ਅਸੀਂ ਇਨ੍ਹਾਂ ਤਿੰਨਾਂ ਨੂੰ ਖੁਦਾ ਨਹੀਂ ਮਨਦੇ ਅਜਿਹਾ ਬੀ ਹੋਵੇ ਪ੍ਰੰਤੂ ਜਦ ਪਵਿਤ੍ਰ ਆਤਮਾ ਵਖਰੀ ਹੈ ਤਾਂ ਖੁਦਾ ਫਰਿਸ਼ਤੇ ਅਰ ਪੈਗੰਬਰ ਨੂੰ ਪਵਿਤ੍ਰ ਆਤਮਾ ਕਹਣਾ ਚਾਹੀਏ ਵਾ ਨਹੀਂ? ਜੇਕਰ ਪਵਿਤ੍ਰ ਆਤਮਾ ਹਨ ਤਾਂ ਇਕ ਹੀ ਦਾ ਨਾਮ ਪਵਿਤ੍ਰ ਆਤਮਾ ਕਿਉਂ? ਅਰ ਘੋੜੇ ਆਦੀ ਜਨੌਰ ਰਾਤ ਦਿਨ ਅਰ ਕੁਰਾਂਨ ਆਦੀ ਦੀਆਂ ਖੁਦਾ ਸੌਂਹਾਂ ਖਾਂਦਾ ਹੈ ਸੌਂਹਾਂ ਖਾਣਾ ਭਲੇ ਲੋਕਾਂ ਦਾ ਕੰਮ ਨਹੀਂ ॥ ੧੫੯ ॥

—+:‡++‡:+—

ਹੁਣ ਏਸ ਕੁਰਾਨ ਦੇ ਵਿਸ਼ੇ ਨੂੰ ਲਿਖਕੇ ਬੁਧਵਾਨਾਂ ਦੇ ਅਗੇ ਰਖਦਾ ਹਾਂ (ਦਸਨ)ਕਿ ਇਹ ਗ੍ਰੰਥ ਕਿਹੋ ਜਿਹਾ ਹੈ।ਮੈਨੂੰ ਪੁਛੋ ਤਾਂ ਇਹ ਪੁਸਤਕ ਨਾ ਈਸ਼ੂਰ ਨਾ ਵਿਦਵਾਂਨ ਦੀ ਬਣਾਈ ਅਰ ਨਾ ਵਿਦਿਆ ਦੀ ਹੀ ਹੋ ਸਕਦੀ ਹੈ, ਇਹ ਤਾਂ ਬਹੁਤ ਥੋੜਾ ਜਿਹਾ ਦੋਸ਼ ਪ੍ਰਗਟ ਕੀਤਾ ਏਸ ਲਈ ਕਿ ਲੋਕ ਧੋਖੇ ਵਿਚ ਪੈਕੇ ਅਪਣਾ ਜਨਮ ਵਿਅਰਥ ਨਾ ਗੁਆਂਨ, ਜੋ ਕੁਝ ਏਸ ਵਿਚ ਥੋੜਾ ਜਿਹਾ ਸਤ ਹੈ ਉਹ ਵੇਦ ਆਦੀ ਵਿਦਿਆ ਪੁਸਤਕਾਂ ਦੇ ਅਨਕੂਲ ਹੋਣ ਕਰਕੇ ਜੀਕਣ ਮੈਂ ਨੂੰ ਗ੍ਰਹਣ ਕਰਨੇ ਜੋਗ ਹੈ ਉਕਣ ਹੋਰਨਾ ਮਤਾਂ ਦੇ ਹਠ ਅਰ ਪਖਪਾਤ ਰਹਿਤ ਵਿਦਵਾਨਾਂ ਅਰ ਬੁਧਵਾਨਾਂ ਨੂੰ ਗ੍ਰਹਣ ਕਰਨੇ ਜੋਗ ਹੈ,ਏਸਦੇ ਬਿਨਾ ਜੋ ਕੁਝ

ਏਸ ਵਿਚ ਹੈ ਉਹ ਸਭ ਅਵਿਦਿਆ ਅਰ ਭਰਮ ਜਾਂਨ ਅਰ ਮਨੁਖ ਦੇ ਆਤ-ਮਾ ਨੂੰ ਪਸ਼ੂ ਦੀ ਨਿਆਈਂ ਬਣਾਕੇ ਸ਼ਾਂਤੀ ਭੰਗ ਕਰਾਕੇ ਉਪਦ੍ਰਵ ਮਚਾ ਮਨੁੱਖਾਂ ਵਿਚ ਵੈਰ ਵਧਾ ਇਕ ਦੂਜੇ ਦੇ ਦੁਖ ਦਾ ਵਧਾਣ ਵਾਲਾ ਵਿਸ਼ਾ ਹੈ। ਅਰ ਇਕ ਗਲ ਨੂੰ ਵਾਰ ਵਾਰ ਕਹਣ ਦੇ ਦੋਸ਼ ਨਾਲ ਤਾਂ ਕੁਰਾਂਨ ਜਾਣੋ ਭਰਿਆ ਪਿਆ ਹੈ ॥

ਪਰਮੇਸ਼ੁਰ ਸਭ ਮਨੁਖਾਂ ਉੱਤੇ ਕ੍ਰਿਪਾ ਕਰੇ ਕਿ ਸਾਰਿਆਂ ਨਾਲ ਸਾਰੇ ਪ੍ਰੀਤੀ, ਇਕ ਦੂਜੇ ਨਾਲ ਮੇਲ ਅਰ ਇਕ ਦੂਜੇ ਦੇ ਸੁਖ ਦੀ ਉਨੱਤੀ ਕਰਨ ਵਿਚ ਲਗ ਜਾਂਨ, ਜੀਕਣ ਮੈਂ ਅਪਣਾ ਵਾ ਦੂਜੇ ਮਤ ਮਤਾਂਤ੍ਰਾਂ ਦਾ ਦੋਸ਼ ਪਖ ਪਾਤ ਰਹਤ ਹੋਕੇ ਪ੍ਰਕਾਸ਼ ਕਰਨਾ ਹਾਂ ਇਸੇ ਪ੍ਰਕਾਰ ਜੇਕਰ ਸਭ ਵਿਦਵਾਂਨ ਲੋਕ ਕਰਨ ਤਾਂ ਕੀ ਅਉਖੀ ਗਲ ਹੈ ਕਿ ਇਕ ਦੂਜੇ ਦਾ ਵਿਰੋਧ ਛਡ ਮੇਲ ਹੋਕੇ ਅਨੰਦ ਵਿਚ ਇਕ ਮਤ ਹੋਕੇ ਸਤ ਦੀ ਪ੍ਰਾਪਤੀ ਸਿਧ ਹੋਵੇ। ਇਹ ਥੋੜਾ ਜਿਹਾ ਕੁਰਾਂਨ ਦੇ ਵਿਸ਼ੇ ਵਿਚ ਲਿਖਿਆ ਏਸ ਨੂੰ ਬੁਧਵਾਂਨ ਧਰਮਾਤਮਾ ਲੋਕ ਗ੍ਰੰਥ ਕਰਤਾ ਦੇ ਅਭਿਪ੍ਰਾ ਨੂੰ ਸਮਝਕੇ ਲਾਭ ਲੈਂਨ। ਜੇਕਰ ਕਿਦੇ ਭਰਮ ਨਾਲ ਹੋਰਤਰਾਂ ਦਾ ਲਿਖਿਆ ਗਿਆ ਹੋਵੇ ਤਾਂ ਓਸ ਨੂੰ ਸ਼ੁਧ ਕਰ ਲੈਂਨ।

ਹੁਣ ਇਕ ਬਾਤ ਇਹ ਬਾਕੀ ਹੈ ਕਿ ਬਹੁਤ ਸਾਰੇ ਮੁਸਲਮਾਨ ਅਜਿ-ਹਾ ਕਹਿਆ ਕਰਦੇ ਅਰ ਲਿਖਾ ਵਾ ਛਾਪੇ ਵਿਚ ਛਪਵਾਇਆ ਕਰਦੇ ਹਨ ਕਿ ਸਾਡੇ ਮਤ ਦੀ ਬਾਤ ਅਥਰਬ ਵੇਦ ਵਿਚ ਲਿਖੀ ਹੈ ਏਸ ਦਾ ਇਹ ਉਤ੍ਰ ਹੈ ਕਿ ਅਥਰਬ ਵੇਦ ਵਿਚ ਏਸ ਬਾਤ ਦਾ ਨਾਮ ਨਿਸ਼ਾਨ ਬੀ ਨਹੀਂ ਹੈ ॥

( ਪ੍ਰਸ਼ਨ ) ਕੀ ਤੁਸਾਂ ਨੇ ਸਾਰਾ ਅਥਰਬ ਵੇਦ ਦੇਖਿਆ ਹੈ? ਜੇਕਰ ਵੇਖਿਆ ਹੈ ਤਾਂ ਅੱਲੋਪਨਿਸ਼ਦ ਵੇਖੋ ਇਹ ਸਾਖਿਆਤ ਓਸ ਵਿਚ ਲਿਖੀ ਹੈ ਫੇਰ ਕਿਉਂ ਕਹਿੰਦੇ ਹੋ ਕਿ ਅਥਰਬ ਵੇਦ ਵਿਚ ਮੁਸਲਮਾਨਾਂ ਦਾ ਨਾਮ ਨਿਸ਼ਾਨ ਬੀ ਨਹੀਂ ॥

अथाल्लोपनिषदं व्याख्यास्याम: ॥

अस्माल्लां इल्ले मित्रावरुणा दिव्यानि धत्ते ॥ इल्लल्ले वरुणो राजा पुनर्ददुः ॥ हया मित्रो इल्लां इल्लल्ले इल्लां वरुणो मित्र-स्तेजस्काम: ॥ १ ॥ होतारमिन्द्रो होतारमिन्द्र महासुरिन्द्रा: अल्लाज्येष्ठं श्रेष्ठं परमं पूर्णं ब्रह्माणं अल्लाम् ॥ २ ॥ अल्लोरसूल

महामदरकबरस्य अल्लो अल्लाम् ॥ ३ ॥ आदल्लाबूकमेककम् ॥ अल्लाबूक निखातकम् ॥ ४ ॥ अल्लो यज्ञेन हुतहुत्वा ॥ अल्ला-पूर्य्य चन्द्र सर्व नक्षत्राः ॥ ५ ॥ अल्ला ऋषीणां सर्वदिव्याँ इन्द्राय पूर्वं माया परममन्तरिक्षाः ॥ ६ ॥ अल्लः पृथिव्या अन्तरिक्षं विश्वरूपम् ॥ ७ ॥ इल्लाँ कबर इल्लाँ कबर इल्लाँ इल्लल्लेति इल्लल्लाः ॥ ८ ॥ ओम् अल्ला इल्लल्ला अनादिस्वरूपाय अथर्वणा श्यामा हुं ह्रीं जनानपशूनसिद्धान जलचरान अदृष्टं कुरु कुरु फट ॥ ९ ॥ असुर संहारिणी हुं ह्रीं अल्लोरसूल महमदरकबरस्य अल्लो अल्लाम इल्लल्लेति इल्लल्लाः ॥ १० ॥

इत्यल्लोपनिषत् समाप्ता ॥

ਜੋ ਏਸ ਵਿਚ ਪ੍ਰਤਖ ਮੁਹੱਮਦ ਸਾਹਿਬ ਰਸੂਲ ਲਿਖਿਆ ਹੈ ਏਸ ਥੀਂ ਸਿਧ ਹੁੰਦਾ ਹੈ ਕਿ ਮੁਸਲਮਾਨਾਂ ਦੇ ਮਤਦਾ ਵੇਦ ਵਿਚ ਮੂਲ ਹੈ ॥

( ਉਤ੍ਰ ) ਜੇਕਰ ਤੁਸਾਂ ਨੈ ਅਥਰਬ ਵੇਦ ਨਾ ਵੇਖਿਆ ਹੋਵੇ ਤਾਂ ਸਾਡੇ ਪਾਸ ਆਓ ਆਦ ਥੀਂ ਅੰਤ ਤਿਕ ਵੇਖੋ, ਅਥਵਾ ਕਿਸੇ ਅਥਰਬ ਵੇਦੀ ਦੇ ਪਾਸ ਵੀਹਾਂ ਕਾਂਡਾਂ ਵਾਲੀ ਮੰਤ੍ਰ ਸੰਘਤਾ ਅਥਰਬ ਵੇਦ ਨੂੰ ਵੇਖ ਲੌ ਕਿਧੇ ਅਪਣੇ ਪੈਗੰਬਰ ਸਾਹਿਬ ਦਾ ਨਾਮ ਵਾ ਮਤ ਦਾ ਨਿਸ਼ਾਨ ਨਾ ਵੇਖੋ ਗੇ, ਅਰ ਜੋ ਇਹ ਅੱਲੋਪਨਿਸ਼ਦ ਹੈ ਉਹ ਨਾ ਅਥਰਬ ਵੇਦ ਵਿਚ,ਨਾ ਓਸਦੇ ਗੋਪਥ ਬ੍ਰਾਹਮਣਵਾ ਕਿਸੇ ਸ਼ਾਖਾ ਵਿਚ ਹੈ, ਇਹ ਤਾਂ ਅਕਬਰ ਬਾਦਸ਼ਾਹ ਦੇ ਸਮੇਂ ਵਿਚ ਅਨੁਮਾਨ ਹੈ ਕਿ ਕਿਸੇ ਨੈ ਬਣਾਈ ਹੈ, ਏਸ ਦਾ ਬਣਾਣਵਾਲਾ ਕੁਝ ਅਰਬੀ ਅਰ ਕੁਝ ਸੰਸ-ਕ੍ਰਿਤ ਬੀ ਪੜ੍ਹਿਆ ਹੋਇਆ ਨਜ਼ਰ ਆਉਂਦਾ ਹੈ,ਕਿਉਂਕਿ ਏਸ ਵਿਚ ਅਰਬੀਅਰ ਸੰਸਕ੍ਰਿਤ ਦੇ ਪਦ.ਲਿਖੇ ਹੋਏ ਨਜ਼ਰ ਆਉਂਦੇ ਹਨ ਵੇਖੋ(ਅਸ-ਮਾੱਲਾਂ ਇਲੇ ਮਿਤ੍ਰਾ ਵਰੁਣਾ ਦਿਵ੍ਯਾਨੀ ਧੱਤੇ ) ਇਤਆਦੀ ਵਿਚ ਜੋ ਕਿ ਦਸ ਅੰਕ ਵਿਚ ਲਿਖਿ-ਆ ਹੈ, ਜੀਕਣ ਏਸ ਵਿਚ ( ਅਸ-ਮਾੱਲਾਂ ਅਰ ਇੱਲੇ) ਅਰਬੀ ਅਰ ( ਮਿਤ੍ਰਾ ਵਰੁਣਾ ਦਿੱਵ੍ਯਾਨੀ ਧੱਤੇ )ਏਹ ਸੰਸਕ੍ਰਿਤ ਪਦ ਲਿਖੇ ਹਨ,ਉਕਣ ਹੀ ਸਭ ਥਾਂ ਵੇਖਣ ਵਿਚ ਆਉਂਦੇ ਹਨ, ਏਸ ਕਰਕੇ ਕਿਸੇ ਸੰਸਕ੍ਰਿਤ ਅਰ ਅਰਬੀ ਦੇ ਪੜ੍ਹੇ ਹੋਏ ਨੈ ਬਣਾਈ ਹੈ, ਜੇਕਰ ਇਸਦਾ ਅਰਥ ਵੇਖਿਆ ਜਾਂਦਾ ਹੈ ਤਾਂ ਇਹ ਬ-ਣਾਉਟੀ ਅਯੁਕਤ ਵੇਦ ਅਰ ਵਿਆਕਰਣ ਰੀਤੀ ਦੇ ਵਿਰੁਧ ਹੈ ॥

ਜੀਕਣ ਇਹ ਉਪਨਿਸ਼ਦ ਬਣਾਈ ਹੈ ਉਕਣ ਬਹੁਤ ਸਾਰੀਆਂ ਉਪ-ਨਿਸ਼ਦਾਂ ਮਤ ਮਤਾਂਤ੍ਰਾਂ ਵਾਲੇ ਪਖ ਪਾਤੀਆਂ ਨੈ ਬਣਾ ਲੀਤੀਆਂ ਹਨ, ਜੀ-

ਕਣ ਸੂਰੋਉਪਨਿਸ਼ਦ, ਨ੍ਰਿਸ਼ਿੰਘਤਾਪਨੀ, ਰਾਮਤਾਪਨੀ, ਗੋਪਾਲਤਾਪਨੀ ਬਹੁਤ ਸਾਰੀਆਂ ਬਣਾ ਲਈਆਂ ਹਨ।

( ਪ੍ਰਸ਼ਨ ) ਅਜ ਤਿਕ ਕਿਸੇ ਨੇ ਅਜਿਹਾ ਨਹੀਂ ਕਹਿਆ,ਹੁਣ ਤੁਸੀ ਕਹਿੰਦੇ ਹੋ ਅਸੀਂ ਤੁਹਾਡੀ ਬਾਤ ਕੀਕਣ ਮਨੀਏਂ॥

( ਉਤ੍ਰ ) ਤੁਹਾਡੇ ਮੰਨਣ ਵਾ ਨਾ ਮਨੰਣ ਨਾਲ ਸਾਡੀ ਬਾਤ ਝੂਠੀ ਨਹੀਂ ਹੋ ਸਕਦੀ ਹੈ ਜਿਸ ਪ੍ਰਕਾਰ ਮੈਨੇ ਏਸ ਨੂੰ ਅਯੁਕਤ ਠਹਿਰਾਇਆ ਹੈ ਉਸੇਤਰਾਂ ਜਦ ਤੁਸੀਂ ਅਥਰਬ ਵੇਦ, ਗੋਪਥ ਵਾ ਏਸਦੀ ਸ਼ਾਖਾਂ ਬੀਂ ਪੁਰਾਣੀਆਂ ਲਿਖੀਆਂ ਹੋਈਆਂ ਪੁਸਤਕਾਂ ਵਿਚ ਸਰ ਮੁਚ ਲੇਖ ਦਸੋ ਅਰ ਅਰਥ ਸੰਗਤੀ ਨਾਲ ਬੀ ਸ਼ੁਧ ਕਰੋ ਤਦ ਤਾਂ ਪ੍ਰਮਾਣ ਵਾਲੀ ਗਲ ਹੋ ਸਕਦੀ ਹੈ।

( ਪ੍ਰਸ਼ਨ ) ਵੇਖੋ ਸਾਡਾ ਮਤ ਕਿਹਾ ਚੰਗਾ ਹੈ ਕਿ ਜਿਸ ਵਿਚ ਸਭ ਪ੍ਰਕਾਰ ਦਾ ਸੁਖ ਅਰ ਅੰਤ ਨੂੰ ਮੁਕਤੀ ਹੁੰਦੀ ਹੈ॥

( ਉਤ੍ਰ ) ਈਕਣ ਹੀ ਆਪੋ ਅਪਣੇ ਮਤ ਵਾਲੇ ਸਭ ਕਹਿੰਦੇ ਹਨ ਕਿ ਸਾਡਾ ਹੀ ਮਤ ਚੰਗਾ ਹੈ ਬਾਕੀ ਸਭ ਮੰਦੇ, ਬਿਨਾ ਸਾਡੇ ਮਤ ਦੇ ਦੂਜੇ ਮਤ ਵਿਚ ਮੁਕਤੀ ਨਹੀਂ ਹੋਸਕਦੀ,ਹੁਣ ਅਸੀਂ ਤੁਹਾਡੀ ਬਾਤ ਨੂੰ ਸੱਚਾ ਮਨੀਏਂ ਵਾ ਉਨ੍ਹਾਂ ਦੀ?ਅਸੀਂ ਤਾਂ ਇਹੋ ਮਨਦੇ ਹਾਂ ਕਿ ਸਚਬੋਲਣਾ,ਅਹਿੰਸਾ,ਦਇਆ ਆਦੀ ਸ਼ੁਭ ਗੁਣ ਸਭ ਮੱਤਾਂ ਵਿਚ ਅੱਛੇ ਹਨ,ਅਰ ਬਾਕੀ ਬਾਦ, ਬਿਬਾਦ, ਈਰਖਾ, ਦੁਏਸ਼, ਝੂਠ, ਬੋਲਣਾ ਆਦੀ ਕਰਮ ਸਭ ਮਤਾਂ ਵਿਚ ਬੁਰੇ ਹਨ ਜੇਕਰ ਤੁਹਾਨੂੰ ਸਚੇ ਮਤ ਦੇ ਗ੍ਰਹਣ ਕਰਨ ਦੀ ਇਛਿਆ ਹੋਵੇ ਤਾਂ ਵੇਦ ਮਤ ਨੂੰ ਗ੍ਰਹਣ ਕਰੋ।

ਏਸ ਤੋਂ ਅਗੇ ਅਪਣੇ ਮੰਤਵ ਅਮੰਤਵ ਦਾ ਪ੍ਰਕਾਸ਼ ਸੰਖੇਪ ਨਾਲ ਲਿਖਿਆ ਜਾਵੇਗਾ।

इति श्री मद्दयानन्द सरस्वती स्वामि कृते सत्यार्थप्रकाशे सुभाषा विभूषिते यवन मतविषये चतुर्दशः समुल्लासः संपूर्णः ॥ १४ ॥

ओ३म्

स्वमन्तव्यामन्तव्यप्रकाशः ॥

# ਅਪਣੇ ਮੰਤਵ ਅਮੰਤਵ ਦਾ ਪ੍ਰਕਾਸ਼ ॥

ਸਰਬ ਤ੍ਰੈਤ੍ਰ ਸਿਧਾਂਤ ਅਰਥਾਤ ਸਾਮ੍ਰਾਜਜ ਸਾਰਬ ਜਨਕ ਧਰਮ ਜਿਸਨੂੰ ਸਦਾ ਥੀਂ ਸਭ ਮਨਦੇ ਆਏ, ਮਨਦ ਹਨ, ਅਰ ਮਨਨਗੇ ਬੀ, ਏਸ ਲਈ ਓਸ ਨੂੰ ਸਨਾਤਨ ਨਿਤ ਧਰਮ ਕਹਿੰਦੇ ਹਨ ਕਿ ਜਿਸਦਾ ਵਿਰੋਧੀ ਕੋਈ ਬੀ ਨਾ ਹੋ ਸਕੇ, ਜੇਕਰ ਅਵਿਦਿਆ ਵਾਲੇ ਮਨੁਖ ਅਥਵਾ ਕਿਸੇ ਮਤਵਾਲੇ ਦੇ ਭਰਮਾਏ ਲੋਕ ਜਿਸ ਨੂੰ ਹੋਰ ਤਰਾਂ ਜਾਣਨ ਵਾ ਮਨਨ ਓਸਦਾ ਸ੍ਵੀਕਾਰ ਕੋਈ ਬੀ ਬੁ-ਧਵਾਂਨ ਨਹੀਂ ਕਰਦੇ, ਕਿੰਤੂ ਜਿਨ੍ਹਨੂੰ ਆਪਤ ਅਰਥਾਤ ਸਤਮਾਨੀ, ਸਤਬਾਦੀ, ਸਤਕਾਰੀ, ਪਰਉਪਕਾਰੀ, ਪਖਪਾਤ ਰਹਤ ਵਿਦਵਾਂਨ ਮਨਦੇ ਹਨ ਉਹੋ ਸਭ ਨੂੰ ਮੱਨਣ ਜੋਗ ਅਰ ਜਿਸਨੂੰ ਨਹੀਂ ਮਨਦੇ ਉਹ ਨਾ ਮਨੱਣ ਦੇ ਜੋਗ ਹੋਣ ਥੀਂ ਪਰਮਾਣ ਦੇ ਜੋਗ ਨਹੀਂ ਹੁੰਦਾ ॥

ਹੁਣ ਜੋ ਵੇਦ ਆਦੀ ਸਤ ਸ਼ਾਸਤ੍ਰ ਅਰ ਬ੍ਰਹਮਾ ਥੀਂ ਲੈਕੇ ਜੈਮਨੀ ਮੁਨੀ ਪ੍ਰਜੰਤਾਂ ਦੇ ਮਨੇ ਹੋਏ ਈਸ਼੍ਵਰ ਆਦੀ ਪਦਾਰਥ ਹਨ ਜਿਨ੍ਹਾਂ ਨੂੰ ਕਿ ਮੈਂ ਬੀ ਮਨਦਾ ਹਾਂ ਸਭ ਸੱਜਨ ਮਹਾਸ਼ਿਆਂ ਦੇ ਸਾਮਣੇ ਪ੍ਰਕਾਸ਼ ਕਰਨਾ ਹਾਂ ॥

ਮੈਂ ਅਪਣਾ ਮੰਤਵ ਉਸੇਨੂੰ ਜਾਣਦਾ ਹਾਂ ਕਿ ਜੋ ਤਿੱਨਕਾਲ ਵਿਚ ਸਭਨੂੰ ਇਕੋਜਿਹਾ ਮੱਨਣ ਦੇ ਜੋਗ ਹੈ, ਮੇਰਾ ਕੋਈ ਨਵੀਂਨ ਕਲਪਣਾ (ਘ-ੜੰਤ) ਵਾ ਮਤ ਮਤਾਂਤ੍ਰ ਚਲਾਣ ਦਾ ਲੇਸ਼ ਮਾਤ੍ਰ ਬੀ ਅਭਿਪ੍ਰਾ ਨਹੀ ਹੈ ਕਿੰਤੂ

ਜੋ ਸਤ ਹੈ ਓਸਨੂੰ ਮਨਣਾ ਮਨਵਾਣਾ, ਅਰ ਜੋ ਅਸਤ ਹੈ ਓਸਨੂੰ ਛੱਡਣ ਅਰ ਛੁਡਾਣ ਦੀ ਮੈਨੂੰ ਚਾਹ ਹੈ, ਜੇਕਰ ਮੈਂ ਪਖਪਾਤ ਕਰਦਾ ਤਾਂ ਆਰਯਾ ਵਰਤ ਦੇ ਪ੍ਰਚਲਤ ਮੱਤਾਂ ਵਿਚੋਂ ਕਿਸੇ ਇਕ ਮਤ ਨੂੰ ਲੈਕੇ ਹਠ ਕਰਦਾ, ਕਿੰਤੂ ਜੋ ਜੋ ਆਰਯਾਵਰਤ ਵਾ ਹੋਰ ਦੇਸਾਂ ਵਿਚ ਅਧਰਮ ਜੁਗਤ ਚਾਲ ਚਲਨ ਹੈ ਓਸਦਾ ਸ੍ਵੀਕਾਰ, ਅਰ ਜੋ ਧਰਮ ਜੁਕਤ ਬਾਤਾਂ ਹਨ ਉਨ੍ਹਾਂਦਾ ਤਿਆਗ ਨਹੀਂ ਕਰਦਾ, ਨਾ ਕਰਨਾ ਚਾਹਨਾ ਹਾਂ, ਕਿਉਂਕਿ ਅਜਿਹਾ ਕਰਨਾ ਮਨੁਖਪਣੇ ਤੋਂ ਬਾਹਿਰ ਹੈ।

ਮਨੁਖ ਉਸੇਨੂੰ ਕਹਣਾ ਕਿ ਵਿਚਾਰਵਾਨ ਹੋਕੇ ਅਪਣੇ ਆਤਮਾ ਦੀ ਨਿਆਈਂ ਹੋਰਨਾ ਦੇ ਸੁਖ, ਦੁਖ ਅਰ ਹਾਨੀ, ਲਾਭ ਨੂੰ ਸਮਝੇ, ਅਨਿਆਂ ਕਾਰੀ ਬਲਵਾਨ ਤੋਂ ਬੀ ਨਾ ਡਰੇ, ਅਰ ਧਰਮਾਤਮਾ ਨਿਰਬਲ ਤੋਂ ਬੀ ਡਰਦਾ ਰਹੇ। ਇਨਾ ਹੀ ਨਹੀਂ ਕਿੰਤੂ ਅਪਣੇ ਸਰਬ ਸਮਰੱਥ ਨਾਲ ਧਰਮਾਤਮਾ ਲੋਕਾਂ ਦੀ ਭਾਵੇਂ ਉਹ ਮਹਾਂ ਅਨਾਥ ਨਿਰਬਲ ਅਰ ਗੁਣ ਰਹਤ ਕਿਉਂ ਨਾ ਹੋਂਨ ਉਨ੍ਹਾਂ ਦੀ ਰਖਿਆ ਵਾਧਾ ਪਿਆਰ ਨਾਲ ਵਰਤਣਾ, ਅਰ ਅਧਰਮੀ ਭਾਵੇਂ ਚਕ੍ਰਵਰਤੀ, ਸਨਾਥ, ਮਹਾਂ ਬਲਵਾਂਨ ਅਰ ਗੁਣਵਾਂਨ ਬੀ ਹੋਵੇ ਤਾਂ ਬੀ ਓਸਦਾ ਨਾਸ਼, ਹਾਨੀ, ਅਰ ਅਪ੍ਰਿਯਾਚਰਣ, ਸਦਾ ਕੀਤਾ ਕਰੇ ਅਰਥਾਤ ਜਿੱਥੋਂ ਤਿਕ ਹੋ ਸੱਕੇ ਉਥੋਂ ਤਿਕ ਅਨਿਆਂ ਕਾਰਿਆਂ ਦੇ ਬਲ ਦੀ ਹਾਨੀ ਅਰ ਨਿਆਂਕਾਰੀ-ਆਂ ਦੇ ਬਲ ਦੀ ਉਨਤੀ ਸਰਬਥਾ ਕੀਤਾ ਕਰੇ। ਏਸ ਕੰਮ ਵਿਚ ਭਾਵੇਂ ਓਸਨੂੰ ਕਿੰਨਾ ਹੀ ਡਾਢਾ ਦੁਖ ਪ੍ਰਾਪਤ ਹੋਵੇ, ਭਾਵੇਂ ਪ੍ਰਾਣ ਬੀ ਨਿਕਲ ਜਾਂਨ ਪ੍ਰੰਤੂ ਏਸ ਮਨੁੱਖ ਪਨ ਰੂਪੀ ਧਰਮ ਤੋਂ ਪਰੇ ਕਦੀ ਨਾ ਹੋਵੇ, ਏਸ ਵਿਚ ਸ੍ਰੀਮਾਂਨ ਮਹਾਂ ਰਾਜਾ ਭਰਥਰੀ ਹਰੀ ਜੀ ਆਦੀ ਨੇ ਸ਼ਲੋਕ ਕਹੇ ਹਨ ਉਨ੍ਹਾਂ ਦਾ ਲਿਖਣਾ ਲਾਭਕਾਰੀ ਸਮਝਕੇ ਲਿਖਨਾ ਹਾਂ:—

*निन्दन्तु नीतिनिपुणा, यदि वा स्तुवन्तु
लक्ष्मीः समाविशतु गच्छतु वा यथेष्टम् ।
अद्यैव वा मरणमस्तु युगान्तरे वा
न्याय्यात्पथः प्रविचलन्ति पदं न धीराः ॥ १ ॥ भर्तृहरिः
न जातु कामान्न भयान्न लोभाद्
धर्मं त्यजेज्जीवितस्यापि हेतोः ।
धर्मो नित्यः सुखदुःखे त्वनित्ये
जीवो नित्यो हेतुरस्य त्वनित्यः ॥ २ ॥ महाभारते ।
एक एव सुहृद्धर्मो निधनेऽप्यनुयाति यः ।
शरीरेण समं नाशं सर्वमन्यद्धि गच्छति ॥ ३ ॥ मनुः ।
सत्यमेव जयते नानृतं सत्येन पन्था विततो देवयानः ।

येनाक्रमन्त्यृषयो ह्याप्तकामा यत्र तत्सत्यस्य परमं निधानम् ॥ ४ ॥
नहि सत्यात्परो धर्मो नानृतात्पातकं परम् ।
नहि सत्यात्परं ज्ञानं तस्मात् सत्यं समाचरेत् ॥ ५ ॥ उ० नि०

---

* ਨੋਟ–ਇਨ੍ਹਾਂ ਸੰਸਕ੍ਰਿਤ ਸ਼ਲੋਕਾਂ ਦਾ ਅਰਥ ਇਹ ਹੈ ॥

" ਸਭ ਮਨੁੱਖਾਂ ਨੂੰ ਇਹ ਨਿਸਚੇ ਜਾਣਨਾ ਚਾਹੀਏ ਕਿ ਭਾਵੇਂ ਸੰਸਾਰੀ ਅਪਣੇ ਮਤਬਲ ਦੀ ਨੀਤੀ ਵਿਚ ਵਰਤਣ ਵਾਲੇ ਚਤੁਰਪੁਰਖ ਨਿੰਦਿਆ ਕਰਨ, ਭਾਵੇਂ ਉਸਤਤ ਕਰਨ, ਲਖਮੀ ਪ੍ਰਾਪਤ ਹੋਵੇ ਭਾਵੇਂ ਨਸ਼ਟ ਹੋ ਜਾਵੇ ਅੱਜ ਹੀ ਮਰਨਾ ਹੋਵੇ, ਭਾਵੇਂ ਵਰ੍ਹਿਆਂ ਪਿਛੋਂ ਮੌਤ ਆਵੇ ਤਾਂਬੀ ਜੋ ਮਨੁਖ ਧਰਮ ਜੁਗਤ ਮਾਰਗ ਥੀਂ ਇਕ ਕਦਮ ਬੀ ਵਿਰੁਧ ਨਹੀਂ ਚਲਦੇ ਉਹੋ ਹੀ ਧੀਰਪੁਰਸ਼ ਧਨ ਹਨ" ( ਭੁਰਥਰੀ ਹਰੀ )

" ਮਨੁੱਖਾਂ ਨੂੰ ਜੋਗ ਹੈ ਕਿ ਕਾਮ ਥੀਂ ਅਰਥਾਤ ਝੂਠ ਨਾਲ ਕਾਮਨਾ ਸਿਧ ਹੋਣ ਦੇ ਕਾਰਣ ਵਾ ਨਿੰਦਿਆ ਉਸਤਤ ਆਦੀ ਦੇ ਭੈ ਥੀਂ ਬੀ ਧਰਮ ਦਾ ਤਿਆਗ ਕਦੀ ਨਾ ਕਰਨ, ਅਰ ਨਾ ਲੋਭ ਥੀਂ ਭਾਵੇਂ ਝੂਠੇ ਅਧਰਮ ਥੀਂ ਚਕ੍ਰਵਰਤੀ ਰਾਜ ਬੀ ਮਿਲਦਾ ਹੋਵੇ ਤਥਾਪੀ ਧਰਮ ਨੂੰ ਛਡਕੇ ਚਕ੍ਰਵਰਤੀ ਰਾਜ ਨੂੰ ਬੀ ਗ੍ਰਹਣ ਨਾ ਕਰਨ, ਭਾਵੇਂ ਭੋਜਨ ਕਪੜਾ ਜਲਪਾਨ ਆਦੀ ਦੀ ਜੀਉਕਾ ਬੀ ਅਧਰਮ ਨਾਲ ਹੋਸਕੇ, ਭਾਵੇਂ ਪ੍ਰਾਣ ਜਾਂਦੇ ਹੋਣ ਪ੍ਰੰਤੂ ਜੀਉਕਾ ਦੇ ਲਈ ਬੀ ਧਰਮ ਨੂੰ ਕਦੀ ਨਾ ਛਡਨ, ਕਿਉਂਕਿ ਜੀਵ ਅਰ ਧਰਮ ਨਿਤ ਹਨ, ਤਥਾ ਸੁਖ ਦੁਖ ਦੋਨੋਂ ਅਨਿਤ ਹਨ, ਅਨਿਤ ਦੇ ਲਈ ਨਿਤ ਦਾ ਛਡਣਾ ਅਤਯੰਤ ਦੁਸਟ ਕਰਮ ਹੈ, ਏਸ ਧਰਮ ਦਾ ਹੇਤੂ ਕਿ ਜਿਸ ਸ਼ਰੀਰ ਆਦੀ ਨਾਲ ਧਰਮ ਹੁੰਦਾ ਹੈ ਉਹਬੀ ਅਨਿਤ ਹੈ, ਧੰਨ ਉਹ ਮਨੁਖ ਹਨ ਜੋ ਅਨਿਤ ਸ਼ਰੀਰ ਅਰ ਸੁਖ ਦੁਖ ਆਦੀ ਦੇ ਵਿਹਾਰ ਵਿਚ ਪੈਕੇ ਨਿਤ ਧਰਮ ਦਾ ਤਿਆਗ ਕਦੀ ਨਹੀ ਕਰਦੇ" ( ਮਹਾਂਭਾਰਤ ) ਇਕ ਅਕੱਲਾ ਪਿਆਰਾ ਧਰਮ ਹੀ ਹੈ ਜੋ ਮਰਣਤੇ ਬੀ ਸੰਗ ਜਾਂਦਾ ਹੈ, ਸ਼ਰੀਰ ਦੇ ਨਾਸ਼ ਹੋਣ ਉਤੇ ਹੋਰ ਸਭ ਚੀਜਾਂ ਸੰਗੀਆਂ ਦਾ ਨਾਸ਼ ਹੋ ਜਾਂਦਾ ਹੈ। ( ਮਨੂ )ਸਤ ਦੀਹੀ ਜਿਤ ਹੁੰਦੀਹੈ ਝੂਠਦੀ ਨਹੀ,ਵਿਦਵਾਨਾਂ ਦਾ ਮਾਰਗ ਸਤ ਕਰਕੇ ਹੀ ਵਿਸਤ੍ਰਿਤ ਹੁੰਦਾ ਹੈ, ਜਿਸਕਰਕੇ ਪ੍ਰਾਪਤ ਹੋਣਦੀ ਇਛਿਆਵਾਲੇ ਰਿਸ਼ੀ ਲੋਕ ਪਾਪਤ ਹੁੰਦੇ ਹਨ, ਜਿਥੇ ਉਹ ਪ੍ਰਾਪਤ ਹੁੰਦੇ ਹਨ ਉਥੇ ਹੀ ਸਤਦਾ ਪਰਮ ਆਸ਼੍ਰਾ ਹੈ ਸਤ ਤੋਂ ਪਰੇ ਕੋਈ ਧਰਮ ਨਹੀ ਨਾ ਝੂਠ ਤੋਂ ਪਰੇ ਕੋਈ ਵਡਾ ਪਾਪ ਹੈ ਨਾ ਸਤ ਤੋਂ ਪਰੇ ਕੋਈ ਗਿਆਨ ਹੈ,ਏਸਲਈ ਸਤ ਦਾ ਹੀ ਆਚਰਣ ਕਰਨਾ ਚਾਹੀਏ। ( ਅਨੁਵਾਦ ਕਰਤਾ )

ਇਨ੍ਹਾਂ ਹੀ ਮਹਾਸ਼ਿਆਂ ਦੇ ਸ਼ਲੋਕਾਂ ਦੇ ਅਭਿਪ੍ਰਾ ਦੇ ਅਨੁਕੂਲ ਸਭ ਨੂੰ ਨਿਸਚਾ ਰਖਣਾ ਜੋਗ ਹੈ ।

ਹੁਣ ਮੈਂ ਜਿਨ੍ਹਾਂ੨ਪਦਾਰਥਾਂ ਨੂੰ ਜਿਹਾ ੨ ਮਨਨਾ ਹਾਂ ਉਨ੍ਹਾਂ੨ ਦਾ ਵਰ-ਣਨ ਸੰਖੇਪ ਨਾਲ ਏਥੇ ਕਰਨਾ ਹਾਂ ਜਿਨ੍ਹਾਂ ਦਾ ਵਸ਼ੇਸ਼ਵਖਿਆਨ ਏਸ ਗ੍ਰੰਥਵਿਚ ਅਪਣੇ ੨ ਪ੍ਰਕਰਣ ਵਿਚ ਕਰ ਦਿੱਤਾ ਹੈ, ਇਨ੍ਹਾਂ ਵਿਚੋਂ:-

੧-ਪ੍ਰਥਮ 'ਈਸ਼੍ਵਰ' ਕਿ ਜਿਸਦੇ ਬ੍ਰਹਮ, ਪ੍ਰਮਾਤਮਾ ਆਦੀ ਨਾਮ ਹਨ, ਜੋ ਸੱਚਿਦਾਨੰਦ ਆਦੀ ਲਖਣਾ ਵਾਲਾ ਹੈ, ਜਿਸਦ ਗੁਣ, ਕਰਮ, ਸੁਭਾਵ ਪ-ਵਿਤ੍ਰ ਹਨ, ਜੋਸਰਬੱਗ, ਨਿਰਾਕਾਰ, ਸਰਬ ਵਿਆਪਕ, ਅਜਨਮਾ, ਅਨੰਤ ਸਰਬ ਸ਼ਕਤੀ ਮਾਨ, ਦਇਆਲੂ, ਨਿਆਕਾਰੀ, ਸਭ ਸ੍ਰਿਸਟੀ ਦਾ ਕਰਤਾ, ਧਰਤਾ, ਹਰਤਾ,ਸਭ ਜੀਵਾਂ ਦੇ ਕਰਮ ਅਨੁਸਾਰ ਸੱਚੇ ਨਿਆਂ ਦੁਆਰਾ ਫਲ ਦਾ ਦੇਣ ਵਾਲਾ ਆਦੀ ਲੱਖਣ ਜੁਕਤ ਹੈ ਉਸੇ ਨੂੰ ਪਰਮੇਸ਼੍ਵਰ ਮਨਦਾ ਹਾਂ ।

੨-ਚਹੁੰ'ਵੇਦਾਂ' ( ਵਿਦਿਆ ਧਰਮ ਯੁਕਤ ਈਸ਼੍ਵਰ ਪ੍ਰਣੀਤ ਸੰਘਤਾ ਮੰਤ੍ਰ ) ਨੂੰ ਨਿਰ ਭ੍ਰਾਂਤ ਸ੍ਵਤਃ ਪ੍ਰਮਾਣ ਮਨਨਾ ਹਾਂ, ਉਹ ਆਪ ਪ੍ਰਮਾਣ ਰੂਪ ਹਨ ਕਿ ਜਿਨ੍ਹਾਂ ਦੇ ਪ੍ਰਮਾਣ ਹੋਣ ਵਿਚ ਕਿਸੇ ਹੋਰ ਗ੍ਰੰਥ ਦੀ ਲੋੜ ਨਹੀਂ, ਜੀ-ਕਣ ਸੂਰਜ ਵਾ ਦੀਪਕ ਅਪਣੇ ਸਰੂਪ ਦੇ ਆਪ ਪ੍ਰਕਾਸ਼ਕਰਨ ਵਾਲੇ ਅਰਪ੍ਰਿ-ਥਵੀ ਆਦੀ ਦੇ ਬੀ ਆਪ ਪ੍ਰਕਾਸ਼ ਕਰਨ ਵਾਲੇ ਹੁੰਦੇ ਹਨ ਉਕਣ ਚਾਰੇਵੇਦਹਨ, ਅਰ ਚਹੁੰ ਵੇਦਾਂ ਦੇ ਬ੍ਰਾਹਮਣ, ਛੀ ਅੰਗ,ਛੀ ਉਪਾਂਗ, ਚਾਰ ਉਪਵੇਦ੧੧੨੭ (ਯਾਰਾਂ ਸੈ ਸਤਾਈ)ਵੇਦਾਂ ਦੀਆਂ ਸ਼ਾਖਾਂ ਜੋ ਕਿ ਵੇਦਾਂ ਦੇ ਵਿਆਖਿਆਨ ਰੂਪ ਬ੍ਰਹਮਾ ਆਦੀ ਮਹਾਂ ਰਿਖੀਆਂ ਦੇ ਬਣਾਏ ਗ੍ਰੰਥ ਹਨ ਉਨ੍ਹਾਂ ਨੂੰ ਪ੍ਰਤੇ ਪ੍ਰਮਾਣ ਅਰਥਾਤ ਵੇਦਾਂ ਦੇ ਅਨੁਕੂਲ ਹੋਣ ਥੀਂ ਪ੍ਰਮਾਣ ਅਰ ਜੋ ਇਨ੍ਹਾਂ ਵਿਚ ਵੇਦ ਵਿਰੁਧ ਬਚਨ ਹਨ ਉਨ੍ਹਾਂ ਦਾ ਪ੍ਰਮਾਣ ਨਹੀਂ ਕਰਦਾ ਹਾਂ ॥

੩-ਜੋ ਪਖਪਾਤ ਰਹਤ, ਨਿਆਇਆਚਰਣ, ਸਤ ਭਾਸ਼ਣ ਆਦੀ ਜੁਕਤ ਈਸ਼੍ਵਰ ਆਗਿਆ ਵੇਦਾਂ ਤੋਂ ਅਵਿਰੁਧ ਹੈ ਓਸਨੂੰ ਧਰਮ, ਅਰ ਜੋ ਪਖ ਪਾਤ ਸਹਤ ਅਨਿਆਇ ਆਚਰਣ ਮਿਥਿਆ ਭਾਸ਼ਣ ਆਦੀ ਈਸ਼੍ਵਰ ਆਗਿਆ ਭੰਗ ਵੇਦ ਵਿਰੁਧ ਹੈ, ਓਸਨੂੰ 'ਅਧਰਮ' ਮਨਨਾ ਹਾਂ ॥

੪-ਜੋ ਇਛਿਆ, ਦ੍ਵੇਸ਼, ਸੁਖ, ਦੁਖ ਅਰ ਗਿਆਨ ਆਦੀ ਗੁਣ ਜੁਕਤ, ਅਲੱਪਗ ਨਿਤ ਹੈ ਉਸੇ ਨੂੰ ਜੀਵ ਮਨਦਾ ਹਾਂ ॥

੫-ਜੀਵ ਅਰ ਈਸ਼੍ਵਰ ਸ੍ਵਰੂਪ ਅਰ ਵੈਧਰਮ ਥੀਂ ਭਿੰਨ ਅਰ ਵਿਆਪ, ਵਿਆਪਕ, ਅਰ ਸਾਧਰਮ ਥੀਂ ਅਭਿੰਨ ਹਨ ਅਰਥਾਤ ਜੀਕਣ ਅਕਾਸ਼ ਤੋਂ ਮੂਰਤੀ ਮਾਨ ਦ੍ਰਬ ਕਦੀ ਭਿੰਨ ਨਾ ਸੀ, ਨਾ ਹੈ, ਨਾ ਹੋਵੇਗਾ, ਅਰ ਨਾ ਕਦੀ ਇਕਸੀ, ਨਾ ਹੈ, ਨਾ ਹੋਵੇਗਾ, ਇਸੇ ਤਰਾਂ ਪਰਮੇਸ਼੍ਵਰ ਅਰ ਜੀਵ ਨੂੰ ਵਿਆਪ, ਵਿਆਪਕ, ਉਪਾਸ੍ਯ, ਉਪਾਸ਼ਕ, ਅਰ ਪਿਤਾ, ਪੁਤ੍ਰ ਆਦੀ ਸੰਬੰਧ ਜੁਕਤ

ਮਨਦਾ ਹਾਂ ॥

੬–'ਅਨਾਦੀ ਪਦਾਰਥ' ਤਿੰਨ ਹਨ ਇਕ ਈਸ਼੍ਵਰ੨ ਦੂਜਾ ਜੀਵ੩ਤੀਜੀ ਪ੍ਰਕ੍ਰਿਤੀ ਅਰਥਾਤ ਜਗਤ ਦਾ ਕਾਰਣ ਇਨ੍ਹਾਂ ਨੂੰ ਨਿਤ ਬੀ ਕਹਿੰਦੇ ਹਨ। ਜੋ ਨਿਤ ਪਦਾਰਥ ਹਨ ਉਨ੍ਹਾਂ ਦੇ ਗੁਣ, ਕਰਮ ਸੁਭਾਵ ਵੀ ਨਿਤ ਹਨ।

੭–ਪ੍ਰਵਾਹ ਤੋਂ ਅਨਾਦੀ'ਜੋ ਸੰਜੋਗ ਬੀਂ ਦ੍ਰਬ ਗੁਣ ਕਰਮ ਉਤਪੰਨ ਹੁੰਦੇ ਹਨ ਉਹ ਵਿੰਜੋਗ ਦੇ ਪਿਛੇ ਨਹੀਂ ਰਹਿੰਦੇ, ਪ੍ਰੰਤੂ ਜਿਸ ਥੀਂ ਪਹਲੋਂ ਸੰਜੋਗ ਹੁੰਦਾ ਹੈ ਉਹ ਸਮ੍ਰੱਥ ਉਨ੍ਹਾਂ ਵਿਚ ਅਨਾਦੀ ਹੈ,ਅਰ ਓਸ ਥੀਂ ਫਿਰਬੀ ਸੰਜੋਗ ਹੋਵੇਗਾ ਤਥਾ ਵਿੰਜੋਗ ਬੀ, ਇਨ੍ਹਾਂ ਤਿੰਨਾਂ ਨੂੰ ਪ੍ਰਵਾਹ ਤੋਂ ਅਨਾਦੀ ਮਨਦਾ ਹਾਂ ॥

੮–'ਸ੍ਰਿਸ਼ਟੀ' ਓਸਨੂੰ ਕਹਿੰਦੇ ਹਨ ਜੋ ਵਖੋ ਵਖਰੇ ਦ੍ਰਬਾਂ ਦਾ ਗਿਆਂਨ ਯੁਕਤੀ ਪੂਰਬਕ ਮੇਲ ਹੋਕੇ ਨਾਨਾ ਰੂਪ ਬਣਨਾ॥

੯–'ਸ੍ਰਿਸ਼ਟੀ ਦਾ ਪ੍ਰਯੋਜਨ' ਇਹੀ ਹੈ ਕਿ ਜਿਸ ਵਿਚ ਈਸ਼੍ਵਰ ਦੇ ਸ੍ਰਿਸ਼ਟੀ ਨਮਿਤ ਗੁਣ,ਕਰਮ,ਸੁਭਾਵ ਦਾ ਸਫਲ ਹੋਣਾ, ਜੀਕਣ ਕਿਸੇ ਨੈਕਿਸੀ ਨੂੰ ਪੁਛਿਆ ਕਿ ਅਖੱਾਂ ਕਿਸ ਵਾਸਤੇ ਹਨ ਓਸਨੈ ਕਹਿਆ ਵੇਖਣ ਦੇ ਲਈ, ਊਕਣ ਹੀ ਸ੍ਰਿਸ਼ਟੀ ਕਰਨ ਦੇ ਈਸ਼੍ਵਰ ਦੇ ਸਮ੍ਰੱਥ ਦੀ ਸਫਲਤਾ ਸ੍ਰਿਸ਼ਟੀ ਕਰਨ ਵਿਚ ਹੈ ਅਰ ਜੀਵਾਂ ਦੇ ਕਰਮਾਂ ਦਾ ਜਥਾਵਤ ਭੋਗ ਕਰਨਾ ਆਦੀ ਬੀ ॥

੧੦–'ਸ੍ਰਿਸ਼ਟੀ ਸਕਰਤ੍ਰਿਕ' ਹੈ, ਏਸਦਾ ਕਰਤਾ ਉਪੱਰ ਕਹਿਆ ਹੋਇਆ ਈਸ਼੍ਵਰ ਹੈ, ਕਿਉਂਕਿ ਸ੍ਰਿਸ਼ਟੀ ਦੀ ਰਚਨਾ ਵੇਖਣੇ ਅਰ ਜੜ ਪਦਾਰਥ ਵਿਚ ਅਪਣੇ ਆਪ ਜਥਾ ਜੋਗ ਬੀਜ ਆਦੀ ਸ੍ਵਰੂਪ ਬਣਨ ਦਾ ਸਮ੍ਰੱਥ ਨਾ ਹੋਣ ਥੀਂ ਸ੍ਰਿਸ਼ਟੀ ਦਾ 'ਕਰਤਾ' ਜ਼ਰੂਰ ਹੈ॥

੧੧–'ਬੰਧ' ਨਮਿਤ ਕਰਕੇ ਅਰਥਾਤ ਅਵਿਦਿਆ ਦੇ ਨਮਿਤ ਕਰਕੇ ਹੈ, ਜੋ ੨ ਪਾਪ ਕਰਮ, ਈਸ਼੍ਵਰ ਭਿੰਨ ਉਪਾਸ਼ਨਾ, ਅਗਿਆਂਨ ਆਦੀ ਸਬ ਦੁਖ ਫਲ ਕਰਨ ਵਾਲੇ ਹਨ, ਏਸ ਲਈ ਇਹ 'ਬੰਧ' ਹੈ ਕਿ ਜਿਸਦੀ ਇ-ਛਿਆ ਨਹੀਂ ਅਰ ਭੋਗਣਾ ਪੈਂਦਾ ਹੈ॥

੧੨–'ਮੁਕਤੀ' ਅਰਥਾਤ ਸਭ ਦੁਖੱਾਂ ਥੀਂ ਛੁਟਕੇ ਬੰਧ ਰਹਤ ਸਰਬ-ਬਿਆਪਕ ਈਸ਼੍ਵਰ, ਅਰ ਓਸਦੀ ਸ੍ਰਿਸ਼ਟੀ ਵਿਚ ਅਪਣੀ ਇਛਿਆ ਨਾਲ ਵਿਚਰਨਾ,ਨਿਯੱਤ ਸਮੇ ਤਿਕ ਮੁਕਤੀ ਦੇ ਅਨੰਦ ਨੂੰ ਭੋਗਕੇ ਫੇਰ ਸੰਸਾਰ ਵਿਚ ਆਉਣਾ ॥

੧੩'ਮੁਕਤੀ ਦੇ ਸਾਧਨ' ਈਸ਼੍ਵਰ ਉਪਾਸ਼ਨਾ ਅਰਥਾਤ ਯੋਗਾਭਿਆਸ, ਧਰਮਾਨੁਸ਼ਠਾਨ, ਬ੍ਰਹਮਚਰਜ ਥੀਂ ਵਿਦਿਆ ਪ੍ਰਾਪਤੀ, ਆਪਤ ਵਿਦਵਾਨਾਂ ਦਾ ਸੰਗ, ਸਤ ਵਿਦਿਆ, ਸੁਵਿਚਾਰ ਅਰ ਪੁਰਸ਼ਾਰਥ, ਆਦੀ ਹਨ॥

( ੧੪ ) "ਅਰਥ" ਉਹ ਹੈ ਕਿ ਜੋ ਧਰਮ ਹੀ ਨਾਲ ਪ੍ਰਾਪਤ ਕੀਤਾ ਜਾਵੇ ਅਰ ਜੋ ਅਧਰਮ ਨਾਲ ਸਿਧ ਹੁੰਦਾ ਹੈ ਓਸਨੂੰ ਅਨਰਥ ਕਹਿੰਦੇਹਨ॥

੧੫–"ਕਾਂਮ" ਉਹ ਹੈ ਕਿ ਜੋ ਧਰਮ ਅਰ ਅਰਥ ਨਾਲ ਪ੍ਰਾਪਤ ਕੀਤਾ ਜਾਵੇ ॥

੧੬–"ਵਰਣਾਸ਼੍ਰਮ" ਗੁਣ ਕਰਮਾਂ ਦੀ ਜੋਗਤਾ ਨਾਲ ਮ-ਨਦਾ ਹਾਂ ॥

੧੭–"ਰਾਜਾ ਉਸੇ ਨੂੰ ਕਹਿੰਦੇ ਹਨ ਜੋ ਸ਼ੁਭ ਗੁਣ, ਕਰਮ, ਸੁਭਾਵ ਥੀਂ ਪ੍ਰਕਾਸ਼ਮਾਨ, ਪਖਪਾਤ ਰਹਤ, ਨਿਆਇ ਧਰਮਦਾ ਸੇਵੀ, ਪਰਜਾ ਨਾਲ ਪਿਤਾ ਵਾਕਣ ਵਰਤੇ, ਉਨ੍ਹਾਂਨੂੰ ਪੁਤ੍ਰਦੀ ਨਿਆਈਂ ਮਨਕੇ ਉਨ੍ਹਾਂਦੀ ਉਨਤੀ ਅਰ ਸੁਖ ਵਧਾਂਨ ਵਿਚ ਸਦਾ ਜਤਨ ਕੀਤਾ ਕਰੇ ॥

੧੮–"ਪਰਜਾ" ਓਸਨੂੰ ਕਹਿੰਦੇ ਹਨ ਕਿ ਜੋ ਪਵਿਤ੍ਰ ਗੁਣ ਕਰਮ ਸੁਭਾਵ ਨੂੰ ਧਾਰਣ ਕਰਕੇ ਪਖਪਾਤ ਰਹਤ ਨਿਆ ਧਰਮਦੇ ਸੇਵਨ ਨਾਲ ਰਾਜਾ ਅਰ ਪਰਜਾ ਦੀ ਉਨੱਤੀ ਚਾਹਿੰਦੀ ਹੋਈ ਰਾਜ ਧਰੋਹ ਤੋਂ ਰਹਤ ਰਾਜਾ ਦੇ ਨਾਲ ਪੁਤ੍ਰ ਦੀ ਨਿਆਂਈ ਵਰਤੇ ॥

੧੯–ਜੋ ਸਦਾ ਵਿਚਾਰ ਕਰਕੇ ਅਸਤਨੂੰ ਛਡਕੇ ਸਤ ਦਾ ਗ੍ਰਹਣ ਕਰੇ ਅਨਿਆਂਕਾਰੀਆਂ ਨੂੰ ਹਟਾਵੇ, ਅਰ ਨਿਆਇ ਕਾਰੀਆਂ ਨੂੰ ਵਧਾਵੇ, ਅਪਣੇ ਆਤਮਾ ਦੀ ਨਿਆਈਂ ਸਭ ਦਾ ਸੁਖ ਚਾਹੇ ਸੋ ਨਿਆਇੰਕਾਰੀ ਹੈ ਓਸ ਨੂੰ ਮੈਂ ਬੀ ਠੀਕ ਮਨਨਾ ਹਾਂ॥

੨੦–'ਦੇਵ' ਵਿਦਵਾਨਾਂ ਨੂੰ ਅਰ ਅਵਿਦਵਾਨਾਂ ਨੂੰ 'ਅਸੁਰ' ਪਾਪੀਆਂ ਨੂੰ 'ਰਾਖਸ਼' ਅਨਾ ਚਾਰੀਆਂ ਨੂੰ 'ਪਿਸ਼ਾਚ' ਮਨਨਾ ਹਾਂ।

੨੧–ਉਨ੍ਹਾਂ ਵਿਦਵਾਨਾਂ, ਮਾਂ, ਪਿਉ, ਅਚਾਰਜ, ਅਤਿਥੀ, ਨਿਆਇ ਕਾਰੀ, ਰਾਜਾ, ਅਰ ਧਰਮਾਤਮਾ ਜਨ, ਪਤਿਬ੍ਰਤਾ ਇਸਤ੍ਰੀ, ਅਰ ਇਸਤ੍ਰੀਬ੍ਰਤ ਪਤੀ ਦਾ ਸਤਕਾਰ ਕਰਨਾ 'ਦੇਵ ਪੂਜਾ' ਕਹਾਉਂਦੀ ਹੈ ਏਸ ਤੋਂ ਵਿਪ੍ਰੀਤ ਅਦੇਵ ਪੂਜਾ, ਇਨ੍ਹਾਂ ਦੀਆਂ ਮੂਰਤਾਂ ਨੂੰ ਪੂਜਕ ਅਰ ਹੋਰ ਪਥਰ ਆਦੀ ਜੜ ਮੂਰਤੀਆਂ ਨੂੰ ਸਰਬਥਾ ਅਪੂਜਕ ਸਮਝਨਾ ਹਾਂ ॥

੨੨–'ਸਿਖਿਆ' ਜਿਸ ਥੀਂ ਵਿਦਿਆ ਸਭ੍ਯਤਾ, ਧਰਮਾਤਮਤਾ, ਜਿ-ਤਿੰਦ੍ਰਤਾ ਆਦੀ ਵੱਧੇ, ਅਰ ਅਵਿਦਿਆ ਆਦੀ ਦੋਸ਼ ਹਟਨ ਓਸਨੂੰ ਸਿਖਿਆ ਕਹਿੰਦੇ ਹਨ ॥

੨੩–'ਪੁਰਾਣ' ਜੋ ਬ੍ਰਹਮਾ ਆਦੀ ਨੇ ਬਣਾਏ, ਐਤ੍ਰੇਯ ਆਦੀ ਬ੍ਰਾਹਮਣ ਪੁਸਤਕ ਹਨ ਉਨ੍ਹਾਂ ਨੂੰ ਪੁਰਾਣ, ਇਤੀਹਾਸ, ਕਲਪ, ਗਾਥਾ ਅਰ ਨਾਰਾ ਸ਼ੰਸੀ ਨਾਮ ਕਰਕੇ ਮਨਨਾ ਹਾਂ, ਹੋਰ ਭਾਗਵਤ ਆਦੀ ਨੂੰ ਨਹੀਂ ॥

੨੪–'ਤੀਰਥ' ਜਿਸ ਕਰਕੇ ਦਖ ਸਾਗਰ ਦੇ ਪਾਰ ਉਤਰਨ ਕਿ ਜੋ ਸਤ ਭਾਸ਼ਣ, ਵਿਦਿਆ, ਸਤਸੰਗ, ਯਮ ਆਦੀ ਯੋਗਾਭਿਆਸ, ਪੁਰਸਾਰਥ, ਵਿਦਿਆ ਦਾਨ ਆਦੀ ਸ਼ੁਭ ਕਰਮ ਹਨ ਉਸੇ ਨੂੰ ਤੀਰਥ ਸਮਝਨਾਹਾਂ ਹੋਰ

ਜਲ ਸਥਲ ਅ ਦੀ ਨੂੰ ਨਹੀਂ ॥

੨੫–'ਪੁਰਸ਼ਾਰਥ ਪ੍ਰਾਰਬਧ ਤੋਂ ਵਡਾ' ਏਸ ਲਈ ਹੈ ਕਿ ਜਿਸ ਥੀ ਸੰਚਿਤ ਪ੍ਰਾਰਬਧ ਬਣਦੇ. ਜਿਸਦੇ ਸੌਰਣ ਨਾਲ ਸਭ ਸੌਰਦੇ, ਅਰ ਜਿਦੇ ਵਿਗੜਨ ਨਾਲ ਸਭ ਵਿਗੜਦੇ ਹਨ ਏਸ ਲਈ ਪ੍ਰਾਰਬਧ ਦੀ ਅਪੇਖਿਆ ਪੁਰਸ਼ਾਰਥ ਵਡਾ ਹੈ ॥

੨੬–'ਮਨੁਖ' ਨੂੰ ਸਭ ਨਾਲ ਜਥਾ ਜੋਗ ਅਪਣੇ ਆਤਮਾ ਦੀ ਨਿਆਂਈ ਸੁਖ, ਦੁਖ, ਹਾਨੀ, ਲਾਭ, ਵਿਚ ਵਰਤਣਾ ਸ੍ਰੇਸ਼ਟ, ਦੂਜੀ ਤਰਾਂ ਵਰਤਣਾ ਬੁਰਾ ਸਮਝਨਾ ਹਾਂ ॥

੨੭–'ਸੰਸਕਾਰ ਓਸਨੂੰ ਕਹੰਦੇ ਹਨ ਕਿ ਜਿਸ ਕਰਕੇ ਸ੍ਰੀਰ, ਮਨ, ਅਰ ਆਤਮਾ, ਉਤੱਮ ਹੋਵੇ ਉਹ ਨਿਸ਼ੇਕ ਆਦੀ ਸ਼ਮਸ਼ਾਨਾਂਤ ਸੋਲਾਂ ਪ੍ਰਕਾਰ ਦਾ ਹੈ ਏਸ ਨੂੰ ਕਰਤਬ ਸਮਝਨਾ ਹਾਂ, ਅਰ ਸਾੜਨ ਤੋਂ ਪਿਛੋਂ ਮੁਏ ਹੋਏ ਦੇ ਵਾਸਤੇ ਕੁਝ ਬੀ ਨਾ ਕਰਨਾ ਚਾਹੀਏ ॥

੨੮–'ਯਗ' ਓਸਨੂੰ ਕਹੰਦੇ ਹਨ ਕਿ ਜਿਸ ਵਿਚ ਵਿਦਵਾਨਾਂ ਦਾ ਸਤਕਾਰ, ਜਥਾ ਜੋਗ, ਸਿਲਪ ਅਰਥਾਤ ਰਸਾਇਣ ਜੋਕਿ ਪਦਾਰਥ ਵਿਦਿਆ ਓਸ ਥੀਂ ਲਾਭ ਅਰ ਵਿਦਿਆ ਆਦੀਦੀ ਸ਼ੁਭ ਗੁਣਾਂ ਦਾ ਦਾਨ ਅਗਨੀਹੋਤ੍ਰ ਆਦੀ ਜਿਨ੍ਹਾਂ ਕਰਕੇ ਹਵਾ, ਮੀਂਹ, ਪਾਣੀ ਅਤੇਸ਼ਧੀ, ਦੀ ਪਵਿਤ੍ਰਤਾ ਕਰਕੇ ਸਭ ਜੀਵਾਂ ਨੂੰ ਸੁਖ ਪੁਚਾਣਾ ਹੈ ਓਸਨੂੰ ਉਤਮ ਸਮਝਨਾ ਹਾਂ ॥

੨੯–ਜੀਕਣ 'ਆਰਯ' ਸ੍ਰੇਸ਼ਟ ਅਰ 'ਦਸ੍ਯੂ' ਦੁਸ਼ਟ ਮਨੁਖਾਂ ਨੂੰ ਕਹੰਦੇ ਹਨ ਉਕਣ ਹੀ ਮੈਂ ਬੀ ਮਨਨਾ ਹਾਂ ॥

੩੦–'ਆਰਯਾਵਰਤ' ਦੇਸ਼ ਏਸ ਭੂਮੀ ਦਾ ਨਾਮ ਏਸਲਈ ਹੈ ਕਿ ਏਸ ਵਿਚ ਆਦੀ ਸ੍ਰਿਸ਼ਟੀ ਥੀਂ ਆਰਯਾ ਲੋਕ ਨਿਵਾਸ ਕਰਦੇ ਹਨ, ਪ੍ਰੰਤੂ ਏਸ ਦੀ ਅਵਧੀ ਉਤ੍ਰ ਵਿਚ ਹਿਮਾਲਾ, ਦਖੱਣ ਵਿਚ ਬਿੰਧਿਆਚਲ, ਪਛਮ ਵਿਚ ਅਟਕ ਅਰ ਪੂਰਬ ਵਿਚ ਬ੍ਰਹਮ ਪੁਤ੍ਰਾ ਨਦੀ ਹੈ, ਇਨ੍ਹਾਂ ਚਹੁੰ ਦੇ ਵਿਚਕਾਰ ਜਿੱਨਾ ਦੇਸ਼ ਹੈ ਓਸ ਨੂੰ 'ਆਰਯਾਵਰਤ' ਕਹਿੰਦੇ, ਅਰ ਜੋ ਇਨ੍ਹਾਂ ਵਿਚ ਸਦਾ ਰਹਿੰਦੇ ਹਨ ਉਨ੍ਹਾਂ ਨੂੰ ਬੀ ਆਰਯਾ ਕਹਿੰਦੇ ਹਨ ॥

੩੧–ਜੋ ਸਾਂਗ ਪਾਂਗ ਵੇਦ ਵਿਦਿਆਓਂ ਦਾ ਅਧਿਆਪਕ ਸਤਿਆਚਾਰ ਦਾ ਗ੍ਰਹਣ ਅਰ ਮਿਥਿਆਚਾਰ ਦਾ ਤਿਆਗ ਕਰਾਵੇ ਉਹ ਅਚਾਰਜ ਕਹਾਂਦਾ ਹੈ ॥

੩੨–'ਸ਼ਿਸ਼' ਓਸ ਨੂੰ ਕਹਿੰਦੇ ਹਨ ਕਿ ਜੋ ਸਤ ਸਿਖਿਆ ਅਰ ਵਿਦਿਆ ਨੂੰ ਗ੍ਰਹਣ ਕਰਨ ਜੋਗ ਧਰਮਾਤਮਾ ਵਿਦਿਆ ਗ੍ਰਹਣ ਦੀ ਇਛਿਆ ਅਰ ਅਚਾਰਜ ਨੂੰ ਪਿਆਰ ਕਰਨ ਵਾਲਾ ਹੈ ॥

੩੩–ਗੁਰੂ, ਮਾਂ, ਪਿਉ, ਅਰ ਜੋ ਸਤਦਾ ਗ੍ਰਹਣ ਕਰਾਵੇ ਅਰ ਅਸਤ

ਨੂੰ ਛੁਡਾਵੇ ਉਹ ਬੀ ਗੁਰੂ ਕਹਾਂਦਾ ਹੈ ॥

੩੪–'ਪ੍ਰੋਹਤ' ਜੋ ਜਜਮਾਨ ਦਾ ਹਿਤਕਾਰੀ ਸਤ ਦਾ ਉਪਦੇਸ਼ ਕਰਨ ਵਾਲਾ ਹੋਵੇ ॥

੩੫– 'ਉਪਾਧਿਆਇ' ਜੋ ਵੇਦਾਂ ਦਾ ਇਕ ਦੇਸ਼ ਵਾ ਅੰਗਾਂ ਨੂੰ ਪੜ੍ਹਾਂਦਾ ਹੋਵੇ ॥

੩੬–'ਸ਼ਿਸ਼ਟਾਚਾਰ'ਜੋ ਧਰਮਾ ਚਰਨ ਪੂਰਬਕ ਬ੍ਰਹਮਚਰਜ ਥੀਂ ਵਿਦਿਆ ਗ੍ਰਹਣ ਕਰ ਪ੍ਰਤੱਖ ਆਦੀ ਪ੍ਰਮਾਣਾ ਦੁਆਰਾ ਸਤ ਅਸਤ ਦਾ ਨਿਰਣਾ ਕਰਕੇ ਸਤ ਦਾ ਗ੍ਰਹਣ ਅਸਤ ਦਾ ਪਰੀਤਿਆਗ ਕਰਨਾ ਹੈ ਏਹੋ ਸ਼ਿਸ਼ਟਾਚਾਰ, ਅਰ ਜੋ ਏਸ ਨੂੰ ਕਰਦਾ ਹੈ ਉਹ ਸ਼ਿਸ਼ਟ ਕਹਾਂਦਾ ਹੈ ॥

੩੭–ਪ੍ਰਤਖੱ ਆਦੀ 'ਅਠਾਂ ਪ੍ਰਮਾਣਾ' ਨੂੰ ਬੀ ਮਨਨਾ ਹਾਂ ॥

੩੮–'ਆਪਤ' ਜੋ ਜਥਾਰਥ ਵਕਤਾ ਧਰਮਾਤਮਾ ਸਭ ਦੇ ਸੁਖ ਦੇ ਵਾਸਤੇ ਜਤਨ ਕਰਦਾ ਹੈ ਉਸੇ ਨੂੰ 'ਆਪਤ' ਕਹਨਾ ਹਾਂ ॥

੩੯–'ਪ੍ਰੀਖਿਆ' ਪੰਜ ਪ੍ਰਕਾਰ ਦੀ ਹੈ, ਇਸ ਵਿਚੋਂ ੧ ਪ੍ਰਥਮ ਜੋ ਈਸ਼ੁਰ ਉਸਦੇ ਗੁਣ, ਕਰਮ, ਸੁਭਾਵ ਅਰ ਵੇਦ ਵਿਦਿਆ, ੨ ਦੂਜੀ ਪ੍ਰਤਖ ਆਦੀ ਅਠ ਪਮਾਣ ੩ ਤੀਜੀ ਸ੍ਰਿਸ਼ਟੀ ਕ੍ਰਮ ੪ ਚੌਥੀ ਆਪਤਾਂ ਦਾ ਵਿਹਾਰ। ਅਰ ੫ ਪੰਜਵੀਂ ਅਪਣੇ ਆਤਮਾ ਦੀ ਪਵਿਤ੍ਰਤਾ, ਵਿਦਿਆ ਇਨ੍ਹਾਂ ਪੰਜਾਂ ਪ੍ਰੀਖਿਆ ਨਾਲ ਸਤ ਅਸਤ ਦਾ ਨਿਰਣਾ ਕਰਕੇ ਸਤ ਦਾ ਗ੍ਰਹਣ ਅਸਤ ਦਾ ਤਿਆਗ ਕਰਨਾ ਚਾਹੀਏ ॥

੪੦–'ਪਰਉਪਕਾਰ' ਜਿਸ ਥੀਂ ਸਭ ਮਨੁਖੱਾਂ ਦੇ ਦੁਰਾਚਾਰ ਦੁਖ ਹਟਨ ਸ੍ਰੇਸ਼ਟ ਅਚਾਰ ਅਰ ਸੁਖ ਵਧੇ ਉਸਦੇ ਕਰਨ ਨੂੰ ਪਰਉਪਕਾਰ ਕਹਨਾ ਹਾਂ ॥

੪੧–'ਸੁਤੰਤ੍ਰ' 'ਪ੍ਰਤੰਤ੍ਰ' ਜੀਵ ਅਪਣੇ ਕੰਮਾਂ ਵਿਚ ਸੁਤੰਤ੍ਰ ਅਰ ਕਰਮ ਫਲ ਭੋਗਣ ਵਿਚ ਈਸ੍ਰੁਰ ਦੀ ਬਵਸਥਾ ਥੀਂ ਪਰਤੰਤ੍ਰ, ਉੂਕਣ ਹੀ ਈਸ਼੍ਵਰ ਅਪਣੇ ਸਤਜਾਚਾਰ ਆਦੀ ਕੰਮ ਕਰਨ ਵਿਚ ਸੁਤੰਤ੍ਰ ਹੈ ॥

੪੨–'ਸ੍ਵਰਗ' ਨਾਮ ਸੁਖ ਵਸ਼ੇਸ਼ ਭੋਗ ਅਰ ਉਸਦੀ ਸਮਗ੍ਰੀ ਦੀ ਪ੍ਰਾਪਤੀ ਦਾ ਹੈ

੪੩–'ਨਰਕ' ਜੋ ਦੁਖ ਵਸ਼ੇਸ਼ ਭੋਗ ਅਰ ਉਸਦੀ ਸਮਿਗ੍ਰੀ ਨੂੰ ਪ੍ਰਾਪਤ ਹੋਣਾ ਹੈ ॥

੪੪–'ਜਨਮ' ਜੋ ਸ਼ਰੀਰ ਧਾਰਣ ਕਰਕੇ ਪ੍ਰਗਟ ਹੋਣਾ, ਸੋ ਪੂਰਬ ਪਰ, ਅਰ ਮੱਧ ਭੇਦ ਥੀਂ ਤ੍ਰਿੱਨ ਪ੍ਰਕਾਰ ਦਾ ਮਨਨਾ ਹਾਂ।

੪੫–ਸ਼ਰੀਰ ਦੇ ਸੰਜੋਗਦਾ ਨਾਮ ਜਨਮ ਅਰ ਵਿੰਜੋਗਮਾਤ੍ਰ ਨੂੰ ਮ੍ਰਿਤ੍ਰੁ (ਮੌਤ) ਕਹਿੰਦੇ ਹਨ ॥

੪੬–'ਵਿਵਾਹ'ਜੋ ਨਿਯੰਮ ਪੂਰਬਕ ਪ੍ਰਸਿਧੀ ਨਾਲ ਅਪਣੀ ਇਛਿਆ

ਆ ਕਰਕੇ ਹਥਲੇਵਾ ਕਰਨਾ ਉਹ ਵਿਆਹ ਕਹਾਂਦਾ ਹੈ ॥

੪੭—'ਨਿਯੋਗ' ਵਿਆਹ ਦੇ ਪਿਛੋਂ ਪਤੀ ਦੇ ਮਰਜਾਣ ਆਦੀ ਵਿਜੋਗ ਵਿਚ ਅਥਵਾ ਨਮਰਦੀ ਆਦੀ ਸਿਥਰ ਰੋਗਾਂ ਵਿਚ ਇਸਤ੍ਰੀ, ਵਾ ਆਪਤ ਕਾਲ ਵਿਚ ਪੁਰਸ਼ ਅਪਣੇ ਵਰਣ ਵਾ ਅਪਣ ਤੋਂ ਉੱਤਮ ਵਰਣ ਵਾਲੀ ਇਸਤ੍ਰੀ ਜਾਂ ਪੁਰਸ਼ ਦੇ ਨਾਲ ਸੰਤਾਨ ਉਤਪੱਤੀ ਕਰਨਾ ॥

੪੮—''ਸਤੁਤੀ''ਗੁਣ, ਕੀਰਤਨ, ਸ੍ਵਣ ਅਰ ਗਿਆਨ ਹੋਣਾ ਏਸਦਾ ਫਲ ਪ੍ਰੀਤੀ ਆਦੀ ਹੁੰਦੇ ਹਨ ॥

੪੯—'ਪ੍ਰਾਰਥਨਾ' ਅਪਣੇ ਸਮੱ੍ਥ ਦੇ ਉਪ੍ਰਾਂਤ ਈਸ਼੍ਵਰ ਦੇ ਸੰਬੰਧ ਨਾਲ ਜੋ ਬਿਗਿਆਂਨ ਆਦੀ ਪ੍ਰਾਪਤ ਹੁੰਦੇ ਹਨ ਉਨ੍ਹਾਂ ਦੇ ਲਈ ਈਸ਼੍ਵਰ ਥੀਂ ਯਾਚਨਾ ਕਰਨਾ ਅਰ ਏਸ ਦਾ ਫਲ ਨਿਰ ਅਭਿਮਾਨ ਆਦੀ ਹੁੰਦਾ ਹੈ ॥

੫੦—'ਉਪਾਸਨਾ' ਜੀਕਣ ਈਸ਼੍ਵਰ ਦੇ ਗੁਣ, ਕਰਮ, ਸੁਭਾਵ, ਪਵਿਤ੍ਰ ਹਨ ਉਕਣ ਅਪਣੇ ਕਰਨਾ, ਈਸ਼੍ਵਰ ਨੂੰ ਸਰਬ ਬਿਆਪਕ, ਅਪਣੇ ਨੂੰ ਵਿਆਪਕ ਜਾਂਣਕੇ ਈਸ਼੍ਵਰ ਦੇ ਕੋਲ ਅਸੀਂ, ਅਰ ਸਾਡੇ ਕੋਲ ਈਸ਼੍ਵਰ ਹੈ ਅਜਿਹਾ ਨਿਸਚਾ ਯਗਾਭਿਆਸ ਨਾਲ ਸਾਖਿਆਤ ਕਰਨਾ ਉਪਾਸਨਾ ਕਹਾਂਦੀ ਹੈ। ਏਸਦਾ ਫਲ ਗਿਆਂਨ ਦੀ ਉੱਨਤੀ ਆਦੀ ਹੈ ॥

੫੧—"ਸਗੁਣ ਨਿਰਗੁਣ, ਸਤੁਤੀ, ਪ੍ਰਾਰਥਨਾ, ਉਪਾਸਨਾ" ਜੋ ਜੋ ਗੁਣ ਪਰਮੇਸ਼੍ਵਰ ਵਿਚ ਹਨ ਉਨ੍ਹਾ ਥੀਂ ਜੁਕਤ, ਅਰ ਜੋ੨ ਗੁਨ ਨਹੀਂ ਹਨ ਉਨ੍ਹਾਂ ਥੀਂ ਪ੍ਰਥਕ ਮਨਕੇ ਪ੍ਰਸੰਸ਼ਾ ਕਰਨਾ ਸਗੁਣ ਨਿਰਗੁਣ ਸਤੁਤੀ, ਸ਼ੁਭ ਗੁਣਾਂ ਦੇ ਗ੍ਰਹਣ ਦੀ ਈਸ਼੍ਵਰ ਥੀਂ ਇਛਿਆ ਅਰ ਦੋਸ਼ ਛਡਣ ਦੇ ਵਾਸਤੇ ਪ੍ਰਮਾਤਮਾ ਦੀ ਸਹਾਇਤਾ ਚਾਹਣੀ ਸਗੁਣ ਨਿਰਗੁਣ ਪ੍ਰਾਰਥਨਾ, ਅਰ ਸਭ ਗੁਣਾਂ ਦੇ ਸਹਿਤ ਸਭ ਦੋਸ਼ਾਂ ਤੋਂ ਰਹਿਤ ਪਰਮਸ਼੍ਵਰ ਨੂੰ ਮਨਕੇ ਅਪਣੇ ਆਤਮਾ ਨੂੰ ਓਸਦੇ ਅਰ ਓਸਦੀ ਆਗਿਆ ਦੇ ਅਰਪਣ ਕਰ ਦੇਣਾ ਸਗੁਣ ਨਿਰਗੁਣ ਉਪਾਸਨਾ ਕਹਾਂਦੀ ਹੈ ॥

ਏਹ ਸੰਖੇਪ ਨਾਲ ਅਪਣੇ ਸਿਧਾਂਤ ਦਿਖਾ ਦਿੱਤੇ ਹਨ ਇਨ੍ਹਾਂ ਦੀ ਵਿਸ਼ੇਸ਼ ਵਿਆਖਿਆ ਇਸੇ 'ਸਤਯਾਰਥ ਪ੍ਰਕਾਸ਼' ਦੇ ਪ੍ਰਕਰਣ ੨ ਵਿਚ ਹੈ, ਤਥਾ ਰਿਗ ਵੇਦ ਆਦੀ ਭਾਸ਼ ਭੂਮਕਾ ਆਦੀ ਗ੍ਰੰਥਾਂ ਵਿਚ ਬੀ ਲਿਖੀ ਹੈ ਅਰਥਾਤ ਜੋ ਜੋ ਬਾਤ ਸਭ ਦੇ ਵਾਸਤੇ ਮਨੱਣ ਜੋਗ ਹੈ ਓਸਨੂੰ ਮਨਦਾ, ਅਰਥਾਤ ਜੀਕਣ ਸਚ ਬੋਲਣਾ ਸਭ ਦੇ ਸਾਮਣੇ ਅਛਾ ਅਰ ਮਿਥਿਆ ਬੋਲਣਾ ਬੁਰਾ ਹੈ, ਅਜਿਹੇ ਸਿਧਾਂਤਾਂ ਨੂੰ ਮਨਨਾ ਹਾਂ, ਅਰ ਜੋ ਮਤ ਮਤਾਂਤ੍ਰਾਂ ਦੇ ਇਕ ਦੂਜੇ ਦੇ ਵਿਰੁਧ ਝਗੜੇ ਹਨ ਉਨ੍ਹਾਂ ਨੂੰ ਮੈਂ ਪਸੰਦ ਨਹੀਂ ਕਰਦਾ, ਕਿਉਂਕਿ ਇਨ੍ਹਾਂ ਹੀ ਮੱਤਾਂ ਵਾਲਿਆਂ ਨੇ ਅਪਣੇ ਮੱਤਾਂ ਦਾ ਪ੍ਰਚਾਰ ਕਰਕੇ ਮਨੁਖਾਂ ਨੂੰ ਫਸਾਕੇ ਇਕ ਦੂਜੇ ਦੇ ਵੈਰੀ ਬਣਾ ਦਿਤੇ ਹਨ, ਏਸ ਬਾਤ ਨੂੰ ਹਟਾਕੇ ਸਾਰੇ ਸਚ ਦਾ ਪ੍ਰਚਾਰ ਕਰਕੇ

ਸਭ ਨੂੰ ਇਕ ਮਤ ਵਿਚ ਕਰਾਕੇ ਦ੍ਵੇਸ਼ ਛਡਾਕੇ ਇਕ ਦੂਜੇ ਨਾਲ ਦ੍ਰਿੜ੍ਹ ਪ੍ਰੀਤੀ ਜੁਕਤ ਕਰਾਕੇ ਸਭ ਥੀਂ ਸਭਨੂੰ ਸੁਖ ਲਾਭ ਪੁਚਾਂਣ ਦੇ ਲਈ ਮੇਰਾ ਪ੍ਰਜਤਨ ਅਰ ਅਭਿਪ੍ਰਾ ਹੈ, ਸਰਬ ਸਕਤੀਮਾਨ ਪ੍ਰਮਾਤਮਾ ਦੀ ਕ੍ਰਿਪਾ, ਸਹਾਇਤਾ ਅਰ ਆਪਤ ਜਨਾਂ ਦੀ ਸਹਾਇ ਅਨਭੂਤੀ ਨਾਲ ਇਹ ਸਿਧਾਂਤ ਸਭ ਥਾਂ ਪ੍ਰਿਥਵੀ ਵਿਚ ਛੇਤੀ ਪ੍ਰਵਿਰਤ ਹੋ ਜਾਵੇ, ਜਿਸ ਥੀਂ ਸਭ ਲੋਕ ਸਹਜ ਨਾਲ ਧਰਮ, ਅਰਥ, ਕਾਮ, ਮੋਖ ਦੀ ਸਿਧੀ ਕਰਕੇ ਸਦਾ ਉੱਨਤ ਅਰ ਅਨੰਦਤ ਹੁੰਦੇ ਰਹਨ ਇਹੋ ਮੇਰਾ ਮੁਖ ਪ੍ਰਯੋਜਨ ਹੈ ॥

अलमतिविस्तरेण बुद्धिमद्वर्य्येषु ॥

ओम् शन्नो मित्रः शं वरुणः । शन्नो भवत्वर्य्यमा ॥ शन्न इन्द्रो बृहस्पतिः । शन्नो विष्णुरुरुक्रमः ॥ नमो ब्रह्मणे । नमस्ते वायो । त्वमेव प्रत्यक्षं ब्रह्मासि । त्वामेव प्रत्यक्षं ब्रह्मावादिषम् ऋतमवादिषम् । सत्यमवादिषम् । तन्मामावीत । तद्वक्तारमावीत् । आवीन्माम् । आवीद्वक्तारम् । ओ३म् शान्तिः शान्तिः शान्तिः ॥

इति श्रीमत्परमहंसपरिव्राजकाचार्य्याणां परमविदुषां
श्रीविरजानन्दसरस्वतीस्वामिनां शिष्येण श्रीम-
द्दयानन्दसरस्वतीस्वामिना विरचितः स्वम-
न्तव्यामन्तव्यसिद्धान्तसमन्वितः सुप्र-
माणयुक्तः सुभाषाविभूषितः
सत्यार्थप्रकाशोऽयं ग्रन्थः
सम्पूर्तिमगमत

ओ३म्

# ਸਤਯਾਰਥ ਪ੍ਰਕਾਸ਼ ਦਾ ਸ਼ੁਧੀ ਅਸੁਧੀ ਪਤ੍ਰ

| ਪਤ੍ਰਾ | ਪੰ: | ਅਸ਼ੁਧ | ਸ਼ੁਧ | ਪਤ੍ਰਾ | ਪੰ: | ਅਸ਼ੁਧ | ਸ਼ੁਧ |
|---|---|---|---|---|---|---|---|
| ੧੦ | ੧ | ਭਾਤਸ੍ | ਭੋਤਸ੍ | ੯੪ | ੧ | ਮਗਧ ਬੋਧ | ਮੁਗਧਬੋਧ |
| ੧੩ | ੧ | ਈਸ਼੍ਵਜ | ਈਸ਼੍ਵਰਜ | ੯੪ | ੩ | ਅਥਾ | ਯਥਾ |
| ੨੧ | ੪ | ਕ੍ਰੜਾ | ਕ੍ਰੀੜਾ | ੯੪ | ੫ | ਕੁਵਲਆਨੰਦ | ਕੁਵਲੀਯਾਨੰਦ |
| ੨੨ | ੨੫ | ਰੁਦ੍ਰਵ | ਰੁਦ੍ਰ | ੯੪ | ੫ | ਕ੍ਰਿਤ ਆਰਜ-ਨੀਆਂ | ਕਿਰਾਤਾਰਾ-ਜਨੀ |
| ੨੬ | ੧੭ | ਹੋਰ | ਹੋ | | | | |
| ੨੯ | ੩੩ | ਦੇਸ | ਦ੍ਵੇਸ਼ | ੧੦੩ | ੧੯ | ਨ ਨਾਉਂ | ਨਾਉਂ |
| ੩੦ | ੧੨ | ਪਦਥਰ | ਪਦਾਰਥ | ੧੦੫ | ੨੪ | ਰਹ੍ਹੀ | ਰਹ੍ਹਾਂ |
| ੩੫ | ੨੦ | ਅਰੋਗ | ਅਰੋਗਤਾ | ੧੦੯ | ੧੯ | ਸੁਸ਼ਲ | ਸੁਸ਼ੀਲ |
| ੩੯ | ੧੦ | ਪੁਰਸਚਰਣਨ | ਪੁਰਸਚਰਣ | ੧੧੧ | ੩ | ਪੁਸ਼ਟੀ | ਪੁਸ਼ਟ |
| ੫੧ | ੧੯ | ਰਦੇ | ਰਚੇ | ੧੧੯ | ੩੦ | ਪਿਤ | ਪਿਤਾ |
| ੫੨ | ੪ | ਕਢਕੇ | ਕਰਕੇ | ੧੧੯ | ੧੫ | ਮਿਡੇ | ਮਿਠੇ |
| ੫੯ | ੧੦ | ਮਤਤਾ | ਮਮਤਾ | ੧੨੨ | ੧ | ਕਰਨਕੇ | ਕਰਨ ਥੀਂ |
| ੬੦ | ੫ | ਯੱਗਾ | ਯੱਗਾਂ | ੧੨੨ | ੨੫ | ਕਰਦਾਰੇ | ਕਰਦਾ ਹੈ |
| ੬੧ | ੧੯ | ਦਗੇਰ | ਬਗੇਰ | ੧੨੯ | ੩ | ਦਿਦਯਾਰਥੀ | ਵਿਦਯਾਰਥੀ |
| ੬੫ | ੯ | ਖਤ੍ਰ | ਖਤ੍ਰੀ | ੧੩੬ | ੧੦ | ਜਦਸਦ | ਜਦ |
| ੬੬ | ੩੦ | ਉਕਪਤੀ | ਉਤਪਤੀ | ੧੪੧ | ੧੩ | ਵਾਸਾਂਤੇ | ਵਾਸਤੇ |
| ੬੬ | ੩੦ | ਵਿਖਕੇ | ਵੇਖਕੇ | ੧੪੨ | ੪ | ਸੁਧਾਰਣਥੀਂ | ਸਧਾਰਣ ਥੀਂ |
| ੬੭ | ੩੧ | ਿਚਵ | ਵਿਚ | ੧੪੪ | ੨੧ | (ਨਏ) | *(ਨਏ) |
| ੬੯ | ੨੧ | ਅਸਭੰਵ | ਅਸੰਭਵ | ੧੪੪ | ੨੯ | (ਖਉਦ) | *(ਖਉਂਦ) |
| ੭੩ | ੨੫ | ਝਰਮ | ਕਰਮ | ੧੫੫ | ੩੨ | ਕ੍ਰੋੜ | ਕ੍ਰੋਧ |
| ੭੫ | ੩ | ਦ੍ਵਨ ਕਥੀਂ | ਦ੍ਵਿਨਕ ਥੀਂ | ੧੬੧ | ੧੪ | ਸਦ | ਜਦ |
| ੭੫ | ੧੫ | ਵਸ਼ੇਸ਼ਨ ਮਿਤ | ਵਸ਼ੇਸ਼ ਨਮਿਤ | ੧੬੯ | ੬ | ਵਿਸ਼ | ਵਿਸ਼ੇ |
| ੭੫ | ੨੭ | ਅਤਯੰਤ | ਅਤਯੰਤਾ | ੧੭੩ | ੨ | ਮੰਤ੍ਰ | ਮੰਤ੍ਰੀ |
| ੭੬ | ੧੩ | ਚੁਪੀ | ਰੂਪੀ | ੧੭੪ | ੧੭ | ਸਮ | ਸਮੇ |
| ੭੮ | ੧੩ | ਕਯੰਣਯ | ਕਰਮੰਣਯ | ੧੯੫ | ੨੩ | ਸ਼ਤ | ਸਤ੍ਰੂਨਾਲ |
| ੭੯ | ੧੦ | ਕੰਭਕਾਰ: | ਕੁੰਭਕਾਰਾ | ੨੦੧ | ੧ | ਬ | ਬੀ |
| ੭੯ | ੧੬ | ਅ ਵਾਦ | ਅਪਵਾਦ | ੨੦੩ | ੧੨ | ਚਲ | ਚਲੀ |
| ੮੦ | ੪ | ਮਨੁਖਾਂ | ਮਨੁਖਾਂ ਦੇ | ੨੦੫ | ੨੦ | ਸੁਖੀਰ | ਸੁਖੀ |
| ੮੧ | ੬ | ਸਨੂਖ | ਮਨੁਖ | ੨੦੯ | ੧੧ | ਹਨ | ਹੀ |

# ਸਤਯਾਰਥ ਪ੍ਰਕਾਸ਼ ਦਾ ਸ਼ੁਧੀ ਅਸ਼ੁਧੀ ਪਤ੍ਰ

| ਪਤ੍ਰਾ | ਪੰ: | ਅਸ਼ੁਧ | ਸ਼ੁਧ |
|---|---|---|---|
| ੨੧੬ | ੧੯ | ਦੋਰੀ | ਹੋਰੀ |
| ੨੨੨ | ੩ | ਵਿਰਾਰ | ਵਿਚਾਰ |
| ੨੨੬ | ੨੧ | ਕਕੇ | ਕਰੇ |
| ੨੨੪ | ੩੧ | ਅੰਤਵਿਕਾਰ) | ਅੰਤ੍ਰ ਵਿਕਾਰ |
| ੨੨੭ | ੬ | ਸਾਧਰਮਕ | ਸਾਧਰਮ |
| ੨੩੦ | ੧੮ | ਉਪ੍ਲਬਧੀ | ਉਪਲਬਧੀ |
| ੨੩੨ | ੨੦ | ਆਦੀ ਬੀਂ | ਆਦੀ ਬੀ |
| ੨੩੪ | ੨੩ | ਤਬ | ਤਥਾ |
| ੨੫੭ | ੧੬ | ਉਪੰਨ | ਉਤਪੰਨ |
| ੨੫੯ | ੧੨ | ਪਰਸ਼ | ਪੁਰਸ਼, |
| ੨੬੨ | ੪ | ਪ੍ਰਕਸ਼ਾਸ਼ਨ | ਪਕਾਸ਼ਨ |
| ੨੬੪ | ੨੯ | ਦਸਦ੍ਰਤੀ | ਦ੍ਰਿਸ ਦ੍ਰਤੀ |
| ੨੭੯ | ੯ | ਵਾਹਰ | ਵਾਹਰੇ |
| ੨੯੧ | ੧੩ | ਇਦੀਆਂ- ਗੋਲਕਦੇ | ਇੰਦ੍ਰਿਆ ਦੇ ਗੋਲਕ |
| ੨੯੧ | ੨੧ | ਜੁਕਤੀ | ਜਕਤ |
| ੨੯੫ | ੨੫ | ਨਿਸ਼ਸ਼ | ਨਿਸ਼ੇਸ਼ |
| ੨੯੬ | ੧੪ | ਨਿਵਿਤੀ | ਨਿਵਿਰਤੀ |
| ੨੯੭ | ੧੯ | ਹੋਣਕੇ | ਹੋਣਕਰਕੇ |
| ੩੧੧ | ੭ | ਕਤਦੇ | ਕਰਦੇ |
| ੩੩੦ | ੨੦ | ਸਿਲ | ਮਿਲ |
| ੩੪੦ | ੧੩ | ਦਾਵੜ | ਦ੍ਰਵੜ |
| ੩੪੭ | ੧੩ | ਬ੍ਰਹਮਨ | ਬ੍ਰਹਮ |
| ੩੫੩ | ੧੩ | ਵਦ | ਵੇਦ |
| ੫੯੧ | ੨੧ | ਜੁਕਤੀ | ਜੁਕਤ |
| ੩੫੯ | ੨੮ | ਬੁਰ | ਬੁਰੇ |
| ੩੬੨ | ੨੧ | ਤਾਪ | (ਤਾਪ:) |
| ੩੬੭ | ੧੪ | ਸਸਕਾਰਾਂ | ਸੰਸਕਾਰਾਂ |
| ੩੬੫ | ੧੨ | ਪਾਂਦੇ | ਪੋਪਾਂ ਦੇ |
| ੩੬੯ | ੩੧ | ਵਦਾਂ | ਵੇਦਾਂ |
| ੩੭੪ | ੯ | ਉਸੇ ਨੂੰ | ਚੌਥੀ ਉਸੇ ਨੂੰ |
| ੩੯੫ | ੩੧ | ਪਾਣੀਆਂ | ਪ੍ਰਾਣੀਆਂ |
| ੩੯੩ | ੧੩ | ਜਾਣਨ | ਜਾਣਨ |

## ਪਨੇ ਦੇ ਸਮੁਲਾਸ ਦੀ ਸੁਧ ਅਸ਼ੁਧੀ ਪਤ੍ਰ

| ਅਸੁਧ ਸਮੁਲਾਸ | ਪਤ੍ਰੇਥੀਂ | ਪਤ੍ਰੇਤਿਕ |
|---|---|---|
| ਤੀਜਾ | ੪੧ | ੪੪-ਦੂਜਾ |
| ਤੀਸਾ | ੯੨ | ੯੬-ਚੌਥਾ |

गुरु विरजानन्द दण्डी
सन्दर्भ पुस्तकालय
परिग्रहण क्रमांक 612
दयानन्द महिला म...

ਓ੩ਮ